# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਦਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਚੌਦਵੀਂ

(ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥਾਵਲੀ-ਜਿਲਦ ੧੪)

## ਕਵਿ ਚੜਾਮਣਿ ਭਾਈ ਸੰਤੋਖ ਸਿੰਘ ਜੀ

ਕ੍ਰਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ਰੁਤ ਛੇਵੀਂ ਮੁੱਕੀ, ਐਨ ੧ ਤੇ ੨ (ਅੰਤਮ ਭਾਗ)]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

ਪ੍ਰਯਾਵਾਂ ਤੇ ਉੱਧਾਰਾਂ ਸਮੇਤ ।

ਸੰਪਾਦਿਤ :—

ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

(ਕਰਤਾ 'ਕਲਗੀਧਰ ਚਮਤਕਾਰ')

ਭਾਸ਼ਾ ਵਿਭਾਗ, ਪੰਜਾਬ

SRI GUR PARTAP SURAJ GRANTH VOL. XIV (in Punjabi)

Kavi Churamani Bhai Santokh Singh
Editor : Bhai Vir Singh

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਚੌਦਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ
ਸੰਪਾਦਕ : ਭਾਈ ਵੀਰ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਦੂਜਾ ਐਡੀਸ਼ਨ : 2011
ਕਾਪੀਆਂ : 1000
ਕੀਮਤ : 250.00

1120 - ਹ. ਪ੍ਰ. - 1583

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਚੰਡੀਗੜ੍ਹ ਪਬਲੀਸ਼ਿੰਗ ਹਾਊਸ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

# ਸੂਚੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ- ਜਿਲਦ ੧੪


| ਪ੍ਰਸੰਗ | ਅੰਸੂ | ਪੰਨਾ | ਪ੍ਰਸੰਗ | ਅੰਸੂ | ਪੰਨਾ |
|---|---|---|---|---|---|
| **ਰੁਤ ਛੇਵੀਂ**—ਜਾਰੀ। | | | ਦਜਾਲਦਾਸ ਨੂੰ ਵਰ। | | |
| ਚਮਕੌਰ ਵਿਚ ਸਾਵਧਾਨੀ। | ੩੫ | ੫੮੭੬ | ਜ਼ਫਰਨਾਮਾ। | ੫੭ | ੫੯੭੬ |
| ਚਮਕੌਰ ਯੁੱਧ ਆਰੰਭ। | ੩੬ | ੫੮੮੧ | ਜ਼ਫਰਨਾਮਾ। ਦੀਨਿਓਂ ਚੜ੍ਹਨਾ। | ੫੮ | ੫੯੮੩ |
| ਸਿੰਘਾਂ ਦਾ ਜੂਝਣਾ। | ੩੭ | ੫੮੮੬ | **ਐਨ ਪਹਿਲਾ।** | | |
| ਚਮਕੌਰ ਜੰਗ—ਜਾਰੀ। | ੩੮ | ੫੮੯੦ | ਮੰਗਲ। ਭਾਈ ਭਗਤੇ ਜਾਣਾ। | ੧ | ੫੯੮੮ |
| ਬਾਬਾ ਅਜੀਤ ਸਿੰਘ ਜੀ ਦਾ ਯੁੱਧ। | ੩੯ | ੫੮੯੪ | ਭਾਈ ਬਹਿਲੋ ਦੀ ਬੰਸ। ਤਿੱਤਰ | | |
| ਬਾਬਾ ਜ਼ੋਰਾਵਰ ਸਿੰਘ ਜੀ ਦਾ ਯੁੱਧ। | ੪੦ | ੫੮੯੯ | ਉਧਾਰ। ਪੰਧਾਣੀਆਂ ਸਿੰਘ। | ੨ | ੫੯੯੬ |
| ਪੰਥ ਨੂੰ ਗੁਰਤਾ। ਚਮਕੌਰੋਂ | | | ਬੰਦਰ, ਬਰਗਾੜੀ, ਬਹਿਬਲ, | | |
| ਨਿਕਲਨਾ। | ੪੧ | ੫੯੦੩ | ਸਿਊਰਾਮੀ ਆਦਿ ਗ੍ਰਾਮਾਂ | | |
| ਮਾਛੀਵਾੜੇ। | ੪੨ | ੫੯੦੮ | ਵਿਚ ਜਾਣਾ। | ੩ | ੬੦੦੧ |
| ਭਾ: ਮਿਤ ਸਿੰਘ ਹੋਰਾਂ ਦਾ ਜੂਝਣਾ। | ੪੩ | ੫੯੧੩ | ਕੋਟ ਕਪੂਰੇ। | ੪ | ੬੦੦੬ |
| ਸਿੰਘ ਮਿਲੇ। ਗੁਲਾਬੇ ਦੇ | | | ਸਰਹਿੰਦੋਂ ਫੌਜ ਦੀ ਚੜ੍ਹਾਈ। | | |
| ਬਾਗ ਵਿਚ ਡੇਰਾ। | ੪੪ | ੫੯੧੭ | ਢਿੱਲਵੀਂ ਕੋਲ ਪਾਸ। | ੫ | ੬੦੦੯ |
| ਮਾਛੀਵਾੜੇ। ਮਾਹੀ। | ੪੫ | ੫੯੨੧ | ਕੋਠਾ, ਮਲੂਕਾ ਗ੍ਰਾਮ। ਇਕ | | |
| ਉੱਚ ਦੇ ਪੀਰਾਨ ਪੀਰ। | ੪੬ | ੫੯੨੪ | ਦੀਵਾਨੇ ਦਾ ਨਿਸਤਾਰਾ। | ੬ | ੬੦੧੬ |
| ਕਰਦ ਭੇਟ। ਨੂਰ ਪੁਰੀਆ ਸੱਯਦ। | ੪੭ | ੫੯੩੦ | ਖਿਦਰਾਣੇ ਵੱਲ ਨੂੰ ਟੁਰਨਾ। | | |
| ਵੱਤਾ। ਨਬੀ ਗ਼ਨੀ ਖਾਂ ਵਿਦਾ। | ੪੮ | ੫੯੩੪ | ਜੁਗਰਾਜ ਜੱਟ। | ੭ | ੬੦੨੦ |
| ਮਾਹੀ ਸਰਹਿੰਦ ਭੇਜਣਾ। ਰਾਇ | | | ਦਾਨੇ ਦੇ ਪੁੱਤ੍ਰ ਨੂੰ ਬਖਸ਼ਣਾ। | | |
| ਕੱਲ੍ਹੇ ਦੀ ਧਰਮ ਵਿੱਥਯਾ। | ੪੯ | ੫੯੪੦ | ਮਾਝੇ ਦੇ ਸਿੰਘਾਂ ਦਾ ਬਿਦਾਵਾ। | ੮ | ੬੦੨੪ |
| ਮਾਹੀ ਦੀ ਜ਼ਬਾਨੀ ਸਾਕਾ ਸਰਹਿੰਦ। | ੫੦ | ੫੯੪੫ | ਮਾਝੇ ਦੇ ਸਿੰਘਾਂ ਨੇ ਮੁੜਕੇ ਜੰਗ | | |
| ਮਾਹੀ ਦੀ ਜ਼ਬਾਨੀ ਸਾਕਾ ਸਰਹਿੰਦ। | ੫੧ | ੫੯੪੯ | ਕਰਨਾ। | ੯ | ੬੦੨੮ |
| ਮਾਹੀ ਦੀ ਜ਼ਬਾਨੀ ਸਾਕਾ ਸਰਹਿੰਦ। | ੫੨ | ੫੯੫੨ | ਤੁਰਕਾਂ ਨਾਲ ਖਿਦਰਾਣੇ ਜੰਗ। | ੧੦ | ੬੦੩੩ |
| ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ। | | | ਮਾਈ ਭਾਗੋ। ਤੁਰਕਾਂ ਦਾ ਪਿੱਛੇ | | |
| ਦੀਨੇ ਪੁੱਜੇ। | ੫੩ | ੫੯੫੮ | ਮੁੜਨਾ। | ੧੧ | ੬੦੩੭ |
| ਰਾਇ ਕੱਲ੍ਹੇ ਦੀ ਵੰਸ਼ ਦ[illegible]ਲ। | ੫੪ | ੫੯੬੨ | ਗੁਰੂ ਜੀ ਦੀਆਂ ਬਖਸ਼ਿਸ਼ਾਂ। | | |
| ਭਾਈ ਧਰਮ ਸਿੰਘ ਨੂੰ ਸ਼ਹੀਦ | | | ਮਹਾਂ ਸਿੰਘ। | ੧੨ | ੬੦੪੦ |
| ਦਰਸ਼ਨ। ਸ਼ਮੀਰ। | ੫੫ | ੫੯੬੬ | ਮਾਈ ਭਾਗੋ। ਚਿਰਜੀਵੀ ਨੂੰ | | |
| ਸੀਤ ਪ੍ਰਸਾਦਿ ਦਬਾਯਾ। ਸ਼ਮੀਰ | | | ਤਾਰਨਾ। | ੧੩ | ੬੦੪੪ |
| ਦੇ ਅਨੇਕ ਜਨਮ ਸੁਪਨੇ | | | ਖੇਸ ਦਾ ਭੇਸ। ਟੋਭਰਾਂ ਨੂੰ | | |
| ਵਿਚ ਭੁਗਾਏ। | ੫੬ | ੫੯੭੦ | ਬਖਸ਼ਿਸ਼। ਬਾਜ਼ੀਦ ਪੁਰ। | ੧੪ | ੬੦੪੯ |

| ਪ੍ਰਸੰਗ | ਅੰਸੂ | ਪੰਨਾ |
|---|---|---|
| ਘੋਗੜ ਉਧਾਰ। ਹੁਕਮ ਨਾਥ। | ੧੫ | ੬੦੫੪ |
| ਕਾਂ, ਸਰ। ਉਧਾਰ। ਬੈਰਾੜਾਂ ਤਨਖਾਹਾਂ ਮੰਗੀਆਂ। | ੧੬ | ੬੦੫੮ |
| ਤਨਖਾਹਾਂ ਦਿੱਤੀਆਂ। ਦਾਨ ਸਿੰਘ ਨੇ ਅੰਮ੍ਰਿਤ ਛਕਿਆ। | ੧੭ | ੬੦੬੧ |
| ਬਹਿਮੀਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ਼। | ੧੮ | ੬੦੬੫ |
| ਸ੍ਰੇਤਸਰ। ਤਲਵੰਡੀ ਭੱਲੇ ਪਾਸ। | ੧੯ | ੬੦੭੦ |
| ਬਾਹਰ ਡੇਰਾ। ਦੋਨੋ ਮਹਿਲ ਮਿਲੇ। | ੨੦ | ੬੦੭੫ |
| ਚੱਬੇ ਦੀ ਮਾਈ ਨੂੰ ਵਰ। ਭਾਈ ਭਗਤੂ ਵੰਸ਼। | ੨੧ | ੬੦੭੯ |
| ਗੋਦੜੀਆ ਸਿੰਘ। ਭਾਗੋ। ਡੱਲਾ। | ੨੨ | ੬੦੮੩ |
| ਰਾਮ ਸਿੰਘ ਭਾਈ ਕੇ ਚੱਕ। ਦਜਾਲਦਾਸ। | ੨੩ | ੬੦੮੭ |
| ਬਠਿੰਡਿਓਂ ਕਾਨਾ ਦੇਊ ਕੱਢਣਾ। | ੨੪ | ੬੦੯੧ |
| ਸੱਸੀ ਦਾ ਗੀਤ। ਬਠਿੰਡੇ ਦੀ ਕਥਾ। ਦਜਾਲਦਾਸ ਨੂੰ ਬਖਸ਼ਿਆ। | ੨੫ | ੬੦੯੫ |
| ਮੀਂਹ ਵਰਸਾਯਾ। ਤਾਪ ਹਟਾਯਾ। ਪਹਿਰੇਦਾਰਾਂ ਖੇਡਾ ਦੇਖਿਆ। | ੨੬ | ੬੧੦੦ |
| ਮੀਂਹ ਬੰਦ ਕਰਾਯਾ। ਭਾਃ ਬੂਲਕ ਸਿੰਘ। | ੨੭ | ੬੧੦੫ |
| ਸੰਗਤ ਨੂੰ ਜੰਗ ਸਿਖਾਯਾ। ਡੱਲੇ ਨੂੰ ਅੰਮ੍ਰਿਤ ਛਕਾਯਾ। | ੨੮ | ੬੧੧੦ |
| ਫੂਲਵੰਸ਼ ਦੇ ਵਡਕੇ। ਬੈਰੋਹਰ। ਮਾਲਵੇ ਨੂੰ ਵਰ। | ੨੯ | ੬੧੧੪ |
| ਕ_ਰੇ ਦੀ ਮੌਤ। | ੩੦ | ੬੧੧੮ |
| ਜ਼ਫਰਨਾਮਾ ਔਰੰਗਜ਼ੇਬ ਪਾਸ। | ੩੧ | ੬੧੨੨ |
| ਦੱਖਣ ਜਾਣ ਦੀ ਸਲਾਹ। ਅਭੈ ਰਾਮ। ਦੀਵਾਨੇ ਚੋਰੀ ਨੱਸੇ। | ੩੨ | ੬੧੨੮ |
| ਛੱਲਾ ਨੱਸਿਆ। ਨੌਹਰ ਦਾ ਜੋਤਸ਼ੀ। | ੩੩ | ੬੧੩੪ |
| ਕਬੂਤਰ ਜਿਵਾਏ। ਪਰਮ ਸਿੰਘ | | |

| ਪ੍ਰਸੰਗ | ਅੰਸੂ | ਪੰਨਾ |
|---|---|---|
| ਧਰਮ ਸਿੰਘ। | ੩੪ | ੬੧੪੦ |
| ਭਾਈ ਰਾਮ ਸਿੰਘ ਦਾ ਨੱਸਣਾ। | ੩੫ | ੬੧੪੪ |
| ਦਾਦੂ ਦ੍ਵਾਰੇ ਬਿਬੇਕ। | ੩੬ | ੬੧੫੦ |
| ਮਹੰਤ ਵਲੋਂ ਭੰਡਾਰਾ। ਭਾਃ ਦਯਾ ਸਿੰਘ ਜੀ ਵਾਪਸ ਆਏ। | ੩੭ | ੬੧੫੪ |
| ਸਫਰ। ਬਘੌਰ ਵਿਚ ਡੇਰਾ। | ੩੮ | ੬੧੫੮ |
| ਬਘੌਰ ਵਿਖੇ ਜੰਗ। | ੩੯ | ੬੧੬੨ |
| ਬਹਾਦਰ ਸ਼ਾਹ ਨਾਲ ਮੇਲ। | ੪੦ | ੬੧੬੭ |
| ਬਹਾਦੁਰਸ਼ਾਹ ਤੇ ਤਾਰਾ ਆਜ਼ਮ ਦਾ ਜੰਗ। | ੪੧ | ੬੧੭੧ |
| ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ। | ੪ | ੬੧੭੫ |
| ਦਿੱਲੀ ਜਾਣਾ। ਮਾਤਾ ਜੀ ਨੂੰ ਓਥੇ ਛੋੜਨਾ। | ੪੩ | ੬੧੭੯ |
| ਮਾਤਾ ਜੀ ਉਪਦੇਸ਼। ਪਾਰਕਪੁੱਤ੍ਰ। | ੪੪ | ੬੧੮੩ |
| ਮਥੁਰਾ, ਬੈਦਰ। ਪਵਿੱਤ੍ਰ ਜਲ ਨਿਰਨਾ। ਆਗਰੇ ਪੁੱਜਣਾ। | ੪੫ | ੬੧੮੭ |
| ਖਾਨਖਾਨਾ ਨੂੰ ਸੁਖੀ ਕੀਤਾ। ਸ਼ਾਹ ਨਾਲ ਮੇਲ। | ੪੬ | ੬੧੯੧ |
| ਨੌ ਨਿਧ ਖੱਤ੍ਰੀ। ਕੇਸ਼। | ੪੭ | ੬੨੦੩ |
| ਖਾਨਖਾਨਾ। ਕਰਾਮਾਤ ਦਾ ਉੱਤ੍ਰ। | ੪੮ | ੬੨੦੭ |
| ਸਿੱਖ ਸੁਤਾ ਦਾ ਧਰਮ ਰੱਖਣਾ। | ੪੯ | ੬੨੧੨ |
| ਤੀਰ ਚਲਾਉਣਾ। ਸ਼ੇਰ ਸ਼ਿਕਾਰ। ਰੌਸ਼ਨ ਸਿੰਘ। | ੫੦ | ੬੨੧੬ |
| ਬਹਾਦਰ ਸ਼ਾਹ ਇਕਰਾਰੋਂ ਫਿਰਿਆ। | ੫੧ | ੬੨੨੦ |


## ਐਨ ਦੂਜਾ


| ਪ੍ਰਸੰਗ | ਅੰਸੂ | ਪੰਨਾ |
|---|---|---|
| ਮੰਗਲ। ਸ਼ਾਹਦੀ ਚਤੌੜ ਤੇ ਚੜ੍ਹਾਈ। | ੧ | ੬੨੨੪ |
| ਮਾਨ ਸਿੰਘ ਸ਼ਹੀਦ ਹੋਯਾ। ਬੁਰਹਾਨ ਪੁਰ। | ੨ | ੬੨੨੯ |
| ਬੁਰਹਾਨ ਪੁਰ ਸਾਧੂ ਨਿਹਾਲ ਕੀਤਾ। | ੩ | ੬੨੩੨ |

| ਪ੍ਰਸੰਗ | ਅੰਸੂ | ਪੰਨਾ | ਪ੍ਰਸੰਗ | ਅੰਸੂ | ਪੰਨਾ |
|---|---|---|---|---|---|
| ਨਦੇੜ ਪਹੁੰਚੇ, ਜਗ੍ਹਾ ਦੇ ਚਿੰਨ੍ਹ ਦੱਸੇ, | ੪ | ੬੨੩੫ | ਉਪਦੇਸ਼। | ੨੧ | ੬੩੨੨ |
| ਜ਼ਮੀਨ ਮੁੱਲ ਖਰੀਦੀ। ਬੰਦਾ | | | ਜੋਤੀ ਜੋਤ ਸਮਾਉਣ ਦੀ ਤਿਆਰੀ। | ੨੨ | ੬੩੨੭ |
| ਮਿਲਾਪ। | ੫ | ੬੨੩੯ | ਸੰਗਤ ਨੂੰ ਉਪਦੇਸ਼। | ੨੩ | ੬੩੩੦ |
| ਬੰਦੇ ਨੂੰ ਬਖਸ਼ਿਸ਼। | ੬ | ੬੨੪੩ | ਜੋਤੀ ਜੋਤ ਸਮਾਉਣਾ। | ੨੪ | ੬੩੩੪ |
| ਬੰਦੇ ਨੇ ਪੈਰ ਜਮਾਉਣੇ। | ੭ | ੬੨੫੧ | ਸੰਤ ਨੂੰ ਦਰਸ਼ਨ, ਬਾਲੇ ਰਾਇ ਦੀ | | |
| ਬੰਦੇ ਦੀ ਵਿਜਯ, ਦਲ ਵਧਣਾ। | | | ਸਹਾਇਤਾ। | ੨੫ | ੬੩੩੯ |
| ਸਢੌਰਾ ਮਾਰਨਾ। | ੮ | ੬੨੫੭ | ਮਹਲਾਂ ਨੂੰ ਖਬਰ। ਬਾਬਾ ਬੰਦਾ | | |
| ਵਜ਼ੀਰ ਖਾਂ ਨਾਲ ਮੁਕਾਬਲਾ। | ੯ | ੬੨੬੨ | ਘੇਰੇ ਵਿਚ। | ੨੬ | ੬੩੪੭ |
| ਵਜ਼ੀਰ ਖਾਂ ਮਾਰਨਾ। ਸਰਹਿੰਦ | | | ਬਾਬਾ ਬਿਨੋਦ ਸਿੰਘ ਤੇ ਕਾਹਨ | | |
| ਉਜਾੜਨਾ। | ੧੦ | ੬੨੬੭ | ਸਿੰਘ ਦਾ ਜਾਣਾ ਤੇ ਬੰਦੇ ਦਾ | | |
| ਪਹਾੜੀਆਂ ਤੇ ਚੜ੍ਹਾਈ। | ੧੧ | ੬੨੭੨ | ਅੰਤ। | ੨੭ | ੬੩੫੨ |
| ਬੰਦੇ ਦਾ ਹੋਰ ਹਾਲ। | ੧੨ | ੬੨੭੮ | ਅਜੀਤ ਸਿੰਘ ਪਾਲਕ ਪੁੱਤ੍ਰ। | ੨੮ | ੬੩੬੦ |
| ਸ਼ਾਹ ਨੇ ਗੁਰੂ ਜੀ ਤੋਂ ਮੁਆਫੀ ਮੰਗੀ। | | | ਪਾਲਕ ਦੇ ਕੇਸਾਂ ਦੀ ਬੇਅਦਬੀ। | ੨੯ | ੬੩੬੩ |
| ਬੰਦੇ ਦਾ ਤੇਜ ਛੀਨ। | ੧੩ | ੬੨੮੨ | ਮਾਤਾ ਜੀ ਨੇ ਤਜਾਗਣਾ। ਬੇਨਵਾ | | |
| ਸ਼ਿਕਾਰ ਘਾਟ, ਨਗੀਨਾ ਘਾਟ | | | ਮਾਰਨਾ। | ੩੦ | ੬੩੬੭ |
| ਆਦਿ। | ੧੪ | ੬੨੮੬ | ਪਾਲਕ ਦਾ ਫੜਿਆ ਜਾਣਾ। | ੩੧ | ੬੩੬੯ |
| ਮਾਤਾ ਸਾਹਿਬ ਦੇਵਾਂ ਦਿੱਲੀ ਆਏ। | | | ਮਾਰਿਆ ਜਾਣਾ। ਮਾਤਾਂ ਜੀ ਮਥਰਾ | | |
| ਹਿੰਦੂ ਤੁਰਕ ਮਤ ਮੁਕਾਬਲਾ। | ੧੫ | ੬੨੯੦ | ਗਏ। | ੩੨ | ੬੩੭੩ |
| ਖਾਲਸਾ ਤੀਜਾ। | ੧੬ | ੬੨੯੪ | ਹਠੀ ਸਿੰਘ ਦੀ ਕਰਤੂਤ। | | |
| ਗੁਲ ਖ਼ਾਂ ਪਠਾਣ। | ੧੭ | ੬੨੯੮ | ਮਾਤਾ ਜੀ ਦਿੱਲੀ ਆਏ। | ੩੩ | ੬੩੭੭ |
| ਪਠਾਣ ਨੇ ਜਮਧਰ ਗੁਰੂ ਜੀ ਨੂੰ | | | ਮਾਤਾ ਜੀ ਗੁਰਪੁਰੀ ਪਯਾਨ। | ੩੪ | ੬੩੮੧ |
| ਮਾਰਨੀ। | ੧੮ | ੬੩੦੧ | ਆਨੰਦ ਪੁਰ ਦੇ ਸੋਢੀ। | ੩੫ | ੬੩੮੫ |
| ਜ਼ਖਮ ਸੀਉਣੇ। | ੧੯ | ੬੩੦੫ | ਮੰਗਲ ਅੰਤਲੇ। | ੩੬ | ੬੩੯੩ |
| ਜ਼ਖਮ ਦੇ ਤੋਪੇ ਟੁੱਟੇ। ਜੱਗ ਕੀਤਾ। | ੨੦ | ੬੩੧੯ | | | |

੧. ਨਕਸ਼ਾ ਬਾਬੇ ਬੰਦੇ ਦੀਆਂ ਮੱਲਾਂ ਦਾ। ੬੨੬੦

੨. ਤਸਵੀਰ ਹੁਕਮ ਨਾਮਾ ਬਾਬਾ ਬੰਦਾ ਸਿੰਘ। ੬੩੫੧

## ੩੫. [ਚਮਕੌਰ ਵਿਚ ਸਾਵਧਾਨੀ]।

ਦੋਹਰਾ ॥ ਸ੍ਰੀ ਸਤਿਗੁਰ ਕਰਿ ਕਾਇਮੀ ਥਿਰੇ ਦੁਰਗ ਕੇ ਮਾਂਹਿ। ਪੀਛੇ ਲਸ਼-ਕਰ ਸ਼ੱਤ੍ਰ ਕੋ ਖੋਜਤਿ ਪ੍ਰਾਪਤਿ ਨਾਂਹਿ[1] ॥੧॥ ਲਲਿਤ ਪਦ ਛੰਦ॥ ਕੇਚਿਤ ਕਹੈਂ 'ਗੁਰੂਰਣੈ ਜੂਝ੍ਯੋ ਬਹੁਤੈ ਬਾਨ ਪ੍ਰਹਾਰੇ। ਅਰ੍ਯੋ ਰਹ੍ਯੋ ਕਰਿ ਜੁੱਧ ਬਡੇਰਾ ਬਿੰਦਹਿ ਬੀਰ ਬਿਦਾਰੇ' ॥ ੨ ॥ ਕੇਚਿਤ ਕਹੈਂ 'ਅੱਗ੍ਰ ਹੀ ਗਮਨ੍ਯੋਂ ਖੋਜ ਤੁਰੰਗ ਨਿਹਾਰੇ। ਨਹਿਂ ਮਰਿਬੇ ਮਹਿਂ ਰਣ ਤੇ ਆਵਤਿ ਕਰਾਮਾਤਿ ਅਤਿ ਭਾਰੋ ॥ ੩ ॥ ਤਮ ਮਹਿਂ ਲਰਤੇ ਕਛੂ ਨ ਸੂਝ੍ਯੋ ਕੋ ਬਚ ਕੋ ਲਰਿ ਮਾਰਾ[2]। ਮਰੇ ਹਜ਼ਾਰਹੁਂ ਬੀਰ ਤੁਰੰਗਮ ਪਰ੍ਯੋ ਖੇਤ ਰਣ ਭਾਰਾ' ॥ ੪ ॥ ਇੱਤ੍ਯਾਦਿਕ ਮਿਲਿ ਨਿਰਣੈ ਕਰਿ ਕਰਿ–ਕਿਤ ਗਮਨੇ?–ਨਹਿਂ ਸੂਝੈ।ਆਗੇ ਤੇ ਪਾਛੇ ਤੇ ਆਵਤਿ ਸਤਿਗੁਰ ਕੀ ਸੁਧਿ ਬੂਝੈਂ[3] ॥ ੫ ॥ ਨਿਸ ਮਹਿਂ ਤਿਮਰ ਪਰਸਪਰ ਲਰਿ ਮਰਿ ਘ੍ਯਾਇਲ ਤੁਰਕ ਪਹਾਰੀ। ਸੁਰਤ ਸੰਭਾਰਿ ਸੰਭਾਰਿ ਪਰੇ ਮਗ ਤ੍ਰਾਸ ਕਰੈਂ ਉਰ ਭਾਰੀ ॥ ੬ ॥ ਜੋ ਅਨੰਦਪੁਰਿ ਕੀ ਬਡ ਸੈਨਾ ਰੋਪਰ ਲਰਿ ਲਰਿ ਹਾਰੇ। ਤਿਨ ਤੇ ਛੂਟ੍ਯੋ ਸੰਗ ਗੁਰ ਕੇਰਾ ਪਚਿ ਪਚਿ ਝਖੇ ਗਵਾਰੇ॥੭॥ ਦਿੱਲੀ ਤੇ ਜੋ ਦਸ ਲਖ ਪਹੁੰਚੀ ਤਿਨਹੁਂ ਗੁਰੂ ਸੁਧਿਪਾਈ।'ਨਿਕਸਿ ਅਨੰਦ ਪੁਰਿ ਤੇ ਬਹੁ ਜੂਝੇ ਰਹੀ ਚਮੂੰ ਪਿਛਵਾਈ ॥ ੮ ॥ ਨਾਮ ਗ੍ਰਾਮ ਚਮਕੌਰ ਤੁੰਗ ਥਲ ਆਇ ਸੁ ਕਾਇਮ ਕੀਨਾ'। ਦਈ ਸਕਲ ਸੁਧਿ ਗਯੋ ਜਾਟ ਇਕ 'ਹਮ ਕੋ ਗੁਰ ਗਹਿ ਲੀਨਾ॥ ੯ ॥ ਦੈ ਸਜਾਇ ਘਰ ਛੀਨ ਸੁ ਲੀਨਾ ਆਪ ਬਰ੍ਯੋ ਬਿਚ ਆਈ।ਚਾਲੀ ਕੈ ਪਚਾਸ ਸੰਗ ਭਟ ਹੈਂਅਪਰ ਮਰੇ ਸਮੁ-ਦਾਈ ॥ ੧੦ ॥ ਨਰ ਦਾਰਾ ਜੋ ਸਦਨ ਮਝਾਰਾ ਦਏ ਕਾਢਿ ਬਰਿਆਈ। ਭਯੋ ਪ੍ਰਵੇਸ਼ ਆਪ ਗਢ ਲਖਿ ਕਰਿ ਹੈ ਨਹਿਂ ਸਕਹਿ ਲਰਾਈ॥੧੧॥ਨਹਿਂ ਮੁਰਚਾ,ਨਹਿਂ ਪਰਖਾ[4]ਦੀਰਘ, ਪੌਰ ਠੌਰ ਨਹਿਂ ਗਾਢੀ। ਗਮਨਤਿ ਮਾਰਗ ਪਿਖਿ ਪ੍ਰਵੇਸ਼ ਭਾ ਚਲਹੁ ਆਪ ਲਿਹੁ ਕਾਢੀ' ॥ ੧੨ ॥ ਸੁਨੇ ਤੁਰਕ ਤਬਿ ਹਯਨਿ ਧਵਾਏ ਗਨ ਧੌਂਸੇ ਧੁੰਕਾਰੇ। ਉਡੀ ਧੂਰ ਅਸਮਾਨ ਗਯੋ ਭਰਿ ਬਡੋ ਅੰਧੇਰ ਗੁਬਾਰੇ ॥੧੩॥ ਛਾਦ ਲੀਨ ਸੂਰਜ ਕੋ ਸਾਰੇ ਹਾਥ ਪਸਾਰ ਨ ਦੀਖੇ। ਚਲੀ ਆਇ ਚਮਕੌਰ ਚਮੂੰ ਸਭਿ ਉਛਲਿ ਸਮੁੰਦ੍ਰ ਸਰੀਖੇ ॥ ੧੪ ॥ ਸੈਯਾ ॥ ਜੋ ਤੁਰਕਾਨ ਬਿਖੇ ਸਰਦਾਰ ਕਹੌਂ ਤਿਨ ਨਾਮ ਸੁਨੋਸਮੁਦਾਈ:–ਨਾਹਰਖ਼ਾਂ ਭਟ, ਗੈਰਤਖ਼ਾਂ ਪੁਨ, ਖ਼ਾਨ ਪੁਲਾਦ ਨੇ ਬਾਗ ਉਠਾਈ।ਖ਼ਾਂ ਇਸਮਾਇਲ,

[1](ਗੁਰੂ ਜੀ) ਲੱਭਦੇ ਨਹੀਂ। [2]ਕੌਣ ਬਚਿਆ ਤੇ ਕੌਣ ਲੜਕੇ ਮਾਰਿਆ ਗਿਆ ਹੈ। [3]ਅੱਗੋਂ ਪਿੱਛੋਂ ਆਉਂਦਿਆਂ ਤੋਂ ਸਤਿਗੁਰਾਂ ਦਾ ਪਤਾ ਪੁੱਛਦੇ ਹਨ। [4]ਖਾਈ।

ਖ਼ਾਨ ਬਹਾਦਰ, ਖ਼ਾਂ ਅਸਮਾਨ ਅਧੋ ਵਿਗ ਧਾਈ।ਖ਼ਾਂ ਸੁਲਤਾਨ, ਜਹਾਂਨ-ਖ਼ਾਂ ਬੀਰ ਪਠਾਨਨ ਭੀਰ ਗਨੀ ਕਿਮ ਜਾਈ ॥੧੫॥ਕਬਿੱਤ॥ ਮੀਆਂ ਖ਼ਾਨ, ਭੂਰੇਖ਼ਾਨ, ਸੈਦਖ਼ਾਨ, ਨੂਰੇਖ਼ਾਨ, ਭੂਲਖ਼ਾਨ, ਗੁਲਖ਼ਾਂ, ਹੁਸੈਨਖ਼ਾਨ ਧਾਯੋ ਹੈ। ਬਲੀ ਬੇਗ ਮੁਗ਼ਲ ਕਮਾਨ ਗਹਿ ਬੇਗ ਜੁਤਿ ਅਪਰ ਖ਼ਲੀਲਖ਼ਾਨ ਦਲ ਉਮਡਾਯੋ ਹੈ।ਮਿਰਜ਼ਾ ਹਯਾਤਬੇਗ,ਸੈਨਾਸੈਂ ਕਰਮਬੇਗ,ਸੱਯਦ ਮਹਿ-ਮੂਦ ਅਲੀ ਯੌਂ ਸ਼ਿਤਾਬ ਆਯੋ ਹੈ। ਬੀਰ ਬੇਗ ਜਾਫਰ ਇਮਾਨ ਹਾਨਿ ਕਾਫਰ ਤੇ ਕਸਮ ਕੁਰਾਨ ਕੀ ਕੁਫਰ ਕਹਿਵਾਯੋ ਹੈ ॥ ੧੬ ॥ ਕੇਊ ਰੰਗ ਕਾਰੇ ਹੈਂ,ਕੁਰੂਪ ਹੀ ਸੁਧਾਰੇ ਸਾਰੇ,ਕੇਊ ਰੰਗ ਭੂਰੇ ਜੰਗ ਸੂਰੇ ਜਗਜਾਨੀਐ। ਪਸ਼ਤੋ ਬਕਨ ਹਾਰੇ, ਉਜ਼ਬਕ ਭਾਰੇ ਭਾਰੇ[1], ਕਾਬਲੀ ਕੰਧਾਰੀ, ਦਾਊਜ਼ਈ[2] ਕੋ ਬਖਾਨੀਐ। ਹਬਸ਼ੀ, ਪਸ਼ੌਰੀ, ਕੇਊ ਬਲਖ ਬੁਖਾਰੀ ਹੁਤੇ, ਰੂਸੀ, ਗਨ ਰੂਮੀ, ਗ੍ਰਿਹ ਗਜ਼ਨੀ ਪ੍ਰਮਾਨੀਐ। ਕੇਊ ਠੱਠੇ, ਭੱਖਰੀ[3], ਇਰਾਨੀ ਔ ਅਰੇਵੀ[4]ਮਿਲਿ ਕੇਊ ਕਸ਼ਮੀਰੀ*ਜਿਨ ਬੋਲ ਨ ਪਛਾਨੀਐ ।੧੭॥ ਆਈ ਦਸ ਲਾਖ ਜਬਿ ਪੀਛੇ ਕੀ ਜੁ ਸੈਨਾ ਸਭਿ ਸੁਨੀ ਸੁਧਿ ਖ੍ਵਾਜ ਮਰਦੂਦ ਆਦਿ ਧਾਏ ਹੈਂ। 'ਗੁਰੂ ਚਮਕੌਰ ਠੌਰ ਕਾਇਮੀ ਕਰੀ ਹੈ ਦੌਰਿ, ਐਈ ਚਮੂੰ ਔਰ ਤਿਨੇ ਫੇਰ ਘੇਰ ਪਾਏ ਹੈਂ।ਜੂਝੇ ਨ ਪਿਛਾਰੀ ਜੰਗ[5], ਹੋਤਿਹੈ ਅਗਾਰੀ ਅਬਿ, ਸੁਨਿਕੈ ਸਮੂਹ ਹਯ ਹੂਹ ਦੈ ਭਜਾਏ ਹੈਂ। ਯੂਥਪ[6] ਵਜ਼ੀਦ ਖਾਂ ਸਿਰੰਦ ਕੋ ਬਿਲੰਦ ਸੂਬਾ ਲੈਕੇ ਸੰਗ ਬਾਹਨੀ ਉਮਡਿ ਕਰਿ ਆਏ ਹੈਂ ॥੧੮॥ ਸੂਬਾ ਲਵਪੁਰਿ ਕੋ ਦਸਤ ਜ਼ੋਰ ਨਾਮ ਜਿਸ ਸੁਨੀ ਸੁਧਿ ਸਾਰੀ ਦਲ ਭਾਰੀ ਜੁਤਿ ਧਾਯੋ ਹੈ।ਪਰਬਤ ਬਾਸੀ ਬਾਈ ਧਾਰਨ ਕੇ ਰਾਜੇ ਸਭਿ ਲੈ ਲੈ ਸੈਨ ਆਪਨੀ ਕੋ ਬ੍ਰਿੰਦ ਉਮਡਾਯੋ ਹੈ।ਮੀਏਂ ਰਾਵਰਾਨੇ ਕੌਨ ਸ਼ਕਤਿ ਬਖਾਨੇ ਤਿਨਮਾਚਤਿ ਕੁਲਾਹਲ ਬਿਸਾਲ ਹੀ ਸੁਨਾਯੋ ਹੈ। ਰੰਘਰ ਹਜ਼ਾਰੋਂ ਔਰ ਗੁੱਜਰ ਗਵਾਰ ਮਿਲਿ ਆਇ ਚਮਕੌਰ ਚਹੂੰ ਓਰ ਘੇਰੋ ਪਾਯੋ ਹੈ ॥ ੧੯ ॥ ਅਵਨੀ ਅਕਾਸ਼ ਤੇ ਪ੍ਰਕਾਸ਼ ਕੋ ਬਿਨਾਸ਼ ਕੀਨ, ਭਯੋ ਤਮ ਰਾਸ ਉਡ ਪਾਂਸੁ ਫਲ ਫੈਲਪੈ[7]।

---

[1]ਤੁਰਕਾਂ ਦੀ ਕੌਮ ਦਾ ਨਾਮ ਹੈ ਜੋ ਬੜੇ ਕੱਦਾਵਾਰ ਤੇ ਉਜੱਡ ਹੁੰਦੇ ਹਨ। ਪੰਜਾਬੀ ਵਿੱਚ ਉਜਬਕ ਉਜੱਡ ਨੂੰ ਕਹਿੰਦੇ ਹਨ। [ਤੁ:, ਉਜ਼ਬਕ]। [2]ਦਾਊਦ ਜ਼ਈ। [3]ਠਟਾ ਤੇ ਭੱਖਰ ਸਿੰਧ ਵਿਚ ਹੈਨ, ਇਕ ਭੱਖਰ ਪੰਜਾਬ ਦੇ ਪੱਛੋਂ ਵਿਚ ਬੀ ਹੈ। [4]ਅਰਬੀ। [5]ਪਿੱਛੇ ਜੋ ਜੰਗ ਹੋਇਆ ਹੈ ਉਸ ਵਿੱਚ ਗੁਰੂ ਜੀ ਮਾਰੇ ਨਹੀਂ ਗਏ। [6]ਸੈਨਾਪਤੀ। [7]ਹਨੇਰਾ ਹੋ ਗਿਆ ਹੈ (ਪਾਂਸ=ਧੂੜੀ ਉਡਕੇ ਫੈਲ ਗਈ ਆਕਾਸ਼ ਤੇ।

*ਬਾਰਬਰਦਾਰੀ ਵਿੱਚ ਕਸ਼ਮੀਰੀ ਭਾਵੇਂ ਹੋਣ ਜੰਗੀ ਤਾਂ ਕਸ਼ਮੀਰੀ ਕਦੇ ਨਹੀਂ ਹੋਏ।

ਦੀਖਿਤਿ ਨ ਆਂਖਤੇ, ਸੁਨੈ ਨ ਬੋਲ ਭਾਖਤੇ, ਗੁਰੂ ਕੋ ਗਹੇਂ ਕਾਂਖਤੇ[1] ਲਖੀਂ ਤਿ ਆਇ ਗੈਲ ਪੈ।ਚਾਰੋਂ ਓਰ ਸ਼ੋਰ ਕੈ, ਚਹੰਤਿ ਹੇਲ ਦੌਰਿਕੈ ਮਲੇਛ ਆਇ ਦੌਰਿਕੈ ਛਬੀਲੇ ਬਡੇ ਛੈਲ ਪੈ[2]।ਜੈਸੇ ਮੇਲ ਮੇਲਕੈ ਸ਼ਲਭ[3]ਚੈਸਕੋਲ ਕੈ, ਧਰੇ ਬਿਸਾਲ ਐਲ ਕੈਦੁਰਗ ਦੀਹ ਸੈਲ ਪੈ[4]॥੨੦॥ਧਰਨੀ ਗਗਨ ਏਕ ਹ੍ਵੈ ਗਏ ਬਿਬੇਕ ਬਿਨ[5]ਖੇਹ ਖਰ ਪੁੰਜ ਕੀ ਪਸਾਰੀ ਦਸ ਦਿਸ਼ ਮੈਂ।ਮਾਨੋ ਘਨ ਘਟਾ ਘਨੇ ਘਨ ਕੀ ਘੁਮੰਡ ਘਿਰੀ[6] ਘੋਰ ਘੋਖ ਘੋਖਿ ਕੈ ਮਿਲੀ ਹੈ ਭੂਮ ਭ੍ਰਿਸ ਮੈਂ[7]।ਮੰਦਰ ਪਹਾਰ ਗਢ[8] ਜਾਂਹੀ ਕੇ ਮਝਾਰਖਰੋ ਚਾਰੋਂਓਰ ਪਾਰਾਵਾਰ[9] ਐਸੀ ਛਬਿ ਜਿਸ ਮੈਂ।ਗਿਨੇ ਮਤ ਕਿਸ ਮੈਂ[10]ਅਸੰਖਤਾਹੈ ਤਿਸ ਮੈਂ,ਬਿਲੋਕਿ ਲੋਕ ਬਿਸਮੈਂ, ਸੁ ਆਯੋ ਦਲ ਰਿਸ ਮੈਂ ॥੨੧॥ ਪੁੰਜ ਹੈਂ ਮਤੰਗ ਪੈ ਪਤਾ-ਕਾ ਜਿਨ ਸੰਗ ਧਰੀ, ਸੈਲ ਹੈਂ ਸਪੰਖ ਤੁੰਗ[11] ਇਤੇ ਉਤ ਧਾਵਤੇ।ਬਾਦਿਤ ਜੇ ਬਾਜਤਿ ਹੈਂ ਦੀਰਘ ਸੋ ਗਾਜਤਿ ਹੈਂ, ਅਨਿਕ ਤੁਰੰਗ ਜਲਜੰਤੁ ਜਨੋਂ ਪਲਾਵਤੇ[12] । ਸਾਂਗ, ਸੇਲ, ਸ਼ਕਤੀ,ਸੁਤੋਮਰ ਤਰੰਗ[13]ਭਏ ਧੁਖਤਿ ਪਲੀਤੇ ਬੜਵਾਗਨਿ ਉਠਾਵਤੇ।ਗ੍ਰਾਮ ਚਮਕੌਰ ਕੈਜਹਾਜਕੋ ਸਮਾਜ ਭਰਯੋ ਚਾਹਤਿ ਡੁਬੋਯੋ,ਗੁਰ ਕੇਵਟ ਤਰਾਵਤੇ॥੨੨॥ਜ਼ੋਰਾਵਰ ਸਿੰਘ ਔ ਅਜੀਤ ਸਿੰਘਬੀਰ ਜੁਗ ਦਯਾਸਿੰਘ ਆਦਿ ਪੰਚ ਸਿੰਘ ਧਰਿ ਧੀਰਜੇ।ਮੁਕਤੇ ਸੁ ਪੰਚ ਸਿੰਘਮਾਨ ਸਿੰਘ, ਧਯਾਨ ਸਿੰਘ, ਦਾਨ ਸਿੰਘ, ਧੰਨਾ ਸਿੰਘ ਜਾਮੈਂ ਬਰ ਬੀਰਜੇ।ਆਲਮ ਮ੍ਰਿਗਿੰਦ, ਸ਼ਨਾਮ ਸਿੰਘ, ਸੋ ਮੁਹਰ ਸਿੰਘ, ਬੀਰ ਸਿੰਘ,ਸੁੱਖਾਸਿੰਘ, ਸੰਤ ਸਿੰਘ ਤੀਰ[14]ਜੇ।ਕੋਠਾਸਿੰਘ ਏਕ ਰੰਘਰੇਟਾਸਿੰਘ ਜਾਨੀਯਤਿ, ਏਕ ਰਵਦਾਸੀਆ ਮਦਨਸਿੰਘ ਬੀਰਜੇ॥੨੩॥ਗਢਮੈਂਸੁਚੇਤ ਭਏ ਲਾਖੋਂਦਲ ਦੇਖ ਲਏ ਬੋਲੇ

---

[1]ਗੁਰੂ ਨੂੰ ਪਕੜਨਾ ਚਾਹੁੰਦੇ ਹਨ। [2]ਛਬੀ ਵਾਲੇ ਛੈਲ (ਗੁਰੂ ਜੀ) ਉਪਰ। [3]ਟਿੱਡੀ, ਮੱਕੜੀ,। [4]ਬੜਾ ਰੌਲਾ ਪਾਕੇ ਭਾਰੀ ਕਿਲੇ ਰੂਪੀ ਪਹਾੜ ਤੇ ਜਿਵੇਂ ਚੜ੍ਹਾਈ ਕਰਨ। [5]ਭਾਵ ਜ਼ਿਮੀਨ ਤੇ ਅਸਮਾਨ ਦੀ ਸੋਝੀ ਨਹੀਂ ਪੈਂਦੀ। [6]ਮਾਨੋ ਘਨੇਘਨ ਕੀ ਘਨ ਘਟਾ ਘੁਮੰਡ ਘਿਰੀ=ਬਹੁਤਿਆਂ ਬਦਲਾਂ ਦੀਆਂ ਸੰਘਣੀਆਂ ਘਟਾਂ ਉਮੰਡਕੇ ਘਿਰ ਗਈਆਂ। [7]ਘੋਰ ਘੋਖ ਘੋਖ ਕੈ ਮਿਲੀ ਹੈ ਭੂਮ ਭ੍ਰਿਸ ਮੈ=ਭਯਾਨਕ (ਤ[illegible] ਨਾਲ) ਗੱਜ ਗੱਜਕੇ ਮਿਲ ਰਹੀਆਂ ਹਨ (ਉ[illegible]) ਡਿੱਗਕੇ ਭੂਮੀ ਨਾਲ। ਭਾਵ ਧੂੜ ਇੰਨੀ ਚੜ੍ਹ ਰਹੀਹੈ ਕਿ ਮਾਨੋਂ ਬੱਦਲ ਹਨ ਤੇ ਫੇਰ ਓਹ ਧੂੜ ਹੇਠਾਂ ਵੱਠਰਹੀ ਤੇ ਧਰਤੀ ਵਿਚ ਮਿਲ ਰਹੀ ਹੈ ਮਾਨੋ ਬੱਦਲ ਜ਼ਿਮੀਂ ਨਾਲ ਰਲ ਰਹੇ ਹਨ। [ਸੰਸ:, ਭ੍ਰਿਸ਼ ਪਦ ਦਾ ਅਰਥ ਹੈ 'ਬਹੁਤੇ', ਪਰ ਇਸ ਦਾ ਧਾਤੂ ਅਰਥ ਹੈ ਡਿੱਗਣਾ। ਭ੍ਰਿੰਸ਼੍=ਡਿੱਗਣਾ]। [8]ਮੰਦ੍ਰਾਚਲ ਪਰਬਤ ਰੂਪੀ ਕਿਲਾ। [9]ਸਮੁੰਦਰ। [10]ਕਿਸ ਵਿਚ ਤੁਫੀ ਹੈ ਕਿ ਗਿਣ ਸਕੇ। [11]ਮਾਨੋ ਖੰਭਾਂ ਸਹਿਤ ਪਹਾੜ ਹਨ ਉੱਚੇ। [12]ਜਲ ਦੇ ਜੀਵਾਂ ਵਾਂਙ ਭੱਜੇ ਫਿਰਦੇ ਹਨ। [13]ਲਹਿਰਾਂ। [14]ਪਾਸ ਹਨ।

ਸ਼੍ਰੀ ਗੁਬਿੰਦ ਸਿੰਘ: 'ਸੁਨੋ ਬਾਕ ਖਾਲਸਾ! ਸਭਿ ਕੋ ਹਟਾਇ ਰਹੇ, ਪਤੈ ਕੋ ਦਿਖਾਇ ਰਹੇ, ਦਗ਼ੋ ਕੋ ਬਤਾਇ ਰਹੇ, ਸ਼ੱਤ੍ਰਨਿ ਕੀ ਲਾਲਸਾ[1]। ਸਿੱਖਨਾ ਕੋ ਸਿਖਾਇ ਰਹੇ, ਸੁਖ ਦੇ ਲੁਭਾਇ ਰਹੇ,–ਦੁਖੋ ਕੋ ਸੁਨਾਇ ਰਹੇ, ਜੈਥੋ ਲਖੋ ਕਾਲ ਸਾ[2]–। ਰਹਿਬੋ ਮਨਾਇ ਰਹੇ, ਏ ਰੁਖ ਬਨਾਇ ਰਹੇ[3], ਮ੍ਰਿਤ੍ਰ ਤੇ ਬਚਾਇ ਰਹੇ ਧਰਯੋ ਹਠ ਬਾਲਸਾ[4]॥੨੪॥ ਕਹਿਬੋ ਨ ਮਾਨਯੋਂ ਕਿਨ, ਕਾਲ ਨ ਪਛਾਨਯੋਂ ਮਨ,ਦਗ਼ਾ ਨਹਿ ਜਾਨਯੋ ਲਿਖਿ ਦੀਨੋ ਜਯੋਂ ਲਿਖਾਇਓ। ਭੁਏ ਅਨਜਾਨ, ਹਿਤ ਆਪਨੋ ਨ ਧਾਰਯੋ ਚਿਤ, ਰਹੇ ਸਮੁਝਾਇ, ਨਿਕ-ਸਨ ਏਕ ਭਾਇਓ।ਕਸਮ ਕੁਰਾਨ ਕੀ ਰਸੂਲ ਬੀਚ ਦੀਨੋ ਹੁਤੇ ਦੇਖੋ ਖਲ ਨੀਚ ਹੂੰ ਨੇ ਦਲ ਕੋ ਪਠਾਇਓ।ਖਾਲਸੇ ਕੇ ਕਹੇ ਛੋਰਿ ਦੁਰਗ ਅਨੰਦਪੁਰਿ ਪਰੀ ਅਬਿ ਭੀਰ ਸਕੈ ਕੌਨ ਹ੍ਵੈ ਸਹਾਇਓ ॥ ੨੫॥ ਹਿੰਦੂ ਜੋ ਪਹਾਰੀ ਧੇਨੁ ਸਪਥ ਉਚਾਰੀ, ਧਰਿ ਠਾਕੁਰ ਅਗਾਰੀ, ਬਿਚ ਬਿੱਪ੍ਰ ਦੇ ਪਠਾਯੋ ਹੈ। ਤੈਸੇ ਹੀ ਮਲੇਛ ਪਤਿ ਖ੍ਵਾਜਾ ਮਰਦੂਦ ਪਠਯੋ ਧਰਮ ਇਮਾਨ ਦੋਨੋ ਹਾਨਿ ਕੈ ਦਿਖਾਯੋ ਹੈ।ਅਬਿ ਤੋ ਉਪਾਇ ਸਾਮ,ਦਾਮ,ਭੇਦ,ਬਨੈ ਨਹਿੰ,ਚੌਥੋ ਦੰਡ ਬਨੈ ਦਲ ਲਾਖੋਂ ਚੜ੍ਹਿ ਆਯੋ ਹੈ। ਗੀਦਰ ਕੀ ਮੌਤ ਨਹਿ ਮਰੋ ਰਿਪੁ ਹਾਥਨਿ ਤੇ ਕਰੋ ਜੁੱਧ ਗਾਢੋ ਜਿਮ ਪੂਰਬ ਮਚਾਯੋ ਹੈ॥੨੬॥ਮਹਾਂ ਨੀਚ ਪਾਪੀ ਕੂਰ-ਲਾਪੀ[5]ਦਗ਼ਾ ਕੀਨੋ ਜਿਮ ਪਲਟੇ ਕੋ ਲੈ ਹੈ ਪੰਥ, ਮੂਲ ਦੈ ਉਖਾਰਿਕੈ।ਜੇਤੋ ਪੁਰਸ਼ਾਰਥ ਕਰੋਗੇ ਅਬਿ ਮਾਰਨਕੋ ਤੇਤੋ ਰਾਜ ਭੋਗੋਗੇ ਜਨਮ ਨਿਜ ਧਾਰਿ ਕੈ।ਕਾਮਨਾਕੋ ਪੂਰਹੋਹਿ,ਮਿਲੌਗੇ ਜ਼ਰੂਰ ਮੋਹਿ,ਰਾਖਿਹੌਂ ਹਜ਼ੂਰ ਜੋਰ ਬਿਧ* ਨਿਰਵਾਰਿਕੈ[6]। ਜੁੱਧ ਕੇ ਸਮਾਨ ਤਪ ਜੱਗ ਕੋ ਬਿਧਾਨ ਨਹਿਂ ਏਕ ਘੱਟੀ ਬੀਚ ਦੋਨਹੂੰ ਲੋਕ ਲੇ ਸੁਧਾਰਿਕੈ" ॥ ੨੭ ॥ ਆਠ ਆਠ ਸਿੰਘ ਏਕ ਏਕ ਬਾਹੀ ਦੀਨੀ ਤਿਨੈ, ਤੀਸ ਦੋਇ ਸਿੰਘ ਗਹਿ ਆਯੁਧ ਭੇ ਸਾਵਧਾਨ। ਕੋਠਾ ਸਿੰਘ ਏਕ,ਔ ਮਦਨ ਸਿੰਘ ਦੋਨੋ ਹੂੰ ਕੋ ਦੀਨੋ ਪੌਰ'ਗਾਢੇ ਰਹੋ ਕੀਜੈ ਰਿਪੁ

[1]ਜੋ ਸ਼ਤ੍ਰੂਆਂ ਦੀ ਇੱਛਾ ਸੀ (ਸਾਨੂੰ ਦਗ਼ਾ ਦੇਣ ਦੀ)। [2]ਜਾਣਾ ਮੌਤ ਵਰਗਾ ਹੈ। [3]ਸਭਨਾਂ ਤੋਂ ਆਪ ਨੂੰ ਬੇਰੁਖੇ ਭਾਵ ਗੁੱਸੇ ਵਾਲੇ ਬਣਾਈ ਰੱਖਿਆ। [4](ਪਰ ਸਭਨਾਂ ਨੇ) ਬਾਲਾਂ ਵਰਗਾ ਹੱਠ ਧਾਰੀ ਰੱਖਿਆ। (ਅ) ਇਸਤ੍ਰੀਆਂ ਵਾਂਗ ਹੱਠ ਧਾਰੀ ਰੱਖਿਆ। [5]ਝੂਠ ਬੋਲਣ ਵਾਲੇ। [6]ਬ੍ਰਹਮਾ ਦਾ ਬੀ ਬਲ ਦੂਰ ਕਰਕੇ ਭਾਵ ਬ੍ਰਹਮਾ ਦੀ ਲਿਖੀ ਰੇਖਾ ਨੂੰ ਬੀ ਮੇਟਕੇ। [7]ਤਪੱਸਯਾ ਤੇ ਜੱਗ ਦੇ ਬਿਧਾਨ ਦੀ ਜੁੱਧ ਨਾਲ ਸਮਤਾ ਨਹੀਂ ਹੈ, (ਜੁੱਧ ਨਾਲ) ਇਕ ਘੜੀ ਵਿਚ ਦੋਵੇਂ ਲੋਕ ਸੁਧਾਰ ਲਈਦੇ ਹਨ। [ਬਿਧਾਨ=ਧਰਮਸ਼ਾਸਤ੍ਰ ਨੇ ਜੋ ਕਰਮ ਕਰਨ ਯੋਗ ਕਹੇ ਹਨ।

*ਪਾ:–ਜੋਰ ਬਿਧ। ਕਿਤੇ–'ਜੋਰ ਬੰਧ' ਬੀ ਹੈ।

ਹੇਰਿ ਹਾਨ। ਗੁਲਕਾ ਬਰੂਦ ਨਹਿਂ ਡਾਰੀਏ ਤੁਫੰਗ ਬੀਚ,ਤੋੜਾ ਦੇਹੁ ਡਾਰਿ ਛਾਂਤਿ,ਛੁਟਿਹੈਂ,ਨ ਸ਼ੰਕ ਠਾਨਿ[1]।ਦੋਨਹੁ ਸੁਤ[2],ਦਯਾ ਸਿੰਘ ਸੰਤ ਸਿੰਘ ਪਾਸ ਰਾਖੇ, ਪ੍ਰਵਿਸ਼ੇ ਅਟਾਰੀ ਮਹਿ ਕਮਾਨ ਬਾਨ ਤਾਨਿ ਪਾਨ ॥ ੨੮ ॥ਆਲਮ ਮ੍ਰਿਗਿੰਦ੍ਰ ਔਰ ਮਾਨ ਸਿੰਘ ਦੋਨੋ ਬੀਰ ਫਿਰੈ ਚਾਰੋਂ ਓਰ ਸੁਧ ਸਭਿ ਕੀ ਰਖਨ ਕੋ। ਗੁਰੂ ਆਗੇ ਸੀਸ ਦੀਨੇ,ਕੀਨੇ ਪ੍ਰਣ ਸਭਿ ਹੀ ਨੇ,ਮਾਰੈਂਗੇ ਮਲੇ-ਛਨਿ ਪ੍ਰਹਾਰੈਂ ਆਯੁਧਨ ਕੋ।ਨੀਰ ਅਰੁ ਅੰਨ ਲੀਨੋ ਜੇਤਿਕ ਸੁ ਹਾਥ ਆਯੋ ਖਾਯੋ ਮਨ ਭਾਯੋ ਸਵਾਧਾਨ ਕੀਨ ਤਨ ਕੋ। ਬੀਰ ਰਸ ਰਾਤੇ ਸ਼੍ਰੀ ਗੁਬਿੰਦ ਸਿੰਘ ਰਾਤੇ[3] ਨੈਨ, ਰਾਤੋ ਮੁਖ ਰੋਸ ਮੈਂ, ਬਿਲੋਕੈਂ ਸ਼ੱਤ੍ਰੁ ਗਨ ਕੋ ॥ ੨੯ ॥ ਆਹਨ[4] ਮਨਿੰਦ ਬ੍ਰਿੰਦ ਬ੍ਰਿੰਦ ਹੋਇ ਆਇ ਦਲ ਦਸ ਲਾਖ ਆਯੋ ਨਯੋ, ਪੂਰਬ ਸੁ ਢੂਕੇ ਹੈਂ[5]। ਭਾਜੇ ਲੋਕ ਗ੍ਰਾਮ ਉਤਪਾਤ ਕੋ ਬਡੋ ਬਿਲੋਕਿ, ਛੋਰਿ ਛੋਰਿ ਤੂਰਨ ਸਦਨ ਕਿਤ ਲੂਕੇ ਹੈਂ। ਕੇਊ ਅਗਵਾਨੀ ਹੋਇ ਜਾਇਕੈ ਮਲੇਛ ਮਿਲੇ, ਕਾਰਨ ਬਤਾਵਨਿ ਕੇ, ਮਾਰਿ ਊਚੇ ਰੂਕੇ ਹੈਂ[6]। ਚਾਰੋਂ ਓਰ ਹੇਲ ਘਾਲਿ ਆਏ ਜਿਮ ਕਾਲ ਫਿਰ 'ਮਾਰੋ ਮਾਰੋ, ਲੇਹੁ ਗਹਿ ਸੂਰ' ਕੂਰ ਕੂਕੇ ਹੈਂ[7] ॥੩੦॥ ਦੋਹਰਾ ॥ ਇਸ ਪ੍ਰਕਾਰ ਜਬਿ ਨੋਰ ਭਾ ਥਿਰੇ ਗ੍ਰਾਮ ਮਹਿ ਆਇ। ਅੰਤਰ ਤੇ ਤਬਿ ਸੂਰਮੇ ਗੋਰੀ ਸਰ ਬਰਖਾਇ ॥੩੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁੱਤੇ 'ਚਮਕੌਰ ਘੇਰਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸ ॥ ੩੫ ॥

### ੩੬. [ਚਮਕੌਰ ਯੁੱਧ ਆਰੰਭ]।

ਦੋਹਰਾ ॥ ਜਾਤਿ ਜਿ ਸਨਮੁਖ ਦੁਰਗ ਕੇ ਸਰ ਗੋਲੀ ਲਗਿ ਘਾਇ। ਗਿਰੈਂ ਦੜਾ ਦੜ ਤੁਰਤ ਹੀ ਏਕ ਬਾਰ ਸਮੁਦਾਇ ॥ ੧ ॥ ਭੁਜੰਗ ਪ੍ਰਯਾਤ ਛੰਦ ॥ ਗੁਰੂ ਜੀ ਪੁਕਾਰੇ 'ਸੁਨੋ ਸਿੰਘ ਮੇਰੇ।ਜਬੈ ਸਾਮ ਦਾਮੰ ਨ ਭੇਦੰ ਸੁਹੇਰੇ। ਤਬੈ ਆਯੁਧੰ ਪੈ ਨਿਜੰ ਹਾਥ ਘਾਲੈ[8]। ਬਨੀ ਬਾਤ ਸੋਈ ਸਮੈਂ ਧੌਂਨ ਟਾਲੈ ॥ ੨ ॥ ਪੁਰਾ[9] ਤੀਰ ਗੋਰੀਨ ਤੇ ਮਾਰਿ ਗੇਰੋ। ਮਿਟੈਂ ਨ ਅਰਾਤੀ ਜਬੈ ਨੇਰ ਹੇਰੋ।ਕਰਾਚੋਲ ਕਾਢੇ ਕਰੋ ਖੰਡ ਖੰਡੇ। ਤਛਾ ਮੁੱਛ ਕਾਟੋ ਘਮੰਡੋ ਪ੍ਰਚੰਡੋ' ॥੩॥ ਪ੍ਰਭੂ ਬਾਕ ਸੁਨਿਕੈ ਭੁਏ ਸਾਵਧਾਨਾ। ਕਰੈਂ ਤਾਨ ਤਾਨਾ ਤਜੈਂ ਚਾਂਪ ਬਾਨਾ[10]।ਰਲੇ ਸਰਪ

---

[1](ਇਸ ਵਿਚ) ਸ਼ੰਕਾ ਨਾ ਕਰੋ। [2]ਸਾਹਿਬਜ਼ਾਦੇ। [3]ਲਾਲ। [4]ਮਕੜੀ, ਟਿੱਡੀ। ਪੋਠੋਹਾਰ ਵਿਚ (ਅਹਿਣ=)ਗੜੇ ਨੂੰ ਕਹਿੰਦੇ ਹਨ। [5]ਪਹਿਲੇ ਵੀ ਆ ਢੁੱਕੇ। [6]ਉੱਚੀ ਆਵਾਜ਼ ਮਾਰਕੇ(ਮੁੱਦਦੇ) ਹਨ [ਸਿੰਸ:,ਰੁ=ਸ਼ਬਦ। ਹਿੰਦੀ, ਰੂਕਾ=ਸ਼ਬਦ ਕਰਨਾ ਯਾ ਆਵਾਜ਼]। [7]'ਫੜ ਲਓ ਸੂਰਮੇ' ਕੂੜੇ (ਵੈਰੀ)ਕੂਕਦੇ ਹਨ। [8]ਤਦੋਂ ਸ਼ਸਤ੍ਰਾਂ ਤੇ ਆਪਣਾ ਹੱਥ ਪਾਉਣਾ ਚਾਹੀਏ। [9]ਪਹਿਲੋਂ। [10]ਬਲ ਨਾਲ ਤਾਣਕੇ ਕਮਾਨ ਵਿਚ ਬਾਣ ਛੱਡਦੇ ਹਨ।

ਜੈਸੇ ਬਿਧੈਂ ਦੋਇ ਚਾਰੀ। ਤਜੈਂ ਪ੍ਰਾਨ ਕੋ ਬੀਰ ਬੇਕੇ ਜੁਝਾਰੀ ॥ ੪ ॥ ਬਰੂਦੇ ਨ ਗੋਰੀ ਦੁਹੂੰ ਨਾਂਹਿ ਪਾਵੈਂ। ਪਲੀਤਾ ਪਿਖੈਂ ਤਾਂਹਿ ਤੋੜਾ ਡੰਭਾਵੈ। ਤੁਫੰਗੈਂ ਛੁਟੈਂ ਨਾਦ ਹੋਵੈਂ ਘਨੇਰੇ। ਕੜਾ ਕਾੜ ਮਾਚੀ ਛੁਟੀ ਏਕ ਬੇਰੇ॥ ੫ ॥ ਗਿਰੇ ਬੀਰ ਘੋਰਾਨਿ ਤੇ ਭੂਮ ਜਾਈ। ਮਨੋ ਕੇਵ[1] ਪੀਕੇ ਲਿਟੇ ਬੀਰ ਖਾਈ। ਕਿਸੂ ਮੂੰਡ ਫੂਟੇ ਕਿਸੂ ਤੁੰਡ ਤੂਟੇ।ਲਗੈ ਏਗ ਗੋਰੀ ਭੁਜਾ ਢਾਂਗ ਟੂਟੇ॥੬॥ [2]'ਹਲਾ ਹੱਲ' ਬੋਲੈਂ, ਰਹੇ ਤੁੰਡ ਮਾਂਹੀ।ਲਗੈ ਬਾਨ ਦੇਹੀ[2],ਬਚੈਂ ਪ੍ਰਾਨ ਨਾਂਹੀ। ਗਿਰੈਂ ਅੱਗ੍ਰ ਔਂਧੇ, ਚਲੇ ਪੁੰਜ ਆਵੈਂ। ਮਰੇ ਫੇਰ ਪਾਛੇ ਨਹੀਂ ਕੋ ਸਿਧਾਵੈਂ[3] ॥ ੭ ॥ ਗਿਰੰਦੰ ਤਬੈ ਭੀਮਚੰਦਾਦਿ ਸਾਰੇ। ਹੁਤੇ ਗ੍ਰਾਮ ਕੇ ਜਾਟ ਤੀਰੰ ਹਕਾਰੇ। ਲਗੇ ਬੂਝਿਬੇ 'ਸਿੰਘ ਕੇਤੇ ਪ੍ਰਵੇਸ਼ੇ?ਘਨੇ ਬਾਨ ਮਾਰੈਂ ਕਿ ਗੋਰੀਵਿਸ਼ੇਸ਼ੇ ॥੮॥ ਦੜਾਦਾੜ ਸੂਰੇ ਗਿਰੈਂ ਭੂਮ ਮਾਂਹੀ।ਜਿਤੇ ਨੈਨ ਦੇਖੇ,ਕਹੋ ਕਨੋਂ ਨ ਤਾਂਹੀ?'। ਸੁਨੇ ਜਾਟ ਬੋਲੇ 'ਗਿਨੇ ਹੈਂ ਨ ਕੋਈ। ਪਚਾਸੇ ਕਿ ਚਾਲੀ ਇਤੇ ਬੀਚ ਹੋਈ॥ ੯ ॥ ਤਿਨੋਂ ਮਹਿਂ ਕਿਤੇ ਘਾਵ ਖਾਏ ਬਿਹਾਲੇ। ਚਲਨੋ ਸ਼੍ਰੋਣ ਜਾਤੇ ਮਰੈਂ ਆਜ ਕਾਲੇ। ਬਡੀ ਬਾਹਰੀ ਸੈਨ[4] ਪਾਵੈ ਨ ਪਾਰਾ। ਕਹਾਂ ਹੋਹਿ ਗਾਢੇ[5] ਅਬੈ ਲੇਹੁ ਮਾਰਾ॥੧੦॥ਭਰੈਂ ਧੂਲ ਮੂਠੀ ਕਿਲੇ ਮਹਿਂ ਜਿ ਪਾਵੈਂ। ਸਭੈ ਸਿੰਘ ਸੰਗੇ ਮਝਾਰੇ ਦਬਾਵੈਂ[6]। ਕਹਾਂ ਜੰਗ ਹੋਵੈ ਅਬੈ ਲੇਹੁ ਮਾਰੀ। ਕਹਾਂ ਏਕ ਰੱਤੀ ਕਹਾਂ ਮੇਰੁ ਭਾਰੀ'॥੧੧॥ਸੁਨੀਭੀਮਚੰਦੇ ਗਯੋ ਪਾਸ ਖ੍ਵਾਜੇ।'ਕਹਾਂ ਦੇਰਧਾਰੀ, ਕਰੋ ਕਨੋਂ ਨ ਕਾਜੇ ? ਬਡੋ ਹੇਲ ਮੇਲੋ ਮਰੇ ਜਾਉ ਮਾਰੀ[7]। ਬਚੇ ਬੀਰ ਜੇਤੇ ਪ੍ਰਵੇਸ਼ੇ ਮਝਾਰੀ[8] ॥ ੧੨ ॥ ਹਤੋ ਨਾਂਹਿ ਭਾਵੈਂ ਗੁਰੂ ਕੋ ਗਹੀਜੈ। ਅਹੈਂ ਸਿੰਘ ਜੇਤੇ ਤਿਨ੍ਹੈਂ ਮਾਰਿ ਦੀਜੈ। ਕਹਾਂ ਬੀਰ ਚਾਲੀ ਸੁ ਚਾਲੀ ਹਤੈਂਗੇ[9]।ਕਰੋ ਹੇਲ ਲਾਖੈਂ ਸੁ, ਧਾਂਤੇ ਗਹੈਂਗੇ'॥੧੩॥ਭਨੈ ਸੂਧ ਖ੍ਵਾਜਾ ਵਜੀਦੰ ਹਕਾਰਾ[10]। ਲਹੌਰੀ ਬੁਲਾਯੋ ਦੁਹੂੰ ਸੋਂ ਉਚਾਰਾ। 'ਅਨੰਦੰ ਪੁਰੀ ਮਹਿ ਜਥਾ ਸਾਤ ਮਾਸੰ। ਲਰੰਤੇ ਬਿਤਾਏ ਰਹੇ ਆਸ ਪਾਸੰ ॥ ੧੪ ॥ ਇਹਾਂ ਬੀ ਤਥਾ ਬਾਤ ਜੀ ਮੈਂ

---

[1]ਸ਼ਰਾਬ। [2]ਹੱਲਾ ਹੱਲਾ ਮੂੰਹ ਵਿਚ ਹੀ ਰਹਿ ਜਾਂਦਾ ਹੈ ਕਿ ਤੀਰ ਆ ਦੇਹ ਵਿੱਚ ਲੱਗਦਾ ਹੈ। [3]ਪਿੱਛੇ ਕੋਈ ਨਹੀਂ ਮੁੜਦਾ। [4]ਬਾਹਰ ਬੜੀ ਸੈਨਾ ਹੈ। [5](ਅੰਦੂਨੇ) ਕਿੰਨਾਕੁ ਚਿਰ ਅਟਕਣਗੇ। [6]ਸਾਰੇ ਸਿੰਘਾਂ ਸਮੇਤ (ਕਿਲੇ) ਵਿੱਚੇ (ਗੁਰੂ ਨੂੰ) ਦਬਾ ਦੇਣ। [7]ਮਰਦੇ ਜਾਓ ਤੇ ਮਾਰਦੇ ਜਾਓ। (ਅ) ਜਾਉ ਮਾਰੀ ਮਰੇ=ਮਾਰੀ ਜਾਓ (ਤਾਂ ਸਾਰੇ ਮਰ ਜਾਣਗੇ)। [8]ਜਿਹੜੇ ਸੂਰਮੇ ਬਚੇ ਸਨ, ਸਾਰੇ ਗੜ੍ਹੀ ਦੇ ਅੰਦਰ ਵੜੇ ਹੋਏ ਹਨ। [9]ਚਾਲੀ (ਤੁਰਕ) ਹੀ ਮਾਰ ਦੇਣਗੇ। [10](ਭੀਮ ਚੰਦ ਦਾ ਵਾਕ) ਸੁਣਕੇ ਕਹਿੰਦਾ ਹੈ ਖ੍ਵਾਜਾ ਵਜੀਦੇ ਨੂੰ ਬੁਲਾਕੇ।

ਬਚਾਰੀ। ਤਮਾਸ਼ਾ ਪਿਖੋ ਠਾਢਿ[1], ਲੇਤੇ ਨ ਮਾਰੀ[2]। ਕਹਾਂ ਸਿੰਘ ਚਾਲੀ ਛੁਧਾ ਤੇ ਬਿਹਾਲੇ।ਕਹਾਂ ਬੀਰ ਲਾਖੋਂ ਫਿਰੈਂ ਆਲਬਾਲੇ'॥੧੫॥ ਸੁਨੀ ਦੋਇ ਸੂਬਾਨਿ ਖ੍ਵਾਜੇ ਡਰਾਏ[3]। ਸਮੀਪੀ ਸੰਮੂਹਾਂਨਿ ਊਚੇ ਸੁਨਾਏ[4]:—'ਬਿਲੋਕੋ ਕਹਾਂ ਹੇਲ ਮੇਲੋ ਨ ਸਾਰੇ।ਬਰੋ ਬੀਚ ਧਾਵੋ ਭੁਜਾਂ ਓਜ ਧਾਰੇ'॥੧੬॥ਤਿਨਹੂੰਨੇ ਅਗਾਰੀ ਕਹਯੋ ਕੋਪ ਕੈ ਕੈ। 'ਪਿਲੋ ਸਰਬ ਆਗੇ[5], ਖਰੇ ਕਯੋਂ ਥਿਰੈ ਕੈ। ਚਹੂੰ ਓਰ ਮਹਿ ਹਾਲ-ਹੂਲੈ ਮਚਾਓ।ਇਕੈਬਾਰ ਹੇਲਾ ਸਭੋ ਨੇ ਧਕਾਓ[6]*'॥ ੧੭॥ ਮਥੈਂ ਸਿੰਧੁ ਮਾਨੋਂ ਦੂਊ ਦੈਂਤ ਦੇਵੈ। ਗਿਰੇ ਮੰਦਰੇ ਕੋਟ ਕੀ ਸ਼ੋਭ ਏਵੈ[7]।ਗੁਰੂ ਸ੍ਰੀ ਗੁਬਿੰਦੰ ਅਟਾਰੀ ਸੁ ਸ਼੍ਰਿੰਗੰ[8]। ਥਿਰੇ ਤੁੰਗ[9] ਥਾਨੰ ਦਿਪੈਂ ਐਸ ਢੰਗੰ॥੧੮॥ਜਬੈ ਰੌਰ ਮਾਚਾ ਢੁਕੇ ਨੇਰ ਆਈ।ਹਜ਼ਾਰੋਂ ਤੁਫੰਗੰ ਛੁਟੀ ਧੂਮ ਪਾਈ।ਲਗੇ ਕੰਧ ਸੋਂ ਆਨ ਕੇਤੇ ਸਿਪਾਹੀ। ਚਢੇ ਊਪਰੇ ਹਾਥ ਘਾਲੇ ਤਦਾਹੀ॥ ੧੯ ॥ ਤਬੈ ਸਿੰਘ ਕੋਪੇ ਕਹਯੋ ਆਪ ਮਾਂਹੀ। 'ਕਰਾਚੋਲ ਬਾਹੋ ਚਢੈਂ ਆਨ ਤਾਂਹੀ[10]'।ਛੁਟੀ ਬਾਨ ਗੋਰੀ ਨ ਛੂਛੇ ਪਰੰਤੀ।ਗਿਰੈਂ ਕੰਧ ਨੀਚੇ ਕ੍ਰਿਪਾਨੈਂ ਕਟੰਤੀ॥੨੦॥ ਪਰੀ ਊਚ ਹੋਵੈਂ ਗਿਰੈਂ ਸੀਸ ਨੀਚੇ।ਪਰੇ ਕੰਧ ਕੀ ਮੂਲ ਮਹਿ ਸ਼੍ਰੋਣ ਸੀਂਚੇ। ਕਰਾਹੈਂ ਕਿਤੇ ਕੋਇ ਨੀਚੇ ਦਬਾਏ।ਕਛੂ ਜੀਵਤੇ ਪ੍ਰਾਨ ਹਾਨੈਂ ਗਿਰਾਏ[11]॥੨੧॥ ਬਡੋ ਹੇਲ ਘਾਲਯੋ, ਗੁਰੂ ਸਿੰਘ ਝਾਲਾ।ਪਰੇ ਕੰਧ ਕੇ ਜਾਇ ਨੀਚੇ ਉਤਾਲਾ।ਅਟਾਰੀ ਚਢੇ ਏਕ ਤਾ ਮੈਂ ਦਰੀਚੀ[12]।ਥਿਰੇ ਬੀਰ ਤਾਂਕੇ ਕਰੈਂ ਸ਼ੱਤ੍ਰੁ ਮੀਚੀ[13]॥੨੨॥ ਚੌਪਈ॥ਬੈਠੇ ਤਹਾਂ ਗੁਰੂ ਬੀਰਾਸਨ। ਪਕਰੇ ਘੋਰ ਕਠੋਰ ਸ਼ਰਾਸਨ।ਕਟ ਤੇ ਤਰੇ ਤਰੇ ਤਨ ਓਟੇ[14]।ਕੰਧ ਦਰੀਚੀ[15] ਕੀ ਤਹਿ ਛੋਟੇ॥ ੨੩ ॥ ਕਟ ਤੇ ਊਪਰ ਜਿਤਿਕ ਸਰੀਰ। ਤਿਸੈ ਬਿਲੋਕੈ ਸ਼ੱਤ੍ਰਨਿ ਭੀਰ। ਕਲਗ਼ੀ ਜਿਗਾ ਜਵਾਹਰ ਜੋਈ। ਝਮਕਹਿ ਬਿਦਤਿ ਜਨਾਵਹਿ ਤੋਈ॥੨੪॥ਤੀਰ ਤੁਨੀਰਹਿ ਤੀਰ ਬਿਖੇਰੇ[16]। ਕਰਨ ਉਤਾਇਲ

---

[1]ਖੜੋਤੇ ਤਮਾਸ਼ਾ ਦੇਖਦੇ ਹੋ। [2]ਮਾਰ ( ਕਿਉਂ ) ਨਹੀਂ ਲੈਂਦੇ ਭਾਵ ਛੇਤੀ ਮਾਰੋ। [3]ਭਾਵ, ਦੋਹਾਂ ਸੂਬਿਆਂ ਨੇ ਖ੍ਵਾਜੇ ਦੀ ਧਮਕੀ ਸੁਣੀ। [4]ਅਪਨੇ ਨੇੜੇ ਦਿਆਂ ਨੂੰ ਉੱਚੀ ਸੁਨਾਇਆ(ਦੋਹਾਂ ਨੇ)। [5]ਸਾਰੇ ਅੱਗੇ ਨੂੰ ਟੁੱਟ ਕੇ ਪਵੋ [ਸੰਸ:,ਪਿਲ=ਪ੍ਰੇਰਨਾ। ਹਿੰਦੀ:ਪਿਲਨਾ=ਟੁੱਟ ਕੇ ਪੈਣਾ]। [6]ਸਾਰੇ ਇੱਕੋ ਵਾਰ ਧੱਕ ਕੇ ਹੱਲਾ ਕਰੋ। [7]ਕਿਲੇ ਦੀ ਸ਼ੋਭਾ ਇਸਤਰ੍ਹਾਂ ਹੈ ਜਿਵੇਂ ਮੰਦ੍ਰਾਚਲ ਪਰਬਤ ਦੀ। [8]ਧੁਰ ਉਪਰ। [9]ਉੱਚੇ। [10]ਜੋ ਆਨ ਚੜ੍ਹੇ ਤਿਸਨੂੰ ਮਾਰੋ ਤਲਵਾਰ। [11]ਕਈ ਜੀਉਂਦੇ ਡਿੱਗਕੇ ਹੀ ਮਰ ਜਾਂਦੇ ਹਨ। [12](ਗੁਰੂ ਜੀ)ਅਟਾਰੀ ਚੜ੍ਹੇ ਸਨ ਜਿਸ ਵਿਚ ਇਕ ਬਾਰੀ ਸੀ। [13]ਉਸ ਵਿਚ ਟਿਕੇ(ਗੁਰੂ ਜੀ)ਵੈਰੀ ਨੂੰ ਮਾਰ ਰਹੇ ਸਨ। [14]ਲੱਕ ਤੋਂ ਹੇਠ ਹੇਠ ਤਨ ਨੂੰ ਓਟ ਸੀ। [15]ਉਸ ਬਾਰੀ ਦੀ ਕੰਧ ਛੋਟੀ ਸੀ। [16]ਭੱਥੇ ਵਿਚੋਂ ਤੀਰ(ਕੱਢਕੇ)ਪਾਸ ਖਿੰਡਾਇ ਰੱਖੇ ਸਨ। *ਪਾ:—ਧਕਾਇਓ।

ਕੋ ਤਿਸ ਬੇਰੇ।ਤੁਰਤ ਉਠਾਇ ਪਨਚ ਬਗਰਾਵਹਿਂ। ਤਾਨਿ ਕਾਨ ਲੌ ਬਾਨ
ਚਲਾਵਹਿਂ ॥ ੨੫ ॥ ਇਕ ਕੋ ਮਾਰਿ ਦੂਸਰੇ ਲਾਗੇ। ਤ੍ਰਿਤੀ ਚਤੁਰ ਬੀਧਤਿ
ਚਲਿ ਆਗੇ।ਪੰਚਮ ਖਸ਼ਟਮ ਸਪਤਮ ਮਾਰਿ। ਦਸ ਲਗਿ ਬੀਧਤਿ ਮਾਰਤਿ
ਪਾਰ ॥੨੬॥ ਏਕ ਬਾਰ ਸਰ ਲਗਿ ਦਸ ਮਾਰੇ। ਗਿਰਿ ਗਿਰਿ ਪਰਤੇ ਜਥਾ
ਮੁਨਾਰੇ।।ਚਲਹਿ ਵਹਿਰ ਤੇ ਲਾਖਹੁੰ ਗੋਰੀ। ਤਕਿ ਤਕਿ ਮਾਰਤਿ ਗਨ ਗੁਰ
ਓਰੀ ॥ ੨੭ ॥ ਸਿਰਖੰਡੀ ਛੰਦ ॥ ਹਲਾ ਹਲੀ ਭਟ ਜੁੱਟੇ ਭੜਥੂ ਮੱਚਿਆ।
ਚੜ੍ਹੇ ਕੰਧ ਪਰ ਸੁੱਟੇ ਮੁੰਡੀਆ ਹੇਠਵੇਂ[1]। ਕੇਤਿਕ ਪਚਿ ਪਚਿ ਹੁੱਟੇ ਘਾਇਲ
ਗਿਰਿ ਪਰੇ।ਮਰਿਗੇ ਪ੍ਰਾਨ ਨਿਖੁੱਟੇ ਟੱਟਰ[2] ਫੁੱਟਿਕੇ॥੨੮॥ਨੇਜੇਬੰਬਲਿਆਲੇ
ਤੁੱਟ ਨ ਤੋੜਤੇ[3]। ਰੁੰਡ ਮੁੰਡ ਬਡ ਢਾਲੇ ਲੋਥੈਂ ਗੁੱਥੀਆਂ[4]। ਪਹੁੰਚੇ ਬੀਰ
ਮੁਛਾਲੇ ਨੰਗੇ ਖੜਗ ਲੇ।ਗਹਿ ਕੇ ਹਾਥਨਿ ਢਾਲੇ ਸਨਮੁਖ ਆਂਵਦੇ॥੨੯॥
ਭਿੜੇ ਭੇੜ ਭਟ ਭਾਰੇ ਭਭਕੈਂ ਭੀਖਣਾ[5]। ਭਕ ਭਕ ਘਾਵ ਭਕਾਰੇ ਸ਼੍ਰੋਣਤ
ਨਿਕਸਿ ਕੈ। ਰਹਿਗੇ ਨੈਨ ਉਘਾਰੇ ਮਾਨੋਂ ਦੇਖਿਦੇ।ਲੋਹੂ ਬਹੇ ਪਨਾਰੇ ਛਿਤ
ਰੰਗੀਨ ਕਰਿ ॥ ੩੦ ॥ ਸਿਰ ਤਲਵਾਏ ਡਿੱਗੇ ਜਨੋਂ ਨਟ ਬਾਜੀਆਂ। ਬਹੁ
ਲੋਹੂ ਪਟ ਭਿੱਗੇ ਖੇਲਤਿ ਫਾਗ ਜਨੋਂ। ਧਾਇ. ਕੰਧ ਸੋਂ ਲੱਗੇ ਘਾਵਨ ਤੇ
ਡਰੇ[6]। ਕਿਤਿਕ ਮਾਰ ਪਿਖਿ ਭੱਗੇ ਭੀਰੂ[7] ਭੈ ਕਰੇ ॥ ੩੧॥ ਇਕ ਸਨਮੁਖ
ਲਲਕਾਰੇ ਮਾਰਿ ਬੰਗਾਰਦੇ।ਇਕਨੀ ਖੜਗ ਉਭਾਰੇ. ਢਾਲਨਿ ਰੋਕਦੇ।ਤਥਾ
ਮੁੱਛ ਕਰਿ ਡਾਰੇ ਹਾਥਨਿ ਪੈਰ ਤੇ।ਬਜੇ ਹਜ਼ਾਰ ਨਗਾਰੇ ਚਹੁੰਦਿਸ਼ ਓਰੜੇ*
॥੩੨ ॥ ਜਿਤ ਕਿਤ ਧੂਮ ਉਤਾਰੀ ਧੂਮ ਕਿ ਧੌਲਰੇ[8]। ਕਿਧੌਂ ਘਟਾ ਇਕ-
ਸਾਰੀ ਪਸਰੀ ਜਹਿਂ ਕਹਾਂ। ਹਾਥ ਬਜਾਵੈਂ ਤਾਰੀ ਜੋਗਨ ਨੱਚੀਆਂ। ਕਾਲੀ
ਕਹਿ ਕਿਲਕਾਰੀ ਖੱਪਰ ਪੂਰਿਆ ॥ ੩੩ ॥ ਬੀਰ ਬਵੰਜਾ ਧਾਏ ਸੰਘਰ ਦਾ-
ਰੁਣੇ[9]। ਭੂਤ ਪ੍ਰੇਤ ਸਮੁਦਾਏ ਕਰਤਿ ਬਿਨੋਦ ਕੋ। ਭਰਿ ਖੱਪਰ ਮੁਖ ਲਾਏ
ਸ਼੍ਰੋਣਤਿ ਪੀਂਵਦੇ। ਆਮਿਖ ਭੱਖ ਅਘਾਏ ਡਕੈਂ ਡਕਾਰ ਲੇ ॥੩੪॥ ਮਨਹੁੰ
ਕ੍ਰਿਸ਼ਨ ਬਿਚ ਢੁੱਕੇ ਨੰਦਨਿ ਸੰਗ ਲੈ[10]। ਜਰਾਸਿੰਧ ਦਲ ਢੁੱਕੇ ਚਹੁੰ ਦਿਸ਼

[1]ਸਿਰ ਹੇਠਾਂ ਸੁਟਦੇ ਹਨ। [2]ਖੋਪਰੀ। [3]ਫੁੱਮਣਾਂ ਵਾਲੇ ਨੇਜ਼ੇ(ਆਪ)ਨਹੀਂ ਟੁੱਟਦੇ (ਪਰ ਜਿਨ੍ਹਾਂ ਨੂੰ ਲੱਗਦੇ ਹਨ ਉਨ੍ਹਾਂ ਨੂੰ) ਤੋੜਦੇ ਹਨ। [4](ਜਿਨ੍ਹਾਂ ਨੇ) ਬਹੁਤੇ ਸਿਰ ਧੜ ਵੱਢਕੇ ਡੇਗੇ ਤੇ ਲੋਥਾਂ ਗੁਥਾਵੱਥ (ਕਰ ਦਿੱਤੀਆਂ)। [5]ਭਾਵ ਭਯਾਨਕ ਭੱਬਕਾਂ ਮਾਰਦੇ ਹਨ। [6]ਮਰਨ ਤੋਂ ਡਰਕੇ ਕੰਧ ਨਾਲ ਜਾ ਲੱਗੇ। [7]ਕਾਇਰ। [8]ਧੂੰਏ ਦੇ ਧੌਲਰ ਬਣ ਗਏ। [9]ਕਰੜੇ ਜੰਗ ਵਿਚ। (ਅ) ਹਰ ਪਾਸਿਓਂ ਸ਼ੋਰ ਮਚਾ ਰਹੇ (ਧੂਮ ਕਿਧੌਂ ਲਰੇ=) ਮਾਨੋਂ ਜ਼ੋਰ ਹੀ ਲੜ ਰਿਹਾ ਹੈ। [10]ਮਾਨੋ ਕ੍ਰਿਸ਼ਨਜੀ ਪੁੱਤ੍ਰ ਨੂੰ ਨਾਲ ਲੈਕੇ ਜੰਗ ਵਿਚ ਢੁਕੇ ਹਨ। [ਨੰਦਨ=ਪੁਤ੍ਰ। ਕ੍ਰਿਸ਼ਨ ਜੀ ਦਾ ਪੁੱਤ੍ਰ=ਪ੍ਰਦੁਮਨ]। *ਪਾ:-ਓਰ ਤੇ।

ਫਿਰ ਘਨੇ। ਕੋਪ ਕਰੇ ਕਰਿ ਕੂੱਕੇ[1] ਕਪਟੀ ਕੂਰ ਗਨ। ਪ੍ਰਾਨ ਹਜ਼ਾਰਹੁੰ ਮੁਕੇ ਗੋਰੀ ਬਾਨ ਲਗਿ ॥ ੩੫ ॥ ਮਸਾਨਹੁੰ ਤੇਗੋ ਕੱਢੇ ਦਮਕਹਿਂ ਦਾਰੁਣੇ। ਮੁੰਡ ਕਿ ਰੁੰਡਹਿ ਵੱਢੇ ਮੋਢੇ ਮੁੱਢ ਤੇ ਧਾਵੈਂ ਰੌਂਪਤਿ ਚੱਢੇ[2] ਦੇਤਿ ਉਖੱਲਿਕੈ। ਬਾਢੀ ਬਾਢ ਕਿ ਥੱਢੇ* ਚੀਰਤਿ ਸਾਫ ਤਨ[3] ॥੩੬॥ ਮਨਹੁੰ ਗਗਨ ਮਹਿ ਤਾਰੇ ਮੇਲ ਸਕੇਲਿ ਕੈ। ਲਿਯੋ ਚੰਦ ਪਰਵਾਰੇ ਅਨਗਨ ਆਇਕੈ। [4]ਖੜਗ ਤੜਿਤ ਰੈਬਾਰੇ ਮੇਲਤ ਮੇਲ ਕੋ[4]। ਦ੍ਵੈ ਦਿਸ਼ ਭਟ ਕਿਲਕਾਰੇ ਉੱਧਤਿ ਜੁੱਧ ਤੇ॥੩੭॥ਨਵਨਾਮਕ ਛੰਦ ॥ਕੁਪਿ ਕੁਪਿ ਅਤਿ ਅਤਿ।ਕਹਿ ਕਹਿ ਦਲਪਤਿ। ਪਠਿ ਪਠਿ ਨਰ ਬਰ। ਖੜਗਨਿ ਧਰਿ ਧਰਿ॥੩੮॥ਜਿਤ ਕਿਤ ਫਿਰਿ ਫਿਰਿ।ਪਿਖਿ ਪਿਖਿ ਥਿਰਿ ਥਿਰਿ।ਚਢਨ ਚਹਤਿ ਚਿਤ।ਦੁਰਗ ਅਲਪ ਭਿਤ[5] ॥੩੯॥ ਹੁਇ ਹੁਇ ਢਿਗ ਢਿਗ।ਲਗਿ ਲਗਿ ਡਿਗ ਡਗ।ਗੁਲਕਨਿ ਸਰ ਖਰ। ਅਰਿ ਬਪੁ ਬਰਿ ਬਰਿ[6] ॥੪੦॥ ਜ਼ਿਧਨਿ ਸੁ ਹਰਿ ਹਰਿ।ਧਰ ਪਰਿ ਪਰਿ ਪਰਿ[7]।ਰੁਧਿਰ ਅਧਿਕ ਬਹਿ।ਅਰੁਣ ਬਰਣ ਤਹਿ ॥੪੧॥ ਲਹਿ ਲਹਿ ਡਰ ਡਰ। ਇਤ ਉਤ ਟਰਿ ਟਰਿ।ਠਟਕ ਰਹਿਤਿ ਹਿਯ।ਮ੍ਰਿਤਕ ਨਿਰਖ-ਲਿਯ[8] ॥੪੨॥ ਮਿਟਤਿ ਹਟਤਿ ਜਬਿ[9]। ਦਲਪਤਿ ਕਹਿਂ ਤਬਿ:—'ਕਿਤਹਿ ਟਰਤਿ ਅਬਿ ? ਲਜ ਕੁਲ ਹਤਿ ਸਬਿ ॥੪੩॥ ਚਢਹੁ ਦੁਰਗ ਪਰ। ਭੁਜ ਬਲ ਕਰਿ ਕਰਿ।ਅਲਪ ਅਹਹਿਂ ਅਰਿ।ਤੁਮ ਕਿਤ ਲਖਿ ਨਰ[10]?' ॥੪੪॥ ਇਮ ਸ਼੍ਰੁਤ ਸੁਨਿ ਸੁਨਿ। ਧ੍ਰਿਤ ਧਰਿ ਪੁਨ ਪੁਨ। ਗੁਲਕਨਿ ਹਨਿ ਹਨਿ। 'ਹਤਿ ਹਤਿ' ਭਨਿ ਭਨਿ ॥੪੫॥ ਖਰ ਖਗ ਕਟਿ ਕਟਿ। ਧਰਿ ਪਰਿ ਲਟਿ ਲਟਿ। ਝਟ ਕਰਿ ਸਟ ਪਟ[11] । ਭਿਤ ਲਗਿ ਝਟਪਟ[12] ॥ ੪੬ ॥ ਉਮਡਿ ਉਮਡਿ ਭਟ। ਘੁਮੰਡ ਘੁਮੰਡਿ ਘਟ[13]।ਬਰਖਤਿ ਸਰ ਖਰ। ਪਰਖਤਿ ਨਰ ਬਰ ॥ ੪੭ ॥ ਤੁਮਲ ਸਮਰ ਮਚਿ[14]। ਰੁਧਰਨਿ ਰਜ ਰਚਿ। ਕਰਦਮ ਪਗ

[1]ਕੂਕੇ। [2]ਰੌਂਪ ਤੇ ਚੜ੍ਹੇ ਹੋਏ ਹਨ। [3]ਮਾਨੋਂ ਤ੍ਰਿਖਾਣ ਨੇ ਤ੍ਰਿੱਖੀ (ਧਾਰ) ਨਾਲ (ਐਸੇ) ਵੱਢੇ ਕਿ ਤਨ ਨੂੰ ਸਫਾ ਚੀਰ ਸੁੱਟਦੇ ਹਨ। [4]ਤਲਵਾਰ ਮਾਨੋਂ ਬਿਜਲੀ ਹੈ ਜੋ ਮੇਲ ਮਿਲਣ ਵਿਚ ਰਹਿਬਰੀ ਕਰ ਰਹੀ ਹੈ [ਰੈਬਾਰੀ=ਰਹਿਬਰੀ]। [5]ਛੋਟੀਆਂ ਕੰਧਾਂ ਵਾਲਾ। [6]ਵੈਰੀ ਦੇ ਸਰੀਰਾਂ ਵਿਚ ਵੜ ਵੜ ਕੇ। [7]ਧਰਤੀ ਤੇ ਡਿਗ ਪੈਂਦੇ ਹਨ। [8]ਦੇਖਕੇ। [9]ਜਦੋਂ (ਤੁਰਕ ਜੋਧੇ) ਹਟਦੇ ਤੇ ਪਿੱਛੇ ਮੁੜਦੇ ਹਨ, ਤਦੋਂ......। [10]ਤੁਸੀਂ ਕਿਤਨੇ ਲੱਖਾਂ ਹੋ ਨਰ। (ਅ) ਤੁਸੀਂ (ਅੰਦਰ) ਕਿਤਨੇ ਕੁ ਆਦਮੀ ਸਮਝਦੇ ਹੋ। [11]ਭਾਵ ਛਾਲੀ ਕਾਹਲੀ ਕਰਦੇ ਹਨ। (ਅ) ਕੱਪੜੇ ਸੁਟਕੇ ਬੀ ਅਰਥ ਕਰਦੇ ਹਨ। [12]ਕੰਧ ਤੀਕ ਝਪਟਦੇ ਹਨ। [13]ਜਿਸ ਤਰ੍ਹਾਂ ਘਟਾਂ ਘਿਰਕੇ ਆਉਂਦੀਆਂ ਹਨ। [14]ਭਾਰੀ ਜੰਗ ਮੱਚਿਆ।

*ਪਾ:-ਪੱਢੇ।

ਗਡੇ[1]। ਇਮ ਹੁਇ ਗਡ ਬਡੇ[2] ॥ ੪੮ ॥ਦੋਹਰਾ॥ ਕਹੌਂ ਕਹਾਂ ਲਗ ਜੁੱਧ ਕੋ ਭਯੋ ਪ੍ਰਥਮ ਕੀ ਰੇਲ[3]। ਜੁਥ ਲੋਥ ਪਰ ਲੋਥ ਗੁਥਿ ਢੇਰ ਬਰੇ ਰਣ ਮੇਲ॥ ੪੯ ॥ ਸ਼੍ਰੀ ਸਤਿਗੁਰ ਕਰ ਕਾਰਮੁਕ[4] ਥਿਰੇ ਦਰੀਚੀ ਬੀਚ। ਸਰ ਖਰ ਕੀ ਬਰਖਾਂ ਕਰੀ ਅਰਿ ਸੰਘਰਿ ਕਰਿ ਮੀਚ ॥ ੫੦ ॥ ਤਿਮ ਹੀ ਸਿੰਘਨ ਤੁਪਕ ਗਹਿ ਗੁਲਕ ਬਰੂਦ ਬਿਹੀਨ। ਅਗਨ ਪਲੀਤੇ ਪਰ ਡੰਭੇ ਮ੍ਰਿਤਕ ਹਜ਼ਾਰਹੁੰ ਕੀਨ ॥ ੫੧ ॥ ਧਰਿ ਅਚਰਜ ਉਰ ਸਰਬ ਅਰਿ ਦੁਰਗ ਹੇਰਿ ਚਹੂੰ ਓਰ। ਲੋਥਨ ਕੋ ਜਨ ਕੋਟ ਭਾ ਪਸਰਨੋ ਸ਼੍ਰੋਣਤਿ ਘੋਰ ॥ ੫੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਚਮਕੌਰ ਜੰਗ' ਬਰਨਨੰ ਨਾਮ ਖਸਟ ਤ੍ਰਿੰਸਤੀ ਅੰਸੂ ॥੩੬॥

੩੭. [ਚਮਕੌਰ ਗੜ੍ਹੀ ਵਿਚੋਂ ਨਿਕਲ ਨਿਕਲ ਕੇ ਸਿੰਘਾਂ ਦਾ ਜੂਝਣਾ]।

ਦੋਹਰਾ॥ਪੌਰ ਠੌਰ ਕੋ ਆਵਈਂ ਦੌਰਿ ਦੌਰਿ ਅਰਿ ਬੀਰ।ਕੋਠਾ ਸਿੰਘ ਗੁਲਕਾਂ ਹਤੇ ਮਦਨ ਸਿੰਘ ਧਰਿ ਧਰਿ॥੧॥ਨਰਾਜ ਛੰਦ॥ਦੁਹੂੰਨ ਤਾਕਿਤਾਕਿਕੈਤੁਫੰਗ-ਠੋਕਿ ਗੋਰੀਆਂ।ਅਰੀ ਹਜ਼ਾਰ ਓਰੜੇ ਸਮੂਹ ਸੌਂਹ[5] ਛੋਰੀਆਂ। ਲਗੀ ਕਿਤੇਕ ਅੰਗ ਮਹਿ ਨਿਸੰਗ ਹੋਇ ਭਾਖਿਓ। 'ਪ੍ਰਭੂ ਨਿਦੇਸ ਦੀਜੀਏ, ਵਿਸ਼ੇਸ਼ ਹੀਯ ਕਾਂਖਿਓ॥੨॥ਪਧਾਰਿ ਪੌਰ ਬਾਹਰੇ ਸੁਦੌਰ ਜੰਗ ਘਾਲਿ ਹੈਂ।ਕ੍ਰਿਪਾਨ ਕਾਢ ਮਯਾਨ ਤੇ ਨਿਦਾਨ ਸ਼ੱਤ੍ਰ ਡਾਲ ਹੈਂ'।ਹਸੋ ਕ੍ਰਿਪਾਲ ਦੇ ਖੁਸ਼ੀ ਕਹਯੋ ਦਿਖਾਇ ਹਾਥ ਕੋ।'ਪ੍ਰਵੇਸ਼ ਪੰਜ ਸੈਨ ਬੀਚ ਕਾਟਿ ਕਾਟਿ ਮਾਥ ਕੋ[6]' ॥੩॥ ਗੁਰੂ ਬਖਾਨ ਸੁਨ ਕੇ ਪਯਾਨ[7] ਠੌਨ ਸੂਰਮੇ। ਕਿਵਾਰ ਖੋਲਿ ਪੌਰ ਕੋਰ ਦੌਰਿ ਦੌਰਿ ਦੂੰਰ ਮੇ। ਦਿਖਾਇਬੇ ਕ੍ਰਿਪਾਲ ਕੋ ਬਿਸਾਲ ਜੰਗ ਘਾਲਿਓ। ਬਚਾਇ ਵਾਰ ਢਾਲ ਮਹਿ ਅਰੀਨ ਮਾਰਿ ਡਾਲਿਓ॥੪॥ ਪ੍ਰਭੂ ਬਿਸਾਲ ਓਜ ਦੀਨ[8] ਧਾਇ ਓਰ ਜਾਹਿ ਕੀ। ਕ੍ਰਿਪਾਨ ਸ਼੍ਰੋਣ ਦੇਖਿ ਭੀਰੁ ਧੀਰ ਨਾਸ਼ ਤਾਂਹਿ ਕੀ[8]। ਸਕੇ ਨ ਝਾਲ ਸਾਮੁਹੇ ਮਤੰਗ ਹੇਰਿ ਸ਼ੇਰ ਕੋ।ਕਟੰਤਿ ਅੰਗ ਸ਼ੱਤ੍ਰ ਕੇ ਕਰੰਤਿ ਧਾਇ ਨੇਰ ਕੋ॥੫॥ਬਿਲੋਕਿ ਦੁਸ਼ਟ ਪੁਸ਼ਟ ਜੋ* ਅਨਿਸ਼ਟ ਜਾਨੈ ਆਪਨੇ[9]। ਹਜ਼ਾਰਹੂੰ ਤੁਫੰਗ ਛੋਰਿ ਸਿੰਘ ਓਰ ਥਾਪਨੇ[10]।ਲਗੀ ਪਚੀਸ ਤੀਸ ਅੰਗ ਅੰਗ ਫੋਰ ਦੀਨਿਓਂ। ਗੁਰੂ ਗੁਰੂ ਭਨੰਤਿ ਦੇਵਲੋਕ ਜਾਨਿ ਕੀਨਿਓ ॥ ੬ ॥ ਪ੍ਰਭੂ

---

[1]ਇੱਕਠ ਵਿਚ ਪੈਰ ਗਡੇ ਗਏ। [2]ਹੇਠਾਂ ਉਪਰ, ਗਿਥ ਮਿਥ [3]ਪਹਿਲੇ ਹੱਲੇ ਪਰ ਜੋ……। [4]ਧਨੁਖ। ਬਾਂਸ ਦਾ ਧਨੁਖ [ਸੰਸ: ਕਾਰ੍ਮੁਕ=ਬਾਂਸ, ਧਨੁਖ, (ਅ) ਕੰਮ ਪੂਰਾ ਕਰ ਦੇਣਾ]। [5]ਸਾਹਮਣਿਓਂ। [6]ਸਿਰਾਂ ਨੂੰ। [7]ਜਹਿੜਾਂ ਸੁਣਕੇ ਟੁਰ ਪਏ। [8]ਲਹੂ ਦੀ ਭਰੀ ਕ੍ਰਿਪਾਨ ਦੇਖਕੇ ਤਦੋਂ (ਉਹਨਾਂ) ਕਾਇਰਾਂ ਦਾ ਧੀਰਜ ਨਾਸ਼ ਹੋ ਗਿਆ ਜਿਨ੍ਹਾਂ ਵਲ ਓਹ ( ਸਿੱਖ) ਦੌੜੇ। [9]ਆਪਣੇ ਦੁਖਦਾਈ ਜਾਣਕੇ। [10]ਮਾਰ ਦੇਣ ਲਈ ਸਿੰਘਾਂ ਵਲ ਤੁਫੰਗਾਂ ਛੱਡੀਆਂ। *ਪਾ:—ਕੋ।

ਮੁਖਾਰਬਿੰਦ ਤੇ ਸਰਾਹਿੰ ਜੰਗ ਤਾਂਹਿ ਕੋ। 'ਇਸੀ ਪ੍ਰਕਾਰ ਔਰ ਸਿੰਘ ਦੌਰ ਜੰਗ ਜਾਹਿ ਕੋ'। ਖਜ਼ਾਨ ਸਿੰਘ,ਦਾਨ ਸਿੰਘ,ਧਯਾਨ ਸਿੰਘ ਤੀਨਹੂੰ। 'ਹਨੈਂ ਮਲੇਛ ਬਾਹਿਰੇ' ਹੁਕਮ ਭਾਖਿ ਲੀਨ ਹੂੰ[1]॥੭॥ਪਯਾਨ ਠੌਰ ਪੌਰ ਛੋਰਿ[2] ਦੌਰ ਦੌਰ ਬਾਹਿਰੇ।ਭ੍ਰਮਾਇ ਸਾਂਗ ਸੇਲ ਕੋ ਬਿਲੋਕਿ ਲੋਕ ਆਹਰੇ[3]। ਪਰੋਇ ਗੋਰ ਗੋਰ ਕੈ ਬਡੇਰ ਓਜ ਧਾਰਿਕੈ। ਮਨਿੰਦ ਸ਼ੇਰ ਭੀਮ ਹ੍ਵੈ ਸਮੂਹ ਮਾਰਿ ਮਾਰਿਕੈ ॥੮॥ ਨਿਹਾਰ ਆਇ ਸਾਮੁਹੇ ਅਧੀਰ ਹਾਰਿ ਭਾਜਤੇ[4]। ਸਕੋਪ ਤੁੰਡ, ਨੈਨ ਲਾਲ ਡਾਲ ਸ਼ੱਤ੍ਰ ਗਾਜਤੇ[5]।ਕਿਤੇਕ ਲੈ ਕ੍ਰਿਪਾਨ ਆਨਹਾਨ ਹੇਤੁਬਾਹਤੇ[6]। ਉਛਾਲ ਪੈਰ ਛਾਲ ਕੇ ਬਚਾਇ ਅੰਗ ਤਾਂਹਿ ਤੇ[7]' ॥੯॥ ਗੁਰੂ ਪ੍ਰਤਾਪ ਪਾਇ ਕੇ ਕਲਾਪ ਖਾਪਿ ਸ਼ੱਤ੍ਰ ਕੋ[8]। ਫਿਰੈ ਬਿਸਾਲ ਸੈਨ ਜੰਗ ਠਾਨਤੇ ਬਚਿੱਤ੍ਰ ਕੋ[9]। ਕਿਤੇਕ ਮਾਸ ਭੂੰਖ ਖੇਦ ਧਾਰਿਓ ਮਹਾਂਨ ਹੀ। ਰਹਯੋ ਨ ਅੰਸ ਗਾਤ ਮਹਿਂ ਨ ਮਾਸ ਸ੍ਰੋਨਵਾਨ ਹੀ[10]॥੧੦॥ ਮਨਿੰਦ ਓਜ ਕੇਹਰੀ ਕਰੈਤਿ ਜੋ ਫਿਰੈਤਿ ਹੈ।ਕ੍ਰਿਪਾਕ੍ਰਿਪਾ ਨਿਧਾਨ ਕੀ ਜੁਝੈਤਿ ਹੀ ਤਰੈਤਿ*ਹੈਂ[11]।ਹਜ਼ਾਰ ਹੀ ਤਰੰਗ ਸਿੰਗ ਅੰਗ ਅੰਗ ਫੋਰਤੇ[12]। ਤਊ ਕ੍ਰਿਪਾਨ ਬਾਹਤੇ ਨ ਰੰਚ ਤੁੰਡ ਮੋਰਤੇ[13] ॥੧੧॥ ਦੋਹਰਾ ॥ ਪੰਚ ਸਿੰਘ[14] ਗਢ ਬਹਿਰ[15] ਹ੍ਵੈ ਮਰੇ ਮਾਰ ਅਰਿ ਬ੍ਰਿੰਦ।ਅਪਰਨ ਚੌਂਪ ਬਿਲੰਦ ਭੀ'ਹਮ ਇਮ ਕਰੈਂ ਨਿਕੰਦ'॥੧੨॥ ਚੌਪਈ॥ ਮੁਹਕਮ ਸਿੰਘ ਸਧੀਰਜ ਹੋਈ। ਅੰਮ੍ਰਿਤਿ ਦੇਨਿ ਲੇਨਿ ਮਹਿਂ ਜੋਈ। ਖੁਸ਼ੀ ਲਈ 'ਮੈਂ ਜਾਉਂ ਇਕਾਕੀ। ਪਿਖਹੁ ਲਰਾਈ ਨਿਜ ਕਰੁਨਾ ਕੀ' ॥ ੧੩॥ ਹੁਕਮ ਕਰਯੋ ਗੁਰੁ ਸਾਹਿਬ ਪੂਰੇ।'ਲਰਹਿ ਲਾਖ ਸੋਂ ਇਕ ਸਿੰਘ ਸੂਰੇ।ਸਾਚ ਬਚਨ ਅਬਿ ਕਰਿ ਦਿਖਰਾਵਹੁ। ਬੇਇਮਾਨ ਗਨ ਮਾਰਿ ਗਿਰਾਵਹੁ' ॥੧੪॥

[1]'ਬਾਹਰ ਜਾਕੇ ਮਲੇਛ ਮਾਰੀਏ' ਇਹ ਕਹਿਕੇ ਹੁਕਮ ਲੀਤਾ ਗੁਰੂ ਜੀ ਦਾ। [2]ਦਰਵੱਜੇ ਦੀ ਥਾਂ ਤੋਂ ਜਾਕੇ। [3]ਲੋਕ ਉਹਨਾਂ ਸਿੰਘਾਂ ਦੇ ਉੱਦਮ ਨੂੰ ਦੇਖਦੇ ਹਨ। [4]ਜੋ ਸਾਹਮਣੇ ਆਉਂਦੇ ਹਨ ਉਨ੍ਹਾਂ ਨੂੰ ਦੇਖਕੇ ਬੇ-ਹੌਂਸਲਾ ਹੋਕੇ ਭਜ ਜਾਂਦੇ ਹਨ। [5]ਵੈਰੀ ਉਤੇ ਗਜ (ਕੇ ਪੈਂਦੇ) ਹਨ। [6]ਕਈ (ਵੈਰੀ) ਕ੍ਰਿਪਾਨ ਲੈਕੇ ਮਾਰਨ ਲਈ ਆਕੇ ਵਾਹੁੰਦੇ ਹਨ। [7](ਸਿੰਘ) ਉਛਲਕੇ ਛਾਲ ਮਾਰਕੇ ਆਪਣੇ ਅੰਗ ਉਹਨਾਂ ਤੋਂ ਬਚਾਕੇ। [8]ਗੁਰੂ ਦੇ ਪ੍ਰਤਾਪ ਦੁਆਰਾ ਸਾਰੇ ਵੈਰੀਆਂ ਨੂੰ ਖਪਾਉਂਦੇ ਹਨ। [9](ਗਿਰਦੇ) ਫਿਰ ਰਹੀ ਬਹੁਤੀ ਸੈਨਾ ਵਿਚ ਬਚਿੱਤ੍ਰ ਜੰਗ ਕਰਦੇ ਹਨ। [10]ਸਰੀਰ ਵਿਚ ( ਮਾਸ ਦੀ ) ਅੰਸ ਨਹੀਂ ਰਹੀ (ਤੇ ਜੋ ਕੁਛ ਹੈ ਤਾਂ ਉਹ) ਮਾਸ ਲਹੂ ਵਾਲਾ ਹੀ ਨਹੀਂ ਰਹਿਆ। [11]ਪਰ ਫੇਰ ਜੋ ਸ਼ੇਰ ਵਾਂਙੂ ਬਲ ਕਰਦੇ ਫਿਰਦੇ ਹਨ ਇਹ ਕ੍ਰਿਪਾ ਨਿਧਾਨ ਦੀ ਕ੍ਰਿਪਾ ਹੈ ਕਿ ਜੂਝਦੇ ਹਨ ਤੇ ਤਰਦੇ ਹਨ ਭਾਵ ਲੜਕੇ ਮੁਕਤ ਹੁੰਦੇ ਹਨ। [12](ਵੈਰੀ) ਫੋੜਦੇ ਹਨ। [13](ਸਿੰਘ) ਮੂੰਹ ਨਹੀਂ ਮੋੜਦੇ। [14]ਦੋ ਪਹਿਲੇ ਤੇ ਤਿੰਨ ਹੁਣ ਵਾਲੇ। [15]ਕਿਲ੍ਹੇ ਤੋਂ ਬਾਹਰ। *ਪਾ:-ਤੁਰੰਤ।

ਸੁਨਤਿ ਹੁਕਮ ਕੋ ਵਹਿਰ ਸਿਧਾਰਾ। ਬਜੈ ਲੋਹ ਸੋਂ ਲੋਹ ਕਰਾਰਾ। ਦਲ ਮਲੇਛ ਕੋ ਜਲਨਿਧਿ[1] ਭਾਰਾ। ਮੁਹਕਮ ਸਿੰਘ ਮਕਰ ਆਕਾਰਾ[2] ॥ ੧੫ ॥ ਬਰਨੋ ਬੀਰ ਇਤ ਉਤ ਫਿਰਿ ਤਬੈ। ਹਲਾਚਲੀ ਮਹਿ ਪ੍ਰਾਪਤਿ ਸਭੈ। ਹੋਲੋ ਹੋਨਿ ਤਰੰਗ ਬਿਸਾਲੇ[3]। ਸਿੰਘ ਮਕਰ[4] ਗਹਿ ਖੜਗ ਉਠਾਲੇ ॥ ੧੬ ॥ ਪਹੁੰਚਤਿ ਸਨਮੁਖ ਜਿਸੇ ਬੰਗਾਰਾ। ਅਰਧੋ ਅਰਧ ਚੀਰ ਸੋ ਡਾਰਾ। ਰਿਸਨੋ ਸਿੰਘ ਮੁਖ ਭੀਮ ਬਿਸਾਲਾ। ਸਮੁਖ ਨ ਹੋਇ ਸਕਹਿ ਜਨੁ ਕਾਲਾ[5] ॥੧੭॥ ਸੇਲੇ ਭਾਲੇ ਸਾਂਗ ਪ੍ਰਹਾਰੇ। ਤੋਮਰ ਦੀਰਘ ਰਿਸ ਧਰਿ ਮਾਰੇ। ਫਾਂਦਤਿ, ਸਭਿਨ ਬਚਾਵਤਿ ਘਾਵਤਿ। ਧਾਵਤਿ, ਕਾਟਤਿ, ਖੜਗ ਚਲਾਵਤਿ॥੧੮॥ ਜਿਤ ਦਿਸ਼ ਜਾਤਿ ਸ਼ੀਘ੍ਰ ਤੇ ਦੌਰਿ।ਰਿਪੁ ਇਤ ਉਤ ਹੁਇ ਤਜਾਗਤਿ ਠੌਰ। ਨਿਡੇ ਬੀਰ ਬਾਂਕੇ ਮੁਖ ਲਾਲੀ। ਸ਼ਮਸ਼ ਮੂਛ ਦੈ ਬੀਰ ਬਿਸਾਲੀ ॥੧੯॥ਰੂਪ ਭਯੰਕਰ ਜਮ ਹੈ ਮਾਨੋ। ਕਰਾਚੋਲ ਕੌ ਦੰਡ ਪਛਾਨੋ[6]। ਰਿਪੁ ਗਨ ਮਾਰਤਿ ਘਾਇਲ ਹੋਵਾ। ਬਹਨੋ ਰੁਧਰ ਬਹੁ ਹਰਖਤਿ ਜੋਵਾ ॥ ੨੦ ॥ ਭੀਗੇ ਚੀਰ ਸ਼ਰੀਰ ਸਧੀਰ। ਬਿਚਰਤਿ ਰਿਪੁ ਗਨ ਮਹਿਂ ਬਰ ਬੀਰ। ਲਸ਼ਕਰ ਮਥਨੋ ਸਿੰਧ ਸਮ ਜਬੈ। ਖ੍ਵਾਜਾ ਮਰਦ ਪੁਕਾਰਨੋ ਤਬੈ ॥ ੨੧ ॥ 'ਕਹਾਂ ਭਯੋ ਤੁਮ ਕੋ ਬਲ ਹਾਰਨੋ।ਏਕ ਸਿੰਘ ਲਾਖਨ ਨਹਿਂ ਮਾਰਨੋ'।ਤੜ ਭੜ ਸ਼ਲਖ ਤੁਫੰ-ਗਨ ਕੇਰੀ।ਛੁਟੀ ਹਜ਼ਾਰੋਂ ਫਿਰ ਇਕ ਬੈਰੀ॥੨੨॥ਬੀਸ ਪਚੀਸ ਲਗੀ ਤਬਿ ਆਇ। ਤੋਰਨੋ ਫੋਰਨੋ ਤਨ ਸਭਿ ਥਾਇਂ। ਖਰੋ ਮਰਨੋ ਸਨਮੁਖ ਹੀ ਗਿਰਨੋ। ਤਨਕ ਨ ਮੁਰਨੋ ਬੀਰ ਰਸ ਭਰਨੋ ॥੨੩॥ ਜੁੱਧ ਬਿਲੋਕਿ ਪ੍ਰਸੰਨ ਗੁਸਾਈਂ। ਨਿਜ ਸਿਖ ਕੀ ਕਹਿ ਅਧਿਕ ਬਡਾਈ।ਮਚਨੋ ਤੁਮਲ ਸੰਗ੍ਰਾਮ ਬਡੇਰਾ।ਬਰ-ਸਤਿ ਲੋਹਾ ਬਹੁ ਤਿਸ ਬੇਰਾ॥੨੪॥ਇਮ ਮੁਹਕਮ ਸਿੰਘ ਸੁਰਗ*ਪਿਆਨਾ। ਹਿੰਮਤ ਸਿੰਘ ਸਾਹਿਬ ਸਿੰਘ ਜ੍ਵਾਨਾ। ਲਖਨੋ ਕਿ ਜ਼ੋਰ ਮਲੇਛਨਿ ਕੀਨਾ। ਜੰਗ ਕਰਨ ਲੇ ਹੁਕਮ ਪ੍ਰਬੀਨਾ ॥ ੨੫ ॥ ਪੌਰ ਅਗਾਰੀ ਰਿਪੁ ਗਨ ਆਏ। ਤਿਨ ਕੇ ਸਨਮੁਖ ਤੂਰਨ ਧਾਏ। ਮਨਹੁੰ ਕੁਲਿੰਗਨ[7] ਗਨ ਅਵਲੋਇ। ਸ਼ਿਕਰੇ ਗਏ ਤਿਨਹੁੰ ਪਰ ਦੋਇ ॥੨੬॥ ਸਿਪਰ ਖੜਗ ਦੋਨਹੁੰ ਹਥ ਧਾਰੇ। ਜਨੁ ਮਤੰਗ ਖੂਨੀ ਦੰਤਾਰੇ[8]।ਹੇਲ ਧਕੇਲ ਪਿਛੇਲੇ ਮੇਲੇ। ਜਨੁ ਖੇਲਤਿ ਹੈਂ

[1]ਸਮੁੰਦ੍ਰ। [2]ਮਗਰਮੱਛ ਵਰਗਾ। [3]ਬਹੁਤੇ ਹੱਲੇ ਹੋਣੇ ਤ੍ਰੰਗ ਹਨ। [4]ਮਗਰ ਮੱਛ ਰੂਪ ਸਿੰਘ ਹੈ। [5]ਮਾਨੋਂ ਮੌਤ ਹੈ। [6]ਤਲਵਾਰ ਨੂੰ (ਜਮ ਦਾ) ਡੰਡ ਜਾਣੋ। [7]ਚਿੜੀ [ ਸੰਸ:, ਕੁਲਿੰਗ ]। [8]ਮਾਨੋਂ ਖੂਨੀ ਹਾਥੀ ਦੰਦਾਂ ਵਾਲੇ।

*ਪਾ:—ਬਿਕੁੰਠ।

ਢਾਗ ਸਹੇਲੇ ॥੨੭ ॥ ਦਲ ਮਲੇਛ ਕੋ ਬਿਸਮਯੋ ਮਨ ਮੈਂ।–ਯਾ ਖ਼ੁਦਾਇ ! ਕਨਾ ਪੌਰਖ[1] ਇਨ ਮੈਂ। ਲੱਛਨ ਮਹਿ ਪ੍ਰਵੇਸ਼ਿ[2] ਇਕ ਲਰੈ। ਮਰਨ ਤ੍ਰਾਸ ਕੋ ਕਯੋਂਹੁੰ ਨ ਧਰੈ॥੨੮॥ਜਨੁ ਦ੍ਵੈ ਗ੍ਰਾਹ[3] ਹਿਲਾਵਤਿ ਜਲ ਕੋ। ਤਿਮ ਦੋਨਹੁੰ ਪੇਲਤਿ ਖਲ ਦਲ ਕੋ। ਚੀਰਤਿ ਅੰਗ ਚਲਾਇ ਕ੍ਰਿਪਾਨਾ। ਰਿਪੁ ਕੇ ਵਾਰ ਸਿਪਰ ਅਗਵਾਨਾ ॥ ੨੯ ॥ ਕਰਿ ਚੇਰਲਤਾ ਬੀਰ ਬਿਸਾਲੇ। ਇਤ ਉਤ ਬਿਚਰਤਿ ਬਨਿ ਮਤਵਾਲੇ।ਮਾਰਿ ਮਾਰਿ ਅੰਬਾਰ ਲਗਾਏ।ਸਿਰ,ਧਰ[4],ਕਰ, ਪਗ ਧਰ[5] ਬਿਖਰਾਏ ॥ ੩੦ ॥ ਕਿੰਦਕ ਦੀਰਘ ਸੇ[6] ਸਿਰ ਪਰੇ। ਕਰ ਪਗ ਕਟਿਡੈਡੇ ਗਨ ਕਰੇ।ਲਰਤਿ ਬਹਾਦਰਦੋਨਹੁੰ ਅਰੇ।ਬੀਸ ਪਚੀਸਨ ਮਾਰਤਿ ਮਰੇ ॥੩੧॥ ਨਿਕਸੇ ਤਨ ਤੇ ਪ੍ਰਾਨ ਨ ਜਬਿ ਲੌ।ਰਿਪੁ ਗਨ ਕੋ ਸੰਘਾਰਹਿਂ ਤਬਿ ਲੌ।ਹੋਹਿਂ ਸ਼ਹੀਦ ਅਪਸਰਾ ਆਵੈਂ।ਕਹਿ ਕਹਿ ਸਿੰਘ ਬਿਵਾਨ ਚਢਾਵੈਂ ॥੩੨॥ਤ੍ਰਿਪਤ ਨ ਰਨ ਤੇ ਰਿਪੁ ਗਨ ਹੇਰੈਂ। ਤਜਿ ਬਿਵਾਨ ਮਾਰਹਿਂ ਤਿਸ ਬੇਰੈਂ।ਦੁੰਦਭਿ ਚਹੁੰ ਦਿਸ਼ਿ ਬਜੈਂ ਜੁਝਾਊ।ਸੁਨਿ ਸੁਨਿ ਬੀਰਨ ਕੇ ਚਿਤਚਾਊ॥ ੩੩॥ਕਹੈਂ ਸਿੰਘ 'ਅਬਿ ਅਵਸਰ ਆਛੋ।ਮਾਰਹੁ ਗਢ ਤੇ ਬਾਹਰ ਗਾਛੋ।ਗੁਰੂ ਹਜ਼ੂਰ ਨਿਜ ਜਨਮ ਸੁਧਾਰੋ।ਖੜਗਨਿਕਾਰਹੁ ਰਿਪੁ ਗਨ ਮਾਰੋ॥੩੪॥ਇਕ ਘਟਕਾ ਮਹਿਂ ਲਾਭ ਬਿਸਾਲੇ। ਲਾਖਹੁੰ ਬਰਖ ਜਥਾ ਤਪ ਘਾਲੇ। ਪ੍ਰਿਥੀ ਦਾਨ ਅਸੁਮੇਧ ਕਰਨ ਕੋ[7]। ਤਸ ਫਲ ਗੁਰ ਢਿਗ ਜੰਗ ਲਰਨ ਕੋ॥੩੫॥ ਮਾਤਾ ਪਿਤਾ ਧੰਨ ਤਿਸ ਕੇਰਾ। ਜਨਮ ਧੰਨ ਕਰਿ ਲੀਨ ਬਡੇਰਾ। ਮਹਾਂ ਮਹਾਤਮ ਕੋ ਚਿਤ ਲਖੈ। ਗੁਰ ਤੇ ਹੁਕਮ ਲੇਤਿ ਗਢ ਬਿਖੇ ॥੩੬॥ ਵਹਿਰ ਜਾਇ ਦਸ ਬੀਸ ਪ੍ਰਹਾਰੇ। ਲਰਤਿ ਪ੍ਰਾਨ ਤਜਿ ਸੁਰਗ ਸਿਧਾਰੇ।'ਬਰਖਤਿ ਸਰ ਗੋਰੀ ਬਹੁ ਸਾਰ। ਮਰੇ ਅੰਬਾਰ, ਹਜ਼ਾਰ ਸੁਮਾਰ[8] ॥੩੭॥ ਤਬਿ ਪੰਚਹੁੰ ਮੁਕਤੇ ਬਰ ਬੀਰ। ਈਸ਼ੁਰ ਸਿੰਘ, ਦੇਵਾ ਸਿੰਘ ਧੀਰ। ਜਥਾ ਛੁਧਾਤੁਰ ਸ਼ੇਰ ਸਿਧਾਵੈ। ਜਥਾ ਬਾਜ ਚਿਰੀਅਨ ਪਰ ਜਾਵੈ ॥ ੩੮ ॥ ਤਿਮ ਤੁਰਕਨ ਪਰ ਪੰਚਹੁੰ ਗਏ। ਸੈਨਾ ਸਿੰਧੁ ਪ੍ਰਵੇਸ਼ਤਿ ਭਏ। ਜਥਾ ਮੱਤ ਹਾਥੀ ਬਰਿ ਜਾਇ। ਕਰਤਿ ਕੇਲ ਜਲ ਦੀਹ ਧਕਾਇ ॥੩੯॥ਪੰਚਹੁੰ ਖੜਗ ਚਮਕਤੇ ਦਾਰੁਨ। ਲਿਪਟੇ ਰੁਧਰ ਕਰਤਿ ਰਿਪੁ ਮਾਰਨਿ। ਨਿਰਭੈ ਚਲਹਿਂ ਬੀਰ ਬਡ ਮੱਤੇ।

---

[1]ਬਲ। [2]ਲੱਖਾਂ ਵਿਚ ਵੜਕੇ। [3]ਦੋ ਤੰਦੂਏ। [4]ਧੜ। [5]ਧਰਤੀ ਤੇ। [6]ਵੱਡੀਆਂ ਗੇਂਦਾਂ ਵਰਗੇ। [7]ਭਾਵ ਪ੍ਰਿਥਵੀ ਦਾਨ ਤੇ ਅਸੁਮੇਧ ਯੱਗ ਦੇ ਤੁੱਲ ਫਲ ਹੈ"""। [8]ਮੁਰਦਿਆਂ ਦੇ ਢੇਰ ਲਗੇ ਤੇ ਹਜ਼ਾਰਾਂ ਜ਼ਖਮੀ ਹੋਏ।

ਹਤਹਿ ਸੁ ਪਹੁੰਚਿ ਬੀਰ ਰਸ ਰੱਤੇ ॥੪੦॥ਜਿਮ ਪੰਚਹੁੰ ਪਾਂਡਵ ਬਲਵੰਤੇ। ਕੌਰਵਾਨ ਕੇ ਦਲ ਬਿਚਰੰਤੇ।ਮਾਰੇ ਤੁਰਕ ਅਨੇਕ ਬਿਹਾਲੇ। ਕੋ ਤਰਫਤਿ, ਕਿਹ ਪ੍ਰਾਨ ਨਿਕਾਲੇ ॥੪੧॥ ਤਛਾ ਮੁੱਛ ਕਰਤੇ ਬਹੁ ਫਿਰੇ। ਓਰੜ ਭਟਨ ਬਿਖੈ ਪੁਨ ਘਿਰੇ।ਮਾਰਿ ਸੈਂਕਰੇ ਭੂਮ ਗਿਰਾਏ।ਨਿਜ ਸੁਾਮੀ ਕੋ ਜੰਗ ਦਿਖਾਏ ॥ ੪੨ ॥ ਰੰਚਕ ਰੰਚਕ ਤਨ ਕਟਵਾਯੋ। ਨਹਿਂ ਪੀਛੈ ਇਕ ਪੈਰ ਹਟਾਯੋ। ਸਨਮੁਖ ਲਰਤਿ ਪ੍ਰਾਨ ਕੋ ਦੀਨੇ।ਬਿਸਮੇ ਤੁਰਕ ਪਿਖੇ ਰਣ ਕੀਨੇ[1]॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਚਮਕੌਰ ਜੰਗ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

## ੩੮. [ਚਮਕੌਰ ਜੰਗ–ਜਾਰੀ]।

ਦੋਹਰਾ ॥ ਭਯੋ ਜੁੱਧ ਅਤਿਸ਼ੈ ਪ੍ਰਬਲ ਨਾਦਤਿ ਤੁਪਕ ਕਮਾਨ।ਸ੍ਰੁਕਤ ਸਰਪ ਸਮਾਨ ਸਰ ਗੁਲਕਾਂ ਲਗਿ ਭਟ ਹਾਨ ॥ ੧ ॥ ਭੁਯੰਗ ਪ੍ਰਯਾਤ ਛੰਦ ॥ ਕਹਾਂ ਬੀਰ ਚਾਲੀ ਛੁਧਾਵੰਤਿ ਭਾਰੇ। ਕਹਾਂ ਏਕ ਨੌ[2] ਲਾਖ ਆਏ ਹਕਾਰੇ।ਅਭੂਤੰ ਬ੍ਰਿਤੰਤੇ ਸੁਨਯੋਂ ਦੇਵ ਜਾਲਾ[3]। ਮਿਲੇ ਏਕ ਥਾਨੰ ਅਚੰਭੇ ਬਿਸਾਲਾ ॥ ੨॥ –ਕਲੀ ਕਾਲ ਮੈਂ ਏਵ ਕੈਸੇ ਲਰੰਤੇ?ਗੁਰੂ ਜੀ ਕਰਾਮਾਤ ਨਾ ਸੁਚਿਯੰਤੇ[4]। ਅਸੰਭੇ ਮਹਾਂ ਤੇ ਅਚੰਭੇ ਬਿਲੰਦੇ। ਬਿਲੋਕੈਂ ਚਲੈਂ–ਚਾਉ ਚੀਤੇ ਉਠੰਦੇ[5] ॥ ੩ ॥ ਅਰੂਢੇ ਬਿਮਾਨੰ ਪਯਾਨੰਤਿ ਆਏ। ਜਹਾਂ ਗੈਨ ਕੋ, ਖੇਹ ਤੇ ਸੈਨ ਛਾਏ[6]। ਅਟਾਰੀ ਬਿਖੈ ਨਾਥ ਕੋ ਦੇਖਿ ਥੰਦੇ। ਲਰਾਈ ਬਿਲੋਕੈਂ:–ਪਰਯੋ ਦੀਹ ਦੰਦੇ[7] ॥ ੪ ॥ ਤੁਫੰਗੈਂ ਤੜਾਕੇ, ਸੜਾਕੈਂ ਕੜਾਕੈਂ[8]। ਝੜਾ ਝਾੜ ਤੇਗੇ ਝੜਾਕੈਂ ਮੜਾਕੈਂ[9]। ਹਲਾ ਹਾਲ ਹੂਲੰ ਹਲੈਂ ਹੇਲ ਲੋਹੇ[10]।ਲਗੇ ਸ੍ਰੋਣ ਲਾਲੰ ਫੁਲੇ ਢਾਕ ਸੋਹੇ[11] ॥੫॥ ਘਨੇ ਗੰਧ੍ਰਬੰ ਸਿੱਧ ਆਏ ਅਕਾਸ਼ਾ। ਥਿਰੇ ਦੇਵਤਾ

---

[1]ਜੰਗ ਕੀਤਾ ਦੇਖਕੇ। [2].੧+੯=੧੦ ਲੱਖ। [3]ਜੋ ਬ੍ਰਿਤੰਤ ਕਿ ਅੱਗੇ ਕਦੇ ਨਹੀਂ ਵਰਤਿਆ ਦੇਵਤਿਆਂ ਸਾਰਿਆਂ ਨੇ ਸੁਣਿਆਂ ਸੀ। [4]ਜਣਾਉਂਦੇ ਨਹੀਂ। [5]ਮਹਾਨ ਅਸੰਭਵ ਗੱਲ ਤੋਂ ਬਹੁਤ ਅਚੰਭਾ ਹੋਕੇ ਚਿੱਤ ਵਿਚ ਚਾਉ ਉਪਜਿਆ ਕਿ ਚੱਲੋ ਵੇਖੀਏ। [6]ਜਿੱਥੇ ਸੈਨਾ ਦੀ ਗਰਦ ਤੋਂ ਆਕਾਸ਼ ਛਾਦਨ ਹੋ ਰਿਹਾ ਸੀ। [7]ਭਾਰੀ ਜੁੱਧ ਹੋ ਰਿਹਾ ਹੈ। [8]ਤੜੱਕ ਕਰਕੇ ਬੰਦੂਕ ਚਲਦੀ ਹੈ ਸੜੱਕ ਕਰਦੀ (ਗੋਲੀ) ਜਾਂਦੀ ਹੈ ਤੇ ਕੜੱਕ (ਕਰਕੇ ਵੱਜਦ, ਹੈ)। [9]ਉਤੇ ਬਲੀ ਤੇਗੇ ਝੜਾਕ ਮੜਾਕ ਹੋ ਰਹੇ ਹਨ। [ਝੜਾਕ ਤੋਂ ਭਾਵ ਤਲਵਾਰ ਨਾਲ ਠਹਿਕਣ ਤੇ ਮੜਾਕ ਤੋਂ ਢਾਲ ਨਾਲ ਤਲਵਾਰ ਠਹਿਕਣ ਦਾ ਲਿਆ ਜਾਂਦਾ ਹੈ]। [10]ਹਲਾਹਾਲ ਦਾ ਰੌਲਾ ਪੈ ਰਿਹਾ ਹੈ ਤੇ ਸ਼ਸਤ੍ਰਾਂ ਨਾਲ ਹੱਲੇ ਹੋ ਰਹੇ ਹਨ। (ਅ) ...... ਸ਼ਸਤ੍ਰਾਂ ਦੇ ਹਮਲੇ ਨਾਲ ਹਿਲ ਗਏ (ਵੈਰੀ)। [11]ਛਿੱਛਰੇ ਫੁੱਲੇ ਹੋਏ ਸ਼ੋਭਦੇ ਹਨ।

ਭੂਰ ਹੋਯੋ ਪ੍ਰਕਾਸ਼ਾ। ਉਡੈਂ ਗ੍ਰਿੱਧ ਬ੍ਰਿੱਧੈ ਵਧਜੋ ਜੁੱਧ ਉੱਧੈ। ਭਿੜੇ ਭੇੜ ਜੋਧਾ ਰਿਦੇ ਮੱਧ ਸੁੱਧੈ॥੬॥ ਬਡੇ ਕਾਂਕ ਕੈਂਕੈ ਕਈ ਕੂਕ ਕੂਕੈਂ।ਭਖੈਂ ਮਾਸ ਸੂਰਾਨਿ ਕੇ ਭੀਰ ਢੂਕੈਂ। ਬਹਜੋ ਸ੍ਰੋਣ ਚਾਲਾ ਧਰਾ ਲਾਲ ਹੋਈ।ਕਸੁੰਭੀ ਮਨੋ ਚੂਨਰੀ ਲੀਨਿ ਜੋਈ॥੭॥ਦਯਾ ਸਿੰਘ ਆਦੇ ਗੁਰੂ ਪਾਸ ਜੈਕੈ।ਕਰੈ ਜੋਰਿ ਦੋਨੋ ਬਿਨੈ ਭਾਖਿ ਕੈ ਕੈ। 'ਮਹਾਰਾਜ ! ਛੋਰੋ ਲਰਾਈ ਅਖਾਰਾ। ਪਿਯਾਨੋ ਕਹੂੰ ਕੋ, ਕਰੀਜੈ ਕਿਨਾਰਾ॥੮॥ ਸਭੈ ਸਿੰਘ ਜੂਝੇ ਹਤੇ ਸ਼ੱਤ੍ਰੁ ਭਾਰੇ। ਮਰੇ ਜੁੱਧ ਬੀਰੋ ਰਿਦੈ ਧੀਰ ਧਾਰੇ।-ਬਚੈ ਆਪਕੋ ਦੇਹਿ-ਚਾਹੈਂ ਜੁਝਾਰੇ। ਤਜੋ ਜੰਗਕੋ ਢੰਗ, ਹੂਜੈ ਕਿਨਾਰੇ'॥ ੯ ॥ ਘਨੀ ਬੇਨਤੀ ਸੁਧ[1] ਸਿੰਘਾਨਿ ਕੇਰੀ। ਹਸੇ ਦੀਨ ਦ੍ਯਾਲੰ ਭਨਜੋ ਤਾਂਹਿ ਬੇਰੀ। 'ਪਿਖੋ ਖੱਗ ਕੇਤੇ ਬਿਲਾਮੰ ਤਮਾਸ਼ਾ। ਕਰੋ ਬੇਗ ਤੇ ਬੇਇਮਾਨੈ ਬਿਨਾਸ਼ਾ'॥ ੧੦ ॥ ਸੈਯਾ॥ ਸ੍ਰੀ ਮੁਖ ਤੇ ਸੁਨਿਕੈ ਨਿਕਸੇ ਤਜਿ ਪੌਰ ਕੋ ਠੌਰਹਿ ਦੌਰਿ ਅਗਾਰੀ। ਮੋਹਰ ਸਿੰਘ ਸੁ ਕੀਰਤ ਸਿੰਘ ਅਨੰਦ ਮਿਰਿੰਦ ਚਲਜੋ ਬਲਿ ਭਾਰੀ। ਲਾਲ ਜੁ ਸਿੰਘ ਸੁ ਕੇਸਰਾ ਸਿੰਘ ਅਮੋਲਕ ਸਿੰਘ ਲਹੇ ਫਲ ਚਾਰੀ[2]।-ਨਾ ਅਸ ਔਸਰ ਹਾਥ ਪਰੈ ਪੁਨ ਜੋ ਹੁਇ ਸੰਮਤ ਬੈਸ ਹਜ਼ਾਰੀ[3]-॥ ੧੧ ॥ ਹੇਲ ਕੋ ਮੇਲਤਿ ਨੇਰ ਕਰਜੋ ਰਿਪੁ ਪੌਰ ਕੇ ਠੌਰ ਕੋ ਜੋ ਗਨ ਆਏ।ਕਾਢਿ ਕ੍ਰਿਪਾਨ ਪਰੇ ਤਬਿ ਸਿੰਘ ਤਛਾਮੁਛਿ ਕੈ ਪੁਨ ਦੂਰ ਹਟਾਏ। ਫਾਂਧਤਿ ਜਾਤਿ ਪਹੂੰਚਿਕੈ ਬਾਹਰ ਬੀਰ ਸਰੀਰ ਕੋ ਦੇਤਿ ਗਿਰਾਏ। ਹੋਤ ਖਰੋ ਅਰਿ ਜੋ ਅਰਿ ਕੈ, ਨਹਿੰ ਜੀਵਤਿ, ਮਾਤ ਮਨੋਂ ਨਹਿੰ ਜਾਏ[4]॥੧੨॥ ਕਜਾ ਬਰਨੌਂ ਰਣ ਕੋ ਤਿਨ ਸਿੰਘਨਿ, ਸਿੰਘਨਿ ਜਜੋਂ ਭੁਭਕਾਰ ਪਰੇ। ਸੈਂਕਰ ਸ਼ੱਤ੍ਰੁਨਿ ਕੋ ਤਨ ਗਾਰ, ਮਿਲੇ ਚਹੁੰ ਓਰਤੇ, ਬੀਚ ਘਿਰੇ[5]।ਇਕਨਕੋ ਝਝਕੈਂ ਉਝਕੈਂ[6] ਅਰੁ ਇਕਨ ਕੇ ਹਤਿ ਪ੍ਰਾਨ ਹਰੇ। ਸ੍ਰੀ ਗੁਰ ਕੋ ਨਿਜ ਓਜ ਲਖਾਇ ਲਗੇ ਬਹੁ ਘਾਇਸੁ ਸ੍ਰੋਣਝਰੇ[7]॥੧੩॥ ਸੇਲਨਿ, ਸਾਂਗਨਿ, ਤੋਮਰ, ਤੀਰਨਿ ਬੇਧਿ ਲਿਏ ਇਕਬਾਰ ਗਿਰੇ। ਪ੍ਰਾਨ ਕੌ ਤਜਾ-ਗਤਿ, ਪ੍ਰੇਮ ਤੇ ਜਾਗਤਿ, ਬੀਰਤਾ ਪਾਗਤਿ ਰੰਗ ਖਰੇ। ਮਾਰਨ ਚਾਹਤਿ, ਸ਼ੱਤ੍ਰੁਨਿ ਗਾਹਤਿ, ਜੁੱਧ ਉਮਾਹਤਿ ਸਿੰਘ ਮਰੇ। ਸ੍ਰੀ ਗੁਰ ਛੋਰਤਿ ਤੀਰ ਤਰਾ

---

[1]ਸੁਣਕੇ। [2]ਚਾਰੇ ਫਲ ਲੈਣ ਨੂੰ। [3]ਭਾਵ ਓਹ ਵਿਚਾਰਦੇ ਹਨ ਕਿ ਚਾਹੇ ਹਜ਼ਾਰਾਂ ਵਰ੍ਹਿਆਂ ਦੀ ਉਮਰਾ ਹੋਵੇ ਐਸਾ ਸਮਾਂ ਫੇਰ ਹੱਥ ਨਹੀਂ ਆਉਣਾ। [4]ਜੋ ਵੈਰੀ ਅੜਕੇ ਖੜੇ ਹੁੰਦੇ ਹਨ ਉਹ (ਐਉਂ) ਨਹੀਂ ਜੀਉਂਦੇ ਭਾਵ ਮਰ ਜਾਂਦੇ ਹਨ ਕਿ ਮਾਨੋਂ ਮਾਂ ਨੇ ਜਣੇ ਹੀ ਨਹੀਂ ਸਨ। [5]ਭਾਵ ਵੈਰੀਆਂ ਵਿਚ ਘਿਰ ਗਏ। [6]ਬਾੜਿਆਂ ਉਛਲਦੇ।(ਅ)ਹਲੂਣਕੇ ਪਰੇ ਸਿਟਦੇ ਹਨ। [7]ਵੱਗਦਾ ਹੈ।

ਤਰ ਜੌ ਤਰ ਆਵਤਿ[੧] ਪ੍ਰਾਨ ਹਰੇ*॥੧੪॥ਨਾਹਰ ਖਾਨ ਕਰ੍ਯੋ ਰਣ ਜ਼ਾਹਰ ਸਿੰਘਨਿ ਮਾਰਿ ਕੈ ਹੋਯੋ ਅਗਾਰੀ। ਪਾਇਨ ਕੀ ਕਰਿ ਚੰਚਲਤਾ ਚਹਿ -ਕੋਟ ਕੀ ਭੀਤ ਕੇ ਜਾਉਂ ਮਝਾਰੀ-। ਆਪਨੀ ਸੂਰ ਬਹਾਦਰੀ ਕੋ ਦਿਖਰਾਵਤਿ ਹੈ ਕਰਿ ਕੌਤਕ ਭਾਰੀ। ਸ੍ਰੀ ਗੁਰ ਕੀ ਤਬਿ ਡੀਠ ਪਰ੍ਯੋ ਕਰਿ ਤੂਰਨਤਾ ਖਰ ਤੀਰ ਸੰਚਾਰੀ[੨] ॥੧੫॥ ਮ੍ਯਾਨ ਬਿਹੀਨ ਕ੍ਰਿਪਾਨ ਨਚਾਵਤਿ ਦੂਸਰ ਪਾਨ ਮਹਿਂ ਢਾਲ ਸੰਭਾਰੇ। ਦੌਰਤਿ ਏਕ ਦਿਵਾਰ ਤਜੀ ਗਢਹੂ ਕੀ ਦਿਵਾਰਕੋ ਜਾਤਿ ਨਿਹਾਰੇ। ਕਾਨ ਲੌ ਤਾਨਿਕੈ ਬਾਨ ਤਜ੍ਯੋ ਸੁ ਅਚਾਨਕ ਜਾਇ ਲਗ੍ਯੋ ਹੁਇ ਪਾਰੇ। ਜ੍ਯੋਂ ਉਡਿ ਕੈ ਬਡ ਸਰਪ ਗਯੋ ਬਰਮੀ ਬਰਿਕੈ ਨਹਿਂ ਅੰਗ ਦਿਖਾਰੇ ॥ ੧੬ ॥ ਤੀਛਨ ਭੀਛਨ ਛੋਰ੍ਯੋ ਨਿਰੀਛਤਿ[੩] ਛਾਲ ਉਛਾਲਤਿ ਕੀ ਲਗਿ ਛਾਤੀ[੪]।ਪਾਇ ਪਸਾਰ ਪਰ੍ਯੋ ਤਬਿਹੂੰ ਕਰ ਮਹਿਂਰਹਿ-ਗੀ ਕਰਵਾਰ ਕੰਪਾਤੀ। ਪਾਰ ਪਰ੍ਯੋ ਸਰ, ਸ਼ੂੰਕ ਗਡ੍ਯੋ ਧਰ, ਯੌਂ ਉਥਲ੍ਯੋ ਉਪਮਾ ਉਪਜਾਤੀ[੫]। ਬਾਯੁ ਸੁ ਬੇਗ ਬਿਸਾਲ ਬਹ੍ਯੋ ਤਰੁ ਤੇ ਛਿੰਨ ਮੂਲ ਧਰਾ ਪੈ ਪਪਾਤੀ[੬] ॥ ੧੭ ॥ ਮੁਗਲੇ ਜੁ ਪਠਾਨ ਬਿਲੋਕਤਿ ਥੇ ਭਯ ਪਾਇ ਮਹਾਂ ਦਬਕੇ ਪਿਛਵਾਈ। ਮਰਦੂਦਹਿ ਖ੍ਵਾਜ[੭] ਦਿਵਾਰ ਕੇ ਸਾਯੋ ਮਹਿਂ ਬੈਠਿ ਰਹ੍ਯੋ ਤਨ ਨਾ ਉਕਸਾਈ[੮]। ਭਟ ਔਰ ਭਿ ਹੇਰਿ ਹਿਰਾਨ ਭਏ ਸਰਦਾਰ ਮਹਾਨ ਹਨ੍ਯੋ ਸਰ ਆਈ। ਗਨ ਤੀਰ ਤੁਫੰਗ ਹਨੈਂ ਥਿਰ ਹ੍ਵੈ ਕਰਿ ਪੈਰ ਨ ਘਾਲਤਿ ਹੈਂ ਅਗਵਾਈ॥੧੮॥[੯]ਖ੍ਵਾਜਾ ਦੁਰ੍ਯੋ ਲਖਿਕੈ ਗਤਿ ਤਾਂਹਿ ਹੁਇ ਗ਼ੈਰਤ ਖਾਨ ਕਰੀ ਚਪਲਾਈ। ਕੋਟ ਦਿਵਾਰਕੋ ਆਵਨ ਲਾਗ ਪਰ੍ਯੋ ਜਹਿਂ ਨਾਹਰਖਾਂ ਅਗਵਾਈ[੧੦]।ਸ੍ਰੀ ਗੁਰ ਡੀਠ ਪਰ੍ਯੋ ਤਬਿਹੂੰ ਤਤਕਾਲ ਹੀ ਤੀਰ ਲੈ

---

[੧]ਜੋ(ਬਾਣ ਦੀ ਮਾਰ) ਹੇਠ ਆਉਂਦੇ ਹਨ। [੨]ਭਾਵ ਚਿੱਲੇ ਵਿਚ ਜੋੜਿਆ ਤਿੱਖਾ ਤੀਰ। [੩]ਵੇਖਦਿਆਂ। [੪]ਉੱਛਲਦੇ ਦੀ ਛਾਤੀ ਵਿਚ ਲਗਿਆ। [੫]ਭਾਵ ਉਪਮਾ ਐਉਂ ਬਣਦੀ ਹੈ ਉਸਦੇ ਡਿੱਗਣ ਦੀ:— [੬]ਮਾਨੋਂ ਵਡੇ ਵੇਗ ਦੀ ਵਾਯੂ ਨਾਲ ਬ੍ਰਿਛ ਮੁੱਢ ਤੋਂ ਟੁੱਟਕੇ ਧਰਤੀ ਤੇ ਡਿੱਗ ਪਿਆ। [੭]ਖ੍ਵਾਜਾ ਮਰਦ। [੮]ਹਿਲਾਯਾ ਨਾ। [੯](ਇਕ ਹੋਰ) ਖਾਨ ਖ੍ਵਾਜੇ ਨੂੰ ਛੁਪਿਆ ਦੇਖਕੇ ਤੇ (ਨਾਹਰ ਖਾਂ ਦੀ) ਗਤ ਹੋਈ ਵੇਖਕੇ ਅਣਖ ਵਿਚ ਆਕੇ, ਚਲਾਕੀ ਕੀਤੀ ਤੇ ਕਿਲ੍ਹੇ ਦੀ ਕੰਧ ਪਾਸ ਜਿਥੇ ਅੱਗੇ ਨਾਹਰ ਖਾਂ ਪਿਆ ਸੀ ਆਵਨ ਲੱਗਾ [ਅ:, ਗੈਰਤ=ਅਣਖ]। (ਅ) ਗ਼ੈਰਤ ਖਾਂ ਨਾਮੇ ਸਰਦਾਰ ਨੇ ਚਲਾਕੀ ਕੀਤੀ।

*ਗੁਰੂ ਜੀ ਉਪਰੋਂ ਤੀਰ ਤੇ ਹੋਰ ਸੂਰਮੇ ਗੋਲੀਆਂ ਚਲਾਉਂਦੇ ਹਨ। ਵੈਰੀ ਦੂਰ ਦੂਰ ਰਹਿੰਦੇ ਹਨ, ਪਰ ਜਦ ਕੋਈ ਦਿਲ ਚਲੇ ਹੱਲਾ ਕਰਕੇ ਕਿਲੇ ਦੇ ਦਰਵਾਜ਼ੇ ਤੇ ਕੰਧਾਂ ਪਾਸ ਆ ਪੁੱਜਦੇ ਹਨ ਤਾਂ ਅੰਦਰੋਂ ਸਿੰਘ ਨਿਕਲਕੇ ਉਨ੍ਹਾਂ ਨੂੰ ਮਾਰਦੇ ਹਨ, ਉਤੋਂ ਤੀਰ ਚੱਲਣ ਕਰਕੇ ਤੇ ਕਾਰੀ ਪੈਣ ਕਰਕੇ ਸ਼ੱਤ੍ਰੂ ਦਲ ਇਕ ਦਮ ਆਕੇ ਨਹੀਂ ਪੈਂਦਾ, ਐਉਂ ਸਿੰਘਾਂ ਦੇ ਸ਼ਖਸੀ ਜੁੱਧ ਹੋ ਰਹੇ ਸਨ।

ਜੋਹ ਧਸਾਈ। ਐਂਚਤਿ ਛੋਰਿ ਦਯੋ ਸਰ ਘੋਰ ਗਯੋ ਅਰਿ ਓਰ ਦਯੋ ਉਥ-
ਲਾਈ॥੧੯॥ਦ੍ਵੈ ਸਰਦਾਰ ਹਤੇ ਜਬਿ ਯੌਂ ਤਬਿ ਸਾਯੋ ਦਿਵਾਰ ਕੋ ਤ੍ਯਾਗਤਿ
ਨਾਂਹੀ।ਕਾਇਰ ਹ੍ਵੈ ਥਿਰ ਹੋਤਿ ਭੁਏ ਨਹਿਂ ਆਇ ਸਕੈ ਸੁ ਮਦਾਨ ਕੇ ਮਾਂਹੀ।
ਔਰ ਦਿਸ਼ਾ ਗਨ ਸ਼ੱਤ੍ਰ ਬਿਲੋਕਤਿ ਬਾਨਨ ਕੀ ਬਰਖਾ ਤਜਿ ਤਾਂਹੀ।
ਬੇਧਤਿ ਪੰਚਹਿ ਸਾਤ ਕਿ ਨੌ ਦਸ ਮਾਰ ਹਜ਼ਾਰਹੁਂ ਕੋ ਬਿਨਸਾਹੀਂ ॥ ੨੦ ॥
ਕੇਤਿਕ ਸਿੰਘ ਮਰੇ ਲਰਿ ਬਾਹਰ ਜ਼ਾਹਰ ਜੰਗ ਦਿਖਾਇ ਉਦਾਰੇ। ਕੇਤਿਕ
ਅੰਤਰ ਬੀਰ ਨਿਰੰਤਰ ਜੂਝਤਿ ਹੈਂ ਸਰ ਬ੍ਰਿੰਦਨਿ ਮਾਰੇ। ਛੋਰਤਿ ਗੋਰੀ
ਲਗੈ ਰਿਪੁ ਓਰੀ ਸਰੀਰਨਿ ਫੋਰਿ ਜ਼ਿਮੀਂ ਪਰ ਡਾਰੇ। ਹੇਲ ਕੋ ਪਾਵਤਿ
ਆਵਤਿ ਧਾਵਤਿ ਪ੍ਰਾਨ ਗਵਾਵਤਿ ਪੁੰਜ ਜੁਝਾਰੇ ॥੨੧॥ ਦੇਖਿ ਮਿਲੇ ਉਮ-
ਰਾਵ ਕਹੈਂ 'ਸਭਿ ਹੀ ਇਕ ਬਾਰ ਕਰੋ ਬਡ ਹੇਲਾ। ਕੂਦ ਪਰੋ ਗਢ ਅੰਤਰ
ਸੰਮੁਖ ਲਾਖਨ ਕੋ ਕਿਮ ਊਪਰ ਝੇਲਾ। ਗੋਬਿੰਦ ਸਿੰਘ ਗੁਰੂ ਗਹਿ ਲੀਜਹਿ
ਕੀਜਹਿ ਓਜ ਭਲੋ ਅਬਿ ਬੇਲਾ। ਜੰਗ ਕੋ ਅੰਤ ਕਰੋ ਚਲਿ ਸ਼ਾਹੁ ਪੈ ਲੈ
ਬਖਸ਼ੀਸ਼ ਕੋ ਹੂਜੈ ਸੁਹੇਲਾ[1]॥੨੨॥ਯੌਂ ਕਹਿ ਕੈ ਚਹੂੰ ਓਰ ਘਿਰੇ ਬਹੁ ਬੋਲ
ਪਰੇ ਕਰਿ ਹੇਲ ਬਿਸਾਲਾ। ਹੋਤਿ ਕੁਲਾਹਲ ਬੀਰ ਚਲਾਚਲ ਲਾਖੋਂ ਹਲਾ
ਹਲ[2]ਕੂਕ ਕਰਾਲਾ। ਛੂਟਿ ਤੁਫੰਗ ਤੜਾਭੜ ਮਾਰਤਿ ਰਾਰਤਿ ਸ਼ੋਣ ਫਿਰੇ
ਅਲਬਾਲਾ। ਘਾਇਲ ਹ੍ਵੈ ਗਿਰਿ ਭੂਮ ਪਰੇ ਤਰਫੈਂ ਤਨ ਲੋਟਤਿ,ਪ੍ਰਾਪਤਿ
ਕਾਲਾ॥੨੩॥ ਸ਼੍ਰੀ ਗੁਰੂ ਗੋਬਿੰਦ ਸਿੰਘ ਬਿਲੋਕਤਿ ਰੋਕਤਿ ਸ਼ੋਕ ਦੇ ਸ਼ੱਤ੍ਰੁਨਿ
ਕੋ।ਬਾਨ ਸਮੂਹ ਪ੍ਰਹਾਰਤਿ ਹੈਂ ਵਧਿ ਆਗੇ ਜੁ ਆਵਤਿਦੈਂ ਹਨਿ ਕੋ।ਲੋਥਨ
ਪੋਥਨ ਢੇਰ ਗਏ ਲਗਿ ਊਪਰ ਨੀਚੇ ਪਰੇ ਤਨ ਕੋ। ਜਯੋਂ ਗਿਰ ਸ਼੍ਰਿੰਗ
ਸ੍ਰਵੈਂ ਜਲ[3] ਕੋ ਤਿਮ ਸ਼੍ਰੋਨ ਚਲਯੋ ਸ਼ਵ ਢੇਰਨਿ ਕੋ[4] ॥੨੪॥ ਰਸਾਵਲ ਛੰਦ॥
ਸਰੰ ਸੰਗ ਸੂਰੇ[5]।ਕਰੇ ਮਾਰਿ ਦੂਰੇ।ਥਿਰੇ ਓਟ ਲੈ ਕੈ।ਮਹਾਂ ਤ੍ਰਾਸ ਖੈ ਕੈ॥੨੫॥
ਨਹੀਂ ਓਤਸਾਹੇ। ਰਿਦੇ ਗਰਬ ਢਾਹੇ। ਬਿਚਾਰੀ–ਅਸੰਭੇ। ਮਹਾਨੈ ਅਚੰਭੇ॥
੨੬॥ਹਜ਼ਾਰੋਂ ਪ੍ਰਹਾਰੈਂ। ਅੰਬਾਰੇ ਨਿਹਾਰੈਂ। ਲਰੈਂ ਬਾਰ ਬੌਰੀ। ਮਚੀ ਮਾਰ
ਘੋਰੀ॥ ੨੭ ॥ਰਿਪੂ ਬੀਚ ਚਾਲੀ[6]। ਛੁਧਾ ਤੇ ਬਿਹਾਲੀ–।     ਮਿਲੇ ਪਾਸ
ਖ੍ਵਾਜੇ। ਕਿਤੇ ਸੈਲ ਰਾਜੇ॥ ੨੮॥ ਤਬੈ ਸਿੰਘ ਔਰੇ। ਰਿਸੇ ਪੌਰ ਠੌਰੇ। ਚਲੇ
ਬਾਜ ਦੌਰੇ। ਭਏ ਸ਼ੱਤ੍ਰ ਹੌਰੇ ॥ ੨੯ ॥ ਜਹਾਂ ਠੌਰ ਧਾਵੈਂ। ਤੁਫੰਗੈਂ ਚਲਾਵੈਂ।

[1]ਸੁਖੀ। [2]ਹਲਾ ਹਲੀ। [3]ਜਲ ਚੋਂਦਾ ਹੈ। [4]ਮੁਰਦਿਆਂ ਦੇ ਢੇਰਾਂ ਵਿਚੋਂ। [5]ਬਾਣਾਂ ਨਾਲ ਸੂਰਮੇ।
[6]ਵੈਰੀਆਂ (ਦੇ ਘੇਰੇ) ਵਿਚ (ਕੇਵਲ) ਚਾਲੀ (ਸਨ)।

ਕਿਲੇ ਕੋ ਤਕਾਵੈਂ। ਰਵੈਂ ਹਾਥ ਪਾਵੈਂ ॥੨੦॥ ਤਹਾਂ ਕੋ ਪਯਾਨੇ। ਨਿਕਾਰੀ ਕ੍ਰਿਪਾਨੇਂ। ਬਨੇ ਸਾਵਧਾਨੇ। ਬਿਲੋਕੇ ਰਿਸਾਨੇ ॥ ੨੧ ॥ ਪਰੇ ਬੀਰ ਧਾਈ। ਨਹੀਂ ਸ਼ੰਕ ਪਾਈ। ਬਡੀ ਧੂਮ ਘਾਲੀ। ਪਰੀ ਹਾਲ ਚਾਲੀ ॥ ੨੨॥ ਕਰਾਚੋਲ ਬਾਹੇ। ਕਟੇ ਅੰਗ ਲਾਹੇ। ਤਤੋਕਾਲ ਡਿੱਗੇ।ਘਨੇ ਸ਼੍ਰੋਣ ਭਿੱਗੇ ॥੨੩॥ ਜਿਤੋ[1] ਦੌਰਿ ਜਾਵੈਂ।ਤਿਤੇ ਭਾਗ ਧਾਵੈਂ।ਅਰੈਂ ਅੱਗ੍ਰ ਨਾਂਹੀ।ਮਿਲੇ ਪੀਠਜਾਂਹੀ[2] ॥ ੨੪ ॥ ਲਿਏ ਸੇਲ ਭਾਲੇ। ਹਨੈਂ ਆਨਿ ਜਾਲੇ। ਕਿਧੌਂ ਤਾਕਿ ਗੋਰੀ। ਤਜੈਂ ਸਿੰਘ ਓਰੀ॥੨੫॥ਰਹੈਂ ਦੂਰ ਠਾਢੇ।ਨ ਹ੍ਵੈਂ ਤੀਰ ਗਾਢੇ[3]।ਮਹਾਂ ਤੇਜਵੰਤੇ। ਬਿਲੋਕੈਂ ਲਰੰਤੇ ॥੨੬॥ ਦੋਹਰਾ॥ ਇਸ ਪ੍ਰਕਾਰ ਘਮਸਾਨ ਕਰਿ ਤਜਿ ਗਢ ਬਾਹਰ ਆਇ। ਲਰੈਂ ਪ੍ਰਹਾਰੈਂ ਤੁਰਕ ਗਨ ਮਰੈਂ ਸਿੰਘ ਰਣ ਥਾਇ ॥੨੭॥ ਅਰਧ ਸਿੰਘ ਪਹੁੰਚੇ ਸੁਰਗ ਅਰਧ ਗੁਰੂ ਕੇ ਤੀਰ। ਉਭੈ ਪੁੱਤ੍ਰ ਰਸ ਬੀਰ ਮਹਿਂ ਚਹੈਂ ਲਰਨ ਬਰ ਬੀਰ ॥ ੨੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮ ਰੁਤੇ 'ਚਮਕੌਰ ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥ ੩੮ ॥

### ੩੯. [ਬਾਬਾ ਅਜੀਤ ਸਿੰਘ ਜੀ ਦਾ ਯੁੱਧ]।

ਦੋਹਰਾ ॥ ਸ਼੍ਰੀ ਅਜੀਤ ਸਿੰਘ ਬੀਰ ਬਰ ਪਿਖਿ ਸੰਗ੍ਰਾਮ ਬ੍ਰਿਤੰਤ। ਚਹਨੋ ਆਪ ਨਿਕਸਨ ਤਬੈ ਗੁਰ ਕੋ ਸੁਤ ਬਲਵੰਤ ॥ ੧ ॥ ਸਾਬਾਸ ਛੰਦ ॥ ਮਨਹਿ ਬਿਚਾਰਹਿ।–ਤੁਰਕ ਬਿਦਾਰਹਿਂ। ਥਿਰਹਿ ਨ ਅੰਤਰ[4]। ਲਰਹਿਂ ਨਿਰੰਤਰ– ॥੨॥ ਤਬਿ ਪ੍ਰਭੁ ਤੀਰਹਿ[5]। ਪਹੁੰਚਿ ਸਧੀਰਹਿ। ਸਤਿਗੁਰ ਨੰਦਨ। ਕਰਿ ਅਭਿਬੰਦਨ ॥ ੩ ॥ ਰਹਿ ਕਰ ਜੋਰਹਿ[6]। ਪਿਤਹਿ ਨਿਹੋਰਹਿ। ਸੁਤ ਦਿਸ਼ ਨੈਨਹਿ। ਕਰਿ, ਕਹਿ ਬੈਨਹਿ[7] ॥ ੪। 'ਕਿਮ ਅਭਿਲਾਖਹੁ ? ਸਚ ਬਚ ਭਾਖਹੁ'। ਸੁਨਿ ਕਰਿ ਬੀਰਹਿ। ਕਹਿ ਧਰਿ ਧੀਰਹਿ[8] ॥ ੫ ॥ 'ਨਿਜ ਕੁਲ ਰੀਤਹਿ।ਚਿਤ ਮਹਿਂ ਪ੍ਰੀਤਹਿ। ਅਬਹਿ ਸਮੈਂ ਸ਼ੁਭ। ਲਖਿ[9] ਮਨ ਮੈਂ ਪ੍ਰਭੁ ! ॥ ੬ ॥–ਧਰਮ ਨਿਬਾਹਹੁ–। ਮੁਖ ਫੁਰਮਾਯਹੁ[10]। ਤੁਰਕ ਸਮੂਹਨਿ। ਕਰਿ ਕਰਿ ਹੂਹਨਿ[11]॥੭॥ ਕਰਹੁਂ ਹਟਾਵਨ।ਗਤਿ ਰਣਥਾਵਨ[12]'।ਸੁਨਿ ਬਿਕਸੇ ਗੁਰ। ਕਹਹਿਂ 'ਭਲੇ ਉਰ ॥੮॥ ਹਤਿ ਤੁਰਕਾਨਹਿਂ। ਕਰਿ ਘਮਸਾਨਹਿ[13]।

---

[1]ਜਿਸ ਪਾਸੇ। [2]ਸਿੰਘਾਂ ਦੇ ਮਿਲਿਆਂ ਤੁਰਕ ਪਿੱਠ ਕਰ ਜਾਂਦੇ ਹਨ। [3]ਨੇੜੇ ਨਹੀਂ ਹੁੰਦੇ ਤਕੜੇ ਹੋਕੇ। [4](ਹੁਣ) ਅੰਦਰ ਨਾ ਠਹਿਰੀਏ। [5]ਪਾਸ। [6]ਹੱਥ ਜੋੜ(ਖੜੋ)ਰਹਿਆ। [7]ਭਾਵ ਗੁਰੂ ਜੀ ਬੋਲੇ। [8]ਭਾਵ ਸਾਹਿਬਜ਼ਾਦੇ ਜੀ ਨੇ ਧੀਰਜ ਨਾਲ ਕਿਹਾ। [9]ਜਾਣਕੇ। [10]ਭਾਵ ਆਪਣੇ ਸ਼੍ਰੀ ਮੁਖੋਂ ਫੁਰਮਾ ਦਿਓ (ਕਿ ਤੂੰ) ਜੁੱਧ ਧਰਮ ਯਾ ਖੱਤ੍ਰੀ ਧਰਮ ਨਿਬਾਹ ਭਾਵ ਜੰਗ ਲਈ ਆਗਯਾ ਬਖਸ਼ੋ। [11]ਹੱਲੇ। [12]ਜੁੱਧ ਭੂਮਕਾ ਵਿਚ ਜਾਕੇ। [13]ਜੰਗ ਕਰਕੇ।

ਸੁਭ ਪਦ ਪਾਵਹੁ । ਮਮ ਮਨ ਭਾਵਹੁ ॥੯॥ ਸੁਜਸੁ ਬਿਥਾਰਹੁ । ਅਰਿ ਗਨ ਮਾਰਹੁ । ਸਿਖ ਲਿਹੁ ਸੰਗਹਿ । ਹਿਤ ਅਤਿ ਜੰਗਹਿ ॥੧੦॥ ਦੋਹਰਾ ॥ ਸਦਾ ਧਰਮ ਛੱਤ੍ਰੀਨਿ ਕੋ ਚਲਯੋ ਸਨਾਤਨ ਆਇ । ਤੁਝ ਸਮ ਬਯ ਅਭਿਮੰਨ੍ਯੁ ਕੀ ਲਰਯੋ ਜਗਤ ਜਸ ਗਾਇ* ॥ ੧੧ ॥ ਸਨਮੁਖ ਰਨ ਮਾਰਨ ਮਰਨ, ਅਰਿਨ ਪੀਠ ਨਹਿਂ ਦੇਨ।ਸੁਭ ਪਦ ਕੋ ਪਰਲੋਕ ਮਹਿਂ ਅਵਨੀ ਮਹਿ ਜਸ ਲੇਨ' ॥ ੧੨ ॥ ਨਰਾਜਛੰਦ ॥ ਬਲੀ ਅਜੀਤ ਸਿੰਘ ਜੀ ਨਿਖੰਗ ਅੰਗ ਸੰਗ ਹੈ । ਬਿਭੀਖਣੈ ਨਿਰੀਖਣੈ ਸੁ ਤੀਖਣੈ ਖਤੰਗ ਹੈਂ[1]।ਕ੍ਰਿਪਾਨ ਹੇਮ ਮੁਸ਼ਟ ਸੋਂ ਕੁਦੰਡ[2] ਲੈ ਕਠੋਰ ਕੋ । ਧਰੇ ਸਮੂਹ ਆਯੁਧਾਨਿ ਦੀਰਘਾਇ ਘੋਰ ਕੋ[3] ॥ ੧੩॥ਦਈ ਪਿਤਾ ਪ੍ਰਦੱਛਨਾ ਸੁ ਬੰਦਨਾਹਿ ਠਾਨਿਕੈ[4] । ਅਨੰਦ ਤੇ ਬਿਲੰਦ ਨੈਨ ਭੇ ਪ੍ਰਫੁੱਲਮਾਨਿ ਕੈ[5]।ਚਲਯੋਸੁ ਪੌਰ ਠੌਰਕੋ ਜਥਾ ਮ੍ਰਿਗਿੰਦ[6]ਭੇ ਬਿਨ॥ ਪ੍ਰਬੀਰ[7] ਸੰਗ ਪੰਚ ਭੇ ਰਜ਼ਾਇ ਮਾਨਿ ਕੈ ਮਨਾ ॥੧੪॥ਸੈਯਾ॥ਆਲਮ ਸਿੰਘ ਧਰੇ ਸਭਿ ਆਯੁਧ ਜ਼ਾਤਿ ਜਿਸੀ ਰਜਪੂਤ ਭਲੇਰੀ । ਖਾਸ ਮੁਸਾਹਿਬ ਦਾਸ ਗੁਰੂ ਕੋ ਪਾਸ ਰਹੈ ਨਿਤ ਸ਼੍ਰੀ ਮੁਖ ਹੇਰੀ।ਬੋਲਨਿ ਕੇਰ ਬਿਲਾਸ ਕਰੈਂ ਜਿਹ ਸੰਗ ਸਦਾ ਕਰੁਨਾ ਬਹੁਤੇਰੀ । ਆਇਸੁ ਲੇ ਹਿਤ ਸੰਘਰ ਕੇ ਮਨ ਹੋਇ ਅਨੰਦ ਚਲਯੋ ਤਿਸ ਬੇਰੀ ॥ ੧੫ ॥ ਗੁਰ ਨੰਦਨ ਸੰਗ ਅਨੰਦਤਿ ਅੰਗ ਜਵਾਹਰ ਸਿੰਘ ਚਲਯੋ ਭਟ ਭਾਰੀ।ਜਿਮ ਆਵਤਿ ਬ੍ਰਿੰਦ ਮਲੇਛ ਚਲੇ,ਤਿਨ ਸੰਮੁਖ ਰੋਕ ਬਿਲੋਕਅਗਾਰੀ।ਸਰ ਤੋਮਰਛੋਰਿ ਤੁਫੰਗਨ ਤੂਰਨ ਗੇਰਿ ਦਫ਼ਾ ਦੜ ਭੂਮ ਮਝਾਰੀ।ਮੁਖਬੋਲਤਿ ਸ਼੍ਰੀਗੁਰਦੇਵ ਫਤੇ ਕਹੁ ਤ੍ਰਾਸ ਬਿਹੀਨ ਲਏ ਅਰਿ ਮਾਰੀ ॥੧੬॥ਦੋਹਰਾ॥ ਧਯਾਨ ਸਿੰਘ ਉਰ ਧਯਾਨ ਗੁਰ ਬਰਯੋ ਅਰਿਨਿ ਮਹਿਂ ਦੌਰਿ । ਠੌਰ ਠੌਰ ਹਲਚਲ ਪਰੀ ਗੁਰ ਸੁਤ ਤੇ ਬਡ ਰੌਰ ॥੧੭॥ਸੁੱਖਾ ਸਿੰਘ ਤੁਫੰਗ ਲੈ ਨਹਿਂ ਬਰੂਦ ਗੁਲਕਾ ਨਾਤੋੜਾ ਮੋੜਿ ਕਲਾ ਜਰਯੋ ਦਸਤ

---

[1]ਭਯਾਨਕ ਤ੍ਰਿੱਖੇ ਤੀਰ (ਜਿਸ ਵਿੱਚ) ਵੇਖੇ ਜਾਂਦੇ ਹਨ। [2]ਧਨੁਖ। [3](ਜੋ ਸ਼ਸਤ੍ਰ ਕਿ) ਵਡੇ ਅਤੇ ਭਯਾਨਕ ਹੈਨ।(ਅ)ਦੀਰਘ+ਘਾਯ=ਡੂੰਘਾ ਘਾ ਲਾਉਣ ਵਾਲੇ। [4]ਨਮਸਕਾਰ ਕਰਕੇ। [5]ਵੱਡੇ ਆਨੰਦ ਨਾਲ ਨੇਤ੍ਰ ਪ੍ਰਫੁੱਲਤ ਹੋਏ। (ਅ) ਪ੍ਰਫੁਲਤ+ਮਾਨਕੇ=ਪ੍ਰਫੁਲਤ ਹੋਏ ਤੇ ਚੜ੍ਹਦੀ ਕਲਾ ਵਿੱਚ ਹੋ ਗਏ। [6]ਸ਼ੇਰ। [7]ਭਾਰੀ ਸੂਰਮੇ। *ਕਵਿ ਜੀ ਦੀ ਵਾਕਫੀ ਦਾ ਦਾਇਰਾ ਹਿੰਦੀ ਸੰਸਕ੍ਰਿਤ ਹੋਣ ਕਰਕੇ ਦ੍ਰਿਸ਼ਟਾਂਤ ਵੇਲੇ ਉਥੋਂ ਹੀ ਮਸਾਲਾ ਲੱਭਦੇ ਹਨ। ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਇਸ ਕਰਕੇ ਹੋਰਨਾਂ ਅੰਗਾਂ ਵਿਚ ਭਾਵ ਖਿੱਚਣੇਂ ਨਹੀਂ ਚਾਹੀਦੇ। ਅਭਮੰਨ੍ਯੂ ਅਰਜਨ ਦਾ ਪੁੱਤਰ ਸੀ ਜਵਾਨ ਅਵਸਥਾ ਵਿਚ ਅਤਿ ਬੀਰਤਾ ਨਾਲ ਲੜਕੇ ਮਰਿਆ ਸੀ।

ਰਵਾਂ ਕਰਿ ਪਾਨ[1] ॥ ੧੮ ॥ ਤਕਿ ਦੁਸ਼ਮਨ ਕੇ ਗ਼ਾਤ ਕੋ ਤੂਰਨ ਕਲਾ ਝੁਕਾਇ। ਡੰਭੈ ਪਲੀਤਾ ਧੁਖਤਿ ਹੈ ਮਾਰਤਿ ਦੇਰ ਨ ਲਾਇ ॥੧੯ ॥ ਬੀਰ ਸਿੰਘ ਬਰ ਬੀਰ ਬਡ ਕਰਿ ਬਹਾਦਰੀ ਭੂਰ। ਇਤ ਉਤ ਹਨੈ ਮਲੇਛ ਗਨ ਸੂਰ ਗ਼ਰੂਰਨਿ ਦੂਰ[2]॥੨੦॥ ਛਪਯਛੰਦ ॥ ਗੁਰ ਸੁਤ ਉਰ ਮਹਿਂ ਕੁਪਤਿ, ਕੁਪਤਿ ਬਹੁ ਹਨਿ ਕਰਿ ਡਾਰੇ[3]।ਐਂਚਤਿ ਨਿਠੁਰ ਕਮਾਨ ਮਾਨ ਖ਼ਾਨਨ ਨਿਰਵਾਰੇ।ਗਿਰਤੇ ਬੀਰ ਤੁਰੰਗ[4] ਰੰਗ ਸ਼੍ਰੋਣਤਿ ਜਿਨਕੇਰਾ।ਤੀਛਨਬਾਨ ਪ੍ਰਹਾਰ ਹਾਰਦੇ ਤ੍ਰਾਸ ਬਡੇਰਾ। ਰਿਪੁ ਸਿਪਰ ਜੇਹ ਬਖਤਰ ਕਵਚਪੇਟੀ ਆਦਿਕ ਫੋਰ ਕਰਿ।ਹਤਿ ਪ੍ਰਾਨਹਰੀਵਨ ਕੋ[5]ਤੁਰਤਪਾਰ ਪਰਤਿ,ਗਡਿਧਰਨਸਰ[6]॥੨੧॥ਰੁੱਦ੍ਰ ਰੂਪ ਤੇ ਰੁਦ੍ਰ ਸੰਗ ਪ੍ਰਥਮਾਦਿ ਲਿਯੇ ਗਣ[7]।ਬੀਰ ਬਵੰਜਾ ਮੁਦਤਿ ਜੋਗਨੀ ਜੰਗ ਭੂਤ ਗਣ। ਹੜਹੜ ਹਸ ਹੜ[8] ਉਠਤਿ ਲੁਠਤਿ[9] ਘਾਇਲ ਤੜਫੰਤੇ।ਫਿਰੈਂ ਭੂਤ ਬੈਤਾਲ ਤਾਲ ਤਾੜੀਨ[10]ਬਜੰਤੇ।ਬਡ ਕਾਕ ਕੰਕ ਕੀ ਕੂਕਹੈ ਆਮਿਖਭਖਿ ਸ਼੍ਰੋਣਤਿ ਪਿਯਤਿ। ਰਣ ਖੇਤ ਭਰਜੇ ਡਾਕਨਡਿਗਰ[11] ਡਕਰਾਵਤਿ[12]ਤ੍ਰਿਪਤੈ[13]ਬਿਯਤ[14]॥੨੨॥ ਸ੍ਰੀ ਅਜੀਤਸਿੰਘਬੀਰਧੀਰ ਧਰਿ ਤੀਰ ਪ੍ਰਹਾਰੇਂ।ਕੌਤਕ ਹੋਤਿ ਉਦੋਤਿ ਆਇ ਨਭਦੇਵ ਨਿਹਾਰੇਂ। ਹੁਇਪਦਾਤਿ ਅਸਵਾਰ ਤਿਨੈ ਹਤਿ ਤੂਰਨਡਾਰੇਂ।ਇਮ ਪਠਾਨਅਰਿ ਮੁਗ਼ਲਪਰੇਜਨੁ ਪੁੰਜ ਮੁਨਾਰੇ। ਰਣਖੇਤ ਭਯੋ ਦਾਰੁਣ ਮਹਾਂ ਲੋਥਨ ਪਰ ਲੋਥੈਂ ਗਿਰੀ।ਬਹੁ ਘਾਵਨ ਤੇ ਭਕ ਭਕ ਰੁਧਰ ਹੁਇ ਸਰਿਤਾ ਤਬਿ ਚਲਿ ਪਰੀ ॥੨੩॥ 'ਯਾ ਖ਼ੁਦਾਇ ਬਡ ਅਜਬ ਵਹਿਰ ਕੇ ਮਰਤਿ ਹਜ਼ਾਰੇ।ਗਿਰਹਿਂ ਦੜਾਦੜ ਤੁਰਕ ਅਲਪ ਸਿੰਘਨਿ ਕਰਿ ਮਾਰੇ। ਬੀਤੇ ਕੇਤਿਕ ਜਾਮ ਮਰਤਿ ਨਹਿਂ ਮਿਲਤਿ, ਨ ਹਾਰਤ[15]। ਵਧਿ ਲਸ਼ਕਰ ਮਹਿ ਆਇ ਏਕ ਇਕ ਲਰਤਿ ਸੁਮਾਰਤਿ'।

---

[1]ਹਥ ਨਾਲ ਦਸਤਰਵਾਂ ਕਰਕੇ। [2]ਸੂਰਮਿਆਂ ਦਾ ਗ਼ਰੂਰ (ਹੰਕਾਰ) ਦੂਰ ਕੀਤਾ। [3]ਕ੍ਰੋਧ ਕਰਕੇ ਕੁਪੱਤੇ ਵੈਰੀ ਮਾਰ ਡਾਲੇ। [4]ਡਿਗਦੇ ਹਨ ਸੂਰਮੇ ਤੇ ਘੋੜੇ ਜਾਂ ਘੋੜੇ ਤੋਂ। [5]ਵੈਰੀਆਂ ਦੇ। [6]ਫਿਰ ਤੀਰ ਧਰਤੀ ਵਿਚ ਗੱਡ ਜਾਂਦੇ ਹਨ। [7]ਭਯਾਨਕ ਰੂਪ ਧਾਰੇ ਸ਼ਿਵਜੀ ਪ੍ਰਥਮਾ ਤੋਂ ਆਦਿ ਗਣਾਂ ਨੂੰ ਨਾਲ ਲੈ [ਸੰਸ:, ਪ੍ਰਮਥ=ਸ਼ਿਵ ਦੇ ਇਕ ਪ੍ਰਕਾਰ ਦੇ ਗਣ ਜੋ ੩੬ ਕ੍ਰੋੜ ਮੰਨੇ ਗਏ ਹਨ]। [8]ਮਸਾਣ। [9]ਲੁਛਦੇ ਹਨ। [10]ਤਾਲ ਨਾਲ ਤਾੜੀਆਂ। [11]ਮੋਟੀਆਂ ਡੈਣਾਂ, (ਖਾ ਪੀਕੇ) ਫੁਲੀਆਂ ਹੋਈਆਂ [ਸੰਸ: ਡਿੰਗਰ=ਮੋਟਾ ਆਦਮੀ] ( ਅ ) ਸਮੂਹ। [12]ਡਕਾਰਦੀਆਂ ਹਨ । [13]ਰੱਜੀਆਂ। [14]ਭਾਵ ਰੱਜਕੇ ਡਕਾਰਦੀਆਂ ਇੱਧਰ ਉਧਰ (ਫਿਰਦੀਆਂ ਹਨ) [ਸੰ:, ਵਜਤਜਯ=ਉਲਟ ਪੁਲਟ। ਹਿੰਦੀ ਬਿਯਤ=ਇਧਰ ਉਧਰ ਹੋਕੇ ਫਿਰਨਾ] । [15]ਨਾ ਮਰਦੇ ਹਨ, ਨਾ ਮਿਲਦੇ ਹਨ, ਨਾ ਹਾਰਦੇ ਹਨ ।

ਮਿਲਿ ਕਹਤਿ ਬਾਤ ਇੱਤਜਾਦਿ ਬਹੁ ਲਸ਼ਕਰ ਬਿਸਮਧ ਹੁਇ ਰਹਜੋ।
ਇਮ ਫਿਰੇ ਸਿੰਘ ਗੁਰ ਸੁਤ ਸਹਤਿ ਗਾਹ ਗਰਬ ਗਨ ਕੋ ਢਹਜੋ[1] ॥੨੪॥
ਜ਼ੋਰਦਸਤ ਚਿਤ ਰਿਸਜੋ ਦੇਖਿ ਅਪਨੀ ਲਘੁਤਾਈ। ਹੇਲਾ ਘਾਲਜੋ ਉਮਡਿ
ਬੋਲਿ ਬਹੁ ਧੂਮ ਮਚਾਈ[2]। ਚਲੀ ਤੁਪਕ ਅਨਗਿਨਤਿ ਲਗੀ ਸਿੰਘਨ ਤਨ
ਆਈ। ਭੀਜੇ ਰੁਧਰ ਸਰੀਰ, ਚੀਰ ਲਾਲੀ ਉਘਰਾਈ[3]। ਮਿਲਿ ਹਬਾ ਵੱਬ
ਗਿਰ ਗਿਰ ਪਰਤਿ ਤੁੰਡ ਮੁੰਡ ਫੋੜਨ ਕਰਹਿਂ। ਪੁਨ ਫਰਕ ਪਰਤਿ ਦੁਹ
ਦਿਸਨ ਮਹਿਂ ਤ੍ਰਾਸ ਧਰਤਿ ਇਤਉਤਟਰਹਿਂ॥੨੫॥ ਕਰਹਿਸ਼ੀਘ੍ਰਤਾਅਧਿਕ
ਗੁਰੂ ਸੁਤ ਸਰ ਬਰਖਾਵੈ। ਬੇਧਤਿ ਦੁਸ਼ਮਨ ਦੇਹਿ ਗਿਰੇ ਧਰਿ ਪਰ ਤਰਫਾਵੈਂ।
ਤਕਿ ਤਕਿ ਗੁਲਕਾ ਹਤਹਿਂ, ਨਹੀਂ ਕੋ ਲਾਗਨ ਪਾਵੈ[4]। ਕਰਹਿ ਚਲਾਕੀ
ਚਰਨ, ਚਹੂੰਦਿਸ਼ ਚਿਤਵਿ ਚਲਾਵੈ[5]। ਰਨਖੇਤ ਬਿਖੈ ਇਤ ਉਤ ਫਿਰਤਿ
ਚੰਧਤਿ ਦੌਰਤਿ ਸ਼ੱਤ੍ਰ ਹਤਿ। ਸਭਿ ਕਰਤਿ ਬਿਲੋਕਨਿ ਜੰਗ ਕੋ ਹੋਤਿ
ਅਚੰਭੈ ਮਹਿਤ ਚਿਤ ॥ ੨੬ ॥ ਨਿਖੁਟਜੋ ਤਬੈ ਨਿਖੰਗ ਬਾਨ ਸਭਿ ਦਿਏ
ਚਲਾਈ। ਕੋਪ ਨ ਹੋਯੋ ਸਾਂਤਿ ਹੇਰਿ ਦੁਸ਼ਟਨ ਖੁਟਿਆਈ। ਗਹੀ ਸਾਂਗ ਕਰ
ਬਿਖੈ ਦੌਰ ਕਰਿ ਅੰਗ ਪਰੋਇ। ਸੀਖ ਮਾਸ ਜਿਮ ਬੇਧਿ ਅਗਨਿ ਪਰ ਭੂੰਜਤਿ
ਕੋਇ। ਗਨ ਮਾਰਿ ਮਾਰਿ ਗੇਰਤਿ ਫਿਰਤਿ ਫੋਰਤਿ ਛਾਤੀ ਤੁੰਡ ਅਰਿ। ਇਮ
ਪਾਇ ਧੂਮ ਰਣ ਭੂਮ ਮਹਿਂ ਘਾਇਲ ਘੂਮਤਿ ਝੂਮਿ ਗਿਰਿ ॥ ੨੭ ॥ ਪਿਖਿ
ਤੁਰਕਨ ਕਰਿ ਜ਼ੋਰ ਆਇ ਚਹੁ ਫੇਰ, ਘੇਰ ਲਿਯ। ਮਾਰਿ ਮਾਰਿ ਕਰਿ ਰੌਰ
ਸਭਿਨਿ ਤਬਿ ਸ਼ਸਤ੍ਰ ਹਤਨ ਕਿਯ। ਪੰਚਹੁੰ ਸਿੰਘਨ ਦੇਖਿ ਸੰਗ ਗੁਰ ਸੁਤ
ਕੋ ਗਹਿ ਗਹਿ[6]। ਪਹੁੰਚਤਿ ਹਤਿ ਹੱਥਜਾਰ ਰਿਪੁਨਿ ਕੀ ਦਿਸ਼ ਕੋ ਲਹਿ
ਲਹਿ। ਕਰ ਕਰਾਚੋਲ ਸਾਂਗਨ ਧਰੇ ਅਧਿਕ ਸ਼ੀਘ੍ਰਤਾ ਧਰਤਿ ਰਣ। ਜਨੁ
ਨ੍ਰਿਭੈ ਕੇਹਰੀ ਫਿਰਤਿ ਹੈਮਸਤ ਦੁਰਦ ਕੋਦੇਖਿ ਗਣ[7]॥੨੮॥ ਤਬਿਅਜੀਤ-
ਸਿੰਘ ਬੀਰ ਸਾਂਗ ਕਰ ਧਰਿ ਬਿਚਰੰਤਾ। ਮਨਹੁੰ ਘਟਾ ਬਿਚ ਦਿਪਹਿ
ਚੰਚਲਾ[8] ਚਮਕ ਸੁਭੰਤਾ। ਜਿਸ ਕੋ ਮਾਰਿ ਧਸਾਇ ਸ਼ੀਘ੍ਰ ਹੀ ਤਿਸ ਉਥ-

---

[1]ਸਮੂਹ (ਵੈਰੀਆਂ)ਨੂੰ (ਗਾਹਕੇ=) ਦਬਾਕੇ ਉਨ੍ਹਾਂ ਦੇ ਹੰਕਾਰ ਨੂੰ ਸਾੜ ਦਿੱਤਾ। [2]ਦੌਲਾ ਪਾਇਆ। [3]ਉਘੜ ਆਈ। [4]ਗੋਲੀਆਂ ਮਾਰਦੇ ਹਨ (ਵੈਰੀ ਪਰ ਗੁਰੂ ਸੁਤ) ਨੂੰ ਲਗਦੀ ਕੋਈ ਨਹੀਂ। [5](ਗੁਰੂ ਸੁਤ) ਪੈਰਾਂ ਦੀ ਚਲਾਕੀ ਕਰਦਾ ਹੈ ਭਾਵ ਇੱਕ ਥਾਂ ਨਹੀਂ ਖੜੋਂਦਾ (ਫਿਰ) ਤੁਵੇਂਤੇ ਤੱਕਕੇ ਤੀਰ ਮਾਰਦਾ ਹੈ। [6]ਗੁਰੂ ਸਪੁੱਤ੍ਰ ਦੇ ਨਾਲ (ਸ਼ਸਤ੍ਰ) ਫੜ ਫੜਕੇ। [7]ਮਸਤ ਹਾਥੀਆਂ ਦੇ ਸਮੂਹ ਨੂੰ ਦੇਖਕੇ। [8]ਬਿਜਲੀ।

ਲੀਤਾ । ਲੇਤਿ ਨਿਕਾਸ, ਪ੍ਰਕਾਸ਼ ਮਹਾਂ ਬਲ ਕਰਿ ਬਲਵੰਤਾ । ਜਨੁ ਕੈਰ-ਵਾਨ ਮਹਿਂ ਰੁਕ ਗਯੋ ਚਕ੍ਰਾਵ੍ਯੂਹ[1] ਭੇਦਨਿ ਕਰਯੋ। ਅਭਿਮੰਨਯੁ ਸ਼ੱਤ੍ਰੁ ਗਨ ਛੇਦ ਕਰਿਛਿੰਨ ਭਿੰਨ ਛੱਤ੍ਰਿਨਿ ਦਰਯੋ[2]* ॥੨੯॥ ਇਕ ਭਟ ਬਖਤਰਸਹਤ ਮਾਰ ਤਹਿਂ ਸਾਂਗ ਧਸਾਈ । ਰਹੀ ਨ ਅਟਕੀ ਕਹੂੰ ਓਜ ਤੇ ਪਾਰ ਪਰਾਈ। ਲਗਯੋ ਨਿਕਾਸਨ ਪੁਨਹਿ ਤ੍ਰੁਟਿ ਕਰਿ ਅਰਧ ਰਹੀ ਕਰ । ਤਤਛਿਨ ਤਿਸ ਕੋ ਡਾਰਿ, ਪਰੀ ਕਟ ਨਾਗਨ ਸੀ ਧਰ[3] । ਬਹੁ ਡਸਿ ਡਸਿ ਸ਼ੱਤ੍ਰੁ ਨਿਬੇਰ ਕਰਿ ਅਰਧ ਰਹੀ ਬੀਚਹਿ ਬਰੀ । ਗਨ ਦੁਰਜਨ ਢਿਗ ਹੁਇ ਵੈਰ ਕਰਿ ਤੋਮਰ ਤੀਰ ਤਰਾਤਰੀ[4] ॥੩੦॥ ਲਗੇ ਅੰਗ ਮਹਿਂ ਘਾਵ ਰੁਧਰ ਬਹਿ ਦੀਰਘ ਚਾਲਾ । ਭੀਜਯੋ ਸਰਬ ਸਰੀਰ ਚੀਰ ਰੰਗੇ[5] ਤਤਕਾਲਾ । ਮਨਹੁ ਤੁਰਤ ਰੰਗਰੇਜ ਰੰਗ ਕਰਿ[6] ਪਟ ਪਹਿਰਾਏ । ਸ਼ੋਣ ਪਿਖਯੋ ਹਰਖੰਤਿ–ਆਜ ਧੂਮ ਛੱਤ੍ਰੀ ਪਾਏ–। ਤਿਹ ਛਿਨ ਚਹੁੰ ਦਿਸ਼ਿ ਰਿਪੁ ਲਖੇ ਖੜਗ ਮਯਾਨ ਤੇ ਕਾਢ ਲਿਯ। ਗਨ ਕਾਟ ਕਾਟ ਗੇਰੇ ਧਰਨਿ ਤਛਾ ਮੁੱਛ ਤਨ ਤਨਕ[7] ਕਿਯ ॥੩੧॥ ਉਤੇ ਸਿੰਘ ਲਰਿ ਪੰਚ ਸੈਂਕਰੇ ਮਾਰ ਮਰੇ ਰਣ। ਇਤ ਅਜੀਤ ਸਿੰਘ

---

[1]ਚਕ੍ਰਾਬ੍ਯੂਹ=ਇੱਕ ਪ੍ਰਕਾਰ ਦੀ ਸਿਪਾਹ ਦੀ ਫੌਜੀ ਰਚਨਾ ਜਿਸ ਵਿੱਚ ਫਸਿਆ ਵੈਰੀ ਨਿਕਲ ਨਹੀਂ ਸਕਦਾ (ਦਰਬਾਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਇੱਕ ਨਕਸ਼ਾ ਸੰਗ ਮਰਮਰ ਵਿਚ ਉਕਰਿਆ ਹੋਇਆ ਹੈ)। [2]ਚਕ੍ਰਾ ਬ੍ਯੂਹ ਵਿਚ ਜਿਵੇਂ ਘਿਰਕੇ ਉਸ ਨੂੰ ਭੇਦਨ ਕਰਦੇ ਹੋਏ ਅਭਿਮੰਨ੍ਯੂ ਨੇ ਵੈਰੀਆਂ ਦੇ (ਯਾ ਕੋਰਵਾਂ ਦੇ) ਸਮੂਹ ਛੇਦਨ ਕੀਤੇ ਤੇ ਛੱਤ੍ਰੀਆਂ (ਯਾ ਸ਼ਸਤ੍ਰ-ਧਾਰੀਆਂ) ਨੂੰ ਦਲਦੇ ਹੋਏ ਛਿਨ ਭਿੰਨ ਕੀਤਾ (ਟੁਕੜੇ ਕੀਤਾ) (ਤਿਵੇਂ ਗੁਰੂ ਸੁਤ ਨੇ ਘਿਰਦੇ ਆਏ ਵੈਰੀ ਦਾ ਘੇਰਾ ਤੋੜ ਦਿੱਤਾ)। [3]ਤਿਸੇ ਵੇਲੇ ਤਿਸ ਨੂੰ (ਧਰਤੀ ਤੇ) ਸੁੱਟ ਦਿਤਾ (ਉਹ ਇਉਂ ਪਈ ਹੋਈ ਦਿਸਦੀ ਸੀ) ਮਾਨੋਂ ਕੱਟੀ ਹੋਈ ਨਾਗਣੀ ਧਰਤੀ ਤੇ ਪਈ ਹੈ। [4]ਬਹੁਤੇ ਦੁਸ਼ਟਾਂ ਨੇ ਨੇੜੇ ਹੋਕੇ ਤੋਮਰ ਤੇ ਤਰਾਤਰੀ ਬਹੁਤ ਤੀਰਾਂ ਨਾਲ ਵਾਰ ਕੀਤਾ। [5]ਰੰਗੇ ਗਏ। [6]ਛੇਤੀ ਰੰਗੇ (ਹੋਏ ਭਾਵ ਗਿੱਲੇ ਗਿੱਲੇ ਰੰਗੇ ਹੋਏ) [7]ਥੋੜੇ ਵਿਚ।

*ਇਹ ਕਵੀ ਜੀ ਮਨੌਕਤੀਆਂ ਨਹੀਂ ਲਿਖ ਰਹੇ, ਦਸਮੇਸ਼ ਜੀ ਦੇ ਦਰਬਾਰ ਦੇ ਕਵੀ ਸੈਨਾਪਤ ਨੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਦੇ ਜੁੱਧ ਦਾ ਹਾਲ ਐਸਾ ਹੀ ਮਹਾਨ ਬੀਰਤਾ ਵਾਲਾ ਲਿਖਿਆ ਹੈ। ਸਾਂਗ ਚਲਾਉਣ ਪਰ ਉਹ ਲਿਖਦਾ ਹੈ:–ਲੇਤ ਪਰੋਇ ਪਠਾਨ ਕੋ ਸਬਹਨ ਸਾਂਗ ਦਿਖਾਇ। ਦੇਖਤ ਹੀ ਸਬ ਕਰਤ ਹੈਂ ਅਰੇ ਖੁਦਾਇ ਖੁਦਾਇ ॥ ੧੦ ॥ ਫਿਰ ਆਪ ਦੀ ਤਲਵਾਰ ਬਾਬਤ ਲਿਖਦਾ ਹੈ:–ਲਰਤ ਸੂਰ ਸੰਗ੍ਰਾਮ ਮੇਂ ਕਰ ਲੀਨੇ ਤਲਵਾਰ। ਵਡੇ ਸੂਰ ਮਾਰੇ ਤਹਾਂ ਫਉਜਨ ਕੇ ਸਿਰਦਾਰ ॥ ੧੭ ॥ ਆਪਦੇ ਤੀਰਾਂ ਬਾਬਤ ਲਿਖਦਾ ਹੈ:–ਜਿਹ ਸਰ ਲਾਗਤ ਜਾਇਕੈ ਰਹਤਿ ਨਾਹਿ ਅਰਮਾਨ। ਮਾਨਹੁ ਮੰਡਪ ਖੋਖਰੇ ਗਿਰ ਗਿਰ ਪਰਤ ਪਠਾਨ। ੫੦੬।

ਰੁਪਯੋ ਖੜਗ ਤੇ ਕਾਟਿ ਰਿਪੁਨਿ ਗਨ।ਰੁਧਰ ਬਿਖੈ ਪਰ ਰਹੇ ਮਨਹੁੰ ਸ਼ੂਮ ਤੇ ਸੁਪਤਾਏ। ਲਾਲ ਬਿਛੌਨ ਬਿਛਾਇ ਮਹਾਂ ਛਬਿ ਤੇ ਸੁਖ ਪਾਏ।ਕਹਿੰ ਲਗੈਂ ਬਰਨ ਕਰਿ ਜੁੱਧ ਕੋ ਲਿਖੌਂ ਗ੍ਰੰਥ ਬਧਤੇ ਡਰਤਿ। ਜਿਮ ਕਰਯੋ ਗੁਰੂ ਸੁਤ ਓਜ ਤੇ ਨਹਿੰ ਮਾਰਯੋ ਕਿਸ ਤੇ ਮਰਤਿ॥੩੨॥ਜਿਸ ਦਿਸ਼ ਪਰਿਹੈ ਧਾਇ ਅਰੈਂ ਨਹਿੰ¹,ਭਾਜਤਿਹੈਂ ਅਰਿ।ਜਤਨੁ ਕਰਹਿਂ ਸਮੁਦਾਇ–ਹਤਹਿਂ ਕਿਮ–ਫਿਰਤਿ ਸ਼ੀਘ੍ਰ ਕਰਿ। ਗੁਲਕਾ ਲਗਹਿ ਨ ਕੋਇ ਖੜਗ ਲੌ ਪਹੁੰਚਿ ਨ ਦੇਤੇ। ਮਾਰਿ ਮਾਰਿ ਕਰਿਬੀਰ ਕਰਯੋ ਸੰਘਰ ਬਹੁ ਖੇਤੇ।ਕਰ ਕਰਾਚੋਲ ਜਬਿ ਟੂਟਿ ਗਯੋ ਜਮਧਰ ਲਈ ਨਿਕਾਸਿ ਕਰ। ਇਕ ਹੁਤੇ ਪਾਲਕੀ ਕੇ ਬਿਖੈ ਦੂਰਹਿਂ ਦੇਖਤਿ ਦ੍ਰਿਸ਼ਟਿ ਧਰਿ ॥ ੩੩ ॥ ਅਨਵਰਖਾਨ ਨਬਾਬ, ਤਾਂਹਿ ਕੀ ਦਿਸ਼ ਤਬਿ ਦੌਰੋ।ਕਰੀ ਸ਼ੀਘ੍ਰਤਾ ਅਧਿਕ ਜਾਇ ਪਹੁੰਚੇ ਤਿਸ ਠੌਰੇ। ਉਦਰ ਪੁਸ਼ਟ ਮਹਿਂ² ਹਨੀ ਓਜ ਤੇ ਬਹੁ ਝਕਝੋਰੇ। ਜਿਤ ਕਿਤ ਤੇ ਰਿਪੁ ਆਇ ਘੇਰਿ ਲੀਨਸਿ ਚਹੁੰ ਓਰੇ।ਇਮ ਕੀਨ ਜੁੱਧ ਗਨ ਸ਼ੱਤ੍ਰ ਹਤਿ ਲੋਪ ਭਏ ਤਤਕਾਲ ਰਨ। ਸਭਿ ਦਿਖਤਿ ਅਚੰਭੇ ਹੁਇ ਰਹੇ ਕਹਾਂ ਗਯੋ ਕਿਤ ਛਪਯੋ ਹਨਿ* ॥੩੪॥ਦੋਹਰਾ॥ਇਸ ਬਿਧਿ ਗੁਰ ਨੰਦਨ ਲਰਯੋ ਜਿਹ ਅਜੀਤ ਸਿੰਘ ਨਾਮ। ਸੁਜਸ ਜਗਤ ਮਹਿਂ ਪ੍ਰਗਟ ਭਾ ਪੁਨ ਪਹੁੰਚੇ ਹਰਿ ਧਾਮ॥੩੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਅਜੀਤ ਸਿੰਘ ਜੁੱਧ' ਬਰਨਨੰ ਨਾਮ ਏਕਊਨ ਚੱਤ੍ਵਾਰਿੰਸਤੀ ਅੰਸੂ। ੩੯ ॥

## ੪੦. [ਬਾਬਾ ਜ਼ੋਰਾਵਰ ਸਿੰਘ ਜੀ ਦਾ ਜੰਗ]।

ਦੋਹਰਾ॥ਬਹੁਰ ਹੇਲ ਕੋ ਕਰਤਿ ਭੇ ਚਹੁੰਦਿਸ਼ ਤੇ ਸਮੁਦਾਇ। ਤਬਿ ਜ਼ੋਰਾਵਰ ਸਿੰਘ ਜੀ† ਲੇ ਗੁਰ ਪਿਤਾ ਰਜ਼ਾਇ‡ ॥ ੧ ॥ ਚੌਪਈ ॥ ਪੰਚ ਸਿੰਘ ਨਿਕਸੇ ਤਿਨ ਸੰਗ।ਜਿਨ ਚਿਤ ਚਾਉ ਕਰਨ ਕੋ ਜੰਗ।ਪ੍ਰਥਮ ਤੁਫੰਗਨਿ ਕੀ ਕਰਿ ਮਾਰ।ਮਾਰ ਮਾਰ ਕਰਿ ਪਰੇ ਜੁਝਾਰ॥੨॥ਬਹੁਰ ਤੜਾਤੜ ਛੋੜਿ ਤਮਾਚੇ।ਸਤਿ ਗੁਰ ਕੋ ਰੁਖ ਪਿਖਿ ਰਿਸ ਰਾਚੇ।ਅਪਰ ਉਪਾਇ ਨ ਕੌ ਬਨਿ ਆਵੈ।ਪ੍ਰਭੁ ਸਨ-

---

¹ਅੜਦੇ ਨਹੀਂ। ²ਢਿੱਡ ਵਿੱਚ। *ਇਸਦਾ ਅਰਥ ਇਹ ਨਹੀਂ ਕਿ ਕਿਤੇ ਲੁਕ ਗਏ। ਵੈਰੀਆਂ ਨੂੰ ਆਪਣਾ ਸਰੀਰ ਨਹੀਂ ਹੱਥ ਪੈਣ ਦਿੱਤਾ ਕਿ ਕੋਈ ਬੇਅਦਬੀ ਨਾ ਕਰਨ। ਕਿਉਂਕਿ ਅਗਲੇ ਛੰਦ ਵਿਚ ਆਪਦਾ ਹਰਿ ਧਾਮ ਪਹੁੰਚਣਾ ਕਵੀ ਜੀ ਸਪਸ਼ਟ ਲਿਖ ਰਹੇ ਹਨ।

†ਦੂਸਰੇ ਸਾਹਿਬਜ਼ਾਦੇ ਜੋ ਏਥੇ ਜੂਝੇ ਜੁਝਾਰ ਸਿੰਘ ਜੀ ਸਨ, ਦੇਖੋ ਰੁਤ ੨ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ। ‡ਨਵੀਨ ਲੇਖਕਾਂ ਨੇ ਦੂਸਰੇ ਸਾਹਿਬਜ਼ਾਦੇ ਜੀ ਦਾ ਇਸ ਵੇਲੇ ਪਾਣੀ ਮੰਗਣਾ ਵਰਣਨ ਕੀਤਾ ਹੈ ਤੇ ਇਹ ਗੱਲ ਅਸਲ ਵਾਕਿਆ ਨਹੀਂ ਹੈ। ਇਹ ਗੱਲ ਗੁਰ ਸ਼ੋਭਾ ਵਿੱਚ ਵੀ ਨਹੀਂ ਲਿਖੀ।

ਮੁਖ ਹੁਇ ਸੀਸ ਚੜ੍ਹਾਵੈਂ ॥੩॥ ਮ੍ਰਿਗ ਝੁੰਡਨਿ ਮਹਿਂ ਕੇਹਰਿ ਫਿਰੇ। ਨ੍ਰਿਭੈ ਬੀਰ ਕਿਹ ਤ੍ਰਾਸ ਨਧਰੈਂ।-ਪ੍ਰਾਨਬਚੈਂ-ਇਹ ਲਾਲਚ ਛੋਰਾ।ਮਾਰਹਿਂ ਅੱਗ੍ਰ- ਪਰੈਂ ਰਿਪੁ ਓਰਾ[1]॥੪॥ਯੌਂ ਗਰਜਤਿ ਹੈਂ ਸਿੰਘ ਜੁਝਾਰੇ।ਥਿਰੈਂ ਨ ਰਿਪੁ ਇਤ ਉਤ ਦੈਂ ਟਾਰੇ। ਪਹੁੰਚਿ ਜਾਹਿਂ ਪਰ ਸ਼ਸਤ੍ਰ ਚਲਾਵਹਿਂ। ਇਕ ਤੇ ਦ੍ਵੈ ਕਰਿ ਧਰਨਿ ਗਿਰਾਵਹਿਂ ॥੫॥ ਮਾਰ ਮਾਰ ਕਰਿ ਤੁਰਕ ਹਜ਼ਾਰੋਂ।ਇਤ ਉਤ ਫਿਰਿ ਘੇਰਹਿਂ ਦਿਸ਼ ਚਾਰੋਂ।ਤਊ ਮਰਨ ਕੀ ਸ਼ੰਕ ਨ ਜਿਨ ਕੋ। ਕਹਾਂ ਸੂਰਤਾ ਗੁਨ ਗਨ ਤਿਨ ਕੋ[2]॥੬॥ਪਹੁੰਚਹਿਂ ਸਨਮੁਖ ਜਿਸ ਕਰ ਝਾਰਹਿਂ[3]। ਗੁਰ ਪ੍ਰਤਾਪ ਤੇ ਤਤਛਿਨ ਮਾਰਹਿਂ। ਛੁਧਿਤਿ ਸ਼੍ਰਮਤਿ ਦੂਖ ਤਿਹ ਛਿਨ ਟਾਰੇ।ਓਜ ਤੇਜ ਗੁਰ ਦਯੋ ਉਦਾਰੇ॥੭॥ਜਯੋਂ ਨਟ ਉਛਲਤਿ ਬਾਜੀ ਪਾਵਤਿ। ਤਯੋਂ ਬਲ ਤੇ ਇਕਲ ਚਲ ਜਾਵਤਿ। ਜਬਿ ਲਗ ਪ੍ਰਾਨ ਤਜੇ ਨਹਿ ਰਨ ਮੈਂ।ਤਬਿ ਲਗ ਹਤੈਂ ਰਿਪੁਨ ਕੇਤਨਮਹਿਂ ॥੮॥ਮਾਰੇ ਜਾਹਿ ਮਰਨ ਲਗਿ ਜੇਤੇ[4]।ਕਰਿ ਪੁਰ- ਖਾਰਥ ਹਾਨਹਿਂ ਤੇਤੇ। ਪੰਚਹੁੰ ਸਿੰਘ ਸੁ ਬੀਰ ਮੁਛਾਲੇ।ਲਰਿ ਕਰਿ ਬਹੁਤਨਿ ਕੇ ਘਰ ਘਾਲੇ ॥੯॥ ਜਲ ਕੋ ਮੱਛ ਹਲਾਵਹਿ ਜੈਸੇ। ਹਲਾ ਚਾਲ ਲਸ਼ਕਰ ਮਹਿਂ ਤੈਸੇ।ਮਿਲਿ ਸ਼ਲਖੈਂ ਗਨ ਤੁਪਕ ਚਲਾਈ।ਇਕ ਕੈ ਬਹੁ ਲਗਿ ਲਗਿ ਗਿਰ ਜਾਈਂ ॥੧੦॥ ਜ਼ੋਰਾਵਰ ਸਿੰਘ ਜ਼ੋਰ ਬਿਸਾਲਾ। ਬੈਸ ਕਿਸ਼ੋਰ ਦਿਪਤਿ ਬਡ ਭਾਲਾ। ਦੇਖਯੋ ਜਿਮ ਭ੍ਰਾਤਾ ਕੋ ਜੁੱਧ। ਤੈਸੇ ਕਰਨਿ ਲਗਯੋ ਬਡ ਕ੍ਰੁੱਧ ॥ ੧੧ ॥ ਪਿਤਾ ਪ੍ਰਸੰਨ ਹੋਇਂ ਜਿਮ ਹੇਰਿ। ਤਥਾ ਸ਼ੀਘ੍ਰਤਾ ਕਰਹਿ ਬਡੇਰ। ਨਿਠੁਰ ਕੁਦੰਡ ਪ੍ਰਚੰਡ ਮਹਾਨਾ। ਤੀਖਨ ਬਾਨ ਤਾਨ ਤੇ ਤਾਨਾ[5] ॥੧੨॥

ਦੋਹਰਾ ॥ ਸ੍ਰੀ ਜ਼ੋਰਾਵਰ ਸਿੰਘ ਜੀ ਜ਼ੋਰਾਵਰੀ ਦਿਖਾਇ। ਮਾਰਤਿ ਸੁਭਟ ਤੁਰੰਗ ਕੋ ਧਰਨ ਦੇਤਿ ਉਥਲਾਇ॥੧੩॥

ਲਲਿਤ ਪਦ ਛੰਦ ॥ ਜਿਤ ਕੋ ਜਾਇ ਹਲਾ ਹਲ ਹੋਵੈ 'ਇਹੁ ਆਵਤਿ ਲਿਹੁ ਮਾਰੀ'। ਸੌ ਦੋ ਸੈ ਉਮਡਤਿ ਗਹਿ ਆਯੁਧ ਨਗਨ ਖੜਗ ਕਰ ਧਾਰੀ ॥੧੪ ॥ ਸੇਲੇ ਸਾਂਗਨਿ ਤੋਮਰ ਤੀਰਨਿ ਅਧਿਕ ਛੁਟਾਇ ਤੁਫੰਗਾ। ਕਰਹਿਂ ਜਤਨ ਬਹੁ ਘੇਰਨ ਕੋ ਮਿਲਿ ਇਤ ਉਤ ਧਾਇ ਨਿਸ਼ੰਗਾ ॥੧੫॥ ਲਾਖਹੁੰ ਸ਼ਸਤ੍ਰ ਚਲਤਿ ਹੈਂ ਇਸ ਬਿਧਿ ਜਨੁ ਬਲ ਤੇ ਘਨ ਵੁੱਠੇ।ਗੋਰੀ ਤੀਰ ਤਰਾਤਰ ਬਰਖਤਿ ਸ਼ਬਦਬਡੋ ਤਬਿ ਉੱਠੇ

---

[1]'ਅੱਗੇ ਹੋਕੇ ਵੈਰੀ ਨੂੰ ਮਾਰੀਏ' ਇਸ ਲਈ ( ਵੱਧਕੇ ) ਵੈਰੀ ਤੇ ਪੈਂਦੇ ਹਨ। [2]ਤਿਨ੍ਹਾਂ ਦੀ ਸੂਰਮਤਾ ਦੇ ਸਾਰੇ ਗੁਣ ਕੀਹ ਕਹੀਏ। [3]ਜਿਸ ਦੇ ਉੱਤੇ ਹੱਥ ਝਾੜਦੇ ਹਨ। [4]ਆਪਣੇ ਮਰਨ ਤਕ ਜਿਤਨੇ ਮਾਰੇ ਜਾਂਦੇ ਹਨ। [5]ਬਲ ਨਾਲ ਤਾਣਦੇ ਹਨ।

॥ ੧੬ ॥ ਹਾਥ ਦੇਇ ਪ੍ਰਭੁ ਰਾਖਤਿ ਸਭਿ ਤੇ ਫਿਰਤਿ ਬੀਰ ਉਤਲਾਵਾ। ਖੜਗ ਨਿਕਾਸੇ ਬਾਢਤਿ ਸ਼ੱਤ੍ਰਨਿ ਜਨੋਂ ਲਾਗੀ ਬਨ ਦਾਵਾ ॥ ੧੭ ॥ ਛਿਨ ਮਹਿਂ ਨਿਕਸ ਜਾਤਿ ਹੈਂ ਬਿਚ ਤੇ ਦੂਤੀ ਦਿਸ਼ਾ ਜਬਿ ਜਾਵੈਂ। ਖੜਗ ਕੜਾ-ਕੜ ਮਾਰ ਮਚੈ ਜਬਿ ਮਹਾਂ ਰੌਰ ਤਬਿ ਪਾਵੈਂ॥੧੮॥ਜਨੁ ਖੇਲਤਿ ਹੈਂ ਬਾਲਕ ਸੰਗੇ ਅਤਿ ਅਨੰਦ ਉਮਗੰਤੇ। ਜੀਤ ਜਾਤਿ ਹੈਂ ਜਿਤ ਕਿਤ ਹ੍ਵੈ ਕੈ ਪੁਨ ਧਾਵਤਿ ਚਪਲੰਤੇ ॥ ੧੯ ॥ ਖੜਗਨ ਕੀ ਚਹੁ ਦਿਸ਼ਾ ਛਾਂਵ ਭੀ ਬਾਹਤਿ ਹੈਂ ਚਹੁੰਫੇਰੇ।ਪਟੇ ਬਾਜ ਕੀ ਬਿੱਦਯਾ ਕਰਿ ਕਰਿ ਘਾਤ ਕਰੇ ਕਰਿ ਗੇਰੇ ॥ ੨੦ ॥ ਬਹੀ ਰਕਤ ਕੀ ਸਲਿਤਾ ਜਿਤ ਕਿਤ ਲੋਥਨਿ ਕੇ ਅੰਬਾਰਾ। ਕਹੂੰ ਕਿ ਸਿਰ ਕਿੰਦਕ ਸਮ ਰੋਢਤਿ ਕਰ ਪਗ ਡੰਡਨ ਮਾਰਾ[1] ॥ ੨੧ ॥ ਗ੍ਰਿੱਧ ਬ੍ਰਿੱਧ ਭੁੱਖਯਨਿ ਕਰਿ ਆਮਿਖ ਬੈਠੀ ਕਿਤਿਕ ਨ ਡੋਲੈਂ। ਅੰਤਰ ਸੂਰਨ ਬੁਟੀਆਂ ਉਛਲਤਿ[2] ਯਾਂ ਤੇ ਚੀਂਕਤਿ ਬੋਲੈਂ ॥ ੨੨ ॥ ਕਾਕ ਕੰਕ ਕੀ ਕੂਕੈਂ ਕੂਕਹਿਂ[3] ਜੰਬੁਕ ਬੋਲਿ ਸੁਨਾਵੈਂ। ਐਂਚਤਿ ਲੋਥਨ ਆਮਿਖ ਕਾਟਹਿਂ ਰੁਧਰ ਪਾਨ ਪਲ ਖਾਵੈਂ ॥ ੨੩ ॥ ਭੂਤ ਪਿਸ਼ਾਚ ਪ੍ਰੇਤ ਡਕਰਾਵਤਿ ਸ਼੍ਰੋਣਤ ਮਾਸ ਅਘਾਏ। ਖੱਪਰ ਭਰੈਂ ਜੋਗਨੀ ਤ੍ਰਿਪਤੈਂ ਗੁਰ ਬਿਨ ਕੌਨ ਰਜਾਏ*॥ ੨੪ ॥

ਚਹੁੰ ਦਿਸ਼ਿ ਦੁੰਦਭਿ ਬਜਹਿਂ ਘਨੇਰੇ ਪਟਹਿ ਢੋਲ ਸ਼ਹਿਨਾਈ। ਬਿਸਮਹਿ ਭੁਏ ਦੇਖਿ ਕਰਿ ਰਣ ਕੋ ਤੁਰਕਨ ਦਲ ਸਮੁਦਾਈ ॥੨੫॥ ਕਿੰਨਰ ਗੰਧ੍ਰਬ ਸਿੱਧ ਅਪਸਰਾ ਹੇਰਿ ਹੇਰਿ ਹੈਰਾਨੇ। 'ਕਹਾਂ ਛੁਧਤਿ ਨਰ ਰੱਤ੍ਰਾਰਿਸਹਿ[4] ਕਹਿਂ ਦਸ ਲਖ ਬਲਵਾਨੇ ॥ ੨੬ ॥ ਇਤੋ ਜੰਗ ਮੰਡਯੋ ਰਿਪੁ ਮਾਰਨਿ

---

[1]ਕਿਤੇ ਕੁ ਸਿਰ ਗੇਂਦਾਂ ਵਾਂਗ (ਰਿੜ੍ਹਦੇ ਜਾ) ਰੁੜ੍ਹਦੇ ਫਿਰਦੇ ਹਨ ਤੇ ਹੱਥ ਪੈਰ ਭਾਵ ਬਾਹਾਂ ਤੇ ਲੱਤਾਂ (ਐਉਂ ਪਈਆਂ ਹਨ, ਜਿਵੇਂ ਗੇਂਦਾਂ ਨੂੰ) ਮਾਰਨ (=ਦੇੜ੍ਹਨ) ਵਾਲੇ ਡੰਡੇ। [2](ਗਿਰਝਾਂ ਦੇ) ਅੰਦਰ ਸੂਰਮਿਆਂ ਦੀਆਂ ਬੋਟੀਆਂ ਉਛਲਦੀਆਂ ਹਨ। [3]ਕੂਕਾਂ ਕੂਕੇਂਦੀਆਂ ਹਨ। [4]ਬਾਲੀ।

*ਰਣਭੂਮੀ ਵਿਚ ਸ਼ਿਕਾਰੀ ਜਾਨਵਰ ਆਉਂਦੇ ਹਨ ਸੋ ਹਿੰਦੁਸਤਾਨੀ ਕਾਵਯ ਦਾ ਸੰਕੇਤ ਹੈ ਕਿ ਰਣਭੂਮੀ ਦੇ ਵਰਣਨ ਵਿਚ ਵੀਭਤਸ ਦਰਸ਼ਨ ਕਰਾਉਣ ਲਈ ਸ਼ਿਕਾਰੀ ਜਾਨਵਰਾਂ ਪੰਛੀਆਂ ਤੇ ਗੁਪਤ ਵਜਕਤੀਆਂ ਦਾ ਜ਼ਿਕਰ ਜ਼ਰੂਰ ਕਰਨਾ। ਇਸ ਲਈ ਹਿੰਦੀ ਦੇ ਸਾਰੇ ਕਵੀ ਇਸ ਸਮੇਂ ਇਹ ਵਰਣਨ ਜ਼ਰੂਰ ਵਿਚ ਲਿਆਉਂਦੇ ਹਨ। ਜੈਸੇ ਸਰੋਵਰਾਂ ਦੇ ਵਰਣਨ ਵਿੱਚ ਹੰਸ, ਕੰਵਲ ਆਦਿ ਲਿਆਉਂਦੇ ਹਨ। ਰਣ ਮੈਦਾਨ ਦੀ ਭਯਾਨਕਤਾ ਤੇ ਵੀਭਤਸਤਾ ਦਾ ਅਸਰ ਇਸ ਵਿਚ ਦਰਸਾਇਆ ਜਾਂਦਾ ਹੈ। ਅਕਸਰ ਇਹ ਵੀਭਤਸ ਰਸ ਦਾ ਰੂਪ ਬੰਨ੍ਹਕੇ ਜੰਗ ਦੇ ਵਰਣਨ ਵਿਚ ਪਾਠਕ ਨੂੰ ਸਾਹ ਮਿਲਦਾ ਹੈ ਤੇ ਉਸਤੋਂ ਬਾਦ ਕਵੀ ਹੋਰ ਹਾਲ ਲਿਖਦੇ ਹਨ।

ਮਿਰਤਕ ਕਰੇ ਹਜ਼ਾਰੋਂ । ਕਿਤਿਕ ਸਮੋ ਬੀਤਯੋ ਇਨ ਲਰਤੇ ਫੇਰ ਲਗੇ ਦਿਸ਼ ਚਾਰੋਂ' ॥ ੨੭ ॥ ਜ਼ੋਰਾਵਰ ਸਿੰਘ ਬਡ ਜ਼ੋਰਾਵਰ ਕਰਿ ਕਰਿ ਜ਼ੋਰ ਦਿਖਾਯੋ । ਮਾਰਿ ਹਜ਼ਾਰੋਂ ਰਿਪੁ ਗਨ ਕੋ ਪੁਨ ਜੰਗ ਬੀਚ ਲੁਪਤਾਯੋ ॥ ੨੮ ॥ ਦੇਖਿ ਰਹੇ ਦੁਸ਼ਮਨ ਦਸ ਦਿਸ਼ ਕੋ ਭਯੋ ਅਦ੍ਰਿਸ਼ਟਿ ਤਦਾਈ ॥ ਜੁਗ ਨੰਦਨ ਜਬਿ ਜੂਝੇ ਰਣ ਮਹਿਂ ਸਿੰਘਨ ਅਰਜ਼ ਲਗਾਈ॥੨੯॥'ਮਹਾਂ-ਰਾਜ ! ਅਬਿ ਦੇਖਤਿ ਕਯਾ ਹਹੁ ਨਿਕਸਹੁ ਤਜਹੁ ਅਖਾਰਾ ।ਦਗ਼ਾ ਦੁਸ਼ਟ ਨੈ ਕੀਨਸਿ ਪਕਰਨ ਕੈਂ ਰਨ ਕਰਨ ਸੰਘਾਰਾ॥ ੩੦ ॥ ਹਮੋ ਸਾਰਖੇ ਸਿਖ ਲੱਛ ਹੋਵਹਿਂ ਕਸ਼ਲੀ ਤੁਮਹਿਂ ਸਰੀਰਾ।ਘਨੋ ਜੰਗ ਘਾਲਯੋ ਘਮਸਾਨਾ ਲਾ-ਖਹੁੰ ਹਤਿ ਕਰਿ ਬੀਰਾ॥੩੧॥ਜਿਤੇ ਵਹਿਰ ਨਿਕਸੇ ਲਰਿਬੇ ਹਿਤ ਅੰਤ ਸਮੇਂ ਸਭਿ ਹੋਇ । ਲਾਖਹੁੰ ਦਲ ਦੇਖਹੁ ਅਬਿ ਉਮਡੇ ਰਹੈਂ ਦੁਰਗ ਪਰ ਢੋਇ' ॥ ੩੨ ॥ ਸੁਨਿ ਸਤਿਗੁਰ ਬਿਕਸੇ ਸ਼੍ਰੀ ਮੁਖ ਤੇ* 'ਦਿਖਹੁ, ਤਜੈਂ ਹਮ ਬਾਨਾ' । ਧਰਯੋ ਧਨੁਖ ਪਰ ਕੂਦਤਿ ਤਯਾਗਯੋ ਗਮਨਯੋਂ ਗਾਜ ਸਮਾਨਾ ॥ ੩੩ ॥ ਔਗ੍ਰ ਵਧੇ ਆਵਤਿ ਜੋ ਗੜ੍ਹ ਕੋ ਗਿਰੇ ਨਰਨ ਉਥਲੈ ਕੈ । ਦਸ ਹਜ਼ਾਰ ਕੋ ਪ੍ਰਾਨ ਅੰਤ ਭ੍ਵਾ ਰਹੇ ਮਨੋ ਸੁਪਤੈ ਕੈ ॥੩੪॥ ਬਿਸਮ ਭਏ ਠਟਕੇ[1] ਦਲ ਅਰਿ ਕੇ ਔਗ੍ਰ ਨ ਕੋ ਭਟ ਹੋਵਾ।ਮਹਾਂ ਗਜ਼ਬ ਕੋ ਲਗਯੋ ਤਮਾਚਾ ਅਦਭੁਤ ਅਤਿ-ਸ਼ੈ ਜੋਵਾ॥੩੫॥ਦੂਰ ਦੂਰ ਕਰਿ ਫਰਕ ਥਿਰੇ ਸਭਿ ਕਹੈਂ 'ਨਿਕਟ ਨਹਿਂ ਜਾਵੈ। ਨਿਕਟ ਢੁਕੇ ਤਤਕਾਲ ਪ੍ਰਾਨ ਹਤਿ ਨਾਹਕ ਜਾਨ ਗਵਾਵੇ ॥ ੩੬ ॥ ਆਪੇ ਨਿਕਸ ਪਰੈਂ ਹ੍ਵੈਂ ਹਤਿ ਅਬਿ ਦੇਰ ਨ ਜਾਨਹੁੰ ਕੋਈ।ਬੀਤ ਗਯੋ ਲਰਤੇ ਦਿਨ ਸਾਰੋ ਆਨਿ ਜਾਮਨੀ ਹੋਈ ॥੩੭॥ ਤਿਮਰ ਬਿਖੈ ਦਿਹੁ ਦੂਰ ਤਲਾਵਾ[2] ਘੇਰ ਰਖਹੁ ਚਹੁੰ ਘਾਈ'॥ ਇਮ ਮਤ ਕਰਿ ਕੈ ਹਟਕ ਰਹੇ ਤਬਿ ਠਾਨਿ ਅਧਿਕ ਤਕਰਾਈ॥੩੮॥ ਭੈ ਧਰਿ ਨਿਕਟ ਨ ਹੋਵਨ ਪਾਵੈਂ, ਦੂਰ ਦੂਰ ਕਰਿ ਘੇਰਾ।

---

[1]ਠਿਟਕ ਗਏ । [2]ਰਾਤ ਦੀ ਗਸ਼ਤੀ ਫੌਜ ਦਾ ਪਹਿਰਾ [ਤੁ:, ਤਲਾਯਾ] ।

*ਕੌਣ ਹੈ ਜੋ ਇਸ ਮਹਾਨ ਵਿਸ਼ਾਲ ਵਜਕਤੀ ਦੇ ਦਿਲ ਦਾ ਅੰਦਾਜ਼ਾ ਲਾ ਸਕਦਾ ਹੈ । ਰਾਜਧਾਨੀ ਤਬਾਹ ਹੋ ਚੁਕੀ ਹੈ, ਲਸ਼ਕਰ ਖਪ ਚੁਕਾ ਹੈ, ਪਰਵਾਰ ਵਿਛੁੜ ਚੁਕਾ ਹੈ, ਪਜਾਰੇ ਮਰ ਚੁਕੇ ਹਨ, ਲਾਇਕ ਹੋਣ ਹਾਰ ਸੂਰਮੇ ਪੁੱਤ੍ਰ ਅੱਖਾਂ ਦੇ ਸਾਹਮਣੇ ਸਚਖੰਡ ਜਾ ਢੁਕੇ ਹਨ, ਫਿਰ ਇਕ ਅਥਰੂ ਨਹੀਂ ਕਿਰਦਾ, ਹੌਸਲਾ ਨਹੀਂ ਹਰਦਾ, ਦਿਲ ਥਵੀਂ ਨਹੀਂ ਛਾਉਂਦੀ, ਬੀਰਤਾ ਦਾ ਕਮਾਲ ਰਸ ਇਸ ਵੇਲੇ ਭੀ ਹਸਾ ਰਿਹਾ ਹੈ ਤੇ ਹੋਰ ਜੁੱਧ ਦੇ ਉਤਸਾਹ ਨਾਲ ਉੱਛਿਆਂ ਕਰ ਰਿਹਾ ਹੈ । ਦਸਮੇਂ ਸਤਿਗੁਰੂ ਜੀ ਦੀ ਸ਼ਖਸੀਅਤ ਨੂੰ ਉਨ੍ਹਾਂ ਦੇ ਜੀਵਨ ਦੁਲਾਰੇ ਤੇ ਅਮਿੱਤ ਉਮਾਹ ਤੇ ਓਜ ਨੂੰ ਫਿਰ ਰੂਹਾਨੀ ਕਮਾਲ ਤੇ ਅਲੂਹੀਅਤ ਨੂੰ ਸਮਝ ਸਕਣਾ ਬੜਾ ਕਠਨ ਹੈ ।

ਬਿਸਮਾਵਤਿ ਬਾਤਨ ਕੋ ਕਰਿਕੈ 'ਇਮ ਗੁਰ ਹਿੰਦ ਬਡੇਰਾ ॥ ੩੯॥ ਲਾਖਹੁੰ ਲਸ਼ਕਰ ਲਰਿ ਅਟਕਾਏ ਸੁਨੇ ਸੰਗ ਨਰ ਚਾਲੀ। ਕਈ ਹਜ਼ਾਰ ਲਾਖ ਲੌ ਲਖੀਅਤਿ ਘਾਇਲ ਮਰੇ ਬਿਸਾਲੀ'॥੪੦॥ ਇੱਤਯਾਦਿਕ ਬਹੁਂਭਨੈਂ ਬਾਰਤਾ, ਬੈਠਿ ਰਹੇ, ਕੋ ਠਾਂਵੇ। ਗਹਿ ਆਯੁਧ ਸਵਧਾਨ ਹੋਇ ਕਰਿ ਫਿਰਤਿ ਚਹੂੰ ਦਿਸ਼ਿ ਗਾਵੇ ॥ ੪੧॥ ਅਰਧ ਨਿਸ਼ਾ ਕੋ ਗਮਨਤਿ ਆਏ ਸਕਲ ਦਿਵਸ ਲਰਿ ਹਾਰੇ।ਕੁਛਨ ਚਲਨੇ ਬਸ ਸ਼੍ਰਮਤਿ ਭਏ ਸਭਿ ਭੂਖ ਤ੍ਰਿਖਾ ਤਨ ਧਾਰੇ ॥ ੪੨ ॥ ਅਪਰ ਕੌਨ ਮਹਿਂ ਸ਼ਕਤਿ ਇਤੀ ਕਰਿ ਲਾਖਹੁਂ ਸੰਗ ਲਰਾਈ। ਸੁਕਚਤਿ ਰਹੇ ਨ ਅਜ਼ਮਤ ਕਰਤੇ ਕਲੀ ਕਾਲ ਵਰਤਾਈ।॥੪੩॥ ਹੁਕਮ ਅਕਾਲ ਪੁਰਖ ਕੋ ਮਾਨਤਿ ਕਰਾਮਾਤ ਕਲਿ ਕਾਲਾ। ਨਹਿਂ ਦਿਖਾਵਨੀ ਨੀਕੀ ਮਾਨਹਿਂ, ਰਾਖਨ ਗੋਪ ਬਿਸਾਲਾ ॥ ੪੪ ॥ ਦਸ ਹਜ਼ਾਰ ਇਕ ਬਾਰ ਮਾਰਕਰਿ ਪੁਨ ਨ ਕੀਨਿ ਦਲ ਨਾਸ਼ਾ।ਰਾਗ ਦ੍ਵੈਖ ਤੇ ਹਰਖ ਨ ਸ਼ੋਕਾ ਮਨ ਸਮਤਾ ਜਿਸ ਬਾਸਾ ॥੪੫॥ ਸਭਿ ਕੁਟੰਬ ਤੇ ਭਏ ਨਿਰਾਲਮ ਸ਼ੋਕ ਨ ਲੇਸ਼ ਉਪਾਵਾ। ਸਰਬ ਕਲਾ ਸਮਰਥ ਗੁਰ ਪੂਰਨ ਚਹੈਂ ਸੁ ਲੇਹਿਂ ਬਨਾਵਾ॥੪੬॥ ਅਜਰ ਜਰਨ ਅਸ ਗੁਰ ਬਿਨ ਕਿਸ ਮਹਿਂ ਛਿਮਾ ਧਰਮ ਅਪਰਾਧੂ[1]।ਬ੍ਰਹਮ ਗਯਾਨ*ਆਵਸਥਾ ਕੀ ਗਤਿ ਦਿਖਰਾਈ ਸ਼ੁਭ ਸਾਧੂ[2]॥੪੭॥ਧੰਨ ਧੰਨ ਸਤਿਗੁਰ ਕੀ ਮਹਿਮਾ ਕੌਨ ਭੇਵ ਅਸ ਜਾਨੈ। ਸਰਬੱਗਯਨਿ ਕੀ ਗੂਢ ਬਾਰਤਾ ਕਿਮ ਅਲਪੱਗਯ ਬਖਾਨੈ[3]॥੪੮॥ਬਾਰਬਾਰ ਸਿੰਘਨਿ ਕੇ ਕਹਿਬੇ ਨਿਕਸਨ ਕੀ ਕਰਿ ਤਯਾਰੀ।ਚਹੈਂ–ਖਾਲਸੇ ਦੇਂ ਅਬਿ ਟੀਕਾ ਘਾਲੀ ਘਾਲ ਉਦਾਰੀ– ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਜ਼ੋਰਾਵਰ ਸਿੰਘ ਜੰਗ' ਪ੍ਰਸੰਗ ਬਰਨਨੰ ਨਾਮ ਚਤ੍ਵਾਰਿੰਸਤੀ ਅੰਸੂ ॥ ੪੦ ॥

੪੧. [ਪੰਥ ਨੂੰ ਗੁਰਤਾ। ਚਮਕੌਰੋਂ ਨਿਕਲਣਾ]।

ਦੋਹਰਾ॥ ਸੰਧ੍ਯਾ ਭਈ ਬਿਭੀਖਨਾ[4] ਬੋਲਤਿ ਬ੍ਰਿੰਦ ਗੁਮਾਯ[5]। ਪੰਚ ਬੀਰ

[1]ਅਪਰਾਧੀਆਂ ਤੇ ਛਿਮਾ ਦਾ ਧਰਮ ਧਾਰਨਾ। [2]ਬ੍ਰਹਮ ਗਿਆਨ ਦੀ ਸ਼ੁਭ ਅਵਸਥਾ ਦੀ ਹਾਲਤ ਸਾਧੂਆਂ ਨੂੰ ਦਿਖਲਾਈ ਹੈ। (ਅ) ਅਥਵਾ ਸ਼ੁਭ ਸਾਧੂਆਂ ਨੂੰ। [3]ਸਰਬੱਗ ( ਪੁਰਖਾਂ ) ਦੀ ਗੁਪਤ ਗਲ ਨੂੰ ਅਲਪੱਗ ਕਿਵੇਂ ਕਹਿ ਸਕਦੇ ਹਨ। [4]ਭਯਾਨਕ। [5]ਗਿੱਦੜ [ਸੰਸ:, ਗੋਮਾਯ]।

*ਗੁਰ ਸਿਖਾਂ ਨੂੰ ਕਵੀ ਜੀ ਦੇ ਵਰਤੇ ਪਦ 'ਬ੍ਰਹਮ ਗਯਾਨ' ਦਾ ਅਰਥ ਇਸ ਟਿਕਾਣੇ ਤੇ ਸਮਝਣਾ ਚਾਹੀਏ। ਨਿਰੇ ਵਾਚ ਗਯਾਨੀ ਨੂੰ ਬ੍ਰਹਮ ਗਯਾਨੀ ਕਹਿਣਾ ਮਹਾਨ ਪਾਪ ਹੈ। ਇਹ ਪਦ ਕਵੀ ਜੀ ਨੇ ਮਹਾਨ ਉੱਚਾ ਸੁੱਚਾ ਤੇ ਪਵਿੱਤ੍ਰ ਕਰ ਦਿਤਾ ਹੈ ਇਥੇ ਵਰਤਕੇ। ਕ੍ਰਿਯਾ ਕਰਦਾ ਲਿਪਾਇਮਾਨ ਨਾ ਹੁੰਦਾ, ਦੁੱਖ ਤੇ ਦੁੱਖ ਝੱਲਦਾ ਤੇ ਸਰਬਸ ਅਰਪਦਾ ਅਡੋਲ ਰਹਿੰਦਾ ਤੇ ਅਕਾਲ ਪੁਰਖ ਨਾਲ ਮਿਲਿਆ ਗਯਾਨੀ, ਬ੍ਰਹਮ ਗਯਾਨੀ ਕਹਾ ਸਕਦਾ ਹੈ।

ਗੁਰ ਤੀਰ ਤਕਿ [illegible] ਸਾਵ [illegible] ਸੁਨਾਇ॥ ੧ ॥ ਸੈਯਾ ਛੰਦ॥ ਦਯਾ ਸਿੰਘ ਅਰੁ ਧਰਮ ਸਿੰਘ [illegible] ਸਿੰਘ ਤੀਜੋ ਬਰ ਬੀਰ । ਸੰਗਤ ਸਿੰਘ, ਸੰਤ ਸਿੰਘ ਪੰਚਮ, [illegible] ਖਿਨਾਯੋ [illegible] ਕਰਿ ਧੀਰ। ਗੁਰਤਾ ਅਰਪਨਿ ਲਗੇ ਖਾਲਸੇ†ਪੰਚ ਸਿੰਘ ਜਹਿ ਸੋਹਿ ਸ਼ਰੀਰ। 'ਪੰਚਹੁੰ ਮਹਿ ਨਿਤ ਵਰਤਤਿ ਮੈਂ ਹੌਂ ਪੰਚ ਮਿਲਹਿ ਸੋ ਪੀਰਨ ਪੀਰ ॥੨॥ ਗੁਰ ਘਰ ਕੀ ਮਿਰਜਾਦਾ ਪੰਚਹੁ ਪੰਚਹੁੰ ਪਾਹੁਲ ਪ੍ਰ[illegible] ਪੀਨ [illegible] ਤਨਖਾਹੀਆ ਬਖਸ਼ਹਿ ਪੰਚਹੁ,ਪਾਹੁਲ ਦੇਂ ਮਿਲਿ ਪੰਚ ਪ੍ਰਬੀਨ। ਲਖਹੁ ਪੰਚ ਕੀ ਬਡ ਬਡਿਆਈ ਪੰਚ ਕਰਹਿਂ ਸੋ ਨਿਫਲ ਨ ਚੀਨ । ਭੋਜਨ [illegible] ਪੰਚਨ ਅਰਪਹਿਂ ਅਰਜ਼ ਕਰਹਿਂ ਤਿਨ ਬਾਂਛਤਿ ਲੀਨ'॥ ੩ ॥ ਇਮ ਪੰਚਨ ਕੀ ਮਹਿਮਾ ਕਹਿਕੈ ਤੀਨ ਪ੍ਰਕ੍ਰਮਾ ਫਿਰਿ ਕਰਿ ਦੀਨਿ।ਅਰਪੇ ਸ਼ਸਤ੍ਰ ਜਿਗਾ ਅਰੁ ਕਲਗ਼ੀ ਨਿਜ ਕਰ ਤੇ ਸਿਰ ਬੰਧਨਿ ਕੀਨਿ।ਸ਼ਸਤ੍ਰ ਗਾਤ੍ਰੇ ਤਬਿ ਪਹਿਰਾਏ ਕਟ ਕਸਾਇ ਕਰਿ ਬਿਲਮ ਬਿਹੀਨ।ਸ੍ਰੀ ਵਾਹਿਗੁਰੂ ਜੀ ਕਾ ਖਾਲਸਾ† ਫਤੇ ਵਾਹਿਗੁਰੂ ਜੀ ਕੀ ਚੀਨ ॥ ੪॥ਪੰਚਹੁੰਸਿੰਘਨਿ ਹਾਥਜੋਰਿ ਕਹਿ:—'ਰਾਵਰਿ ਚਰਨਨ ਅਰਪੇ ਸੀਸ।ਹਮ ਜੈਸੇ ਤੁਮ ਕਹੁ ਜਨ ਲਾਖਹੁਂ, ਹਮ ਕੌ ਤੁਮ ਏਕੈ ਜਗਦੀਸ਼।ਬ੍ਰਿੰਦ ਕ੍ਰਿਪਾਲ ਕ੍ਰਿਪਾ ਕਰਿ ਤਾਰੇ [illegible]ਬ੍ਰਿੰਦ ਜਿਮ ਕਾਨਨ ਕੀਸ[2] । ਜਿਮ ਤੁਮ ਬਡੇ ਬਡੀ

[1]ਪੀਤਾ । [2]ਬਨ ਦੇ ਬਾਂਦਰ । *ਗੁਰੂ ਜੀ ਦੇ ਵਿਸ਼ਾਲ ਤੇ ਉੱਚ ਦਿਮਾਗ ਨੇ ਆਪਣੀ ਵਜਕਤੀ ਤੇ ਆਪਣੇ ਆਦਰਸ਼ ਨੂੰ ਪ੍ਰਿਥਵੀ ਤੇ ਅਮਰ ਰੂਪ ਦੇ ਦਿਤਾ ਸੀ,ਇਸ ਵਾਸਤੇ ਆਨੰਦਪੁਰ ਦੇ ਕਿਲ੍ਹੇ ਵਿਚ ਬੀ ਅੰਤ ਤਕ ਜੂਝਦੇ ਰਹਿਣ ਦਾ ਦਾਈਆ ਸੀ ਤੇ ਅੱਜ ਵੀ ਪੁੱਤ੍ਰਾਂ ਤਕ ਸ਼ਹੀਦ ਕਰਾ ਦਿਤੇ ਤੇ ਆਪ ਬੀ ਰਣ ਵਿਖੇ ਜੂਝਦੇ ਸ਼ਰੀਰ ਤਯਾਗਣ ਨੂੰ ਤਯਾਰ ਹਨ।ਗੁਰੂ ਜੀ ਨੇ ਆਪਣਾ ਆਦਰਸ਼ ਬੰਨ੍ਹਕੇ 'ਖਾਲਸੇ' ਦੇ ਰੂਪ ਵਿਚ ਮੂਰਤੀ ਮਾਨ ਕਰ ਦਿਤਾ ਹੈ,ਜਿਸ ਨੇ ਸਦਾ ਜੀਉਣਾ ਹੈ। ਜਿਤਨੀ ਸੂਰਤਾ, ਕੁਰਬਾਨੀ, ਨਿਰਭੈਤਾ ਅਜ ਦਿਖਾਈ ਹੈ ਅਤੇ ਧਰਤੀ ਪਰ ਵਿਚਰਨ ਵਾਲੇ ਆਪਣੇ ਅਮਰ ਰੂਪ='ਖਾਲਸਾ' ਵਿਚ ਤਾਕਤ ਭਰੀ ਹੈ ਓਹ ਗੁਣ ਖਾਲਸੇ ਵਿਚ ਸਦਾ ਲਈ ਭਰੇ ਗਏ । ਜੋ ਕੁਝ ਅੱਜ ਗੁਰੂ ਜੀ ਨੇ ਕੀਤਾ ਹੈ ਇਹ ਕੌਮੀ ਕੈਰੈਕਟਰ (ਆਚਰਣ)ਬਣ ਗਿਆ। ਕੀਹ ਦੋਵੇਂ [illegible]ਪਾਣੇ, ਕੀਹ ਸ਼ਖਸੀ ਸ਼ਹੀਦੀਆਂ, ਕੀਹ ਟੁਸ਼ਹਿਦੇ ਦਾ ਜੁਧ; ਕੀਹ ਸਾਰਾ ਗੜ੍ਹੀ ਤੇ ਗੋਲੀ [illegible], ਖਾਲਸੇ ਵਿਚ ਇਹ ਚਮਕੌਰ ਦਾ ਅੱਜ ਦਾ ਸਾਕਾ ਸਦਾ ਕੌਮੀ ਕੈਰੈਕਟਰ ਹੋਕੇ ਚਮਕਿਆ। [illegible] ਦਾ ਆਦਰਸ਼ ਇਹ ਅੰਗ ਹੋ ਗਿਆ ਤੇ ਖਾਲਸੇ ਨੇ ਐਸੇ ਸਮਿਆਂ ਤੇ ਅਹਿੱਲ ਸੂਰਮਤਾ ਦਿਖਾਈ ਹੈ । ਹੁਣ ਦੇਖੋ ਗੁਰ ਜੀ ਜੋ ਚਮਕੌਰ ਤੋਂ ਨਿਕਲਣ ਲੱਗੇ ਹਨ ਤਾਂ ਬੀ ਆਪਣੇ ਵੱਧੇ ਅਸੂਲ ਦਾ ਚਮਤਕਾਰ ਦੱਸਦੇ ਹਨ । ਪੰਜ ਪਿਆਰੇ ਪੰਥ ਰੂਪ ਵਿਚ ਕਹਿ ਰਹੇ ਹਨ ਕਿ ਆਪ ਜ਼ਰੂਰ ਹੁਣ ਚਲੇਜਾਓ ਤੇ ਆਪ ਪ੍ਰਵਾਣ ਕਰ ਰਹੇ ਹਨ।ਇਸ ਕਰੜੇਵੇਲੇ ਆਪ ਜਾਣ ਤੋਂ ਪਹਿਲੋਂ ਆਪਣੇ ਸਰੂਪ ਖਾਲਸੇ ਨੂੰ ਗੱਦੀਦੇਣ ਲਗੇ ਹਨ,ਅਰਥਾਤ ਖਾਲਸੇ ਨੂੰ ਗੁਰਤਾ ਦੇਕੇ ਆਪਣਾ ਵਿਦਤ ਅਮਰ ਸਰਪ ਸਦਾ ਧਰਤੀ ਤੇ ਰੱਖਣ ਲੱਗੇ ਹਨ । †ਪਾ:—ਵਾਹਿਗੁਰ ਜੀ ਕਾ ਸ੍ਰੀ ਖਾਲਸਾ ।

ਬਡਿਆਈ ਕੌਨ ਸਕੈ ਲਖਿ ਸਭਿ ਗੁਨ [illegible] ਸ੍ਰੀ ਮੁਖ ਤੇ ਫੁਰਮਾਯਹੁ 'ਹਤਨ ਰਿਪੁਨ ਕੋ ਬਾਨ [illegible]। ਤਰਕਸ ਭਰੇ ਪਰੇ ਜੋ ਹੇਰਹੁ ਆਨੋ ਖੱਚਰ ਪਰ ਗਨ ਬਾਨ। [illegible] ਮੂਰਚਾ ਬੰਦੀ ਮਹਿਂ ਤੁਰਕਾਨ।[2] ਲੇ ਲੇ [illegible] ਦੀਅਹਿ ਸੋ ਕੀਜਹਿ ਹਾਨ[3] ॥੬॥ ਅਰੇ ਰਹੋ ਗਢ [illegible] ਸਭਿਕੇ ਬਰ ਮਾਨਿ ॥ ਤੀਨਹੁੰ ਸਿੰਘ [illegible] ਇਕ ਬੁੱਧਿ ਮਹਾਨ। ਇਨ ਕਰਨੇ ਹੈਂ ਕਾਰਜ [illegible] ਬਿਦੇਸ਼ਨਿ ਮਹਿ ਚਲਿ ਜਾਨ। ਨੌਰੰਗ ਕੋ ਇਕ ਰੰਗ ਰਹੈ [illegible] ਇਸ ਕੋ ਹਮ ਕਰਿ ਹੈਂ ਹਾਨ ॥੭॥ ਮਾਨ ਸਿੰਘ ਬਡ ਬੀਰ ਧਰਮਸਿੰਘ[4] ਇਮ ਕਹਿ ਕਹਿ ਉਰ ਆਨਦ ਧਾਰਿ। ਦੂਰ ਦੂਰ ਲਗਿ ਜੰਗ ਪਰੇ ਮ੍ਰਿਤ [illegible] ਸੁਮਾਰ[5]। ਕਈ ਹਜ਼ਾਰਨ ਕਈ ਤਲਾਵੈ[6] ਫਿਰੈਂ ਚੁਗਿਰਦੇ ਪੌਨ ਪੁਕਾਰ। ਕਈ ਹਜ਼ਾਰ ਹੇਲ ਕੋ ਉਮਡੇ ਜਥਾ ਦੇਵ ਉਡਗਨ ਪਰਵਾਰ ॥੮॥ [illegible] ਕਾਰ ਮਹਿਂ ਉਦਤਿ ਨਿਸਾਕਰ[7] ਖਿਰੀ ਚਾਂਦਨੀ ਚਹੁੰ ਦਿਸ [illegible] ਬਿਲੋਕਨ ਜਿਤ ਕਿਤ ਲਸ਼ਕਰ ਫੈਲ [illegible] ਜਨ ਪਾਰਾ [illegible] ਪਲੀਤੇ ਬਙਵਾ ਲਾਟਨ[9], ਬਾਜੀ ਨੱਕ੍ਰ [illegible] ਕਿ ਨਜੇ ਮਾਰ[10] [illegible] ਮੈਨਾਕ ਦੁਰਗ ਸਮ ਲਖੀਯਤਿ[12] ਇਮ ਸਤਿਗੁਰ ਚਹੂੰ ਓਰ ਨਿਹਾਰ ॥੯॥ ਪੰਚਹੁ ਮਹਿਂ ਕਲਗ਼ੀ ਕਿਹ ਦੀਨਸਿ ਸੋ ਨਿਰਨੈ ਸੁਨੀਐ ਮਨ ਲਾਇ। ਸਿਤ ਸਿੰਘਾਂ ਖੱਤ੍ਰੀ ਸਿਖ ਸ਼ੁਭ ਮਤਿ ਥਾਪਣੋ ਪੰਚਹੁੰ ਮਹਿਂ ਬਡਿਆਇ। ਤਿਸ ਕੋ ਗੁਰਤਾ ਅਰਪਨ ਕੀਨਸਿ ਪ੍ਰਥਮ ਖਾਲਸੇ ਮਹਿਂ ਤਿਨ ਪਾਇ। [illegible] ਬੰਧਾਇ ਬਿਠਾਇ ਅਟਾਰੀ [illegible] ਬੋਲੇ ਹਰਖਾਇ ॥ ੧੦ ॥ [illegible] ਕਹਤਿ

---

[1] ਗੁਣਾਂ ਦੇ ਸ੍ਵਾਮੀ ਹ [illegible], ਗੁਣਾਧੀਸ਼]। [2] ਜੋ ਵੱਡੇ [illegible] ਬੈਠੇ ਹਨ ਓਟਾਂ ਲੇ ਲੇਕੇ, [3] ਹੜੇ (ਉਹ [illegible]) ਇੱਸ ਪੇਣ ਮਾਰ ਦਿਓ। (ਅ) ਬੜੇ ਬ [illegible] ਬਲੀ ਹਨ। [4] ਨੁਰੰਗੇ ਦਾ ਹੁਣ ਇਕ ਰੰਗ ਬੀ ਨਹੀਂ ਰਹਿਣਾ [illegible] ਹਾਨ ਹੋ ਜਾਏਗੀ। [5] [illegible] ਤਾਈਂ ਤ੍ਰੈ ਗਿਣੇ ਹਨ ਜੋ ਨਾਲ ਰਹਿਣਗੇ ਧਰਮ ਸਿੰਘ, ਮਾਨ ਸਿੰਘ, ਤੇ ਦਇਆ ਸਿੰਘ। [5] ਜ਼ਖਮੀਆਂ ਦੀ। [6] ਪਹਿਰੇਦਾਰ [illegible] ਦੇ [illegible]। [7] ਚੰਦ੍ਰਮਾ। [8] ਸਮੁੰਦ੍ਰ। [9] (ਮਾਨੋ) [illegible] ਲਾਟਾਂ ਹਨ। [10] ਘੋੜੇ ਮਗਰ ਮੱਛ ਹਨ। [11] ਨੇਜ਼ੇ [illegible] ਸਰਪ ਹਨ। [12] ਕਿਲਾ ਮੈਨਾਕ ਪਹਾੜ [illegible] ਜਾਣੀਦਾ ਹੈ [ਮੈਨਾਕ=ਹਿਮਾਲੇ ਦਾ [illegible] ਇਕ ਪਹਾੜ ਹੈ ਜੋ ਇੰਦ੍ਰ ਤੋਂ ਡਰਕੇ ਸਮੁੰਦ੍ਰ [illegible] ਲੁਕਿਆ ਸੀ]।

*ਸਿੰਘਾਂ [illegible] ਦਾ ਕਮਾਲ ਤੱਕੋ। ਗੁਰਿਆਈ ਪਾਕੇ ਬੀ [illegible] ਨੀਵੇਂ ਹੋ ਰਹੇ ਹਨ ਅਰ ਨਿਜ ਨੂੰ ਹੀ ਸਿੱਖ [illegible] ਰਹੇ ਹਨ।

† [illegible] ਦੀਆਂ ਟੂਕਾਂ।

ਸੰਗਤ ਸਿੰਘ ਬੈਰਾਸੀ ਬੰਗਸ ਦੇਸ਼ ਬਿਖੈ ਤੇ ਆਇ*। ਤਿਸ ਕੋ ਕਰਯੋ ਸਥਾਪਨ ਤਿਸ ਛਿਨ ਗੁਰਤਾ ਦਈ ਜਿਗਾ ਪਹਿਰਾਇ। ਸਤਿਗੁਰ ਕੇ ਸਿਖ ਸੌਦਰ ਗੁਰਮੁਖ ਤਿਨ ਮਹਿੰ ਕੋਊ ਥਪਯੋ ਬਨਾਇ। ਤਿਸ ਪਰ ਬਾਦ ਨਹੀਂ ਕੁਛ ਧਰਨਹੁ ਦੋਨਹੁੰ ਕੇ ਲਿਹੁ ਚਰਨ ਮਨਾਇ†॥ ੧੧ ॥ ਸੁਨਹੁ ਕਥਾ ਆਗੇ ਜਿਮ ਬਰਤੀ ਚਹੁੰਦਿਸ਼ਿ ਧੁਨਿ ਦੁੰਦਭਿ ਸਮੁਦਾਇ। ਕਿਤ ਦਿਸ਼ਿ ਚਾਹਤਿ ਹੇਲ ਘਾਲਿਬੇ ਕਿਤ ਦਿਸ਼ ਮੁਰਚੇ ਕੋ ਨਿਕਟਾਇ[1]। ਕੂਕ ਪੁਕਾਰੈਂ ਕੇਤਿਕ ਦੌਰੇ ਹਲਾਹੂਲ ਤੇ ਰੌਰ ਉਠਾਇ। ਡਰਤਿ ਨਿਕਟ ਕੋ ਪਹੁੰਚਿਨ ਸੱਕਈ[2] ਤੱਕਈ[3] ਤੀਰਨ ਤੇ ਮਰਿ ਜਾਇ॥੧੨॥ ਸਾਵਧਾਨ ਬਨ ਦੇਤਿ ਤਲਾਵਾ[4] ਦੁੰਦਭਿ ਆਗੇ ਬਜਤਿ ਚਲੰਤਿ। ਛੁਟਹਿ ਤੁਫੰਗ ਖਤੰਗ ਕਿਲੇ ਦਿਸ਼ਿ ਪੌਰ ਤੁਰੰਗਮ ਸ਼ਬਦ ਉਠੰਤਿ। ਜਬਿ ਕੋ ਦਸ ਹਜ਼ਾਰ ਇਕ ਸਰ ਸੋਂ ਮਾਰਯੋ ਪਰਯੋ ਨ ਅੱਗ੍ਰ ਵਧੰਤਿ।ਬਹੁਰ ਜਾਮਨੀ ਸਮੈ ਬਿਲੋਕਯੋ ਨਿਜ ਨਿਜ ਥਾਨ ਥਿਰੇ ਡਰਪੰਤਿ ॥ ੧੩ ॥ ਕਰਹਿੰ ਪ੍ਰਤੀਖਨ[5]–ਹੁਇ ਭੁਨਸਾਰੇ ਗਢ ਪਰ ਹੇਲਾ ਕਰਹਿੰ ਉਦਾਰ। ਮਰੇ ਸਿੰਘ ਕੁਛ ਥੋਰੇ ਅਟਕੇ ਲਾਖੋਂ ਲਰ ਲਸ਼ਕਰ ਸੰਘਾਰਿ–।ਇਮ ਸਭਿ ਥਾਪ ਰਹੇ ਥਿਰ ਹ੍ਵੈ ਕਰਿ ਸੁਮਤਿ ਭਏ ਤਨ

---

[1]ਮੋਰਚੇ ਦੇ ਨੇੜੇ ਹੁੰਦੇ ਹਨ (ਵੈਰੀ)।[2]ਭਾਵੇਂ ਹ ਕਿ ਚਮਕੌਰ ਗੜ੍ਹੀ ਦੇ ਨੇੜੇ ਨਹੀਂ ਹੁੰਦੇ ਤਲਾਵਾ ਦੇਣ ਵਾਲੇ।[3]ਦੇਖਦਿਆਂ ਹੀ। [4]ਪਹਿਰਾ। [5]ਉਡੀਕ ਕਰਦੇ ਹਨ (ਵੈਰੀ)। *ਗੁਰ ਬਿਲਾਸ (ਕ੍ਰਿਤ ਭਾਈ ਸੁੱਖਾ ਸਿੰਘ) ਵਿਚ ਭਾਈ ਸੰਗਤ ਸਿੰਘ ਜੀ ਨੂੰ ਗੱਦੀ ਦਿੱਤੀ ਲਿਖਿਆ ਹੈ। †ਗੁ: ਪ੍ਰ: ਸੂਰਜ ਦੇ ਛਾਪੇ ਦੇ ੨ ਸਖੇ ਵਿਚ ਇਸ ਥਾਵੇਂ ਇਕ ਟੂਕ ਭਾਈ ਸੰਤ ਸਿੰਘ ਜੀ ਸੰਬੰਧੀ ਹੇਠਾਂ ਦਿੱਤੀ ਹੈ:–'ਸੰਤ ਸਿੰਘ ਅਟੋੜਾ ਮਾਝੇ ਦੇਸ ਪੱਟੀ ਨਗਰ ਦਾ ਨਿਵਾਸੀ ਸੀ ਇਸ ਦੇ ਪੁੱਤ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ੀਸ਼ ਹੋਇਆ, ਜੋ ਹੁਣ ਤਕ ਤਿਸਦੀ ਸੰਤਾਨ ਪਾਸ ਹੈ।' ਹੋਰ ਖੋਜ ਇਸ ਸੰਬੰਧੀ ਇਹ ਹੈ ਕਿ ਹਾੜਾ ਸਿੰਘ ਪਸ਼ੌਰ ਜਾ ਵਸਿਆ ਸੀ, ਓਥੇ ਇਹ ਹੁਕਮਨਾਮਾ ਹੈ ਜੋ ਹੁਣ ਮਾਈ ਝੁਕੀ ਪਾਸ ਹੈ, ਘਰ ਭਾ: ਉਤਮ ਸਿੰਘ ਦਾ ਹੈ, ਕੂਚਾ ਭਾਈਆਂ, ਮਹੱਲਾ ਗੰਜ। ਅਸਾਂ ਨੇ ਇਸ ਹੁਕਮਨਾਮੇ ਦੇ ਦਰਸ਼ਨ ਕੀਤੇ ਹਨ, ਇਸ ਤੋਂ ਤਾਂ ਪਤਾ ਭਾ: ਸੰਤ ਸਿੰਘ ਜੀ ਦਾ ਹੀ ਚਲਦਾ ਹੈ, ਪਰ ਵਿਚਾਰ ਇਹ ਹੈ ਕਿ ਭਾ: ਸੰਤ ਸਿੰਘ ਚਾਹੇ ਅਟੋੜ ਵੰਸੀ ਸੀ ਚਾਹੇ ਖੱਤ੍ਰੀ ਬੰਸੀ, ਚਾਹੇ ਕਲਗੀ ਜਿਗਾ ਭਾਈ ਸੰਤ ਸਿੰਘ ਦੇ ਲੱਗੀ ਤੇ ਚਾਹੇ ਭਾ: ਸੰਗਤ ਸਿੰਘ ਦੇ, ਜੋ ਕੁਛ ਕੀਤਾ ਗਿਆ ਖਾਲਸੇ ਦੀ ਹੈਸੀਅਤ ਵਿਚ ਖਾਲਸੇ ਪ੍ਰਤੀ, ਜ਼ਾਤ ਪਾਤ ਭੇਦ, ਦੇਸ਼ ਭੇਦ ਤਾਂ ਖਾਲਸੇ ਵਿਚ ਸਤਿਗੁਰੂ ਜੀ ਨੇ ਮੇਟ ਦਿੱਤਾ ਸੀ। ਸੋ ਦੁਇ ਸਾਹਿਬ ਭਾਈ ਸੰਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਸਾਡੇ ਸਤਿਕਾਰ ਯੋਗ ਖਾਲਸਾ ਹਨ। ਚਮਕੌਰ ਦਾ ਹਰ ਸ਼ਹੀਦ ਰਹਿੰਦੀ ਦੁਨੀਆਂ ਤਕ ਸਿਖ ਕੌਮ ਦਾ ਫਖਰ ਤੇ ਆਦਰਸ਼ਕ ਹੈ ਤੇ ਹਿੰਦੁਸਤਾਨ ਦੀ ਬੀਰਤਾ ਦਾ ਚਾਨਣ ਮੁਨਾਰਾ ਹੈ।

ਆਲਸ ਧਾਰਿ। ਗੁਰੂ ਜੰਗ ਕੋ ਕਰਹਿਂ ਸਰਾਹਨਿ 'ਬਡੋ ਬਹਾਦੁਰ ਬਹੁ ਹੁਸ਼ੀਆਰ' ॥੧੪॥ ਇਤ ਸਤਿਗੁਰ ਅਰ ਪੰਚੋ ਸਿੰਘਨਿ* ਤੀਰ ਤੁਫੰਗਨਿ ਕਰਹਿਂ ਪ੍ਰਹਾਰ। ਨਿਕਟ ਦਿਖਾਤਿ ਕੈ ਹਤਹਿਂ ਤਲਾਵੇ[1] ਲਗਿ ਲਗਿ ਗਿਰਹਿਂ ਤੁਰੰਗ ਸਵਾਰ। ਤ੍ਰਿਪਤਿ ਨ ਹੋਤਿ ਜੰਗ ਕਹੁ ਕਰਿ ਕਰਿ ਰਣ ਪ੍ਰਿਯ ਸ਼ੱਤ੍ਰਨਿ ਗਨ ਕੋ ਹਾਰ। ਆਟਨ ਪਰੇ ਅੰਗੁਸ਼ਟ ਅੰਗੁਰੀ[2] ਐਂਚਤਿ ਪਨਚ ਓਜ ਕੋ ਧਾਰਿ ॥ ੧੫ ॥ ਤਜੇ ਹਜ਼ਾਰਹੁਂ ਸਰ ਬਰਖਾਏ ਪੁਨ ਪੰਚਹੁ ਸਿੰਘ ਬਿਨਤੀ ਕੀਨਿ। 'ਨਿਕਸਹੁ ਸ਼੍ਰੀ ਪ੍ਰਭੁ! ਸਮੋ ਭਲੋ ਅਬਿ ਹਠ ਕੋ ਤਜਹੁ ਕਰੇ ਰਿਪੁ ਹੀਨ। ਦੇਖਹੁ ਸਗਰੇ ਸਿੰਘ ਗਏ ਖਪਿ ਇਕ ਰਾਵਰ ਕੇ ਪੰਥ ਅਧੀਨ[3]। ਜਹਾਂ ਬਿਰਹੁ ਪੁਨ ਰਚਹੁ ਹਜ਼ਾਰਹੁਂ ਬਿਰਹਿ ਖਾਲਸਾ ਜਗਤ ਪ੍ਰਬੀਨ' ॥ ੧੬॥ ਇੱਤਯਾਦਿਕ ਬਹੁ ਬਾਰ ਕਹਯੋ ਸਭਿ ਹਾਥ ਜੋਰਿ ਸਿਰ ਰਹੇ ਨਿਵਾਇ[4]। ਕ੍ਰਿਪਾ ਦ੍ਰਿਸ਼ਟਿ ਪਿਖਿ ਬਿਕਸੇ ਸਤਿਗੁਰ 'ਰਣ ਮਾਰਹਿ ਮਰਨੋ ਬਨਿ ਆਇ। ਪੰਥ ਹੋਨਿ ਕੀ ਸੋਚ ਨ ਧਰੀਅਹਿ ਕ੍ਰਿਪਾ ਅਕਾਲ ਕਾਲਕਾ ਮਾਇ†। ਪ੍ਰਥਮ ਖਾਲਸੇ ਕੋ ਬਚ ਮਾਨਯੋਂ ਤਜਿ ਅਨੰਦ ਪੁਰਿ ਬਿਲਮ ਨ ਲਾਇ॥੧੭॥ ਅਬਿ ਹਮ ਕਯੋਂ ਨਹਿ ਮਾਨਹਿਂ ਕਹਿਬੋ ਮਮ ਹਿਤ ਤਯਾਗੇ ਸਿੱਖਨਿ ਪ੍ਰਾਨ। ਤੁਮ ਦੋਨਹੁਂ ਤਯਾਗਹੁ ਤਰ ਸਰ ਖਰ[5] ਕਬਹੁਂ ਤੁਫੰਗ ਛੋਰਿ ਕਰਿ ਹਾਨ'। ਇਮ ਕਹਿ ਕਰਿ ਅਰੁ ਥਾਪੀ ਦੇ ਕਰਿ ਦੋਨਹੁਂ ਬੰਕੇ ਬੀਰ ਮਹਾਨ। ਗੁਰ ਸਮਸਰ ਬਧ, ਸ਼ਮਸ ਗੁਰੂ ਸਮ, ਪਰੇ ਦੂਰ ਤੇ ਸਮ ਪਹਿਚਾਨ[6] ॥ ੧੮ ॥ ਹਾਥ ਜੋਰਿ ਗੁਰ ਚਰਨ ਕਮਲ ਪਰ ਸਿਰ ਕੋ ਬਾਰ ਬਾਰ ਤਬਿ ਲਾਇ। ਭਏ ਸੁਚੇਤ ਮਝਾਰ ਅਟਾਰੀ ਤੂਰਨ ਤੀਰ ਤੁਫੰਗ ਚਲਾਇ। ਉਤਰੇ ਆਪ ਕ੍ਰਿਪਾਲ ਤਰੇ ਕਹੁ ਤੀਨਹੁਂ ਸਿੰਘ ਸੰਗ ਨਿਜ ਲਯਾਇ। ਪੌਰ ਠੌਰ ਕੀ ਓਰ ਨ ਗਮਨੇ ਦ੍ਵਾਰ ਅਲਪ ਜਿਸ ਪ੍ਰਵਿਸ਼ੇ ਆਇ[7] ॥ ੧੯ ॥ ਪਿਛਵਾਈ ਸੋ ਸਕਲ ਘਰਨ ਤੇ ਸਨੇ ਸਨੇ ਤਹਿਂ ਗੇ ਭਗਵਾਨ। ਤਕਰੇ ਤਹਾਂ ਕਿਵਾਰ ਅਸਿੰਜਤਿ ਸਾਂਕਰ ਦ੍ਰਿਢ ਕੈ ਕੁਲਫ ਮਹਾਨ। ਦੇਖਿ ਦਯਾ ਸਿੰਘ ਕਰ ਤੇ ਖੋਜੇ ਨਾਹਿਂ ਨਿਕਸਨ

[1]ਪਹਿਰੇਦਾਰਾਂ ਨੂੰ। [2]ਗੰਢਾਂ ਪੈ ਗਈਆਂ ਅੰਗੂਠੇ ਤੇ ਉਂਗਲੀ ਵਿਚ। [3]ਪੰਥ (ਖਾਲਸਾ) ਆਪ ਦੇ ਅਧੀਨ ਹੈ। [4](ਸਿਖ)ਨਿਵਾ ਰਹੇ। [5]ਦੋਵੇਂ ਚਲਾਓ ਬਹੁਤੇ ਤਿਖੇ ਤੀਰ। [6]ਇਕੋ ਜਿਹੇ,ਭਾਵ ਨੁਹਾਰ ਗੁਰੂ ਜੀ ਵਰਗੀ ਦਿੱਸ ਪੈਂਦੀ ਸੀ। [7]ਛੋਟਾ ਬੂਹਾ ਜਿੱਥੋਂ ਦੀ ਆਕੇ ਪ੍ਰਵੇਸ਼ੇ ਸਨ। *ਅਜੇ ਹਾਲ ਗੁਰੂ ਜੀ ਦੇ ਚਮਕੌਰੋਂ ਬਾਹਰ ਨਿਕਲਣ ਤੋਂ ਪਹਿਲੇ ਦਾ ਚਲ ਰਿਹਾ ਹੈ,ਇਸ ਕਰਕੇ ਪੰਜਾਂ ਸਿੱਖਾਂ ਦਾ ਤੀਰ ਚਲਾਉਣਾ ਕਿਹਾ ਹੈ। †ਕਾਲਕਾ ਲਈ ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਹੂਕ।

ਸੁਨੀਅਤਿ ਮਨਹੁ ਅਨੇਕ ਬਨੀ ਟਕਸਾਲ।ਭਈਆਖਰੀ ਬ੍ਰਿੰਦ ਗ਼ਾਰਕੀ[1], ਚਹੁੰਦਿਸ਼ ਥਲ ਚਮਕੌਰ ਕਰਾਲ॥ ੮ ॥ ਸਤਿਗੁਰ ਦਲ ਕੇ ਹੁਇ ਇਕ ਪਾਸੇ ਨਿਕਸਿ ਗਏ ਰਿਪੁ ਦ੍ਰਿਗ ਰਜ ਡਾਰਿ। ਦਤਿਯ ਦਿਸ਼ਾ ਕਹ ਤੀਨਹੁੰ ਸਿੰਘ ਜੁ ਬਿਛੁਰੇ ਪ੍ਰਭੁ ਤੇ ਭਏ ਸੁ ਪਾਰ।ਗਢ ਅੰਤਰ ਦੁਇ ਸਿੰਘ* ਤਿਸੀਬਿਧਿ ਤਜੇਂ ਤੁਫੰਗ ਸ਼ੀਘ੍ਰਤਾ ਧਾਰਿ।ਨਿਕਟ ਨ ਪਹੁੰਚੇ ਡਰਧਰਿ ਅਰਿ ਥਿਰ ਮਰੇ ਚਹੂੰ ਦਿਸ਼ ਪਰੇ ਸਥਾਰ ॥੯॥ ਸ੍ਰੀ ਗੋਬਿੰਦ ਸਿੰਘ ਨਿਕਸੇ ਬਾਹਰਿ ਸਭਿ ਲਸ਼ਕਰ ਤੇ ਹੁਇ ਕਰਿ ਪਾਰ।ਸਵਾ ਕੋਸ ਚਲਿ ਗਏ ਝੀਲ[2] ਮਹਿ ਤਹਾਂ ਤਰੋਵਰ ਜੰਡ ਨਿਹਾਰ।ਬੈਠਿ ਗਏ ਤਹਿ ਬਿਤੀ ਦੇਰ ਕਛੁ ਦ੍ਵੈ ਨਰ ਮਹਿਖੀ[3] ਖੋਜਨਹਾਰ।ਇਕ ਮਾਲਿਕ ਇਕ ਪਾਲਕ ਤਿਨ ਮਹਿੰ ਖੋਜਤਿ ਇਤ ਉਤ ਬਿਬਿਧ ਪ੍ਰਕਾਰ॥੧੦॥ ਰਾਤ ਚਾਂਦਨੀ ਇਕ ਤਹਿੰ ਦੇਖੇ ਬੈਠੇ ਗੁਰੂ ਬੰਦਨਾ ਗਾਇ। [4]'ਕੋ ਤੁਮ ਅਹੋ?' [5]'ਮਹਿਖ ਹਮ ਖੋਜਤਿ', ਸੁਨਿਤ ਦੂਸਰੇ ਕਹ੍ਯੋ ਸੁਨਾਇ[5]। 'ਕਿਹ ਸੰਗ ਬੋਲਤਿ ਮਹਿਖ ਕਿ ਪ੍ਰਾਪਤ ਮੈਂ ਜਾਵੌਂ ਕੈ ਨਾਹਿ ਅਗਵਾਇ?[6]'।'ਇਤ ਨਹਿ ਮਹਿਖੀ, ਸਤਿਗੁਰ ਬੈਠੇ, ਮੈਂ ਬੋਲ੍ਯੋ ਤਿਨ ਸਨ ਇਸ ਥਾਇ'[7]†'॥ ੧੧॥ "ਕਹਾਂ ਗੁਰੂ ਇਸ ਥਲ ਮਹਿਂ ਆਯੋ, ਗਢ ਮਹਿਂ ਘਿਰ੍ਯੋ ਲਰਤਿ ਬਡ ਜੰਗ। ਅਪਰ ਹੋਇ ਕੋ, ਤੈਂ ਨਾਹਿ ਜਾਨ੍ਯੋ[8]' ਸੁਨਿ ਬੋਲ੍ਯੋ[9] ਤੁਰਨ ਤਿਨ ਸੰਗ:–'ਘੇਰਾ ਛੋਰਿ ਨਿਕਸ ਕਰਿ ਆਏ', ਤਬਿ ਗੁਰ ਕਹ੍ਯੋ 'ਨ ਬੋਲ ਉਤੰਗ।ਆਉ ਪਦਾਰਥ ਤੋ ਕੋ ਦੇਵਹਿਂ' ਸੁਨਿ ਕਰਿ ਆਯੋ ਕਰਤਿ ਉਮੰਗ ॥ ੧੨ ॥ ਖੰਜਰ ਜਰ੍ਯੋ ਜਵਾਹਰ ਸੰਗੇ ਦਯੋ, ਲਯੋ[10] ਉਰ ਹਰਖ ਉਪਾਇ। ਚਹ੍ਯੋ–ਕਿ ਰੌਰਾ ਕਰੌਂ ਬੁਲਾਵੌਂ ਤੁਰਕ ਦੇਹਿਂ ਮਝ ਧਨ

---

[1]ਬਹੁਤੀ ਗ਼ਾਰਕੀ ਭਾਵ ਬੜਾ ਹੀ ਹਨੇਰ ਮੱਚ ਗਿਆ। [2]ਛੰਭ। [3]ਮੱਝੀਆਂ। [4]ਸਤਿਗੁਰੂ ਬੋਲੇ। [5](ਮਹਿੰ ਦਾ ਮਾਲਕ ਬੋਲਿਆ) 'ਅਸੀਂ ਮਹਿੰ ਲੱਭਦੇ ਹਾਂ' ਇਹ ਗਲ ਸੁਣਕੇ ਦੂਸਰਾ (ਭਾਵ ਨੌਕਰ ਜੋ ਪਿੱਛੇ ਆ ਰਿਹਾ ਸੀ ਉਸਨੇ) ਸੁਣਾ ਕੇ ਕਿਹਾ। [6]ਕਿਸ ਨਾਲ ਬੋਲਦਾ ਹੈਂ ਕੀ ਮੱਝ ਮਿਲ ਗਈ ਹੈ ? ਮੈਂ ਅੱਗੇ ਜਾਵਾਂ ਕਿ ਨਾ (ਭਾਲਣ ਹਿਤ)? । [7]ਮੈਂ ਇਥੇ ਉਨ੍ਹਾਂ ਨਾਲ ਬੋਲ ਰਿਹਾ ਸਾਂ। [8]ਨੌਕਰ ਬੋਲਿਆ। [9](ਮਾਲਕ) ਸੁਣਕੇ ਬੋਲਿਆ। [10]ਲੀਤਾ (ਮਹਿੰ ਵਾਲੇ ਨੇ)।

*ਤ੍ਵਾ: ਖਾ: ਵਿੱਚ ਲਿਖਿਆ ਹੈ ਕਿ ਚਮਕੌਰ ਸਾਹਿਬ ਵਿਚ ਸੰਤ ਸਿੰਘ ਸੰਗਤ ਸਿੰਘ ਤੋਂ ਛੁਟ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ ਚਾਰੇ ਚਹੁੰ ਨੁਰਜਾਂ ਵਿਚ ਬਿਠਾਏ, ਜੀਵਨ ਸਿੰਘ ਤੇ ਕਾਠਾ ਸਿੰਘ ਨਗਾਰਾ ਵਜਾਉਂਦੇ ਰਹਿਣ ਤੇ ਥਾਪਿਆ। ਗੋਯਾ ਦੋ ਨਹੀਂ ਅੰਦਰ ੮ ਸਿੰਘ ਛੱਡਕੇ ਗਏ ਹਨ।

†ਪਾ:–ਇਤ ਨਹਿੰ ਮਹਿਖਿ, ਮਹਿਖ ਪਤਿ ਬੋਲ੍ਯੋ, ਸਤਿਗੁਰੂ ਬੈਠੇ ਹੈਂ ਇਸ ਥਾਇ।

ਸਮੁਦਾਇ—। ਜਾਨਿ ਗੁਰੂ ਤਿਹ ਘਟਕੀ ਬੋਲੇ:—'ਔਰ ਦਰਬ ਕੁਛ ਦੇਂ ਸਮੁਦਾਇ'।ਕਰਿ ਲਾਲਚ ਕੋ ਢਿਗ ਜਬਿ ਪਹੁੰਚਯੋ ਕਹ੍ਯੋ 'ਧਰਹੁ ਖੰਜਰ ਇਸ ਥਾਇਂ' ॥੧੩॥ ਧਰਨਿ ਲਗ੍ਯੋ ਜਬਿ, ਉਲਟ ਚਪੇਟੈਂ ਮਾਰੀ ਗੁਰੂ, ਝੁਕ੍ਯੋ ਤਿਹ ਜਾਨਿ। ਮੁਖ ਪਰ ਲਗੀ ਭੁਗਨ ਭੇ ਦਸਨਾ[1] ਭਯੋ ਗੂੰਗ ਨਹਿਂ ਸਕੇ ਬਖਾਨ। ਸਾਥੀ ਦੁਤੀ ਬੁਲਾਵਤਿ ਬਹੁ ਬਿਧਿ 'ਕਹਾਂ ਭਯੋ ਰਹਿ ਗਈ ਜ਼ੁਬਾਨ?'।ਧਾਇ ਪਰਸਪਰ ਮਿਲੇ ਸੁ ਬੂਝੇ ਨਹਿਂ ਕੁਛ ਕਹ੍ਯੋ ਜਾਤਿ ਮਾਤ ਹਾਨ ॥ ੧੪ ॥ ਉਠਿ ਪ੍ਰਭੁ ਗਮਨ ਕੀਨ ਬਿਨ ਪੰਥਹਿ[2] ਸਨੇ ਸਨੇ [illegible] ਸਹਿਜ ਸੁਭਾਇ।ਰਹੇ ਇਕਾਕੀ, ਉਪਮਾ ਅਸ ਹੈ, ਸੀਯ ਲਖਣ ਬਿਨ [illegible] ਰਘੁਰਾਇ[3]। ਚਰਨ ਕਮਲ ਤੇ ਮਗ ਨ ਚਲੇ ਕਬਿ, ਬਹੁ ਅਸਵਾਰੀ ਰਹਿਂ ਅਗੁਵਾਇ। ਸ੍ਰਾਪ ਸਾਚ ਗਾਯਤ੍ਰੀ ਕੋ ਹੋਯੋ ਅਪਦਾ ਭੋਗੀ ਇਕ ਰਸ ਭਾਇ* ॥੧੫॥ ਕੇਤਿਕ ਕੋਸ ਗਏ ਮਗ ਚਰਨਨ ਸ੍ਰਮਤਿ ਭਏ ਸਤਿਗੁਰ ਇਕ ਥਾਨ। ਮਾਛੀਵਾਰੇ ਪਰੇ ਕਿਤਿਕ ਥਲ ਅਬਿ ਭੀ ਝਾਰ ਨਿਸ਼ਾਨੀ ਜਾਨ[4]†। ਬੈਠੇ ਤਹਾਂ ਉਪਾਨਯ ਝਾਰ੍ਯੋ[5] ਸਿਕਤਾ ਰਜ ਤੇ ਭਰ੍ਯੋ ਮਲਾਨ[6]। ਸਨੇ ਸਨੇ ਪੁਨ ਆਗੇ ਗਮਨੇ ਰਹੀ ਜਾਮਨੀ ਜਾਮ ਪਛਾਨ ॥ ੧੬॥ ਛੱਤ੍ਰ-

[1]ਦੰਦ। [2]ਭਾਵ ਰਾਹੋਂ ਸੜਕੋਂ ਬਿਨਾਂ। [3]ਇਕੱਲੇ ਰਹਿ ਗਏ ਐਉਂ ਉਪਮਾ ਬਣੀ ਹੈ ਜਿਵੇਂ ਸੀਤਾ ਲਛਮਣ ਬਿਨਾਂ ਰਾਮ ਜੀ ਬਨ ਵਿਚ ਰਹਿ ਗਏ ਹਨ। [4]ਮਾਛੀਵਾੜੇ ਤੋਂ ਕੁਛ ਥਾਂ ਪਰੇ ਜਿੱਥੇ ਹੁਣ ਭੀ ਝਾੜ ਨਿਸ਼ਾਨੀ (ਵਜੋਂ) ਹਨ। [5]ਜੋੜਾ ਝਾੜਿਆ। [6]ਭਰਿਆ ਤੇ ਮੈਲਾ ਹੋਯਾ ਹੋਯਾ ਸੀ।

*ਇਸ ਤੁਕ ਦੇ ਦੋ ਪਾਠ ਹਨ:—੧. ਸ੍ਰਾਪ ਸਚ ਗਾਯਤ੍ਰੀ ਕੇ ਹਿਤ ਕੋ ਅਪਦਾ ਭੋਗੀ ਇਕ ਰਸ ਭਾਇ (੧੯੧੨ ਦੇ ਨੁਸਖੇ ਵਿਚ) ੨. ਇਕ ਨੁਸਖੇ ਵਿਚ ਉਪਰਲੇ ਪਾਠ ਦੀ ਥਾਂ ਇਹ ਪਾਠ ਲਿਖਿਆ ਹੈ:- ਜਥਾ ਸਰਾਮ ਘਨ ਅਪਦਾ ਭੋਗੀ ਤਥਾ ਭੁਗੀ ਗੁਰ ਸ਼ੋਕ ਨ ਕਾਇ। ਗਾਯਤ੍ਰੀ ਦੇ ਸ੍ਰਾਪ ਵਾਲੀ ਗਲ ਸੌ ਸਾਖੀ ਵਿਚ ਸੀ ਜੋ ਕਵਿ ਜੀ ਪਿੱਛੇ ਰੁਤ ਪੰਜਵੀਂ ਅੰਸੂ ੭ ਅੰਕ ੩੩ ਵਿਚ ਦੇ ਆਏ ਹਨ। ਦੇਖੋ ਉਥੋਂ ਦੀ ਹੇਠਲੀ ਟੂਕ। ਜਪੁਜੀ ਦਾ ਮੂਲ ਮੰਤਰ ਪੰਥ ਨੂੰ ਗੁਰੂ ਨਾਨਕ ਦੇਵ ਜੀ ਨੇ ਦਿਤਾ, ਗਾਯਤ੍ਰੀ ਤਾਂ ਉਸ ਵੇਲੇ ਭੁਲਾ ਦਿਤੀ ਗਈ ਸੀ। ਜਦੋਂ ਤੀਸਰੇ ਸਤਿਗੁਰਾਂ ਦੇ ਸਮੇਂ ਹਿੰਦੂਆਂ ਨੇ ਅਕਬਰ ਪਾਸ ਗੁਰੂ ਜੀ ਵਿਰੁੱਧ ਫਰਯਾਦ ਕੀਤੀ ਸੀ ਤਾਂ ਗਾਯਤ੍ਰੀ ਛੱਡਣ ਦਾ ਬੀ ਦੋਸ਼ ਦਿਤਾ ਸੀ। ਸੋ ਗਾਯਤ੍ਰੀ ਤਾਂ ਪਹਿਲੇ ਗੁਰੂ ਸਾਹਿਬਾਂ ਵੇਲੇ ਕੱਢੀ ਜਾ ਚੁਕੀ ਸੀ, ਅਚਰਜ ਹੈ ਕਿ ਗਾਯਤ੍ਰੀ ਨੂੰ ਗੁੱਸਾ ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਆ ਰਿਹਾ ਦੱਸੀਦਾ ਹੈ। ਆਖੇਪਕਾਰਾਂ ਦੇ ਹਾਫ਼ਜ਼ੇ ਉਹਨਾਂ ਨੂੰ ਥਾਂ ਥਾਂ ਹਾਰ ਦੇਂਦੇ ਹਨ।

†ਚਮਕੌਰ ਤੋਂ ਨਿਕਲਕੇ ਤ੍ਰੈ ਚਾਰ ਕੋਹ ਪਰ ਇਕ ਜੰਡ ਦੇ ਹੇਠਾਂ ਸਾਹ ਲਿਆ ਹੈ ਸਾਹਿਬਾਂ ਨੇ। ਏਥੇ ਗੁਰਦੁਆਰਾ ਹੈ ਤਵਾ: ਖਾ: ਲਿਖਦੀ ਹੈ ਕਿ ੧੦੦੦ ਵਿਘੇ ਜ਼ਿਮੀਂ ਹੈ ਗੁਰਦੁਆਰੇ ਨਾਲ। ਫਿਰ ਆਪ ਝਾੜਾਂ ਵਿਚ ਠਹਿਰੇ ਹਨ ਜਿਥੇ 'ਝਾੜ ਸਾਹਿਬ' ਗੁਰਦੁਆਰਾ ਹੈ। ਇਹ ਨਹਿਰੋਂ ਪਾਰ ਦੱਖਣ ਰੁਖ ਨੂੰ ਹੈ।

ਧਾਰ[1] ਕੋ ਸਮਾਂ ਭਯੋ ਤਬਿ ਬਾਰਿ ਬਾਰਿ ਸ੍ਰੀ ਮੁਖ ਜੰਭਾਇ[2]*। ਦਾਸ ਖਾਸ ਢੱਬੇ ਤਬਿ ਕਿਹ ਠਾਂ, ਕਹਾਂ ਅਫੀਮ ਬਿਦੇਸ਼ਨ ਆਇ। ਚਰਨ ਪਖਾਰਨ ਸੇਵਕ ਕਿਹਠਾਂ,ਕਹਾਂ ਸੇਜ ਸੁੰਦਰ ਮ੍ਰਿਦੁਲਾਇ। ਕਹਾਂ ਤੁਰੰਗਮ ਹੇਮ ਜ਼ੀਨ ਜੁਤਿ ਰਹੇ ਇਕਾਕੀ ਗੁਰ ਗਤਿ ਦਾਇ॥੧੭॥ ਹੁਤੋ ਅਰਕ[3] ਕੋ ਬੂਟ ਖਰਯੋ ਤਹਿਂ ਹਰਯੋ ਸਦਲ ਤਹਿਂ ਤੋਰਨ ਕੀਨਿ।ਏਕ ਪੱਤ੍ਰ ਪਰ ਦੁਗਧ ਨਿਕਾਸਯੋ ਕੌਤਿਕ ਕਰਿ ਕੈ ਪੀਯ ਸੁ ਲੀਨ[4]। ਪੁਨ ਗਮਨੇ ਮਾਰਗ ਕਿਛੁ ਆਗੇ ਮਾਛੀਵਾਰੇ ਨਿਕਟ ਸੁ ਚੀਨ। ਇਕ ਥਲ ਕੋ ਅਵਲੋਕਿ ਟਿਕੇ ਪ੍ਰਭੁ ਮਹਾ-ਰਾਜ ਦਾਨੀ ਗਨ ਦੀਨ ॥ ੧੮ ॥ ਚਢਯੋ ਅਰਕ ਕੋ[5] ਅਮਲ ਘਨੇਰੋ ਭਏ ਦੂਸਰੇ ਸ਼੍ਰਮਤਿ ਬਿਸਾਲ। ਦ੍ਵੈ ਦਿਨ ਹ੍ਵੈ ਜੁਧ ਦਾਰੁਣ ਠਾਨਯੋ ਨਹੀਂ ਅਰਾਮ ਕੀਨ ਕਿਸ ਕਾਲ। ਨਹਿਂ ਸੁਪਤੇ ਪ੍ਰਭੁ ਯਾਂ ਤੇ ਆਲਸ ਭਯੋ ਦੇਹਿ ਮਹਿਂ ਆਨ ਅਟਾਲ[6]।ਪਰੇ ਛਾਲਰੇ[7] ਚਰਨਨ ਮਹਿ ਬਹੁ ਪੰਕਜ ਪਾਤਨ ਮੁਕਤਾ ਢਾਲ[8]॥੧੯॥ਚਲਿਬੇਕੋਸਾਮਰਥ ਨ ਆਗੇ ਦੂਤੀ ਨੀਂਦ ਬਹੁਪਾਯੋਜ਼ੋਰ।ਬੈਠੇ ਸਤਿਗੁਰ ਪਟ ਬਹੁ ਮੋਲਾ ਸੋ ਖੋਲਾ ਅੰਗਨ ਤੇ ਛੋਰਿ।ਘਟਿਕਾ[9] ਹਰਟ ਕੂਪ ਤੇ ਖੋਲੀ ਬਸਤ੍ਰ ਲਪੇਟ ਸਿਰਾਨੇ ਓਰ। ਤਰੇ ਬਿਛਾਇ ਪੌਢਿਰੀ ਊਪਰ ਕਮਰਕਸਾ ਤਿਮ ਹੀ ਰਣ ਲੋਰ[10] ॥ ੨੦ ॥ ਸ਼੍ਰਮਤਿ ਬਿਸਾਲ, ਬਿਸਾਲ ਸੁ

[1]ਅਫੀਮ। [2]ਉਬਾਸੀਆਂ ਆਉਣ। [3]ਅੱਕ। [4]ਭਾਵ ਕਿਤਨਾ ਕੁ ਚੋਕੇ ਪੀ ਲਿਆ। [5]ਅੱਕਦਾ। [6]ਜੋ ਟਲ ਨਾ ਸਕੇ। [7]ਛਾਲੇ। [8]ਕਵਲਾਂ ਦੀ ਪੰਕਤੀਆਂ ਊਪਰ ਮੋਤੀਆਂ ਦੀ ਤਰ੍ਹਾਂ। [9]ਟਿੰਡ। [10]ਰਣ ਦੀ ਚਾਹ ਵਾਲਾ। (ਅ) ਬੀਰ ਰਮੀ ਮਦ ਵਿਚ।

*ਐਤੇ ਤੜਕੇ ਉਠਕੇ ਅਫੀਮ ਖਾਣ ਦਾ ਪ੍ਰਭਾਵ ਇਸ ਮਹਾਨ ਬਲੀ ਯੋਧੇ ਨੂੰ ਹੋਣਾ ਇਹ ਹਾਸੇ ਵਾਲੀ ਗਲ ਹੈ। ਅਫੀਮ ਪਹਿਲਾਂ ਤਾਕਤ ਦੇਂਦੀ ਹੈ ਫੇਰ ਸਾਰੇ ਸਨਾਯੂ (nerves)ਦੀ ਸੱਤਯਾ ਨਾਸ਼ ਕਰ ਦੇਂਦੀ ਹੈ। ਨਿਹੰਗਾਂ ਸਿੰਘਾਂ ਦੀ ਆਦਰ ਯੋਗ ਤੇ ਪ੍ਰਭਾਵਸ਼ਾਲੀ ਸੰਪ੍ਰਦਾ ਦਾ ਨੁਕਸਾਨ ਵਿਸ਼ੇਸ਼ ਕਰਕੇ ਭੰਗ ਅਫੀਮ ਨੇ ਕੀਤਾ ਹੈ। ਆਪਣੇ ਖਾਣ ਨੂੰ ਸਹੀ ਦੱਸਣ ਵਾਸਤੇ ਕਈ ਲੋਕਾਂ ਨੇ ਗੁਰੂ ਜੀ ਨਾਲ ਬੀ ਇਹ ਨਸ਼ੇ ਚਮੇੜੇ ਹਨ, ਜਿਨ੍ਹਾਂ ਦੇ ਆਧਾਰ ਤੇ ਕਵੀ ਜੀ ਬੀ ਲਿਖੀ ਗਏ ਹਨ। ਜਿਨ੍ਹਾਂ ਨੇ ਤਮਾਕੂ ਮਨ੍ਹੇ ਕੀਤਾ ਓਹ ਕਦ ਅਫੀਮ ਜਾਰੀ ਕਰ ਸਕਦੇ ਸਨ ? ਸ੍ਰੀ ਗੁਰੂ ਜੀ ਨੂੰ ਦਸ ਯਾਰਾਂ ਪਹਿਰ ਜੰਗ ਕਰਦਿਆਂ ਬੀਤ ਚੁਕੇ ਹਨ, ਵੀਹ ਕੋਹ ਦੌੜਦੇ ਆਏ ਹਨ, ਸਰੀਰਕ ਬਲ ਹਾਰ ਦੇ ਰਿਹਾ ਹੈ ਤੇ ਇਸ ਵੇਲੇ ਗੁੜ, ਖੰਡ, ਮਿੱਠੇ ਭੋਜਨ ਦੁੱਧ ਆਦਿ ਕਿਸੇ ਤਾਕਤਵਰ ਸ਼ੈ ਦੀ ਲੋੜ ਹੈ ਕਿ ਜਿਸ ਨਾਲ ਸਰੀਰ ਖਿੜਿਆ ਜਾਵੇ, ਪਰ ਉਹ ਕੋਈ ਪ੍ਰਾਪਤ ਨਹੀਂ। ਥੱਕੇ ਸਰੀਰ ਨੇ ਸੌਂ ਆਪੇ ਹੀ ਜਾਣਾ ਹੈ। ਅਜੇ ਇਹ ਗਲ ਇਤਿਹਾਸਕ ਖੋਜ ਨਾਲ ਪਤਾ ਨਹੀਂ ਲੱਗਾ ਕਿ ਅੱਕ ਦੇ ਦੁੱਧ ਦੀਆਂ ਕੁਛ ਬੂੰਦਾਂ ਲਈਆਂ ਕਿ ਨਹੀਂ। ਪਰ ਜੇ ਹੋਵੇ ਬੀ ਤਾਂ ਕਰਾਮਾਤ ਨੂੰ ਆਪਣੇ ਲਈ ਨਾ ਵਰਤਣ ਵਾਲੇ ਮਹਾਂਬਲੀ ਨੇ ਜੇ ਦੋ ਚਾਰ ਟੇਪੇ ਵਰਤ ਲਏ ਹੋਣ ਤਾਂ ਇਤਰਾਜ਼ ਦੀ ਗਲ ਨਹੀਂ। ਅੱਕ ਔਖਧੀ ਹੈ ਤੇ ਸਨਾਯੂ ਲਈ ਕੁਛ ਸਹਾਰਾ ਦਾਇਕ ਹੈ।

ਆਲਸ ਅਮਲ ਭਿਸਾਤ ਅਰਕ ਕੇ ਆਇਤਨੋਂ ਹੀ ਢਲਹਿ ਪਵਨ ਪੁਰ-ਵਾਈ[1] ਲੋਚਨ ਮੁੰਦ੍ਰਿਤ ਕਮਲ ਕਿ ਭਾਇ[2] ਭਏ ਨੀਂਦ ਬਸਿ ਕਰਿ ਅਰਾਮ ਤਬਿ ਧਰੇ ਕੁਵੰਡ ਹਾਥ ਅਗਵਾਇ। ਤੁਪਕ ਤਮਾਚੇ ਕਰੇ ਧਰੇ ਕਟਾਰੇ ਨਿਖੰਗ ਅੰਗ ਸੰਗ ਲਾਏ*॥੨੧॥ ਰਾਮਚੰਦ ਜਿਮ ਸਭਿ ਕੁਛ ਤਜਿ ਕਰਿ ਰਾਜ ਧੇਰੇ ਸਿਵਕਾਦਿਕ ਜਾਨ[3]। ਸੁਹ੍ਰਿਦ ਸਖਾ ਅਰੁ ਸਰਬ ਬਾਹਨੀ ਕੰਚਨ ਕੇ ਮੰਦਰ ਸ਼ੁਭ ਥਾਨ। ਹੇਮ ਪ੍ਰਯੰਕ ਸੁ, ਆਸਤਰਨ ਮ੍ਰਿਦੁ ਦੁਗਧ ਫੇਨ ਕੇ ਸ੍ਵੇਤ ਸਮਾਨ[4]। ਬਨ ਮਹਿਂ ਏਕਾਂਕੀ ਪਰਿ ਸੁਪਤੇ[5] ਲਖੀਅਹਿ ਤ੍ਯਾਗੀ ਗੁਰੂ ਭਗਵਾਨ ॥੨੨॥ ਸਾਵਧਾਨ ਰਹਿਂ ਸੁਭਟ ਚਹੂੰ ਦਿਸ਼ ਰੱਛ੍ਯਾ ਕਰੈਂ ਜਾਮਨੀ ਮਾਂਹਿ। ਦਾਸ ਹਜ਼ਾਰਹੁੰ ਸੇਵਾ ਠਾਨਹਿਂ ਰਾਗ ਸ਼ਬਦ ਤੇ ਜਾਗ੍ਰਤ ਜਾਂਹਿ। ਤਨੇ ਬਿਤਾਨ[6] ਜ਼ਰੀ ਤੇ ਗਚ ਪਰ ਬਰਨ ਬਰਨ ਕੇ ਫਰਸ਼ਨ ਮਾਂਹਿ॥ਬਿਨ ਬਿਛਾਵਨੇ ਭੂਮਿ ਸੇਜ ਅਬਿ ਥਿਰੇ ਗੁਰੂ ਅਚਰਜ ਬਹੁ ਆਹਿ॥੨੩॥ਦੋਹਰਾ॥ ਧੰਨ ਧੰਨ ਗੁਰਦੇਵ ਜੂ ਸੁਖ ਦੁਖ ਬ੍ਰਿਤੀ ਸਮਾਨ। ਹਰਖ ਸ਼ੋਕ ਜਾਂਕੈ ਨਹੀਂ ਰਾਗ ਨ ਦ੍ਵੈਸ਼ ਮਹਾਨ† ॥ ੨੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਗੁਰ ਨਿਸ' ਪ੍ਰਸੰਗ ਬਰਨਨੰ ਨਾਮ ਦ੍ਵੈ ਚੱਤ੍ਵਾਰਿੰਸਤੀ ਅੰਸੂ ॥ ੪੨ ॥

## ੪੩. [ਪਿੱਛੇ ਚਮਕੌਰ ਵਿਚ ਭਾਈ ਸੰਤ ਸਿੰਘ ਹੋਰਾਂ ਦਾ ਸ਼ਹੀਦ ਹੋਣਾ]।

ਦੋਹਰਾ॥ ਸੰਤ ਸਿੰਘ ਰਣਧੀਰ ਉਰ ਬੀਰਨਿ ਬੀਰ ਬਿਸਾਲ।ਮੁਖਤਾ ਪ੍ਰਾਪਤਿ ਖਾਲਸੇ ਲਹਿ ਗੁਰਤਾ ਤਿਸ ਕਾਲ ॥ ੧ ॥ ਪਾਧੜੀ ਛੰਦ ॥ ਸਿਰ ਬਧੀ ਜਿਗਾ ਕਲਗ਼ੀ ਸੁਹਾਇ।ਰਸ ਬੀਰ ਮਨੋ ਮੂਰਤਿ ਬਨਾਇ। ਕਰ ਮਹਿ ਕੁਦੰਡ ਖਰ ਸਰ ਪ੍ਰਚੰਡ। ਗਹਿ ਕਰਾਚੋਲ ਚਹਿ ਰਣ ਘਮੰਡ ॥੨॥ਪੁਨ ਦੂਸਰ ਸੰਗਤ ਸਿੰਘ ਸੰਗ। ਜਿਹ ਕਹੈਂ ਬੰਗਸੀ‡ ਮਤ ਉਤੰਗ। ਬਿਨ ਕਸੇ ਤੁਰੰਗਨ ਛੋਰਿ ਛੋਰਿ।ਚਹੁੰ ਓਰ ਫਿਰਤਿ ਅਰਿ ਟੋਰਿ ਟੋਰਿ॥੩॥ਗੁਲਕਾਨ ਸੰਗ ਭਨ ਫੋਰਿ ਫੋਰਿ। ਗਰਜੰਤਿ ਜਥਾ ਘਨ ਘੋਰ ਘੋਰ[7]। ਦੋਨਹੁੰ ਸੁ ਬੀਰ ਹਤਿ ਔਰੁ

---

[1]ਪੂਰੇ ਦੀ ਪੌਣ। [2]ਨੈਣ ਕਮਲਾਂ ਵਾਂਙੂ ਮੀਟੇ ਗਏ। [3]ਅਸਵਾਰੀਆਂ। [4]ਦੁੱਧ ਦੀ ਝੱਗ ਵਰਗੇ ਚਿੱਟੇ। [5]ਪੈ ਕੇ ਸੌਂ ਗਏ। [6]ਚੰਦੋਏ। [7]ਜਿਵੇਂ ਭਯਾਨਕ ਬੱਦਲ ਗਰਜਦਾ ਹੈ। *ਕਿਤਨੀ ਸਾਵਧਾਨਤਾ ਹੈ, ਐਡੇ ਥਕਾਨ ਵੇਲੇ ਵੀ ਬੀਰਰਸੀ ਸਾਮਾਨ ਤਯਾਰ ਕਰਕੇ ਆਰਾਮ ਕਰਨ ਲੱਗੇ ਹਨ। †ਇਹ ਹੈ ਉਹ ਅਵਸਥਾ:—'ਤੈਸਾ ਸੁਵਰਨ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ'। ‡(ੳ) ਬੰਗਸ=ਮਾਵਰੁਲਨਹਰ (ਯਾ ਤੂਰਾਨ ਦਾ) ਇਕ ਇਲਾਕਾ। (ਅ) ਕੋਹਾਟ ਅਤੇ ਕੁਰਮ ਦੇ ਇਲਾਕੇ ਨੂੰ ਬੀ ਕਹਿੰਦੇ ਹਨ। (ੲ) ਕਈ ਬੰਗਾਲ ਦਾ ਅਰਥ ਬੀ ਲਾਉਂਦੇ ਹਨ ਕਿਉਂਕਿ ਵੰਗ ਬੰਗਾਲ ਨੂੰ ਤੇ ਇਸ ਦੇ ਪੂਰਬਲੇ ਹਿੱਸੇ ਨੂੰ ਕਹਿੰਦੇ ਹਨ।

ਔਰੁ। ਰਨ ਸ਼ਿਵਾ[1] ਪੁਕਾਰਤਿ ਠੌਰ ਠੌਰ ॥੪॥ ਤੁਰਕਾਨਿ ਤੁੰਡ ਗਨ ਤੋਰਿ ਤੋਰਿ। ਦੇ ਤ੍ਰਾਸ ਅੱਗ੍ਰ ਤੇ ਮੋਰਿ ਮੋਰਿ। ਖਰ ਤੀਰ ਤਰਾਤਰ ਮਾਰਿ ਮਾਰਿ। ਦ੍ਰਿਢ ਰਹੇ ਦੁਰਗ ਧ੍ਰਿਤਿ ਧਾਰਿ ਧਾਰਿ॥੫॥ ਇਮ ਨਿਸਾ ਬਿਤੀ ਧਨੁ ਤਾਨਿ ਤਾਨਿ।ਤਜਿ ਤੁਪਕ ਤੜਾਕੇ ਠਾਨਿ ਠਾਨਿ।ਮ੍ਰਿਤੁ ਲਾਖਹੁੰ ਜੋਧਾ ਹੇਰਿਹੇਰਿ। ਸੁਨਿ ਪ੍ਰੇਤਿ ਨਾਦ ਰਹਿ ਟੇਰ ਟੇਰ[2]॥੬॥ ਜੰਬੁਕ ਪੁਕਾਰ ਗਨ ਕੂਕਿ ਕੂਕਿ। ਗੜ੍ਹ ਨਿਕਟ ਸ਼ੱਤ੍ਰ ਬਹੁ ਢੂਕਿ ਢੂਕਿ। ਅਰਣੋਦ ਸਮੈਂ ਤਮ ਹਾਨਿ ਹਾਨਿ। ਜਗ ਉਦਜੋਤਹਤਿ ਤਬਿ ਭਾਨੁ ਭਾਨੁ[3] ॥੭॥ ਨਰ ਅਲਪ ਕੋਟ ਮਹਿਂ ਤਾਕ ਤਾਕ। ਗੜ੍ਹ ਭੇਦ ਲਹ੍ਯੋ ਸਭਿ ਝਾਕਿ ਝਾਕਿ।ਭੁਨਸਾਰ ਭਈ ਅਰਿ ਜਾਨਿ ਜਾਨਿ। ਤਜਿ ਤ੍ਰਾਸ ਢੁਕੇ ਗਨ ਆਨਿ ਆਨਿ ॥੮॥ ਕਰ ਕਰਾਚੋਲ ਗਹਿ ਦੌਰਿ ਦੌਰਿ। ਚਹੁੰ ਓਰ ਰੌਰ ਭਾ ਠੌਰ ਠੌਰ। ਭੀਤਨ ਲਗੇ ਸੁ ਤਬਿ ਆਇ ਆਇ।ਕਿਨ ਚਢਨ ਚਹ੍ਯੋ ਕਰ ਪਾਇ ਪਾਇ[4]॥੯॥ਪਿਖਿ ਤੁਰਕ ਮਰੇ ਗਨ ਧਾਇ ਧਾਇ।ਜੁਗ ਸਿੰਘ ਅਨਿਕ ਕੋ ਘਾਇ ਘਾਇ।ਖੁਰ ਗਏ ਸਕਲ ਨਹਿਂ ਤੀਰ ਤੀਰ[5]। ਨਿਸ ਤਜੇ ਬੇਧਿ ਤਨ ਬੀਰ ਬੀਰ[6]॥੧੦॥ਤਬਿ ਖੈਂਚੇ ਮਜਾਨ ਕ੍ਰਿਪਾਨ ਪਾਨ।ਮੁਖ ਦਾਰੁਣ ਸ਼ੇਰ ਸਮਾਨ ਮਾਨ।ਪਿਖਿਧੰਤਿਬਿਲੋਚਨਲਾਲ ਲਾਲ। ਗਨ ਅਰਿਨ ਲਖੇ ਤਿਸ ਕਾਲ ਕਾਲ[7] ॥੧੧॥ ਚਢਿ ਭੀਤ ਹਾਥ ਕੋ ਪਾਇ ਪਾਇ।ਤਬਿ ਹਲਾਹੂਲ ਮੁਖ ਗਾਇਗਾਇ।ਲਖਿ ਵਡੇ ਤੁਰਕਚਿਤ ਚਾਇ ਚਾਇ। ਬਹੁ ਪਰੇ ਕੂਦ ਤਬਿ ਧਾਇ ਧਾਇ॥੧੨॥ਸਭਿਹੂੰਨਿ ਤ੍ਰਾਸ ਕੋ ਤ੍ਯਾਗਿ ਤ੍ਯਾਗਿ।ਜੁਗ ਸਿੰਘ ਖੜਗ ਤੇ ਝਾਗਿ ਝਾਗਿ[8]।ਘਨ ਘਾਵ ਦੇਹਿ ਕੋ ਲਾਗ ਲਾਗ। ਬਹਿ ਚਲ੍ਯੋ ਰਕਤ ਪਟ ਪਾਗ ਪਾਗ[9]॥੧੩॥ ਗਰਜੰਤਿ ਤਊ ਤਬਿ ਦੌਰਿ ਦੌਰਿ। ਘਾਵਨ ਅਨੇਕ ਤਬਿ ਠੌਰ ਠੌਰ। ਅਸਿ ਝਾਰਤਿ ਬਕਤੇ 'ਮਾਰਿ ਮਾਰਿ'। ਭਭਕੰਤਿ ਸ਼ਬਦ ਤੇ ਤਾਰ ਤਾਰ[10]॥੧੪॥ਤੁਰਕਾਨ ਤੋਮ[11] ਕੋ ਕਾਟ ਕਾਟ। ਮ੍ਰਿਤੁ ਭੇ ਸੁਮਾਰ ਬਿਧ ਫਾਟ ਫਾਟ। ਰਿਪੁ ਆਇ ਸੈਂਕਰੋ ਘੇਰਿ ਘੇਰਿ। ਜਿਮ ਚੰਦ੍ਰ ਪ੍ਰਵਾਰੇ ਹੇਰਿ ਹੇਰਿ ॥੧੫॥ ਨਿਜ ਚਰਨ ਅੱਗ੍ਰ ਕੋ

---

[1]ਗਿਦੜੀਆਂ। [2]ਪ੍ਰੇਤ ਸ਼ਬਦ ਪੁਕਾਰਦੇ ਸੁਣੀਂਦੇ ਹਨ। [3]ਪ੍ਰਕਾਸ਼ ਰੂਪ ਸੂਰਜ। [4]ਹੱਥ ਪਾ ਪਾਕੇ। [5]ਕੋਲ ਤੀਰ ਨਹੀਂ ਰਹੇ। [6](ਦੋਹਾਂ ਸਿੰਘਾਂ) ਸੂਰਮਿਆਂ ਨੇ (ਵੈਰੀ ਦੇ) ਸੂਰਮਿਆਂ ਦੇ ਸਰੀਰ ਰਾਤੀਂ ਤੀਰ ਛੋੜ ਛੋੜ ਕੇ ਵਿੰਨ੍ਹੇ ਸਨ। [7]ਸਾਰੇ ਵੈਰੀਆਂ ਨੇ ਤਿਸ ਵੇਲੇ ਮੌਤ ਰੂਪ ਵੇਖਿਆ (ਸਿੰਘਾਂ ਨੂੰ)। [8]ਭਾਵ ਦੋਏ ਸਿੰਘ ਤਲਵਾਰਾਂ ਝੱਲ ਝੱਲਕੇ। [9]ਕਪੜੇ ਭਿੱਜਕੇ ਲਹੂ ਤੁਰਿਆ। [10]ਤਾੜ ਤਾੜਕੇ ਭੁਬਕਦੇ ਹਨ। [11]ਬਹੁਤੇ।

ਡਾਰਿ ਡਾਰਿ। ਬਲ ਰਹਯੋ ਜਬੈ ਲਗਿ, ਮਾਰਿ ਮਾਰਿ[1] । ਪੁਨ ਖੜਗ ਸੈਂਕਰੇ ਕਾਢਿ ਕਾਢਿ । ਜੁਗ ਸਿੰਘ ਬੀਰ ਤਨ ਬਾਢਿ ਬਾਢਿ ॥ ੧੬॥ ਤਬਿ ਗਿਰੇ ਧਰਨਿ ਅਰਿ ਗੇਰਿ ਗੇਰਿ । ਸਭਿ ਖੜਗ ਪ੍ਰਹਾਰੈਂ ਹੇਰਿ ਹੇਰਿ । 'ਇਹ ਗੁਰੂ ਆਪ ਰਣ ਠਾਨਿ ਠਾਨਿ । ਲਸ਼ਕਰ ਹਤਿਓ ਧਨੁ ਤਾਨਿ ਤਾਨਿ[2]' ॥੧੭॥ ਤਬਿ ਖ੍ਵਾਜ ਮਰਦ ਚਿਤ ਚਾਇ ਚਾਇ । ਸੁਨਿ ਗਯੋ ਕੋਟ ਮਹਿਂ ਧਾਇ ਧਾਇ। ਉਮਰਾਵ-ਹਤਯੋ ਗੁਰ-ਜਾਨਿ ਜਾਨਿ[3]। ਪਹੁੰਚੇ ਸਮੀਪ ਮੁਦ ਠਾਨਿ ਠਾਨਿ ॥੧੮॥ ਸੁੰਦਰ ਸਰੂਪ ਮੁੰਖ ਹੇਰਿ ਹੇਰਿ। ਮਿਲਿਗੇ ਹਜ਼ਾਰ ਤਹਿਂ ਘੇਰ ਘੇਰ। ਮਰਦੂਦ ਖ੍ਵਾਜ ਰਿਸ ਧਾਰਿ ਧਾਰਿ। ਸਭਿ ਸੋਂ ਪੁਕਾਰ ਕਹਿ ਬਾਰ ਬਾਰ॥੧੯॥ 'ਸਿਰ ਲੇਹੁ ਦੁਹਿਨ ਕੇ ਕਾਟਿ ਝਾਟਿ[4] । ਤਨ ਭਖਹਿਂ ਬਿਹੰਗਮ ਬਾਂਟ ਬਾਂਟ[5]। ਲਿਹੁ ਸ਼ੁਤਰ ਸਊਰਨ[6] ਬੋਲਿ ਬੋਲਿ ।ਦਿਨ ਰਾਤ ਚਲਹਿਂ ਮਗ ਟੋਲ ਟੋਲ॥੨੦॥ਢਿਗ ਸ਼ਾਹਿ ਪਹੂਚਹਿਂ ਧਾਇ ਧਾਇ। ਦਿਖਰਾਹਿ ਸੀਸ ਬਲ ਗਾਇ ਗਾਇ। ਇਮ ਹਤਯੋ ਗੁਰੂ ਰਣ ਘੇਰਿ ਘੇਰਿ। ਲਰ ਸੁਭਟ ਸੁ ਲਾਖਹੁੰ ਗੇਰਿ ਗੇਰਿ'॥੨੧॥ਗੀਦੀਨ ਕੀਨ ਤਰਵਾਰ ਵਾਰ[7]। ਸਿਰ ਲਏ ਕਾਟਿ ਧਰਿ ਡਾਰਿ ਡਾਰਿ। ਦੇ ਸ਼ੁਤਰ ਸਊਰ ਹੂਕਾਰ ਕਾਰ[8]* । 'ਕਰਿ ਸ਼ੀਘ੍ਰ ਬਿਲੰਬ ਬਿਸਾਰ ਸਾਰ[9]॥੨੨॥ਮਗ ਚਲੇ ਜਾਹੁ ਨਿਤ ਦੌਰ ਦੌਰ।ਕਹਿ ਸ਼ਾਹੁ ਫਤੇ ਕਹੁ ਠੌਰ ਠੌਰ'। ਸਿਰ ਦਏ ਭੇਜਿ ਚਿਤ ਚਾਇ ਚਾਇ। ਚਹੁੰ ਦਿਸ਼ਨਿ ਦ੍ਰਿਸ਼ਟਿ ਦ੍ਰਿਗ ਲਾਇ ਲਾਇ॥ ੨੩॥ ਖਗ ਮਾਸ ਖਾਤਿ ਹੈਂ ਥਾਨ ਥਾਨ। ਗਨ ਗ੍ਰਿੱਝ ਕਾਕ ਮੁਦ ਮਾਨ ਮਾਨ।ਰੰਗੀਨ ਭੂਮਿਕਾ ਲਾਲ ਲਾਲ। ਮ੍ਰਿੱਤੁ ਪਰੇ ਘਾਵ ਤਨ ਝਾਲ ਝਾਲ॥੨੪॥ਤਨ ਛਿੰਨ ਭਿੰਨ ਬਹੁ ਸੂਰ ਸੂਰ ।ਨਿਜ ਸ੍ਵਾਮਿ ਧਰਮ ਕੋ ਪੂਰ ਪੂਰ । ਉਮਰਾਵ ਰਹੇ ਉਰ ਝੂਰਿ ਝੂਰਿ ।-ਦਲ ਬ੍ਰਿੰਦ ਦਯੋ ਕਰਿ ਚੂਰ ਚੂਰ॥੨੫॥ਇਹ ਅਲਪ ਸਿੰਘ ਰਣ ਮਾਂਡਿ ਮਾਂਡਿ । ਗੁਲਕਾਨ ਬਾਨ ਗਨ ਛਾਡਿ ਛਾਡਿ । ਲਸ਼ਕਰ ਮਹਾਨ ਕੋ ਹਾਨਿ ਹਾਨਿ । ਭੇ ਮ੍ਰਿਤਕ, ਤਊ ਸੁ ਕ੍ਰਿਪਾਨ ਪਾਨ[10]॥੨੬॥ਆਚਰਜ ਮਹਦਿ ਕੋ ਘਾਲ ਘਾਲ। ਨਹਿਂ ਫਿਰੇ ਪਾਛ

[1]ਜਿਤਨਾ ਚਿਰ ਬਲ ਰਹਿਆ ਉਤਨਾ ਚਿਰ ਮਾਰ ਮਾਰ ਹੀ ਕਰਦੇ ਰਹੇ। [2]ਲਸ਼ਕਰ ਨੂੰ ਮਾਰਿਆ ਹੈ (ਜਿਨ੍ਹਾਂ ਨੇ) ਧਨੁਖ ਤਾਣ ਤਾਣ ਕੇ । [3]ਉਮਰਾਵਾਂ ਨੇ ਜਾਣ ਲਿਆ ਕਿ ਗੁਰੂ ਮਾਰਿਆ ਗਿਆ ਹੈ। [4]ਸਿਰ ਤਾਂ ਦੁਹਾਂ ਦੇ ਕੱਟ ਲਓ । [5]ਸਰੀਰ (ਪਏ ਰਹਿਣ ਦਿਓ ਜੋ) ਪੰਛੀ ਵੰਡ ਵੰਡਕੇ ਖਾਣ। [6]ਸ਼ੁਤਰ ਸਵਾਰ । [7]ਗੀਦੀਆਂ ਨੇ ਤਰਵਾਰ ਦੇ ਵਾਰ ਕੀਤੇ । [8]ਹਲਕਾਰੇ ਦਾ ਕੰਮ ਕਰਨ ਵਾਲੇ ਸ਼ੁਤਰ ਸਵਾਰ ਨੂੰ ਦਿੱਤੇ (ਸੀਸ) । [9]ਸਾਰੀ ਦੇਰੀ ਨੂੰ ਭੁਲਾਕੇ ਭਾਵ ਛੇਤੀ। [10]ਮਰ ਬੀ ਗਏ ਹਨ ਤਦ ਬੀ ਕ੍ਰਿਪਾਨਾਂ ਅਜੇ ਹੱਥਾਂ ਵਿਚ ਹਨ । *ਪਾ:-ਹਕਾਰ ਕਾਰ ।

ਪਗ,ਹਾਲਹਾਲ[1]—ਇਮ ਤੁਰਕ ਹਰਾਨੇ ਹੋਇਹੋਇ। ਰਣਖੇਤ ਬਿਚਰ ਛੁਟ ਜੋਇ ਜੋਇ॥੨੭॥ਨਿਜ ਡੇਰਨ ਮਹਿਂ ਤਬਿ ਆਇ ਆਇ।ਮਿਲਿਕਰਹਿਂ ਬਾਤ ਚਿਤ ਪਾਇ ਪਾਇ। ਪਰਖੰਤਿ ਗੁਰੂ ਬਿਚ ਕੋਇ ਕੋਇ। ਸੇ ਕਹਤਿ ਸਭਿਨਿ ਛਿਗ ਹੋਇ ਹੋਇ॥੨੮॥ 'ਇਹ ਸੀਸ ਗੁਰਨ ਕੇ ਨਾਂਹਿ ਨਾਂਹਿ। ਤਿਹ ਭੇਜ ਹਰਖ ਉਰ ਕਾਹਿ ਕਾਹਿ[2]। ਗਹਿ ਛਟਾ ਨ ਲੇਹਿਂ ਉਪਾਇ ਪਾਇ[3]। ਜਿਮ ਪਾਰਦ ਦਬੈ ਨ ਧਾਇ ਧਾਇ[4]॥੨੯॥ਤਿਮ ਗੁਰ ਸਰੂਪ ਲਿਹੁ ਜਾਨਿ ਜਾਨਿ। ਨਹਿਂ ਮਰਨੋ ਭਰਮ ਵਿਹੁ ਹਾਨਿ ਹਾਨਿ। [5]ਜਬਿ ਨਿਕਸ, ਰੌਰ ਕਰਿ ਠੌਰ ਠੌਰ।ਘੇਰਨ ਸੁ ਲਗੇ ਤਬਿ ਦੌਰਿ ਦੌਰਿ[5]॥੩੦॥ਗੁਰ ਵਹਿਰ ਗਏ ਤਬਿ ਜੋਇ ਜੋਇ[6]। ਇਹ ਭੇਦ ਲਖਤਿ ਹੈ ਕੋਇ ਕੋਇ'। ਇਮ ਸੁਨਨੌਂ ਸਭਿਨਿ ਭ੍ਰਮ ਠਾਨਿ ਠਾਨਿ। ਉਮਰਾਵ ਮਿਲੇ ਪੁਨ ਆਨਿ ਆਨਿ ॥੩੧॥ ਕਰਤੇ ਸਲਾਹ ਮਤਿ ਬੋਲ ਬੋਲ[7]।'ਗੁਰ ਗਹਨ ਉਚਿਤ ਲਿਹੁ ਟੋਲਟੋਲ।ਦਲ ਪਸਰਜਾਇ ਸਭਿ ਥਾਨ ਥਾਨ। ਗਨ ਪੀਰ ਫਕੀਰਨ ਜਾਨਿ ਜਾਨਿ ॥੩੨॥ਪੁਰਿ ਗ੍ਰਾਮ ਜਹਾਂ ਕਹਿਂ ਚੀਨਿ ਚੀਨਿ।ਨਰ ਬ੍ਰਿੰਦ ਬਟੋਰਹੁ ਬੀਨ ਬੀਨ। ਨਿਕਸੈ ਨ ਬੇਸ ਕੋ ਧਾਰਿ ਧਾਰਿ[8]।[9]ਨਰ ਓਪਰਾਨਿ ਲਖਿ ਸਾਰ ਸਾਰ॥੩੩॥ਲਿਹੁ ਜ਼ਾਮਨੀ ਸੁ ਦਿਹੁ ਛੋਰਿ ਛੋਰਿ[9]।ਪੁਰਿ ਗ੍ਰਾਮ ਭਲੇ ਇਮ ਟੋਰਿ ਟੋਰਿ। ਬਿਲਮੋ ਨ ਹੁਕਮ ਕੋ ਪਾਇ ਪਾਇ।ਦਲ ਫੈਲ ਪਰੇ ਅਬਿ ਧਾਇ ਧਾਇ ॥ ੩੪ ॥ ਮਸਲਤ ਪਕਾਇ ਅਸ ਡੇਰ ਡੇਰ। ਬਿਸਮਾਇ ਰਹੇ ਰਣ ਹੇਰਿ ਹੇਰਿ। ਗਨ ਲੋਥਨ ਕੋ ਅਨੁ-ਮਾਨ ਮਾਨ[10]।ਚਮਕੌਰ ਓਰ ਚਹੁੰ ਜਾਨ ਜਾਨਿ[11]॥੩੫॥'ਲਛ ਤੇ ਵਧੀਕ' ਸਭਿ ਭਾਖਿ ਭਾਖਿ।ਮਿਟ ਗਈ ਲਰਨ,ਅਭਿਲਾਖ ਲਾਖ[12]।ਸਭਿ ਸਿੰਘ ਲੋਥ ਕੋ ਲਨਾਇ ਲਨਾਂਇ। ਗਨ ਤੀਸ ਬਤੀਸਨ ਪਾਇ ਪਾਇ[13]* ॥੩੬॥ ਹਤਿ

---

[1]ਅਸਾਂ ਹੱਲੇ ਤੇਂ ਹੱਲਾ ਕੀਤਾ ਪਰ ਇਨ੍ਹਾਂ ਦਾ ਪੈਰ ਪਿੱਛੇ ਨਹੀਂ ਪਿਆ। [2]ਕਿਉਂ ਕਰਦੇ ਹੋ। [3]ਜਤਨ ਕਰਕੇ ਬਿਜਲੀ ਨਹੀਂ ਫੜ ਸਕੀਦੀ। [4]ਜਿਵੇਂ (ਦਬਿਆ) ਪਾਰਾ ਦਬਕਦਾ ਨਹੀਂ ਪਰ ਨਿਕਲ ਜਾਂਦਾ ਹੈ। [5](ਉਹ) ਨਿਕਲ ਗਿਆ ਹੈ ਜਦੋਂ ਰੌਲਾ ਪਿਆ ਸੀ ਤੇ ਥਾਂ ਥਾਂ ਤੇਂ ਅਸੀਂ ਦੌੜ ਦੌੜਕੇ ਘੇਰਨ ਲੱਗੇ ਸਾਂ। [6](ਪੂੰਤ੍ਰ) ਢੂੰਡਦਿਆਂ ਢਾਂਡਦਿਆਂ (ਦੇ ਵਿਚ ਦੀ) ਗੁਰੂ ਜੀ ਬਾਹਰ ਨਿਕਲ ਗਏ। [7]ਗਾਵਾਂ ਬੋਲ ਬੋਲਕੇ। [8]ਕੋਈ ਵੇਸ ਧਾਰਕੇ ਨਿਕਲ ਨਾ ਜਾਵੇ। [9]ਸਾਰੀ ਸਾਰ ਲੈ ਲੈਣ ਬਾਦ ਜੋ ਨਰ ਓਪਰਾ ਜਾਣ ਪਵੇ ਤਾਂ ਉਸ ਨੂੰ ਜ਼ਾਮਨੀ ਲੈਕੇ ਛੱਡੋ। [10]ਮਨ ਵਿਚ ਅਨੁਮਾਨ ਕਰਕੇ। [11]ਚਮਕੌਰ ਦੇ ਚੌਤਰਫੇ ਫਿਰਕੇ ਜਾਣਿਆਂ ਕਿ"। [12]ਜਾਣੋ। [13]ਭਾਵ ਸਿੰਘਾਂ ਦੀਆਂ ਲੋਥਾਂ ਕੇਵਲ ਤੀਹ ਬੱਤੀਹ ਮਿਲੀਆਂ। *ਕਵੀ ਜੀ ਦੀ ਕਵਿਤਾ ਦੀ ਚਿੱਤ੍ਰਕਾਰੀ ਦੇਖਣ ਯੋਗ ਹੈ, ਅੰਕ ੩ ਤੋਂ ਦੂਹਰਾ ਤੁਕਾਂਤ ਚਲ ਰਿਹਾ ਹੈ।

ਬੁੱਧਿ ਰਿਪੁਨਿ ਕੀ ਹੇਰਿ ਹੇਰ[1] । ਤੁਰਕਾਨ ਲੋਥ ਲਗਿ ਢੇਰ ਢੇਰ । ਕਵਿ ਕਹਤਿ ਕਥਾ ਸੰਤੋਖ ਸਿੰਘ । 'ਧੰਨ ਧੰਨ ਗੁਰੂ ਗੋਬਿੰਦ ਸਿੰਘ' ॥ ੩੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਤ੍ਰੈ ਸਿੰਘ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥ ੪੩ ॥

੪੪. [ਤਿੰਨਾਂ ਸਿੰਘਾਂ ਦਾ ਗੁਰੂ ਜੀ ਨੂੰ ਮਿਲਨਾ । ਗੁਲਾਬੇ ਮਸੰਦ ਦੇ ਬਾਗ਼ ਵਿਚ ਡੇਰਾ] ।

ਦੋਹਰਾ॥ਕਰਤਿ ਸ਼ੀਘ੍ਰਤਾ ਦਲ ਚਢੇ ਗੁਰ ਖੋਜਨ ਕੇ ਕਾਜ। ਭੀਮਚੰਦ ਘਾਇਲ ਭਯੋ, ਹਟੇ ਗਿਰਨ ਗਿਰ ਰਾਜ ॥੧॥ ਚੌਪਈ ॥ ਭ੍ਰਏ ਸੁਮਾਰ[2], ਹਜ਼ਾਰਹੁਂ ਮਰੇ। ਗਿਰ ਕੀ ਦਿਸ਼ ਗਿਰਪਤਿ ਸਭਿ ਮੁਰੇ । ਜ਼ੋਰਦਸਤ ਭੀ ਘਾਇਲ ਹੋਯੋ । ਲਵਪੁਰਿ ਕੋ ਚਢਿ ਮਾਰਗ ਜੋਯੋ ॥੨॥ ਸੀਰਿੰਦ ਸੂਬਾ ਖਾਨ ਵਜੀਦ। ਪੂਰਬ ਕੀ ਦਿਸ਼ ਕੀਨ ਰਸੀਦ[3] । ਦੱਖਣ ਕੀ ਦਿਸ਼ ਲਾਖਹੁਂ ਚਢੇ । 'ਗਹੈਂ ਗੁਰੂ ਕੋ ਜਿਤ ਕਿਤ ਕਢੇ' ॥੩॥ ਚਢਯੋ ਖ੍ਵਾਜ ਮਰਦੂਦ ਸ਼ੀਘ੍ਰ ਕਰਿ। ਸ਼ਾਹ ਮਿਲਨਿ ਕੋ ਨਿਕਟ ਚਾਹ ਧਰਿ । ਭੀਮਚੰਦ ਘਰ ਪਹੁਂਚਤਿ ਮਰਯੋ । ਸੈਲ ਦੇਸ਼ ਮਹਿਂ ਸ਼ੋਕ ਸੁ ਪਰਯੋ ॥੪॥ ਅਬਿ ਸਤਿਗੁਰ ਕੀ ਕਥਾ ਸੁਨੀਜੈ । ਜਨਮ ਜਨਮ ਕੇ ਪਾਪ ਮਿਟੀਜੈ।ਸੁਪਤਿ ਪਰੇ ਤਿਸ ਕੂਪ ਸਥਾਨ।ਅਰਨੋਦੈ ਲਗਿ ਗੁਰ ਭਗਵਾਨ॥੫॥ਤੀਨਹੁਂ ਸਿੰਘ ਨਿਕਸਿ ਜਬਿ ਗਏ । ਦਲ ਤੇ ਦੂਰ ਕੋਸ ਜੁਗ ਭਏ।ਲਗੇ ਬਿਚਾਰਨ 'ਚਲਿ ਹਮ ਆਏ। ਬਿਛੁਰੇ ਗੁਰ, ਜਿਨਕੇ ਸੰਗ ਧਾਏ ।੬॥ਕਯਾ ਕਰਤੱਬਯ ਅਬੈ ਹਮ ਬਨੈ।ਕਿਤ ਕੋ ਗਮਨੈਂ ਹੈ ਹਿਤ ਸਨੈ?' ਦਯਾ ਸਿੰਘ ਸਿਮਰੀ ਗੁਰ ਬਾਨੀ । 'ਗਢ ਨਿਕਸਤਿ ਹਮ ਸੰਗ ਬਖਾਨੀ ॥੭॥ ਇਸ ਤਾਰੇ ਕੀ ਸੇਧ ਪਯਾਨੈਂ । ਚਲਹੁ ਗੁਰੂ ਮਿਲਿ ਹੈਂ ਕਿਸ ਥਾਨੈ' । ਮਾਨ ਸਿੰਘ ਤਬਿ ਚਲਤਿ ਉਚਾਰੇ ।'ਇਹ ਮਗ ਪਹੁਂਚੈ ਮਾਛੀਵਾਰੇ[4]' ॥ ੮ ॥ ਤਾਰੇ ਸੇਧ ਨਿਹਾਰਤਿ ਚਲੋ । ਪੁਰਿ ਲਗਿ ਖੋਜਤਿ ਗੁਰ ਸੰਗ ਮਿਲੋ'।ਧਰਮ ਸਿੰਘ ਬੋਲਯੋ ਮਤਿ ਧੀਰ।'ਖੋਜਤਿ ਗਮਨਹੁ ਇਤ ਉਤ ਤੀਰ[5]'॥੯॥ ਨ੍ਰਿਭੈ ਬੀਰ ਤੀਨਹੁਂ ਤਬਿ ਚਾਲੇ । ਮਾਰਗ ਇਤ ਉਤ ਫਿਰਤਿ ਸੰਭਾਲੇ । ਖੋਜਤਿ ਸ਼੍ਰੀ ਸਤਿਗੁਰ ਕੋ ਜਾਤ । ਇਸ਼ ਬਿਧਿ ਬਿਤੀ ਸਕਲ ਹੀ ਰਾਤਿ ॥੧੦॥ਜਬੈ ਸਮਾ ਅਰਨੋਦੈ ਹੋਯੋ। ਚੰਦ ਪ੍ਰਕਾਸ਼ ਮੰਦ ਕੋ ਜੋਯੋ ।ਪੂਰਬ ਦਿਸ਼ ਮੁਖਲਾਲ ਦਿਖਾਯੋ । ਜਨੁ ਤੁਰਕਨਿ ਕੋ ਚਹਤਿ ਖਪਾਯੋ ॥੧੧॥ ਤਿਮਰ ਤੋਮ ਪਤਰੋ ਹੁਇ ਗਯੋ[6] । ਕਛੁਕ ਪ੍ਰਕਾਸ਼ ਅਕਾਸ਼ਹਿ ਭਯੋ । ਗਮਨਤਿ ਦੇਖਤਿ ਪਹੁਂਚੇ ਤਹਿਂਵਾ।ਸੁਪਤਿ ਜਗਤਪਤਿ ਪ੍ਰਭੁ ਥਿਰ ਜਹਿਂਵਾ ॥ ੧੨ ॥ ਜ਼ੇਵਰ ਕਿਤਿਕ

[1]ਵੈਰੀਆਂ ਦੀ ਮੱਤ ਮਾਰੀ ਗਈ ਵੇਖ ਵੇਖਕੇ। [2]ਜ਼ਖਮੀ । [3]ਪਹੁੰਚ ਕੀਤੀ ਭਾਵ ਤੁਰਿਆ । [4]ਇਹ ਰਾਹ ਪੱਜਦਾ ਹੈ ਮਾਛੀਵਾੜੇ । [5]ਨੇੜੇ ਨੇੜੇ । [6]ਸਾਰਾ ਹਨੇਰਾ ਪਤਲਾ ਪੈ ਗਿਆ ।

ਉਤਾਰਨ ਕਰੇ।ਘਟੀ[੧] ਹਰਟ ਕੀ ਸਿਰ ਤਰ ਧਰੇ। ਗੁਲਸ਼ਤ੍ਰਾਣ[੨]ਅੰਗੁਸ਼ਟ ਮਝਾਰਾ। ਪਹਿਰੇ ਰਾਖਯੋ ਨਹੀਂ ਉਤਾਰਾ ॥ ੧੩ ॥ ਮੋਲ ਹਜ਼ਾਰ ਇਕਾਦਸ਼ ਤਾਹੂ।ਰਾਖਹਿਂ ਬਡ ਧਨੁ[੩] ਧਰਿ ਕਰ ਮਾਂਹੂ।ਸਮੇਂ ਪਨਚ ਐਂਚਨਿ ਕੇ ਜੋਊ। ਰੱਛਕ ਬਨਹਿ ਅੰਗੁਸ਼ਟਹਿ ਸੋਊ ॥੧੪ ॥ ਸਰ ਛੋਰਨਿ ਤੂਰਨਤਾ ਕਾਰਨ। ਯਾਂਤੇ ਗੁਰ ਨਹਿਂ ਕੀਨਿ ਉਤਾਰਨ*। ਯੁਤ ਗੁਲਤ੍ਰਾਣ ਹੁਤੋ ਜੋ ਹਾਥ। ਸੁਪਤ ਪਰੇ ਸਿਰ ਪਰ ਧਰਿ ਨਾਥ॥੧੫॥ਗੁਲਸ਼ਤ੍ਰਾਣ ਵਿਚ ਹੀਰਾ ਜਰਯੋ। ਤਿਹ ਪ੍ਰਕਾਸ਼ ਅਰਣੋਦੈ ਪਰਯੋ।ਚਮਕਤਿ ਭਯੋ ਸਹਤਿ ਬਹੁ ਲਾਲੀ। ਦੇਇ ਦਿਖਾਲੀ ਦੂਰ ਬਿਸਾਲੀ॥ ੧੬ ॥ ਧਰਮ ਸਿੰਘ ਮਗ ਚਲਤਿ ਬਿਲੋਕੇ। ਦਯਾ ਸਿੰਘ ਕੋ ਕਹਿ ਕਰਿ ਰੋਕੇ।'ਇਹ ਸਤਿਗੁਰ ਕੋ ਭੂਖਨ ਕੋਈ।ਲਾਲੀ ਲਗੇ ਦਮਕ ਬਹੁ ਹੋਈ ॥ ੧੭ ॥ ਵਾਹਿਗੁਰੂ ਮੁਖ ਉਚਰਤਿ ਚਲੋ। ਦੇਖਹੁ ਨਿਕਟ ਹੋਇ ਪ੍ਰਭੁ ਮਿਲੋ'।ਮਾਨ ਸਿੰਘ ਤਬਿ ਗਯੋ ਨਜੀਕੇ।ਦੇਖਹਿ ਕਹਾਂ[੪], –ਪਰੇ ਪ੍ਰਿਯ ਜੀਕੇ†–॥੧੮॥ਹੁਤੇ ਉਨੀਂਦੇ ਸ਼੍ਰਮ ਕੋ ਪਾਇ।ਤਨ ਸੁਧਿ ਬਿਨ ਧਰਿ ਪਰ ਸੁਪਤਾਇ। ਦੋਨਹੁੰ ਅਪਨੇ ਨਿਕਟ ਹਕਾਰੇ। ਸੁਪਤ ਸੇਜ ਬਿਨ ਗੁਰੂ ਨਿਹਾਰੇ ॥ ੧੯ ॥ ਤੀਨਹੁੰ ਪਦ ਪੰਕਜ ਕਰਿ ਨਮੋ ਹੇਤ ਜਗਾਵਨ ਕੋ ਤਿਹ ਸਮੋਂ।ਕਰਿ ਮਸਲਤਿ ਕੋ ਚਹੈਂ ਜਗਾਯੋ। ਧਰਮ ਸਿੰਘ ਤਬਿ ਹਾਥ ਚਲਾਯੋ ॥ ੨੦ ॥ ਪਦ ਅਰਬਿੰਦ ਬੈਠਿ ਕਰਿ ਗਹੇ। ਸਨੇ ਸਨੇ ਮਸਲਤਿ ਮ੍ਰਿਦੁ ਅਹੇ[੫]। ਧਨੁਖ ਹਾਥ ਮਹਿਂ ਧਰੇ ਖਤੰਗ।ਕਮਰਕਸਾ ਤਿਮ ਹੀ ਸਭਿ ਅੰਗ॥੨੧॥ਕਿਤਿਕ ਬਾਰ ਮੁਸਲੇ ਜਬਿ ਚਰਨਾਂ। ਤਨਿ ਸੁਧਿ ਭਈ ਨੀਂਦ ਕਰਿ ਹਰਨਾ। ਕਮਲ ਬਿਲੋਚਨ ਬਿਕਸੇ ਤੂਰਨ। ਧਨੁਖ ਸੰਭਾਰ‡ ਉਠੇ ਗੁਰ ਪੂਰਨ ॥ ੨੨ ॥ ਜਬਿ ਸੰਗੀ ਨਿਜ ਸਿੱਖ ਨਿਹਾਰੇ। 'ਆਇ ਸੁ ਪਹੁੰਚੇ ਇਹਾਂ', ਉਚਾਰੇ। ਦਯਾ ਸਿੰਘ ਕਰ ਜੋਰਿ ਬਖਾਨੀ । 'ਸ੍ਰੀ ਗੁਰ ਮਹਾਰਾਜ ਬਲ ਖਾਨੀ! ॥੨੩॥ਇਹਾਂ ਆਇ ਕਿਮ ਭੇ ਨਿਸ਼ਚਿੰਤ।ਪਿਖਹੁ ਭਯੋ ਅਬਿ ਨਿਸ ਕੋ ਅੰਤ।ਸੂਰਜ ਉਦੈ ਹੋਇ ਲੌ ਸਾਰੇ ।ਲਸ਼ਕਰ ਪਸਰਹਿ ਜਿਤ ਕਿਤ

---

[੧]ਟਿੰਡ। [੨]ਅੰਗੂਠੇ ਉਤੇ ਤੇ ਨਾਲ ਦੀ ਉਂਗਲ ਪਰ ਪਹਿਰਿਆਂ ਜਾਣ ਵਾਲੀ ਚਮੜੇ ਦੀ ਟੋਪੀ ਜਿਸ ਨਾਲ ਤੀਰ ਚਲਾਉਂਦਿਆਂ ਆਂਟੀਆਂ ਨਹੀਂ ਪੈਂਦੀਆਂ [ ਸਿਸ:, ਅੰਗੁਲਿਤ੍ਰ ਤੇ ਅੰਗੁਲ-ਤ੍ਰਾਨ=ਉਂਗਲੀ ਦੀ ਰੱਖਯਾ ਕਰਨ ਵਾਲਾ]। [੩]ਧਨੁਖ। [੪]ਕੀਹ ਦੇਖਦਾ ਹੈ ਕਿ:–( ਅ ) ਦੇਖਦਾ ਹੈ ਕਿ ਕਿਥੇ ਪਏ ਹਨ ਜੀਅ ਦੇ ਪਿਆਰੇ। [੫]ਕੋਮਲਤਾ ਨਾਲ ਮਲਦਾ ਹੈ।

*ਸਦਾ ਤਿਆਰ ਬਰਤਿਆਰ ਹਾਲਤ ਇਸ ਨੂੰ ਕਹੀਦਾ ਹੈ। †ਤਿਨ ਚਾਰ ਪਦ ਹਨ ਸਾਦੇ, ਪਰ ਕਿਸ ਕਮਾਲ ਦਾ ਵਲਵਲਾ ਭਰਿਆ ਹੈ ਇਨ੍ਹਾਂ ਵਿਚ ਕਵਿ ਕੁਲ ਚੜਾਮਣਿ ਭਾਈ ਸੰਤੋਖ ਸਿੰਘ ਜੀ ਨੇ, ਕਮਾਲ ਹੈ! ‡ਕਮਾਲ ਹੈ ਸਾਵਧਾਨਤਾ ਦਾ।

ਭਾਰੇ ॥ ੨੪ ॥ ਕੌਨ ਭਰੋਸਾ ਕਰਿ ਪਰ ਰਹੇ। ਨਹਿਂ ਗਢ ਸੈਨਾ ਥਿਰਤਾ ਲਹੇ[1]।ਕਰਹੁ ਉਪਾਇ ਜਥਾ ਬਨਿ ਆਵੈ। ਨਤੁਰ ਪ੍ਰਕਾਸ਼ ਭਏ ਰਿਪੁ ਧਾਵੈਂ ॥੨੫॥ ਫੇਰ ਨ ਬਨਹਿ ਹੋਇ ਲਾਚਾਰੀ। ਏਕ ਰਹੈ: ਮਰਿਬੋ ਕਨਾ ਮਾਰੀ[2]। ਸੁਨਿ ਕਰਿ ਪਿਖੀ, ਭਈ ਭੁਨਸਾਰੀ ।ਨਿਜ ਸਿੰਘਨਿ ਕੋ ਸੰਗ ਉਚਾਰੀ ॥ ੨੬ ॥'ਅਬਿ ਉਪਾਇ ਨਹਿਂ ਕੋ ਬਨਿ ਆਵੈ। ਚਰਨ ਫਾਲਸੇ[3]*,ਚਲਨੋ ਨ ਜਾਵੈ। ਬਾਗ਼ ਬਿਲੋਕਹੁ ਸਨਮੁਖ ਜੋਈ। ਇਸ ਮਹਿਂ ਚਲਹੁ ਰਹਹੁ ਥਿਰ ਹੋਈ॥੨੭॥ਜੋ ਸ਼ੱਤ੍ਰ ਗਨ ਕੋ ਬਨ ਮੇਲਾ[4]।ਭਿੜਹਿਂਭੇੜ ਝੇਲਹਿਂ ਬਡ ਹੇਲਾ। ਉਪਬਨ ਲੇਹੁ ਅੜੈਤਲਾ ਲਰਿਬੇ[5]। ਸ਼ੱਤ੍ਰ ਹਜ਼ਾਰਹੁਂ ਪ੍ਰਾਨਨਿ ਹਰਿਬੇ†'॥ ੨੮॥ ਭਯੋ ਪ੍ਰਕਾਸ਼ ਪਿਖੇ ਪਗ ਛਾਲੇ।ਲਾਲ ਕਮਲ ਦਲ ਮੁਕਤਾ ਢਾਲੇ[6]। ਦੋਨਹੁਂ ਚਰਨਨਿ ਪਰ ਅਸ ਪਰੇ। ਪੋਇ ਲਰੀ[7] ਜਨ ਗੁੰਥਨਿ ਕਰੇ॥੨੯ ॥ ਸੁਨਿ ਕਰਿ ਗਿਰਾ ਸਮੇਤ ਲਚਾਰੀ। ਗੁਰ ਰਜਾਇ ਲਖਿ ਤੂਸ਼ਨ ਧਾਰੀ। ਉਠੇ ਨਾਥ ਜਬਿ ਚਲਿਬੇ ਕਾਰਨ।ਭਈ ਪੀਰ ਹੋਤਿ ਨ ਪਗ ਡਾਰਨ॥੩੦॥ ਮਾਨਸਿੰਘ ਤਬਿ ਕੰਧ ਉਠਾਇ।ਭਏ ਪ੍ਰਵੇਸ਼ ਬਾਗ਼ ਮਹਿਂ ਜਾਇ।[8]ਹੁਤੋ ਨਿਕਟ, ਤਰੁਵਰ ਤਰ ਖਰੇ। ਹਰੇ ਹਰੇ ਸਿੰਘਨਿ ਦਲ ਖਰੇ ॥ ੩੧ ॥ ਬੀਚ ਕੂਪ ਤਿਸ ਹਰਟ ਚਲੰਤਾ ।ਬੈਠੇ ਨਿਕਟ ਪਹੁਂਚਿ ਭਗਵੰਤਾ।ਹੁਤੋ ਹਰਟ ਬਾਹਕ, ਤਿਨ ਹੇਰੇ ।-ਇਹ ਤੌ ਗੁਰ ਮਮ ਖਾਂਵਦ ਕੇਰੇ[9] ॥੩੨॥ਸਿੱਖ ਗੁਲਾਬਾ ਹੁਤੋ ਮਸੰਦ। ਤਿਸ ਕੋ ਕਾਮਾ ਬਾਗ਼ ਬਿਲੰਦ। ਸਤਿਗੁਰ ਕੀ ਸੋ ਬਾਤ ਬਤਾਵਤਿ। -ਕਾਛ ਕੇਸ਼ ਧਤ ਪੰਥ ਬਨਾਵਤਿ-॥੩੩॥ ਸੁਨੇ ਹੁਤੇ ਤਿਨ ਪਤੇ ਅਗਾਰੇ। ਅਨੁਮਾਨਤਿ ਸੋ ਚਿੰਨ੍ਹ ਨਿਹਾਰੇ ।-ਮਮ ਖਾਂਵਦ ਜੋ ਪਤੇ ਬਤਾਏ। ਸੋ ਗੁਰ ਆਪ ਕਿ ਸਿਖ ਤਹਿ ਆਏ-॥ ੩੪ ॥ ਇਮ ਮਨ ਜਾਨਿ ਪਿਖੇ ਗੁਰ ਬੈਸੇ। ਤਜਿ ਕਰਿ ਕੂਪ ਚਲਤਿ ਕੋ ਤੈਸੇ। ਧਾਇ ਸ਼ਿਤਾਬ ਗੁਲਾਬੇ ਪਾਸ। ਮਿਲਯੋ ਜਾਇ ਸੁਧਿ ਕਰੀ ਪ੍ਰਕਾਸ਼ ॥ ੩੫ ॥ 'ਸ਼੍ਰੀ ਗੁਰ ਆਪ ਕਿ ਸਿਖ ਗੁਰ ਕੇਰੇ। ਉਪਬਨ ਪ੍ਰਵਿਸ਼ੇ ਹੋਤਿ ਸਵੇਰੇ। ਕੇਸ਼ ਕਾਛ ਤੁਮ ਜਥਾ ਬਤਾਵਤਿ। ਸਗਰੇ

[1]ਨਾ ਕਿਲ੍ਹਾ ਹੈ ਨਾ ਸੈਨਾ ਹੈ ਜਿਸ ਆਸਰੇ ਇਸਥਿਤੀ ਪਾਈਏ। [2]ਇੱਕੋ ਗੱਲ ਬਾਕੀ ਰਹਿ ਜਾਏਗੀ ਮਰਨਾ ਯਾ ਮਾਰਨਾ। [3]ਫਲੂਹੇ। [4]ਜੇ ਵੈਰੀਆਂ ਨਾਲ ਮੁਕਾਬਲਾ ਆ ਬਣਿਆ ਤਾਂ। [5]ਆਸਰਾ ਲੜਨੇ ਲਈ। [ਪੰ:, ਅੜਤਲਾ=ਆੜ, ਓਟ]। [6]ਕਮਲ ਦੇ ਲਾਲ ਪੱਤਿਆਂ ਉਪਰ ਮੋਤੀਆਂ ਵਾਂਗੂੰ। [7]ਲੜੀ ਪ੍ਰੋ ਕੇ। [8](ਬਾਗ) ਨੇੜੇ ਹੀ ਸੀ, (ਜਿੱਥੇ) ਬਹੁਤੇ ਬ੍ਰਿਛ ਖੜੇ ਸਨ ਜਿਨ੍ਹਾਂ ਦੇ ਸਾਵੇ ਸਾਵੇ ਪੱਤਰ ਡਾਵੇ ਸਿੰਘਣੇ ਸਨ। [9]ਮੇਰੇ ਸ੍ਵਾਮੀ ਦੇ ਗੁਰੂ ਜੀ ਹੈਨ।

*ਪਾ:-ਫਾਲਕੇ। †ਸੂਰਮਤਾ ਤੇ ਅਹਿੱਲ ਦ੍ਰਿੜਤਾ ਦਾ ਕਮਾਲ ਹੈ।

ਚਿੰਨ੍ਹ ਤਿਨਹੁੰ ਮਹਿ ਪਾਵਤਿ ॥੩੬॥ ਉਠਹੁ ਬਿਲੋਕਹੁ ਲਿਹੁ ਸੁਧਿ ਸਾਰੀ। ਚਲਿ ਕਰਿ ਪਰਖਹੁ ਕਰਹੁ ਚਿਨਾਰੀ'। ਸੁਨਤਿ ਗੁਲਾਬਾ ਬਹੁ ਬਿਸਮਾਯੋ। ਉਠਿ ਤੂਰਨ ਘਰ ਤੇ ਚਲਿ ਆਯੋ॥੩੭॥ਆਇ ਬਾਗ਼ਮਹਿਂ ਕਹਾਂ ਨਿਹਾਰੇ: ਸ਼੍ਰੀ ਸਤਿਗੁਰ ਬੈਠੇ ਬਲਿ ਭਾਰੇ। ਨਮੋ ਕਰੀ ਸਿਰ ਧਰਿ ਪਰਿ ਟੇਕਾ। ਪੁਨ ਬੂਝੇ ਪ੍ਰਭੁ ਜਲਧਿ ਬਿਬੇਕਾ ॥ ੩੮ ॥ 'ਸੇਵਾ ਕਰਨ ਮੋਹਿ ਫੁਰਮਾਵਹੁ। ਅਭਿਲਾਖਹੁ, ਕਹਿ ਅਬੈ ਮੰਗਾਵਹੁ[1]'। ਸ਼੍ਰੀ ਮੁਖ ਤੇ ਤਿਹ ਸੰਗ ਉਚਾਰਾ। 'ਸੁੱਖਾ ਮਿਰਚਾਂ ਆਨਿ ਉਦਾਰਾ ॥੩੯॥ ਬਿਨਾ ਅਮਲ ਬਹੁ ਸਮਾ ਬਿਤੀਤਾ। ਪਾਨ ਕਰੈਂ ਹੁਲਸੈ ਤਬਿ ਚੀਤਾ'। ਸੁਨਤਿ ਗੁਲਾਬਾ ਤੂਰਨ ਗਯੋ। ਜਾਇ ਬਜ਼ਾਰ ਖਰੀਦਨ ਕਿਯੋ ॥ ੪੦ ॥ ਜਬਿ ਗੁਰ ਉਪਬਨ ਬੈਠੇ ਜਾਇ। ਕਾਮਾ ਗਮਨਨੌਂ ਪੁਰਿ ਸਹਿਸਾਇ। ਖੁਸ਼ਕੀ ਅਰਕ ਦੂਧ ਤੇ[2] ਹੋਈ। ਬਾਂਛਤ-ਅਮਲ[3] ਪਿਯਨਿ ਤੇ ਸੋਈ॥੪੧॥ਬੂਝੇ ਤਬਿ ਭੀ ਸੰਗੀ ਤੀਨ। ਸੁੱਖਾ ਕਿਸ ਕੇ ਨਿਕਟ ਕਹੀ ਨ। ਮਾਨ ਸਿੰਘ ਕੇ ਥੋ ਕੁਛ ਪਾਲੇ। ਸੁਨਿ ਕਰਿ ਗੁਰ ਤੇ ਖੋਲਿ ਨਿਕਾਲੇ ॥ ੪੨ ॥ ਥੋਰਾ ਹੁਤੋ ਤਯਾਰ ਕਰਿ ਦਯੋ। ਤਿਖਾ ਸਹਿਤ ਸੋ ਪੀਵਨ ਕਯੋ। ਹੁਇ ਪ੍ਰਸੰਨ ਬਰ ਦੇਵਤਿ ਜੋਵੈ[4]*। "ਪੰਥ ਖਾਲਸੇ ਮਹਿ ਤੁਮ ਹੋਵੈਂ ॥ ੪੩ ॥ ਤੁਝ ਸਮ ਬੇਖ ਸੁਭਾਉ ਬਿਸਾਲੀ। ਨਾਮ ਨਿਹੰਗ ਅਨੇਕ ਅਕਾਲੀ"। ਇਸ ਪ੍ਰਕਾਰ ਇਕ ਘਟੀ ਬਿਤਾਈ। ਚਾਹ ਅਮਲ ਕੀ ਰਹੀ ਤਦਾਈ ॥੪੪॥ ਸਿੰਘਨਿ ਸਭਿਨਿ ਸੁਚੇਤਾ ਧਾਰੇ। ਆਨਨ ਪਾਨਨ ਪਾਇ[5] ਪਖਾਰੇ।ਕਰਤਿ ਪ੍ਰਤੀਖਨ–ਮਾਦਕ[6]ਲਜਾਵੈ। ਪਾਨ ਕਰੈਂ ਤ੍ਰਿਖ ਹਰਿ ਤ੍ਰਿਪ-

---

[1]ਜੋ ਚਾਹੋ ਮੈਂ ਹੁਣੇ ਮੰਗਾ ਦਿਆਂ। [2]ਅੱਕ ਦੇ ਦੁੱਧ ਤੋਂ। [3]ਉਹ (ਅੱਕ) ਅਮਲ ਦੀ ਲੋੜ (ਵੇਲੇ) ਪੀਣ ਤੋਂ (ਹੋਈ) [ਬਾਂਛਤ ਅਮਲ=ਜਿਸ ਵੇਲੇ ਤਬੀਅਤ ਅਮਲ ਦੀ ਵਾਂਛਾ=ਲੋੜ ਪ੍ਰਤੀਤ ਕਰ ਰਹੀ ਸੀ]। (ਅ) ਪਰ ਸ਼ੁੱਧ ਪਾਠ 'ਅਬਾਂਛਤ ਅਮਲ' ਹੋਣਾ ਹੈ, ਲਿਖਾਰੀ ਦੀ ਕਲਮ ਉਕਾਈ ਹੈ। ਅੱਕ ਦਾ ਦੁਧ ਅਵਾਂਛਤ ਨਸ਼ਾ ਸੀ, ਉਸ ਨੇ ਖੁਸ਼ਕੀ ਕੀਤੀ। [ਅਵਾਂਛਤ ਅਮਲ=ਉਹ ਨਸ਼ਾ ਜੋ ਸਾਧਾਰਨ ਤੌਰ ਤੇ ਪੀਣ ਖਾਣ ਵਿਚ ਨਹੀਂ ਆਉਂਦਾ]। [4]ਪ੍ਰਸੰਨ ਹੋਕੇ (ਮਾਨ ਸਿੰਘ ਵਲ) ਤੱਕਦੇ ਹਨ ਤੇ ਵਰ ਦਿੰਦੇ ਹਨ:—ਤੇਰੇ (ਵਰਗੇ) ਪੰਥ ਖਾਲਸੇ ਵਿਚ ਅਨੇਕ ਅਕਾਲੀ ਹੋਣਗੇ ਜਿਨ੍ਹਾਂ ਦਾ ਤੇਰੇ ਵਰਗਾ ਵੇਸ (ਤੇ ਤੇਰੇ ਵਰਗਾ) ਉੱਤਮ ਸੁਭਾਵ ਹੋਵੇਗਾ, ਨਾਉਂ (ਉਹਨਾਂ ਦਾ) ਨਿਹੰਗ ਹੋਵੇਗਾ ਅਥਵਾ ਉਹਨਾਂ ਦਾ ਨਾਉਂ ਨਿਹੰਗ ਯਾ ਅਕਾਲੀ ਹੋਵੇਗਾ। [5]ਮੂੰਹ ਤੇ ਹੱਥ ਜਲ ਨਾਲ। [6]ਨਸ਼ੇ ਵਾਲੀ ਸ਼ੈ, ਇਥੇ ਮੁਰਾਦ ਸੁੱਖੇ ਤੋਂ ਹੈ। *ਇਹ ਵਰ ਦਾਨ ਇਸ ਵੇਲੇ ਦਾ ਸੁੱਖੇ ਦੇ ਪ੍ਰੇਮੀਆਂ ਦੀ ਘਾੜਤ ਹੈ ਜੋ ਕਵੀ ਜੀ ਨੇ ਬਿਨ ਪੜਤਾਲੇ ਲਿਖ ਲਿਆ ਹੈ। ਵਿਸ਼ੇਸ਼ ਲਈ ਦੇਖੋ ਰੁਤ ੨ ਅੰਕ ੪੪ ਅੰਸੂ ੨੦ ਦੀ ਹੇਠਲੀ ਟੂਕ।

ਤਾਵੈਂ –॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਉਪਬਨ ਪ੍ਰਵੇਸ਼' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥ ੪੪ ॥

## ੪੫. [ਮਾਛੀਵਾੜੇ । ਮਾਹੀ]।

ਦੋਹਰਾ ॥ ਸੁੱਖਾ ਮਿਰਚਾਂ ਤਯਾਰ ਕਰਿ ਲਯਾਇ ਗੁਲਾਬਾ ਪਾਸ। ਪੂਰਿ ਕਟੋਰਾ ਅੱਗ੍ਰ ਧਰਿ ਗੁਰ ਉਠਾਇ ਤ੍ਰਿਖੰ ਨਾਸ਼[1] ॥ ੧॥ ਨਿਸਾਨੀਛੰਦ ॥ਸਰਦ ਨੀਰ ਬਰ ਪਾਨ ਤੇ ਸਭਿ ਪਯਾਸ ਬਿਨਾਸ਼ੀ।ਅਰਕਦੁਘਧ ਕੋਦੂਰਅਮਲ[2], ਬਡ ਉਸ਼ਨ ਪ੍ਰਕਾਸ਼ੀ। ਉਰ ਅਨੰਦ ਕਹੁ ਮਾਨ ਕਰਿ ਉਠਿ ਚਹਯੋ ਪਯਾਨਾ। ਚਰਨ ਫਾਲਰੇ ਬਹੁ ਪਰੇ ਦੈਂ ਖੇਦ ਮਹਾਨਾ ॥੨॥ ਮਾਨ ਸਿੰਘ ਬਲਵੰਤ ਤਬਿ ਬਲ ਸਾਥ ਉਠਾਏ।ਗਏ ਸੌਚ ਹਿਤ ਕਰਨ ਕੋ ਤਟ ਸਲਿਤਾ ਥਾਏ।ਬਡੀ ਝੀਲ ਬੇਲਾ ਖਰਯੋ ਨਹਿ ਦਿਖਤ ਨਜੀਕਾ।ਕਾਹ, ਪਟੇਰਾ[3] ਆਦਿ ਤ੍ਰਿਣ ਸੰਘਨ ਤਿਹ ਨੀਕਾ॥ ੩ ॥ ਪ੍ਰਵਿਸ਼ੇ ਜਾਇ ਮਝਾਰ ਤਿਹ ਕਰਿ ਸੌਚ ਪਯਾਨੇ। ਉਪਬਨ ਕੋ ਆਵਨ ਲਗੇ ਤ੍ਰਿਣ ਚੀਰ ਮਹਾਨੇ। ਤਹਿਂ ਮਹਿਖੀ ਚਾਰਤਿ ਫਿਰਤਿ ਇਕ ਮੂਰਖ ਮਾਹੀ[4]।ਆਵਤਿ ਗੁਰੂ ਬਿਲੋਕਿ ਤਿਸ ਬਿਸਮਯੋ ਮਨ ਮਾਂਹੀ ॥ ੪॥ ਮਨ ਜਾਨੀ–ਇਹ ਸਿੰਘ ਹੈਂ ਤਜਿ ਚਲੇ ਲਰਾਈ। ਮੈਂ ਅਬਿ ਕਰੌਂ ਪੁਕਾਰ ਕੋ ਦੈ ਹੌਂ ਪਕਰਾਈ–। ਇਮ ਨਿਸ਼ਚੈ ਕਰਿ ਊਚ ਧੁਨਿ ਮੁਖ ਬਾਕ ਪੁਕਾਰਾ। 'ਸਿੰਘ ਪਲਾਏ ਜਾਤਿ ਹੈਂ ਇਹ ਝੀਲ ਮਝਾਰਾ' ॥ ੫॥ ਸ੍ਰੀ ਗੁਰ ਬੋਲੇ 'ਧਰਮ ਸਿੰਘ ਇਹ ਜਾਨ ਨ ਪਾਵੈ।ਗਹਿ ਆਨਹੁ ਮਤਿ ਮੰਦ ਕੋ ਨਹਿਂ ਰੌਰ ਉਠਾਵੈ'। ਸੁਨਿ ਕੇਹਰਿ ਸਮ ਬੇਗ ਕਰਿ ਪਕਰਯੋ ਤਤਕਾਲਾ। ਆਨਯੋ ਸਤਿਗੁਰ ਕੈ ਨਿਕਟ ਡਰ ਗਯੋ ਬਿਸਾਲਾ ॥ ੬ ॥ 'ਕਹੁ ਕੁੱਟਲ[5] ਕੂਕਯੋ ਕਹਾਂ, ਕਯਾ ਲੇਹੁ ਪੁਕਾਰੀ?। ਜੇ ਹਮ ਪਲਟਾ ਲੇਹਿਂ ਅਬਿ ਦੈਹੈਂ ਤੁਹਿਮਾਰੀ'।ਸੁਨਿ ਮਾਹੀ ਕਰ ਜੋਰਿ ਕੈ ਮ੍ਰਿਦੁ ਬਾਕ ਉਚਾਰਾ। 'ਜਾਨਯੋਂ ਮੈਂ ਤੁਮ ਕੋ ਨਹੀਂ ਗੁਰ ਆਪ ਉਦਾਰਾ ॥੭॥–ਸਿੰਘ ਕਹੂੰ ਕੋ ਜਾਤਿ ਹੈਂ–ਇਮ ਜਾਨਿ ਪਕਾਰਾ।ਛਿਮਹੁ ਅਬਹਿ ਨਹਿਂ ਬੋਲਿ ਹੌਂ ਪਿਖਿ ਦਰਸੁ ਤੁਹਾਰਾ'।ਗੁਰੂ ਕਮਰ ਖੰਜਰ[6] ਤਬੈ ਤਿਸ ਕੇ ਕਰ ਦੀਨੋ। ਹੀਰੇ ਜਰੇ ਜਰਾਵ ਮੈਂ ਜਿਹ ਕੀਮਤਿ ਪੀਨੋ॥੮॥'ਪੁੱਤ੍ਰ ਪੌਤ੍ਰ ਲਗਿ ਸਦਨ ਮਹਿਂ ਕਰੀਅਹਿ ਗੁਜ਼ਰਾਨਾ। ਬੇਚਹਿਂ ਕਈ ਹਜ਼ਾਰ ਕੋ ਧਨ ਪਾਇ ਮਹਾਨਾ। ਨਹਿਂ ਬੋਲਹੁ, ਘਰ ਗਮਨ ਕਰਿ, ਛੋਰਹਿਂ ਅਬਿ ਤੋਹੀ'। ਸੁਨਿ ਕਰਿ ਮਾਹੀ ਨਮੋ ਕਰਿ ਮੁਖ ਦੂਸ਼ਨਿ

[1]ਤ੍ਰੇਹ ਦੂਰ ਕੀਤੀ। [2]ਅਮਲ ਉਤਰ ਗਿਆ। [3]ਕਾਹੀ ਤੇ ਦੱਭ ਯਾ ਵਿੱਭ। ਪਟੇਰਾ=ਇਕ ਪ੍ਰਕਾਰ ਦਾ ਲੰਮਾ ਘਾਹ ਜੋ ਪਾਣੀ ਦੇ ਕੰਢੇ ਤੇ ਥੋੜੇ ਪਾਣੀ ਵਿਚ ਹੁੰਦਾ ਹੈ, ਜਿਸ ਦੀਆਂ ਸਫਾਂ ਬੁਣਦੇ ਹਨ [ਸੰਸ:, ਪਟੇਰਨ। ਹਿੰਦੀ ਪਟੇਰ]। [4]ਮੱਝੀ ਚਾਰਨ ਵਾਲਾ, ਛੇੜੂ। [5]ਛਲੂਏ। [6]ਗੁਰੂ ਜੀ ਨੇ ਕਮਰ ਦਾ ਖੰਜਰ।

ਹੋਹੀ॥੯॥ਆਇ ਬਿਰਾਜੇ ਬਾਗ ਮਹਿਂ ਦਿਨ ਸਕਲ ਬਿਤਾਯੋ। ਸੰਧ੍ਯਾ ਸਮੈਂ ਬਿਲੋਕਿ ਕੈ ਜਬਿ ਰਵਿ ਅਸਤਾਯੋ॥ਆਇ ਗੁਲਾਬਾ ਸੰਗ ਲੇ ਗਮਨਨੈਂ ਘਰ ਮਾਂਹੀ। ਹੁਤੋ ਚੁਬਾਰਾ ਸਦਨ ਪਰ ਨਵ ਰਿਨਯੋ ਤਦਾਹੀ॥੧੦॥ਪੁਨ ਧਾਰਯੋ —ਤ੍ਰੂ ਰ ਕੇ ਚਰਨ ਪੂਰਬ ਇਤ ਪਾਵੈਂ।ਹਮਪੀਛੈ ਬਿਚ ਬਾਸਿ ਹੈਂ–ਇਮ ਚਿਤ ਦ੍ਰਿੜਤਾਵੈ।ਤਊ ਤੁਰਕ ਕੇ ਰਾਜ ਕਰਿ ਡਰਪੰਤਿ ਘਨੇਰੇ।ਦੁਤਿਯ ਪੰਜਾਬਾ ਭ੍ਰਾਤ ਤਿਹ, ਲਾਚਾਰ ਬਡੇਰੇ ॥ ੧੧ ॥ ਸੁੰਦਰ ਏਕ ਪ੍ਰਯੰਕ ਤਬਿ ਮੰਦਰ ਮਹਿ ਡਾਸਾ। ਕਰਯੋ ਬਿਠਾਵਨ ਸਤਿਗੁਰੂ ਆਚਰਜ ਬਿਲਾਸਾ।ਖਾਨ ਪਾਨ ਸਭਿ ਬਿਧਿ ਕਰੇ ਨਿਸ ਮਹਿਂ ਸੁਪਤਾਏ। ਪ੍ਰਾਤਿ ਉਠੇ ਕਰਿ ਸੌਚ ਕੋ ਜਲ ਘਨੋ ਅਨਾਏ॥ ੧੨॥ ਕਰੀ ਰਦਨਧਾਵਨ[1] ਗੁਰੂ ਮੁਖ ਕਮਲ ਪਖਾਰਾ। ਪੁਨ ਚੌਂਕੀ ਪਰ ਖਰੇ ਹੁਇ ਮੱਜਨ ਤਨ ਧਾਰਾ। ਕਟ ਕੀ ਕਾਛ ਨਿਕਾਰ ਕਰਿ ਤਹਿਂ ਨੀਚੇ ਡਾਰੀ॥ਆੜਬੰਦ*ਅੰਤਰ ਹੁਤੋਦ੍ਰਿਢ ਕਸਯੋਸੁਧਾਰੀ॥੧੩॥ ਸੋ ਆਮਿਖ ਮਹਿਂ ਖੁਭਿ ਰਹਯੋ ਜਮਿ[2] ਸ਼ੋਣਤਿ ਸਾਥਾ। ਰਹੇ ਨਿਕਾਸ ਨ ਨਿਕਸਤੋ ਐਂਚਯੋ ਗਹਿ ਹਾਥਾ[3]। ਤਬਹਿ ਗੁਲਾਬੇ ਕੋ ਕਹਯੋ,ਕਰਿ ਜਤਨ ਨਿਕਾਸੋ। ਸਨੇ ਸਨੇ ਕਾਢਨ ਲਗਯੋ ਹ੍ਵੈ ਕੈ ਬਹੁ ਪਾਸੋ ॥੧੪॥ਸ਼ੰਕਤ ਚਿਤ ਗੁਰ ਨਗਨ ਤੇ ਨਹਿ ਦ੍ਰਿਗ ਕਰਿ ਹੇਰੇ। ਬਸਤ੍ਰ ਗਯੋ ਜਮ ਅਧਿਕ ਹੀ ਨਿਕਸਿ ਨ ਜਿਸ ਬੇਰੇ[4]। ਕਹਯੋ ਗੁਰੂ 'ਨਹਿਂ ਸ਼ੰਕ ਕਰਿ ਅਵਲੋਕਿ ਨਿਕਾਸੋ। ਪਿਤ ਸੁਤ ਦੋਸ਼ ਨ ਨਗਨ ਕੋ ਨਹਿਂ ਕੀਜੈ ਸਾਂਸੋ[5]'॥੧੫॥ ਤਊ ਗੁਲਾਬਾ ਸ਼ੰਕਤੋ ਜਲ ਡਾਰਿ ਭਿਗੋਵੈ।ਸਨੇ ਸਨੇ ਖਿਸਕਾਇ ਪਟ ਨਿਕਸਾਇ ਸੁ ਜੋਵੈ।ਜੁਗਲ ਉਰੂ ਤੇ ਐਂਚਿ ਕਰਿ,ਕਰਿ ਕਰਿ ਪਟ ਗੀਲਾ।ਨੀਠ ਨੀਠ ਕਾਢਨ ਕਰਯੋ ਪੁਨ ਪੁਨ ਕਰਿ ਢੀਲਾ ॥ ੧੬ ॥ ਅਪਰ ਕਾਛ ਪਹਿਰੀ ਬਹੁਰ ਸਭਿ ਬਸਤ੍ਰ ਸਜਾਏ। ਤਥਾ ਸ਼ਸਤ੍ਰ ਧਾਰਨ ਕਰੇ ਬੈਠੇ ਤਿਸ ਥਾਂਏ। ਖਾਨ ਪਾਨ ਤੈਸੇ ਕਰਯੋ ਸੋ ਦਿਵਸ ਬਿਤਾਯੋ। ਆਇ ਗੁਲਾਬੇ ਨਿਕਟ ਤਬਿ ਕਰ ਜੋਰਿ ਅਲਾਯੋ॥੧੭॥'ਮਹਾਰਾਜ! ਕਜਾ ਅਸਨ ਅਬਿ ਕਰਿਵਾਵੈਂ

[1]ਦਾਤਣ। [2]ਜੰਮ ਗਿਆ ਸੀ। [3](ਆਪਣੇ) ਹੱਥ ਨਾਲ (ਜਦ) ਫੜਕੇ ਖਿੱਚਿਆ ਤਾਂ ਖਿੱਚਣ ਤੇ ਬੀ ਨਾ ਨਿਕਲਿਆ। [4]ਜਿਸ ਵੇਲੇ ਨਾ ਨਿਕਲਿਆ। [5]ਸੰਸਾ ਨਾ ਕਰ।

*ਜਦੋਂ ਬੜਾ ਲੰਮਾ ਪੈਂਡਾ ਦੌੜਨਾ ਪਵੇ ਤਾਂ ਤੇੜ ਇਕ ਕਪੜਾ ਬੱਧਾ ਜਾਂਦਾ ਹੈ ਜੋ ਜਾਂਘੀਏ ਤੇ ਲੰਗੋਟ ਵਾਂਙ ਹੁੰਦਾ ਹੈ। ਇਸ ਨਾਲ ਬਹੁਤ ਦੌੜਨ ਵਿਚ ਸਹੂਲਤ ਹੁੰਦੀ ਤੇ ਕਈ ਖੇਚਲਾਂ ਤੋਂ ਬਚਾ ਹੁੰਦਾ ਹੈ। ਚਮਕੌਰ ਤੇ ਪੈਦਲ ਟੁਰਨ ਵੇਲੇ ਪਤਾ ਸੀ ਕਿ ਕਈ ਕੋਸ ਤ੍ਰਿਖੇ ਟੁਰਨਾ ਪੈਣਾ ਹੈ। ਜਾਪਦਾ ਹੈ ਕਿ ਇਸ ਲਈ ਪਹਿਲੋਂ ਹੀ ਕੋਈ ਕਪੜਾ ਲਕ ਨੂੰ ਕੱਸ ਪਾ ਦੇਣ ਵਾਲਾ ਬੰਨ੍ਹ ਲਿਆ ਹੈ ਜੋ ਐਤਨਾ ਪੈਂਡਾ ਦੌੜਨ ਕਰਕੇ ਮਾਸ ਵਿਚ ਖੁੱਭ ਗਿਆ ਸੀ।

ਤਸਾਰਾ । ਜਿਸ ਪਰ ਰੁਚਿ ਹੁਇ ਆਪ ਕੀ ਸੋ ਬਨਹਿ ਅਹਾਰਾ' । ਕਰਨ
ਪਾਰਖਾ ਤਿਨਹੁੰ ਕੀ ਗੁਰ ਹੁਕਮ ਬਖਾਨਾ । 'ਆਮਿਖ ਆਨਹੁੰ ਛਾਂਗ
ਇਕ ਝਟਕੈਂ ਨਿਜ ਪਾਨਾ[1]' ॥ ੧੮ ॥ ਤਬਹਿ ਗੁਲਾਬੇ ਖੋਜਿ ਕੈ ਦੇ ਮੋਲ
ਸੁ ਲਯਾਯੋ । ਸ਼੍ਰੀ ਪ੍ਰਭੁ ਕੇ ਢਿਗ ਲੇ ਗਯੋ ਤਹਿਂ ਖਰੇ ਟਿਕਾਯੋ।ਤੁਪਕਮਾਰਿ
ਝਟਕਾ ਕਰਯੋ ਭਾ ਸ਼ਬਦ ਉਚੇਰੇ । ਸੁਨਤਿ ਗੁਲਾਬਾ ਥਰਹਰਯੋ ਬਿਦਤੈ
ਨਰ ਹੇਰੇ[2] ॥ ੧੯ ॥ ਇਕਿ ਦਿਸ਼ ਹੁਤੋ ਪੜੋਸ ਕੋ ਘਰ ਦਿਜ ਕੋ ਬਾਸਾ ।
ਦੁਤਿਯ ਦਿਸ਼ਾ ਸੱਯਦ ਬਸੈ ਬਹੁ ਨਿਕਟ ਅਵਾਸਾ। ਬਿੱਪ੍ਰ ਬਿਲੋਕੇ ਉਕਸਿਕੈ
ਗੁਰ ਰੂਪ ਪਛਾਨੇ । ਆਗੈ ਗਯੋ ਅਨੰਦਪੁਰਿ ਤਹਿਂ ਦਰਸ਼ਨ ਠਾਨੇ ॥੨੦॥
ਡਾਰਿ ਪਤਾਸੇ ਥਾਲ ਮਹਿਂ ਧਰਿ ਬੀਚ ਜਨੇਊ।ਆਨਿ ਅਚਾਨਕ ਘਰਬਰਯੋ
ਨਹਿਂ ਰੋਕਯੋ ਕੋਊ । ਗੁਰ ਕੋ ਆਸ਼ਿਖ ਦੇਇ ਕਰਿ ਧਰਿ ਥਾਲ ਅਗਾਰੀ ।
ਪੰਚ ਮੁਹਰ ਨਿਜ ਹਾਥ ਲੇ ਪ੍ਰਭੁ ਤਿਸ ਮਹਿ ਡਾਰੀ ॥ ੨੧ ॥ਪੁਨ ਅਸੀਸ
ਕੈ ਬਿੱਪ੍ਰ ਦੇ ਨਿਜ ਸਦਨ ਪਹੂਚਾ । ਡਰੇ ਗੁਲਾਬ ਪੰਜਾਬ ਉਰ ਨਹਿ
ਬੋਲਤਿ ਊਚਾ ।–ਜਾਨ ਜਾਇ ਪੁਰਿ ਨਗਰ ਸਭਿ ਮੁਝ ਆਨਿ ਗਹੈ ਹੈਂ ।
ਜਤਨ ਛੁਟਨ ਕੋ ਪੁਨ ਕਹਾਂ ਨਾਹਕ ਮਰਿ ਜੈਹੈਂ–।।੨੨।।ਆਮਿਖ ਕੋ ਕਰਿ
ਪਾਕ ਤਬਿ ਆਛੇ ਸੁਧਰਾਯੋ । ਖਲਰੀ ਚਾਰੋਂ ਚਰਨ ਅਜ ਇਕ ਥਾਨ
ਟਿਕਾਯੋ। ਕਿਤਿਕ ਸਮੈਂ ਬੀਤਯੋ ਜਬੈ ਇਕ ਨਿਕਟ ਮਸੀਤਾ ।ਕਾਜ਼ੀ ਬਾਂਗ
ਪੁਕਾਰ ਕਰਿ ਬੋਲਯੋ ਨਿਰਭੀਤਾ ॥ ੨੩ ॥ ਸੁਨਿ ਸਤਿਗੁਰ ਉਠਿ ਪਲੰਘ
ਤੈ ਲੇ ਖਲਰੀ ਛਾਂਗਾ[3]।ਪਗ ਸਿਰ ਬੀਚ ਲਪੇਟ ਕਰਿ[4] ਗਮਨੇ ਤਿਤ ਆਗਾ।
ਕੋਸ਼ਠ ਕੋਸ਼ਠ ਗਨ ਉਲੰਘਿ[5] ਪਹੁੰਚੇ ਤਹਿ ਜਾਈ । ਖਰੋ ਪੁਕਾਰਤਿ ਬਾਂਗ
ਜਹਿ ਊਚੇ ਬਲ ਲਾਈ ॥ ੨੪ ॥ ਤਿਸ ਕੇ ਸਿਰ ਕੋ ਤਾਕ ਕਰਿ ਮਾਰੀ
ਤਤਕਾਲਾ । ਪਗੀਆ ਉਤਰੀ ਧਰਿ ਪਰੀ ਭਾ ਕਸ਼ਟ ਬਿਸਾਲਾ । ਕੋਸ਼ਠ
ਕੋਸ਼ਠ ਪੰਥ ਜੋ ਗੁਰ ਪਹੁੰਚੇ ਆਈ*। ਇਤ ਉਤ ਕਾਜ਼ੀ ਦੇਖਿਕੈ ਬਡ ਰੌਰ
ਉਠਾਈ॥੨੫॥ ਹਤਨਹਾਰ ਦੇਖਯੋ ਨਹੀਂ ਭੂਸ਼ਨ ਮੁਖਧਾਰੀ । ਬਿਸਮਾਨਯੋਂ
ਚਿਤਵਤਿ ਭਯੋ–ਨਭ ਤੇ ਕਿਨ ਮਾਰੀ–। ਖਲਰੀ ਵਹਿਰ ਮਸੀਤ ਤੇ ਤਤ-
ਕਾਲ ਬਗਾਈ । ਮਾਰਿ ਖਾਇ ਮਤਿਮੰਦ ਤਬਿ ਪੁਨ ਮੋਨ ਰਹਾਈ ॥ ੨੬ ॥
ਭੂਲਯੋ ਬਾਂਗ ਨਿਵਾਜ਼ ਕੋ ਨਿਜ ਸਦਨ ਸਿਧਾਰਾ। ਇਤ ਸਤਿਗੁਰ ਅਰਦਨ

[1]ਆਪਣੀ ਹੱਥੀਂ ਝਟਕਾਵਾਂਗੇ। [2](ਮਤਾਂ ਲੋਕੀ) ਦੇਖਣ ਲਈ ਆ ਜਾਣ (ਕਿ ਕਿਉਂ ਬੰਦੂਕ ਚੱਲੀ ਹੈ ਤਾਂ) ਗੱਲ ਖੁੱਲ੍ਹ ਜਾਵੇਗੀ। [3]ਬੱਕਰੇ ਦੀ। [4]ਪੈਰ ਤੇ ਸਿਰੀ (ਬੱਕਰੇ ਦੀ ਖੱਲ ਵਿਚ) ਲਪੇਟ ਕੇ। [5]ਕੋਠੇ ਕੋਠੇ ਸਾਰੇ ਲੰਘਕੇ

*[illegible]

ਲਗੇ ਭਾ ਤਨਾਰ ਅਹਾਰਾਛਾਂਗ ਮਾਸ ਕੋ ਅਰਵਤੇ ਤਿਸ ਅਸਥਿ ਬਗਾਵੈਂ। ਦ੍ਵਿਜ ਅਰੁ ਸੱਯਦ ਕੇ ਸਦਨ ਗਿਰ[1] ਨਾਦ ਉਠਾਵੈਂ ॥ ੨੭ ॥ ਬਿੱਪ੍ਰ ਬਿਲੋਕੇ ਜਾਨਿ ਸਭਿ ਨਹਿਂ ਕਛੂ ਉਚਾਰੀ। ਦੇਖਤਿ ਸੱਯਦ ਬਹੁ ਰਿਸਨੇ ਬੋਲਤਿ ਦੇ ਗਾਰੀ। 'ਸੁਨਹੁ ਗੁਲਾਬੇ! ਮੰਦਮਤਿ ਹਮ ਪਰਦਾ ਢਾਕਾ। ਸਿੰਘ ਦੁਰਾਇ ਸਦਨ ਮਹਿਂ ਤੁਝ ਤੇ ਨਹਿ ਕਾਂ ਕਾ ॥ ੨੮ ॥ ਹੋਨੇ ਦੇਹੁ ਪ੍ਰਭਾਤ ਕੋ ਹਮ ਜਾਇ ਪੁਕਾਰੈਂ। ਪਾਤਿਸ਼ਾਹ ਕੇ ਲਜਾਇ ਨਰ ਘਰ ਤੋਹਿ ਦਿਖਾਰੈਂ।ਪੇਟ ਚਾਕ[2] ਤੁਵ ਕੁਟੰਬ ਕੋ ਗਹਿ ਸੋ ਕਰਿਵਾਵੈਂ। ਹਮਰੇ ਘਰ ਮਹਿ ਅਸਥਿ ਇਹ ਨਿਰਭੈ ਗਿਰਵਾਵੈਂ' ॥ ੨੯ ॥ ਤਬਹਿ ਗੁਲਾਬ ਪੰਜਾਬ ਡਰਿ ਤਿਨ ਢਿਗ ਕਰ ਜੋਰੇ। 'ਕਰਹੁ ਛਿਮਾ ਤੁਮ ਆਜ ਕੀ ਇਹ ਗਮਨੈਂ ਭੋਰੇ। ਸਦਾ ਪੜੋਸੀ ਬਸਹੁ ਢਿਗ ਇਹ ਕਰਹੁ ਅਸਾਨਾ। ਹਮ ਅਧੀਨ ਤੁਮਰੇ ਰਹੈਂ ਹਹੁ ਪੀਰ ਮਹਾਨਾ[3]' ॥ ੩੦॥ ਨਹਿ ਬਰਜੇ ਤੇ ਜਬਿ ਹਟੇ ਗੁਰ ਮੁਹਰ ਬਗਾਈ। ਪਰੀ ਸਦਨ ਮਹਿਂ ਦੇਖਿਕੈ ਬੀਨਤਿ ਸਮੁਦਾਈ। ਅਧਿਕ ਦਰਬ ਕੇ ਲੋਭ ਮਹਿਂ ਲੇ ਤੂਸ਼ਨਿ ਹੋਏ।ਨਹਿ ਉਕਸੇ ਬੋਲੇ ਨ ਪੁਨ ਪਰਿ ਘਰਮਹਿ ਸੋਏ* ॥ ੩੧ ॥ ਇੱਤਯਾਦਿਕ ਕਹਿ ਲੋਭ ਦੇ ਰਿਸ ਤਿਨਹੂੰ ਬਿਨਾਸ਼ੀ। ਘਰ ਮਹਿਂ ਬਰ ਮਸਲਤ ਕਰੀ ਨਰ ਨਾਰਿਨਿ ਤ੍ਰਾਸੀ[4]। 'ਬਡੀ ਨਿਸਾ ਤੇ ਆਜ ਉਠਿ ਗੁਰ ਰੁਖਸਦ ਕੀਜੈ। ਛਪੇ ਰਹੈਂ ਨਹਿਂ ਡਰ ਰਹੈਂ[5], ਤੁਮ ਆਪ ਬਚੀਜੈ' ॥ ੩੨ ॥ ਇੱਤਯਾਦਿਕ ਗਿਣਤੀ ਗਿਨੀ ਸਭਿ ਧੀਰਜ ਖੋਈ।ਦੇਤਿ ਕਸੌਟੀ ਗੁਰੂ ਜੀ ਸਹਿ ਸਕੈ ਨ ਕੋਈ।ਗੁਰ ਪ੍ਰਸਾਦਿ ਛਕਿ ਲੀਨ ਤਬਿ ਜਲ ਪਾਨ ਪਖਾਰੇ। ਥਿਰ ਪੂਰਬਕ ਪਰ ਗੁਰ ਭਏ ਕਿਸ ਤ੍ਰਾਸ ਨ ਧਾਰੇ ॥ ੩੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮਾਛੀ ਵਾੜੇ' ਪ੍ਰਸੰਗ ਬਰਨਨੋ ਨਾਮ ਪੰਚਤ੍ਰਿੰਸਤੀ ਅੰਸੂ ॥ ੩੫॥

## ੩੬. [ਉੱਚ ਦੇ ਪੀਰਾਨ ਪੀਰ]।

ਦੋਹਰਾ॥ਪਸਰੀ ਸੈਨਾ ਤੁਰਕ ਕੀ ਚਹੁੰ ਦਿਸ਼ ਮਹਿ ਪੁਰਿ ਗ੍ਰਾਮ। ਦਸ ਹਜ਼ਾਰ ਪਹੁੰਚਨੋ ਇਤੇ ਗੁਰ ਖੋਜਨਿ ਕੇ ਕਾਮ ॥ ੧ ॥ ਸੈਯਾ ਛੰਦ। ਨਬੀ ਗ਼ਨੀ ਖਾਂ

[1] ਡਿੱਗਕੇ ਨਾਲ। [2] ਪੇਟ ਪਾੜਨਾ। [3] ਤੁਸੀਂ ਪੀਰ ਹੋ ਵਡੇ। [4] ਭਾਵ ਗੁਲਾਬੇ ਦੇ ਘਰ ਦੇ ਮਨੁੱਖ ਤੇ ਤੀਵੀਆਂ ਡਰੀਆਂ ਹੋਈਆਂ ਨੇ ਸਲਾਹ ਕੀਤੀ। [5] ਨਾਂ ਛਪਕੇ ਰਹਿੰਦੇ ਹਨ ਤੇ ਨਾਂ ਹੀ ਡਰਦੇ ਹਨ।

*ਕਵਿ ਜੀ ਸਤਿਗੁਰੂ ਜੀ ਦੀ ਨਿਰਭੈਤਾ ਦਿਖਾ ਰਹੇ ਹਨ, ਇਕ ਪਾਸੇ ਇਸ ਦਸ਼ਾ ਵਿਚ ਭੀ ਅਡੋਲ ਹਨ, ਦੂਜੇ ਪਾਸੇ ਆਪਣੇ ਸੇਵਕ ਤੇ ਮਿਹਰ ਕਰਨੀ ਹੈ ਉਸ ਦੀ ਕਸਵਟੀ ਹੋ ਰਹੀ ਹੈ, ਤੀਜੇ ਪਾਸੇ ਨੀਤੀ ਟੁਰ ਰਹੀ ਹੈ, ਆਦਿ ਗੁਆਂਢ ਦੇ ਲੋਕ ਪਛਾਣ ਲਏ ਹਨ ਕਿ ਲੋਭੀ ਹਨ, ਪਰਦਾ ਢਕੀ ਰੱਖਣਗੇ, ਪਰ ਥੋੜਾ ਕਾਲ, ਜਦੋਂ ਵਧੇਰੇ ਲੋਭ ਮਿਲਿਆ ਤਾਂ ਇਹ ਇਤਬਾਰ ਜੋਗ ਪੜੋਸ ਨਹੀਂ ਹੈ।

ਤਿਸ ਹੀ ਦਲ ਮਹਿਂ ਗੁਰ ਕੀ ਤਨਕ ਭਨਕ[1] ਸੁਨਿ ਕਾਨ। ਖੋਜਤਿ ਪੁਰਿ ਮਹਿਂ ਇਤ ਉਤ ਘਰ ਫਿਰ ਦੂਰ ਦੂਰ ਸਭਿ ਤੇ ਰਹਿਤ ਪਛਾਨ।ਆਗੇ ਗੁਰ ਢਿਗ ਰਹੇ ਬਹੁਤ ਚਿਰ ਬੇਚੇ ਆਨਿ ਮਹਾਨ ਕਿਕਾਨ[2]। ਕ੍ਰਿਖਕ ਚਾਕਰੀ ਭੀ ਤਬਿ ਕੀਨੀ ਲੀਨਿ ਦਰਬ ਕੋ ਕਰਿ ਗੁਜ਼ਰਾਨ ॥ ੨ ॥ ਸਿਮਰਨ ਸਮੈਂ ਕਰਯੋ[3] ਸੋ ਮਨ ਮਹਿਂ ਚਾਹਯੋ ਚਿਤ ਮਹਿਂ ਭਲੋ ਬਿਚਾਰ।–ਹਮ ਤੇ ਸਰੈ ਸੇਵ ਸਤਿਗੁਰ ਕੀ ਯਾਂ ਤੇ ਨੀਕੀ ਅਪਰ ਨ ਕਾਰ–। ਸਦਨ ਗੁਲਾਬੇ ਕੇ ਤਬਿ ਆਏ ਸੁਨਿ ਸ਼੍ਰੀ ਪ੍ਰਭੁ ਨੇ ਲੀਏ ਹਕਾਰ। ਦਰਸ਼ਨ ਤੇ ਅਭਿਬੰਦਨ ਕਰਿਕੈ ਬੈਠਿ ਗਏ ਢਿਗ ਕੀਨਿ ਉਚਾਰ ॥ ੩ ॥ 'ਹਮ ਰਾਵਰ ਕੇ ਚਾਕਰ ਤਿਮ ਹੀ ਜਿਮ ਆਗੇ ਤੁਮ ਕਰਤੇ ਕਾਰ[4]। ਅਬਿ ਜੋ ਉਚਿਤ ਹੋਇ ਫੁਰਮਾਵਹੁ ਕਰਹਿਂ ਸੁ ਹਮ ਨਹਿਂ ਕੋ ਤਕਰਾਰ[5]'। ਸੁਨਿ ਗੁਰ ਭਨਯੋਂ 'ਰਹਹੁ ਢਿਗ ਹਮਰੇ, ਗਮਨਹਿਂ ਸੰਗ ਚਲੋ ਹਿਤ ਧਾਰਿ। ਜਬਿ ਹਮ ਖ਼ੁਸ਼ੀ ਦੇਹਿਂ ਤਬਿ ਹਟੀਅਹਿ, ਕਾਰਜ ਇਹੀ ਦਿਵਸ ਦੋ ਚਾਰ' ॥ ੪ ॥ ਮਾਨਿ ਬੈਨ ਕੋ ਬੋਲੇ 'ਬਿਹਤਰ[6]!' ਰਹੇ ਕਿਸੀ ਕੇ ਘਰ ਤਬਿ ਜਾਇ। ਸੁਪਤੇ ਸਤਿਗੁਰ ਬਹੁਰ ਜਾਮਨੀ ਆਪ ਆਪਨੇ ਸਿਖ ਸਭਿ ਥਾਂਇ। ਸਹਤਿ ਕੁਟੰਬ ਗੁਲਾਬਾ ਸੁਪਤਯੋ–ਤੁਰਕ ਪਕਰਿ ਲੇ ਦੇਹਿਂ ਸਜ਼ਾਇ–। ਤ੍ਰਾਸ ਧਰੇ ਉਰ ਜਾਗਤਿ ਬੈਠਯੋ–ਗੁਰ ਕੋ ਕੁਸ਼ਲ ਕਰੌਂ ਬਨਾਇ–॥੫॥ਸਵਾ ਜਾਮ ਜਬਿ ਰਹੀ ਜਾਮਨੀ ਪੰਚ ਰਜਤਪਣ ਲੇ ਇਕ ਥਾਨ। ਸਤਿਗੁਰ ਸੁਪਤ ਜਗਾਵਨ ਕੀਨੇ ਆਗੇ ਧਰਿ ਕਰਿ ਜੋਰੇ ਪਾਨ। ਪਿਖਿ ਬਿਦਾਇਗੀ ਸਤਿਗੁਰ ਬੋਲੇ 'ਕਹਾਂ ਗੁਲਾਬਾ ਤੈਂ ਕ੍ਰਿਤਿ ਠਾਨਿ। ਧੀਰਜ ਧਰਹੁ ਨ ਭਰਮਹੁ ਉਰ ਮਹਿਂ ਪੂਰਬ ਸਮਸਰ ਬਨਿ ਸਵਧਾਨ' ॥ ੬ ॥ 'ਸ਼੍ਰੀ ਸਤਿਗੁਰ ਤੁਮ ਸਮਰਥ ਸਭਿ ਬਿਧਿ ਮੈਂ ਗ਼ਰੀਬ ਅਬਿ ਮਾਰਯੋ ਜਾਇਗਹੈਂ ਤੁਰਕ ਲੈ ਕੈਦ ਕਰਹਿੰਗੇ ਸਭਿ ਕੁਟੰਬ ਜੁਤਿ ਦੇਹਿਂ ਸਜ਼ਾਇ'।ਤ੍ਰਸਤਿ ਰਿਦੇ ਪਿਖਿ[7]*ਸਤਿਗੁਰ ਬੋਲੇ 'ਅਹੋ ਗੁਲਾਬਾ! ਨਹਿਂ ਭਰਮਾਇ। ਜਿਹ ਗੁਰ ਡਾਵੈ ਤਿਹ ਸਿਖ ਡਾਵੈ ਲਗਨ ਨ ਪਾਵੈ ਤਾਤੀ ਵਾਇ' ॥ ੭ ॥ [8]'ਸ਼੍ਰੀ ਸਤਿਗੁਰ ਤੁਮ ਸਮਰਥ ਬਡ ਬਲ ਮੈਂ ਮਾੜੋ, ਕਿਮ ਹ੍ਵੈ ਨ ਬਚਾਇ। ਬਹੁਰ ਉਪਾਇ ਨ ਕੋ ਬਨਿ ਆਵੈ ਜਾਬਿ ਪੁਰਿ

[1]ਥੋੜੀ ਜਿਹੀ ਕਣਸੋ। [2]ਘੋੜੇ। [3]ਸੋ ਸਮਾਂ ਯਾਦ ਕੀਤਾ। [4]ਆਪਦੀ ਸੇਵਾ ਜਿਵੇਂ ਅੱਗੇ ਕਰਦੇ ਰਹੇ ਸਾਂ। [5]ਮੁਰਾਦ ਹੈ ਕਿ ਕਿਸੇ ਗੱਲੇ ਇਨਕਾਰ ਨਹੀਂ। [6]ਅੱਛੀ ਗੱਲ ਜੀ! [7](ਉਸਦਾ) ਦਿਲ ਡਰਿਆ (ਦੇਖਕੇ)। [8]ਗੁਲਾਬਾ ਬੋਲਿਆ।

*ਪਾ:–ਤ੍ਰਸਤਿ ਰਿਦੇ ਤ੍ਰੈ।

ਮਹਿ ਹੋਵਹੁ ਬਿਦਤਾਇ'।ਪੁਨ ਪ੍ਰਭੁ ਭਨਯੋ 'ਨਹੀਂ ਤੁਮ ਮਾੜੋ,ਗੁਰੂ ਪੀਨ[1] ਤੁਹਿ ਪੀਨ ਬਨਾਇ। ਬੈਕੋ ਬਾਰ ਨ ਹੋਵਨ ਪਾਵੈ ਅੰਗ ਸੰਗ ਨਿਤ ਬਨਹਿ ਸਹਾਇ' ॥ ੮ ॥ ਬਹੁਰ ਗੁਲਾਬੇ ਡਰ ਧਰਿ ਭਾਖਯੋ 'ਮੈਂ ਮਾੜੋ ਨਹਿ ਬਰਿਬੋ ਹੋਇ'।ਸੁਨਿ ਪ੍ਰਭੁ ਕਹਯੋ'ਰਹਹੁ ਤੁਮ ਮਾੜੇ ਪਦ ਜੋਰਾਵਰ[2] ਲਿਯੋ ਨ ਕੋਇ'। ਜਬਿ ਸਤਿਗੁਰ ਕੁਰਖੇਤਰ ਗਮਨੇ ਉਤਰੇ ਤਬਿ ਚਮਕੌਰ ਸੁ ਜੋਇ। ਹੁਤੋ ਨਿਹਾਲਾਗ੍ਰਾਮ ਚੌਧਰੀ ਸੇਵਾ ਕਰੀ ਭਾਉਧਰਿ ਸੋਇ॥੯॥ਸੁਨਿਸੁਨਿ ਸੰਗਤਿ ਦਰਸ਼ਨ ਕੇ ਹਿਤ ਮਿਲੀ ਆਇ ਲੇ ਅਨਿਕ ਅਕੋਰ। ਮਾਛੀਵਾਰੇ ਕੀ ਖੱਤ੍ਰਾਨੀ ਸੁਨਿ ਪਹੁੰਚੀ ਉਰ ਪ੍ਰੇਮ ਨਿਹੋਰਿ। ਸੂਖਮ ਬਸਤ੍ਰ ਥਾਨ ਇਕ ਆਨਯੋਂ ਅਰਪਯੋ ਨਮੋ ਕਰੀ ਕਰ ਜੋਰਿ।ਸ੍ਰੀ ਮੁਖ ਤੇ ਪਿਖਿ ਕਰਿਭੁਰਮਾਯਹੁ 'ਸਿੱਖਣੀਏ ! ਜਾਰਹੁ ਚਿਤ ਲੋਰਿ' ॥ ੧੦ ॥ ਕਰਿ ਬੰਦਨ ਖੱਤ੍ਰਾਨੀ ਭਾਖਯੋ 'ਪਾਤਸ਼ਾਹੁਮੇਰੀ ਅਰਦਾਸਭਈਬ੍ਰਿਧਾ,ਮੈਂ ਗਮਨਯੋ ਜਾਇ ਨ,ਕਿਮਪਹੁੰਚੌਂ ਰਾਵਰ ਕੇ ਪਾਸ। ਸੂਖਮ ਸੂਤ ਕਾਤ ਕਰਿ ਨਿਤ ਹੀ ਭੇਟ ਦੇਤਿ ਮੈਂ ਸੁੰਦਰ ਬਾਸ[3]। ਕਿਮ ਦਰਸ਼ਨ ਮੁਝ ਪ੍ਰਾਪਤਿ ਹੋਵਹਿ, ਇਹ ਕਿਮ ਪੂਰਨ ਹੋਵੈ ਆਸ'॥੧੧॥ਸੁਨਿ ਗੁਰ ਕਹਯੋ'ਬਸਤ੍ਰ ਹਮ ਲੈ ਹੈਂ ਜਹਿ ਤੂੰ ਬਸਹਿੰ ਤਿਸੀ ਪੁਰਿ ਆਇ। ਕਾਤ ਬਨਾਇ ਤਯਾਰ ਕਰਿ ਰਹੀਯਹਿ ਪਹਿਰੈਂਗੇ ਨਿਜ ਅੰਗ ਸਜਾਇ।ਮਹਾਂਪ੍ਰਸਾਦ ਅਚਹੁ ਲੇ ਹਮ ਤੇ'ਇਮ ਕਹਿ ਸਤਿਗੁਰਦਿਯੋ ਸੁ ਖਾਇ। ਹੁਇ ਅਨੰਦ ਪੁਨ ਸਦਨ ਸਿਧਾਰੀ[4] ਕਾਤ ਬਸਤ੍ਰ ਤਿਨ ਧਰਯੋ ਬਨਾਇ॥੧੨॥ ਤਿਸ ਕੋ ਕਹਯੋ ਹੁਤੋ ਜਿਮ ਪੂਰਬ ਸੋ ਸਿਮਰਨ ਕਰਿ ਗੁਰ ਤਿਸ ਕਾਲ। ਕਹਯੋ ਗੁਲਾਬੇ ਸੋਂ ਤਿਸ ਛਿਨ ਮਹਿ 'ਛੱਤ੍ਰਾਨੀ ਜੋ ਬ੍ਰਿਧਾ ਬਿਸਾਲ। ਕਰਹੁ ਹਕਾਰਨ ਸੰਗ ਸੁ ਆਨਹੁ ਤਿਸ ਕੀ ਪੂਰਹਿੰ ਕਾਮਨਾ ਹਾਲ[5]'।ਸੁਨਤਿ ਹੁਕਮ ਕੋ ਗਯੋ ਤੁਰਤ ਤਬਿ ਜਹਾਂ ਸਦਨ ਥੋ ਖੋਜਿ ਉਤਾਲ ॥ ੧੩ ॥ ਭੇਤ ਬਤਾਯਹੁ ਸਕਲ ਗੁਰੂ ਕੋ, ਸੁਨਿ ਹਰਖੀ ਪਰਖੀ ਸਭਿ ਬਾਤ। ਸੂਖਮ ਬਸਤ੍ਰ ਥਾਨ ਦ੍ਵੈ ਲੈ ਕਰਿ ਚਲਿ ਆਈ ਬਿਰਧਾ ਉਤਲਾਤਿ। ਧਰਿ ਅਕੋਰ, ਕਰ ਜੋਰਿ ਨਮੋ ਕਰਿ, ਹੇਰਿ ਹੇਰਿ ਕਰਿ ਸੁੰਦਰ ਗਾਤ। ਅਧਿਕ ਮੁਦਤਿ ਮਨ ਪ੍ਰੇਮ ਉਦਤਿ ਹੁਇ'ਧੰਨ ਭਾਗ ਮੈਂ ਪਿਖਿ ਸੱਖਯਾਤ' ॥ ੧੪ ॥

---

[1]ਤਕੜਾ। [2]ਤਕੜਾਈ ਦੀ ਪਦਵੀ। [3]ਬਸਤਰ। [4]ਇਥੋਂ ਤਾਈਂ ਮਾਛੀਵਾੜੇ ਦੀ ਖੱਤ੍ਰਾਣੀ ਦਾ ਪਿਛਲਾ ਪ੍ਰਸੰਗ ਕਿਹਾ ਹੈ ਜਦੋਂ ਕੁਰਖੇਤਰ ਤੋਂ ਮੁੜਦਿਆਂ ਸਤਿਗੁਰਾਂ ਨੂੰ ਓਹ ਚਮਕੌਰ ਮਿਲੀ ਸੀ। [5]ਹੁਣੇ ਹੀ।

ਗੁਰ ਪ੍ਰਸੰਨ ਹੁਇ ਕਹ੍ਯੋ ਤਾਂਹਿ ਕੋ 'ਭੇਟ ਅੰਤ ਕੀ ਹਮ ਨੇ ਲੀਨ । ਅੰਤ ਸਮਾਂ ਪ੍ਰਾਪਤੋ ਅਬਿ ਤੇਰੋ,ਤਜਿ ਤਨ ਉੱਤਮ ਪਦ ਕੋ ਦੀਨਿ' । ਕਰਿ ਦਰਸ਼ਨ ਕੋ ਗਮਨੀ ਸੋ ਪੁਨ ਬਾਕ ਗੁਲਾਬੇ ਸਨ ਗੁਰ ਕੀਨ । 'ਸਿਯਨਹਾਰ ਤੇ ਤੁਰਤ ਸਿਵਾਵਹੁ, ਗਰ ਪੈਰਾਹਨ ਬਨੈ ਨਵੀਨ' ॥ ੧੫ ॥ ਸੁਨਿ ਕਰਿ ਜਾਇ ਤਯਾਰ ਕਰਿਵਾਯਹੁ ਏਕ ਚਾਦਰਾ ਅਰੁ ਗਰ ਚੀਰ[1] । ਬਹੁਰ ਕਹ੍ਯੋ 'ਕਰਿ ਸ਼ਯਾਮ ਬਰਨ ਪਟ ਲੇ ਕਰਿ ਆਵਹੁ ਹਮਰੇ ਤੀਰ' । ਨਬੀ ਗ਼ਨੀ ਖਾਂ ਤਬਿ ਚਲਿ ਆਏ ਨਿਕਸਨ ਭੇਵ ਕਹ੍ਯੋ ਗੁਰ ਧੀਰ।'ਲੇਹੁ ਪ੍ਰਯੰਕ ਉਠਾਇ ਸੀਸ ਪਰ ਉਲੰਘਹਿਂ ਤੁਰਕਨ ਭੀਰ ਬਹੀਰ' ॥੧੬॥ ਸੁੰਦਰ ਲੀਨ ਪ੍ਰਯੰਕ ਏਕ ਤਬਿ ਸੂਖਮ ਆਸਤਰਨ ਤੇ ਛਾਇ।ਚਹੁੰ ਪਾਵਨ ਸਨ ਪੰਖ ਮੋਰਕੇ ਬਾਂਧੇ ਆਛੀ ਰੀਤ ਬਨਾਇ । ਅਪਰ ਛਰੀ ਬਾਂਧੀ ਸੰਗ ਤਿਨ ਕੇ ਹਿਤ ਛਾਇਆ ਕੇ ਚਾਰਹੁੰ ਥਾਇ। ਮੂੱਠਾ ਏਕ ਮੋਰ ਪਰ ਕੇਰਾ[2] ਇੱਤ੍ਯਾਦਿਕ ਤਯਾਰੀ ਕਰਿਵਾਇ ॥ ੧੭ ॥ ਬਸਤ੍ਰ ਤਯਾਰ ਕਰਿ ਲ੍ਯਾਇ ਗੁਲਾਬਾ ਗਰੇ ਪਿਰਾਹਨ ਸਤਿਗੁਰ ਪਾਇ । ਦੀਰਘ ਲਿਯੋ ਚਾਦਰਾ ਊਪਰ ਹਾਜੀ ਅਪਨੋ ਰੂਪ ਬਨਾਇ। ਨਹਿਂ ਦਸਤਾਰ ਸੀਸ ਪਰ ਰਾਖੀ ਪੀਛੇ ਕੇਸ਼ ਦੀਏ ਲਰਕਾਇ । ਛਾਦਿ ਚਾਦਰੇ ਸੋਂ ਦੁਤਿਪਾਵਤਿ ਤਮ ਪਟ ਮਹਿਂ[3] ਮੁਖਚੰਦ ਸੁਹਾਇ॥੧੮॥ ਚੜ੍ਹਿ ਬੈਠੇ ਗੁਰ ਤਿਸ ਪ੍ਰਯੰਕ ਪਰ ਸਿਰ ਪਰ ਚਾਰਹੁ ਲੀਨਿ ਉਠਾਇ।ਨਬੀ ਗ਼ਨੀਖਾਂ ਆਗਲ ਪਾਵੇ ਦੋਨਹੁੰ ਸਿਰ ਧਰਿ ਚਲਿ ਅਗਵਾਇ। ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਧਰਾਇ। ਦਯਾ ਸਿੰਘ ਮੂੱਠਾ ਕਰ ਧਾਰ੍ਯੋ ਗਨ ਮੋਰਨ ਪਰ ਬੰਧ ਬਨਾਇ[4] ॥ ੧੯ ॥ ਨਿਕਸੇ ਪ੍ਰਥਮ ਬਜ਼ਾਰ ਪੰਥ ਕੋ ਸਨੇ ਸਨੇ ਗਮਨੇ ਇਸ ਭਾਂਤਿ । ਜੋ ਬੂਝੇ 'ਇਹ ਕੌਨ ਪ੍ਰਯੰਕ ਪਰ ਕਿਤ ਤੇ ਆਏ ਕਿਤ ਕੋ ਜਾਤ?'।ਨਬੀ ਗ਼ਨੀਖਾਂ ਉੱਤਰ ਦੇਂ ਤਿਨ'ਉੱਚ ਨਗਰ ਕੇ ਸੱਯਦ ਜ਼ਾਤ । ਹਾਜੀ ਅਹੈਂ, ਹੱਜ ਕਰਿ ਆਏ, ਮਨ ਕੀ ਮੌਜ ਸਹਤ ਬਿਚਰਾਤਿ*'॥੨੦॥ਸਿੰਘਨ ਸੀਸ ਸ਼ਮਸ਼ ਜੋ ਅਪਨੀ ਸੰਗ ਚਾਦਰੇ

[1]ਗਲ ਦਾ ਬਸਤਰ। [2]ਮੋਰ ਦੇ ਖੰਭਾਂ ਦਾ। [3]ਕਾਲੇ ਕਪੜੇ ਵਿਚ। [4]ਮੋਰਾਂ ਦੇ ਬਹੁਤੇ ਪਰ ਇਨੁਕਾ। * ਜੋ ਫਿਕਰਾ ਇਥੇ ਵਰਤਿਆ ਹੈ ਉਹ ਇਹ ਸੀ 'ਉੱਚ ਦੇ ਪੀਰਾਨ ਪੀਰ ਹਨ' । ਉੱਚ ਦੇ ਪੀਰਾਂ ਦਾ ਵਡਕਾ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਤੇ ਹਿੰਦ ਵਿੱਚ ਮਿਲਿਆ ਤੇ ਪਰਮ ਪ੍ਰੇਮੀ ਸੀ। ਤਦ ਤੋਂ ਉੱਚ ਦੇ ਪੀਰ ਕੇਸ਼ਾ ਧਾਰੀ ਸਨ; ਤੇ ਹਰਿ ਗੁਰੂ ਜੀ ਦੇ ਸਮੇਂ ਗੱਦੀ ਨਸ਼ੀਨ ਸਤਿਗੁਰਾਂ ਨੂੰ ਮਿਲਦੇ ਰਹੇ ਹਨ, ਭਾਵਨਾ ਰੱਖਦੇ ਰਹੇ ਹਨ। ਇਸੇ ਕਰਕੇ ਮਹਾਰਾਜਾ ਰਣਜੀਤ ਸਿੰਘ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਛਾਦਨ ਕੀਨਿ।ਗਮਨੇ ਸ਼੍ਰੀ ਪ੍ਰਭੁ ਜਾਤਿ ਅੱਗ੍ਰ ਕੋ ਪੂਜ ਤੁਰਕ ਗਨ ਕੇ ਬਨ ਪੀਨ[1]। ਸ਼ਰਧਾਵਾਨ ਬੰਦਨਾ ਠਾਨਹਿਂ ਹੇਰਹਿਂ ਅਦਭੁਤ ਰੂਪ ਨਵੀਨ।ਪੁਰਿ ਤੇ ਨਿਕਸਿ ਅੱਗ੍ਰ ਕੇ ਮਗ ਚਲਿ ਸ਼੍ਰੀ ਸਤਿਗੁਰ ਸਭਿ ਰੀਤਿ ਪ੍ਰਬੀਨ ॥੨੧॥ ਕੇਤਿਕ ਕੋਸ ਗਏ ਜਬਿ ਚਲਿ ਕੈ ਸੈਨਾ ਪਸਰੀ ਤੁਰਕਨ ਕੇਰ। ਫਿਰਹਿਂ ਹਜ਼ਾਰਹੁਂ ਇਤਉਤ ਡੋਲਤਿ ਪਰੇਹਜ਼ਾਰਹੁਂ ਕਰਿਕਰਿ ਡੇਰ। ਉਤਰਯੋ ਇਕ ਉਮਰਾਵ ਅਗਾਰੀ ਪੰਚ ਹਜ਼ਾਰ ਚਮੂੰ ਤਿਸ ਕੇਰ। ਨਿਕਟ ਪ੍ਰਯੰਕ ਗੁਰੂ ਕੋ ਗਮਨਯੋਂ ਕਿਤਿਕ ਸਿਪਾਹੀ ਆਵਤਿ ਹੇਰ ॥ ੨੨॥ ਜਾਇ ਕਹਯੋ ਉਮਰਾਵ ਅਗਾਰੀ 'ਇਕ ਪ੍ਰਯੰਕ ਪਰ ਚਢਯੋ ਸਿਧਾਇ। ਫੈਲੀ ਚਮੂੰ ਸਕਲ ਜਿਸ ਕਾਰਨ ਗੁਰ ਧਰਿ ਭੇਸ ਨਿਕਸ ਨਹਿਂ ਜਾਇ। ਥਾਨ ਥਾਨ ਪੁਰਿ ਗ੍ਰਾਮਨਿ ਮਹਿਂ ਸਭਿ ਜਿਤ ਕਿਤ ਖੋਜਤਿ ਹੈਂ ਸਮੁਦਾਇ। ਸਾਵਧਾਨ ਤੁਮ ਭੀ ਕ੍ਰਰਿ ਨਿਰਨੈ,ਨਰ ਨ ਓਪਰੇ ਤੈਂ ਨਿਕਸਾਇ'[2]॥੨੩॥ਸੁਨਿ ਉਮਰਾਵਪਠੇ ਸ਼ੁਭਮਤਿ ਨਰ,'ਬੂਝਹੁ ਜਾਇ ਪ੍ਰਯੰਕ ਪਰ ਕੋਇ?'। ਤੁਰਤ ਆਇ ਕਰਿ ਊਚੇ ਬੋਲੇ 'ਖਰੇ ਰਹਹੁ ਬਤਲਾਵਹੁ ਸੋਇ।ਕਿਤ ਤੇ ਆਏ,ਜਾਹਿਂ ਕਹਾਂ ਕੋ ਜਾਮਾ[3]ਕੌਨ ਆਪਕੋ ਹੋਇ'।ਨਬੀ ਗ਼ਨੀਖਾਂ ਉੱਤਰ ਦੀਨਸਿ 'ਇਹ ਸੱਯਦ ਉਚ ਬਾਸੀ ਜੋਇ ॥੨੪॥ ਕਰੀ ਹੱਜ ਹਾਜੀ ਏ ਦੀਰਘ ਜਹਾਂ ਮੌਜ ਤਹਿਂ ਨਿਤ ਬਿਚਰੰਤਿ'।ਸੁਨਤਿ ਸਿਪਾਹੀ ਗਮਨੇ ਤੂਰਨ ਪਹੁੰਚਿ ਨਿਕਟ ਉਮਰਾਵ ਭਨੰਤਿ। 'ਸੱਯਦ ਇਹ ਹਾਜੀ ਹਜ ਕਰਿ ਕੈ ਫਿਰਤਿ ਆਪਨੇ ਮਤੇ ਮਤੰਤ। ਨਗਰ ਉੱਚ ਕੋ ਬਾਸੀ ਭਾਖਤਿ ਦੀਰਘ ਪੀਰ ਰੀਤਿ ਲਖਿਯੰਤਿ' ॥ ੨੫ ॥ ਸਕਲ ਕਚਹਿਰੀ ਸੁਨਿ ਗਨ ਤੁਰਕਨ ਮਸਲਤ ਕਰੀ 'ਗੁਰੂ ਨ ਸਿਧਾਇ। ਨਿਸ ਕੋ ਡੇਰੇ ਬਿਖੈ ਉਤਾਰਹੁ ਖਾਨ ਪਾਨ ਤੇ ਪਰਖਯੋ ਜਾਇ। ਹੋਤਿ ਫਜਰ ਕੇ

[1]ਤੁਰਕਾਂ ਦੇ ਭਾਰੇ ਪੂਜਯ ਬਣਕੇ। [2]ਓਪਰੇ (ਬਣਕੇ) (ਤੇਰੇ) ਨਰਾਂ ਪਾਸੋਂ ਨਿਕਲ ਨਾ ਜਾਣ (ਅ) ਓਪਰੇ ਨਰਾਂ ਭਾਵ ਨਾ ਪਛਾਣ ਸਕਣ ਵਾਲੇ ਤੇਰੇ ਨਰਾਂ ਪਾਸੋਂ ਮਤਾਂ ਨਿਕਲ ਜਾਣ। [3]ਫਾਰਸੀ ਜਾਮਹ=ਕਪੜਾ। ਪੰਜਾਬੀ ਮੁਹਾਵਰੇ ਵਿਚ ਜਨਮ, ਜ਼ਾਤ ਤੇ ਮਜ਼ਹਬ ਵਾਸਤੇ ਵਰਤੀਂਦਾ ਹੈ।

[ ਪਿਛਲੇ ਪੰਨੇ ਦੀ ਬਾਕੀ ਟੂਕ ]

ਦੇ ਸਮੇਂ ਬੀ ਇਨ੍ਹਾਂ ਨਾਲ ਸਿੱਖਾਂ ਪਯਾਰ ਕੀਤਾ ਸੀ। ਸ੍ਰੀ ਗੁਰੂ ਜੀ ਉਨ੍ਹਾਂ ਦੇ ਪੀਰ ਸੱਚਮੁਚ ਸਨ। ਅਤੇ ਉਨ੍ਹਾਂ ਪੀਰਾਂ ਦਾ ਕੇਸਾਧਾਰੀ ਹੋਣਾ ਮਸ਼ਹੂਰ ਸੀ। ਇਸ ਕਰਕੇ ਮੁੱਲਿਆਂ ਨੂੰ ਬਹੁਤ ਸੰਸਾ ਨਹੀਂ ਸੀ ਪੈ ਸਕਦਾ। ਕਵਿ ਜੀ ਨੇ ਉਸ ਵੇਲੇ ਵਰਤੇ ਗਏ ਫਿਕਰੇ ਦਾ ਵਿਸਥਾਰ ਕਰਕੇ ਦੱਸਿਆ ਹੈ, ਇਥੇ ਅਗਲੇ ਅੰਸੂ ਦੇ ਅੰਕ ੨੧ ਵਿਚ ਕਵੀ ਜੀ ਆਪ 'ਪੀਰਾਨ ਪੀਰ' ਲਫਜ਼ ਇਸ ਵੇਲੇ ਗੁਰੂ ਜੀ ਲਈ ਵਰਤਦੇ ਹਨ।

ਹੈ ਖਸਦ ਕਰੀਯਹਿ ਆਪ ਕਰਹੁ ਜ਼ਾਰਤ ਦਰਸਾਇ[1]"। ਇਮ ਕਹਿ ਪਠੇ ਸਿਪਾਹੀ ਪਹੁੰਚੇ ਢਿਗ ਸਤਿਗੁਰ ਕੇ ਕਹੀ ਸੁਨਾਇ॥੨੬॥ 'ਹੁਕਮ ਕਰਯੋ ਉਮਰਾਵ ਆਪ ਕੋ ਡੇਰਾ ਕਰੀਅਹਿ ਨਿਸ ਇਕ ਆਇ। ਫਜਰ ਜਾਹੁ ਜਿਤ ਇੱਛਾ ਹੋਵੈ ਬਹੁਰ ਨਹੀਂ ਕੋ ਤੁਮ ਅਟਕਾਇ'। ਦਯਾ ਸਿੰਘ ਸੁਨਿ ਬਾਕ ਬਖਾਨਯੋਂ 'ਤੰਬੂ ਦੀਜੈ ਪ੍ਰਿਥਕ ਲਗਾਇ। ਤਬਹਿ ਪੀਰ ਜੀ ਸਿਵਰ ਕਰਹਿੰਗੇ ਜ਼ਾਰਤਿ ਕਰਹਿੰ ਆਇ ਸਮੁਦਾਇ' ॥੨੭॥ ਤਿਨਹੁ ਬੂਝਿ ਉਮ-ਰਾਵ ਲਯੋ ਪੁਨ ਬਾਹਰ[2] ਪੌਰ ਦੁਰਗ ਕੇ ਮਾਂਹਿ।ਅੰਤਰ ਜੈਥੋ ਕੋ ਮਗ ਢਿਗ ਢਿਗ ਤਿਹ ਠਾਂ ਤੰਬੂ ਦੀਨਿ ਲਗਾਇ। ਨਬੀ ਗ਼ਨੀ ਖਾਂ ਗਮਨੇ ਅੰਤਰ ਦਯਾ ਸਿੰਘ ਪਸ਼ਚਾਤ ਚਲਾਇ। ਧਰਮ ਸਿੰਘ ਅਰੁ ਮਾਨ ਸਿੰਘ ਜੁਗ ਪਾਛਲ ਪਾਵੇ ਸੀਸ ਉਠਾਇ॥ ੨੮ ॥ ਪ੍ਰਥਮ ਪੌਰ ਕੇ ਅੰਤਰ ਬਰ ਕਰਿ ਦੁਤੀ ਪੌਰ ਕੇ ਕੁਛ ਅਗਵਾਇ। ਤੰਬੂ ਬਿਖੈ ਪ੍ਰਯੰਕ ਉਤਾਰਯੋ ਪੀਰਹੁੰ ਬੈਠੇ ਢਿਗ ਦਰਸਾਇ। ਕਿਤਿਕ ਦੇਰ ਮਹਿਂ ਪੁਨ ਨਰ ਆਯੋ 'ਤੁਮ ਸੋਂ ਕਹਿ ਭੇਜਯੋ ਉਮਰਾਇ।—ਕਹੈ ਸ਼ਾਹਦੀ ਆਨ ਜਿ ਕੋਈ ਨਿਸ਼ਚੈ ਸੱਯਦ ਦੇਹੁ ਬਤਾਇ॥੨੯॥ਤੌ ਤੁਮ ਜਾਨ ਪਾਇਗੋ ਆਗੇ ਜੇ ਕੋ ਨਹੀਂ ਬਤਾਵੈ ਆਇ। ਤੌ ਅਟਕੇ ਹੀ ਇਹ ਠਾਂ ਰਹਿ ਹੋ—ਇਸ ਕਾਰਨ ਕੁਛ ਕਰਹੁ ਉਪਾਇ'। ਸ੍ਰੀ ਗੁਰ ਸੁਨਿ ਮੁਖ ਤੇ ਫੁਰਮਾਯਹੁ'ਸੱਯਦਬਸੈਨੂਰਪੁਰਿ ਥਾਇੰ*।ਅਬਿ ਮਾਛੀ-ਵਾਰੇ ਹੈ ਦਲ ਮਹਿਂ ਤਿਸ ਕੋ ਬੂਝਹੁ[3] ਲੇਹੁ ਬੁਲਾਇ॥੩੦॥ਅਬਿ ਨਰ ਜਾਇ ਹਕਾਰਨ ਕਰਿ ਹੈ ਭੋਰ ਹੋਤਿ ਲੌ ਸੋ ਚਲਿ ਆਇ'। ਇਮ ਸੁਨਿਕੈ ਉਮ-ਰਾਵ ਸੁ ਤਤਛਿਨ ਪਠਯੋ ਸਵੂਰ 'ਜਾਹਿ ਉਤਲਾਇ। ਨੂਰ ਪੁਰੇ ਕੋ ਸੱਯਦ ਦਲ ਮਹਿਂ ਅਮੁਕ ਸਿਵਰ ਮਹਿਂ ਲਯਾਉ ਬੁਲਾਇ'। ਗਮਨਯੋਂ ਚਢਿਕੈ ਮਾਛੀਵਾਰੇ ਗੁਰ ਤੰਬੂ ਮਹਿਂ ਟਿਕੇ ਸੁਹਾਇ ॥੩੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਖਸ਼ਟਮ ਰੁਤੇ'ਹਾਜੀ ਵੇਖ ਬਨਾਵਨ'ਪ੍ਰਸੰਗ ਬਰਨਨੰ ਨਾਮ ਖਸ਼ਟ ਚਤ੍ਵਾਰਿੰਸਤੀ ਅੰਸੂ॥੪੬॥

[1]ਭਾਵ ਆਪ ਦਰਸ਼ਨ ਕਰੋ ਤੇ ਦੇਖੋ। [2]ਕਿਲ੍ਹੇ ਦੇ ਬਾਹਰਲੇ ਦਰਵਾਜ਼ੇ ਤੋਂ ਅੰਦਰਵਾਰ। [3]ਪੁੱਛ ਲਓ।

*ਤਵਾਰੀਖ ਖਾਲਸਾ ਨੇ ਨੂਰਪੁਰੀਏ ਸੱਯਦ ਦਾ ਨਾਮ 'ਇਨਾਯਤ ਅਲੀ' ਦਿਤਾ ਹੈ ਤੇ ਨਾਲ ਹੋਰ ਦੋ ਨਾਮ ਦੱਸੇ ਹਨ ਜੋ ਇਸ ਵੇਲੇ ਸੱਦੇ ਗਏ:—ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨਅਲੀ ਮੋਠੂ ਮਾਜਰੀਆਂ ਤ੍ਰੈਹਾਂ ਨੇ ਗੁਰੂ ਜੀ ਬਾਬਤ ਦੱਸਿਆ ਕਿ ਇਹ ਬੜੇ ਉੱਚੇ ਪੀਰ ਹਨ। ਪਰ-ਜਿਸ ਦੇ ਖਾਨਦਾਨ ਪਾਸ ਹੁਕਮਨਾਮਾ ਦੱਸੀਦਾ ਹੈ ਉਹ 'ਪੀਰ ਮੁਹੰਮਦ' ਸੱਯਦ ਨੂਰ ਪੁਰੇ ਦਾ ਸੀ। ਸੱਯਦ ਨੂਰਪੁਰੀਏ ਦਾ ਕੁਛ ਹਾਲ ਅਗਲੇ ਅੰਸੂ ਦੇ ਅੰਕ ੧੫, ੧੬ ਵਿਚ ਹੈ।

੪੭. [ਕਰਦ ਭੇਟ। ਨੂਰਪੁਰੀਏ ਸੱਯਦ ਦੀ ਗਵਾਹੀ]।

ਦੋਹਰਾ॥ਸੰਧ੍ਯਾ ਹੋਈ ਆਨਿ ਜਬਿ ਤਬਿ ਉਮਰਾਵ ਹਕਾਰਿ।ਕਹ੍ਯੋ ਬਬਰਚੀ ਕੋ ਭਲੇ 'ਖਾਨਾ ਕੀਜਹਿ ਤ੍ਯਾਰ ॥੧॥ ਸੈਯਾ ਛੰਦ ॥ ਪੀਰ ਅਹੈਂ ਉਚ ਬਾਸੀ ਸੱਯਦ ਜੁਗਤ[1] ਮੁਰੀਦਨ ਖਾਨਾ ਖਾਨ। ਸੁਧਿ ਕੋ ਦੇਹੁ ਤ੍ਯਾਰ ਜਬਿ ਹੋਵੈ' ਸੁਨਿਓ ਗਯੋ ਆਪਨੇ ਥਾਨ। ਨਾਨਾ ਬਿਧਿ ਕੇ ਪਾਕ ਬਨਾਯੋ ਆਮਿਖ ਆਦਿਕ ਜੇਤਿਕ ਜਾਨ। ਤਬਿ ਉਮਰਾਵ ਪਠ੍ਯੋ ਇਕ ਨਰ ਕੋ 'ਜਾਹੁ ਪੀਰ ਢਿਗ ਲ੍ਯਾਵਨ ਠਾਨਿ'॥੨॥ਤਤਛਿਨ ਚਲਿ ਸਤਿਗੁਰ ਢਿਗ ਆਯੋ ਹਾਥ ਜੋਰ ਕਰਿ ਕਹੀ ਸੁਨਾਇ। 'ਖਾਨਾ ਖਾਨ ਪੀਰ ਜੀ ਚਲੀਅਹਿ ਕਰਤਿ ਹਕਾਰਨ ਬਿਤ ਉਮਰਾਇ'।ਸੁਨਿ ਸ਼੍ਰੀ ਪ੍ਰਭੁ ਬੋਲੇ ਤਿਸ ਨਰ ਸੋਂ[2]"ਪੀਰ ਨਹੀ ਖਾਨੇ ਕੋ ਖਾਇ। ਰੋਜ਼ੇ ਰਹਤਿ ਹਮੇਸ਼ ਇਸੀ ਬਿਧਿ ਏਕ ਸਮੈਂ ਇਕ ਜੌਂ ਮੁਖ ਪਾਇ ॥੩॥ ਜੋ ਮੁਰੀਦ ਹੈਂ ਸੰਗ ਹਮਾਰੇ ਸੋ ਆਵਹਿਂ ਏ ਖਾਨਾ ਖਾਨ'। ਸੁਨਿ ਕਰਿ ਗਯੋ ਜਾਇ ਕਰਿ ਭਾਖੀ 'ਏਵ ਪੀਰ ਨੇ ਕੀਨਿ ਬਖਾਨ'। ਤੀਨਹੁ ਸਿੰਘਨ ਤਬਿ ਕਰ ਜੋਰੇ'ਕਿਮ ਹਮ ਬਚੈਂ ਕੌਨ ਕ੍ਰਿਤ ਠਾਨਿ?ਆਪ ਅਹੋ ਸਮਰੱਥ ਸਭੀ ਬਿਧਿ ਕਰੈਂ ਤਥਾ ਜਸ ਹੁਇ ਫੁਰਮਾਨ'॥੪॥ਸਤਿਗੁਰ ਕਹ੍ਯੋ 'ਨ ਸੰਸਾ ਕੀਜੈ ਸੱਤਿਨਾਮ ਕੋ ਬਦਨ ਅਲਾਇ। ਪੂਰਬ ਭੇਟ ਕਰਦ ਕੀ ਠਾਨਹੁ ਵਾਹਿਗੁਰੂ ਕਹਿ ਲਿਹੁ ਮੁਖ ਪਾਇ। ਕਿਤਿਕ ਅਹਾਰ ਬੰਧ ਲਿਹੁ ਪਾਲੇ ਸੋ ਸਮੀਪ ਹਮਰੇ ਲੇ ਆਇ। ਕਰਹਿਂ ਹਕਾਰਨ[3], ਅਚਹੁ ਅਹਾਰਨ, ਮੰਤ੍ਰ ਉਚਾਰਨ ਕਰਿ ਤਿਸ ਥਾਇਂ' ॥ ੫ ॥ ਤਿਹ ਨਰ ਜਾਇ ਕਹ੍ਯੋ ਉਮਰਾਵਹਿ 'ਰੋਜ਼ੇ ਰਹੈ ਸੁ ਪੀਰ ਹਮੇਸ਼। ਇਕ ਜੌਂ ਏਕ ਸਮੈਂ ਮੁਖ ਪਾਵਹਿ ਇਮ ਤਨ ਸਾਧ੍ਯੋ ਰਹੈ ਵਿਸ਼ੇਸ਼। ਸੰਗ ਮੁਰੀਦ ਪੰਚ ਸੋ ਖਾਵਹਿਂ ਹੁਕਮ ਕਰਹੁ ਤੌ ਲ੍ਯਾਇਂ ਅਸ਼ੇਸ਼'। ਸੁਨਿਕੈ ਭਨ੍ਯੋ 'ਜਾਹੁ ਤਿਨ ਆਨਹੁ ਲਖਿਯਤਿ ਪੀਰ ਦੀਹ ਦਰਵੇਸ਼' ॥੬॥ ਪੁਨ ਨਰ ਆਯੋ ਪੰਚ ਹਕਾਰੇ ਗੁਰ ਕੇ ਕਹੇ ਕਰੀ ਪਰਤੀਤ। ਉਠਿ ਗਮਨੇ ਪਹੁੰਚੇ ਤਿਸ ਥਲ ਤਬਿ ਜਨੋਂ ਉਮਰਾਵ ਸਥਿਰਤਾ ਕੀਤ। ਤੁਰਕ ਅਪਰ ਕੇਤਿਕ ਹੈਂ ਤਿਸ ਢਿਗ ਗੁਰ ਗਾਥਾ ਕਹਿ ਅਚਰਜ ਚੀਤ। 'ਲਾਖਹੁ ਲਸ਼ਕਰ ਜੰਗ ਪ੍ਰਹਾਰ੍ਯੋ ਬਿਚ ਤੇ ਨਿਕਸਿ ਗਯੋ ਨਿਰਭੀਤ'॥੭॥ਸਭਿਹਿਨਿ ਬੀਚ ਬਠਾਵਨ ਕੀਨੇ ਖਾਨੇ ਹਿਤ ਖਾਨਾ ਅਨਵਾਇ। ਬੂਝਤਿ ਬਾਤ 'ਪੀਰ ਇਹ ਕੈਸੋ ਕਿਤ ਤੇ ਆਇ ਕਹਾਂ

[1]ਸਮੇਤ। [2]ਉਸ ਆਦਮੀ ਨੂੰ ਆਖਿਆ ਕਿ (ਉਮਰਾਵ ਨੂੰ ਜਾਕੇ ਆਖ ਕਿ)। [3](ਜਦੋਂ) ਸੱਦਣ।

ਕੋ ਜਾਇ?'ਨਬੀ ਗ਼ਨੀਖ਼ਾਂ ਸਹਤਿ ਪ੍ਰਸ਼ੰਸਾ ਤੀਨੋ ਸਰਬ ਬ੍ਰਿਤੰਤ ਸੁਨਾਇ। 'ਮਹਾਂ ਮੌਜ ਕੇ ਮਾਲਿਕ ਬਿਚਰਤ ਨਹਿੰ ਕਾਰਜ ਕੁਛ ਹੋਤਿ ਲਖਾਇ ॥੮॥ਕਿਸਹਿ ਨਿਵਾਜੈਂ ਪਿਖਤ ਪ੍ਰੀਤ ਜਿਹ ਕਿਹ ਕੋ ਸ੍ਰਾਪਦ[1]ਅਪਦਾ ਪਾਇ। ਮੱਕੇ ਜ਼ਾਰਤ ਕਰਤਿ ਮਸਤ ਭੇ ਕਾਮਲ ਵਲੀ ਨ ਕੋ ਸਮਤਾਇ'।ਇਤਨੇ ਮਹਿ ਖਾਨਾ ਲੇ ਆਇ ਬਡੇ ਰਕੇਬ ਭਰੇ ਸਮੁਦਾਇ। ਇਕ ਤੇ ਨਬੀ ਗ਼ਨੀ ਕੋ ਦੀਨਹੁਂ ਦੋਨਹੁਂ ਆਗੇ ਧਰਯੋ ਬਨਾਇ ॥ ੯ ॥ ਦਯਾ ਸਿੰਘ ਅਰੁ ਧਰਮ ਸਿੰਘ ਕੋ ਇਕ ਰਕੇਬ ਦੋਨਹੁਂ ਕੋ ਦੀਨ।ਇਕ ਰਕੇਬ ਉਮਰਾਵ ਲਯੋ ਤਬਿ ਮਾਨ ਸਿੰਘ ਅਪਨੇ ਸੰਗ ਲੀਨ। ਅਪਰ ਤੁਰਕ ਜੁਗ ਜੁਗ ਕੈ ਤੀਨਹੁ ਲੇ ਰਕੇਬ ਕੋ ਖਾਵਨ ਕੀਨ। ਕਰਦ ਨਿਕਾਰੀ ਸਿੰਘਨ ਕਰਿ ਲੇ ਸੱਤਿ-ਨਾਮ ਕਹਿ ਫੇਰਿ ਪ੍ਰਬੀਨ॥ ੧੦ ॥ ਮਾਨ ਸਿੰਘ ਤਬਿ ਕਰਦ ਹਾਥਿ ਧਰਿ ਵਿਚ ਰਕੇਬ ਫੇਰੀ ਕਰਿ ਕਾਰ। ਤਬਿ ਉਮਰਾਵ ਸੰਦੇਹ ਧਾਰਿ ਕਰਿ ਹਿਤ ਬੂਝਨ ਕੇ ਬਾਕ ਉਚਾਰ। 'ਇਹ ਕਯਾ ਕਰਹੁ ਕਰਦ ਤੁਮ ਫੇਰਹੁ ਮਕਰੂ[2] ਕੀਨੋ ਖਾਨ ਅਹਾਰ। ਤੁਰਕਨਿ ਬਿਖੈ ਕੌਨ ਇਮ ਕਰਤਾ ਜਿਮ ਤੁਮ ਕਰੀ ਕਰਦ ਕੀ ਕਾਰ'॥੧੧॥ ਸੁਨਿ ਕਰਿ ਮਾਨ ਸਿੰਘ ਦਿਯ ਉੱਤਰ'ਜਬਿ ਮੱਕੇ ਹਮ ਪਹੁੰਚੇ ਜਾਇ। ਨਈ ਰਸਮ ਨਿਕਲੀ ਇਹ ਤਹਿਂ ਤੇ ਸਭਿ ਕਿਛ ਲੋਹੇ ਤੇ ਬਨਿ ਆਇ। ਅੱਵਲ ਖਾਨੇ ਮਾਂਹਿ ਕਰਦ ਛੁਹਿ ਪੁਨ ਹੁਇ ਪਾਕ ਖਾਨ ਕੇ ਭਾਇ।ਤਬਕੇ ਹਮਰੇ ਪੀਰ ਬਖਾਨਯੋਂ-ਖਾਨਾ ਖਾਹੁ ਕਰਦ ਨਿਤ ਛ੍ਵਾਇ-' ॥੧੨॥ਤਬਿ ਇਮ ਕਹਿ ਕਰਿ ਖਾਨਾ ਖਾਯਹੁ ਸਿੰਘਨਿ ਆਗੈ ਭਯੋ ਕਰਾਹਿ। ਅਰਧ ਰਕੇਬ ਮਾਨ ਸਿੰਘ ਦਿਸ਼ ਜੋ ਖਾਇ ਤਿਹਾਵਲ ਤਿਸ ਕੇ ਮਾਂਹਿ। ਦਿਸ਼ ਉਮਰਾਵ ਹੁਯੋ ਤਿਮ ਆਮਿਖ ਭੱਖਨ ਕਰਤਿ ਲਖਹਿ ਕਿਮ ਨਾਂਹਿ। ਬਿਸਮਹਿਂ ਭਏ ਸ੍ਵਾਦ ਪੰਚਾਂਮ੍ਰਿਤ ਗੁਰੂ ਕਲਾ ਪ੍ਰਗਟੀ ਇਹ ਆਇ ॥ ੧੩ ॥ ਮਾਨ ਸਿੰਘ ਅਰੁ ਧਰਮ ਸਿੰਘਨੇ ਪਾਲੇ ਬਾਂਧਯੋ ਕੁਛਕ [3]ਅਹਾਰ।ਪਾਨ ਪਖਾਰੇ ਪਾਨੀ ਲੇ ਕਰਿ, ਚਲਿ ਆਏ ਸਤਿਗੁਰ ਅਗਵਾਰ। ਬੂਝਯੋ 'ਆਨਯੋ ਹੈ ਕਿ ਨਹੀਂ ਕਿਛੁ ?' ਦੋਨੋ ਦਿਯੋ ਦਿਖਾਇ ਉਚਾਰ। ਕਹਯੋ ਗੁਰੂ 'ਸੰਭਾਰਿ ਰਾਖੀਏ ਹਮ ਜਾਚਹਿਂ ਤਬਿ ਦੇਹੁ ਦਿਖਾਰਿ'॥੧੪॥ ਨਿਸਾ ਬਿਖ ਤੰਬੂ ਮਹਿਂ ਸੁਪਤੇ ਗੁਰ ਪ੍ਰਯੰਕ ਪਰ ਥਿਰੇ ਜਗੋਤਿ। ਭਈ ਪ੍ਰਭਾਤਿ ਚਢਯੋ ਤਬਿ ਸੂਰਜ ਸੱਯਦ ਆਨਯੋਂ ਬੋਲਿ ਤੁਰੰਤ।ਬਾਸੀ ਨੂਰਪੁਰੇ ਕੌਸ਼ੁਭ ਮਤਿ ਮਗ ਖ਼ੁਦਾਇ ਕੇ

[1]ਸ੍ਰਾਪ ਦੇਕੇ। [2]ਘ੍ਰਿਣਾ ਯੋਗ। [ਅ:, ਮਕਰੂਹ=ਕੁਰਹਿਤ ਕੀਤਾ ਗਿਆ]।

ਮਿਲਨਿ ਚਲੈਤਿ।ਕਈ ਬਾਰ ਸਤਿਗੁਰ ਕੋ ਮੇਲੀ ਕ੍ਰਿਪਾ ਕਰਹਿਂ ਤਿਸ ਪਰ ਭਗਵੰਤ॥੧੫॥ਜੋ ਅਸਵਾਰ ਹਕਾਰਨ ਗਮਨਯੋ ਤਿਹ ਸਗਰੀ ਬਿਧਿ ਦਈ ਬਤਾਇ। ਇਕ ਪ੍ਰਯੰਕ ਪਰ ਹਾਜੀ ਸੱਯਦ ਤਾਂਹਿ ਸ਼ਾਹਦੀ ਹੇਤ ਬੁਲਾਇ। ਜਾਨਿ ਗਯੋ ਸਗਰੀਬਿਧਿ ਸੋ ਤਬਿ–ਮੈਂ ਗੁਰ ਕਾਜ ਬਿਖੇ ਅਬਿ ਆਇ।ਧੰਨ ਜਨਮ ਮੇਰੋ ਸੁ ਕ੍ਰਿਤਾਰਥ ਗਨ ਸੁੱਕ੍ਰਿਤ ਕੋਫਲ ਸ਼ੁਭਪਾਇ–॥੧੬॥ਆਯਹੁ ਤੁਰਤ ਪ੍ਰਵੇਸ਼ ਪੌਰ ਇਕ ਤੰਬੂ ਲਗਯੋ ਬਿਲੋਕਨ ਕੀਨ। ਬਿਚ ਪ੍ਰਯੰਕ ਪਰ ਸਤਿਗੁਰ ਬੈਠੇ ਦੇਖਤਿ ਕਰੀ ਚਿਨਾਰੀ ਚੀਨ।ਬੰਦਨ ਕਰਨਿ ਚਲਯੋ ਜਬਿ ਸਨਮੁਖ ਸ਼੍ਰੀ ਪ੍ਰਭੁ ਤਿਸ ਕੋ ਸ਼ਾਰਤ ਦੀਨ। 'ਹਮ ਸਮੀਪ ਅਜਹੂੰ ਨਹਿਂ ਆਵਹੁ ਤੁਰਕ ਸਭਾ ਮਹਿਂ ਪਹੁੰਚਿ ਪ੍ਰਬੀਨ' ॥ ੧੭ ॥ ਜਾਨਿ ਗਯੋ ਸ਼੍ਰੀ ਸਤਿਗੁਰ ਆਸ਼ੈ ਹਟਯੋ ਤੁਰਤ ਹੀ ਅੰਤਰ ਓਰ। ਜਹਾਂ ਕਚਹਿਰੀ ਤੁਰਕਨ ਕੇਰੀ ਪਹੁੰਚਯੋ ਜਾਇ ਸੁ ਤਾਂਹੀ ਠੌਰ। ਕਰੀ ਸਲਾਮਾਲੇਕਮ ਬੈਠਯੋ ਸਾਦਰ ਸਭਿ ਜਾਹਿਂ ਭਏ ਬਹੋਰ[1]। ਤਬਿ ਉਮਰਾਵ ਬੂਝਿਬੇ ਲਾਗਯੋ 'ਇਹ ਸੱਯਦ ਉਤਰਯੋ ਬਿਚ ਪੌਰ ॥੧੮॥ ਪੂਰਬ ਕਿਤ ਦੇਖਯੋ ਕੈ ਨਾਹਿਨ ਅਹੈ ਪਛਾਨ ਕਿ ਤੁਮਰੀ ਨਾਂਹ ? ਹਿੰਦਨ ਕੋ ਗੁਰ ਬੇਸ ਅਪਰ ਧਰਿ ਨਹਿਂ ਲਸ਼ਕਰ ਬਿਚ ਤੇ ਕਿਤ ਜਾਂਹ। ਲਾਖਹੁੰ ਸੁਭਟ ਸ਼ਾਹੁ ਕੇ ਮਾਰੇ ਦਲ ਬਿਚਲਾਇ ਦਯੋ ਰਨ ਮਾਂਹਿ।ਅਬਿ ਜੀਵਤਿ ਹੀ ਨਿਕਸ ਗਯੋ ਕਿਤ ਖੋਜਤਿਹੈਂ ਤਮਾਮ ਚਿਤ ਲਾਇ ॥ ੧੯ ॥ ਯਾਂਤੇ ਇਹ ਹਾਜੀ ਅਟਕਾਯੋ, ਚਹੈਂ ਸ਼ਾਹਦੀ, ਦੇਹੁ ਬਤਾਇ। ਪੂਰਬ ਮਿਲਯੋ ਬਿਲੋਕਯੋ ਜੇ ਤੁਮ ਜਾਨਤਿ ਹੋ ਕਹੀਐ ਸਮੁਝਾਇ। ਭਾਖਤਿ[2]–ਮੱਕੇ ਹੱਜ ਕਰਿ ਆਏ ਰੋਜ਼ਾ ਰਖ ਹਮੇਸ਼ ਤਪਤਾਇ[3]। ਡਾਲਤਿ ਮੁਖ ਮਹਿਂ ਇਕ ਜੌਂ, ਬਿਚਰਤਿ ਮੌਜ ਆਪਨੀ ਮਹਿਂ ਹਰਖਾਇ–' ॥੨੦॥ ਸੁਨਿ ਸੱਯਦ ਵਿਚ ਸਭਾ ਉਚਾਰਯੋ 'ਇਹ ਤੌ ਪੀਰਨ ਪੀਰ ਮਹਾਨ। ਮੁਖ ਤੇ ਕਹੈਂ ਸਫਲ ਹੁਇ ਤੂਰਨ, ਕਰਹਿ ਨਿਹਾਲ, ਰਿਸੇ ਕਰਿ ਹਾਨ[4]। ਉਰ ਅਚਰਜ ਮੈਂ[5] ਇਹ ਅਟਕਾਏ,ਤੁਮ ਕੋ ਸ੍ਰਾਪ ਨ ਕੀਨਿ ਬਖਾਨ।ਕਹੈਂ ਬਾਕ ਤੇ ਪ੍ਰਿਥੀ ਉਲਟ ਦੇਂ ਅਤਿ ਸਮਰੱਥ ਅਧਿਕ ਬਲਵਾਨ ॥ ੨੧ ॥ ਤੁਮ ਸੋਂ ਛਿਮਾ ਕਰੀ ਨ ਕਹਯੋ ਕੁਛ ਅਪਨੇ ਭਾਗ ਭਲੇ ਲਿਹੁ ਜਾਨ। ਅਨਿਕ ਬਾਰ ਮੈਂ ਪਰਖਾਨਿ ਕੀਨੇ ਸਫਲਹਿ ਸਹਜਿ ਸੁਭਾਇ ਬਖਾਨ।ਅਬਿ ਬਖਸ਼ਾ-

---

[1]ਜਿੱਥੇ ਕੱਠੇ ਹੋਏ ਹੋਏ ਸਨ। [2]ਕਹਿੰਦੇ ਹਨ ਕਿ। [3]ਤਪ ਤਪਦੇ ਹਨ। [4](ਮੇਹਰ) ਕਰਨ ਤਾਂ ਨਿਹਾਲ ਕਰ ਦੇਣ ਤੇ ਜੇ ਗੁਸੇ ਹੋਣ ਤਾਂ ਨਾਸ਼ ਕਰ ਦੇਣ। [5]ਮੈਂ ਦਿਲ ਵਿੱਚ ਅਚਰਜ ਹਾਂ ਕਿ।

ਵਹੁ ਬੰਦ ਕਦਮ ਤਿਨ ਹਾਥ ਜੋਰਿ ਕਰਿ ਬਿਨੈ ਮਹਾਨ। ਕਰਹੁ ਖਲਾਸੀ ਸ੍ਵੈਛਾ ਬਿਚਰਹਿਂ, ਜਾਮਾ ਪਾਕ,ਜ਼ੁਹਦ[1] ਬਡ ਠਾਨਿ' ॥੨੨॥ ਸੁਨਿ ਉਮਰਾਵ ਡਰਯੋ ਉਰ ਅੰਤਰ* ਤਤਛਿਨ ਉਠ੍ਯੋ ਸਹਤਿ ਨਰ ਬ੍ਰਿੰਦ। ਦਰਬ ਪੰਚ ਸੈ ਕਹਿ ਅਨਵਾਯੋ ਸੱਯਦ ਸੰਗ ਆਇ ਕਰ ਬੰਦਿ। ਨਮਸਕਾਰ ਕਰਿ ਬੈਠਿ ਗਯੋ ਢਿਗ ਬਿਨਤੀ ਬੋਲ੍ਯੋ 'ਪੀਰ ਬਿਲੰਦ! ਅਟਕਾਵਨ ਕੀ ਕੀਨਿ ਅਵੱਗ੍ਯਾ ਸੋ ਬਖਸ਼ਹੁ ਤੁਮ ਹੋ ਬਖਸ਼ੰਦ'॥੨੩॥ਅੱਗ੍ਰ ਪੰਚ ਸੈ ਧਰੇ ਰਜਤਪਣ ਅਪਰ ਸੁਭਟ ਤਹਿਂ ਭੇ ਸਮੁਦਾਇ।ਸਕਲ ਚਢਾਵਨ ਲਗੇ ਦਰਬ ਕੋ ਪਿਖਿ ਸਤਿਗੁਰ ਮੁਖ ਤੇ ਫੁਰਮਾਇ। 'ਤੁਮ ਕੋ ਨਹੀਂ ਦੋਸ਼ ਪਰਬਸ ਹੋ, ਹਮਰੋ ਕਹਾਂ ਘਟ੍ਯੋ ਇਸ ਥਾਇਂ।ਸੁਖਸੋਂ ਨਿਸਾ ਬਸੇ ਅਬਿ ਗਮਨੈਂ,ਚਿਤ ਕੀ ਚਿੰਤਾ ਦੇਹੁ ਗਵਾਇ' ॥ ੨੪ ॥ ਖੁਸ਼ੀ ਜਾਨਿ ਅਪਨੇ ਪਰ ਤਿਸ ਛਿਨ ਹਾਥ ਬੰਦਿ ਕਰਿ ਕਹਿ ਉਮਰਾਇ। 'ਗਮਨਹੁ ਇੱਛਾ ਜਹਾਂ ਤੁਮਾਰੀ ਫੇਰ ਦਰਸ ਮੋ ਕਹੁ ਦਿਹੁ ਆਇ'।ਇਮ ਕਹਿ ਉਠ੍ਯੋ ਗਯੋ ਗੜ੍ਹ[2] ਅੰਤਰ, ਸ਼੍ਰੀ ਪ੍ਰਭੁ ਪਲੰਘ ਲਯੋ ਉਠਵਾਇ। ਤਹਿਂ ਤੇ† ਗਮਨ ਕੀਨ ਮਗ ਆਛੇ ਚਾਰਹੁੰ ਸਿਰ ਧਰਿ ਚਲੇ ਉਠਾਇ ॥ ੨੫ ॥ ਜਬਿ ਕੋਸਕ ਪਰ ਪਹੁੰਚੇ ਗਮਨਤਿ ਤਬਿ ਸੱਯਦ ਮਿਲਿਬੇ ਹਿਤ ਆਇ। ਬੰਦਨ ਕਰੀ ਪਦਮ ਸਮ ਕਦਮਨ 'ਸ਼੍ਰੀ ਪ੍ਰਭੁ! ਮੈਂ ਸਭਿ ਕਹੀ ਬਨਾਇ।ਜੇਪਸ਼ਚਾਤ ਹੋਇ ਕੁਛ ਨਿਰਨੈ[3]ਤਬਿਰਾਵਰ ਕੀਚਹੋਂ ਸਹਾਇ।ਨਹੀਂ ਅਵੱਗ੍ਯਾ ਕਰਹਿਂ ਤੁਰਕ ਮਮ, ਇਮ ਬਾਂਛਤਿ ਮੈਂ ਆਯਹੁ ਧਾਇ' ॥੨੬॥ ਦੇਖਿ ਦਯਾ ਨਿਧਿ ਬਿਹਸ ਬਖਾਨ੍ਯੋ 'ਤੁਮ ਕੋ ਤਾਤੀ ਲਗੈ ਨ ਬਾਇ। ਜੇ ਉਪਕਾਰ ਕਰਹਿਂ[4] ਤਨ ਮਨ ਤੇ ਤਿਨ ਕੇ ਹੋਤਿ ਸਹਾਇ ਖ਼ੁਦਾਇ। ਕਿਸੂ ਵਸਤ ਕੀ ਕਮੀ ਨ ਹੋਵੈ ਦਰਬ ਅਤੋਟ ਖਰਚ ਔ ਖਾਇ। ਕਾਗਦ ਕਲਮਦਾਨ ਜੋ ਤੁਮ ਢਿਗ ਲਿਖਹਿਂ ਹੁਕਮਨਾਮਾ[5] ਲਿਹੁ ਪਾਇ ॥੨੭॥ਹਮਰੇ ਸਿਖ ਸੰਗਤਿ ਸਭਿ ਮਾਨਹਿ ਕੁਲ ਤੇਰੀ ਧਨਕੋ ਨਿਤਪਾਇ'। ਸੁਨਿ ਸੱਯਦ ਕਾਗਦ ਤਬਿ ਦੀਨਸਿ ਲਿਖ੍ਯੋ ਹੁਕਮਨਾਮਾ ਸੁਖਦਾਇ ਲੇ ਕਰਿ ਕਰ ਧਰਿ ਭਯੋ ਪ੍ਰਮੋਦਤਿ ਬੰਦਿ ਕਦਮ[6] ਕੋ ਹਟ੍ਯੋ ਸਿਧਾਇ।

---

[1]ਜ਼ੁਹਦ=ਪਾਰਸਾਈ, ਤਪੱਸਿਆ, ਨਫ਼ਸਾਨੀ ਖ੍ਵਾਹਿਸ਼ਾਂ ਤੇ ਫਤੇ ਪਾਉਣੀ। [2]ਕਿਲੇ। [3]ਜੇ ਆਪ ਦੇ ਪਿੱਛੋਂ ਕੋਈ ਗੱਲ ਨਿਕਲੀ ਤਾਂ। [4]ਜਿਹੜੇ ਕਰਦੇ ਹਨ ਉਪਕਾਰ। [5]ਲਿਖ ਦਿੰਦੇ ਹਾਂ ਹੁਕਮਨਾਮਾ। [6]ਨਮਸਕਾਰ ਕਰਕੇ।

*ਮੁਸਲਮਾਨ ਤਦੋਂ ਬੀ ਤੇ ਹੁਣ ਤੱਕ ਫਕੀਰਾਂ ਦਾ ਸਨਮਾਨ ਕਰਦੇ ਤੇ ਉਨ੍ਹਾਂ ਤੋਂ ਡਰਦੇ ਹਨ।

†ਲੱਲ ਨਾਮ ਸੀ ਏਸ ਟਿਕਾਣੇ ਦਾ।

ਸ੍ਰੀ ਪ੍ਰਭੁ ਚਲੇ ਪ੍ਰਯੰਕ ਅਰੂਢੇ, ਚਾਰਹੁੰ ਸਿਰ ਪਰ ਲੀਨਿ ਉਠਾਇ ॥੨੮॥ ਕੇਸ ਪਿਛਾਰੀ ਲਰਕਤਿ ਸੁੰਦਰ, ਸ਼ਾਮ ਚਾਦਰਾ ਊਪਰ ਲੀਨਿ। ਦੀਰਘ ਸ਼ਮਸ਼, ਪਿਰਾਹਨ[1] ਗਰ ਮਾਂਹਿ ਮੁੱਠਾ ਮੋਰ ਪੰਖ ਕੋ ਕੀਨਿ।ਦਯਾ ਸਿੰਘ ਸਿਰ ਪਰ ਕਬਿ ਫੇਰਤਿ, ਚਹੁੰ ਪਾਵਨ ਪਰ ਬੰਧਿ ਸੁ ਦੀਨਿ। ਊਪਰ ਛਟੀਅਨ ਕੀ ਕਰਿ ਛਾਦਾ, ਚਾਦਰ ਤਾਨਿ[2] ਕਰੀ ਹਿਤ ਚੀਨ॥੨੯॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਖਸ਼ਟਮ ਰੁਤੇ 'ਸ੍ਰੀ ਗੁਰੂ ਪਯਾਨ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾਰਿੰਸਤੀ ਅੰਸੂ॥੪੭।

੪੮. [ਫੱਤੇ ਨੇ ਘੋੜੀ ਨਾ ਦਿੱਤੀ। ਮਾਲਵੇ ਪਹੁੰਚਣਾ। ਨਬੀ ਗ਼ਨੀ ਖਾਂ ਵਿਦਾ]।

ਦੋਹਰਾ॥ਸਨੈ ਸਨੈ ਗਮਨੇ ਪ੍ਰਭੂ ਮਾਰਗ ਚਲੇ ਕਿਤੇਕ।ਗ੍ਰਾਮ ਕਨੇਚ*ਪਹੂਚ ਕੈ ਥਿਰ ਹ੍ਵੈ ਜਲਧਿ ਬਿਬੇਕ ॥੧॥ ਚੌਪਈ ॥ ਇਕ ਗੁਰ ਸਿੱਖ ਬਸਹਿ ਤਿਸ ਮਾਂਹਿ। ਜਾਟ ਜਨਮ ਫੱਤਾ ਕਹਿੰ ਤਾਂਹਿ। ਨਿਕਟ ਆਇ ਤਿਨ ਸਤਿਗੁਰ ਹੇਰੇ। ਕਰੀ ਚਿਨਾਰੀ ਹ੍ਵੈ ਤਬਿ ਨੇਰੇ ॥੨॥ ਸ੍ਰੀ ਗੁਰੁ ਗੋਬਿੰਦ ਸਿੰਘ ਪਛਾਨੇ। ਹਾਥ ਬੰਦਿ ਕਰਿ ਬੰਦਨ ਠਾਨੇ। ਥਿਰਯੋ ਸਮੀਪ ਬੈਠਿਗਾ ਜਬਿਹੂੰ। ਦੇਖਿ ਪ੍ਰਭੂ ਦਿਸ਼ ਬੋਲਯੋ ਤਬਿਹੂੰ॥੩॥'ਸੇਵਾ ਕਰਨਿ ਮੋਹਿ ਫੁਰਮਾਵੋ। ਭੋਜਨਾਦਿ ਆਨੌਂ ਮੈਂ, ਖਾਵੋ। ਅਪਰ ਸੇਵ ਕਿਸ ਬਿਧਿ ਕੀ ਹੋਇ। ਕਹੀਅਹਿ ਆਪ ਕਰੌਂ ਮੈਂ ਸੋਇ' ॥੪॥ ਸ੍ਰੀ ਮੁਖ ਤੇ ਭਾਖਯੋ ਤਿਸ ਬੇਰੇ। 'ਅਹੈ ਤੁਰੰਗਨ ਜੋ ਘਰ ਤੇਰੇ। ਸੋ ਅਬਿ ਆਨਿ ਦੇਹੁ ਹਮ ਤਾਂਈ। ਚਢਿ ਤਿਸ ਪਰ ਗਮਨੈਂ ਅਗਵਾਈ' ॥੫॥ ਸੁਨਿ ਫੱਤੇ ਚਿਤ ਬੀਚ ਬਿਚਾਰੀ।ਕਹੈ ਕਿ 'ਆਨੌਂ ਆਪ ਅਗਾਰੀ[3]'।ਇਮ ਕਹਿ ਸਦਨ ਆਪਨੇ ਗਯੋ।ਤਤਛਿਨ ਜ਼ੀਨ ਨਿਕਾਰਤਿ ਭਯੋ॥੬॥ਅਲਪ ਤੁਰੰਗਨ ਪਰ ਸੋ ਪਾਇ। ਲੈ ਆਯੋ ਗੁਰ ਢਿਗ ਸਹਿਸਾਇ। ਬਡ਼ਵਾ ਬਡੀ ਨਹੀਂ ਤਬਿ ਆਨੀ।-ਲੈ ਜੈ ਹੈਂ ਕਿਤ[4] ਕੋ ਮਨ ਜਾਨੀ॥੭॥ਘੇਰੋ ਤੁਰਕਨ ਕੋ ਤਜਿ ਆਏ। ਕੋ ਜਾਨੈ ਅਬਿ ਕਿਤ ਚਲਿ ਜਾਏਂ। ਬਡੀ ਤੁਰੰ-ਗਨ ਬਹੁ ਧਨ ਕੇਰੀ। ਤਿਸ ਦੇਬੇ ਕੀ ਸ਼ਕਤਿ ਨ ਮੇਰੀ-॥੮॥ ਏਵ ਬਿਚਾ-ਰਤਿ ਗੁਰ ਢਿਗ ਆਯੋ। ਸੰਗ ਤੁਰੰਗਨ ਛੋਟੀ ਲ੍ਯਾਯੋ। ਖਰੀ ਕਰੀ ਜਬਿ ਆਨਿ ਅਗਾਰੀ। ਦੇਖਤਿ ਸਤਿਗੁਰ ਗਿਰਾ ਉਚਾਰੀ ॥ ੯ ॥ 'ਸੁਨਿ ਫੱਤਾ ਇਹ ਲਘੁ ਟਟਵਾਣੀ[5]। ਨਹਿ ਅਰੂਢਿਬੇ ਲਾਯਕ ਜਾਣੀ।ਨਹਿਂ ਅਸਵਾਰੀ ਹਮ ਕਿਯ ਐਸੀ। ਲ੍ਯਾਇ ਦਿਖਾਈ ਤੈਂ ਅਬਿ ਜੈਸੀ ॥ ੧੦ ॥ ਜੋ ਬਡ਼ਵਾ

[1]ਲੰਮਾ ਚੋਲਾ। [2]ਤਾਣ ਦਿਤੀ। [3]ਬੋਲਿਆ ਕਿ ਮੈਂ ਆਪ ਪਾਸ ਲਿਆਉਂਦਾ ਹਾਂ। [4]ਖ਼ਬਰੇ ਕਿੱਥੇ ਲੇ ਜਾਣਗੇ। [5]ਇਹ ਤਾਂ ਨਿੱਕੀ ਜਿਹੀ ਟੇਰ ਹੈ।

*ਪਾ:-ਕਨੇਰ। ਪਰ ਠੀਕ ਨਾਮ 'ਕਨੇਚ' ਹੈ। ਜੋ ਲੁਧਿਆਣੇ ਦੇ ਜ਼ਿਲੇ ਵਿਚ ਹੈ।

ਤੁਝ ਸਦਨ ਬਡੇਰੀ। ਤਿਸ ਕੋ ਲਯਾਉ, ਜਾਉ ਇਸ ਬੇਰੀ'। ਹਾਥ ਜੋਰਿ ਤਬਿ ਜਾਟ ਉਚਾਰੀ। 'ਮੋਰ ਜਮਾਤਾ ਆਇ ਅਗਾਰੀ ॥ ੧੧ ॥ ਤਿਸ ਪਰ ਜ਼ੀਨ ਪਾਇ ਚਢਿ ਗਯੋ।ਅਬਿ ਲੌ ਹਟ ਨਹਿਂ ਆਵਤਿ ਭਯੋ।ਕਯਾ ਜਾਨੈਂ ਸੋ ਕਬਿ ਚਲਿ ਐਹੈ।ਤਬਿ ਲੌ ਠਹਿਰਨ ਨਹਿਂ ਤੁਮ ਹ੍ਵੈ ਹੈ'॥੧੨॥ਸੁਨਤਿ ਜਾਟ ਤੇ ਗੁਰ ਤਬਿ ਕਹਯੋ। 'ਕਯੋਂ ਵਲਾਉ ਕਰਿਬੇ ਚਿਤ ਚਹਯੋ?।ਕਿਤਿਕ ਦੂਰ ਤੇ ਹਮ ਦੇਂ ਮੋਰ। ਅਗਲੇ ਗ੍ਰਾਮਨ ਤੇ ਲੇਂ ਔਰ' ॥੧੩॥ ਸੁਨ ਫੱਤੇ ਬੋਲਯੋ ਪੁਨ ਕੂਰ।'ਕਹਉਂ ਸਾਚ ਮੈਂ ਗੁਰੂ ਹਜ਼ੂਰ।ਨਹੀਂ ਵਲਾਉ ਕਰਨ ਕੋ ਜਾਨੋਂ। ਗਯੋ ਜਮਾਤਾ ਲੇ ਕਰਿ,ਮਾਨੋ[1]'॥੧੪॥ਸ਼੍ਰੀ ਪ੍ਰਭੁ ਰਿਸ ਕਰਿ ਬਾਕ ਉਚਾਰ। 'ਨਹਿ ਬੜਵਾ ਨਹਿਂ ਤੂੰ ਇਸ ਬਾਰਾ। ਕੂਰ ਕਹਿਨ ਤੇ ਦੋਨਹੁ ਗਏ'। ਇਮ ਕਹਿ ਸਤਿਗੁਰ ਚਾਲਤਿ ਭਏ॥ ੧੫ ॥ ਤਬਿ ਫੱਤਾ ਗਮਨਯੋ ਘਰ ਮਾਂਹੀ।ਲਘੁ ਬੜਵਾ ਲੇ ਕਰਿ, ਸੰਗ ਤਾਂਹੀ। ਮਨ ਮੈਂ ਕਹੈ-ਬਡੀ ਮੈਂ ਰਾਖੀ ਨਹੀਂ ਦੈਨ ਹਿਤ ਕੈਸਿਹੁ ਭਾਖੀ[2]॥੧੬॥ਜਬਿ ਪਹੁੰਚਯੋ ਅਪਨੇ ਘਰ ਜਾਇ। ਲਘੁ ਘੋਰੀ ਕੋ ਬੰਧਿ ਬਨਾਇ। ਅੰਤਰ ਬਰਯੋ ਬਡੀ ਜਹਿਂ ਖਰੀ। ਡਸੀ ਸਰਪ ਸੋ ਤਤਛਿਨ ਮਰੀ॥੧੭॥ਗਯੋ ਤਿਮਰ ਮਹਿਂ ਮਰੀ ਨ ਜਾਨੀ। ਬੈਠਿ ਰਹੀ ਅਪਨੇ ਮਨ ਮਾਨੀ। ਹੇਤ ਉਠਾਵਨਿ ਗੋਡਾ ਮਾਰਯੋ। ਬਾਰ ਬਾਰ ਮੁਖ ਤੇ ਟਿਚਕਾਰਯੋ ॥ ੧੮ ॥ ਘੋਰੀ ਨਿਕਟ ਸਰਪ ਤਹਿਂ ਥਿਰਯੋ। ਤਤਛਿਨ ਡਸਨ ਜਾਟਕੋ ਕਰਯੋ।'ਹਾਇ ਹਾਇ'ਕਰਿ ਬਾਹਰ ਆਯੋ।ਦ੍ਵੈ ਘਟਿਕਾ ਮਹਿਂ ਪ੍ਰਾਨ ਗਵਾਯੋ ॥ ੧੯ ॥ ਇਮ ਮੂਰਖ ਕੋ ਭਯੋ ਬਿਨਾਸ਼ੀ। ਕਹਯੋ ਝੂਠ ਸਤਿ-ਗੁਰ ਕੇ ਪਾਸੀ। ਚਵੇ ਪ੍ਰਯੰਕ ਪ੍ਰਭੁ ਤਬਿ ਚਾਲੇ। ਸ਼ਯਾਮ ਚਾਦਰਾ ਓਢਿ ਬਿਸਾਲੇ॥੨੦॥ਦੇਖਿ ਦੇਖਿ ਨਰ ਹਿੰਦੂ ਤੁਰਕਾ। ਭੇਵ ਪਛਾਨ ਸਕਹਿਂ ਨਹਿਂ ਗੁਰ ਕਾ। ਮੋਰ ਪੰਖ ਕਾ ਮੁੱਠਾ ਫਿਰੈ।'ਹੈ ਕੋ ਬਡੋ ਪੁਰਖ' ਲਖਿ ਪਰੈ[3]॥੨੧॥ ਆਇ ਨਿਕਟ ਕੋ ਬੰਦਨ ਕਰਿਹੀ। ਨਿਸ਼ਚੈ ਕੋਇ ਨਹੀਂ ਮਨ ਧਰਿਹੀ[4]। ਇਸੀ ਪ੍ਰਕਾਰ ਗਮਨਤੇ ਆਏ। ਚਲਤਿ ਗ੍ਰਾਮ ਹੇਹਰ* ਨਿਯਰਾਏ ।੨੨॥ ਨਬੀ ਗ਼ਨੀ ਸਨ ਤਬਿ ਗੁਰ ਕਹੈਂ। 'ਇਹਾਂ ਕ੍ਰਿਪਾਲ ਉਦਾਸੀ ਰਹੈ। ਰਵਿ

[1]ਮੰਨ ਲਓ। [2]ਦੇਣੇ ਦੇ ਵਾਸਤੇ ਕਿਸੇ ਤਰ੍ਹਾਂ ਵੀ ਮੈਂ ਨਹੀਂ ਕਹੀ (ਭਾਵ ਦੇਣ ਵਾਸਤੇ ਮੈਂ ਮੰਨਿਆ ਨਹੀਂ)। [3](ਹਰ ਕਿਸੇ ਨੂੰ) ਇਹੋ ਜਾਣ ਪਵੇ ਕਿ ਇਹ ਕੋਈ ਵਡਾ ਪੁਰਖ ਹੈ। [4]ਇਹ ਨਿਸ਼ਚੇ ਕਿ ਕੌਣ ਹਨ, ਕੋਈ ਨਹੀਂ ਕਰ ਸਕਦਾ ਮਨ ਵਿਚ।

*ਇਹ ਪਿੰਡ ਤਸੀਲ ਜਗਰਾਵਾਂ ਜ਼ਿਲਾ ਲੁਧਿਆਣਾ ਵਿਚ ਹੈ।

ਅਸਤਯੋ ਸੰਧਯਾ ਅਬਿ ਹੋਈ । ਡੇਰਾ ਕਰਹੈ ਰਹੈਂ ਥਲ ਸੋਈ ॥੨੩॥ ਬਹੁਤ ਦੂਰ ਹੀ ਅਬਿ ਚਲਿ ਆਏ। ਅੱਗ੍ਰ ਗਮਨ ਅਬਿ ਨਹਿਂ ਬਨਿ ਆਏ। ਇਹਾਂ ਜਾਮਨੀ ਬਸਹਿਂ ਬਿਤਾਵੈਂ । ਉਠਿ ਪ੍ਰਭਾਤਿ ਕੋ ਅੱਗ੍ਰ ਸਿਧਾਵੈਂ ॥ ੨੪ ॥ ਤੁਮ ਭੀ ਇਸ ਥਲ ਤੇ ਹਟਿ ਜਾਵਹੁ। ਮਿਲਿ ਬਿਰਾਦਰੀ ਨਿਜ ਦਿਖਰਾਵਹੁ। ਆਗੇ ਗਮਨ ਸੁਗਮ ਹੀ ਅਹੈ । ਜੰਗਲ¹ ਦੇਸ਼ ਗੁਰੂ ਸਿਖ ਰਹੈਂ" ॥ ੨੫ ॥ ਸੁਨਤਿ ਖਾਨ ਬੋਲੇ ਤਬਿ ਅਰਜ਼ੀ।"ਹਮ ਅਨੁਸਾਰਿ ਆਪ ਕੀ ਮਰਜ਼ੀ । ਜੇ ਹਮ ਬਿਨ ਨਹਿਂ ਸਰੈ ਅਗਾਰੀ । ਹਟਿ ਆਵੈਂ ਦ੍ਵੈ ਦਿਵਸ ਪਿਛਾਰੀ ॥ ੨੬ ॥ ਜੇਤਿਕ ਸੇਵਾ ਬਨਹਿ ਤੁਹਾਰੀ । ਪਰਮ ਲਾਭ ਕੱਲਯਾਨ* ਹਮਾਰੀ' । ਇਮ ਬੋਲਤਿ ਮਗ ਉਲੰਘਯੋ ਸਾਰਾ । ਥਾਨ ਉਦਾਸੀ ਪਹੁੰਚਿ ਨਿਹਾਰਾ ॥ ੨੭ ॥ ਸੁਨੀ ਕਾਨ ਮਹਿਂ ਸਾਧ ਕ੍ਰਿਪਾਲ। 'ਆਨਿ ਪਹੂਚੇ ਗੁਰੂ ਕ੍ਰਿਪਾਲ'। ਉਠਯੋ ਸ਼ੀਘ੍ਰਹੀ ਬਾਹਰ ਆਯੋ।ਚਰਨ ਸਰੋਜਨ ਕੋ ਲਪਟਾਯੋ॥੨੮॥'ਉਤਰਹੁ ਪ੍ਰਭੂ ਆਪਕੋ ਡੇਰਾ । ਮੁਝ ਕੋ ਜਾਨਿ ਲੀਜੀਐ ਚੇਰਾ'। ਕਰਿ ਬਿਨਤੀ ਉਤਰਾਇ ਪ੍ਰਯੰਕਾ । ਲੇ ਅੰਤਰ ਕੋ ਗਯੋ ਨਿਸ਼ੰਕਾ॥ ੨੯ ॥ ਉਤਰਿ ਪਰੇ ਕੀਨਸਿ ਗੁਰ ਡੇਰਾ । ਆਇ ਸਾਧ ਸਭਿ ਦਰਸ਼ਨ ਹੇਰਾ । ਕਰਿ ਕਰਿ ਬੰਦਨ ਬੈਠੇ ਪਾਸੀ। ਕਿਤਿਕ ਲੋਕ ਅਰੁ ਸਾਧ ਉਦਾਸੀ ॥੩੦॥ਤੀਨ ਸਿੰਘ ਅਰੁ ਦੋਇ ਪਠਾਨ। ਕਹਯੋ ਬਾਕ ਸ਼੍ਰੀ ਗੁਰ ਭਗਵਾਨ । 'ਮਾਨ ਸਿੰਘ! ਤੁਮ ਨਿਸਾ ਮਝਾਰਾ। ਗਏ ਹੁਤੇ ਹਿਤ ਕਰਨ ਅਹਾਰਾ ॥ ੩੧॥ ਤਬਿ ਹਮ ਤੁਮ ਸੰਗ ਭਾਖਯੋ ਜੈਸੇ । ਹੈ ਕਿ ਨਹੀਂ ਮਨ ਸਿਮਰਨ ਤੈਸੇ'।ਤਬਿ ਤੀਨਹੁੰ ਕਰ ਜੋਰਿ ਬਖਾਨਾ।'ਹੁਕਮ ਮਾਨ ਪਾਲੇ ਬੰਧਿ ਆਨਾ ॥ ੩੨ ॥ ਸਿਮਰਨ ਰਾਵਰ ਕਰ੍ਯੋ ਨ ਕੋਈ । ਬੰਧਯੋ ਰਹਯੋ ਅਬਿ ਲੌ ਤਿਮ ਸੋਈ । ਹਮ ਤੀਨਹੁੰ ਨੇ ਬਾਂਧਯੋ ਪਾਲੇ । ਹੁਕਮ ਹੋਇ ਤੌ ਦੇਹਿਂ ਦਿਖਾਲੇ' ॥ ੩੩॥ ਸੁਨਿਕੈ ਸ਼੍ਰੀ ਮੁਖ ਤੇ ਫੁਰਮਾਈ । 'ਅਬਿ ਸਭਿ ਹੀ ਕੋ ਦੇਹੁ ਦਿਖਾਈ। ਕਸਾ ਤੁਮ ਖਾਯੋ ਜਾਨਯੋਂ ਜਾਇ ? ਸੰਸੈ ਤੁਮਰੇ ਉਰ ਬਿਨਸਾਇ'॥੩੪॥ਤਬਿ ਤੀਨਹੁੰ ਖੋਲਨ ਕਰਿ ਪਾਲੇ। ਧਰਿ ਕਰਤਲ ਪੈ²ਸਭਿਨਿ ਦਿਖਾਲੇ। 'ਸ੍ਵਾਦ ਤਿਹਾਵਲ ਨਿਸ ਮਹਿਂ ਖਾਏ । ਅਬਿ ਪਰਖਹੁ ਤਿਸ ਮਹਿਂ ਤੇ ਲਸਾਏ' ॥ ੩੫ ॥ ਹੇਰਿ ਸਰਬ ਹੀ ਕਹੈਂ"ਕਰਾਹੂ । ਐਸੇ ਕਹਾਂ ਕਰਹੁ ਇਸ ਮਾਂਹੂ'।ਸ੍ਰੀ ਗੁਰ ਅਰੁ ਨਰ ਸਾਧੁ ਉਦਾਸੀ । ਦੇਖਤਿ ਐਸੇ ਕੀਨ

¹ਮਾਲਵਾ । ²ਹੱਥ ਦੀ ਤਲੀ ਤੇ । *ਇਸ ਤੋਂ ਜਾਪਦਾ ਹੈ ਕਿ ਇਹ ਦੋਇ ਪਠਾਨ ਸ੍ਰੀ ਗੁਰੂ ਜੀ ਤੇ ਨਿਸ਼ਚਾ ਭਰੋਸਾ ਰੱਖਦੇ ਸਨ ।

ਬਿਨਾਸੀ॥੩੬॥ ਨਬੀ ਗ਼ਨੀ ਖਾਂ ਕੋ ਤਿਸ ਕਾਲਾ। ਲਖਿ ਕਰਿ ਸੇਵ ਪ੍ਰਸੰਨ ਬਿਸਾਲਾ। ਕੰਚਨ ਕੰਕਨ ਜਰੇ ਜਰਾਵਨ[1]। ਬਖਸ਼ਨ ਕਰੇ ਰਿਦੇ ਹਰਖਾਵਨ ॥੩੭॥ ਬਹੁਰ ਪਟਾ ਕਾਗਤ ਲਿਖ ਦੀਨ। ਸਭਿ ਸੰਗਤ ਪਰ ਆਗਯਾ ਕੀਨਿ। 'ਇਨਹੁੰ ਕਰੀ ਮਮ ਸੇਵ ਬਿਸਾਲਾ। ਸਿਖ! ਮਾਨਹੁ[2] ਇਨ ਕੋ ਸਭਿ ਕਾਲਾ॥੩੮॥ਸੰਗਤਿ ਦੇਹਿ ਸੇਵ ਮਮ ਸਟਾ[3]'। ਕਰੇ ਵਿਦਾ ਲਿਖਿ ਦੀਨਸਿ ਪਟਾ*। ਅਧਿਕ ਅਨੰਦੇ ਬੰਦਨ ਕਰਿਕੈ। ਗਮਨੇ ਪੁਨਹਿ ਪਿਛਾਰੀ ਮੁਰਿਕੈ ॥੩੯॥ ਤੀਨਹੁੰ ਸਿੰਘ ਸੰਗ ਤਬਿ ਰਹੇ। ਸਾਧ ਕ੍ਰਿਪਾਲ ਦੇਖਿ ਇਮ ਲਹੇ–ਚਾਹੈਂ ਰਹਜੋ ਅਬੈ ਥਲ ਮੇਰੋ।ਹੋਇ ਪਰਹਿੰਗੇ ਅਧਿਕ ਬਖੇਰੇ ॥੪੦॥ ਬਰਾਬਾਦ ਡੇਰਾ ਹੁਇ ਜਾਇ। ਨੀਠ ਨੀਠ ਮੈਂ ਕੀਨ ਬਨਾਇ–। ਤੁਰਕ ਤ੍ਰਾਸ ਤੇ ਭਰਮਤਿ ਡੋਲਯੋ।ਰਹਯੋ ਨ ਦ੍ਰਿਢ ਨਿਸ ਮਹਿਂ ਇਮ ਬੋਲਯੋ॥੪੧॥ 'ਸੁਨੀਅਹਿ ਸਤਿਗੁਰ ਦਯਾ ਨਿਧਾਨ! ਇਨ ਗ੍ਰਾਮਨ ਮਹਿਂ ਤੁਰਕ ਮਹਾਨ। ਹਲਵਾ ਰੋੜਾ ਅਰੁ ਤਲਵੰਡੀ। ਮੁਸਲਮਾਨ ਕੇ ਪਿੰਡ ਅਖੰਡੀ[4] ॥੪੨॥ ਰਹੈਂ ਹਜ਼ਾਰਹੁੰ,ਸੁਨਿ ਸੁਧਿ ਜਬੈ। ਚਢਿ ਆਵੈਂ ਗਨ ਤੁਰਨ ਤਬੈ। ਮੋ ਤੇ ਨਹਿਂ ਕਿਮ ਰਾਖੇ ਜਾਇਂ।ਯਾਂਤੇ ਲਖਹੁ ਨ ਰਹਿਬੇ ਥਾਇਂ॥੪੩॥ ਲੰਮੇ ਗ੍ਰਾਮ ਆਪ ਚਲਿ ਜਾਈਏ। ਸੋ ਰਾਖਹਿਂ ਤੁਮ ਕੋ ਕਰਿ ਦਾਈਏ। ਨਰ ਸੁ ਹਜ਼ਾਰਹੁੰ ਦਾਦੇਪੋਤੇ।ਲਰਿਬੇ ਦ੍ਰਿਢ ਡਰਧਰਹਿਂ ਨ ਕੋਤੇ[5]'॥੪੪॥ਸੁਨਿ ਕਰਿ ਤਿਸ ਪ੍ਰਤਿ ਗੁਰੂ ਅਲਾਵਹਿਂ।'ਤੁਰਕਨ ਤੇ ਹਮ ਕੋ ਡਰਪਾਵਹਿਂ। ਤਿਨ ਕੋ ਸਦਾ ਰਹੇ ਹੀ ਮਾਰਤਿ। ਤੂੰ ਤਿਨ ਕੇ ਡਰ ਤੇ ਹੁਇ ਆਰਤ ॥ ੪੫॥ ਹਮਰੋ ਨਿਸ਼ਚਾ ਤੁਮ ਉਰ ਨਾਸਾ। ਯਾਂਤੇ ਤੁਰਕ ਦੇਹਿਂ ਤੁਝ ਤ੍ਰਾਸਾ'।ਇਮ ਸ੍ਰਾਪਤ ਕਿਯ ਸਾਧ ਕ੍ਰਿਪਾਲ†। ਨਿਸ ਬਿਤਾਇ ਕਰਿ ਤਹਾਂ ਕ੍ਰਿਪਾਲ[6] ॥ ੪੬ ॥

---

[1]ਜੜਾਊਆਂ ਨਾਲ ਜੜੇ ਹੋਏ। [2]ਹੇ ਸਿੱਖੋ ! ਮੰਨੋ। [3]ਮੇਰੀ ਸੇਵਾ ਦਾ ਬਦਲਾ। [4]ਸਾਰੇ ਹੀ। [5]ਕਿਸੇ ਤੋਂ। [6]ਗੁਰੂ ਜੀ ਨੇ।

*ਇਨ੍ਹਾਂ ਦੀ ਉਲਾਦ ਪਾਸ ਹੁਕਮ ਨਾਮਾ ਸੁਣੀਦਾ ਹੈ। ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਹਕੀਮ ਅਜ਼ੀਜ਼ ਦੀਨ (ਕਟੜਾ ਜੈਮਲ ਸਿੰਘ) ਪਾਸ ਬੀ ਗ਼ਨੀ ਖਾਂ ਨਬੀ ਖਾਂ ਵਾਲਾ ਪਟਾ ਹੈਸੀ।

†ਇਹ ਕ੍ਰਿਪਾਲ ਉਹ ਕ੍ਰਿਪਾਲ ਨਹੀਂ ਜੋ ਭੰਗਾਣੀ ਦੇ ਜੁੱਧ ਵਿਚ ਲੜਿਆ ਸੀ ਤੇ ਜਿਸ ਨੇ ਹਯਾਤ ਖਾਂ ਨੂੰ ਕੁਤਕੇ ਨਾਲ ਮਾਰਿਆ ਸੀ। ਉਹ ਗਜਾਤਰੇਯ ਨਾਮ ਰਸੀਆ ,ਪੂਰੇ ਸਿਦਕ ਤੇ ਭਰੋਸੇ ਵਾਲਾ ਗੁਰ ਸਿੱਖ ਸੀ। ਉਹ ਮੰਡਲੀ ਦਾ ਮਹੰਤ ਤੇ ਬਹੂਦਕ ਸਾਧੂ ਸੀ, ਕੁਟੀ-ਚਰ ਅਰਥਾਤ ਡੇਰੇ ਦਾਰ ਨਹੀਂ ਸੀ, ਕਿਉਂਕਿ ਗੁਰ ਬਿਲਾਸ ਵਿਚ ਉਸ ਨੂੰ ਅਵਧੂਤ ਲਿਖਿਆ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

[ਪਿਛਲੇ ਪੰਨੇ ਦਾ ਫੁਟ ਦੀ ਬਾਕੀ]

ਹੈ, ਯਥਾ:—ਸੁਨ ਬੋਲਯੋ ਸੁਭ ਮਤਿ ਅਵਧੂਤਾ। ਸੰਤ ਸ਼ਿਰੋਮਣਿ ਸ੍ਰੀ ਪੁਰਹੂਤਾ। ਗੁਰ ਚੇਲੇ ਸਭ ਸ਼ਰਣ ਤਿਹਾਰੀ। ਤੈਂ ਹਮਰੇ ਸਤਿਗੁਰ ਅਵਤਾਰੀ ॥ ੨੨੭॥ ਬਡੇ ਭਾਗ ਤੇ ਕਹੁ ਹਮ ਪਾਯੋ। ਲੋਕ ਸੁਖੀ ਪਰਲੋਕ ਬਨਾਯੋ। ਬ੍ਰਹਮਾਦਿਕ ਰਿਖਿ ਕਵਿ ਮੁਨਿ ਜੋਨੀ। ਕਿੰਨਰ ਜੱਛ ਭੁਜੰਗ ਅਮੋਨੀ ॥ ੨੨੮ ॥ ਆਜ ਲਗੇ ਗਾਵਤ ਗੁਨ ਆਯੋ। ਤੁਵ ਪ੍ਰਸਾਦਿ ਸੋਂ ਇਹ ਮਮ ਪਾਯੋ। ਅਬ ਮਨ ਮੈਂ ਨਿਸ਼ਚੈ ਇਮ ਆਈ। ਤੁਵ ਸਮਾਨ ਪ੍ਰਭੁ ਸੁਰ ਨਰ ਨਾਹੀਂ ॥ ੨੨੯ ॥ ਕੋਟ ਬਿਸ਼ਨ ਬ੍ਰਹਮੇ ਤ੍ਰਿਪੁਰਾਰੀ। ਇਨ ਪਾਵੋਂ ਪਰ ਦਿਜੀਐ ਵਾਰੀ। ਅਸ ਪ੍ਰਭੁ ਗੁਰ ਪੂਰਨ ਕਹਿੰ ਤਯਾਗੀ। ਅਨ ਜਾ ਵਿਰਤਿ ਸੁਰ ਅਨੁਰਾਗੀ' ॥ ੨੩੦ ॥ [ਗੁਰ ਬਿ: ਧਿ: ੬

ਤੇ ਕਵਿ ਸੰਤੋਖ ਸਿੰਘ ਜੀ ਨੇ ਐਉਂ ਲਿਖਿਆ ਹੈ:—

ਦੀਰਘ ਜਟਾਜੂਟ ਸਿਰ ਬਾਧਾ। ਰੋਕਿ ਰਿਖੀਕਨ ਮਨ ਜਿਹ ਸਾਧਾ ॥ ੩੭॥ ਸਰਬੰਗਨ ਮਹਿ ਲਗੀ ਬਿਭੂਤ। ਸ਼ੋਭਤਿ ਮਨੋ ਦੱਤ ਅਵਧੂਤ। ਤਪ ਕੋ ਤੇਜ ਦਿਪਤ ਹੈ ਐਸੇ। ਰਿਖੀਅਨ ਮਹਿਂ ਘਟਨੰਦਨ ਜੈਸੇ ॥ ੩੮ ॥ ਬ੍ਰਹਮਚਰਜ ਮਹਿਂ ਬਡੋ ਸੁਪੱਤਾ। ਗੁਰ ਕੇ ਚਰਨ ਨਾਮ ਰਸ ਮੱਤਾ। ਕਰ ਪਗ ਕੇ ਨਖ ਬਧੇ ਬਿਸਾਲਾ। ਕਸੀ ਕੁਪੀਨ ਦਿਪਤ ਬਡ ਭਾਲਾ ॥ ੩੯ ॥ ਇਕ ਤੂੰਬਾ ਹਿਤ ਪੀਵਨ ਬਾਰੀ। ਕੁਤਕਾ ਗਹੇ ਹਾਥ ਮਹਿ ਭਾਰੀ। ਸ਼ਮਸ ਬਦਨ ਪਰ ਚਮਕਤਿ ਅਹੇ। ਬਸਤ੍ਰ ਬਿਹੀਨ ਦਿਗੰਬਰ ਰਹੇ ॥ ੪੦ ॥ ਤਨ ਸਥੂਲ ਅਰੁ ਪੇਟ ਬਿਸਾਲਾ। ਲਾਂਬੀ ਭੁਜਾ ਮਹਾਂ ਬਲ ਵਾਲਾ। ਸਤਿਗੁਰ ਸਨਮੁਖ ਮਹਿਦ ਸੁਹਾਯੋ। ਮਨੋ ਗਜਾਨ ਵਿਗ ਤਪ ਚਲਿ ਆਯੋ ॥ ੪੧ ॥ ਕਿਧੋਂ ਬਿਸ਼ਨੁ ਕੇ ਦਰਸ਼ਨ ਕਾਰਨ। ਮਹਾਂਦੇਉ ਪੈਠਯੋ ਰਿਪੁ ਦਾਰੁਨ। ਰਾਮ ਚੰਦ ਢਿਗ ਕਿਧੋਂ ਅਗਸਤ। ਇਮ ਅਵਿਲੋਕਤ ਸਿੱਖ ਸਮਸਤ ॥ ੪੨ ॥ [ਰੁ ੨ ਅੰਸੂ ੨੪

ਇਸ ਤੋਂ ਸਪਸ਼ਟ ਹੈ ਕਿ ਇਹ ਕ੍ਰਿਪਾਲ ਪੂਰਨ ਸਾਧੂ ਹੈ, ਪੂਰਨ ਗੁਰ ਪ੍ਰੇਮੀ ਹੈ, ਤਯਾਗੀ ਹੈ, ਇਕ ਕੁਤਕਾ ਤੇ ਤੂੰਬਾ ਪਾਸ ਹੈ, ਅਵਧੂਤ ਹੈ ਤੇ ਡੇਰੇਦਾਰ ਨਹੀਂ ਹੈ, ਤੇ ਦਿਬ ਦ੍ਰਿਸ਼ਟਿ ਵਾਲਾ ਹੈ। ਭੰਗਾਣੀ ਦੇ ਜੁੱਧ ਦਾ ਅੰਤ ਗੁਰੂ ਕੀ ਜਿਤ ਹੈ ਉਸ ਨੇ ਪਹਿਲੋਂ ਦੱਸ ਦਿਤਾ ਸੀ, ਤੇ ਸਤਿਗੁਰ ਦੀ ਚਰਨ ਸ਼ਰਨ ਜੁੱਧ ਵਿਚ ਲੜਿਆ ਤੇ ਹਯਾਤ ਖਾਂ ਨੂੰ ਮਾਰਿਆ।

ਕਈ ਲੋਕਾਂ ਨੇ ਇਸੇ ਮਹੰਤ ਕ੍ਰਿਪਾਲ ਨੂੰ ਹੋਰਾਂ ਦਾ 'ਕ੍ਰਿਪਾਲ ਸਾਧ ਉਦਾਸੀ' ਮੰਨਿਆਂ ਹੈ। ਇਹ ਭੁੱਲ ਜਾਪਦੀ ਹੈ ਤੇ ਵਿਸ਼ੇਸ਼ ਖੋਜ ਦੀ ਮੁਥਾਜ ਹੈ। ਭੰਗਾਣੀ ਵਾਲਾ ਕ੍ਰਿਪਾਲ ਡੇਰੇਦਾਰ ਨਹੀਂ ਸਹੀ ਹੁੰਦਾ, ਉਹ ਤਯਾਗੀ ਤੇ ਬਹੂਦਕ ਤਯਾਗੀ ਹੈ, ਪਰ ਇਹ ਕੁਟੀਚਰ ਹੈ। ਉਹ ਤ੍ਰਿਕਾਲਦਰਸ਼ੀ, ਪੂਰਨ ਪਦ ਤੇ ਇਸਥਿਤ ਤੇ ਭਰੋਸੇ ਵਾਲਾ ਹੈ ਤੇ ਸਤਿਗੁਰੂ ਜੀ ਨੂੰ ਵਾਹਿਗੁਰੂ ਦਾ ਅਵਤਾਰ ਵੇਖਦਾ ਹੈ। ਇਹ ਸਾਧ ਕ੍ਰਿਪਾਲ ਗੁਰੂ ਜੀ ਨੂੰ ਗੁਰੂ ਮੰਨਦਾ ਹੈ, ਪਰ ਡਰਦਾ ਹੈ, ਭੈ ਵਿਚ ਹੈ, ਨਿਰਭੈ ਪਦ ਤੇ ਅਰੂੜ ਨਹੀਂ ਹੈ, ਤੇ ਡੇਰੇ ਨੂੰ ਗੁਰੂ ਜੀ ਤੋਂ ਵਧੀਕ ਪਿਆਰ ਕਰਦਾ ਹੈ। ਦੋਹਾਂ ਦੇ ਆਚਰਨ ਤੇ ਭਰੋਸੇ ਅੱਡ ਅੱਡ ਹਨ। ਇਸ ਤੋਂ

[ਬਾਕੀ ਫੁਟ ਨੋਟ ਅਗਲੇ ਪੰਨੇ ਦੇ ਹੇਠ]

ਹਾਥ ਮਹਿ ਲਸਾਯੋ । ਕਰਿ ਆਗੈ ਨਿਜ ਸੀਸ ਝੁਕਾਯੋ ॥੪੭॥ ਤਬਿ ਸਤਿਗੁਰ ਤਿਸ ਕੋ ਕਰ ਗਹ੍ਯੋ ।'ਬੰਧਿ ਮੁਸ਼ਟ ਦ੍ਰਿੜ੍ਹ[1]'ਸ੍ਰੀ ਮੁਖ ਕਹ੍ਯੋ। 'ਅਧਿਕ ਜ਼ੋਰ ਤੇ ਗਾਢੀ ਕੀਜੈ[2]। ਨਹੀਂ ਖਜ਼ਾਨਾ ਖੋਲਨ ਕੀਜੈ'॥੪੮॥ਸੁਨਿ ਕ੍ਰਿਪਾਲ ਬੂਝ੍ਯੋ ਬੰਦਿ ਹਾਥ । 'ਰਾਖਨ ਹੀ ਭਾਖ੍ਯੋ ਅਬਿ ਨਾਥ[3] !–ਕਬਹੂੰ ਖੁਲਹਿਸੋ ਭੀ ਬਚ ਕਹੀਏ[4] । ਕਰੁਨਾ ਕਰਤਿ ਇਨਹੁੰ ਪਰ ਰਹੀਏ' ॥ ੪੯ ॥ ਸ੍ਰੀ ਮੁਖ ਕਹ੍ਯੋ ਸੁਨਹੁ ਸੋ ਕਾਨ[5]। ਦਸਮ ਗੁਰੂ ਬਚ ਕੀਨ ਬਖਾਨ।'ਭੁਵ ਗਾਦੀ ਪਰ ਦਸਮੋ ਥਿਰੈ । ਸੁਊ ਖਜ਼ਾਨਾ ਖੋਲਨਿ ਕਰੈ' ॥੫੦॥ ਕਹੈ ਕਵੀ ਅਬਿ ਲੌ ਸੋ ਧਰੈਂ। ਨਹੀਂ ਕੋਸ਼ ਤੇ ਖਰਚਨ ਕਰੈਂ।ਪੰਚ ਗ੍ਰਾਮ ਕੇ ਤਬਹਿ ਬੁਲਾਏ । ਕਹ੍ਯੋ[6]ਕਿ 'ਮੰਜਾ ਲੇਹੁ ਉਚਾਏ' ॥੫੧॥ ਸੁਨਿ ਚਾਰਹੁੰ ਨੇ ਪਲੰਘ ਉਠਾਵਾ। ਗਮਨ ਕੀਨਿ ਡੇਰੇ ਨਿਕਸਾਵਾ[7] । ਗੁਰੂ ਕਹ੍ਯੋ 'ਇਕ ਦਿਸ਼ ਤੇ ਨੀਵੇਂ । ਸਮ ਹੁਇ ਚਲਹੁ ਨ ਬਿਖਮੀ ਥੀਵੇਂ' ॥੫੨॥ ਕਹਿ ਰਾਹਕ'ਛੋਟਾ ਮਮ ਤਨ ਹੈ । ਤੂੰ ਲਾਂਬੋ, ਯਾਂਤੇ ਅਨਬਨ ਹੈ' । ਸੁਨਿ ਸ੍ਰੀ ਮੁਖ ਤੇ ਵਾਕ ਉਚਾਰਾ। ਸਮ ਬਨ ਜਾਹੁ[8]'ਜਿਨਹੁੰ ਸਿਰ ਧਾਰਾ' ॥ ੫੩ ॥ ਭਯੋ ਬਚਨ ਤੇ ਤਿਨ ਸਮ ਤਤਛਿਨ।ਦੇਖਿ ਸਕਲ ਤਬਿ ਬਿਸਮਤਿ ਬਹੁ ਮਨ ।ਲਗ੍ਯੋ ਕ੍ਰਿਪਾਲ ਪੰਚ ਸਿਰ[9]

[1]ਮੁੱਠੀ ਚੰਗੀ ਤਰ੍ਹਾਂ ਘੁੱਟਕੇ ਰਖੋ। [2]ਭਾਵ ਪੱਕੀ ਗੰਢ ਦੇ ਲਓ। [3]ਆਪ ਨੇ ਰੱਖਣ ਵਾਸਤੇ ਹੀ ਕਿਹਾ ਹੈ ਹੇ ਨਾਥ ਕਿ। [4]ਕਦੇ ਖੁੱਲ੍ਹੇਗਾ ਬੀ, ਉਹ ਬੀ ਬਚਨ ਕਹੋ। [5](ਕਵੀ ਜੀ ਕਹਿੰਦੇ ਹਨ ਕਿ ਹੇ ਸ੍ਰੋਤਾ ਜਨੋ !) ਜੋ ਸ੍ਰੀ ਮੁਖੋਂ ਕਿਹਾ ਸੀ ਓਹ ਕੰਨ ਦੇਕੇ ਸੁਣੋ। [6](ਕ੍ਰਿਪਾਲ ਨੇ) ਕਿਹਾ। [7]ਨਿਕਲਿਆ (ਪਲੰਘ)। [8]ਬਰੱਬਰ ਦਾ ਹੋ ਜਾ। [9]ਪੈਂਚਾਂ ਦੇ ਨਾਲ ਕ੍ਰਿਪਾਲ ਬੀ; ਮੰਜਾ ਸਿਰ ਚਾਉਣ ਵਿੱਚ ਲੱਗ ਪਿਆ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਜਾਪਦਾ ਹੈ ਕਿ ਵਯਕਤੀਆਂ ਦੋ ਅੱਡ ਅੱਡ ਹਨ। ਜੋ ਭਰੋਸਾ ਜੋ ਸਿਦਕ ਜੋ ਦ੍ਰਿਸ਼ਟੀ ਭੰਗਾਣੀ ਵਾਲੇ ਕ੍ਰਿਪਾਲ ਦੀ ਦੱਸੀ ਹੈ ਓਹ ਦ੍ਰਿੜ ਆਚਰਨੀ ਕਦੇ ਹੇਹਰਾ ਵਿਚ ਸਤਿਗੁਰੂ ਨੂੰ ਆਪਣੇ ਪਾਸ ਰੱਖਣੋਂ ਨਾਂਹ ਨਹੀਂ ਕਰ ਸਕਦਾ, ਤਵਾਰੀਖ ਖਾਲਸਾ ਨੇ ਇਸ ਡੇਰੇ ਨੂੰ ਤਾਂ ਉਸੇ ਉਦਾਸੀ ਮਹੰਤ ਭੰਗਾਣੀ ਵਾਲੇ ਦਾ ਬਸਾਯਾ ਮੰਨਿਆ ਹੈ, ਪਰ ਇਸ ਮਹੰਤ ਨੂੰ, ਜਿਸਨੇ ਆਪਣੇ ਸਤਿਗੁਰਾਂ ਨੂੰ ਰੈਣ ਬਸੇਰਾ ਨਹੀਂ ਦਿੱਤਾ ਉਸਦਾ ਚੇਲਾ ਮੰਨਿਆਂ ਹੈ। ਇਹ ਹੋ ਸਕਦਾ ਹੈ ਕਿ ਭੰਗਾਣੀ ਜੁੱਧ ਮਗਰੋਂ ਉਸਨੇ ਡੇਰਾ ਆ ਬੱਧਾ ਹੋਵੇ ਤੇ ਇਹ ਆਦਮੀ ਉਸਦਾ ਚੇਲਾ ਹੋਵੇ ਯਾ ਇਸ ਚੇਲੇ ਨੇ ਹੀ ਡੇਰਾ ਬੱਧਾ ਹੋਵੇ ਤੇ ਉਹ ਚੜ੍ਹ ਚੁਕਾ ਹੋਵੇ। ਤਵਾਃ ਖਾਃ ਨੇ ਤਾਂ ਇਸ ਮਹੰਤ ਨੂੰ ਕ੍ਰਿਪਾਲ ਉਦਾਸੀ ਦਾ ਚੇਲਾ ਮਹੰਤ ਹੀ ਲਿਖਿਆ ਹੈ, ਭੰਗਾਣੀ ਜੁੱਧ ਨੂੰ ਬੀ ਵੀਹ ਕੁ ਵਰ੍ਹੇ ਬੀਤ ਚੁਕੇ ਹਨ। ਇਹ ਬੀ ਮੁਮਕਿਨ ਹੈ ਕਿ ਚੇਲੇ ਦਾ ਨਾਮ ਬੀ ਕ੍ਰਿਪਾਲ ਹੋਵੇ। ਜੀਕੂੰ ਨੁਰੰਗਾਬਾਦ ਦੇ ਸ਼ਹੀਦ ਹੋਏ ਸ੍ਰੀ ਬਾਬਾ ਬੀਰ ਸਿੰਘ ਜੀ ਦੇ ਜਾਨਸ਼ੀਨ ਚੇਲੇ ਦਾ ਨਾਮ ਬੀ ਸ੍ਰੀ ਬਾਬਾ ਬੀਰ ਸਿੰਘ ਜੀ ਹੀ ਸੀ।

ਧਾਰੇ। ਸਿੰਘ ਸੰਗ ਹੁਇ ਪੰਥ ਪਧਾਰੇ ॥੫੪॥ ਇਕ ਜੱਟੀ ਭੱਟੀ ਤਿਸ ਨਾਇ। ਤਰ ਪ੍ਰਯੰਕ ਸਿਰ ਦੀਨਸਿ ਧਾਇ।ਪਿਖਿ ਗੁਰ ਭਾਖਯੋ'ਦੇਹੁ ਹਟਾਈ*। ਕਯਾ ਮਾਂਗਤਿ ਬੂਝਹੁ ਇਸ ਤਾਈਂ?' ॥੫੫॥ ਦਯਾ ਸਿੰਘ ਤਬਿ ਕਰੀ ਹਟਾਵਨ। 'ਕਯਾ ਜਾਚਹਿ ਕਹੁ ਕਰੀਅਹਿ ਪਾਵਨ'[1] । ਸੁਨਿ ਕਰਿ ਬੋਲੀ ਉਰ ਅਹਿਲਾਦੀ। 'ਕਹੋ ਮੋਹਿ ਸੁਤ ਕੀ ਹੁਇ ਸ਼ਾਦੀ' ॥੫੬॥ ਤਬਿ ਗੁਰ ਭਨਯੋਂ 'ਬੀਸ ਬਿਰਧੈ ਹੈ। ਸਪਤ ਸਪਤ ਸ਼ਾਦੀ ਕਰਵੈ ਹੈਂ'। ਹਟੀ ਸੁ ਰਿਦੇ ਅਨੰਦਹਿ ਧਰੇ। ਤਿਹ ਸੁਤ ਤੀਨ ਬਯਾਹੁ ਪੁਨ ਕਰੇ ॥੫੭॥ ਪੋਤ੍ਰੇ ਸਪਤ ਬਯਾਹੁ ਕਰਿਵਾਇ। ਸੋ ਹਮ ਦੇਖੇ ਲਿਖੇ ਬਨਾਇ। ਇਮ ਸਤਿਗੁਰ ਕੇ ਸ੍ਰਾਪ ਕਿਧੌਂ ਬਰ। ਬਿਦਤ ਜਾਨੀਯਹਿ ਜਹਿ ਕਹਿ ਧਰਿ ਪਰ॥ ੫੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਗੁਰੂ ਪਯਾਨ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥੪੮॥

੪੯. [ਮਾਹੀ ਨੂੰ ਸੁਧ ਲੈਣ ਸਰਹਿੰਦ ਭੇਜਣਾ। ਰਾਇਕੱਲ੍ਹੇ ਦੇ ਧਰਮ ਦੀ ਵਿਥਯਾ]।

ਦੋਹਰਾ॥ ਆਗੇ ਗਮਨੇ ਸਤਿਗੁਰੂ ਉਲੰਘੇ ਕੇਤਿਕ ਕੋਸ।ਜਗਰਾਵਾਂਪੁਰਿ ਕੋਟ ਕੋ ਰਾਇ ਹੁਤੋ ਬਡ ਹੋਸ਼[2] ॥ ੧ ॥ ਨਿਸ਼ਾਨੀ ਛੰਦ॥ ਜਨਮ ਤੁਰਕ ਹਿੰਦੂ ਧਰਮ ਜਿਨ ਧਾਰਨ ਕੀਨਾ। ਦਯਾ ਧਰਮ ਪੁੰਨਯਾਤਮਾ ਸ਼ੁਭ ਮਗ ਮਨ ਭੀਨਾ। ਸਕਲ ਭੇਵ ਗੁਰਦੇਵ ਕੋ ਸੁਨਿ ਸੇਵ ਉਮਾਹਾ। ਲੈ ਸੈਨਾ ਸੰਗ ਤੀਨ ਸੈ ਚਲਿ ਦਰਸ਼ਨ ਚਾਹਾ॥੨॥ ਆਇ ਅਗਾਰੀ ਸੋ ਮਿਲਯੋ ਅਵਿਲੋਕੇ ਸ੍ਵਾਮੀ। ਨੀਲੇ ਬਸਤ੍ਰ ਪ੍ਰਯੰਕ ਪਰ ਥਿਰ ਅੰਤਰਜਾਮੀ। ਤਜਯੋ ਤੁਰੰਗਮ ਦੂਰ ਹੀਪਾਇਨ ਸੋਂ ਆਯੋ।ਹਾਥ ਜੋਰਿ ਸਨਮੁਖ ਗਯੋ ਬਹੁ ਸੀਸ ਨਿਵਾਯੋ॥੩॥ਕਦਮ ਪਦਮ ਸਮ ਸੁਖਸਦਮ[3] ਪਰਸੇ ਕਰ ਦੋਊ। ਬਦਨ ਬਿਲੋਚਨ ਭਾਲ ਪਰ ਫਿਰ ਫੇਰਤਿ ਸੋਊ।'ਆਪ ਸਾਥ੍ਰ ਰਣ ਗਾਥ ਬਡ ਹੇ ਨਾਥ ਅਸੰਭੈ'[4]।ਤਊ ਬਿਲੋਕਿ ਬਹਾਦਰੀ ਸਭਿ ਤੁਰਕ ਅਚੰਭੈ ॥ ੪ ॥ ਕਰਾਮਾਤ ਸਾਹਿਬ ਬਡੇ ਸਮਰਥ ਸਭਿ ਭਾਂਤੀ। ਚਹੇ ਬਨਾਵੇ ਛਿਨਕ ਮਹਿ ਅਨਬਨ ਬਨਿ ਜਾਤੀ। ਨਰ ਲੀਲਾ ਕਲਿਕਾਲ ਕੀ ਕਰਿ ਜਗ ਦਿਖਰਾਵੈ।ਹਰਖ ਸ਼ੋਕ ਨਹਿੰ ਬਯਾਪ ਹੀ

[1]ਆਖ ਤੇ (ਗੁਰੂ ਜੀ ਤੋਂ) ਪਾਵਨਾ ਕਰ। [2]ਰਾਇਕੋਟ ਜਗਰਾਵਾਂ ਨਗਰ (ਦਾ ਰਾਇ) ਵੱਡਾ ਦਾਨਾ (ਆਦਮੀ) ਸੀ। ਮੁਰਾਦ ਇਹ ਹੈ ਕਿ 'ਕੱਲਾ' ਗੁਰੂ ਜੀ ਦਾ ਸਿੱਖ ਸੀ ਜੋ ਅੱਗੇ ਜਾਕੇ ਦੱਸਣਗੇ। [ਦੇਖੋ ਅੰਸੂ ਪ੩ ਅੰਕ ੩—ਦਾਸ ਕਦੀਮੀ ਚਾਕਰ ਕੇਰਾ]। ਰਾਇਕੋਟ ਜਗਰਾਵਾਂ ਦੀ ਤਸੀਲ ਵਿੱਚ ਹੈ। [3]ਕਵਲਾਂ ਵਰਗੇ ਚਰਨ ਸੁਖ ਦਾ ਘਰ। [4]ਹੇ ਨਾਥ ਆਪ ਸਾਥ (ਤੁਰਕਾਂ ਦੇ) ਰਣ ਦੀ ਗਾਥਾ ਬੜੀ ਨਾਮੁਨਾਸਬ ਹੈ, ਭਾਵ ਤੁਰਕਾਂ ਨੂੰ ਆਪ ਨਾਲ ਲੜਨਾ ਨਹੀਂ ਸੀ ਚਾਹੀਦਾ।

*ਸ਼ੂਮਿਤ ਤੇ ਤਰਸ ਕਰਕੇ ਕਿ ਇਹ ਔਖਾ ਕੰਮ ਨਾ ਕਰੇ।

ਤਿਲ ਲੇਪ ਨ ਲਾਵੈ ॥ ੫ ॥ ਹਮ ਲੋਕਨ ਕੌ ਦੀਖਤੀ ਜਬਰੀ ਤੁਰਕੇਸ਼ਾ । ਕਰਨੋ ਬੁਰਾ ਤਿਨ ਅਪਨ ਸਭਿ, ਤੁਮ ਸੋਂ ਰਚਿ ਦ੍ਵੈਸ਼ਾ'।ਸੁਨਿ ਕੈ ਸ਼੍ਰੀ ਮੁਖ ਤੇ ਕਹ੍ਯੋ 'ਇਮ ਹੋਵਨਹਾਰੀ । ਮਿਟਤਿ ਨ ਕੋਟ ਉਪਾਵ ਤੇ ਨਰ ਹ੍ਵੈ ਕੈ ਨਾਰੀ ॥ ੬ ॥ ਮਾਨਨੀਯ ਸਭਿ ਸੀਸ ਪਰ ਸੁਰ ਅਸੁਰਨਿ ਕੇਰੀ । ਨਰ ਬਪੁਰੇ ਕੀ ਕਹਾਂ ਗਤਿ ਜੋ ਫੇਰੈ ਹੇਰੀ[1]'।ਬਹੁਰ ਕਹ੍ਯੋ ਸ਼੍ਰੀ ਬਦਨ ਤੇ'ਸੁਨਿ ਕੱਲਾਰਾਊ। ਹਯ ਅਰੂਢਿ ਗਮਨੀਜੀਏ ਕੁਛ ਚਲੈਂ ਅਗਾਊ' ॥ ੭ ॥ ਮਾਨਿ ਹੁਕਮ ਕੋ ਹਯ ਚਢ੍ਯੋ ਪੁਨ ਸਤਿਗੁਰ ਪਯਾਨੋ।ਲੰਮੇਗ੍ਰਾਮ*ਪੁਨ ਪਹੁੰਚਕੇ ਬਚ ਰਾਇ[2] ਬਖਾਨੇ । 'ਉਤਰਹੁ ਕਰਹੁ ਅਰਾਮ ਕੁਛ ਆਏ ਬਹੁ ਦੂਰੀ । ਮੁਝ ਪਰ ਕਰੁਨਾ ਕੀਜੀਅਹਿ ਦ੍ਰਿਸ਼ਟੀ ਵਿਖਿ ਰੂਰੀ॥੮॥ਲੰਮੇ ਗ੍ਰਾਮ ਥਿਰੀਜੀਏ ਆ-ਯਹੁ ਮੈਂ ਸੰਗੀ।ਬੈਠਿ ਬਿਤਾਵਹੁ ਸਮਾ ਕੁਛ ਮਮ ਪੁਰਹੁ ਉਮੰਗੀ'।ਸੁਨਿਕਰਿ ਬੋਲੇ ਸਤਿਗੁਰੂ 'ਕੋ ਸ਼ੀਘ੍ਰ ਬਿਸਾਲਾ[3] । ਸੁਧਿ ਕੋ ਲਯਾਇ ਸਿਰੰਦ ਤੇ ਮਗ ਜਾਇ ਉਤਾਲਾ॥੯॥ਤਬਿ ਲਗ ਥਿਰ ਇਸ ਥਲ ਰਹੈਂ, ਪੁਨ ਜਾਇਂਅਗਾਊ। ਮਾਤਾ ਗੁਜਰੀ ਉਤ ਗਈ ਮਗ ਪਾਇ ਨ ਕਾਊ[4]'।ਕਹਿ ਕੱਲਾ 'ਸ਼੍ਰੀ ਪ੍ਰਭੁ ! ਸੁਨਹੁ:-ਦਸ ਜੋਜਨ ਜਾਨਹੁ।ਪੁਰਿ ਸਿਰੰਦ।ਇਸ ਥਾਨਤੇ ਸਭਿ ਕਰੌਂ ਬਖਾ-ਨਹੁ ॥੧੦॥ ਬਨਹਿ ਨ ਜਾਨ ਸਊਰ ਕੋ ਲਖਿ ਤੁਰਕ ਪਛਾਨੈਂ[5] । ਇਕ ਮਾਹੀ ਹਮਰੇ ਰਹੈ ਸੋ ਇਤੋ ਪਯਾਨੈ[6] । ਹੁਕਮ ਕਰਹੁ ਭੇਜੈਂ ਤਿਸੈ ਦਸ ਜੋ-ਜਨ ਜਾਵੈ।ਦਿਵਸ ਦੂਸਰੇ ਤਿਤਿਕ ਚਲਿ[7] ਸੁਧਿ ਆਨਿ ਸੁਨਾਵੈ' ॥੧੧॥ 'ਪਠਹੁ ਤਿਸੈ' ਸ਼੍ਰੀ ਗੁਰ ਕਹ੍ਯੋ 'ਸੋ ਸ਼ੀਘ੍ਰ ਪਯਾਨੈ । ਸੁਧਿ ਲੇ ਕਰਿ ਪੁਰਿ ਬੀਚ ਤੇ ਪਹੁੰਚੈ ਇਸ ਥਾਨੈ' । ਇਮ ਕਹਿ ਕੈ ਸ਼੍ਰੀ ਬਦਨ ਤੇ ਉਤਰਾਇ ਪ੍ਰਯੰਕਾ । ਥਿਰੇ ਤਿਸੀ ਥਲ ਮਹਿ ਤਬੈ ਗੁਰ ਹੀਨ ਅਤੰਕਾ ॥ ੧੨ ॥ ਪਠ੍ਯੋ ਹਕਾਰ ਸੁ ਮਾਹਖੀ[8]'ਚਲਿ ਸ਼ੀਘ੍ਰ'ਸਿਖਾਯੋ[9] । 'ਬਖਸ਼ਹਿੰ ਧਨ ਬਿਨ ਬਿਲਮ ਜੋ ਪਹੁੰਚਹਿ ਮਗ ਧਾਯੋ' । ਹੁਤੋ ਸਮਾ ਤਬਿ ਪ੍ਰਾਤਿ ਕੋ ਗਮਨ੍ਯੋ ਜਬਿ ਮਾਹੀ।ਬਾਯੁ ਬੇਗ ਤੇ ਸ਼ੀਘ੍ਰ ਚਲਿ ਧਾਯੋ ਮਗ ਮਾਂਹੀ ॥ ੧੩ ॥ਸਭਿ ਲਸ਼ਕਰ

---

[1]ਦੇਖਕੇ ਹਟਾਵੇ । [2]ਕੱਲਾ ਰਾਇ ਨੇ । [3]ਬੜੀ ਛੇਤੀ ਕੋਈ (ਜਾਕੇ) । [4]ਮਾਤਾ ਜੀ ਉਸ ਰਾਹ ਗਏ ਹਨ ਪਰ ਪਤਾ ਕੋਈ ਨਹੀਂ ਲੱਗਾ । [5]ਦੇਖਕੇ (ਸੂਰਮੇ ਨੂੰ) ਤੁਰਕ ਪਛਾਣ ਲੈਣਗੇ । [6]ਇਤਨਾ ਹੀ (੧੦×੪=੪੦ ਕੋਹ) ਟੁਰ ਸਕਦਾ ਹੈ (ਇਕ ਦਿਨ ਵਿੱਚ) । [7]ਤਿਤਨੀ ਭਾਵ ੪੦ ਕੋਹ ਹੀ ਚੱਲਕੇ । [8]ਮਾਹੀ । [9]ਇਹ ਸਿਖਾਇਆ ਕਿ ਛੇਤੀ ਚੱਲੀਂ ।

*ਇਹ ਪਿੰਡ ਰਾਇ ਕੋਟ ਤੋਂ ਮੀਲ ਕੁ ਦੀ ਵਿੱਥ ਤੇ ਹੈ ।

ਤੁਰਕਾਨ ਕੋ ਪਸਰਯੋ ਤਬਿ ਚਾਲਾ। ਪੁਰਿ ਸਿਰੰਦ ਡੇਰੇ ਗਏ[1] ਬਿਸਮੰਤਿ ਬਿਸਾਲਾ। ਕੇਚਿਤ ਕਹੈਂ'ਨ ਗੁਰ ਲਹਯੋ ਨਹਿ ਕਿਨਹੂੰ ਹੇਰਾ। ਗਯੋ ਸਭਨਿ ਕੋ ਬੀਚ ਤੇ ਗੁਰ ਬੀਰ ਬਡੇਰਾ'॥੧੪॥ਕੇਚਿਤ ਕਹਿ 'ਰਣ ਮਹਿ ਮਰਯੋ ਨਹਿ ਦੇਖਯੋ ਜਾਈ। ਲਾਖਹੁੰ ਲੋਥਨਿ ਬੀਚ ਤੇ ਕਹੁ ਕਿਸ ਬਿਧਿ ਪਾਈ'। ਇੱਤਯਾਦਿਕ ਬਹੁ ਬਾਰਤਾ ਮਿਲਿ ਤੁਰਕ ਕਰੰਤੇ। ਸਗਰੇ ਗਏ ਸਿਰੰਦ ਕੋ ਬਹੁ ਸ਼ੋਕ ਬਧੰਤੇ ॥ ੧੫ ॥ ਪੁਰਿ ਪੁਰਿ ਘਰ ਘਰ ਰੁਦਨ ਹ੍ਵੈ ਜਹਿਂ ਕੇ ਨਰ ਮਾਰੇ। ਚਚਾ ਭਤੀਜਾ ਸੁਤ ਪਿਤਾ ਕਿਹ ਭ੍ਰਾਤ ਸੰਘਾਰੇ। ਸਸੁਰ ਜਮਾਤਾ ਸੁਸਾ ਸੁਤ ਬਹਿਨੋਈ ਸਾਰੇ। ਕੇਚਿਤ ਮਾਤੁਲ ਭਾਣਜੇ ਬੰਧਪ ਹਤਿ ਡਾਰੇ ॥ ੧੬ ॥ ਜਹਿ ਕਹਿ ਜਾਤਿ ਸੁਨਾਵਨੀ[2] ਪੀਟਹਿ ਮਿਲਿ ਨਾਰੀ । ਨਿਜ ਸਨਬੰਧੀ ਸਿਮਰ ਕਰਿ ਗੁਨ ਗਨਨ ਉਚਾਰੀ[3]। ਦਿੱਲੀ ਆਦਿਕ ਉਤ ਨਗਰ ਇਤ ਲਵਪੁਰਿ ਰੋਵੈਂ। ਕਾਬਲ ਅਰੁ ਕੰਧਾਰ ਲਗ ਮਨ ਕਸ਼ਟ ਪਰੋਵੈਂ ॥ ੧੭ ॥ ਮਨਹੁੰ ਸ਼ੋਕ ਕੰਜਰ ਭਯੋ ਗਨ ਬਾਂਧਿ ਅਖਾਰੇ। ਨਿਰਤਿ ਕਰਾਵਤਿ ਥਾਨ ਬਹੁ ਤੁਰਕਨ ਘਰ ਸਾਰੇ। ਦੇਤਿ ਤਲੀਮਾ ਨਾਇਨੀ[4] ਗਾਵਤਿ ਸੋ ਗੀਤਾ'ਓਹ ਓਹ' 'ਹੈ ਹੈ' ਕਹਨਿ ਇਹ, ਇਮ ਤਾਲ ਪੁਰੀਤਾ ॥੧੮॥ਭਾਲ ਰੁ ਛਾਤੀ ਉਰੂ ਪਰ ਲਗ ਹਾਥ ਬਜੰਤੇ। ਕਰਤਿ ਜਾਤਿ ਇਕ ਗਤ[5] ਸਕਲ ਨਹਿ ਗਨ ਬਿਚਲੰਤੇ[6]। ਉਠਤਿ ਨਾਦ ਰੋਦਨ ਬਡੋ ਧੁਨਿ ਗੀਤ ਬਿਸਾਲੀ।ਜਮਕੀ ਹੇਤੁ ਪ੍ਰਸੰਨਤਾਮ੍ਰਿਤੁ ਕੀਨ ਖੁਸ਼ਾਲੀ[7]॥੧੯॥ਜਹਿਂ ਬਾਸਾ ਤੁਰਕਾਨ ਕੋ ਤਹਿਂ ਸ਼ੋਕ ਪਸਾਰਾ । ਮਨਹੁੰ ਜੀਤ[8] ਇਸ ਦੇਸ਼ ਕੋ ਬਿਚ ਸੈਲ ਸਿਧਾਰਾ। ਮੀਏਂ ਮਰੇ ਹਜ਼ਾਰ ਹੀ ਰਾਣੇ ਅਰ ਰਾਜੇ। ਗਿਰਬਾਸੀ ਰੋਦਤਿ ਘਨੇ ਰਸ ਕਰੁਨਾ ਸਾਜੇ॥੨੦॥ ਇਮ ਅਵਨੀ ਤਲ ਸ਼ੋਕ ਭਾ ਜਹਿ ਕਹਿ ਸੁਧਿ ਜਾਈ। ਲਸ਼ਕਰ ਗਏ ਸਿਰੰਦ ਕੋ ਬੋਲਤਿ ਬਿਸਮਾਈ। ਗੁਰ ਸੋਂ ਲਰਨ ਕਰਾਮਤਿ ਅਹੈ ਭਟ ਪੁੰਜ ਖਪਾਏ। ਤਊ ਨ ਪਕਰਯੋ ਕਿਨਹੂੰ ਰਣ ਹਤਿ ਸੁਭਟ ਸਿਧਾਏ ॥੨੧॥ ਇੱਤਯਾਦਿਕ ਸਭਿ ਦੇਸ਼ ਮਹਿ ਪਸਰਯੋ

[1]ਤੁਰਕ ਦਲ ਦੇ ਡੇਰੇ ਸਿਰਹੰਦ ਚਲੇ ਗਏ। [2]ਕਿਸੇ ਦੇ ਦੇਹਾਂਤ ਹੋਣ ਦੀ ਖਬਰ। [3](ਉਨ੍ਹਾਂ ਦੇ) ਬਹੁਤ ਗੁਣ ਉਚਾਰਦੀ ਹਨ। [4]ਨੈਣਾਂ ਮਾਨੋਂ ਤਾਲੀਮਾਂ ਦੇਂਦੀਆਂ ਹਨ। (ਕੰਜਰੀਆਂ ਨੂੰ ਰਾਗ ਸਿਖਾਉਣ ਵਾਲੇ ਅਪਣੀ ਸਿੱਖਯਾ ਦੇਣ ਨੂੰ ਤਾਲੀਮ ਦੇਣੀ ਕਹਿੰਦੇ ਹਨ)। [ਅ:, ਤਅ਼ਲੀਮ=ਸਿੱਖਯਾ]। [5]ਰਾਗ ਵਿੱਦਯਾ ਵਿੱਚ ਤਾਲ ਦੱਸਣ ਦਾ ਬੋਲ ਜੋ ਜੋੜੀ ਆਦਿ ਤੇ ਵਜਾਉਂਦੇ ਹਨ। [6]ਭਾਵ ਸਾਰੀਆਂ ਦਾ ਤਾਲ ਟੁਟਦਾ ਨਹੀਂ। [7]ਮੌਤ ਨੇ ਖੁਸ਼ੀ ਕੀਤੀ ਹੈ। [8]ਜਿੱਤਕੇ (ਸ਼ੋਕ)।

ਬਡ ਰੌਂਗਾ ਰੋਦਤਿ ਪੀਟਤਿ ਕਸ਼ਟ ਬਡ ਜਗ ਠੌਰਹਿਂ ਠੌਰਾ । ਤਬਿ ਮਾਹੀ ਗਮਨਯੋਂ ਗਯੋ ਸੀਰਿੰਦ ਪੁਰਿ ਮਾਂਹੀ । ਸੁਧਿ ਸਗਰੀ ਕੋ ਸੁਨਾਤਿ ਭਾ ਬੀਤੀ ਜਿਮ ਆਹੀ ॥੨੨॥ ਸਤਿਗੁਰ ਥਿਰੇ ਪ੍ਰਭਾਤਿ ਤੇ ਬੈਠੇ ਢਿਗ ਰਾਊ। ਕਰਹਿਂ ਜੁੱਧ ਕੀ ਬਾਰਤਾ 'ਜੜ੍ਹ ਤੁਰਕਨ ਰਾਊ[1]*'।ਸਚਿਵ ਆਦਿ ਗਨ ਰਾਇ ਕੇ[2] ਕਹਿਂ ਰਾਇ ਤਰੀਫੈ । 'ਸ੍ਰੀ ਗੁਰ ਇਹ ਧਰਮਾਤਮਾ ਹਤਿ ਦੁਸ਼ਟ ਹਰੀਫੈ[3]'॥੨੩॥ਨਗਰ ਤਿਹਾੜਾ† ਬਡ ਬਸੈ ਲਾਖਹੁਂ ਨਰ ਜਾਂਹੀ । ਹੁਤੇ ਤੁਰਕ ਤਹਿਂ ਦੁਸ਼ਟ ਬਡ ਨਿਸ਼ਚੈ ਅਘ ਮਾਂਹੀ। ਗੋਬਧ ਪਾਪੀ ਬਹੁ ਕਰਹਿਂ ਸੁਨਿ ਕੱਲਾ-ਰਾਊ । ਪਾਪ ਸਮੀਪੀ ਹੋਨਿ ਤੇ ਮਨ ਸਹਿ ਨ ਸਕਾਊ॥੨੪॥ਚਮੂੰ ਬਟੋਰਤਿ ਚਢਿ ਚਲਯੋ ਧੌਂਸਾ ਧੁੰਕਾਰਾ । ਨਗਰ ਤੀਰ ਤਬਿ ਪਹੁਂਚਿਕੈ ਕਿਯ ਜੰਗ ਅਖਾਰਾ। ਨਿਕਸਿ ਵਹਿਰ ਪੂਰਬ ਲਰੇ ਇਨ ਹਮਲਾ ਘਾਲਾ। ਕਰੇ ਕਤਲ ਪਿਖਿ ਭਾਜਿਗੇ ਬਿਚ ਲਰੇ ਬਿਸਾਲਾ ॥੨੫॥ ਲਾਇ ਮੋਰਚੇ ਨਗਰ ਕੋ ਪੁਨ ਮੀਂਡਿ ਲਰਾਈ । ਨਿਕਸਿ ਨ ਆਇ ਪ੍ਰਵੇਸ਼ ਤੇ ਘੇਰੇ ਚਹੁਂ ਘਾਈ[4] । ਇਕ ਸੰਮਤ ਲਰਤੇ ਰਹੇ ਪੁਨ ਭਏ ਲਚਾਰੀ।ਮਿਲਨ ਹੇਤ ਕਰਿ ਤ੍ਰਾਸ ਕੋ ਬਾਤੈਂ ਬਿਚ ਡਾਰੀ ॥ ੨੬ ॥-ਕਹਹੁ ਰਾਇ ਤੁਮ ਕਯੋਂ ਲਰਹੁ ਕੁਛ ਲੈਨ ਨ ਦੈਨਾ। ਨਾਹਕ ਬਿਨਸੈਂ ਆਦਮੀ ਦੁਹਿ ਦਿਸ਼ ਕੀ ਸੈਨਾ-। ਰਾਇ ਕਹਯੋ-ਗੋਬਧ ਤਜਹੁ ਇਸ ਕਾਰਜ ਹੇਤਾ । ਮੈਂ ਖਰਚਯੋ ਲਾਖਹੁਂ ਦਰਬ ਰਣ ਰੋਸ ਸਮੇਤਾ-॥੨੭ ॥ ਸੁਨਿ ਬੋਲੇ ਲਾਚਾਰ ਹੁਇ-ਹਮ ਨੇ ਅਬਿ ਮਾਨੀ । ਆਗੇ ਨਹਿਂ ਗੋਬਧ ਕਰਹਿਂ ਸਚ ਲੀਜਹੁ ਜਾਨੀ-। ਰਾਇ ਕਹੈ-ਦਿਹੁ ਜਾਮਨੀ ਤੁਮ ਕੋ ਤਬਿ ਤਜਾਗੋਂ।ਨਾਂਹਿ ਤ ਕਰਿਕੈ ਜੰਗ ਬਲ ਬਾਢਨ[5] ਸਭਿ ਲਾਗੋਂ॥੨੮॥ ਬੀਨ ਬੀਨ ਸਭਿ ਕੋ ਹਤੌਂ ਜਰ ਖੋਜ ਮਿਟਾਵੌਂ। ਬਹੁਰ ਕਰਹਿਂ ਨਹਿਂ ਪਾਪ ਇਮ ਅਸ ਪੁਰਖ ਬਸਾਵੌਂ-। ਕਹਿਂ ਅੰਤਰ ਕੇ ਤ੍ਰਾਸ ਧਰਿ-ਕੋ ਜਾਮਨ ਹੋਵੈ । ਅਸ ਪੱਧਤਿ ਨਹਿਂ ਨਿਕਟ ਕੋ ਬਿਚ ਆਨਿ ਖਲੋਵੈ ॥੨੯॥ ਅਪਰ

[1]ਤੁਰਕਾਂ ਦਾ ਰਾਜਾ(ਨੌਂਟੰਗਾ)ਮੂਰਖ ਹੈ ।(ਅ)ਜੜ੍ਹ ਤੁਰਕ ਨ ਰਾਊ=ਤੁਰਕਾਂ ਦੀ ਜੜ੍ਹ ਨਹੀਂ ਰਹੇਗੀ। [2]ਕੱਲਾਰਾਇ ਦੇ ਵਜ਼ੀਰ । [3]ਦੁਸ਼ਟ ਵੈਰੀ ਮਾਰੇ ਹਨ ( ਇਸ ਨੇ)। [4]( ਅੰਦਰ ) ਵੜੇ ( ਬਾਹਰ ) ਨਿਕਲ ਨਾ ਸਕੇ ( ਐਸੇ ) ਘੇਰੇ ਚਹੁੰ ਪਾਸਿਆਂ ਤੋਂ । ( ਅ ) ਚਹੁੰ ਪਾਸਿਆਂ ਤੋਂ ਐਸੇ ਘੇਰੇ ਕਿ (ਅੰਦਰਲੇ) ਨਿਕਲ ਨਾ ਸੱਕਣ ਤੇ (ਬਾਹਰਲੇ ਅੰਦਰ)ਪ੍ਰਵੇਸ਼ ਨਾ ਕਰ ਸਕਣ । [5]ਕਤਲ ਕਰਨ ।

*ਪਾঃ-ਜੜ੍ਹ ਤੁਰਕ ਖਪਾਊ । †ਇਕ ਪਾਸੇ ਸਤਲੁਜ ਦੂਜੇ ਪਾਸੇ ਮਾਲਵਾ ਤੇ ਤੀਜੇ ਪਾਸੇ ਪੁਆਧ, ਤ੍ਰੈਹਾਂ ਦੇ ਵਿਚ ਦਾ ਇਲਾਕਾ ਜੋ ਜਗਰਾਵਾਂ ਦੀ ਤਸੀਲ ਵਿਚ ਹੈ । ਪਹਿਲੇ ਇਸ ਨਾਮ ਦਾ ਇਥੇ ਨਗਰ ਸੀ ਜੋ ਸਤਲੁਜ ਨੇ ਢਾਹ ਦਿਤਾ । ਕਥਾ ਅੱਗੇ ਹੈ ।

ਨਹੀਂ ਲਖਿਯਤਿ ਇਹਾਂ ਹਮ ਸਕਲ ਬਿਚਾਰੇਂ। ਇਕ ਸਤੁੱਦ੍ਰਵ ਦਰਿਯਾਉ ਹੈ ਬਿਚ ਆਇ ਹਮਾਰੇ। ਚਹਹੁ ਜਿ ਲੀਜਹਿ ਜਾਮਨੀ ਚਲੀਅਹਿ ਤਿਸ ਤੀਰ।ਲਿਖਿ ਕਾਗਦ ਹਮ ਦੇਹਿੰਗੇ ਸਪਰਸੈਂ ਨੀਰਾਂ[1]-॥੩੦॥ਭਨੀ ਦੁਸ਼ਟ ਜਿਮ ਬਾਰਤਾ ਮਾਨੀ ਤਿਮ ਰਾਉ।ਸਪਤਿ ਕੋਸ ਤਹਿਂ ਤੇ ਹੁਤੇ ਗਮਨੇ ਤਿਸ ਥਾਉ। ਬੈਠਿ ਪ੍ਰਥਮ ਪੂਜਾ ਕਰੀ ਸਭਿ ਬਿਧਿ ਦਿਸ਼ ਦੋਉ। ਬਹੁਰ ਲਿਖੀ ਤਹਿਂ ਜਾਮਨੀ ਜੈਸੀ ਬਿਧਿ ਹੋਊ ॥੩੧॥-ਜੇ ਹਮ ਗੋਬਧ ਕਰਹਿੰਗੇ ਦੰਡਹੁ ਦਰਿਆਊ!-।ਇੱਤਯਾਦਿਕ ਲਿਖਵਾਇ ਕਰਿ ਹਰਖਯੋ ਤਬਿ ਰਾਊ।ਕਾਗਦ ਲੇ ਕਰਿ ਪੁਰਿ ਅਪਨਿ ਆਯਹੁ ਪੁਨ ਬਾਸਾ। ਨਗਰ ਤਿਹਾੜਾ ਬਡ ਬਸੈ ਚਹੁੰ ਬਰਨ ਖੁਲਾਸਾ[2]॥੩੨॥ਸੁਨੀਅਹਿ ਸ੍ਰੀ ਪ੍ਰਭੁ ਸਤਿਗੁਰੂ! ਇਕ ਬਰਖ ਬਿਤਾਵਾ। ਬਹੁਰ ਏਕ ਗੋਬਧ ਕਰੀ ਬਡ ਪਾਪ ਕਮਾਵਾ। ਸੁਨੀ ਰਾਇ ਜਬਿ ਬਾਰਤਾ, ਦਰੀਆਉ ਅਰਾਧਾ।-ਤੁਮ ਜ਼ਾਮਨ ਇਸ ਬਾਤ ਕੇ ਇਹ ਦੁਸ਼ਟ ਅਸਾਧਾ ॥੩੩॥ ਨਿਰਵਾਰਹੁ ਨਿਜ ਜ਼ਾਮਨੀ ਦਿਹੁ ਦੰਡ ਬਿਸਾਲਾ-। ਭਈ ਆਨ ਜਬਿ ਜਾਮਨੀ-ਕਹਿਤੇ ਇਸ ਢਾਲਾ[3]।-ਸਪਤ ਕੋਸ ਸਤੁੱਦ੍ਰਵ ਹੁਤੋ ਢਾਹਨ ਤਟ ਲਾਗੇ[4]।ਪਹੁੰਚਯੋ ਪੁਰਿ ਕੇ ਨਿਕਟ ਲੌ ਨਰ ਨਾਰਿਨਿ ਜਾਗੇ ॥੩੪॥ ਬਨੇ ਸਦਨ ਗਿਰਨੇ ਲਗੇ ਢਾਹਤਿ ਜਲ[5] ਗੇਰੇ।ਕੇਤਿਕ ਨਰ ਤ੍ਰਿਯ ਬਹਿ ਗਏ ਭਾ ਰੌਰ ਬਡੇਰੇ। ਔਚਕ ਜਲ ਕਹਿਂ ਤੇ ਅਯੋ ਕੁਛ ਜਾਇ ਨ ਜਾਨਾ। ਦਰਬ ਆਦਿ ਘਰ ਵਸਤੁ ਗਨ ਵਿਚ ਜਲ ਕੇ ਨਾਨਾ॥੩੫॥ਨਿਸਾ ਅੰਧੇਰੀ ਨਾਰਿ ਨਰ ਭਾਜੇ ਉਤਲਾਏ। ਨਹਿਂ ਦੀਖਤਿ ਜਲ ਮਹਿਂ ਗਿਰੇ ਸਭਿ ਦਿਏ ਬਹਾਏ।ਨਗਰ ਸਗਰ ਘਰ ਘਰ ਬਗਰ ਦਰਿਆਉ ਬਿਦਾਰੇ[6]। ਕੇਤਿਕ ਬਚੇ ਪਲਾਇ ਕਰਿ ਕੇਤਿਕ ਬਿਚ ਮਾਰੇ॥ ੩੬॥ ਕੋਸਨ ਮਹਿਂ ਜੋ ਬਸਤ ਥੋ[7] ਸਭਿ ਦੀਨ ਬਹਾਈ। ਇਮ ਸਤੁੱਦ੍ਰਵ ਨਿਜ ਜਾਮਨੀ ਨ੍ਰਿਪ ਕੀ ਉਤਰਾਈ-।ਸ੍ਰੀ ਗੁਰ ਤੁਮਰੀ ਕ੍ਰਿਪਾ ਤੇ ਇਮ ਰਾਇ ਕੱਲ੍ਹੇਰਾ[8]।ਕਰਤਿ ਸਦਾ ਸਤਿਸੰਗ ਕੋ ਕਰਿ ਪੁੰਨ ਬਡੇਰਾ' ॥ ੩੭॥ ਸੁਨਿ ਕਰਿ ਸ੍ਰੀ ਸਤਿਗੁਰ ਕਹਯੋ 'ਆਛੋ ਪਦ ਪੈ ਹੈ। ਨਹਿਂ ਸਜ਼ਾਇ ਪਰਲੋਕ ਮਹਿਂ ਨੀਕੇ ਮਗ ਜੈਹੈ। ਸਾਧ ਸਾਧ ਇਸ ਕੋ ਕਰਮ ਸਤੁੱਦ੍ਰਵ ਭੀ ਮਾਨਾ'। ਸੁਨਿ ਕਰਿ ਕੱਲੋਰਾਇ

[1]ਸਤਲੁਜ ਦਾ ਜਲ ਸਪਰਸ਼ਕੇ ਭਾਵ ਸੁਗੰਦ ਖਾਕੇ ਨੀਰ ਦੀ। [2]ਏਨ੍ਹਾਂ। [3]ਇਉਂ ਕਹਿੰਦੇ ਹਨ ਕਿ ਜਦੋਂ ਰਾਤ ਪੈ ਗਈ। [4]ਕੰਢਾ ਢਾਹੁੰਦਾ ਹੋਇਆ। [5]ਜਲ ਵਿਚ। [6]ਦਰਯਾ ਨੇ ਸਾਰਾ ਸ਼ਹਿਰ ਘਰ ਘਰ, ਵਲਗਣਾਂ (ਤਕ) ਸਾਫ਼ ਕਰ ਦਿਤੇ। [7]ਜੋ ਵਸਦਾ ਸੀ। [8]ਭਾਵ ਰਾਇ ਕੱਲਾ।

ਤਬਿ ਅਭਿਬੰਦਨ ਠਾਨਾ ॥ ੩੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਰਾਇ ਕੱਲੇ ਕੋ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ । ੪੯ ॥

੫੦. [ਮਾਹੀ ਨੇ ਆਕੇ ਸਾਹਿਬਜ਼ਾਦਿਆਂ ਦਾ ਸਾਕਾ ਸੁਨਾਉਣਾ]।

ਦੋਹਰਾ ॥ ਬੈਠੇ, ਮਾਹੀ ਕੋ ਗਏ, ਬਾਤੈਂ ਕਰਤਿ ਬਿਤਾਇ। ਭਯੋ ਦੁਪਹਿਰਾ ਆਨ ਕਰਿ ਥਿਰਿ ਪ੍ਰਯੰਕ ਸੁਖਦਾਇ ॥ ੧ ॥ ਨਿਸਾਨੀ ਛੰਦ॥ ਨਿਕਟ ਰਾਇ ਕੱਲਾ ਥਿਰਯੋ ਤ੍ਰੈ ਸੈ ਭਟ ਸਾਥਾ। ਅਪਰ ਲੋਕ ਥਿਰ ਸੈਂਕਰੇ ਦਰਸਤਿ ਹੈਂ ਨਾਥਾ। ਭੀਰ ਅਹੈ ਬਹੁ ਨਰਨਿ ਕੀ, ਥਿਰ ਦੂਰਹਿਂ ਦੂਰੀ। ਆਨਿ ਆਨਿ ਬੰਦਨ ਕਰਹਿਂ ਪਿਖਿ ਮੂਰਤਿ ਰੂਰੀ ॥ ੨ ॥ ਦੇਖਿ ਦੁਪਹਿਰੇ ਦਿਸ਼ਾ ਗੁਰ ਸ੍ਰੀ ਬਦਨ ਬਖਾਨਾ। 'ਸੁਨਹੁ ਰਾਇ ਕੱਲਾ ! ਅਬੈ ਮਾਹੀ ਪ੍ਰਸਥਾਨਾ[੧]। ਪਹੁੰਚਯੋ ਆਇ ਕਿ ਨਹੀਂ ਸੋ ਦੇਖਹੁ ਤਿਸ ਘਾਈ[੨]। ਬੀਤ ਗਏ ਦੋ ਪਹਿਰ ਤਿਹ ਆਵਹਿ ਕਰਿ ਧਾਈ'॥੩॥ਬੋਲਯੋ ਕੱਲਾ ਜੋਰਿ ਕਰ 'ਕਿਧ ਗਮਨ ਸਕਾਰੇ। ਪਹੁੰਚਹਿ ਚਾਲੀ ਕੋਸ ਸੋ ਚਲਿ ਬਾਸੁਰ ਸਾਰੇ। ਅਗਲੇ ਦਿਨ ਪਹੁੰਚੈ ਇਹਾਂ ਸਭਿ ਬਾਤ ਬਤਾਵੈ।ਮਾਰਗ ਅੱਸੀ ਕੋਸ ਕੋ ਬਲ ਕੇ ਜੁਤਿ ਆਵੈ'॥੪॥ ਸੁਨਿ ਤੂਸ਼ਨ ਗੁਰ ਹੁਇ ਰਹੇ ਕਹਿਂ ਔਰ ਪ੍ਰਸੰਗਾ। ਜਥਾ ਗਿਰੇਸ਼ੁਰ ਭੀਮਸਸਿ[੩] ਮਚਵਾਯਹੁ ਜੰਗਾ। 'ਬਾਈ ਧਾਰਨਿ ਕੇ ਪਤੀ ਬਡ ਚਮੂੰ ਬਟੋਰੀ। ਸਭਿ ਇਕੱਤ੍ਰ ਮਤਿ ਕੋ ਕਰੇ ਆਏ ਹਮ ਓਰੀ' ॥ ੫ ॥ ਦ੍ਵੈ ਘਟਕਾ ਬੀਤੀ ਬਹੁਰ ਇਤਯਾਦਿ ਕਹੰਤੇ।ਅਕਸਮਾਤ੍ਰ ਸ੍ਰੀ ਸਤਿਗੁਰੂ ਇਮਬਚਨ ਭਨੰਤੇ।'ਮਨੁਜ ਚਢਾਵਹੁ ਤਰੁ ਪਰ[੪] ਮਗ ਦੇਖਹਿ ਸੋਈ। ਆਵਤ ਮਾਹੀ ਕੈ ਨਹੀਂ ਸੁਧਿ ਪਾਵਹਿਂ ਜੋਈ' ॥ ੬ ॥ ਪੁਨਹਿ ਰਾਇ ਕੱਲਾ ਕਹੈ 'ਪਹੁੰਚਯੋ ਭਿ ਨ ਸੋਊ। ਕਹਾਂ ਹੋਇ ਆਗਵਨ ਅਬਿ ਕਯਾ ਤਰੁ ਪਰ ਜੋਊ। ਸੰਧਯਾ ਅਗਲੇ ਦਿਵਸ ਹੀ ਹੋਵਤਿ ਸੋ ਆਵੈ। ਥਿਰਹਿ ਨ ਪੁਰਿ ਅਰੁ ਮਗ ਬਿਖੈ ਤੂਰਨ ਹੀ ਧਾਵੈ' ॥ ੭ ॥ ਸੁਨਿ ਪੁਨ ਗੁਨ ਗਨ ਖਾਨਿ ਗੁਰ ਪਰਚੇ ਅਨ[੫] ਖਯਾਲਾ। ਡੂਢ ਪਹਿਰ ਦਿਨ ਜਬਿ ਰਹਯੋ ਬੈਠੇ ਤਿਸਕਾਲਾ।ਬਾਕ ਤੀਸਰੋ ਕਹਤਿ ਭੇ ਸਭਿ ਬਿਖੈ ਸੁਨਾਯੋ। 'ਚਢੈ ਬ੍ਰਿੱਛ ਮਾਹੀ ਪਿਖਹੁ ਆਯੋ ਕਿ ਨ ਆਯੋ ?' ॥ ੮ ॥ ਸੁਨਤਿ ਰਾਇ ਕੱਲਾਕਹੈ ਨਿਜ ਨਰਨਿ ਮਝਾਰਾ।'ਪੁਰਸ਼ੋਤਮ ਪੂਰਨ ਪੁਰਖ ਤ੍ਰੈ ਬਾਰਿ ਉਚਾਰਾ। ਕਹਾਂ ਹਮਾਰੋ ਖਰਚ ਹੁਇਚਢਿ ਤਰੁ ਪਰ ਹੇਰੋ। ਬਚਨ ਸਾਰ ਇਨ ਕੋ ਸਦਾ ਨਿਸ਼ਚੈ ਬਹੁਤੇਰੋ' ॥੯॥ ਇਕ ਨਰ ਤਰੁ ਪਰ ਤੁਰਤ

[੧]ਕਿਆ ਸੀ। [੨]ਤਿਸ ਤਰਫ। [੩]ਭੀਮਚੰਦ। [੪]ਬ੍ਰਿੱਛ ਉੱਤੇ। [੫]ਹੋਰ।

ਹੀ ਕਹਿ ਰਾਇ ਚਢਾਯੋ।ਚਢਿ ਕਰਿ ਤੁੰਗ ਸਕੰਧ ਪਰ[1] ਸੋ ਮਗ ਦਰਸਾਯੋ। ਮਾਹੀ ਆਵਤਿ ਦੂਰ ਤੇ ਤਿਨ ਦੇਖਨਿ ਕੀਨਾ। ਬਿਸਮਾਵਤਿ ਬੋਲਯੋ ਤਬੈ 'ਆਯਹੁ ਮੈਂ ਚੀਨਾ' ॥ ੧੦ ॥ ਨਿਕਟ ਪਹੂੰਚਯੋ ਜਬਿ ਲਗੈ ਰਹਿ ਦੇਖਤਿ ਸੋਊ। ਉਤਰਯੋ ਤਰੁ ਪਰ ਤੇ ਤਰੇ ਸੁਨਿ ਕਰਿ ਸਭਿ ਕੋਊ।ਗਮਨਯੋਂ ਜੋਜਨ ਬੀਸ ਮਗ[2], ਮਨ ਮਹਿਂ ਬਿਸਮਾਏ। ਕਰਾਮਾਤ ਸਾਹਿਬ ਗੁਰੂ ਅਚਰਜ ਦਿਖਰਾਏ॥੧੧॥ਇਤਨੇ ਮਹਿਂ ਮਾਹੀ ਅਯੋ ਕਰਿ ਬੰਦਨ ਬੈਸਾ।ਕਹਯੋ 'ਸਿ-ਰੰਦ ਬ੍ਰਿਤੰਤ ਕੋ ਦੇਖਯੋ ਤਹਿਂ ਕੈਸਾ?'।ਹਾਥ ਜੋਰਿ ਕਰਿ ਤਬਿ ਕਹਯੋ'ਜੁਗ ਸਾਹਿਬਜ਼ਾਦੇ। ਮਹਾਂ ਮਲੇਛਨ ਹਤਿ ਦਏ ਕਰਿ ਦੀਰਘ ਬਾਦੇ' ॥ ੧੨ ॥ ਪੁਨਹਿ ਰਾਇ ਕੱਲੇ ਕਹਯੋ 'ਬਿਛੁਰੇ ਗੁਰ ਸੰਗਾ। ਤਹਿਂ ਤੇ ਕਿਤ ਪਕਰੇ ਗਏ ਕਿਮ ਭਯੋ ਪ੍ਰਸੰਗਾ?।ਸਰਬ ਛੋਰ ਤੇ ਅੰਤਲੌ ਅਬਿ ਦੇਹੁ ਸੁਨਾਈ।ਜਿਸ ਹਿਤ ਸ਼੍ਰੀ ਸਤਿਗੁਰ ਥਿਰੇ ਕਹੀਅਹਿ ਸਮੁਝਾਈ?' ॥ ੧੩ ॥ ਤਬਿ ਮਾਹੀ ਕਰ ਬੰਦਿ ਕਰਿ ਬਿਚ ਸਭਾ ਉਚਾਰੀ। 'ਸੁਨਹੁ ਪ੍ਰਭੂ! ਬਿਛਰੇ ਜਬੈ ਇਕ ਬਿੱਪ੍ਰ ਅਗਾਰੀ[3]। ਸੰਗ ਮਾਤ ਕੇ ਕਪਟ ਕਰਿ ਲੇ ਗਯੋ ਨਿਰਾਲਾ। ਪਹੁੰਚਯੋ ਅਪਨੇ ਗ੍ਰਾਮ ਲੇ ਧਰਿ ਲੋਭ ਬਿਸਾਲਾ ॥ ੧੪ ॥ ਸਯੰਦਨ ਮਹਿ ਮਾਤਾ ਹੁਤੀ ਦੈ ਸਾਹਿਬਜ਼ਾਦੇ। ਇਕ ਖੱਚਰ ਇਕ ਦਾਸ ਤਿਹ ਦੀਨਾਰਨਿ ਲਾਦੇ। ਬਿੱਪ੍ਰ ਉਤਾਰੇ ਸਦਨ ਮਹਿ ਸਭਿ ਵਸਤੁ ਉਤਾਰੀ। ਗ੍ਰਾਮ ਨਾਮ ਖੇੜੀ ਹੁਤੋ ਦਿਜ ਅਧਮ ਕੁਚਾਰੀ ॥੧੫ ॥ ਕੁਛਕ ਮਸੰਦੀ ਭੀ ਕਰੀ ਇਸ ਹੇਤੁ ਚਿਨਾਰੀ[4]। ਮਧੁਰ ਬਾਕ ਕਹਿ ਲੇ ਗਯੋ ਧਨ ਸੰਗ ਨਿਹਾਰੀ। ਖੱਚਰ ਪਰ ਖੁਰਜੀ ਤਕੀ ਦੀਨਾਰਨਿ ਕੇਰੀ। ਬਿਸਰਾਮੇ ਬਹੁ ਥਕਤਿ ਭੇ ਚਲਿ ਬਾਟ ਬਡੇਰੀ॥੧੬॥ ਆਂਖ ਬਚਾਇ ਉਠਾਇ ਕਰਿ ਲੈ ਕੈ ਘਰ ਮਾਂਹੀ। ਦਾਬੀ ਅਵਨੀ ਕੇ ਬਿਖੈ ਜਿਮ ਜਾਨਹਿਂ ਨਾਂਹੀ।ਕਿਤਿਕ ਬੇਰ ਮਹਿਂ ਆਨਿ ਕਰਿ ਬੋਲਯੋ ਦਿਜ ਪਾਪੀ। —ਲੋਕ ਗ੍ਰਾਮ ਕੇ ਚੋਰ ਹੈਂ ਸੁਚਿਤੀ ਰਖਿ ਆਪੀ[5] ॥ ੧੭ ॥ ਵਸਤੁ ਸੰਭਾਰਹੁ ਆਪਨੀ ਮੈਂ ਭਾਖਿ ਸੁਨਾਵੋਂ। ਦੋਸ਼ ਨ ਦੀਜੈ ਮੋਹਿ ਕੋ ਸਭਿ ਭੇਦ ਬਤਾਵੋਂ—। ਦਾਸ ਗਯੋ ਥੋ ਵਹਿਰ ਕੋ ਸੋ ਤਿਸ ਛਿਨ ਆਯੋ[6]। ਤਿਮਰ ਭਏ ਤੇ ਵਸਤੁ

[1]ਉੱਚੇ ਟਾਹਣੇ ਤੇ। [2]ਵੀਹ ਜੋਜਨ ਦਾ ਰਸਤਾ। [3]ਅੱਗੋਂ (ਮਿਲਿਆ)। [4]ਇਸ ਵਾਸਤੇ ਪਛਾਣ ਸੀ (ਉਸ ਨੂੰ ਮਾਤਾ ਜੀ ਦੀ)। [5]ਆਪਣੀ ਸੰਭਾਲ ਰੱਖਣੀ। [6]ਭਾਵ ਸੋ ਦਾਸ ਤਿਸ ਵੇਲੇ (ਜਿਸ ਵੇਲੇ ਕਿ ਬ੍ਰਾਹਮਣ ਗੱਲ ਕਰ ਰਿਹਾ ਸੀ ਮਾਤਾ ਜੀ ਨਾਲ ਕਿ ਵਸਤੂ ਸੰਭਾਲਕੇ ਰੱਖਣੀ) ਆਯਾ

ਸਭਿ ਸੰਭਾਰਨ ਲਾਯੋ॥ ੧੮ ॥ ਤਬਹਿ ਦਾਸ ਕਹਿ ਮਾਤ ਕੋ–ਖੁਰਜੀ ਦਿਖ ਨਾਂਹੀ।ਬਸਤ੍ਰ ਆਦਿ ਸਭਿ ਹੈਂ ਧਰੇ–ਮਾਤਾ ਸੁਨਿ ਪ੍ਰਾਹੀ ।–ਦਿਜ ਘਰ ਮਹਿ ਕੋ ਅਪਰ ਨਹਿਂ,ਹਮ ਹੈਂ,ਕੈ ਸੋਊ । ਧਰੀ ਹੋਇਗੀ ਬੂਝ ਤਿਹ,ਅੰਤਰ ਕਿਤ ਹੋਊ–॥ ੧੯ ॥ ਸੁਨਿਕੈ ਬੂਝਯੋ ਦਾਸ ਦਿਜਃ–ਖੁਰਜੀ ਤੈਂ ਲੀਨੀ ? ਹੇਤ ਸੰਭਾਰਨਿਕੇ ਧਰੀ ਅੰਤਰਗਤਿ ਕੀਨੀ[1]–।ਸੁਨਤਿਦਿਜਾਧਮ[2] ਕੁਮਤਿ ਮਨ ਊਚੀ ਧੁਨਿ ਭਾਖੇ।–ਇਹ ਮੁਝ ਕੋ ਗੁਨ ਤੁਮ ਕਰਯੋ ਮਰਤੇ ਮੈਂ ਰਾਖੇ॥੨੦॥ ਪਤਿਸ਼ਾਹੀ ਨਵਰੰਗ ਕੀ ਨਹਿਂ ਦੂਸ਼ਨ ਲਾਵੇ । ਆਨਿ ਗਹੈਂਗੇ ਤੁਰਤ ਹੀ ਮੁਝ ਚੋਰ ਬਨਾਵੇ । ਕਯਾ ਫਲ ਆਗੇ ਕਰਹੁਗੇ ਮੈਂ ਜਿਯਤ ਬਚਾਇ। ਅਬਿ ਮੁਝ ਕੋ ਇਤਬਾਰ ਨਹਿਂ ਨਿਕਸਹੁ ਉਤਲਾਇ॥ ੨੧ ॥ ਸੁਨਹਿਂ ਜਿ ਨਰ ਗੁਰ ਮਾਤ ਹੈ ਇਨ ਘਰ ਮਹਿਂ ਰਾਖੇ। ਤਬੈ ਤੁਰਕ ਦੇਂ ਕੈਦ ਕਰਿ, ਗੁਰ ਪਰ ਬਹੁ ਮਾਖੇ[3] । ਤੁਵ ਨੰਦਨ ਮਾਰੇ ਘਨੇ ਨਹਿਂ ਕਰੀ ਭਲਾਈ। ਜੀਤਯੋ ਚਹਿ ਬਦਸ਼ਾਹ ਸੋ ਨਿਤ ਧੂਮ ਉਠਾਈ॥ ੨੨ ॥ ਮੈਂ ਜੁ ਉਤਾਰੇ ਆਨਿ ਘਰ ਲਾਯਸ ਤੌ ਚੋਰੀ। ਕਯੋਂ ਨ ਜਾਹੁ ਜਿਤ ਕੋ ਚਹੋ ਅਬਿ ਲੌ ਬਿਤਿ ਥੋਰੀ[4]–। ਊਚੀ ਧੁਨਿ ਤੇ ਬੋਲ ਭਾ ਬਹੁ ਨਰਨਿ ਸੁਨਾਵੈ।ਪੋਤ੍ਰ ਸੰਗ ਲੇ ਮਾਤਗੁਰ ਕਿਤ ਡਰਤਿ ਪਲਾਵੈ[5] ॥ ੨੩ ॥ ਤਊ ਕ੍ਰੂਰ[6] ਨਹਿਂ ਰਹਿ ਸਕਯੋ ਚਹਿ–ਦਿਉਂ ਗਹਾਈ।ਸਭਿ ਦੀਨਾਰਨਿ ਕੌ ਰਖਉਂ ਕੋ ਨਹਿਂ ਨ ਲਖਾਈ–। ਊਚੇ ਬੋਲਤਿ ਗ੍ਰਾਮ ਮਹਿਂ ਗਮਨਯੋਂ ਸਹਿਸਾਈ। ਜਹਾਂ ਚੌਧਰੀ ਕੋ ਸਦਨ ਤਹਿਂ ਜਾਇ ਜਨਾਈ॥ ੨੪ ॥ ਤਿਸ ਕੋ ਲੇ ਕਰਿ ਸੰਗ ਮਹਿਂ ਗਿਨਤੀ ਇਮ ਕੀਨੀ ।– ਚਲਹੁ ਬਤਾਵਹਿ ਮੋਰੰਡੇ ਸਭਿ ਭੇਵ ਜੁ ਚੀਨੀ[7]।ਲੇਂ ਇਨਾਮ ਧਨ ਤੁਰਕ ਤੇ ਦੇ ਬਹੁ ਬਡਿਆਈ।ਗੁਰ ਅਰਿਕੀ ਮਾਤਾ ਤਨੁਜਗਹਿਕੈ ਹਰਖਾਈ–॥੨੫॥ ਇਮ ਸਲਾਹ ਦੋਨਹੁੰ ਕਰੀ ਤੂਰਨ ਤਬਿ ਧਾਏ। ਤਹਿ ਸੈਨਾ ਕੁਛ ਤੁਰਕ ਕੀ ਖੋਜਨ ਹਿਤ ਆਏ। ਗ੍ਰਾਮ ਮੋਰੰਡੇ ਪਹੁੰਚਿਕੈ ਦੋਨਹੁੰ ਅਘਵੰਤੇ। ਸੈਨ-ਪਤੀ ਕੇ ਨਿਕਟ ਗੇ ਹਿਤ ਕਹਿਨ ਬ੍ਰਿਤੰਤੇ॥੨੬॥–ਸੁਨਹੁ ਮੀਆਂਜੀ! ਬਖ-ਸ਼ੀਏ ਕੁਛ ਹਮੈ ਇਨਾਮਾ। ਗੁਰ ਕੀ ਮਾਤਾ ਪੁੱਤ੍ਰ ਦ੍ਵੈ ਲਯਾਇ ਨਿਜ ਧਾਮਾ। ਚਲਹੁ ਆਪ ਗਹਿ ਲੀਜੀਏ ਨਹਿ ਦੇਰਿ ਕਰੀਜੈ। ਹਜ਼ਰਤ ਢਿਗ ਲੇ ਪਹੁੰ-

[1]ਭਾਵ ਛੁਪਾਕੇ ਰੱਖੀ ਹੋਵੇ। [2]ਨੀਚ ਦਿਜ। [3]ਗੁਰੂ ਜੀ ਪਰ ਬਹੁਤੇ ਗੁੱਸੇ ਹਨ। [4]ਅਜੇ ਤਾਂ (ਮੇਰੇ ਨਾਲ) ਥੋੜੀ ਬੀਤੀ ਹੈ। [5]ਗੁਰੂ ਮਾਤਾ ਡਰਦੀ ਹੈ (ਤੇ ਸੋਚਦੀ ਹੈ) ਕਿ ਪੋਤ੍ਰਿਆਂ ਨੂੰ ਨਾਲ ਲੈਕੇ ਕਿਧਰੇ ਭੱਜ ਜਾਵੇ। [6]ਭੈੜਾ ਭਾਵ ਬ੍ਰਾਹਮਣ। [7]ਮੋਰੰਡੇ ਪਿੰਡ ਚੱਲੋ ਦੱਸੀਏ ਸਾਰਾ ਭੇਦ ਜੋ ਦੇਖਿਆ ਹੈ ਅਥਵਾ ਜੋ ਸਾਨੂੰ ਪਤਾ ਹੈ।

ਚੀਏ ਤਹਿਂ ਬਖਸ਼ਿਸ਼ ਲੀਜੈ—॥੨੭॥ ਸੁਨਤਿ ਚਮੂੰ ਹਯ ਜ਼ੀਨ ਧਰਿ ਗਮਨੇ ਉਤਲਾਏ। ਪੋਈਏ ਪਾਇਲ ਪਾਵਤੇ ਤੂਰਨ ਗੈਲਿ ਆਏ। ਸੁਨਹੁ ਗੁਰੂ ਜੀ! ਮਾਤ ਜੁਤਿ ਦੋ ਸਾਹਿਬਜ਼ਾਦੇ। ਸਨੇਦ੍ਰਨ ਲਏ ਚਢਾਇ ਤਬਿ ਮੂਰਖ ਕਰਿ ਬਾਦੇ॥੨੮॥ ਪੁਰਿ ਸਿਰੰਦਕੋ ਲੇ ਗਏ ਮਗ ਉਲੰਘਨੋ ਸਾਰਾ। ਸੂਬਾ ਖਾਨਵਜੀਦ ਜਹਿਂ ਉਤਰਨੋ ਦਲ ਭਾਰਾ। ਤਿਹ ਕੋ ਕਹਨੋ—ਨਬਾਬ ਜੀ! ਹਮ ਗਹਿ ਕਰਿ ਲਨਾਏ। ਗੁਰੂ ਗੁਵਿੰਦਸਿੰਘ ਮਾਤ ਹੈ ਦ੍ਵੈ ਪੁੱਤ੍ਰ ਸੁਹਾਏ॥੨੯॥ ਨਿਸਾ ਬਿਖੇ ਆਏ ਚਲੇ ਪਹੁੰਚੇ ਹੁਇ ਪ੍ਰਾਤੀ—। ਕਹਨੋ ਨਵਾਬ—ਉਤਾਰੀਏ ਜਹਿਂ ਬੁਰਜ ਇਕਾਤੀ। ਰਹੈਂ ਸਿਪਾਹੀ ਖਰੇ ਤਹਿਂ ਰਾਖਹੁ ਤਕਰਾਈ—। ਪੁਰਿ ਨਰ ਸੁਨਿ ਸੁਨਿ ਦੌਰ ਕਰਿ ਆਵਤਿ ਸਮੁਦਾਈ ॥੩੦॥ ਦੇਖਹਿਂ ਬੂਝਹਿਂ ਬਿੱਪ੍ਰ ਕੋ ਸਭਿ ਗਾਰਿ ਨਿਕਾਰੈਂ[1]।—ਧਿਕ ਧ੍ਰੋਹੀ ਕ੍ਰਿਤਘਨੀ ਜੜ ਕਲਾ ਲਚਨੋ ਪੁਕਾਰੈ?। ਸ਼੍ਰੀ ਗੋਬਿੰਦ ਸਿੰਘ ਜਗਤ ਗੁਰ ਦਾਤਾ ਸਭਿ ਸ੍ਵਾਮੀ। ਤਿਨ ਕੇ ਸੁਤ ਗਹਿਵਾਇ ਕਰਿਭਾ ਲੂਣ ਹਰਾਮੀ॥੩੧॥ ਲਾਖਹੁੰ ਜੀਉ ਉਧਾਰਿਕੈ ਹਿੰਦੁਨਕੀ ਰਾਖੀ[2]। ਦੀਨੋ ਸਿਰ ਜਿਨਕੇ ਪਿਤਾ ਅਰਿ ਜਰ ਹਰਿ ਕਾਂਖੀ[3]*। ਚਰਨ ਕਮਲ ਸੁਰ ਅਸੁਰ ਗਨ ਪੂਜਹਿਂ ਜਿਨ ਕੇਰੇ। ਰਿਖਿ ਜੋਗੀ ਉਰ ਧ੍ਯਾਨ ਧਰਿ ਗਤਿ ਲਹਤਿ ਅਛੇਰੇ ॥੩੨॥ ਤਿਨਕੇ ਸੰਗ ਅਧਰਮ ਕਰਿ ਦੂਰ ਕਰਮ ਕਮਾਯੋ। ਨਾਕ ਸਕੋਰਹਿ ਨਰਕ ਭੀ ਸਹਿ ਸਕਹਿਨ ਪਾਯੋ[4]। ਕੁੰਭੀਨਰਕ ਪਪਾਤਹੈਂ[5], ਤਹਿਂਜੀਵ ਤਪੈ ਹੈਂ[6]। ਤੁਝ ਸਮ ਪਾਪੀ ਦੁਤਿਯ ਨਹਿਂ ਬਡ ਸੰਕਟ ਸਹਿਹੈਂ[7]॥੩੩॥ ਬਿੱਪ੍ਰ ਜਨਮ ਚੰਡਾਲ ਕ੍ਰਿਤਿ ਕਲਾ ਕੀਨਿ ਕਸਾਈ !—ਲਾਖਹੁੰ ਬਾਰ ਧਿਕਾਰਤੇ—ਲਹਿ ਅਧਿਕ ਸਜ਼ਾਈ—। ਇਮ ਪੁਰਿ ਜਨ ਗਨ ਤਹਿਂ ਮਿਲੇ ਹੋਈ ਬਡ ਭੀਰਾ। ਸਾਹਿਬਜ਼ਾਦੇ ਜੁਗ ਪਿਖੈਂ ਬਹੁ ਰੂਪ ਸਰੀਰਾ॥੩੪॥ ਸਭਿਕੋ ਤਬੈ ਹਟਾਇਕਰਿ ਲੇ ਗਏ ਤਹਾਂ ਹੀ। ਬੁਰਜ ਬਿਖੈ ਉਤਰੇ ਥਿਰੇ ਜਨਨੀ ਦੁਖ ਮਾਂਹੀ। ਜਹਾਂ ਬਿਠਾਈ ਬੈਠਿਗੀ ਢਿਗ ਪੌਤ੍ਰ ਬਿਠਾਏ। ਤੁਰਕਨਿ ਕੀ ਪਰਿ ਕੈਦ ਮਹਿ ਚਿਤਵਤਿ ਪਛੁਤਾਏ॥੩੫॥—ਕਹਾਂ ਹੋਇਗੀ ਬਾਰਤਾ ਅਰੁ ਕਹਾਂ ਕਰੈਂਗੇ ?।

---

[1]ਦੇਖਦੇ ਹਨ, ਪੁੱਛਦੇ ਹਨ, (ਜਦ ਸਮਝਦੇ ਹਨ ਤਾਂ) ਬ੍ਰਾਹਮਣ ਨੂੰ ਗਾਲ੍ਹੀਂ ਕੱਢਦੇ ਹਨ। [2](ਪੋਜ) ਰੱਖ ਲਈ। [3](ਜ਼ਾਲਿਮਾਂ ਦੀ) ਜੜ੍ਹ ਦੇ ਨਾਸ਼ ਕਰਨ ਦੇ ਚਾਹਵਾਨ ਹੋਏ। [4]ਨਰਕ ਬੀ ਨੱਕ ਵੱਟੇਗਾ ਤੇ ਸਹਿ ਨਹੀਂ ਸਕੇਗਾ (ਤੈਨੂੰ ਅਪਣੇ ਵਿਚ) ਪਾਏ ਜਾਣ ਤੋਂ। [5]ਤੂੰ ਡਿੱਗੇਂਗਾ। [6]ਉਥੇ ਤੇਰਾ ਜੀਵ ਤਪੇਗਾ। [7]ਸਹੇਂਗਾ। *ਪਾਠਾਂਤ੍ਰ—ਅਰ ਜਰ ਹਰ ਕਾਂਖੀ=ਅਤੇ (ਹਿੰਦੂਆਂ ਦੀ) ਜੜ੍ਹ ਹਰੀ (ਰੱਖਣ ਦੇ) ਚਾਹਵਾਨ ਹੋਏ।

ਪਰੇ ਬਸੀ ਮਹਿਂ ਆਨਿਕੈ ਪਿਖਿ ਕੋਪ ਧਰੈਂਗੇ। ਸੁਤ ਕੀ ਮਾਨੀ ਬਾਤ ਨਹਿਂ ਤੌ ਅਪਦਾ ਪਾਈ। ਭਏ ਕ੍ਰੋਧ ਕਿਤ ਬਿਛੁਰਿਗੇ,ਜਿਨ ਸੁਧਿ ਨਹਿਂ ਕਾਈ॥ ੩੬॥ ਰਹਤਿ ਦੁਰਗ ਮਹਿਂ ਲਰਤਿ ਜਬਿ ਸੁਤ ਕਹਤਿ ਬਚੈਨਾ। ਸਪਤ ਦਿਵਸ ਮਹਿਂ ਸਕਲ ਸੁਖ, ਹਮ ਕਿਯ ਨ ਅਮੈਨਾ[1]। ਆਪ ਆਪ ਬਿਛੁਰੇ ਕਿਤਹੁਂ ਸਗਰੇ ਪਰਵਾਰਾ। ਕਹਾਂ ਹੋਇ ਹੈਂ ਸ਼੍ਰੀ ਗੁਰੂ—ਲੈ ਸ੍ਵਾਸ ਉਦਾਰਾ[2]॥ ੩੭॥ ਰਿਦੇ ਬਸੂਰਤਿ ਮਾਤ ਬਹੁ ਲੇ ਪੌਤ੍ਰਨਿ ਅੰਕਾ। ਬਾਰਿ ਬਿਲੋਚਨ ਤੇ ਮੁਚਤਿ ਲਹਿ ਰਿਪੁਨਿ ਅਤੰਕਾ[3]। ਪੁਰਿ ਮਹਿਂ ਘਰ ਘਰ ਬਾਰਤਾ ਪਸਰੀ ਸੁਧਿ ਸਾਰੇ। ਆਇ ਹਜ਼ਾਰਹੁਂ ਹੇਰਤੇ ਕਰਿ ਹਾਹਾਕਾਰੇ' ॥੩੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਮਾਤਾ ਗੁਜਰੀ ਸਿਰੰਦ ਆਵਨ' ਪ੍ਰਸੰਗ ਬਰਨਨੰ ਨਾਮ ਪੰਚਾਸਮੋ ਅੰਸੂ ॥ ੫੦ ॥

### ੫੧. [ਮਾਹੀ ਨੇ ਸਾਕਾ ਸੁਨਾਉਣਾ]।

ਦੋਹਰਾ॥ 'ਖਾਨ ਵਜ਼ੀਦਾ ਨਿਕਸਿਕੈ ਆਯੋ ਸਭਾ ਸਥਾਨ। ਬ੍ਰਿੰਦ ਚਮੂੰਪਤਿ ਮਿਲਿਗਏ ਬੈਠੇ ਮੇਲ ਮਹਾਨ'॥੧॥ਚੌਪਈ॥'ਸੁਨਿ ਪ੍ਰਭੁ'ਮਾਹੀ ਕਰਹਿਬਤਾ-ਵਨ। 'ਇਕ ਸਿਖ ਮੋਕਹੁ ਕੀਨ ਸੁਨਾਵਨ।ਜਥਾ ਜੋਗ ਮੈਂ ਬੂਝਿ ਬ੍ਰਿਤੰਤਾ। ਸੋ ਤੁਮ ਪਾਸ ਭਨੌਂ ਭਗਵੰਤਾ! ॥ ੨॥ ਮੁਗ਼ਲ ਪਠਾਨ ਦਿਵਾਨ ਮਹਾਨਾ। ਆਨ ਥਿਰੇ ਜਹਿਂ ਸਭਾ ਸਥਾਨਾ। ਦੂਰ ਦੂਰ ਲਗਿ ਗਿਰਦ ਸਿਰੰਦ। ਹੁਤੇ ਤਹਾਂ ਮਿਲਿ ਬੈਠੇ ਬ੍ਰਿੰਦ ॥ ੩ ॥ ਹਿੰਦੂ ਖੱਤ੍ਰੀ ਬਨਕ ਕਿਤੇਕ। ਪੁਰਿ ਜਨ ਦੇਖਨਿ ਹੋਤ ਅਨੇਕ। ਭਈ ਸਭਾ ਮਹਿਂ ਭੀਰ ਬਿਸਾਲਾ।ਬੈਠੇ ਜਾਲ[4], ਖਰੇ ਨਰਜਾਲਾ॥੪॥ਰੰਘਰ ਗ੍ਰਾਮ ਮੋਰੰਡੇ ਬਾਸੀ। ਸੋ ਸਰਦਾਰ ਹੁਤੋ ਦਲ ਪਾਸੀ। ਤਿਸ ਕੀ ਦਿਸ਼ਾ ਕਰੇ ਤਬਿ ਨੈਨਾ। ਬੋਲਯੋ ਤਬਿ ਵਜ਼ੀਦ ਖਾਂ ਬੈਨਾ ॥ ੫ ॥ —ਪੁੱਤ੍ਰ ਗੁਰੂ ਕੇ ਜਹਾਂ ਬਿਠਾਏ। ਤਹਿਂ ਤੇ ਲੇ ਆਵਹੁ ਇਸ ਥਾਏਂ। ਸਾਦਰ ਮ੍ਰਿਦੁਲ ਬਾਕ ਕਹਿ ਕਰਿਕੈ। ਦੇਹੁ ਦਿਲਾਸਾ ਲੇਹੁ ਸਿਧਰਿਕੈ[5]—॥ ੬ ॥ ਮੋਰੰਡੇਸ਼ ਸੁਨਿ ਕਰਿ ਤਹਿਂ ਗਯੋ। ਦਾਦੀ ਪੌਤ੍ਰ ਬਿਲੋਕਤਿ ਭਯੋ। ਨਿਕਟ ਪਹੁਂਚਿ ਬੋਲਯੋ—ਸੁਨਿ ਮਾਈ! ਸਭਾ ਨਬਾਬ ਲੋਕ ਸਮੁਦਾਈ ॥ ੭ ॥ ਤਿਨ ਸਭਿਹੂੰਨਿ ਹੇਰਿਬੇ ਕਾਰਨ। ਗੁਰ ਸੁਤ ਦੋਨਹੁ ਕਰੇ ਹਕਾਰਨ—। ਸੁਨਤਿ ਮਾਤ ਕੰਪਤਿ ਦੁਖ ਪਾਯੋ। ਰੰਘਰ ਸੰਗ ਬਾਕ ਇਮ ਗਾਯੋ ॥ ੮ ॥—ਗੁਰ ਕੇ ਪੁੱਤ੍ਰ ਗਏ ਤਿਨ ਸੰਗ। ਸੁਧਿ ਨ ਤਿਨਹੁਂ ਕੀ ਭਾ ਕਿਮ ਢੰਗ। ਇਹ ਜੁਗ ਬਾਰਿਕ ਪਾਰਿਕ ਮੇਰੇ। ਬਹੁ ਪ੍ਰਤਿਪਾਰੇ ਕੀਨ ਬਡੇਰੇ—॥੯॥ਸੁਨਿ ਰੰਘਰ ਨੇ

[1]ਯਕੀਨ ਨਾ ਕੀਤਾ। [2]ਲੰਮੇ। [3]ਵੈਰੀਆਂ ਦਾ ਡਰ। [4]ਬਹੁਤੇ। [5]ਜਾਕੇ ਲੇ ਆਵੋ।

ਜਾਇ ਸੁਨਾਈ ।–ਪਾਰਿਕ ਮੇਰੇ ਭਾਖਤਿ ਮਾਈ–। ਸੁੱਚਾ ਨੰਦ ਖੱਤ੍ਰੀ ਇਕ ਨੀਚ। ਬੈਠਯੋ ਤਹਾਂ ਸਭਾ ਕੇ ਬੀਚ ॥੧੦॥ ਸੁਤਾ ਸੰਬੰਧ ਕਰਤਿ ਗੁਰ ਘਰ ਮੈਂ। ਦਿਯੋ ਹਟਾਇ ਸੁ ਪ੍ਰਥਮ ਝਗਰ ਮੈਂ। ਯਾਂ ਤੇ ਦ੍ਵੈਸ਼ ਕਰੈ ਗੁਰ ਸੰਗ। ਸੁਨਤਿ ਸਭਾ ਮਹਿਂ ਕਹਯੋ ਕੁਢੰਗ ॥ ੧੧ ॥–ਪਤਿਸ਼ਾਹੀ ਲਸ਼ਕਰ ਗਨ ਗਾਰਾ।ਨਹਿਂ ਪੌਤ੍ਰਨਿ ਤਬਿ ਪਯਾਰ ਬਿਚਾਰਾ[1]।ਅਬਿ ਕਰਿ ਤ੍ਰਾਸ ਕਹੈ ਇਹ ਪਾਰਿਕ। ਗੁਰ ਕੇ ਪੁੱਤ੍ਰ ਬਿਦਤਿ ਏ ਬਾਰਿਕ–॥੧੨॥ ਖਾਨ ਵਜੀਦ ਕਹਯੋ –ਅਬਿ ਜਾਉ।ਦੋਨਹੁਂ ਗੁਰ ਨੰਦਨ ਕੋ ਲਯਾਉ।ਮਾਤਾ ਸੰਗ ਕਹੋ ਸਮੁਝਾਇ। ਹੋਤ ਬਿਲੋਕਨ ਸਭਾ ਬੁਲਾਇ ॥ ੧੩ ॥ ਅਪਰ ਬਾਤ ਕੁਛ ਕਰੈਂ ਨ ਕੋਈ। ਤੁਝ ਢਿਗ ਹੀ ਪਹੁੰਚਾਵਹਿਂ ਦੋਈ--। ਮੋਰੰਡੇਸ਼ ਰੰਘਰ ਪੁਨ ਆਯੋ। ਨਿਕਟ ਮਾਤ ਕੇ ਹੋਇ ਅਲਾਯੋ ॥੧੪॥ -ਪਿਖਹਿ ਨਬਾਬ ਪਠਾਵੈ ਢੇਰ। ਚਾਹਤਿ ਸਭਾ ਬਿਖੇ ਇਕ ਵੇਰ--। ਜੁਗ ਪੌਤ੍ਰੇ ਜੁਗ ਜ਼ਾਨੂ ਪਰ ਥਿਰ। ਨਿਜ ਪਟ ਤੇ ਆਛਾਦਾਨ ਤਿਨ ਕਰਿ ॥੧੫॥ ਬੈਠੀ ਹੁਤੀ ਮਾਤ ਬਹੁ ਨੇਹੂ।ਬਾਰਿ[2] ਬਿਲੋ-ਚਨ ਬਹਯੋ ਅਛੇਹੂ। ਤਬਿ ਜੁਝਾਰ ਸਿੰਘ ਹੁਇ ਸਵਧਾਨ। ਦਾਦੀ ਪਟ ਕੋ ਗਹਿ ਨਿਜ ਪਾਨ ॥੧੬॥ ਨਿਜ ਊਪਰ ਤੇ ਕਰਯੋ ਉਤਾਰਨਿ। ਉਠਿ ਠਾਂਢੇ ਹੁਇ ਕੀਨ ਉਚਾਰਨਿ।--ਕਯੋਂ ਦਾਦੀ ਤੂੰ ਕਰਹਿਂ ਬਿਖਾਦਾ ? ਤੁਰਕਨਿ ਸੰਗ ਸਦਾ ਹਮ ਬਾਦਾ॥੧੭॥ਅਬਿ ਨਹਿਂ ਜਾਹਿਂ ਕਹਾਂ ਬਨਿ ਆਵੈ। ਯਾਂ ਤੇ ਉਚਿਤ ਸਭਾ ਮਹਿਂ ਜਾਵੈਂ--। ਫਤੇ ਸਿੰਘ ਕੋ ਲੈ ਕਰਿ ਸਾਥ।ਚਲੇ ਗੁਰੂ ਸੁਤ ਜਿਮ ਨਿਸਨਾਥ[3] ॥ ੧੮ ॥ ਸੁੰਦਰ ਬਦਨ ਮ੍ਰਿਦੁਲ ਜਿਨ ਅੰਗ। ਚਪਲ ਬਿਲੋਚਨ ਚਾਰੂ ਰੰਗ। ਸੰਮਤ ਅਲਪ ਬੈਸ ਹੈ ਜਿਨ ਕੀ। ਸੁੰਦਰ ਆਭਾ[4] ਦੋਨਹੁਂ ਤਨ ਕੀ ॥ ੧੯॥ ਝਗਲੀ ਝੀਨ* ਝਮਕ ਲਗਿ ਜ਼ਰੀ। ਅੰਗ ਬਿਭੂ-ਖਨ ਬਿਨ ਦੁਤਿ ਖਰੀ[5]। ਗਮਨੇ ਦੋਨਹੁਂ ਬੀਰ ਅਗਾਰੀ। ਰੰਘਰ ਚਾਲਯੋ ਤਿਨਹੁਂ ਪਿਛਾਰੀ ॥ ੨੦ ॥ ਸਭਾ ਸਮੀਪ ਪਹੂਚੇ ਜਾਈ। ਮੋਰੰਡੇਸ਼ ਕਹਿ ਸਭਿਨਿ ਸੁਨਾਈ।–ਸਾਹਿਬਜ਼ਾਦਯੋ ਪਿਤਾ ਤੁਹਾਰਾ। ਗਢ ਚਮਕੌਰ ਘੇਰਿ ਗਹਿ ਮਾਰਾ॥ ੨੧ ॥ ਤਹਿਂ ਤੁਮਰੇ ਦ੍ਵੈ ਭ੍ਰਾਤ ਪ੍ਰਹਾਰੇ। ਸੰਗੀ ਸਿੰਘ ਸਕਲ

---

[1]ਤਦੋਂ ਨਾ ਪੋਤ੍ਰਿਆਂ ਦਾ ਪਿਆਰ ਵਿਚਾਰਿਆ। [2]ਜਲ। [3]ਚੰਦ੍ਰਮਾ। [4]ਸ਼ੋਭਾ। [5]ਗਹਿਣਿਆਂ ਤੋਂ ਬਿਨਾਂ ਅੰਗਾਂ ਦੀ ਚੰਗੀ ਸ਼ੋਭਾ ਹੈ।

*ਮਹੀਨਾ ਪੋਹ ਦਾ ਹੈ, ਝੀਨ ਝਗਲੀ ਦਾ ਮੌਸਮ ਨਹੀਂ ਹੈ, ਮੁਹਾਵਰੇ ਪਏ ਹੋਏ ਤੇ ਕਵੀ ਜੀ ਦੀ ਕਲਮ ਤੋਂ ਪਦ ਲਿਖਜਾ ਗਿਆ ਹੈ ? ਯਾ ਉੱਪਰਲੇ ਭਾਰੇ ਕਪੜੇ ਬ੍ਰਾਹਮਣ ਦੇ ਘਰ ਰਹਿ ਗਏ ਹਨ ?

ਸੋ ਮਾਰੇ। ਅਬਿ ਤੁਮਰੋ ਰਾਖਾ ਨਹਿਂ ਕੋਈ।ਆਨਿ ਉਬਾਰੇ ਇਨ ਤੇ ਜੋਈ॥ ੨੨॥ਇਹ ਨਬਾਬ ਸਰਦਾਰ ਤਮਾਮੂ। ਝੁਕਿ ਸਿਰ ਤੇ ਤੁਮ ਕਰਹੁ ਸਲਾਮੂ। ਨਹਿਂ ਮਾਰਹਿਂਗੇ, ਲੇਹਿਂ ਬਚਾਈ। ਜੀਵਤਿ ਰਹੀਅਹਿ ਸੀਸ ਝੁਕਾਈ–॥ ੨੩ ॥ ਸੁਨਿ ਜੁਝਾਰ ਸਿੰਘ ਬਨਿ ਸਵਧਾਨ। ਸਭਿਨਿ ਸੁਨਾਵਤਿ ਬਾਕ ਬਖਾਨਾ–ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ। ਜਗ ਮਹਿਂ ਕੌਨ ਸਕਹਿ ਤਿਹ ਮਾਰਾ ॥ ੨੪ ॥ ਜਿਮ ਅਕਾਸ਼ ਕੋ ਕਨਾ ਕੁਈ ਮਾਰਹਿ। ਕੌਨ ਅੰਧੇਰੀ ਕੋ ਨਿਰਵਾਰਹਿ। ਮੇਰੁ ਚਲਾਇ ਸਕੈ ਨਹਿਂ ਕੋਈ। ਸਸਿ ਸੂਰਜ ਨਹਿਂ ਪਕ-ਰਨ ਹੋਈ ॥੨੫॥ ਕਰਤਾ ਪੁਰਖ ਅਕਾਲ ਕ੍ਰਿਪਾਲੂ। ਸਭਿ ਤੇ ਬਡੋ ਕਾਲ ਕੋ ਕਾਲੂ। ਤਿਸ ਆਗੇ ਹਮ ਅਰਪੇ ਸੀਸ। ਸਕਲ ਕਲਾ ਸਮਰਥ ਜਗ-ਦੀਸ਼ ॥ ੨੬॥ ਇਹ ਨਰ ਪਾਮਰ[1] ਪਾਪ ਕਮਾਵੈਂ। ਕਿਮ ਇਨ ਆਗੇ ਸੀਸ ਨਿਵਾਵੈਂ–। ਸੁਨਿ ਕਰਿ ਸਭਾ ਸਕਲ ਬਿਸਮਾਈ।–ਇਹ ਬਾਰਿਕ ਕਨਾ ਸਮੁਝਿ ਸਕਾਈ॥੨੭॥ਸ਼ੀਰ ਖੋਰ ਇਨ ਕਹਾਂ ਬਿਗਾਰਾ।ਲਰਿਬੇ ਮਿਲਿਬੇਨ-ਹਿਨ ਬਿਚਾਰਾ[2]–।ਸੁਨਤਿ ਜਰਨੋ ਖੱਤ੍ਰੀ ਮਤਿਮੰਦ। ਬੋਲਨੋ ਬਾਕ ਸੁਨਾਵਨ ਬ੍ਰਿੰਦ॥੨੮॥–ਇਹ ਨਾਗਨ ਕੇ ਬੱਚੇ ਛੋਟੇ। ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।ਨਹਿਂ ਨਬਾਬ ਕੋ ਕਰਹਿਂ ਸਲਾਮੂ।ਡਰਪਤਿ ਨਹੀਂ ਬਿਲੋਕਿ ਤਮਾਮੂ॥ ੨੯॥ ਇਨ ਕੇ ਉਰ ਹੰਕਾਰ ਬਡੇਰੇ।ਕਿਮ ਇਹ ਝੁਕਹਿਂ ਨਬਾਬ ਅਗੇਰੇ–। ਬਹੁਰ ਬਜੀਦਖਾਨ ਬਚ ਕਹਯੋ।–ਭ੍ਰਾਤ ਪਿਤਾਦਿਕ ਨਹਿਂ ਕੋ ਰਹਯੋ॥੩੦॥ ਦੀਨ ਬਿਖੇ ਆਵਹੁ ਤੁਮ ਅਬੈ। ਤੁਰਕ ਸ਼ਰ੍ਹਾ ਕੋ ਮਾਨਹੁ ਸਬੈ। ਪੁਨ ਤੁਮ ਕੋ ਦੇਂ ਬਹੁ ਬਡਿਆਈ। ਗਜ ਬਾਜੀ ਅਰੁ ਧਨ ਸਮੁਦਾਈ ॥ ੩੧ ॥ ਹਜ਼ਰਤ ਨਿਕਟ ਆਪਨੇ ਰਾਖੈ। ਪਾਲਨ ਪੋਸਨ ਕੋ ਅਭਿਲਾਖੈ। ਦੇਹਿ ਗ੍ਰਾਮ ਕੁਛ ਬਡੋ ਬਨਾਵਹਿ। ਕੇਤਿਕ ਚਮੂੰ ਸੰਗ ਤੁਮ ਲਾਵਹਿ ॥੩੨॥ਜਿਮ ਹਮ ਕਰਹਿਂ ਅਧਿਕ ਸਿਰਦਾਰੀ। ਤਿਮ ਹੋਵਹੁਗੇ ਲਿਹੁ ਸੁਖ ਭਾਰੀ–। ਸੁਨਤਿ ਜੁਝਾਰ ਸਿੰਘ ਰਿਸ ਆਈ। ਬੂਝਨੋ ਫਤੇ ਸਿੰਘ ਲਘੁ ਭਾਈ॥੩੩॥ –ਪਹੁੰਚਯੋ ਸਮਾਂ ਮੋਹਿ ਅਸ ਜੋਵਾ। ਗੁਰੂ ਪਿਤਾਮੇ ਪਰ ਜਿਮ ਹੋਵਾ। ਸਾਬਤ ਰਹਾਨ ਬਾਤ ਹੈ ਨੀਕੀ। ਕਹੁ ਭ੍ਰਾਤਾ! ਤੂੰ ਅਪਨੇ ਜੀ ਕੀ–॥ ੩੪ ॥ ਫਤੇ ਸਿੰਘ ਸੁਨਿ ਉੱਤਰ ਦੀਨਾ।–ਧਰਮ ਪਿਤਾਮੇ ਜਯੋਂ ਰਖਿ ਲੀਨਾ। ਸ਼ੁਭ ਜਸ ਤੇ ਜਗ ਪੂਰਨ ਕੀਨਾ। ਤੀਨ ਲੋਕ ਮਹਿਂ ਸ਼ਾਕਾ ਚੀਨਾ[3] ॥੩੫॥ ਹਮ

---

[1]ਨੀਚ। [2]ਲੜਨ ਤੇ ਮਿਲਣ ਦੀ ਇਨ੍ਹਾਂ ਨੂੰ ਵਿਚਾਰ ਨਹੀਂ। [3]ਸਾਕਾ ਜਾਣਿਆ ਗਿਆ।

ਤੁਮ ਕੋ ਤਿਮ ਹੀ ਬਨਿ ਆਵੈ । ਸਿਰ ਦਿਹੁ ਤੁਰਕਨਿ ਮੂਲ ਗਵਾਵੈਂ । ਹਿੰਦੂ ਧਰਮ ਜਾਗ ਹੈ ਫੇਰ । ਤਨ ਸਭਿ ਨਾਸ਼ਵੰਤ ਹੀ ਹੇਰਿ ॥ ੩੬॥ ਦੀਨ ਬਿਖੈ ਲ੍ਯਾਵਨ ਕੇ ਹੇਤ । ਕਹ੍ਯੋ ਪਿਤਾਮੇ ਕੋ ਬਹੁ ਦੇਤਿ[1] । ਧਰਮ ਧੁਰੰਧਰ ਧੀਰਜ ਧਾਰੀ।ਇਨ ਕਹਿਨੇ ਪਰ ਪਨਹੀ ਮਾਰੀ[2] ॥੩੭॥ ਤਿਮ ਸ਼ਾਕਾ ਜਗ ਤੁਮ ਦਿਖਰਾਵੋ। ਮਨ ਕੋ ਥਿਰ ਕਰਿ ਨਹੀਂ ਡੁਲਾਵੋ । ਸਰਬ ਸ਼ਿਰੋਮਣਿ ਬੰਸ ਹਮਾਰਾ । ਰਾਖਹੁ ਤਿਸ ਕੀ ਲਾਜ ਉਦਾਰਾ-॥ ੩੮ ॥ ਸੁਨੇ ਅਨੁਜ ਤੇ[3] ਧੀਰਜ ਬੈਨ । ਕਹ੍ਯੋ[4] ਜੁਝਾਰ ਸਿੰਘ ਰਿਸ ਨੈਨ:-ਸ਼ਰ੍ਹਾ ਸੀਸ ਹਮ ਪਨਹੀ ਮਾਰੈਂ । ਧਰਮ ਆਪਨੋ ਨਹੀਂ ਬਿਗਾਰੈਂ ॥੩੯ ॥ ਹਮਰੇ ਬੰਸ ਰੀਤਿ ਇਮ ਆਈ । ਸੀਸ ਦੇਤਿ ਪਰ ਧਰਮ ਨ ਜਾਈ । ਤੁਮਰੀ ਜਰਾਂ ਉਖਾਰਨਿ ਹੇਤ । ਹਮ ਨਹਿ ਡਰਪਹਿੰਗੇ ਸਿਰ ਦੇਤਿ ॥ ੪੦ ॥ ਕਹਾਂ ਮੰਦ ਮਤਿ! ਤੂੰ ਬਿਰਮਾਵੈਂ[5]।ਕੂਰ ਪਦਾਰਥ ਪਰ ਨ ਲੁਭਾਵੈਂ[6]।ਧਰਮ ਸਾਚ ਹੈ ਸਦ ਹੀ ਸੰਗ। ਕੋ ਅਸ ਮੂਰਖ ਕਰਹਿ ਜੁ ਭੰਗ ॥੪੧॥ਬਡੇ ਗੁਰੂ ਕੀ ਅਗਨਿ ਅਵੱਗਯਾ[7]। ਦਾਹਨ ਤੁਰਕ ਜਰਨ ਕੋ ਲੱਗਯਾ[8] । ਹਮ ਸਿਰ ਦੈਬੋ ਬਾਯੁ ਬਡੇਰ[9]। ਜਾਰਹਿ ਛਾਰ ਕਰਹਿ ਨਹਿ ਦੇਰ-॥੪੨॥ਸੁਨਤਿ ਜੁਝਾਰ ਸਿੰਘ ਕੀ ਬਾਨੀ। ਹਿੰਦੂ ਤੁਰਕ ਸਭਾ ਬਿਸਮਾਨੀ ।-ਕ੍ਯੋਂ ਨ ਕਹੈਂ ਗੁਰ ਕੇ ਸੁਤ ਅਹੈਂ[10] । ਜਿਨ ਉਪਦੇਸ਼ੇ ਸ਼ੁਭ ਗਤਿ ਲਹੈਂ-॥੪੩॥ ਸਿਖ ਸੰਗਤ ਹਿੰਦੂ ਤਹਿੰ ਸਬੈ । ਧੰਨ ਧੰਨ ਬੋਲੰਤਿ ਭੇ ਤਬੈ। ਤੁਰਕ ਜਰੇ ਉਰ ਜਰੇ ਨ ਕੈਸੇ । ਪਾਵਸ ਪਰੇ ਜਵਾਸਾ ਜੈਸੇ ॥ ੪੪ ॥ ਖਾਨ ਵਜੀਦੇ ਨੈਨ ਤਰੇਰੇ[11] ।-ਡਰਤਿ ਨਹੀਂ ਕਿਮ ਕਹੈਂ ਕਰੇਰੇ[12] । ਇਨ ਕੋ ਅਬਿ ਦੈ ਹੈਂ ਮਰਿਵਾਇ-। ਇਮ ਨਿਸ਼ਚੈ ਕਰਿ ਰਿਸ ਕੌ ਪਾਇ' ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰੀ ਜੁਝਾਰ ਸਿੰਘ ਬਾਕ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤੀ ਅੰਸੂ ॥ ੫੧ ॥

### ੫੨. [ਮਾਹੀ ਨੇ ਸਾਕਾ ਸੁਨਾਉਣਾ-ਜਾਰੀ ]।

ਦੋਹਰਾ ॥ [13]'ਖੱਤ੍ਰੀ ਸ੍ਰੁਠਾਨੰਦ ਤਬਿ ਕਹਿ ਨਬਾਬ ਕੇ ਸਾਥ।-ਦੇਖਹੁ ਕਿਮ

---

[1]ਦਾਦਾ ਜੀ ਨੂੰ ਬਹੁਤ ਕੁਛ ਦੇਣ ਲਈ ਕਹਿੰਦੇ ਰਹੇ ਸਨ। [2]ਜੁੱਤੀ ਮਾਰੀ ਸੀ। [3]ਛੋਟੇ ਭਰਾ ਤੋਂ । [4](ਨਵਾਬ ਨੂੰ) ਕਿਹਾ। [5]ਭਾਵ,ਭੁੱਲਾ ਫਿਰਦਾ ਹੈਂ । [6]ਅਸੀਂ ਨਹੀਂ ਲੋਭਾਇਮਾਨ ਹੋਵਾਂਗੇ। [7]ਭਾਵ ਗੁਰੂ ਤੇਗਬਹਾਦਰ ਸਾਹਿਬ ਜੀ ਦੀ ਅਵੱਗਯਾ ਦੀ ਅਗਨੀ। [8]ਤੁਰਕਾਂ ਦੀਆਂ ਜੜਾਂ ਸਾੜਣ ਲਗੀ ਹੋਈ ਹੈ। [9]ਸਾਡਾ ਸਿਰ ਦੇਣਾ ਬੜੀ ਹਵਾ (ਝੁੱਲੇਗੀ)। [10]ਕਿਉਂ ਨਾ (ਏਹੋ ਜੇਹੇ ਬਹਾਦਰੀ ਦੇ ਬਚਨ ਕਹਿਣ) ਗੁਰੂ ਜੀ ਦੇ ਪੁੱਤ੍ਰ ਜੁ ਹੋਏ। [11]ਭਾਵ ਤਾੜਨਾ ਵਾਲੀਆਂ ਅੱਖਾਂ ਕੀਤੀਆਂ। [12]ਡਰਦੇ ਨਹੀਂ (ਸਗੋਂ)ਕੈਸੇ ਕਰੜੇ ਬੋਲਦੇ ਹਨ। [13]ਮਾਹੀ ਕਹਿ ਰਿਹਾ ਹੈ।

ਇਹਬੋਲਤੇ ਡਰਤਿ ਨ ਜੋਰਤਿਹਾਥ॥੧॥ਚੌਪਈ॥ਬਡੇ ਹੋਇੰਗੇ ਪਿਤਾਸਮਾਨਾ॥ ਲਾਖਹੁੰ ਲਸ਼ਕਰ ਕੀਨਸਿ ਹਾਨਾ। ਨਿਤ ਉਧਮ ਕੋ ਦੇਸ਼ ਉਠਾਵੈਂ। ਏਹ ਨਹਿ ਕਰੋਂਹੂ ਸੀਸ ਨਿਵਾਵੈਂ।।੨॥ਅਬਿ ਪਕਰੇ ਬਸ ਆਇ ਤੁਮਾਰੇ।ਛੂਟ ਨ ਜਾਹਿੰ ਮਵਾਸ ਮਝਾਰੇ[1]।ਇਨਕੋ ਅਪਰ ਨਹੀਂ ਉਪਚਾਰੂ।ਕਰੋ ਹੁਕਮ ਕਿਹ[2], ਕਰੈ ਪ੍ਰਹਾਰੂ—॥੩। ਹੁਤੇ ਸਭਾ ਮਹਿ ਖਾਨ ਮਲੇਰੀ।—ਹਤਹਿ—ਜਾਨਿ ਬੋਲੇ ਤਿਸ ਬੇਰੀ[3]:—ਬਾਲਕ ਸ਼ੀਰ ਖੋਰ ਕਯਾ ਦੋਸ਼। ਹਾਨ ਲਾਭ ਕੀ ਇਨਹਿ ਨ ਹੋਸ਼—॥੪॥ਸੁਨਿ ਪਾਪੀ ਤਬਿ ਏਵ ਨਵਾਬ।ਇਤ ਉਤ੍ਰ ਦੇਖਨ ਲਗਯੋ ਸ਼ਤਾਬ। ਜੋ ਨਰ ਸਨਮੁਖ ਕਿਨਹੁੰ ਨ ਮਾਨੀ।—ਹਮ ਤੇ ਬਾਲਕ ਹੋਇੰ ਨ ਹਾਨੀ—॥੫॥ ਬਹੁਰ ਦਾਹਿਨੀ ਦਿਸ਼ ਜਬਿ ਹੇਰਾ। ਨੀਵਗ੍ਰੀਵ ਕਰਿ ਥਿਰ ਤਿਸ ਬੇਰਾ। ਬਾਮੇ ਦਿਸ਼ ਤਬਿ ਦ੍ਰਿਸ਼ਟਿ ਚਲਾਈ। ਨਹਿੰ ਕਿਨ ਮਾਨੀ ਗਿਰਾ ਅਲਾਈ ॥ ੬ ॥ [4]ਪਾਛਲ ਦਿਸ਼ਿ ਖਲ ਬਾਂਛਤ ਬੇਗ। ਗਿਲਜਾ ਪਸ਼ਚਮ ਕੋ ਧ੍ਰਿਤਿ ਬੇਗ[4]।— ਲਿਹੁ ਬਾਲਕ ਇਤ ਦਿਸ਼ ਮਹਿ ਹੋਇ।ਧਰ ਤੇ ਜੁਦੇ ਕਰਹੁ ਸਿਰ ਦੋਇ॥੭॥ ਰਾਖਨ ਕੀ ਲਾਯਕ ਇਹ ਨਾਂਹੀ। ਪਾਇੰ ਫਤੂਰ ਦੇਸ਼ ਕੇ ਮਾਂਹੀ—। ਸੁਨਿ ਗਿਲਜਾ ਤਬਿ ਲੇ ਕਰਿ ਗਯੋ। ਓਟ[5] ਸਭਾ ਕੇ ਹੋਵਤਿ ਭਯੋ ॥ ੮ ॥ ਪਾਪੀ ਨਿਰਦਯਾਲੂ ਮਤਿ ਮੰਦ। ਗਹਿ ਖੈਂਚੀ ਸ਼ਮਸ਼ੇਰ ਬਿਲੰਦ। ਧੀਰਜ ਧਰੇ ਗੁਰੂ ਸੁਤ ਖਰੇ।ਨਹੀਂ ਦੀਨ ਮਨ[6] ਕੈਸਿਹੁੰ ਕਰੇ ॥੯॥ ਧਰਮ ਹੇਤ ਸਿਰ ਚਾਹਤਿ ਦੀਯੋ। ਤੁਰਕਨਿ ਜਰਾਂ ਬਿਨਾਸ਼ੀ ਕੀਯੋ। ਸਿਮਰਹਿੰ ਬਾਤ ਪਿਤਾਮੇ ਕੇਰੀ। ਲਾਜ ਬੰਸ ਕੀ ਚਹੈਂ ਬਡੇਰੀ॥ ੧੦ ॥ ਅਧਮ ਤਬੈ ਤਰਵਾਰ ਚਲਾਈ*।

---

[1]ਛੁੱਟਕੇ ਕਿਸੇ ਆਕੀ ਥਾਂ ਨਾਂ ਚਲੇ ਜਾਣ। [2]ਕਿਸੇ ਨੂੰ ਹੁਕਮ ਕਰੋ। [3](ਇਹ) ਜਾਣਕੇ ਕਿ—(ਨਵਾਬ ਇਨ੍ਹਾਂ ਨੂੰ) ਮਾਰ ਦੇਵੇਗਾ—ਉਸ ਵੇਲੇ ਏਲੇ। [4]ਮੂਰਖ (ਨਵਾਬ) ਪਿਛਲੇ ਪਾਸੇ ਕਾਹਲੀ ਨਾਲ (ਤੱਕਕੇ) ਚਾਹੁੰਦਾ ਹੈ (ਕਿ ਕੋਈ ਨਿੱਤਰੇ ਤਾਂ) ਪੱਛਮ ਦਾ ਇਕ ਪ੍ਰਾਕ੍ਰਮ ਵਾਲਾ ਗਿਲਜਾ (ਉਸ ਨੂੰ ਦਿੱਸਿਆ, ਜਿਸ ਨੂੰ ਕਹਿਣ ਲੱਗਾ) [ਬੇਗ=ਕਾਹਲੀ ਨਾਲ। ਬੇਗ=ਪ੍ਰਾਕ੍ਰਮ, ਉੱਦਮ]। (ਅ) ਕਈ ਲੋਕ 'ਬਾਂਛਤ ਬੇਗ' ਉਸ ਦਾ ਨਾਂ ਕਹਿੰਦੇ ਹਨ। ਪਰ ਵਾਂਛਤ ਸੰਸਕ੍ਰਿਤ ਪਦ ਹੈ। [5]ਓਹਲੇ। [6]ਉਦਾਸ ਮਨ।

*ਆਮ ਪ੍ਰਸਿੱਧ ਪਰੰਪਰਾ ਤੋਂ ਸਾਹਿਬਜ਼ਾਦਿਆਂ ਦਾ ਕੰਧਾਂ ਵਿਚ ਚਿਣੇ ਜਾਣਾ ਆ ਰਿਹਾ ਹੈ ਅਰ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਿੱਖਾਂ ਨੇ ਸਰਹੰਦ ਦੀ ਤਦ ਤੋਂ ਇੱਟ ਨਾਲ ਇੱਟ ਖੜਕਾਈ; ਹਰ ਸਿੱਖ ਹੁਣ ਤਾਈਂ ਸਰਹੰਦ ਦੀ ਇੱਟ ਚਾਕੇ ਸਤਲੁਜ ਵਿਚ ਸੁੱਟਣੀ ਧਰਮ ਜਾਣਦਾ ਹੈ। ਇਹ ਇੱਟਾਂ ਦਾ ਸੰਬੰਧ ਚਿਣੇ ਜਾਣ ਦੀ ਪਰੰ-ਪਰਾ ਵੱਲ ਦਲੀਲ ਨੂੰ ਲੈ ਜਾਂਦਾ ਹੈ। ਤਵਾ: ਖਾਲਸਾ ਨੇ ਲਿਖਿਆ ਹੈ ਕਿ ਪਹਿਲਾਂ ਛਾਤੀ ਤਕ ਕੰਧ ਉਸਾਰੀ ਗਈ, ਉਹ ਕੰਧ ਫੁੱਟਕੇ ਢਹਿ ਪਈ ਤੇ ਫੇਰ ਕਤਲ ਕਰਵਾਏ ਗਏ।

ਸਿਰ ਜੁਝਾਰ ਸਿੰਘ ਦਯੋ ਗਿਰਾਈ।ਬਹੁਰ ਦੂਸਰੋ ਵਾਰ ਪ੍ਰਹਾਰਾ। ਫਤੇ ਸਿੰਘ ਕੋ ਸੀਸ ਉਤਾਰਾ ॥੧੧॥ ਹਾਹਾਕਾਰ ਜਹਾਂ ਕਹਿਂ ਭਯੋ।ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਿਯੋ ਉਤਾਰੀ ॥ ੧੨ ॥ ਅਲਪ ਆਰਬਲ ਪਕਰੇ ਹੋਇ। ਦ੍ਰਿੜ੍ਹਤਾ ਅਪਰ ਕਰਹਿ ਇਮ ਕੋਇ?ਤੁਰਕਨ ਜਰਾਂ ਬਿਨਾਸੀ ਕਰਿਕੈ। ਗਏ ਗੁਰੂ ਪੁਰਿ ਆਨੰਦ ਧਰਿਕੈ ॥੧੩॥ ਕਰੇ ਕਲੰਕਤਿ ਰਿਪੁ ਕੁਲ ਸਾਰੇ। ਰਾਜ ਤੇਜ ਕੋ ਛੀਨਸਿ ਸਾਰੇ। ਤਿਸ ਛਿਨ ਤੁਰਕ ਹਿੰਦੂ ਤਹਿਂ ਝਾਰੀ[੧]।ਖੱਤ੍ਰੀ ਕੋ ਬਹੁ ਦੇਵਤਿ ਗਾਰੀ ॥੧੪॥ --ਇਹ ਦੋਖੀ ਹੈ ਬਡੋ ਚੰਡਾਲਾ। ਦੇਖੇ ਬਾਲਿਕ ਕਹਯੋ ਕਰਾਲਾ[੨]--। ਸਿਖ ਸੰਗਤਿ ਕਰਿ ਹਾਹਾਕਾਰੇ।ਜਾਨੀ ਤੁਰਕਨ ਜਰਾਂ ਉਪਾਰੇ॥੧੫॥ ਇਕ ਸਿਖ ਟੋਡਰ ਮਲ ਬਹੁ ਧਨੀ। ਸਾਹਿਬਜ਼ਾਦੇ ਪਕਰਨਿ ਸੁਨੀ। ਰਿਦੈ ਬਿਚਾਰਯੋ --ਧਨ ਗਨ ਦੈਕੈ।ਤੁਰਕਨਿ ਤੇ ਛੁਰਵਾਵਨਿ ਕੈ ਕੈ॥੧੬॥ਜਹਾਂ ਗੁਰੂ ਤਹਿਂ ਦੇਉਂ ਪੁਚਾਈ। ਪਾਵੌਂ ਜਗਤ ਬਿਖੈ ਬਡਿਆਈ। ਕਹਾਂ ਦਰਬ ਜੋ ਸਰਬ ਬਿਨਾਸ਼ੀ। ਗੁਰ ਪਦਵੀ ਦੈ ਹੈਂ ਅਬਿਨਾਸ਼ੀ--॥ ੧੭ ॥ ਕਰਤਿ ਉਤਾਇਲ ਕੋ ਚਲਿ ਆਵਾ। ਸਭਾ ਬਿਖੈ ਦੇਖਤਿ ਦੁਖ ਪਾਵਾ।ਸੁਨੀ ਨਰਨ ਤੇ--ਇਨਹੁਂ ਪ੍ਰਹਾਰੇ--। ਪਰਮ ਦੁਖੀ ਚਿਤ ਮਹਿ ਤਿਸ ਬਾਰੇ॥ ੧੮ ॥ ਹੋਯਹੁ ਤਬਿ ਉਤਪਾਤ ਬਿਸਾਲਾ। ਕੰਪੀ ਧਰਤ ਆਇ ਭੂੰਚਾਲਾ। ਐਂਚਤਿ ਕੰਕਰ ਧੂਰ ਘਨੇਰੀ। ਬਹੀ ਬਾਯੁ ਬਹੁ ਬੇਰ ਕੁਵੇਰੀ ॥੧੯॥ ਸਭਿਹਿਨਿ ਕੇ ਲੋਚਨ ਰਜ ਪਰੀ। ਕੂਕੀ ਵਹਿਰ ਸ਼ਿਵਾ[੩] ਮੁਦ ਭਰੀ। ਬਿਨ ਘਨ ਗਰਜ ਗਗਨ ਤੇ ਸੁਨੀ। ਸਭਿ ਪਛੁਤਾਵਤਿ ਮੂੰਡੀ ਧੁਨੀ ॥ ੨੦ ॥ ਜੋ ਸਜਾਨੇ ਬੁਧਿ ਕੁਰੈਂ ਬਿਚਾਰਨਿ।- ਭਯੋ ਕਹਿਰ ਬਡ -ਕਰਤਿ ਉਚਾਰਨ।--ਉਠੈ ਉਪੱਦ੍ਰਵ ਰਾਜ ਬਿਧੁੰਸੈ[੪]। ਹੋਇਂ ਬਿਨਾਸ਼ੀ ਤੁਰਕ ਨਿਸੰਸੈ--॥ ੨੧॥ ਸਕਲ ਕੁਕਰਮ ਕੁਲੱਛਨ ਹੇਰੇ। ਟੋਡਰਮਲ ਹੁਇ ਦੁਖੀ ਘਨੇਰੇ। ਗਮਨਯੋ ਤੁਰਤ ਮਾਤ ਜਹਿਂ ਬੈਸੀ। ਚਿੰਤਾ ਬਸਿ ਥਿਰ ਮੂਰਤਿ ਜੈਸੀ ॥੨੨॥ ਕਰਤਿ ਪ੍ਰਤੀਖਨ ਪੌਤ੍ਰਨ ਕੇਰੀ। --ਸਭਾ ਬਿਖੈ ਤੇ ਆਵਹਿਂ ਫੇਰੀ[੫]। ਰਹੈਂ ਕੈਦ ਕਿਸ ਬਿਧਿ ਛੁਟਿ ਜੈ ਹੈਂ। ਜੀਵਤਿ ਪੁਨ ਸਭਿ ਹੂੰ ਸੁਖ ਪੈ ਹੈਂ ॥੨੩॥ ਅਤਿ ਪ੍ਰਿਯ ਮਨ ਕੇ, ਛੋਰਿ ਇਕੇਲੀ[੬]। ਗਏ ਤੁਰਕ ਜਹਿਂ ਸਭਾ ਸਕੇਲੀ। ਅਬਿ ਐਹੈਂ ਬੀਤਯੋ

[੧]ਸਾਰੇ। [੨](ਜਿਸ ਨੇ) ਭਯਾਨਕ (ਵਾਕ) ਕਹੇ। [੩]ਗਿਦੜੀਆਂ। [੪]ਨਾਸ਼ ਹੋਵੇਗਾ। [੫]ਮੁੜਕੇ। [੬]ਇਕੱਲੀ ਛੋਡਕੇ।

ਚਿਰਕਾਲ—। ਇਮ ਮਾਤਾ ਚਿਤ ਚਿੰਤ ਬਿਸਾਲ ॥ ੨੪ ॥ ਇਤਨੇ ਮਹਿ ਟੋਡਰਮਲ ਗਯੋ। ਹਾਥ ਜੋਰਿ ਪਗ ਬੰਦਤਿ ਭਯੋ। ਬਿਹਬਲ ਅੱਸ੍ਰੂਨ[੧] ਬਦਨ ਪਖਾਰਾ। ਰੁਕਯੋ ਕੰਠ ਨਹਿੰ ਜਾਇ ਉਚਾਰਾ ॥ ੨੫ ॥ ਦੇਖਿ ਦਸ਼ਾ ਤਿਸ ਕੀ ਦੁਖਵਾਰੀ। ਉਠ੍ਯੋ ਹੌਲ ਉਰ ਮਾਤ ਬਿਚਾਰੀ।—[੨]ਕਹੁ ਭਾਈ ਤੂੰ ਆਯੋਂ ਕੌਨ?ਕਯੋਂ ਅਤਿ ਦੁਖੀ,ਹੇਤੁ ਕਹੁ ਤੌਨ?—॥੨੬॥—[੩]ਕਯਾ ਬੂਝਤਿ ਬੈਠੀ ਅਬਿ ਮਾਤ ? ਮਰਤਿ ਪਿਖੇ ਮੈਂ ਦ੍ਵੈ ਗੁਰ ਤਾਤ। ਜੀਵਤਿ ਰਹਯੋ ਫਟੀ ਨਹਿੰ ਛਾਤੀ। ਮੋ ਤੇ ਕੋਮਲ ਪਾਹਨ ਜਾਤੀ ॥ ੨੭ ॥ ਮੈਂ ਨਿਰਭਾਗ ਬਤਾਵਨ ਆਯੋ।ਨਹਿਂ ਗੁਰ ਪੁੱਤ੍ਰਨਿ ਸੰਗ ਸਿਧਾਯੋ। ਘਰ ਕੋ ਦਰਬ ਸਰਬ ਮੈਂ ਦੇਤਿ। ਜਯੋਂ ਕਯੋਂ ਕਰਿ ਬਚਾਇ ਸੋ ਲੇਤਿ ॥ ੨੮ ॥ ਕਯਾ ਮੈਂ ਕਰਉਂ ਬਤਾਵਨ ਕੋਈ।ਨਹਿਂ ਸਿੱਖੀ ਮਮ ਸਾਬਤ ਹੋਈ—। ਸੁਨ੍ਯੋ ਬਾਕ ਖਰ ਬਾਨ ਸਮਾਨ। ਲਗ੍ਯੋ ਕਾਨ ਵਿੰਧ ਰਿਦਾ ਨਿਸ਼ਾਨ ॥੨੯॥ ਊਪਰ ਤਰ ਕੇ ਜੁਟਿ ਗਏ ਰਦਨੰ[੪]। ਭਯੋ ਦਰਦ ਤੇ ਜ਼ਰਦ ਸੁ ਬਦਨੰ[੫]। ਖੁਸ਼ਕ ਹੋਇ ਮੁਖਿ ਲਾਗ ਸੁ ਲਾਟੀ[੬]। ਜਨੁ ਕਦਲੀ ਤਰੁ ਕੀ ਜੜ ਕਾਟੀ॥੩੦॥ ਤਰਫਰਾਤਿ ਮੁਰਛਾ ਕੋ ਪਾਈ। ਗਿਰੀ ਬਿਸੁਧ ਹ੍ਵੈ ਸੁਧਿ ਨਹਿੰ ਕਾਈ। ਤਬਿ ਟੋਡਰਮਲ ਦੁਖਿ ਅਤਿਧੇਤਾ। ਕਰਿ ਬੈਠੀ ਗੁਰ ਮਾਤ ਤੁਰੰਤਾ[੭] ॥ ੩੧ ॥ ਬਾਯੁ ਬਸਤ੍ਰ ਤੇ ਕਰੀ ਝੁਲਾਵਨ। ਤਬਿ ਕੀਨੀ ਤਨ ਕੀ ਸੁਧਿ ਪਾਵਨ। ਚੇਤਨਤਾ ਜੁਤਿ ਪੁਨ ਚਿਤਆਏ[੮]।—ਕਹਾਂ ਪੌਤ੍ਰ ?—ਨਹਿੰ ਦ੍ਰਿਸ਼ਟੀਆਏ॥੩੨॥—ਪੁੱਤ੍ਰ ਜੁਝਾਰ ਸਿੰਘ ਲਿਹੁ ਨਾਲੇ।ਮੁਝ ਤੇ ਪੂਰਬ ਤੁਮ ਕਿਤ ਚਾਲੇ?ਕਹਾਂ ਇਕਾਕੀ ਮੈਂ ਰਹਿ ਕਰਿ ਹੌਂ ? ਇਸ ਪ੍ਰਕਾਰ ਮੈਂ ਤੂਰਨ ਮਰਿ ਹੌਂ॥੩੩॥ ਜੋ ਤੂੰ ਹੈਂ ਗੁਰ ਸਿੱਖ ਅਛੇਰਾ। ਕਰਿ ਉਪਚਾਰ ਮਰਣ ਕੋ ਮੇਰਾ। ਜੁਗ ਪੌਤ੍ਰਨਿ ਸੰਗ ਜਿਸ ਤੇ ਮਿਲੌਂ। ਅਪਨੇ ਸਾਥ ਲਿਏ ਕਰਿ ਚਲੌਂ[੯]—॥੩੪॥ ਇਮ ਕਹਿਤੇ ਦੁਖ ਲਖਿ ਕਰਿ ਭਾਰਾ। ਬੁਰਜ ਸਾਥ ਬਲ ਤੇ ਸਿਰ ਮਾਰਾ।ਸਹਿ ਨ ਸਕ੍ਯੋ ਟੋਡਰਮਲ ਹਾਰੇ। ਗਹਿ ਕਰਿ ਬੈਠ੍ਯੋ ਮਾਤਾ ਫੇਰ ॥ ੩੫ ॥ [੧੦]ਮਸਤਕ

---

[੧]ਹੰਝੂਆਂ ਨਾਲ। [੨]ਮਾਤਾ ਜੀ ਨੇ ਕਿਹਾ। [੩]ਟੋਡਰ ਨੇ ਕਿਹਾ। [੪]ਉਪਰਲੇ ਤੇ ਹੇਠਲੇ ਦੰਦ ਜੁੜ ਗਏ ਭਾਵ ਦੰਦਣ ਪੈ ਗਈ। [੫]ਦਰਦ ਨਾਲ ਚਿਹਰਾ ਪੀਲਾ ਹੋ ਗਿਆ। [੬]ਦੰਦਾਂ ਤੇ ਜੀਭ ਦਾ ਸੁੱਕ ਜਾਣਾ ਤੇ ਤਾਲੂ ਨਾਲ ਜੀਭ ਤੇ ਮੂੰਹ ਦਾ ਚਪਕ ਜਾਣਾ। [੭]ਛੇਤੀ ਨਾਲ ਗੁਰ ਮਾਤਾ ਨੂੰ ਬੈਠੀ ਕਰ ਦਿਤਾ ਭਾਵ ਆਸਰਾ ਦੇਕੇ ਬਿਠਾਇਆ ਤੇ......। [੮]ਯਾਦ ਆਏ ( ਸਾਹਿਬਜ਼ਾਦੇ )। [੯]ਤੇ (ਪੋਤਰਿਆਂ ਨੂੰ) ਆਪਣੇ ਨਾਲ ਲੈਕੇ ਚੱਲਾਂ। [੧੦]ਮੱਥਾ ਫਟ ਗਿਆ।

ਭੁਗਨ ਰੁਧਰ ਬਹੁ ਬਹਯੋ। ਬਜ੍ਰਾਕੁਲ ਤੇ ਬਯਾਕੁਲ ਹ੍ਵੈ ਗਯੋ[1]।–ਮੋਹਿ ਛਾਪ ਮਹਿਂ ਹੀਰੇ ਕਨੀ। ਜੇ ਮੈਂ ਦੇਉਂ, ਅਵੱਗਯਾ ਘਨੀ ॥ ੩੬॥ ਜੇ ਨਹਿਂ ਦੇਉਂ ਮਹਾਂ ਦੁਖ ਸਹਿ ਹੈ। ਚਿਰੰਕਾਲ ਤੇ ਮ੍ਰਿਤੁ ਕੋ ਪੈ ਹੈ–। ਕਹ੍ਯੋ ਮਾਤ–ਤੁਹਿ ਦੋਸ਼ ਨ ਕੋਈ।ਦਿਹੁ ਹੀਰਾ ਜਿਸ ਤੇ ਮ੍ਰਿਤੁ ਹੋਈ–॥੩੭॥ਤਬਿ ਟੋਡਰਮਲ ਰਿਦੇ ਬਿਚਾਰਾ।–ਹੀਰਾ ਤਤਛਿਨ ਛਾਪ ਨਿਕਾਰਾ। ਦੇ ਮਾਤਾ ਕੋ ਬਦਨ ਪਵਾਯੋ। ਮਹਾਂ ਦੁਖਤਿ ਨੇ ਲੇ ਕਰਿ ਖਾਯੋ॥੩੮॥ਕਿਤਿਕ ਕਾਲ ਮਹਿਂ ਪ੍ਰਾਨ ਨਿਕਾਰੇ*। ਮਿਲਿ ਪੌਤ੍ਰਨਿ ਗੁਰਪੁਰੀ ਪਧਾਰੇ। ਤੀਨਹੁੰ ਤਨ ਟੋਡਰ ਸਸ-

---

[1](ਮਾਤਾ ਜੀ ਨੂੰ) ਬਜ੍ਰਾਕੁਲ (ਵੇਖਕੇ ਟੋਡਰਮੱਲ) ਵਿਆਕੁਲ ਹੋ ਗਿਆ (ਤੇ ਸੋਚਣ ਲੱਗਾ ਕਿ…)।

*ਸ੍ਰੀ ਮਾਤਾ ਗੁਜਰੀ ਜੀ ਦੇ ਜੋਤੀ ਜੋਤਿ ਹੋਣ ਦੇ ਪ੍ਰਸੰਗ ਇਤਿਹਾਸਾਂ ਵਿਚ ਜੁਦੇ ਜੁਦੇ ਦੱਸੇ ਗਏ ਹਨ। ਕਿਤੇ ਹੀਰਾ ਚੱਟਣਾ, ਕਿਤੇ ਬੁਰਜ ਤੋਂ ਡਿੱਗਣਾ ਤੇ ਕਿਤੇ ਮੱਥਾ ਕੰਧ ਨਾਲ ਟਕਰਾਉਣਾ ਆਦਿ। ਪਰੰਤੂ ਮਾਤਾ ਜੀ ਦਾ ਜੋਤੀ ਜੋਤਿ ਹੋਣਾ ਯੋਗਾਭਯਾਸ ਦੇ ਤ੍ਰੀਕੇ ਅਨੁਸਾਰ ਬ੍ਰਹਮਰੰਧ੍ਰ ਦਸਮ ਦ੍ਵਾਰ ਰਸਤੇ ਸਰੀਰ ਤਯਾਗਣਾ ਵਿਸ਼ੇਸ਼ ਸਹੀ ਭਾਸਦਾ ਹੈ, ਕਿਉਂਕਿ ਮਾਤਾ ਜੀ ਯੋਗੀ ਸਨ ਅਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਿਤੇ ਉਪਦੇਸ਼ ਅਨੁਸਾਰ ਆਪ ਯੋਗ ਸਾਧਨਾ ਸਾਧਦੇ ਰਹੇ ਸਨ, ਜੈਸਾ ਕਿ ਸਾਹਿਬ ਦਸਮ ਪਾਤਸ਼ਾਹ ਜੀ ਨੇ ਬਚਿੱਤ੍ਰ ਨਾਟਕ ਦੇ ਧਿਆ ੬ ਅੰਕ ੩ ਵਿਚ ਆਪ ਦਸਿਆ ਹੈ 'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।' ਇਸ ਤੋਂ ਵੱਧ ਹੋਰ ਪ੍ਰਮਾਣ ਦੀ ਲੋੜ ਹੀ ਨਹੀਂ, ਪਰ ਜੋ ਰਵਾਇਤ ਸ੍ਰੀ ਫਤਹਗੜ੍ਹ ਸਾਹਿਬ ਜੀ ਦੇ ਗ੍ਰੰਥੀ ਸਿੰਘਾਂ ਤੋਂ ਸੁਣੀ ਹੈ ਉਹ ਇਥੇ ਦੱਸਣੀ ਜ਼ਰੂਰੀ ਹੈ। ਪਿਛਲੇ ਸਾਲ ਕੁਝਕ ਯਾਤ੍ਰੂ ਸ੍ਰੀ ਫਤਹਗੜ੍ਹ ਸਾਹਿਬ ਗਏ ਸਨ। ਇਕ ਯਾਤ੍ਰੂ ਨੇ ਕਿਹਾ 'ਇੱਥੇ ਮਾਤਾ ਗੁਜਰੀ ਜੀ ਬੁਰਜ ਤੋਂ ਡਿੱਗਕੇ ਜੋਤੀ ਜੋਤ ਸਮਾਏ ਸਨ'। ਪਾਸ ਹੀ ਗ੍ਰੰਥੀ ਸਿੰਘ ਜੀ ਸੁਣ ਰਹੇ ਸਨ, ਉਨ੍ਹਾਂ ਨੇ ਉਸ ਯਾਤ੍ਰੂ ਨੂੰ ਕਿਹਾ 'ਭਾਈ ਇਸ ਤਰ੍ਹਾਂ ਦੇ ਬੇਅਦਬੀ ਦੇ ਵਾਕ ਸ੍ਰੀ ਮਾਤਾ ਜੀ ਵਾਸਤੇ ਨਾ ਕਹੁ, ਅਸੀਂ ਆਪਣੇ ਪਿਤਾ ਪਿਤਾਮਾ ਜੀ ਤੋਂ ਸੁਣਦੇ ਆਏ ਹਾਂ ਕਿ ਮਾਤਾ ਜੀ ਨੂੰ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖਬਰ ਮਿਲੀ ਤਾਂ ਉਨ੍ਹਾਂ ਸ੍ਰੀ ਜਪੁਜੀ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਚੌਂਕੜਾ ਲਾਕੇ ਦਸਮ ਦੁਆਰ ਵਿਚ ਪ੍ਰਾਣ ਚੜ੍ਹਾ ਲਏ ਤੇ ਸਰੀਰ ਤਿਆਗ ਦਿਤਾ'। ਦਸਮੀ ਪਾਤਸ਼ਾਹੀ ਦੇ ਗੁਰ ਬਿਲਾਸ ਵਿਚ ਲਿਖਿਆ ਹੈ ਕਿ ਦੋਵੇਂ ਸਾਹਿਬਜ਼ਾਦੇ ਧਰਮ ਵਾਸਤੇ ਸਰੀਰ ਤਿਆਗ ਕੇ ਆਪਣੇ ਨੂਰਾਨੀ ਜਾਮੇ ਵਿਚ ਮਾਤਾ ਜੀ ਪਾਸ ਆਏ ਯਥਾ 'ਇਮ ਕਹੇ ਬੈਨ ਮਾਤਾ ਨਿਧਾਨ। ਹਮ ਖੁਸ਼ੀ ਦਹੁ ਕਰੀਏ ਪਯਾਨ। ਬੋਲੀ ਪਛਾਨ ਜਨਨੀ ਸੁ ਤਾਤ। ਲਖ ਆਗ ਪਾਛ ਕਹਿਓ ਸੁ ਬਾਤ। ਕਸੌਂ ਦ੍ਰਿਸ਼ਟਿ ਨਾਹਿ ਤੁਮ ਪਰਤ ਮੋਰ। ਵਹਿ ਕਹੇ ਬਾਤ ਮੁਹਿ ਸੰਗ ਛੋਰ। ਬੋਲੇ ਸੁ ਬਾਰ ਦੋਨੋ ਨਿਧਾਨ। ਇਹ ਦਿੱਬ ਦੇਹ ਹੈ ਅਵਰ ਆਨ। ਜਿਹ ਮਨੁਸ਼ ਦੇਵ ਨਹਿ ਲਖਤ ਕੋਇ। ਜਿਹ ਦਿਪਤ ਜੋਤਿ ਉੱਦੋਤ ਸੋਇ। ਨਹੀਂ ਪੰਚ ਤੱਤ ਕੀ ਮਲਿਨ ਦੇਹ। ਹੈ ਬਚਨ

(ਬਾਕੀ ਟੂਕ ਏਥੋਂ ਅਗਲੇ ਪੰਨੇ ਦੇ ਹੇਠ)

ਕਾਰੇ*।ਚੁਨੇ ਪੁਸ਼ਪ ਬਾਸਨ ਮਹਿ ਡਾਰੇ॥੩੯॥ਸਭਿ ਸਿੱਖਨਿ ਮਿਲਿ ਤਹਾਂ ਦਬਾਏ’। ਇਮ ਮਾਹੀ ਸਭਿ ਗਾਥ ਸੁਨਾਏ। ‘ਸੁਨਹੁ ਗੁਰੂ ਜੀ! ਸਕਲ ਪ੍ਰਸੰਗ॥ਇਕ ਸਿਖ ਨੇ ਭਾਖਯੋ ਮੁਝ ਸੰਗ॥੪੦॥ਸੋ ਮੈਂ ਰਾਵਰਿਪਾਸ ਬਤਾਵਾ। ਦਿਜ ਕੀ ਸੁਨਹੁ ਜਥਾ ਫਲ ਪਾਵਾ। ਤੁਰਕਨ ਸੁਨੀ ਰਹਯੋ ਧਨ ਇਸ ਕੇ। ਧਾਇ ਸਿਪਾਹੀ ਗਮਨੇ ਤਿਸ ਕੇ॥੪੧॥ ਸਕਲ ਕੁਟੰਬ ਬਾਂਧਿ ਕਰਿ ਆਨਾ। ਦਈ ਸਜ਼ਾਇ ਮਾਰ ਕਰਿ ਨਾਨਾ। ਜਿਹ ਥਲ ਤਿਹ ਦੀਨਾਰ ਦਬਾਈ।ਰਹਯੋ ਖੋਜਸੋਹਾਥ ਨ ਆਈ॥੪੨॥ਮਾਰੀਂਦਾ ਤੁਰਕਨਤੇ ਮਰਿਓ। ਤਾਤਕਾਲ ਫਲ ਭੋਗਨਿ ਕਰਿਓ’। ਤਬਿ ਸਤਿਗੁਰੂ ਪ੍ਰਯੰਕੈ ਥਿਰੇ। ਦੋਨਹੁੰ ਚਰਨ ਧਰਾ ਪਰ ਧਰੇ॥੪੩॥ ਬੂਟ ਖਰੋ ਕਾਹੂ[1] ਕੋ ਹੇਰੇ। ਤਿਸ ਕੀ ਜਰ ਕੋ ਖਨਹਿੰ ਘਨੇਰੇ। ਕਰਦ ਹਾਥ ਮਹਿੰ ਧਾਰਨ ਕਰੇ।ਸਗਲ ਪ੍ਰਸੰਗ ਸੁਨਯੋਂ ਚਿਤ ਧਰੇ॥੪੪॥ ਬਹੁਰ ਬੂਝਨਾ ਕੀਨਿ ਗੁਸਾਈਂ। ‘ਜਹਾਂ ਸਭਾ ਤੁਰਕਨ ਸਮੁਦਾਈ। ਬਿਨ ਮਲੇਰੀਅਨ ਅਪਰ ਭਿ ਕੋਈ। ਪਿਖਿ ਸਿਸ ਦਯਾ ਰਿਦੇ ਜਿਸ ਹੋਈ?’॥੪੫॥ ਤਬਿ ਮਾਹੀ ਕਰ ਜੋਰਿ ਉਚਾਰਾ।‘ਮੈਂ ਆਛੇਕੀਨੋ ਨਿਰ-ਧਾਰਾ। ਸ਼ੀਰ ਖੋਰ ਇਨ ਦੋਸ਼ ਨ ਲੇਸ਼। ਏਵ ਮਲੇਰੀ ਕਹਿ ਬਿਨ ਦ੍ਵੈਸ਼’॥੪੬॥ਸੁਨਿਕਰਿ ਸ਼੍ਰੀਗੁਰ ਬਾਕ ਬਖਾਨਾ।‘ਭਯੋ ਨਾਸ਼ ਅਬਿ ਸਭਿ ਤੁਰਕਾਨਾ। ਇਕ ਮਲੇਰੀਅਨ ਕੀ ਜੜ੍ਹ ਰਹੈ। ਅਪਰ ਤੁਰਕ ਸਭਿ ਹੀ ਜਰ ਦਹੈ’[2] ॥੪੭॥ ਇਮ ਕਹਿ ਮੁਖ ਤੇ ਕਰਦ ਚਲਾਈ। ਕਾਹੂ[1] ਬੂਟ ਜੜ ਕਾਟਿ ਗਵਾਈ।‘ਜਿਮ ਇਸਕੀ ਜੜ ਕਾਟਿ ਉਖਾਰੀ।ਤਥਾ ਤੁਰਕ ਕੀ ਬਿਨਸਹਿ ਸਾਰੀ॥੪੮॥ ਕੇਤਿਕ ਦਿਨ ਮਹਿੰ ਹੋਇ ਬਿਨਾਸ਼ਾ। ਬਿਸਮਾਵੈ ਜਗ

[1]ਇਕ ਬੂਟੀ ਜੋ ਦਵਾ ਦੇ ਕੰਮ ਆਉਂਦੀ ਹੈ [ ਫ਼ਾ:, ਕਾਹੂ]। ( ਅ ) ਇਕ ਪ੍ਰਕਾਰ ਦਾ ਘਾਹ, ਕਾਹੀ। [2]ਜੜ੍ਹ ਸੜ ਜਾਏਗੀ।

*ਜਿੱਥੇ ਸਸਕਾਰ ਹੋਇਆ ਉਥੇ ਗੁਰਦਵਾਰਾ ਹੈ। ਨਾਮ ‘ਜੋਤੀ ਸਰੂਪ’ ਹੈ। ਜਿੱਥੇ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਗੁਰਦਵਾਰੇ ਦਾ ਨਾਮ ‘ਫਤੇ ਗੜ੍ਹ’ ਹੈ ਤੇ ਜਿੱਥੇ ਮਾਤਾ ਜੀ ਤੇ ਸਾਹਿਬਜ਼ਾਦੇ ਨਜ਼ਰਬੰਦ ਰਹੇ ਉਸ ਨੂੰ ‘ਮਾਤਾ ਗੁਜਰੀ ਜੀ ਦਾ ਬੁਰਜ’ ਕਹਿੰਦੇ ਹਨ। ਹੋਰ ਸ਼ਹੀਦ ਗੰਜ ਗੁਰਸਿੱਖਾਂ ਦੇ ਏਥੇ ਕਈ ਹਨ।

[ਪਿਛਲੇ ਪੰਨੇ ਦੀ ਬਾਕੀ ਟੂਕ]

ਘਟਨ ਤੇ ਅਮਰ ਏਹ।’ ਇਉਂ ਮਾਤਾ ਜੀ ਜਦ ਲਾਲ ਤੱਕੇ ਤਾਂ ਆਪ ਭੀ ਸਰੀਰ ਤਿਆਗ ਇਹ ਦੋ ਹੀਰਿਆਂ ਦਾ ਜੁੱਟ ਨਾਲ ਲੈਕੇ ਗੁਰਪੁਰੀ ਸਿਧਾਰ ਗਏ। ਸ਼ਾਇਦ ਹੀਰਿਆਂ ਦੇ ਜੁੱਟ ਤੋਂ ‘ਹੀਰਾ ਚੱਟਕੇ ਮਾਤਾ ਜੀ ਗੁਰਪੁਰੀ ਸਿਧਾਏ’ ਇਹ ਗਲ ਲਿਖੀ ਕਵੀਆਂ ਦੇ ਵੇਖਣ ਵਿਚ ਆਈ ਤੇ ਇਹੋ ਲਿਖ ਦਿਤੀ ਹੋਵੇ, ਕਿਉਂਕਿ ਜਜੇ ਦੀ ਔਕੜ ਮਾਤ੍ਰਾ ਜਜੇ ਦੇ ਨਾਲ ਮਿਲ ਜਾਣ ਕਰਕੇ ‘ਚਚਾ’ ਬਣ ਜਾਂਦਾ ਹੈ।

ਦੇਖਿ ਤਮਾਸ਼ਾ'।ਦਿਯੋ ਸ੍ਰਾਪ ਗੁਰ ਕ੍ਰੁਪੇ ਘਨੇਰੇ। ਰਾਜ ਤੇਜ ਕੋ ਮੂਲ ਉਖੇਰੇ ॥ ੪੯ ॥ 'ਪੁਰਿ ਸਿਰੰਦ ਮਹਿਂ ਪਾਪ ਘਨੇਰਾ। ਉਜਰ ਜਾਹਿ ਲਹਿ ਕਸ਼ਟ ਬਡੇਰਾ। ਸਿੱਖ ਹਮਾਰੇ ਮਾਰਿ ਉਜਾਰਹਿਂ। ਛੀਨਿ ਰਾਜ ਧਨ ਵਹਿਰ ਨਿਕਾ-ਰਹਿਂ' ॥ ੫੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ੍ਰਾਪ ਦੇਨ' ਪ੍ਰਸੰਗ ਬਰਨਨੰ ਨਾਮ ਦੋਇ ਪੰਚਾਸਤੀ ਅੰਸੂ ॥ ੫੨ ॥

੫੩. [ਕੱਲ੍ਹੇ ਨੂੰ ਕ੍ਰਿਪਾਨ ਬਖਸ਼ੀ। ਦੀਨੇ ਪਹੁੰਚਣਾ]।

ਦੋਹਰਾ॥ਸੁਨਯੋ ਸ੍ਰਾਪ ਗੁਰਤੇ ਜਬੈ ਬਿਸਮਯੋ ਕੱਲਾਰਾਇ।–ਮੈਂ ਸੰਗੀ ਤੁਰਕਾਨ ਕੋ ਤਿਨਹੁ ਸੰਗ ਜੜ੍ਹ ਜਾਇ॥੧॥ ਚੌਪਈ॥ ਰਹਯੋ ਸਮੀਪ ਨਹੀਂ ਕਰ ਜੋਰੇ। ਨਹਿਂ ਬਖਸ਼ਾਯਹੁ ਗੁਰੂ ਨਿਹੋਰੇ।ਅਬਿ ਭੀ ਸਮੋ ਲੇਉਂ ਬਖਸ਼ਾਇ–। ਇਮ ਨਿਸ਼ਚੈ ਮਨ ਮਹਿਂ ਠਹਿਰਾਇ॥੨॥ ਉਠਯੋ ਸਭਾ ਤੇ ਜੁਗ ਕਰ ਜੋਰੇ। 'ਸ੍ਰੀ ਪ੍ਰਭੁ,ਕ੍ਰਿਪਾ ਕਰਹੁ ਮਮ ਓਰੇ। ਦਾਸ ਕਦੀਮੀ ਰਾਵਰ ਕੇਰਾ*। ਤੁਰਕਨਿ ਸਨ ਕਿਛ ਹਿਤੁ ਨਹਿਂ ਮੇਰਾ॥੩॥ਤਿਨ ਕੇ ਸਾਥ ਨ ਮੋਹਿ ਮਿਲਾਓ।ਅਪਨ ਸ੍ਰਾਪ ਤੇ ਪ੍ਰਥਕ ਬਚਾਓ'। ਸ੍ਰੀ ਗੁਰ ਕਹੈਂ 'ਪ੍ਰਥਮ ਕੇ ਸਮੈਂ[1]। ਅਪਨੇ ਹੇਤ ਕਹਿਨ ਥੋ ਹਮੈਂ[2] ॥੪॥ ਦੇਤਿ ਸ੍ਰਾਪ ਕੋ ਲੇਤਿ ਬਚਾਇ। ਤੁਰਕਨ ਗਨ ਤੇ ਪ੍ਰਥਕ ਬਨਾਇ'।ਸੁਨਤਿ ਰਾਇ ਕੱਲੇ ਤਬਿਕਹਯੋ।'ਇਤੋ ਕੋਪ ਮੈਂ ਨਾਹਿਨ ਲਹਯੋ ॥ ੫ ॥ ਅਬਿ ਭੀ ਸ਼ਰਨ ਪਰੇ ਕੀ ਰਾਖਹੁ। ਦਾਸ ਜਾਨਿ ਬਖਸ਼ਨ ਅਭਿਲਾਖਹੁ। ਮੇਰ ਰਾਜ ਤੇਜ ਰਖਿ ਲੀਜੈ। ਪਰਯੋ ਸ਼ਰਨ ਅਬਿ ਕਰੁਨਾ ਕੀਜੈ' ॥੬॥ਪੁਨ ਸ੍ਰੀ ਗੁਰ ਤਿਹ ਸੰਗ ਬਖਾਨਾ। 'ਮਿਟਿ ਕਿਮ ਸਕਹਿ ਜਿ ਸਚੁ ਹੁਇ ਜਾਨਾ। ਹੋਨਹਾਰ ਤੁਰਕਨ ਘਰ ਖੋਵਾ।ਨਿਤ ਅਪਰਾਧ ਕਰਤਿ ਹੀ ਜੋਵਾ ॥ ੭ ॥ ਨਹੀਂ ਨਗਾਰਬੰਦ ਕੋ ਰਹੈ। ਤੇਜ ਛੀਨਤਾ ਨਿਤ ਪ੍ਰਤਿ ਲਹੈ। ਅਬਿ ਇੱਕੀ ਸੈ ਕੋਸਨ ਰਾਜ। ਚੱਕ੍ਰਵਰਤਿ ਕੋ ਸਿਰ ਪਰ ਤਾਜ॥੮॥ ਥੋਰੇ ਦਿਨ ਮਹਿਂ ਇਮ ਹੁਇ ਹਾਨਾ। ਨੌਠ ਨੌਠ ਜਿਨ ਕੀ ਗੁਜ਼ਰਾਨਾ। ਜਿਹ ਸਿਰੰਦ ਮਹਿ ਸਾਹਿਬਜ਼ਾਦੇ। ਕਰੀ ਅਵੱਗਯਾ ਤੁਰਕਨਿ ਬਾਦੇ ॥ ੯॥ ਬਡੋ ਬਸਹਿ ਕੋਸਨ ਲਾਗ ਜੋਈ। ਧਨੀ ਘਨੋ ਮਹਲਾਇਤ[3] ਹੋਈ।

[1]ਪਹਿਲੇ ਸਮੇਂ। [2]ਆਪਣੇ (ਬਚਣੇ) ਲਈ ਸਾਨੂੰ ਕਹਿਣਾ ਸੀ। [3]ਜੋ ਬਹੁਤ ਧਨਾਢ ਹੈ ਤੇ ਜਿਸ ਵਿਚ ਬੜੇ ਬੜੇ ਮਹਲ ਹਨ (ਭਾਵ ਸਰਹੰਦ)।

*ਇਸ ਤੋਂ ਸਿੱਧ ਹੋਇਆ ਕਿ ਕੱਲਾ ਨਿਰਾ ਧਰਮੀ ਪੁਰਖ ਹੀ ਨਹੀਂ ਸੀ ਪਰ ਗੁਰ ਸਿੱਖ ਬੀ ਸੀ। ਇਸੇ ਕਰਕੇ ਗੁਰੂ ਜੀ ਇਸ ਪਾਸ ਪੱਜੇ ਹਨ ਤੇ ਇਸ ਕਰਕੇ ਉਸ ਨੇ ਅਤੀ ਸੇਵਾ ਤੇ ਪਿਆਰ ਕੀਤਾ ਹੈ, ਜਿਵੇਂ ਸੱਕਾ ਪੁੱਤ੍ਰ ਜਾਂ ਸੱਚਾ ਮੁਰੀਦ ਕਰ ਸਕਦਾ ਹੈ।

ਸਕਲ ਸਦਨ ਕੀ ਜਰਾਂ ਉਖਰਿ ਹੈਂ। ਖੇਤੀ ਬਾਹਨ[1] ਬੋਵਨ ਕਰਿਹੈਂ ॥੧੦॥ ਅਸ ਫਲ ਪ੍ਰਾਪਤਿ ਪਾਪਨ ਕੇਰਾ। ਤੁਰਕ ਰਾਜ ਕੋ ਹੋਇ ਨਿਬੇਰਾ'। ਦੋਇ ਬਾਰ ਕਹਿ[2] ਕੱਲਾਰਾਊ। ਭਯੋ ਲਚਾਰ ਮਹਾਂ ਪਛੁਤਾਊ ॥੧੧॥–ਅਬਿ ਰਿਸ ਮਹਿ ਬਖਸ਼ਤਿ ਕਿਮ ਨਾਂਹੀ। ਸੰਗ ਚਲੌਂ ਬੈਠਵ ਨਿਤ ਪਾਂਹੀ। ਹੁਇਂ ਪ੍ਰਸੰਨ ਕਿਸ ਬਿਧਿ ਤੇ ਜਬੈ। ਮਹਾਂ ਪੁਰਖ ਬਖਸ਼ਹਿੰਗੇ ਤਬੈ–॥੧੨॥ਨਿਜ ਲੋਕਨਿ ਸਨ ਊਚ ਉਚਾਰਾ। 'ਗਮਨਹੁ ਸਦਨ ਕਰਹੁ ਸਭਿ ਤਯਾਰਾ। ਬਾਲਿਕ ਤ੍ਰੀਮਤਿ ਸਭਿ ਲੈ ਆਓ। ਰਾਖਹਿਂ[3] ਸੰਗ ਜਹਾਂ ਕਹਿਂ ਜਾਓ ॥੧੩॥ ਨਾਂਹਿ ਤ ਕੋ ਗ਼ਨੀਮ ਚਢਿ ਆਵੈ। ਛੀਨਹਿ ਦੇਸ਼ ਮਹਾਂ ਬਲ ਪਾਵੈ। ਸਭਿ ਔਰਤ ਕੀ ਬੇਨੀ[4] ਗਹਿ ਗਹਿ। ਵਹਿਰ ਨਿਕਾਰਹਿਂ ਦੁਰਬਚ ਕਹਿ ਕਹਿ ॥ ੧੪ ॥ ਸ੍ਰੀ ਸਤਿਗੁਰ ਕੇ ਸੰਗ ਰਹੀਜੈ। ਥਿਰੇ ਥਿਰਹੁ, ਗਮਨੈਂ ਗਮਨੀਜੈ[5]। ਜਹਿ ਬਖਸ਼ਹਿੰਗੇ ਕਰੁਨਾ ਧਾਰਿ। ਤਹਿਂ ਤੇ ਹਟਹੁ, ਬਸਾਵਹੁ ਨਾਰ[6]' ॥੧੫॥ਅਸ ਕਹਿਬੋ ਸੁਨਿ ਕਰਿ ਗੁਰ ਕਾਨ[7]।–ਹਮਰੇ ਬਚਨ ਪ੍ਰਤੀਤ ਮਹਾਨ–। ਦਯਾ-ਸਿੰਧੁ ਤਬਿ ਦਯਾ ਫਰੇ ਹੈਂ। ਹਿਤ ਬਖਸ਼ਨ ਕੇ ਬਚਨ ਕਰੇ ਹੈਂ ॥ ੧੬ ॥ 'ਛੋਰਾਵਾਰੀ ਕਰਤਿ ਹੈ ਰਾਇ।ਜੜ੍ਹ ਅਪਨੀ ਰਾਖਨ ਕੇ ਦਾਇ'। ਆਸਤਰਨ ਕੋ ਤਰ ਤਰਵਾਰ। ਤਹਿਂ ਤੇ ਸ੍ਰੀ ਪ੍ਰਭੁ ਲਈ ਨਿਕਾਰਿ ॥੧੭॥ ਨਿਜ ਕਰ ਮਹਿ ਧਰਿ ਬਾਕ ਬਖਾਨਾ। 'ਤੁਝ ਕੋ ਬਖਸ਼ਹਿਂ ਚਾਰੁ[8] ਕ੍ਰਿਪਾਨਾ।ਜਬਿ ਲਗਿ ਰਖਹੁ ਅਦਬ ਇਸ ਕੇਰਾ। ਰਹੈ ਬੰਸ, ਹੁਇ ਰਾਜ ਬਡੇਰਾ ॥ ੧੮ ॥ ਨਹਿਂ ਪੂਜਹੁ ਸਨਮਾਨਹੁ ਨਾਂਹੀ। ਕਿਧੌਂ ਪਾਇ ਲੇ ਕੋ ਗਰ ਮਾਂਹੀ। ਬੰਸ ਰਾਜ ਤਿਸ ਦਿਨ ਤੇ ਛੀਨ। ਕਛੁ ਨਹਿ ਰਹੈ, ਸਾਰ ਲਿਹੁ ਚੀਨ' ॥੧੯॥ ਸੁਨਿ ਕਰਿ ਦੋਨਹੁਂ ਹਾਥ ਪਸਾਰੇ।ਸਤਿਗੁਰ ਕੇ ਹੁਇ ਨਿਕਟ ਅਗਾਰੇ। 'ਦੀਜਹਿ ਸਤਿਗੁਰ, ਪੂਜਹਿਂ ਸਦਾ। ਨਹੀਂ ਅਵੱਗਯਾ ਕਰਿਹੈਂ ਕਦਾ' ॥ ੨੦ ॥ ਰਿਦੈ ਪ੍ਰਸੰਨ ਰਾਇ ਬਹੁ ਹੋਵਾ। ਸੁੰਦਰ ਖੜਗ ਬਿਕੀਮਤਿ ਜੋਵਾ।'ਰਾਜ ਤੇਜ ਅਰ ਬੰਸ ਉਦਾਰਾ। ਆਯਹੁ ਰਾਖਨਹਾਰ ਹਮਾਰਾ[9]' ॥ ੨੧ ॥ ਸ੍ਰੀ ਗੁਰ ਕਦਮ ਪਦਮ ਸਮ ਹੇਰੇ। ਬਾਰ ਬਾਰ ਬੰਦਹਿਂ ਤਿਸ ਬੇਰੇ। ਹਾਥ ਜੋਰਿ ਕਰਿ ਖਰੇ

[1]ਖੇਤੀ ਵਾਹਕੇ। [2]ਕਹਿਕੇ। [3]ਨਾਲ ਰੱਖਾਂਗੇ। [4]ਗੁੱਤਾਂ। [5](ਜਿੱਥੇ) ਠਹਿਰਨ ਠਹਿਰ ਜਾਈਏ ਤੁਰ ਪੈਣ(ਤਾਂ ਨਾਲ) ਤੁਰ ਪਈਏ। [6]ਫਿਰ ਆਕੇ ਜ਼ਨਾਨੀਆਂ ਨੂੰ ਘਰੀਂ ਵਸਾਉਣਾ (ਕਿਉਂਕਿ ਪਿੱਛੇ ਕਹਿ ਆਏ ਹਨ ਕਿ ਬਾਲਕ ਤ੍ਰੀਮਤ ਸਭਿ ਲੈ ਆਓ)। [7]ਇਹੋ ਜਿਹੀ (ਕੱਲੇ ਦੀ) ਆਖੀ (ਗੱਲ) ਸਤਿਗੁਰੂ ਜੀ ਕੰਨੀ ਸੁਣਕੇ ਕਿ"। [8]ਸੁਹਣੀ। [9](ਇਹੀ ਕ੍ਰਿਪਾਨ) ਸਾਡੀ (ਰਾਜ ਤੇਜ ਦੀ) ਰੱਖਯਕ ਹੋਕੇ ਆਈ ਹੈ।

ਅਗਾਰੀ। 'ਦਿਹੁ ਆਗਯਾ ਹੁਇ ਸੇਵ ਤੁਮਾਰੀ' ॥ ੨੨ ॥ ਸ੍ਰੀ ਗੁਰ ਕਹਯੋ 'ਗਮਨ ਹਮ ਚਾਹੈਂ।ਤੁਮ ਭੀ ਜਾਹੁ ਅਪਨਿ ਘਰ ਮਾਂਹੀਂ।ਜੰਗਲ ਦੇਸ਼ ਹਮਾਰੇ ਸਿੱਖ। ਤਹਾਂ ਬਿਤਾਵਹਿ ਸਮਾਂ ਭਵਿੱਖ' ॥ ੨੩ ॥ ਅਬਿ ਸੇਵਾ ਕੀ ਚਾਹ ਨ ਕੋਈ। ਜਿਸ ਹਿਤ ਕਹੌਂ ਤੋਹਿ ਕੋ ਸੋਈ'। ਇਮ ਕਹਿ ਪਲੰਘ ਤਬੈ ਉਠਿਵਾਯੋ। ਰਾਇ ਚਮੂੰ ਜੁਤਿ ਸੀਸ ਨਿਵਾਯੋ* ॥ ੨੪ ॥ ਜੰਗਲ ਦਿਸ਼ਾ ਬਦਨ ਕਰਿ ਚਲੇ। ਮੂੱਠਾ ਫਿਰੈ ਸੀਸ ਪਰ ਭਲੇ। ਗ੍ਰਾਮ ਏਕ ਪੁਨ ਪਹੁੰਚੇ ਜਾਇ। ਬੱਦ੍ਰੀ ਤਰੁ ਤਰੇ¹ ਪਲੰਘ ਟਿਕਾਇ ॥੨੫॥ ਕਰਯੋ ਸੁਚੇਤਾ ਥਿਰ ਕੁਛ ਭਏ। ਬਹੁਰੋ ਆਗੇ ਚਲਿਬੋ ਕਏ। ਸਨੈ ਸਨੈ ਮਾਰਗ ਉਲਘੰਤੇ। ਜੰਗਲ ਦੇਸ਼ ਆਇ ਨਿਯਰੰਤੇ ॥ ੨੬ ॥ ਏਕ ਨਿਸਾ ਬਸਿ ਗਏ ਅਗਾਰੀ। ਹਾਜੀ ਬੇਖ ਪਲੰਘ ਅਸਵਾਰੀ। ਸਨਮੁਖ ਸਿੰਘ ਮਿਲਯੋ ਇਕ ਆਇ।ਸ੍ਰੀ ਗੁਰ ਦੇਖੇ ਸੀਸ ਨਿਵਾਇ॥ ੨੭ ॥ ਪਰਯੋ ਜ਼ੀਨ ਜਿਸ ਪਾਸ ਤੁਰੰਗਾ। ਦੀਰਘ ਚਾਲ ਚਪਲ ਬਲ ਸੰਗਾ। ਅਰਪਨ ਕਰਯੋ ਹਾਥ ਜੁਗ ਜੋਰੇ।ਸ੍ਰੀ ਪ੍ਰਭੁ ਤਬਿ ਅਰੋਹ ਕਰਿ ਘੋਰੇ ॥੨੮॥ ਦੀਨਾ†ਗ੍ਰਾਮ ਨਿਕਟ ਜਬਿ ਆਯੋ। ਪੁਰਿ ਕਾਂਗੜ ਤੇ ਨਿਕਸਿ

¹ਬੇਰ ਦੇ ਬੂਟੇ ਹੇਠ।

*ਰਾਇ ਨੂੰ ਮਿਲਣ ਤੋਂ ਪਹਿਲੇ ਦਾ ਇਕ ਹੋਰ ਪ੍ਰਸੰਗ ਭੀ ਹੋਯਾ ਹੈ ਕਿ ਸ੍ਰੀ ਗੁਰੂ ਜੀ ਜਦ ਰਾਇ ਕੱਲੇ ਦੇ ਗਿਰਾਂ ਦੀਆਂ ਦੂਹਾਂ ਵਿਚ ਅੱਪੜੇ ਹਨ ਤਾਂ ਆਪ ਜੀ ਨੇ ਗੁੱਜਰਾਂ ਤੋਂ ਦੁੱਧ ਮੰਗਿਆ। ਗੁਜਰਾਂ ਨੇ ਮਖੌਲ ਕੀਤਾ ਤੇ ਕਿਹਾ:–"ਅਸਾਂ ਦੇ ਡੰਗਰ ਲਵੇਦੇ ਨਹੀਂ! ਪਿਛੇ ਓਹ ਜੋ ਮਾਹੀ ਆ ਰਿਹਾ ਹੈ ਰੱਬਰੂ ਉਸਦੀ ਗਾਂ ਦੁੱਧ ਦੇਂਦੀ ਹੈ"। ਗੁੱਜਰ ਲੰਘ ਗਏ, ਜਦੋਂ ਉਹ ਮਾਹੀ ਆਯਾ ਤਾਂ ਆਪ ਨੇ ਦੁੱਧ ਮੰਗਿਆ। ਉਹ ਹੱਥ ਜੋੜ ਕੇ ਕਹਿਣ ਲੱਗਾ"ਦੁੱਧ ਸਦਕੇ ਨਾਂ ਕਰਾਂ, ਪਰ ਮੇਰੀ ਗਾਂ ਤਾਂ ਦੁੱਧ ਨਹੀਂ ਦੇਂਦੀ। ਆਪ ਨੂੰ ਜੋ ਉਹ ਗੁੱਜਰ ਮੇਰੀ ਗਾਂ ਲਵੇਰੀ ਦੱਸ ਗਏ ਹਨ ਮਸ਼ਕਰੀ ਕਰ ਗਏ ਹਨ"। ਆਪ ਹੱਸੇ ਤੇ ਕਹਿਣ ਲੱਗੇ "ਮਸ਼–ਕਰੀਆਂ ਬੀ ਕਰਨ ਲਈ ਹੀ ਬਣੀਆਂ ਹਨ, ਤੂੰ ਲੈ ਲੋਟਾ ਤੇ ਚੋ ਗਾਂ, ਸਾਈਂ ਦੁੱਧ ਦੇਵੇਗਾ"। ਇਕ ਛੇਕੋ ਛੇਕ ਲੋਟਾ ਸੀ ਜੋ ਗੁਰਾਂ ਨੇ ਦਿੱਤਾ। ਮਾਹੀ, ਨਿਸ਼ਚੇ ਵਾਲਾ ਮਾਹੀ, ਬਹਿ ਗਿਆ; ਭੱਜੀ ਹੋਈ ਯਾ ਭੱਜ ਰਹੀ ਗਾਂ ਦੇ ਥਣਾਂ ਵਿੱਚ ਦੁੱਧ ਆ ਗਿਆ, ਮਾਹੀ ਦੁੱਧ ਚੋਵੇ, ਕੁਛ ਤੇ ਲੋਟੇ ਵਿਚ ਰਹਿਵੇ ਕੁਛ ਛੇਕਾਂ ਥਾਣੀ ਸਿੰਮੇ, ਆਖਰ ਭਰ ਗਿਆ ਲੋਟਾ। ਪਿਆਰ ਭਰੇ ਤੇ ਸ਼ਰਧਾ ਭਰੇ ਅਥਰੂਆਂ ਨਾਲ ਭਰਿਆ ਲੋਟਾ ਲੈਕੇ ਮਾਹੀ ਆਇਆ। ਆਪ ਨੇ ਦੁੱਧ ਲਿਆ, ਪੀਤਾ ਤੇ ਕਿਹਾ "ਬਿਸ਼ੰਭਰ ਹੈਂ! ਸਰਬੰਭਰ ਹੈਂ"। ਫਿਰ ਮਾਹੀ ਨੂੰ ਫੁਰਮਾਯਾ "ਮਾਹੀ! ਲੈ ਇਹ ਲੋਟਾ ਤੂੰਹੇਂ ਰੱਖ, ਤੂੰ ਰੱਜ ਖਾਵੇਂਗਾ"। ਕਹਿੰਦੇ ਹਨ ਕਿ ਇਹ ਲੋਟਾ ਅਜੇ ਤੱਕ ਰਾਇ ਕੱਲੇ ਦੇ ਖਾਨਦਾਨ ਵਿਚ ਰਾਇ ਇਨਾਯਤ ਖਾਂ ਜੀ ਸਬ੍ਹ ਜੱਜ ਪਾਸ ਹੈ, ਲੋਕੀਂ ਦੇਖਣ ਜਾਂਦੇ ਹਨ; ਦੇਖਣ ਵਾਲੇ ਦੱਸਦੇ ਹਨ ਕਿ ਇਹ ਲੋਟਾ ਛੇਕੋ ਛੇਕ ਹੈ ਪਰ ਜਦ ਭਰ ਜਾਏ ਤਾਂ ਪਾਣੀ ਫਿਰ ਨਹੀਂ ਸਿੰਮਦਾ।

†ਇਹ ਪਿੰਡ ਮੋਗੇ ਦੀ ਤਸੀਲ ਵਿੱਚ ਹੈ।

ਬਸਾਯੋ। [1]ਸ਼੍ਰੀ ਸਤਿਗੁਰ ਹਰਿਗੋਬਿੰਦ ਸੰਗੇ। ਮਿਲ੍ਯੋ ਜੋਧ ਸਿਖ ਭਾ ਸਰਬੰਗ॥੨੯॥ਲਲਾਬੇਗ ਸੋਂ ਰਨ ਜਿਸ ਕਾਲ।ਲਰ੍ਯੋ ਤਬੈ ਲੇ ਚਮੂੰ ਬਿਸਾਲ। ਸ਼੍ਰੀ ਅਰਜਨ ਸੁਤ ਬਹੁਤ ਰਿਝਾਯੋ[1] । ਦੀਰਘ ਪ੍ਰਾਕ੍ਰਮ ਕਰਿ ਦਿਖਰਾਯੋ ॥੩੦॥ ਤਿਹ ਕੇ ਪੌਤ੍ਰ ਤੀਨ ਤਹਿਂ ਅਹੇ। ਪੁਰਿ ਕਾਂਗੜ ਤੇ ਦੀਨੇ ਰਹੇ। ਏਕ ਸ਼ਮੀਰ ਦੁਤੀ ਲਖਮੀਰ। ਤਖਤਮੱਲ ਤੀਸਰ ਮਤਿ ਧੀਰ ॥੩੧॥ ਜਿਨ ਕੋ ਹੁਕਮ ਗ੍ਰਾਮ ਗਨ ਮਾਨੈਂ। ਗਾਹਕ ਸਕਲ ਬਡੋ ਜਿਸ ਜਾਨੈਂ। ਤਿਨ ਕੇ ਪਾਸ ਏਕ ਨਰ ਗਯੋ।ਤਹਿਂ ਪਹੁੰਚਨ ਗੁਰ ਰੁਖ ਲਖਿਲਯੋ॥੩੨॥ਤਿਨ ਸਭਿਹਿਨਿ ਸਨ ਖਬਰ ਸੁਨਾਈ। 'ਗਨ ਤੁਰਕਨ ਸਨ ਕੀਨਿ ਲਰਾਈ।ਸ਼੍ਰੀ ਗੁਰ ਗੋਬਿੰਦ ਸਿੰਘ ਇਤਿ ਆਏ।ਅਪਨ ਗ੍ਰਾਮ ਕੇ ਅਬਿ ਨਿਯਰਾਏ ॥ ੩੩ ॥ ਜਾਨੈ ਕੌਨ ਜਾਹਿਂ ਕਿਸ ਗ੍ਰਾਮੂ?ਉਤਰਹਿਂ ਕਿਸ ਗਾਹਕ ਬਰ ਧਾਮੂ। ਉਚਿਤ ਅਹੈ ਤੁਮ ਕੋ ਅਗਵਾਈ।ਮਿਲਹੁ ਜਾਇ ਲੇ ਨਰ ਸਮੁਦਾਈ'॥੩੪॥ਸੁਨਤਿ ਸ਼ਮੀਰ ਭ੍ਰਾਤ ਲਖਮੀਰ।ਤੂਰਨ ਤਯਾਰ ਭਏ ਮਤਿ ਧੀਰ।ਨਰ ਸਕੇਲ ਕੇਤਿਕ ਸੰਗ ਲੀਨੇ। ਨਿਕਸਿ ਅਗਾਊ ਮਗ ਪਗ ਦੀਨੇ ॥੩੫॥ ਦੋਇ ਕੋਸ ਆਗੇ ਚਲਿ ਆਏ। ਨਾਨਾ ਵਸਤੁ ਉਪਾਇਨ ਲ੍ਯਾਏ। ਚਢੇ ਤੁਰੰਗਮ ਆਵਤਿ ਆਗੇ। ਤਨ ਪਹਿਰੇ ਨੀਲਾਂਬਰ ਬਾਗੇ॥੩੬॥ਤੂਰਨ ਨਿਕਟ ਹੋਇ ਕਰ ਬੰਦੇ[2]।ਬੰਦੇ[3] ਸੁੰਦਰ ਪਦ ਅਰਬਿੰਦੇ। ਸਹਿਤ ਰਕਾਬ ਸਪਰਸ਼ਨ ਕਰੇ। ਨੰਮ੍ਰੀ ਬਨਿ ਬਨਿ ਸਿਰ ਨਿਜ ਧਰੇ ॥੩੭॥ ਕੁਸ਼ਲ ਪ੍ਰਸ਼ਨ ਤਿਨ ਪ੍ਰਤਿ ਗੁਰ ਕਹ੍ਯੋ। [4]'ਕ੍ਰਿਪਾ ਆਪ ਕੀ ਸਭਿ ਸੁਖ ਲਹ੍ਯੋ। ਪ੍ਰਭੁ ਜੀ! ਚਲੀਅਹਿ ਧਾਮ ਹਮਾਰੇ।ਉਤਰਹੁ,ਸ਼੍ਰਮ ਤਨ ਤੇ ਦਿਹੁ ਟਾਰੇ॥੩੮॥ ਪਾਵਨ ਕਰਹੁ ਗ੍ਰਾਮ ਗਨ ਧਾਮੂ।ਸਿੱਖ ਕਦੀਮੀ ਹਮ ਪਗ ਸਾਮੂ। ਪਿਤਾ ਪਿਤਾਮਾ ਸੇਵਕ ਰਹੇ। ਗੁਰੂ ਪ੍ਰਸੰਨ ਹੋਇ ਦੁਖ ਦਹੇ' ॥ ੩੯ ॥ ਸੁਨਿ ਸਿੱਖਨਿ ਤੇ ਕ੍ਰਿਪਾ ਨਿਧਾਨਾ। ਹੇਤ ਸੁਚੇਤੀ ਬਾਕ ਬਖਾਨਾ। 'ਤੁਰਕਨ ਸੰਗ ਹਮਾਰੇ ਬਾਦਾ। ਪਰੇ ਅਧਿਕ ਸੰਗ੍ਰਾਮ ਬਿਖਾਦਾ॥੪੦ ॥ ਸੋ ਹਾਕਮ, ਤੁਮ ਹੋ ਤਿਨ ਰੱਯਤ। ਲਰਹੁ ਨ ਕਛੁ ਕਰ ਅਧਿਕ ਜਮੱਯਤ[5]।ਧਰਹੁ ਤ੍ਰਾਸ, ਨਹਿਂ ਬਲ ਸੰਭਾਰਹੁ। ਕਿਮ ਹਮ ਕੋ ਨਿਜ ਸਦਨ

---

[1]ਭਾਵ,ਜੋਧ ਨਾਮੇ ਸਿੱਖ ਗੁਰੂ ਹਰਿਗੋਬਿੰਦ ਜੀ ਨੂੰ ਮਿਲਕੇ ਪੂਰਨ ਸਿੱਖ ਹੋਇਆ ਸੀ ਤੇ ਲਲਾਬੇਗ ਨਾਲ ਲੜਿਆ ਸੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਜਿਸਨੇ ਬਹੁਤ ਖੁਸ਼ ਕੀਤਾ ਸੀ। [ਕਾਂਗੜ ਰਾਇ ਜੋਧ ਦੀ ਰਾਜਧਾਨੀ ਸੀ]। [2]ਹੱਥ ਜੋੜੇ। [3](ਮੱਥਾ) ਟੇਕਿਆ। [4]ਉਨ੍ਹਾਂ ਨੇ ਉੱਤਰ ਦਿੱਤਾ। [5]ਬਹੁਤੀ ਜਿਨਾ ਹੋਕਰ ਕੁਛ ਲੜ ਨਹੀਂ ਸਕਦੇ।

ਉਤਾਰਹੁ ?'॥ ੪੧ ॥ ਸੁਨਿ ਕਰ ਜੋਰਿ ਸਰਬ ਪੁਨ ਕਹੈਂ। 'ਅਬਿ ਰਾਵਰ ਕੀ ਸ਼ਰਨੀ ਅਹੈਂ। ਕ੍ਰਿਪਾ ਕਰਹੁ ਹੁਇਂ ਸਦਨ ਪਵਿੱਤ੍ਰਾ। ਤੁਮ ਚਲਿੱਤ੍ਰ ਹੈਂ ਚਿੱਤ੍ਰ ਬਚਿੱਤ੍ਰਾ ॥੪੨॥ ਪੁਸ਼ਤੈਨੀ[1] ਹਮ ਦਾਸ ਤੁਮਾਰੇ। ਮਿਲਿਨਿ ਆਪ ਸੋਂ ਕਿਸ ਡਰ ਧਾਰੇਂ। ਗੁਰ ਸਿੱਖਨ ਸੋਂ ਮੇਲ ਹਮੇਸ਼। ਬਰਜ ਸਕਹਿ ਅਸ ਕੌਨ ਵਿਸ਼ੇਸ਼[2] ॥ ੪੩ ॥ ਪੂਰਵਹੁ ਸ਼ਰਧਾ ਆਪ ਹਮਾਰੀ। ਤੁਮ ਕ੍ਰਿਪਾਲ ਦੁਖ ਦੁੰਦ ਬਿਦਾਰੀ। ਜੇ ਇਮ ਸਮਾ ਆਨਿ ਹੀ ਬਨੈ। ਸੰਗ ਆਪ ਕੇ ਹੁਇਰਿਪੁ ਹਨੈਂ[3] ॥੪੪॥ ਨਹਿਂ ਰਾਵਰ ਕੋ ਤਜਾਗੈਂ ਸੰਗ। ਤੁਰਕਨਿ ਸੰਗ ਕਰੈਂ ਇਮ ਜੰਗ'।ਇੱਤਜਾਦਿਕ ਬਿਨਤੀ ਸੁਨਿ ਕਾਨਾ।ਗੁਰੂ ਗ਼ਰੀਬ ਨਿਵਾਜ ਸੁਜਾਨ ॥ ੪੫ ॥ ਚਲੇ ਸੰਗ ਤਿਨ ਕਹਿਬੋ ਮਾਨਤੇ। ਪੀਛੈ ਪੁਰਿਜਨ ਪੁੰਜ ਪਯਾਨਤੇ। ਪਹੁੰਚੇ ਗ੍ਰਾਮ ਬਿਖੈ ਤਬਿ ਜਾਇ। ਨਰ ਨਾਰੀ ਦਰਸ਼ਨ ਕੌ ਪਾਇ ॥ ੪੬ ॥ ਕਾਰੇ ਸਦਨ ਹੁਤੇ ਸਭਿ ਕੋਰੇ। ਹਿਤ ਉਤਰਨਿ ਕੇ ਨੀਕੋ ਹੇਰੇ। ਇਕ ਤ੍ਰਿਖਾਨ ਕੋ ਧਾਮ ਨਿਹਾਰਾ। ਤਿਸ ਪਰ ਚਾਰੂ ਰਚਯੋ ਚੁਬਾਰਾ ॥ ੪੭ ॥ ਸੋ ਪਸਿੰਦ ਉਤਰਨਿ ਕੇ ਦੇਖਾ। ਪਾਵਨ ਲੀਪਨ ਕੀਨ ਵਿਸ਼ੇਖਾ। ਸੁੰਦਰ ਆਨਿ ਪ੍ਰਯੰਕ ਡਸਾਵਾ।ਬਿਸਦ ਬਿਛੌਨੇ ਤੇ ਸਭਿ ਛਾਵਾ॥੪੮॥ ਹਯ ਤੇ ਉਤਰਿ ਚਢੇ ਤਿਸ ਜਾਇ। ਬੈਠਿ ਗਏ ਸਤਿਗੁਰ ਸਤਿ ਭਾਇ। ਤੀਨਹੁੰ ਸਿੰਘ ਸਮੀਪੀ ਥਿਰੇ।ਸੁਨਿ ਸੁਨਿ ਨਰ ਨਾਰੀ ਮੁਦ ਭਰੇ ॥੪੯॥ ਦਰਸ਼ਨ ਹਿਤ ਆਏ ਸਮੁਦਾਇ।ਧਰਹਿਂ ਉਪਾਇਨ ਬੰਦਹਿਂ ਪਾਇ। 'ਧੰਨ ਭਾਗ ਸ਼੍ਰੀਗੁਰ ਗ੍ਰਿਹ ਆਏ। ਭਏ ਕ੍ਰਿਤਾਰਥ ਬਿਘਨ ਮਿਟਾਏ' ॥੫੦॥ ਬੈਠੇ ਘਨੇ ਆਇ ਬਡ ਭੀਰਾ। ਨਰ ਨਾਰੀ ਦਰਸਹਿਂ ਥਿਰ ਤੀਰਾ। ਦੁਗਧ ਆਨਿ ਕਰਿ ਗਨ ਮਿਸ਼ਟਾਨ। ਕਰਿਵਾਯੋ ਸਿੰਘਨ ਕੋ ਪਾਨ ॥੫੧॥ਨਾਨਾ ਭਾਂਤਿ ਬਾਤ ਮਿਲਿ ਕਰਿਤੇ। ਸ਼੍ਰੀ ਸਤਿਗੁਰ ਕੋ ਸੁਜਸ ਉਚਰਿਤੇ। ਇਸੀ ਰੀਤਿ ਸੰਧਯਾ ਹੁਇ ਆਈ। ਗਮਨੇ ਨਰ ਨਾਰੀ ਨਿਜ ਥਾਈਂ ॥ ੫੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦੀਨੇ ਗ੍ਰਾਮ ਆਵਨ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤੀ ਅੰਸੂ ॥ ੫੩ ॥

## ੫੪. [ਰਾਇ ਕੱਲੇ ਦੀ ਵੰਸ਼ ਦਾ ਹਾਲ]।

ਦੋਹਰਾ॥ ਕਛ ਪ੍ਰਸੰਗ ਹੈ ਰਾਇ ਕੋ[4] ਦਈ ਗੁਰੂ ਤਰਵਾਰ। ਸੁਨੀਅਹਿ ਸ਼੍ਰੋਤਾ ਪ੍ਰੀਤ ਧਰਿ ਕਰਿ ਹੌਂ ਅਬਹਿ ਉਚਾਰ॥੧॥ ਚੌਪਈ॥ਹਰਖਯੋ ਰਾਇ ਸਦਨ ਲੇ ਆਯੋ। ਸੁੰਦਰ ਏਕ ਪ੍ਰਯੰਕ ਡਸਾਯੋ। ਚਾਰੁ ਬਿਛੌਨਾ ਊਪਰ ਛਾਏ।ਪੂਜਨ ਸੌਜ ਲਜਾਇ ਸਮੁਦਾਏ ॥ ੨ ॥ ਅਤਰ ਫੂਲ ਕੀ ਮਾਲ ਬਿਸਾਲਾ। ਚੰਦਨ

[1]ਪੀਹੜੀਆਂ ਦੇ। [2]ਕੌਣ ਡਾਢਾ ਹੈ ਐਸਾ ? [3]ਵੈਰੀ ਨੂੰ ਨਾਸ਼ ਕਰਾਂਗੇ। [4]ਭਾਵ, ਰਾਇ ਕੱਲੇ ਦਾ।

ਅਤਿ ਸੁੰਦਰ ਗੰਧਾਲਾ[1]। ਧੂਪ ਧੁਖਾਇ ਆਰਤੀ ਕੀਨਿ। ਚੰਦਨ ਚਰਚਤਿ ਸੁਮਨਸੁ ਲੀਨਿ ॥੩॥ ਤਿਸ ਪ੍ਰਯੰਕ ਪਰ ਖੜਗ ਟਿਕਾਯੋ। ਪੂਜਹਿ ਸ਼ਰਧਾ ਭਾਵ ਵਧਾਯੋ। ਦੀਪਕ ਘ੍ਰਿੱਤ ਪਾਇ ਨਿਤ ਜਾਰੇ। ਨਿਤ ਹੀ ਫੂਲ ਮਾਲ ਕੌ ਡਾਰੇ ॥ ੪ ॥ ਖੀਨ ਖਾਫ ਕੀ ਤੂਲ ਰਜਾਈ। ਹਿਮ ਰੁਤਿ ਮਹਿਂ ਅਸਿ-ਊਪਰ[2] ਪਾਈ। ਰਹੈ ਅੰਗੀਠੀ ਆਗੈ ਧਰੀ। ਫਿਰਹਿ ਚੌਰ ਸੁੰਦਰ ਸਭਿ ਘਰੀ ॥ ੫ ॥ ਗ੍ਰੀਖਮ ਰੁਤ ਮਹਿਂ ਪੋਸ਼ਿਸ਼ ਧਰੀ। ਪਟ ਬਨਾਰਸੀ ਦੁਪਟਾ ਜ਼ਰੀ[3]।ਘਨੀ ਸੁਗੰਧਿ ਅਤਰ ਤੇ ਆਦਿ। ਨਿਤ ਪ੍ਰਤਿ ਪੂਜਹਿ ਕਰਿ ਅਹਿ-ਲਾਦ ॥ ੬ ॥ ਬਾਯੁ ਕਰਹਿ ਬਿਜਨਾ ਕੋ ਫੇਰੈ। ਇਸ ਬਿਧਿ ਧਾਰਹਿ ਭਾਉ ਬਡੇਰੈ।ਬਯ ਕੋ ਭੋਗਿ ਭਾਉਚਿਤ ਲੋਰਿ।ਕੱਲੇਰਾਇ ਦਯੋ ਤਨ ਛੋਰਿ ॥ ੭॥ ਤਿਸ ਪਾਛੈ ਸੁਤ ਗਾਦੀ ਬੈਸਾ।ਧਰਨੋ ਭਾਉ ਗੁਰ ਅਸਿ ਮਹਿਂ ਤੈਸਾ[4]।ਅਨਿਕ ਭਾਂਤਿ ਕੀ ਪੂਜਾ ਕਰੈ। ਸੀਸ ਨਿਵਾਵੈ ਸ਼ਰਧਾ ਧਰੈ ॥ ੮ ॥ ਸੋ ਭੀ ਭੋਗਿ ਆਰਬਲ ਮਰਨੋ। ਤਿਸ ਪੌਤ੍ਰਾ ਗਾਦੀ ਪਰ ਥਿਰਨੋ। ਸੰਗਤਿ ਪਾਇ ਮੁਲਾ-ਨਨਿ ਕੇਰੀ। ਬਿਗਰਨੋ ਸ਼ਰਧਾ ਘਟੀ ਘਨੇਰੀ ॥੯ ॥ ਮਿਲਹਿਂ ਤੁਰਕ ਗਨ ਤਰਕ ਉਚਾਰਹਿਂ। 'ਇਹ ਕਾਫਰ ਕੀ ਰੀਤਿ ਬਿਚਾਰਹਿਂ[5]। ਹਿੰਦੁਨਿ ਗੁਰ ਕੇ ਸਿਖ ਤੁਮ ਰਹੇ। ਫਿਰਿ ਸ਼ਰ੍ਹਾ ਤੇ ਪੁਸ਼ਤਨਿ[6] ਲਹੇ ॥ ੧੦ ॥ ਦੋਜਕ ਪਰਹੁ ਅਗਾਰੀ ਜਾਇ। ਕਯਾਮਤ ਮਹਿਂ ਤੁਮ ਲਹੋ ਸਜ਼ਾਇ। ਨੀਕੋ ਖੜਗ ਗਰੇ ਨਹਿਂ ਪਾਵਹੁ। ਨਿਸ ਦਿਨ ਧਰੇ ਪ੍ਰਯੰਕ ਪੁਜਾਵਹੁ' ॥੧੧॥ ਇੱਤਨਾ-ਦਿਕ ਤਿਹ ਬਹੁ ਸਮੁਝਾਯੋ। ਰਾਇ ਪੌਤ੍ਰ ਲੇ ਗਲ ਮਹਿਂ ਪਾਯੋ। ਤਿਸ ਹੀ ਦਿਨ ਸੋ ਚਢਨੋ ਅਖੇਰਾ। ਕਿਮ ਰਹਿ ਸਕਹਿ ਕਾਲ ਜੋ ਪ੍ਰੇਰਾ ॥੧੨॥ਫਿਰਿ ਝੀਲ ਬਡ ਮਹਿਂ ਜਬਿ ਗਯੋ। ਨਿਕਸਨੋ ਮ੍ਰਿਗ ਅਵਿਲੋਕਤਿ ਭਯੋ। ਸਕਲ ਸੈਨ ਕੌ ਥਿਰ ਤਹਿਂ ਕਰਿਕੈ। ਗਯੋ ਇਕਾਂਕੀ ਗਰਬ ਸੁ ਧਰਿਕੈ ॥ ੧੩ ॥ ਭਯੋ ਨੇਰ ਤਰਵਾਰ ਨਿਕਾਰੀ। ਝੁਕਿ ਝਟਪਟ ਮ੍ਰਿਗ ਊਪਰ ਝਾਰੀ। ਸੋ ਬਚਿ ਗਯੋ ਛਾਲ ਕਰਿ ਆਗੀ। ਬਹਿਕ* ਹਾਥ ਉਰੂ ਪਰ ਲਾਗੀ[7] ॥ ੧੪ ॥ ਇਮ ਸ਼ਮਸ਼ੇਰ ਸਾਫ ਹੁਇ ਬਹੀ। ਕਟਨੋ ਉਰੂ ਕੁਛ ਬਾਕੀ ਰਹੀ। ਤਰ ਗਿਰ ਪਰਨੋ[8] ਤੁਰੰਗ ਫਿਗ ਖਰਨੋ। ਸਭਿ ਸੈਨਾ ਤਬਿ ਟੇਰਨਿ ਕਰਨੋ,

---

[1]ਸੁਗੰਧੀ ਵਾਲਾ। [2]ਤਲਵਾਰ ਦੇ ਉਤੇ। [3]ਬਨਾਰਸੀ ਰੇਸ਼ਮ ਦਾ ਜ਼ਰੀਦਾਰ ਦੁਪੱਟਾ। [4]ਗੁਰਾਂ ਦੀ (ਬਖਸ਼ੀ) ਤਲਵਾਰ ਵਿਚ। [5]ਭਾਵ ਬੁਤ ਪ੍ਰਸਤੀ ਕਰਦਾ ਹੈ। [6]ਪੀੜ੍ਹੀਆਂ ਤੋਂ। [7]ਹੱਥ [illegible] ਦੀ ਪੱਟ ਤੇ ਜਾ ਵੱਜੀ (ਤਲਵਾਰ)। [8]ਹੇਠਾਂ ਡਿੱਗ ਪਿਆ। *ਪਾ:—ਛੁਹਿ ਕਰਿ।

੧੫ ॥ ਦੋਹਰਾ ॥ 'ਹਾਇ ਹਾਇ' ਮੁਖ ਭਨਤਿ ਹੈ ਸੁਨਿ ਆਏ ਸਹਿਸਾਇ।
ਕਟਨੋ ਪਰਨੋ ਅਵਲੋਕ ਕਰਿ ਸਿਵਕਾ ਲਿਯੋ ਚਢਾਇ॥੧੬॥ ਨਿਸ਼ਾਨੀਛੰਦ ॥
ਪੰਥ ਬਿਖੈ ਹੀ ਮਰਿ ਗਯੋ ਨਹਿੰ ਘਰਲਗ ਆਵਾ। ਕਵਿ ਭਾਖੈ ਹਮ ਅਲਪ
ਬਯ ਜਬਿ ਇਹ ਸੁਨਿ ਪਾਵਾ। ਗੁਰ ਕ੍ਰਿਪਾਨ ਤੇ ਕਟਿ ਮਰਨੋ ਬਨ ਗਏ
ਅਖੇਰਾ। ਰਾਜਬੰਸ ਅਰੁ ਤੇਜ ਸਭਿ ਜੁਤਿ ਮੂਲ ਉਖੇਰਾ॥੧੭॥ਫੁਰਨੋ ਬਾਕ
ਸਤਿਗੁਰੂ ਕੋ ਸੁਨਿ ਸ਼ੁਤ ਦ੍ਰਿਗ ਹੇਰਾ[1]। ਇਮ ਤਿਨਕੋ ਅਵਸਾਨ ਭਾ[2] ਜਗ
ਲਖਹਿ ਘਨੇਰਾ। ਸੁਨਿਹੁ ਗੁਰੂ ਕੀ ਬਾਰਤਾ ਦੀਨੇ ਥਿਰ ਹੋਏ। ਸੇਵਹਿੰ ਬਹੁ
ਬਿਧਿ ਪ੍ਰੇਮ ਕਰਿ ਦਰਸੈਂ ਸਭਿ ਕੋਏ॥੧੮॥ ਨਿਕਟ ਦੂਰ ਸੁਧਿ ਕੋ ਸੁਨਹਿੰ
ਸਿਖ ਸੰਗਤ ਸਾਰੇ। ਲਜਾਇ ਅਕੋਰਨਿ ਜੋਰਿ ਕਰ ਹੇਰਹਿੰ ਮੁਦ ਧਾਰੇ।
'ਧੰਨ ਗੁਰੂ ਕਰਿ ਜੰਗ ਕੋ ਲਾਖਹੁੰ ਰਿਪੁ ਮਾਰੇ। ਸਾਹਿਬਜ਼ਾਦੇ ਰਣ ਮਰੇ ਸੁਰ
ਲੋਕ ਸਿਧਾਰੇ ॥ ੧੯ ॥ ਪੁੱਤ੍ਰ ਮੋਹ ਜਿਨਕੇ ਨਹੀਂ, ਇਕ ਰਸ ਮਨ ਸ਼ਾਂਤੀ।
ਬਡੇ ਬਹਾਦੁਰ ਅਤਿਰਥੀ ਸ਼ੱਤ੍ਰੁ ਬਲਿ ਘਾਤੀ[3]'।ਬਸਤ੍ਰ ਉਪਾਇਨ ਆਨਤੇ
ਬਹੁ ਦਰਬ ਚਢਾਵੈਂ। ਹਯ ਲਘੁ ਦੀਰਘ ਜ਼ੀਨ ਜੁਤਿ ਗੁਰ ਕੋ ਅਰਪਾਵੈਂ ॥
੨੦॥ ਚਾਕਰ ਰਾਖੇ ਕਿਤਿਕ ਤਹਿੰ ਗੁਰ ਚਢਹਿੰ ਅਖੇਰੇ। ਦੇਸ਼ ਬਿਦੇਸ਼ਨਿ
ਸੁਨਤਿ ਭੇ ਸੁਨਿਸੁਨਿ ਤਿਸ ਬੇਰੇ।ਸ਼ਰਧਾਲੂ ਉਰਭਾਉ ਜੁਤਿ ਦਰਸ਼ਨ ਗਨ
ਆਈ।ਬਡੀ ਭੀਰ ਹੋਵਨਲਗੀ ਲਾਹਾ ਬਡਪਾਈ॥੨੧॥ਰੂਪਾਸੁਤ ਸੱਧੂਪਿਤਾ
ਦ੍ਵੈ ਸਿੱਖ ਤਿਖਾਨਾ॥ਜਿਨ ਖਸ਼ਟਮ ਪਤਿਸ਼ਾਹੁ ਕੋ ਰੀਝਾਵਨਿ ਠਾਨਾ। [4]ਜੇਠ
ਦੁਪਹਿਰੇ ਤਪਤ ਅਤਿ ਜਲ ਸੀਤਲ ਜਾਨੇ। ਤੀਸ ਕੋਸ ਤਬਿ ਗੁਰ ਹੁਤੇ
ਆਵਾਹਨ ਠਾਨੇ ॥ ੨੨ ॥ ਸੁੰਦਰ ਘਰ ਸੀਤਲ ਬਿਖੈ ਥਿਰ ਹੁਤੇ ਪ੍ਰਯੰਕਾ।
ਆਪਨੇ ਮਹਿੰ ਲਖਿ ਪ੍ਰੇਮ ਕੋ ਧਾਏ ਤਜਿ ਸ਼ੰਕਾ। ਤਜਿ ਸਭਿ ਸੁਖ ਇਕ
ਛਿਨਕ ਮਹਿ ਪਹੁੰਚਨ ਬਨ ਮਾਂਹੀ।ਭਏ ਤ੍ਰਿਖਾਤੁਰ ਜਾਚਤੇ-ਪਾਨੀ ਕਿਸ
ਪਾਹੀ-॥ ੨੩ ॥ ਸੁਤ ਪਿਤ ਮੁਦਤ ਸੁਚਿੱਤ ਮਹਿ ਉਠਿ ਕਰਿ ਤਤਕਾਲਾ।
ਸੀਤਲ ਜਲ ਦੀਨੋ,ਪਿਯੋ ਗੁਰ, ਅਨੰਦ ਬਿਸਾਲਾ।-ਦੇਗ਼ ਕਰੋ ਤਜਿ ਦੇਹੁ
ਕ੍ਰਿਤ-ਪ੍ਰਭੁ ਬਾਕ ਬਖਾਨਾ।ਤਵਿ ਤੇ ਸਤਿ ਸੰਗਤਿ ਅਧਿਕ ਤਿਨ ਸਿੱਖਨਿ
ਠਾਨਾ ॥ ੨੪ ॥ ਤਿਨ ਕੀ ਕੁਲ ਬਰਧਕ ਹੁਤੇ ਦ੍ਵੈ ਤਨੈ ਸਪੂਤਾ। ਸੁਨਿ ਕੈ
ਗੁਰ ਆਗਵਨ ਕੋ ਅਰੁ ਜੰਗ ਬਹੁਤਾ। ਸਾਹਿਬਜ਼ਾਦੇ ਚਾਰਹੂੰ ਪਰਲੋਕ

[1]ਜਿਨ੍ਹਾਂ ਨੇਤ੍ਰੀਂ ਦੇਖਿਆ ਸੀ ਉਨ੍ਹਾਂ ਤੋਂ ਕੰਨੀਂ ਸੁਣਿਆ ਹੈ। [2]ਐਉਂ ਉਨ੍ਹਾਂ ਦਾ ਅੰਤ ਹੋਇਆ।
[3]ਬਲੀ ਵੈਰੀਆਂ ਦੇ ਨਾਸ਼ਕ। [4]ਇਹ ਸੱਧੂ ਤੇ ਰੂਪੇ ਦਾ ਛੇਵੇਂ ਗੁਰਾਂ ਨਾਲ ਵਰਤਿਆ ਪ੍ਰਸੰਗ ਹੈ।

ਪਧਾਰੇ।ਬਿਸਮਾਨੇ ਮਨ ਮਹਿ ਮਹਾਂ–ਬਡ ਗ਼ਜ਼ਬ ਗੁਜ਼ਾਰੇ–॥ ੨੫ ॥ ਪਰਮ ਸਿੰਘ ਅਰੁ ਧਰਮ ਸਿੰਘ ਬਡ ਭਗਤੀਵਾਨੇ। ਹਿਤ ਦਰਸ਼ਨ ਕੇ ਤਯਾਰ ਭੇ ਧਰਿ ਪ੍ਰੇਮ ਮਹਾਨੇ।ਕਿਤਿਕ ਸਿੱਖ ਲੇ ਸੰਗ ਮੈਂ ਮੁਖ ਸ਼ਬਦ ਸੁ ਗਾਵੈਂ।ਬਾਰੀ ਬਾਰੀ ਪਢਤਿ ਹੈਂ ਕਰਿ ਜੋਟੀ ਆਵੈਂ॥੨੬॥ਮਗ ਉਲੰਘਿ ਸਭਿ ਇਸ ਬਿਧੀ ਪਹੁੰਚੇ ਤਹਿਂ ਐ ਕੈ। ਊਚੀ ਧੁਨਿ ਤੇ ਗਾਵਤੇ ਅਨੁਰਾਗ ਵਧੈ ਕੈ। ਚਰਨ ਸਰੋਜਨ ਕੋ ਤਬੈ ਦੇਖਤਿ ਲਪਟਾਏ। ਨੀਰ ਬਿਲੋਚਨ ਤੇ ਬਹੈ,ਗਰ ਬਹੁ ਭਰਿਆਏ[1]॥੨੭॥ਹਿਤ ਪਹਿਰਿਨਿ ਸਤਿਗੁਰੂ ਕੇ ਪੋਸ਼ਿਸ਼ ਸ਼ੁਭ ਆਨੀ।ਸੇਤ ਬਸਤ੍ਰ ਸੂਖਮ ਬਹੁਤ ਸੋ ਧਰਿ ਅਗਵਾਨੀ। ਏਕ ਤੁਰੰਗਮ ਚਪਲ ਬਹੁ ਕੁਛ ਧਨ ਪੁਨ ਦੀਨੋ। ਇੱਤਯਾਦਿਕ ਧਰਿ ਭੇਟ ਕੋ ਸਭਿ ਨਿਕਟ ਅਸੀਨੋ॥੨੮॥ 'ਹਾਇ ਹਾਇ' ਕਰਿ ਰੁਦਤਿ ਭੇ-'ਬਡ ਸਾਂਗ ਅਰੰਭਾ[2]। ਸਾਹਿਬਜ਼ਾਦੇ ਹਤਿ ਭਏ ਇਹ ਅਧਿਕ ਅਚੰਭਾ। ਹੇ ਪ੍ਰਭੁ ! ਮਹਾਂ ਸਪੁੱਤ੍ਰ ਥੇ ਸੁੰਦਰ ਤਨ ਸੋਹੇ। ਤਪ ਜਪੁ ਦਾਨ ਅਨੇਕ ਤੇ ਅਸ ਪਾਇ ਨ ਕੋਹੇ ॥੨੯॥ ਆਰਬਲਾ ਭੁਗਤੀ ਨ ਕੁਛ ਮ੍ਰਿਤੁ ਭੇ ਤੁਮ ਆਗੇ।ਬਸਤ੍ਰ ਬਿਭੂਖਨਿ ਤੇ ਦਿਪਤ ਸਭਿ ਕੋ ਪ੍ਰਿਯ ਲਾਗੇ। ਦਰਬ ਕਰੋਰਹੁ ਹੇਮ ਗਨ ਸਭਿ ਸ਼ਸਤ੍ਰ ਖਜ਼ਾਨਾ। ਆਦਿ ਪ੍ਰਸਾਦੀ ਗਜ ਬਡੇ ਜਿਨਿ ਮੋਲ ਮਹਾਨਾ ॥ ੩੦ ॥ ਖਰੇ ਹਜ਼ਾਰਹੁੰ ਹਯ ਖਰੇ ਬਡ ਕੀਮਤ ਵਾਰੇ।ਦਲ ਬਿਡਾਰ[3]ਤੇ ਆਦਿ ਜੇ ਨਹਿਂ ਪਰਹਿਂ ਨਿਹਾਰੇ। ਐਸ਼੍ਵਰਜ ਅਪਰ ਅਨੇਕ ਹੀ ਨਹਿਂ ਗਿਨਿਬੇ ਮਾਂਹੀ। ਏਕ ਬਾਰਿ ਹੀ ਨਾਸ਼ ਭਾ ਕੁਛ ਦੀਖਤਿ ਨਾਂਹੀ॥੩੧॥ਸ੍ਰੀ ਪ੍ਰਭੁ ਬਡ ਅਫਸੋਸ ਹੈ, ਸਿਖ ਪਿਖਿ ਦੁਖ ਪਾਵੈਂ। ਅਸ ਰਾਵਰ ਕੇ ਸਾਂਗ ਤੇ ਨਹਿਂ ਕੋ ਭਰਮਾਵੈ?'।ਸ੍ਰੀ ਸਤਿਗੁਰ ਸੁਨਿਕੈਂਤਨੈਂ ਪਿਖਿ ਦੁਖੀ ਬਿਸਾਲਾ।'ਜਗਤ ਪਦਾਰਥ ਰੀਤਿਇਹ ਬਿਨਸੈਂ ਤਤਕਾਲਾ ॥ ੩੨॥ ਉਪਜਹਿ ਬਿਨਸਨਹਾਰ ਜੋ ਆਗੇ ਕਰਾ ਪਾਛੇ। ਇਨ ਕੀ ਥਿਰਤਾ ਹੋਤਿ ਨਹਿਂ ਕਹੈਂ ਗਯਾਨੀ ਬਾਂਛੇ। ਇਕ ਆਤਮ ਸੱਤਾ ਸਦਾ ਉਪਜੈ ਨ ਬਿਨਾਸ਼ੀ। ਸੋ ਸਰੂਪ ਨਿਜ ਜਾਨਿਕੈ ਹੁਇ ਪਰਮ ਪ੍ਰਕਾਸ਼ੀ[4] ॥ ੩੩ ॥ ਕੂਰ ਪਦਾਰਥ ਤੇ ਕਬਹੂੰ ਸ਼ੋਕ ਨ ਹਰਖਾਵੈ। ਇਕ ਰਸ ਬ੍ਰਿਤੀ ਸੁ ਆਤਮਾ ਤਿਹ

[1]ਗਲ ਬਹੁਤ ਭਰ ਆਏ(ਪ੍ਰੇਮ ਤੇ ਵੈਰਾਗ ਨਾਲ)। [2](ਭਾਵ ਇਹ ਹੈ ਕਿ ਹੇ ਗੁਰੂ ਜੀ ! ਆਪ ਨੇ) ਇਹ ਵਡਾ ਸਾਂਗ ਧਾਰਿਆ ਹੈ (ਕਿ ਸਮਰਥ ਹੋਕੇ ਇੰਨੇ ਕਸ਼ਟ ਸਹੇ ਤੇ ਭਾਣੇ ਵਰਤਦੇ ਝੱਲੇ ਹਨ)। [3]ਨਾਮ ਘੋੜੇ ਦਾ। [4]ਉਹ ਅਪਣਾ ਸਰੂਪ ਜਾਣਕੇ (ਇਸਥਿਤ) ਹੋਣਾ(ਕਿ ਜੋ) ਪਰਮ ਪ੍ਰਕਾਸ਼ ਰੂਪ ਹੈ।

ਜੋ ਲਿਵਲਾਵੈ[1] । ਰੇਖ ਨਿਕਾਰਹੁ ਮੇਟੀਐ ਜਨੋਂ ਲਾਭ ਨ ਹਾਨਾ । ਇਕ ਸਮ ਬ੍ਰਿਤਿ ਸਤਿਗੁਰਨਿ ਕੀ ਇਮ ਜਾਨਿ ਸੁਜਾਨਾ ॥੩੪॥ ਤੁਰਕਨਿ ਜਰਾਂ ਉਖੇਰਨੈ ਅਸ ਕ੍ਰਿਤਿ ਹਮ ਠਾਨਾ । ਸਾਹਿਬਜ਼ਾਦੇ ਰੂਪ ਮਮ ਕਯਾ ਤਿਨ ਕੋ ਹਾਨਾ।ਸਦਾ ਅਮਰ ਆਨੰਦ ਜੁਤਿ ਮਨ ਮੋਹ ਨ ਲੇਸ਼ਾ।ਤਿਨਹੁਂ ਸ਼ੋਕ ਕਿਮ ਹਮ ਕਰੈਂ ਜੋ ਮੁਦਤ ਹਮੇਸ਼ਾ' ॥ ੩੫ ॥ ਇਮ ਸੁਨਿਕੈ ਗੁਰ ਤੇ ਦੁਊ ਕਛੁ ਧੀਰਜ ਪਾਯੋ।ਤਊ ਰਿਦੇ ਸੰਦੇਹ ਜੁਤਿ-ਐਸ਼ੂਰਜ ਗਵਾਯੋ ?-ਕਰ ਜੋਰਤਿ ਬਿਨਤੀ ਕਰੀ 'ਪੋਸ਼ਿਸ਼ ਪਹਿਰੀਜੈ । ਸ਼ਯਾਮ ਜਿ ਬਸਤ੍ਰ ਉਤਾਰੀਅਹਿ ਅਬਿ ਸ੍ਵੇਤ ਧਰੀਜੈ' ॥੩੬॥ ਸੁਨਿ ਸਤਿਗੁਰ ਪਿਖਿ ਭਾਵਨੀ ਕਹਿ ਬਿਨੈ ਸਪ੍ਰੇਮਾ॥ ਪਹਿਰੇ ਪੋਸ਼ਿਸ਼ ਬਿਸਦ ਬਰ ਕਰਿ ਸੇਵਕ ਛੇਮਾ । ਨੀਲੰਬਰ ਅੰਬਰ ਜਥਾ[2] ਸੋ ਧਰੇ ਉਤਾਰੀ*।ਇਮ ਦਰਸ਼ਨ ਕਰਿਕੈ ਭਲੋ ਹਰਖੇ ਨਰ ਨਾਰੀ ॥੩੭॥ ਕਿਤਿਕ ਸਮੈ ਬੈਠੇ ਨਿਕਟ ਰੂਪੇ ਕੇ ਬੰਸਾ । ਪੁਨ ਬੰਦਨ ਕਰਿ ਸਦਨ ਗੇ ਮੁਖ ਕਰਤਿ ਪ੍ਰਸੰਸਾ । ਇਤਨੋ†ਬਿਨਸਯੋ ਪਾਸ ਤੇ ਜਿਨ ਸ਼ੋਕ ਨ ਲੇਸਾ । ਪੁੱਤ੍ਰਾਦਿਕ ਪ੍ਰਿਯ ਵਸਤੁ ਬਹੁ ਹਤਿ ਭੇ ਨ ਕਲੇਸ਼ਾ ॥੩੮॥ ਇਤਿ ਸ਼੍ਰੀਗੁਰਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਭਾਈ ਪਰਮਸਿੰਘ ਧਰਮਸਿੰਘ ਮਿਲਨ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤੀ ਅੰਸੂ॥੫੪॥

੫੫. [ਧਰਮ ਸਿੰਘ ਨੂੰ ਸ਼ਹੀਦ ਸਿੰਘ ਮਿਲਿਆ । ਸ਼ਮੀਰ]।

ਦੋਹਰਾ ॥ ਅਗਲੇ ਦਿਨ ਹਿਤ ਖਾਨ ਕੇ ਉੱਤਮ ਅਸਨ ਕਰਾਇ । ਗਮਨਯੋ[3] ਦਰਸ਼ਨ ਕਰਨ ਕੋ ਸ਼ਰਧਾਲੂ ਧਰਿ ਭਾਇ ॥ ੧ ॥ਨਿਸ਼ਾਨੀ ਛੰਦ॥ ਕਿਤਕਿ ਸਿੱਖ ਆਗੇ ਗਏ ਕੋ ਆਵਤਿ ਪਾਛੇ । ਉਤਲਾਵਤਿ ਹੀ ਚਲਿ ਪਰਯੋ ਮਗ ਏਕਲ ਆਛੇ । ਵਹਿਰ ਗਯੋ ਚਲਿ ਕਿਤਿਕ ਜਬਿ ਬਾਂਮੇ ਪਿਖਿ ਦਾਏਂ।-ਕੋ ਸਿਖ ਆਵੈ ਗੈਲ ਤੇ ਲਿਉਂ ਸੰਗ ਰਲਾਏ।।੨॥ ਜਬਿ ਪਾਛਲ ਦਿਸ਼ ਦੇਖਿਓ ਆਵਤਿਸਿਖਧੀਰਾ । ਅਭਿਲਾਖਯੋ-ਮਿਲਿਕਰਿਚਲੈਂ ਸਤਿਗੁਰ ਕੇਤੀਰਾ-। ਸਨੈ ਸਨੈ ਚਲਿਬੇ ਲਗਯੋ ਹੇਰਤਿ ਸਿਖ ਓਰੀ। ਤਿਹ ਕੌਤਕ ਦਿਖਰਾਇਓ ਅਚਰਜ ਮਤਿ ਬੌਰੀ[4]॥੩॥ਬਿਸਦ ਬਰਨ ਕੇ ਬਸਤ੍ਰ ਬਰ ਪੂਰਬ ਦਿਖਰਾਏ। ਬਹੁਰ ਪੀਤ ਪੁਨ ਸ਼ਯਾਮ ਕਰਿ ਨਿਜ ਬੇਸ ਬਨਾਏ । ਅਰੁਣ ਬਰਣ ਪਹਿ-

[1]ਇਕਰਸ ਜੋ ਆਤਮਾ ਹੈ ਉਸ ਵਿਚ ਬ੍ਰਿਤੀ ਦੀ ਲਿਵ ਲਾਵੇ । [2]ਅਕਾਸ਼ ਵਰਗੇ ਨੀਲੇ ਬਸਤ੍ਰ । [3]ਭਾਵ ਧਰਮ ਸਿੰਘ ਗਿਆ । (ਦੇਖੋ ਅੱਗੇ ਅੰਕ ੫ ਤੇ ੯) । [4]ਭਾਵ ਉਸ ਸਿਖ ਨੇ ਅਚਰਜ ਕੌਤਕ ਦੱਸਿਆ ਜਿਸ ਨਾਲ ਧਰਮ ਸਿੰਘ ਦੀ ਮਤ ਅਚਰਜ ਰਹਿ ਗਈ । *ਏਥੇ ਨੀਲੇ ਕੱਪੜੇ ਉਤਾਰ ਦਿੱਤੇ ਹਨ ਚਿੱਟੇ ਪਹਿਰ ਲਏ ਹਨ ਪਰ ਅੱਗੇ ਚੱਲਕੇ ਐਨ ੧ ਅੰਸੂ ੫, ਅੰਕ ੩੫-੩੭ ਵਿੱਚ ਫੇਰ ਨੀਲੇ ਬਸਤ੍ਰ ਉਤਾਰਨ ਦਾ ਜ਼ਿਕਰ ਹੈ । †ਪਾঃ-ਏਤਕ । ਏਕਨ ।

ਰਣ ਕਰੇ ਬਡ ਛੋਟ ਬਨੈਂਤਾ। ਨਰ ਸਮ ਹੁਇ ਆਯੋ ਨਿਕਟ ਪੁਨ ਢਤੇ ਬੁਲੈਂਤਾ ॥੪॥ ਧਰਮ ਸਿੰਘ ਥਿਰ ਹੁਇ ਮਿਲ੍ਯੋ ਧਰਿ ਪ੍ਰੇਮ ਬਿਸਾਲਾ।ਸ਼ਕਤਿ ਵੰਤ ਪੁਨ ਗੁਰੂ ਸਿਖ ਬੋਲ੍ਯੋ ਤਿਸ ਕਾਲਾ। 'ਖਰੋ ਭਯੋ ਕਿਮਿ ਚਲਤਿ ਨਹਿੰ,ਗਮਨਹਿ ਕਿਸ ਥਾਨਾ?'ਸੁਨਿ ਭਾਈ ਬੋਲ੍ਯੋ ਤਬੈ,'ਸਤਿਗੁਰ ਢਿਗ ਜਾਨਾ ॥ ੫ ॥ ਸਾਥ ਅਗਾਰੀ ਸਭਿ ਗਯੋ ਤੁਝ ਪਿਖਿ ਥਿਰ ਹੋਵਾ। ਅਪਨਿ ਪ੍ਰਸੰਗ ਬਤਾਈਏ ਬਡ ਅਚਰਜ ਜੋਵਾ। ਸ਼ਕਤਿਵੰਤ ਅਰੁ ਸਿਖ ਗੁਰਨਿ[1] ਕਿਤ ਤੇ ਚਲਿ ਆਯੋ।ਪਹੁੰਚਹੁਗੇ ਕਿਸ ਥਲ ਬਿਖੈ?ਸਭਿ ਦੇਹੁ ਬਤਾਯੋ'॥ ੬॥ ਤਬਿ ਸ਼ਹੀਦ ਸਿੰਘ ਕਹਤਿ ਭਾ 'ਸੁਨੀਏ ਸ਼ੁਭ ਭਾਈ। ਸੱਧੂ ਰੂਪਾ ਤੁਵ ਬਡੇ ਗੁਰ ਸੇਵ ਕਮਾਈ। ਸਿੱਖ ਜਾਨਿ ਦੀਨਸਿ ਦਰਸ ਬਿਚਰਤਿ ਸਭਿ ਦੇਸਾ।ਰਹੈਂ ਸਦਾ ਗੁਰ ਕੇ ਨਿਕਟ ਗਨ ਬਲੀ ਵਿਸ਼ੇਸ਼ਾ ॥ ੭॥ ਹਮ ਸ਼ਹੀਦ ਲਾਖਹੁੰ ਫਿਰੈਂ ਬਡ ਸਮਰਥ ਧਾਰੀ। ਪੰਜ ਹਜ਼ਾਰ ਸੁ ਖਾਸ ਕੀ ਰਹਿੰ ਵਾਰੋ-ਵਾਰੀ। ਚੌਂਕੀ ਦੇਤਿ ਪ੍ਰਯੰਕ ਕੀ ਨਿਸ ਦਿਨ ਗੁਰ ਕੇਰੀ। ਅਪਰ ਸਰਬ ਅਨੁਸਾਰਿ ਰਹਿੰ ਪ੍ਰਭੁ ਕੇ ਢਿਗ ਹੇਰੀ ॥ ੮ ॥ ਜਿਮ ਆਗ੍ਯਾ ਉਚਰੈਂ ਗੁਰੂ ਕਰਿ ਹੈਂ ਤਤਕਾਲਾ।ਤਿਨਬਿਚ ਤੇ ਇਕ ਮੈਂ ਅਹੌਂ ਸੁਨਿ ਸ਼ਿੱਖਬਿਸਾਲਾ!' ਧਰਮ ਸਿੰਘ ਕੇ ਭਰਮ ਉਰ ਪੂਰਬ ਬਹੁਤੇਰਾ।–ਗੁਰ ਸਮਰਥ ਸਭਿ ਰੀਤਿ ਜੇ ਕਿਮ ਕੁਟੰਬ ਨਿਬੇਰਾ ॥੯॥ ਇਕ ਸੁਤ ਭੀ ਨਹਿੰ ਰਖਿ ਸਕੇ, ਐਸ਼੍ਵਰਜ ਭਿ ਖੋਵਾ। ਬਚੇ ਇਕਾਂਕੀ ਜਤਨ ਤੇ ਇਤ ਜੰਗਲ ਜੋਵਾ–। ਇਹ ਸੰਸੇ ਬੂਝਨਲਗ੍ਯੋ ਬਹੁਤਰਕ ਉਠੰਤਾ।'ਸ਼ਕਤਿਵੰਤਿ ਤੁਮ ਗਨ ਹੁਤੇ ਗੁਰਢਿਗ ਬਲਵੰਤਾ ॥੧੦॥ ਕੁਛ ਨ ਬਚਾਯਹੁ ਗੁਰੂ ਕੋ ਰਣ ਇਤਿਕ ਮਾਂਹੀ। ਪੁੱਤ੍ਰ ਆਦਿ ਐਸ਼੍ਵਰਜ ਸਭਿ ਬਿਨਸ੍ਯੋ, ਰਹਿ ਨਾਂਹੀ। ਇਸ ਮਹਿੰ ਕਾਰਨ ਕਵਨ ਭਾ?ਮੁਹਿ ਅਧਿਕ ਸੰਦੇਹੂ।ਤੁਰਕ ਬ੍ਰਿੰਦ ਰਣ ਮੰਡਿਕਰਿਬਡ ਸੰਕਟ ਦੇਹੂ' ॥੧੧॥ਤਬਿ ਸ਼ਹੀਦ ਸਿੰਘ ਬਚ ਕਹ੍ਯੋ 'ਅਲਪੱਗ੍ਯ ਜਿ ਪ੍ਰਾਨੀ। ਗੁਰ ਸਰ ਵੱਗ੍ਯ ਕੀ ਕ੍ਰਿੱਤਿ ਕੋ ਕਿਮ ਸਕੈਂ ਪਛਾਨੀ। ਪ੍ਰਥਮ ਜਨਮ ਦੇਵੀ ਕਹ੍ਯੋ ਤਜਿ ਸੁਤਨ ਸੁਨੇਹਾ[2]ਕਲ ਮੈਂ ਬਿਦਤੌਂ ਤੁਮ ਨਿਕਟ ਵਾਂਛਤਿ ਬਰ ਲੇਹਾ ॥੧੨॥ਬਹੁਰ ਗਾਇਤ੍ਰੀ ਕੋਪ ਕਰਿ* ਨਿਜ ਲਖਿ ਅਪਮਾਨਾ।–ਅੰਗੀਕਾਰ ਨ ਮੁਹਿ ਕਰ੍ਯੋ–ਤਿਨ ਸ੍ਰਾਪ ਬਖਾਨਾ।ਪੁਨ ਚੰਡੀ ਬਿਦਤੀ ਜਬੈ ਪਹੁੰਚੀ ਨ

[1]ਤੂੰ ਗੁਰਾਂ ਦਾ ਸਿਖ ਤੇ ਸ਼ਕਤਿਵੰਤ ਹੈਂ। [2]ਦੇਵੀ ਕਹਿਆ ਸੀ ਜੋ ਪੁੱਤ੍ਰਾਂ ਦਾ ਪਿਆਰ ਛਡ ਦਿਓ

*ਦੇਖੋ ਰੁਤ ੬ ਅੰਸੂ ੪੨ ਅੰਕ ੧੫ ਦੀ ਹੇਠਲੀ ਟੂਕ।

ਅਕੋਰਾ । ਚਾਰਹੁੰ ਸੁਤ ਲਛ[1] ਸਿੰਘ ਕੋ ਸੰਕਲਪ ਸੁ ਛੋਰਾ* ॥ ੧੩॥ ਪੁਨ ਤੁਰਕਨਿ ਕੀ ਜੜ੍ਹਾਂ ਬਡ ਛਿਤ ਰਾਜ ਬਿਸਾਲੇ।ਬਹੁ ਅਪਰਾਧ ਕਰਾਇਕਰਿ ਕਿਯ ਕੂਰ ਕੁਚਾਲੇ। ਤਿਨ ਕੋ ਤੇਜ ਬਿਨਾਸ਼ਨੇ ਐਸੀ ਕ੍ਰਿਤ ਠਾਨੀ। ਉਠਿ ਜੈ ਹੈ ਸਗਰੀ ਸਚਾ, ਹੁਇ ਤੇਜ ਪ੍ਰਹਾਨੀ[3] ॥੧੪॥ ਦੁੰਦਭਿ ਬਜੈ ਨ ਤੁਰਕ ਕੇ ਤੌ ਦਲ ਕਿਮ ਹੋਵੈ। ਰਾਜ ਧਰਾ ਪਰ ਜਿਸੀ ਕੇ ਜਹਿ ਕਹਿ ਸਭਿ ਜੋਵੈ। ਇੱਤਯਾਦਿਕ ਕਾਰਨ ਘਨੇ ਕੋ ਸਕੈ ਪਛਾਨੇ। ਸਰਬੱਗਯਨਿ ਕੀ ਕ੍ਰਿੱਤਿ ਪਰ ਕਯਾ ਤਰਕ ਬਖਾਨੇ ॥ ੧੫ ॥ ਮਤ ਥੋਰੀ ਸ਼ਰਧਾ ਬਿਨਾ ਜੋ ਤਰਕ ਉਠਾਵੈ। ਭੁਗਤਹਿ ਦੁਖ ਬਹੁ ਬਿਧਿਨਿ ਕੇ ਨਹਿੰ ਸੁਖ ਕੋ ਪਾਵੈ। ਮੈਂ ਏਕਲ ਹੀ ਕਰਿ ਸਕੌਂ ਤੁਰਕਾਨ ਬਿਨਾਸ਼ਾ। ਮਮ ਸਮ ਲਾਖਹੁੰ ਸ਼ਕਤਿ ਜੁਤਿ ਸਤਿਗੁਰ ਕੇ ਪਾਸਾ॥੧੬॥ਹਾਥ ਜੋਰਿ ਬੂਝਤਿ ਰਹੈਂ--ਪ੍ਰਭੁ ਜੀ!ਫੁਰ-ਮਾਵੋ--।ਨਹਿਂਆਗਯਾ ਕੋ ਦੇਤਿ ਕਬਿ,ਕਹਿਂ--ਥਿਰੇ ਰਹਾਵੋ--। ਲਾਖਹੁੰ ਕੋਟ ਸ਼ਹੀਦ ਹੈਂ ਨਿਤ ਗੁਰ ਅਨੁਸਾਰੀ। ਬਾਂਛਤਿ ਤੁਰਤ ਬਨਾਇ ਲੇਂ ਇਮ ਹੈਂ ਬਲ ਭਾਰੀ' ॥੧੭॥ਧਰਮ ਸਿੰਘ ਉਰ ਭਰਮ ਹਰਿ ਸ਼ਰਮਯੋ ਪਛੁਤਾਵਾ। ਸ਼੍ਰੀ ਸਤਿਗੁਰ ਸਰਬੱਗਯ ਮਹਿਂ ਸੰਦੇਹਾ† ਉਠਾਵਾ। ਹਾਥ ਜੋਰਿ ਬੰਦਨ ਕਰੀ 'ਧੰਨ ਧੰਨ ਗੁਰਦੇਵਾ।ਆਸ਼ੈ ਜਿਨਹੁੰ ਗੰਭੀਰ ਹੈ ਕੋ ਲਹੈ ਨ ਭੇਵਾ'॥ ੧੮ ॥ ਬੂਝਯੋ ਬਹੁਰ ਸ਼ਹੀਦ ਕੋ 'ਤਨ ਕਿਤਿਕ ਅਕਾਰਾ। ਕਿਧੌਂ ਇਤਿਕ ਹੀ ਰਹਿਤਹੋ ਠਾਨਤਿ ਬਲ ਭਾਰਾ।ਸੰਸੈ ਕਰੇ ਬਿਨਾਸ਼ ਤੁਮ ਗੁਰ ਸਮਸਰ ਹ੍ਵੈ ਕੈ। ਭਯੋ ਨਿਹਾਲ ਬਿਸਾਲ ਮੈਂ ਮਿਲ ਬਾਕ ਸੁਨੈ ਕੈ'॥੧੯॥ ਕਹਯੋ ਸ਼ਹੀਦ'ਸੁਨੀ-ਜੀਏ ਜਿਮ ਚਹੈਂ ਬਨਾਵੈਂ।ਅਵਿਲੋਕਹਿ ਤਨ ਬਡੋ ਕੋ ਬਹੁ ਤ੍ਰਾਸ ਉਪਾਵੈਂ। ਸਿੱਖ ਕਦੀਮੀ ਜਾਨਿਕੈ ਮਿਲਿ ਬਾਤ ਬਤਾਈ।ਜੇ ਅਬਿ ਦੇਖਯੋ ਚਹਤਿਹੈਂ ਸਭਿ ਦੇਹੁ ਦਿਖਾਈ'॥੨੦॥ਬੋਲਤਿ ਬਰਧਯੋ ਬਪੁ ਬਡੋ ਕੌਸਨ ਲਗਿਹੋਵਾ। ਬਾਹੁ ਉਭੈ ਬਹੁ ਦੂਰ ਲਗਿ ਸਿਰ ਨਭ ਲਗਿ ਜੋਵਾ। ਰੂਪ ਭਿਆਨਕ ਹੇਰਿ ਕਰਿ ਉਰ ਤ੍ਰਾਸ ਉਪੰਨਾ।ਹਾਥ ਜੋਰਿ ਕਹਿ ਧਰਮ ਸਿੰਘ 'ਤੁਮ ਹੋ ਧੰਨ ਧੰਨਾ

[1]ਲੱਖ। [2]ਭਾਵ ਦਾਨ ਦਿਤਾ ਸੀ। [3]ਨਾਸ਼। *ਅੰਕ ੧੨ ਤੇ ੧੩ ਵਿਚ ਜੋ ਕਾਰਨ ਦੱਸੇ ਹਨ ਏ ਕਵਿ ਜੀ ਦੇ ਬ੍ਰਾਹਮਣੀ ਖਿਆਲ ਵਾਲੇ ਸੌ ਸਾਖੀ ਦੇ ਬ੍ਰਾਹਮਣ ਆਖੇਪਕਾਰ ਤੋਂ ਲਏ ਹੋਏ ਹਨ। ਇਹ ਖਿਆਲ ਮਾਤ੍ਰ ਹੀ ਹਨ। ਅਸਲ ਕਾਰਨ ਅੱਗੇ ਹਨ ਜੋ ਕਵੀ ਜੀ ਅੰਕ ੧੪ ਤੋਂ ਬੜੀ ਖੂਬੀ ਨਾਲ ਵਰਣਨ ਕਰਦੇ ਹਨ। †ਛਾਪੇ ਦੇ ਨੁਸਖੇ ਦਾ ਪਾਠ 'ਸੰਦੇਸ' ਹੈ। ਏਥੇ ਇਹ ਛਾਪੇ ਦੀ ਭੁੱਲ ਹੈ, ਲਿਖਤੀ ਪਾਠ 'ਸੰਦੇਹ' ਹੈ ਜੋ ਠੀਕ ਹੈ।

॥ ੨੧ ॥ ਸਭਿ ਬਿਧਿ ਮੁਝ ਨਿਸ਼ਚੈ ਕਰਯੋ ਮੈਂ ਨੀਕੇ ਜਾਨਾ। ਅਬਿਨਾਸ਼ੀ ਸਤਿਗੁਰ ਪ੍ਰਭੂ ਨਿੱਤ ਮਹਿਦ ਮਹਾਨਾ'। ਪੁਨ ਸ਼ਹੀਦ ਤਨ ਸ਼ੁਭ ਕਰਯੋ ਸਭਿ ਸ਼ਕਤਿ ਦਿਖਾਈ। ਸ਼ੁੱਧਿ ਰਿਦੇ ਤਬਿ ਹੋਇ ਕੈ ਗਮਨੋ ਅਗੁਵਾਈ* ॥੨੨॥ ਮਿਲਯੋ ਆਇ ਬੰਦਨ ਕਰੀ ਧਰਿ ਬਿਬਿਧਿ ਅਹਾਰਾ। ਸਤਿਗੁਰ ਲਖਿ ਸਿਖ ਆਪਨੋ ਪਿਖਿ ਹੁਕਮ ਉਚਾਰਾ।'ਦੇਹੁ ਪ੍ਰਸਾਦ ਵਰਤਾਇ ਸਭਿ ਇਨਸਿੱਖਨ ਮਾਂਹੀ'।ਮਾਨ ਸਿੰਘ ਬੰਦਨਕਰਯੋ ਲੇ ਕਰਿ ਤਿਸਖਾਹੀਂ॥੨੩॥

ਇਸ ਬਿਧਿ ਸਿਖ ਸੰਗਤਿ ਅਧਿਕ ਸੁਨਿ ਸੁਨਿ ਤਹਿਂ ਆਵੈ। ਪੂਰਬ ਮਿਲੈ ਸ਼ਮੀਰ ਕੋ[੧]ਨਿਜ ਬਿਨੈ ਸੁਨਾਵੈ:—'ਦਰਸ਼ਨ ਗੁਰ ਕਰਿਵਾਯਹਿ ਹੁਇ ਸੰਗ ਹਮਾਰੇ। ਅੰਤਰ ਲੈ ਗਮਨਹੁ ਸਦਨ ਜਹਿਂ ਪ੍ਰਭੂ ਉਤਾਰੇ' ॥ ੨੪ ॥ ਤਬਿ ਸ਼ਮੀਰ ਪ੍ਰਭੁ ਬੂਝਿਕੈ ਲੈ ਆਗ੍ਯਾ ਜਾਵੈ।ਅਪਨੇ ਸੰਗ ਲਿਜਾਇ ਕਰਿ ਦਰਸ਼ਨ ਕਰਿਵਾਵੈ।ਇਮ ਆਵਤਿ ਚਹੁੰ ਦਿਸ਼ਿਨਿ ਤੇ ਸਿਖ ਸੰਗਤ ਬ੍ਰਿੰਦਾ। ਸਨੇ ਸਨੇ ਦਰਸਹਿ ਗੁਰੂ ਪਦ ਪਦਮ ਮਨਿੰਦਾ॥੨੫॥ਭਾਈ ਰੂਪੇ ਕੀ ਕੁਲੀ[੨] ਇਕ ਗੁੱਦੜ[੩] ਹੋਯਹੁ।ਅਧਿਕ ਪ੍ਰਤਾਪੀਜਗ ਭਯੋ ਬਹੁਤਨਤਿਨ† ਜੋਯਹੁ[੪]। ਦਯਾਲਦਾਸ ਤਿਸ ਕੋ ਪਿਤਾ ਬਡ ਅਜ਼ਮਤਿ ਵੰਤਾ। ਗੁਰ ਆਏ ਸੁਨਿਕੈ ਗਯੋ ਚਿਤ ਦਰਸ ਚਹੰਤਾ॥੨੬॥ਮਿਲਿ ਸ਼ਮੀਰਕੋ ਸਾਥਤਿਨ ਗੁਰਨਿਕਟ ਪਠਾਯੋ। ਲੇ ਆਗ੍ਯਾ ਪ੍ਰਭੁ ਬਦਨ ਤੇ ਅੰਤਰ ਸੋ ਲ੍ਯਾਯੋ। ਇਕ ਤਿਖਾਨ ਸੰਗ ਆਨਿ ਤਿਹ ਦਰਸ਼ਨ ਤਬਿ ਕੀਨਾ।ਕਰ ਜੋਰੇ ਸਿਰ ਧਰਿ ਧਰਯੋ ਕਰਿ ਨਮੋ ਪ੍ਰਬੀਨਾ ॥੨੭॥ ਪੇਸ਼ਿਸ਼ ਸੂਖਮ ਬਸਤੁ ਕੀ ਗੁਰ ਆਗੈ ਰਾਖੀ।ਕੁਸ਼ਲ ਪ੍ਰਸ਼ਨ ਸਭਿ ਹੂੰ ਕਹਯੋ ਬਿਨਤੀ ਬਹੁ ਭਾਖੀ।ਬੈਠੇ ਪ੍ਰਭੂ ਸਮੀਪ ਤਬਿ ਚਿਰ-ਕਾਲ ਬਿਤਾਏ। ਕਹਤਿ ਸੁਨਤਿ ਸ਼ੁਭ ਬਾਰਤਾ ਸਤਿਗੁਰ ਬਿਗਸਾਏ॥੨੮ ॥ ਭਏ ਪ੍ਰਸੰਨ ਸਮੀਰ ਪਰ ਬਡ ਸੇਵ ਕਰੰਤਾ। ਜਲ ਭੋਜਨ ਬਹੁ ਭਾਂਤਿ ਕੇ ਕਰਿ ਤ੍ਯਾਰ ਤੁਰੰਤਾ। ਪ੍ਰੇਮ ਸਮੇਤ ਅਰਾਧਹੀ ਕਰ ਜੋਰਿ ਖਰੋਵੈ। ਕਰੈ ਸ਼ੀਘ੍ਰ ਹੀ ਕਾਜ ਸੋ ਜਿਮ ਆਗ੍ਯਾ ਹੋਵੈ ॥ ੨੯ ॥ ਹ੍ਵੈ ਪ੍ਰਸੰਨ ਸ੍ਰੀ ਮੁਖ ਕਹਯੋ

[੧](ਸੰਗਤ) ਮਿਲਦੀ ਹੈ ਸਮੀਰ ਨੂੰ। [੨]ਕੁਲ ਵਿੱਚ। [੩]ਗੁਦੜ ਸਿੰਘ ਤੋਂ ਮੁਰਾਦ ਹੈ, ਭਾਈ ਰੂਪੇ ਦੇ ਪੜੋਤੇ ਜੋ ਪੂਰਨ ਸਤ ਹੋਏ ਹਨ। [੪]ਬਹੁਤਿਆਂ ਨੇ ਤਿਸਨੂੰ ਵੇਖਿਆ ਹੈ।

*ਸਰੀਰ ਦੇ ਮਰਨ ਨਾਲ ਰੂਹ ਨਹੀਂ ਮਰਦੀ। ਇਹ ਬੰਦਾ ਫਿਰ ਕਿਸੇ ਰੰਗ ਕਿਸੇ ਹਾਲ ਅਵੇਹ ਹੋਕੇ ਜੀਉਂਦਾ ਹੈ, ਸਾਰੇ ਧਰਮ ਇਹ ਗਲ ਮੰਨਦੇ ਹਨ। ਪੱਛਮ ਵਿਚ ਬੀ ਸਪਿਰਚੁ ਲਿਜ਼ਮ ਨੇ ਅਜ ਕਲ ਤਜਰਬੇ ਕਰ ਕਰਕੇ ਕਈ ਪੁਸਤਕ ਲਿਖੇ ਹਨ ਕਿ ਬੰਦਾ ਸਰੀਰ ਛੱਡਕੇ ਜਿਉਂ ਕਾ ਤਿਉਂ ਜੀਉਂਦਾ ਹੈ। †ਪਾ:—ਬਲ।

'ਸੁਨਿ ਸਿੱਖ ਸ਼ਮੀਰਾ ! ਦੂਰ ਦੂਰ ਲੌ ਹਯ ਘਨੇ ਥਿਰ ਕਰਹੁ ਸਧੀਰਾ[1] । ਦਯਾਲਦਾਸ ਪੋਸ਼ਿਸ਼ ਦਈ ਹਮ ਅੱਗ੍ਰ ਰਖਾਈ।ਸੋ ਪਹਿਰਹੁ ਤਨ ਆਪਨੇ ਸਤਿਨਾਮ ਅਲਾਈ ॥ ੩੦ ॥ ਜਹਿਂ ਲਗਿ ਘੋਰਾ ਫੇਰ ਲਿਹੁ ਤਹਿਂ ਲਗਿ ਤੁਮ ਰਾਜੂ । ਹੋਇ ਭਵਿੱਖਤ ਬੰਸ ਮੈਂ ਬਡ ਰਾਜ ਸਮਾਜੂ' । ਸੁਨਿ ਸ਼੍ਰੀ ਮੁਖ ਤੇ ਬਾਕ ਕੋ ਘਰ ਨਰ ਮਿਲਿ ਸਾਰੇ।ਮਸਲਤ ਕੀਨੀ ਬੈਠਿ ਕੈ 'ਹੁਇ ਰਾਜ ਉਦਾਰੇ' ॥ ੩੧ ॥ ਮਾਤੁਲ ਹੁਤੋ ਸ਼ਮੀਰ ਕੋ ਬੇਮੁਖ ਪੰਜ ਪੀਰੀ[2] । ਮਾਨਹਿ ਤਿਸ ਕੇ ਕਹੇ ਕੋ ਭ੍ਰਾਤਾ ਤ੍ਰੈ ਧੀਰੀ[3] । ਸੋ ਬੋਲਯੋ 'ਤੁਮ ਕਯਾ ਭਯੋ ਜਾਨਤਿ ਨਹਿਂ ਭੇਵਾ। ਘਰ ਸਮਾਜ ਸੁਤ ਆਦਿ ਸਭਿ ਬਿਨਸੇ ਗੁਰਦੇਵਾ[4]।।੩੨।।ਮੁਖ ਆਯਹੁ ਬੋਲਤਿ ਰਹੈ ਤੁਮ ਸਾਚ ਪਛਾਨੋ। ਰਾਜ ਕੌਨਸੋ ਦੇਤਿ ਹੈ ਕਯਾ ਫਿਗ ਤਿਨ ਜਾਨੋ'।ਸੁਨਿਬੋਲਯੋ ਲਖਮੀਰ ਤਬਿ'ਜੇ ਕਹਯੋ ਨ ਮਾਨੈਂ।ਰਿਦੈ ਕ੍ਰੋਧ ਕਰਿ ਗੁਰ ਬਹੁਰ ਕਛੁ ਸ੍ਰਾਪ ਬਖਾਨੈਂ'।।੩੩।।ਤਖਤ ਮੱਲ ਤੀਸਰ ਕਹੈ 'ਕਰਿ ਸੇਵ ਉਤਾਰੇ। ਲਾਭ ਲੇਨ ਕਿਤਹੂ ਰਹੇ ਹੁਇ ਹਾਨ ਹਮਾਰੇ'। ਸੁਨਿ ਸਲਾਹ ਸਭਿਹੂੰਨ ਕੀ ਤਬਿ ਭਨੈ ਸ਼ਮੀਰਾ। 'ਇਕ ਤੌ ਬਾਕ ਨ ਮੋਰੀਅਹਿ, ਕਹਿਂ ਕੂਰ ਨ ਤੀਰਾ[5]' ॥ ੩੪॥ ਸੁਨਿ ਤਿਨ ਕੋ ਮਾਤੁਲ ਕਹੈ 'ਨਿਜ ਪੁਰਿ ਚਹੁੰ ਓਰੇ। ਮਾਨਿ ਬਾਕ ਕੋ ਫੇਰੀਅਹਿ ਚਢਿਕੈ ਇਕ ਘੋਰੇ'।ਅਸ ਮਸਲਤ ਕਰਿ ਆਇ ਪੁਨ ਲੇ ਪੋਸ਼ਿਸ਼ ਸੋਈ। ਗੁਰ ਆਗਯਾ ਲੇ ਚਢਿ ਗਯੋ ਪੁਰਿ ਚਹੁੰ ਦਿਸ਼ਿ ਜੋਈ।।੩੫।।ਫੇਰਿ ਤੁਰੰਗਮ ਆਇਗੋ, ਗੁਰ ਬੂਝਨ ਠਾਨਾ। 'ਹੇ ਪ੍ਰਭੁ! ਫੇਰਨ ਕੋ ਕਿਧੋ ਚਹੁੰ ਦਿਸ਼ਨ ਕਿਕਾਨਾ'।ਮੰਦਮਤੀ ਮਾਤੁਲ ਇਨਹੁਂ ਲਖਿ ਅੰਤਰਜਾਮੀ। ਲੇਨਿ ਦਿਯੋ ਨਹਿਂ ਰਾਜ ਕਛੁ ਕੀਨੀ ਬਡ ਖਾਮੀ ॥੩੬॥ ਕਹਯੋ ਪ੍ਰਭੂ 'ਆਛੇ ਕਰਯੋ ਅਬਿ ਬੈਠਿ ਸ਼ਮੀਰਾ'। ਸੁਨਿ ਕਰਿ ਬੈਠੇ ਨਿਕਟ ਹੁਇ ਸੰਗੀ ਲਖਮੀਰਾ। ਸੇਵਕ ਅਪਨਾ ਜਾਨਿ ਕਰਿ ਕਰੁਨਾ ਬਹੁ ਠਾਨੈਂ। ਪ੍ਰਿਥਮ ਪਿਤਾਮੇ ਸੇਵ ਕਰਿ ਹਿਤਕਾਰੀ ਮਾਨੈਂ ॥ ੩੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮ ਰੁਤੇ 'ਸ਼ਮੀਰ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤੀ ਅੰਸੂ ॥ ੫੫ ॥

੫੬. [ਗੁਰੂ ਜੀ ਦਾ ਸੀਤ ਪ੍ਰਸਾਦ ਦਬਾਯਾ। ਸ਼ਮੀਰ ਦੇ ਅਨੇਕਾਂ ਜਨਮ ਸੁਪਨੇ ਵਿਚ ਦੁਖਾਏ ]।

ਦੋਹਰਾ ॥ ਇਸ਼ ਪ੍ਰਕਾਰ ਬੀਤੇ ਦਿਵਸ ਦਸ ਏਕਾਦਸ਼ ਜਾਨ। ਨਾਨਾ ਭੋਜਨ ਕੌ ਕਰਹਿ ਅਚਵਾਵਹਿ ਹਿਤ ਠਾਨਿ॥੧॥ ਨਿਸ਼ਾਨੀਛੰਦ ॥ ਇਕ ਦਿਨ ਕਰਯੋ

[1]ਹੇ ਸਧੀਰ! ਦੂਰ ਦੂਰ ਤਕ ਬਹੁਤੇ ਘੋੜੇ ਤੂੰ ਟਿਕਾਵੇਂਗਾ ਭਾਵ ਰਾਜ ਭੋਗੇਂਗਾ। [2]ਪੰਜ ਪੀਰੀਆ (ਤੇ ਗੁਰਾਂ ਤੋਂ) ਬੇਮੁਖ। [3]ਤਿੰਨੇ ਧੀਰਜੀ ਭਰਾ ਉਸਦਾ ਕਿਹਾ ਮੰਨਦੇ ਸਨ। [4]ਗੁਰੂ ਜੀ ਦੇ ਬਿਨਸ ਗਏ ਹਨ। [5](ਦੂਜੇ) ਝੂਠ ਬੀ (ਗੁਰਾਂ ਕੋਲ) ਨਾ ਬੋਲੀਏ।

ਅਹਾਰ ਸ਼ੁਭ ਧਰਿ ਥਾਰ ਮਝਾਰੇ । ਕਰਯੋ ਪਰੋਸਨਿ ਤਬਿ ਭਲੇ ਧਰਿ ਗੁਰੂ ਅਗਾਰੇ। ਥਿਰਯੋ ਸ਼ਮੀਰਾ ਨਿਕਟ ਤਬਿ ਪ੍ਰਭੁ ਅਚਨ ਕਰੰਤੇ । ਨੀਰ ਕਟੋਰਾ ਦੇਤਿ ਭਰ ਲੇ ਪਾਨ[1] ਪਿਵੰਤੇ ॥ ੨ ॥ ਤ੍ਰਿਪਤਿ ਹੋਇ ਸਤਿਗੁਰ ਰਹੇ ਨਿਜ ਬਿਨੈ ਬਖਾਨੀ। 'ਦੀਜੈ ਸੀਤਪ੍ਰਸਾਦਿ ਨਿਜ ਹਮ ਕਰਿ ਹੈਂ ਖਾਨੀ'।ਸ੍ਰੀ ਮੁਖ ਬੋਲੇ 'ਥਾਲ ਲਿਹੁ ਬੈਠਹੁ ਇਸ ਥਾਨਾ । ਕਰਹੁ ਖਾਨ ਹਿਤ ਠਾਨਿਕੈ ਸ਼ਰ-ਧਾਲੁ ਮਹਾਨਾ' ॥੩॥ ਕਰ ਜੋਰਤਿ ਬੋਲਯੋ ਬਹੁਰ 'ਲੈ ਕੈ ਘਰ ਜਾਵੋਂ । ਸਭਿ ਕੁਟੰਬ ਸੰਗ ਬੈਟਿਕੈ ਧਰਿ ਭਾਵਨਿ ਖਾਵੋਂ' । ਇਮ ਕਹਿ ਥਾਰ ਉਠਾਇਕੈ ਘਰ ਪਹੁੰਚਯੋ ਜਾਈ । ਭ੍ਰਾਤਾ ਮਾਤੁਲ ਆਦਿ ਜੋ ਸਭਿ ਲੀਏ ਬੁਲਾਈ ॥੪॥ 'ਥਾਰ ਜੁ ਮਹਾਂਪ੍ਰਸ਼ਾਦ ਕੋ ਮੈਂ ਜਾਹਿ ਸੁ ਲਯਾਯੋ । ਪਾਵਹੁ ਬਹੁ ਕਲਯਾਨ ਕੋ ਹੁਇ ਹੈ ਮਨਭਾਯੋ'।ਇਮ ਕਹਿ ਜਬੈ ਪ੍ਰਸਾਦਿਤੇ ਉਤਰਾਇ ਰੁਮਾਲਾ।ਦੇਖਤਿ ਝਟਕਾ ਉਰ ਡਰੇ ਧਰਿ ਚਿੰਤ ਬਿਸਾਲਾ ॥੫॥ ਮਾਤੁਲ ਜੈਤੋ ਕਾ[2] ਤਬੈ ਕਹਿ ਸਭਿ ਸਮੁਝਾਇ।'ਹਮ ਗੁੱਗੇ ਸੁਲਤਾਨ ਕੋ ਪੂਜਹਿਂ ਮਨ ਭਾਇ।ਕ੍ਰੁੱਧਤਿਹੈ ਇਸ ਅਚੇ ਤੇ ਧਨ ਧਾਮਬਿਨਾਸੈ।ਹਮਰੇ ਪੀਰ ਕਦੀਮ ਕੇ ਪੂਰਤਿ ਸੰਭਿ ਆਸੈ'॥੬॥ਚਿੰਤਾ ਬਹੁਤ ਸ਼ਮੀਰ ਕੋ ਤਿਸ ਛਿਨ ਹੁਇ ਆਈ ।-ਗੁਰ ਤੇ ਆਨਯੋ ਜਾਚ ਮੈਂ,ਇਸ ਤਰਕ ਉਠਾਈ। ਬਡੇ ਭਾਗ ਤੇ ਪ੍ਰਾਪਤੀ ਪਾਰਸ ਜਿਮ ਰੰਕਾ। ਨਹਿਂ ਮਾਤੁਲ ਸਮਝੈ ਰਿਦੇ ਠਾਨਤਿ ਕੁਛ ਸ਼ੰਕਾ[3]-॥੭॥ ਕਹਿ ਲਖਮੀਰ ਸ਼ਮੀਰ ਕੋ'ਜੇ ਕਰਹੁ ਨ ਖਾਨੋ।ਖਨਿ ਅਵਨੀ ਮਹਿਂ ਗਾਡ ਦਿਹੁ ਨਹਿਂ ਸਕੈਂ ਪਛਾਨੋ। ਉਤ ਗੁਰ ਰਹੈਂ ਪ੍ਰਸੰਨ ਹਿਯ, ਇਤ ਪੀਰ ਨ ਕੋਪੈ'। ਅਸ ਮਸਲਤ ਕਰਿ ਪਰਸਪਰ ਚਾਹਤਿ ਇਸ ਲੋਪੈ॥ ੮ ॥ ਬਸ ਨਹਿਂ ਚਲਯੋ ਸ਼ਮੀਰ ਕੋ ਮਾਤੁਲ ਬਡ ਖੋਟਾ । ਮਹਾਂ ਪ੍ਰਸ਼ਾਦਿ ਨ ਅਚਨ ਦਿਯ ਬਡ ਕੀਨਸਿ ਟੋਟਾ । ਗਾਡ ਦੀਨਿ ਖਨਿ ਅਵਨਿਕੋ,ਨਹਿਂ ਕਿਨਹੂੰ ਖਾਯੋ। ਪਰਾਰਬਧ ਬਿਨ ਕਿਤ ਕਹੂੰ[4] ਕਿਸ ਤੇ ਕਿਨ ਪਾਯੋ॥੯॥ਸੁਪਤ ਹੋਇ ਕਰਿ ਜਾਮਨੀ ਉਠਿ ਆਇ ਪ੍ਰਭਾਤੀ। ਹਾਥ ਜੋਰਿ ਬੰਦਨ ਕਰੀ ਧਰਕਤਿ ਜਿਸ ਛਾਤੀ । ਸ੍ਰੀ ਮੁਖ ਤੇ ਬੂਝਨ ਕਰਯੋ 'ਲੇ ਮਹਾਂ ਪ੍ਰਸ਼ਾਦਾ। ਅਚਵਨ ਕਰਯੋ ਕਿ ਨਾਂਹਿ ਤੈਂ ਦਾਨੋ ਅਹਿ-ਲਾਦਾ[5]' ॥੧੦॥ਤਬਿ ਸ਼ਮੀਰ ਬਿਨ ਧੀਰ ਹ੍ਵੈ ਗੁਰ ਤੀਰ ਉਚਾਰੇ । 'ਜੈਤੋ ਕਾ ਮਾਤੁਲ ਅਹੈ ਤਿਨ ਸਭਿ ਹਟਕਾਰੇ।-ਨਹਿਂ ਅਚਵਹੁ ਝਟਕਾ ਸਕਲ, ਰਿਸ ਪੀਰ ਉਪਾਵੈ।ਸਦਨ ਬਿਖੈ ਧਨ ਧਾਨ ਗਨ ਜੁਤਿ ਮਾਲ ਖਪਾਵੈ-॥੧੧॥ ਲੈ

[1]ਹੱਥ ਵਿੱਚ । [2]ਜੈਤੋ ਵਾਲਾ ਮਾਮਾ। [3]ਗਿਲਾਨੀ। [4]ਕਿਸੇ ਸਮੇਂ ਕਿਸਤਰ੍ਹਾਂ । [5]ਖੁਸ਼ੀ ਦੇਣ ਵਾਲਾ।

ਕਰਿ ਥਾਰ ਪ੍ਰਸਾਦ ਕੋ ਬਿਚ ਧਰਾ ਦਬਾਯੋ। ਬਿਨਾ ਭਨੇ ਜਾਨਹੁਂ ਪ੍ਰਭੂ,ਮੈਂ ਸਾਚ ਅਲਾਯੋ'। ਸੁਨਿ ਸਤਿਗੁਰ ਬੋਲੇ ਤਬੈ 'ਧਰਨੀ ਬਰੁਸਾਈ। ਤੁਮ ਕੋ ਨਹਿਂ ਪ੍ਰਾਪਤਿ ਭਈ ਤਿਨ ਮੁਫ ਗਵਾਈ॥੧੨॥ ਅਦਬ ਨ ਕੀਨੋ ਅੰਨ ਕੋ ਤੁਮ ਬੁਰਾ ਕਮਾਯੋ।ਤਬੈ ਪਰੈ ਦੁਰਭਿੱਛ ਬਹੁ ਜੋ ਅਦਬ ਗਵਾਯੋ। ਭੱਦ੍ਰਸੈਨ ਨ੍ਰਿਪ ਪ੍ਰਥਮ ਭਾ ਤਿਨ ਕਿਯ ਅਪਮਾਨਾ। ਉਜਰ ਗਯੋ ਇਹ ਦੇਸ਼ ਸਭਿ ਜੰਗਲ ਅਬਿ ਜਾਨਾ[1] ॥ ੧੩ ॥ ਚਲਤ ਹੁਤੀ ਦ੍ਵੈ ਨਦੀ ਤਬਿ ਭਟਲੀ ਸੁਭ ਚਿੱਤ੍ਰਾ*। ਹਟੀ ਅਵੱਗਨਾ ਦੇਖਿਕੈ ਥਲ ਭਾ ਅਪਵਿੱਤ੍ਰਾ[2]। ਹਮਰੇ ਸੌਤ ਪ੍ਰਸ਼ਾਦਿ ਨੇ ਰੋਕਨੋ ਇਹ ਥਾਨਾ। ਤੁਮ ਰੱਯਤਿ ਹੁਇ ਬਸਹੁਗੇ ਹਮਨੇ ਸਭਿ ਜਾਨਾ॥੧੪॥ ਅਵਨੀ ਜੰਗਲ ਦੇਸ਼ ਕੀ ਬਹੁ ਅੰਨ ਉਪਾਵੈ। ਅਬ ਤੇ ਦੁਗਨੇ ਚੌਗਨੇ ਅਠਗੁਨੇ ਜਮਾਵੈ†। ਹੋਇ ਹਮਾਰਾ ਮਾਲਵਾ ਜਿਤ ਕਿਤ ਬਿਦਤਾਵੈ।ਉਪਜੈਂ ਸਿੰਘ ਸਹੰਸ੍ਰ ਹੀ ਮਲਵਈ ਕਹਾਵੈਂ ॥ ੧੫॥ ਸੁਨੀਅਹਿ ਸਿੱਖ ਸ਼ਮੀਰ ਭੋ! ਚਾਹਤਿ ਹਮ ਦੀਨੋ। ਪ੍ਰਥਮ ਰਾਜ ਤੇ ਛੂਛ ਰਹਿ ਅਬਿ ਛੇਮ[3]ਨ ਲੀਨੋ। ਜੋ ਲੈਬੇ ਨਹਿ ਦੇਤਿ ਹੈ ਸੋ ਰੋਗ ਭੁਗੈ ਹੈ[4]। ਆਪ ਕੁਸ਼ਟ ਕੋ ਕਸ਼ਟ

---

[1]ਭਾਵ ਤਦ ਤੋਂ ਹੁਣ ਤਕ ਉਜਾੜ ਹੀ ਜਾਣਿਆਂ ਜਾਂਦਾ ਸੀ (ਮਾਲਵਾ)। [2]ਅਵੱਗਜਾ ਵੇਖਕੇ ਹਟ ਗਈਆਂ ਕਿਉਂਕਿ ਥਾਂ ਅਪਵਿੱਤ੍ਰ ਹੋ ਗਿਆ ਸੀ। [3]ਖੁਸ਼ੀ, ਕਲਜਾਨ। [4]ਜੋ (ਜੋਤੇ ਵਾਲਾ ਮਾਮਾ ਤੁਹਾਨੂੰ) ਲੈਣ ਨਹੀਂ ਦੇਂਦਾ ਉਹ ਰੋਗ ਭੋਗੇਗਾ।

*ਭਟਲੀ ਤੇ ਚਿੱਤ੍ਰਾ ਦੋ ਨਦੀਆਂ ਦੇ ਨਾਮ ਹਨ ਜੋ ਹੁਣ ਨਹੀਂ ਵਹਿੰਦੀਆਂ। ਭਟਲੀ ਬਠਿੰਡੇ ਕੋਲ ਤੇ ਚਿੱਤ੍ਰਾ ਫਰੋਜ਼ਪੁਰ ਜ਼ਿਲੇ ਵਿਚ। ਦੋ ਹੋਰ ਨਦੀਆਂ ਦੀ ਬੀ ਪੁਰਾਣੇ ਸਮੇਂ ਵਗਣ ਦੀ ਟੋਹ ਮਿਲਦੀ ਹੈ। ਸਿਕੰਦਰ ਦੇ ਹਿੰਦੀ ਸਫਰ ਤੋਂ ਪਤਾ ਪੈਂਦਾ ਹੈ ਕਿ ਸਤਲੁਜ ਤਦੋਂ ਹਰੀ ਕੇ ਪੱਤਣ ਪਾਸ ਬਜਾਸਾ ਨਾਲ ਨਹੀਂ ਮਿਲਦਾ ਸੀ ਪਰ ਵੱਖੀ ਵਿੱਥ ਤੇ ਵਗਦਾ ਸਿੱਧਾ ਜਾਕੇ ਸਮੁੰਦਰ ਵਿਚ ਪੈਂਦਾ ਸੀ। ਇਸਦੇ ਰਸਤੇ ਦੇ ਨਿਸ਼ਾਨ ਤੇ ਢਾਹੇ ਅਜੇ ਭੀ ਲੱਭਦੇ ਹਨ। ਦੂਸਰੇ ਸਰਸ੍ਵਤੀ ਬਾਬਤ ਸੰਭਾਵਨਾ ਹੈ ਕਿ ਦੂਰ ਤਕ ਮਾਲਵੇ ਵਿਚ ਵਹਿੰਦੀ ਸੀ ਜੋ ਹੁਣ ਘੱਘਰ ਨਾਲ ਮਿਲਕੇ ਬੀਕਾਨੇਰ ਦੇ ਰੇਤਿਆਂ ਵਿਚ ਲੋਪ ਹੋ ਜਾਂਦੀ ਹੈ।

†ਇਹ ਵਾਕ ਸਤਿਗੁਰੂ ਜੀ ੧੭੬੧-੬੨ ਦੇ ਲਗ ਪਗ ਕਹਿ ਰਹੇ ਹਨ ਤੇ ਕਵੀ ਜੀ ਇਹ ਗਲ ੧੯੦੦ ਤੋਂ ਪਹਿਲਾਂ ਲਿਖ ਰਹੇ ਹਨ, ਜਦੋਂ ਮਾਲਵਾ ਅੱਜ ਵਾਂਗੂ ਸਰ ਸਬਜ਼ ਨਹੀਂ ਸੀ ਹੋਇਆ। ਇਹ ਜ਼ਾਦਾਬੀ ਤੇ ਖੁਸ਼ਹਾਲੀ ਰੋਪੜ ਦੀ ਨਹਿਰ ਬਣਨ ਤੋਂ ਮਗਰੋਂ ਆਈ ਹੈ। ਇਹ ਨਹਿਰ ਸੰਮਤ ੧੯੩੯ (ਸੰਨ ੧੮੮੨ ਈ:) ਵਿਚ ਅਰਥਾਤ ਕਵੀ ਜੀ ਦੇ ਚਲਾਣੇ ਤੋਂ ੩੯ ਬਰਸ ਮਗਰੋਂ ਬਣੀ ਹੈ। ਸੋ ਇਹ ਨਿਸ਼ਚਿਤ ਸਤਿਗੁਰੂ ਜੀ ਦੇ ਭਵਿੱਖਤ ਵਾਕ ਹਨ ਜੋ ਕਵਿ ਜੀ ਉਸ ਵੇਲੇ ਲਿਖ ਰਹੇ ਹਨ ਜਿਸ ਵੇਲੇ ਕਿ ਅਜੇ ੩੯ ਵਰ੍ਹੇ ਇਸਦੇ ਸੱਚ ਹੋਣ ਵਿਚ ਬਾਕੀ ਸਨ।

ਲਹਿ ਪੁਨ ਬੰਸ ਲਗੀ ਹੈ"[1] ॥੧੬॥ ਕਹਿ ਕਵਿ ਹਮ ਨੇ ਸੋ ਸੁਨਯੋ ਅਬਿ ਲੌ ਬਡ ਰੋਗੁ। ਚਲਯੋ ਆਇ ਤਿਸ ਬੰਸ ਮਹਿਂ ਭੋਗਹਿਂ ਦੁਖ ਭੋਗੁ। ਸਤਿਗੁਰ ਅਧਿਕ ਪ੍ਰਸੰਨ ਹ੍ਵੈ ਪਿਖਿ ਸੇਵ ਬਿਸਾਲ॥-ਇਹ ਨ ਲੇਤਿ ਹਮ ਦੇਤਿ ਹੈਂ- ਇਮ ਚਿਤੈਂ[2] ਕ੍ਰਿਪਾਲ॥੧੭॥ ਇਕ ਦਿਨ ਬਹੁਰ ਸ਼ਮੀਰ ਕੋ ਕਰੁਨਾ ਕਰਿ ਬੋਲੇ। 'ਹੁਇ ਚਿਤ ਮਹਿ ਜੋ ਕਾਮਨਾ ਹਮ ਤੇ ਅਬਿ ਸੋ ਲੇ। ਬਿਨ ਸ਼ੰਕਾ ਜਾਚਨ ਕਰੋ, ਕਹੁ ਉਰ ਅਭਿਲਾਖਾ'। ਸੁਨਿ ਸ਼ਮੀਰ ਕਰ ਜੋਰਿ ਕੈ ਨੰਮ੍ਰੀ ਹੁਇ ਭਾਖਾ ॥੧੮॥'ਮਿਟਹਿ ਚੁਰਾਸੀ ਕੋ ਭ੍ਰਮਣ ਭਵਜਲ ਦੁਖਦਾਈ। ਸ੍ਰੀ ਸਤਿਗੁਰ ਇਸ ਤ੍ਰਾਸ ਤੇ ਮੁਹਿ ਲੇਹੁ ਬਚਾਈ'।ਸੁਨਿ ਤੂਸ਼ਨ ਸ੍ਰੀ ਪ੍ਰਭੁ ਭਏ ਬਿਰਮੇ[3]ਅਨ ਖਯਾਲ॥ਇਕ ਦੁਇ ਦਿਵਸ ਬਿਤਾਇਕੈ ਪੁਨ ਭਏ ਕ੍ਰਿਪਾਲ ॥੧੯॥ਸੇਵ ਕਰੈ ਸਹਿ ਪ੍ਰੇਮ ਕੇ ਪੁਨ ਨਿਕਟ ਬੁਲਾਯੋ।'ਹਮ ਪ੍ਰਸੰਨ ਹੈਂ ਤੋਹਿ ਪਰ, ਜਾਚਹੁ ਮਨ ਭਾਯੋ'। ਪੁਨ ਸ਼ਮੀਰ ਗੁਰ ਤੀਰ ਕਹਿ 'ਭਵਜਲ ਮਹਿਂ ਫੇਰਾ। ਇਸ ਦਾਰੁਨ ਦੁਖ ਤੇ ਪ੍ਰਭੂ ! ਗਹੀਯਹਿ ਕਰ ਮੇਰਾ' ॥੨੦॥ ਸੁਨਿ ਸ੍ਰੀ ਮੁਖ ਤੇ ਤਬਿ ਭਨਯੋ 'ਤੁਵ ਜਨਮ ਘਨੇਰੇ। ਧਰਨੇ ਹੈਂ ਭਵਜਲ ਬਿਖੇ ਕਿਮ ਜਾਹਿਂ ਨਿਬੇਰੇ। ਕਹਿਂ ਲਗਿ ਕਰਹਿਂ ਬਚਾਇਬੋ, ਜਾਚਹੁ ਵਥੁ ਆਨ॥ਇਸ ਬਿਨ ਅਪਰ ਅਦੇਯ ਨਹਿਂ,ਲਿਹੁ ਮਹਿਦ ਮਹਾਨ॥੨੧॥ ਹਮ ਪ੍ਰਸੰਨ ਪਿਖਿ ਸੇਵ ਤੁਵ ਅਰੁ ਪ੍ਰੇਮਘਨੇਰ॥ਉਰ ਅਕਪਟ ਸਚ ਕਹਤਿਹੈਂ[4], ਪਰਖਯੋ ਬਹੁ ਬੇਰਾ। ਕਰਹੁ ਸਫਲ ਨਿਜ ਘਾਲ ਕੋ ਹਮ ਦੇਂ ਤਤਕਾਲ'। ਸੁਨਿ ਕੈ ਕਹੈ ਸ਼ਮੀਰ ਪੁਨ 'ਗਤਿ ਕਰਹੁ ਕ੍ਰਿਪਾਲਾ ॥੨੨॥ਨਿਕਟ ਸਥਲ ਨਿਜ ਦੀਜੀਏ ਜਾਚਾ ਇਹ ਮੇਰੀ। ਅਪਰ ਨਹੀਂ ਮਨ ਕਾਮਨਾ ਕਾਟਹੁ ਮਮ ਬੇਰੀ'। ਸੁਨਿ ਹਠ ਕੋ ਸ੍ਰੀ ਸਤਿਗੁਰੂ ਤਬਿ ਟਾਰਨ ਕੀਨਾ। ਕੇਤਿਕ ਦਿਵਸ ਬਿਤਾਇ ਪੁਨ ਮਨ ਹੋਤਿ ਪ੍ਰਸੀਨਾ[5] ॥ ੨੩ ॥ ਦਾਸ ਕਾਮਨਾ ਦਿਯੇ ਬਿਨ ਮਨ ਚੈਨ ਨ ਪਾਵੈ।ਪਦਵੀ ਦੀਨ ਸਮੀਪ ਕੀ ਪੁਨ ਉਰ ਲਲਚਾਵੈ। ਇਕ ਦਿਨ ਬਹੁਰ ਹਕਾਰਿਕੈ ਸ੍ਰੀ ਬਦਨ ਉਚਾਰਾ। 'ਮਾਂਗਉ ਮਨ ਕੀ ਕਾਮਨਾ ਜੈਸੇ ਹਠ ਧਾਰਾ'॥੨੪॥'ਪ੍ਰਭੁ ਜੀ! ਭਵਜਲ ਤੇ ਰਖਹੁ ਕਟਿ ਦੇਹੁ ਚੁਰਾਸੀ॥ਬਹੁਰ ਨ ਪਾਵੈਂ ਜਨਮ ਕੋ ਜਮ ਪਰੈ ਨ ਫਾਸੀ'।ਹਸਿ ਬੋਲੇ'ਦੈ ਹੈਂ ਇਹੀ ਪੁਨ ਆਵਹੁ ਪ੍ਰਾਤੀ'। ਸੁਨਿ ਬੰਦਨ ਕੋ ਕਰਿ ਗਯੋ ਆਨੰਦ ਕਰਿ

[1]ਆਪ ਕੋਹੜੀ ਤੇ ਵੰਸ ਬੀ ਕੋਹੜੀ ਦਾ ਕਸ਼ਟ ਲਵੇਗਾ। [2]ਸੋਚਦੇ ਹਨ। [3]ਪਰਚੇ। [4]ਤੇਰਾ ਦਿਲ ਕਪਟ ਤੋਂ ਰਹਿਤ ਹੈ ਤੇ ਤੂੰ ਸੱਚ ਬੋਲਦਾ ਹੈਂ। [5]ਪ੍ਰਸੰਨ।

ਛਾਤੀ ॥੨੫॥ਸਕਲ ਰੀਤਿ ਕੀ ਸੇਵ ਕਰਿ ਨਿਸ ਮਹਿ ਪਰਿ ਸੋਵਾ। ਅਦ-ਭੁਤ ਅਨਿਕ ਪ੍ਰਕਾਰ ਕੋ ਸੁਪਨਾ ਤਬਿ ਜੋਵਾ॥ਕਾਕ,ਕੰਕ[1],ਕੇਕੀ[2],ਕਕਨ[3] ਕਲਬਿੰਕ[4] ਮਰਾਲਾ[5]। ਖਗ ਮ੍ਰਿਗ ਪਸ਼ੂ ਪੰਛੀ ਮਨੁਖ ਜਨਮ੍ਯੋ ਤਨ ਕਾਲਾ[6] ॥ ੨੬ ॥ ਕੀਟੀ, ਕੀਟਨ, ਭ੍ਰਿੰਗ ਭ੍ਰਿਤ[7] ਇੱਤ੍ਯਾਦਿ ਘਨੇਰੇ। ਭੋਗੀ ਜੂਨਾਂ ਜਨਮ ਧਰਿ ਮਰਿ ਮਰਿ ਬਹੁ ਬੇਰੇ। ਜਨਮ ਪਾਛਲੇ ਪੁਨ ਭਯੋ ਚੰਡਾਲ ਕਰਾਲਾ। ਜੰਗਲ ਦੇਸ਼[8] ਪ੍ਰਵੇਸ਼ ਭਾ ਚੰਡਾਲੀ ਨਾਲਾ ॥੨੭॥ ਭਏ ਸੁਤਾਸੁਤ ਪੁੰਜ ਹੀ ਬਹੁ ਵਧ੍ਯੋ ਕੁਟੰਬਾ। ਦੇਸ਼ ਪਰ੍ਯੋ ਦੁਰਭਿੱਖ ਬਹੁ ਨਹਿਂ ਅੰਨ ਕਦੰਬਾ। ਛੁਧਤਿ ਰਹਤਿ ਦੁਖ ਸਹਤ ਹ੍ਵੈ ਬਨ ਬਿਖੈ ਪਧਾਰਾ। ਪੀਲੂ ਖੈਬੇ ਹੇਤ ਕੋ ਪਾਕੀ ਲਗਿ ਡਾਰਾ[9]॥੨੮॥ਕਿਤਿਕ ਸੁਤਾਸੁਤ ਸੰਗ ਲੈ ਗਮ-ਨ੍ਯੋਂ ਬਨ ਮਾਂਹੀ। ਤੋਰਨ ਹਿਤ ਤਰੁ ਪਰ ਚਢ੍ਯੋ ਤਰ[10]ਬਾਲਕ ਤਾਂਹੀ[11]। ਤੋਰਿ ਤੋਰਿ ਤਰੁ ਤੇ ਤਰੈ ਗੇਰਤਿ ਸਿਸ ਖਾਵੈਂ। ਪੁਨ ਸਾਖਾ ਪਤ੍ਰੀਨ ਪਰ ਨਿਜ ਪਾਉਂ ਟਿਕਾਵੈ ॥ ੨੯ ॥ ਤੋਰਨ ਕੋ ਲਾਲਚ ਲਗ੍ਯੋ ਝੁਕਿ ਹੋਇ ਅਗਾਰੀ।ਟੂਟ ਗਈ ਸਾਖਾ ਤਬੈ ਗਿਰਿ ਧਰਾ ਮਝਾਰੀ।ਚੋਟ ਲਗੀ ਤੇ ਜਾਗ ਕਰਿ ਜੁਗ ਨੈਨ ਉਘਾਰੇ। ਬਿਸਮ੍ਯੋ ਕਰਤਿ ਬਿਚਾਰ ਬਹੁ ਪਿਖਿ ਕੌਤਕ ਭਾਰੇ ॥ ੩੦ ॥ ਕੇਤਿਕ ਚਿਰ ਮਹਿਂ ਮਲ ਤਜਨਿ[12] ਬੈਠ੍ਯੋ ਕਿਤ ਜਾਈ। ਸੋਚਤ ਸੁਪਨੇ ਕੋ ਰਿਦੇ ਜੇਤੇ ਤਨ ਪਾਈ। ਪੀਲੂ ਖਾਏ ਪੇਟ ਭਰਿ ਬਿਸ਼ਟਾ ਤਸ ਆਈ।ਦੇਖਤਿ ਚਿੰਤਾ ਅਧਿਕ ਭੀ ਮਤਿ ਬਹੁ ਬਿਸਮਾਈ॥੩੧॥ ਭਈ ਸੋਚ ਉਠਿਕੈ ਬਹੁਰ ਹਿਤ ਮੱਜਨ ਬੈਸੇ। ਕਰਨ ਲਗ੍ਯੋ ਰਦਧਾਵਨਾ[13] ਚਿਤਵਤਿ ਹੈ ਤੈਸੇ। ਤਬਿ ਦੰਤਨ ਮਹਿਂ ਅਟਕ ਜੋ ਪੀਲੂੰ ਕੇ ਬੀਜੇ।ਨਿਕਸੇ ਦਾਂਤਨ ਕਰੇ ਤੇ ਚਿਤ ਕੌਤਕ ਥੀਜੇ[14]॥੩੨॥—ਕਹਾਂ ਭਈ ਇਹ ਬਾਰਤਾ* ਮੁਝ ਸੁਪਨਾ ਹੋਵਾ। ਧਰ ਸਾਚ ਹੀ ਜਨਮ ਕੈ ਬਡ ਸੰਕਟ ਜੋਵਾ ? ਜਾਨੀ ਜਾਇ ਨ ਕਹਾਂ ਗਤਿ ਨਿਸ ਮਹਿਂ ਮਮ ਹੋਈ—। ਪਹਿਰ ਬਸਤ੍ਰ ਗੁਰ ਢਿਗ ਚਲ੍ਯੋ ਚਿਤਵੈ ਮਨ ਸੋਈ ॥੩੩॥ ਪਦ ਅਰਬਿੰਦਨ ਬੰਦਨਾ ਕਰਿ ਥਿਰ੍ਯੋ

[1]ਚਿੱਟੀ ਚੀਲ, ਗਿਰਝ। [2]ਮੋਰ। [3]ਚਕਵਾ [ਸੰਸ:, ਕਕੁੰਜਲ]। ਪਪੀਹਾ ਤੇ ਜਲਬਟੇਰਾ ਬੀ ਅਰਥ ਕਰਦੇ ਹਨ। [4]ਚਿੜਾ [ਸੰਸ:, ਕਲਵਿੰਕ]। [5]ਹੰਸ। [6]ਤਨ ਦੇ ਕਾਲ ਹੋਣ ਤੇ। [7]ਭ੍ਰਿੰਗੀ ਅਤੇ ਕੋੜ੍ਹ ਕਿਰਲੀ [ਸੰਸ:, ਭਿਤ੍ਤਿਕਾ=ਘਰਾਂ ਵਿਚ ਰਹਿਣ ਵਾਲੀ ਨਿੱਕੀ ਕੋੜ੍ਹ ਕਿਰਲੀ]। [8]ਮਾਲਵੇ ਵਿਚ। [9]ਪੱਕੀਆਂ ਪੀਲੂ ਡਾਲ ਨਾਲ ਲਗੀਆਂ। [10]ਹੇਠਾਂ। [11]ਉਸ ਬ੍ਰਿਛ ਦੇ। [12]ਭਾਵ ਪਖਾਨੇ ਬੈਠਾ। [13]ਦਾਤਣ। [14]ਚਿਤ ਅਚੰਭਤ ਯਾ ਹੈਰਾਨ ਹੁੰਦਾ ਹੈ। (ਅ) ਚਿਤਵਦਾ ਹੈ-(ਕਿ ਇਹ ਕੀਹ) ਤਮਾਸ਼ਾ ਹੋਇਆ ਹੈ

*ਇਸ ਅੰਸੂ ਵਿਚ ਸੌ ਸਾਖੀ ਦਾ ਪਹਿਲਾ ਸਾਖੀ ਦੀ ਵਾਰਤਾ ਸਵਿਸਥਾਰ ਚੱਲ ਰਹੀ ਹੈ।

ਅਗਾਰੀ। ਤਬਿ ਬੂਝਨਿ ਕੀਨੋ ਪ੍ਰਭੂ 'ਚਿਤ ਚਿੰਤ ਮਝਾਰੀ? ਨਹਿੰ ਸੋਚਹੁ, ਆਨੰਦ ਕਰੋ, ਹੋਯੋ ਭਲ ਤੇਰਾ। ਏਕ ਨਿਸਾ ਮਹਿੰ ਨਿਬਰਾਯੋ ਤੁਵ ਲੇਖ ਘਨੇਰਾ'॥੩੪॥ਸੁਨਤਿ ਨੰਮ੍ਰਿ ਹੁਇ ਮੁਹੁਰਮੁਹੁ[1]ਪਗਨਮੋ ਕਰੰਤਾ।'ਪ੍ਰਭੁਜੀ! ਭੇਵ ਬਤਾਈਏ ਮੁਝ ਚਿੰਤ ਅਨੰਤਾ। ਸੁਪਨਾ ਹੋਯੋ ਸਾਚ ਕੈ ਦੋਨਹੁੰ ਬਿਧਿ ਜਾਨੀ।ਫਲ ਪੀਲੂੰ ਕੋ ਸਮੋਂ ਨਹਿੰ ਨਿਸਮਹਿੰ ਕਿਧ ਖਾਨੀ॥੩੫॥ਜਾਗੇ ਮਲ ਪੀਲੂਨ ਕੀ ਅਰੁ ਬੀਜ ਸੁ ਦੇਤੇ। ਨੀਕੇ ਮੈਂ ਦੇਖਨਿ ਕਰਨੋ ਬਿਸਮਨੋ ਚਿਤ ਚਿੰਤੇ'।ਸ੍ਰੀ ਮੁਖ ਤੇ ਭਾਖਨੋ ਤਬੈ 'ਤੁਵ ਜਨਮ ਘਨੇਰੇ।ਸੁਪਨੇ ਬਿਖੇ ਭੁਗਾਇ ਦਿਯ ਸੁਧਿ ਭਾ ਇਸ ਬੇਰੇ॥੩੬॥ ਹਮ ਤੇ ਜਾਚਤਿ ਨਿਤ ਹੁਤੋ ਨਹਿੰ ਪਰੌਂ ਚੁਰਾਸੀ। ਸੋ ਨਿਸ਼ਰੇ ਤੋ ਕੌ ਦਿਯੋ ਕਟਿਗੀ ਜਮ ਫਾਸੀ। ਦੁਰਲਭ ਪਦ ਜੋਗੀਨ ਕੋ ਸੋ ਪ੍ਰਾਪਤਿ ਹੋਵੈਂ। ਭਵਜਲ ਦਿਯੋ ਤਰਾਇ ਕਰਿ,ਨਹਿੰ ਸੰਕਟ ਜੋਵੈਂ'॥ ੩੭ ॥ ਗੁਰ ਢਿਗ ਤਬੈ ਤਿਖਾਨ ਇਕ ਥਿਰ ਦਨਾਲ ਪੁਰੇ ਕੋ। ਸੋ ਬੋਲਨੋ ਕਰ ਜੋਰਿ ਕੈ ਨਿਜ ਮਸਤਕ ਟੇਕੋ। ਬਖਸ਼ੋ ਇਸ ਕੇ ਸੰਗ ਮੁਝ ਭਵਜਲ ਤੇ ਰਾਖੋ।ਦਾਸ ਜਾਨਿ ਕਰਿ ਆਪਨੋ ਦਿਹੁ ਬਰ ਜਿਮ ਕਾਂਖੋ'॥੩੮॥ ਬਿਗਸੇ ਪ੍ਰਭੁ ਜੀ ਢਿਗ ਰਹਤਿ ਮਨ ਪ੍ਰੇਮ ਘਨੇਰਾ। ਤਿਸ ਪਰ ਭੀ ਕਰੁਨਾ ਕਰੀ ਭਾਖਨੋ ਤਿਸ ਬੇਰਾ। 'ਤੂੰ ਭੀ ਸੰਗ ਸ਼ਮੀਰ ਕੇ ਤਜਾਗਹਿੰ ਨਿਜ ਪ੍ਰਾਨਾ। ਨਿਕਟ ਹਮਾਰੇ ਪਹੁੰਚਿਕੈ ਕਰਿ ਬੰਧਨ ਹਾਨਾ*'॥ ੩੯ ॥ ਸੁਨਿ ਦੋਨਹੁੰ

---

[1]ਘੜੀ ਮੁੜੀ, ਬਾਰ ਬਾਰ।

*ਇਸ ਪ੍ਰਸੰਗ ਵਿਚ ਉਹੋ ਅਸੂਲ ਸਤਿਗੁਰੂ ਜੀ ਦਾ ਨਿਰੂਪਨ ਹੋਇਆ ਹੈ ਜੋ ਆਦਿ ਤੋਂ ਹੈਸੀ ਕਿ ਜੱਗਜਾਸੂ ਦੀ ਸੇਵਾ ਤੇ ਪ੍ਰੇਮ ਨਾਲ, ਨਾਮ ਦੇ ਰੰਗ ਨਾਲ ਸਤਿ-ਗੁਰੂ ਦੀ ਮਿਹਰ ਉਪਰੋਂ ਪੈ ਜਾਣ ਨਾਲ ਕਰਮ ਹਤ ਹੁੰਦੇ ਹਨ। ਕਰਮ ਜਾਲ ਅਮਿਟ ਤੇ ਅਟੱਲ ਨਿਯਮ ਨਹੀਂ; ਕਰਮ ਦਾ ਫਲ ਹੈ, ਪਰ ਕਰਮ ਆਦਿ ਅੰਤ ਵਾਲਾ ਹੋਣ ਕਰਕੇ ਟੁਟ ਸਕਦਾ ਹੈ। ਯਥਾ 'ਲੇਖਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ'॥ ਆਦਿ ਸਤਿਗੁਰਾਂ ਦੀ ਸਾਖੀ ਮੁਹਰਾਂ ਤੋਂ ਕੋਲੇ ਹੋਣ ਦੀ ਤੇ ਸੂਲੀ ਤੋਂ ਸੂਲ ਹੋਣ ਦੀ, ਪੰਜਵੇਂ ਪਾਤਸ਼ਾਹ ਵੇਲੇ ਮੰਡੀ ਦੇ ਰਾਜੇ ਦਾ ਪ੍ਰਸੰਗ, ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਕਾਜ਼ੀ ਸਲਾਰ ਦੀਨ ਨਾਲ ਕੌਤਕ ਤੇ ਇੱਥੇ ਇਹ ਵਾਰਤਾ ਸਭ ਉਸੇ ਅਸੂਲ ਦੇ ਪ੍ਰਤੀਪਾਦਿਕ ਹਨ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ:—'ਕਰਮ ਬਧ ਤੁਮ ਜੀਉ ਕਹਤ ਹਉ ਕਰਮਹਿ ਕਿਨਿ ਜੀਉ ਦੀਨ੍ਹ ਰੇ'। ਕਰਮ ਜੀਵ ਨੇ ਸਰੀਰ ਧਾਰਕੇ ਕੀਤੇ ਹਨ, ਆਦਿ ਵਿਚ ਕਰਮ ਕਰਕੇ ਸਰੀਰ ਵਿਚ ਨਹੀਂ ਸੀ ਆਇਆ। ਸੋ ਹੱਦ ਮਿਤ ਵਾਲੇ ਦੇ ਕਰਮ ਅਨੰਤ ਅਟੱਲ ਅਵਿਨਾਸ਼ ਨਹੀਂ ਹੋ ਸਕਦੇ, ਓਹ ਮਿਟਦੇ ਹਨ। ਜੋ ਚੀਜ਼ ਮਿਟਦੀ ਹੈ ਓਹ ਆਪਣੇ ਕਾਰਨਾਂ ਦੇ ਅਧੀਨ, ਕਦੇ ਹੌਲੀ, ਕਦੇ ਮਧਲੀ ਚਾਲ ਨਾਲ ਤੇ ਕਦੇ ਤੁਰਤ ਚਾਲ ਨਾਲ ਮਿਟ ਸਕਦੀ ਹੈ। ਸੋ ਛੇਤੀ ਮੇਟਣ ਦਾ ਵਸੀਲਾ, ਜਗਜਾਸੂ ਦਾ ਪ੍ਰੇਮ ਅਵਤਾਰ-ਗੁਰੂ ਤੇ ਰੱਬ ਦੀ ਮੇਹਰ ਹੈ।

ਆਨੰਦ ਧਰਿ ਬੰਦਹਿਂ ਪਦ ਕੰਜੀ। 'ਧੰਨ ਧੰਨ ਸ੍ਰੀ ਸਤਿਗੁਰੂ ਦੁਖ ਦਾਲਿਦ ਭੰਜੀ। ਹਲਤ ਪਲਤ ਇਕ ਛਿਨ ਬਿਖੇ ਜਨ ਕੇਰਿ ਸੁਧਾਰੇ। ਸਗਲ ਜਗਤ ਹੈ ਮੰਗਤਾ ਤੁਮ ਏਕ ਦਤਾਰੋ'॥ ੪੦ ॥ ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਸ਼ਮੀਰ' ਪ੍ਰਸੰਗ ਬਰਨਨੰ ਨਾਮ ਖਸ਼ਟ ਪੰਚਾਸਤੀ ਅੰਸੂ ॥ ੫੬ ॥

## ੫੭. [ ਸਿਰੰਦ ਵਾਸੀ ਦਯਾਲ਼ ਦਾਸ ਨੂੰ ਵਰ। ਜ਼ਫਰਨਾਮਾ ]।

ਦੋਹਰਾ ॥ ਬਿਦਤਿ ਭਏ ਸ੍ਰੀ ਸਤਿਗੁਰੂ ਬਸਿ ਦੀਨੇ ਕੇ ਗ੍ਰਾਮ। ਹਿੰਦੂ ਤੁਰਕ ਬਖਾਨਤੇ ਲੈ ਲੈ ਕਰਿ ਪ੍ਰਭੁ ਨਾਮ ॥ ੧ ॥ ਨਿਸ਼ਾਨੀ ਛੰਦੁ॥ ਜਿਮ ਤੁਰਕਨ ਕੋ ਸ਼੍ਰਾਪ ਭਾ ਹਿਤ ਰਾਜ ਪ੍ਰਤਾਪਾ। ਉਜਰੈ ਸ਼ਹਿਰ ਸਿਰੰਦ ਬਡ ਭੇ ਜਿਸ ਮਹਿਂ ਪਾਪਾ। ਸੀਤਲ ਪੁਰੀ[1] ਮਹੰਤ ਇਕ ਬਹੁ ਅਜ਼ਮਤ ਵੰਤਾ। ਧੀਰਜ ਧਾਰੀ ਸੰਤ ਸ਼ੁਭ ਸਤਿਨਾਮ ਜਪੰਤਾ ॥੨॥ ਚੇਲਾ ਤਿਸੀ ਮਹੰਤ ਕੋ ਇਕ ਦਯਾਲ-ਪੁਰੀ ਹੈ। ਅਜ਼ਮਤ ਜੁਤਿ ਬਾਸਾ ਕਿਯੋ ਸੀਰੰਦ ਪੁਰੀ ਹੈ। ਸੁਨੀ ਗੁਰੂ ਕੀ ਬਾਰਤਾ ਪੁਰਿ ਸ੍ਰਾਪ ਉਚਾਰਾ।–ਬੁਰਾ ਬਹੁਤ ਪੁਰਿ ਕੋ ਭਯੋ ਜਹਿਂ ਬਾਸ ਹਮਾਰਾ ॥੩ ॥ ਗੁਰ ਕੋ ਕਹਯੋ ਨ ਹਟਹਿ ਕਿਮ ਸੁਰ ਅਸੁਰਨ ਪਾਸੂ। ਨਰ ਬਪੁਰੇ ਕੀ ਸ਼ਕਤਿ ਕ੍ਯਾ ਕਹਿ ਮੋਰਹਿ ਤਾਸੂ। ਕਿਮ ਕਰਿ ਹੌਂ ਮੈਂ ਪੁਰਿ ਭਲੋ ਜਹਿਂ ਖਾਨ ਰੁ ਪਾਨੋ। ਕਰੌਂ ਬਿਨੈ ਪ੍ਰਭੁ ਅੱਗ੍ਰ ਜੇ ਸੁਨਿ ਲੇਹਿਂ ਜਿ ਮਾਨੋ॥੪॥ ਇਮ ਬਿਚਾਰ ਕਰਿ ਚਲਿ ਪਰਯੋ ਸੁਨਿ ਕਰਿ ਗੁਰ ਦੀਨੇ। ਗਮਨਯੋਂ ਪੰਥ ਉਲੰਘ ਕਰਿ ਪਹੁੰਚਯੋ ਚਿਤ ਚੀਨੇ। ਬੂਝਯੋ ਜਾਇ ਸ਼ਮੀਰ ਕੋ ਤਿਨ ਪੂਛਿ ਪਹੁੰਚਾਯੋ[2]। ਹਾਥ ਜੋਰਿ ਜੁਤਿ ਪ੍ਰੇਮ ਕੇ ਪਗ ਸੀਸ ਨਿਵਾਯੋ॥੫॥ ਭੁਜੰਗਛੰਦ ॥ 'ਨਮੋ ਪਾਦ ਕੰਜੈ ਗੁਰੂ ਰੂਪ ਸੋਹੇ। ਧਰਯੋ ਈਸ਼ ਔਤਾਰ ਕੋ ਲੋਕ ਮੋਹੇ। ਨਹੀਂ ਜਾਨਿ ਸਾਕੈਂ ਪ੍ਰਭੂ ਰੂਪ ਤੇਰੋ। ਸਦਾ ਜੈ ਸਦਾਜੈ ਕ੍ਰਿਪਾ ਧਾਰਿਹੇਰੋ ॥੬॥ ਪੂਰਾ ਰੂਪ ਬੇਦੀਨ ਕੇ ਬੰਸ ਹੋਏ। ਗੁਰੂ ਨਾਨਕੈ ਆਦਿ ਭੇ ਲੋਕ ਜੋਏ। ਦਸੋਂ ਦੇਹ ਸੋਈ ਮਹਾਰਾਜ ਧਾਰੇ। ਉਧਾਰੇ ਘਨੇ ਕੋ ਗਨੇ ਪੁੰਜ ਤਾਰੇ॥੭॥ ਕਰਯੋ ਪੰਥ ਬੀਰਾਨ ਕੋ ਸਿੰਘ ਹੋਏ। ਮਹਾਂ ਪਾਪ ਕਾਰੀਨ ਕੇ ਮੂਲ ਖੋਏ। ਸਕੇਸ਼ੈ ਸਕਾਛੈ[3] ਸਦਾ ਸ਼ਸਤ੍ਰਧਾਰੀ। ਜਪੈ ਨਾਮ ਕੋ ਤੇਜ ਦੀਨੋ ਸੁ ਭਾਰੀ ॥ ੮ ॥ ਨਹੀਂ ਪੰਥ ਐਸੋ ਕਬੈ ਅੱਗ੍ਰ ਹੋਯੋ। ਦੁਹੂੰ ਲੋਕ ਮਹਿਂ ਸ਼ੋਕ ਦਾਸਾਨਿ ਖੋਯੋ। ਮਹਾਂ ਤੇਜ ਧਾਰੀ ਮਹਾਂ ਓਜਵੰਤੇ। ਮਹਾਂ ਕਾਜ ਕਾਰੀ ਮਹਾਂ ਸ਼ਸਤ੍ਰ ਹੰਤੇ ॥ ੯ ॥ ਅਰੈ ਕੌਨ ਆਗੈ ਤਿਹੂੰ ਲੋਕ ਮਾਂਹੀ। ਰਖੋ ਦਾਸ ਲਾਜੈ ਮਿਟੈ ਦੂੰਦ

[1]'ਸੀਤਲ' ਨਾਮ ਹੈ ਤੇ 'ਪੁਰੀ' ਸੰਨ੍ਯਾਸੀਆਂ ਦੀ ਇਕ ਸੰਪ੍ਰਦਾ ਹੈ। [2]ਤਿਸਨੇ (ਗੁਰੂ ਜੀ ਤੋਂ) ਪੁੱਛਕੇ (ਹਜ਼ੂਰੀ ਵਿਚ) ਪੁਚਾਇਆ। [3]ਕੇਸ਼ ਕੱਛ ਸਹਿਤ।

ਜਾਂਹੀ[1]।ਮਹਾਂ ਮਾਰ ਮੋਹੀ[2] ਅਹੌ ਪੀਖਿਰਾਜੇ[3]।ਸਦਾਜੈ ਸਦਾ ਜੈਸਦਾ ਸ੍ਰੇਯਸਾਜੇ ॥੧੦॥ ਛਕੇ ਛੈਲ ਛਾਜੇ ਛਬੈ ਛੇਤ੍ਰ ਛੱਤ੍ਰੀ[4]। ਛਮਾ ਛੇਮ ਛੋਣੀ[5], ਛੁਭੈ ਛੋਭ ਅੱਤ੍ਰੀ[6]। ਮਲੇਛਾਨ ਲੱਛਾਨ ਛੈ, ਰੱਛ ਸ੍ਵੱਛੈ[7]। ਲਸੈ ਬੀਰ ਰੂਪੰ ਬਸੇ ਦਾਸ ਬੱਛੈ[8] ॥੧੧॥ ਸਰੂਪੰ ਅਨੂਪੰ ਮਹਾਂ ਭੂਪ ਭੂਪੰ। ਉਧਾਰੇ ਪ੍ਰਭੂ ਜੇ ਪਰੇ ਮੋਹ ਕੂਪੰ।ਨਿਸੇਸ਼ੰ[9]ਦਿਨੇਸ਼ੰ[10] ਜਲੇਸ਼ੰ[11] ਧਨੇਸ਼ੰ[12]।ਰਹੈਂ ਬੀਰ ਆਗਯਾ, ਸ ਆਦੰ ਸੁਰੇਸ਼ੰ[13] ॥੧੨॥ ਪਰੀ ਪੰਕਜੈ ਪ੍ਰੇਮ ਪਾਗੀ ਪਰੇ ਹੈਂ। ਜਪੈਂ ਨਾਮ ਤੈ ਸਿੰਧੁ ਤੋਈ ਤਰੇ ਹੈਂ। ਅਮੰਦੰ ਮੁਕੰਦੰ ਬਿਲੰਦੰ ਅਨੰਦੰ! ਨਮੋ ਲੇਹੁ ਮੇਰੀ ਕਰੌਂ ਹਾਥ ਬੰਦੰ' ॥ ੧੩ ॥ ਨਿਸ਼ਾਨੀ ਛੰਦ॥ ਬਿਨੈ ਪ੍ਰਸ਼ੰਸਾ ਸਾਧ ਤੇ ਸੁਨਿ ਹੰਸੇ ਕ੍ਰਿਪਾਲਾ। 'ਦਯਾਲ ਪੁਰੀ! ਕਹੁ ਕਾਜ ਕਯਾ ਚਲਿ ਆਇ ਉਤਾਲਾ?ਪਹੁੰ-ਚਯੋ ਜੰਗਲ ਦੇਸ਼ ਮਹਿਂ ਤਜਿ ਕਰਿ ਘਰ ਬਾਰਾ। ਕਹਾਂ ਕਾਮਨਾ ਉਰ ਭਈ ਕਯਾ ਮਤੋ ਬਿਚਾਰਾ?' ॥ ੧੪ ॥ ਸੁਨਤਿ ਸਾਧ ਬੋਲਯੋ ਬਿਨੈ 'ਜਹਿਂ ਭਾ ਅਤਿ ਪਾਪਾ। ਸਾਹਿਬਜ਼ਾਦੇ ਹਤਿ ਕਰੇ ਤਿਸ ਕੋ ਤੁਮ ਸ੍ਰਾਪਾ।ਤਹਾਂ ਬਾਸ ਮੇਰੋ ਅਹੈ ਸਿਖ ਸੇਵਕ ਕੋਈ। ਸੁਨਯੋਂ ਆਪ ਕੇ ਸ੍ਰਾਪ ਕੋ ਧਰਿ ਕਰਿ ਡਰ ਤੋਈ॥੧੫॥ ਮਿਲਿ ਆਏ ਮੁਝ ਪਾਸ ਬਹੁ ਤਿਨ ਹੂੰ ਕੋ ਪ੍ਰੇਰਾ[14]। ਬਖਸ਼ਾਵਨ ਹਿਤ ਸਭਿ ਕਹਯੋ ਤਜਿ ਆਯੋ ਡੇਰਾ। ਸ਼ਰਨ ਪਰਯੋ ਮੈਂ ਆਨਿ ਕਰਿ ਬਹੁ ਨਰਨ ਸਮੇਤਾ। ਕ੍ਰਿਪਾ ਕਰਹੁ ਉਚਰਹੁ ਤਥਾ ਜਿਮ ਰਹੈਂ ਨਿਕੇਤਾ'॥੧੬॥ ਸੁਨੈ ਨੰਮ੍ਰਿ ਬਚ ਸਾਧ ਕੇ ਕਰਿ ਕ੍ਰਿਪਾ ਬਖਾਨਾ। 'ਮਿਲਯੋ ਆਨਿ ਬਖਸ਼ਯੋ ਤੁਝੈ ਪਹੁੰਚਹੁ ਨਿਜ ਥਾਨਾ। ਚਢਿ ਕੋਠੇ ਪਰ ਖਰੇ ਹੁਇ ਲੇ ਸਿਖ ਬਜਾਵੋ। ਜਹਿ ਜਹਿਂ ਤੇਰੀ ਸੇਵਕੀ ਤਹਿਂ ਤਿਨੈ ਸੁਨਾਵੋ॥੧੭॥ਜਹਿਂਜਹਿਂ ਪਹੁੰਚੈ ਸੈਖ ਧੁਨਿ ਤਹਿਂ ਤਹਿਂ ਰਹਿਂ ਬਾਸਾ[15]। ਅਪਰ ਪੁਰੀ ਫਿਟਕਨ ਕਰੀ[16] ਹੁਇ

[1]ਦਾਸਾਂ ਦੀ ਲਾਜ ਰਖਦੇ ਹੋ ਜਿਨ੍ਹਾਂ ਦੇ ਦੁੰਦ ਮਿਟ ਜਾਂਦੇ ਹਨ। [2]ਮੋਹ ਰੂਪ ਵਡੇ ਸਰਪ ਨੂੰ। [3]ਗਰੁੜ। [4]ਫਬ ਰਹੇ ਹੋ ਸੁੰਦਰ ਸ਼ੋਭਨੀਕ ਹੋਕੇ (ਤੇ ਰਣ) ਖੇਤ੍ਰ (ਵਿਚ) ਛਤ੍ਰੀ ਹੋਕੇ ਛੱਬੀ ਦੇ ਰਹੇ ਹੋ। [5]ਖਿਮਾ ਤੇ ਖੇਮ (=ਕਲਯਾਨ) ਦੇ ਦਾਤੇ ਹੋ ਧਰਤੀ ਉਤੇ। (ਅ) ਧਰਤ ਵਾਂਙ ਖਿਮਾਂ ਦੇ ਸਰੂਪ ਹੋ ਤੇ ਮੁਕਤੀ ਦਾਤਾ ਹੋ। [6]ਜੋ ਤੁਸਾਂ ਨਾਲ ਗੁੱਸਾ ਕਰੇ ਉਸ ਨੂੰ ਛੋਭ (ਦੇਣ ਵਾਲੇ) ਸੂਰਮੇ ਹੋ। [ਸੰਸ:, ਅਸ੍ਤ੍ਰਿਨ੍=ਸ਼ਸਤ੍ਰ ਧਾਰੀ, ਸੂਰਮਾ। ਹਿੰਦੀ, ਅੱਤ੍ਰੀ=ਸ਼ਸਤ੍ਰਧਾਰੀ ਸੂਰਮਾਂ]। [7]ਲੱਖਾਂ ਹੀ ਮਲੇਛਾਂ ਦਾ ਨਾਸ਼ ਕਰਨ ਵਾਲੇ ਹੋ ਤੇ ਸ੍ਵੱਛਾਂ (ਸੰਤਾਂ ਯਾ ਪਵਿੱਤ੍ਰਾਂ) ਦੀ ਰੱਛਾ ਕਰਦੇ ਹੋ। [8]ਆਪ ਦਾ ਬੀਰ ਰੂਪ ਦਾਸ ਦੇ ਹਿਰਦੇ ਵਿਚ ਵੱਸਕੇ ਲਸਦਾ ਹੈ [ਵੱਛੈ=ਵੱਖੀ ਭਾਵ ਹ੍ਰਿਦਾ]। [9]ਚੰਦ। [10]ਸੂਰਜ। [11]ਵਰੁਣ। [12]ਕੁਬੇਰ। [13]ਇੰਦ੍ਰ ਆਦਿਕ। [14]ਤਿਨ੍ਹਾਂ ਦਾ ਪ੍ਰੇਰਿਆ ਹੋਇਆ। [15]ਘਰ ਰਹਿ ਜਾਣਗੇ। [16]ਫਿਟਕਾਰੀ ਗਈ ਹੈ।

ਸ਼ੀਘ੍ਰ ਬਿਨਾਸ਼ਾ। ਗਹਿਰੀ ਨੀਵ ਨਿਕੇਤ ਬਡ ਸਭਿ ਖ਼ਾਕ ਮਿਲੈਂਗੇ। ਨਰ ਨਾਰੀ ਪੀਟੈਂ ਘਨੇ ਦੁਖ ਪਾਇ ਰੁਲੈਂਗੇ ॥ ੧੮ ॥ ਜਹਿਂ ਬਜ਼ਾਰ ਤਹਿਂ ਹਲ ਫਿਰੈਂ ਮਮ ਪੰਥ ਉਜਾਰੈ। ਤੁਰਤ ਤੁਰਕ ਕੋ ਗ਼ਾਰਕ ਕਰਿ ਲੂਟੈ ਅਰੁ ਮਾਰੈ। ਰਹੈਂ ਚਿੰਨ੍ਹ ਕਿਤ ਕਿਤ ਪਰੇ ਨਹਿਂ ਸਦਨ ਦਿਖੈਂਗੇ।ਪਰੈ ਆਪਦਾ ਭੀਖਨਾਂ ਤਬਿ ਸਰਬ ਲਖੈਂਗੇ॥੧੯॥ਤੁਵਢਿਗ ਰਹੈਬਜ਼ਾਰ ਇਕ ਹੈ ਅਪਰ ਉਜਾਰਾ। ਮਾਰਿ ਲੂਟ ਪਲਟਾ ਲਹੈ ਬਡ ਪੰਥ ਹਮਾਰਾ'। ਦਯਾਲਪੁਰੀ ਸੁਨਿ ਦਯਾਲ ਤੇ ਪੁਨ ਮਸਤਕ ਟੇਕਾ। 'ਧੰਨ ਗੁਰੂ ਪੂਰਨ ਪੁਰਖ ਤੁਮ ਜਲਧਿ ਬਿਬੇਕਾ' ॥੨੦॥ਆਗਯਾ ਲੇ ਕਰਿ ਅਨੰਦਧਰਿ ਨਿਜ ਪੁਰਿ ਕੋ ਆਯੋ।ਚੜ੍ਹਿ ਕੋਠੇ ਪਰ ਊਚ ਧੁਨਿ ਲੇ ਸੰਖ ਬਜਾਯੋ। ਜਹਿਂ ਜਹਿਂ ਨਰ ਜਿਤ ਕਿਤ ਸੁਨੀ ਸੋ ਅਬਿ ਲੌ ਬਾਸਾ। ਕਈ ਕੋਸ ਲੌ ਪੁਰਿ ਬਡੋ ਗੁਰ ਸ੍ਰਾਪ ਬਿਨਾਸ਼ਾ[1] ॥੨੧॥ ਪਹੁੰਚੀ ਸੁਧਿ ਤੁਰਕਾਨ ਢਿਗ ਗੁਰ ਸ਼੍ਰਾਪ ਉਚਾਰਾ। ਅਬਿ ਕਾਂਗੜ ਪੁਰ ਥਿਰ ਭਏ ਕਰਿ ਜੰਗ ਅਖਾਰਾ।ਕਈ ਲਾਖ ਦਲ ਸੁਭਟ ਮੈਂ ਕਰਿਕੈ ਘਮਸਾਨਾ।ਪਰਯੋ ਸ਼ੋਕਸਭਿ ਦੇਸ਼ ਮਹਿਂ ਲਾਖਹੁ ਰਿਪੁਹਾਨਾ॥੨੨॥ਥਿਰਯੋ ਨਿਕਟ ਬਿਨ ਤ੍ਰਾਸ ਹੈ ਜਾਟਨ ਕੇ ਗ੍ਰਾਮਾ। ਦੁਰਗ ਨਹੀਂ ਸੈਨਾ ਨਹੀਂ ਧਨ ਨਾਂਹਿ ਨ ਧਾਮਾ'। ਸੁਨਿਕੈ ਖ਼ਾਨ ਵਜੀਦ ਤਬਿ ਲਿਖਿ ਪੱਤ੍ਰ ਪਠਾਵਾ।'ਭੋ ਲਖਮੀਰ ਸ਼ਮੀਰ ! ਤੂੰ ਉਰ ਡਰ ਨਹਿਂ ਪਾਵਾ॥੨੩॥ਪਤਿਸ਼ਾਹੀਬੰਦਾ ਤੁਹੀਗੁਰ ਦੁਸ਼ਮਨਸ਼ਾਹੂ। ਗਹਿ ਦੀਜੈ ਹਮ ਕੋ ਅਬੈ ਬੈਠਯੋ ਤੁਮ ਪਾਹੂ। ਨਾਂਹਿ ਤ ਪਕਰੈਂ ਸਭਨਿ ਕੋ ਦੈਂ ਦੰਡ ਸਜ਼ਾਈ।ਲਸ਼ਕਰ ਆਵੈ ਉਮਡ ਕੈ ਕਰਿ ਲਿਹੁ ਤਕਰਾਈ॥੨੪॥ ਭੁਲਾ ਚਹੈਂ ਗਹਿ ਲੀਜੀਐ ਕਿਤ ਨਹਿਂ ਚਲਿ ਜਾਈ'। ਸੁਨਿ ਲਖਮੀਰ ਸ਼ਮੀਰ ਤਬਿ ਸਭਿ ਗਾਥ ਸੁਨਾਈ। 'ਹਮਰੇ ਇਹ ਗੁਰ ਪੀਰ ਹੈਂ ਬਿਚਰਤਿ ਚਲਿ ਆਏ। ਕਿਮ ਨਹਿਂ ਠਾਨਹਿਂ ਸੇਵ ਕੋ ਜਿਨ ਤੇ ਗਤਿ ਪਾਏ ॥ ੨੫ ॥ ਤੁਮ ਅਪਨੀ ਦਿਸ਼ ਦੇਖੀਏ ਪੀਰਨ ਕੌ ਸੇਵੋ।ਘਰ ਰਾਖਹੁ ਭਾਖਹੁ ਮ੍ਰਿਦੁਲ ਸਭਿ ਕਛੁ ਪੁਨ ਦੇਵੋ'। ਕਹਿ ਭੇਜਯੋ ਤਿਨ ਪਾਸ ਇਮ, ਪਠਿ ਮਾਨਵ ਰਾਖਾ[2]। 'ਚਢਹਿ ਸੈਨ ਤੌ ਦੇਹਿ ਸੁਧਿ' ਸਵਧਾਨੀ ਭਾਖਾ ॥ ੨੬ ॥ ਇਤ ਸਤਿਗੁਰ ਸਵਧਾਨ ਹ੍ਵੈ ਚਾਕਰ ਗਨ ਰਾਖੇ। ਪੈਦਲ ਗਨ ਅਸਵਾਰ ਹਯ ਰਿਪੁ ਸਨ ਰਣ ਕਾਂਖੇ।ਤਿਸੀ ਚੁਬਾਰੇ ਗੁਰ ਥਿਰੇ ਰਹਿਂ ਸਹਿਜ ਸੁਭਾਊ।ਗਹੈਂ ਕਰਦ ਕੋ ਕਰ ਬਿਖੈ ਸੰਗੁਰੀ ਖੁਰਚਾਊ ॥ ੨੭ ॥ ਇਕ ਦਿਨ ਥਿਰ ਲਖ-

[1]ਸ੍ਰਾਪ ਕਰਕੇ ਨਾਸ਼ ਹੋ ਗਿਆ। [2]ਤੇ ਇਕ ਆਪਣਾ ਆਦਮੀ ਭੇਜ ਰਖਿਆ ( ਜਿਸ ਨੂੰ ਕਿਹਾ)

ਮੀਰ ਢਿਗ ਬੋਲਯੋ ਕਰ ਬੰਦੇ। 'ਅੰਗੁਲੀ ਛੇਲਹੁ ਕਰਦ ਤੇ ਕੋ ਹੋਤ ਬਿਲੰਦੇ?' 'ਕਾਟਤਿ ਜੜ੍ਹ ਤੁਰਕਾਨ ਕੀ ਅਤਿਸ਼ੈ ਦ੍ਰਿੜ੍ਹ ਜੋਈ। ਨਸ਼ਟਹਿ ਸਕਲ ਭਵਿੱਖ ਮਹਿ ਪਾਇ ਨ ਕਿਤ ਕੋਈ' ॥ ੨੮ ॥ ਮਾਨ ਸਿੰਘ ਭਾਖਯੋ ਤਬੈ 'ਕਰਿ ਹਾਨਿ ਇਮਾਨ। ਪ੍ਰਥਮ ਨੁਰੰਗੇ ਕੋ ਹਤਹੁ ਮਚਿ ਦੂੰਦ ਜਹਾਨ[1]। ਆਦਿ ਵਜੀਦਾ ਜੋ ਅਹੈਂ ਅਘ ਕੇ ਫਲ ਪਾਵੈਂ। ਜਗਤ ਬਿਲੋਕਤਿ ਜਾਨਿ ਹੈ ਪਾਪੀ ਖਪਿ ਜਾਵੈਂ' ॥੨੯॥ ਸ੍ਰੀ ਮੁਖ ਤੇ ਕਹਿਂ 'ਜੰਗ ਤੇ ਹਤਿ ਹੋਇ*ਨੁਰੰਗਾ[2]। ਦੂਰ ਦੇਸ਼ ਦੱਛਨ ਬਿਖੈ ਹੈ ਅਨਬਨ ਢੰਗਾ। ਤਊ ਵਤੇ ਕੋ ਖਤ ਲਿਖੇ ਪਢਿ ਕਰਿ ਮਰਿ ਜਾਈ। ਅਪਰਨ ਤੇ ਪਲਟਾ ਲਹੈ ਮਮ ਪੰਥਬਡਾਈ' ॥੩੦॥ ਲਿਖਯੋ ਜ਼ਫਰਨਾਮਾ ਤਬੈ ਬਹੁ ਬੈਂਤ ਬਨਾਈ। ਸ੍ਰੀ ਅਕਾਲ ਕਰਤਾ ਪੁਰਖ ਪੂਰਬ ਵਡਿਆਈ। ਅਹਿਦ ਕਰਹਿ ਈਮਾਨ ਕੋ[3] ਮਿਲਿਬੋ ਠਹਿਰਾਯੋ। ਤੋਰਯੋ ਬੇਈਮਾਨ ਬਨਿ ਦਸ ਲਾਖ ਪਠਾਯੋ ॥ ੩੧ ॥ ਬਹੁਰ ਜੰਗ ਚਮਕੌਰ ਕੋ ਬਰਨਯੋਂ ਕਰਿ ਥੋਰਾ। ਉਪਾਲੰਭ[4] 'ਦੋਜ਼ਕ ਪਰੈਂ ਜਹਿਂ ਸੰਕਟ ਘੋਰਾ। ਬੇ ਇਨਸਾਫੀ ਤੈਂ ਕਰੀ ਬਡ ਚਹੈਂ ਮਜ਼ਾਈ। ਅਸ਼ਟ ਦਿਵਸ ਕੀ ਸਾਹਿਬੀ ਕਰਿ ਲੈ ਮਨ ਭਾਈ' ॥੩੨॥ ਦਾਸਤਾਨ[5] ਬਦਸ਼ਹਿਨ ਕੀ ਅਰੁ ਕੌਤਿਕ ਆਨਾ†। ਲਿਖੇ ਬੈਂਤ ਕਰਿ ਸ਼ਾਇਰੀ ਚਤੁਰਈ ਮਹਾਨਾ। ਜਸ ਜਸ ਆਸ਼ੈ ਕਹਿਨ ਕੋ ਸਮੁਝਾਵਨ ਹੋਤਾ। ਕਹੇ ਪ੍ਰਸੰਗ ਅਨੇਕ ਤਸ ਸੁਨਿ ਮੂਢ ਅਚੇਤਾ ॥੩੩॥ ਕੁਛਕ ਕਥਾ ਲਿਖਿ ਆਪਨੀ ਸਨਮੁਖ ਨੌਰੰਗੇ। ਜਿਸ ਪੜ੍ਹਨੇ ਤੇ ਜਾਨਿ ਹੈ–ਮੈਂ ਕੀਨਿ ਕੁਢੰਗੇ–। 'ਪਾਤਸ਼ਾਹੁ ਪ੍ਰਭੁ ਨੇ ਕਰੇ[6] ਜਿਨ ਧਰਮ ਦ੍ਰਿੜਾਏ। ਕੇਤਿਕ ਗਿਨ ਹੌਂ ਜਗਤ ਮੈਂ ਜਸ ਧਰਮ ਕਮਾਏ ॥੩੪॥ ਤੂੰ ਨੌਰੰਗ ਪਤਿਸ਼ਾਹੁ! ਸੁਨਿ ਪਤਿਸ਼ਾਹੀ ਬੈਠਾ। ਚਹੀਐ ਧਰਮ ਕਮਾਵਨੋ ਕਿਯ ਪਾਪ ਇਕੈਠਾ। ਖਾਲਕ ਕੀ ਦਰਗਾਹ ਮਹਿਂ ਮੁਹ[7] ਕਯਾ ਲੈ ਜਾਵੈਂ। ਭਲਾ ਬੁਰਾ ਜੋ ਤੂੰ ਕੀਆ ਸੋ ਸੰਗ ਸਿਧਾਵੈ ॥੩੫॥ ਪਹਿਲਾਂ ਲਿਖਿਆ ਮਿਲਨ ਕੋ ਦਿਲ ਦਗ਼ਾ

[1] ਜਹਾਨ ਵਿਚ ਦੂੰਦ ਮਚਾਵਣ ਵਾਲਾ। [2] ਨੁਰੰਗਾ ਜੰਗ ਨਾਲ ਮਰ ਸਕਦਾ ਹੈ, ਪਰ"। [3] ਧਰਮ ਦਾ ਇਕਰਾਰ ਕੀਤਾ। [4] ਉਲਾਂਭੇ। [5] ਕਥਾ, ਹਕਾਇਤਾਂ। [6] ਪ੍ਰਭੂ ਨੇ ਪਾਤਸ਼ਾਹ ਕੀਤੇ (ਕਈ)। [7] ਮੂੰਹ। *ਪਾ:–ਹੁਇ ਨਾ। †ਦਾਸਤਾਨ ਯਾ ਹਕਾਯਤਾਂ ਦਾ ਜ਼ਫਰਨਾਮੇ ਨਾਲ ਪ੍ਰਸੰਗਕ ਤਅੱਲਕ ਬੀ ਕੋਈ ਨਹੀਂ। ਇਹ ਜ਼ਫਰਨਾਮੇ ਦੇ ਨਾਲ ਪਾਤਸ਼ਾਹ ਪਾਸ ਬੀ ਨਹੀਂ ਗਈਆਂ। ਜਾਪਦਾ ਹੈ ਕਿ ਫਾਰਸੀ ਹੋਣ ਕਰਕੇ ਕਿਸੇ ਲਿਖਾਰੀ ਨੇ ਕੱਠੀਆਂ ਲਿਖ ਦਿੱਤੀਆਂ ਤੇ ਐਉਂ ਕੱਠੀਆਂ ਤੁਰ ਪਈਆਂ।

ਕਮਾਯਾ। ਫੌਜਾਂ ਚਾੜ੍ਹਿ ਅਗਿਨਤ ਹੀ ਘੇਰਾ ਕਰਿਵਾਯਾ। ਕਹਾ ਇਨਸਾਫੀ
ਤੁਝ ਕਰੀ ਕਰਿ ਮਨ ਅਭਿਮਾਨਾ। ਝੂਠਾ ਪੜ੍ਹਹਿ ਕੁਰਾਨ ਤੂੰ ਨਹੀਂ ਅਮਲ
ਕਮਾਨਾ॥੩੬॥ਜੇ ਤੂੰ ਕਹਹਿਂ ਕਿ ਸੰਗ ਮਮ ਇਨਸਾਫ ਕਮਾਇ।ਸੋ ਸੁਨਿਦੇ
ਕਰਿ ਕਾਨ ਕੋ ਸਭਿ ਕਹੌਂ ਬਨਾਈ।ਏਕ ਸਿਲਾ ਪਰ ਬਸਤ ਥੋ ਕਿਸ ਗ੍ਰਾਮ
ਨ ਰੋਕਾ[1]। ਦੇਸ਼ ਮੁਲਖ ਨਹਿਂ ਰੋਕਿਆ ਬਿਨ ਦਾਵੇ ਓਕਾ[2] ॥ ੩੭ ॥ ਕਿਸ
ਕੋ ਦੀਆ ਨ ਖਾਵਤੋ ਪ੍ਰਭੁ ਦੇਇ ਸੁ ਖਾਵੇਂ। ਏਕ ਅਕਾਲ ਅਰਾਧਤੋ ਕਿਸ
ਕੋ ਨ ਦੁਖਾਵੇਂ। ਪ੍ਰਥਮ ਬਾਪ ਮਮ ਕੈਦ ਕਰਿ ਦੀਨੋ ਮਰਿਵਾਈ। ਐਸੀ
ਦਸ਼ੋ ਬਹਾਦਰੀ ਕਰਿ ਮਨ ਗਰਬਾਈ ॥੩੮॥ ਜੈਸਾ ਬੇਇਨਸਾਫ ਤੂੰ ਤੈਸੇ
ਸਭਿ ਰਾਜੇ।ਸਿਖ ਸੰਗਤ ਮਮ ਮਾਰਿ ਕਰਿ ਬਹੁ ਕੀਨ ਅਕਾਜੇ। ਸਿੱਖਣੀਆਂ
ਗਨ ਹਨਿ ਦਈ ਬਹੁ ਲੂਟਿ ਖਜ਼ਾਨੇ। ਬੇਇਨਸਾਫੀ ਇਹ ਕਰੀ ਮਨ
ਸਮੁਝਿ ਇਆਨੇ॥੩੯॥ਬਿੱਨਜਾਈ ਹੈ ਤੁੱਧ ਘਰ ਪ੍ਰਭੁ ਕੇ ਘਰ ਨਾਂਹੀ।ਭਲੀ
ਬੁਰੀ ਜਸ ਕਰਤਿ ਹੈ ਤਸ ਫਲ ਸੋ ਪਾਹੀ। ਦਸ ਲਖ ਤੁਰਕ ਪਹਾੜੀਏ
ਘੇਰਾ ਬਡ ਕੀਨਾ। ਕਸਮ ਜੁ ਗਊ ਕੁਰਾਨ ਕੀ ਕਰਿ ਖੰਡਨ ਕੀਨਾ॥੪੦॥
ਨਿਕਸੇ ਜਬਿ ਹਮ ਵਹਿਰ ਕੋ ਦਲ ਪਾਛੇ ਸਾਰਾ। ਲਰੈਂ ਸਿੰਘ ਪੁਨ ਚਲਤ
ਹੀ ਚਮਕੌਰ ਸਿਧਾਰਾ। ਸਿਖ ਚਾਲੀ ਮਮ ਸੰਗ ਥੇ ਸੋ ਲੜਿ ਕਰਿ ਜੂਝੇ।
ਛੁਧਾਵੰਤਿ ਸੋ ਕਹਾ ਕਰਹਿਂ ਬੇਅੰਤ ਪਹੂਚੇ ॥੪੧॥ ਸਾਹਿਬਜ਼ਾਦੇ ਚਾਰ ਹੀ
ਛਲ ਕਰਿ ਮਰਿਵਾਏ। ਕਾਲਪੁਰਖ ਮਮ ਰਛ ਕਰੀ ਦੇ ਹਾਥਬਚਾਏ। ਤਬਿ
ਤੁਧ ਪੂਛਨ ਹੋਇਗੋ ਖਾਲਕ ਦਰ ਜਾਵੇਂ।–ਰਾਮਦਾਸ[3] ਕਹਾ ਫੇੜਿਆ ?–
ਕੀ ਮੁਖਹੁ ਅਲਾਵੇਂ॥੪੨॥ ਕਹਾ ਜਵਾਬ ਤਬਿ ਦੇਹੁੰਗੇ ਤੁਮ ਕਰੀ ਅਨੀਤੀ।
ਖਬਰਦਾਰ ਤੂੰ ਹੁਇ ਰਹੋ ਹ੍ਵੈ ਹੈਂ ਭੈ ਭੀਤੀ। ਖ਼ਾਲਕ ਕੀ ਦਰਗਾਹ ਮਹਿ
ਹਉਂ ਦਾਵਨਗੀਰੋ[4]। ਉੱਤਰ ਕੋਇ ਨ ਆਵ ਹੈ,ਹ੍ਵੈ ਹੈਂ ਦਿਲਗੀਰੀ ॥੪੩॥
ਜੇਤੇ ਦੋਜ਼ਕ ਬਨੇਂ ਹੈ ਬਿਨਸਾਫਾਂ ਕਾਰਨ[5]। ਫੜ ਅਗਨੀ ਜਬਿ ਪਾਵਸਨ
ਜਲਿ[6]ਕਰੈਂ ਪੁਕਾਰਨ।ਰੰਕ ਰਾਉ ਹੈਂ ਏਕ ਸਮ ਕੁਛ ਤਹਾਂ ਨ ਕਾਨੀ। ਕੀੜੀ

[1]ਨਹੀਂ ਸੀ ਰੋਕਿਆ। [2](ਮੈਂ ਕਿਸੇ ਦਾ) ਦੇਸ਼ ਮੁਲਖ ਨਹੀਂ ਸੀ ਖੋਹ ਲਿਆ (ਤੇ ਮੇਰਾ) ਘਰ (ਅਨੰਦ ਪੁਰ) ਬਿਨ ਦਾਵੇ (ਮੇਰਾ ਸੀ), (ਭਾਵੇਂ ਹ ਕਿ ਓਹ ਸਾਡੀ ਜ਼ਰ ਖਰੀਦ ਸੀ, ਅਰ ਉਸਦੀ ਖਰੀਦ ਦੇ ਪਟੇ ਮੂਜਬ ਕਿਸੇ ਨੂੰ ਉਥੋਂ ਦਾ ਮਸੂਲ, ਕਰ, ਕੋਈ ਸ਼ੈ ਲੈਣ ਦਾ) ਦਾਵਾ (ਪ੍ਰਾਪਤ) ਨਹੀਂ ਸੀ। [3]ਰਾਮ (ਵਾਹਿਗੁਰੂ) ਦੇ ਦਾਸਾਂ ਨੇ। (ਅ. ਗੁਰੂ ਰਾਮਦਾਸ ਜੀ ਦੇ ਗੱਦੀ ਨਸ਼ੀਨਾਂ ਨੇ। [4]ਪੱਲਾ ਫੜਨ ਵਾਲਾ ਭਾਵ ਲੇਣ ਦਾਰ। [5]ਬੇਇਨਸਾਫਾਂ(=ਅੰਨਿਆਈਆਂ) ਵਾਸਤੇ। [6]ਸੜ ਕੇ। ਹੇਯ।

ਕੀ ਪਹਿਲੇ ਸੁਨੇ ਗਰਬਨਿ ਪਿਛਵਾਨੀ[1] ॥੪੪॥ ਜੌ ਮਨ ਤੋਰ ਗੁਮਾਨ ਹੈ ਮਿਹਨਤ ਜੌਂ ਖਾਵੈਂ[2]।ਰਾਜ ਅੰਸ ਨਹਿੰ ਖਾਤਿ ਹੌਂ ਮੈਂ ਬਖਸ਼ਨਾ ਜਾਵੌਂ । ਸੋ ਗੁਮਾਨ ਤਵ ਝੂਠ ਹੈ ਘੋੜੇ ਜਵ ਖਾਹੀਂ।ਉਇ ਭੀ ਵਲੀ ਨ ਹੁਇ ਗਏ ਭਾਰੇ ਮਰ ਜਾਹ।[3] ॥੪੫॥ਵਲੀ ਨ ਹੋਯੋ ਤੁਰੰਗ ਕੋ, ਤੂੰ ਕਿਸ ਬਿਧਿ ਹੋਵੈਂ?ਝੂਠੇ ਕਰਹਿਂ ਗੁਮਾਨਤੂੰ ਅਕਬਤਸਭਿ ਖੋਵੈਂ[4]।ਜੌ ਰਿਦ ਤੋਰ ਗੁਮਾਨ ਹੈ–ਮੈਂਪੜੌਂ ਕੁਰਾਨ॥ਇਮ ਬਖਸ਼ਿਸ਼ ਤੇ ਛੂਟਿ ਹੌਂ -ਸਭਿ ਝੂਠ ਕਮਾਨਾ ॥੪੬॥ ਮੁਖ ਤੇ ਪੜਹਿਂ ਕੁਰਾਨ ਕੋ ਦਿਲ ਕਪਟ ਵਿਸ਼ੇਖਾ॥ਅਮਲਾਂ ਬਾਝ ਨ ਬਖਸ਼ੀਏਗਿਨ ਮਨ ਮਹਿਂ ਵੇਖਾ। ਲਿਖਿ ਕੁਰਾਨ ਪਛ ਦਗਰ ਪਰ ਸੋ ਵਲੀ ਨ ਥੀਆ[5]। ਵਲੀ ਜਾਨਿ ਬਡ ਆਪ ਕੋ ਕਿਮ ਗਰਬਤਿ ਹੀਆ ॥ ੪੭ ॥ ਜੇਕਰਿ ਤੁਝੈ ਗੁਮਾਨ ਯਹਿ ਮੈਂ ਬੰਦਗੀ ਕੈਹੋਂ। ਪਠਿ ਰਵਾਇਤਾਂ ਦੋਇ ਚਾਰ ਇਮ ਬਖਸ਼ ਮਿਲੈ ਹੌਂ।ਬੰਦਗੀ ਤਿਸਕਾ ਨਾਮ ਹੈ ਮਨ ਕਰੇ ਮੁਖਾਲਸ[6]। ਉਲਟਾ ਫਰਬਾ[7] ਤੁਧ ਕੀਆ ਮਨ ਕੀਨੀ ਲਾਲਸ[8] ॥ ੪੮ ॥ ਮਨ ਕੀ ਖੁਸ਼ੀਆਂ ਤੁਧ ਕਰੀ ਪਿਤ ਭ੍ਰਾਤ ਮਰਾਏ। ਬੰਦਗੀ ਤੁਧ ਕੌਨੈ ਕਰੀ ? ਸਭਿ ਕਪਟ ਕਮਾਏ।ਜੌ ਮਨ ਤੋਰ ਗੁਮਾਨ ਯਹਿ ਮੈਂ ਉਮਤ ਪਿਕੰਬਰ।ਸੋ ਸ਼ਫਾਤ[9]ਮਮ ਭਰੈਗੋ,ਤਿਨ ਕਹਨੋ ਬਿਚੰਬਰ[10] ॥੪੯॥–ਮੈਂ ਸ਼ਫਾਤਿ ਤਿਸ ਕੀ ਭਰੌਂ ਮੁਝ ਅਮਰ[11] ਕਮਾਵੈ।ਤਜਨਿ ਜੋਗ ਜੋ ਬਾਤ ਹੈ ਤਿਸ ਤੇ ਹਟਿ ਜਾਵੈ–।ਜੋਕਮਾਵਨੀ ਤਿਨ ਕਹੀ,ਨਹਿਂ ਕਰੀ ਕਮਾਵਨ। ਨਹਿ ਮਾਨੀ ਸੋ ਪੀਰ ਕੀ, ਕਸ ਕਰਹਿਂ ਛੁਡਾਵਨ ॥ ੫੦ ॥ ਮਾਇਆ ਦੁਨੀਆਂ ਕਰੰਗ ਹੈ ਤਿਸ ਤਾਲਬ[12] ਕੁੱਤਾ। ਤੋ ਕੌ ਨਹਿਂ ਬਖਸ਼ਾਵ ਹੈ, ਸਭਿ ਕਰਮ ਅਵੱਤਾ[13]। ਜੋ ਮਨ ਤੋਰ ਗੁਮਾਨ ਇਮ ਬੁਤ ਕਰੀ ਸ਼ਿਕਸਤੀ।ਸੋ ਘਰ ਘਰ ਬਹੁਤੇ ਬਨੇ ਹੋਈ ਆਰ-

---

[1]ਈਰਖਾ ਕਾਰੀਆਂ ਦੀ ਪਿੱਛੋਂ। [2]ਮਿਹਨਤ ਦੇ ਜੌਂ ਖਾਂਦਾ ਹਾਂ। [3]ਭਾਰ ਢੋਂਦੇ ਮਰ ਜਾਂਦੇ ਹਨ (ਘੋੜੇ)। [4]ਭਾਵ, ਪਰਲੋਕ ਗਵਾ ਲਿਆ ਤੂੰ। [ਅ:, ਆਕ਼ਬਤ=ਮਰਨ ਤੋਂ ਮਗਰਲੀ ਹਾਲਤ]। [5]ਦਗਰ ਨਾਮੇ ਪੰਛੀ ਦੇ ਪਰਾਂ ਦੇ ਕੁਰਾਨ ਲਿਖੇ ਪਰ ਵਲੀ ਨਾ ਹੋਇਆ। [ਦਗਰ=ਇਕ ਖਯਾਲੀ ਪੰਛੀ ਹੈ, ਜਿਸਦੇ ਪਰਾਂ ਪਰ ਕੁਰਾਨ ਲਿੱਖਣ ਦੀ ਲੋਕ ਪ੍ਰਸਿੱਧ ਬਾਰਤਾ ਸੁਣੀਂਦੀ ਹੈ]। [6]ਪਵਿੱਤ੍ਰ। ਸ਼ੁਧ ਪਾਠ ਚਾਹੀਏ:–ਮਨ ਕਰ ਜੁ ਖ਼ਾਲਸ [ਅ:, ਖ਼ਾਲਸ=ਪਵਿਤ੍ਰ, ਯਾ ਮੁਖ਼ਲਿਸ=ਪਵਿੱਤ੍ਰਤਾ ਵਾਲਾ]। [7]ਮੋਟਾ (ਮਨ) [ਫਾ:, ਫਰਬਾ=ਮੋਟਾ]। [8]ਤ੍ਰਿਸ਼ਨਾ ਮਨ ਵਿਚ ਕਰ ਕਰ੍ਕੇ। [9]ਸਿਫਾਰਸ਼। [ਅ:, ਸ਼ਿਫਾਅ਼ਤ=ਸਿਫਾਰਸ਼]। [10]ਵਿਚ ਅਕਾਸ਼ ਦੇ ਭਾਵ ਅਕਾਸ਼ ਬਾਣੀ ਵਿਚ ( ਅ ) ਬਚੰਬਰ=ਸ੍ਰੇਸ਼ਟ ਵਾਕ। [11]ਮੇਰਾ ਹੁਕਮ। ਅਮਰ। [12]ਤਿਸ ਦੀ ਚਾਹ ਵਾਲਾ। [13](ਤੇਰੇ) ਸਾਰੇ ਕਰਮ ਪੁੱਠੇ ਹਨ। [ਪੰ:, ਅਵੱਤਾ=ਪੁੱਠਾ]।

ਸਤੀ[੧]॥੫੧॥ ਹਿੰਦੂ ਸੱਭਿ ਅਰਾਧਤੇ ਟੇਕੈਂ ਧਰਿ ਮਾਥਾ। ਇਕ ਭ੍ਰੰਗਨਿ ਤੇ ਲਖ ਬਨੇ ਇਹ ਜਾਨਹੁ ਗਾਥਾ। ਜੌ ਗੁਮਾਨ ਹੈ ਸ਼ਰੇ[੨] ਕੋ ਇਹ ਬਖਸ਼ਿਸ਼ ਹੋਵੈ। ਸਭੀ ਸ਼ਰੇ ਮਹਿ ਬੰਧੇ ਹੈਂ ਕਿਮ ਬਖਸ਼ਨ ਜ਼ੋਵੈਂ॥੫੨॥ਪੈਬ ਸ਼ਰ੍ਹਾ ਕਰਿ ਬਖਸ਼ ਹੁਇ ਕਸੌਂ ਭਜਨ ਕਰੈ ਕੋ।ਸੰਤ ਜਨਾ ਕੀ ਸੇਵਕੀ ਕਸੌਂ ਜਾਇ ਕਰੈ ਕੋ। ਸਾਹਿਬ ਲੋਕੈਂ ਖੁਸ਼ੀ ਬਿਨ[੩] ਨਹਿ ਦਰਗਹ ਬਾਸਾ। ਬਿਨ ਸਾਹਿਬ ਕੀ ਬੰਦਗੀ ਕੂਰਾ ਭਰਵਾਸਾ॥੫੩॥ਜੌਤੂੰ ਕਰਹਿ ਗੁਮਾਨ ਯਹਿ ਜਸੁ ਕਰਿ ਸਭਿ ਮੇਰਾ[੪]। ਇਤ ਕਰਿ ਬਖਸ਼ਨ ਹੋਇਗੀ ਬਿਨ ਲੋਭ ਨ ਹੇਰਾ[੫]। ਲਾਲਚ ਕਰਿ ਜੋ ਕਰਤਿ ਥੇ ਤਿਨ ਨਰਕ ਲਿਜਾਹੀ।ਫਿਰਾਊਨ ਪ੍ਰਭੁ ਤੇ ਭਏ[੬]ਬਹੁ ਮਿਲੈਂ ਸਜਾਈਂ॥੫੪॥[੭]ਸਾਹਿਬ ਸਤਾਰ ਜੁ ਦਿਲ ਗਨੈਂ ਸੋ ਬਖਸ਼ਿਸ਼ ਮੋਹੀ। ਸਿਫਤ ਕਹਾਰ ਸਤਾਰ ਹੈ ਸਾਹਿਬ ਕੀ ਦੋ ਹੀ। ਤੁਝ ਨੇ ਕਿਸ ਕੇ ਊਪਰੇ ਮਨਸਾ ਜਿਯ ਧਾਰੀ। ਕਰੀ ਕਹਾਰੀ ਕਹਿਰ ਹੁਇ ਜੁ ਸਤਾਰ ਸਤਾਰੀ[੭] ॥੫੫॥ਕਿੱਕਰ ਬੀਜੈ ਅੰਬ ਮਿਲੈ ਨਹਿ ਹੋਇ ਕਦਾਪੀ।ਜੈਸਾ ਬੀਜੈ ਲੁਣੈ ਸੋ ਜੋ ਕਰੀਐ ਆਪੀ[੮]। ਬਦਲਾ ਲੇਵੈ ਖਾਲਸਾ ਛੋਡੈ ਕਬਿ ਨਾਂਹੀ।ਜੇਤਿਕ ਦੁਖ ਕਿਸ ਦੇਹਿਗੋ ਤੇਤਿਕ ਸੋ ਪਾਹੀ[੭]॥੫੬॥ਗ਼ਜ਼ਲ ਰੁਬਾਈ ਗਨ ਲਿਖੀ[੮]ਪੈਕੰ-ਬਰ ਪੁੰਜਾ।ਤੋਹਿ ਸਹਾਇਕ ਕੋ ਨਹੀ[੯] ਈਮਾਨ ਪ੍ਰਭੰਜਾ[੧੦]।ਜਿਨ ਕੋ ਪਢਿ ਗ਼ੈਰਤ ਕਰੈ ਨਿਜ[੧੧] ਲਖੈ ਢਿਠਾਈ। ਮਰਹਿ ਬਿਸੂਰਤਿ ਸਮੁਝਿਕੈ, ਗੁਰ ਲਿਖਿ ਸਮੁਦਾਈ[੧੨] ॥ ੫੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ 'ਦੀਨੇ ਕੇ ਗ੍ਰਾਮ' ਪ੍ਰਸੰਗ ਬਰਨਨੰ ਨਾਮ ਸਪਤ ਪੰਚਾਸਤੀ ਅੰਸੂ ॥ ੫੭॥

---

[੧]ਸਜਾਵਟ। [੨]ਸ਼ਰਅ੍। [੩]ਮਹਾਤਮਾਂ ਦੀ ਖੁਸ਼ੀ ਬਿਨਾਂ। [੪]ਸਾਰੇ ਮੇਰਾ ਜਸ ਕਰਦੇ ਹਨ। [੫](ਮੇਰਾ ਜਸ) ਲੋਭ ਤੋਂ ਬਿਨਾਂ ਨਹੀਂ ਦੇਖੀਦਾ। [੬]ਪਰਮੇਸ਼ੂਰ ਤੋਂ ਸਰਕਸ਼ ਭਾਵ ਇਨਕਾਰੀ ਹੋਣ ਨਾਲ। [ਅ:,ਫਿਰਔਨ=ਮਿਸਰ ਦੇ ਪਾਤਸ਼ਾਹਾਂ ਦਾ ਲਕਬ ਸੀ। ਖਾਸ ਕਰ ਵਲੀਦ ਬਿਨ 'ਮੁਸਅਬ' ਜੋ ਰੱਬ ਤੋਂ ਇਨਕਾਰੀ ਤੇ ਆਪ ਨੂੰ ਰਬ ਕਹਿੰਦਾ ਸੀ]। [੭](ਜੇ ਤੂੰ ਕਹੇਂ ਕਿ) ਸਾਹਿਬ ਜੋ (ਭਾਵੇਂ) ਦਿਲਾਂ ਦੀਆਂ ਜਾਣਦਾ ਹੈ (ਪਰ ਉਹ) ਪੜਦੇ ਢਕ ਹੈ, ਸੋ ਮੈਨੂੰ ਵੀ ਬਖਸ਼ੇਗਾ, ਤਾਂ ਉਸੇ ਦੀਆਂ ਦੋਵੇ ਸਿਫਤਾਂ ਹਨ:—ਸੱਤਾਰ ਤੇ ਕਹਾਰ, ਅਰਥਾਤ ਉਹ ਸੱਤਾਰ ਹੈ ਪਰ ਕ਼ਹਾਰ ਬੀ ਹੈ [ਅ:, ਸੱਤਾਰ=ਪੜਦੇ ਢੱਕ। ਕਹਾਰ=ਕਹਿਰ ਕਰਨ ਵਾਲਾ]। ਤੂੰ ਕਿਸ ਸਿਫਤ ਉੱਤੇ ਆਪਣੀ ਭਾਵਨਾ ਧਾਰੀ ਹੈ, ਜੇ ਤੂੰ ਕਹਿਰ ਕੀਤੇ ਹਨ (ਤੇਰੇ ਤੇ) ਕਹਿਰ ਹੋਵੇਗਾ; ਜੇ ਤੂੰ ਸਤਾਰੀ (=ਪੜਦੇ ਢੱਕਣੇ) ਕੀਤੇ ਹਨ ਤਾਂ ਤੇਰੇ ਪੜਦੇ ਢਕੇਗਾ। [੮]ਭਾਵ ਤੂੰ ਕਿਸੇ ਦੇ ਪੜਦੇ ਨਹੀਂ ਢਕੇ ਤੇਰੇ ਕਰਤਾਰ ਕਿਉਂ ਢਕੇਗਾ। [੯]ਸਾਰੇ ਪੈਕੰਬਰਾਂ ਵਲੋਂ ਤੇਰਾ ਸਹਾਈ ਕੋਈ ਨਹੀਂ। [੧੦](ਕਿਉਂਕਿ) ਤੂੰ ਈਮਾਨ ਤੋੜਿਆ ਹੈ। [੧੧]ਸ਼ਰਮ ਆਵੇਸੁ। [੧੨]ਇਸਤਰ੍ਹਾਂ ਗੁਰੂ ਜੀ ਨੇ ਸਾਰੇ (ਬੈਂਤ) ਲਿਖੇ ਜਿਨ੍ਹਾਂ ਨੂੰ ਸਮਝਕੇ ਝੂਰ ਝੂਰਕੇ ਮਰ ਜਾਏ।

## ੫੮. [ਜ਼ਫਰਨਾਮਾ ਭੇਜਣਾ। ਦੀਨਿਓਂ ਚੜ੍ਹਨਾ]।

ਦੋਹਰਾ ॥ ਇਸ ਪ੍ਰਕਾਰ ਲਿਖਿ ਸਤਿਗੁਰੂ ਤੁਰਕ ਤਰਕ[1] ਸਮੁਦਾਇ। ਪੀਛੇ ਅਮਲ ਤਰੀਫ ਲਿਖਿ[2] ਜਿਸ ਪਠਿ ਉਰ ਜਰ ਜਾਇ ॥ ੧ ॥ ਨਿਸਾਨੀ ਛੰਦ॥ 'ਕਰਤਿ ਰਹਯੋ ਲਖਿ ਭਲੀ ਜੋ ਅਰੁਸ਼ਰ੍ਹਾ ਚਲਾਈ।ਨਿਜ ਤੌਰਾ[3] ਕਰਿਜਹਿ ਕਹਾਂ ਸਭਿ ਤੇ ਕਰਿਵਾਈ।–ਕਰਤਿ ਰਹਯੋ ਮੈਂ ਅਮਲ ਸ਼ੁਭ–ਇਮ ਧਰੈਂ ਗੁਮਾਨਾ।–ਨਹਿਂ ਸਜ਼ਾਇ ਦੋਜ਼ਕ ਬਨੈ–ਇਹ ਨਿਸ਼ਚੈ ਠਾਨਾ॥੨॥ਤਿਸਹੀ ਕੋਖੰਡਨ ਕਰਯੋ ਲਿਖਿਲਿਖਿ ਗੁਰ ਪੂਰੇ।ਸਕਲ ਜਨਾਈ ਤੁਰਕ ਕੋ'ਹੁਇ ਨਰਕ ਜ਼ਰੂਰੇ। ਸਾਹਿਬਜ਼ਾਦੇ ਚਾਰ ਹੂ ਛਲ ਕਰਿ ਮਰਿਵਾਏ। ਮਹਾਂ ਪਾਪ ਇਹ ਤੋਹਿ ਸਿਰ,ਕਰਿ ਅਹਿਦ ਮਿਟਾਏ॥੩॥ ਅਵਰੰਗ ਪਦਰਹਿ[4] ਪਦਰ[5] ਕੋ ਤਿਸ ਪਦਰ[6] ਬਹੋਰੀ। ਲਿਖੀ ਸਪਤ ਅਜਬਾ ਤਬੈ* ਸੋ ਹੈਂ ਕਿਤ ਠੌਰੀ[7]।ਮਰੇ ਖਾਕ ਮਹਿਂ ਮਿਲ ਗਏ ਕੋ ਇਕ ਦਿਨ ਬਾਜੀ[8]।ਹਾਰ ਚਲੇਕਰ ਝਾਰਿ ਕਰਿ ਸਾਚੀ ਲਖਿ ਪਾਜੀ[9]?' ॥੪॥ ਇੱਤਸਾਦਿਕ ਲਿਖਿ ਬੈਤ ਮਹਿਂ ਸ਼ੁਭ ਗਿਰਾ ਬਨਾਈ।ਜਿਸਕੋ ਪਠਿ ਗ਼ਮਕੋ ਕਰੈ ਤੁਰਨ ਮਰਿ ਜਾਈ।'ਤਿਸ ਪਸ਼ਚਾਤੀ ਸਭਿਨਿ ਤੇ ਪਲਟਾ ਹਮ ਲੈਹੈਂ। ਮਾਰਿ ਛਾਰ ਕਰਿ ਤੁਰਕ ਗਨ ਸਭਿ ਰਾਜ ਮਿਟੈ ਹੈਂ॥੫॥ ਲਿਖਿ ਇਕਾਂਗ ਓਂਕਾਰ ਕੋ ਮੰਤਰ ਸਤਿਨਾਮਾ। ਵਾਹਿਗੁਰੂ ਜੀ ਕੀ ਫਤੇ ਪੁਨਿ ਲਿਖਿ ਅਭਿਰਾਮਾ। ਕਰਿ ਇਕੱਤ੍ਰ ਕਾਗਤ ਭਲੇ ਸਮਰਥ ਸਭਿ ਭਾਂਤੀ। ਨਾਮ 'ਜ਼ਫਰਨਾਮਾ' ਰਖਯੋ ਸ਼ੱਤ੍ਰ ਹਿਤ ਹਾਤੀ ॥ ੬ ॥ 'ਇਤ ਲਾਖਹੁੰ ਹਤਿ ਕੈ ਸੁਭਟ ਰਜ ਦ੍ਰਿਗ ਮਹਿਂ ਪਾਈ। ਉਤ ਕਾਗਤ ਕੇ ਪਠਤਿ ਹੀ ਹਜ਼ਰਤ ਮਰਿਜਾਈ।ਨਾਮ ਧਰਯੋ ਖਤਫਤੇਕੋ ਇਹ ਕਾਰਨ ਜਾਨੋ। ਨਾਸ਼ ਦੁਤਰਵੈ ਤੁਰਕ ਹ੍ਵੈ ਸਭਿ ਰਾਜ ਪ੍ਰਹਾਨੋ ॥ ੭ ॥ ਦਯਾ ਸਿੰਘ!ਤੁਮ ਲੇ ਭਲੇ ਮਿਲੀਐ ਤੁਰਕੇਸ਼ਾ। ਬੋਲਹੁ ਨਿਕਟ ਸੁਚੇਤ ਹ੍ਵੈ ਕਰਿ ਡਰ ਨਹਿਂ ਲੇਸ਼ਾ। ਤੋਹਿ ਬਚਨ ਮਹਿਂ ਸ਼ਕਤਿ ਦੀ ਜਿਮ ਕਹੈਂ ਸੁ ਹੋਵੈ।

---

[1]ਤੁਰਕ ਦੀਨੇ ਸਾਰੀਆਂ ਦਲੀਲਾਂ। [2]ਦਲੀਲ ਦੇ ਮਗਰੋਂ (ਸ਼ੁਭ ਗਲਾਂ ਤੇ) ਅਮਲ ਕਰਨ ਦੀ ਮਹਿਮਾਂ ਲਿਖੀ। [3]ਹੁਕਮ। [4]ਸ਼ਾਹ ਜਹਾਂ। [5]ਜਹਾਂਗੀਰ। [6]ਅਕਬਰ। [7]ਭਾਵ ਇਹ ਹੈ ਕਿ ਤੇਰੇ ਵਡਿਆਂ ਬਾਬਤ ਅਜੀਬ ਹਾਲਾਤ ਲਿਖੇ ਹਨ, ਓਹ ਦੱਸ ਤੇਰੇ ਵਡੇ ਹੁਣ ਕਿੱਥੇ ਹਨ ?। ਸ਼ਾਹ ਜਹਾਂ, ਜਹਾਂਗੀਰ, ਅਕਬਰ ਇਹ ੩ ਤੇ ਅਕਬਰ ਤੋਂ ਪਿੱਛੇ ਤੈਮੂਰ ਤਕ ਸੱਤ ਪੀੜ੍ਹੀਆਂ ਹਨ। ੩ +੭। [8]ਕੋਈ ਦਿਨ ਦੀ (ਬਾਜ਼ੀ=) ਖੇਡ ਹੈ। [9]ਹੇ ਪਾਜੀ। ਕੀ ਤੂੰ ਇਹ ਸੱਚੀ ਸਮਝੀ ਹੈ ? (ਅ) ਇਹ ਪਾਜੀ (ਝੂਠੀ) ਹੈ ਤੂੰ ਸੱਚ (ਕਿਉਂ) ਲਖੀ ਹੈ। *ਪਾਃ–ਅਜਬਾਤ ਹੈ।

ਪਹੁੰਚਹੁ ਦੱਖਨ ਦੇਸ਼ਮਹਿੰ ਤੁਰਨ ਤਹਿੰ ਜੋਵੈ॥੮॥ਅਹਿਦੀ ਬਨ ਚਢਿ ਮੰਚ ਪੈ ਲਿਹੁ ਪਲਟਾ ਜਾਈ।ਗੁਰ ਘਰ ਜਿਮ ਅਹਿਦੀ ਪਠੇ ਤਿਮ ਆਪ ਸਿਧਾ-ਈ। ਧਰਮ ਸਿੰਘ ਬਸਿ ਆਗਰੇ ਤਿਸ ਲੀਜਹਿ ਸੰਗਾ। ਬਿਲਮ ਬਿਹੀਨ ਪਯਾਨੀਏ ਕਰਿਕਾਰਜ ਚੰਗਾ'॥੯॥ਨੀਲਾਂਬਰ ਸਭਿਧਾਰਿਕੈ ਗੁਰ ਆਇਸੁ ਪਾਇ। ਦਯਾ ਸਿੰਘ ਤਯਾਰੀ ਕਰੀ ਜਿਮ ਬਾਕ ਸੁਨਾਇ। ਲੀਨ ਜ਼ਫਰ-ਨਾਮਾ ਤਬੈ ਬੰਧਯੋ ਸਿਰ ਸਾਥਾ। ਕਰੀ ਬੰਦਨਾ ਪ੍ਰੇਮ ਤੇ ਜੋਰੇ ਜੁਗ ਹਾਥਾ। ੧੦ ॥ ਧਰਮ ਸਿੰਘ ਤਿਮ ਨਮੋ ਕਰਿ ਰੁਖਸਤ ਜੁਗ ਹੋਇ। ਚਲੇ ਗੁਰੂ ਕੇ ਕਾਜ ਕੋ ਹਰਖਤਿ ਸਿਖ ਦੋਇ। ਦਯਾ ਸਿੰਘ ਚਢਿ ਮੰਚ ਪਰ ਆਸ਼ਨ ਕਰਿ ਬੈਸੇ। ਹਾਜੀ ਕਾਬੇ ਕੋ ਮਨੋ ਅਹਿਦੀ ਥਿਰਿ ਜੈਸੇ ॥ ੧੧ ॥ ਨਰ ਨਿਕਾਰ ਕਰਿ ਗ੍ਰਾਮ ਤੇ ਮੰਚਾ ਉਚਵਾਯੋ। ਧਰਮ ਸਿੰਘ ਹੁਇ ਗੈਲ ਮੈਂ ਗਮਨੋ ਮਗ ਪਾਯੋ। ਗ੍ਰਾਮ ਗ੍ਰਾਮ ਪ੍ਰਤਿ ਕੈ ਨਗਰ ਨਰ ਲੇਤਿ ਨਿਕਾਰੇ। ਹਜ਼ਰਤ ਕੇ ਹਿਤ ਹਤਨਿ ਕੋ ਜੁਗ ਸਿੰਘ ਸਿਧਾਰੇ ॥੧੨॥ ਪੁਰਬ ਦਿੱਲੀ ਮੈਂ ਗਏ ਧਰਮ-ਸਾਲ ਉਤਾਰਾ। ਸਭਿ ਸੰਗਤਿ ਗੁਰ ਕੀ ਅਈ ਧਰਿ ਭਾਉ ਉਦਾਰਾ। ਦਰ-ਸ਼ਨ ਕਰਿ ਕਰਿ ਅਨੰਦ ਧਰਿ ਸਭਿ ਸੇਵ ਕਮਾਈ। ਚਹਯੋ ਖਰਚ ਹਿਤ ਪੰਥ ਕੇ ਧਨ ਦੇ ਸਮੁਦਾਈ ॥੧੩ ॥ ਬਸੇ ਰਾਤਿ ਸੁਖ ਸੌਂ ਤਹਾਂ ਕਰਿ ਖਾਨ ਰੁ ਪਾਨਾ। ਸੌਚ ਸ਼ਨਾਨੇ ਪ੍ਰਾਤਿ ਕੋ ਕਿਯ ਪੰਥ ਪਯਾਨਾ। ਕਰਨਿ ਬਿਦਾ ਸੰਗਤਿ ਗਈ ਹਟਿ ਕਰਿ ਪੁਨ ਆਈ।ਜਥਾ ਕਰਮ ਮਗ ਉਲੰਘਤੇ ਨਿਤ ਸਿੰਘ ਸਿਧਾਈ ॥ ੧੪ ॥ ਨਗਰ ਆਗਰੇ ਉਤਰਿਕੈ ਪੁਨ ਸੰਗਤਿ ਮਾਂਹੀ। ਪੂਜਹਿ ਦਰਸ਼ਨ ਕੋ ਕਰਹਿੰ ਜਿਮ ਗੁਰੂ ਲਖਾਹੀ। ਚਲੇ ਸਿੰਘ ਆਗੇ ਬਹੁਰ ਹੁਇ ਚੰਬਲ ਪਾਰਾ[1]। ਨਰਵਰ[2] ਕਾਲੇ ਬਾਗ ਕੋ ਕਰਿ ਮਜਲ ਸਿਧਾਰਾ ॥ ੧੫ ॥ ਸ਼ਹਿਰ ਸਰੋਜ ਉਜੈਨ* ਕੋ ਕਰਿ ਸੰਗਤ ਮੇਲਾ॥ਦੇਸ਼ ਮਾਲਵਾ ਸੈਲ ਕਰਿ ਚਲਿ ਸਿੰਘ ਸੁਹੇਲਾ। ਨਦੀ ਨਰਬਦਾ ਪਾਰ ਗਾ'ਗੜ੍ਹ ਸ਼ੇਰ' ਸਿਧਾਯੋ। ਪੁਰਿ ਬੁਰਹਾਨ ਪਹੂੰਚ ਕੈ ਸੰਗਤਿ ਦਰਸਾਯੋ॥੧੬॥ਤਹਿੰ ਬਸਿ ਕਰਿ ਆਗੇ ਗਯੋ ਅਵਰੰਗਾ ਬਾਦੂ। ਨਗਰ ਅਹਿਮਦਾਵਾਦ† ਮਹਿੰ ਥਿਰ ਬਿਨਾ ਬਿ-

---

[1]ਚੰਬਲ ਨਦੀ ਪਾਰ ਹੋਕੇ। [2]ਗਵਾਲੀਅਰ ਥੋਂ ਪਰੇ ਇਕ ਨਗਰ। *ਸਿਰੋਂਜ ਤੇ ਉਜੈਨ ਦੋਵੇਂ ਸ਼ਹਿਰ ਵਸਤ ਹਿੰਦ (C.I) ਵਿਚ ਹਨ। †'ਅਹਿਮਦ ਨਗਰ' ਤੋਂ ਭਾਵ ਹੈ।

ਖਾਦੂ।ਬਿਸਰਾਮਯੋ ਮਗ ਸ਼੍ਰਮ ਹਤਯੋ ਆਨੰਦ ਕੋ ਪਾਏ। ਜਹਾਂ ਛਾਵਨੀ ਸ਼ਾਹ ਕੀ ਚਢਿ ਤਹਾਂ ਸਿਧਾਏ ॥ ੧੭ ॥ ਹੇਰਿ ਜਾਂਹਿ ਬੂਝਤਿ ਭਯੋ ਗੁਰ ਕੋ ਸਿਖ ਕੋਈ। ਦਿਯੋ ਬਤਾਇ ਜੁ ਲਖੇ ਥੇ ਸੁਨਿ ਕੈ ਸੁਧਿ ਹੋਈ।ਜੇਠਾ ਸਿੰਘ ਜੇਠਾ ਇਹਾਂ ਧਨ ਬੁਧਿ ਮਹਿਂ ਜਾਨੋ। ਦਯਾ ਸਿੰਘ ਅਰੁ ਧਰਮ ਸਿੰਘ ਆਵਾਹਨ ਠਾਨੋ ॥੧੮॥ ਆਇ ਮਿਲਯੋ ਤਤਕਾਲ ਹੀ ਸੁਨਿ ਕੈ ਸਭਿ ਗਾਥਾ। ਅਪਨੇ ਨਿਕਟ ਉਤਾਰਿ ਕਰਿ ਬਹੁ ਭਾਉ ਕਿ ਸਾਥਾ। ਸੇਵਾ ਕੀਨੀ ਸਕਲ ਬਿਧਿ ਸਭਿ ਖਾਨ ਰੁ ਪਾਨੇ। ਸ਼ਾਹੁ ਭੇਦ ਸਮੁਝਾਇ ਦਿਯ ਜਿਮ ਆਵਨ ਜਾਨੇ[1] ॥ ੧੯ ॥ 'ਪਹੁੰਚਨਿ ਮੁਸ਼ਕਿਲ ਸ਼ਾਹੁ ਢਿਗ ਕਯਾ ਕਰੈਂ ਉਪਾਯਾ? ਸ਼੍ਰੀ ਗੁਰ ਕੋ ਕਾਰਜ ਮਹਾਂ ਹਮ ਢਿਗ ਲੈ ਆਯਾ'। ਦਯਾ ਸਿੰਘ ਬੋਲਯੋ ਸੁਮਤਿ 'ਕੁਛ ਚਿੰਤ ਨ ਕੀਜੈ।ਸੰਗਤਿ ਕਰਹੁ ਇਕੱਤ੍ਰ ਸਭਿ ਪਠਿ ਹੁਕਮ ਸੁਨੀਜੈ ॥ ੨੦ ॥ ਪੁਨਹਿ ਜਤਨ ਮਿਲਿ ਕਰੈਂਗੇ ਜਿਸ ਕਿਸ ਬਿਧਿ ਹੋਵੈ। ਅਪਨਾ ਕਾਰਜ ਆਪ ਹੀ ਗੁਰ ਬਿਘਨ ਸੁ ਖੋਵੈਂ'। ਜੇਠਾ ਸਿੰਘ ਸੁਨਿਕੈ ਤਬੈ ਸੁਧ ਸੰਗਤਿ ਮਾਂਹੀ। ਸਭਿ ਕੋ ਦਈ ਸੁਨਾਇ ਕਰਿ ਜਾਨੀ ਜਹਿਂ ਕਾਂਹੀ ॥੨੧॥ ਭਯੋ ਪ੍ਰਾਤਿ ਕੋ ਜੋਰ ਤਬਿ ਪੰਚਾਂਮ੍ਰਿਤ ਕੀਨਾ। ਸਤਿਗੁਰ ਕੇ ਸਿਖ ਸਰਬ ਹੀ ਬੈਠੇ ਸੁਖ ਪੀਨਾ। ਦਯਾ ਸਿੰਘ ਕੋ ਨਮੋ ਕਰਿ ਪੁਨ ਹੁਕਮ ਸੁਨਾਯੋ। 'ਸ਼੍ਰੀ ਪ੍ਰਭੁ ਕੋ ਕਾਰਜ ਇਹੀ ਕੀਜਹਿ ਮਨ ਭਾਯੋ'॥੨੨॥ ਸੁਨਿ ਸੁਨਿ ਗੁਰਮੁਖ ਸਿੱਖ ਜੋ ਤਿਨ ਸਿਰ ਪਰ ਮਾਨਾ। ਕੇਤੇ ਮਨਮੁਖ ਤਰਕਤੇ ਜਿਨ ਭੇਵ ਨ ਜਾਨਾ। ਕਰਹਿਂ ਅਨਿਕ ਉਪਚਾਰ ਕੋ ਕਛੁ ਬਨ ਨਹਿਂ ਆਵੈ।ਸਿਖ ਸਗਰੇ ਇਤ ਉਤ ਫਿਰਹਿ ਬਹੁਤਨਿ ਢਿਗ ਜਾਵੈਂ॥੨੩॥

ਇਤ ਸਤਿਗੁਰ ਦੀਨੇ ਬਿਰੇ ਭੇ ਬਿਦਤ ਜਹਾਨਾ। ਮੂਰਖ ਖਾਨ ਵਜੀਦ ਜੋ ਚਿਤਵੈਤਿ ਮਹਾਨਾ।—ਮਰਯੋ ਨਹੀਂ ਪਕਰਯੋ ਨਹੀਂ, ਜੀਵਤਿ ਥਿਰ ਨੇਰੇ। ਮਹਾਂ ਜੰਗ ਕਰਿ ਕਰਿ ਜਿਨਹੁੰ ਦੁਖ ਦਏ ਘਨੇਰੇ ॥ ੨੪ ॥ ਹਜ਼ਰਤ ਕਰੋ ਉਪਾਵ ਬਹੁ ਨਾਹਿਨ ਕੋ ਚਾਲਾ। ਸਭਿ ਤੁਰਕਾਨੇ ਸ਼ੋਕ ਦੁਖ ਜਿਨ ਡਾਲ ਬਿਸਾਲਾ[2]।ਅਬਿ ਭ੍ਰਸ਼ਨ ਰਹਿ ਕੋਇ ਦਿਨ ਦੀਜੈ ਬਿਸਵਾਸਾ[3]। ਪਰਹਿਂ ਅਚਾਨਕ ਜਾਇ ਕਰਿ, ਗਹਿ ਕਿਧੌਂ ਬਿਨਾਸ਼ਾ—॥ ੨੫ ॥ ਲਗਯੋ

[1]ਜਿਵੇਂ ਪਾਤਸ਼ਾਹ ਪਾਸ ਜਾਣਾ ਔਣਾ ਹੋ ਸਕਦਾ ਸੀ। [2]ਜਿਸ ਨੇ ਸਾਰੇ ਤੁਰਕਾਨੇ ਨੂੰ ਬਹੁਤਾ ਦੁੱਖ ਪਾ ਦਿੱਤਾ ਹੈ। [3]ਭਾਵ ਵਿਸਾਹ ਲਈਏ।

ਬਟੇਰਨਿ ਬਾਹਨੀ ਜਿਤ ਕਿਤ ਤੇ ਆਈ। ਜਥੇਦਾਰ ਸਨ ਸਭਿ ਕਹੀ: 'ਰਹਿ ਤਯਾਰ ਸਦਾਈ। ਸੰਧਯਾ ਪ੍ਰਾਤ ਪਛਾਨੀਏਂ ਚਢਿਬੇ ਕਹੁ ਕਾਜੂ।ਇਤ ਉਤ ਬਿਥਰਹਿ ਕੋ ਨਹੀਂ ਬਨਿ ਤਯਾਰ ਸਮਾਜੂ॥੨੬॥ ਗੋਰੀ ਅਰੁ ਬਾਰੂਦ ਬਹੁ ਸਭਿਹਿਨਿ ਕੋ ਦੀਜੈ। ਗਮਨ ਦੂਰ ਹਿਤ ਹਯਨਿ ਕੋ ਆਸੂਦੇ ਕੀਜੈ'। ਇਸ ਬਿਧਿ ਖਾਂਨ ਵਜੀਦ ਬਹੁ ਤਯਾਰੀ ਕਰਿਵਾਈ। ਇਤ ਸਤਿਗੁਰ ਸਭਿ ਜਾਨਿਕੈ ਰਿਤਵੰਤਿ ਲਰਾਈ॥ ੨੭॥-ਦੁਰਗ ਹੋਇ ਗਾਢੋ ਮਹਾਂ ਮੇਲਹਿ ਘਮਸਾਨਾ। ਰਚਿ ਸੰਗ੍ਰਾਮ ਬਿਸਾਲ ਕੋ ਮਾਰਹਿ ਤੁਰਕਾਨਾ। ਇਹਾਂ ਆਇ ਹਮ ਬਾਸ ਕਿਯ ਸੇਵਾ ਬਹੁ ਕੀਨੀ।ਨਗਰੀ ਨਹਿ ਲੁਟ ਜਾਇ ਤਿਹ ਥਿਰਤਾ ਹਮ ਲੀਨੀ॥੨੮॥ਚਾਕਰ ਰਹਿ ਬੈਰਾੜ ਬਹੁਸਭਿਵਹਿਰਉਤਾਰੇ-। ਰੱਛ ਚਹਤਿ ਹੈਂ ਜਨਨ ਕੀ ਚਢਿ ਚਲਨਿ ਬਿਚਾਰੈਂ[1]।-ਨਤੁ ਇਹਠਾਂ ਰਣ ਪਰੈਗੋ, ਰੱਯਤ ਨਰ ਆਦੀ। ਸ਼ੱਤ੍ਰ ਇਨਹਿਂ ਦੁਖ ਦੇਹਿਂਗੇ ਰਾਹਕ ਬੁਨਿਯਾਦੀ[2]-॥੨੯॥ ਪਰਮਸਿੰਘ ਅਰੁ ਧਰਮ ਸਿੰਘ ਰੂਪੇ ਕੇ ਦੋਈ। ਅਪਰ ਸਿੰਘ ਭੇ ਸੈਂਕਰੇ ਪ੍ਰੇਮੀ ਸਿਖ ਜੋਈ। ਪੁਨ ਲਖਮੀਰ ਸ਼ਮੀਰ ਕੋ, ਤ੍ਰੈ ਭ੍ਰਾਤ, ਬੁਲਾਇ। 'ਚਢਨੋ ਚਹਤਿ ਹਮ ਇਹਾਂ ਤੇ ਦੇਖਨਿ ਅਗਵਾਇ ॥੩੦॥ ਗ੍ਰਾਮ ਤੁਮਾਰੇ ਧਾਮ ਮਹਿ ਥਿਰ ਹ੍ਵੈ ਸੁਖ ਪਾਇ। ਲਰਹਿਂ ਅਬਹਿ ਤੁਰਕਾਨ ਸਨ ਰਿਪੁ ਹ੍ਵੈਂ ਸਮੁਦਾਇ। ਸ਼ਸਤ੍ਰ ਚਲਹਿ ਮਾਰਨ ਮਰਨ ਘਾਲਹਿ ਘਮਸਾਨਾ। ਤੁਮ ਕੋ ਪਰਹਿ ਬਿਖਾਦ ਤਬਿ ਉਮਡਹਿ ਤੁਰਕਾਨਾ ॥ ੩੧ ॥ ਹੇਤੁ ਬਿਚਾਰਨ ਹਮ ਕਰਨੋ ਆਗੈ ਹਮ ਜਾਵੈਂ[3]।ਦੁਰਗ ਲੇਹਿਂ ਕੈਵਹਿਰ ਹੀਮਿਲਿ ਜੰਗ ਮਚਾਵੈਂ'। ਸੁਨਿ ਕਰ ਜੋਰਤਿ ਕਹਤਿ ਭੇ'ਹਮ ਹੈਂ ਅਨੁਸਾਰੇ। ਪ੍ਰਭੁ ਜੀ! ਰਾਵਰਿ ਸਾਥ ਹੈਂ ਲਰ ਮਰਹਿ ਕਿ ਮਾਰੇਂ'॥੩੨॥ਸਤਿਗੁਰ ਸੁਨਿਕੈ ਤਿਨਹੁ ਤੇ ਬਹੁ ਭਾਂਤਿ ਸਰਾਹੇ।'ਕੁਲ ਤੁਮਰੀ ਮਹਿਂ ਸਿੰਘ ਹ੍ਵੈਂ ਰਣ ਕਰਹਿਂ ਉਮਾਹੇ। ਅਬਿ ਸੁਖ ਸੋਂ ਘਰ ਮਹਿਂ ਥਿਰਹੁ ਇਹ ਥਲ ਦਿਢ ਹੋਵੈ। ਜੋ ਚਢਿ ਆਵੈ ਤੁਮਹੁ ਪਰ ਪਤ ਅਪਨੀ ਖੋਵੈ॥੩੩॥ਖੇਤ ਜੀਤ ਕੋ ਗ੍ਰਾਮ ਨਰ ਸ਼ੱਤ੍ਰਨਿ ਤੇ ਪਾਵੈਂ[4]। ਨਾਮ ਲੋਹਗੜ੍ਹ* ਹੋਇਗੋ ਦਿਨ ਪ੍ਰਤਿ ਬਿਦਤਾਵੈ'। ਇਮ ਕਹਿ

---

[1]ਜਨਾਂ (ਦਾਸਾਂ) ਦੀ ਰੱਖਿਆ ਚਾਹੁੰਦੇ ਹਨ ਇਸ ਲਈ ਏਥੋਂ ਚੜ੍ਹ ਚੱਲਣ ਦੀ ਸੋਚ ਰਹੇ ਹਨ। [2]ਮੁੱਢ ਦੇ ਜ਼ਿਮੀਂਦਾਰ ਹਨ। [3]ਭਾਵ ਅਸਾਂ ਨੇ ਵਿਚਾਰ ਕੀਤੀ ਹੈ, ਇਸ ਕਾਰਨ ਅਸੀਂ ਅੱਗੇ ਜਾਂਦੇ ਹਾਂ। [4]ਰਣ ਵਿਚ ਵੈਰੀਆਂ ਤੇ ਜਿੱਤ ਪਾਉਣਗੇ ਪਿੰਡਾਂ ਦੇ ਲੋਕੀਂ।

*ਇਹ ਗੁਰਦਵਾਰਾ ਦੀਨੇ ਮੌਜੂਦ ਹੈ।

ਕਰੁਨਾ ਬਹੁ ਕਰੀ ਦੇ ਖੁਸ਼ੀ ਬਿਸਾਲੋ।'ਹਮ ਸਹਾਇ ਪਰਲੋਕ ਮਹਿੰ ਦੁਖਤੇ ਰੱਖਵਾਲੇ' ॥ ੩੪ ॥ ਇਮ ਕਹਿ ਤਯਾਰੀ ਪ੍ਰਭੁ ਕਰੀ ਹਯ ਜ਼ੀਨ ਪਵਾਏ। ਹਯ, ਪੈਦਲ ਸੈਨਾ ਸਕਲ ਤਨ ਸਸ਼ਤ੍ਰ ਸਜਾਏ। ਭਏ ਅਰੂਢਨਿ ਦੇ ਖੁਸ਼ੀ ਸਭਿਬੰਦਨ ਠਾਨੀ।ਗਏ ਦੂਰਲਗਿ ਸੰਗ ਨਰ ਬਿਛੁਰਨਿ ਦੁਖ ਮਾਨੀ॥੩੫ ॥ ਪੁਨ ਸਭਿ ਕੋ ਮੋਰਨ ਕਰੇ ਬਿਛੁਰਤਿ ਵਧਿ ਪ੍ਰੇਮਾ।ਸਿੱਖੀ ਗੁਰਮਤਿ ਉਰ ਧਰੀ ਭੇ ਉਚਿਤ ਸੁ ਛੇਮਾਂ। ਗੁਰੂ ਦਸਮ ਪਤਿਸ਼ਾਹੁ ਕੀ ਮੈਂ ਕਥਾ ਬਨਾਈ। ਰੁੱਤਾਂ ਖਟ ਪੂਰਨ ਕਰੀ ਸ਼ੁਭ ਗਿਰਾ ਅਲਾਈ ॥ ੩੬ ॥ ਪਾਧੜੀ ਛੰਦ ॥ ਇਹ ਪਠਤਿ ਸੁਨਤਿ ਨਰ ਧਾਰਿ ਪ੍ਰੇਮ।ਹਤਿ ਬਿਘਨ ਲੋਕ ਪਰਲੋਕ ਛੇਮ[1]। ਮਨ ਬਿਪਨ ਬਿਖੈ ਅਘ ਮ੍ਰਿਗਨ ਸਿੰਘ[2]। ਦੇ ਅਨੰਦ ਰਿਦੇ ਸੰਤੋਖ ਸਿੰਘ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸ਼ਟਮ ਰੁਤੇ ਕਵਿ ਸੰਤੋਖ ਸਿੰਘ ਵਿਰਚਤਾਯਾਂ ਭਾਖਾਯਾਂ 'ਦੀਨੇ ਤੇ ਚਲਨ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤੀ ਅੰਸੂ ਮਸਤ ਸ਼ੁਭ ਮਸਤੁ ॥ ੫੮ ॥

ਛੇਵੀਂ ਰੁਤ ਸਮਾਪਤ ਹੋਈ।

---

[1] ਇਸ ਲੋਕ ਦੇ ਬਿਘਨ ਦੂਰ ਹੋਣਗੇ ਤੇ ਪ੍ਰਲੋਕ ਵਿਚ ਮੁਕਤੀ ( ਮਿਲੇਗੀ )। [2] ਮਨ ਰੂਪੀ ਬਨ ਵਿਚ ਪਾਪ ਰੂਪੀ ਮ੍ਰਿਗਾਂ ਨੂੰ ਸ਼ੇਰ ਵਤ (ਹੋਕੇ ਢੁੱਕੇਗੀ ਇਹ ਕਥਾ)।

# ਪਹਿਲਾ ਐਨ ਚਲਿਆ

*ੴ ਸਤਿਗੁਰ ਪ੍ਰਸਾਦਿ॥ ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥†

## ਅਥ ਪੂਰਬ ਐਨ‡ ਲਿਖ੍ਯਤੇ।

ਅਰਥ—ਹੁਣ ਪਹਿਲਾ ਐਨ (ਦਖਣਾਯਨ) ਲਿਖਦੇ ਹਾਂ।

### ੧. ਇਸ਼੍ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਦੋਹਰਾ॥ ਦਯਾ ਦਯਾਨਿਧਿ ਕੀ ਭਈ ਉੱਦਮ ਦਯਾ ਬਿਸਾਲ।
ਚਹਯੋ ਗ੍ਰੰਥ ਪੂਰਨ ਕੀਯੋ ਪੂਰਨ ਪ੍ਰਭੁ ਅਕਾਲ॥ ੧॥

ਅਰਥ—(ਜੋ) ਗ੍ਰੰਥ (ਕਿ ਮੈਂ ਰਚਣਾ) ਚਾਹਿਆ ਸੀ, ਸੋ ਪੂਰਨ ਪ੍ਰਭੂ ਅਕਾਲ ਨੇ ਪੂਰਨ ਕਰਵਾ ਲਿਆ ਹੈ, (ਇਹ ਮੇਰੇ ਪਰ) ਦਇਆ ਨਿਧਿ ਦੀ ਕਿਰਪਾ ਹੋਈ ਹੈ (ਜਿਸ ਨੇ ਇਤਨਾ) ਵਡਾ ਉੱਦਮ ਬਖਸ਼ਿਆ।

---

*ਛਾਪੇ ਦੇ ਨੁਸਖੇ ਵਿਚ ਇਸ ਤੋਂ ਪਹਿਲਾਂ 'ਸ੍ਰੀ ਅਕਾਲ ਪੁਰਖ ਜੀ ਸਹਾਇ' ਛਪਿਆ ਹੋਇਆ ਹੈ, ਜੋ ਕਿਸੇ ਲਿਖਤੀ ਨੁਸਖੇ ਵਿਚ ਦੇਖਣ ਵਿਚ ਨਹੀਂ ਆਇਆ।

†ਦੋਹਾਂ ਮੰਗਲਾਂ ਦੀ ਵਯਾਖਿਆ ਪਿੱਛੇ ਆ ਚੁਕੀ ਹੈ ਦੇਖੋ ਰਾਸ ਤੀਜੀ ਦਾ ਆਦਿ।

‡ਐਨ=ਅਯਨ=ਪਥ, ਰਸਤਾ, ਭਾਵ, ਬਰਸ ਦਾ ਅੱਧ। ਜਦੋਂ ਸੂਰਜ ਉੱਤਰ ਰੁਖ ਤੇ ਦੱਖਣ ਰੁਖ ਰਹਿੰਦਾ ਭਾਸਦਾ ਹੈ ਜੋ ਸੂਰਜ ਦੀ ਚਾਲ ਮੂਜਬ ਗਿਣੀਂਦਾ ਹੈ। ਲਗ ਪਗ ੯–੧੦ ਪੋਹ ਤੋਂ ੯ ਯਾ ਦਸ ਹਾੜ ਤਕ ਉਤਰਾਯਣ ਤੇ ੯–੧੦ ਹਾੜ ਤੋਂ ੯–੧੦ ਪੋਹ ਤਕ ਦਖਣਾਯਨ। ਉਤਰਾਯਣ=ਮਕਰ ਤੋਂ ਮਿਥਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਉਤਰ ਨੂੰ ਝੁਕਾਉ ਰਖਦਾ ਹੈ। ਦਖਣਾਯਣ=ਕਰਕ ਤੋਂ ਧਨ ਤਕ ਛੇ ਰਾਸ਼ੀਆਂ, ਜਦੋਂ ਸੂਰਜ ਦੱਖਣ ਨੂੰ ਝੁਕਾਓ ਰਖਦਾ ਹੈ। ਪੱਛਮੀ ਤ੍ਰੀਕਾਂ ਮੂਜਬ ਸੂਰਜ ੨੨ ਦਸੰਬਰ ਨੂੰ ਉੱਤਰ ਰੁਖ ਪਕੜਦਾ ਹੈ ਇਹ ਸਭ ਤੋਂ ਛੋਟਾ ਦਿਨ ਹੁੰਦਾ ਹੈ, ਫਿਰ ਵਧਦਾ ਵਧਦਾ ੨੧ ਜੂਨ ਨੂੰ ਉੱਤਰੀ ਅਯਣ ਦੀ ਹੱਦ ਤੱਕ ਅੱਪੜ ਜਾਂਦਾ ਹੈ। ੨੧ ਜੂਨ ਸਭ ਤੋਂ ਵੱਡਾ ਦਿਨ ਹੁੰਦਾ ਹੈ। ਇਸੀ ਤਰ੍ਹਾਂ ਫਿਰ ਸੂਰਜ ਦੱਖਣ ਦੀ ਗਤੀ ਪਕੜਦਾ ਹੈ ਤੇ ੨੩ ਦਸੰਬਰ ਦੇ ਕਰੀਬ ਦੱਖਣੀ ਅਯਨ ਦੀ ਹੱਦ ਤੇ ਅੱਪੜਦਾ ਹੈ। ਗ੍ਰੰਥ ਦਾ ਨਾਮ 'ਗੁਰ ਪ੍ਰਤਾਪ ਸੂਰਜ' ਹੋਣ ਕਰਕੇ ਇਸ ਦੇ ਅੰਤਲੇ ਦੋ ਖੰਡਾਂ ਦਾ ਨਾਮ ਕਵਿ ਜੀ ਨੇ ਅਯਨ ਰਖਿਆ ਹੈ। ਇਸੇ ਅੰਸੂ ਦੇ ਅੰਕ ੮ ਵਿਚ ਕਵਿ ਜੀ ਨੇ ਕ੍ਰਮ 'ਦਛਣਾਯਨ ਤੇ ਉਤ੍ਰਾਯਨ' ਦਿਤਾ ਹੈ ਅਤੇ ਦੂਸਰੇ ਐਨ ਵਿਚ ਕਿਤੇ ਕਿਤੇ ਪਦ ਉਤ੍ਰਾਯਨ ਆਇਆ ਹੈ, ਇਸ ਤੋਂ ਸਪਸ਼ਟ ਹੋ ਗਿਆ ਕਿ 'ਪੂਰਬ ਐਨ' ਤੋਂ ਕਵਿ ਜੀ ਦਾ ਭਾਵ 'ਦਖਣਾਯਨ' ਤੋਂ ਹੈ। [ਸੰਸ:, ਅਯਨ=ਰਸਤਾ। ਸੂਰਜ ਦਾ ਰਸਤਾ]। (ਦੇਖੋ—ਰੁਤ ੧, ਅੰਸੂ ੧, ਅੰਕ ੧੬ ਦੇ ਪਦਾਰਥ)।

## ੨. ਇਸ਼ਟ ਗੁਰੂ–ਸ੍ਰੀ ਗੁਰੂ ਨਾਨਕ ਦੇਵ ਜੀ–ਮੰਗਲ।

ਕਬਿੱਤ–ਬੇਦੀ ਬੰਸ ਭੂਖਨ ਜੋ ਪੂਖਨ ਅਦੂਖਨ ਸੋ ਤਿਮਰ ਕਲੂਖਨ ਪਖੰਡ ਛਪਿ ਤਾਰੇ ਹੈਂ। ਪੀਰ ਸਿੱਧ ਧੀਰ ਕਰਾਮਾਤ ਕੇ ਗਹੀਰ ਗਨ ਮਾਨ ਸੈਲ ਚਢੇ ਗੁਰੂ* ਨਾਨਕ ਉਤਾਰੇ ਹੈਂ। ਦੇਸ਼ਨਿ ਬਿਦੇਸ਼ ਫਿਰ ਜੰਬੂਦੀਪ ਦੀਪ ਸਮੁ ਕੀਨੇ ਹੈਂ ਕਰੋਰੋਂ ਸਿੱਖ ਭਵਜਲ ਤਾਰੇ ਹੈਂ। ਜਸੁ ਬਿਸਤਾਰੇ ਭਾਰੇ,ਬਿਸ਼ੈ ਬਿਸ ਤਾਰੇ ਬਹੁ,ਖੋਲਿ ਮੋਹ ਤਾਰੇ,ਬਾਦੀ ਬਾਦ ਕਰਤਾਰੇ ਹੈਂ।੨।

[ ਪੂਖਨ=ਸੂਰਜ। ਕਲੂਖਨ=ਪਾਪ। ਧੀਰ=ਧੀਰਜੀ, ਬੁੱਧੀਮਾਨ।
ਗਹੀਰ=ਡੂੰਘੇ, ਵੱਡੇ, ਸਮੁੰਦਰ, ਨਿਧਿ। ਸੈਲ=ਪਹਾੜ। ਟੀਲਾ।
ਉਤਾਰੇ ਹੈਂ=ਹੇਠਾਂ ਆਂਦੇ। ਮਨ ਤੋਂ ਹੇਠਾਂ ਲਿਆਉਣਾ, ਨਿੰਮ੍ਰਤਾ ਭਾਉ ਭਗਤੀ ਵਿਚ ਲਜਾਉਣਾ ਹੈ। ਤਾਰੇ ਹੈਂ=ਤਾਰ ਦਿੱਤੇ, ਪਾਰ ਲਾਏ, ਉਧਾਰੇ।
ਬਿਸਤਾਰੇ=ਬਿਸ ਤਾਰੇ=ਵਿਖ+ਉਤਾਰੇ=ਜ਼ਹਿਰ ਲਾਹ ਦਿੱਤੀ। (ਅ. ਬਿਸ਼ੈ ਬਿਸ ਤਾਰੇ=ਵਿਸ਼ਿਆਂ ਦੀ ਵਿਸ ਤਾਰ ਲਈ ਭਾਵ ਨਿਤਾਰ ਲਈ, ਦੂਰ ਕੀਤੀ।
ਤਾਰੇ=ਜੰਦ੍ਰੇ। ਮੋਹ ਦੇ ਜੰਦ੍ਰੇ ਖਹਲਣੇ=ਆਪਣੀ ਹਉਮੈਂ ਵਿਚ ਮਗਨ ਤੇ ਮੈਂ ਤੇ ਮੇਰੀ ਦੇ ਮੋਹ ਵਿਚ ਫਸਿਆਂ ਨੂੰ 'ਵਿਸ਼ਾਲ ਚਿੱਤੀ ਤੇ ਨਾਮ' ਦੀ ਜਾਗ੍ਰਤ ਦੇਣੀ ਹੈ।
ਤਾਰੇ ਹੈਂ=ਤਾੜੇ ਹਨ। ਯੁਕਤੀ ਤੇ ਦਲੀਲ ਦੇ ਬਲ ਨਾਲ ਝਗੜਾਲੂਆਂ ਨੂੰ ਸਿੱਧਿਆਂ ਕੀਤਾ। ]

**ਅਰਥ**–ਬੇਦੀਆਂ ਦੀ ਵੰਸ਼ ਦੇ ਜੋ ਭੂਸ਼ਣ ਹਨ ਸੋ ਦੂਖਣ ਰਹਿਤ ਸੂਰਜ ਸਮਾਨ (ਪ੍ਰਕਾਸ਼ਮਾਨ ਹੋਏ, ਉਨ੍ਹਾਂ ਨੂੰ ਵੇਖਕੇ) ਪਾਪਾਂ ਰੂਪੀ ਹਨੇਰਾ ਤੇ ਪਖੰਡ ਰੂਪੀ ਤਾਰੇ ਛਪ ਗਏ। (ਹਾਂ, ਉਸ) ਗੁਰੂ ਨਾਨਕ ਨੇ ਪੀਰ ਤੇ ਸਿੱਧ ਜੋ ਬੁੱਧੀਮਾਨ ਤੇ ਕਰਾਮਾਤ ਦੀ ਨਿਧਿ ਸਨ (ਤੇ ਜੋ) ਸਾਰੇ (ਇਨ੍ਹਾਂ ਤਾਕਤਾਂ ਕਰਕੇ) ਮਾਨ ਦੇ ਟਿੱਲੇ ਤੇ ਚੜ੍ਹੇ ਹੋਏ ਸਨ (ਨਿੰਮ੍ਰਤਾ ਤੇ ਭਾਉ ਭਗਤੀ ਦੀ ਪੱਧਰ ਤੇ) ਉਤਾਰ ਆਂਦੇ। (ਹਾਂ ਸ੍ਰੀ ਗੁਰੂ ਨਾਨਕ ਨੇ) ਸੁਦੇਸ਼ਾਂ ਬਦੇਸ਼ਾਂ ਵਿਚ ਫਿਰਕੇ ਜੰਬੂ ਦੀਪ ਵਿਚ (ਆਪਣੀ ਜੋਤ ਲਾਕੇ) ਕਰੋੜਾਂ ਜੀਵ ਦੀਵੇ (ਨਾਲ ਦੀਵਾ ਜਗਾਉਣ) ਸਮਾਨ ਜਗਾਕੇ ਸਿੱਖ (ਬਣਾਕੇ) ਭਉਜਲ ਤੋਂ ਤਾਰੇ ਹਨ।

ਅਨੇਕਾਂ ਵਿਸ਼ਿਆਂ ਦੀ ਵਿਖ ਉਤਾਰ ਦਿੱਤੀ ਤੇ ਝਗੜਾਲੂਆਂ ਨਾਲ ਬਹਿਸਾਂ (ਤਕ) ਕਰ (ਐਸਾ) ਤਾੜਿਆ ਹੈ ਕਿ ਉਨ੍ਹਾਂ ਦੇ ਮੋਹ ਰੂਪੀ ਜੰਦਰੇ ਖੁਹਲ ਦਿੱਤੇ, (ਹਾਂ ਐਸੇ ਗੁਰੂ ਨਾਨਕ ਦਾ) ਭਾਰਾ ਜਸ ਸਾਰੇ ਫੈਲ ਰਿਹਾ ਹੈ (ਕਿ ਓਹ ਦਾਸਾਂ ਦੇ ਸਹਾਯਕ ਹਨ ਸੋ ਮੇਰੇ ਬੀ ਸਹਾਯਕ ਹਨ। ਇਹ ਭਾਵ ਅਗਲੇ ਛੰਦ ਦੇ ਅਖੀਰ ਤੋਂ ਇਸ ਛੰਦ ਪਰ ਘਟਦਾ ਸਹੀ ਹੋ ਰਿਹਾ ਹੈ।)

*ਪਾ:–ਬਾਵੇ।

## ੩. ਇਸ੍ਰ ਗੁਰੁ—ਨੌਂ ਗੁਰੂ ਸਾਹਿਬਾਂ ਦਾ—ਮੰਗਲ।

ਭਏ ਗੁਰੂ ਅੰਗਦ ਅਨੰਦਮਯ ਬਿਲੰਦ ਮਨ, ਸਤਿਗੁਰੂ ਅਮਰ ਸਿਮਰ
ਸੁਖ ਭਾਰੇ ਹੈਂ। ਗੁਰੂ ਰਾਮਦਾਸ ਆਸ ਪੂਰੀ ਲਖਿ ਦਾਸ ਨਿਜ, ਬਿਘਨ
ਬਿਸ਼ਾਲ* ਗੁਰੂ ਅਰਜਨ ਨਿਵਾਰੇ ਹੈਂ। ਸ਼੍ਰੀ ਹਰਿਗੁਬਿੰਦ ਚੰਦ ਬੰਦਨੀਯ
ਦੁੰਦ ਮੰਦ† ਗੁਰੂ ਹਰਿਰਾਇ ਹਰਿਕ੍ਰਿਸ਼ਨ ਉਦਾਰੇ ਹੈਂ। ਨੌਮੇ ਪਾਤਿਸ਼ਾਹਿ ਸ਼੍ਰੀ
ਗੁਬਿੰਦ ਸਿੰਘ ਰਿਪੁ ਦਾਹ ਪੂਰੀ ਕੀਨਿ ਚਾਹ, ਜੋ‡ ਸਹਾਯਕ ਹਮਾਰੇ ਹੈਂ।੩।

{ਦੁੰਦ=ਕਸ਼ਟ। ਮੰਦ=ਮੰਦ ਕਰਨਾ, ਦੂਰ ਕਰਨਾ। ਰਿਪੁ ਦਾਹ=ਵੈਰੀ ਨਾਸ਼ਕ।}

ਅਰਥ—ਆਨੰਦ ਸਰੂਪ ਤੇ ਉੱਚੇ ਮਨ ਵਾਲੇ ਸ੍ਰੀ ਗੁਰੂ ਅੰਗਦ ਜੀ (ਮੇਰੇ ਸਹਾਈ§) ਹੋਏ ਹਨ, ਸਤਿਗੁਰ ਅਮਰ ਜੀ ਨੂੰ ਸਿਮਰਕੇ (ਮੈਂ) ਭਾਰੀ ਸੁਖ (ਪਾਏ) ਹਨ। ਗੁਰੂ ਰਾਮਦਾਸ ਜੀ ਨੇ ਆਪਣਾ ਦਾਸ ਜਾਣਕੇ (ਮੇਰੀ) ਆਸ ਪੂਰੀ ਕੀਤੀ ਹੈ, (ਤੇ ਸ੍ਰੀ) ਗੁਰੂ ਅਰਜਨ ਜੀ ਨੇ (ਮੇਰੇ) ਬੜੇ ਬੜੇ ਵਿਘਨ ਨਿਵਾਰ ਦਿੱਤੇ ਹਨ। ਬੰਦਨਾ ਯੋਗ ਸ੍ਰੀ ਹਰਿਗੋਬਿੰਦ ਚੰਦ ਜੀ (ਮੇਰੇ) ਕਸ਼ਟਾਂ ਨੂੰ ਮੰਦ ਕਰਦੇ (ਰਹੇ) ਤੇ ਗੁਰੂ ਹਰਿਰਾਇ ਤੇ (ਗੁਰੂ) ਹਰਿਕ੍ਰਿਸ਼ਨ ਜੀ (ਪਦਾਰਥ ਲੋੜਾਂ ਦੇ ਪੂਰਨ ਵਿਚ ਮੇਰੇ ਵਲ ਮਹਾਂ) ਉਦਾਰ ਰਹੇ ਹਨ। ਨੌਵੇਂ ਸਤਿਗੁਰ (ਤੇਗ ਬਹਾਦਰ ਜੀ ਤੇ) ਵੈਰੀ ਨਾਸ਼ਕ ਸ੍ਰੀ (ਗੁਰੂ) ਗੋਬਿੰਦ ਸਿੰਘ ਜੀ ਨੇ (ਗ੍ਰੰਥ ਪੂਰਣ ਦੀ ਤੇ ਹੋਰ ਸਭ) ਚਾਹ ਪੂਰੀ ਕੀਤੀ ਹੈ, (ਐਸੇ ਹਨ ਸਾਡੇ ਸਤਿਗੁਰ ਕਿ) ਜੋ ਸਾਡੇ ਸਹਾਯਕ (ਹਨ)।

ਦੋਹਰਾ—ਬ੍ਰਿੰਦ ਅਰਿੰਦਮ, ਕੰਦਿ ਸੁਖ ਪਦ ਅਰਬਿੰਦ ਮੁਕੰਦ।
ਅਭਿਬੰਦਨ ਕਰ ਬੰਦਿਕੈ ਦੇਹੁ ਅਨੰਦ ਬਿਲੰਦ ॥੪॥

{ਬ੍ਰਿੰਦ=ਸਮੂਹ, ਸਾਰੇ। ਅਰਿੰਦਮ=ਵੈਰੀਆਂ ਨੂੰ ਦਮਨ ਕਰਨ ਵਾਲੇ।
ਕਰਬੰਦਿਕੈ=ਹਥ ਜੋੜਕੇ।}

ਅਰਥ—(ਐਸੇ ਗੁਰੂ ਸਾਹਿਬਾਂ ਦੇ) ਸੁਖ ਸਰੂਪ ਤੇ ਸਾਰੇ ਵੈਰੀਆਂ ਨੂੰ ਦਮਨ ਕਰਨ ਵਾਲੇ ਮੁਕਤੀ ਦੇ ਦਾਤਾ ਚਰਨਾਂ ਕਵਲਾਂ ਨੂੰ ਹੱਥ ਜੋੜਕੇ ਨਮਸਕਾਰ ਕਰਦਾ ਹਾਂ (ਤੇ ਅਰਦਾਸ ਕਰਦਾ ਹਾਂ ਕਿ ਮੈਨੂੰ ਹੁਣ) ਉੱਚਾ ਅਨੰਦ (ਪਰਮਾਨੰਦ) ਬਖਸ਼ੋ।

[ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਯਾਖਯਾ]

ਸ਼੍ਰੀ ਨਾਨਕ ਪਰਕਾਸ਼ ਕੋ ਪ੍ਰਥਮ ਕੀਨਿ ਇਤਿਹਾਸ।
ਪੁਨ ਅਸ਼ਟਹੁੰ ਗੁਰ ਕੋ ਕਰੇ ਰਚਿ ਕਰਿ ਦ੍ਵਾਦਸ਼ ਰਾਸ਼ਿ॥੫॥

---

*ਪਾ:-ਬਿਨਾਸ। †ਪਾ:-ਦੁੰਦ ਪਦ। ‡ਪਾ:-ਤੇ, ਤੈ।

§ਦੂਸਰੀ ਤੁਕ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਵਿ ਜੀ ਆਪਣੇ ਪਰ ਗੁਰੂ ਸਾਹਿਬਾਂ ਦੀ ਕ੍ਰਿਪਾਲਤਾ ਨੂੰ ਵਰਣਨ ਕਰ ਰਹੇ ਹਨ।

**ਅਰਥ**–ਪਹਿਲੇ ਮੈਂ ਸ੍ਰੀ ਗੁਰ ਨਾਨਕ ਪ੍ਰਕਾਸ਼ (ਵਿਖੇ ਗੁਰੂ ਨਾਨਕ ਦੇਵ ਜੀ ਦਾ) ਇਤਿਹਾਸ (ਕਥਨ) ਕੀਤਾ, ਫਿਰ ਔਠਾਂ ਗੁਰਾਂ ਦੇ (ਇਤਿਹਾਸ) ਬਾਰਾਂ ਰਾਸਾਂ ਰਚਕੇ (ਵਰਣਨ) ਕੀਤੇ।

ਬਹੁਰ ਖਸ਼ਟਿ ਰੁਤਿ ਕੇ ਬਿਖੇ ਦਸਮੇ ਗੁਰੂ ਬਿਲਾਸ।
ਜਨਮ ਆਦਿ ਤੇ ਰਚਿ ਭਲੇ ਕਵਿਤਾ ਕੀਨਿ ਪ੍ਰਕਾਸ਼॥੬॥

**ਅਰਥ**–ਫਿਰ ਛੇ ਰੁੱਤਾਂ ਦੇ ਵਿਚ ਦਸਮੇਂ ਗੁਰਾਂ ਦਾ ਵਿਲਾਸ ਜਨਮ ਆਦਿ ਤੋਂ ਲੈ ਕਵਿਤਾ ਵਿਚ ਰਚਕੇ ਚੰਗੀ ਤਰ੍ਹਾਂ ਪ੍ਰਕਾਸ਼ ਕੀਤਾ ਹੈ।

ਰਹੀ ਕਥਾ ਅਬਿ ਸ਼ੇਸ਼ ਜੋ ਤਿਸ ਹਿਤ ਐਨ ਬਨਾਇ।
ਬਰਨੌਂ ਸਰਬ ਪ੍ਰਸੰਗ ਕੋ ਸਾਰਸੁਤੀ ਉਰ ਧਨਾਇ* ॥ ੭॥

**ਅਰਥ**–ਜੋ ਕਥਾ ਹੁਣ ਬਾਕੀ ਰਹਿ ਗਈ ਹੈ ਉਸ ਲਈ ਐਨ ਬਣਾਂਕੇ (ਬਾਕੀ ਦੇ) ਸਾਰੇ ਪ੍ਰਸੰਗ ਨੂੰ ਵਰਣਨ ਕਰਦਾ ਹਾਂ, ਸਾਰਦਾ ਨੂੰ ਦਿਲ ਵਿਚ ਧਿਆਇਕੇ।

ਦਛਣਾਇਨ ਉਤਰਾਇਨੰ ਸੰਮਤ ਕੇ ਦੁਇ ਐਨ।
ਇਤ ਉਤ ਸੂਰਜ ਹੋਨਿ ਤੇ ਜਾਨਤਿ ਹੈਂ ਬੁਧਿ ਐਨ॥ ੮॥

{ ਐਨ=ਅਯਨ। (ਵੇਖੋ ਰੁਤ ੧ ਅੰਸੂ ੧ ਅੰਕ ੧੬ ਦੇ ਪਦ ਅਰਥ)।
ਐਨ=ਠੀਕ, ਚੰਗੀ ਤਰ੍ਹਾਂ, ਦ੍ਰੂ-ਬਹੁ [ ਅ:, ਐਨ ] ( ਅ ) ਘਰ।
ਬੁਧਿ ਐਨ=ਬੁੱਧੀ ਦਾ ਘਰ, ਬੁਧਿਮਾਨ। }

**ਅਰਥ**–ਦਖਣਾਇਨ ਤੇ ਉਤਰਾਇਣ ਸਾਲ ਦੇ ਦੋ ਐਨ ਸੂਰਜ ਦੇ ਇਧਰ (ਦੱਖਣ ਰੁਖ) ਤੇ ਉਧਰ (ਉੱਤਰ ਰੁਖ) ਹੋਣ ਤੇ ਬਣਦੇ ਹਨ, ਬੁਧੀਵਾਨ ਇਹ ਗਲ ਚੰਗੀ ਤਰ੍ਹਾਂ ਜਾਣਦੇ ਹਨ।

ਗੁਰ ਪ੍ਰਤਾਪ ਸੂਰਜ ਕਥਨੋ ਇਹੀ ਨਾਮ ਧਰਿ ਦੀਨਿ।
ਯਾਂ ਤੇ ਸਿਖ ਸੰਗਤਿ ਲਖਹੁ ਇਮ ਕਵਿ ਬਿਨਤੀ ਕੀਨਿ ॥ ੯ ॥

**ਅਰਥ**–(ਗੁਰਾਂ ਦੇ) ਪ੍ਰਤਾਪ ਨੂੰ (ਮੈਂ) ਸੂਰਜ ਦੇ (ਰੂਪਕ ਵਿਚ) ਕਥਨ ਕੀਤਾ ਹੈ (ਇਸੇ ਲਈ ਇਸ ਗ੍ਰੰਥ ਦਾ) ਇਹੋ ਹੀ ਨਾਮ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਧਰ ਦਿਤਾ ਹੈ। ਇਸ ਕਰਕੇ ਕਵੀ ਨੇ ਬੇਨਤੀ ਕੀਤੀ ਹੈ ਕਿ ਸਾਧ ਸੰਗਤ ਜੀ ਐਉਂ (ਆਪ ਮੇਰੇ ਆਸ਼ੇ ਨੂੰ) ਸਮਝ ਲਓ।

## ੪. 'ਕਵਿ–ਸੰਕੇਤ' ਮਿਰਯਾਦਾ ਦਾ ਮੰਗਲ।

ਚੌਪਈ॥ ਸਾਰਦ ਦਾਸਨ ਸਾਰਦ ਸਾਰਾ। ਪਾਰਦ ਬਰਨੀ ਪਾਰਦ ਪਾਰਾ।

---

*ਇਹ ਦੋਹਾ ਛਾਪੇ ਦੇ ਨੁਸਖੇ ਵਿਚ ਹੈ ਪਰ ਪੁਰਾਤਨ ਨੁਸਖਿਆਂ ਵਿਚ ਨਹੀਂ ਮਿਲਿਆ। ੧੯੧੯ ਵਾਲੇ ਵਿਚ ਬੀ ਨਹੀਂ, ਪਰ ੧੯੧੨ ਦਾ ਨੁਸਖਾ ਜਦੋਂ ਮਿਲਿਆ ਤਾਂ ਉਸ ਵਿਚ ਇਹ ਦੋਹਾ ਲਿਖਿਆ ਮਿਲ ਗਿਆ ਹੈ।

ਸਾਰਦ ਬਿਧੁਬਦਨੀ ਹਰਿਦਾਰਿਦਾਦਾਸਨਿ ਬਰ ਦਾ ਬਰਸਤਿ ਬਾਰਦ॥੧੦॥

{ ਸਾਰਦ=ਸਾਰਦਾ । ਸਾਰਦ=ਸ੍ਰੇਸ਼ਟ (ਵਸਤੂ ਦੀ) ਦਾਤੀ। ਪਾਰਦ=ਪਾਰਾ ।
ਪਾਰ=ਉਰਵਾਰ ਪਾਰ । ਪਾਰਦ=ਅੰਤ ਦੇਣ ਵਾਲੀ, ਭਾਵ ਵਿਦਯਾ ਦਾਤੀ ।
ਸਾਰਦ=ਸ਼ਰਦ ਰਿਤੂ ਦੀ। ਬਿਧੁ=ਚੰਦ੍ਰਮਾ । ਬਰਦਾ=ਵਰਦਾਤੀ। ਬਾਰਦ=ਬਦਲ। }

ਅਰਥ-ਸਾਰਦਾ (ਆਪਣੇ) ਸਾਰੇ ਦਾਸਾਂ ਨੂੰ ਸ੍ਰੇਸ਼ਟ ਵਸਤੂ ( ਸਾਹਿੱਤਯ ਵਿਦਯਾ ) ਦੀ ਦਾਤੀ ਹੈ (ਜਿਸ ਦਾ) ਪਾਰੇ ਵਰਗਾ ( ਉੱਜਲ ) ਰੰਗ ਹੈ (ਤੇ ਕਾਵਯ ਸਮੁੰਦਰ ਦੇ) ਆਰ ਪਾਰ ਦਾ ਪਾਰ ( ਅੰਤ ) ਦੇਣ ਵਾਲੀ ਹੈ । ਸ਼ਰਦ ਰੁਤ ਦੇ ਚੰਦ੍ਰਮਾਂ ਵਰਗੇ ਮੁਖ ਵਾਲੀ ਦਾਰਿਦ ਦੀ ਹਰਤਾ ਤੇ ਦਾਸ (ਰੂਪ ਕਵੀਆਂ ਨੂੰ ਸ਼ੁਭ ਮਤੀ ਦੀ) ਵਸਦੇ ਬੱਦਲ ਵਾਂਗ ਵਰ ਦਾਤੀ ਹੈ ।

ਦੋਹਰਾ॥ *ਸ਼੍ਰੀ ਪ੍ਰਭੁ ਦੀਨੇ ਤੇ ਚਢੇ ਪਿਖਿ ਪਹੁੰਚੇ ਇਕ ਗ੍ਰਾਮ । ਖਰੇ ਹੋਇ ਬੂਝਨਿ ਕਿਯੋ 'ਕਹਾਂ ਗ੍ਰਾਮ ਕੋ ਨਾਮ ?' ॥ ੧੧ ॥ ਚੌਪਈ ॥ ਸੁਨਿ ਰਾਹਕ ਭਾਖ੍ਯੋ ਤਿਸ ਕਾਲਾ । 'ਇਸੀ ਗ੍ਰਾਮ ਕੋ ਨਾਮ ਰੁਖਾਲਾ'। ਸ਼੍ਰੀ ਗੁਰ ਬਰਜਨ ਕੀਨਸਿ ਤਾਂਹਿ । 'ਨਾਮ ਰੁਖਾਲਾ ਕਹੀਐ ਨਾਂਹਿ ॥ ੧੨ ॥ ਅਬਿ ਤੇ ਕਹਹੁ ਨਾਮ ਰਖਵਾਲਾ' । ਤਿਸ ਹੀ ਥਲ ਡੇਰਾ ਗੁਰ ਘਾਲਾ। ਸੰਗੀ ਸਿੰਘ ਉਤਰਿ ਥਿਰ ਭੁਏ । ਤ੍ਰਿਣ ਈਂਧਨ ਇਕਠੇ ਕਰਿ ਲਏ॥੧੩॥ ਤਬਿ ਜਲਾਲ† ਕੇ ਪੰਚ[1] ਬਿਚਾਰਿ ਮਿਲਿਬੇ ਹੇਤ ਹੋਇ ਕਰਿ ਤਯਾਰ। ਦੁਇ ਦੀਰਘ ਘਟ ਪਯ ਤੇ ਭਰਿਕੈ[2] । ਗੁੜ ਪ੍ਰਸਾਦਿ ਕੇਤਿਕ ਲੇ ਕਰਿਕੈ ॥ ੧੪॥ ਆਨਿ ਗੁਰੂ ਪਗਬੰਦਨ ਠਾਨੀ। ਇਕ ਬਰਛੀ ਖਰ ਚਾਰੁ ਮਹਾਨੀ। ਦਈ ਉਪਾਇਨ, ਸ਼੍ਰੀ ਪ੍ਰਭੁ ਲਈ। ਦੇਖਿ ਪ੍ਰਸੰਨ ਖੁਸ਼ੀ ਬਹੁ ਕਈ॥ ੧੫ ॥ ਪਿਖਿ ਰੁਖ ਤਬਿ ਜਲਾਲ ਕੇ ਕਹੈਂ।'ਬੈਰਗ੍ਰਾਮ ਇਨ‡ਸੋਂ ਨਿਤ ਰਹੈ[3]।ਕਬਿ ਕਬਿ ਤਿਨ ਸਨ ਪਰਹਿ ਲਰਾਈ। ਮਾਰਨ ਮਰਨ ਹੋਇ ਸਮੁਦਾਈ॥੧੬॥ ਸ਼੍ਰੀ ਮੁਖ ਤੇ ਅਬਿ ਕਰਹੁ ਉਚਾਰੀ।ਜਿਸ ਤੇ ਹੋਵੈ ਫਤੇ ਹਮਾਰੀ। ਬਾਕ ਆਪ ਕੇ ਸਫਲੈਂ ਸਦਾ। ਕਹਿਯਹਿ ਜੀਤ ਹੋਇ ਜਦ ਕਦਾ' ॥ ੧੭ ॥ ਸ਼੍ਰੀ ਮੁਖ ਤੇ ਭਾਖ੍ਯੋ ਤਿਹ ਸਮੇਂ । 'ਗੁਰ ਘਰ ਕੋ ਰਹੀਅਹਿ ਨਿਤ ਨਿਮੇਂ । ਰਿਪੁ ਸੋਂ ਲਰੋ, ਫਤੇ ਕੋ ਪੈਹੋਂ । ਚੜ੍ਹੀ ਆਇ ਉਤਰਾਇ ਸੁ ਜੈਹੈ[4]' ॥ ੧੮ ॥ ਇਹ ਬਰ ਦਿਯੋ ਹਰਖ ਉਰ ਭਰੇ। ਕੇਤਿਕ ਸੇਵ ਔਰ ਭੀ ਕਰੇ।ਤਿਸ ਪ੍ਰਸ਼ਚਾਤਿ ਲਰੇ ਕਬਿ ਸੋਈ ।

---

[1]ਜਲਾਲ ਪਿੰਡ ਦੇ ਨੰਬਰਦਾਰ। [2]ਦੋ ਵਡੇ ਘੜੇ ਦੁੱਧ ਨਾਲ ਭਰਕੇ। [3]ਇਨ੍ਹਾਂ (ਲਾਗਲੇ) ਪਿੰਡਾਂ ਨਾਲ ਵੈਰ ਰਹਿੰਦਾ ਹੈ। [4]ਭਾਵ ਜੋ ਚੜ੍ਹਕੇ ਆਵੇਗਾ ਓਹ ਹਾਰ ਖਾਕੇ ਜਾਏਗਾ ।

*ਹੁਣ ਜੋ ਸਾਖੀਆਂ ਤੁਰੀਆਂ ਹਨ ਇਨ੍ਹਾਂ ਦੀ ਇਕ ਵਾਰਤਕ ਪੋਥੀ ( ਸਾਖੀ ਪੋਥੀ ) ਲਿਖਤੀ ਅਸਾਂ ਪਾਸ ਹੈ, ਬਹੁਤ ਕੁਛ ਮਸਾਲਾ ਕਵੀ ਜੀ ਨੂੰ ਓਥੋਂ ਮਿਲਿਆ ਸਹੀ ਹੁੰਦਾ ਹੈ।

†'ਜਲਾਲ' ਰਯਾਸਤ ਨਾਭਾ ਵਿਚ ਇਕ ਪਿੰਡ ਹੈ ਜੋ ਫੂਲ ਤੋਂ ਨੌ ਦਸ ਮੀਲ ਤੇ ਦੀਨੇ ਤੋਂ ਦੋ ਢਾਈ ਕੋਹ ਦੀ ਵਿੱਥ ਤੇ ਹੈ। ‡ਪਾਃ-ਇਕ।

ਰਿਪੁ ਤੇ ਬਿਜੈ ਤਿਨਹੁੰ ਕੀ ਹੋਈ ॥ ੧੯ ॥ ਇਸੀ ਰੀਤਿ ਬਹੁ ਬਰਖ ਬਿਤਾਇ।ਬਿਚਰੇ ਸਿੰਘ ਜਥੈ ਸਮੁਦਾਏ[1] । ਏਕ ਬਾਰ ਦਲੰ[2] ਤਹਾਂ ਸਿਧਾਰਾ। ਤਬਿ ਜਲਾਲ ਨੇ ਕੀਨਿ ਬਿਗਾਰਾ ॥ ੨੦ ॥ ਨਿਸ ਮਹਿਂ ਜੁਗ ਸਿੰਘਨ ਕੋ ਮਾਰੇ। ਬਾਜੀ ਪੰਚ ਚੁਰਾਇ ਨਿਕਾਰੇ । ਪ੍ਰਾਤ ਖਾਲਸੇ ਜਾਨਿ ਖੁਟਾਈ। ਭਏ ਅਰੂਢਿ ਨਿਸ਼ਾਨ ਬਜਾਈ ॥੨੧॥ ਮਾਰਜੋ ਪਿਖਿ ਜਲਾਲ ਕੋ ਗ੍ਰਾਮੂ । ਲੂਟੇ ਭਲੀ ਭਾਂਤਿ ਗਨ ਧਾਮੂ । ਤਬਿ ਗੁਰਵਾਕ ਚਿਤਾਰਨ ਲਾਗੇ।'ਕਹਜੋ ਪ੍ਰਥਮ ਕੋ ਜੋ ਹਮ ਤਜਾਗੇ॥੨੨ ॥--ਗੁਰ ਘਰ ਸੰਗ ਨਿਮੇ ਜੇ ਰਹੋ । ਬਿਜੈ ਆਪਨੀ ਜਿਤ ਕਿਤ ਲਹੋ । ਜਬਿ ਬੇਮੁਖ ਹੋਵਹੁ ਦੁਖ ਪਾਵਹੁ । ਸਹਹੁ ਸਜ਼ਾਇ ਮਾਰ ਕੋ ਖਾਵਹੁ-॥ ੨੩ ॥ ਹਮ ਤੇ ਖਤਾ ਭਈ ਗੁਰ ਕੇਰੀ । ਬਖ਼ਸ਼ਾਵਨਿ ਅਬਿ ਬਨਿ ਹੈ ਵੇਰੀ' । ਪੰਜ ਰੁਪੱਯਨ ਕੀਨ ਕਰਾਹੂ । ਲੇ ਕਰਿ ਗਏ ਖਾਲਸੇ ਪਾਹੂ ॥੨੪॥ ਪਾਛਲ ਅਗਲ ਪ੍ਰਸੰਗ ਸੁਨਾਵਾ । ਹਾਥ ਜੋਰਿ ਕਹਿ ਕੈ ਬਖਸ਼ਾਵਾ* ।ਪੁਨ ਸੋ ਗ੍ਰਾਮ ਉਜਰਿ ਤਿਸ ਥਾਨਾ।ਜਹਿਂ ਗੁਰ ਥਲ ਤਹਿਂ ਬਾਸਜੋ ਆਨਾ ॥ ੨੫ ॥ ਨਾਮ ਗੁਰੂ ਸਰ ਰਾਖਨਿ ਕਰਜੋ । ਅਬਿ ਲੌ ਬਸਹਿ ਤਿਸੀ ਥਲ ਥਿਰਜੋ। ਦੀਨੇ ਤੇ ਉਠਿ ਪ੍ਰੂਰਬ ਡੇਰਾ । ਕਰਜੋ ਤਹਾਂ ਪ੍ਰਭੁ ਲਾਯਕ ਹੇਰਾ ॥ ੨੬ ॥ ਸੁਪਤਿ ਜਥਾ ਸੁਖ ਨਿਸਾ ਬਿਤਾਈ । ਜਾਗੇ ਸਕਲ ਪ੍ਰਾਤਿ ਹੁਇ ਆਈ।ਸੌਚ ਸ਼ਨਾਨ ਠਾਨਿ ਕਰਿ ਭਲੇ।ਡਾਰਿ ਜੀਨ ਹਯ ਆਗੇ ਚਲੇ ॥੨੭॥ ਕਿਤਿਕ ਕੋਸ ਪਰ ਭਗਤਾ† ਗ੍ਰਾਮੂ। ਪਿਖਜੋ ਤਹਾਂ ਚਲਦਲ[3] ਅਭਿਰਾਮੂ।ਇਸ ਤਰੁ ਤਰੇ ਤੁਰੰਗ ਠਹਿਰਾਯੋ। ਉਤਰੇ ਦਾਸ ਹਾਥ ਪਕਰਾਯੋ ॥੨੮॥ਤਹਾਂ ਗਲੀਚੇ ਕੋ ਬਿਛਵਾਇ। ਬੈਠਿ ਗਏ ਤਿਸ ਪਰ ਸੁਖਦਾਇ।ਥਿਰ ਹ੍ਵੈ ਇਤ ਉਤ ਦ੍ਰਿਸ਼ਟਿ ਚਲਾਈ।ਨਿਕਟ ਕੂਪ ਕੀ ਲਗਹਿ ਚਿਨਾਈ॥੨੯॥ ਅਵਿਲੋਕਤਿ ਇਕ ਨਰ ਢਿਗ ਆਯੋ।ਤਿਹ ਸੋਂ ਬੂਝਨ ਹੇਤ ਅਲਾਯੋ ।'ਇ-ਹਾਂ ਕੂਪ ਲਗਵਾਵਤਿ ਕੌਨ?ਕਿਸ ਕੋ ਗ੍ਰਾਮ ਕਉਨ ਕੋ ਭਉਨ?' ॥੩੦॥ ਕਹਿ ਨਰ 'ਬਹਿਲੋ ਕਾ ਇਹ ਪੋਤਾ । ਜਿਸਕੋ ਭਗਤਾ ਨਾਮ ਉਦੋਤਾ।ਤਿਨ ਕੋ ਗ੍ਰਾਮ ਕੂਪ ਸੋ ਲਾਵਤਿ'।ਸੁਨਿ ਤਿਸ ਤੇ ਸਤਿਗੁਰੂ ਅਲਾਵਤਿ:-॥੩੧॥ ਦੋਹਰਾ॥'ਦੰਮ ਲਗਨ ਪਤਿਸ਼ਾਹ ਕੇ ਸਾਬੂਨ ਗਰਾਂ ਦਾ ਨਾਉਂ[4]।ਪੂਰਬ[5] ਇਮ

[1]ਜਦੋਂ ਸਿੰਘ ਸਾਰੇ (ਫੈਲੇ ਤੁ) ਪ੍ਰਸਿੱਧ ਹੋ ਗਏ। [2]ਭਾਵ ਸਿੰਘਾਂ ਦਾ ਦਲ। [3]ਪਿੱਪਲ ਦਾ ਬ੍ਰਿਛ। [4]ਦਮੜੇ ਪਾਤਸ਼ਾਹ ਦੇ ਲੱਗਣ ਤੇ ਸਾਬੂਨਗਰਾਂ ਦਾ ਨਾਮ ਹੋਵੇ। [5]ਪਹਿਲੇ। *ਇਸ ਵਾਕਿਆ ਦਾ ਸੰਮਤ ਸਾਖੀਆਂ ਵਾਲੀ ਪੋਥੀ ਵਿਚ ੧੮੨੫ ਬਿ: ਦਿੱਤਾ ਹੈ। †ਇਹ ਪਿੰਡ ਰਿਆਸਤ ਫਰੀਦਕੋਟ ਵਿਚ ਹੈ, ਜੈਤੋ ਤੋਂ ਪੰਦਰਾਂ ਸੋਲਾਂ ਮੀਲ ਹੈ।

ਹੋਈ ਕਹੂੰ ਸੋਈ ਗਤਿ ਇਸ ਥਾਉਂ"॥੩੨॥ਚੌਪਈ॥ਸੁਨਿ ਕੈ ਸਿੱਖਨ ਬੂਝਨਿ ਠਾਨੀ। 'ਕੌ ਪ੍ਰਸੰਗ ਪ੍ਰਭੁ ਕਰਹੁ ਬਖਾਨੀ । ਜਿਸ ਪਰ ਭਾਖ੍ਯੋ ਇਹ ਪੱਖ੍ਯਾਨਾ[1]।ਹਮ ਭੀ ਸੁਨ੍ਯੋ ਚਹੈਂ ਨਿਜ ਕਾਨਾ'॥੩੩॥ਸ੍ਰੀ ਸਤਿਗੁਰੂ ਪ੍ਰਸੰਗ ਉਚਾਰਾ । 'ਤੁਰਕਨਿ ਇਕ ਦੀਵਾਨ ਉਦਾਰਾ । ਰਾਮੂ ਨਾਮ ਕਹਤਿ ਹੈਂ ਜਾਂਹੀ। ਇਕ ਤਨੁਜਾ ਤਿਸ ਕੇ ਗ੍ਰਿਹ ਮਾਂਹੀ ॥੩੪॥ ਸੋ ਅਨੰਦਪੁਰ ਚਲਿ ਕੈ ਆਯੋ। ਹੋਹਿ ਨੰਮ੍ਰਿ ਬਿਚ ਸਭਾ ਸੁਨਾਯੋ।–ਮੋਹਿ ਸੁਤਾ ਕਹੁ ਲਾਗ੍ਯੋ ਪ੍ਰੇਤ। ਸ੍ਰੀ ਗੁਰ ਸਿਖ ਕੋ ਹੋਇ ਸੁਚੇਤ[2] ॥ ੩੫ ॥ ਕਰਹਿ ਨਿਕਾਸਨ ਤਿਸ ਕੋ ਐਸੇ । ਬਹੁਰ ਨ ਆਇ ਪ੍ਰਵੇਸ਼ੈ ਜੈਸੇ । ਬਹੁ ਉਪਚਾਰ ਕਰੇ ਸਭਿ ਹਾਰੇ । ਕੋ ਨਹਿਂ ਸਕ੍ਯੋ ਤਾਂਹਿ ਨਿਰਵਾਰੇ ॥ ੩੬ ॥ ਯਾਂ ਤੇ ਮੈਂ ਗੁਰ ਸਭਾ ਮਝਾਰੀ। ਅਰਜ਼ ਉਚਾਰੀ ਸਭਿਨਿ ਅਗਾਰੀ–। ਸੁਨਿ ਸਭਿ ਭਗਤੇ ਕੀ ਦਿਸ਼ਿ[3]ਹੇਰਾ । ਰੁਖ ਪਰਖਤਿ ਬੋਲ੍ਯੋ ਤਿਸ ਬੇਰਾ ॥ ੩੭ ॥–ਨਹਿਂ ਚਿੰਤਾ ਕਰਿ ਸੁਖ ਹੁਇ ਜਾਇ–।ਹਰਖ੍ਯੋ ਰਾਮੂ ਸੇਵ ਕਮਾਇ । ਲੇ ਭਗਤੇ ਕੋ ਲਵਪੁਰਿ ਗਯੋ।ਪਹੁੰਚ੍ਯੋ ਭੂਤ ਨਿਕਾਸਤਿ ਭਯੋ ॥ ੩੮ ॥ ਤਬਿ ਦੀਵਾਨ ਕਹ੍ਯੋ ਕਰ ਜੋਰਿ। –ਫੁਰਮਾਵਹੁ ਕਾਰਜ ਚਿਤ ਲੋਰ[4]। ਮੋਕਹੁ ਸੇਵਕ ਅਪਨੋ ਜਾਨਹੁ। ਕਰਉਂ ਸੇਵ ਕਛ ਆਪ ਬਖਾਨਹੁ–॥ ੩੯ ॥ ਸੁਨਿ ਭਗਤੇ ਭਾਖ੍ਯੋ ਇਹ ਕਾਮੂ। –ਚਹੈਂ ਕੂਪ ਲਾਯਹੁ ਨਿਜ ਗ੍ਰਾਮੂ। ਦੁਰਲਭ ਤਹਾਂ ਈਂਟਕਾ ਅਹੈਂ। ਹੋਇ ਨ ਸਕਹਿ ਕਰ੍ਯੋ ਜੋ ਚਹੈਂ* ॥ ੪੦ ॥ ਯਾਂ ਤੇ ਏਕ ਪਚਾਵਾ[5] ਦੇਹੁ। ਕੂਪ ਲਗਹਿ ਕਰਿ ਕਾਰਜ ਏਹੁ–। ਸੁਨਿ ਰਾਮੂ ਬਿਸਮ੍ਯੋ ਬਚ ਭਾਖਾ।–ਈਂਟ ਲੇਹੁ ਜੇਤਿਕ ਅਭਿਲਾਖਾ ॥ ੪੧ ॥ ਏਤੀ ਦੂਰਿ ਪਹੂੰਚਹਿ ਕੈਸੇ ? ਉਸ਼ਟ ਸਕਟ ਤੇ[6] ਜਾਇ ਨ ਤੈਸੇ । ਦਰਬ ਅਧਿਕ ਤੇ ਪਹੁੰਚਹਿ ਸੋਇ ॥ ਇਹ ਉੱਤਰ ਮੋਕਹੁ ਕਹੁ ਕੋਇ–॥੪੨॥ਸੁਨਿ ਭਗਤੇ ਕਹਿ–ਦਿਹੁ ਤੁਮ ਤਾਂਹੀ[7]। ਪਹੁੰਚਾਵਹਿਨ ਕੁਛ ਮੁਸ਼ਕਲ ਨਾਂਹੀ। ਏਕ ਨਿਸਾ ਮਹਿਂ ਸਭਿ ਲੇ ਜਾਵੈਂ। ਪਹੁੰਚੈ ਸੁਗਮ, ਕੂਪ ਲਗਵਾਵੈਂ–॥੪੩॥ ਤਬਿ ਰਾਮੂ ਇਕ ਦਯੋ ਪਚਾਯਾ[8]। ਦੇਖਨਿ ਹਿਤ ਨਰ ਏਕ ਬਿਠਾਯਾ।ਭਗਤੇ ਸਭਿ ਪ੍ਰੇਤਨਿ ਕੋ ਪ੍ਰੇਰਾ। ਆਨਿ

[1]ਕਥਾ, ਆਖਾਣ [ਸੰਸਃ, ਉਪਾਖ੍ਯਾਨ=ਕਥਾ]। [2]ਕੋਈ ਗੁਰੂ ਕਾ ਸਿਖ ਸਾਵਧਾਨ ਹੋਵੇ। [3]ਭਾਵ ਬਹਿਲੋ ਦੇ ਪੋਤੇ ਵਲ। [4]ਚਿਤ ਚਾਹੁੰਦਾ ਕੰਮ। [5]ਇੱਟਾਂ ਦਾ ਆਵਾ। [6]ਊਠਾਂ ਤੇ ਰੱਥਿਆਂ ਉਪਰ। [7]ਭਾਵ ਜਿਥੇ ਪਈਆਂ ਹਨ। [8]ਪਚਾਵਾ, ਆਵਾ।

*ਓਥੇ ਇਟਾਂ ਹੈਸੀ ਤਦੋਂ, ਇਸ ਕਰਕੇ।

ਲਗੋ ਢੋਵਨਿ ਤਿਸ ਬੇਰਾ ॥੪੪॥ ਏਕ ਜਾਮ ਮਹਿਂ ਸਭਿ ਲੇ ਆਏ। ਬੈਠਯੋ ਨਰ ਕੁਛ ਪਿਖਯੋ ਨ ਜਾਏ। ਰਾਮੂ ਸੰਗ ਜਾਇ ਤਿਹਿਂ ਭਨਾ।--ਬਡੋ ਕੁਲਾਹਲ ਮੈਂ ਇਕ ਸੁਨਾ ॥੪੫॥ ਦੇਖਯੋ ਰੂਪ ਨ ਰੰਗ ਨ ਅੰਗ। ਕਰਤਿ ਸ਼ੀਘ੍ਰ ਲੈਗੋ ਇਕ ਸੰਗ[1]--। ਬਿਸਮਯੋ ਰਾਮੂ ਤੂਸ਼ਨ ਭਯੋ। ਸੋ ਇਹ ਕੂਪ ਲਗਾਵਨਿ ਕਿਯੋ ॥੪੬॥ ਅਬਿ ਭੀ ਭੂਤ ਮਜੂਰੀ ਕਰੈਂ। ਚੂਨਾ ਈਂਟ ਆਨਿ ਕੈ ਧਰੈਂ। ਸ੍ਰੀ ਅਰਜਨ ਪ੍ਰਸੰਨ ਮਨ ਹ੍ਵੈ ਕੇ। ਭਾਈ ਬਹਿਲੋ ਕੇ ਬਸਿ ਕੈ ਕੇ[2] ॥੪੭॥ ਚਾਰਹੁ ਦਿਸ਼ ਕੇ ਭੂਤ ਰੁ ਪ੍ਰੇਤ। ਤਬਿ ਤੇ ਇਨ ਕੇ ਬਸੀ ਨਿਕੇਤ[3]*[7]। ਬੈਠੇ ਸਤਿਗੁਰ ਗਾਥ ਬਤਾਈ। ਇਤਨੇ ਮਹਿਂ ਕਿਨ ਜਾਇ ਸੁਨਾਈ[4] ॥੪੮॥ 'ਗੁਰ ਉਤਰੇ ਪੀਪਰ ਤਰੁ ਤਰੇ। ਸੁਨਿ ਕਹਿ ਬਾਕ ਬਚਨ ਇਮ ਕਰੇ[5]। ਕੇਤਿਕ ਸਿੰਘਨ ਕੋ ਦਲ ਸਾਥ[6]। ਕੂਪ ਲਗਹਿ ਤਿਸ ਢਿਗ ਥਿਰ ਨਾਥ" ॥੪੯॥ ਪੰਚ ਪੁੱਤ੍ਰ ਭਗਤੇ ਕੇ ਤਹਾਂ। ਇਕ ਗੁਰਦਾਸ ਜਨਯੋ ਤ੍ਰਿਯ ਮਹਾਂ†। ਦੁਤਿਯ ਭਾਰਜਾ ਤੇ ਸੁਤ ਉਪਤਾ। ਤਾਰਾ, ਭਾਰਾ ਮਿਹਰਾ, ਬਖਤਾ॥੫੦॥ ਪੰਚਹੁ ਤਤਛਿਨ ਹ੍ਵੈ ਕਰਿ ਤਯਾਰ। ਏਕ ਤੁਰੰਗਮ ਸ਼ੁਭ ਸਿੰਗਾਰ। ਜ਼ੀਨ ਰਜਤ ਕੋ ਊਪਰ ਪਾਏ। ਸ੍ਰੀ ਸਤਿਗੁਰ ਕੇ ਢਿਗ ਲੇ ਆਏ ॥੫੧॥ ਪਦ ਅਰਬਿੰਦ ਬੰਦਨਾ ਕਰਿਕੈ। ਦਰਸ਼ਨ ਦੇਖਯੋ ਚਿਤ ਹਿਤ ਧਰਿ ਕੈ। ਬੈਠਤਿ ਹੀ ਕਰ ਜੋਰਿ ਉਚਾਰੀ। 'ਕਹਯੋ ਕੂਰ ਕਿਨ ਆਪ ਅਗਾਰੀ ॥ ੫੨॥ ਬਪੁਰੀ ਬਾਤ ਕੂਪ ਕੀ ਕਹਾਂ[8]। ਤੁਮ ਤੇ ਹੀ ਹਮ ਸਭਿ ਕਿਛ ਲਹਾ। ਲਘੁ ਦੀਰਘ ਤ੍ਰਿਯ ਪੁਰਖ ਹਮਾਰੇ। ਆਦਿ ਅੰਤ ਕੇ ਦਾਸ ਤੁਮਾਰੇ ॥੫੩॥ ਭੂਖਨ ਕਿਸ ਕੇ, ਬਾਂਦੀ ਕਿਸ ਕੀ।ਇਮ ਨ ਲਖੈ[10], ਮੂਰਖ ਮਤਿ ਤਿਸ ਕੀ। ਹਮਰੋ ਸਭਿ ਘਰ ਬਾਰ ਤੁਮਾਰਾ। ਸਭਿ ਜਾਚਕ ਇਕ

---

[1]ਇਕਬਾਰ ਹੀ। [2]ਭਾਵ, ਭੂਤ ਪ੍ਰੇਤ ਭਾਈ ਬਹਿਲੋ ਦੇ ਵੱਸ ਕਰ ਦਿੱਤੇ। [3]ਇਨ੍ਹਾਂ ਦੇ ਘਰਾਣੇ ਦੇ ਵੱਸ ਵਿਚ ਹਨ। [4]ਸੁਣਾਈ (ਭਗਤੇ ਦੇ ਘਰ)। [5]ਭਾਵ, ਜੋ ਗੱਲ ਬਾਤ ਗੁਰਾਂ ਨੇ ਤੇ ਲੋਕਾਂ ਨੇ ਕੀਤੀ ਸੀ ਉਹ ਸੁਣਾਕੇ ਕਹਿ ਰਿਹਾ ਹੈ ਕਿ ਗੁਰੂ ਜੀ ਨੇ ਐਸ ਤਰ੍ਹਾਂ ਦੇ ਬਚਨ ਕੀਤੇ ਹਨ। [6]ਕੁਝਕ ਸਿੰਘਾਂ ਦਾ ਦਲ ਨਾਲ ਹੈ। [7]ਜਿਥੇ ਖੂਹ ਲਗਦਾ ਹੈ ਉੱਥੇ ਉਤਰੇ ਹਨ ਨਾਥ ਜੀ। [8]ਵੱਡੀ ਇਸਤ੍ਰੀ ਨੇ। [9]ਇਹ ਖੂਹ ਦੀ ਤੁੱਛ ਗੱਲ ਕੀ ਹੈ। [10]ਜੋ ਨਹੀਂ ਜਾਣਦਾ ਇਉਂ।

*ਉਸ ਵਲ ਇਸ਼ਾਰਾ ਹੈ ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਬਹਿਲੋ ਨੂੰ ਦਿੱਤਾ ਸੀ, ਭੂਤ ਪ੍ਰੇਤ ਉਸ ਦੇ ਵੱਸ ਕੀਤੇ ਸਨ। †ਬਹਿਲੋ ਕੇ ਇਕ ਗੁਰਦਾਸ ਦਾ ਪ੍ਰਸੰਗ ਰਾਮ ਰਾਇ ਦੇ ਪ੍ਰਸੰਗ ਸਮੇਂ ਤੇ ਮਗਰੋਂ ਭੀ ਆ ਚੁਕਾ ਹੈ। ਦੇਖੋ ਰੁਤ ੧ ਅੰਸੂ ੪੮ ਤੇ ਰੁਤ ੨ ਅੰਸੂ ੩। ਅਗਲਾ ਪ੍ਰਸੰਗ ਤੇ ਗੱਲ ਬਾਤ ਕਵੀ ਜੀ ਦੀ ਆਪਣੀ ਖੋਜ ਹੈ।

ਆਪ ਦਤਾਰਾ' ॥ ੫੪॥ ਪਿਖਿ ਪੰਚਹੁਂ ਭ੍ਰਾਤਾ ਕੀ ਓਰ। ਨਿਰਹੰਕਾਰ ਰਹੇ ਕਰ ਜੋਰਿ। ਮੰਦ ਮੰਦ ਮੁਸਕਾਇ ਬਖਾਨੇ।'ਹੋ ਹਮਰੇ ਹੀ,ਸਭਿ ਜਗ ਜਾਨੇ' ॥ ੫੫ ॥ ਕੁਸ਼ਲ ਪ੍ਰਸ਼ਨ ਕਰਿ ਖੁਸ਼ੀ ਉਦਾਰਾ। ਲਿਯੋ ਤੁਰੰਗਮ ਜੋ ਬਲਿ ਭਾਰਾ। ਪੁਨ ਪੰਚਹੁਂ ਕਰ ਜੋਰਿ ਉਚਾਰੇ।'ਕਰੀਅਹਿ ਪਾਵਨ ਸਦਨ ਹਮਾਰੇ ॥ ੫੬ ॥ ਚਰਨ ਸਰੋਜ ਆਪ ਕੇ ਪਰੈਂ। ਸਭਿ ਕੁਟੰਬ ਉਰ ਆਨੰਦ ਧਰੈਂ। ਪੂਰਹੁ ਕਾਮਨਾ ਦਾਸਨ ਮਨ ਕੀ'। ਸੁਨਿ ਪ੍ਰਭੁ ਚਲੇ ਸੰਗ ਹੁਇ ਤਿਨ ਕੀ ॥੫੭॥ ਮੰਚ ਬਿਛਾਇ ਬਿਛੌਨਾ ਛਾਏ। ਬਿਨੈ ਭਨਤਿ ਤਿਸ ਪਰ ਬੈਠਾਏ। ਖਰੇ ਹੋਇ ਬੋਲੇ ਪ੍ਰਭੁ ਹੇਰਾ[1]। 'ਬੇਖ[2] ਸਹਿਜਧਾਰੀ ਹਮ ਕੇਰਾ ॥੫੮॥ ਉਰ ਅਭਿਲਾਖਾਂ, ਕਰਨਿ ਅਹਾਰਾ[3]। ਅਬਿ ਚਾਹਤਿ ਹੈਂ ਹੁਕਮ ਤੁਮਾਰਾ'।ਕ੍ਰਿਪਾ ਕਰਤਿ ਤਿਨ ਸੰਗ ਬਖਾਨਾ। 'ਤੁਮ ਪਰ ਹਮਰੀ ਕ੍ਰਿਪਾ ਮਹਾਨਾ ॥ ੫੯ ॥ ਹੈ ਪ੍ਰਸੰਨਤਾ ਖੁਸ਼ੀ ਪਛਾਨ। ਤੁਮਰੋ ਹੈ ਸਭਿ ਕਿਛ ਪਰਵਾਨ'। ਸਭਿ ਭਿਆਨੀਆਂ[4] ਚਲਿ ਕਰਿ ਆਈਂ। ਬਹੁ ਸ਼ਰਧਾ ਤੇ ਗ੍ਰੀਵ ਨਿਵਾਈ ॥੬੦॥ ਦੇ ਕਰਿ ਖੁਸ਼ੀ ਗੁਰੂ ਚਲਿ ਆਏ। ਸਿਵਰ ਬਿਰਾਜੇ ਸਹਿਜ ਸੁਭਾਏ। ਦਾਸਨਿ ਤਬੈ ਲਗਾਯਹੁ ਡੇਰਾ। ਜ਼ੀਨ ਉਤਾਰਿ ਧਰੇ ਤਿਸ ਬੇਰਾ ॥ ੬੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੂਰਬ ਐਨੇ 'ਭਗਤੇ ਗਮਨ' ਪ੍ਰਸੰਗ ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

੨. [ਭਾਈ ਬਹਿਲੋ ਦੀ ਬੰਸ। ਤੀਤਰ ਉਧਾਰ। ਘੁੰਘਣੀਆ ਸਿੰਘ]।

ਦੋਹਰਾ ॥ ਤ੍ਰਿਣ ਦਾਨਾ ਪਹੁੰਚਾਇ ਕਰਿ ਸੇਵ ਕਰੀ ਬਹੁ ਰੀਤਿ। ਆਨਯੋ ਭੋਜਨ ਤਯਾਰ ਕਰਿ ਬਹੁ ਸ੍ਵਾਦਲ ਧਰਿ ਪ੍ਰੀਤ ॥ ੧ ॥ ਚੌਪਈ ॥ ਥਾਰ ਪਰੋਸ ਧਰਯੋ ਗੁਰ ਆਗੇ। ਦਯੋ ਸਰਬ ਕੋ ਅਚਵਨ ਲਾਗੇ। ਤ੍ਰਿਪਤਿ ਪਾਨ ਕਰਿ ਪਾਨੀ ਪਾਨ। ਕਰੇ ਪਖਾਰਨ, ਗੁਰ ਭਗਵਾਨ[5] ॥ ੨ ॥ ਸੁਪਤਿ ਜਥਾ ਸੁਖ ਨਿਸ ਕੇ ਮਾਂਹੀ। ਭਈ ਪ੍ਰਾਤਿ ਜਾਗ੍ਰਤ ਚਿਤ ਚਾਹੀ। ਸੌਚ ਸ਼ਨਾਨ ਠਾਨਿ ਗੁਰ ਬੈਸੇ। ਪੰਚਹੁਂ ਭ੍ਰਾਤ ਆਇ ਕਰਿ ਤੈਸੇ ॥ ੩ ॥ ਮਾਨ ਸਿੰਘ ਤਬਿ ਬੂਝੀ ਬਾਤਿ। 'ਕੈ ਭਾਈ ਬਹਿਲੋ ਕੇ ਤਾਤ[6] ? ਪਿਤਾ ਤੁਮਾਰੋ ਨਾਮ ਸੁ ਕੌਨ ? ਕਹਹੁ ਬੰਸ ਕੀ ਗਾਥਾ ਜੌਨ ?' ॥ ੪॥ ਤਬਿ ਗੁਰਦਾਸ ਬਖਾਨੀ ਗਾਥਾ। 'ਬਖਸ਼ੇ ਜਬਿ ਸ੍ਰੀ ਅਰਜਨ ਨਾਥਾ।ਭਾਈ ਬਹਿਲੋ ਤਬਿ ਚਲਿ ਆਏ।ਮਸਤ ਸੁਭਾਵ ਏਕ ਲਿਵ ਲਾਏ ॥ ੫ ॥ ਨਹੀਂ ਪਦਾਰਥ ਦ੍ਰਿਸ਼ਿ ਬ੍ਰਿਤਿ ਆਈ।

[1]ਸ੍ਰੀ ਗੁਰੂ ਜੀ ਨੂੰ ਦੇਖਕੇ। [2]ਸਾਡਾ ਸਹਿਜਧਾਰੀਆਂ ਵਾਲਾ ਭੇਖ ਹੈ। [3]ਜੋ ਪ੍ਰਸ਼ਾਦ ਕਰੀਏ। [4]ਭਾਈਆਂ ਦੀਆਂ ਇਸਤ੍ਰੀਆਂ। [5]ਸ੍ਰੀ ਭਾਗਵਾਨ ਗੁਰੂ ਜੀ (ਭੋਜਨ ਛਕਕੇ) ਤ੍ਰਿਪਤ ਹੋਏ ਤੇ ਪਾਣੀ ਪੀ ਕੇ ਹੱਥ ਧੋਤੇ। [6]ਭਾਈ ਬਹਿਲੋ ਦੇ ਪੁੱਤ੍ਰ ਕਿੰਨੇ ਸਨ ?

ਇਕ ਰਸ ਬੈਠਹਿਂ ਸਹਿਜ ਸੁਭਾਈ। ਜਿਤ ਦੇਖਤਿ ਤਿਤ ਦੇਖਤਿ ਰਹੈਂ। ਮੁੱਦ੍ਰਤਿ ਨੈਨ ਸੁ ਮੁੱਦ੍ਰਤ ਅਹੈਂ[1]॥੬॥ਇਕਦਿਨ ਗਨ ਸੰਗਤਿ ਚਲਿਆਈ। ਨਮੋ ਕਰੀ ਭਾਈ ਅਗਵਾਈ। ਹੁਤੋ ਪੁੱਤ੍ਰ ਇਕ ਨਾਨੂ ਨਾਮ। ਤ੍ਰੈ ਸੁਤ ਉਪਜੇ ਤਾਂ ਕੇ ਧਾਮ॥੭॥ਪਿਖਿ ਸੰਗਤਿ ਕੌ ਹੁਕਮ ਬਖਾਨਾ।–ਆਨਹੁ ਘਰ ਤੇ ਪ੍ਰਾਤ ਮਹਾਨਾ[2]। ਤਿਸ ਮਹਿ ਸਿੱਖਨ ਚਰਨ ਪਖਾਰੈਂ। ਗਮਨੇ ਮਗ ਕੋ ਸ਼੍ਰਮ ਨਿਰਵਾਰੈਂ[3]–॥ ੮ ॥ ਸੁਨਤਿ ਦਾਸ ਘਰ ਅੰਤਰ ਗਯੋ ॥ ਤਿਸ ਬਾਸਨ ਕੋ ਜਾਚਤਿ ਭਯੋ ॥ ਹੁਤੀ ਸੁ ਗ੍ਰੀਖਮ ਰੁਤ ਤਿਸ ਕਾਲਾ। ਜਲ ਭਰਿ ਰਾਖੀ ਪ੍ਰਾਤ ਬਿਸਾਲਾ ॥ ੯ ॥ ਤ੍ਰੈ ਨਾਨੂ ਸੁਤ ਬੀਚ ਬਿਠਾਏ। ਤਿਨ ਕੀ ਜਨਨੀ ਮਸਲਿ ਨੁਹਾਏ[4]। ਕਹ੍ਯੋ ਦਾਸ ਕੋ–ਪ੍ਰਾਤ ਮਝਾਰੀ। ਪੁੱਤ੍ਰ ਸ਼ਨਾਨੋਂ ਨਿਰਮਲ ਬਾਰੀ ॥ ੧੦ ॥ ਨਹਿ ਛੂਛੀ ਜੋ ਲੈ ਕਰਿ ਜਾਏ। ਨਿਜ ਸੁਤ ਸੀਤਲ ਕਰੌਂ ਨਹਾਏ–। ਸੁਨਿ ਕਰਿ ਦਾਸ ਬਤਾਵਨਿ ਕੀਨ। ਤਬਿ ਭਾਈ ਗਰਬਤਿ ਤਿਸ ਚੀਨ[5] ॥ ੧੧ ॥–ਬੇਮੁਖਤਾ ਗੁਰਤੇ ਇਨ ਧਾਰੀ। ਪੁੱਤ੍ਰਨ ਹਿਤ ਬੋਲਤਿ ਹੰਕਾਰੀ। ਤੌ ਬਾਲਕ ਮ੍ਰਿਤੁ ਪਾਇ ਸਿਧੈ ਹੈਂ। ਇਹਾਂ ਪਰਾਤ ਪਰੀ ਰਹਿ ਜੈਹੈ॥੧੨॥ ਸਤਿਸੰਗਤਿ ਤੇ ਸੁਤ ਸ਼ੁਭ ਜਾਨੇ। ਤਿਨ ਕੀ ਹੋਇ ਆਰਬਲ ਹਾਨੇ–। ਇਮ ਭਾਈ ਬਹਿਲੋ ਕੇ ਕਹੇ। ਤੀਨਹੁੰ ਪੌਤ੍ਰ ਮਰਿਕਰਿ ਰਹੇ ॥੧੩॥ਤਿਨ ਕੋ ਪਿਤ ਨਾਨੂ ਦੁਖ ਪਾਇ। ਪੁੱਤ੍ਰ ਨੇਹ ਤੇ ਸ਼ੋਕ ਉਪਾਇ। ਲਗ੍ਯੋ ਪਿਤਾ ਕੀ ਸੇਵਾ ਕਰਨ। ਦੇਹ ਸ਼ਨਾਨੈ ਧੋਵਤਿ ਚਰਨ ॥ ੧੪ ॥ ਭੋਜਨ ਅਧਿਕ ਪ੍ਰੀਤਿ ਸੋਂ ਖ੍ਵਾਵੈ। ਇੱਤ੍ਯਾਦਿਕ ਸਭਿ ਸੇਵ ਕਮਾਵੈ। ਪਿਤ ਪ੍ਰਯੰਕ ਕੇ ਹੁਇ ਕਰਿ ਤਰੇ। ਕਰਿ ਸੇਵਾ ਕੌ ਨਿਸ ਦਿਨ ਪਰੇ॥੧੫॥ ਜਿਮ ਆਇਸੁ ਕੋ ਪਿਤਾ ਬਖਾਨੈਂ। ਹਾਥ ਜੋਰਿ ਤੂਰਨ ਤਿਮ ਠਾਨੈ। ਇਕ ਦਿਨ ਹੋਇ ਪ੍ਰਸੰਨ ਮਹਾਨਾ।ਦੇਖਿ ਭਾਉ ਕੋ ਬਾਕ ਬਖਾਨਾ ॥੧੬॥–ਕਹਾਂ ਕਾਮਨਾ ਤੁਵ ਉਰ ਮਾਂਹੀ ? ਮਾਂਗਨ ਕਰੋ ਸੁ ਹਮਰੇ ਪਾਹੀ–। ਤਬਿ ਨਾਨੂ ਕਰ ਜੋਰ ਉਚਾਰਾ।–ਰਹੈ ਜਗਤ ਮਹਿ ਬੰਸ ਤੁਮਾਰਾ ॥ ੧੭॥ ਇਹੀ ਕਾਮਨਾ ਲਖਿਯਹਿ ਮੇਰੀ। ਪੁਜਹੁ[6] ਕੀਜੈ ਕ੍ਰਿਪਾ ਬਡੇਰੀ–। ਸੁਨਿ ਭਾਈ ਬਹਿਲੋ

---

[1]ਜੇ ਨੇਤ੍ਰ ਮੀਟੇ ਹਨ ਤਾਂ ਮੀਟੇ ਹੀ ਰਹਿੰਦੇ ਹਨ। [2]ਵਡੀ ਪਰਾਤ। [3]ਸਿਖ ਪੈਂਡਾ ਟੁਰਕੇ ਆਏ ਹਨ, (ਇਨ੍ਹਾਂ) ਦੇ ਤਿਸ (ਪਰਾਤ) ਵਿਚ ਚਰਨ (ਰੱਖਕੇ) ਧੋਈਏ ਜੋ ਥਕੇਵਾਂ ਉਤਰੇ। [4]ਮਲਕੇ ਨੁਹਾਉਂਦੀ ਸੀ ਤਿੰਨਾਂ ਪੁੱਤਾਂ ਨੂੰ ਵਿਚ ਬਿਠਾਕੇ। [5]ਭਾਵ ਤਿਸ ਨੂੰਹ ਨੂੰ ਹੰਕਾਰ ਵਿਚ ਜਾਣਿਆ (ਤੇ ਆਖਿਆ)। [6]ਪੁਗਾ ਦਿਓ, ਪੂਰੀ ਕਰ ਦਿਓ।

ਕਹਿ ਸੋਇ ।–ਜਾਚਹੁ ਅਪਰ ਕਾਮਨਾ ਕੋਇ–॥ ੧੮ ॥ ਪੁਨ ਨਾਨੂ ਕਹਿ –ਸੁਤ ਹੀ ਦੀਜੈ।ਜਉ ਪ੍ਰਸੰਨ ਤਉ ਕਰੁਨਾ ਕੀਜੈ–।ਤੀਨ ਬੇਰ ਭ੍ਰਾਈ ਇਮ ਕਹਯੋ । ਸੁਤ ਬਿਨ ਨਾਨੂ ਅਪਰ ਨ ਚਹਯੋ॥੧੯॥ ਸ੍ਰੀ ਮੁਖ ਤੇ ਹੁਇ ਖੁਸ਼ੀ ਉਚਾਰਾ ।–ਉਪਜਹਿ ਸੁਤ ਤੁਵ ਹੁਇ ਗੁਨ ਭਾਰਾ । ਭਗਤਾ ਨਾਮ ਤਾਂਹਿ ਕੋ ਧਰੀਅਹਿ। ਰਿਦੇ ਕਾਮਨਾ ਪੂਰਨ ਕਰੀਅਹਿ- ॥ ੨੦ ॥ ਸੁਤ ਕੈ ਸੁਤ ਉਪਜਨ ਬਰ ਦਯੋ। ਤਬਿ ਭਗਤਾ ਜਨਮਤਿ ਸ਼ੁਭ ਭਯੋ। ਤਿਸ ਭਗਤੇ ਕੇ ਹਮ ਭੇ ਤਾਤਾ। ਜੁਗ ਦਾਰਾ ਤੇ ਪੰਚਹੁ ਭ੍ਰਾਤਾ' ॥ ੨੧ ॥ ਸਕਲ ਬਾਰਤਾ ਤਿਨਹੁੰ ਸੁਨਾਈ।ਪ੍ਰਭੁ ਅਖੇਰ ਤਯਾਰੀ ਕਰਿਵਾਈ।ਚਢੇ ਤੁਰੰਗ ਸੰਗ ਅਸ-ਵਾਰਾ।ਗਮਨੇ ਕੇਤਿਕ ਦੂਰ ਉਜਾਰਾ ॥੨੨॥ ਤੀਤਰ ਏਕ ਬੋਲਤਾ ਰੂਰੇ। ਸੁਨਿ ਬੋਲੇ ਸ਼੍ਰੀ ਸਤਿਗੁਰ ਪੂਰੇ।'ਭੂਮੀਆ ਭੂਮਿ ਊਪਰਿ ਨਿਤ ਲੂਝੈ[1]। ਛੋਡਿ ਚਲੈ ਤ੍ਰਿਸਨਾ ਨਹੀ ਬੁਝੈ[2]" ॥ ੨੩ ॥ ਸਿੱਖਨ ਬੂਝਯੋ 'ਕਹਾਂ ਅਲਾਈ ? ਪਾਤਸ਼ਾਹ! ਵਿਹੁ ਹਮਹੁ ਬੁਝਾਈ'।ਸੁਨਿ ਸ਼੍ਰੀ ਮੁਖ ਤੇ ਕਹਯੋ ਬ੍ਰਿਤੰਤ।'ਇਹ ਤੀਤਰ ਬੋਲਯੋ ਛਿਤ ਕੰਤ[3] ॥੨੪॥ ਥੇਹੁ ਗੰਡ ਕੋ ਨਾਮ[4] ਕਹਾਵੈ। ਸੋ ਇਹ ਗੰਡ ਨ ਤਜਿ ਕਰਿ ਜਾਵੈ। ਅਪਨਿ ਸਥਾਨ ਪਛਾਨਿ ਰਹੰਤਾ। ਅਪਰ ਜਾਨ ਹਿਤ ਨਹੀਂ ਤਜੰਤਾ[5] ॥੨੫॥ ਫੂਟੀ ਆਂਖ ਏਕ ਇਸ ਕੇਰੀ। ਕਾਨਾ ਅਹੈ ਪਕਰ ਲਿਹੁ ਹੇਰੀ'। ਸੁਨਿ ਸਿੱਖਨਿ ਘੇਰਯੋ ਬਰਿਆਈ[6]। ਇਤ ਉਤ ਫਿਰਤਿ ਛਪਨ ਹਿਤ ਥਾਈ ॥੨੬॥ ਧਾਇ ਧਾਇ ਕਰਿ ਦਯੋ ਹਰਾਇ। ਹਿਤ ਪਕਰਨਿ ਕੋ ਹਾਥ ਚਲਾਇ। ਗਹਿ ਕਰਿ ਆਨਯੋ ਗੁਰੂ ਅਗਾਰੇ। ਨਿਰਨੈ ਹਿਤ ਜੁਗ ਨੈਨ ਨਿਹਾਰੇ ॥ ੨੭ ॥ ਏਕ ਆਂਖ ਤੇ ਕਾਣਾ ਹੇਰਿ। ਨਮੋ ਕਰਹਿਂ ਗੁਰ ਕੋ ਫਿਰ ਫੇਰ[7]। ਹਾਥ ਜੋਰਿ ਬੂਝਹਿਂ ਸਿਖ ਸੋਇ। 'ਇਸ ਕੋ ਅਬਿ ਹਵਾਲ ਕਯਾ ਹੋਇ ? ॥ ੨੮ ॥ ਦੈਵ ਜੋਗ ਤੇ ਰਾਵਰ ਕੇਰਾ। ਭਯੋ ਮੇਲ ਇਸ ਭਾਗ ਬਡੇਰਾ। ਜਿਸ ਕੀ ਹੁਈ ਚਹੈ ਕੱਲਯਾਨਾ। ਤਿਹ ਸੰਜੋਗ ਆਪ ਸੌਂ ਠਾਨਾ[8]" ॥੨੯॥ ਸ੍ਰੀ ਪ੍ਰਭੁ ਕਹਯੋ 'ਜਨਮ ਬਹੁ ਧਾਰੇ। ਮਰਿ ਮਰਿ ਤਜੇ ਸਰੀਰ ਉਦਾਰੇ। ਤਊ ਨ ਤਯਾਗਤਿ ਨਿਜ ਰਜਧਾਨੀ। ਬੰਧਯੋ ਫਾਸ ਸਨੇਹ ਮਹਾਨੀ ॥ ੩੦ ॥ ਅਬਿ ਦਰਸ਼ਨ ਤੇ ਪਾਤਕ ਟਰੇ। ਜਨਮ ਮਰਨ

[1]ਜ਼ਿਮੀਂਦਾਰ ਜ਼ਿਮੀਂ ਉਤੇ ਹੀ ਲੁਝਦਾ ਹੈ। [2]ਤ੍ਰਿਸ਼ਨਾਂ ਬੁਝਦੀ ਨਹੀਂ। [3]ਜ਼ਮੀਨ ਦਾ ਮਾਲਕ ਸੀ। [4]ਗੰਡ ਨਾਮੀ ਥੇਹ। [5]ਹੋਰ ਥਾਂ ਜਾਣ ਲਈ ਛਡਦਾ ਨਹੀਂ। [6]ਜ਼ੋਰੋ ਜੋਰੀ। [7]ਬਾਰ ਬਾਰ। [8]ਤ੍ਰਿਸ ਦਾ ਮੇਲ ਆਪ ਨਾਲ ਹੁੰਦਾ ਹੈ।

ਜਗ ਬੰਧਨ ਹਰੋ'। ਇਮ ਉਧਾਰ[1] ਖਗ ਕੋ ਕਰਿ ਭਲੇ। ਆਗੇ ਹਿਤ ਅਖੇਰ ਕੋ ਚਲੇ ॥ ੩੧ ॥ ਕੇਤਿਕ ਬਿਚਰਤਿ ਸਤਿਗੁਰ ਆਏ। ਉਤਰੇ ਸਿਵਰ ਤੁਰੰਗ ਲਗਾਏ। ਬੈਠੇ ਹੁਤੇ ਸਿੰਘ ਚਹੁੰ ਘਾਈ। ਜਥਾ ਮੁਨੀਸ਼ਨਿ ਮਹਿ ਰਘੁਰਾਈ ॥੩੨॥ *ਇਕ ਸਿੰਘ ਭਗਤੋ[2] ਮਹਿੰ ਰਹੈ।ਬਾਲਿਕ ਤਾਂਹਿ ਆਤਮਜ ਅਹੈ[3]। ਗਯੋ ਕਹੂੰ ਤੇ ਸੋ ਚਲਿ ਆਯੋ। ਗੁਰ ਆਗਵਨ ਸ੍ਰੋਨ ਸੁਨਿ ਪਾਯੋ ॥੩੩॥ ਤਤਛਿਨ ਕੇਤਿਕ ਚਨਕ ਉਬਾਰੇ। ਕਰੀ ਬਾਕੁਲੀ[4] ਨੀਕੀ ਤਯਾਰੇ।ਸਾਵਧਾਨ ਹੁਇ ਕਟ ਕਸਿ ਲੀਨਿ। ਸੁਤ ਕੋ ਤਥਾ ਸੁਚੇਤਾ[5] ਕੀਨਿ ॥ ੩੪ ॥ ਕਮਰਕਸਾ ਅਪਨੇ ਸਮ ਕਰਨੋ। ਲੇਕਰਿ ਘੁੰਘਣੀਆ ਚਲਿ ਪਰਨੋ। ਪਿਤਾ ਪੁੱਤ੍ਰ ਗੁਰ ਕੇ ਢਿਗ ਗਏ।ਬੰਦਨ ਕਰਤਿ ਬਿਲੋਕਤਿ ਭਏ ॥ ੩੫ ॥ ਵਾਹਿਗੁਰੂ ਜੀ ਕੀ ਕਹਿ ਫਤੇ। ਖਰੇ ਹੋਇ ਕਰਿ ਸਨਮੁਖ ਚਿਤੇ[6]। ਗੁਰੂ ਗ਼ਰੀਬ ਨਿਵਾਜ ਨਿਹਾਰਾ। ਮੁਸਕਾਵਤਿ ਜੁਤ ਕ੍ਰਿਪਾ ਉਚਾਰਾ' ॥ ੩੬ ॥ 'ਬਾਲਿਕ ਨਾਮ ਕਹੋ ਕਯਾ ਧਰਨੋ? ਸਾਵਧਾਨ ਹੁਇ ਆਗੇ ਖਰਨੋ'[7]।ਬੂਝਨ ਕਰਨੋ, ਉਚਾਰਤਿ ਸੋਈ[8]।'ਅਬਿ ਲੌ ਨਾਮ ਨ ਰਾਖਨੋ ਕੋਈ ॥ ੩੭ ॥ ਅਬਿ ਸ੍ਰੀ ਮੁਖ ਤੇ ਆਪ ਉਚਾਰੋ। ਸੋ ਅਬਿ ਨਾਮ ਧਰਹਿੰ ਕਰਿ ਪਯਾਰੋ।ਦਾਸ ਆਪ ਕੇ ਹਮ ਹੈਂ ਸਦਾ।ਹਲਤ ਪਲਤ ਸੁਖ ਦਿਹੁ ਜਦ ਕਦਾ' ॥ ੩੮ ॥ ਸ੍ਰੀ ਮੁਖ ਤੇ ਮੁਸਕਾਇ ਬਖਾਨਾ।'ਘੁੰਘਣੀਆ ਸਿੰਘ ਨਾਮ ਸੁਜਾਨਾ। ਇਹ ਹੀ ਕਹਿ ਸਭਿ ਮਹਿਂ ਬਿਦਤਾਵਹੁ।ਅਪਰ ਨਾਮ ਕੋ ਨਹੀਂ ਅਲਾਵਹੁ' ॥ ੩੯ ॥ ਸਿੰਘ ਪ੍ਰਮੁਦਤਿ ਭਯੋ ਸੁਨਿ ਗੁਰ ਤੇ।–ਸੁਤ ਕੀ ਛੇਮ ਲਈ ਮੈਂ ਧੁਰ ਤੇ[9]–। ਘੁੰਘਣੀਆਂ ਲੇ ਸਿਖ ਬਰਤਾਈ। ਸ੍ਵਾਦਲ ਜਾਨਿ ਸਭਿਨਿ ਹੂੰ ਖਾਈ ॥ ੪੦ ॥ ਪੁਨ ਭੋਜਨ ਨਿਸ ਮਹਿਂ ਕਰਿ ਖਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ।ਤਬਿ ਗਨ ਭੂਤ ਪ੍ਰੇਤ ਹੁਇ ਦੀਨ।ਥਿਰ ਹੁਇ ਅੱਗ੍ਰ ਬੇਨਤੀ ਕੀਨ ॥ ੪੧ ॥ 'ਸ੍ਰੀ ਗੁਰ ਅਰਜਨ ਹਮ ਗਹਿਵਾਏ। ਚਿਰੰਕਾਲ ਬੀਤਾ ਇਸ ਥਾਏਂ। ਇਨ ਕੇ[10] ਸਦਾ ਰਹੈਂ ਅਨੁਸਾਰੀ। ਜਥਾ ਬਤਾਇਂ ਤਥਾ ਕਰਿ ਕਾਰੀ ॥ ੪੨ ॥ ਇਕ† ਇਕ ਥਾਨ ਕੈਦ ਮਹਿਂ ਡਾਰੇ। ਤਹਿਂ ਪ੍ਰਾਪਤਿ ਹੁਇ ਖੇਦ ਉਦਾਰੇ।ਚਨਿਕ ਪੰਚ ਮਣ ਹਮ ਕੋ ਪਾਵੈ।

[1]ਨਿਸਤਾਰਾ। [2]ਨਾਮ ਪਿੰਡ। [3]ਉਸ ਦਾ ਇਕ ਪੁੱਤ੍ਰ ਸੀ (ਜੋ ਅਜੇ) ਬੱਚਾ ਸੀ। [4]ਘੁੰਘਣੀਆਂ। [5]ਭਾਵ ਮੂੰਹ ਹੱਥ ਧੋਕੇ ਤਯਾਰ ਕੀਤਾ। [6]ਦਰਸ਼ਨ ਕੀਤਾ। [7]ਭਾਵ ਸ੍ਰੀ ਗੁਰੂ ਜੀ ਨੇ ਪੁੱਛਣਾ ਕੀਤਾ। [8]ਉਸ ਸਿਖ ਨੇ ਉਚਾਰਿਆ। [9]ਧੁਰ ਦਰਗਾਹ ਤੋਂ। [10]ਭਾਵ ਭਾਈ ਬਹਿਲੋ ਦੀ ਸੰਤਾਨ ਦੇ।

*ਵਿਰ ਸਾਖੀਆਂ ਦੀ ਪੋਥੀ ਦੀ ਸਾਖੀ ਚੱਲੀ। †ਪਾ:–ਇਨ।

ਅਪਰ ਵਸਤੁ ਕਿਛ ਹਾਥ ਨ ਆਵੈ॥੪੩॥ਸੋ ਨਿਤ ਖਾਨੋ ਕਰਹਿਂ ਅਹਾਰਾ। ਰੁਕੇ ਰਹੈਂ ਸਹਿਂ ਕਸ਼ਟ ਉਦਾਰਾ। ਅਬਿ ਤੁਮ ਕ੍ਰਿਪਾ ਕਰਹੁ ਛੁਟਵਾਵਹੁ। ਕਸ਼ਟ ਕੈਦ ਤੇ ਆਪ ਬਚਾਵਹੁ ॥ ੪੪ ॥ ਛੁਟੇ ਫਿਰੈਂ ਗਨ ਦੇਸ਼ ਮਝਾਰੀ। ਤਊ ਰਹੈਂ ਇਨਕੇ ਅਨੁਸਾਰੀ। ਬਹਿਲੋ ਬੰਸ ਉਚਾਰਹਿ ਜਥਾ। ਨਿਹਸੰਸੈ ਹਮ ਕਰਿਹੈਂ ਤਥਾ ॥੪੫॥ ਦੈਵਜੋਗ ਆਗਵਨ ਤੁਹਾਰਾ। ਜੇ ਅਬਿ ਕਸ਼ਟ ਨ ਜਾਇ ਹਮਾਰਾ। ਪੁਨਹਿ ਕੌਨ ਸਮਰਥ ਛੁਟਕਾਵੈ। ਰਾਵਰਿ ਬਿਨਾ ਨ ਸੰਕਟ ਜਾਵੈ ॥ ੪੬ ॥ ਆਇ ਪਾਇ ਬਿਖਾਦ ਬਿਸਾਲਾ। ਕੀਨਿ ਬੇਨਤੀ ਹਮ ਇਸ ਕਾਲਾ'। ਸੁਨਿ ਭੂਤਨ ਤੇ ਸੰਕਟ ਤਿਨ ਕੋ। ਬਸਤ੍ਰ ਉਤਾਰਿ ਉਘਾਰਿ ਬਦਨ ਕੋ¹॥੪੭॥ ਦੀਨੀ ਧੀਰਜ 'ਚਿੰਤ ਪ੍ਰਹਾਨਹੁ। ਪ੍ਰਾਤਿ ਛੁਟਾ-ਵਹਿ ਨਿਸ਼ਚੇ ਠਾਨਹੁ। ਅਬਿ ਤੁਮ ਜਾਹੁ ਸੁਨੀ ਸਭਿ ਗਾਥਾ'। ਇਮ ਕਹਿ ਸੁਪਤਿ ਭਏ ਜਗਨਾਥਾ ॥ ੪੮ ॥ ਰਾਤਿ ਬਿਤਾਇ ਉਠੇ ਪ੍ਰਭੁ ਪ੍ਰਾਤੀ। ਸੌਚ ਸ਼ਨਾਨ ਠਾਨਿ ਭਲਿ ਭਾਂਤੀ। ਦਿਵਸ ਚਢੇ ਗੁਰ ਕੇ ਢਿਗ ਆਏ। ਪੰਚਹੁੰ ਭ੍ਰਾਤਾ ਦਰਸ਼ਨ ਪਾਏ॥੪੯॥ਬੈਠਿ ਗਏ ਬੰਦਨ ਕਰਿ ਜਬੈ। ਸ੍ਰੀ ਮੁਖ ਹੁਕਮ ਬਖਾਨਯੋ ਤਬੈ। 'ਭੂਤ ਪ੍ਰੇਤ* ਜੋ ਪਕਰੇ ਰਾਸੀ। ਕਰਿ ਦਿਹੁ ਸਭਿ ਕੀ ਬੰਦ ਖਲਾਸੀ ॥ ੫੦ ॥ ਕਲੀ ਕਾਲ ਨਿਤਪ੍ਰਤਿ ਨਰ ਖੋਟੇ। ਸ਼ੁਭ ਮਤਿ ਛੋਟੇ, ਦੁਰਮਤਿ ਮੋਟੇ। ਨਿਤ ਮਾਨਹਿੰਗੇ ਹੁਕਮ ਤੁਹਾਰਾ। ਜਹਿਂ ਬਹਿਲੋ ਕਾ ਨਾਮ ਉਚਾਰਾ ॥ ੫੧ ॥ ਠਹਿਰ ਨ ਸਕੈਂ ਬੀਚ ਨਰ ਨਾਰੀ। ਇਮ ਬਰ-ਤਹਿ ਆਇਸੁ ਅਨੁਸਾਰੀ। ਮਿਹਨਤ ਕਰਹਿਂ ਈਂਟ ਅਰੁ ਗਾਰੇ। ਅਪਰ

---

¹(ਗੁਰੂ ਜੀ ਚਾਦਰ ਤਾਣਕੇ ਸੁੱਤੇ ਪਏ ਸਨ, ਜਦੋਂ ਉਨ੍ਹਾਂ ਨੇ ਬੇਨਤੀ ਕੀਤੀ ਤਦ) ਕਪੜਾ ਲਾਹਕੇ ਤੇ ਮੂੰਹ ਨੰਗਾ ਕਰਕੇ (ਗੁਰੂ ਜੀ ਨੇ)"……। *'ਪ੍ਰੇਤ ਪਿੰਜਰ ਮਹਿ ਦੂਖ ਘਨੇਰੇ' ਗੁਰੂ ਗ੍ਰੰਥ ਸਾਹਿਬ ਵਿਚ ਪਾਠ ਆਯਾ ਹੈ। ਮਹਾਨ ਨੀਚ ਕਰਮੀ ਲੋਕ, ਸ਼ਰੀਰਕ ਕਾਮਨਾ ਵਿਚ ਗ਼ਲ-ਤਾਨ ਜੋ ਮਰਦੇ ਹਨ, ਰੂਹਾਂ ਭਾਰੀਆਂ ਹੋਣ ਕਰਕੇ ਉੱਚੇ ਨਹੀਂ ਉਠ ਸਕਦੇ ਤੇ ਧਰਤੀ ਤੇ ਹੀ ਵਾਸ਼ਨਾ ਅਧੀਨ ਰਹਿੰਦੇ ਹਨ। ਐਸੀਆਂ ਵਯਕਤੀਆਂ ਨੂੰ ਮਨੁੱਖ ਅਨੇਕ ਪਦਾਂ ਨਾਲ ਯਾਦ ਕਰਦਾ ਹੈ। ਅੱਜ ਕਲ ਬੀ ਕਈ ਵੇਰ ਅਖਬਾਰਾਂ ਵਿਚ ਇਨ੍ਹਾਂ ਦੇ ਕੌਤਕ ਛਪਦੇ ਹਨ ਤੇ ਲੋਕੀਂ ਸਦੀਕ ਕਰਦੇ ਹਨ। ਪੱਛਮੀ ਵਾਲੇ ਬੀ ਹੁਣ ਸਪਿਰਚੁਲਿਜ਼ਮ ਦੀ ਵਿੱਦਯਾ ਦੁਆਰਾ ਇਨ੍ਹਾਂ ਦੇ ਹਾਲਾਤ ਖੋਜਦੇ ਤੇ ਦੱਸਦੇ ਹਨ। ਪਰੰਤੂ ਜੀਕੂੰ ਆਮ ਲੋਕਾਂ ਵਿੱਚ ਕਿੱਸੇ ਕਹਾਣੀਆਂ ਪ੍ਰਚਲਤ ਹਨ ਤੇ ਅਤੀ ਵਧਾਕੇ ਦੱਸਕੇ ਡਰਾਇਆ ਜਾਂਦਾ ਹੈ ਸੋ ਅਤਯੋਕਤੀਆਂ ਹਨ। ਨਾਲ ਇਹ ਬੀ ਯਾਦ ਰਹੇ ਕਿ ਸ਼ੁੱਧ ਚਿੱਤ ਮਨੁੱਖ, ਨਿਰਭੈ ਹਿਰਦੇ ਵਾਲੇ, ਗੁਰਬਾਣੀ ਦੇ ਪ੍ਰੇਮੀ, ਨਾਮ ਨਾਲ ਬਲਵਾਨ ਹੋਏ ਸਦਾ [illegible] ਪ੍ਰਗਟ ਤੋਂ ਉੱਚੇ ਹੁੰਦੇ ਹਨ।

ਸਦਨ ਕੀ ਸਗਰੀ ਕਾਰੇ॥੫੨॥ਤਿਸ ਤੇ ਛੋਡਿ ਦੇਹੁ ਇਨ ਤਾਈਂ'। ਇਸ ਪ੍ਰਕਾਰ ਜਬਿ ਕਹਯੋ ਗੁਸਾਈਂ। ਘੇਰਾ ਚਿਨਯੋ ਹੁਤੋ ਇਕ ਥਾਨ।ਗਹੇ ਰਹੈਂ ਤਹਿਂ ਸਮਰਥ ਵਾਨ[1] ॥ ੫੩ ॥ ਗੁਰ ਕੌ ਬਾਕ ਮਾਨਿ ਸਭਿ ਭ੍ਰਾਈ। ਆਇ ਨਿਕਾਰੇ ਤਹਿਂ ਸਮੁਦਾਈ ਅਤਿਸ਼ੈ ਹਰਖ ਸਭਿਨਿ ਮਹਿਂ ਹੋਵਾ। ਬੰਦਹਿ ਗੁਰ ਕੋ ਦਰਸ਼ਨ ਜੋਵਾ ॥੫੪॥ ਪੁਨ ਪੰਚਹੁੰ ਭ੍ਰਾਤਾ ਕੇ ਬੰਦਿ[2]।ਗਏ ਜਥਹਿ ਛਿਤ ਛੁਟਿ ਕਰਿ ਬ੍ਰਿੰਦ। ਇਸ ਪ੍ਰਕਾਰ ਭੁਗਤੇ ਦਿਨ ਤੀਨ। ਸ੍ਰੀ ਪ੍ਰਭੂ ਰਹੇ ਬਾਸਿ ਕੋ ਕੀਨਿ। ਪੁਨਹ ਪ੍ਰਾਤਿ ਤਯਾਰੀ ਕਰਿਵਾਈ। ਕੀਨਸਿ ਡੇਰਾ ਕੂਚ ਗੁਸਾਈਂ* ॥ ੫੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੇ ਬਸਨ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ । ੨ ॥

੩. [ਬੰਦਰ, ਬਰਗਾੜੀ, ਬਹਿਬਲ, ਸਿਊਰਾਵੀਂ; ਗ੍ਰਾਮਾਂ ਵਿਚ ਜਾਣਾ]।

ਦੋਹਰਾ ॥ ਸਹਿਜ ਸੁਭਾਇਕ ਬਿਚਰਤੇ ਖੇਲਤ ਜਾਹਿਂ ਅਖੇਰ। ਕਿਤਿਕ ਕੋਸ ਪਰ ਗ੍ਰਾਮ ਇਕ ਬੂਝਤਿ ਭੇ ਤਿਸ ਹੇਰਿ ॥ ੧ ॥ ਚੌਪਈ ॥ 'ਨਾਮ ਗ੍ਰਾਮ ਕੋ ਕਹਿਯਹਿ ਕੌਨ ? ਲਖਹੁ ਬਰਾੜ ਬਸਤ ਇਹ ਜੌਨ'। ਹਾਥ ਬੰਦਿ ਬੋਲੇ ਤਿਸ ਬੇਰਾ। 'ਬੰਦਰ ਨਾਮ ਗ੍ਰਾਮ ਇਸ ਕੇਰਾ' ॥ ੨ ॥ ਸਿੱਖ ਬਿਦੇਸ਼ੀ[3] ਸੁਨਿ ਬਿਸਮਾਏ। 'ਇਨ ਤੌ ਅਦਭੁਤ ਬਾਕ ਅਲਾਏ। ਕਹਾਂ ਬੰਦਰਨਿ ਗ੍ਰਾਮ ਬਸਾਯੋ। ਬਨ ਬ੍ਰਿੱਛਨਿ ਬਾਸਾ ਜਿਨ ਪਾਯੋ' ॥ ੩ ॥ ਤਿਨ ਤੇ ਸੁਨਿ ਸਤਿਗੁਰ ਮੁਸਕਾਏ। ਸ੍ਰੀ ਮੁਖ ਤੇ ਪੁਨ ਭੇਦ ਬਤਾਏ।'ਬੰਦਰ ਗੋਤ ਨਰਨ ਕੋ ਅਹੈ। ਗ੍ਰਾਮ ਤਿਨੋ ਰਾਹਕ ਕੋ ਅਹੈ[4]' ॥ ੪ ॥ ਹੇਰਿ ਸਥਾਨ ਕੀਨਿ ਗੁਰ ਡੇਰਾ। ਉਤਰਿ ਤੁਰੰਗਨਿ ਤੇ ਤਿਸ ਬੇਰਾ।ਥਾਨ ਥਾਨ ਪ੍ਰਤਿ ਦਏ ਲਗਾਇ[5]। ਉਤਰੇ ਸਿੰਘ ਲਯਾਇ ਤ੍ਰਿਨ ਜਾਇ ॥੫ ॥ ਬੰਦਰ ਪੰਚ ਤਬੈ ਚਲਿ ਆਏ। ਰਸਤ ਘ੍ਰਿਤ ਆਦਿਕ ਸਭਿ ਲ੍ਯਾਏ। ਤ੍ਰਿਨ ਦਾਨਾ ਘੋਰਨਿ ਕੋ ਦੀਨਿ। ਅਸਨ ਜਥਾ ਰੁਚਿ ਅਚਵਨਿ ਕੀਨਿ॥੬॥ਰਾਤਿ ਬਿਤਾਇ ਭਏ ਅਸਵਾਰਾ। ਚਢੇ ਗੁਰੂ ਮਗ ਖਿਲਤਿ ਸ਼ਿਕਾਰਾ। ਪਹੁੰਚਿ ਗ੍ਰਾਮ ਬਰਗਾੜੀ† ਗਏ। ਗੁਰ ਬਿਲੋਕਿ ਥਲ ਉਤਰਤਿ ਭਏ ॥ ੭ ॥ ਤਹਾਂ ਕਪੂਰੇ ਭ੍ਰਾਤਾ ਨੰਦ। ਸਾਥ ਕਪੂਰੇ ਬੈਰ ਬਿਲੰਦ। ਚਢਯੋ ਲਰਨ ਕੋ ਨਿਕਸਯੋ ਬਾਹਰ। ਉਤਰੇ ਗੁਰੂ ਸੁਨੇ ਪਿਖਿ ਜ਼ਾਹਰ ॥੯ ॥ ਹਟਯੋ ਲਰਨ ਤੇ ਦਰਸ਼ਨ ਚਾਹਾ ।–ਸੇਵ ਕਰੌਂ–

[1]ਤਾਕਤ ਵਾਲੇ ਭੂਤ। [2]ਨਮਸਕਾਰ ਕਰਕੇ। [3]ਜੋ ਗੁਰੂ ਜੀ ਨਾਲ ਫੌਜ ਵਿਚ ਪਰਦੇਸੀ ਸਿਖ ਸਨ। [4]ਉਨ੍ਹਾਂ ਜ਼ਿਮੀਂਦਾਰਾਂ ਦਾ ਪਿੰਡ ਹੈ। [5]ਭਾਵ ਘੋੜੇ ਠੈਹਰਾ ਦਿੱਤੇ। *ਇਸ ਚੌਪਈ ਦੇ ਦੋ ਚਰਨ ਵਧ ਹਨ। †ਪਾ:–ਬਨਗਾੜੀ। ਬਰਗਾੜੀ ਪਿੰਡ ਕੋਟ ਕਪੂਰੇ ਦੇ ਨੇੜੇ ਹੈ।

ਚਿਤ ਮਹਤ ਉਮਾਹਾ। ਆਨਿ ਮਿਲ੍ਯੋ ਪਗ ਬੰਦਨ ਠਾਨੀ। ਸਭਿ ਸੁਧਿ ਲੇਤਿ ਖਾਨ ਅਰੁ ਪਾਨੀ ॥੯॥ ਤ੍ਰਿਣ ਦਾਨਾ ਹਿਤ ਹਯਨਿ ਅਨਾਯੋ। ਆਪ ਖਰੇ ਹੁਇ ਸਭਿਨਿ ਪੁਚਾਯੋ। ਪ੍ਰੇਮ ਭਾਵਨਾ ਕਰਿ ਬਹੁਤੇਰੀ। ਸੇਵਾ ਕਰਿ ਬਿਸਾਲ ਤਿਸ ਬੇਰੀ ॥ ੧੦ ॥ ਸਤਿਗੁਰ ਨਿਕਟ ਆਇ ਕਰਿ ਬੈਸਾ। ਪਰਖ੍ਯੋ ਭਾਉ ਰਿਦੇ ਮਹਿਂ ਜੈਸਾ। ਸ੍ਰੀ ਮੁਖ ਤੇ ਤਿਹ ਸੰਗ ਬਖਾਨਾ।'ਛਾਗ[1] ਅਨਾਵਹੁ ਪੁਸ਼ਟ ਮਹਾਨਾ' ॥ ੧੧ ॥ ਮਾਨਿ ਹੁਕਮ ਤਤਕਾਲ ਅਨਾਯੋ। ਝਟਕਾ ਤੁਪਕ ਸਾਥ ਕਰਿਵਾਯੋ।ਆਮਿਖ ਕੋ ਸੁਧਾਰਿ ਕਰਿ ਤ੍ਯਾਰੇ। ਡਾਰਿ ਮਸਾਲੇ ਬਿਬਿਧਿ ਪ੍ਰਕਾਰੇ ॥ ੧੨ ॥ ਕਰਿ ਅਹਾਰ ਪ੍ਰਭੁ ਕੋ ਅਚਵਾਯੋ। ਬੈਠ੍ਯੋ ਨਿਕਟ ਪ੍ਰਸੰਗ ਬਤਾਯੋ।'ਹੇ ਪ੍ਰਭੁ! ਚਢ੍ਯੋ ਲਰਨ ਕੇ ਕਾਰਨ। ਨਿਕਸਤਿ ਰਾਵਰ ਕਰੈ ਨਿਹਾਰਨਿ ॥੧੩॥ ਦਰਸ ਲਾਲਸਾ ਕਰਿ ਹਟਿ ਰਹ੍ਯੋ'। ਸੁਨਿ ਕਰਿ ਗੁਰੂ ਸ਼੍ਰੇਯ ਤਿਸ ਕਹ੍ਯੋ[2]। 'ਸ਼ੱਤ੍ਰ ਪ੍ਰਾਤਿ ਕੋ ਕਰਹਿ ਚਢਾਈ। ਆਨਿ ਮਚਾਵਹਿ ਇਹਾਂ ਲਰਾਈ ॥ ੧੪॥ ਰੋਣ ਕਰਿਬੇ ਤੁਮ ਗਮਨਹੁ ਨਾਂਹਿ। ਅਪਰ ਗ੍ਰਾਮ ਕੇ ਨਰ ਸਭਿ ਜਾਹਿਂ। ਅਰਹਿਂ ਲਰਹਿੰਗੇ ਹਾਰਹਿਂ ਨਾਂਹੀ[3]। ਰਾਖਹਿਂ ਰੋਕ ਕਰਹਿ ਬਲ ਤਾਂਹੀ ॥੧੫॥ ਜੇ ਨਹਿ ਬਰਜ੍ਯੋ ਰਹੈਂ ਸਦਨ ਮਹਿਂ[4]। ਪ੍ਰਾਣ ਬਿਨਾਸਹਿਂ[5] ਪ੍ਰਾਤੀ ਰਣ ਮਹਿਂ। ਯਾਂ ਤੇ ਉਚਿਤ ਨ ਤੋ ਕਹੁ ਜਾਨਾ। ਪੁਨਹਿਂ ਲਰਹੁ ਕਰਿ ਜੁੱਧ ਮਹਾਨਾ ॥ ੧੬ ॥ ਫਤੇ ਰਿਪੁਨਿ ਤੇ ਪ੍ਰਾਪਤਿ ਹੋਇ*'। ਸੁਨਤਿ ਗੁਰੂ ਤੇ ਹਰਖ੍ਯੋ ਸੋਇ। ਬਾਰ ਬਾਰ ਕਰਿ ਕੈ ਪਗ ਨਮੋ। ਉਠਿ ਘਰ ਕੋ ਗਮਨ੍ਯੋਂ ਤਿਹ ਸਮੋ ॥੧੭॥ ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਭੋਰ ਹੁਇ ਆਈ। ਕੂਛ ਦਲ ਤਬਹਿ ਕਪੂਰੇ ਕੇਰਾ। ਆਨਿ ਸੁ ਲਰ੍ਯੋ ਸ਼ਰੀਕੇ ਝੇਰਾ[6]॥੧੮॥ ਸਕਲ ਗ੍ਰਾਮ ਕੇ ਬੀਰ ਪਠਾਇ। ਆਪ ਨ ਗਯੋ ਰਹ੍ਯੋ ਘਰ ਥਾਇ। ਕੋਠੇ ਅੰਤਰ ਹੋਇ ਪ੍ਰਵੇਸ਼।ਬੈਠਿ ਰਹ੍ਯੋ ਕਰਿ ਮੌਨ ਵਿਸ਼ੇਸ਼ ॥੧੯॥ਵਹਿਰ ਪਰ੍ਯੋ ਘਮਸਾਨ ਲਰਾਈ।ਜ੍ਵਾਲਾਬਮਣੀ ਜਾਲ ਚਲਾਈ। ਡਰਤਿ ਸ਼ਰੀਕਨਿ ਤੇ ਤਿਸ ਦਾਰਾ। ਰਿਸ ਧਰਿ ਪਤਿ ਸੋਂ ਨਿਠੁਰ ਉਚਾਰਾ॥੨੦॥'ਸਿਰ ਕੀ ਪਾਗ ਸ਼ਸਤ੍ਰ ਨਿਜ ਸਾਰੇ।ਮੁਝਕੋ ਦੇਹੁ ਕਰੋਂ ਤਨ ਧਾਰੇ।ਪਹਿਰਿ ਘਾਘਰੀ ਲੇਹੁ ਛਲੋਟੀ[7]। ਦੂਰਹੁ ਬੈਠਿ ਹੁਇ

---

[1]ਬੱਕਰਾ। [2]ਤਿਸਦੀ ਸੁਖ ਦੀ ਗੱਲ ਕਹੀ। [3](ਤੇਰੀ ਵੱਲ ਦੇ) ਜੇ ਅੜ ਕੇ ਲੜਨਗੇ ਤਾਂ ਹਾਰਨਗੇ ਨਹੀਂ। [4]ਜੇ ਤੂੰ ਹਟਕਿਆ ਨਾ ਰਹੇਂਗਾ ਘਰ ਵਿਚ। [5]ਤੇਰੇ ਪ੍ਰਾਣ ਨਾਸ਼ ਹੋ ਜਾਣਗੇ। [6]ਸ਼ਰੀਕੇ ਦਾ ਝਗੜਾ ਕਰਕੇ। [7]ਝੋਛਣ, ਸਿਰ ਦੀ ਜ਼ਨਾਨੀ ਚਾਦਰ। *ਇਹ ਹੋਣਹਾਰ ਦੱਸੀ ਹੈ।

ਬਾਤ ਨ ਖੋਟੀ[੧] ॥੨੧॥ ਆਇ ਸ਼ਰੀਕ ਲਰੇ ਘਰ ਦ੍ਵਾਰੇ। ਤੂੰ ਬੈਠਯੋ ਛਪਿ ਸਦਨ ਮਝਾਰੇ। ਕੁਲ ਕੀ ਲਾਜ ਹਾਨ ਕਰਿ ਬੈਸਾ।ਤਨ ਬਿਹੰਡੜਾ[੨]ਹੋਵਤਿ ਜੈਸਾ’ ॥੨੨॥ ਇੱਤਯਾਦਿਕ ਨਿਸ਼ਠੁਰ ਜਬਿ ਕਹਯੋ। ਤ੍ਰਿਯ ਕੋ ਬੋਲ ਨਹੀਂ ਉਰ ਸਹਯੋ। ਸ਼ਸਤ੍ਰ ਸਜਾਇ ਤੁਰੰਗਮ ਚਢਯੋ। ਮਚਯੋ ਜੁੱਧ ਰਸ ਬੀਰਹਿ ਬਢਯੋ ॥ ੨੩ ॥ ਜਾਇ ਲਰਯੋ ਰਣ ਮਹਿਂ ਹਯ ਫੇਰਾ। ਰਿਪੁ ਹਲਾਇ ਹੋਲਾ ਬਡ ਗੇਰਾ। ਦਿਯੋ ਪਲਾਇ ਦੂਰ ਲਗਿ ਗਏ। ਠਹਿਰ ਅਰੇ ਅਰੁ ਧੀਰਜ ਕਿਏ[੩] ॥ ੨੪ ॥ ਤਜੀ ਤੁਫੰਗ ਪੁੰਜ* ਇਕ ਸੰਗ। ਗੁਲਕਾਂ ਲਗੀ ਬੇਗ ਤੇ ਅੰਗ। ਗਿਰਯੋ ਮ੍ਰਿਤਕ ਹ੍ਵੈ ਕੈ ਤਤਕਾਲਾ। ਲਯਾਇ ਉਠਾਇ ਗ੍ਰਾਮ ਮਹਿ ਡਾਲਾ॥੨੫॥ਇਕ ਸਨਬੰਧੀ ਤਿਸ ਕੋ ਧਾਯੋ। ਸਿਮਰਤਿ ਬਾਕ ਗੁਰੂ ਢਿਗ ਆਯੋ। ਬੋਲਯੋ ਹਾਥ ਜੋਰਿ ਕਰਿ ਸੋਇ। ‘ਮਰਯੋ ਚੌਧਰੀ ਬਰਜਯੋ ਜੋਇ ॥ ੨੬ ॥ ਰਾਵਰਿ ਬਚਨ ਮਾਨਿ ਨਹਿਂ ਰਹਯੋ[੪]। ਨਿਕਸਯੋ ਲਰਨ, ਨਿਠੁਰ ਤ੍ਰਿਯ ਕਹਯੋ’। ਸ੍ਰੀ ਗੁਰ ਭਾਖਯੋ ‘ਮਰਯੋ ਨ ਸੋਇ’। ਸੁਨਿ ਸੋ ਕਹੈ ‘ਗਯੋ ਮ੍ਰਿਤੁ ਹੋਇ’ ॥੨੭॥ ਪੁਨ ਗੁਰ ਭਨਯੋ ‘ਨਹੀਂ ਮ੍ਰਿਤੁ ਹੋਵਾ’। ਸੁਨਿ ਸੋ ਕਹੈ ‘ਮਰਯੋ ਦ੍ਰਿਗ ਜੋਵਾ’। ਤ੍ਰਿਤੀ ਬਾਰ ਗੁਰ ਬਹੁਰ ਬਖਾਨਾ। ‘ਨਹੀਂ ਚੌਧਰੀ ਤਜਯੋ ਪ੍ਰਾਨਾ’ ॥ ੨੮ ॥ ਸੋ ਬੋਲਯੋ ‘ਨਿਸ਼ਚੈ ਮ੍ਰਿਤੁ ਪਾਈ’। ਤੀਨ ਬਾਰ ਗੁਰ ਗਿਰਾ ਹਟਾਈ। ਸੁਨਿ ਪ੍ਰਭੁ ਮੁਸ਼ਟ ਖੋਲਿ ਕਰਿ ਭਾਖਾ। ‘ਤਿਸ ਕੋ ਭੌਰ[੫] ਹਮਹੁ ਗਹਿ ਰਾਖਾ ॥ ੨੯ ॥ ਨਹਿਂ ਬਚ ਮਾਨਾ, ਸੋ ਅਬਿ ਛੋਰਾ। ਨਾਂਹਿਤ ਜੀਵ ਉਠਤਿ ਜੁਤਿ ਜੋਰਾ[੬]।ਨਿਜ ਮੁਸ਼ਟੀ ਮਹਿਂ ਰਾਖਯੋ ਰੋਕ।ਹਿਤ ਜਿਵਾਇਬੇ ਕਰਨ ਅਸ਼ੋਕ ॥੩੦॥ ਸੱਤ ਬਚਨ ਤੈਂ ਕਯੋਂ ਨਹਿ ਮਾਨਯੋਂ ? ਮਰਯੋ ਜਿਵਾਵਤਿ[੭], ਸੋ ਤੈਂ ਹਾਨਯੋਂ[੮]। ਰੁਦਤਿ ਗਯੋ ਮਿਲਿ ਕੀਨਸਿ ਦਾਹ। ਭਯੋ ਚੌਧਰੀ ਤਤਛਿਨ ਸ੍ਵਾਹ ॥ ੩੧ ॥ ਪੁਨ ਸ੍ਰੀ ਪ੍ਰਭੁ ਤਯਾਰੀ ਕਰਿਵਾਈ। ਡਾਰੇ ਜ਼ੀਨ ਹਯਨਿ ਸਮੁਦਾਈ। ਕਰਯੋ ਕੂਚ ਚਾਲਿ ਪਰੇ ਅਗੇਰੇ। ਕਿਤਿਕ ਕੋਸ ਉਲੰਘੇ ਜਿਸ ਬੇਰੇ॥੩੨॥ ਬਹਿਵਲ[੯] ਤੇ ਸਿਊਰਾਮਾਂ[੯] †ਨਾਮੂ। ਕਰੋ ਬਿਲੋਕਨ ਸਬਿ ਏ ਗ੍ਰਾਮੂ। ਡੇਰਾ ਕਰਤਿ ਭਏ ਸੁਭ ਥਾਨ। ਸਨੇ ਸਨੇ

---

[੧](ਫਿਰ) ਲੁਕਕੇ ਬੈਠੇ ਤਾਂ ਗਲ ਮਾੜੀ ਨਾ ਹੋਵੇ (ਭਾਵ ਮਰਦ ਹੋਕੇ ਲੁਕ ਬੈਠਣਾ ਖੋਟਾ ਹੈ)। [੨]ਖੁਸਰਾ। [੩](ਪਰ ਕੁਝ ਵੈਰੀ) ਰੁਕਕੇ ਤੇ ਧੀਰਜ ਧਾਰਕੇ ਅੜ ਪਏ। [੪]ਹਟ ਨਹੀਂ ਰਹਿਆ ਸੀ। [੫]ਜੀਵ ਆਤਮਾ। [੬]ਬਲ ਨਾਲ। [੭]ਅਸੀਂ ਜਿਵਾ ਦਿੰਦੇ। [੮]ਤੂੰ ਮਾਰ ਦਿੱਤਾ ਹੈ। [੯]ਨਾਮ ਹਨ ਪਿੰਡਾਂ ਦੇ। *ਪਾ:-ਪੁੰਜ। †ਸਾਖੀਆਂ ਵਾਲੀ ਪੋਥੀ ਵਿਚ ਪਾਠ ‘ਸਿਊਰਾਮੀ’ ਹੈ,ਜੋ ਠੀਕ ਹੈ।

ਪਹੁੰਚੇ ਸਭਿ ਆਨਿ॥੩੩॥ਪਹਿਰ ਤੀਸਰਾ ਦਿਨ ਕੋ ਭਯੋ। ਮਾਦਿਕ ਤਬਿ ਅਨਾਇ ਛਕਿ ਲਯੋ। ਦੋਦੇਵਾਲ ਤਾਲ ਕੋ ਨਾਮੂ। ਤਿਸ ਮਹਿਂ ਸੁਨਿ ਜਲ ਕੋ ਅਭਿਰਾਮੂ ॥ ੩੪ ॥ ਹੋਤ ਸੁਚੇਤੇ ਤਿਸ ਢਿਗ ਗਏ। ਸੌਚ ਸ਼ਨਾਨ ਤਹਾਂ ਕਰਿ ਲਏ। ਏਕ ਸ਼ਹੀਦ ਤੁਰਕ ਤਬਿ ਆਵਾ। ਸ਼ਮਸ਼ ਸੇਤ ਸੇਤਹਿਂ ਪਹਿਰਾਵਾ[1] ॥੩੫॥ 'ਸਿਹਸ ਤਰੋਵਰ[2] ਦੀਰਘ ਖਰਯੋ। ਚਿਰੰਕਾਲ ਤੇ ਬਾਸਾ ਕਰਯੋ। ਤਹਿਂ ਤੇ ਨਿਕਸਿ ਗੁਰੂ ਢਿਗ ਆਯੋ। ਹਾਥ ਜੋਰਿ ਪਗ ਸੀਸ ਨਿਵਾਯੋ॥ ੩੬ ॥ ਤਿਸਕੋ ਦੇਖਿ ਗੁਰੂ ਬਚ ਕੀਆ।'ਰਾਜ਼ੀ ਹਹਿ ਉਸੈਨ ਖਾਂ ਮੀਆਂ !' ਸੁਨਿ ਮਨ ਆਨੰਦ ਦੀਰਘ ਧਾਰਾ। 'ਰਾਜ਼ੀ ਆਜ ਬਿਸਾਲ' ਉਚਾਰਾ ॥੩੭ ॥ 'ਮੌਲਾ ਪਾਕ ਅਲਾਹਿ ਖ਼ੁਦਾਇ। ਕਰਿ ਦੀਦਾਰ ਅਧਿਕ ਸੁਖ ਪਾਇ। ਚਿਰੰਕਾਲ ਕੋ ਚਾਹਤਿ ਰਹਯੋ। ਸੁੰਦਰ ਰੂਪ ਆਜ ਮੈਂ ਲਹਯੋ ॥ ੩੮ ॥ ਹੋਇ ਬਿਸਾਲ ਮੋਹਿ ਕੱਲਯਾਨ। ਭਈ ਦੂਖ ਪਾਪਨਿ ਕੀ ਹਾਨਿ'। ਜਬਿ ਗੁਰ ਹਟੇ ਆਇਬੇ ਡੇਰੇ। ਕਰਿ ਸਲਾਮ ਸੋ ਹਟਯੋ ਪਿਛੇਰੇ ॥ ੩੯ ॥ ਤਬਿ ਸਿਖਨ ਬੂਝਯੋ "ਇਹ ਕੌਨ ? ਉਜਲ ਰੂਪ ਦਿਖਾਯੋ ਜੌਨ। ਕਰਯੋ ਸਲਾਮ ਆਪ ਕੋ ਜਬੈ। ਛਪਯੋ ਬਿਲੋਕਤਿ ਹਮਰੇ ਤਬੈ[3]" ॥੪੦॥ ਸਤਿਗੁਰ ਕਹਯੋ "[4]ਘਾਲ ਇਨ ਘਾਲੀ। ਕਿਸੂ ਕਰਮ ਫਲ ਭਯੋ ਬਿਸਾਲੀ। ਅਬਿ ਕੇਤਿਕ ਦਿਨ ਮਹਿਂ ਕੱਲਯਾਨ[4]। ਜਾਇ ਭਿਸਤ ਸੁਖ ਪਾਇ ਮਹਾਨ'॥੪੧॥ ਤਬਿ ਗ੍ਰਾਮਨਿ ਕੇ ਨਰ ਗਨ ਆਇ।ਕੁਛਕ ਰਸਤ ਘ੍ਰਿਤ ਆਦਿਕ ਲਯਾਇ। ਬੰਦਨ ਕਰਿ ਗੁਰ ਕੇ ਢਿਗ ਬੈਸੇ। ਕਰ ਕੋ ਜੋਰਿ ਭਨੇ ਬਚ ਐਸੇ॥ ੪੨ ॥ 'ਕੇਤਿਕ ਦੇਗ ਸਮੀਪ ਕਰਾਵਹੁ[5]। ਕੇਤਿਕ ਸਿੱਖਨਿ ਸਦਨ ਪਠਾਵਹੁ[6]। ਘਰ ਘਰ ਮਹਿਂ ਇਕ ਇਕ ਸਿਖ ਜਾਇ। ਤ੍ਰਿਪਤਹਿ ਕਰਿ ਭੋਜਨ ਪੁਨ ਆਇ'॥ ੪੩ ॥ ਜੋ ਸਿਖ ਸੁਚ ਸੋਂ ਕਰਹਿ ਅਹਾਰਾ। ਸੋ ਨਹਿ ਗਮਨੇ ਕਿਸੂ ਅਗਾਰਾ। ਨਿਕਟ ਗੁਰੂ ਕੇ ਸੋ ਤ੍ਰਿਪਤਾਏ। ਅਪਰ ਸਰਬ ਘਰ ਤਿਨਹੁੰ ਸਿਧਾਏ॥੪੪॥ ਇਕ ਇਕ ਸਿਖ ਇਕ ਇਕ ਘਰ ਗਯੋ। ਜਾਇ

---

[1]ਦਾੜ੍ਹਾ ਬੀ ਚਿੱਟਾ ਤੇ ਪਹਿਰਾਵਾ ਭੀ ਚਿੱਟਾ ਹੈ। [2]ਸਰੀਂਹ ਦਾ ਬਿਛ। [3]ਸਾਡੇ ਵੇਖਦਿਆਂ ਤਦੋਂ ਹੀ ਲੁਕ ਗਿਆ। [4]ਭਾਵ ਇਹ ਹੈ ਕਿ ਇਸਨੇ ਘਾਲ ਘਾਲੀ ਹੋਈ ਸੀ, ਕੋਈ ਕਸਰ ਸੀ ਜੋ ਮੁਕਤ ਪਦ ਤੇ ਨਹੀਂ ਗਿਆ, ਪਰ ਕੋਈ ਐਸਾ ਸ਼ੁਭ ਕਰਮ ਸੀ ਜਿਸ ਦੇ ਫਲ ਵਿਚ ਸਾਡਾ ਦਰਸ਼ਨ ਇਸ ਨੂੰ ਹੋਇਆ ਹੈ, ਹੁਣ ਇਸਦੀ ਕਲਯਾਣ ਹੋ ਜਾਏਗੀ। [5]ਕੁਝਕ ਸਿੱਖਾਂ ਦਾ ਲੰਗਰ ਆਪਣੇ ਪਾਸ ਕਰਾਓ। [6]ਤੇ ਕੁਝਕ ਨੂੰ ਸਿੱਖਾਂ ਦੇ (ਭਾਵ ਸਾਡੇ) ਘਰੀਂ ਘੱਲ ਦਿਓ।

ਸਕਲ ਭੋਜਨ ਤਹਿ ਕਯੋ। ਇਕ ਧਨ ਤੇ ਦਾਰਿੱਦ੍ਰੀ ਮਹਾਂ[1]। ਕਰਨ ਅਹਾਰ ਸੁ ਪੱਯਹਿ ਕਹਾਂ ॥ ੪੫ ॥ ਕਹਯੋ ਸ਼ਰੀਕਨਿ 'ਜਿਤ ਕਿਤ ਲਜਾ-ਵਹੁ। ਏਕ ਸਿੱਖ ਕੋ ਲੇ ਤ੍ਰਿਪਤਾਵਹੁ'। ਸੋ ਸਿਖ ਲੇ ਸਿਖ ਕੋ ਘਰ ਗਯੋ। ਨਿਜ ਬਾਸਨ ਧਰਿ ਕਰਿ ਥਿਰ ਭਯੋ॥ ੪੬ ॥ ਊਪਰ ਤੇ ਉਤਾਰਿ ਨਿਜ ਖੇਸ। ਤਰੇ ਬਿਛਾਯੋ ਭਾਉ ਵਿਸ਼ੇਸ਼। ਬੈਠਿ ਸਿੱਖ ਕੇ ਚਰਨ ਪਖਾਰੇ। ਆਨੇ ਪੀਲੁ ਸ਼ੁਸ਼ਕ ਅਹਾਰੇ ॥ ੪੭ ॥ ਨੀਰ ਭਿਗੋਇ ਨਰਮ ਬਹੁ ਕਰੇ। ਸਿਖ ਨੇ ਸਿਖ ਕੇ ਆਗੇ ਧਰੇ। ਖਾਇ ਚੁਲਾ ਪਢਿ ਕਰਿ ਅਰਦਾਸ। ਚਲਿ ਆਯੋ ਸਤਿਗੁਰ ਕੇ ਪਾਸ ॥੪੮॥ ਗਯੋ ਪੁਚਾਇ ਸੰਗ ਸਿਖ ਹੋਊ। ਸਿਖ ਨੇ ਕਰਯੋ ਹਟਾਵਨਿ ਸੋਊ।ਜਬਿ ਸਭਿ ਆਇ ਮਿਲੇ ਗੁਰ ਤੀਰ। ਬੂਝਨ ਕੀਨੇ ਗੁਨੀ ਗਹੀਰ ॥ ੪੯ ॥ 'ਕਹਾ ਕਹਾਂ ਭੋਜਨ ਤੁਮ ਖਾਯੋ ? ਅਪਨੋ ਅਪਨੋ ਦੇਹੁ ਬਤਾਯੋ'। ਕੋਊ ਕਹੈ 'ਰੋਟਕਾ ਛਾਛੀ'। ਕੋ ਬੋਲਯੋ 'ਖਿਚਰੀ ਦਧਿ ਆਛੀ'[2] ॥੫੦॥ ਕੋ 'ਪਾਇਸ', ਕੋ ਕਹਿ 'ਬਹਿ'* ਪਈ'। 'ਜਵ ਕੀ ਦੋਰ'[3] ਕਿਨਹੁੰ ਅਚਿ ਲਈ। ਇੱਤਯਾਦਿਕ ਸਭਿ ਕੀਨ ਬਤਾਵਨਿ। ਕਰਯੋ ਜਾਇ- ਜਸ ਜਸ ਘਰ ਖਾਵਨਿ ॥ ੫੧ ॥ ਮੈਲਾਗਰ ਸਿੰਘ ਬੂਝਨਿ ਕੀਨਾ। 'ਤੈਂ ਕਯਾ ਅਚਯੋ, ਕਹਾਂ ਸਿਖ ਦੀਨਾ?'।ਸੁਨਿ ਕਰ ਜੋਰਿ ਕਹਯੋ 'ਮੈਂ ਨੀਕਾ। ਭੋਜਨ ਛਕਯੋ ਭਾਉ ਪਿਖਿ ਜੀਕਾ ॥ ੫੨ ॥ ਸਗਰੀ ਉਮਰ ਨਹੀਂ ਅਸ ਖਾਯੋ। ਆਜ ਜਥਾ ਸਿਖ ਨੇ ਅਚਵਾਯੋ'। ਪੁਰਿ ਜਨ ਤਹਾਂ ਸੁਨਤਿ ਬਿਸਮਾਏ। 'ਤਿਸ ਘਰ ਕੁਛ ਨਹਿਂ, ਕਯਾ ਇਨ ਖਾਏ ॥ ੫੩ ॥ ਫਾਕੇ ਪਰ ਫਾਕਾ ਤਿਸ ਹੋਹਿ। ਕਿਤ ਤੇ ਆਨਿ ਅਚਾਯੋ ਤੋਹਿ'। ਗੁਰੂ ਕਹਯੋ 'ਸਿਖ ਲੇਹੁ ਹਕਾਰੇ। ਬੂਝਹਿਂ ਤਿਹ ਕਯਾ ਦੀਨ ਅਹਾਰੇ ?' ॥੫੪॥ ਉਠਿ ਗਾਹਕ ਤਿਹ ਲਯਾਇ ਬੁਲਾਇ।ਪੂਛਯੋ ਗੁਰ'ਤੈ ਕਹਾਂ ਖੁਵਾਇ?'। ਹਾਥ ਜੋਰਿ ਹੁਇ ਨੰਮ੍ਰਿ ਬਖਾਨੀ। 'ਦੀਨ ਕਟੋਰਾ ਮੈਂ ਭਰਿਪਾਨੀ॥੫੫॥ਸੋ ਪੀ ਕਰਿ ਸਿਖ ਉਠਿ ਇਤ ਆਯੋ। ਹੁਤੋ ਦਾਰਿਦੀ ਨਹਿ ਕੁਛ ਪਾਯੋ'। ਕਰਯੋ ਹੁਕਮ 'ਸਚ ਕਯੋਂ ਨਹਿ ਕਹੈਂ ? ਤ੍ਰਿਪਤਾਯੋ ਸਿਖ ਜਿਮ ਹਿਤ ਰਹੈ[4]' ॥ ੫੬ ॥ ਸਿਖ ਨੇ ਸਾਚ ਕਹਯੋ ਤਿਸ

[1]ਭਾਵ ਇਕ ਸਿੱਖ ਐਸਾ ਸੀ ਜੋ ਧਨ ਵਲੋਂ ਬਹੁਤ ਗ਼ੀਬ ਸੀ। [2]ਕਿਸੇ ਨੇ ਖੀਰ, ਕਿਸੇ ਦਹੀਂ (ਨਾਲ ਰੋਟੀ) ਪਾਈ (ਦੱਸੀ)। [ਬਹੀ=ਮੱਸਯਾ ਆਦਿ ਨੂੰ ਦਹੀਂ ਰਿੜਕਦੇ ਨਹੀਂ, ਤੇ ਵੰਡਕੇ ਖਾਂਦੇ ਹਨ ਉਸ ਨੂੰ ਬਹੀ, ਬੇਈ ਕਹਿੰਦੇ ਹਨ]। [3]ਦੋ ਰੋਟੀਆਂ ਵੇਲਕੇ ਵਿਚ ਘਿਉ ਲਾਕੇ ਪਕਾਉਣੀ, ਪੂੰਠਾ। [4]ਪ੍ਰੇਮ ਦੀ ਚਾਹ ਨਾਲ। *ਪਾ:-ਬਹਿ=ਬੇਹੀ, ਬਾਸੀ।

ਬੇਰੀ। 'ਹਤੀ ਕੋਕੜਾਂ ਪੀਲੁਨਿ[1] ਕੇਰੀ'। ਗੁਰੂ ਕਹਯੋ 'ਸਿੱਖੀ ਧੰਨ ਧੰਨ'। ਦੇਖਿ ਭਾਉ ਕੋ ਭਏ ਪ੍ਰਸੰਨ ॥ ੫੭ ॥ 'ਅਸ ਸਿਖ ਭੀ ਬਿਚ ਪੰਥ ਸੁਹਾਇ। ਸਤੀ ਦੇਹਿ ਸੰਤੋਖੀ ਖਾਇ। ਸਿਖ ਢਿਗ ਹੋਇ[2] ਅਚਾਵਹਿ ਨਾਂਹੀ। ਤੌ ਦੂਖਨ ਜਾਨਹੁ ਤਿਸ ਮਾਂਹੀ ॥੫੮॥ ਨਿਰਧਨ ਸਿਖ ਤੇ ਜਾਚਹਿ ਨੀਕਾ[3]। ਦੋਸ਼ ਲਖਹੁ ਅਚਵਹਿ[4] ਤਿਸ ਹੀ ਕਾ। ਧਾਂ ਤੇ ਭਾਵ[5] ਮੂਲ ਹੀ ਜਾਨ। ਅਚਨ ਅਚਾਵਨ ਬਿਧਿ ਪਹਿਚਾਨ' ॥ ੫੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

[ਕੋਟ ਕਪੂਰੇ]।

ਦੋਹਰਾ ॥ ਕਰਯੋ ਕੂਚ ਤਹਿਂ ਤੇ ਚਢੇ ਸ੍ਰੀ ਸਤਿਗੁਰ ਸੁਖਦਾਇ। ਗਏ ਕਪੂਰੇ ਕੋਟ ਕੋ ਸਿੰਘ ਸੰਗ ਸਮੁਦਾਇ॥੧॥ ਚੌਪਈ॥ ਕੇਤਿਕ ਪੁਰਿ ਤੇ ਉਤਰੇ ਦੂਰ। ਹੇਰੀ ਥਾਇਂ ਉਚਿਤ ਜਹਿਂ ਰੂਰ। ਡੇਰਾ ਕਰਯੋ ਤੁਰੰਗ ਲਗਾਏ। ਤ੍ਰਿਣ ਈਂਧਨ ਇਕਠੇ ਕਰਿ ਲਯਾਇ॥੨॥ਬੈਠੇ ਸਤਿਗੁਰ ਲਾਇ ਦਿਵਾਨ।ਕੇਤਿਕ ਦਰਸਤਿ ਹੈਂ ਨਰ ਆਨਿ। ਖਬਰ ਕਪੂਰੇ ਕੋ ਢਿਗ ਗਈ।ਮਿਲਿਬੇ ਕਾਰਨ ਤਯਾਰੀ ਕਈ ॥ ੩ ॥ ਘੋੜਾ ਏਕ ਸ਼ਿੰਗਾਰ ਬਨਾਯੋ। ਦੇਬੇ ਹੇਤੁ ਉਪਾਯਨ ਲਯਾਯੋ। ਕੇਤਿਕ ਨਰ ਲੇ ਕਰਿ ਨਿਜ ਸਾਥ। ਪਹੁੰਚਯੋ ਆਇ ਪਿਖੇ ਗੁਰ ਨਾਥ ॥੪॥ ਪਦ ਅਰਬਿੰਦ ਬੰਦਨਾ ਕਰੀ।ਹਾਥ ਬੰਦਿ ਬੈਠਯੋ ਤਿਸ ਘਰੀ। ਕੁਸ਼ਲ ਪ੍ਰਸ਼ਨ ਕਹਿ ਕ੍ਰਿਪਾ ਨਿਧਾਨਾ।'ਕ੍ਰਿਪਾ ਆਪ ਕੀ ਅਨੰਦ ਮਹਾਨਾ'॥ ੫॥ 'ਕਹਹੁ ਕਪੂਰਾ ਆਯੁਧ ਧਰੇ। ਧੀਰ ਬੀਰਤਾ ਕੇਤਿਕ ਕਰੇ? ਰਣ ਕੀ ਚੌਂਪ ਬਿਸਾਲ ਕਿ ਨਾਂਹੀ? ਜਿਸ ਤੇ ਬੀਰ ਪਰਮਪਦ ਪਾਹੀਂ' ॥੬॥ ਕਹਯੋ ਕਪੂਰੇ ਸ਼੍ਰੀ ਗੁਰ ਸਾਥ। 'ਇਹੁ ਜਗ ਨਾਥ! ਆਪ ਕੇ ਹਾਥ। ਧੀਰ ਬੀਰ ਕੋ ਭੀਰੁ ਬਨਾਵਹੁ[6]।ਭੀਰੁਨਿ ਤੇ[7] ਬਹੁ ਜੁੱਧ ਮਚਾਵਹੁ'॥੭॥ 'ਭਲਾ ਕਪੂਰੇ ਭਲਾ ਕਪੂਰੇ'।ਬੋਲੇ ਪਾਤਸ਼ਾਹੁ ਗੁਰ ਪੂਰੇ। 'ਵਹਿਰ ਅਖੇਰ ਕਰਹਿਂ ਕਿਸ ਕੇਰਾ[8]? ਕਿਤ ਦਿਸ਼ਿ ਗਮਨ ਫਿਰਹਿਂ ਬਹੁ ਫੇਰਾ[9]?' ॥ ੮ ॥ ਕਹੈ ਕਪੂਰਾ 'ਕੂਕਰ ਬਾਜ। ਰਾਖੌਂ ਮੈਂ ਅਖੇਰ ਕੋ ਸਾਜ। ਸ਼ਿਕਰੇ ਜੁਰਰੇ ਆਦਿ ਘਨੇਰੇ। ਅਨ-ਵਾਏ ਦੇ ਦਰਬ ਬਡੇਰੇ ॥ ੯ ॥ ਬਡੇ ਬਿਹੰਗਨਿ ਜਾਨਿ ਨ ਦੇਤਿ। ਬਲ ਤੇ ਝਪਟ ਕਰਤਿ ਗਹਿ ਲੇਤ'। ਇੱਤਯਾਦਿਕ ਬਾਤੈਂ ਕੁਛ ਔਰ। ਕਰਤਿ ਭਏ

[1]ਪੀਲੂ ਦੀਆਂ ਭੁਗੜੀਆਂ, ਸੁੱਕੇ ਪੀਲੂ [ਕੋਕਨ=ਸੁੱਕੀ ਪੀਲੂ]। [2]ਸਿਖ ਪਾਸ (ਪਦਾਰਥ) ਹੋਵੇ। [3]ਚੰਗਾ (ਭੋਜਨ) ਮੰਗੇ। [4]ਖਾਣ ਵਾਲੇ ਦਾ ਦੋਸ਼ ਜਾਣੋ। [5]ਪ੍ਰੇਮ। [6]ਕਾਇਰ ਬਣਾ ਸਕਦੇ ਹੋ। [7]ਕਾਇਰਾਂ ਤੋਂ। [8]ਸ਼ਿਕਾਰ ਤੂੰ ਕਿਸਦਾ ਕਰਦਾ ਹੈਂ? [9]ਕਿਸ ਤਰਫ ਜਾਕੇ ਬਹੁਤ ਫਿਰਦਾ ਹੈਂ?।

ਸੈਂਕੀ ਸਿਰਮੌਰ ॥ ੧੦ ॥ ਕਰਿ ਬੰਦਨ ਉਠਿ ਸਦਨ ਸਿਧਾਰਾ। ਸਤਿਗੁਰ ਦੇਖਤਿ ਦੁਰਗ ਬਿਚਾਰਾ।--ਜੇ ਕਰਿ ਦੇਹਿ ਕਪੂਰਾ ਕੋਟ। ਲਾਖਹੁੰ ਤੁਰਕ ਹਤਹਿਂ ਗਹਿ ਓਟ ॥ ੧੧ ॥ ਚਿਤਵਤਿ ਰਹੇ ਬਿਤੀ ਤਹਿਂ ਰਾਤੀ। ਸੌਚ ਸ਼ਨਾਨ ਠਾਨਿ ਕਰਿ ਪ੍ਰਾਤੀ।ਲਗਯੋ ਦਿਵਾਨ ਖਾਲਸੇ ਕੇਰਾ। ਸ਼ਸਤ੍ਰ ਬਸਤ੍ਰ ਤੇ ਸ਼ੁਭਤਿ ਘਨੇਰਾ॥੧੨॥ ਨਰ ਨਾਰੀ ਗਨ ਗ੍ਰਾਮਨਿ ਕੇਰੇ। ਧਾਇ ਆਇ ਗੁਰ ਦਰਸ਼ਨ ਹੇਰੇ। ਚਾਵਲ ਚੂਨ ਘ੍ਰਿਤਾਦਿਕ ਲਯਾਵੈਂ। ਦੇਗ਼ ਬਿਖੈ ਦਧਿ ਦੂਧ ਸੁ ਪਾਵੈਂ ॥ ੧੩ ॥ ਭਾਉ ਪ੍ਰੇਮ ਤੇ ਧਰਹਿਂ ਦਰਸ ਕਰਿ। ਬੰਦਹਿਂ ਪਦ ਅਰਬਿੰਦ ਹਰਖ ਧਰਿ। ਇਕ ਨਿਸ ਬਾਸੁਰ ਜਬਹਿ ਬਿਤਾਯੋ। ਬਹੁਰ ਕਪੂਰਾ ਚਲਿ ਕਰਿ ਆਯੋ ॥੧੪॥ ਦੀਰਘ ਜਾਮਾ ਜਿਸ ਗਰ ਪਰਯੋ। ਚਾਲ ਸ਼ੀਘ੍ਰ ਤੇ ਬਹੁ ਬਿਸਤਰਯੋ[1]। ਹਾਥਨਿ ਸਾਥ ਸੰਭਾਰਤਿ ਨਾਂਹੀ। ਚਲਤਿ ਉਡਾਵਤਿ ਰਜ ਮਗ ਮਾਂਹੀ॥੧੫॥ਤਿਮ ਹੀ ਸਤਿਗੁਰ ਕੇ ਢਿਗ ਆਯੋ। ਚਹਤਿ ਅਪਨਪੌ ਸਭਿਨ ਦਿਖਾਯੋ। ਮੈਲਾਗਰ ਸਿੰਘ ਤਿਸ ਕੋ ਦੇਖਿ। ਆਇ ਉਡਾਵਤਿ ਧੂਲਿ ਵਿਸ਼ੇਖ॥੧੬॥'ਚੌਧਰਿ! ਚਲਹੁ ਅਦਬ ਕੇ ਸਾਥ। ਗਰਦ ਉਡਤਿ ਬੈਠੇ ਗੁਰ ਨਾਥ। ਬਸਤ੍ਰ ਸੰਕੋਚਿ ਪਸਾਰਹੁ ਨਾਂਹਿ। ਸਰਲ ਚਰਲ ਹੁਇ ਕਿਸ ਬਿਧਿ ਜਾਹਿਂ[2]॥੧੭॥ ਸਹਤ ਅਦਾਇਬ ਸਾਹਿਬ ਦੇਖਿ[3]। ਤਜਿ ਕਰਿ ਮਨ ਕੋ ਮਾਨ ਵਿਸ਼ੇਖ'।ਸਿੰਘ ਬਾਕ ਸੁਨਿਕਰਿ ਜਨੁ ਦਾਵਾ।ਮਨ ਬਨ ਕੋ ਲਗਿ ਅਧਿਕ ਜਲਾਵਾ ॥੧੮॥ ਕਿਧੌਂ ਜ੍ਵਲਤਿ ਮਨ ਦੀਪਕ ਨਯਾਈਂ[4]। ਸਿੰਘ ਬਾਕ ਬਹੁ ਬਾਯੁ ਬੁਝਾਈ[5]। ਰਿਸ ਜੁਤਿ ਚਿਤ ਭਾ ਲਖਿ ਅਪਮਾਨਾ। ਬਸ ਨ ਬਸਾਇ ਨ ਸਕੈ ਬਖਾਨਾ॥੧੯॥ ਗੁਰ ਸਮੀਪ ਹੁਇ ਬੰਦਨ ਠਾਨੀ। ਬੈਠਿ ਗਯੋ ਤਬਿ ਭਾ ਮਨ ਹਾਨੀ।ਇਕਪ੍ਰਯੰਕ ਪਰ ਸਤਿਗੁਰ ਥਿਰੇ।ਦੁਤਿਯੇ ਪਰ ਪ੍ਰਭੁ ਆਯੁਧ ਧਰੇ ॥ ੨੦ ॥ ਨਿਰਮਲ ਚੰਦ੍ਰਹਾਸ ਖਰ* ਧਾਰਾ[6]। ਧਾਰਾ ਗੁਨ ਕੁਦੰਡ[7] ਬਡ ਭਾਰਾ। ਤਰਕਸ਼ ਭਰੇ ਖਰੇ ਕਰਿ ਤੀਰ। ਤੀਰ[8] ਸੁਹਾਵਤਿ ਗੁਨੀ ਗਹੀਰ ॥੨੧॥ ਏਕ ਚਮਰ ਸਤਿਗੁਰ ਸਿਰ ਫਿਰੈ। ਦੂਸਰ ਸ਼ਸਤ੍ਰਨਿ ਊਪਰ ਢੁਰੈ। ਹੇਰਿ ਕਪੂਰਾ ਤਰਕਤਿ ਭਾਖੇ। 'ਭਲੇ ਬਨਾਇ

[1]ਛੇਤੀ ਚਲਨ ਨਾਲ (ਜਾਮਾ) ਬਹੁਤ ਫੈਲਦਾ ਹੈ। [2]ਪਾਸੇ ਮਾਰਦਾ ਕੀਕੂੰ ਤੁਰ ਰਿਹਾ ਹੈਂ। (ਅ) (ਹੰਕਾਰ, ਨਾਲ ਭਰਿਆ ਸਿੱਧਾ ਕਿਸਤਰ੍ਹਾਂ ਜਾ ਰਿਹਾ ਹੈਂ। [3]ਦਰਸ਼ਨ ਕਰਨਾ ਚਾਹੀਏ। [4]ਅਥਵਾ (ਕਪੂਰੇ ਦਾ) ਮਨ ਦੀਵੇ ਵਾਂਕੂ (ਜਗ ਰਿਹਾ ਸੀ)। [5](ਮੈਲਾਗਰ) ਸਿੰਘ ਦੇ ਵਾਕ ਰੂਪ ਤ੍ਰਿਖੀ ਵਾਯੂ ਨੇ ਬੁਝਾ ਦਿੱਤਾ। [6]ਤ੍ਰਿਖੀ ਧਾਰ ਵਾਲੀ ਤਲਵਾਰ। [7]ਚਿੱਲੇ ਸਹਿਤ ਧਨੁਖ। [8]ਟੇਡੇ।

*ਪਾ:—ਖਗ।

ਸ਼ਸਤ੍ਰ ਇਹ ਰਾਖੇ ॥ ੨੨ ॥ ਰਾਵਰਿ ਸਿਰ ਪਰ ਚਾਮਰ ਫੇਰਤਿ। ਇਹ ਤੌ ਰੀਤਿ ਆਦਿ ਕੀ ਹੇਰਤਿ।ਦੂਸਰ ਸ਼ਸਤ੍ਰਨਿ ਪਰ ਫਿਰਵਾਵੋ।ਇਹ ਤੌ ਰੀਤਿ ਨਈ ਬਿਦਤਾਵੋ ॥ ੨੩ ॥ ਧੂਪ ਧੁਖਾਵਤਿ ਚੰਦਨ ਚਰਚਾ। ਫੂਲਨ ਮਾਲ ਬਿਸਾਲਹਿ ਅਰਚਾ'। ਸੁਨਿ ਸ੍ਰੀ ਮੁਖ ਤੇ ਕਹਿ ਸਮੁਝਾਯੋ।ਸ਼ਸਤ੍ਰਨਿ ਅਦਬ ਰਹਿਯ ਰਖਵਾਯੋ ॥ ੨੪ ॥ ਮਾਖੀ ਆਇ ਅਪਾਵਨ ਥਿਰੈ। ਚਮਰ ਫੁਰਤਿ ਸੋ ਬਰਜਨ ਕਰੈ। ਇਹ ਸਭਿ ਕੇ ਸਿਰਮੌਰ ਸੁਰਨ ਮੈਂ[1]। ਦੇਂ ਰਿਪੁ ਗਨ ਤੇ ਫਤੇ ਸੁ ਰਨ ਮੈਂ ॥੨੫॥ ਪ੍ਰਿਥੀ ਸੁਰਗ ਕੋ ਰਾਜ ਘਨੇਰਾ। ਓਜ ਸੁਰਾਸਰ ਕੇਰਿ ਬਡੇਰਾ।ਸਭਿ ਸ਼ਸਤ੍ਰਨਿ ਕੇ ਹੈ ਅਨੁਸਾਰੇ। ਜੋ ਇਨ ਧਰੈ ਸੁ ਹੁਇ ਬਲ ਭਾਰੇ ॥ ੨੬ ॥ ਇਨ ਸਮ ਸ਼ਕਤਿਵੰਤ ਨਹਿ ਕੋਊ। ਜੋ ਕਰ ਧਰੈ ਬਲੀ ਹੁਇ ਸੋਊ। ਆਦਿ ਅਕਾਲ ਪੁਰਖ ਕਰਤਾਰਾ। ਪ੍ਰਥਮ ਖੜਗ ਤਿਨ ਰਚ੍ਯੋ ਉਦਾਰਾ ॥੨੭॥ ਮਾਨਨੀਯ ਸੁਰ ਅਸੁਰਨਿ ਕੇਰੇ। ਧਰਹਿ ਜੁ ਪੂਜਹਿਂ[2], ਹੈਂ ਸੁ[3] ਬਡੇਰੇ।ਨਰ ਬਪੁਰੇ ਕੀ ਗਿਨਤੀ ਕਹਾਂ।ਅਸਿਧੁਜ ਸ੍ਰੀ ਅਕਾਲ ਹੈ ਮਹਾਂ' ॥ ੨੮ ॥ ਸੁਨਿ ਕਰਿ ਤੂਸ਼ਨ ਹੋਇ ਕਪੂਰੇ। ਗੁਰ ਬਚ ਨਿਸ਼ਚਾ ਕਿਯੋ ਨ ਕੂਰੇ[4]। ਅੰਤਰਜਾਮੀ ਜਾਨਿ ਬਖਾਨਾ। 'ਸੁਨਹੁ ਕਪੂਰ ਸਿੰਘ ਧਰਿ ਕਾਨਾ ॥ ੨੯ ॥ ਨੈਂ ਲਗਿ[5] ਕਰਿ ਹੈਂ ਰਾਜ ਤੁਹਾਰਾ। ਗਜ ਬਾਜੀ ਦਲ*ਵਧੈ ਉਦਾਰਾ। ਤੁਰਕਨ ਸੰਗ ਜੰਗ ਕੇ ਕਾਰਨ।ਦੇਹੁ ਦੁਰਗ ਦੇਖਹੁ ਦਲ ਦਾਰੁਨ[6] ॥੩੦॥ ਲਸ਼ਕਰ ਨੌਰੰਗ ਕੋ ਲਰਿ ਮਾਰੈਂ। ਕਾਤੁਰ ਤੁਰਕ ਪਲਾਵਤਿ ਹਾਰੈਂ'।ਸੁਨਿ ਕਰਿ ਦੀਨ ਹੋਇ ਕਰਿ ਕਹੈ। 'ਹਮ ਮੈਂ ਕਹਾਂ ਸ਼ਕਤਿ ਇਮ ਅਹੈ ॥੩੧॥ ਰਿਪੁ ਸਮ ਜਾਨਿ ਤੁਰਕ ਗਹਿ ਮੋਹਿ। ਮਾਰਹਿਂ ਫਾਸੀ ਦੇ ਕਰਿ ਕ੍ਰੋਹ। ਸ੍ਰੀ ਗੁਰ! ਤੁਮ ਤੌ ਬੇ ਪਰਵਾਹ। ਬਿਗਰ ਲਰੇ[7] ਤੁਰਕੇਸ਼ੁਰ ਸ਼ਾਹ ॥ ੩੨ ॥ ਲਾਖਹੁੰ ਨਰ ਮਾਰੇ ਮਰਿਵਾਏ।ਆਨੰਦਪੁਰਿ ਉਜਾਰ ਕਰਿ ਆਏ।ਭਲੀ ਸੀਖ ਅਬਿ ਦੇਵਨ ਲਾਗੇ। ਜਿਸ ਤੇ ਬਚਹਿ ਨ, ਕਿਤ ਕੋ ਭਾਗੇ ॥ ੩੩ ॥ਤਿਨ ਤੁਰਕਨਿ ਤੇ ਮੋਹਿ ਬਿਗਾਰਹੁ।ਜਿਮ ਉਜਰੇ ਤਿਮ ਮੋਹਿ ਉਜਾਰਹੁ।ਹਮ ਤੌ ਲੈਂਦੇ ਨਿਤ ਪਤਿਸ਼ਾਹੀ। ਬਿਗਰੇ ਮਾਰਹਿਂ ਮੁਝ ਦੇ ਫਾਹੀ' ॥ ੩੪ ॥ ਸੁਨਿ ਸਤਿਗੁਰ ਰਿਸ ਉਰ ਧਰਿ ਭਾਖਾ। 'ਜੇਕਰਿ ਇਮ ਤੇਰੀ ਅਭਿਲਾਖਾ। ਤੌ ਦੇ

[1]ਦੇਵਤਿਆਂ ਵਿਚੋਂ(ਪੂਜ੍ਯ)। [2]ਜੋ ਧਾਰਨਗੇ ਤੇ ਪੂਜਣਗੇ। [3]ਓਹ। [4]ਕੂੜੇ(ਕਚੂਰੇ) ਨੇ। [5]ਨਦੀਤਕ। ਭਾਵ ਸਤਲੁਜ ਤਕ, ਹੁਣ ਵਾਲੇ ਫੀਰੋਜ਼ਪੁਰ ਦੇ ਜ਼ਿਲੇ ਆਦਿਕ ਤੋਂ ਮੁਰਾਦ ਹੈ। [6]ਦੇਖੋ ਭਯਾਨਕ ਦਲੀਜਣਾਂ(ਪਾਮਾਲ ਹੋਣਾ ਤੁਰਕਾਂ ਦਾ)।(ਅ)ਭਾਵ ਭਯਾਨਕ ਜੰਗ। [7]ਵਿਗੜਕੇ ਲੜੇ ਹੋ। *ਪਾ:-ਰਬ।

ਫਾਸ ਤੁਰਕ ਹੀ ਮਾਰੈਂ।ਗੁਨ ਅਵਗੁਨ ਤੁਵ ਕੁਛ ਨ ਬਿਚਾਰੈਂ॥੩੫॥ ਜਿਨ ਸ਼ਸਤ੍ਰਨਿ ਪਰ ਤਰਕ ਕਰੰਤ।ਪਿਖਿ ਪ੍ਰਤਾਪ ਤਿਨਤੇ ਡਰਪੰਤ।ਦੇਨ ਲਗੇ ਹਮ ਅਧਿਕ ਬਡਾਈ। ਭਯੋ ਨਿਭਾਗ ਨ ਸਾਕਹਿਂ ਪਾਈ ॥ ੩੬॥ ਆਨੰਦ-ਪੁਰਾ ਬਸਹਿਗੋ ਸਦਾ। ਇਸ ਥਲ ਤੇ ਤੂੰਹੀ ਹੁਇਂ ਅਦਾ[1]। ਜਿਨ ਕੋ ਬੰਦਾ, ਕਰਹਿਂ ਸੁ ਬੰਦ[2]। ਦੇਂ ਫਾਸੀ ਤੁਹਿ ਕਰਹਿਂ ਨਿਕੰਦ[3]॥੩੭॥ ਤੱਤ ਅਤੱਤ[4] ਨ ਮੂਰਖ ਜਾਨੈਂ।ਲਾਭ ਲੇਨ ਤੇ ਤੋਟਾ ਮਾਨੈਂ।ਪਸੁ ਜਨੋਂ ਪੇਟ ਭਰੇਪਰ ਸੋਵੈਂ। ਜਸੁ ਜਗ ਗਤਿ ਪ੍ਰਲੋਕ ਕੀ ਖੋਵੈਂ[5] ॥੩੮॥ਮਤਿ ਅੰਧੇ ਜਾਨਹੇ ਕਛੁ ਨਾਂਹੀ। ਸਭਿ ਸੁਖ ਦੇਤਿ, ਪਰਜੇ ਦੁਖ ਮਾਂਹੀ। ਜਿਨ ਤੁਰਕਨ ਪਰ ਉਰ ਭਰਵਾਸਾ। ਤਿਨ ਤੇ ਹੀ ਤੁਝ ਹੋਇ ਬਿਨਾਸ਼ਾ॥ ੩੯॥ ਖੇਹ ਤੋਬਰਾ ਬਦਨ ਚਢਾਇ। ਫਾਸੀ ਦੇ ਮਾਰਹਿਂ ਸਹਿਸਾਇ'। ਸੁਨਿ ਸ਼ਰਮਿੰਦਤਿ ਭਯੋ ਕਪੂਰਾ। ਨੀਵੀਂ ਗ੍ਰੀਵ ਥਿਰਜੋ ਕੁਛ ਕੂਰਾ॥੪੦॥ ਪੁਨ ਉਠਿ ਅਪਨੇ ਸਦਨ ਸਿਧਾਰਾ। ਭਯੋ ਸ੍ਰਾਪ ਦਾਰੁਨ ਦੁਖ ਭਾਰਾ। ਭਲੀ ਹੋਤਿ ਉਲਟੀ ਗਲ ਪਰੀ। ਬਰਜੋ ਦੁਰਗ ਤਕਰਾਈ ਕਰੀ॥੪੧॥ ਦ੍ਵਾਰ ਕਿਵਾੜ ਅਸੰਜਤਿ ਕਰੇ।—ਅਸ ਨਹਿਂ ਹੋਇ ਗੁਰੂ ਬਿਚ ਬਰੇ। ਪਤਿਸ਼ਾਹੀ ਲਸ਼ਕਰ ਚਢਿ ਆਵੈ। ਮਾਰ ਗਰਦ ਮਹਿਂ ਦੁਰਗ ਮਿਲਾਵੈ—॥ ੪੨॥ ਯਾਂ ਤੇ ਮੂੰਦ ਲੀਏ ਦਰਵਾਜੇ। ਚਿਤ ਮਹਿਂ ਚਿੰਤ ਮਹਾਂ ਉਪਰਾਜੇ। ਗੁਰੂ ਬਾਕ ਨਹਿਂ ਮੂਰਖ ਮਾਨਜੋ। ਲਿਯੋ ਨ ਬਰ ਤੌ ਸ੍ਰਾਪ ਬਖਾਨਜੋ ॥ ੪੩ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

### ੫. [ਸਿਰੰਦੋਂ ਫੌਜ ਦੀ ਚੜ੍ਹਾਈ। ਇੱਲਵੀਂ ਕੋਲ ਪਾਸ]।

ਦੋਹਰਾ ॥ ਤੁਰਕਨਿ ਕੀ ਗਨ ਬਾਹਨੀ ਸੀਰੰਦ ਕੀਨਿ ਬਟੋਰ। ਚਹੈਂ ਗੁਰੂ ਕੋ ਪਕਰਨੋ'ਦੌਰ ਕਰਹੁ ਬਲ ਟੋਰਿ'॥੧॥ਚੌਪਈ॥ਸੁਧਿ ਪਹੁੰਚੀ'ਦੀਨੇਕੇ ਗ੍ਰਾਮੂ। ਕੇਤਿਕ ਦਿਨ ਬਸਿ ਕਰਿ ਤਿਨ ਧਾਮੂ। ਤਹਿਂ ਤੇ ਗਮਨ ਅਗਾਰੀ ਗਏ। ਕੇਤਿਕ ਚਮੂੰ ਸੰਗ ਮੈਂ ਲਏ' ॥ ੨॥ ਸੁਨਤਿ ਵਜੀਦਾ ਮੂਰਖ ਮਾਨੀ। ਪਠੇ ਦੂਤ ਕੇਚਿਤ ਅਗਵਾਨੀ। 'ਟਿਕਹਿਂ ਗ੍ਰਾਮ ਜਿਸ, ਦਿਹੁ ਸੁਧਿ ਆਈ। ਦੌਰ ਕਰਹਿਂ ਤਹਿਂ ਦਲ ਸਮੁਦਾਈ ॥ ੩ ॥ ਜਾਹਿਂ ਅਚਾਨਕ ਗਹਿ ਕਰਿ ਲਜਾਵਹਿਂ। ਜੀਵਤਿ ਹਜ਼ਰਤ ਨਿਕਟ ਪਠਾਵਹਿਂ। ਹੋਹਿ ਪ੍ਰਸੰਨ ਦਰਬ

---

[1] ਨਿਆਰਾ। (ਅ) ਨਾਸ਼। [2] ਜਿਨ੍ਹਾਂ ਦਾ ਤੂੰ ਬੰਦਾ ਹੈਂ (ਓਹ) ਕੈਦ ਕਰਨਗੇ ( ਤੈਨੂੰ )। [3] ਨਾਸ਼। [4] ਸਾਰ ਅਸਾਰ। [5] ਇਸ ਲੋਕ ਦਾ ਜਸ ਤੇ ਪ੍ਰਲੋਕ ਦੀ ਮੁਕਤੀ ਖੋ ਲੈਂਦੇ ਹਨ।

-ਬਹੁ ਦੇ ਹੈ। ਸ਼ਾਹੁ ਮਨੋਰਥ ਪੂਰਨ ਹ੍ਵੈ ਹੈ*' ॥ ੪ ॥ ਇੱਤਯਾਦਿਕ ਬਿਚਾਰ ਕਰਿ ਭਾਯੋ[1]। ਲਸ਼ਕਰ ਕਈ ਹਜ਼ਾਰ ਪਠਾਯੋ। ਦਾਵ ਤਕਾਵਤਿ ਤੁਰਕ ਬਿਚਾਰੈਂ।–ਪਕਰਯੋ ਜਾਇ ਘਾਤ ਨਿਰਧਾਰੈ[2]–॥੫॥ਕੋਪ ਕਪੂਰੇ ਪਰ ਕਰਿ[3] ਤਬੈ। ਡੇਰਾ ਕੂਚ, ਚਢੇ ਸਿਖ ਤਬੈ। ਸਹਿਜ ਸੁਭਾਇਕ ਹਯ ਆਰੂੜੇ। ਖਿਲਤਿ ਅਖੇਰ ਚਲਤਿ ਗੁਨ ਗੂੜੇ॥੬॥ਢਿੱਲਵ ਗ੍ਰਾਮ ਕੋਸ ਦੁਇ ਭੀਨ। ਜਾਇ ਪਹੂੰਚੇ ਗੁਰੂ ਪ੍ਰਬੀਨ। ਸੋਢੀ ਬੰਸ ਪ੍ਰਿਥੀਏ ਕੇਰਾ।ਬਸਹਿ ਤਹਾਂ ਬਾਸਾ ਬਹੁਤੇਰਾ ॥ ੭ ॥ ਨਾਮ ਕੌਲ ਅਜ਼ਮਤ ਜੁਤਿ ਜੋਇ। ਚਾਰ ਪੁੱਤ੍ਰ ਤਿਸਕੇ ਗ੍ਰਿਹ ਹੋਇ। ਸਤਾਨੰਦ ਹਰਿਨੰਦ ਸੁ ਚਾਲੀ। ਪੁਨ ਅਮਰੀਕ ਰਾਇ ਬਨ-ਵਾਲੀ ॥੮॥ ਬਨਵਾਲੀ ਕੈ ਨੰਦਨ ਏਕ। ਅਭੈਰਾਮ ਗੁਨ ਧਰਹਿ ਅਨੇਕ। ਅਭੈਰਾਮ ਕੇ ਸੁਤ ਭੇ ਚਾਰ। ਇਕ ਸ੍ਰੀ ਰਾਮ[4]ਪ੍ਰਜਾਪਤਿ[4] ਧਾਰ ॥੯॥ਰਾਮ-ਕਇਰ[4]ਜਸਪਤਿ[4]ਗਿਨ ਲੇਹ। ਮਾਨਕੀਯ ਸੰਗਤਿ ਕੇ ਏਹ। ਸ੍ਰੀ ਗੁਬਿੰਦ ਸਿੰਘ ਕੋ ਆਗਵਨੂ। ਸ੍ਰਵਨ ਕਰਯੋ ਜਬਿ ਅਪਨੇ ਭਵਨੂ ॥ ੧੦ ॥ ਸ਼੍ਰਾਧ ਕਰਾਵਤਿ ਤਤਛਿਨ ਛੋਰਾ। ਸ਼ੀਘ੍ਰ ਧਰਤਿ ਆਯਸਿ[5] ਗੁਰ ਓਰਾ। ਹਰਖਤਿ ਨਿਕਟ ਪਹੂਚਯੋ ਜਬੈ। ਭਾਉ ਸਮੇਤ ਪਰਖਿ ਕਰਿ ਤਬੈ ॥ ੧੧॥ ਸ੍ਰੀ ਗੁਰ ਗਰੇ ਲਾਇ ਕਰਿ ਮਿਲੇ। ਬੈਠੇ ਕੁਸ਼ਲ ਪ੍ਰਸ਼ਨ ਕਰਿ ਭਲੇ। ਹਾਥਨਿ ਕੀ ਦਿਸ਼ਿ ਦ੍ਰਿਸ਼ਟਿ ਚਲਾਈ। ਬੂਝਯੋ 'ਅੰਗੁਰੀ ਮਹਿਂ ਕਨਾ ਪਾਈ ?' ॥੧੨॥ ਨੰਮ੍ਰਿ ਹੋਇ ਕਰਿ ਕੌਲ ਕਹੰਤਾ। 'ਬੈਠਯੋ ਮੈਂ ਅਬਿ ਸ਼੍ਰਾਧ ਕਰੰਤਾ। ਸੁਨਯੋਂ ਸ਼੍ਰਵਨ ਰਾਵਰਿ ਆਗਵਨੂ। ਉਠਯੋ ਭਵਨ ਸੰਭਾਰ ਨ ਕਵਨੂ[6] ॥ ੧੩ ॥ ਸ਼ੀਘ੍ਰ ਕਰਤਿ ਮਿਲਿਬੇ ਹਿਤ ਆਇ। ਕੁਸ਼ਾ ਪਵਿੱਤ੍ਰ ਅੰਗੁਰਨਿ ਪਾਏ। ਨਹੀਂ ਨਿਕਾਰੇ ਕਰ ਮਹਿਂ ਰਹੇ। ਤੂਰਨ ਹੀ ਦਰਸ਼ਨ ਮਨ ਚਹੇ' ॥ ੧੪ ॥ ਸੁਨਿ ਸ਼੍ਰੀ ਗੁਰ ਗੋਬਿੰਦ ਸਿੰਘ ਕਹਯੋ। 'ਇਹ ਤੁਮ ਕਹਾਂ ਕਰਨ ਕੋ ਚਹਯੋ।ਸਤਿ-ਗੁਰ ਰਾਮਦਾਸ ਜਿਸ ਬੰਸ। ਲੀਨਸਿ ਜਨਮ ਮਾਨਸਰ ਹੰਸ ॥ ੧੫ ॥

[1]ਐਉਂ ਵਿਚਾਰਕੇ ਉਸ ਨੂੰ ਇਹ (ਗਲ) ਭਾਈ ਕਿ"" । [2]ਦਾਉ ਤੱਕਦੇ ਤੁਰਕ ਵਿਚਾਰਾਂ ਕਰਦੇ ਹਨ (ਕਿ ਕਿਵੇਂ ਗੁਰੂ) ਪਕੜਿਆ ਜਾਏ (ਉਹ) ਘਾਤ ਨਿਰਣੇ ਹੋ ਜਾਏ। [3]ਕਪੂਰੇ ਤੇਂ ਗੁੱਸੇ ਹੋਕੇ (ਗੁਰੂ ਜੀ ਅੱਗੇ ਟੁਰੇ)। [4]ਇਹ ਚਹੁਵਾਂ ਦੇ ਨਾਮ ਹਨ। [5]ਕਾਹਲੀ ਕਰਕੇ ਆਯਾ। [6]ਕੋਈ ਸੰਭਾਲ ਨਹੀਂ ਰਹੀ।

*ਕੇਵਲ ਇਹੀ ਕਾਰਨ ਨਹੀਂ। ਵਜ਼ੀਦ ਖਾਂ ਛੋਟੇ ਸਾਹਿਬਜ਼ਾਦੇ ਅਤਿ ਬੇਦਰਦੀ ਨਾਲ ਸ਼ਹੀਦ ਕਰ ਚੁਕਾ ਹੈ, ਹੁਣ ਉਸ ਨੂੰ ਆਪਣਾ ਡਰ ਵਿਸ਼ੇਸ਼ ਹੈ ਕਿ 'ਜੇ ਗੁਰੂ ਜੀ ਕਾਮਯਾਬ ਹੋ ਗਏ ਤਾਂ ਸਭ ਤੋਂ ਵੱਧ ਦੰਡ ਦਾ ਮੈਂ ਅਧਿਕਾਰੀ ਹੋਵਾਂਗਾ' ਇਸ ਵਾਸਤੇ ਉਹ ਗੁਰੂ ਜੀ ਦਾ ਵਿਨਾਸ਼ ਬਹੁਤ ਤੜਪਨਾ ਨਾਲ ਚਾਹੁੰਦਾ ਹੈ।

ਸੰਕਨਾ[1] ਪਿਤਰ ਛੁਧਿਤਿ ਹੀ ਰਹੇ । ਜਿਨਹੁ ਬਾਸ ਬੈਕੁੰਠਹਿ ਲਹੇ । ਐਸੇ ਤ੍ਰਿਪਤ ਭਏ ਇਕ ਵਾਰੀ । ਬਹੁਰ ਨ ਚਹੈਂ ਅੰਨ ਅਰੁ ਬਾਰੀ' ॥੧੬॥ਸੁਨੀ ਤਰਕ ਨਿਜ ਕ੍ਰਿਤਿ ਮਹਿ ਜਬੈ। ਉੱਤਰ ਕੌਲ ਬਖਾਨਯੋ ਤਬੈ। 'ਅਹੈ ਵਾਸਤਵ ਆਪ ਸੁਨਾਈ । ਤਊ ਸੁਨਹੁ ਜਿਮ ਹਮ ਲਖਿ ਪਾਈ ॥ ੧੭ ॥ ਸ੍ਰੀ ਬਾਬਾ ਨਾਨਕ ਅਵਤਾਰਾ। ਨਰਨਿ ਉਧਾਰੇ ਜਿਨਹੁੰ ਨ ਪਾਰਾ। ਅੰਤ ਸਮੈਂ ਸਪਤਮਿ ਦਿਨ ਮਾਂਹੀ।ਚਹਯੋ ਗਮਨ ਪਰਲੋਕ ਤਹਾਂ ਹੀ॥੧੮॥ਸਿਰੀ ਚੰਦ ਕੀ ਜਨਨੀ ਆਈ।ਨੰਮ੍ਰਿ ਬਿਨੈ ਜੁਤਿ ਗਿਰਾ ਅਲਾਈ।–ਪ੍ਰਾਤ ਅਸ਼ਟਮੀ ਥਿਤ ਸੁਨਿਯੰਤ । ਤੁਮ ਪਿਤ ਕੋ ਸਰਾਧ ਕਰਿਯੰਤਿ ॥੧੯॥ ਜੋ ਪਰਲੋਕ ਪਧਾਰਹੁ ਆਜਾ। ਤੌ ਨ ਹੋਇ ਹੈ ਸ਼੍ਰਾਧ ਸਮਾਜਾ।ਭਲੀ ਬਾਤ ਰਹਿਯਹਿ ਭੁਨਸਾਰਾ । ਪਿਤ ਕੋ ਸ਼੍ਰਾਧ ਕਰਹੁ ਸਭਿ ਕਾਰਾ ॥ ੨੦ ॥ ਪੁਨ ਨੌਮੀ ਕੈ ਦਸਮੀ ਦਿਨ ਮਹਿ। ਕਰਹੁ ਆਪ ਜਿਮ ਬਾਂਛਹੁ ਮਨ ਮਹਿਂ–।ਚੌਨੀ[2]ਬਾਤ ਨੀਕ ਮਨ ਭਾਈ । ਸੌਜ ਸਮਾਵਨ ਕੀ ਉਠਿਵਾਈ ॥੨੧॥ ਰਹੇ ਸਪਤਮੀ ਦਿਵਸ ਬਿਤਾਯੋ । ਅਸ਼ਟਮਿ ਥਿਤੀ ਸ਼੍ਰਾਧ ਕਰਿਵਾਯੋ*।ਭੋਜਨ ਊਚ ਨੀਚ ਕੋ ਦਿਯੋ। ਮਹਾਂ ਜੱਗ ਸ੍ਰੀ ਨਾਨਕ ਕਿਯੋ ॥੨੨॥ ਪੁਨ ਨੌਮੀ ਕੋ ਦਿਨ ਭੀ ਰਹੇ। ਦਸਮੀ ਕੋ ਪ੍ਰਲੋਕ ਪ੍ਰਭੁ ਲਹੇ। ਜੋ ਬਾਬੇ ਨਾਨਕ ਕ੍ਰਿਤ ਕੀਨੀ। ਹਮ ਤੁਮ ਕੋ ਚਹਿਯਤਿ ਸੋ ਚੀਨੀ ॥ ੨੩ ॥ ਤਿਮ ਹੀ ਕਰਿਬੋ ਬਨਹਿ ਬਿਚਾਰੋ। ਤਿਸ ਮਹਿਂ ਤਰਕ ਨ ਤਨਕ ਉਚਾਰੋ'।ਸੁਨਿ ਸ੍ਰੀ ਗੋਬਿੰਦ ਸਿੰਘ ਪ੍ਰਮਾਨਾ[3]।

[1]ਭਾਵ ਇਹ ਸ਼ੰਕਾ ਅਜੇ ਤਕ ਹੈ ਤੁਹਾਨੂੰ ਕਿ। [2]ਭਾਵ ਮਾਤਾ ਸੁਲੱਖਣੀ ਜੀ ਦੀ । [3](ਸ੍ਰੀ ਗੁਰੂ ਨਾਨਕ ਦੇਵ ਜੀ ਦਾ) ਪ੍ਰਮਾਣ ।   *ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪ੍ਰਸੰਗ ਹਿੰਦਾਲੀਆਂ ਦਾ ਮਨਘੜਤ ਹੈ, ਪੁਰਾਤਨ ਜਨਮ ਸਾਖੀ ਵਿਚ ਨਹੀਂ ਹੈ। ਬਾਬੇ ਕਾਲੂ ਜੀ ਨੂੰ ਸ਼੍ਰਾਧ ਕਰਦਿਆਂ ਗੁਰੂ ਨਾਨਕ ਜੀ ਨੇ ਹੋੜਿਆ ਸੀ, ਫਿਰ ਆਪ ਕਦੋਂ ਸ਼੍ਰਾਧ ਕਰਵਾਉਂਦੇ ਸਨ। ਪਿਤ੍ਰਾਂ ਨਮਿੱਤ ਕੀਰਤਨ ਅਰਦਾਸ ਪਾਠ ਹੋਵੇ ਤਾਂ ਗੁਰੂ ਘਰ ਵਿਚ ਵਿਹਤ ਹੈ ਪਰ ਕੁਸ਼ਾ ਪਹਿਨਕੇ ਬ੍ਰਹਮਣਾਂ ਦੇ ਮਗਰ ਲੱਗਕੇ ਕਾਂ ਕੁੱਤੇ ਖਿਲਾਉਣੇ ਗੁਰਬਾਣੀ ਵਿਚ ਮਨ੍ਹੇ ਹਨ ।

ਯਥਾ:–'ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥' [ਮਾਝ ਵਾ. ਮ ੧

ਪੁਨਾ:–'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥' ਗਉ: ਕਬੀਰ ਜੀ

ਫਿਰ ਕੌਲ ਜੀ ਦਾ ਕੀਹ ਹੌਸਲਾ ਸੀ ਕਿ ਇਸ ਤਰ੍ਹਾਂ ਕਹਿੰਦਾ, ਤੇ ਅੱਗੋਂ ਸ੍ਰੀ ਗੁਰੂ ਜੀ ਆਪ ਜਰ ਲੈਂਦੇ।ਜ਼ਰਾ ਅਗੇ ਚਲਕੇ ਦੇਖੋ ਕੌਲ ਨੂੰ ਕੈਸਾ ਉਚੀਆਂਕਲਾਂ ਦਾ ਉੱਤਰ ਦੇਂਦੇ ਹਨ।

ਸਾਖੀਆਂ ਵਾਲੀ ਪੋਥੀ ਵਿਚ ਇਹ ਸਾਖੀ ਨਹੀਂ ਹੈ ।

ਮਾਨ ਲੀਨ ਮਨ ਪੁਨਹਿੰ ਬਖਾਨਾ ॥੨੪॥'ਗੁਰ ਕੋ ਬੰਸ ਬਡੋ ਜਗ ਮਾਂਹੀ।
ਚਹੀਅਹਿ ਰਖਨ ਮ੍ਰਿਜਾਦਾ ਤਾਂਹੀ॥ਤੁਮ ਕੋ ਹੇਰਿ ਅਪਰ ਨਰ ਕਰੈਂ। ਯਾਂਤੇ
ਬਡੇ ਮ੍ਰਿਜਾਦਾ ਧਰੈਂ' ॥ ੨੫ ॥ ਇੱਤਯਾਦਿਕ ਕਰਿ ਬਾਕ ਬਿਲਾਸਾ। ਡੇਰਾ
ਉਤਰਾਯੋ ਪ੍ਰਭੁ ਪਾਸਾ। ਬਹੁਰ ਅਨੰਦਪੁਰੇ ਕੋ ਜੋਗ। ਕਿਤਿਕ ਸੁਨਾਵਨ
ਕਰੇ ਪ੍ਰਸੰਗ ॥੨੬ ॥ ਸੇਵਾ ਸਭਿ ਸੋਢੀਨਿ ਕਰਾਈ। ਤ੍ਰਿਣ ਦਾਨਾ ਦੇ ਕਰਿ
ਸਮੁਦਾਈ। ਭਲੀ ਪ੍ਰਕਾਰ ਅਹਾਰ ਕਰਾਏ। ਬੈਠੇ ਬਹੁਰ ਪ੍ਰਸੰਗ ਚਲਾਏ ॥
੨੭ ॥ 'ਤੁਮ ਕੋ ਮਿਲਯੋ ਕਪੂਰਾ ਕੈ ਨਹਿਂ। ਸੇਵਾ ਕਰੀ ਕਿ ਨਹਿਂ ਸ਼ਰਧਾ
ਲਹਿ'। ਸੁਨਿ ਸ਼੍ਰੀ ਗੁਰ ਤਤਕਾਲ ਉਚਾਰੀ।'ਹਮਹੁ ਕਪੂਰੇ ਜੜ੍ਹਾਂ ਉਖਾਰੀ॥
੨੯ ॥ ਰਹਨ ਨ ਪਾਇ ਬਿਨਾਸੀ ਹੋਇ।ਬਾਕ ਨ ਮਾਨਯੋਂ ਮਹਿਮਾ ਜੋਇ'।
ਸੁਨਤਿ ਕੌਲ ਕੋ ਛੋਭ ਬਿਸਾਲਾ। ਨਿਜ ਸਿਖ ਲਖਿ ਬੋਲਯੋ ਤਤਕਾਲਾ ॥
੨੯॥ 'ਜਰਾਂ ਕਪੂਰੇ ਕੀ ਦਿਢ ਭਾਰੀ। ਹਮ ਨੈ ਰਾਖੀ ਪੇਟ ਮਝਾਰੀ। ਮੋਹਿ
ਪੇਟ ਕੋ ਪਾੜਹਿ ਜੋਇ। ਤਿਸਕੀ ਜੜ੍ਹਾਂ ਉਖਾਰੇ ਸੋਇ'॥੩੦॥ਸੁਨਤਿ ਸ਼ੀਘ੍ਰ
ਹੀ ਕੌਲ ਮਤੇ ਕੋ। ਸ਼੍ਰੀ ਗੁਰ ਉੱਤਰ ਦਯੋ ਪਤੇ ਕੋ।'ਪਾੜਹਿ ਜਬਿ ਹੂੰ ਪੇਟ
ਤੁਹਾਰੇ। ਤਬਿ ਤੁਮ ਹੀ ਤਿਹ ਜਰਾਂ ਉਖਾਰੋ॥੩੧॥ਜਿਸ ਰੱਛਾ ਹਿਤ ਜਤਨ
ਬਨਾਵਹੁ। ਤਿਸ ਕੋ ਨਾਸ਼ ਕਰਤਿ ਉਤਲਾਵਹੁ[1]'। ਸੁਨਤਿ ਕੌਲ ਸ੍ਰਾਪਹਿ
ਬਿਸਮਾਯੋ।-ਭਯੋ ਮੋਹਿ ਭੀ ਭਲੋ ਬਚਾਯੋ[2]-॥ ੩੨ ॥ ਨਹਿਂ ਸਨਮੁਖ
ਪੁਨ ਕਛੂ ਉਚਾਰਾ। ਭੀਮ ਸ੍ਰਾਪ ਤੇ ਡਰ ਉਰ ਧਾਰਾ॥ਸੋਚਤਿ ਗਯੋ ਆਪਨੇ
ਭਵਨੁ-ਬਾਕ ਨ ਮਿਟਹਿ ਬਨਹਿ ਬਿਧਿ ਕਵਨੁ ॥ ੩੩ ॥ ਮੋਹਿ ਪੇਟ ਕੋ
ਸੋ ਕਿਮ ਫਾਰਹਿ-। ਇੱਤਯਾਦਿਕ ਬਹੁ ਗਟੀ ਬਿਚਾਰਹਿ। ਸੁਪਤਿ ਜਥਾ
ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥ ੩੪ ॥ ਬਹੁਰ
ਕੌਲ ਪੋਸ਼ਿਸ਼ ਕਰਿ ਤਯਾਰੀ।ਸੂਖਮ ਸੇਤ ਬਸਤ੍ਰ ਮੁਲ ਭਾਰੀ।ਲੇ ਕਰਿ ਚਲਿ
ਆਯੋ ਚਿਤ ਚਿੰਤਾ। ਬੈਠਯੋ ਨਿਕਟਿ ਹੋਇ ਭਗਵੰਤਾ* ॥ ੩੫ ॥ ਅਰਪਨ
ਕਰੇ ਬਸਤ੍ਰ ਬਚ ਭਾਖੇ[3]। 'ਅਬਿ ਨੀਲਾਂਬਰੁ ਕੋ ਨਹਿਂ ਰਾਖੇ। ਬਿਸਦ
ਪਹਿਰ ਕਰਿ ਭਲੇ ਸੁਹਾਵੋ। ਪੁਰਬਲੀ ਰੀਤਿਨਿ ਬਿਸਰਾਵੋ' ॥ ੩੬ ॥ ਸ਼੍ਰੀ
ਮੁਖ ਬੋਲੇ'ਕਹਯੋ ਤੁਹਾਰੋ।ਹਮ ਨਹਿਂ ਪਲਟਤਿ[4]†ਰਿਦੇ ਬਿਚਾਰੋ'। ਲੇ ਕਰਿ

---

[1]ਛੇਤੀ ਨਾਸ਼ ਕਰੋਗੇ। [2]ਭਲਾ ਕਪੂਰੇ ਨੂੰ ਬਚਾਇਆ, (ਸਗੋਂ) ਮੈਨੂੰ ਵੀ (ਸ੍ਰਾਪ) ਹੋ ਗਿਆ।
[3]ਭਾਖਯੋ=ਕੌਲ ਨੇ ਬਚਨ ਕਹਿਆ। [4]ਨਹੀਂ ਹਟਾਂਵਦੇ।

*ਇਹ ਚੌਪਈ ਬਹੁਤੇ ਨੁਸਖਿਆਂ ਵਿਚ ਨਹੀਂ ਹੈ। †ਪਾঃ-ਮੇਟਤਿ।

ਪਹਿਰੇ ਸਰਬ ਸਰੀਰ । ਕਰੇ ਉਤਾਰਨਿ ਨੀਲੇ ਚੀਰ* ॥੩੭॥ ਬੈਠੇ ਬਹੁਰ ਤਿਸੀ ਅਸਥਾਨ।ਕੇਤਿਕ ਸਿੱਖਨਿ ਲਗਜੋ ਦਿਵਾਨ।ਕੌਲ ਪੁੱਤ੍ਰ ਪੋਤੇ ਜੁਤਿ ਸਬੈ।ਪੁਰਿ ਜਨ ਗਨ ਅਵਿਲੋਕਹਿਂ ਤਬੈ॥੩੮॥ ਜੂਲਤਿ ਅੰਗੀਠਾ ਅਗਨਿ ਅਗਾਰੀ । ਨੀਲਾਂਬਰ ਲੇ ਹਾਥ ਮਝਾਰੀ। ਲੀਰ ਪਾੜ ਕਰਿ ਤਿਸ ਤੇ ਸਤਿ-ਗੁਰ। ਸ੍ਰੀ ਮੁਖ ਤੇ ਤੁਕ ਏਵ ਉਚਰਿ ਕਰਿ ॥੩੯॥ ਛੰਦ॥ 'ਨੀਲ ਬਸਤ੍ਰ ਲੇ ਕਪੜੇ ਫਾੜੇ ਤੁਰਕ ਪਠਾਣੀ ਅਮਲ ਗਇਆ'। ਪਠਿ ਕਰਿ ਤਤਛਿਨ ਲੀਰ ਜੁ ਕਰ ਮਹਿਂ ਅਗਨਿ ਬਿਖੈ ਪਟ ਡਾਰਿ ਦਯਾ । ਪੁਨਹਿ ਪਾੜ ਕਰਿ ਤਿਮਹੀ ਪਠਿ ਕਰਿ ਪਾਵਕ ਪਾਵਤਿ ਛਾਰ ਕਇਆ।ਚੀਰਤਿ ਚੀਰ ਕਰਤਿ ਲਘੁ ਲਘੁ ਕੋ ਅਚਰਜ ਸਭਿ ਕੇ ਰਿਦੇ ਭੁਇਆ ॥ ੪੦ ॥ ਸੁਨਤਿ ਬਚਨ ਅਰੁ ਕ੍ਰਿਆ ਬਿਲੋਕਤਿ ਉਰ ਸੰਸੈ ਜੁਤਿ ਕੌਲ ਭੁਇਆ।ਬਿੱਪ੍ਰੈ ਤੁਕਕੋ ਪਠਿ ਪਠਿ ਸ੍ਰੀ ਮੁਖ ਪਾਰਿ ਪਾਰਿ ਪਟ ਜਾਰ ਦਇਆ।ਸਗਲੋ ਫੂਕ ਚੁਕੇ ਨੀਲਾਂ-ਬਰ ਤਨਕ ਤਿਸੀ ਤੇ ਰਾਖ ਲਇਆ। ਜਮਧਰ ਸੰਗ ਬੰਧਿ ਕਰਿ ਸੋਊ ਪੰਥ ਬੇਖ ਹਿਤ ਸਭਿ ਨ ਛਇਆ[1] ॥ ੪੧ ॥ ਚੌਪਈ ॥ ਕਹਤਿ ਕੌਲ 'ਮਮ ਉਰ ਸੰਦੇਹੂ । ਬਿੱਪ੍ਰੈ ਪਠੀ ਆਪ ਤੁਕ ਏਹੂ। ਸ੍ਰੀ ਨਾਨਕ ਕੋ ਬਾਕ ਅਮੇਟ।ਕੋਇ ਨ ਮੋਰਹਿ ਮਹਾਂ ਸੰਹੇਟ[2]† ॥ ੪੨॥ ਬਿੱਪ੍ਰੈ ਪਠੇ ਚਾਰਹੂੰ ਬਰਣ[3] । ਸ੍ਰੀ ਹਰਿ

[1]ਸਾਰਾ(ਕਪੜਾ)ਨਾਸ਼ ਨਾਂ ਕੀਤਾ [2]ਔਖੀ ਗਲ,ਅਮੁੜ ਗਲ। [3]ਚਾਰ ਅੱਖਰ। †ਪਾਃ-ਸਮੇਟ,ਅਮੇਟ।

*ਪਿੱਛੇ ਰੁਤ ੬ ਅੰਸੂ ੫੪ ਅੰਕ ੩੭ ਵਿਚ ਨੀਲੇ ਕਪੜੇ ਗੁਰੂ ਜੀ ਉਤਾਰ ਚੁਕੇ ਹਨ, ਦੂਜੀ ਵੇਰਾਂ ਫੇਰ ਨੀਲੇ ਪਹਿਰ ਲੈਣ ਦਾ ਜ਼ਿਕਰ ਨਹੀਂ ਆਇਆ। ਹੁਣ ਨੀਲੇ ਉਤਾਰਨ ਦੀ ਦੁਬਾਰਾ ਕਥਾ ਆਈ ਹੈ, ਦੋਹਾਂ ਦਾ ਠੀਕ ਹੋਣਾ ਸੰਸੇ ਵਾਲੀ ਗੱਲ ਹੈ। ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰ ਬਿਲਾਸ ਵਿਚ ਨੀਲੇ ਉਤਾਰਨ ਵਾਲੀ ਸਾਖੀ ਕਿਸੇ ਇਕ ਥਾਂ ਦੀ ਬੀ ਨਹੀਂ ਹੈ।

ਵਿਸ਼ੇਸ਼ ਖੋਜ ਕੀਤੀ ਤਾਂ 'ਸਾਖੀਆਂ ਵਾਲੀ ਪੋਥੀ' ਵਿਚ ਨੀਲੇ ਉਤਾਰਨ ਦੀ ਸਾਖੀ ਨਹੀਂ ਆਈ, ਓਹ ਅਰੰਭ ਹੀ ਦੀਨੇ ਕੂਚ ਤੋਂ ਹੁੰਦੀ ਹੈ ਤੇ 'ਸੋਢੀ ਕੌਲ ਪਾਸ ਜਾਕੇ ਨੀਲੇ ਉਤਾਰਨ' ਵਾਲੀ ਸਾਖੀ ਬੀ ਨਹੀਂ ਹੈ। ਸੁਖੂ ਦੁੱਧੂ ਯਾ ਪੱਦੂ) ਦੀ ਸਾਖੀ (ਜੋ ਅੱਗੇ ਚੱਲਕੇ ਅੰਸੂ ੧੮ ਵਿਚ ਆਵੇਗੀ) ਵਿਚ (ਸਾਖੀ ਪੋਥੀ ਵਿਚ ਜ਼ਿਕਰ ਆਯਾ ਹੈ ਕਿ ਉਹਨਾਂ ਨੇ ਬੇਨਤੀ ਕੀਤੀ ਕਿ ਸਾਨੂੰ ਮਾਛੀਵਾੜੇ ਵਾਲਾ ਸਾਂਗ ਦਿਖਾਓ, ਤਾਂ ਫੇਰ ਨੀਲੇ ਪਹਿਰੇ ਜਿਸ ਤੋਂ ਪਤਾ ਲੱਗਾ ਕਿ ਨੀਲੇ ਉਤਾਰ ਚੁਕੇ ਹੋਏ ਸਨ। ਤਦੋਂ ਬਾਜਕ ਗ੍ਰਾਮ ਡੇਰਾ ਸੀ, ਸੋਢੀਆਂ ਨੇ ਟਹਿਲ ਕੀਤੀ, ਰਾਤ ਰਹੇ ਰੋਹੀ ਵਿਚ। ਫੇਰ ਜੱਸੀ ਆਕੇ ਘੋੜੇ ਸਣੇ ਤਲਾ ਵਿਚ ਵੜ ਗਏ, ਘੋੜਾ ਵੀ ਚਿਟਾ ਹੋ ਗਿਆ, ਗੁਰੂ ਕੇ ਨੀਲੇ ਬਸਤ੍ਰ ਬੀ ਚਿਟੇ ਹੋ ਗਏ ਪਰ ਘੋੜੇ ਦਾ ਸਿਰ ਮੁਸ਼ਕੀ ਰਿਹਾ ਤੇ ਆਪਣੀ ਦਸਤਾਰ ਸੁਰਮਈ ਰਹੀ। ਇਸ ਤੋਂ ਸਮਝ ਪਈ ਕਿ ਦੂਜੀ ਵੇਰ ਜੋ ਨੀਲੇ ਪਹਿਰੇ ਸਨ ਸੁੱਖੂ ਆਦਿਕਾਂ ਨੂੰ ਦੱਸਣ ਲਈ ਪਹਿਰੇ ਸਨ। ਸਾਖੀ ਪੋਥੀ ਦੱਸਦੀ ਹੈ, ਕਿ ਬਾਜਕ ਯਾ ਅਗਲੀ ਰੋਹੀ ਵਿਚ ਸੋਢੀਆਂ ਨੇ ਟਹਿਲ ਕੀਤੀ ਪਰ ਨੀਲੇ ਉਤਾਰਨ ਦੀ ਕਿਸੇ ਸੋਢੀ ਵਲੋਂ ਯਾਚਨਾ ਦਾ ਜ਼ਿਕਰ

[ਬਾਕੀ ਨੂਟ ਦੇਖੋ ਅਗਲੇ ਪੰਨੇ ਦੇ ਹੇਠ]

ਰਾਇ ਸੁਨੇ ਜਬਿ ਕਰਣਾ।ਰਾਮਰਾਇ ਕੋ ਤ੍ਯਾਗਯੋ ਐਸੇ। ਨਿਜ ਮੁਖ ਲਗਨ
ਨ ਦੀਨਸਿ ਕੈਸੇ ॥ ੪੩ ॥ ਨਹਿਂ ਬੈਠਾਇਸਿ ਗੁਰਤਾ ਗਾਦੀ। ਸ਼੍ਰੀ ਹਰਿ-
ਕ੍ਰਿਸ਼ਨ ਭਏ ਅਹਿਲਾਦੀ।ਤੁਮ ਨੇ ਸਗਰੀ ਤੁਕ ਉਲਟਾਈ। ਇਮ ਅਨੁ-
ਚਿਤ ਹਮ ਸਹਿ ਨ ਸਕਾਈ' ॥੪੪॥ ਸੁਨਿ ਕਰਿ ਕ੍ਰਿਪਾ ਨਿਧਾਨ ਬਖਾਨਾ।
'ਰਾਮਰਾਇ ਕਹਿਬੋ ਜਗ ਜਾਨਾ। ਕਰਨ ਤੁਰਕੜੇ ਹੇਤੁ ਖੁਸ਼ਾਮਦ। ਹਰ-
ਖਾਵਨ ਜਿਸ ਤੇ ਬਹੁ ਆਮਦ॥੪੫॥ਸਤਿਗੁਰ ਕੀ ਤੁਕ ਤਿਨ ਉਲਟਾਈ।
ਭਈ ਸਜ਼ਾਇ ਨ ਗੁਰਤਾ ਪਾਈ। ਹਮ ਤੌ ਇਸ ਤੁਕ ਹਿਤ ਉਲਟਾ-

---

[ਪਿਛਲੇ ਪੰਨੇ ਦੀ ਟੂਕ ਦੀ ਬਾਕੀ] ਨਹੀਂ ਕੀਤਾ। ਸਗੋਂ ਅਗਲੇ ਦਿਨ ਸਰ ਵਿਚ ਵੜੇ ਤੇ ਕਪੜੇ ਚਿੱਟੇ ਹੋ ਗਏ, ਸਪਸ਼ਟ ਹੈ ਕਿ ਉਸ ਵਕਤ ਤਕ ਦੂਜੀ ਵੇਰ ਵਾਲੇ ਨੀਲੇ ਪਹਿਨੇ ਹੋਏ ਸਨ। ਸਰ ਤੋਂ ਬਾਹਰ ਆਕੇ, ਸਾਖੀ ਪੋਥੀ ਦੱਸਦੀ ਹੈ, ਕਿ ਆਪੇ ਆਪ ਨੇ ਪੁਸ਼ਾਕਾ ਬਦਲ ਲਿਆ। ਗੋਯਾ ਇਸ ਪੋਥੀ ਮੂਜਬ ਪਹਿਲੇ ਨੀਲੇ ਦੋਰ ਦੇ ਲਹਿ ਚੁਕੇ ਹੋਏ ਸਨ।

ਇਸ ਤੋਂ ਸੰਭਾਵਨਾ ਇਹ ਹੁੰਦੀ ਹੈ, ਕਿ ਬਸਤ੍ਰ ਹੁਣ ਚਿੱਟੇ ਸਨ। ਗੁ: ਪ੍ਰ: ਸੂ: ਵਿਚ ਸੁੱਖੂ ਬੁੱਧੂ ਦੀ ਸਾਖੀ ਕੌਲ ਵਾਲੀ ਸਾਖੀ ਤੋਂ ਦੂਰ ਮਗਰੋਂ ਆਉਂਦੀ ਹੈ ਤੇ ਓਥੇ ਮੁੜ ਨੀਲੇ ਪਹਿਰਨ ਦਾ ਜ਼ਿਕਰ ਨਹੀਂ ਆਉਂਦਾ (ਦੇਖੋ ਪੰਨਾ ੬੦੭੦)। ਕਵੀ ਸੰਤੋਖ ਸਿੰਘ ਜੀ ਨੇ ਦੋ ਵੇਰੀ ਨੀਲੇ ਕਪੜੇ ਲਹਿ ਚੁਕੇ ਦੱਸੇ ਹਨ ਬਿਨਾਂ ਇਹ ਗਲ ਦੱਸੇ ਦੇ ਕਿ ਮੁੜ ਕਿਸ ਵੇ ਕਹੇ ਨੀਲੇ ਪਹਿਨੇ। ਪਰ ਜੱਸੀ ਆਕੇ ਇਸ਼ਨਾਨ ਬਾਦ ਕਵਿ ਜੀ ਦੱਸਦੇ ਹਨ ਕਿ ਰੰਗਦਾਰ ਪੋਸ਼ਿਸ਼ ਚਿੱਟੀ ਹੋ ਗਈ ਤੇ ਦਸਤਾਰ ਸੁਰਮਈ ਰਹੀ। ਇਸ ਕਰਕੇ ਨੀਲੇ ਕਪੜੇ ਦੀਨੇ ਲੱਥੇ ਕਿ ਸੋਢੀ ਕੌਲ ਕੋਲ ਆਕੇ ਲੱਥੇ ਇਹ ਗਲ ਨਿਰਨੇ ਇਸਤੋਂ ਬੀ ਨਾ ਹੋਈ।ਹਾਂ ਦੂਹਾਂ ਮੌਕਿਆਂ ਤੋਂ ਮਗਰੋਂ ਜਾਕੇ ਦੁਬਾਰਾ ਪਹਿਨਣ ਤੋਂ ਸਰ ਵਿਚ ਚਿੱਟੇ ਹੋ ਜਾਣ ਦੀ ਇਕ ਹੋਰ ਕਥਾ ਮਿਲ ਗਈ।

ਤ੍ਵਾ: ਖਾ: ਨੇ ਦੀਨੇ ਦੇ ਪ੍ਰਸੰਗ ਵਿਚ ਲਿਖਿਆ ਹੈ ਕਿ ਭਾਈ ਧਰਮ ਸਿੰਘ ਪਰਮ ਸਿੰਘ ਦੇ ਨੀਲੇ ਉਤਾਰ ਚਿੱਟੇ ਪਹਿਨਣੇ ਦੀ ਬੇਨਤੀ ਕਰਨੇ ਪਰ ਗੁਰੂ ਜੀ ਨੇ ਜਵਾਬ ਦਿਤਾ 'ਇਨ੍ਹਾਂ ਦੇ ਉਤਾਰਨ ਦਾ ਸਮਾ ਬੀ ਹੁਣ ਆਉਣ ਵਾਲਾ ਹੈ'। ਫੇਰ ਢਿੱਲਵਾਂ ਦੀ ਕਥਾ ਵਿਚ ਸੋਢੀ ਕੌਲ ਦੇ ਕਹਿਣੇ ਪਰ ਨੀਲੇ ਉਤਾਰੇ,ਸਾੜੇ ਤੇ ਚਿੱਟੇ ਪਹਿਨਣ ਦਾ ਜ਼ਿਕਰ ਕੀਤਾ ਹੈ। ਵਿਸ਼ੇਸ਼ ਵਾਰਤਾ 'ਇਹ ਬੀ ਲਿਖੀ ਹੈ ਕਿ ਜਦ ਨੀਲੇ ਬਾਣੇ ਦੀ 'ਇਕ ਲੀਰ ਰਹਿ ਗਈ ਤਾਂ ਭਾਈ ਮਾਨ ਸਿੰਘ ਨੇ ਉਹ ਲੀਰ ਗੁਰੂ ਸਾਹਿਬਾਂ ਪਾਸੋਂ ਮੰਗਕੇ ਆਪਣੇ ਸੀਸ ਤੇ ਬੰਨ੍ਹ ਲਈ'। ਇਸ ਪਰ ਕਲਗੀਧਰ ਜੀ ਨੇ ਵਰ ਦਿਤਾ ਕਿ ਤੇਰੀ ਨੀਲੇ ਬਸਤ੍ਰਾਂ ਵਾਲੀ ਸੰਪ੍ਰਦਾ ਟੁਰੇਗੀ। 'ਸੋ ਨਿਹੰਗ ਸਿੰਘ ਉਥੋਂ ਹੀ ਆਪਣੇ ਪੰਥ ਦਾ ਪ੍ਰਵਿਰਤ ਹੋਣਾ ਦੱਸਦੇ ਹਨ'। ਇਸ ਪ੍ਰਸੰਗ ਤੋਂ ਮਗਰੋਂ ਜੱਸੀ ਦੇ ਪ੍ਰਸੰਗ ਵਿਚ ਸੁੱਖੂ ਬੁੱਧੂ ਵਲੋਂ ਯਾਚਨਾ ਹੋਣ ਤੇ ਮੁੜ ਨੀਲੇ ਪਹਿਨਣੇ ਤੇ ਸ੍ਰੋਤਸਰ ਵਿਚ ਜਾਕੇ ਚਿੱਟੇ ਹੋ ਜਾਣੇ ਦੀ ਕਥਾ ਬੀ ਤ੍ਵਾ: ਖਾ: ਵਿਚ ਆਈ ਹੈ, ਪਰ ਇਹ ਵੇਰਵਾ ਓਥੇ ਨਹੀਂ ਦੱਸਿਆ ਕਿ ਨੀਲੇ ਕਪੜੇ ਮੁੜ ਸੁਆਏ,ਮੁੜ ਰੰਗਾਏ ਤੇ ਪਹਿਨੇ, ਕਿਉਂਕਿ ਮਾਛੀਵਾੜੇ ਵਾਲੇ ਨੀਲੇ ਕਪੜੇ ਤਾਂ ਤ੍ਵਾ: ਖਾ: ਦੇ ਲੇਖਕ ਜੀ ਪਿਛੇ ਦੱਸ ਆਏ ਹਨ ਕਿ ਸੋਢੀ ਕੌਲ ਦੇ ਕਹੇ ਢਿੱਲਵਾਂ ਵਿਚ ਉਤਾਰ ਕੇ ਸਾੜ ਦਿਤੇ ਸਨ ਤੇ ਉਸ ਦੀ ਯਾਦਗਾਰ ਦਾ ਇਕ ਟੁਕੜਾ ਮਾਤ੍ਰ ਸ੍ਰੀ ਮਾਨ ਸਿੰਘ ਜੀ ਪਿਆਰੇ ਜੋਗ ਤਦੋਂ ਹੀ ਬਖਸ਼ਿਆ ਗਿਆ ਸੀ।

ਵਨ। ਸਕਲ ਸਮਿੱਗ੍ਰੀ ਕੀਨਿ ਲੁਟਾਵਨ ॥੪੬॥ ਚਾਰਹੁੰ ਪੂਤ ਦਿਏ ਇਸ ਕਾਜੂ। ਕੌਨ ਗਿਨੈ ਸਭਿ ਸਦਨ ਸਮਾਜੂ। ਨਾਸ਼ ਕਰਯੋ ਸਰਬੰਸ ਸਮੇਤੇ। ਅਬਿ ਭੀ ਨਹਿਂ ਉਲਟਾਵਨਿ ਦੇਤੇ ॥੪੭॥ ਸ੍ਰੀ ਬਾਬਾ ਨਾਨਕ ਬਚ ਭਾਖਾ। ਭਯੋ ਬਿਦਤ ਜਗ ਮਹਿਂ ਸਭਿ ਲਾਖਾ[1]।ਮੁਗ਼ਲ ਪਠਾਨ ਰਾਜ ਕਲਿ ਕਾਲਾ। ਸਭਿ ਅਵਨੀ ਮਹਿਂ ਤੇਜ ਬਿਸਾਲਾ ॥ ੪੮ ॥ ਕਹਯੋ ਬਾਕ ਤਿਨ ਕੋ ਅਬਿ ਫੇਰਾ। ਜਿਸ ਤੇ ਤੁਰਕਨਿ ਮੂਲ ਉਖੇਰਾ। ਰਾਖੀ ਹਿੰਦੁਨ ਕੀ ਬਡਿਆਈ। ਭਯੋ ਧਰਮ ਥਿਰ ਕਯੋਂਹੁ ਨ ਜਾਈ ॥ ੪੯ ॥ ਪੰਥ ਖਾਲਸਾ ਉਤਪਤਿ ਹੋਵਾ। ਤੁਰਕ ਪ੍ਰਤਾਪ ਉਲਟ ਬਚ ਖੋਵਾ[2]। ਇਹ ਤੁਮ ਕਹਹੁ ਭਲੀ ਕੈ ਬੁਰੀ'। ਸੁਨਤਿ ਕੌਲ ਤਬਿ ਤੂਸ਼ਨ ਧਰੀ ॥ ੫੦ ॥ ਪਰ ਪੂਰਬ[3] ਸਭਿ ਰਿਦੈ ਬਿਚਾਰਯੋ।–ਇਨਹੁ ਜਥਾਰਥ ਬਾਕ ਉਚਾਰਯੋ। ਪਰ ਉਪਕਾਰ ਹੇਤੁ ਕ੍ਰਿਤ ਐਸੇ। ਕੌਨ ਸਹੈ ਸੰਕਟ ਇਮ ਕੈਸੇ ॥੫੧॥ ਸਭਿ ਸੁਤ ਹਤਨਿ ਸਮਾਜ ਲੁਟਾਵਨ। ਕੌਨ ਕਰੈ ਏਤੋ ਦੁਖ ਪਾਵਨ। ਇਹ ਬਰ ਬੀਰ ਧੀਰ ਬਡ ਧਾਰੀ। ਦੇ ਸਰਬੰਸ ਪ੍ਰੀਤ ਨਹਿ ਹਾਰੀ ॥ ੫੨ ॥ ਤੁਰਕ ਤੋਮ[4] ਕੀ ਜਰਾਂ ਉਖਾਰੀ। ਜਿਨ ਪਤਿਸ਼ਾਹਤਿ ਜਗਤ ਸੰਭਾਰੀ। ਇਨ ਕੀ ਕ੍ਰਿਤ ਸੁ ਇਨਹੂੰ ਬਨੈ। ਧੰਨ ਹੋਨਿ ਜਗ ਮਹਿਂ ਇਨ ਭਨੈ*[5]–॥ ੫੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਕੌਲ ਸੇਵੀ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥ ੫ ॥

---

[1]ਸਭਨਾਂ ਨੇ ਜਾਣਿਆ ਹੈ। [2]ਤੁਰਕਾਂ ਦੇ ਪ੍ਰਤਾਪ ਨੂੰ ਖੋ ਦੇਣ ਲਈ ਬਚਨ ਉਲਟਾਇਆ ਹੈ। [3]ਪੂਰਬ ਅਪਰ=ਅਗਲਾ ਪਿਛਲਾ (ਹਾਲ)। [4]ਸਮੂਹ। [5]ਇਨ੍ਹਾਂ ਦਾ ਹੋਣਾ ਜਗਤ ਵਿਚ ਧੰਨ ਹੈ (ਇਉਂ ਕੌਲ ਨੇ) ਕਿਹਾ।

*ਰਾਮਰਾਇ ਜੀ ਗੁਰੂ ਨਹੀਂ ਸਨ ਤੇ ਉਹਨਾਂ ਨੇ ਤੁਕ ਉਲਟਾਈ ਸੀ, ਫਿਰ ਤੁਕ ਖੁਸ਼ਾਮਦ ਦੇ ਪਿੱਛੇ ਉਲਟਾਈ ਸੀ। ਗੁਰੂ ਗੋਬਿੰਦ ਸਿੰਘ ਜੀ ਆਪ ਦਸਮੇਂ ਗੁਰੂ ਨਾਨਕ ਹਨ। ਫਿਰ ਆਪ ਨੇ ਤੁਕ ਉਲਟਾਈ ਨਹੀਂ, ਪਹਿਲੇ ਜਾਮੇ ਦੱਸਿਆ ਕਿ ਹੁਣ ਤੁਰਕਾਂ ਦਾ ਰਾਜ ਹੋਇਆ ਹੈ=ਤੁਰਕ ਪਠਾਣੀ ਅਮਲ ਕੀਆ। ਤੇ ਹੁਣ ਦੱਸਦੇ ਹਨ ਕਿ ਤੁਰਕ ਪਠਾਣੀ ਅਮਲ ਗਿਆ, ਕਿ ਓਹ ਰਾਜ ਹੁਣ ਸਮਾਪਤ ਹੈ। ਸੋ ਦਾਤੇ ਨੇ ਦੋਹਾਂ ਤੁਕਾਂ ਵਿਚ ਇਕ ਘਟਨਾ ਦਾ ਆਦਿ ਅੰਤ ਦੱਸਿਆ ਹੈ। ਫਿਰ ਤੁਕ ਪੜ੍ਹੀ ਮਾਰੂ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਹੀਂ ਬਦਲੀ। ਇਹ ਅਹੱਲ ਹੁਕਮ ਪੱਕਾ ਕਰ ਦਿਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਅੱਖਰ ਲਗ ਮਾਤ੍ਰਾ ਘੱਟ ਵੱਧ ਨਾਂ ਕਰ ਸਕੇ। ਫੇਰ ਆਪ ਗੁਰੂ ਨਾਨਕ ਹੋਕੇ ਇਕ ਹੋਣੀ ਦਾ ਆਦਿ ਅੰਤ ਦੱਸਕੇ ਕਹਿੰਦੇ ਹਨ ਕਿ ਕਿੰਨੀਆਂ ਕੁਰਬਾਨੀਆਂ ਦਿਤੀਆਂ ਹਨ, ਤੇ ਇਸ ਇਤਿਹਾਸਕ ਖੋਜ ਦੀ ਬੀ ਲੋੜ ਹੈ ਕਿ ਨੀਲੇ ਕਪੜੇ ਏਥੇ ਉਤਾਰੇ ਹਨ ਕਿ ਧਰਮ ਸਿੰਘ ਧਰਮ ਸਿੰਘ ਦੇ ਘਰ ਉਤਾਰ ਆਏ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਪ੍ਰਸੰਗ ਨਹੀਂ ਹੈ।

## ੬. [ਗ੍ਰਾਮ ਕੋਠਾ, ਮਲੂਕਾ । ਇਕ ਦਿਵਾਨੇ ਦਾ ਨਿਸਤਾਰੋ]।

ਦੋਹਰਾ ॥ ਕੇਤਿਕ ਵਸਤੂ ਸੰਗ ਗੁਰ[1] ਟੌਲ ਧਾਮ ਧਰਿਵਾਇ। ਕਰਯੋ ਕੂਚ ਡੇਰਾ ਤਬੈ, ਚਢੇ ਸਿੰਘ ਸਮੁਦਾਇ ॥੧॥ ਚੌਪਈ॥ਸਹਿਜ ਸੁਭਾਇਕ ਬਿਚਰਤਿ ਚਲੇ। ਕਹੂੰ ਅਖੇਰ ਖੇਲਤੇ ਭਲੇ।ਕਰਤਿ ਕੁਵਾਇਦ ਸ਼ਸਤ੍ਰਨਿ ਕੇਰੀ। ਸਨੇ ਸਨੇ ਗਮਨੈ ਕਿਸ ਬੇਰੀ ॥ ੨ ॥ *ਕਿਤਿਕ ਕੋਸ ਚਲਿ ਗ੍ਰਾਮਿਕਿ ਆਯੋ।ਪਿਖਿ ਬੈਰਾੜ ਸੰਗ ਫੁਰਮਾਯੋ'ਕਹਾ ਗ੍ਰਾਮ ਕੋ ਨਾਮ ਬਖਾਨੋਂ? । ਤੁਮ ਇਤ ਰਹਹੁ ਭੇਦ ਸਭਿ ਜਾਨੋ' ॥ ੩ ॥ ਤਬਿ ਬੈਰਾੜ ਕਹਯੋ 'ਕੀ ਗ੍ਰਾਮੂੰ[3] । ਚਾਰਿਕ ਝੂੰਗੀ ਕੇ ਬਸਿ ਧਾਮੂੰ। ਕਹਾਂ ਨਾਮ ਇਸ ਕੋ ਕੁਛ ਹੋਇ। ਕੋ ਸੁਨਿ ਕਹਾਂ ਬਖਾਨੈ ਕੋਇ[4]'॥੪॥ਸ੍ਰੀ ਮੁਖ ਕਹਯੋ'ਨ ਕਹੁ ਇਸ ਰੀਤਿ। ਕਿਤਿਕ ਸਮਾ ਜਬਿ ਹੋਇ ਬਿਤੀਤ। ਬਸਹਿ ਗ੍ਰਾਮ ਦੀਰਘ ਇਸ ਥਾਨ। ਉਪਜਹਿਂ ਸਿੰਘ ਸੁ ਬੀਰ ਮਹਾਨ' ॥ ੫ ॥ ਆਗੈ ਥਲ ਉਤੰਗ ਇਕ ਆਯੋ। ਤਹਾਂ ਅਰੂਢਿ ਤੁਰੰਗ ਟਿਕਾਯੋ।ਤੀਛਨ ਤੀਰ ਨਿਖੰਗ ਨਿਕਾਰੇ। ਸੰਧਿ ਕੁਦੰਡ[5] ਲੱਛ ਪਿਖਿ ਮਾਰੇ॥੬॥ ਕੇਤਿਕ ਬਾਨ ਚਲਾਵਨਿ ਕਰੇ। ਆਇ ਗ੍ਰਾਮ ਢਿਗ ਸਤਿਗੁਰ ਥਿਰੇ। ਏਕ ਰਾਤਿ ਬਸਿ ਚਢੇ ਅਖੇਰ।ਇਤ ਉਤ ਬਿਚਰੇ ਹਤਿ ਮ੍ਰਿਗ ਘੇਰਿ॥੭ ॥ *ਕੋਠਾ ਅਪਰ ਮਲੂਕਾ ਗ੍ਰਾਮੂ। ਬਿਚ ਦੋਨਹੁੰ ਕੇ ਕੀਨਿ ਮੁਕਾਮੂ। ਸੁੰਦਰ ਤੰਬੂ ਦਿਯੋ ਲਗਾਇ। ਉਤਰੇ ਸਿੰਘ ਚਹੂੰ ਦਿਸ਼ਿ ਆਇ। ਖਾਨ ਪਾਨ ਕਰਿ ਨਿਸ ਬਿਸਰਾਮੇ।ਜਾਗ੍ਰਤਿ ਭਏ ਰਹੀ ਜਬਿ ਜਾਮੇ॥੮॥ਸੌਚ ਸ਼ਨਾਨ ਠਾਨਿ ਕਰਿ ਥਿਰੇ। ਨਿਜ ਸਰੂਪ ਮਹਿਂ ਥਿਰਤਾ ਧਰੇ। ਅੰਮ੍ਰਿਤ ਵੇਲਾ ਚਾਰ ਘਰੀ ਜਬਿ।ਇਕ ਦਿਵਾਨਾ ਆਵਤਿ ਭਾ ਤਬਿ ॥੯॥ ਸਿਰ ਮੁਖ ਸਗਰੋ ਮੂੰਡਨ ਕਰਯੋ। ਤੰਬੂ ਨਿਕਟ ਆਨਿ ਕਰਿ ਖਰਯੋ। ਹੇਤੁ ਸੁਚੇਤੀ ਸਿੰਘ ਸ਼ਸਤ੍ਰ ਗਹਿ। ਖਰੋ ਹੁਤੋ ਤਿਹ ਸੰਗ ਬਾਕ ਕਹਿ ॥ ੧੦ ॥ 'ਗੁਰ ਕੇ ਨਿਕਟ ਅਬੈ ਮੈਂ ਜਾਊਂ। ਰਿਦੇ ਲਾਲਸਾ ਦਰਸ਼ਨ ਪਾਊਂ'। ਕਹਯੋ ਸਿੰਘ ਨੇ 'ਅਬਿ ਨਹਿਂ ਸਮੋ। ਦਿਵਸ ਚਢੇ ਪਿਖਿ ਕੀਜੈ ਨਮੋ' ॥ ੧੧ ॥ ਕਹੈ ਦਿਵਾਨਾ'ਮੈਂ ਅਬਿ ਜੈ ਹੌਂ।ਤੇਰੇ ਕਹੇ ਨਹੀਂ ਠਹਿਰੈ ਹੌਂ।ਸਭਿ ਕੇ ਸਾਂਝੇ ਸਤਿ-ਗੁਰ ਅਹੈਂ। ਤੂੰ ਮੁਝ ਕ੍ਰਤੋ ਹਟਾਯੋ ਚਹੈਂ ?' ॥੧੨॥ ਬਹੁਰ ਸਿੰਘ ਨੇ ਬਰ-ਜਨ ਕਰਯੋ। 'ਅਪਨੇ ਰੰਗ ਬਿਖੈ ਗੁਰ ਥਿਰਯੋ। ਕਯੋਂ† ਮੂਰਖ ਮਤਿ ਕਰਿ ਹਠ ਗਹੈਂ?ਹਟਿ ਅਬਿ ਜਾਹੁ ਭਲਾ ਜੇ ਚਹੈਂ ॥੧੩ ॥ ਕਰੈਂ ਢੀਠਤਾ ਖੈ ਹੈਂ

---

[1]ਗੁਰੂ ਜੀ ਨੇ ਅਪਣੇ ਨਾਲ ਦੀਆਂ ਗਿਣੀਆਂ ਵਸਤਾਂ। [2]ਇਕ ਪਿੰਡ। [3]ਪਿੰਡ ਕੀਹ ਹੈ। [4]ਭਾਵ ਕੀ ਕੋਈ ਸੁਣੇ ਤੇ ਕੀ ਕੋਈ ਆਖੇ। [5]ਧਨੁਖ ਵਿਚ ਜੋੜਕੇ।

*ਇਹ ਦੋਵੇਂ ਪ੍ਰਸੰਗ ਸਾਖੀ ਪੋਥੀ ਵਿਚ ਹੈਨ। †ਪਾ:-ਕਹਯੋ।

ਮਾਰ। ਕਹ੍ਯੋ ਨ ਸਮਝੈਂ ਮੰਦ ਗਵਾਰ !'। ਸੁਨਤਿ ਦਿਵਾਨੇ ਕ੍ਰੋਧ ਵਧਾਯੋ। ਮੂਸਲ ਮਾਰਨ ਹੇਤੁ ਉਠਾਯੋ ॥੧੪॥ 'ਮੋਕਹੁ ਕੌਨ ਹਟਾਵਨ ਹਾਰੋ। ਬਰਜਹਿ,ਮੂਸਲ ਖੈ ਹੈ ਭਾਰੋ'।ਇਮ ਕਹਿ ਤੰਬੂ ਦਿਸ਼ਿ ਚਲਿ ਪਰ੍ਯੋ। ਕਹੈ ਸਿੰਘ 'ਤੂੰ ਹਟਿ ਰਹੁ ਖਰ੍ਯੋ' ॥੧੫॥ਆਗੈ ਹੋਇ ਸੁ ਲਗ੍ਯੋ ਹਟਾਵਨ। ਤਬਿ ਤਿਨ ਮੂਸਲ ਕੀਨਿ ਉਠਾਵਨ। ਮਾਰਨ ਲਾਗ੍ਯੋ ਸਿੰਘ ਨਿਹਾਰਾ। ਖੈਂਚਿ ਕ੍ਰਿਪਾਨ ਤੁਰਤ ਹੀ ਝਾਰਾ ॥੧੬ ॥ ਘਾਵ ਸਕੰਧ ਲਗ੍ਯੋ ਬਹੁ ਚੀਰਾ। ਗਿਰ੍ਯੋ ਬਿਸੁਧ ਹ੍ਵੈ ਤੁਰਤ ਸਰੀਰਾ। ਪਰ੍ਯੋ ਰਹ੍ਯੋ ਤੂਸ਼ਨ ਮੁਖ ਭਯੋ। ਚਾਰ ਘਰੀ ਜਬਿ ਦਿਨ ਚਢਿ ਗਯੋ ॥ ੧੭ ॥ ਬੋਲ੍ਯੋ ਬਾਕ ਜਬੈ ਸੁਧ ਪਾਈ। 'ਅਬਿ ਮੇਰੀ ਮ੍ਰਿਤੁ ਹ੍ਵੈ ਨਿਯਰਾਈ। ਗੁਰ ਦਰਸ਼ਨ ਕੋ ਦੇਹੁ ਕਰਾਈ। ਨਾਂਹਿ ਤ ਰਹੈ ਚਾਹ ਅਧਿਕਾਈ' ॥ ੧੮ ॥ ਸੁਨਿ ਕਰਿ ਸਿੰਘ ਗਯੋ ਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ। 'ਸਿੰਘ ਸੰਗ ਇਕ ਲਰ੍ਯੋ ਦਿਵਾਨਾ। ਰਿਸ ਕੇ ਬਸਿ ਹੁਇ ਹਨੀ ਕ੍ਰਿਪਾਨਾ ॥੧੯॥ ਚਾਹਤਿ ਦਰਸ਼ਨ ਰਾਵਰ ਕੇਰਾ'। 'ਲੇ ਆਵਹੁ' ਗੁਰ ਕਹਿੰ ਤਿਸ ਬੇਰਾ। ਸੁਨਿ ਪ੍ਰਭੁ ਤੇ ਅੰਤਰ ਲੇ ਗਏ। ਸਿਰ ਨਿਵਾਇ ਕਰਿ ਦਰਸ਼ਨ ਲਏ ॥੨੦॥ ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹ੍ਯੋ। 'ਅਹੋ ਦਿਵਾਨਾ ਜੀਵਨ ਚਹ੍ਯੋ ? ਤੌ ਬਚਾਇ ਦੇਵੈਂ ਤੁਵ ਪ੍ਰਾਨਾ। ਜੇ ਜੀਵਨ ਕੀ ਚਾਹ ਮਹਾਨਾ'॥੨੧॥ਦਰਸ਼ਨ ਕਰਿ ਉਰ ਨਿਰਮਲ ਬਨ੍ਯੋ।ਤਬਿ ਕਰ ਜੋਰਿ ਦਿਵਾਨੇ ਭਨ੍ਯੋ। 'ਰਾਵਰ ਕੇ ਹਜ਼ੂਰ ਅਬਿ ਅਹੌਂ। ਚਿਤ ਪਰਲੋਕ ਪਯਾਨਾ ਚਹੌਂ'॥੨੨॥ਇਮ ਬੋਲਤਿ ਹੀ ਤ੍ਯਾਗੇ ਪ੍ਰਾਨਾ।ਪਾਈ ਗਤਿ ਭਾ ਧੰਨਦਿਵਾਨਾ॥ ਬਾਹਰ ਤਬਿ ਉਠਾਇ ਲੇ ਆਏ। ਨਰ ਜੰਗਲ ਕੇ ਸੁਨਿ ਬਿਸਮਾਏ ॥੨੩॥ ਕੇਤਿਕ ਨਿੰਦਹਿੰ ਮਤਿ ਹਤਿ ਹੋਏ[1]।'ਇਹ ਕਸ ਕੀਨਿ ਕਰਮ ਦੁਰ[2] ਜੋਇ। ਹਤ੍ਯੋ ਦਿਵਾਨਾ, ਗੁਰ ਭੁਲ ਭਯੋ[3]। ਕਰਹਿ ਨ ਕ੍ਰਿਤ ਕੋ[4] ਜਿਮ ਅਬਿ ਕਯੋ' ॥੨੪॥ ਕੇਤਿਕ ਕਹੈਂ 'ਦਿਵਾਨਾ ਅਰ੍ਯੋ। ਲਰ੍ਯੋ ਸਿੰਘ ਸੋਂ, ਮਾਰਨ ਕਰ੍ਯੋ'। ਕੇਚਿਤ ਕਹੈਂ 'ਗੁਰੂ ਕੇ ਦੋਊ। ਸਿੰਘ ਦਿਵਾਨਾ ਲਰਿ ਮਰਿ ਸੋਊ[5]*'॥੨੫॥

---

[1] ਜਿਨ੍ਹਾਂ ਦੀ ਬੁੱਧੀ ਨਾਸ਼ ਹੋਈ ਹੋਈ ਸੀ। [2] ਖੋਟਾ। [3] ਇਹ ਚੰਗਾ ਗੁਰੂ ਹੋਇਆ। [4] ਕੋਈ ਬੀ (ਸਿੱਖ) ਐਹੋ ਜੇਹੀ ਕਾਰ ਨਹੀਂ ਕਰਦਾ। [5] ਸਿੰਘ ਤੇ ਦਿਵਾਨਾ ਜੋ ਲੜਿਆ ਤੇ ਮਰਿਆ ਹੈ ਦੋਵੇਂ ਹੀ ਗੁਰੂ ਕੇ ਹਨ। *ਪਹਿਰੇ ਤੇ ਖੜੇ ਦਾ ਜਦ ਕੋਈ ਕਿਹਾ ਨਾ ਮੰਨੇ ਤਾਂ ਇਸ ਵੇਲੇ ਬੀ ਸਾਰੀ ਸਭ੍ਯ ਦੁਨੀਆਂ ਪਹਿਰੇ ਵਾਲੇ ਨੂੰ ਨਿਰਦੋਸ਼ ਕਹੇਗੀ, ਜਦ ਕਿ ਓਹ ਪਹਿਲੋਂ ਰੁਕਿਆ ਨਹੀਂ ਤੇ ਫੇਰ ਮੂਸਲ ਮਾਰਨ ਲਈ ਦਿਵਾਨੇ ਨੇ ਉਠਾਇਆ ਜਿਸ ਤੋਂ ਪਹਿਰੇਦਾਰ ਨੇ ਉਸਨੂੰ ਜ਼ਰੂਰ ਦੋਸ਼ੀ ਸਮਝਣਾ ਹੈ। ਸਿੰਘ ਦੀ ਡਿਊਟੀ (ਫਰਜ਼) ਤੇ ਸ੍ਵੈ ਰੱਖਯਾ ਦੁਇ ਗਲਾਂ ਉਸਦੇ ਪੱਖ ਦੀਆਂ ਹਨ।

*ਕਰਯੋ ਕੂਚ ਤਬਿ ਸ੍ਰੀ ਪ੍ਰਭੁ ਡੇਰਾ। ਗਮਨੇ ਹੋਇ ਚੌਂਤਰੇ ਨੇਰਾ। ਤਿਸ ਕੇ ਢਿਗ ਢਿਗ ਹੁਇ ਚਲਿ ਗਏ। ਜੈਤੋ† ਆਨਿ ਉਤਰਤੇ ਭਏ ॥ ੨੬ ॥ ਕਰਯੋ ਮੁਕਾਮ ਤਾਲ ਇਕ ਹੇਰੇ। ਤਿਸ ਕੀ ਮਹਿਮਾ ਕਹੀ ਬਡੇਰੇ। ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਗੁਰ ਭਗਵਾਨ॥੨੭॥ਭਈ ਪ੍ਰਭਾਤਿ ਕੂਚ ਕਰਿ ਡੇਰਾ। ਗਮਨੇ ਕਿਤਿਕ ਕੋਸ ਥਲ ਹੇਰਾ। ਸੁਨਿਯਰ‡ ਗ੍ਰਾਮ ਬਿਲੋਕਿ ਸਥਾਨ। ਉਤਰੇ ਹਯ ਤੇ ਤਹਿਂ ਗੁਨ ਖਾਨ ॥ ੨੮ ॥ ਭਯੋ ਮੁਕਾਮ ਤਰੰਗ ਲਗਾਇ। ਕਰਿ ਬਿਸਰਾਮ ਬੈਠਿ ਸੁਖ ਪਾਇ। ਡੋਗਰ ਸੀਮਾ ਨਾਮ ਬਸੰਤਾ[1]। ਮਹਿਖੀ ਭਲੀ ਸਮੂਹ ਰਖੰਤਾ॥ ੨੯ ॥ ਗੁਰ ਆਗਵਨ ਸੁਨਯੋ ਹਰਖਾਯੋ। ਸਭਿ ਮਹਿਖਨਿ ਕੋ ਦੂਧ ਚੁਆਯੋ।ਘਟ ਭਰਵਾਇ ਲਏ ਨਿਜ ਸਾਥ। ਆਯਹੁ ਜਹਿਂ ਬੈਠੇ ਗੁਰ ਨਾਥ ॥ ੩੦ ॥ ਕਰਿ ਅਭਿਬੰਦਨ ਅਰਪਯੋ ਆਗੇ। ਬੈਠਯੋ ਗੁਰ ਪਗ ਕਰਿ ਅਨੁਰਾਗੇ। ਕ੍ਰਿਪਾ ਨਿਧਾਨ ਕ੍ਰਿਪਾ ਕਰਿ ਹੇਰਾ। ਕਹਯੋ 'ਵਧਹਿ ਪਯ ਬਡਹੁ ਬਡੇਰਾ[2]'॥੩੧॥ਇਤਨੇ ਮਹਿਂ ਜੋ ਜਾਟ ਕਪੂਰਾ। ਖਿਲਤਿ ਅਖੇਰ ਆਇ ਚਲਿ ਦੂਰਾ। ਸੁਨੀ 'ਇਹਾਂ ਗੁਰ ਉਤਰੇ ਆਇ'। ਗਮਨਯੋਂ ਸੁਭਟ ਸਹਿਤ ਤਿਸ ਥਾਇਂ ॥ ੩੨ ॥ ਉਤਰਿ ਤੁਰੰਗ ਤੇ ਪਾਇਨ ਪਰਯੋ। ਭਯੋ ਅਧੀਨ ਅਗਾਰੀ ਥਿਰਯੋ। ਦੇਖਿ ਕ੍ਰਿਪਾਲ ਤਾਂਹਿ ਸਨ ਕਹੈਂ।'ਕਹੁ ਕਪੂਰ ਸਿੰਘ! ਰਾਜੀ ਅਹੈਂ§?' ॥੩੩॥ ਦੀਨ ਮਨਾ ਕਰ ਜੋਰਤਿ ਬੋਲਾ। 'ਮੈਂ ਰਾਜ਼ੀ ਨਹਿਂ ਬਹੁ ਮਨ ਹੌਲਾ[3]। ਰਾਵਰਿ ਥਾਕ ਨ ਗਏ ਕਮਾਏ। ਦੋਨਹੁਂ ਦਿਸ਼ਿ ਸੰਕਟ ਬਨਿ ਆਏ ॥ ੩੪ ॥ ਉਤ ਤੁਰ- ਕਨਿ ਤੇ ਚਿਤ ਬਹੁ ਡਰਯੋ।ਇਤ ਰਾਵਰ ਕੋ ਕਾਜ ਨ ਸਰਯੋ। ਮਿਲੇ ਬਿਨਾਂ ਅਰ ਖੁਸ਼ੀ ਨ ਦੀਨਿ[4]। ਚਢਿ ਆਏ ਤੁਮ ਰਿਸ ਉਰ ਕੀਨਿ ॥੩੫॥ ਯਾਂਤੇ ਚਿੰਤਾ ਕਸ਼ਟ ਮਹਾਨਾ। ਕਿਮ ਰਾਜ਼ੀ ਮੈਂ ਕਰੌਂ ਬਖਾਨਾ ? ਤੁਰਕਨਿ ਸੰਗ ਨ ਬਿਗਰਯੋ ਜਾਈ। ਸਭਿ ਅਵਨੀ ਜਿਨ ਅੱਗ੍ਰ ਝੁਕਾਈ' ॥੩੬॥ ਸ਼੍ਰੀ ਗੁਰ ਜਾਨਯੋਂ ਦੀਨ ਬਿਸਾਲਾ। ਬਖ਼ਸ਼ਯੋ ਖਰ ਖੰਡਾ ਅਰੁ ਢਾਲਾ। ਲੇ ਕਹਿ ਪ੍ਰਭੁ

[1]ਸੀਮਾ ਨਾਮ ਵਾਲਾ ਡੋਗਰ ਰਹਿੰਦਾ ਸੀ। [2]ਦੁੱਧ ਬਹੁਤ ਵਧੇਗਾ। [3]ਮਨ ਵਿਚ ਬਹੁਤ ਡਰ ਹੈ [ਫਾਃ, ਹੌਲ=ਡਰ]। [4]ਆਪ ਮਿਲੇ ਤੋਂ ਬਿਨਾਂ (ਆਏ ਹੋ) ਤੇ ਖੁਸ਼ੀ ਨਹੀਂ ਦਿੱਤੀ।

*ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ। †ਰਿਆਸਤ ਨਾਭੇ ਵਿਚ ਹੈ।

‡ਪਿੰਡ ਦਾ ਨਾਮ। §ਕਪੂਰਾ ਅੰਮ੍ਰਿਤ ਛਕਕੇ ਸਿੰਘ ਸਜਿਆ ਹੈ। ਪਿੱਛੇ ਕਵੀ ਜੀ ਕਪੂਰੇ ਵਲੋਂ ਇਕ ਘੋੜਾ ਗੁਰੂ ਜੀ ਪਾਸ ਪਹੁੰਚਾਉਣ ਦਾ ਜ਼ਿਕਰ ਕਰ ਆਏ ਹਨ, ਜਿਸ ਦਾ ਨਾਮ ਦਲ ਸ਼ਿੰਗਾਰ ਗੁਰੂ ਜੀ ਨੇ ਧਰਿਆ ਸੀ, ਵੇਖੋ ਇਸੇ ਐਨ ਦੇ ਅੰਸੂ ੪ ਦਾ ਆਰੰਭ।

ਤੇ ਕੁਛ ਹਰਖਾਯੋ*।ਹਾਥਜੋਰਿ ਕਰਿਸੀਸ ਨਿਵਾਯੋ॥੩੭॥ਜਾਨੈ ਦੂਰ ਤੁਰਤ
ਹਯ ਚਢ੍ਯੋ[1] । ਲਰਿਬੇ ਕਹੁ ਉਤਸਾਹ ਨ ਬਢ੍ਯੋ। ਸ੍ਰੀ ਗੁਰ ਭਾਖ੍ਯੋ 'ਅਹੋ
ਕਪੂਰਾ!ਤੁਰਕਨ ਹੀ ਕੋ ਰਹ੍ਯੋ ਕਤੂਰਾ ॥੩੮॥ ਚਿਤ ਗੀਦੀ ਕਾਇਰ ਬਹੁ
ਕੂਰਾ। ਕਰਨਿ ਜੰਗ ਕੋ ਭਯੋ ਨ ਸੂਰਾ। ਗੁਰ ਤੇ ਬੇਮੁਖ ਨਹਿਂ ਸੁਖ ਮੂਰਾ[2]।
[3]ਮਰੇ ਹੂਰ ਬਰ, ਜੈ ਜਸ ਰੂਰਾ ॥੩੯॥ ਹੋਵੈਂ ਦੁਖੀ ਬਿਸੂਰ ਬਿਸੂਰਾ। ਕਿਮ
ਪ੍ਰਾਪਤਿ ਹ੍ਵੈ ਭਾਗ ਨ ਪੂਰਾ[3]। ਧੀਰਜ ਤੇ ਜਿਸ ਕੋ ਉਰ ਊਰਾ।ਕਿਮ ਸ਼ੱਤ੍ਰਨਿ
ਕਰਿ ਹੈਂ ਚਕਚੂਰਾ[4]' ॥ ੪੦ ॥ ਸਿੱਖਨਿ ਸਨ ਗੁਰ ਭਾਖਤਿ ਬਾਤਿ। ਸੁਨੇਯੋ
ਕਛੂ ਬਚ ਸੁਨ੍ਯੋਂ ਨ ਜਾਤ[5]। ਇਤਨੇ ਮਹਿਂ ਸੁਧਿ ਇਕ ਸਿਖ ਲ੍ਯਾਯੋ।
'ਪ੍ਰਭੁ ਜੀ! ਗਨ ਲਸ਼ਕਰ ਚਢਿ ਆਯੋ ॥ ੪੧ ॥ ਪੁਰਿ ਸਿਰੰਦ ਤੇ ਖਾਨ
ਵਜੀਦਾ। ਚਢਿ ਚਲਿ ਪਰ੍ਯੋ ਸੁ ਲਖਹੁ ਰਸੀਦਾ[6]।ਕਾਲ ਕਿ ਪਰਸੋਂ ਲਗਿ
ਚਲਿ ਆਵੈ। ਗਾਵਰ ਕੋ ਪਕਰਨਿ ਲਲਚਾਵੈ' ॥ ੪੨ ॥ ਸੁਨਿ ਸ੍ਰੀ ਪ੍ਰਭੁ
ਅਸਵਾਰ ਚਢਾਯੋ।'ਜਾਹੁ ਕਪੂਰੇ ਦੇਹੁ ਸੁਨਾਯੋ। ਸੰਗ ਮੁਰੱਖੇ[7] ਦੇਹੁ ਸਊਰ।
ਲਖਹਿਂ ਦੇਸ਼ ਨੇਰੈ ਕੈ ਦੂਰ[8] ॥੪੩॥ ਤੁਰਕਨਿ ਸਨ ਪੁਨ ਰਨ ਘਮਸਾਨਾ।
ਹਮਰੋ ਪਰਹਿ, ਕਰਹਿਂ ਬਿਨ ਪ੍ਰਾਨਾ'। ਸੁਨਿ ਸਊਰ ਹਯ ਗਯੋ ਧਵਾਈ।
ਮਿਲ੍ਯੋ ਜਾਇ ਕਰਿ ਢਿਗ ਕਿਸ ਥਾਂਈ॥੪੪॥ਗੁਰ ਕੀ ਕਹਿਵਤਿ ਸਕਲ
ਸੁਨਾਈ। 'ਦੇਹੁ ਮੁਰੱਖੇ ਹ੍ਵੈ ਅਗਵਾਈ'। ਖਰੇ ਹੋਇ ਅਵਲੋਕ੍ਯੋ ਖਾਨਾ[9]।
ਤਬਹਿ ਕਪੂਰੇ ਬਾਕ ਬਖਾਨਾ ॥੪੫॥ 'ਜਾਹਿ ਗੁਰੂ ਸੰਗ ਰਹੋ ਅਗਾਰੀ। ਲੇ
ਗਮਨਹੁ ਸੰਗ ਜਹਾਂ ਸੁ†ਬਾਰੀ।ਤੁਰਕਨਿ ਸੰਗ ਜਿ ਹੁਇ ਭਟ ਭੇਰਾ।ਲਰਹੁ
ਨ[10],ਟਰਹੁ ਆਪ ਤਿਸ ਬੇਰਾ॥੪੬॥ ਇਤ ਉਤ ਹ੍ਵੈ ਕਰਿ ਆਪ ਬਚਾਵਹੁ।
ਬਸ ਲਾਗਤਿ ਗੁਰ ਭੀ ਨ ਲਰਾਵਹੁ। ਜਹਾਂ ਤਾਲ ਦੀਰਘ ਖਿਦਰਾਣਾ।
ਗੁਰ ਕੇ ਸੰਗ ਤਹਾਂ ਲਗਿ ਜਾਨਾ ॥ ੪੭ ॥ ਜਿਤ ਹਮ ਹੋਇ ਮਿਲਹੁ ਤਹਿਂ

---

[1]ਦੂਰ ਜਾਣਾ ਸੀ ਇਸ ਕਰਕੇ ਘੋੜੇ ਚੜ੍ਹ ਗਿਆ। [2]ਮੂਲੋਂ ਹੀ। [3]ਮਾਰਿਆਂ ਸੁਹਣੀਆਂ ਹੂਰਾਂ ਦਾ ਵਰਨਾਂ ਤੇ ਜੋ ਹੋ ਜਾਣ ਨਾਲ (ਜਗਤ ਵਿਚ) ਸੁਹਣਾ ਜਸ ਕਿਵੇਂ ਪ੍ਰਾਪਤ ਹੋਵੇ, ਤੇਰੇ ਪੂਰੇ ਭਾਗ ਨਹੀਂ (ਤੂੰ) ਝੂਰ ਝੂਰ ਕੇ ਦੁਖੀ ਹੋਵੇਂਗਾ। [4]ਵੈਰੀਆਂ ਦਾ ਚਕਨਾਚੂਰ ਤੂੰ ਕੀਕੂੰ ਕਰੇਂ। [5]ਜਾਂਦੇ ਹੋਏ (ਕਪੂਰੇ ਨੇ) ਕੁਛ ਵਾਕ ਸੁਣੇ ਕੁਛ ਨਾ ਸੁਣੇ। [6]ਪਹੁੰਚਿਆ ਜਾਣੋਂ। [7]ਅੱਗੇ ਟੁਰਕੇ ਰਸਤਾ ਦੱਸਣ ਵਾਲੇ [ਪੰ:, ਮੁਰੱਖੇ=ਮੁਹਰੇ ਰੱਖੋ]। [8]ਜੋ ਨੇੜੇ ਤੇ ਦੂਰ ਦੇ ਅਸਥਾਨ ਜਾਣਦੇ ਹੋਣ। [9]ਭਾਵ 'ਖਾਨਾ' ਨਾਮ ਦਾ ਇਕ ਆਪਣਾ ਦਾਸ। (ਅ) ਭਾਵ ਇਕ ਪਠਾਣ ਜੋ ਉਸ ਦਾ ਦਾਸ ਸੀ। [10]ਲੜਨਾ ਨਹੀਂ।

*ਇਹ ਦੋਏ ਚੀਜ਼ਾਂ ਫਰੀਦਕੋਟ ਦੇ ਰਾਜ ਮਹਿਲ ਵਿਚ ਅਦਬ ਨਾਲ ਰੱਖੀਆਂ ਹੋਈਆਂ ਹਨ, ਦੇਖੋ ਤਵਾ: ਖਾ:।

†ਪਾ:-ਨ।

ਆਇ ਕੈ ਮਿਲ ਜਾਹੁ ਤੁਰਕ ਦਲ ਮਾਹਿ[1]*'। ਸਮੁਝਿ ਬਾਰਤਾ ਸਭਿ[2] ਤਬਿ ਖਾਨਾ। ਲੈ ਕੇਤਿਕ ਅਸਵਾਰ ਪਿਯਾਨਾ† ॥ ੪੮ ॥ ਆਇ ਮਿਲ੍ਯੋ ਸਤਿਗੁਰ ਕੇ ਸਾਥ। ਬੰਦਨ ਕੀਨਿ ਜੋਰਿ ਜੁਗ ਹਾਥ। ਜੰਗਲ ਦੇਸ਼ ਬਾਰਤਾ ਸਾਰੀ। ਬੂਝੀ ਗੁਰ, ਖਾਨੇ ਸੁ ਉਚਾਰੀ ॥ ੪੯ ॥ 'ਪ੍ਰਭੁ ਜੀ! ਏਕ ਤਾਲ ਖਿਦਰਾਨਾ। ਅਲਪ ਨੀਰ ਤਿਤ ਕੋ ਹਮ ਜਾਨਾ। ਅਪਰ ਥਾਨ ਤਿਸ ਨਿਕਟ ਨ ਪਾਨੀ। ਤਹਿੰ ਲੇ ਚਲੌਂ ਹੋਇ ਅਗਵਾਨੀ ॥ ੫੦ ॥ ਲਰਹੁ ਤਹਾਂ ਕੁਛ ਤੁਰਕ ਸੰਘਾਰਹੁ। ਪੁਨ ਜੰਗਲ ਮਹਿ ਅੱਗ੍ਰ ਪਧਾਰਹੁ। ਬਸ ਲਸ਼ਕਰ ਕੋ ਚਲੈ ਨ ਕੋਊ। ਜਲ ਬਿਨ ਹਟੈ ਮੂਢ ਮਤਿ ਹੋਊ' ॥੫੧॥ ਇਮ ਕਹਿ ਸੁਨਿ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ। ਉਠਿ ਪ੍ਰਭਾਤਿ ਕਰਿ ਸੌਚ ਸ਼ਨਾਨਾ। ਪਾਇ ਜ਼ੀਨ ਹਯ, ਬਨਿ ਸਵਧਾਨਾ ॥ ੫੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਕਪੂਰੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

### ੭. [ਖਿਦਰਾਣੇ ਵੱਲ ਨੂੰ ਟੁਰਨਾ। ਜੁਗਰਾਜ ਜੱਟ]।

ਦੋਹਰਾ ॥ ‡ਚਢਿਤਹਿੰਤੇ ਸ਼੍ਰੀਸਤਿਗੁਰੂ ਲੇ ਖਾਨੇ[3] ਕੋ ਸੰਗ। ਰਮਧਾਨਾ[4] ਜੋ ਗ੍ਰਾਮ ਹੈ ਤਿਤ ਕੋ ਤੋਰਿ ਤੁਰੰਗ ॥ ੧ ॥ ਚੌਪਈ ॥ ਕੇਤਿਕ ਚਲਿ ਜਬਿ ਆਗੇ ਗਏ। ਬਹੁ ਉਦਿਆਨ ਬਿਲੋਕਤਿ ਭਏ। ਨਿਕਟ ਗ੍ਰਾਮ ਕੇ ਜਾਇ ਪਹੂਚੇ। ਖਰੇ ਕਰੀਰ ਪੀਲੁ ਤਰੁ ਮੂਚੇ[5]§ ॥ ੨ ॥ ਤਹਿ ਇਕ ਗਾਹਕ ਤੋਰਤਿ ਡੋਲੇ। ਪਾਵਤਿ ਝੋਰੀ ਮੈਂ ਬਹੁ ਲੇ ਲੇ। ਸ਼੍ਰੀ ਸਤਿਗਰ ਸੋ ਜਾਇ ਨਿਹਾਰਾ। ਨਿਕਟ ਗਏ ਇਮ ਬਾਕ ਉਚਾਰਾ ॥ ੩ ॥ 'ਕਹਾ ਤੂੰ ਕਰੈਂ ਤਰੁਨਿ ਮਹਿੰ[6] ਫਿਰੈਂ? ਕਹਾ ਝੋਲੀ ਮਹਿੰ ਪਾਵਨ ਕਰੈਂ?' ਗਾਹਕ ਬੋਲ੍ਯੋ 'ਫਲ ਇਨ ਤੋਰਿ। ਲੈ ਜੈਹੌਂ ਇਨ ਖੇਥੇ ਲੋਰਿ' ॥ ੪ ॥ 'ਹਮਹਿ ਦਿਖਾਵਹੁ' ਸ਼੍ਰੀ ਪ੍ਰਭੁ ਭਾਖਾ। ਦਈ ਮੁਸ਼ਟ ਭਰਿ, ਇਕ ਮੁਖ ਚਾਖਾ।[7] 'ਇਹ ਤੌ ਕਟਕ[8] ਡਾਰ ਦਿਹੁ ਚੀਨਿ' ਚੌਥੇ ਭਾਗ ਗੇਰ ਤਿਨ ਦੀਨਿ ॥੫॥ ਪੁਨ ਗੁਰ ਭਨ੍ਯੋਂ 'ਗੇਰ ਦੇਹੁ ਸਾਰੇ'। ਸੁਨਿ ਗਾਹਕ ਆਧੇ ਪੁਨ ਡਾਰੇ। ਭਨੈਂ ਪ੍ਰਭੂ 'ਧਰ ਡਾਰਹੁ ਸਭੈ'। ਸੁਨਿ ਗਾਹਕ

[1]ਵਿੱਚ। [2]ਸਾਰੀ ਕਹੀ ਗਲ। [3]ਖਾਨਾ ਨਾਮ ਦਾ ਰਾਹ ਦੱਸਣੇ ਵਾਲਾ। [4]ਇਥੇ ਗੁਰਦਵਾਰਾ ਹੈ। ਇਹ ਪਿੰਡ ਫਰੀਦਕੋਟ ਰਜਾਸਤ ਵਿਚ ਹੈ। [5]ਭਾਵ ਵਡੇ ਵਡੇ ਪੀਲੂ ਦੇ ਬੂਟੇ। [6]ਰੁੱਖਾਂ ਵਿਚ। [7]ਗੁਰੂ ਜੀ ਬੋਲੇ। [8]ਕੌੜੇ ਹਨ। *ਪਾ:-ਆਇ। †ਕਪੂਰੇ ਦਾ ਕਿਲਾ ਨਾ ਦੇਣਾ ਤੇ ਗੁਰੂ ਵਾਕ ਕਿ ਤੁਰਕਾਂ ਹੱਥੋਂ ਤੇਰੀ ਮੌਤ ਹੈ, ਇਹ ਗਲ ਤਾਂ ਯਥਾਰਥ ਹੋ ਗਈ। ਬਾਕੀ ਗੁਰੂ ਜੀ ਨਾਲ ਕਪੂਰਾ ਸਿਖੀ ਭਾਵਨਾ ਵਿਚ ਸਾਬਤ ਹੈ ਤੇ ਗੁਰੂ ਜੀ ਦਾ ਬੀ ਇਤਬਾਰ ਹੈ, ਜੋ ਇਸਤੋਂ ਜ਼ਾਹਰ ਹੈ। ਕਪੂਰਾ ਦੋਏ ਪੱਖ ਬਚਾਉਣ ਦੇ ਜਤਨ ਵਿਚ ਹੈ। ‡ਇਹ ਸਾਖੀ ਥੋ ਸਾਖੀਆਂ ਵਾਲੀ ਪੋਥੀ ਵਿਚੋਂ ਹੈ। §ਪਾ:-ਊਚੇ।

ਕਛ ਰੋਰੇ ਭਬੈ॥੬॥ਝੋਰੀ ਮਹਿਂ ਰਾਖੇ ਜਬਿਹੇਰੇ।ਪੁਨ ਗੁਰ ਕਹਯੋ'ਕਯੋਂ ਨਸਭਿ ਰੋਰੇ?' । ਰਾਹਕ ਕਹੈ 'ਕੁਟੰਬ ਜੁ ਮੇਰਾ। ਕਯਾ ਖੈਹੈ ਹੁਇ ਛੁਧਤਿ ਘਨੇਰਾ। ॥੭॥ਕਰਹਿਂ ਪਕਾਵਨ ਲੇ ਸਭਿ ਖੈਹੈਂ।ਇਮ ਗੁਜ਼ਰਾਨੀ ਸਮਾ ਬਿਤੈ ਹੈਂ'।ਸਭਿਨਿ ਸੁਨਾਇ ਗੁਰੂ ਤਬਿ ਭਾਖਾ।'ਚੌਥੋ ਭਾਗ ਦੁਰਭਿਛ ਕੌ[1]ਰਾਖਾ॥੮॥ਹਮ ਚਾਹਤਿ ਇਸ ਦੇਸ਼ ਮਝਾਰੀ । ਕਬਿ ਦੁਰਭਿੱਛ ਨ ਪਰਹਿ ਅਗਾਰੀ*। ਬਰਿਆਈ ਇਸ ਰਾਹਕ ਰਾਖਯੋ।ਮਾਨਯੋ ਬਾਕ ਨ ਜੋ ਹਮ ਭਾਖਯੋ ॥ ੯ ॥ ਜੇਕਰਿ ਢੌਲੇ ਰੋਰਤਿ ਸਾਰੇ । ਹੋਤਿ ਅਨਾਜ ਅਨੇਕ ਪ੍ਰਕਾਰੇ । ਰਹਤਿ ਭਲੋ ਸੁਰਭਿੱਛ[2] ਹਮੇਸ਼ੂ । ਇਤ ਤੇ ਅੰਨ ਖਾਹਿਂ ਬਹੁ ਦੇਸ਼ੂ ॥ ੧੦ ॥ ਅਬਿ ਭੀ ਤੀਨਹੁੰ ਭਾਗ ਸੁਕਾਲ। ਛਿਤ ਮਹਿਂ ਉਪਜੈ ਅੰਨ ਬਿਸਾਲ*' । ਬਾਕ ਬਿਲਾਸ ਕਰਤਿ ਇਮ ਗਏ। ਜਾਇ ਗ੍ਰਾਮ ਢਿਗ ਉਤਰਤਿ ਭਏ ॥੧੧॥

ਮਾਝੇ ਮਹਿਂ ਗੁਰ ਕੀ ਸੁਧਿ ਸੁਨੀ। ਜਥਾ ਜੰਗ ਭੋ, ਸੈਨਾ ਹਨੀ । ਜਥਾ ਅਨੰਦਪੁਰਿ ਛੋਰਿ ਸਿਧਾਰੇ। 'ਸਾਹਿਬਜ਼ਾਦੇ ਚਾਰਹੁੰ ਮਾਰੇ॥੧੨॥ ਜੰਗਲ ਦੇਸ਼ ਪ੍ਰਵੇਸ਼ੇ ਜਾਇ।ਲਾਖਹੁੰ ਤੁਰਕਨਿ ਕੇ ਦਲ ਆਇ'।ਸੁਨਿ ਸੁਨਿ ਬਡ ਅਫਸੋਸ ਕਰੰਤੇ। ਅਪਨ ਆਪ ਕੋ ਧਿਕ ਉਚਰੰਤੇ॥੧੩॥ 'ਦੇਸ਼ ਹਮਾਰੋ ਬੇਮੁਖ ਹ੍ਵੈ ਕੈ। ਦੁਨੀਚੰਦ ਕੇ ਸੰਗ ਮਿਲੈ ਕੈ। ਭਾਗੇ ਸਤਿਗੁਰ ਕੋ ਤਜਿ ਆਏ। ਸ਼੍ਰੀ ਗੁਰ ਕੇ ਕਾਰਜ ਬਿਗਰਾਏ'॥੧੪॥ਭਲੇ ਭਲ ਸਿਖ ਸਭਿਨਿ ਧਿਕਾਰੈਂ। 'ਦੇਸ਼ ਬਿਮੁਖ ਭਾ ਦੋਜ਼ਕ ਡਾਰੈਂ' । ਸੁਨਿ ਗ਼ੈਰਤ ਸਭਿ ਕੇ ਮਨ ਆਈ । ਜਾਨੀ ਅਪਨੀ ਅਧਿਕ ਖੁਟਾਈ ॥ ੧੫ ॥ ਅਪਰ ਦੇਸ਼ ਅਸ ਕੋਇ ਨ ਹੋਵਾ। ਸਿਦਕ ਜਥਾ ਮਾਝੇ ਬਹੁ ਖੋਵਾ । ਚਿਤਵਤਿ ਚਿਤ ਚਿੰਤਾ ਬਹੁ ਗ੍ਰਾਮੂ । –ਕਿਮ ਗੁਰ ਕੋ ਸੁਧਰੈ ਸਭਿ ਕਾਮੂ–॥੧੬॥ ਪੰਚਾਇਤ ਬਹੁ ਗ੍ਰਾਮਨਿ ਕੇਰੀ । ਆਪਸ ਮਹਿਂ ਸਕੇਲਿ ਤਿਸ ਬੇਰੀ। ਪਠਿ ਪਠਿ ਮਾਨਵ ਇਕ ਥਲ ਆਏ। ਮੇਲ ਭਯੋ ਸਭਿ ਕੋ ਇਕ ਥਾਏ ॥ ੧੭ ॥ ਲਵਪੁਰਿ ਕੋ ਗਿਰਦਾ[3] ਸਭਿ ਮਿਲੇ । ਗਿਨਤੀ ਕੇ ਮਾਨਵ ਮੁਖਿ ਭਲੇ। ਕਰਤਿ ਸੋਚ ਚਿੰਤਾ ਮਹਿਂ ਗ਼ਰਕ।–ਬੇਮੁਖਤਾ ਕੋ ਫਲ ਹੁਇ ਨਰਕ–॥੧੮॥ ਆਪਸ ਮਹਿਂ ਬਿਚਾਰ ਠਹਿਰਾਈ। 'ਸੌ ਦੋ ਸੈ ਨਰ ਗੁਰ ਢਿਗ ਜਾਈ। ਪ੍ਰਭੁ ਕੇ ਮਿਲਿ ਐਸੇ ਸਮੁਝਾਵੈਂ। ਹਾਥਿ ਜੋਰਿ ਕਰਿ ਸੀਸ ਨਿਵਾਵੈਂ† ॥੧੯॥ ਪੂਰਬਲੇ ਗੁਰੂਅਨਿ ਕੀ ਰੀਤਿ। ਜੇ ਤੁਮ ਧਾਰਹੁ

[1]ਕਾਲ ਦਾ ਚੌਥਾ ਹਿੱਸਾ। [2]ਸੁਕਾਲ। [3]ਆਲੇ ਦੁਆਲੇ ਦੇ।

*ਇਸ ਤਰ੍ਹਾਂ ਦੇ ਸਹਿਜ ਭਾ ਕਹੇ ਵਾਕ ਕੈਸੇ ਸੱਤ ਹੋਏ ਹਨ। ਮਾਲਵਾ ਹੁਣ ਕਿਤਨਾ ਅੰਨ ਪੈਦਾ ਕਰਦਾ ਹੈ।

†ਪਾਃ–ਤਾਜ ਤੇਜ ਤੁਰ ਕਾਨ ਜਨਾਵੈ।

ਥਿਰ ਕਰਿ ਚੀਤਿ। ਤੌ ਸਿੱਖੀ ਨਿਰਬਹੈ[1] ਤੁਮਾਰੀ। ਦਯਾ ਧਰਹੁ ਗਤਿ ਕਰਹੁ ਹਮਾਰੀ ॥੨੦। ਜੇ ਤੁਰਕਨਿ ਕੇ ਸੰਗ ਬਖੇਰਾ। ਦਿਨ ਪ੍ਰਤਿ ਕਰਹੁ ਜੰਗ ਬਡ ਝੇਰਾ॥ਨਹਿਂ ਸਿੱਖੀ ਕੋ ਹੁਇ ਨਿਰਬਾਹੂ। ਬਸੈਂ ਪ੍ਰਜਾ ਹੁਇ ਦੇਸ਼ਨ ਮਾਂਹੂ[2]॥੨੧॥ ਲਰਨੇ ਨ ਜਾਇ ਸ਼ਾਹੁ ਕੇ ਸੰਗ। ਲਾਖਹੁੰ ਲਸ਼ਕਰ ਠਾਨਤਿ ਜੰਗ। ਜੇ ਤੁਮ ਕਹੋ–ਸਾਥ ਤੁਰਕਾਨੇ।ਹਮਰੇ ਝਗਰੇ ਪਰੇ ਮਹਾਨੇ–॥੨੨॥ ਤੌ ਹਮ ਦਿੱਲੀ ਪਹੁੰਚਹਿ ਸਾਰੇ। ਕਰਹਿਂ ਸੁਨਾਵਨ ਸਰਬ ਪੁਕਾਰੇ। ਭਲੀ ਭਾਂਤਿ ਹਮ ਲੇਹਿਂ ਨਿਬੇਰਾ। ਨਹੀਂ ਰਹਨ ਦੇਵੈਂ ਕੋ ਝੇਰਾ ॥ ੨੩ ॥ ਹਮਰੇ ਰਾਹੀਂ ਸਭਿ ਕਿਛ ਹੋਇ। ਬਾਦ ਬਿਰੋਧ ਦੇਹਿੰਗੇ ਖੋਇ। ਆਪ ਸੁਖੀ ਰਹੀਅਹਿ ਸਭਿ ਰੀਤਿ। ਨਿਰਬਾਹਹੁ ਸਿੱਖਨ ਕੀ ਪ੍ਰੀਤਿ* ॥੨੪॥ ਹਮ ਸਿਖ ਹੁਇ ਤੁਮ ਗੁਰੂ ਬਨੀਜੈ। ਰਸ[3] ਤੁਰਕਨ ਕੇ ਸੰਗ ਰਖੀਜੈ।ਨਤੁ ਹਮ ਸਿੱਖ ਨ ਤੁਮ ਗੁਰ ਹੋਇ।ਬਿਗਰਹਿ ਬਾਤ ਲਖਹੁ ਦਿਸ਼ਿ ਦੋਇ'॥੨੫॥ਗ੍ਰਾਮਨਿ ਕੀ ਪੰਚਾਇਤ ਸਾਰੀ। ਇਸ ਪ੍ਰਕਾਰ ਕੀ ਮਸਲਤਿ ਧਾਰੀ। ਪ੍ਰੇਮੀ ਸਿੱਖ ਹੋਇ ਤਬਿ ਤਯਾਰ।ਗੁਰ ਸਨ ਮਿਲਿਬੇ ਇੱਛਾ ਧਾਰਿ॥੨੬॥ਗ੍ਰਾਮ ਗ੍ਰਾਮ ਤੇ ਇਕ ਨਰ ਔਰ। ਚਲਨ ਹੇਤੁ ਮਿਲਿ ਕਰਿ ਤਿਸ ਠੌਰ। ਭਏ ਸਨੱਧ ਬੱਧ ਤਬਿ ਸਾਰੇ। ਸ਼੍ਰੀ ਸਤਿਗੁਰ ਕੀ ਓਰ ਪਧਾਰੇ ॥੨੭॥ਗ੍ਰਾਮ ਹਰੀ ਕੇ ਪੱਤਨ ਆਏ। ਸਲਿਤਾ ਦੋਨਹੁੰ ਤਰਿ[4] ਹਰਖਾਏ। ਗੁਰ ਕੀ ਸੁਧਿ ਸੁਨਿ ਕਰਿ ਸਭਿ ਤਬੈ। 'ਦੀਨੇ ਗ੍ਰਾਮ ਤਯਾਗ ਕਰਿ ਅਬੈ ॥੨੮॥ਖਿਦਰਾਣੇ ਸਰ ਕੀ ਦਿਸ਼ਿ ਆਏ'। ਸੁਨਤਿ ਸਿੰਘ ਹਰਖਤਿ ਇਤ ਧਾਏ। †ਰਮਧਾਣੇ ਤੇ ਕਰਿ ਗੁਰ ਕੂਚ। ਕੇਤਿਕ ਆਗੇ ਉਲੰਘਿ ਪਹੂਚਿ॥੨੯॥ਜਾਟ ਵਿੜੰਗ[5] ਜੁਗਰਾਜ[6] ਨਾਮ ਤਿਹ ਖਰੋ ਹੁਤੋ ਗੁਰ ਪੰਥ ਜਾਤਿ ਜਿਹ। ਤਿਸ ਬਿਲੋਕਿ ਸਿਖ[7] ਬਾਕ ਉਚਾਰਾ। 'ਸੁਨਹੁ ਚੌਧਰੀ! ਸ਼੍ਰਵਨ ਮਝਾਰਾ ॥੩੦॥ਗਨ ਮੁਸਲਨ ਕੋ ਲਸ਼ਕਰ ਆਵੈ। ਜੋ ਤੁਝ ਬੂਝਤਿ ਅੱਗ੍ਰ ਸਿਧਾਵੈ–ਗਏ ਅਗਾਰੀ ਗੁਰ ਇਤਿ ਦਿਸ਼ਿ ਕੌ?–। ਤੌ ਨ ਬਤਾਵਨ ਕਰੀਅਹਿ ਕਿਸ ਕੌ'॥ ੩੧ ॥ ਸੁਨਤਿ ਜਾਟ ਬੋਲਯੋ ਮੁਖ

[1]ਨਿਬਾਹਾਂਗੇ। [2]ਅਸੀਂ ਦੇਸ਼ਾਂ ਵਿਚ ਪਰਜਾ ਹੋ ਕੇ ਵੱਸਦੇ ਹਾਂ। [3]ਮੇਲ। [4]ਹਰੀਕੇ ਪੱਤਣ ਤੇ ਬਯਾਸ ਤੇ ਸਤਲੁਜ ਮਿਲਦੇ ਹਨ, ਦੋਵੇਂ ਤਰ ਕੇ ਪਾਰ ਲੰਘਕੇ। [5]ਗੋਤ। [6]ਨਾਮ ਹੈ। [7](ਸ੍ਰੀ ਗੁਰ ਜੀ ਦੇ ਨਾਲ ਦੇ ਇਕ) ਸਿੰਘ ਨੇ। *ਇਨ੍ਹਾਂ ਸਿੱਖਾਂ ਨੂੰ ਭੈੜੇ ਨਹੀਂ ਕਹਿਣਾ ਚਾਹੀਏ; ਰਾਜ ਤੇਜ ਤੁਰਕਾਂ ਦਾ ਭਾਰੀ ਹੈ ਤੇ ਇਨ੍ਹਾਂ ਦੇ ਮਨ ਭੈ ਵਿਚ ਹਨ ਤੇ ਨਿਰਹੱਲ ਬੀਰਤਾ ਵਿਚ ਉਥੇ ਨਹੀਂ ਅਜੇ ਅੱਪੜੇ ਜਿੱਥੇ ਗੁਰੂ ਜੀ ਲਿਜਾਣਾ ਚਾਹੁੰਦੇ ਹਨ, ਪਯਾਰ ਦੀ ਸੇਵਾ ਵਿਚ ਜੇ ਇਹ ਪ੍ਰੇਮੀ ਨਾ ਹੁੰਦੇ ਤਾਂ ਮੁਕਤਸਰ ਦੇ ਟਿਕਾਣੇ ਬੇਮੁਖਾਈ ਦੇ ਮਗਰੋਂ ਲੜ ਕੇ ਨਾ ਮਰਦੇ।

†ਸਾਖੀਆਂ ਵਾਲੀ ਪੋਥੀ ਦੀ ਇਹ ਸਾਖੀ ਹੈ।

ਤਬੈ।'ਮੋ ਕਹੁ ਬੂਝਹਿਂ ਮੁਸਲੇ ਜਬੈ। ਨਹੀਂ ਬਤਾਵਨਿ ਕੋ ਕਿਮ ਕਰਿਹੌਂ। –ਮੈਂ ਕਯਾ ਜਾਨੌਂ–ਤਿਨਹਿਂ ਉਚਰਿਹੌਂ'॥੩੨॥ ਇਮ ਕਹਿ ਸਿਖ ਗੁਰ ਸੰਗ ਸਿਧਾਰੇ। ਚਲੇ ਗਏ ਉਦਿਆਨ ਅਗਾਰੇ।ਬਹੁਤ ਦੂਰ ਪਹੁੰਚੇ ਜਬਿ ਜਾਈ। ਪੀਛੇ ਮਿਲਯੋ ਏਕ ਸਿੰਘ ਆਈ॥੩੩॥ਤਿਨ ਸਗਰੀ ਸੁਧਿ ਆਨਿ ਸੁਨਾਈ। 'ਦੇਖਹੁ ਕਹਾਂ ਸੈਨ ਰਿਪੁ ਆਈ। ਜਾਟ ਖਰੋ ਜੁਗਰਾਜ ਬਤਾਵਤਿ। –ਆਗੇ ਸਤਿਗੁਰ ਇਤ ਕੋ ਜਾਵਤਿ॥੩੪॥ ਤਿਨ ਸੰਗੀ ਸਿਖ ਮੋਹਿ ਹਟਾਯੋ[1]। ਇਤ ਗੁਰ ਗਏ ਨ ਦੇਹੁ ਬਤਾਯੋ[2]।ਮੁਸਲਨ ਕੋ ਲਸ਼ਕਰ ਇਤ ਆਵੈ। ਭੌਂਕ ਚੌਂਕ ਆਪੇ ਚਲਿ ਜਾਵੈ–॥੩੫॥ ਇਮ ਤਿਸ ਨੇ ਸਭਿ ਬਾਤ ਬਤਾਈ'। ਸੁਨਿ ਸ਼੍ਰੀ ਪ੍ਰਭੁ ਕਹਿਂ 'ਤਿਹ ਨ ਪਚਾਈ[3]। ਕੁਲ ਜੁਤਿ ਅਵਰ ਅਵਰ ਮਰਿ ਜੈ ਹੈ।ਇਸ ਕਾਰਨ ਤੇ ਮ੍ਰਿਤੁ ਕੋ ਪੈ ਹੈ'॥੩੬॥ਗੁਰ ਬਚ ਤੇ ਸੋ ਆਵਰ ਮਰਯੋ।ਅਬਿ ਲੌ ਤਿਹ ਕੁਲ ਸੁਨਿਬੋ ਕਰਯੋ[4]।ਜਬਿ ਤਿਨ ਕੀ ਮ੍ਰਿਤੁ ਹੁਇ ਨਿਯਰਾਈ। ਅਵਰੈ ਤੀਨ ਦਿਵਸ ਮਰਿ ਜਾਈ॥੩੭॥ ਅਵਰੇ ਜਰਹਿਂ ਚਿਖਾ ਕੇ ਬੀਚ।ਲੀਨੋ ਸ੍ਰਾਪ ਬਾਦ ਹੀ ਨੀਚ।ਚਲੇ ਜਾਤਿ ਸਤਿਗੁਰੂ ਅਗਾਰੀ।ਪੀਲੁਨਿ ਤਰੁ ਕਰੀਰ ਜਹਿਂ ਭਾਰੀ॥੩੮॥*ਏਕ ਗ੍ਰਾਮ ਆਯੋ ਪੁਨ ਔਰ।ਰੂਪਾ ਖੱਤ੍ਰੀ ਬਸਿ ਤਿਸ ਠਉਰ। ਮਿਲਯੋ ਏਕ ਗੜ ਰੋੜੀ ਲੈਕੇ। ਬੰਦਨ ਕਰੀ ਥਿਰਯੋ ਅਗਵੈਕੇ॥੩੯॥ ਗੁਰ ਬਿਲੋਕਿ ਬੋਲੇ ਤਿਸ ਬੇਰਾ। 'ਕਹੁ ਰੂਪਾ ਕਰੀਅਹਿ ਇਤ ਡੇਰਾ? ਲਰਹਿਂ ਤੁਰਕ ਸੋਂ ਇਸ ਥਲ ਥਿਰੈਂ? ਆਵਤਿ ਰਿਪੁਨਿ ਪ੍ਰਾਨ ਕੋ ਹਰੈਂ?'॥੪੦॥ ਸੁਨਿ ਬੋਲਯੋ 'ਨਹਿਂ ਪੂਜਿ ਹੈ ਡੇਰਾ[5]।ਤੁਮਰੋ ਤੁਰਕਨਿ ਸੰਗ ਬਖੇਰਾ।ਲਸ਼ਕਰ ਆਇ ਪਕਰ ਕਰਿ ਲੇਹਿ। ਸੰਤਤਿ ਸਹਤ ਸਜ਼ਾਇ ਸੁ ਦੇਹਿ॥੪੧॥ਗ੍ਰਾਮ ਉਜਾਰਹਿ ਲੂਟਹਿ ਸਾਰਾ।ਤੁਮ ਉਤਰੇ ਤੇ ਇਤਿਕ ਬਿਗਾਰਾ'।ਸੁਨਿ ਗੁਰ ਕਹਯੋ 'ਨਹੀਂ ਤੂੰ ਰਹੈਂ। ਸੰਤਤਿ ਤੋਹਿ ਬਿਨਾਸ਼ੀ ਲਹੈ॥੪੨॥ ਉਜਰਹਿ ਗ੍ਰਾਮ ਬਸਹਿ ਬਹੁ ਬਾਰੀ'। ਦਿਯੋ ਸ੍ਰਾਪ ਇਮ ਦਾਰੁਨ ਭਾਰੀ। ਤਬਿ ਕੋ ਗ੍ਰਾਮ ਬਸਯੋ ਬਹੁ ਬਾਰੀ। ਉਜਰਹਿ ਬਾਰ ਬਾਰ ਸੁਖ ਟਾਰੀ॥੪੩॥ਸੰਤਤਿ ਸਹਿਤ ਸੁ ਖੱਤ੍ਰੀ ਮਰਯੋ। ਮੂਲ ਟਾਸ[6] ਸਗਰੋ ਪਰਹਰਯੋ। ਤੀਸ ਬਰਸ ਕੋ ਉਜਰਯੋ ਪਰਯੋ। ਸੋ ਅਬ ਬਸਯੋ ਸ਼੍ਰਵਨ

---

[1]ਭਾਵ ਸ੍ਰੀ ਗੁਰੂ ਜੀ ਦੇ ਨਾਲ ਦੇ ਸਿੰਘਾਂ ਨੇ ਮੈਨੂੰ ਮਨ੍ਹੇ ਕੀਤਾ ਸੀ (ਇਹ ਜੁਗਰਾਜ ਕਹਿੰਦਾ ਹੈ)। [2]ਦੱਸਣਾ ਨਹੀਂ। [3]ਤਿਸ ਨੂੰ ਟੱਲ ਨਹੀਂ ਪਚੀ। [4]ਉਸ ਕੁਲ ਦੀ(ਗੱਲ)ਸੁਣੀ ਹੈ। [5]ਆਪ ਦਾ ਡੇਰਾ ਕਰਨਾ (ਸਾਥੋਂ)ਨਹੀਂ ਪੁੱਜਦਾ। [6]ਮੁੱਢ ਤੇ ਟਾਹਣੇ। *ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ।

ਹਮ ਕਰਨੋ ॥ ੪੪ ॥ ਸ੍ਰਾਪ ਕਿ ਬਰ ਸਤਿਗੁਰ ਜਬਿ ਕਰੈਂ। ਤਤਛਿਨ ਹੋਤਿ ਨਿਮਖ ਨਹਿਂ ਟਰੈਂ। ਚਲੇ ਜਾਤਿ ਆਗੇ ਉਦਿਆਨ। ਜਹਾਂ ਨ ਗ੍ਰਾਮ ਪ੍ਰਿਖਯੋ ਕਿਸ ਥਾਨ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਅਯਨੇ 'ਸ੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਸਪਤਮੋਂ ਅੰਸੂ ॥ ੭ ॥

੮. [ਦਾਨ ਸਿੰਘ ਦੇ ਪੁੱਤ੍ਰ ਨੂੰ ਬਖਸ਼ਣਾ। ਮਾਝੇ ਦੇ ਸਿੰਘਾਂ ਦਾ ਬਿਦਾਵਾ]।

ਦੋਹਰਾ ॥ ਚਲੇ ਜਾਇਂ ਆਗੈ ਗੁਰੂ ਸਿੰਘ ਰੁ ਖਾਨਾ ਸੰਗ[1]। ਕਿਤਿਕ ਸਾਥ ਬੈਰਾੜ ਹੈਂ ਸਹਿਜ ਚਲਾਹਿਂ ਤੁਰੰਗ ॥੧॥ ਚੌਪਈ ॥ ਦਾਨ ਸਿੰਘ ਇਕ ਸਿਖ ਬੈਰਾੜ। ਸੰਗ ਗੁਰੂ ਕੇ ਜਾਹਿਂ ਉਜਾੜ। ਤਿਸ ਕੋ ਸੁਤ ਸਤਿਗੁਰੂ ਪਿਛਾਰੇ। -ਮੰਦ ਚਲਾਵਹਿਂ ਤੁਰੰਗ-ਨਿਹਾਰੇ[2]॥੨॥ ਕਹ੍ਯੋ 'ਸ਼ਿਤਾਬੀ ਤੁਰੰਗ ਚਲਾ-ਵਹੁ।ਆਇ ਤੁਰਕ ਨਿਕਟ ਲਖਿ ਪਾਵਹੁ'।ਪ੍ਰਭੂ ਨੇ ਮੰਦਹਿ ਮੰਦ ਚਲਾਯੋ। ਪੁਨ ਡਰ ਧਰਿ ਤਿਨ ਬਾਕ ਅਲਾਯੋ ॥੩॥ 'ਸ਼ੱਤ੍ਰਨਿ ਸੈਨ ਸਮੀਪੀ ਹੋਈ। ਅਨਗਨ ਮਿਲਹਿਂ ਕਰਹਿਂ ਅਬਿ ਢੋਈ'।ਕਈ ਬੱਾਰ ਕਹਿ ਰਹ੍ਯੋ ਉਚੇਰੇ। ਨਹੀਂ ਸ਼ੀਘ੍ਰ ਤੇ ਗੁਰ ਹਯ ਪ੍ਰੇਰੇ ॥੪॥ ਤਿਸ ਕੇ ਹਾਥ ਕੋਰੜਾ ਹੁਤੋ। ਨਿਕਟ ਹੋਇ ਗੁਰ ਕੇ ਹਯ ਹਤੋ[3]। ਕਹੈ 'ਤੁਰਕ ਦਲ ਆਇ ਪਿਛਾਰੀ। ਕਯੋਂ ਨ ਬੇਗ ਕਰਿ ਚਲਹੁ ਅਗਾਰੀ॥੫॥ ਸੰਗਤਿਆ ਤੁਰੰਗ ਟਿਰੜੀਏ ਪਾਵਹੁ[4]*। ਰਿਪੁ ਢਿਗ ਆਏ, ਕਯੋਂ ਨ ਲਖਾਵਹੁ'। ਹਯ ਕੇ ਹਨੇ ਗੁਰੂ ਰਿਸ ਧਾਰੀ। 'ਸੰਤਤਿ ਮਾਰੀ ਜਾਇ ਤੁਮਾਰੀ॥੬॥ਜਾਨ ਭ੍ਰਾਤ[5] ਕੋ ਚਾਬਕ ਮਾਰਾ। ਚਲ੍ਯੋ ਜਾਤਿ ਜੋ ਹਮ ਅਨੁਸਾਰਾ'। ਦਾਨ ਸਿੰਘ ਰਿਸ ਕੀ ਸੁਨਿ ਬਾਨੀ। ਹਾਥ ਜੋਰਿ ਕਰਿ ਬਿਨੈ ਬਖਾਨੀ ॥ ੭॥ 'ਇਹ ਮਮ ਸੁਤ ਅਪਰਾਧ ਕਮਾਵਾ। ਬਖਸ਼ਨ ਹੀ ਤੁਮ [illegible] ਬਨਿ ਆਵਾ। ਬਯ ਪਹਿਲੀ ਮੂਰਖ ਕ੍ਰਿਤ ਕੀਨਾ। ਨਹੀਂ ਪ੍ਰਤਾਪ ਆਪ ਕੋ ਚੀਨਾ ॥ ੮ ॥ ਸੰਗਤਿ ਨਹਿਂ ਗੁਰ ਸਿੱਖਨਿ ਕੇਰੀ। ਜਿਸ ਤੇ ਮਹਿਮਾ ਲਖਹਿ ਬਡੇਰੀ'। ਸੁਨਤਿ ਬਿਨੈ ਕਰੁਨਾ ਹੁਇ ਆਈ। 'ਦਾਨ ਸਿੰਘ ! ਕਰਿ ਚਿੰਤ ਨ ਕਾਈ ॥ ੯ ॥ ਪਿਤਾ ਪੁੱਤ੍ਰ ਕੀ ਲਗਹਿ ਨ ਗਾਰੀ।

[1]ਸਿੰਘ ਤੇ ਉਹ ਖਾਨਾ (ਜੋ ਕਪੂਰੇ ਵਲੋਂ ਆਯਾ ਸੀ) ਨਾਲ ਹੈ। [2]ਹੌਲੀ ਚਲਾਉਂਦੇ ਹਨ ਘੋੜਾ (ਇਹ ਗੱਲ) ਤੱਕ ਰਿਹਾ ਸੀ। [3]ਗੁਰੂ ਕੇ ਘੋੜੇ ਨੂੰ ਮਾਰਿਆ। [4]ਹੇ ਸ਼ਕਤੀ ਵਾਲੇ ! ਘੋੜੇ ਨੂੰ (ਤ੍ਰਿਖੀ) ਚਾਲੇ ਪਾਓ। [ਪੰਜਾ:, ਟਿਰੜੀਏ=ਟੇੜ੍ਹੇ ਪਾਉਣਾ=ਤੇਜ਼ ਚਲਾਉਣਾ]। [5]ਸਵਾਰੀ ਦਾ ਘੋੜਾ [ਖਾਲਸਈ ਬੋਲਾ]। (ਅ) ਨਾਮ ਘੋੜੇ ਦਾ।

*ਪਾ:-ਸੰਗਤ ਕਜਾ ਤੁਰੰਗ ਰਿੜੀਏ ਪਾਵਹੁ। ਪਰ ਸਾਖੀਆਂ ਦੀ ਪੋਥੀ ਦਾ ਪਾਠ ਹੈ 'ਸਕਤਿਆ ਘੋੜੇ ਨੂੰ ਟਿਰੜੀਏ ਪਾਓ, ਮਗਰ ਤੁਰਕ ਆਉਂਦਾ ਹੈ'। ਗ੍ਰਾਮੀਨ ਲੋਕ 'ਸਕਤਿਆ' ਦੀ ਥਾਂ 'ਸਗਤਿਆ' ਬੀ ਬੋਲ ਲੈਂਦੇ ਹਨ। 'ਸਗਤਿਆ' ਦੇ 'ਸਙੇ' ਤੇ ਬਿੰਦੀ ਲਿਖਾਰੀ ਦੀ ਉਕਾਈ ਨਾਲ ਪਈ ਜਾਪਦੀ ਹੈ।

ਰਿਦੇ ਸਨੇਹ ਹੋਤਿ ਹੈ ਭਾਰੀ। ਰਿਸ ਕੇ ਬਸਿ ਦੁਰਸੀਸ ਬਖਾਨੇ। ਰਹੈ ਨ ਚਿਤ ਮੈਂ ਸੁਤ ਕੀ ਹਾਨੇ* ॥੧੦॥ ਤੁਮ ਸਿਖ ਸੁਤ ਕੇ ਸਮ ਹੋ ਮੇਰੇ। ਹਮ ਬਾਂਛਤਿ ਸੁਖ ਲਹੈਂ[1] ਘਨੇਰੇ'। ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਬਾਕ ਆਪ ਕੇ ਮੁਰਹਿੰ ਨ ਮੋਰੇ ॥ ੧੧ ॥ ਮੋਰੇ ਉਰ ਮਹਿੰ ਭਰਮ ਬਡੇਰਾ। ਕਿਮ ਥਿਰ[2] ਹੋਹਿ? ਸਦਾ ਮੈਂ ਚੇਰਾ'। ਕ੍ਰਿਪਾ ਨਿਧਾਨ ਪੁਨਹਿੰ ਸਮੁਝਾਯੋ। ਕਰਨ ਅਭਰਮ[3] ਦ੍ਰਿਸ਼ਾਂਤ ਸੁਨਾਯੋ ॥੧੨॥ ਕਾਨਨ ਮਹਿਂ ਦਾਵਾ ਲਗਿ ਜਾਇ[4]। ਸ਼ੇਰ ਸ਼ੇਰਨੀ ਬਤਸ਼ ਜਿਥਾਇ[5]। ਮੁਖ ਮਹਿਂ ਤਿਨ ਉਠਾਇ ਕਰਿ ਲ੍ਯਾਵੈਂ। ਪਿਖਨਿਹਾਰ ਜਾਨੈ ਜਨੁ ਖਾਵੈਂ[6] ॥ ੧੩ ॥ ਨਹੀਂ ਚੁਭਾਵੈਂ ਦੰਤ ਜਿ ਤਨ ਮਹਿਂ। ਸੁਖ ਸੋਂ ਧਰੈਂ ਆਨਿ ਹੀ ਬਨ ਮਹਿਂ। ਤਿਮ ਤੁਮ ਜਾਨਿ ਭਰਮ ਕੋ ਖੋਵਹੁ। ਮਨ ਮਹਿਂ ਸ਼ਿਕਮਾਨ ਨਹਿਂ ਹੋਵਹੁ' ॥ ੧੪ ॥ ਦਾਨ ਸਿੰਘ ਸੁਨਿ ਰਿਦੈ ਅਨੰਦ੍ਯੋ। ਹਯ ਤੇ ਉਤਰਿ ਗੁਰੂ ਪਦ ਬੰਦ੍ਯੋ। 'ਗੁਰ ਜੀ! ਭਲਾ, ਗੁਰੂ ਜੀ! ਭਲਾ। ਸੁਖ ਕਰੀਅਹਿ, ਤੁਮ ਜਾਗ੍ਰਤ ਕਲਾ'[7] ॥੧੫॥ ਇਮ ਬੋਲਤਿ ਸਿੱਖਨ ਕੇ ਸਾਥ। ਆਗੇ ਚਲੇ ਜਾਤਿ ਮਗ ਨਾਥ। ਪਰਖਨ ਹਿਤ ਜੰਗਲ ਨਰ ਫੇਰ[8]। ਸ੍ਰੀ ਮੁਖ ਤੇ ਬੋਲੇ ਤਿਸ ਬੇਰ ॥੧੬॥ 'ਹਮ† ਕੋ ਲਗੀ ਅਧਿਕ ਅਬਿ ਪ੍ਯਾਸਾ। ਖੋਜਹੁ ਨੀਰ ਹੋਇ ਜਿਸ ਪਾਸਾ'। ਸੁਨਿ ਗੁਰ ਤੇ ਲਾਗੇ ਸਭਿ ਖੋਜਨ। ਬੂਝਨ ਕਰੇ ਸੰਗ ਗਨ ਜੋ ਜਨ ॥ ੧੭ ॥ ਛਾਗਲ ਹੁਤੀ ਸੁ ਖਾਨੇ ਤੀਰ[9]। ਬੂਝ੍ਯੋ ਸਿੱਖਨ 'ਤੁਝ ਢਿਗ ਨੀਰ'। ਤਬਿ ਨਰ[10] ਕਹ੍ਯੋ 'ਨਿਕਟ ਨਹਿਂ ਮੇਰੇ'। ਪੁਨ ਚਿਤਵ੍ਯੋ—ਲਿਹੁਂ ਮੋਲ ਘਨੇਰੇ[11]— ॥੧੮॥ ਜਬਿ ਨਹਿਂ ਕਿਸ ਢਿਗ ਪਾਨੀ

---

[1]ਤੁਸੀਂ ਸੁਖ ਲਵੋ। [2](ਦਿਲ) ਕਿਵੇਂ ਟਿਕਾਣੇ ਲਗੇ। [3]ਭਰਮ ਤੋਂ ਬਿਨਾਂ ਕਰਨ ਲਈ। [4]ਬਨਾਂ ਵਿਚ ਜਦੋਂ ਭੋਂ ਦੀ ਅੱਗ ਲਗ ਜਾਵੇ। [5]ਬੱਚੇ ਜਿਸ ਥਾਂ ਤੇ ਹੋਣ ਉਥੋਂ......। [6]ਦੇਖਣ ਵਾਲੇ ਸਮਝਦੇ ਹਨ ਮਾਨੋਂ (ਬੱਚਿਆਂ ਨੂੰ) ਖਾਂਦੇ ਹਨ। [7]ਤੁਸੀਂ ਜਿਉਂਦੀ ਕਲਾ ਦੇ ਕਲਾਵਾਨ ਹੋ। [8]ਜੰਗਲ ਦੇ ਆਦਮੀਆਂ ਨੂੰ ਪਰਖਣ ਵਾਸਤੇ [ਇਸ ਪਰਖਣ ਵਿਚ ਖਾਨਾ ਭੀ ਪਰਖਿਆ ਗਿਆ ਤੇ ਜੰਗਲ ਵਾਸੀ ਨਾਲ ਦੇ ਸਿੱਖ ਬੀ]। [9](ਉਹ ਖਾਨਾ ਜੋ ਕਲ੍ਹ ਦੇ ਨੇ ਰੁੱਖਾ ਦਿਤਾ ਸੀ) ਉਸ ਪਾਸ ਮਸ਼ਕ ਸੀ। [10]ਉਸ ਨਰ ਭਾਵ ਖਾਨੇ ਨੇ। [11]ਫਿਰ ਖਾਣੇ ਨੇ ਸੋਚਿਆ ਕਿ (ਇਸ ਵੇਲੇ) ਬਹੁਤ ਮੁੱਲ ਲਵਾਂ (ਤਾਂ ਪਾਣੀ ਦਿਆਂ)।

*ਬਹੁਤ ਕੁਝ ਕਹਿਣ ਦੀ ਸੁਰ ਤੇ ਹੁੰਦਾ ਹੈ। ਪ੍ਰਭੁੱਗਤਾ ਪੂਰਬਕ ਕਹੇ ਵਾਕ ਸੱਤ ਹੁੰਦੇ ਹਨ। ਹਾਸ ਬਿਲਾਸ, ਪਿਆਰ ਵਾਲੀ ਝਿੜਕ ਦੇ ਵਾਕ ਘੀਏ ਦੇ ਉਹਨਾਂ ਫੁਲਾਂ ਵਾਂਗ ਹੁੰਦੇ ਹਨ ਜਿਨ੍ਹਾਂ ਨੂੰ ਫਲ ਨਹੀਂ ਪੈਂਦਾ। ਲਿਖਿਆ ਜਦ ਪੜ੍ਹੀਦਾ ਹੈ ਤਾਂ ਸਾਰਾ ਕੁਛ ਪ੍ਰਭੁੱਗਤਾ ਪੂਰਬਕ ਕਿਹਾ ਜਾਪਦਾ ਹੈ। ਪਰ ਜਦ ਮਹਾਂ ਪੁਰਖ ਬੋਲਦੇ ਹਨ ਤਾਂ ਸੁਰ ਤੋਂ ਵਿਤ੍ਰੇਕ ਹੋ ਜਾਂਦਾ ਹੈ ਕਿ ਕੀਕੂੰ ਦਾ ਵਾਕ ਕਹਿ ਰਹੇ ਹਨ। ਜੋ ਦ੍ਰਿਸ਼ਟਾਂਤ ਗੁਰੂ ਜੀ ਨੇ ਅੱਗੇ ਚੱਲਕੇ ਦਿਤਾ ਹੈ, ਭਾਵ ਨੂੰ ਸਪਸ਼ਟ ਕਰ ਦੇਂਦਾ ਹੈ। ਪਰ ਸ਼ਰਧਾ ਵਾਲੇ ਸਿੱਖ ਸੁਰ ਨੂੰ ਵਿਤ੍ਰੇਕ ਘੱਟ ਕਰਦੇ ਹਨ ਤੇ ਹਰ ਵਾਕ ਤੋਂ ਡਰ ਜਾਂਦੇ ਹਨ।

†ਪਾ:—ਹਮ।

ਪਾਯੋ। 'ਗੁਰ ਹਿਤ ਚਹੀਅਹਿ' ਸਭਿਨਿ ਸੁਨਾਯੋ। ਤਬੈ ਬਤਾਯਹੁ 'ਹੈ ਮਮ ਤੀਰ। ਲੇ ਕਰਿ ਮੋਲ ਦੇਯ ਹੌਂ ਨੀਰ ॥ ੧੯ ॥ ਦੇਹੁ ਰਜਤਪਣ ਲੇਹੁ ਕਟੋਰਾ। ਅਤਿ ਸੀਤਲ ਜਿਮ ਸੁਧਰਜੋ ਸ਼ੋਰਾ[1]'। ਗੁਰ ਸੇਵਕ ਦੇ ਕਰਿ ਭਰਿ ਲੀਨਾ[2]। ਕਹਿ ਪ੍ਰਸੰਗ[3] ਗੁਰ ਕੇ ਕਰ ਦੀਨਾ ॥ ੨੦ ॥ ਹੇਰਿ ਨੀਰ ਕਰ ਤੇ ਗੁਰ ਡਾਰਾ। ਕਿਤਿਕ ਦੇਰ ਤੇ ਬਹੁਰ ਉਚਾਰਾ। 'ਸੋ ਪਾਨੀ ਹਮ ਪਾਨ ਨ ਕੀਨਾ। ਬਿਮਲ ਨ ਹੁਤੋ ਗੇਰ ਧਰਿ ਦੀਨ ॥ ੨੧ ॥ ਏਕ ਕਟੋਰਾ ਆਨਹੁ ਆਨ। ਬਿਮਲ ਬਿਲੋਕਹਿਂ ਕਰਹਿਂ ਸੁ ਪਾਨ'। ਬਹੁਰ ਜਾਇ ਖਾਨੇ ਸੰਗ ਭਾਖਜੋ। 'ਏਕ ਕਟੋਰਾ ਪੁਨ ਗੁਰ ਕਾਂਖਜੋ ॥੨੨॥ ਕਹਤਿ ਭਯੋ 'ਮੈਂ ਦੇਉਂ ਨ ਕੋਈ। ਅਪਨੇ ਕਾਰਨ ਰਾਖਜੋ ਸੋਈ'। ਸਿੱਖਨਿ ਭਨਜੋਂ 'ਘਨੋ ਤੁਵ ਪਾਸ। ਕਜੋਂ ਨ ਦੇਤਿ ਲਾਗੀ ਪ੍ਰਭੁ ਪਜਾਸ'॥੨੩॥ ਕਹਨਿ ਲਗਜੋ 'ਦਿਹੁ ਇਕ ਦੀਨਾਰ। ਲੇਹੁ ਕਟੋਰਾ ਭਰਿ ਕਰਿ ਬਾਰਿ'। ਸਿੱਖਨ ਕਹਜੋ 'ਰਜਤਪਣ ਲੀਜੈ। ਗੁਰ ਕੇ ਹੇਤੁ ਨੀਰ ਭਰਿ ਦੀਜੈ' ॥੨੪॥ ਕਹੈ ਮੂੜ੍ਹ 'ਮੈ ਦੇਉਂ ਨ ਪਾਨੀ। ਚਹਹੁ ਜਿ ਮਹਰਿ ਦੇਉ ਮਮ ਪਾਨੀ[4]'। ਸਤਿਗੁਰ ਭਨਜੋਂ 'ਦੇਹੁ ਦੀਨਾਰ। ਏਕ ਕਟੋਰਾ ਭਰਿ ਲਿਹੁ ਬਾਰ' ॥੨੫॥ ਦੇ ਕਰਿ ਤਬਹਿ ਕਟੋਰਾ ਭਰਜੋ। ਹੇਰਤਿ ਸਤਿਗੁਰ ਬਾਕ ਉਚਰਜੋ। 'ਸਭਿ ਵਸਤੂ ਤੇ ਪਤਰੋ[5] ਪਾਨੀ। ਸੁਨਿ ਖਾਨੇ! ਤੈਂ ਕਛੁ ਨ ਜਾਨੀ ॥੨੬॥ ਤੂੰ ਪਾਨੀ ਤੇ ਪਤਰੋ ਹੇਰਾ। ਜਾਨਜੋਂ ਭੇਦ ਆਜ ਹਮ ਤੇਰਾ'। ਇਮ ਕਹਿ ਆਗੇ ਕਿਤਿਕ ਸਿਧਾਏ। ਮੱਦ੍ਰ ਦੇਸ਼[6] ਕੇ ਸਿਖ ਤਬਿ ਆਏ ॥ ੨੭ ॥ ਹਾਥ ਜੋਰਿ ਗੁਰ ਫਤੇ ਬੁਲਾਈ। ਪਦ ਅਰਬਿੰਦਨ ਗ੍ਰੀਵ ਨਿਵਾਈ। ਦੁਹਿ ਦਿਸ਼ਿ ਤੇ ਸਿਖ ਹਰਖਤਿ ਭਏ। 'ਭਲੇ ਸਮੇਂ ਮੇਲਾ ਗੁਰ ਕਏ' ॥੨੮॥ ਖਰੇ ਹੋਇ ਬੋਲੇ ਨਿਜ ਅਰਜ਼ੀ[7]। 'ਬਿਨਹੁ' ਆਪ ਸੁਨੀਅਹਿ ਸਚ ਗਰਜ ਜੀ'। ਮਾਝਾ ਦੇਸ਼ ਗ੍ਰਾਮ ਮਿਲਿ ਸਾਰੇ। ਤੁਮ ਦਿਸ਼ਿ ਤੇ ਚਿੰਤਾ ਚਿਤ ਧਾਰੇ ॥ ੨੯ ॥ ਕਾਰ ਕਰਿ ਸ਼ੋਕ ਬਹੁਤ ਪਛੁਤਾਇ। ਇਹ ਸਗਰੇ ਸਿਖ ਤਿਨਹੁਂ ਪਠਾਏ। ਉਤਰਹੁ ਹਯ ਤੇ ਕਛ ਥਿਰ ਹੋਇ। ਕਹਜੋ ਤਿਨਹੁਂ ਕੋ ਸੁਨੀਐ ਸੋਇ'॥੩੦॥ ਇਮ ਸੁਨਿ ਕਾਰ ਸ਼੍ਰੀ ਸਤਿਗੁਰ ਥਿਰੇ। ਉਤਰੇ ਹਯ

[1] ਜਿਵੇਂ ਸ਼ੋਰੇ ਵਿਚ ਠੰਢਾ ਕੀਤਾ ਹੁੰਦਾ ਹੈ। [2] (ਰੁਪਯਾ) ਦੇਕੇ ਕਟੋਰਾ ਭਰ ਲਿਆ ਗੁਰੂ ਜੀ ਦੇ ਸਿਵਕ ਨੇ। [3] (ਰੁਪਯੇ ਦੀ) ਦਾ ਪ੍ਰਸੰਗ ਕਹਿਕੇ। [4] ਜੇ ਪਾਣੀ ਚਾਹੁੰਦੇ ਹੋ ਤਾਂ ਮੇਰੇ ਦੋ ਮੁਹਰ ਦਿਓ। [5] ਪਤਲਾ। [6] ਇਥੇ ਮੱਦ੍ਰ ਦਾ ਭਾਵ ਮਾਝਾ ਹੈ, ਅਸਲ ਵਿਚ ਮਾਝਾ ਪਦ ਬਣਿਆਂ ਹੀ ਮੱਦ੍ਰ ਤੋਂ ਹੈ। (ਦੇਖੋ ਇਸੇ ਅੰਸੂ ਦਾ ਅੰਕ ੨੯ ਤੇ ਏਹੋ ਐਨ ਅੰਸੂ ੧੨ ਅੰਕ ੨੭)। [7] ਬੇਨਤੀ।

ਤੇ ਬੈਠਿਬ ਕਰੇ। ਕੇਤਿਕ ਸਿੰਘ ਅਰੂਢੇ ਰਹੇ*। ਕੇਚਿਤ ਉਤਰਿ ਪ੍ਰਭੂ ਢਿਗ ਲਹੇ ॥੩੧॥ਮੱਦ੍ਰ ਦੇਸ਼ ਕੇ ਸਗਰੇ ਥਿਰੇ। ਖੜ ਦੀਵਾਨ ਲਾਗਬੋ ਕਰੇ। ਕਮਰਕਸਾ ਸਭਿ ਹੂੰ ਕੇ ਅਹੇ। ਤੋੜੇ ਸੁਲਗਿ ਤੁਫੰਗਨਿ ਰਹੇ† ॥ ੩੨ ॥ ਤੁਰਕਨਿ ਕੀ ਲਗਿ ਰਹੀ ਅਵਾਈ¹। 'ਸੰਝ ਸਕਾਰੇ ਪਰਹਿ ਲਰਾਈ'। ਲਰਨ ਹੇਤੁ ਤਯਾਰੀ ਕਰਿ ਰਹੇ। ਇਕ ਤਰੁ ਊਚੋ ਤਹਿਂ ਥਿਰ ਅਹੇ ॥੩੩॥ 'ਸਿੰਘ ਚਢਾਯੋ ਤਿਸ ਦਿਸ਼ ਦੇਖਹਿ। ਦੂਰ ਲਖਹੁ ਸੁਧ ਦੇਹੁ ਬਿਸ਼ੇਖਹਿ'। ਮੱਦ੍ਰ ਦੇਸ਼ ਕੇ ਸਿਖ ਸਮੁਦਾਈ। ਗਾਥਾ ਬਿਨਤੀ ਜੁਗਤਿ ਸੁਨਾਈ ॥ ੩੪ ॥ 'ਮੱਦ੍ਰ ਦੇਸ਼ ਕੇ ਗ੍ਰਾਮ ਘਨੇਰੇ। ਸਭਿ ਤੇ ਮਾਨਵ ਮਿਲੇ ਬਡੇਰੇ। ਪੰਚ ਲੋਕ ਅਰੁ ਪ੍ਰੇਮੀ ਗੁਰ ਕੇ। ਪਿਤਾ ਪਿਤਾਮਾ ਜੋ ਸਿਖ ਧੁਰ ਕੇ ॥੩੫॥ ਸੁਨਿ ਸੁਨਿ ਰਾਵਰ ਕੀ ਸਭਿ ਗਾਥਾ। ਮਿਲਿ ਮਿਲਿ ਭਏ ਸ਼ੋਕ ਕੇ ਸਾਥਾ। ਅਪਨ ਆਪ ਕੋ ਧਿਕ ਧਿਕ ਕਹਤੇ। ਦੇਸ਼² ਗੁਰੂ ਬੇਮੁਖਤਾ ਲਹਤੇ ॥੩੬॥– ਤੀ ਕਦੀਮੀ ਸਿੱਖੀ ਜਾਂਹਿ। ਹਮ ਨਿਰਭਾਗ ਨਿਬਾਹੀ ਨਾਂਹਿ–। ਇਮ ਬਿਚਾਰ ਕਰਿ ਸਿੱਖ ਬਟੋਰੇ।ਕਰਿ ਮਸਲਤ ਭੇਜੇ ਤੁਮ ਓਰੇ॥੩੭॥ਹਜ਼ਰਤ ਸਾਥ ਵੈਰ ਤਜਿ ਦੀਜੈ। ਹਮ ਬਿਚ ਪਰਹਿਂ ਮੇਲ ਕਰਿ ਲੀਜੈ।ਕਾਰਜ ਸਭਿ ਨਿਬੇਰ ਕਰਿ ਲ੍ਯਾਵੈਂ। ਕਹਿ ਮਹਿਮਾ ਤਿਨ ਤੇ ਪੁਜਵਾਵੈਂ॥੩੮॥ ਤੌ ਸਿੱਖੀ ਨਿਰਬਹੈ ਹਮਾਰੀ। ਪਰੇ ਰਹੈਂਗੇ ਸ਼ਰਨ ਤੁਮਾਰੀ। ਜੇ ਤੁਰਕਨਿ ਸੰਗ ਰਖਹੁ ਬਿਖੇਰਾ। ਸਕਲ ਰੀਤਿ ਕਰਿ ਕਸ਼ਟ ਬਡੇਰਾ ॥੩੯॥ ਨਹਿਂ ਹੋਵਹਿ ਸਿੱਖੀ ਨਿਰਬਾਹਾ। ਲੋਕ ਬਿਸਿਦਕ ਹੋਤਿ ਉਰ ਮਾਂਹਾ। ਸਕਲ ਦੇਸ਼ ਭੇਜਨੋ ਇਮ ਕਹਿ ਕੈ। ਰਾਵਰ ਕੇ ਸੰਕਟ ਸਭਿ ਲਹਿ ਕੈ' ॥੪੦॥ ਸ਼੍ਰੀ ਗੋਬਿੰਦ ਸਿੰਘ ਸੁਨਿ ਰਿਸ ਛਾਈ।ਉੱਤਰ ਕਹ੍ਯੋ ਬੀਰ ਸਮੁਦਾਈ। 'ਸਿੱਖ ਹੋਤਿ ਲੈਬੇ ਉਪਦੇਸੂ। ਦੇਹੁ ਹਮੈ ਬਿੱਪ੍ਰੀਤ ਵਿਸ਼ੇਸ਼ੂ³ ॥੪੧॥ ਹਮ ਕੋ ਚਾਹ ਨਹੀਂ ਤੁਮ ਕੇਰੀ। ਪੂਰਬ ਭਾਜ ਗਏ ਬਿਨ ਹੇਰੀ। ਗਏ ਸੁ ਗਏ ਰਹੋ ਸਭਿ ਭਾਗੇ⁴। ਅਬਿ ਕੋ⁵ ਤੁਮੈਂ ਬੁਲਾਵਨ ਲਾਗੇ ॥੪੨॥ ਹਮਰੇ ਝਗਰੇ ਚਹਹੁ ਨਿਬੇਰਾ। ਕਹਾਂ ਗਏ ਤੁਮ ਪੂਰਬ ਵੇਰਾ। ਸ਼੍ਰੀ ਗੁਰ ਅਰਜਨ ਕੋ ਭਾ ਕਾਰਨ।ਨਹਿਂ ਗਮਨੇ⁶ ਨਹਿਂ ਕਰਨੇ ਉਚਾਰਨਿ ॥੪੩॥

¹ਸੋਅ ਆ ਰਹੀ ਹੈ। ²ਦੇਸ਼ ਨੇ। ³ਸਗੋਂ ਉਲਟੇ ਸਾਨੂੰ (ਉਪਦੇਸ਼) ਦਿੰਦੇ ਹੋ [ਵਿਸ਼ੇਸ਼=ਵਿਸ਼ੇਸ਼ ਕਰਕੇ, ਭਾਵ ਸਗੋਂ]। ⁴ਜੋ ਗਏ ਸੋ ਗਏ ਹੁਣ ਤੁਸੀਂ ਸਾਰੇ ਨੱਠੇ ਰਹੋ। (ਅ) ਜੋ ਗਏ ਹਨ ਉਹ ਤਾਂ ਗਏ ਜੋ ਭਾਗਾਂ ਵਾਲੇ ਸਨ ਉਹ ਰਹਿ ਪਏ ਸਨ। ⁵ਕੌਣ। ⁶(ਤਦੋਂ) ਨਾ ਗਏ (ਪਾਤਸ਼ਾਹ ਪਾਸ)।

*ਭਾਵ ਇਸ ਲਈ ਚੜੇ ਰਹੇ ਕਿ ਮਗਰ ਤੁਰਕ ਹਨ ਸਾਵਧਾਨੀ ਚਾਹੀਏ।

†ਪਾਃ–ਗਹੇ।

ਨਿਜ ਨਿਜ ਸਦਨ ਥਿਰੇ ਡਰ ਧਾਰਯੋ। ਸਕਲ ਪੰਚਾਯਤ ਕੋ ਬਲ ਹਾਰਯੋ।
ਪੁਨ ਨੌਮੇ ਪਤਿਸ਼ਾਹੁ ਭੁਏ ਹੈਂ।ਦਿੱਲੀ ਮਹਿਂ ਸਿਰ ਦੇਨ ਗਏ ਹੈਂ॥੪੪॥ਤਬਿ
ਮਾਝੇ ਆਦਿਕ ਸਭਿ ਦੇਸ਼। ਭੇ ਤੂਸ਼ਨ ਧਰਿ ਤ੍ਰਾਸ ਵਿਸ਼ੇਸ਼[1]।ਕਿਨਹੂੰ ਕਹਯੋ
ਨ ਸ਼ਾਹੁ ਅਗਾਰੀ। ਪਰਯੋ ਨ ਕੋਊ ਝਗਰ ਮਝਾਰੀ ॥੪੫॥ ਕਯੋਂ ਨ ਨਿਬੇ-
ਰਯੋ ਤਾਬ ਕਿਸ ਜਾਇ। ਤਬਿ ਜਾਨਤਿ ਜਬਿ ਲੇਤਿ ਛੁਟਾਇ।ਕਰਯੋ ਕਾਜ
ਤਬਿ ਕੋ ਮਨ ਜਾਨਤਿ[2]।ਤਾਂਤੇ ਅਬਿ[3] ਕਹਿਬੋ ਹਮ ਮਾਨਤਿ॥੪੬॥ਕਿਸਹੂੰ
ਤੇ ਕੁਛ ਕਾਜ ਨ ਸਰਯੋ।–ਹਮ ਸਿਖ ਇਹ–ਨ ਜਨਾਵਨ ਕਰਯੋ[4]। ਅਬਿ
ਉਪਦੇਸ਼ ਕਰਨਿ ਕੋ ਆਏ। ਕਹਨਿ ਬਾਕ ਕੋ ਨਹਿਨ ਲਜਾਏ॥੪੭॥ਤੁਮ
ਕੋ ਸਿਖ ਕਰਿ ਕਯਾ ਹਮ ਲੈ ਹੈਂ।ਪਰੇ ਕਾਜਜਬਿਦਗ਼ਾ ਕਮੈ ਹੈਂ।ਅਬਿ ਲਿਖਿ
ਦਿਹੁ ਤੁਮ–ਹਮ ਸਿਖ ਨਾਂਹੀ–। ਚਲੇ ਜਾਹੁ ਨਿਜ ਦੇਸ਼ਨਿ ਮਾਂਹੀ' ॥੪੮॥
ਇਮ ਗੁਰ ਤੇ ਸੁਨਿ ਗਿਰਾ ਰੁਖਾਈ। ਸਭਿਨਿ ਤਰੇ ਕਹੁ ਗ੍ਰੀਵ ਨਿਵਾਈ।
ਗ੍ਰਾਮਨ ਕੇ ਮੁਖਿ ਪੰਚਨ[5] ਮਸਲਤ। ਕਰੀ ਸਭਿਨਿ ਸੋਂ ਚਿਤ ਮਹਿਂ ਚਿਤ-
ਵੰਤ ॥ ੪੯ ॥ ਕਿਤਿਕ ਦੇਰ ਮਹਿਂ ਪੁਨ ਗੁਰ ਭਾਖਯੋ। 'ਹਮ ਤੁਰਕਨ ਕੋ
ਖੋਵਨ ਕਾਂਖਯੋ। ਇਹ ਸਿਖ ਆਇ ਮੇਲ ਕਰਾਵਨਿ।ਤ੍ਰਾਸਤਿ ਰਣ ਤੇ[6]ਬਾਤ
ਬਤਾਵਨ ॥ ੫੦ ॥ ਕਯੋਂ ਨ ਬਿਦਾਵਾ ਸਿੱਖੀ ਕੇਰਾ। ਲਿਖਹੁ ਮਝੈਲ !
ਕਰਤਿ ਕਯੋਂ ਦੇਰਾ?'ਦੂਤੀ ਬਾਰ ਜਬਿ ਗੁਰ ਨੇ ਕਹਯੋ।ਲਿਖਨ ਹੇਤੁ ਸਭਿ
ਹੂੰ ਤਬਿ ਚਹਯੋ ॥੫੧॥ ਦੋਹਰਾ ॥–ਸਕਲ ਦੇਸ਼ ਮਿਲਿ ਕਰਿ ਕਹਯੋ ਲਰਹਿ
ਤੁਰਕ ਕੇ ਸੰਗ। 'ਨਹਿਂ ਸਿੱਖੀ ਹਮ ਤੇ ਨਿਬਹਿ'ਤੌ ਲਿਖਿਦੇਹੁ ਨਿਸੰਗ'–
॥ ੫੨ ॥ ਇਮ ਵਿਚਾਰ ਕਰਿ ਲਿਖਯੋ ਬਿਦਾਵਾ। ਗੁਰੂ ਲਿਖਾਇ ਜੇਬ ਮਹਿ
ਪਾਵਾ। 'ਸਭਿ ਮਾਝਾ ਸਿੱਖੀ ਤੇ ਖਾਰਜ'। ਲਿਖਿ ਦੀਨੋ ਧਰਿ ਤ੍ਰਾਸ
ਅਨਾਰਜ[8] ॥ ੫੩ ॥ ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖੀ ਬਿਦਾਵਾ
ਮਝੈਲ ਲਿਖਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

### ੯. [ਮਾਝੇ ਦੇ ਸਿੱਖਾਂ ਨੇ ਮੁੜਕੇ ਤੁਰਕਾਂ ਨਾਲ ਯੁੱਧ ਆਰੰਭਣਾ]।

ਦੋਹਰਾ ॥ ਜੇ ਜੇ ਬੇਮੁਖ ਸਿਦਕ ਬਿਨ ਸਿਮਰਿ ਪੰਚਾਇਤ ਬਾਤ[9]। ਲਿਖਯੋ

---

[1]ਭਾਵ ਬਹੁਤੇ ਡਰਦੇ ਮਾਰੇ ਚੁਪ ਕਰ ਰਹੇ ਸਾਓ। [2]ਜੇ ਤਦੋਂ ਦਾ(ਤੁਹਾਡਾ ਕੋਈ)ਕੰਮ ਕੀਤਾ ਜਾਣਦੇ (ਅਸੀਂ) ਮਨ (ਵਿਚ)। [3]ਤਾਂ ਹੁਣ……। [4]ਅਸੀਂ ਇਸਦੇ ਸਿੱਖ ਹਾਂ,ਇਹ ਗਲ ਬੀ ਜਨਾਵਣਾ ਨਹੀਂ ਕੀਤੀ ਸੀ। [5]ਮੁਖੀਪੰਚਾਂ ਨੇ। [6]ਡਰਦੇ ਜੰਗ ਤੋਂ। [7](ਵਿਚਾਰ ਕਰਦੇ ਹਨਕਿ)ਸਾਰੇ ਮਾਝੇ ਦੇਸ਼ ਨੇਮਿਲਕੇ (ਸਾਨੂੰ)ਕਿਹਾ ਸੀ(ਕਿ ਜੇ ਗੁਰੂ ਜੀ)ਤੁਰਕ ਨਾਲ ਲੜਨ ਤਾਂ ਬੇਸ਼ਕ ਲਿਖ ਦੇਣਾ ਕਿ ਸਾਥੋਂ ਸਿੱਖੀ ਨਹੀਂ ਨਿਭ ਸਕਦੀ। [8]ਮਾੜਿਆਂ ਨੇ [ਸੰਸਃ,ਅਨ+ਆਰਯ]। [9]ਪੰਚਾਇਤ ਦੀ ਗਲ ਚੇਤੇ ਕਰਕੇ।

ਬਿਦਾਵਾ ਦੇਰਿ ਬਿਨ 'ਗੁਰ ਸਿਖ ਨਹੀਂ ਕਦਾਂਤ[1]' ॥ ੧ ॥ ਚੌਪਈ ॥ ਜੇ ਜੇ ਸਿਦਕੀ ਗੁਰ ਸਿਖ ਪਸਾਰੇ । ਭਯੋ ਕਸ਼ਟ ਤਿਨ ਕੇ ਮਨ ਭਾਰੇ ।—ਬਹੁਤ ਬੁਰਾ ਕਾਰਜ ਇਹ ਭਯੋ । ਲੋਕ ਪ੍ਰਲੋਕ ਖੋਇ ਸਭਿ ਲਯੋ—॥੨॥ ਸ਼੍ਰੀ ਸਤਿਗੁਰ ਭੀ ਭਏ ਉਦਾਸ । ਜਥਾ ਕਪੁੱਤ੍ਰ ਬਨੇ ਪਿਤ ਪਾਸ । ਮਹਾਂ ਬਿਰਸ ਦੁਹਦਿਸ਼ਿ ਤੇ ਹੋਵਾ।ਧਰਹਿਂ ਸ਼ੋਕ ਜਿਨ ਜਿਨ ਤਬਿ ਜੋਵਾ॥੩॥ ਸਿੱਖ ਮਝੈਲਨਿ ਮਹਿਂ ਜੇ ਭਲੇ । ਅਤਿ ਚਿੰਤਾਤੁਰ ਸੰਕਟ ਮਿਲੇ । ਮਨੁਜ ਦੇਸ਼ ਕੋ ਤਜਿ ਨਹਿਂ ਸੱਕਈ[2] । ਬੇਮੁਖ ਗੁਰ ਤੇ ਨਿਜ ਧਿਕ ਤੱਕਈ[3] ॥੪॥ ਚਢਯੋ ਤਰੋਵਰ ਪਰ ਜੋ ਹੇਰਤਿ । ਇਤਨੇ ਮਹਿਂ ਸੁਨਾਇ ਸੋ ਟੇਰਤਿ । 'ਪ੍ਰਭੁ ਜੀ! ਕਹਾ ਦੇਖਤਿ ਹੋ ਖਰੇ ? ਲਸ਼ਕਰ ਰਿਪੁਨਿ ਆਇਬੋ ਕਰੇ ॥ ੫ ॥ ਉਡੀ ਧੂਰਿ ਸੂਰਜ ਕੋ ਛਾਦਤਿ । ਸੁਨੀ ਧੁਨੀ ਕੁਛ ਦੁੰਦਭਿ ਬਾਜਤਿ । ਕਈ ਹਜ਼ਾਰ ਆਇ ਅਸਵਾਰਾ । ਕਲਮਲਾਟ[4] ਸੁਨੀਅਤਿ ਹੈ ਭਾਰਾ ॥੬॥ ਕਰਹੁ ਤੁਫੰਗਨ ਭਰਿ ਕਰਿ ਤਯਾਰੀ । ਠੋਕਹੁ ਗਾਜਨ ਦੁਗੋਰੀ ਡਾਰੀ । ਰਹੀ ਨ ਦੂਰ ਆਇ ਭਾ ਨੇਰ । ਘਰੀ ਨ ਲਾਗਹਿ ਹ੍ਵੈ ਭਟ ਭੇਰ' ॥੭॥ ਇਮ ਬੋਲਤਿ ਹੀ ਉਤਰਯੋ ਤਰੇ । ਸਤਿਗੁਰ ਤਬੈ ਤੁਰੰਗਮ ਚਰੇ । ਧਨੁਖ ਸੰਭਾਰਿ ਖੈਂਚਿ ਟੰਕਾਰਾ । ਤੀਛਨ ਭੀਛਨ ਤੀਰ ਨਿਕਾਰਾ ॥ ੮ ॥ ਸਭਿ ਬੈਰਾੜਨ ਤਬਿ ਕਰ ਜੋਰੇ । 'ਪ੍ਰਭੁ ਜੀ ਗਮਨਹੁ ਕੁਛ ਇਤ ਓਰੇ । ਆਗੇ ਆਇ ਤਾਲ ਖਿਦਰਾਣਾ । ਸੋ ਲਰਿਬੇ ਕੋ ਖਰਾ* ਟਿਕਾਣਾ ॥ ੯ ॥ ਨਾਂਹਿ ਤ ਕੁਛ ਤਹਿਂ ਤੇ ਚਲਿ ਆਗੇ । ਜਹਿਂ ਤੁਰਕਨ ਜਲ ਹਾਥ ਨ ਲਾਗੇ । ਬਿਨ ਮਾਰੇ ਆਪੇ ਮਰਿ ਜਾਇਂ । ਨਾਂਹਿ ਤ ਸੂਕੇ ਬਦਨ ਪਲਾਇਂ ॥ ੧੦ ॥ ਠਹਿਰ ਨ ਸਕਹਿਂ ਤੁਰਤ ਫਿਰਿ ਜਾਵਹਿਂ । ਜਬਿ ਖੋਜੇ ਤੇ ਨੀਰ ਨ ਪਾਵਹਿਂ' । ਇਮ ਤਿਨ ਕੀ ਮਸਲਤ ਸੁਨਿ ਕਾਨੇ । ਸਨੇ ਸਨੇ ਆਗੇ ਪ੍ਰਸਥਾਨੇ ॥ ੧੧ ॥ ਪੁਨ ਸਿਖ ਕਹੈ 'ਨਿਕਟ ਹੀ ਆਏ[5]' । '[6]ਖੋਜ ਤੁਰੰਗ ਨਵੀਨੋ ਪਾਏ । ਧਾਇ ਬਿਲੋਕੈਂ ਜਾਨਹਿਂ ਨੇਰੇ' । ਰਿਪੁ ਪ੍ਰਤਿ ਕਹਯੋ ਗੁਰੂ ਤਿਸ ਬੇਰੇ ॥ ੧੨ ॥ 'ਖਰ ਤੁਰ

---

[1]ਕਦੇ ਬੀ । [2]ਆਪਣੇ ਦੇਸ਼ ਦੇ ਆਦਮੀਆਂ ਨੂੰ ਛੱਡ ਨਹੀਂ ਸਕਦੇ । [3]ਭਾਵ ਆਪਣੇ ਆਪ ਨੂੰ ਗੁਰੂ ਜੀ ਤੋਂ ਬੇਮੁਖ ਵੇਖਕੇ ਧ੍ਰਿਕਾਰ ਯੋਗ ਸਮਝਦੇ ਹਨ । [4]ਰੌਲਾ । [5]ਤੁਰਕ ਨੇੜੇ ਆ ਗਏ ਹਨ । [6](ਤੁਰਕਾਂ ਦੇ ਖੋਜੀ ਸਾਡੇ) ਘੋੜਿਆਂ ਦਾ ਸੱਜਰਾ ਖੋਜ ਪਾਕੇ ਨੇੜੇ ਜਾਣਕੇ ਵੇਖਣ ਲਈ ਦੌੜਨਗੇ ।

*ਪਾ:—ਲਖਹੁ ।

ਕਨ ਕੀ[1] ਆਂਖਨ ਘੱਟਾ।ਖੋਜ ਕਹੈਂ ਨਹਿ ਮੁਖ ਵਿਚ ਭੱਟਾ[2]। ਹੁਇ ਮਤਿ-ਵਾਰੇ ਤਰ ਭਰ[3] ਤੱਕੈਂ। ਨਿਕਟ ਹੋਇ ਭੀ ਵੇਖ ਨ ਸੱਕੈਂ* ॥੧੩॥ ਇਮ ਕਹਿ ਖਿਦਰਾਣੇ ਲਗਿ ਗਏ। ਨੇਰ[4] ਤੁਰਕ ਭੀ ਕਰਤੇ ਭਏ। ਮੰਦੂ ਦੇਸ਼ ਕੀ ਸੰਗਤਿ ਜੋਈ। ਲਿਖਤਿ ਬਿਦਾਵਾ ਗਮਨੀ ਸੋਈ ॥ ੧੪ ॥ ਤਿਨ ਮੈਂ ਪੰਚ ਸਿਖ† ਮਤਿਵੰਤੇ। ਸਭਿਨਿ ਧਿਕਾਰ ਹਟੇ ਬਲਵੰਤੇ। ਕਹਿਨ ਲਗੇ 'ਸਭਿ ਦੇਸ਼ ਡੁਬੋਯੋ। ਲੋਕ ਪ੍ਰਲੋਕ ਸਗਲ ਹੀ ਖੋਯੋ ॥ ੧੫ ॥ ਹਮ ਤੇ ਗੁਰ ਹਿਤ ਦੈ ਹੈਂ ਪ੍ਰਾਨ। ਬਿਚ ਸੰਗ੍ਰਾਮ ਕਰਹਿਂ ਅਰਿ ਹਾਨ। ਤੁਰਕ ਹਜ਼ਾਰਹੁੰ ਗੁਰ ਕੇ ਗਿਰਦ। ਕੋ ਇਸ ਸਮੈਂ ਤਜੈ ਹੁਇ ਮਰਦ[5] ॥ ੧੬ ॥ ਏਤੀ ਭੀਰ ਗੁਰੂ ਪਰ ਪਰੀ। ਹੈ ਸਦ ਹੈਫ[6] ਤਜੈਂ ਇਸ ਘਰੀ।ਜੀਵਨ ਪਾਇ ਕਰਹਿੰਗੇ ਕਹਾਂ। ਜੇ ਪ੍ਰਭੁ ਕਾਜ ਨ ਐਹੈਂ ਇਹਾਂ ॥ ੧੭ ॥ ਅੰਤ ਸਮਾ ਸਭਿ ਕੇ ਸਿਰ ਖਰਾ। ਕਾਇਰ ਸੂਰ ਨ ਕਿਸ ਤੇ ਟਰਾ। ਜੀਵਨ ਮਰਨ ਧੰਨ ਤਿਨ ਕੇਰਾ। ਜਿਨ ਗੁਰ ਸੇਵ ਕਰੀ ਇਸ ਬੇਰਾ‡ ॥ ੧੮ ॥ ਜਿਯਤ ਨਿੰਦ ਮ੍ਰਿਤੁ ਨਰਕ ਸਹੇਰਾ। ਕਰਮ ਕਮਾਯੋ ਤੁਮ ਇਸ ਬੇਰਾ'। ਸਿਖ ਪੰਚਨਿ ਤੇ ਸੁਨਿ ਕਰਿ ਕਾਨ। ਭਯੋ ਸਿਦਕ ਕੌਤਿਕ ਕੈ ਆਨਿ ॥ ੧੯ ॥ ਤਿਨ ਕੌ ਛੋਰਿ ਇਤਹਿ[7] ਸੇ ਮਿਲੇ। 'ਤਜਨ ਗੁਰੂ ਕੌ ਅਬਿ ਨਹਿ ਭਲੇ। ਬਰਖ ਹਜ਼ਾਰਹੁੰ ਨਰਕ ਸਹੇਰਣੋ। ਰਣ ਤੇ ਡਰ ਗੁਰ ਤੇ ਮੁਖ ਫੇਰਣੋ ॥੨੦॥ ਏਕ ਘਰੀ ਕੋ ਸੰਕਟ ਨੀਕੋ। ਲਾਖਹੁੰ ਬਰਖ ਸਦਾ ਸੁਖ ਜੀਕੋ। ਹਮ ਗਾਫੇ ਹੁਇ ਠਾਢੇ ਅਰੈਂ। ਰਿਪੁ ਸੋਂ ਰਨ ਕਰਿ ਮਾਰਹਿ ਮਰੈਂ ॥੨੧॥ ਗੁਰ ਲਗਿ ਤੁਰਕ ਜਾਨ ਨਹਿੰ ਦੇਹੈਂ।ਜਬਿ ਲਗਿ ਤਨ ਮਹਿਂ ਪ੍ਰਾਨ ਰਹੈ ਹੈਂ। ਨਹਿਂ ਬੱਟਾ ਸਿੱਖੀ ਕਉ ਲਾਵੈਂ। ਨਹੀਂ ਆਪਨੋ ਧਰਮ ਗਵਾਵੈਂ ॥੨੨॥ ਹਮ ਤੇ ਪ੍ਰਣ ਧਾਰਨੋ ਅਬਿ

---

[1]ਮੂਰਖ ਤੁਰਕਾਂ ਦੀ। [2]ਸਾਡਾ ਖੋਜ ਨਹੀਂ ਕਹਿ ਸਕਣਗੇ (ਅਪਣੇ ਸੂਦਾਰਾਂ ਨੂੰ) ਮੂੰਹ ਵਿਚ ਡੱਟਾ ਅੜ ਜਾਇਗਾ। [3]ਹੇਠਾਂ ਹੇਠਾਂ। [4]ਨੇੜਾ। [5]ਸੂਰਮਾ ਹੋਕੇ ਕੌਣ ਇਸ ਵੇਲੇ ਛੱਡੇ(ਗੁਰੂ ਜੀ ਨੂੰ ਤੁਰਕਾਂ ਵਿਚ)। [6]ਅਫਸੋਸ, ਲਾਨਤ [ਫਾ:, ਹੈਫ]। [7]ਇਨ੍ਹਾਂ ਨਾਲ। *ਸਾਖੀ ਪੋਥੀ ਵਿਚ ਇਉਂ ਹੈ:—ਅੱਖੀਂ ਘੱਟਾ, ਮੁਖ ਦਟਾ, ਤਰ ਭਰ ਤਕੇ, ਵੇਖ ਨ ਸੱਕੇ। ਪੰਜਾਬੀ ਮੁਹਾਵਰਾ ਭਦ ਦਾ ਇਉਂ ਤੁਰ ਪਿਆ ਹੈ—ਅੱਖੀਂ ਘੱਟਾ, ਮੂੰਹ ਵਿਚ ਛੱਟਾ, ਬਿਰ ਬਿਰ ਤੱਕੇ, ਬੋਲ ਨ ਸੱਕੇ।

†ਪਹਿਲੇ ਸਭ ਤੋਂ ਗੈਰਤ ਦਾ ਖੂਨ ਭਾਈ ਮਹਾਂ ਸਿੰਘ ਦਾ ਜੋਸ਼ ਵਿਚ ਆਇਆ ਜਾਂਪਦਾ ਹੈ, ਉਸ ਨੇ ਵੰਗਾਰਕੇ ਕਿਹਾ ਕਿ ਗੁਰੂ ਹਿਤ ਸੀਸ ਦੇਣਾ ਹੈ, ਨਿੱਤਰੋ। ਫੇਰ ਪੰਜ ਨਿੱਤਰੇ, ਫੇਰ ਇਕ ਇਕ ਕਰਕੇ ਬਾਕੀ ਦੇ ਨਿੱਤਰੇ। ਇਹ ਗਲ ਅੰਸੂ ੧੨ ਅੰਕ ੧੦ ਤੋਂ ੩੭ ਤੱਕ ਵਿਚੋਂ ਪਈ ਸਹੀ ਹੁੰਦੀ ਹੈ, ਜਿੱਥੇ ਗੁਰੂ ਜੀ ਮਹਾਂ ਸਿੰਘ ਤੇ ਅਤਯੰਤ ਪ੍ਰਸੰਨਤਾ ਪ੍ਰਗਟ ਕਰ ਰਹੇ ਹਨ। ‡ਪਾ:—ਸਮੁ ਸਭ ਸੁਖ ਪਰਲੋਕ ਅਹੇਰਾ।

ਐਸੇ। ਅਪਰ ਕਰਹੁ ਜਿਨ ਕੇ ਮਨ ਜੈਸੇ'। ਇੱਤ੍ਯਾਦਿਕ ਬਹੁ ਕਹਿ ਕਹਿ ਤਰਕ। 'ਜੀਵਤਿ ਨਿੰਦਾ ਮਰਤੇ ਨਰਕ' ॥੨੩॥ ਹਟੇ ਸਿੰਘ ਸਭਿ ਸੰਖ੍ਯਾ ਚਾਲੀ*।ਰਿਨ ਕਰਿਬੇਕਹੁ ਧੀਰ ਬਿਸਾਲੀ।ਅਪਰ ਭਏ ਕਾਇਰ ਬਲਹਾਰੇ। ਪਗ ਚੰਚਲ ਕਰਿ ਦੂਰ ਸਿਧਾਰੇ ॥੨੪॥ ਪ੍ਯਾਰ ਪ੍ਰਾਨ ਕਰੇ ਤਜਿ ਧਰਮੂ। ਸਤਿਗੁਰ ਤ੍ਯਾਗੇ ਕਰਨੈ ਕੁਕਰਮੂ।ਜਿਤ ਕੋ ਆਇ ਤਿਤਹਿ ਸਿਧਾਰੇ।ਮਨਹੁੰ ਚਰਨ ਮ੍ਰਿਗ ਕੇ ਸਭਿ ਧਾਰੇ ॥ ੨੫। ਜਬਿ ਸ਼੍ਰੀ ਪ੍ਰਭੁ ਖਿਦਰਾਨੇ ਆਏ। ਲਰਨ ਸਥਾਨ ਬਿਲੋਕਿ ਅਲਾਏ। 'ਸ਼ੁਸ਼ਕ ਪਰਨੈ ਨੰਮ੍ਰੀ ਥਲ ਅਹੈ। ਰਣ ਹਮ ਕਰਹਿ ਇਹਾਂ ਥਿਰ ਰਹੈਂ।।੨੬।।ਬਦਰੀ ਬ੍ਰਿੰਦਸਘਨ ਹੈਂ ਆਛੇ।ਹਤਹਿੰ ਤੁਰਕ ਗਨ ਕੋ ਚਿਤ ਬਾਛੇਂ'। ਦਾਨ ਸਿੰਘ ਆਦਿਕ ਬੈਰਾੜ। ਕਹੈਂ 'ਚਹੂੰ ਦਿਸ਼ਿ ਝਾੜ ਉਜਾੜ।।੨੭।। ਨਾਹਕ ਰੁਕਹੁ ਬੀਚ ਲਸ਼ਕਰ ਕੇ। ਘੇਰਾ ਪਾਇ ਲੇਹਿੰ ਬਲ ਕਰਿ ਕੇ। ਆਗੇ ਚਲਹੁ ਕਿਤਿਕ ਥਲ ਔਰ। ਖਰੇ ਹੋਇ ਹੈਂ ਆਛੀ ਠੌਰ ।।੨੮।। ਪ੍ਰਿਸ਼ਟਿ ਆਪਨੀ ਰਖਹਿੰ ਉਜਾਰ। ਸ਼ਲਖ ਤੁਪਕ ਕੀ ਕਰਿਹੈਂ ਮਾਰ।ਜੇਤਿਕ ਹਤੇ ਜਾਇਂ ਹਤਿ ਕਰਿਕੈ।ਪਰੇ ਜੋਰ ਤੇ ਜੈ ਹੈਂ ਟਰਿ ਕੈ ।। ੨੯ ॥ ਇਹ ਮਤ ਹਮਰੋ ਮਾਨਹੁ ਗੁਰ ਜੀ। ਰੁਕਹੁ ਨ ਆਪ ਕਰਤਿ ਸਭਿ ਅਰਜ਼ੀ'। ਇਮ ਬਹੁ ਬਾਰ ਬਾਰ ਹੁਇ ਦੀਨ। ਕਹਨੋ ਜੋਰਿ ਕਰ 'ਸੁਨਹੁ ਪ੍ਰਬੀਨ !' ॥ ੩੦ ॥ ਤਜਿ ਖਿਦਰਾਨਾ ਕੁਛਕ ਪਯਾਨੇ। ਖਰੇ ਭਏ ਪ੍ਰਭੁ ਲਰਨ ਟਿਕਾਨੇ[1]।ਇਤਨੇ ਬਿਖੈ ਸਿੰਘ ਜੋ ਚਾਲੀ। ਲਰਨ ਹੇਤੁ ਕਰਿ ਧੀਰ ਬਿਸਾਲੀ ॥੩੧॥ ਗੁਰ ਕੀ ਦਿਸ਼ਾ ਉਤਾਇਲ ਆਏ। ਤੁਪਕ ਤਯਾਰ ਤੋੜੇ ਸੁਲਗਾਏ। ਸਰ ਖਿਦਰਾਨਾ ਤਿਨਹੂੰ ਨਿਹਾਰਾ। ਆਇ ਪ੍ਰਵੇਸ਼ੇ ਤਾਂਹਿ ਮਝਾਰਾ ॥ ੩੨ ॥ ਮਨਹੁੰ ਦੁਰਗ ਹੈ ਕਰਨੈ ਪਸਿੰਦ। 'ਥਿਰਹੁ ਇਹਾਂ ਰਣ ਕਰਹਿ ਬਿਲੰਦ। ਇਤ ਹੀ ਤੁਰਕਾਨ ਕੌ ਥਿਰਮਾਵੈਂ। ਗੁਰ ਕੇ ਪਾਛੇ ਨਾਹਨ ਜਾਵੈਂ[2]' ॥੩੩॥ ਆਪਸ ਮਹ ਮਸਲਤ ਕਰਿ ਥਿਰੇ। ਲਰਿਬੇ ਕਹੁ

[1]ਇਹ ਕੁਛ ਦੂਰ ਇਕ ਜੰਗਲ ਦੇ ਵਿਚ ਟਿੱਬੀ ਹੈਸੀ ਜੋ ਹੁਣ ਗੁਰਦਵਾਰਾ ਹੈ, ਹੁਣ ਸ਼ਹਿਰ ਤੋਂ ਇਹ ਥਾਂ ਥੋੜੀ ਦੂਰ ਪਰ ਹੈ।ਦੇਖੋ ਅੱਗੇ ਅੰਸੂ ੫੧ ਦਾ ਅੰਕ ੨। [2]ਭਾਵ,ਅਸੀਂ ਗੁਰੂ ਜੀ ਦੇ ਮਗਰ ਨਾ ਚੱਲੀਏ ਏਵੇਂਹੀ ਤੁਰਕਾਂ ਨੂੰ ਭੁਲੇਵਾਂ ਦੇਕੇ ਰੋਕ ਲਈਏ (ਅ)ਤੁਰਕ ਗੁਰੂ ਜੀ ਪਿਛੇ ਨਾਂ ਜਾਣ।

*ਇਹ ਚਾਲੀ ਅੰਕ ਦਾ ਭੁਲੇਵਾਂ ਚਮਕੌਰ ਸਾਹਿਬ ਦੇ ਚਾਲੀ ਮੁਕਤਿਆਂ ਦਾ ਹੈ। ਇਸ ਵੇਲੇ ਸੰਗਤ ਚੋਖੀ,ਸੀ ਤੇ,ਇਹ ਬੀ ਖਿਆਲ ਹੈ ਕਿ ਸਨਮੁਖ ਹੋਣ ਵੇਲੇ ਪਹਿਲਾਂ੧ ਨਿਤਰਿਆ ਫੇਰ ਪੰਜ, ਸਹਿਜੇ ਸਹਿਜੇ ਚਾਲੀ ਤੇ ਅੰਤ ਸਾਰੇ ਹੀ ਨਿਤਰ ਪਏ ਤੇ ਲੜਕੇ ਮਰਨੇ ਪਰ ਡਟ ਗਏ ਤੇ ਲੜਕੇ ਸਾਰੇ ਹੀ ਸ਼ਹੀਦ ਹੋ ਗਏ।

ਤਿਆਰ ਹੁਇ ਖਰੇ। ਕੇਤਿਕ ਸਿੰਘਨਿ ਬਹੁਤ ਜਨਾਵਨਿ। ਕਟੇ ਰਾਦਰੇ ਝਾਰਨਿ ਪਾਵਨਿ। ੩੪॥ਊਚੇ ਬਦਰੀ ਕੇ ਤਰੁ ਜੇਈ। ਬਸਤ੍ਰਨਿ ਸਾਥ ਅਛਾਦੇ ਤੇਈ।–ਤੰਬੂ ਲਗੇ ਜਾਨਿ ਰਿਪੁ ਡਰੈਂ। ਆਇੰ ਨ ਇਕ ਥਿਰ ਹੇਲਾ ਕਰੈਂ॥ ੩੫॥ ਰਹੈਂ ਦੂਰ ਹੀ ਹਤੈਂ ਤੁਫੰਗਾਂ। ਮਾਰਹਿੰ ਤੁਰਕਨਿ ਫੋਰਹਿੰ ਅੰਗਾ–। ਥਿਰੇ ਅਧਿਕ ਕਰਿਕੈ ਉਤਸਾਹੂ। ਧੰਨ ਜਨਮ ਤਿਨ ਕੋ ਜਗ ਮਾਂਹੂ॥੩੬॥ –ਗੁਰ ਲਗਿ ਤੁਰਕ ਨ ਪਹੁੰਚਨਿ ਪਾਵੈਂ। ਹਤੈਂ ਇਹਾਂ ਪਾਛੇ ਉਲਟਾਵੈਂ। ਘਾਲਹਿੰਗੇ ਘਮਸਾਨ ਘਨੇਰਾ–।ਕਰਿ ਕਰਿ ਆਡ[1] ਥਿਰੇ ਤਿਸ ਬੇਰਾ॥੩੭॥ [2]'ਨਹੀਂ ਆਪਨੇ ਪੈਰ ਹਿਲਾਵਹੁ। ਮਰਹੁ ਸਮੁਖ ਰਣ ਸੁਰਗ ਸਿਧਾਵਹੁ। ਵਾਲੀ ਸਮਰਥ ਗੁਰੂ ਹਮਾਰੋ। ਸੰਘਰ ਘੋਰ ਘਨੋ ਕਰਿ ਡਾਰੋ' ॥੩੮॥ ਚੰਡਿ ਚਲਿੱਤ੍ਰ ਪਾਠ ਕੋ ਕਰੈਂ। ਕੇਚਿਤ ਵਾਰ ਭਗਉਤੀ ਰਰੈਂ। ਕੋ ਰਾਮਾਇਣ ਮੁਖਹੁੰ ਉਚਾਰੈ।ਸੁਭਟਨ ਕੋ ਜਸੁ ਜਿਨਹੁੰ ਮਝਾਰੈ*॥੩੯॥ ਇਮ ਥਿਰ ਭਏ ਤਯਾਰ ਹੁਇ ਕਰਿ ਕੈ। ਸ਼ੱਤ੍ਰਨਿ ਹਤਨ ਧੀਰ ਉਰ ਧਰਿ ਕੈ। ਬਿਗਰੀ ਬਾਤ ਸੁਧਾਰਨ ਹੇਤੁ। ਸਿਮਰਤਿ ਸੱਤਿਗੁਰ ਭਏ ਸੁਚੇਤ ॥ ੪੦ ॥ ਕਲਬਲਾਟ[3] ਤੁਰਕਨਿ ਕੋ ਭਾਰੇ। ਸੁਨਿ ਸੁਨਿ ਗਹਿ ਗਹਿ ਆਯੁਧ ਤਯਾਰੇ। ਕੋ ਕੋ ਤਯਾ-ਗਨ ਲਗੇ ਤੁਫੰਗ। ਸੁਨਿ ਰਿਪੁ ਆਇ ਕਰਹਿੰ ਜਿਮ ਜੰਗ ॥ ੪੧॥ ਸੁਨੀ ਅਵਾਜ਼ ਪਠਾਨ ਵਜੀਦੇ। ਕਹਯੋ ਕਿ 'ਗੁਰ ਢਿਗ ਆਨਿ ਰਸੀਦੇ[4]। ਤੁਪਕ ਅਵਾਜ਼ ਸੁਨਾਈ ਦੇਤਿ। ਥਿਰਯੋ ਨਿਕਟ ਮੰਡਹਿ ਰਣ ਖੇਤ ॥ ੪੨ ॥ ਆਗੇ ਜਿਨ ਲਾਖਹੁੰ ਭਟ ਮਾਰੇ। ਬਡੋ ਬਹਾਦਰ ਨਾਂਹਿ ਨ ਹਾਰੇ। ਜ੍ਵਾਲਾ-ਬਮਣੀ ਕਰਿ ਕਰਿ ਤਯਾਰੀ। ਘਾਲਹੁ ਹੇਲ ਪਰਹੁ ਇਕ ਬਾਰੀ' ॥ ੪੩ ॥ ਸਭਿ ਲਸ਼ਕਰ ਕੋ ਦਯੋ ਸੁਨਾਇ। ਕੀਨੀ ਤਯਾਰ ਤੁਪਕ ਸਮੁਦਾਇ। ਜਾਟ ਕਪੂਰਾ ਜਿਨ ਕੇ ਸਾਥ। ਆਇ ਬਤਾਵਤਿ ਗੁਰ ਕੀ ਗਾਥ ॥੪੪॥ ਜਹਿੰ ਜਹਿੰ ਕਰਿ ਡੇਰਾ ਚਢਿ ਆਏ। ਆਵਤ ਸਗਰੇ ਚਿੰਨ੍ਹ ਦਿਖਾਏ। ਪਿਖਿ ਪਿਖਿ ਖੋਜ ਆਵਤੇ ਦੌਰੇ। ਤੁਰੰਗ ਧਵਾਇ ਪਾਵਤੇ ਠੌਰੇ ॥ ੪੫ ॥ ਆਇ ਨੇਰ ਪਾਯਹੁ ਖਿਦਰਾਣੇ। ਦੇਖੇ ਬਸਤ੍ਰ ਸੁ ਤੰਬੂ ਜਾਣੇ। ਛੁਟਨ ਲਗੀ ਦੁਹੁੰ ਦਿਸ਼ਿ ਤੇ

---

[1]ਆਸਰੇ। [2]ਜਥੇਦਾਰ ਬੋਲਦਾ ਹੈ। [3]ਰੌਲਾ। [4]ਆ ਪਹੁੰਚੇ ਹਾਂ।

*ਕਵੀ ਜੀ ਦਾ ਭਾਵ ਇਹ ਹੈ, ਕੋਈ ਕੋਈ ਗ੍ਰੰਥ ਜਿਨ੍ਹਾਂ ਵਿਚ ਸੂਰਮਿਆਂ ਦਾ, ਜ਼ਿਕਰ ਸੀ ਯਾ ਸੂਰਮਗਤੀ ਦੇ ਪ੍ਰਸੰਗ ਸੋ ਪੜ੍ਹੇ, ਤਾਂਕਿ ਬੀਰਤਾ ਜਾਗੇ। ਜੈਸੇ ਕਿਹਾ ਹੈ 'ਅਵਰ ਬਾਸ਼ਨਾ ਨਾਹਿ ਪ੍ਰਭੁ ਧਰਮ ਜੁਧ ਕੇ ਚਾਇ।' ਜੁੱਧ ਸਮੇਂ ਜੋਧਿਆਂ ਦੇ ਪ੍ਰਸੰਗ ਬੀਰ ਰਸ ਉਦੀਪਨ ਲਈ ਪੜ੍ਹੇ ਜਾਂਦੇ ਹਨ। ਸਾਖੀਆਂ ਵਾਲੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ।

ਗੋਰੀ। ਪਰਯੋ ਰੌਰ ਬਹੁ ਸ਼ਲਖਨਿ ਛੋਰੀ ॥੪੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਛੁੱਟ ਵੈਰ ਹੋਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

### ੧੦. [ਤੁਰਕਾਂ ਨਾਲ ਖਿਦਰਾਣੇ ਜੰਗ]।

ਦੋਹਰਾ ॥ ਕਰਿ ਹਮਲਾ ਗਨ ਤੁਰਕ ਮਿਲਿ ਧਾਇ ਪਰੇ ਕਰਿ ਸ਼ੋਰ। ਛੂਟੀ ਸਿੰਘਨ ਤੇ ਸ਼ਲਖ ਲਗਿ ਗੋਰੀ ਮੁਖ ਥੋਰਿ ॥੧॥ ਭੁਜੰਗ ਛੰਦ ॥ ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ। ਸੁਨਯੋ ਸ਼੍ਰੋਨ ਮਾਹਿਂ ਸ੍ਰੀ ਗੁਰੂ ਕੋਪ ਧਾਰਾ। ਖਰੇ ਹੋਇ ਟਿੱਬੀ ਹੁਤੀ ਏਕ ਤਾਂਹੀ। ਤਜੇ ਤੀਰ ਤੀਖੇ ਲਗੈਂ ਸੈਨ ਮਾਂਹੀ ॥ ੨ ॥ ਬਿਧੇ ਏਕ ਦੋਊ ਤ੍ਰਿਤੀ ਚਾਰ ਪਾਂਚੇ। ਲਗੇ ਪਾਰ ਸੂਕੋ ਨਹੀਂ ਪ੍ਰਾਨ ਬਾਚੇ। ਚਲੈਂ ਬੇਗ ਤੇ ਦੀਹ ਉੱਠੈਂ ਸ਼ੁੰਕਾਟੋ[1]। ਦੜਾ ਦਾੜ ਗੋਰੈਂ ਮਨੋ ਬ੍ਰਿੱਛ ਕਾਟੇ ॥੩॥ ਖਰੀ ਬ੍ਰਿੰਦ ਬੈਰੀ ਬਿਰੇ ਸਿੰਘ ਮਾਂਹੀ। ਤਜੈਂ ਤੀਰ ਗੋਰੀ,ਲਗੈਂ ਅੰਗ ਤਾਂਹੀ[2]। ਪਰੇ ਏਕ ਬਾਰੀ ਘਨੋ ਘਾਲਿ ਹੇਲਾ। ਚਹੈਂ ਬ੍ਰਿੰਦ ਸ਼ੱਤ੍ਰ ਕਰੈਂ ਰੇਲ ਪੇਲਾ॥੪॥ ਜਬੈ ਤਾਲ ਕੇ ਤੀਰ ਪੈ ਆਨਿ ਢੂਕੇ। 'ਲਿਜੈ ਮਾਰ ਥੋਰੇ'ਇਮੈਂ ਊਚ ਕੂਕੇ। ਤਬੈ ਸਿੰਘ ਸੂਰਾ[3] ਮਹਾਂ ਰੋਸ ਪੂਰਾ। ਤਜਯੋ ਬਾਨ ਨੰਮ੍ਰੀ[4] ਗਜਯੋ ਨਾਦ ਭੂਰਾ ॥ ੫ ॥ ਲੀਓ ਖੈਂਚਿ ਖੰਡਾ ਪ੍ਰਚੰਡੈ ਘਮੰਡਾ। ਕਰੇ ਖੰਡ ਖੰਡੈ ਅਖੰਡੈ ਉਮੰਡਾ[5]।ਮਹਾਂ ਜੁੱਧ ਮੰਡਯੋ ਕਰਯੋ ਲਾਲ ਤੁੰਡੈ। ਜਿਸੇ ਹੇਰਿ ਬੈਰੀ ਕਿਯੋ ਰੰਗ ਪੰਡੈ ॥ ੬ ॥ ਜਥਾ ਪੁੰਜ ਹਾਥੀਨ ਪੈ ਸ਼ੇਰ ਧਾਵੈ। ਨ੍ਰਿਭੈ ਬੀਰ ਬਾਂਕੋ ਤਥਾ ਘਾਵ ਘਾਵੈ। ਬਰਯੋ ਸਿੰਘ ਏਕੋ ਗਨੰ ਸ਼ੱਤ੍ਰ ਮਾਂਹੀ। ਕਰਾਚੋਲ ਬਾਹੈ ਮਿਟੈਂ ਪੈਰ ਨਾਂਹੀ ॥ ੭ ॥ ਕਿਤੇ ਮਾਰਿ ਗੋਰੇ ਗੁਰੂ ਓਜ ਪਾਏ। ਤਬੈ ਦੇਖਿਕੈ ਬ੍ਰਿੰਦ ਸ਼ੱਤ੍ਰ ਰਿਸਾਏ। ਚਹੂੰ ਕੋਦ ਘੇਰਯੋ ਕ੍ਰਿਪਾਨੈਂ ਉਘਾਰੇ। ਛਕਯੋ ਛੋਭ ਛੱਤ੍ਰੀ ਸੁ ਛਾਲੈਂ ਉਛਾਰੇ[6] ॥ ੮ ॥ ਰਸਾਵਲ ਛੰਦ ॥ਚਹੂੰ ਓਰ ਮਾਰੇ। ਬਡੀ ਸ਼ੀਘ੍ਰ ਧਾਰੇ। ਪਲੱਥੇ ਖਿਲਾਰੀ[7]। ਕਰੈ ਘਾਵ ਭਾਰੀ ॥ ੯ ॥ ਘਨੇ ਘਾਵ ਖੈ ਕੈ। ਸੁ ਸ਼੍ਰੋਣੰ ਬਹੈ ਕੈ। ਭਯੋ ਲਾਲ ਰੰਗੀ। ਸੁ ਚੀਰੰ ਸੁਰੰਗੀ ॥ ੧੦ ॥ ਮੁਖੰ ਮੁੱਛ ਬੰਕੀ। ਬਿਲੋਕੈਂ ਅਤੰਕੀ[8]। ਘਨੇ ਘਾਵ ਘਾਏ। ਹਯੰ ਤੇ ਗਿਰਾਏ ॥੧੧॥ ਚਲਾਕੀ ਦਿਖਾਵੈ। ਨਹੀਂ ਦਾਵ ਖਾਵੈ। ਬਹਯੋ ਜਾਹਿ ਲੋਹੂ। ਰਿਦੈ ਸਿੰਘ ਰੋਹੂ[9] ॥੧੨॥ ਤਕਯੋ ਤਾਂਹਿ ਅੰਗਾ। ਸਮੂਹੰ ਤੁਫੰਗਾ। ਇਕੈਂ ਬਾਰ ਦਾਗੀ। ਗਨੰ ਆਨਿ ਲਾਗੀ[10] ॥ ੧੩ ॥ ਗਿਰਯੋ ਸਿੰਘ ਸੌਂਹੇ[11]। ਕੁਪਯੋ ਬੰਕ ਭੌਂਹੈਂ। ਜਬੈ ਬੀਰ ਮਾਰਾ। ਕਰੇ

---

[1]ਹੂਕ। [2]ਭਾਵ ਤੁਰਕਾਂ ਦੇ। [3]ਕੋਈ ਸਿੰਘ ਸੂਰਮਾ। [4]ਨੀਵਾਂ। [5]ਅਤਿਅੰਤ ਉਤਸਾਹ ਨਾਲ ਟੋਟੇ ਟੋਟੇ ਕੀਤੇ। [6]ਛੱਤ੍ਰੀ (ਸਿੰਘ) ਗੁੱਸੇ ਵਿਚ ਮਸਤ ਛਾਲਾਂ ਮਾਰ ਉਛਲ ਉਛਲ ਕੇ ਪੈਂਦਾ ਹੈ। [7]ਗਤਕੇਬਾਜ਼ੀ ਦਾ ਖਿਲਾਰੀ,ਤਲਵਾਰ ਵਾਹੁਣ ਦੀ ਵਿੱਦਿਆ ਦਾ ਪ੍ਰਬੀਨ। [8]ਦੇਖਕੇ ਡਰ ਆਉਂਦਾ ਹੈ। [9]ਸਿੰਘ ਦੇ ਦਿਲ ਗੁੱਸਾ (ਭਰ ਰਿਹਾ) ਹੈ। [10]ਬਹੁਤ ਸਾਰੀਆਂ ਆ ਲਗੀਆਂ। [11]ਸਾਮ੍ਹਣੇ।

ਜੰਗ ਭਾਰਾ॥੧੪॥ਤਬੈ ਸਿੰਘ ਔਰੋ। ਭਨਨੋ ਜੰਗ ਠੌਰੋ। "ਲਰੈਂ ਠਾਢ ਹ੍ਵੈ ਕੈ। ਪ੍ਰਿਥੀ ਪਾਨ ਕੈ ਕੈ ॥ ੧੫ ॥ ਸਮੈ ਸੋ ਨ ਐਸੋ। ਲਰੈਂ ਆਡ ਲੈ ਸੌਂ[1]। ਤਜੈ ਜੀਯ ਸ਼ੰਕਾ। ਨ ਕੀਜੈ ਅਤੰਕਾ॥੧੬॥ਗੁਰੂ ਕੋ ਸਿਭਾਰੋ। ਪ੍ਰਲੋਕੈਂ ਸੁਧਾਰੋ'। ਇਮੈਂ ਆਪ ਮਾਂਹੀ। ਕਹੈਂ ਸਿੰਘ ਤਾਂਹੀ॥੧੭॥ਮਲੇ ਪੰਚ ਬੀਰਾ। ਧਰੀ ਭੂਰ ਧੀਰਾ। ਜਹਾਂ ਸ਼ੱਤ੍ਰ ਪੁੰਜਾ। ਪਰਜੋ ਸਿੰਘ ਭੰਜਾ[2] ॥ ੧੮॥ ਤਹਾਂ ਕੋ ਸਿਧਾਰੇ। ਕ੍ਰਿਪਾਨੈਂ ਨਿਕਾਰੇ।ਮੈਝਾਰੇ ਪ੍ਰਵੇਸ਼ੇ[3]।ਸੁ ਓਜੈ ਵਿਸ਼ੇਸ਼ੇ॥੧੯॥[4]ਮਨੋ ਬੇਗ ਸਿੰਘੀ। ਤਥਾ ਸ਼ੋਭ ਸਿੰਘੀ। ਖਿਰੇ ਪੰਚ ਤੇਗਾ।ਉਧਾਰੀ ਸੁ ਬੇਗਾ॥੨੦॥ ਮ੍ਰਿਗੀ ਸ਼ੱਤ੍ਰ ਭਾਗੇ। ਅਰੇ ਨਾਂਹਿ ਆਗੇ।ਜਿਸੈ ਘਾਇ ਘਾਲੇ। ਤਿਸੈ ਮਾਰਿ ਡਾਲੇ ॥੨੧॥ ਪਰਜੋ ਰੌਰ ਭਾਰੋ। ਬਕੈਂ 'ਮਾਰ ਮਾਰੋ'। ਚਹੂੰ ਓਰ ਘੇਰੇ। ਢੁਕੈਂ ਨਾਂਹਿ ਨੇਰੇ ॥ ੨੨ ॥ ਵਜੀਦੇ ਨਿਹਾਰੇ। ਸੁ ਖਾਨੇ ਪ੍ਰਚਾਰੇ। 'ਕਹਾਂ ਜਾਹੁ ਭਾਗੇ। ਨਹੀਂ ਲਾਜ ਲਾਗੇ ॥੨੩॥ ਮੁਰੋ ਘੇਰਿ ਮਾਰੋ। ਨਹੀਂ ਤ੍ਰਾਸ ਧਾਰੋ। ਅਹੈਂ ਸਿੰਘ ਥੋਰੇ। ਨਹੀਂ ਪਾਸ ਘੋਰੇ ॥੨੪॥ ਕਹਾਂ ਓਜ ਕੈ ਹੈਂ। ਮੁਰੇ ਮਾਰਿ ਲੈ ਹੈਂ'। ਵਜੀਦੇ ਵੰਗਾਰੇ। ਫਿਰੇ ਫੇਰ ਸਾਰੇ ॥ ੨੫ ॥ ਗਭਾ ਥੱਭ ਹੋਏ[5]। ਮਿਲੇ ਜੂਥ ਦੋਏ। ਕ੍ਰਿਪਾਨੈਂ ਚਲਾਵੈਂ।ਸੁ ਲੋਹੂ ਚਖਾਵੈਂ[6] ॥੨੬॥ ਰੰਗੇ ਰੰਗ ਲਾਲੈ। ਕਟੈਂ ਮਾਰ ਡਾਲੈ। ਹਯੰ ਹੇਰਿ ਨੇਰੇ।ਕਟੈਂ ਜੂੰਥ ਗੇਰੈਂ॥੨੭॥ਮਹਾਂ ਤੇਜ ਤੱਤੇ।ਰਸੰ ਰੌਦ੍ਰ ਰੱਤੇ। ਗਿਨੈਂ ਸ਼ੱਤ੍ਰ ਪੂੰਨਾ[7]। ਚਢੈ ਚਾਉ ਦੂਨਾ ॥੨੮॥ ਉਛੱਲੈਂ ਛਲੰਗੀ[8]। ਗੁਰੂ ਕੇ ਭੁਜੰਗੀ[9]। ਦਿਧੋ ਓਜ ਐਸੋ। ਹਜ਼ਾਰਾਨ ਜੈਸੋ ॥ ੨੯॥ ਮਹਾਂ ਕੋਪ ਠਾਨੈਂ। ਗਜੰ ਕੀਟ ਮਾਨੈਂ[10]। ਬਡੇ ਓਤਸਾਹੇ। ਰਣੈ ਸ਼ੱਤ੍ਰ ਗਾਹੇ ॥ ੩੦ ॥

ਸਿਰਖੰਡੀ ਛੰਦ॥ ਪੰਚਹੁੰ ਬੀਰ ਜੁਝਾਰੇ ਮਾਰਿ ਅਨੇਕ ਕੋ। ਕਰੇਂਾਂਚੋਲ ਪਰਹਾਰੇ ਤੁਰਕ ਗਿਰਾਇ ਕੈ। ਪਰੇ ਤੁਰੰਗਮ ਭਾਰੇ ਮੁਖ ਅਰੁ ਚਰਨ ਕਟਿ।ਗੁਲਕਾਂ ਛੀਰ ਸਹਾਰੇ ਭਿਦੇ ਸ਼ਰੀਰ ਸਭਿ ॥੩੧॥ ਨਿਕਸੇ ਪ੍ਰਾਨ ਸੁ ਭਿੱਗੇ ਸਨਮੁਖ ਬੈਰੀਆਂ। ਸਭਿ ਸ਼੍ਰੋਣਤ ਸਨ ਭਿੱਗੇ ਬਾਗੇ[11] ਲਾਲ ਹ੍ਵੈ।ਤਜੇ ਨ ਹਾਥਹੁੰ ਖੱਗੇ ਇੱਛਾ ਹਤਨਿ ਕੀ। ਘਨੇ ਘਾਵ ਤਨ ਲਗੇ ਮਰਿ ਕਰਿ ਗਿਰ ਪਰੇ ॥ ੩੨॥ ਬੰਦ੍ਰੀ ਬ੍ਰਿੰਦ ਮਝਾਰੇ ਸੂਕੇ ਸਰ ਬਿਧੇ।ਥਿਰੇ ਸਿੰਘ ਤਹਿਂ ਭਾਰੇ ਤੁਪਕ ਚਲਾ-

---

[1]ਭਾਵ ਐਸਾ ਸਮਾ ਹੁਣ ਨਹੀਂ ਹੈ ਕਿ ਪ੍ਰਾਣ ਪਿਆਰੇ ਕਰਕੇ ਖੜੇ ਖੜੇ ਹੋ ਲੜੀਏ। (ਅ) ਓਟਾਂ ਲੈ ਲੈਕੇ ਲੜੀਏ। [2]ਸ਼ਹੀਦ ਹੋਇਆ ਪਿਆ ਸੀ (ਪਹਿਲਾ) ਸਿੰਘ। [3]ਵਿਚ ਜਾ ਧਸੇ। [4]ਜੈਸੇ ਸ਼ੇਰ ਦਾ ਵੇਗ ਹੁੰਦਾ ਹੈ ਤੈਸੇ ਹੀ (ਗੁਰੂ ਕੇ) ਸਿੰਘਾਂ (ਦੇ ਵੇਗ) ਦੀ ਸ਼ੋਭਾ ਹੈ। [5]ਰਣ ਥਲ। ਭਾਵ [illegible] ਮਿਲ ਗਏ। [6](ਕ੍ਰਿਪਾਨਾਂ ਨੂੰ) ਲਹੂ ਚਖਾਉਂਦੇ ਹਨ। [7]ਸ਼ੱਤ੍ਰੂਆਂ ਨੂੰ ਗਿਣਦੇ ਹੀ ਨਹੀਂ। [8]ਛਾਲਾਂ ਮਾਰਕੇ ਉੱਛਲਦੇ ਹਨ। [9]ਸੂਰਮੇ। [10]ਹਾਥੀਆਂ ਨੂੰ ਕੀੜੇ ਸਮਝਦੇ ਹਨ। [11]ਪੁਸ਼ਾਕ।

ਵਦੇ। ਉਠੇ ਸ਼ਬਦ ਕੜਕਾਰੇ ਗੁਲਕਾਂ ਸ਼ੂੰਕਤੀ। ਲਗੈਂ ਤੁਰਕ ਤਨ ਮਾਰੇਂ ਗਿਰੇਂ ਪਵੰਗਮਹੁੰ[1] ॥੩੩॥ ਦੋਹਰਾ ॥ ਬੱਢ੍ਰੀ ਸੰਘਨੀ ਮਹਿਂ ਘਨੀ ਸਿੰਘ ਸੈਨ ਕੋ ਜਾਨਿ। ਨੇਰ ਨਹੀਂ ਕਾਯਰ ਕਰੈਂ ਦੂਰ ਫਿਰੈਂ ਡਰ ਮਾਨਿ॥੩੪॥ ਭੁਜੰਗਛੰਦ॥ ਵਜੀਦੇ ਪ੍ਰਚਾਰੇ 'ਕਰੋ ਕਸੋਂ ਨ ਹੱਲਾ। ਬਲੀ ਰੇਲ ਪੇਲੋ ਬਿਲੰਦੇ ਧਕੱਲਾ'। ਦਲੀ ਬੀਰ ਦੌਰਨੇ ਬਲੰ ਬੋਲ ਪਾਏ[2]। ਪਲੀਤੇ ਧੁਖੇਂ ਪੁੰਜ ਗੋਰੀ ਚਲਾਏ ॥ ੩੫ ॥ ਤਬੈ ਏਕ ਨੌ ਸਿੰਘ[3] ਕੋਪੇ ਬਿਸ਼ਾਲੇ। ਤਜੀ ਆਡ[4] ਕੋ ਖੈਂਚਿ ਖੱਗੈ ਨਿਕਾਲੇ। ਢੁਕੇ ਢੋਇ[5] ਗਾਢੇ ਫਿਰੀ ਢੇਰ ਚਾਲੇ[6]। ਛਕੇ ਛੋਭ ਮੈਂ ਛਾਲ ਆਛੇ ਉਛਾਲੇ ॥ ੩੬ ॥ ਦਸੋ ਸਿੰਘ ਸੇ ਸਿੰਘ ਤ੍ਰਾਸੇ ਨ ਸੋਈ[7]। ਨ੍ਰਿਭੈ ਬੀਰ ਬਾਂਕੇ ਕਰੀ ਜੰਗ ਢੋਈ[8]। ਕਰਾਚੋਲ ਚਾਲੇ ਸੁ ਢਾਲੇ ਉਛਾਲੇ। ਹਜ਼ਾਰੋਂ ਰਿਪੂ ਹੋਇਕੈ ਆਲਬਾਲੇ ॥ ੩੭ ॥ ਨਰਾਜਛੰਦ॥ 'ਗੁਰੂ ਗੁਰੂ' ਉਚਾਰਿ ਕੈ ਬਿਸਾਲ ਓਜ ਪਾਇਕੈ ਭਏ ਪ੍ਰਵੇਸ਼ ਫੌਜ ਮਾਹਿਂ ਘਨੇਰ ਘਾਵ ਘਾਇਕੈ। ਜਹਾਂ ਪਰੈਂ ਇਕੱਤ੍ਰ ਹ੍ਵੈ ਬਚਿੱਤ੍ਰ ਜੁੱਧ ਠਾਨਤੇ। ਸਮੇਤਅੱਤ੍ਰ ਸ਼ੱਤ੍ਰ ਕੋ ਸੁ ਪੱਤ੍ਰ ਜਯੋਂ ਪ੍ਰਹਾਨਤੇ[9] ॥੩੮॥ ਬਿਲੰਦ ਸੇਲ ਠੇਲਤੇ ਕਰੰਤਿ ਰੇਲ ਪੇਲ ਕੋ। ਦੁਹੇਲ ਹੇਲ ਮੇਲ ਤੇ[10], ਧਕੇਲਤੇ ਨ ਝੇਲ ਕੋ[11]। ਪ੍ਰਪੇਲਤੇ ਕਰੰਤਿ ਐਲ, ਭੈਲ ਗੈਲ ਚਾਲਤੇ[12]। ਸੁ ਲਾਲ ਚੈਲ ਛੈਲ ਹੋਤਿ ਖੇਲ ਜਯੋਂ ਉਤਾਲ ਤੇ[13] ॥ ੩੯ ॥ ਘਿਰੰਤ ਬ੍ਰਿੰਦ ਸ਼ੱਤ੍ਰ ਮੈਂ ਬਚਿਤ੍ਰ ਅੱਤ੍ਰ ਮਾਰਤੇ[14]। ਭਰੇ ਸ਼ਰੀਰ ਘਾਵਤੇਤਊ ਨ ਧੀਰ ਹਾਰਤੇ। ਕਟੰਤਿ ਅੰਗ ਭੰਗ ਹ੍ਵੈ ਗਿਰੰਤਿ ਖੇਤ ਜੰਗ ਕੇ। ਨਿਸੰਗ ਸਿੰਘ ਸੂਰਮੇ ਸੁਰੰਗਚੀਰ ਰੰਗਿਕੈ॥੪੦॥ ਬਿਲੋਕਿ ਸਿੰਘ ਤਾਲ ਕੇ ਮਰੇ ਦਸੋਂ ਸਿਧਾਰਿ ਕੈ[15]। ਸਮੀਪ ਸ਼ੱਤ੍ਰ ਆਇ ਗੇ ਤੁਰੰਗ ਕੋ ਪ੍ਰਹਾਰਿ ਕੈ। ਕਰਨੇ ਬਿਸਾਲ ਰੌਲ ਕੋ ਪ੍ਰਚਾਰਤੇ ਸੁ ਜਾਤਿ ਹੈਂ[16]। ਤੁਰੰਗ ਕੋ ਧਵਾਇ ਆਇ ਨੇਰ ਪਾਇ ਘਾਤ ਹੈਂ॥੪੧॥ ਦੋਹਰਾ॥ ਸਿੰਘ ਇਕਾਦਸ਼ ਨਿਕਸਿ ਕਰਿ ਤੋਮਰ ਖੜਗ

---

[1]ਘੋੜਿਆਂ ਤੋਂ। [2]ਵਜੀਦੇ ਦੇ ਬੋਲ ਨਾਲ ਬਲ ਪਾਕੇ। [3]ਭਾਵ ੧੦ ਸਿੰਘ। [4]ਆਸਰਾ। [5]ਤਕੜੇ ਹੋਕੇ ਨੇੜੇ ਢੁਕੇ। [6]ਤੇ ਬਹੁਤ ਨੇੜੇ ਚਲੇ ਗਏ। [7]ਦਸੇ ਸ਼ੇਰਾਂ ਵਰਗੇ ਸਿੰਘ ਸਨ ਸੋ ਨਾ ਡਰੇ। [8]ਜੰਗ ਦਾ ਸਾਹਮਣਾ ਕੀਤਾ। [9]ਸ਼ਸਤ੍ਰਾਂ ਨਾਲ ਸ਼ੱਤ੍ਰ ਨੂੰ ਪੱਤ੍ਰ ਵਾਂਗ ਝਾੜਦੇ ਹਨ[ਅੱਤ੍ਰ=ਅਸਤਰ=ਹਥਯਾਰ]। [10]ਕਠਨ ਹੱਲੇ ਕਰਦੇ ਹਨ। [11]ਧੱਕੇ ਨੂੰ ਝੱਲ ਨਹੀਂ ਸਕਦੇ (ਤੁਰਕ)। [12]ਧੱਕਦੇ ਹੋਏ ਰੌਲਾ ਕਰਦੇ ਹਨ ਤੇ (ਭੈਲ=) ਮਿਲਕੇ ਮਗਰ ਚਲੀ ਜਾਂਦੇ ਹਨ। [13]ਛੈਲ (ਸੂਰਮਿਆਂ) ਦੇ ਬਸਤ੍ਰ ਲਾਲ ਹੋ ਰਹੇ ਹਨ ਜਿਵੇਂ ਕਾਹਲੀ ਨਾਲ (ਹੋਲੀ) ਖੇਲ ਰਹੇ ਹਨ। [14]ਅਚਰਜ [illegible]ਕਿਆਂ ਨਾਲ ਸ਼ਸਤ੍ਰਧਾਰੀਆਂ ਨੂੰ ਮਾਰਦੇ ਹਨ [ਅਤ੍ਰੀ=ਸ਼ਸਤ੍ਰਧਾਰੀ। ਅੱਤ੍ਰ=ਸ਼ਸਤ੍ਰ]। [15]ਤਾਲ ਦੇ ਸਿੰਘਾਂ ਨੇ ਦਸ ਸਿੰਘ ਜਦ (ਵੈਰੀ) ਮਾਰਕੇ ਮਰੇ ਦੇਖੇ। [16]ਘੇਰੀ ਜਾਂਦੇ ਹਨ।

ਸੰਭਾਰਿ। ਪਰੇ ਤੁਰਕ ਲਸ਼ਕਰ ਬਿਖੈ ਧਰਿ ਕਰਿ ਉਰ ਹੰਕਾਰ ॥ ੪੨ ॥ ਰਸਾਵਲ ਛੰਦ ॥ ਤੁਫੰਗੈਂ ਸੰਭਾਰੀ। ਬਰੂਦੈਂ ਸੁ ਡਾਰੀ। ਦੁਗੋਰੀ ਕਸੈਤੇ। ਪਲੀਤੇ ਜਮੈਂਤੇ ॥੪੩॥ ਕਲਾ ਜੋਰਿ ਤੋੜੇ। ਕਲੀ ਸਾਥ* ਮੋੜੇ। ਧਰੇ ਹਾਥ ਤਾਕੇ[1]। ਝੁਕਾਏ ਕੜਾਕੇ ॥ ੪੪ ॥ ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਵੈਰੀ। ਦੜਾਦਾੜ ਗੋਰੇ। ਸੁ ਤਾਲੈ[2] ਚੁਫੇਰੇ ॥ ੪੫ ॥ ਕੜਾਕਾੜ ਮਾਚੀ। ਲਹੂ ਧੂੜਿ ਰਾਚੀ। ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥ ੪੬ ॥ ਮਹਾਂ ਬੀਰ ਗਜਾਰਾਂ। ਤੜਾਗੈਂ ਕਿਨਾਰਾ। ਜਿਤੇ ਸ਼ੱਤ੍ਰ ਆਏ। ਤਹਾਂ ਘਾਵ ਘਾਏ ॥੪੭॥ ਕ੍ਰਿਪਾਨੈ ਕਟੇ ਜੋ। ਪੁਰੇਜੇ ਪੁਰੇਜੇ[3] । ਲੇਰੇ ਬਿੰਦ ਖਾਨਾ। ਬਡੋ ਜੰਗ ਠਾਨਾ ॥੪੮॥ ਦੋਹਰਾ॥ ਪੁੰਜ ਪੁੰਜ ਕੋ ਮਾਰਿ ਕਰਿ ਮਰੇ ਸਿੰਘ ਬਰ ਬੀਰ। ਬਾਕੀ ਤ੍ਰੌਦਸ ਰਹਿ ਗਏ ਸੋ ਨਿਕਸੇ ਧਰਿ ਧੀਰ ॥ ੪੯ ॥ ਭੁਜੰਗ ਛੰਦ ॥ ਚਲੇ ਬੀਰ ਸੋਊ ਬਡੇ ਓਤਸਾਹੇ। ਧਰੇ ਸ਼ਸਤ੍ਰ ਸਾਰੇ ਮਹਾਂ ਜੰਗ ਮਾਂਹੇ। ਕਢੇ ਮਯਾਨ ਤੇਗ਼ੇ ਗਹੇ ਹਾਥ ਢਾਲੇ। ਚਲਾਕੀ ਕਰੰਤੇ ਸੁ ਛਾਲੈਂ ਉਛਾਲੇ ॥੫੦॥ ਝਟਾਪੱਟ ਜੁੱਟੇ ਲਟਾਪੱਟ[4] ਹੋਏ। ਸਰਾਪੱਟ ਸੁੱਟੇ ਕਟਾਕੁੱਟ ਜੋਏ। ਕਟਾਕੱਟ ਕੱਟੇ ਚਟਾਪੱਟ ਮਾਰੇ। ਖਟਾ ਪੱਟ ਖੋਟੇ ਹੱਟਾਹੱਟ ਹਾਰੇ[5] ॥੫੧॥ ਕਹਾਂ ਲੌ ਕਹੌਂ ਸਿੰਘ ਸੂਰੇ ਜੁਝਾਰੇ। ਰਿਪੂ ਸੰਗ ਜੂਝੇ ਪਹੂੰਚੇ ਅਗਾਰੇ। ਖਹੇ ਖਾਨ ਖੂਨੀ ਖੁਰਾਸਾਨ ਖੰਗੀ[6]। ਮਰੇ ਜੰਗ ਖੇਤੰ ਬਡੇ ਘਾਵ ਲੱਗੀ ॥੫੨॥ ਤਜੇ ਤਾਲ ਦੂਰੰ ਬਰੇ ਸੈਨ ਮੱਧੰ। ਬਡੇ ਖਾਨ ਮਾਰੇ ਕਰੈਂ ਜੁੱਧ ਕ੍ਰੁੱਧੰ। ਰਣੰ ਗ੍ਰਿੱਧ ਬਿੰਦੰ ਭਖੈਂ ਮਾਸ ਬੋਲੈਂ। ਉਡੈਂ ਕੰਕ ਕਾਕੰ ਨਕੰ ਬੀਚ ਡੋਲੈਂ ॥੫੩॥ ਡਕੀ ਡਾਕਨੀ ਭੂਤ ਪ੍ਰੇਤੰ ਬਕੰਤੇ। ਨਚੀ ਜੋਗਨੀ ਸੀਸ ਬਾਲੈਂ ਖਿਲੰਤੇ[7]। ਕਿਤੀ ਦੂਰ ਲੌ ਜੰਗ ਖੇਤੰ ਬਿਥਾਰੇ। ਗਥੀ ਲੁੱਥ ਜੁੱਥੰ[8] ਪਰੀ ਪੋਥ ਡਾਰੇ[9] ॥ ੫੪ ॥ ਸੁਰੰ ਦੇਖਿ ਸਿੰਘਾਨਿ ਕੋ ਜੁੱਧ ਸੁੱਧੇ। ਕਹੈਂ 'ਧੰਨ ਧੰਨੰ ਫਿਰੈਂ ਗੈਨ ਮੱਧੇ। ਮਰੇ ਬੀਰ ਚਾਲੀ ਮਹਾਂ ਓਜ ਕੈ ਕੈ। ਗੁਰੂ ਧਯਾਨ ਧਾਰੇ ਤਜੇ ਪ੍ਰਾਨ ਧੈ ਕੈ ॥ ੫੫ ॥ ਦੋਹਰਾ ॥ ਤੁਰਕ ਹਜ਼ਾਰੋਂ ਲਰਿ ਮਰੇ ਬਹੁਤੇ ਹਤੇ ਤੁਰੰਗ†। ਭਯੋ ਜੰਗ ਪੂਰਨ ਤਬੈ ਸ਼੍ਰੋਤਾ ਸੁਨਹੁ ਪ੍ਰਸੰਗ ॥੫੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਸਰ ਜੰਗ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥ ੧੦ ॥

[1]ਤੱਕਦੇ ਹਨ। [2]ਤਲਾ ਦੇ। [3]ਟੋਟੇ ਟੋਟੇ। [4]ਇਕ ਦੂਜੇ ਨੂੰ ਲਿਪਟ ਜਾਣਾ, ਗੁੱਥਮ ਗੁੱਥਾ। [5]ਖੋਟੇ (ਤੁਰਕ) ਖਟਾ ਪਟ ( ਛੇਤੀ ) ਹਾਰਕੇ ਪਿੱਛੇ ਹਟ ਗਏ। ( ਅ ) ਖਟ ਪਟੀ ਵਾਲੇ ਭਾਵ ਫਸਾਦ ਕਰਨ ਵਾਲੇ ਤੁਰਕ...... । [6]ਖੂਨੀ ਖਾਨ-ਖੁਰਾਸਾਨ ਦੇ ਖੰਡੇ ਲੈ (ਸਿੰਘਾਂ ਨਾਲ ) ਖਹੇ। [7]ਖਿਡਾਏ ਹੋਏ। [8]ਸਮੂਹ ਲੋਥਾਂ ਗੁੱਛੇ ਹੋ ਗਈਆਂ। [9]ਪੈਰਾਂ ਦੇ ਨਾਲ ਢੇਰ (ਦੇ ਢੇਰ ਦਲੇ) ਪਏ ਹਨ।

*ਪਾ:—ਸਾਧ। †ਪਾ:—ਤੁਰਕ ਅਢਾਈ ਸੈ ਮਰੇ ਤ੍ਰੈ ਸੈ ਹਤੇ ਤੁਰੰਗ ।

੧੧. [ਮਾਈ ਭਾਗੋ। ਤੁਰਕਾਂ ਦਾ ਪਿੱਛੇ ਮੁੜਨਾ]।

ਦੋਹਰਾ ॥ ਇਕ ਮਾਈ ਭਾਗੋ ਹੁਤੀ ਚਾਲੀ ਸਿੰਘ* ਮਝਾਰ। ਤੁਰਕ ਹਤ੍ਯੋ ਖਰ ਸਾਂਗ ਤੇ ਗੇਰ੍ਯੋ ਧਰਾ ਮਝਾਰ ॥੧॥ ਚੌਪਈ॥ ਸਤਿਗੁਰ ਸਵਾ ਕੋਸ ਰਹਿ ਖਰੇ।ਅਬਿ ਲਗਿ ਟਿੱਬੀ ਚਿੰਨ੍ਹ ਉਚਰੇ[1]।ਧਰ੍ਯੋ ਪਨਚ ਪਰ ਤੀਖਨ ਬਾਨਾ। ਮੁਸ਼ਟ ਗਹੇ ਧਨੁ[2] ਕੋ ਪੁਨ ਤਾਨਾ ॥ ੨॥ ਸ਼ਬਦ ਭਯਾਨਕ ਹੋਵਤਿ ਛੋਰਾ। ਆਵਤਿ ਭਯੋ ਸ਼ੱਤ੍ਰ ਦਲ ਓਰਾ। ਭੂਮ ਭੂਰ ਭੁੰਕਾਟ ਭਇਆਲਾ[3]। ਸੁਨਿ ਕਰਿ ਬਿਸਮੇ ਤੁਰਕੈ ਬਿਸਾਲਾ ॥੩॥'ਇਹ ਕ੍ਯਾ ਭਯੋ ਨ ਜਾਨ੍ਯੋ ਜਾਈ? ਨਹੀਂ ਸਿੰਘ ਅਬਿ ਕੋ ਅਗੁਵਾਈ।ਗੁਰ ਸਮੇਤ ਸਭਿ ਲੀਨੇ ਮਾਰਿ। ਪਰੇ ਧਰਾ ਪੈ ਪਾਇ ਪਸਾਰ॥੪॥ਖੋਜਹਿ ਗੁਰ ਕੀ ਲੋਥ ਬਿਚਾਰੈ[4]। ਪਹੁੰਚਹਿ ਹਜ਼ਰਤਿ ਨਿਕਟ ਨਿਹਾਰੈ।ਹੋਇ ਪ੍ਰਸੰਨ ਮੋਹਿ ਪਰ ਘਨੋ।ਜਿਸਕੋ ਨਿਤ ਚਹਿ ਗਹਿਨ ਕਿ ਹਨੋ[5]"॥੫॥ਨਿਜ ਲੋਕਨ ਸਭਿ ਭਨਤਿ ਸੁਨਾਈ।'ਗੁਰ ਭੀ ਲਰਤੋ ਭਯੋ ਲਖਾਈ[6]।ਜੇ ਕਰਿ ਖੋਜ ਲੋਥ ਕਰਿ ਲੈ ਹੌਂ। ਹਜ਼ਰਤ ਕੀ ਪ੍ਰਸੰਨਤਾ ਪੈਹੌਂ" ॥ ੬ ॥ ਇਮ ਕਹਿ ਸਾਥ ਕਪੂਰੇ ਭਾਖ੍ਯੋ। 'ਜਲ ਬਤਾਇ ਦਿਹੁ ਸੁਭਟਨਿ ਕਾਂਖ੍ਯੋ। ਜਬਿ ਕੋ ਚਵੈ ਨ ਕਿਨਹੂੰ ਲੀਨੋ। ਏਤੋ ਦਿਵਸ ਬਿਤ੍ਯੋ ਨਹਿ ਪੀਨੋ' ॥੭॥ ਜੋਰਤਿ ਹਾਥ ਕਪੂਰਾ ਕਹੈ। 'ਖਾਂ ਜੀ! ਇਸ ਥਲ ਕਿਤ ਜਲ ਅਹੈ। ਇਨ ਪੈਰਨ ਤੇ ਜਾਉ ਜਿ ਆਗੇ। ਤੀਸ ਕੋਸ ਪਰ ਜਲ ਕਰ ਲਾਗੇ ॥੮॥ ਜੇ ਨਵਾਬ ਜੀ ਹਟਹੁ ਪਿਛਾਰੀ। ਤਉ ਦਸ ਕੋਸ ਪਾਇ ਹਹੁ ਬਾਰੀ'। ਸੁਨਤਿ ਵਜੀਦ ਖਾਨ ਬਿਸਮਾਯੋ। ਚਿੰਤਾ ਬਸਿ ਹ੍ਵੈ ਬਹੁਰ ਅਲਾਯੋ ॥ ੯ ॥ 'ਕਹਹੁ ਚੌਧਰੀ! ਕਉਨ ਇਲਾਜਾ? ਬਿਨ ਜਲ ਕੇ ਬਡ ਹੋਤਿ ਕੁਕਾਜਾ। ਤ੍ਰਿਖਾ ਦੀਹ ਤੇ ਮਰਹਿਂ ਤਿਸਾਏ। ਹਟਹਿਂ ਤਊ ਜਲ ਦੂਰ ਸਥਾਏ ॥੧੦॥ ਆਗੇ ਨਹੀਂ ਸਮੀਪ ਬਤਾਵਤਿ। ਬਾਂਏ ਦਾਂਏ ਹਾਥ ਨ ਆਵਤ'। ਤਬਹਿ ਕਪੂਰੇ ਮਸਲਤ ਕਹੀ। 'ਜਲ ਕੋ ਜਤਨ ਔਰ ਅਬਿ ਨਹੀਂ ॥ ੧੧॥ ਹਯ ਬਡ ਚਾਲ ਕਿ ਪੋਈਏ ਪਾਵਹੁ[7]।ਪਹੁੰਚਹੁ ਜਲ ਥਲ ਪ੍ਰਾਨ ਬਚਾਵਹੁ। ਨਤੁ

[1]ਹੁਣ ਤਾਈਂ ਉਹ ਟਿੱਬੀ ਨਿਸ਼ਾਨੀ ਦੱਸ ਰਹੀ ਹੈ। [2]ਧਨੁਖ ਦੀ ਮੁੱਠ ਫੜਕੇ। [3]ਪ੍ਰਿਥਵੀ ਤੇ ਬਹੁਤਾ ਭਯਾਨਕ ਭੂੰ ਭੂੰ ਕਰਦਾ ਸ਼ਬਦ ਹੋਯਾ। [4]ਸੋਚ ਵਿਚਾਰ ਦੇ ਨਾਲ। [5]ਫੜਨਾ ਯਾ ਮਾਰਨਾ। [6]ਦਿਖਾਈ ਦਿੰਦਾ ਸੀ। [7]ਘੋੜੇ ਬਹੁਤੀ ਤੇਜ਼ ਚਾਲ਼ੇ ਯਾ ਪੋਈਏ ਪਾਕੇ।

*ਪਿਛਲੇ ਅੰਸੂ ਦੇ ਅੰਕ ੫੫ ਵਿਚ ਚਾਲੀ ਮਰ ਗਏ ਦੱਸ ਰਹੇ ਹਨ ਤਾਂ ਭਾਗੋ ਇਕ-ਤਾਲੀਵੀਂ ਹੋਈ। ਇਸ ਤੋਂ ਬੀ ਸੂਹ ਮਿਲ ਗਈ ਕਿ ਲੜਨ ਵਾਲੇ ਚਾਲੀਆਂ ਤੋਂ ਵਧੀਕ ਸਨ।

ਭਟ ਤੁਰੰਗ ਕਿਤਿਕ ਚਿਰ ਲਾਗੈ[1]।ਮਗ ਮਹਿ ਗਮਨਤਿ ਪ੍ਰਾਨਨਿ ਤ੍ਯਾਗੈਂ
॥੧੨॥ਸੂਕੇ ਓਠ ਬਦਨ ਕੁਮਲਾਵੈਂ।ਭਲੇ ਨਰਨ ਕੇ ਅਬਿ ਦਿਸ ਆਵੈਂ[2]"।
[3]"ਸੁਨਹੁ ਕਪੂਰਾ ! ਕਾਰਜ ਦੋਊ। ਕਰਨੇ ਹੁਤੇ ਅਬਹਿ ਹਮ ਸੋਊ॥੧੩॥ਭੇ
ਮ੍ਰਿਤੁ ਜਥੇਦਾਰ ਸਰਦਾਰ।ਤਿਨ ਕੀ ਲੋਥਨ ਖੋਜਿ ਨਿਕਾਰ।ਧਰਾ ਖਨਾਇ
ਤਿਨਹੁੰ ਦਫਨਾਵਨ। ਸਕਲ ਜਿ ਮਰੇ, ਨ ਹੋਹਿਂ ਉਠਾਵਨ ॥੧੪ ॥ ਕਹਾਂ
ਬਾਤ ਦਫਨਾਵਨਿ ਕੇਰੀ। ਇਕ ਦੁਇ ਦਿਨ ਕੀ ਸਭਿ ਕ੍ਰਿਤ[4] ਹੇਰੀ।
ਦੁਤੀਏ ਗੁਰੂ ਲੋਥ ਕੋ ਖੋਜਨ।ਏ ਤੁਮ ਜਾਨਹੁ ਬਡੋ ਪ੍ਰਯੋਜਨ॥੧੫॥ਕਰਿਬੋ
ਹੁਤੋ ਕਹਾਂ ਅਬਿ ਕਰੈਂ। ਬਿਨਾ ਨੀਰ ਤੇ ਕਯੋਂਹੁੰ ਨ ਸਰੈ'। ਤਬਹਿ ਕਪੂਰੇ
ਮਸਲਤ ਦੀਨੀ। 'ਇਹ ਕਯਾ ਬਾਤ ਰਿਦੇ ਤੁਮ ਚੀਨੀ ॥ ੧੬ ॥ ਜਿਨ ਕੋ
ਕਬਰਨ ਮਹਿ ਦਫਨਾਹਹੁ। ਤਿਨ ਕੇ ਸੰਗ ਮਿਲ੍ਯੋ ਕਿਮ ਚਾਹਹੁ[5]। ਗਮ-
ਨਹਿਂ ਸ਼ੀਘ੍ਰ ਜਾਮ ਮਹਿਂ ਜੈ ਹੈਂ[6]। ਪਹੁੰਚਿ ਨੀਰ ਕੋ ਪ੍ਰਾਪਤ ਹ੍ਵੈ ਹੈਂ ॥ ੧੭ ॥
ਸਭਿ ਦਿਨ ਮਹਿਂ ਦਫਨਾਇ ਨ ਜਾਂਇ। ਦੂਰ ਦੂਰ ਪਰ ਪ੍ਰਾਨ ਗਵਾਇ।
ਨਹਿਂ ਇਕ ਥਲ ਉਠਾਇ ਕਰਿ ਲੈ ਹੈਂ।ਇਹ ਤੋ ਕਾਜ ਨਹੀਂ ਬਨਿ ਐ ਹੈ
॥ ੧੮ ॥ ਸ਼੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਅਭਿਲਾਖਤਿ ਨਿਤ ਰਣ ਕੀ
ਲੀਲਾ। ਸੋ ਭੀ ਨਿਸ਼ਚੈ ਨਾਹਨ ਭਯੋ। ਕੈ ਰਣ ਹਤ੍ਯੋ, ਕਿ ਨਿਕਸੈ ਗਯੋ
॥ ੧੯ ॥ ਤਿਨ ਕੀ ਲੋਥ ਨ ਕਿਨਹੂੰ ਪਾਇ। ਦੂਰ ਦੂਰ ਲਗਿ ਇਤ ਉਤ
ਧਾਇ। ਅਪਨੇ ਪ੍ਰਾਨ ਬਚਾਵਨ ਕਰੀਅਹਿ। ਹਟਹੁ ਪਿਛਾਰੀ ਮਗ ਚਲਿ
ਪਰੀਯਹਿ ॥੨੦॥ ਜੇਤਿਕ ਸ਼ਸਤ੍ਰ ਉਤਾਰੇ ਜਾਹਿਂ। ਕਹੁ ਆਇਸੁ ਲੇ ਲਸ਼-
ਕਰ ਤਾਂਹਿ[7]। ਗਾਡੇ ਬੀਚ[8] ਕਹਾਂ ਹੁਇ ਜਾਇ। ਪਰੇ ਧਰਾ ਪਰ ਹੀ ਸਮੁ-
ਦਾਇ ॥ ੨੧ ॥ ਫਤੇ ਮਹਾਨ ਲੀਨ ਜਸੁਵਾਰੀ[9]। ਭਲੋ ਹਟਨ ਹੀ ਲਖਹੁ
ਪਿਛਾਰੀ। ਮਰੇ ਸੁ ਮਰੇ ਭਿਸਤ ਕੋ ਗਏ।ਨਿਮਕ ਹਲਾਲ ਪ੍ਰਾਨ ਰਨ ਦਏ॥
੨੨॥ਜੋ ਨਬਾਬ ਜੀ!ਇਮ ਨ ਕਰੈਹੈਂ।ਬਿਨ ਮਾਰੇ ਸਭਿ ਹਮ ਮਰਿ ਜੈ ਹੈਂ*।'

[1]ਜੇ ਨਹੀਂ ਭਜਾਓਗੇ ਤਾਂ ਸੂਰਮ ਤੇ ਘੋੜਿਆਂ ਨੂੰ ਕਿਤਨਾ ਚਿਰ ਲਗਗਾ। [2]ਭਲੀ ਤਰ੍ਹਾਂ ਆਦਮੀਆਂ ਦੇ ਹੋਠ ਸੁੱਕੇ ਤੇ ਮੂੰਹ ਕੁਮਲਾਏ (ਹੁਣ) ਦਿੱਸਦੇ ਹਨ। [3]ਨਬਾਬ ਨੇ ਕਿਹਾ। [4]ਭਾਵ ਦਫਨਾਵਨ ਦਾ ਕੰਮ। [5]ਭਾਵ ਜੀਉਂਦਿਆਂ ਨੂੰ ਕਿਉਂ ਮਾਰਨਾ ਚਾਹੁੰਦੇ ਹੋ। [6]ਜੇ ਛੇਤੀ ਟੁਰੇ ਜਾਣ ਤਾਂ ਪਹਿਰ ਵਿਚ ਪੁੱਜਣਗੇ। [7]ਲਸ਼ਕਰ ਨੂੰ ਆਗਯਾ ਦਿਓ ਜੋ ਉਨ੍ਹਾਂ (ਸ਼ਸਤ੍ਰਾਂ) ਨੂੰ ਲੈ ਲੇਣ। [8]ਧਰਤੀ ਵਿਚ ਗੱਡਿਆਂ। [9]ਜਸ ਵਾਲੀ। *ਜਾਪਦਾ ਐਉਂ ਹੈ ਕਿ ਇਹ ਦਲ ਬੀ ਇਸ ਆਸ ਵਿਚ ਸੀ ਕਿ ਖਿਦਰਾਣੇ ਦੇ ਛੰਭ ਵਿਚ ਜਲ ਮਿਲੇਗਾ। ਜੰਗ ਮਗਰੋਂ ਤਾਲ ਸੁੱਕਾ ਵੇਖਕੇ ਨਵਾਬ ਘਬਰਾਯਾ ਹੋਇਆ ਹੈ ਤੇ ਕਪੂਰੇ ਨੂੰ ਦਾਉ ਲੱਭਾ ਹੈ ਨਬਾਬ ਨੂੰ ਹੋਰ ਘਬਰਾ ਕੇ ਵਾਪਸ ਮੋੜਨ ਦਾ, ਜੋ ਹੋਰ ।ਪੱਛਾ ਸਤਿਗੁਰ ਜੀ ਦਾ ਨਾ ਕਰ ਤੇ ਗੁਰੂ ਜੀ ਸਲਾਮਤ ਅੱਗੇ ਨਿਕਲ ਜਾਣ।

ਸੁਨਤਿ ਵਜ਼ੀਦ ਖਾਨ ਮਨ ਮਾਨੀ। 'ਸਾਚ ਕਪੂਰੇ ਬਾਤ ਬਖਾਨੀ ॥ ੨੩ ॥
ਅਹੈ ਚੌਧਰੀ ਦਾਨਸ਼ਵੰਦਾ। ਹਮਰੇ ਹਿਤ ਕੀ ਨੀਤਿ ਭਨੰਦਾ[1]।ਇਮ ਕਹਿ
ਬਾਗ ਤੁਰੰਗਮ ਫੇਰੀ। ਚਲ੍ਯੋ ਸ਼ੀਘ੍ਰ ਕਰਿ ਸਭਿ ਕੋ ਪ੍ਰੇਰੀ ॥ ੨੪ ॥ ਮ੍ਰਿਤੁ
ਤੌ ਤਜੇ ਹੁਤੇ ਤਿਸ ਠੌਰਾ[2]। ਘਾਯਲ ਕਹੁ ਭੀ ਛੋਰਤਿ ਦੌਰਾ। ਬਿਨ ਜਲ ਤੇ
ਤਰਫਤਿ ਬਹੁ ਮਰੇ। ਬਿਨ ਸਮਰਥ ਰਣ ਥਲ ਜੋ ਪਰੇ[3] ॥੨੫॥ ਹਰਖਤਿ
ਰਿਦੇ ਬਿਚਾਰਤਿ ਜਾਤਾ।–ਅਬਿ ਕੇ ਸ਼੍ਰੀ ਗੁਰ ਕੀਨਸਿ ਘਾਤਾ।ਜਿਨ ਲਾਖਹੁੰ
ਲਸ਼ਕਰ ਚਢਵਾਏ[4]। ਹਤਿ ਜਹਾਨ ਮਹਿਂ ਸ਼ੋਕ ਉਪਾਏ॥੨੬॥ ਚਿਰੰਕਾਲ
ਲਗਿ ਰਾਖਿ ਲਰਾਈ । ਮਾਰਨ ਮਰਨ ਕੀਨਿ ਸਮੁਦਾਈ । ਪੂਰਬ
ਲਰ੍ਯੋ ਪਹਾਰਨ ਮਹਿਂ ਜਬਿ। ਘਾਤ ਹੋਨਿ ਤੇ ਲਰਤਿ ਬਚ੍ਯੋ ਤਬਿ ॥੨੭॥
ਅਰੁ ਅਰਿ ਰਹ੍ਯੋ ਜੰਗ ਮੁਖ ਤੋਰ[5]।ਗਯੋ ਸਭਿਨਿ ਤੇ ਕਰਿਕਰਿ ਜੋਰ।ਸੁਨਹੁ
ਕਪੂਰਾ ਆਨੰਦਪੁਰਿ ਮੈਂ। ਰਚ੍ਯੋ ਜੰਗ ਕਰਿ ਆਨੰਦ ਉਰ ਮੈਂ ॥ ੨੮ ॥
ਬਾਈ ਧਾਰ ਰਹੇ ਝਖ ਮਾਰਿ। ਸਕਲ ਹਰਾਏ ਜੰਗ ਮਝਾਰ।ਆਦਿ ਕੇਸਰੀ
ਚੰਦ ਗਿਰੇਸ਼।ਮਾਰੇ ਬਲ ਕਰਿ ਜੁੱਧ ਵਿਸ਼ੇਸ਼॥੨੯॥ਸੋ ਇਸ ਸਮੇਂ ਮਾਰ ਕਰਿ
ਲੀਨਿ। ਫਤੇ ਖੁਦਾਇ ਹਮਹਿ ਕੋ ਦੀਨਿ। ਭੀਮਚੰਦ ਤੇ ਆਦਿ ਪਹਾਰੀ।
ਜਿਸਤੇ ਬਡੋ ਤ੍ਰਾਸ ਕੋ ਧਾਰੀ॥੩੦॥ਕਰੀਪੁਕਾਰ ਸ਼ਾਹੁ ਕੇ ਆਗੇ।ਤੀਨ ਲਾਖ
ਦਲ ਲੇ ਕਰਿ ਭਾਗੇ।ਹਜ਼ਰਤ ਸੁਨਤਿ ਕੋਪ ਕੋ ਧਾਰਾ।ਜਿਤ ਕਿਤ ਤੇ ਪਠਿ
ਲਸ਼ਕਰ ਭਾਰਾ॥੩੧॥ਜ਼ਬਰਦਸਤ ਹਮ ਸਹਤਿ ਚਢਾਏ।ਕਈ ਲਾਖ ਸੈਨਾ
ਉਮਡਾਏ। ਆਨੰਦਪੁਰਿ ਕੋ ਚਹੁੰਦਿਸ਼ਿ ਘੇਰਾ। ਨਿਕਸਿ ਵਹਿਰ ਕਰਿ ਜੰਗ
ਬਡੇਰਾ ॥ ੩੨ ॥ ਨਹੀਂ ਸ਼ਿਕਸਤ ਕਿਤਹੁੰ ਤੇ ਖਾਈ। ਬਾਨ ਪ੍ਰਹਾਰੇ ਕੋਸ
ਅਢਾਈ।ਅਸ ਗੁਰ ਬਡੋ ਬਹਾਦਰ ਚੀਨਿ।ਸੋ ਅਬਿਮਾਰਿ ਫਤੇ ਹਮ ਲੀਨਿ॥
੩੩॥ ਨਿਕਸ੍ਯੋ ਪੁਨ ਅਨੰਦਪੁਰਿ ਛੋਰਾ। ਆਵਨ ਲਾਗਿ ਸੁ ਜੰਗਲ ਓਰਾ।
ਸਗਰੋ ਲਸ਼ਕਰ ਪਰ੍ਯੋ ਪਿਛਾਰੀ। ਤੁਰਕਾਨਾ ਹਤਿ ਪੰਥ ਮਝਾਰੀ ॥ ੩੪ ॥
ਰੋਪਰ ਲਗਿ ਬਚਾਇ ਸਭਿ ਲ੍ਯਾਏ[6]। ਆਗੇ ਕਿਤਿਕ ਕੋਸ ਉਲੰਘਾਏ।
ਤਹਿਂ ਦਸ ਲਾਖ ਸੁਭਟ ਪਿਖਿ ਲਯੋ। ਆਗੇ ਪਾਛੇ ਥਲ ਰੁਕਿ ਗਯੋ॥੩੫॥
ਨਿਕਟ ਬਿਲੋਕਿ ਦੁਰਗ ਚਮਕੌਰ। ਭਯੋ ਮਵਾਸੀ ਦ੍ਰਿੜ੍ਹ ਤਿਸ ਠੌਰ। ਸੋ

---

[1]ਕਹਿੰਦਾ ਹੈ। [2]ਮੁਰਦੇ ਤਾਂ ਉਥੇ ਛੱਡੇ ਹੀ ਸਨ। [3](ਤੁਰਨ ਦੀ) ਤਾਕਤ ਤੋਂ ਬਿਨਾ ਹੋਇ ਜੋ ਰਣ ਥਲ ਵਿਚ ਪਏ ਹੋਏ ਸਨ। [4](ਬਾਦਸ਼ਾਹ ਦੇ) ਲੱਖਾਂ ਲਸ਼ਕਰ ਚੜ੍ਹਾਏ ਹੋਏ। [5]ਅਤੇ ਅੜਿਆ ਰਿਹਾ ਜੰਗ ਵਿਚ ਸਿਰਤੋੜ। (ਅ) ਅਤੇ ਅੜਿਆ ਰਿਹਾ, ਜੰਗ ਦਾ ਮੂੰਹ ਮੋੜ ਦਿੱਤਾ।
[6]ਸਾਰੇ (ਪਰਵਾਰ ਨੂੰ) ਬਚਾ ਲਿਆਏ।

ਗੁਰ ਅਬਹਿ ਮਾਰ ਕਰਿ ਲੀਨਿ। ਫਤੇ ਖੁਦਾਇ ਹਮਹੁੰ ਕੋ ਦੀਨਿ॥ ੩੬॥ ਪੁਨ ਚਮਕੌਰ ਘਨੋ ਰਣ ਘਾਲਾ। ਮਾਰੇ ਤੀਖਨ ਤੀਰ ਕਰਾਲਾ। ਸੁਨਹੁ ਚੌਧਰੀ! ਲੋਚਨ ਫੇਰ। ਮਾਰਿ ਕਰੇ ਗਢ ਕੇ ਚਹੁੰ ਫੇਰ॥ ੩੭॥ ਛੁਧਾਵੰਤਿ ਚਾਲੀ ਨਰ ਸੰਗ। ਕਈ ਲਾਖ ਸੋਂ ਕੀਨਸਿ ਜੰਗ॥ਲਸ਼ਕਰ ਕੇ ਨਰ ਮੂਠੀ ਖਾਕ। ਭਰਿ ਇਕ ਮਾਰਹਿਂ ਗਢ ਕੋ ਤਾਕਿ[1] ॥੩੮॥ ਤੌ ਪੂਰਣ ਕਰਿ ਦੇਤਿ ਦਬਾਇ। ਕਿਸ ਮਹਿਂ ਸ਼ਕਤਿ ਜਿ ਰਹਿ ਅਟਕਾਇ। ਨਿਕਟ ਨ ਕੋਈ ਪਹੁੰਚਨ ਦੀਨਿ। ਅਤਿ ਸ਼ੈ ਡਰ ਸਭਿ ਕੇ ਮਨ ਕੀਨਿ ॥੩੯॥ ਖ੍ਵਾਜ ਮਰਦ ਸੋ ਡਰਿ ਡਰਿ ਦਬਕੋ। ਰਹੇ ਦੂਰ ਉਰ ਤ੍ਰਾਸਤਿ ਸਭਿ ਕੇ। ਅਤਿਸ਼ੈ ਸੰਘਨ ਘੇਰਾ[2] ਪਾਯੋ। ਨਿਕਸਿ ਗਯੋ ਨਹਿਂ ਕਿਨ ਦਰਸਾਯੋ ॥੪੦॥ ਉਚ ਕੋ ਪੀਰ ਦੇਖ ਤਨ ਧਾਰਾ। ਸਨੇ ਸਨੇ ਮਗ ਬੀਚ ਪਧਾਰਾ। ਅਨਿਕ ਜਤਨ ਤੇ ਪਾਇ ਨ ਜੋਊ[3]। ਰਣ ਕਰਿ ਮਾਰਿ ਲੀਨਿ ਹਮ ਸੋਊ ॥ ੪੧ ॥ ਜਿਸ ਕੋ ਹਜ਼ਰਤ ਨਿਸ ਦਿਨ ਕਾਂਖਯੋ। ਗਹਿ ਲੀਜੈ ਕੈ ਮਾਰਨ ਭਾਖਯੋ। ਚਿੰਤਾ ਬਸਿ ਹੁਇ ਲਿਖਿ ਬਹੁ ਬਾਰੀ*। ਫਤੇ ਖੁਦਾਇ ਦੀਨਿ ਲਿਯ ਮਾਰੀ' ॥੪੨॥ ਇੱਤਯਾਦਿਕ ਹਰਖਤਿ ਬਹੁ ਬਾਤ। ਕਰਤਿ ਕਪੂਰੇ ਸੋਂ ਮਗ ਜਾਤਿ†। ਜਲ ਸ੍ਥਾਨ ਪਿਖਿ ਘਾਲਯੋ ਡੇਰਾ। ਬਿਨ ਜਾਨੇ ਜੜ ਮੁਦਤਿ ਬਡੇਰਾ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਸਰ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੁ ॥੧੧॥

## ੧੨. [ਗੁਰੂ ਜੀ ਦੀਆਂ ਬਖਸ਼ਿਸ਼ਾਂ। ਮਹਾਂ ਸਿੰਘ ਨੂੰ ਵਰ]।

ਦੋਹਰਾ॥ ‡ਤੁਰਕ ਸ਼ੀਘ੍ਰਤਾ ਕਰਿ ਮੁਰੇ ਮੁਖ ਕਰਿ ਪੂਰਬ ਓਰ। ਟਿੱਬੀ ਤੇ ਸਤਿਗੁਰ ਤੁਰਤ ਪਹੁੰਚਤਿ ਭੇ ਰਣ ਠੌਰ॥੧॥ਚੌਪਈ॥ਕਰਤਿ ਸ਼ੀਘ੍ਰਤਾ ਸਰ ਪਰ ਆਏ।ਉਤਰੇ ਤਜਿ ਤੁਰੰਗ ਸਹਿਸਾਏ।ਜੋ ਜੋ ਮਰੇ ਦੇਖਿ ਤਿਨ ਮੁਖ ਕੋ। ਬਖ਼ਸ਼ਨ ਲਗੇ ਲੋਕ ਜੁਗ ਸੁਖ ਕੋ[4] ॥੨॥ 'ਬੀਸ ਹਜ਼ਾਰੀ' 'ਤੀਸ ਹਜ਼ਾਰੀ'। 'ਇਸ ਕੀ ਹੁਇ ਲਾਖਨ ਸਰਦਾਰੀ'। 'ਇਤਨੇ ਕਦਮ ਅੱਗ੍ਰ ਚਲਿ

---

[1] ਤੱਕ ਕੇ। [2] ਸੰਘਣਾ ਘੇਰਾ (ਤੁਰਕਾਂ ਨੇ)। [3] ਜੋ ਨਹੀਂ ਸੀ ਹੱਥ ਆਏ। [4] ਦੋਹਾਂ ਲੋਕਾਂ ਦੇ ਸੁਖ।

*ਇਥੋਂ ਤੇ ਹੋਰ ਐਸੀਆਂ ਪਿੱਛੇ ਆਈਆਂ ਥਾਵਾਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਮੁੱਢ ਤੋਂ ਸਾਰਾ ਫਸਾਦ ਔਰੰਗਜ਼ੇਬ ਦਾ ਸੀ। ਕਦੇ ਰਾਜੇ ਤੇ ਕਦੇ ਰਾਜੇ ਤੇ ਤੁਰਕ, ਪਰ ਪੁਤਲੀ ਨਚਾਵਨਹਾਰ ਉਹੋ ਸੀ।

†ਚੌਧਰੀ ਕਪੂਰੇ ਨੇ ਨਵਾਬ ਦੇ ਇਸ ਨਿਸ਼ਚੇ ਨੂੰ ਕਿ ਗੁਰੂ ਜੀ ਇਥੇ ਮਾਰੇ ਗਏ ਹਨ, ਹਿਲਾਉਣ ਦਾ ਜਤਨ ਨਹੀਂ ਕੀਤਾ, ਕਿਉਂਕਿ ਉਸ ਦਾ ਪ੍ਰਯੋਜਨ ਉਸ ਨੂੰ ਪਿਛੇ ਮੋੜ ਲਿਜਾਣ ਦਾ ਪੂਰਾ ਹੋ ਰਿਹਾ ਸੀ।

‡ਇਹ ਮੁਕਤਸਰ ਯੁੱਧ ਦੀ ਸਾਖੀ ਬੀ ਸਾਖੀਆਂ ਵਾਲੀ ਪੋਥੀ ਦੀ ਹੈ, ਪਰ ਉਥੇ ਬਹੁਤ ਸੰਖੇਪ ਹੈ।

ਏਹ। ਤਿਤੀ ਅਧਿਕਤਾ ਸੁਖ ਕੀ ਲੇਹਿ' ॥੩॥ 'ਹੋਇ ਪ੍ਰਿਥੀਪਤਿ ਭੋਗਹਿ ਰਾਜੂ। ਬਿਲਸਹਿ ਐਸ਼ੁਰਜ ਪੁੰਜ ਸਮਾਜੂ'। 'ਜਸ ਜਸ ਕਰਿ ਪੁਰਸ਼ਾਰਥ ਮਰੇ। ਤਸ ਤਸ ਬਡ ਪ੍ਰਤਾਪ ਕੋ ਧਰੇ ॥ ੪॥ ਪੁਨ ਪ੍ਰਲੋਕ ਸੁਖ ਬਿਲਸਹਿੰ ਜਾਈ। ਮਮ ਹਿਤ ਪ੍ਰਾਨ ਦੀਏ ਇਨ ਆਈ'। ਕਰਹਿਂ ਪ੍ਰੇਮ ਬੈਠਹਿਂ ਤਿਨ ਤੀਰ। ਕਹੈਂ ਪ੍ਰਸੰਸਾ 'ਇਹ ਮਮ ਬੀਰ[1]" ॥ ੫ ॥ ਗਹਿ ਕਰ ਮਹਿਂ ਜਾਮੇ ਕੋ ਪਾਲਾ[2]*।ਪੌਂਛਹਿਂ ਮੁਖ ਧਰਿ ਪ੍ਰੀਤ ਬਿਸਾਲਾ।ਜਥਾ ਪੁੱਤ੍ਰ ਕੋ ਪਿਤਾ ਨਿਹਾ-ਰਹਿ। ਪੌਂਛਤਿ ਅੰਗਨ ਗੁਨਨਿ[3] ਉਚਾਰਹਿਂ ॥ ੬ ॥ ਅੱਸ਼੍ਰੂਪਾਤ ਲੋਚਨ ਤੇ ਡਾਰਹਿਂ। ਪੁਨ ਦੂਸਰ ਕੇ ਪਾਸ ਪਧਾਰਹਿਂ। ਬਰ ਕੋ ਦੇਤਿ ਗੌਰਦ ਕੋ ਝਾਰਹਿਂ। ਇਤਿ ਉਤ ਬਿਚਰਤਿ ਸਿੰਘ ਨਿਹਾਰਹਿਂ ॥ ੭ ॥ ਚੱਤ੍ਰਾਰਿੰਸ[4] ਬਿਖੈ ਇਕ ਜੀਵਤਿ।ਘਾਵਨ ਤੇ ਸਹਿਕਤਿ ਮ੍ਰਿਤੁ ਥੀਵਤਿ।ਸ਼ੀਘ੍ਰ ਸਮੀਪ ਜਾਇ ਕਰਿ ਸ੍ਵਾਮੀ। ਬੈਠਿ ਗਏ ਤਹਿਂ ਅੰਤਰਜਾਮੀ ॥ ੮ ॥ ਮੰਦ ਮੰਦ ਬਹਿ ਜਿਸ ਕੋ ਸ੍ਵਾਸਾ। ਲਰਯੋ ਬਹੁਤ ਰਿਪੁ ਕਰੇ ਬਿਨਾਸ਼ਾ। ਪੁੰਜ ਘਾਵ ਤਨ ਮਹਿਂ ਲਗ ਰਹੇ।–ਦੇਹਿਂ ਦਰਸ ਗੁਰ–ਚਿਤ ਮਹਿਂ ਚਹੇ॥੯॥ ਬੈਠਿ ਨਾਥ ਕਰ ਕਮਲ ਸਪਰਸ਼ਾ। ਦੀਨਸਿ ਅੱਪ੍ਰਮੇਯ ਉਰ ਹਰਸ਼ਾ[5]। 'ਮਹਾਂ ਸਿੰਘ ਅਬਿ ਨੈਨ ਉਘਾਰਹੁ। ਚਹਤਿ ਦਰਸ ਚਿਤ, ਨਿਕਟ ਨਿਹਾਰਹੁ॥੧੦॥ਤੁਝ ਪਰ ਹਮ ਪ੍ਰਸੰਨ ਬਹੁ ਅਹੈਂ। ਸੋ ਅਬਿ ਦੇਹਿਂ ਚਹੈਂ ਜਿਸ ਲਹੈਂ[6]।ਘਨ ਸੁਰ ਸਮਸਰ ਗਿਰਾ ਗਹੀਰ[7]।ਸੁਨਿ ਕਰਿ ਦਰਸ਼ਨ ਹੇਰਿ ਸੁ ਤੀਰ॥੧੧॥ ਮੁੰਦ੍ਰਿਤਿ ਲੋਚਨ ਤੁਰਤ ਉਘਾਰੇ।ਅੰਤ ਸਮੈਂ ਪਿਖਿ ਕਰਿ ਨਿਜ ਪਯਾਰੇ।ਅਤੁਲਤ[8] ਮੋਦ ਰਿਦੇ ਹੁਇ ਆਯੋ। ਜਨੁ ਬਡ ਰੋਗੀ ਅੰਮ੍ਰਿਤ ਪਾਯੋ॥ ੧੨ ॥ ਪੁਨ ਗੁਰ ਭਨਯੋਂ 'ਮਾਂਗ ਸਿੰਘ ਮੇਰੇ! ਜਿਸ ਪ੍ਰਕਾਰ ਕੀ ਬਾਂਛਾ ਤੇਰੇ। ਵਸਤੁ ਅਦੇਯ ਨਹੀਂ ਅਸ ਕੋਈ। ਤੁਵ ਜਾਚੇ ਤੇ ਦੇਂਯ ਨ ਜੋਈ॥੧੩॥ ਜਗ ਸਭਿ ਰਾਜ ਸਹਿਤ ਸੁਖ ਜੇਤੇ। ਜਾਚਨ ਕਰੇ ਦੇਉਂ ਅਬਿ ਤੇਤੇ। ਮੁਕਤਿ ਚਤੁਰਧਾ[9] ਅਹੈਂ ਪ੍ਰਲੋਕ। ਜਾਚਿ ਲੇਹੁ ਪਯਾਰੇ! ਬਿਨ ਸ਼ੋਕ ॥ ੧੪॥ ਇਸ ਤੇ ਅਪਰ ਵਸਤੁ ਕੁਛ ਨਾਂਹੀ। ਜੋ ਨਹਿਂ ਦੇਇ ਸਕਹੁਂ ਤੁਝ ਪਾਹੀ'। ਸੁਨਿ ਕਰਿ ਮਹਾਂ ਸਿੰਘ ਤਬਿ ਭਾਖਾ। 'ਪ੍ਰਭੁ ਜੀ! ਅਬਿ ਨ ਰਹੀ ਅਭਿਲਾਖਾ ॥ ੧੫॥ ਅੰਤ ਸਮੈਂ

---

[1]ਇਹ ਮੇਰਾ ਸੂਰਮਾ ਹੈ। [2]ਆਪਣੇ ਜਾਮੇ ਦਾ ਪੱਲਾ ਹੱਥ ਵਿਚ ਫੜਕੇ। [3]ਗੁਣਾਂ ਨੂੰ। [4]ਚਾਲੀਹਾਂ ਵਿਚ। [5]ਬਹੁਤਾ ਦਿਲ ਦਾ ਖੁਸ਼ਾ। [ਸੰਸ:, ਅਪ੍ਰਮੇਯ=ਅਤੁਲਵਾਂ]। [6]ਜੋ ਲੈਣਾ ਚਾਹੇਂ। [7]ਬੱਦਲ ਦੇ ਸੁਰ ਵਾਙੂ ਗੰਭੀਰ ਬਾਣੀ। [8]ਬਹੁਤਾ। [9]ਚਾਰ ਤਰ੍ਹਾਂ ਦੀ ਮੁਕਤ।।

*ਧੰਨ ਸਤਿਗੁਰ ਜੀ ਹੈਨ, ਸਦਕੇ ਇਸ ਪਿਆਰ ਦੇ।

ਪਿਖਿ ਦਰਸ ਤੁਹਾਰਾ। ਉਪਜਤੋ ਰਿਦੇ ਅਨੰਦ ਉਦਾਰਾ। ਸਕਲ ਬਾਸ਼ਨਾ ਪੂਰਨ ਕਰੀ। ਰਾਵਰ ਕੀ ਮੂਰਤਿ ਉਰ ਧਰੀ' ॥ ੧੬ ॥ ਸ਼੍ਰੀ ਮੁਖ ਕ੍ਰਿਪਾ ਕਰਤਿ ਪੁਨ ਕਹ੍ਯੋ। 'ਤੁਮਰੋ ਕਰਮ ਸੁ ਉੱਤਮ ਲਹ੍ਯੋ। ਕਰਹੁ ਜਾਚਨਾ ਅਬਹਿ ਜ਼ਰੂਰਿ। ਜਿਸ ਬਿਧਿ ਕੀ ਬਾਂਛਾ ਉਰ ਭੂਰ ॥੧੭॥ ਜੀਵਨ ਅਪਨੋ ਜੇ ਅਭਿਲਾਖਹਿਂ। ਕਰਹਿਂ ਜਿਵਾਵਨ ਪ੍ਰਾਨਹਿਂ ਰਾਖਹਿਂ। ਜਾਨਿ ਲਿਹੋ ਅਸ ਖ਼ੁਸ਼ੀ ਹਮਾਰੀ। ਹਿਤ ਦੇਵਨ ਕੇ ਚੌਂਪ ਉਦਾਰੀ ॥ ੧੮ ॥ ਬਚਨ ਨ ਫੇਰਹੁ, ਮਾਨਹੁਂ ਕਹ੍ਯੋ। ਜਾਚਿ ਲੇਹੁ ਜੈਸੇ ਚਿਤ ਚਹ੍ਯੋ। ਦੇ ਕਰਿ ਹਮ ਅਨੰਦ ਕੋ ਮਾਨਹਿਂ। ਯਾਂਤੇ ਬਾਰਹਿ ਬਾਰ ਬਖਾਨਹਿਂ ॥ ੧੯ ॥ ਬਖਸ਼ਿਸ਼ ਬਖਸ਼ਹਿਂ ਤੁਮਹਿਂ ਨ ਜਾਵਦ*। ਨਹਿਂ ਆਨੰਦ ਹਮਰੇ ਹੁਇ ਤਾਵਦ'।ਮਹਾਂ ਸਿੰਘ ਸੁਨਿ ਰਿਦੇ ਬਿਚਾਰੀ।-ਪ੍ਰਭੁ ਕੈ ਉਪਜੀ ਖੁਸ਼ੀ ਉਦਾਰੀ॥੨੦॥ਲਿਖਿ ਕਰਿ ਗਏ ਬਿਦਾਵਾ ਜੋਇ। ਇਸ ਛਿਨ ਨਹੀਂ ਕੋਪ ਮਨ ਸੋਇ। ਸਗਰੇ ਦੇਸ਼ ਕੁਕਰਮ ਕਮਾਵਾ। ਸਤਿਗੁਰ ਤਜ੍ਯੋ ਤ੍ਰਾਸ ਉਪਾਵਾ ॥ ੨੧ ॥ ਜਿਸ ਕੇ ਵਾਕ ਤਨਕ ਹੀ ਕਹੇ। ਨਰਕ ਕਿ ਸੁਰਗ ਤੁਰਤ ਹੀ ਲਹੇ। ਸੂਕੇ ਭਰੇ ਭਰੇ ਸ਼ੁਸ਼ਕਾਵੈਂ। ਕਬਹੂੰ ਕਹ੍ਯੋ ਨਿਫਲ ਨਹਿਂ ਜਾਵੈ ॥੨੨॥ ਅਸ ਸਮਰਥ ਤਜਿ ਕਰਿ ਗੋਸਾਈਂ। ਰਹਿ ਲਰਿਬੇ ਤੇ ਉਰ ਭਰਮਾਈ। ਹੋਇਂ ਭਵਿੱਖਤ ਮਹਿ ਨਰ ਜੇਤੇ। ਇਸ ਕ੍ਰਿਤ ਕੋ ਦੁਖ ਪੈਂਹੇ ਤੇਤੇ ॥ ੨੩ ॥ ਬੁਰਾ ਦੇਸ਼ ਸਗਰੇ ਕਾ ਭਯੋ। ਕਰਿ ਮੂਰਖ ਮਤਿ ਜੋ ਲਿਖਿ ਦਯੋ। ਪਰਉਪਕਾਰ ਮਹਾ-ਤਮ ਮਹਾਂ। ਸੁਨ੍ਯੋ ਸੰਤ ਜਨ ਤੇ ਜਹਿਂ ਕਹਾਂ ॥ ੨੪ ॥ [1]ਇਕ ਪਰ ਕਰੇ ਅਧਿਕ ਕੱਲ੍ਯਾਨ। ਬਨਹਿ ਦੇਸ਼ ਪਰ ਫਲਹਿ ਮਹਾਨ[1]। ਲਾਖਹੁਂ ਸਿੱਖ ਗੁਰੂ ਕੇ ਹੋਇ। ਭੋਗਹਿਂ ਰਾਜ ਧਰਾ ਪਰ ਸੋਇ ॥੨੫॥ ਸਭਿ ਪਰ ਮੁਰ ਹੋਵੈ ਉਪਕਾਰਾ। ਇਸ ਸੋਂ ਅਧਿਕ ਨ ਅਪਰ ਬਿਚਾਰਾ।ਸੋ ਕਾਗਦ ਅਬਿ ਪਾਰਨ ਕਰੈਂ। ਸਭਿ ਸਿੱਖਨਿ ਕੋ ਗੁਰੂ ਸੰਭਰੈਂ ॥ ੨੬ ॥ ਇਹ ਜਾਚੌਂ ਮੈਂ-ਭਲੇ ਬਿਚਾਰਾ। ਮਹਾਂ ਸਿੰਘ ਗੁਰ ਸੰਗ ਉਚਾਰਾ। 'ਮੰਦ੍ਰ ਦੇਸ਼ ਕੀ[2] ਸੰਗਤਿ ਹੁੱਟੀ। ਪ੍ਰਭੁ ਜੀ ਰਾਵਰ ਕੋ ਸੰਗ ਟੁੱਟੀ ॥ ੨੭ ॥ ਬਰ ਦੇਬੋ ਜੇ ਮੁਝ ਇਛ ਧਾਰੀ। ਤੌ ਕਰਿ ਕਰੁਨਾ ਮੇਲਹੁ ਸਾਰੀ।ਸੋ ਸਿਖ ਹੋਹਿਂ ਗੁਰੂ ਤੁਮ ਰਹੋ।ਸ਼੍ਰੀ ਮੁਖ ਤੇ

---

[1]ਭਾਵ ਇਕ ਪੁਰਖ ਉਪਰ ਉਪਕਾਰ ਕਰਨ ਤੇ ਬੜੀ ਕਲ੍ਯਾਨ ਹੁੰਦੀ ਹੈ ਪ੍ਰੰਤੂ ਇਹ ਉਪਕਾਰ ਤਾਂ ਦੇਸ਼ ਪਰ ਬਣੇਗਾ ਸੋ ਬਹੁਤਾ ਫਲੇਗਾ। [2]ਮਾਝੇ ਦੀ।

*ਸਦਕੇ ਇਸ ਬਿਰਦ ਦੇ, ਧੰਨ ਗੁਰੂ !

ਅਬਿ ਇਹੁ ਬਰ ਕਹੋ' ॥ ੨੮ ॥ ਪ੍ਰਭੁ ਬੋਲੇ 'ਟੂਟੀ ਸੁ ਨਿਖੁੱਟੀ[1]। ਕਰੋਂ ਮੇਲਹੁ ਤਿਹ ਜੋ ਡਰਿ ਹੁੱਟੀ[2]।ਅਪਨੈ ਹਿਤ ਜਾਚਹੁ ਕਛ ਔਰੀ। ਦਿਉਂ ਤਤਕਾਲ ਖੁਸ਼ੀ ਲਖਿ ਮੋਰੀ' ॥ ੨੯ ॥ ਮਹਾਂ ਸਿੰਘ ਕਰ ਜੋਰਿ ਉਚਾਰੋ।'ਪਾਤਿਸ਼ਾਹੁ ਸੁਤ ਸੇਵਕ ਸਾਰੇ। ਭੂਲਹਿਂ ਬਹੁ ਅਪਰਾਧ ਕਮਾਵੈਂ। ਤਊ ਪਿਤਾ ਮਨ ਕੋਪ ਨ ਲਜਾਵੈਂ ॥ ੩੦ ॥ ਅਪਨੋ ਜਾਨਿ ਬਖਸ਼ ਤਿਸ ਦੇਤਿ। ਦੇ ਸਿੱਖਯਾ ਪੁਨ ਕਰੈਂ ਸੁਚੇਤ।ਜੋ ਮੁਝ ਕੋ ਦੈਬੋ ਬਰ ਚਹੋ।–ਟੂਟੀ ਮੇਲ ਲੇਹੁ–ਬਚ ਕਹੋ ॥ ੩੧ ॥ ਇਸ ਬਿਨ ਇੱਛਾ ਮੋਹਿ ਨ ਔਰ। ਦੇਹੁ ਆਪ ਸੇਵੀ ਸਿਰਮੌਰ !'। ਸਾਹਿਬ ਸੁਨੇ ਅਜਾਇਬ ਬੈਨ।ਭਰੇ ਅਨੰਦ ਪ੍ਰਫੁੱਲਤਿ ਨੈਨ॥ ੩੨ ॥ 'ਵਾਹੁ ਖਾਲਸਾ ਸਿਖ ਮਮ ਧੰਨ। ਪਰਉਪਕਾਰਿ ਮਹਾਂ ਮਨ ਮੰਨ। ਤੇਰੇ ਕਹੇ ਮੇਲ ਹਮ ਲਏ। ਰਾਜ ਭਾਗ ਤਿਸ ਦੇਸ਼ਹਿਂ ਦਏ' ॥੩੩॥' ਪ੍ਰਭੁ ਜੀ ਕਾਗਦ ਲੇਹੁ ਨਿਕਾਰਾ। ਹਮਰੋ ਲਿਖਯੋ ਜੇਬ ਜੋ ਡਾਰਾ। ਮਮ ਦਿਖਾਇ ਸੋ ਦੀਜੈ ਫਾਰਿ। ਸਫਲ ਹੋਇ ਮੇਰੋ ਉਪਕਾਰ' ॥ ੩੪ ॥ ਸੁਨਿ ਸਤਿਗੁਰ ਤਤਕਾਲ ਨਿਕਾਸਾ। ਮਹਾਂ ਸਿੰਘ ਸੋਂ ਵਾਕ ਪ੍ਰਕਾਸ਼ਾ। 'ਲਿਹੁ ਬਿਲੋਕਿ ਪਾੜਹਿ ਦਿਖਰਾਇ'। ਇਮ ਕਹਿ ਚੀਰਯੋ ਬੀਚ ਬਨਾਇ ॥ ੩੫ ॥ ਹੇਰਤਿ ਹਰਖਮਾਨ ਉਰ ਹੋਵਾ। 'ਕਾਗਦ ਫਟਯੋ ਦਰਸ ਗੁਰ ਜੋਵਾ। ਆਇਸੁ ਦੇਹੁ ਪ੍ਰਲੋਕ ਸਿਧਾਵੌਂ। ਦਰਸ਼ਨ ਕਰਤਿ ਅਧਿਕ ਫਲ ਪਾਵੌਂ' ॥ ੩੬ ॥ 'ਜਾਹੁ ਮਹਾਂ ਸਿੰਘ ! ਜਹਿਂ ਮਮ ਲੋਕ। ਬਸਹੁ ਸਦਾ ਕਬਿ ਨਹਿਂ ਤਹਿਂ ਸ਼ੋਕ। ਦੇ ਕਰਿ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਯੋ ਅਪਾਰ' ॥ ੩੭ ॥ ਸਤਿਗੁਰ ਬਚਨ ਹੋਤਿ ਭਾ ਜਬੈ। ਮਹਾਂ ਸਿੰਘ ਤਨ ਤਯਾਗ੍ਯੋ ਤਬੈ। ਪ੍ਰਭੁ ਪਿਖਿ ਇਤ ਉਤ ਝਾੜ ਉਜਾੜ। ਬੋਲੇ ਸ਼੍ਰੀ ਮੁਖ 'ਸੁਨਹੁ ਬਿਰਾੜ! ॥ ੩੮ ॥ ਚਾਲੀ ਸਿੰਘਨਿ ਲੋਥ ਉਠਾਵੋ। ਈਂਧਨ ਗਨ ਬਟੋਰ ਕਰਿ ਲਯਾਵੋ। ਇਕ ਥਲ ਦੀਰਘ ਚਿਤਾ ਬਨਾਵਹੁ। ਸਸਕਾਰਹੁ ਸਭਿ ਬਿਲਮ ਨ ਲਾਵਹੁ' ॥ ੩੯॥ ਜੇ ਸੰਗੀ, ਸੁਨਿ ਕੈ ਤਤਕਾਲਾ। ਸੂਕੇ ਕਾਸ਼ਟ ਸੰਚਿ ਬਿਸਾਲਾ। ਬੀਨ ਬੀਨ ਸਿੰਘਨ ਕਹੁ ਆਨਾ। ਪਰਯੋ ਸਮੂਹ ਮਰਯੋ ਤੁਰਕਾਨਾ ॥ ੪੦ ॥ ਲਰੇ ਮਰੇ ਮਿਲਿ ਤਿਨ ਮਹੁਂ ਪਰੇ। ਜਹਿਂ ਸੰਗ੍ਰਾਮ ਖੇਤ ਬਡ ਕਰੇ। ਬਹੁ ਸਿੰਘਨ ਤਤਕਾਲ ਉਠਾਏ। ਬਡੀ ਚਿਤਾ ਕੇ ਬੀਚ ਟਿਕਾਏ ॥ ੪੧ ॥ ਊਪਰ ਸਮਧਾ ਧਰਿ ਸਮੁਦਾਈ। ਕਰਿ ਅਗਨੀ ਪਰਜ੍ਵਲਤ ਲਗਾਈ। ਆਪ

[1]ਜੋ ਸਿੱਖੀ ਟੁੱਟੀ ਸੋ ਨਿਖੁੱਟ ਗਈ। [2]ਡਰ ਕਰਕੇ ਹਟ ਗਈ।

ਖਰੇ ਸਤਿਗੁਰ ਤਹਿਂ ਭੁਏ। ਭਸਮ ਦੇਹ ਸਗਰੇ ਕਰਿ ਦਏ ॥੪੨॥ ਮਹਿਮਾ ਅਧਿਕ ਸਰੋਵਰ ਕੇਰੀ। ਸ੍ਰੀ ਮੁਖ ਤੇ ਬਰਨੀ ਬਹੁਤੇਰੀ। 'ਜਹਿਂ ਰਿਖਿ ਏਕ ਸਾਧ ਤਪੁ ਮਰੈ[1] ।–ਪੁੰਨ ਸਥਾਨ ਤਾਂਹਿ ਜਗ ਰਹੈ–॥੪੩॥ਇਸ ਥਲ ਸਿੰਘ ਸਿਦਕ ਬਹੁ ਬਡੇ। ਲਰਿ ਤੁਰਕਨਿ ਮਨ ਤਨ ਸਭਿ ਛਡੇ। ਮਕ੍ਰ ਸਿਕਰਖਣ ਅਰਕੀ ਹੋਇ[2]। ਆਨ ਸ਼ਨਾਨਹਿ ਜੋ ਨਰ ਕੋਇ ॥੪੪॥ਮਨੋ-ਕਾਮਨਾ ਪ੍ਰਾਪਤਿ ਸੋਊ। ਪਾਪ ਕਰੇ ਗਨ ਬਧ ਸਭਿ ਖੋਊ। ਬੰਦਹਿ ਗੰਜ ਸ਼ਹੀਦਨ ਕੇਰਾ[3]। ਧਨ ਦੇਵਹਿ, ਨਿਤ ਵਧਹਿ ਵਧੇਰਾ ॥ ੪੫ ॥ ਅਬਿ ਤੇ ਨਾਮ ਮੁਕਤਿਸਰ ਹੋਇ। ਖਿਦਰਾਣਾ ਇਸ ਕਹੈ ਨ ਕੋਇ। ਇਸ ਥਲ ਮੁਕਤਿ ਭਏ ਸਿਖ ਚਾਲੀ। ਜੋ ਨਿਸ਼ਪਾਪ ਘਾਲ ਬਹੁ ਘਾਲੀ ॥ ੪੬ ॥ ਯਾਂਤੇ ਨਾਮ ਮੁਕਤਿਸਰ ਹੋਵਾ। ਜੋ ਮੱਜਹਿਂ ਤਿਨ ਹੀ ਅਘ ਖੋਵਾ'। ਅਸ ਮਹਿੰਮਾ ਸ੍ਰੀ ਮੁਖ ਤੇ ਕਹੀ। ਸੋ ਅਬਿ ਪ੍ਰਗਟ-ਜਗਤ ਮੈਂ ਸਹੀ ॥ ੪੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਮੁਕਤਿਸਰ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

## ੧੩. [ਮਾਈ ਭਾਗੋ। ਚਿਰਜੀਵੀ ਨੂੰ ਤਾਰਨਾ]।

ਦੋਹਰਾ ॥ ਦਾਹ ਕਰੇ ਸਿਖ ਖਰੇ ਗੁਰ, ਏਕ ਸਿੰਘ ਤਬਿ ਆਇ। ਹਾਥ ਜੋਰਿ ਬੋਲਤਿ ਭਯੋ 'ਨਾਰਿ* ਪਰੀ ਇਕ ਥਾਇਂ ॥੧॥ ਚੌਪਈ ॥ ਲਖਿਯਤਿ ਲਰੀ ਸੰਗ ਤੁਰਕਾਨੇ। ਕੇਤਿਕ ਘਾਉ ਲਗੇ ਤਨ ਜਾਨੇ। ਰਹੀ ਜੀਵਤੀ ਬਿਹ-ਬਲ ਨਾਂਹੀ। ਸ੍ਰੀ ਪ੍ਰਭੁ ਆਪ ਦੇਖੀਅਹਿ ਤਾਂਹੀ'॥੨॥ਸੁਨਿ ਗੁਰ ਮੰਦ ਮੰਦ ਮੁਸਕਾਏ। ਗਮਨੇ ਤਹਿਂ ਸਿਖ ਕਰਿ ਅਗਵਾਏ। ਝਾਰਨ ਬੀਚ ਪਰੀ ਪਟ ਫੱਟੇ। ਕੇਤਿਕ ਸ਼ਸਤ੍ਰ ਲਗੇ ਪਲ ਕੱਟੇ[4] ॥੩॥ ਜਾਇ ਖਰੇ ਸਤਿਗੁਰੂ ਨਿ-ਹਾਰੀ।ਸ੍ਰੀ ਮੁਖ ਤੇ ਮੁਸਕਾਇ ਉਚਾਰੀ।'ਪੁੱਤਾਂ ਕਾਰਣ ਆਈਅਹਿ ਪੀਰੀਂ[5]।

---

[1]ਤਪ ਸਾਧ ਕੇ ਮਰੇ। [2]ਮਕਰ (ਰਾਸ਼ੀ ਵਿਚ) ਸੂਰਜ ਹੋਵੇ (ਅਰਥਾਤ) ਮਾਘ ਦੀ ਸੰਗ੍ਰਾਂਦ ਜਿਸ ਦਿਨ ਹੋਵੇ, [ਮਕਰ=ਮਕਰ ਰਾਸ਼ੀ। ਅਰਕੀ=ਸੂਰਜ। ਸਿਕਰਖਣ ਤੋਂ ਮੁਰਾਦ ਸੰਕ੍ਰਖਣ=ਸੰਕ੍ਰਾਂਤ ਦੀ ਹੈ]। (ਅ) (ਜਦੋਂ) ਮਕਰ (ਰਾਸ਼ੀ ਵਿਚ) ਸੂਰਜ ਪਰਵੇਸ਼ ਕਰੇ। [ਸਿਕਰਖਣ=ਭਲੀ ਪ੍ਰਕਾਰ ਖਿੱਚੇ ਜਾਣਾ ਭਾਵ ਪਰਵੇਸ਼ ਕਰਨਾ]। [3]ਸ਼ਹੀਦਗੰਜ ਨੂੰ ਜੋ ਨਮਸਕਾਰ ਕਰੇਗਾ। [4]ਮਾਸ ਕੱਟਿਆ ਹੈ। [5]ਪੀਰਾਂ (ਗੁਰਾਂ) ਪਾਸ ਪੁੱਤਾਂ ਲਈ ਆਈ ਸੀ।

*ਇਹ ਮਾਈ ਭਾਗੋ ਸੀ ਜਿਸ ਦਾ ਕੁਛ ਹਾਲ ਕਵੀ ਜੀ ਅੱਗੇ ਇਸੇ ਐਨ ਦੇ ਅੰਸੂ ੨੨ ਵਿਖੇ ਲਿਖਦੇ ਹਨ ਤੇ ਨਾਮ ਵੀ ਉਥੇ ਦੱਸ ਦਿੱਤਾ ਨੇ ਤੇ ਪਿੱਛੇ ਅੰਸੂ ੧੧ ਦੇ ਅੰਕ ੧ ਵਿਚ ਵੀ ਦੱਸ ਆਏ ਹਨ। ਇਹ ਸਾਖੀ ਸਾਖੀ ਪੋਥੀ ਦੀ ਹੈ।

ਸੁੱਥਨ ਲਾਹਿ ਲਈ ਬੇਪੀਰੀ*' ॥ ੪ ॥ ਇਮ ਕਹਿ ਕਰੁਨਾ ਦ੍ਰਿਸ਼ਟਿ ਨਿਹਾਰੀ। ਤਨ ਘਾਵਨ ਕੀ ਪੀਰ ਬਿਦਾਰੀ। 'ਉਠਿ ਤੂੰ ਚਲੀਅਹਿ ਸੰਗ ਹਮਾਰੇ। ਚਹੈਂ ਮਨੋਰਥ ਪੁਰਵੈਂ ਸਾਰੇ' ॥ ੫ ॥ ਸੁਨਿ ਕਰਿ ਉਠੀ ਬੰਦਨਾ ਠਾਨੀ।ਅਧਿਕ ਅਨੰਦਤਿ ਗਿਰਾ ਬਖਾਨੀ।'ਜਬਿ ਮਾਝੇ ਤੇ ਸਿਖ ਗਨ ਚਲੇ। ਰਾਵਰ ਕੇ ਦਰਸ਼ਨ ਹਿਤ ਮਿਲੇ ॥੬॥ ਤਬਿ ਮੈਂ ਸੁਤ ਕੀ ਧਰਿ ਉਰ ਆਸਾ। ਪਹੁੰਚੀ ਆਇ ਤੁਮਾਰੇ ਪਾਸਾ। ਇਹਾਂ ਲਰਨ ਕੋ ਕਾਰਨ ਹੇਰਾ। ਗੁਰ ਹਿਤ ਉਮਕਯੋ ਹੀਯ ਘਨੇਰਾ ॥ ੭ ॥ ਮਿਲਿ ਸਿੰਘਨ ਕੇ ਸੰਗ ਇਥਾਈਂ। ਤੁਰ-ਕਨ ਸਾਥ ਮਚਾਇ ਲਰਾਈ। ਹੁਤੀ ਸਾਂਗ ਗਰਵੀ ਕਰ ਮੇਰੇ। ਦੁਸ਼ਮਨ ਆਨਿ ਢੁਕਯੋ ਜਬਿ ਨੇਰੇ ॥ ੮ ॥ ਬਲ ਤੇ ਹਤੀ ਪਰੋਵਨ ਕੀਨਾ। ਐਂਚਿ ਤੁਰੰਗ ਤੇ ਡਾਰਿ ਸੁ ਦੀਨਾ।ਅਪਰ ਆਨਿ ਕੈ' ਖੈਂਚਿ ਕ੍ਰਿਪਾਨ।ਇਕ ਦੁਇ ਵਾਰ ਕਰੇ ਬਲ ਠਾਨਿ ॥ ੯ ॥ ਰਾਵਰਿ ਦੇ ਕਰਿ ਹਾਥ ਬਚਾਈ।ਅਬਿ ਬਾਂਛਾ ਮੁਝ ਰਹੀ ਨ ਕਾਈ। ਸਤਿਗੁਰ ਸੰਗ ਰਹੌਂ ਨਿਤ ਅਬੈ। ਜਗਤ ਕਾਨ ਕੀ ਲਜ ਤਜਿ ਸਬੈ'॥੧੦॥ਬਿਕਸੇ ਸਤਿਗੁਰ ਬਾਕ ਉਚਾਰਾ। 'ਭਲੋ ਮਨੋ-ਰਥ ਤੈਂ ਉਰ ਧਾਰਾ। ਜਨਮ ਮਰਨ ਤੇ ਅਬਿ ਛੁਟਿ ਜੈਹੈਂ। ਲੋਕ ਲਾਜ ਕੋ

'ਹੋਰ ਨੇ ਆਨਕੇ (ਮੇਰੇ ਪਰ)।

*ਭਾਵ, ਪੁੱਤ ਹੋਵੇ ਮੇਰੇ ਘਰ, ਇਸ ਗੱਲ ਦੀ ਅਸੀਸ ਲੈਣ ਲਈ ਗੁਰਾਂ ਪਾਸ ਆਈ ਸੈਂ.ਪਰ ਤੂੰ ਇਸ ਪੀੜਾ ਤੋਂ ਬੇਪੀੜ ਹੋਕੇ (ਸੁੱਥਣ ਲਾਹਕੇ) ਭਾਵ ਜ਼ਨਾਨਾ ਵੇਸ ਛੱਡਕੇ ਮਰਦਾਨਾ ਵੇਸ਼ ਕਰ ਲਿਆ (ਲੜਾਈ ਕਰਨ ਲਈ)। ਪਰੰਤੂ ਜਾਪਦਾ ਹੈ ਕਿ ਸ਼ੁਧ ਪਾਠ ਐਉਂ ਸੀ:— 'ਸੈਹਥਿ ਲਾਇ ਲਈ ਬੇਪੀਰੀ।' ਅਰਥਾਤ ਪੀੜਾਂ ਤੋਂ ਬੇਪੀੜ ਹੋਕੇ ਤੈਂ ਬਰਛਾ ਧਾਰਨ ਕਰ ਲਿਆ। ਇਸ ਜੰਗ ਵਿਚ ਮਾਈ ਨੇ ਤੁਰਕ ਬਹੁਤੇ ਮਾਰੇ ਸੇ, ਸੋ ਬਰਛਾ ਹੁਣ ਤਕ ਹਜ਼ੂਰ ਸਾਹਿਬ ਪਿਆ ਹੈ। ਅੰਕ ੮ ਵਿਚ ਮਾਈ ਆਪਣੇ ਹੱਥ ਵਿਚ ਸਾਂਗ ਦਾ ਆਪ ਪਤਾ ਦੇ ਰਹੀ ਹੈ, ਸਾਂਗ ਇਕ ਤਰ੍ਹਾਂ ਦੀ ਬਰਛੀ ਦਾ ਹੀ ਨਾਮ ਹੈ। ਗਜਾਨੀ ਬੇਪੀਰੀ ਦਾ ਅਰਥ 'ਬੇਪੀਰੇ ਦੁਸ਼ਮਨਾਂ ਨੂੰ ਮਾਰਨ ਲਈ ਸੁੱਥਣ ਲਾਹਕੇ ਕਛ ਧਾਰਨ ਕਰ ਲਈ' ਬੀ ਕਰਦੇ ਹਨ। ਅਸਲ ਗੱਲ ਇਹ ਸੀ ਕਿ ਮਾਈ ਭਾਗੋ ਇਸ ਵੇਲੇ ਮਰਦਾਵੇਂ ਵੇਸ ਵਿਚ ਲੜ ਰਹੀ ਸੀ। ਵੇਸ ਉਤਾਰਕੇ ਨਗਨ ਰਹਿਣ ਦੀ ਹਾਲਤ ਅਗੇ ਆਵੇਗੀ, ਜਦੋਂ ਉਹ ਗਜਾਤ ਗੇਯ ਹੋਕੇ ਆਤਮ ਉਨਮੱਤਤਾ ਵਿਚ ਚਲੀ ਗਈ, ਪਰ ਮਿਰਯਾਦਾ ਪੁਰਸ਼ੋਤਮ ਸਤਿਗੁਰੂ ਨੇ ਉਸ ਨੂੰ ਫਿਰ ਬਸਤ੍ਰ ਪਹਿਰਵਾਏ। ਦੇਖੋ ਅਗੇ ਅੰਸ਼ੂ ੨੨ ਅੰਕ ੩੬ ਤੋਂ ੪੧। ਇਹ ਪ੍ਰਸੰਗ ਗੁਰਬਿਲਾਸ, ਮਹਿੰਮਾ ਪ੍ਰਕਾਸ਼ ਤੇ ਗੁਰ ਸ਼ੋਭਾ ਵਿਖੇ ਨਹੀਂ ਹੈ। ਸਾਖੀ: ਪੋਥੀ ਵਿਚ ਪਾਠ ਮਿਲਦਾ ਹੈ 'ਸੁਥਣ ਲਾਹ ਲਈ ਫਕੀਰੀ' ਜਿਸ ਦਾ ਅਰਥ ਹੈ ਕਿ ਆਈ ਤਾਂ ਪੁਤ ਲੈਣ ਸੀ, ਪਰ ਮਰਦਾਨਾ ਵੇਸ ਫਕੀਰੀ ਦਾ ਧਾਰਨ ਕਰ ਲਿਆ।

ਤਜਾਗਨ ਕੈਹੈਂ’ ॥੧੧॥ ਇਸ ਪ੍ਰਕਾਰ ਕਰਿਕੈ ਕ੍ਰਿਤ ਸਾਰੀ। ਮਹਾਂ ਸਿੰਘ ਕੀ ਬਾਤ ਚਿਤਾਰੀ[੧]।—ਕੀਨੋ ਮਹਾਂ ਸਿੰਘ ਉਪਕਾਰਾ। ਅਪਰ ਨ ਲੀਨਸਿ[੨] ਰਹੇ ਉਚਾਰਾ॥ ੧੨ ॥ ਮੇਲ ਲਈ ਟੂਟੀ ਸਭਿ ਸੰਗਤਿ। ਭਏ ਪ੍ਰਵੇਸ਼ ਗੁਰੂ ਕੀ ਪੰਗਤ—। ਸੰਗੀ ਸਭਿਨਿ ਸੁਨਾਇ ਬਖਾਨਾ। ‘ਭਲੋ ਕਾਜ ਕੀਨਸਿ ਹਿਤ ਠਾਨਾ॥੧੩॥ਗੁਰ ਸਿੱਖੀ ਕੀ ਥਡ ਬੁਨਿਆਦ। ਬਿਗਰੀ ਗਈ ਹੁਤੀ ਸੋ ਬਾਦ। ਬਹੁਰ ਮਿਲਨਿ ਕੋ ਵਖਤ ਨ ਕੋਈ। ਪ੍ਰਾਨ ਦੇਨਿ ਲੌ ਕਬਿ ਕ੍ਰਿਤ ਹੋਈ[੩] ॥ ੧੪ ॥ ਪੁਨ ਐਸੋ ਹੋਵਨਿ ਉਪਕਾਰੀ। ਤਜਿ ਨਿਜ ਹਿਤ ਇਹ ਬਾਤ ਸੁਧਾਰੀ। ਗੁਰ ਸਿੱਖੀ ਰੱਖੀ ਤਿਸ ਦੇਸ਼ੂ। ਹੁਤੇ ਕਦੀਮੀ ਸਿੱਖ ਅਸ਼ੇਸ਼ੂ॥ ੧੫ ॥ ਸ੍ਰੀ ਗੁਰੂ ਨਾਨਕ ਆਦਿਕ ਔਰ। ਬਿਚਰੇ ਬਸੇ ਅਧਿਕ ਤਿਸ ਠੌਰ[੪]। ਸਹੇ ਨਹੀਂ ਕਸਵੱਟੀ ਅਬਿ ਕੀ। ਖਾਰਜ ਸਿੱਖੀ ਕੀਨਸਿ ਤਬਿ ਕੀ ॥ ੧੬ ॥ ਮਹਾਂ ਸਿੰਘ ਬਨਿ ਮਹਾਂ ਸਿੰਘ ਅਬਿ[੫]। ਬਰ ਲੈ ਦੇਸ਼ ਉਧਾਰ ਦਯੋ ਸਬਿ’।ਇਮ ਸ੍ਰੀ ਪ੍ਰਭੁ ਬਹੁ ਬਾਰ ਉਚਾਰੀ।ਟੂਟੀ ਮੇਲਨ ਬਾਤ ਚਿਤਾਰੀ॥ ੧੭ ॥ ਭੂਤ ਭਵਿੱਖ ਵਿਚਾਰ ਪ੍ਰਸੰਗ। ਭਏ ਅਨੰਦ ਪ੍ਰਭੂ ਸਰ-ਬੇਗ। ਖਾਨਾ[੬] ਗਯੋ ਕਪੂਰੇ ਪਾਸ। ਗੁਰ ਕੀ ਗਤਿ ਨਹਿ ਕਰੀ ਪ੍ਰਕਾਸ਼ ॥੧੮॥ ਤ੍ਰਿਸ਼ਨ ਹੀ ਲਸ਼ਕਰ ਮਹਿਂ ਰਹੈ। ਬਿਦਤਹਿ ਗੁਰੂ ਆਪ ਹੀ ਲਹੈ[੭]। ਥਲ ਜਲ ਹੀਨ ਜਾਨਿ ਗੁਨ ਖਾਨੀ। ਚਲਿਬੇ ਹੇਤੁ ਚਹਯੋ ਅਗੁਵਾਨੀ ॥੧੯॥ ਰਾਖੇ ਚਾਕਰ ਜੋ ਬੈਰਾੜ।‘ਚਲਹੁ ਅੱਗ੍ਰ ਤੁਮ ਪਿਖੀ ਉਜਾੜ। ਨਿਰ-ਮਲ ਜਲ ਕੋਂ ਥਲ ਜਿਤ ਪਾਵਹੁ। ਚਲਹੁ ਸ਼ੀਘ੍ਰ ਤਹਿਂ ਸਿਵਰ ਟਿਕਾਵਹੁ’ ॥੨੦॥ *ਇਮ ਕਹਿ ਤੋਰਿ ਤੁਰੰਗਮ ਚਲੇ। ਇਕ ਸਰਾਇ ਹੇਰੀ ਥਲ ਭਲੇ। ਤਹੀਂ ਸਰੋਵਰ ਸੁੰਦਰ ਹੇਰਾ। ਤਿਸ ਕੇ ਤੀਰ ਕਰਯੋ ਗੁਰ ਡੇਰਾ॥ ੨੧॥ ਜਹਿਂ ਕਹਿਂ ਉਤਰਿ ਤੁਰੰਗ ਲਗਾਏ। ਤ੍ਰਿਣ ਕਾਸ਼ਟ ਇਕਠੇ ਕਰਿਵਾਏ। ਬਿਚਰਤਿ ਭਏ ਸਿੰਘ ਜਹਿ ਕਹਾਂ। ਏਕ ਸਾਧ ਕੋ ਆਸ਼੍ਰਮ ਤਹਾਂ ॥ ੨੨ ॥ ਬੂਝਨਿ ਲਗਯੋ ਸੇਵਕਨਿ ਸੋਇ। ‘ਪਰਲੇ ਤੀਰ ਤਾਲ ਕੇ ਹੋਈ। ਉਤਰਯੋ ਕੌਨ ਬੋਲ ਸੁਨੀਅੰਤੇ ? ਕਿਤ ਤੇ ਆਇ ਕਹਾਂ ਗਮਨੰਤੇ?’ ॥੨੩॥ ਤਿਸ

[੧]ਗੁਰੂ ਜੀ ਨੇ। [੨]ਹੋਰ (ਕੁਛ) ਨਾ ਲਿਆ। [੩]ਪ੍ਰਾਨ ਤਜਾਗਣ ਤਕ ਦੀ ਕਾਰ ਕਦ ਹੋਣੀ ਸੀ। [੪]ਭਾਵ ਮਾਝੇ ਵਿਚ। [੫]ਵਡਾ ਸੂਰਮਾ ਬਣਕੇ। [੬]ਚੌਧਰੀ ਕਪੂਰੇ ਦਾ ਆਦਮੀ ਜੋ ਗੁਰੂ ਜੀ ਦੇ ਨਾਲ ‘ਮੁਟੱਖਾ’ ਹੋਕੇ ਆਯਾ ਸੀ। [੭]ਜਦ ਗੁਰੂ ਜੀ ਪ੍ਰਗਟ (ਤੁਰਕ ਲਸ਼ਕਰ) ਹੋਣਗੇ ਆਪ ਹੀ ਜਾਣ ਲਏਗਾ।

*ਇਹ ਭੀ ਸਾਖੀ ਪੋਥੀ ਦੀ ਸਾਖੀ ਹੈ।

ਕੇ ਦਾਸਨ ਦਯੋ ਬਤਾਈ।'ਗੁਰੂ ਮਰੇਲਾ ਉਤਰਯੋ ਆਈ[1]। ਤੁਰਕਨਿ ਸੰਗ ਜੰਗ ਕਰਿ ਭਾਰੇ। ਕੇਤੀ ਬਾਰ ਹਜ਼ਾਰਹੁੰ ਗਾਰੇ' ॥ ੨੪ ॥ ਸੁਨਤਿ ਸਾਧ ਬੂਝਨ ਲਗਿ ਫੇਰੀ। 'ਆਰਬਲਾ ਕੇਤੀ ਗੁਰ ਕੇਰੀ? ਕੇਤਿਕ ਸਿਖ ਸੇਵਕ ਹੈਂ ਸੰਗ? ਉਤਰਯੋ ਆਨ ਕਰਤਿ ਹੀ ਜੰਗ'॥੨੫॥ ਤਹਾਂ ਸਿੰਘ ਸੋ ਬਿਚਰਤਿ ਗਏ। ਬੂਝੀ ਬਾਤ ਬਤਾਵਤ ਭਏ। 'ਬਰਸ ਤੀਸ ਤੇ ਊਪਰ ਚਰੇ। ਚਾਲੀ ਸੰਮਤ ਕੇ ਲਖਿ ਤਰੇ[2]'॥੨੬॥ਸੁਨਤਿ ਸਾਧ ਤਰਕਤਿ ਕਹਿ ਬੈਨਾ। 'ਤਿਸ ਗੁਰ ਤੇ ਹਮ ਨੇ ਕਯਾ ਲੈਨਾ। ਸਧੀ ਸਾਧਨਾ ਹੋਇ ਨ ਕੋਈ। ਸ਼ਾਂਤਿ ਸਮੇਤ ਨਹੀਂ ਚਿਤ ਹੋਈ' ॥ ੨੭ ॥ ਤਿਸ ਕੋ ਕਹਯੋ ਸਿੰਘ ਸੁਨਿ ਆਏ। ਤਰਕ ਰਿਦੇ ਕਰਕਤਿ ਖੁਨਸਾਏ[3]। ਮਿਲੇ ਆਨਿ ਜਬਿ ਸਤਿਗੁਰ ਪਾਸ। ਕਹੀ ਸਾਧ ਕੀ ਕਰੀ ਪ੍ਰਕਾਸ਼ ॥੨੮ ॥ ਸੁਨਿ ਗੁਰ ਕਹਯੋ 'ਸਾਧ ਬਹੁ ਦਿਨ ਕੋ। ਆਰਬਲਾ ਗੁਮਾਨ ਬਹੁ ਮਨ ਕੋ'। ਕਿਤਿਕ ਚੇਲਕਾ ਤਿਸ ਕੇ ਆਇ[4]।–ਦਰਸ਼ਨ ਕਰਹਿਂ–ਥਿਰੇ ਤਿਸ ਥਾਂਇ ॥ ੨੯ ॥ ਤਬਿ ਸਿੱਖਨਿ ਬੂਝਯੋ ਪ੍ਰਭੁ ਸਾਥ। 'ਬੈਸ ਸਾਧ ਕੀ ਕੇਤਿਕ ਨਾਥ!। ਜਿਸਕੋ ਕਰਿ ਗੁਮਾਨ ਬਹੁ ਰਹਯੋ। ਤਰਕਤਿ ਗਾਵਰ ਕੋ ਬਚ ਕਹਯੋ' ॥ ੩੦ ॥ ਗੁਰ ਕਹਿਂ 'ਪੰਚ ਹਜ਼ਾਰਨ ਬਰਸ। ਖਟ ਵੀਹਾਂ ਊਪਰ ਭੇ ਸਰਸ[5]। ਸ੍ਵਾਸ ਟਿਕਾਇ ਸਮਾਧਿ ਲਗਾਵੈ। ਬੈਸੇ ਸੰਮਤ ਕਿਤਿਕ ਬਿਤਾਵੈ॥੩੧॥ਕਬਿ ਕਬਿ ਤਜਨ ਸਮਾਧੀ ਕਰੈ। ਬੋਲ ਬਿਲੋਕਹਿ ਇਤ ਉਤ ਫਿਰੈ[6]'। ਸੁਨਤਿ ਚੇਲਕਾ ਬਹੁ ਬਿਸਮਾਇ। ਅਪਨੇ ਗੁਰੂ ਸਾਧ ਢਿਗ ਆਇ[7] ॥ ੩੨ ॥ 'ਹੇ ਮਹੰਤ ਜੀ! ਸਿਖ ਸੁਨਿ ਗਏ।ਤੁਮਰੀ ਕਹੀ ਬਤਾਵਤਿ ਭਏ।ਬਿਕਸਿ ਬਦਨ ਤੇ ਗੁਰੂ ਬਖਾਨੀ। –ਆਰਬਲਾ ਕੋ ਸਾਧ ਗੁਮਾਨੀ–॥ ੩੩ ॥ ਸਿੱਖਨਿ ਬੂਝੀ ਬੈਸ ਤੁਮਾਰੀ। ਸੋ ਸਗਰੀ ਤਤਕਾਲ ਉਚਾਰੀ।–ਪੰਜ ਹਜ਼ਾਰ ਛਿਬੀਹਾ ਔਰ[8]–। ਹਮ ਨੇ ਸੁਨੀ ਹੁਤੇ ਤਿਸ ਠੌਰ' ॥੩੪॥ ਕਹਤਿ ਸਾਧ ਆਚਰਜ ਸਮੇਤੀ। 'ਇਤਿਕ ਬੈਸ ਮਹਿਂ, ਸੋਝੀ ਏਤੀ। ਸਕਲ ਕਲਾ ਸਮਰਥ ਗੁਰ ਪੂਰਾ। ਕਰਨ

---

[1](ਤੁਰਕਾਂ ਦੇ) ਮਾਰਨ ਵਾਲਾ ਗੁਰੂ। ਮੁਸਲਮਾਨਾਂ ਨੇ ਨਫਰਤ ਨਾਲ ਦਸਮੇ ਸਤਿਗੁਰੂ ਜੀ ਦਾ ਇਹ ਨਾਮ ਧਰਿਆ ਸੀ। ਭਾਈ ਮੱਤਨ ਜੀ ਦੀਆਂ ਸਾਖੀਆਂ ਵਿਚ ਬੀ ਇਹ ਪਦ ਮੁਸਲਮਾਨਾਂ ਵਲੋਂ ਗੁਰੂ ਜੀ ਦੀ ਸ਼ਾਨ ਵਿਚ ਵਰਤੀਂਦਾ ਆਯਾ ਹੈ। [2]ਹੇਠਾਂ। [3]ਤਰਕ ਰਿਦੇ ਵਚ ਕੜਕਦੀ ਹੈ ਤੇ ਖੁਣਸਦੇ ਹਨ। [4]ਆਇ (ਗੁਰੂ ਜੀ ਪਾਸ)। [5]ਪੰਜ ਹਜ਼ਾਰ ਤੇ ਛੇ ਵੀਹਾਂ ਉਪਰ ਵੱਧ ਹਨ ਭਾਵ ੫੧੨੦ ਸਾਲ। [6]ਬੋਲਦਾ ਹੈ ਦੇਖਦਾ ਹੈ ਤੇ ਫਿਰਦਾ ਟੁਰਦਾ ਹੈ ਇਧਰ ਉਧਰ। [7]ਆਪਣੇ ਗੁਰੂ ਭਾਵ ਸਾਧ ਪਾਸ ਆਏ। [8]ਛੇ ਵੀਹਾਂ ਹੋਰ।

ਉਚਿਤ ਤਿਨ ਦਰਸ਼ਨ ਰੂਰਾ'॥੩੫॥ਉਠ੍ਯੋ ਤੁਰਤ ਲੇ ਹਾਥ ਸਟੋਰੀ[1]।ਸਨੇ ਸਨੇ ਗਮਨ੍ਯੋਂ ਪ੍ਰਭੁ ਓਰੀ। ਆਗੈ ਗੁਰ ਕੋ ਲਗ੍ਯੋ ਦਿਵਾਨ। ਕਰਤਿ ਸਿੰਘ ਰਹੁਰਾਸ ਬਖਾਨ ॥ ੩੬ ॥ ਨਿਕਟ ਪਹੁੰਚਿ ਕਰਿ ਠਾਂਢੋ ਰਹ੍ਯੋ । ਸ਼੍ਰੀ ਪ੍ਰਭੁ ਤਿਸ ਬਿਲੋਕਿ ਕਰਿ ਕਹ੍ਯੋ। 'ਸਾਧੋ! ਬੈਠਿ ਜਾਹੁ ਕ੍ਯੋਂ ਖਰ੍ਯੋ'। ਸੁਨਤਿ ਪ੍ਰਨਾਮ ਗੁਰੂ ਕੋ ਕਰ੍ਯੋ॥ ੩੭ ॥ ਬੈਠਿ ਗਯੋ ਸਿੰਘਨਿ ਮਹਿਂ ਮਿਲਿ ਕਰਿ। ਸੁਨਤਿ ਰਹ੍ਯੋ ਰਹਿਰਾਸ ਪ੍ਰੇਮ ਧਰਿ।ਜਬਿ ਅਰਦਾਸ ਭੋਗ ਪਰਿ ਗਯੋ। ਸਾਧ ਜੋਰਿ ਕਰ ਉਚਰਤਿ ਭਯੋ॥੩੮॥'ਚਰਨ ਕਮਲ ਸੋਂ ਮੋਹਿ ਲਗਾਵਹੁ।ਸਿੱਖ ਕਰਹੁ ਨਿਜ ਰੂਪ ਬੁਝਾਵਹੁ। ਤੁਮਰੇ ਦਰਸ਼ਨ ਪਰ ਬਲਿਹਾਰੀ। ਸਕਲ ਕਲਾ ਸਮਰਥ ਗੁਨ ਭਾਰੀ' ॥ ੩੯ ॥ ਬਿਕਸਿ ਬਦਨ ਤੇ ਸ਼੍ਰੀ ਪ੍ਰਭੁ ਕਹੈਂ । 'ਤੂੰ ਤੌ ਆਗੇ ਹੀ ਸਿਖ ਅਹੈਂ। ਕੈਵਲ[2] ਕੇ ਸਾਧਨ ਬਹੁ ਸਾਧੇ। ਅਧਿਕ ਸਮਾਧਿ ਅਗਾਧ ਅਰਾਧੇ[3]॥੪੦॥ਕਰਹੁ ਅਕਾਲ ਪੁਰਖ ਕੋ ਬੰਦਨ । ਬੰਦਨ ਹੋਵੈਂ ਬੰਧੁਨਿਕੰਦਨ[4]'।ਇਮ ਕਹਿ ਕ੍ਰਿਪਾ ਦ੍ਰਿਸ਼ਟਿ ਪ੍ਰਭੁ ਹੇਰੀ। ਰਿਦੈ ਪ੍ਰਕਾਸ਼ ਭਯੋ ਤਿਸ ਬੇਰੀ॥ ੪੧ ॥ ਬਾਰਿ ਬਾਰਿ ਬਾਰਜ ਪਦ[5] ਬੰਦਤਿ। ਲਖਿ ਗੁਰ ਮਹਿਮਾ ਰਿਦੇ ਅਨੰਦਤਿ। ਬਹੁਰ ਸਾਧ ਕਹਿ ਸ਼ਰਧਾ ਸੇਤੀ। 'ਇਤਿਕ ਬੈਸ ਰੁ ਸੋਝੀ ਏਤੀ ?' ॥ ੪੨ ॥ ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ। 'ਤੁਮਹੁ ਗੋਦੜਾ ਰਖ੍ਯੋ ਪੁਰਾਨਾ।ਪੋਸ਼ਿਸ਼ ਨਈ* ਜਿਨਹੁ ਕਰ ਪਾਵੈਂ।ਲੇ ਸੋ ਪਹਿਰਹਿਂ ਅੰਗ ਸੁਹਾਵੈਂ[6]' ॥੪੩॥ ਬੰਦਨ ਕਰਤਿ ਸਾਧ ਥਿਰ ਭਯੋ। ਤਬਿ ਸਿੰਘਨਿ ਗਨ ਬੂਝਨਿ ਕਯੋ।'ਤੁਮਰੀ ਬਯ ਮਹਿਂ ਸਮੇ ਘਨੇਰੇ। ਕਹੋ ਪ੍ਰਸੰਗ ਜਥਾ ਕੇ ਹੇਰੇ' ॥ ੪੪॥ ਇਕ ਬ੍ਰਿਤੰਤ ਤਬਿ ਸਾਧ ਸੁਨਾਯੋ। 'ਸੁਨਹੁ ਸਮਾ ਜੈਸੇ ਦਰਸਾਯੋ। ਬਾਸੁਰ ਏਕ ਸਮਾਧਿ ਉਘਾਰੀ। ਨਹੀਂ ਬਿਲੋਕਤਿ ਭਾ ਨਰ ਨਾਰੀ ॥੪੫॥ਇਕ ਦੁਇ ਮਜਲ ਗਯੋ ਮੈਂ ਜਬਿਹੂੰ। ਕੋ ਇਕ ਮਨੁਜ ਨਿਹਾਰ੍ਯੋ ਤਬਿ ਹੂੰ। ਤਿਨ ਸੋਂ ਬੂਝਨਿ ਕੀਨਿ ਬ੍ਰਿਤੰਤ ।–ਕਹਾਂ ਭਯੋ ਨਰੁ ਨਹੀਂ ਦਿਖੰਤਿ?–॥੪੬॥–ਭਾ ਦੁਰਭਿੱਛ ਗਏ ਮਰਿ ਘਨੇ।ਕੋ ਕੋ ਰਹੇ ਕਿਸੂ ਬਲ ਬਨੇ।ਦ੍ਵਾਦਸ਼ ਸੰਮਤ ਪਰ੍ਯੋ ਬਿਸਾਲ।ਅਬਿ ਬਰਖਾ ਤੇ ਭਯੋ ਸੁਕਾਲ॥

[1]ਸੋਟੀ। [2]ਮੁਕਤੀ। ਯੋਗ ਦਰਸ਼ਨ ਵਿਚ ਵਰਣਨ ਹੋਈ ਮੁਕਤੀ। [3]ਬਹੁਤ ਸਮਾਧੀਆਂ ਵਿਚ ਅਗਾਧ ਨੂੰ ਅਰਾਧਿਆ ਹੈ। [4]ਨਮਸਕਾਰ ਨਾਲ (ਜਨਮ ਮਰਨ) ਦੇ ਬੰਧਨ ਨਾਸ਼ ਹੋਣਗੇ। (ਅ) ਬੰਨ੍ਹਣ ਵਾਲੇ ਬੰਧਨ ਨਿਕੰਦ ਹੋਣਗੇ। (ੲ) ਬੰਧਨ ਟੁੱਟ ਜਾਣਗੇ (ਤੇ ਫਿਰ) ਬੰਦ (ਕੈਦ) ਨਹੀਂ ਹੋਵੇਗੀ। [5]ਚਰਨ ਕਵਲ। [6]ਜਿਨ੍ਹਾਂ ਦੇ ਨਵੀਂ ਪੁਸ਼ਾਕ ਹੱਥ ਪਏ ਓਹ ਲੈਕੇ ਪਹਿਰਦੇ ਹਨ (ਅੰਗ=) ਸ਼ਰੀਰ ਸ਼ੋਭਦੇ ਹਨ। ਭਾਵ ਤੂੰ ਪੁਰਾਣੀ ਦੇਹ ਸਾਂਭੀ ਹੋਈ ਹੈ ਜਿਨ੍ਹਾਂ ਨੂੰ ਨਵੇਂ ਨੂਹਣੇ ਸਰੀਰ ਮਿਲਨ ਓਹ ਪੁਰਾਣਿਆਂ ਨੂੰ ਕੀ ਕਰਨ। *ਪਾਃ–ਨਹੀਂ।

੪੭॥ ਸਨੇ ਸਨੇ ਨਰ ਪੁਨ ਜਗ ਭੁਏ–। ਐਸੇ ਸਮੇ ਬੀਤ ਬਹੁ ਗਏ। ਕਈ ਬਾਰ ਲਰਿ ਲਰਿ ਬਹੁ ਮਰੇ। ਕਈ ਬਾਰ ਉਜਰੇ ਬਸ ਪਰੇ ॥੪੮॥ ਕਬਿ ਕੈਸੇ ਕਬਿ ਕੈਸੇ ਸਮੇਂ। ਜਗ ਮੈਂ ਕਰੇ ਬਿਲੋਕਨ ਹਮੇ'। ਸੁਨਿ ਗੁਰ ਖੁਸ਼ੀ ਸਾਧ ਪਰ ਕਰੀ। ਗਰਬਾਦਿਕ ਦੁਬਿਧਾ ਉਰ ਹਰੀ ॥ ੪੯ ॥ ਮਸਤਕ ਟੇਕਿ ਆਸ਼੍ਰਮ ਮਹਿਂ ਗਯੋ। ਖਾਨ ਪਾਨ ਸਤਿਗੁਰ ਤਬਿ ਕਯੋ।ਸੁਪਤਿ ਜਥਾ ਸੁਖ ਨਿਸਾ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥ ੫੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਾਧ ਮਿਲਨ' ਪ੍ਰਸੰਗ ਬਰਨਨੰ ਨਾਮ ਤ੍ਰੈਦਸਮੋ ਅੰਸੂ ॥੧੩॥

੧੪. [ਖੇਸ ਦਾ ਭੇਸ। ਡੋਗਰਾਂ ਨੂੰ ਬਖਸ਼ਿਸ਼। ਬਾਜ਼ੀਦਪੁਰ]।

ਦੋਹਰਾ॥*ਡਾਰਿ ਹਯਨਿ ਪਰ ਜ਼ੀਨ ਤਬਿ ਭੁਏ ਸਤਿਗੁਰੂ ਤਯਾਰ।ਚੜ੍ਹੇ ਸਿੰਘ ਬੈਰਾੜ ਗਨ ਚਲੇ ਉਜਾਰ ਉਜਾਰ ॥ ੧॥ ਚੌਪਈ ॥-ਨੌਥੇਹੇ ਜਬਿ ਸ੍ਰੀ ਪ੍ਰਭੁ ਗਏ।ਤਹਿ ਕੇ ਨਰ ਗਨ ਆਵਤਿ ਭਏ।ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। 'ਆਪ ਚਮੂੰ ਹਜ਼ਰਤ ਕੀ ਮਾਰੀ ॥ ੨ ॥ ਇਸ ਥਲ ਕੀਜੈ ਨਹੀਂ ਮੁਕਾਮੂ। ਉਤਰੋ ਜਾਇ ਆਗਲੇ ਗ੍ਰਾਮੂ। ਬਿਨਤੀ ਸਹਿਤ ਆਪ ਕੋ ਕਹੈਂ। ਹਜ਼-ਰਤ ਤੇ ਤ੍ਰਾਸਤਿ ਨਿਤ ਰਹੈਂ' ॥੩॥ ਤਿਨ ਪਰ ਕ੍ਰਿਪਾ ਕਰਤਿ ਚਲਿ ਪਰੇ। ਜਾਇ ਮਜਲ ਸਿਰ[1] ਡੇਰਾ ਕਰੇ। ਢੱਤੇ ਸਿਮੂ ਗ੍ਰਾਮ ਅਗਾਰੇ। ਖਰੇ ਤੁਰੰਗ ਕਰਿ ਜ਼ੀਨ ਉਤਾਰੇ ॥ ੪ ॥ ਸਹਿਜ ਸੁਭਾਇਕ ਠਾਂਢੇ ਬਿਚਰਤਿ। ਸਿਵਰ ਲਗੇ ਕੋ ਹੇਰਤਿ ਉਤ ਇਤ। ਤਿਸ ਛਿਨ ਪੁੰਜ ਹਰੀ ਕੋ[2] ਆਏ। ਲੁੰਙੀ ਖੇਸ ਭੇਟ ਹਿਤ ਲਜਾਏ ॥੫॥ ਕਰ ਪਰ ਧਰਿ ਕਰਿ ਅੱਗ੍ਰ ਦਿਖਾਈ। ਕੀਨ ਬੰਦਨਾ ਗ੍ਰੀਵ ਨਿਵਾਈ। 'ਏਹ ਪ੍ਰਭੁ ਜੀ! ਸਭਿ ਗ੍ਰਾਮ ਹਮਾਰੇ†। ਧੰਨ ਭਾਗ ਭੇ ਦਰਸ ਨਿਹਾਰੇ'॥੬॥ਪਿਖਿ ਲੁੰਙੀ ਸਤਿਗੁਰੂ ਉਠਾਈ। ਕਟ ਤਟ[3] ਕੇ ਲਪੇਟ ਚਹੁੰ ਘਾਈ। ਬਹੁਰ ਖੇਸ ਕੋ ਖੋਲਿ ਬਿਸਾਲੇ। ਦ੍ਵੈ ਸਿਕੰਧ ਦ੍ਵੈ ਛੋਰਨਿ ਡਾਲੇ ॥੭ ॥ ਬੇਸ ਬਨਾਇ ਬੇਸ਼ ਤਿਸ ਦੇਸ਼[4]। ਖਰੇ ਭੁਏ ਗੁਰ ਛਬੇ ਬਿਸ਼ੇਸ਼। ਮਾਨ ਸਿੰਘ ਸ੍ਰੀ ਪ੍ਰਭੁ ਸਨ ਭਨਯੋਂ। 'ਇਹ ਤਨਖਾਹ ਉਚਿਤ ਕ੍ਰਿਤ ਜਨਯੋਂ' ॥ ੮ ॥ ਮੁਸਕਾਵਤਿ ਮੁਖ ਸ੍ਰੀ ਪ੍ਰਭੁ ਭਨੈਂ। 'ਨਿਤਹਿ ਸੁਚੇਤ ਖਾਲਸਾ ਬਨੈ'। ਪੁਨ ਗੁਰ ਕਹਯੋ 'ਦੇਸ਼ ਤਸ ਭੇਸ। ਲੁੰਙੀ ਤੇੜ ਸੁ ਮੋਢੇ ਖੇਸ' ॥ ੯ ॥ ਹੇਰਿ ਹਰੀ ਕੇ ਗਾਹਕ ਦਿਸ਼ ਕੇ। ਕੀਨਿ ਉਚਾਰਨ ਆਇਸੁ ਅਸ ਕੇ। 'ਨਿਸ ਮਹਿਂ ਚਹੁੰ ਦਿਸ਼ਿ ਰਹਹੁ ਹਮਾਰੇ। ਜਾਗ੍ਰਤ ਬਿਚਰਹੁ ਹੋਤਿ

[1]ਮਜ਼ਲ ਤੇ ਪੁੱਜਕੇ। [2]ਭਾਵ ਹਰੀ ਕੇ ਗੋਤ ਦੇ ਬਹੁਤੇ ਲੋਕੀ। [3]ਲੱਕ ਨਾਲ। [4]ਤਿਸ ਦੇਸ਼ ਦਾ ਸੁਹਣਾ ਵੇਸ ਬਣਾਕੇ। *ਇਹ ਪ੍ਰਸੰਗ ਸਾਖੀਆਂ ਵਾਲੀ ਪੋਥੀ ਦਾ ਹੈ। †ਪਾ:–ਤੁਮਾਰੇ।

ਸਕਾਰੇ ॥ ੧੦ ॥ ਸਾਵਧਾਨ ਬਨਿ ਸ਼ਸਤ੍ਰਨਿ ਧਾਰੀ। ਪਹਿਰਾ ਦੀਜੈ ਜਾਮਨਿ ਸਾਰੀ'। ਮੱਤ* ਹਰੀ ਕੇ ਸੁਨਤਿ ਵਖਾਨੈਂ[1]। 'ਇਹਾਂ ਨ ਹਮ ਕਿਸ ਤੇ ਡਰ ਮਾਨੈਂ ॥੧੧॥ ਤੁਮ ਭੀ ਨਹਿ ਕੀਜੈ ਚਿਤ ਸ਼ੰਕਾ। ਸੁਪਤਹੁ ਨਿਸ ਮਹਿਂ ਹੀਨ ਅਤੰਕਾ'। ਪੁਨ ਗੁਰ ਬੋਲੇ 'ਕਾਰ ਜ਼ਰੂਰ[2]। ਪਹਿਰਾ ਦੇਬੋ ਬਨਹਿਂ ਹਜ਼ੂਰ' ॥੧੨॥ ਮੂਢਨਿ ਬਹੁਰ ਨ ਮਾਨਯੋਂ ਬੈਨ। 'ਹਮਰੇ ਗ੍ਰਾਮ ਤ੍ਰਾਸ ਕਿਸ ਹੈ ਨ। ਸੁਪਤਿ ਜਥਾ ਸੁਖ ਰਾਤਿ ਬਿਤਾਵਹੁ। ਨਾਹਿਨ ਕੋ ਸ਼ੰਕਾ ਮਨ ਲਯਾ-ਵਹੁ'॥੧੩॥ਸੁਨਿ ਸਤਿਗੁਰ ਤਿਨ ਬਾਤ ਬੁਝਾਈ। 'ਹਮਰੇ ਸੰਗ ਸਿੰਘ ਸਮੁ-ਦਾਈ। ਹੋਵੈਂ ਸੁੱਖਾ ਛਕਿ ਮਸਤਾਨੇ†।ਨਹੀਂ ਨਿਸਾ ਮਹਿਂ ਜਾਗ੍ਰਨ ਠਾਨੇਂ॥ ੧੪॥ਜੋ ਚਾਕਰ ਬੈਰਾੜ ਘਨੇਰੇ। ਰਾਠ ਧਾੜਵੀ ਸਮ ਹਮ ਹੇਰੇ।ਪ੍ਰੇਮ ਨ ਮਨ ਮਹਿਂ,ਭੈ ਨਹਿਂ ਮਾਨੈ। ਅਪਨੀ ਇੱਛਾ ਕਾਰਜ ਠਾਨੈਂ'॥੧੫॥ ਸੁਨਤਿ ਹਰੀ ਕੇ ਗੁਰ ਕੀ ਬਾਤ। ਮਾਨੀ 'ਪਹਿਰਾ ਦੇਂ ਹਮ ਰਾਤਿ'। ਮਸੱਤਕ ਟੇਕਿ ਗਏ ਨਿਜ ਡੇਰੇ। ਡੋਗਰ[3] ਦਾਸ ਹੁਤੇ ਤਿਨ ਕੇਰੇ ॥ ੧੬ ॥ ਤਿਨ ਕੇ ਸਾਥ ਸੁ ਗਿਰਾ ਉਚਾਰੀ। 'ਗੁਰ ਢਿਗ ਪਹੁੰਚਹੁ ਨਿਜ ਨਿਜ ਵਾਰੀ। ਪਹਿਰਾ ਦੀਜੈ ਜਾਗ੍ਰਤ ਰਹੀਅਹਿ। ਸਗਰੀ ਨਿਸ ਨਹਿਂ ਨਿੰਦ੍ਰਾ ਲਹੀਅਹਿ'॥੧੭॥ਸਤਿ-ਗੁਰ ਕਰਿ ਕੈ ਖਾਨ ਰੁ ਪਾਨ। ਸਗਲ ਸਿੰਘ ਸੁਪਤੇ ਸੁਖ ਠਾਨਿ। ਡੋਗਰ ਆਇ ਗੁਰੂ ਢਿਗ ਠਹਿਰੇ। ਚਹੁੰਦਿਸ਼ਿ ਖਰੇ ਭਏ ਹਿਤ ਪਹਿਰੇ ॥ ੧੮ ॥ ਪਹਿਰ ਜਾਮਨੀ ਬੀਤੀ ਜਬੈ। ਸ੍ਰੀ ਮੁਖ ਤੇ ਉਚੇ ਕਹਿ ਤਬੈ। 'ਖਰੋ ਹਰੀ ਕਾ ਜਾਗ੍ਰਤ ਕੋਈ ? ਪਹਿਰਾ ਦੇਨਿ ਆਇ ਕਿ ਨ ਕੋਈ ?' ॥ ੧੯ ॥ ਕਹਤਿ ਭਏ 'ਹਮ ਡੋਗਰ ਆਏ। ਹਿਤ ਪਹਿਰੇ ਕੇ ਤਿਨਹੁੰ ਪਠਾਏ। ਸਭਿ ਜਾਗ੍ਰਤਿ ਹੈਂ ਬਨਿ ਸਵਧਾਨ। ਸੁਪਤਹੁ ਆਪ ਗੁਰੂ ਭਗਵਾਨ !' ॥ ੨੦ ॥ ਬਖਸ਼ਿਸ਼

[1]ਮਸਤੇ ਹੋਏ ਹਰੀ ਕਿਆਂ ਨੇ ਮੁੜਕੇ ਕਿਹਾ। (ਅ) ਮਤਿ ਹਰੀਕੇ=ਹਰੀ ਮਤ ਵਾਲਿਆਂ ਭਾਵ ਮੂਰਖਾਂ ਨੇ ਕਿਹਾ। [2]ਜ਼ਰੂਰੀ ਕੰਮ ਹੈ। [3]ਇਕ ਜਾਤ ਜੋ ਅਕਸਰ ਗੁੱਜਰਾਂ ਦਾ ਕੰਮ ਕਰਦੇ ਹਨ। ਪਿਛਾ ਰਜਪੂਤੀ ਹੈ, ਤੇ ਅਕਸਰ ਮੁਸਲਮਾਨ ਹਨ। ਡੋਗਰਾ ਜਾਤ ਇਨ੍ਹਾਂ ਤੋਂ ਵੱਖਰੀ ਹੈ, ਏਹ ਪਹਾੜੀ ਰਾਜਪੂਤ ਹਨ ਤੇ ਹਿੰਦੂ ਹਨ। *ਪਾ:-ਮਹਿਤ। †ਇਹ ਕਦੇ ਨਹੀਂ ਹੋ ਸਕਦਾ ਕਿ ਐਸੇ ਕਰੜੇ ਸਮੇਂ ਜਦੋਂ ਕਿ ਅਜੇ ਬੀ ਤੁਰਕ ਦਲ ਦੇ ਅਚਾਨਕ ਆ ਪੈਣ ਦਾ ਅੰਦੇਸ਼ਾ ਹੈ ਸਿੰਘ ਮਸਤਾਨੇ ਹੋ ਜਾਂਦੇ ਹੋਣ, ਨਾਂ ਹੀ ਬੈਰਾੜ-ਚਾਹੋ ਚਾਕਰ ਸਨ-ਪਹਿਰਿਓਂ ਖੁੱਸ ਸਕਦੇ ਸਨ। ਏਹ ਦੋ ਕਾਰਨ ਗੁਰੂ ਜੀ ਦੇ ਕਹੇ ਹੋਏ ਨਹੀਂ ਹੋ ਸਕਦੇ। ਥਕੇ ਹੋਣ ਕਰਕੇ ਖਾਲਸੇ ਦੇ ਆਰਾਮ ਦੀ ਲੋੜ ਚਾਹੇ ਕਾਰਨ ਹੋਵੇ। ਅਸਲ ਬਾਤ ਇਹ ਹੈ ਕਿ ਉਸ ਦੇਸ਼ ਦੇ ਵਾਸੀ ਦੇਸ਼ ਦੇ ਜਾਣੂ ਤੇ ਹਿਤੀ ਹੋਏ ਉਨ੍ਹਾਂ ਦਾ ਪਹਿਰਾ ਵਧੇਰੇ ਸੁਖਦਾਈ ਹੈ। ਤੀਜੇ ਇਸ ਬਹਾਨੇ ਗੁਰੂ ਜੀ ਮੇਹਰ ਕਰਨੀ ਚਾਹੁੰਦੇ ਸਨ। ਦੇਖੋ ਇਸੇ ਅੰਸ਼ ਦਾ ਅੰਕ ੨੧ ਤੇ ੩੦।

ਕਰਨੈ ਚਹਤ ਹੈਂ ਕੋਈ। ਭਾਗ ਬਿਨਾ ਕਿਮ ਪ੍ਰਾਪਤਿ ਹੋਈ। ਆਧੀ ਰਾਤਿ ਬ੍ਰਿਤੀ ਜਬਿ ਜਾਨੀ। ਊਚੀ ਧੁਨਿ ਤੇ ਪ੍ਰਭੂ ਬਖਾਨੀ ॥ ੨੧ ॥ 'ਆਇ ਕਿ ਨਹੀਂ ਹਰੀ ਕਾ ਕੋਈ? ਹਿਤ ਸੌਝੀ ਲੈਬੇ ਇਤ ਸੋਈ'[1]। 'ਹਮ ਡੋਗਰ ਠਾਵੇ ਤਿਨ ਦਾਸ। ਪਹਿਰਾ ਦੇਤਿ ਜਾਗਤੇ ਪਾਸ ॥ ੨੨ ॥ ਸੋ ਨਿਸ ਬਿਖੈ ਹੋਤਿ ਮਦ ਪਾਨੀ। ਸੁਪਤੇ ਸਦਨ ਬਿਖੈ ਸੁਖ ਠਾਨੀ। ਦਾਸ ਤਿਨਹੁੰ ਕੇ ਤਥਾ ਤੁਮਾਰੇ। ਹਮ ਸਵਧਾਨ ਖਰੇ ਅਬਿ ਸਾਰੇ' ॥੨੩॥ ਪੁਨ ਤੂਸ਼ਨਿ ਹੁਇ ਰਾਤਿ ਬਿਤਾਈ। ਜਾਮ ਰਹੀ ਜਬਿ ਕਹਨੋ ਗੁਸਾਈਂ। 'ਆਇ ਕਿ ਨਹੀਂ ਹਰੀ ਕਾ ਅਬੈ। ਲੈਬੇ ਹਿਤ ਪਹਿਰੇ ਸੁਧਿ ਸਬੈ' ॥੨੪॥ ਪੁਨ ਡੋਗਰ ਬੋਲੇ 'ਹਮ ਅਹੈਂ। ਪਹਿਰਾ ਦੇਂ, ਸਵਧਾਨੀ ਰਹੈਂ। ਇਸ ਛਿਨ ਕੌਨ ਹਰੀ ਕਾ ਆਵੈ। ਪੀ ਪੀ ਮਦ ਘਰ ਮਹਿਂ ਸੁਪਤਾਵੈਂ ॥ ੨੫ ॥ ਹਮ ਹਜੂਰ ਰਾਵਰ ਕੇ ਖਰੇ। ਆਗਯਾ ਦੇਹੁ ਤਥਾ ਅਬਿ ਕਰੇਂ। ਸੇਵਾ ਕਰਿ ਹੈਂ ਸਰਬ ਪ੍ਰਕਾਰੀ। ਹਮ ਡੋਗਰ ਸਗਰੇ ਅਨੁਸਾਰੀ' ॥੨੬॥ ਸੁਨਿ ਕਰਿ ਬਿਨੈ ਸਮੇਤ ਕ੍ਰਿਪਾਲਾ। ਦੀਨਸਿ ਬਰ ਤਿਨ ਕੋ ਤਤਕਾਲਾ। 'ਬਸਦੇ ਰਹਹੁ ਤੀਰ ਇਸਨਈ[2]। ਨਈ ਚੌਧ੍ਰਤਾ ਤੁਮ ਕੋ ਦਈ ॥੨੭॥ ਨੈਂ ਕੇ ਤੀਰ ਤੀਰ ਜੋ ਦੇਸ਼। ਹੋਇ ਤੁਹਾਰੋ ਦੇਸ਼ ਅਸ਼ੇਸ਼'। ਸੁਨਿ ਕ੍ਰਿਪਾਲ ਤੇ ਬਖਸ਼ਿਸ਼ ਬਾਨੀ। ਨਿਕਟ ਆਇ ਸਭਿ ਬੰਦਨ ਠਾਨੀ ॥ ੨੮ ॥ 'ਰਾਵਰਿ ਕੇ ਬਚ ਸਦਾ ਸਥਿਰ ਹੈਂ। ਦੇਖਿ ਦੀਨ ਕੋ ਬਖਸ਼ਨ ਕਰਿ ਹੈਂ'। ਤਬਿ ਤੇ ਦਿਨ ਪ੍ਰਤਿ ਡੋਗਰ ਦੇਸ਼। ਸਨੇ ਸਨੇ ਹੁਇ ਗਯੋ ਅਸ਼ੇਸ਼* ॥ ੨੯ ॥ ਮੁਢ ਹਰੀ ਕੇ ਸਕਹਿ ਨ ਲੇਧ। ਗੁਰ ਚਿਤ ਚਹਤਿ ਰਹੇ ਕੁਛ ਦੇਧ। ਸੌਚ ਸ਼ਨਾਨ ਠਾਨਿ ਕਰਿ ਫੇਰ। ਚਢਿ ਪ੍ਰਭੁ ਚਾਲੇ ਹੋਤਿ ਸਬੇਰ ॥ ੩੦ ॥ ਕੇਤਿਕ ਕੋਸ ਉਲੰਘ ਕਰਿ ਗਏ। ਬਿਚ ਉਦਿਆਨ ਉਤਰਤੇ ਭਏ। ਬੱਡ੍ਰੀ ਬਡੋ ਤਰੋਵਰ ਖਰਨੋ। ਤਿਸ ਕੇ ਤਰੇ ਸਿਵਰ ਗੁਰ ਕਰਨੋ ॥੩੧॥ ਏਕ ਰਾਤਿ ਤਹਿਂ ਬਸੇ ਬਿਤਾਈ। ਪ੍ਰਭੁ ਪੁਨ ਚਢੇ ਪ੍ਰਾਤਿ ਹੁਇ ਆਈ। ਕੇਤਿਕ ਕੋਸ ਕੀਨਿ ਪ੍ਰਸਥਾਨਾ। ਜਾਇ ਪਹੂੰਚੇ ਤਬਿ ਇਕ ਥਾਨਾ ॥ ੩੨ ॥ ਗ੍ਰਾਮ ਵਜੀਦਪੁਰੇ† ਤਿਸ ਕਾਲਾ। ਸੈਨ ਸਮੇਤ ਸਿਵਰ ਕੋ ਘਾਲਾ। ਉਤਰੇ ਬੈਧ

---

[1]ਇਥੇ (ਪਹਿਰੇ ਦੀ) ਸੋਝੀ ਲੈਣ ਲਈ ਕੋਈ ਹਰੀ ਕਾ ਆਇਆ ਹੈ ਕਿ ਨਹੀਂ? [2]ਇਸ ਨੈਂ ਦੇ ਕੰਢੇ। [ਇਹ ਡੋਗਰ ਸਤਲੁਜ ਦੇ ਕੰਢੇ ਕੰਢੇ ਫੀਰੋਜ਼ਪੁਰ ਦੇ ਜ਼ਿਲੇ ਵਿਚ ਵਸਦੇ ਹਨ]।

*ਤਵਾ: ਖਾ: ਵਿਚ ਲਿਖਿਆ ਹੈ ਉਨ੍ਹਾਂ ਨੇ ਘੋੜਾ ਫੇਰਕੇ ਦੋ ਪਿੰਡਾਂ ਦੀ ਜ਼ਮੀਨ ਵਲ ਲਈ। ਦੋ ਟਾਹਲੀਆਂ ਤਦ ਦੀਆਂ ਖੜੀਆਂ ਹਨ ਜਿਨ੍ਹਾਂ ਨੂੰ ਫੱਤੂ ਸੰਮੂ ਦੀਆਂ ਟਾਹਲੀਆਂ ਕਹਿੰਦੇ ਹਨ, ਏਹ ਡੋਗਰਾਂ ਨੇ ਮੇੜ੍ਹੀਆਂ ਗੱਡੀਆਂ ਸਨ। †ਬਾਜ਼ੀਦਪੁਰ, ਫੀਰੋਜ਼ਪੁਰ ਛਾਵਨੀ ਤੋਂ ਚਾਰ ਮੀਲ ਪੂਰਬੋਤਰ ਦਿਸ਼ਾ ਵਲ, ਲੁਧਿਆਣੇ ਵਾਲੀ ਜਰਨੈਲੀ ਸੜਕ ਤੇ ਹੈ।

ਤੁਰੇਗਮ ਦਏ। ਸਿੰਘਗੁਰੂ ਢਿਗ ਆਵਤਿ ਭਏ॥ ੩੩ ॥ 'ਪਾਤਸ਼ਾਹ! ਇਤ-ਆਵਨ ਕਰੇ। ਪਹੁੰਚੇ ਇਹਾਂ ਕੁਸੂਰਹਿ ਤਰੇ।ਬਜਹਿ* ਨੌਬਤਾਂ ਇਸ ਪੁਰਿ ਬਾਈ[1]†। ਬਸੈ ਪਠਾਨ ਚਮੂੰ ਸਮੁਦਾਈ' ॥ ੩੪ ॥ ਸ੍ਰੀ ਮੁਖ ਤੇ ਫੁਰਮਾਵਨ ਕਰਯੋ। 'ਤੁਰਕਨ ਤੇਜ ਭਵਿੱਖਤ ਹਰਯੋ[2]। ਕਾਨੇ ਕਾਛੇ‡ਗ੍ਰਾਮ ਬਡੇਰੇ। ਤਹਿਂ ਉਪਜਹਿੰਗੇ ਸਿੰਘ ਘਨੇਰੇ ॥ ੩੫ ॥ ਬਹੁਤ ਨੌਬਤਾਂ ਬਜੈਂ ਹਮਾਰੀ। ਕੇਤਿਕ ਦਿਨ ਮਹਿਂ ਤਿਨਹੁੰ ਮਝਾਰੀ'।ਇਮ ਬਤਰਾਵਤਿ ਤਿਸ ਥਲ ਖਰੇ। ਤੀਤਰ ਇਕ ਅਵਾਜ ਤਬਿ ਕਰੇ ॥ ੩੬ ॥ ਸੁਨਿ ਕ੍ਰਿਪਾਲ ਭਾਖਯੋ ਤਿਹ ਸਮੈ।'ਜਾਂ ਬੋਲਯੋ ਤਾਂ ਲੱਧਾ ਹਮੈ'।ਹਯ ਪਰ ਤਬਿ ਆਰੋਹਨਿ ਹੋਇ। ਕੀਨਿ ਪਯਾਨੋ ਸ਼ੀਘ੍ਰ ਸੁ ਜੋਇ ॥ ੩੭ ॥ ਛੋਡਯੋ ਤਿਸ ਕੋ ਬਾਜ ਪਿਛਾਰੇ। ਕਰੀ ਨ ਝਪਟ ਨ ਤਿਸ ਕੋ ਮਾਰੇ।ਪੁਨ ਕਹਿ ਕਰਿ ਕੂਕਰ ਛੁਟਵਾਏ।ਪਿਖਿ ਤੀਤਰ ਕੋ ਪੀਛੇ ਧਾਏ ॥ ੩੮ ॥ ਝਾਰਨ ਬਿਖੈ ਜਾਇ ਕਰਿ ਬਰਯੋ। ਬਹੁਰ ਨਿਕਾ-ਰਯੋ ਉਡਿਬੋ ਕਰਯੋ। ਪੀਛੇ ਕੇਤਿਕ ਸਿੰਘ ਨੇ ਸਾਥ। ਚਲੇ ਜਾਹਿਂ ਤੂਰਨ ਜਗਨਾਥ॥੩੯॥ ਕਰਤਿ ਬੇਗ ਤੇ ਜਾਇ ਉਡਾਰੀ। ਥਕਤਿ ਛਪਹਿ ਪਿਖਿ ਝਾਰਨ ਝਾਰੀ[3]। ਬਹੁਤ ਬਿਲੋਕਹਿਂ ਖੋਜਨ ਕਰੈਂ। ਨਿਕਸਤਿ ਪੀ ਉਡ ਕਰਿ ਚਲਿ ਪਰੈ ॥੪੦॥ ਦਬਕਹਿ ਬਹੁਰ ਥਾਂਇ ਕੋ ਪਾਇ।ਝਾਰੀ ਝਾਰਨਿ ਝਾਰਹਿਂ ਜਾਇ[4]। ਕਈ ਕੋਸ ਇਸ ਬਿਧਿ ਚਲਿ ਗਏ। ਥਕਤਿ ਤੁਰੰ-ਗਮ ਭੀ ਤਬਿ ਭਏ ॥ ੪੧ ॥ ਪਕਰਯੋ ਜਾਇ[5] ਜਤਨ ਬਹੁ ਕਰਿਕੈ। ਕਹਿ ਕਰਿ ਪਰ ਉਖਰਾਇ ਸੁਧਰਿ ਕੈ[6]। ਪੁਨ ਛੁਰਵਾਯਹੁ ਤੀਤਰ ਆਗ।। ਬਾਜ ਜਿਯਤ ਕੋ ਭੱਖਨਿ ਲਾਗ॥੪੨॥ਤੋਰਿ ਤੋਰਿ ਆਮਿਖ ਤਿਸ ਕੇਰਾ। ਖਾਇ ਜਾਤਿ ਦੇ ਕਸ਼ਟ ਬਡੇਰਾ। ਅਪਨਿ ਹਜ਼ੂਰ ਖੁਲਾਵਹਿਂ ਖਰੇ। ਪਲ[7] ਬੋਟੀ

---

[1]ਇਸ ਨਗਰ ਭਾਵ ਕਸੂਰ ਵਿਚ ਬਾਈ ਨੌਬਤਾਂ ਵਜਦੀਆਂ ਹਨ, ਭਾਵ ਬਾਈ ਸਰਦਾਰ (ਪਠਾਣਾਂ ਦੇ) ਰਹਿੰਦੇ ਹਨ। ਸਾਖੀਆਂ ਦੀ ਪੋਥੀ ਵਿਚ ਐਉਂ ਲਿਖਿਆ ਹੈ:—ਅਗੇ ਡੇਰਾ ਵਜੀਦ ਪੁਰ ਹੋਇਆ। ਸਿਖਾਂ ਕਹਿਆ ਜੀ ਪਾਤਸ਼ਾਹ ਕਸੂਰ ਦੇ ਹੇਠ ਆਏ ਉਤਰੇ ਹਾਂ। ਪਾਤਸ਼ਾਹ ਬਾਈ ਨੌਬਤਾਂ ਇਨ੍ਹਾਂ ਕੀਆਂ ਵਜਦੀਆਂ ਹਨਿ ਕਸੂਰ ॥ ਗੁਰੂ ਜੀ ਬਚਨ ਕੀਤਾ, ਹਮਾਰੇ ਕਾਨ੍ਹੇ ਕਾਛੇ ਵਜਣਗੀਆਂ ਨੌਬਤਾਂ। [2]ਅੱਗੋ ਨੂੰ ਦੂਰ ਕਰ ਦਿੱਤਾ ਹੈ। [3]ਥੱਕ ਜਾਂਦਾ ਹੈ ਤਾਂ ਬਹੁਤ ਝਾੜੀਆਂ ਭਾਵ ਸੰਘਣੀਆਂ ਝਾੜਾਂ ਵੇਖਕੇ ਛਪ ਜਾਂਦਾ ਹੈ। [4]ਸਮੂਹ ਝਾੜੀਆਂ ਨੂੰ ਝਾੜਦੇ ਜਾਂਦੇ ਹਨ। [5]ਜਾ ਫੜਿਆ। [6]ਚੰਗੀ ਤਰ੍ਹਾਂ ਖੰਭ ਉਖਾੜੇ। [7]ਮਾਸ। *ਪਾ:—ਜਬਹਿ। ਪਰ ਸਾਖੀ ਪੋਥੀ ਵਿਚ 'ਬਜਹਿ' ਪਾਠ ਹੈ। †ਪਾ:—ਬਾਈ। ‡ਕਾਨ੍ਹੇ ਇਕ ਸ਼ਹੀਦਗੰਜ ਸਿੰਘਾਂ ਦਾ ਹੈ ਜੋ ਇਕ ਡੇਰੇ ਵਿਚ ਹੈ। ਇਹ ਪਿੰਡ ਲਾਹੌਰ ਤੇ ਕਸੂਰ ਜਾਣ ਵਾਲੀ ਪੱਕੀ ਸੜਕ ਪਰ ਹੈ।

ਕਾਟਤਿ ਭੁਖਿ ਕਰੇ ॥ ੪੩ ॥ ਦਾਨ ਸਿੰਘ ਬੋਲਯੋ ਪਿਖਿ ਠਾਢੋ।'ਆਪ ਪ੍ਰਭੂ ਤੁਮ ਹੋ ਬਡ ਡਾਢੋ।ਕੋਇ ਨ ਕੁਛ ਕਹਿ ਸਾਕਹਿ ਕੈਸੇ। ਅਬਿ ਡਾਢੀ ਕ੍ਰਿਤ ਕੀਨਸਿ ਜੈਸੇ ॥ ੪੪ ॥ ਇਤਨੀ ਕੀਨਿ ਦੌਰਿ ਇਸ ਬੇਰਾ। ਕਹਾਂ ਸ਼ੇਰ ਕੋ ਹੇਰਿ ਅਖੇਰਾ। ਇਕ ਤੀਤਰ ਕੇ ਧਾਇ ਪਿਛਾਰੇ। ਦਿਏ ਹੁਸਾਇ ਤੁਰੰਗਮ ਸਾਰੇ ॥੪੫॥ ਜੇ ਸ਼ਿਕਾਰ ਕੀ ਚਾਹ ਕਰੈਂਤੇ। ਤੀਤਰ ਸਹੇ ਅਨੇਕ ਹਨੈਂਤੇ'। ਸ਼੍ਰੀ ਮੁਖ ਤੇ ਕਹਿ ਤਿਹ ਸਮੁਝਾਯੋ।'ਦਾਨ ਸਿੰਘ ! ਸੁਨੀਅਹਿ ਜਿਮ ਘਾਯੋ[1] ॥ ੪੬ ॥ ਨਹੀਂ ਚਾਹੁ ਕੁਛ ਕਰਨਿ ਸ਼ਿਕਾਰਾ। ਇਸ ਲਗਿ ਕਾਰਜ ਹੁਤੋ ਹਮਾਰਾ'। ਆਸ਼ੈ ਜਬਿ ਗੰਭੀਰ ਸੁਨਿ ਪਰੇ। ਦਾਨ ਸਿੰਘ ਪੁਨ ਬੂਝਨ ਕਰੇ ॥ ੪੭ ॥ 'ਪਾਤਿਸ਼ਾਹੁ ! ਦਿਹੁ ਸਕਲ ਸੁਨਾਏ। ਕਿਸ ਕਾਰਨ ਤੇ ਏਤਿਕ ਧਾਏ?'।ਸ਼੍ਰੀ ਮੁਖ ਕਹਯੋ'ਸੁਨਹੁ ਇਸ ਕਾਜ।ਤੀਤਰ ਜਾਟ ਬਾਣੀਆਂ ਬਾਜ ॥੪੮ ॥ ਪੂਰਬ ਜਨਮ ਹੁਤੇ ਨਰ*ਏਹੀ।ਜਾਟ ਕਰਜ਼ ਲੇ ਬਨੀਏ ਤੇ[2] ਹੀ। ਅਪਰ ਗ੍ਰਾਮ ਮਹਿਂ ਬਸਯੋ ਸੁ ਜਾਇ। ਬਨੀਏ ਗਹਯੋ ਲਗਯੋ ਕਬਿ ਦਾਇ ॥੪੯॥–ਦਰਬ ਦਿਏ ਬਿਨ ਤਜੌਂ ਨ ਤੋਹੀ।ਦਗ਼ਾ ਗਯੋ ਕਰਿਕੈ ਸੰਗ ਮੋਹੀ–। ਜਾਟ ਕਹੈ–ਅਬਿ ਕੈ ਦਿਹੁ ਛੋਰਿ।ਦੇਵੌਂ ਲਗਿ ਬਿਰਾਟਕਾ ਤੋਰ–॥੫੦॥ਸੁਨਿ ਬਨੀਆ ਕਹਿ–ਜ਼ਾਮਨ ਦੀਜੈ। ਛੁਟਿ ਕਰਿ ਜਾਹੁ ਸਦਨ ਮਗ ਲੀਜੈ–। ਕਹੈ ਜਾਟ–ਕੋ ਜਾਮਨ ਮੋਰੋ?ਗੁਰ ਬਿਨ ਇਹ ਠਾਂ ਆਨ ਨ ਹੇਰੋਂ–॥੫੧॥ ਸੁਨਿ ਬਨੀਆ ਕਹਿ–ਧਰਮ ਰਖੀਜੈ। ਗੁਰ ਕੋ ਹੀ ਜਾਮਨ ਕਰਿ ਦੀਜੈ–। ਮੁਝ ਕੋ ਦੇ ਜਾਮਨ ਛੁਟਿ ਗਯੋ।ਨਹਿਂ ਧਨ ਦਿਯੋ,ਮ੍ਰਿਤਕ ਪੁਨ ਭਯੋ॥੫੨॥ ਅਹੇ ਬਾਜ ਕੋ ਪੂਰਬ ਗਜਾਤਾ। ਹਮਰੇ ਹਾਥ ਸਪਰਸੇ ਗਾਤਾ।ਨਹਿਂ ਤੀਤਰ ਕੋ ਇਸ ਨੇ ਮਾਰਾ। ਲੈ ਹੌਂ ਜਾਮਨ ਤੇ ਨਿਰਧਾਰਾ ॥੫੩॥ ਹਮਨੇ ਅਪਨਿ ਜਾਮਨੀ ਲਾਹੀ।ਜਿਯਤਿ ਦਿਯੋ ਗਹਿ ਵਢਿ ਵਢਿ ਖਾਹੀ†'।ਸੁਨਿ ਕਰਿ ਦਾਨ ਸਿੰਘ ਕਰ ਜੋਰੇ। ਪਰਯੋ ਚਰਨ ਪਰ ਪ੍ਰਭੂ ਨਿਹੋਰੇ॥੫੪॥'ਸਨਮੁਖ ਬੋਲਯੋ ਹੇ ਗੁਰ ਭੂਲਾ। ਬਖਸ਼ੋ ਮੋਹਿ ਦਾਸ ਅਨਕੂਲਾ'। 'ਦਾਨ ਸਿੰਘ ਕਯੋਂ ਚਿੰਤ ਅਧੀਨ। ਉੱਤਰ ਹੀ ਤੈਂ ਬੂਝਨ ਕੀਨ'॥੫੫॥ਦਾਨ ਸਿੰਘ ਪੁਨ ਮਸਤਕ ਟੇਕਾ।ਤੁਮਰੀ ਖੁਸ਼ੀ ਰਹੈਂ ਇਹ ਏਕਾ‡।ਰਾਵਿ ਤਹਿਂ ਤੇ ਪਹੁੰਚੇ ਨਿਜ ਡੇਰੇ§।

[1]ਭਾਵ, ਜਿਸ ਕਾਰਨ ਕਰਕੇ ਇਹ ਇਉਂ ਮਰਵਾਇਆ ਹੈ। [2]ਤੋਂ।   *ਪਾ:–ਅਬ।

†ਇਸ ਸਾਖੀ ਦਾ ਵੇਰਵਾ ਅਸਲ ਵਾਕਿਆ ਤੋਂ ਕੁਛ ਵਿਲੱਖਣ ਹੋਵੇ ਯਾ ਠੀਕ ਇਸੇ ਤਰ੍ਹਾਂ ਪਰ ਭਾਵ ਇਸ ਦਾ ਇਹ ਹੈ ਕਿ ਸਿੱਖ ਕਦੇ ਕੌਲ ਕਰਕੇ ਫੇਰ ਨਾ ਮੁੱਕਰੇ। ਦੂਸਰੇ ਦੇ ਭਰੋਸਾ ਕਰ ਲੈਣ ਨੂੰ ਛਲ ਨਾਲ ਨਾ ਗੁਵਾਵੇ।   ‡ਪਾ:–ਟੇਕਾ।

§ਇਹ ਬਜ਼ੀਦਪੁਰ ਵਾਲਾ ਪ੍ਰਸੰਗ ਬੀ ਸਾਖੀਆਂ ਵਾਲੀ ਪੋਥੀ ਵਿਚੋਂ ਹੈ।

ਖਾਨ ਪਾਨ ਕੀਨਸਿ ਤਿਸ ਬੇਰੇ ॥ ੫੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਤੀਤਰ' ਪ੍ਰਸੰਗ ਬਰਨਨੰ ਨਾਮ ਚੌਦਸਮੋ ਅੰਸੂ ॥ ੧੪ ॥

### ੧੫. [ਘੋਗੜ ਉਧਾਰ । ਹੁਕਮ ਨਾਬ]।

ਦੋਹਰਾ ॥ ਨਿਸ ਬਿਤਾਇ ਕਰਿ ਸਤਿਗੁਰੂ ਕੀਨੋ ਸੌਚ ਸ਼ਨਾਨ । ਜ਼ੀਨ ਹਯਨਿ ਪਰ ਪਾਇ ਕਰਿ ਚਢੇ ਕਿਯੋ ਪ੍ਰਸਥਾਨ ॥ ੧ ॥ ਚੌਪਈ ॥ ਸਤਿਗੁਰ ਘੋਰੇ ਕੀ ਤ੍ਰੈ ਮੇਖ[1] । ਲਗੀ ਰਹੀ ਤਿਸ ਥਾਨ ਅਸ਼ੇਖ। ਜੰਡ ਹਰੇ ਸੋ ਹੋਵਤਿ ਭੁਏ । ਅਬਿਲੌ ਖਰੇ ਪਿਖੇ ਜੋ ਗਏ*॥੨॥ਸਿਖ ਸੰਗਤਿ ਤਹਿੰ ਬੰਦਨ ਕਰੈ। ਤਿਨ ਕੋ ਦਰਸ਼ਨ ਭੀ ਅਘ ਹਰੈ । ਇਮ ਸ੍ਰੀ ਪ੍ਰਭੁ ਬਿਚਰਤਿ ਫਿਰਿ ਆਏ। ਪਹੁੰਚਿ ਮੁਕਤਿਸਰ ਸਿਵਰ ਲਗਾਏ ॥ ੩ ॥—ਹੋਇ ਭਵਿੱਖਤ ਮਹਿੰ ਇਹ ਮਹਾਂ।ਸਿੱਖ ਸ਼ਨਾਨਹਿੰ ਫਲ ਕੋ ਲਹਾ—।ਖਾਨ ਪਾਨ ਕਰਿ ਨਿਸਾ ਬਿਤਾਈ। ਸੌਚ ਸ਼ਨਾਨੇ ਕੀਨਿ ਚਢਾਈ ॥੪॥ †ਗ੍ਰਾਮ ਰੁਪਾਣੇ ਚਲਿ ਕਰਿ ਆਏ । ਉਤਰੇ ਤਹਾਂ ਤੁਰੰਗ ਲਗਾਏ।ਸੁੱਖਾ ਅਰੁ ਅਫੀਮ ਛਕਿ ਕਰਿਕੈ। ਬਿਚਰਤਿ ਇਤ ਉਤ ਧਨੁ ਸਰ ਧਰਿਕੈ॥੫॥ ਥਲ ਉਤੰਗ ਇਕ ਘੋਗੜ[2] ਹੇਰਾ । ਤੀਰ ਮਾਰਿ ਤਿਸ ਕੋ ਹਤਿ ਗੇਰਾ । ਜੋਰਾ ਸਿੰਘ ਖਰੋ ਤਬਿ ਪਾਸੀ । 'ਪ੍ਰਭੁ ਜੀ ਘੋਗੜ ਕੀਨਿ ਬਿਨਾਸ਼ੀ ॥ ੬ ॥ ਇਹ ਕਸੋਂ ਹਤਯੋ ਕਾਮ ਨਹਿ ਐਹੈ । ਇਮ ਹੀ ਪਰਯੋ ਰਹੈ, ਕੋ ਖੈਹੈ[3] ? ਇਸ ਕੋ ਮਾਰਨ ਕੋ ਕਯਾ ਕਾਰਨ ? ਪਾਤ-ਸ਼ਾਹੁ ਪ੍ਰਭੁ ਕਹਹੁ ਉਚਾਰਨ' ॥ ੭ ॥ ਸ੍ਰੀ ਮੁਖ ਤੇ ਕਹਿਕੇ ਸਮੁਝਾਯੋ। 'ਸੋ ਤਨੁ ਘੋਗੜ ਕੋ ਇਨ ਪਾਯੋ । ਪ੍ਰਥਮ ਨ੍ਰਿਪਤਿ ਥੋ ਜੁਕਤ ਜਮੱਯਤ[4]। ਸਿੱਖ ਗ਼ਰੀਬ ਏਕ ਇਸ ਰੱਯਤਿ ॥ ੮ ॥ ਬਸਤੇ ਕੇਤਿਕ ਸਮਾ ਬਿਤਾਏ। ਇਕ ਦਿਨ ਸਿਖ ਕੇ ਮਨ ਇਮ ਆਏ । ਗੁਰ ਹਿਤ ਚਾਹਯੋ ਕਰਨਿ ਅਹਾਰਾ । ਸਕਲ ਭਾਂਤਿ ਸੋਂ ਕੀਯਸਿ ਤਯਾਰਾ ॥ ੯ ॥ ਸਿੱਖਨਿ ਕੋ ਨਿਉਂਦਾ ਤਿਨ ਦੀਯੋ । ਨ੍ਰਿਪ ਭੀ ਸਿੱਖ ਥੋ ਧਾਮਾ ਲੀਯੋ[5]।ਸਭਿ ਕੋ ਮੇਲ ਭਯੋ ਤਬਿ ਆਇ। ਕਰਿ ਅਰਦਾਸਹਿੰ ਭੋਜਨ ਖਾਇ ॥ ੧੦ ॥ ਸਿਖ ਕੀ ਸੁਤਾ ਅਵਸਥਾ ਤਰੁਨੀ।ਸੋ ਰਾਜਾ ਪਿਖਿ ਕੈ ਮਨ ਹਰਨੀ। ਅਪਨੇ ਸਦਨ ਗਯੋ ਨਿਸ ਪਰੀ। ਨ੍ਰਿਪ ਨਰ ਪਠੇ ਹਕਾਰਨਿ ਕਰੀ ॥੧੧॥ ਸਿਖ ਨੇ ਲਖੀ ਨਰੇਸ਼ ਖੁਟਾਈ । ਪਰਮ ਦੁਖੀ ਭਾ ਬਸ ਨ ਬਸਾਈ।ਦੇਖਿ ਪਿਤਾ ਕੋ ਪੁੱਤ੍ਰੀ ਕਹੈ।—ਕਯੋਂ ਨਾਹਕ

---

[1] ਤ੍ਰੈ ਕਿੱਲੀਆਂ। [2] ਗਿੱਧ ਵਰਗਾ ਇਕ ਪੰਛੀ ਜੋ ਪਿੰਡਾਂ ਦੇ ਗਿਰਦੇ ਵਸਦਾ ਤੇ ਮਲ ਖ਼ਾਂਦਾ ਹੈ। [3] ਕੌਣ ਖਾਵੇਗਾ ? [4] ਫੌਜ ਦੇ ਸਮੇਤ। [5] ਰਾਜਾ ਬੀ ਸਿੱਖ ਸੀ ਉਸ ਨੇ ਬੀ ਨਿਉਂਦਾ ਲਿਆ।

*ਇਹ ਬ੍ਰਿਛ ਅਜੇ ਤੁਕ ਮੌਜੂਦ ਹਨ । ਇਸ ਗੁਰਦੁਆਰੇ ਦਾ ਨਾਮ 'ਗੁਰੂਸਰ' ਪ੍ਰਸਿੱਧ ਹੈ ।

†ਇਹ ਬੀ ਸਾਖੀ ਪੋਥੀ ਦਾ ਪ੍ਰਸੰਗ ਹੈ ।

ਏਤੋ ਦੂਖ ਲਹੈਂ ॥ ੧੨ ॥ ਮੋਹਿ ਸਾਥ ਨ੍ਰਿਪ ਨਿਕਟ ਚਲੀਜੈ। ਗੁਰੂ ਕਰੈ ਸੁਖ[1], ਚਿੰਤ ਨ ਕੀਜੈ–। ਲੈ ਕਰਿ ਪਿਤਾ ਗਈ ਢਿਗ ਰਾਜੇ। ਕਹੈ ਕਿ ਐਬੇ ਸਮੋ ਨ ਆਜੇ ॥੧੩॥ ਦਿਵਸ ਆਗਲੇ ਮੈਂ ਚਲਿ ਆਵੌਂ। ਬਿਨਾ ਬੁਲਾਏ, ਨਹਿੰ ਠਹਿਰਾਵੌਂ[2]। ਅਪਨੋ ਨਰ ਨਹਿੰ ਕਰੋ ਪਠਾਵਨ। ਰਚੋਂ ਅਧਰਮ ਅਧਿਕ ਦੂਖ ਪਾਵਨ[3]–॥੧੪॥ ਸੁਨਿ ਰਾਜਾ ਕਹਿ–ਛਲ ਨਹਿੰ ਕਰੀਅਹਿ। ਤ੍ਰਿਆ ਚਰਿੱਤ੍ਰ ਨ ਕਛੂ ਬਿਚਰੀਅਹਿ। ਹੋਹਿੰ ਕੂਰ ਕਰਿਬੇ ਬਚ ਤੋਹੀ। ਤੌ ਸਜ਼ਾਇ ਹੈ ਆਇਸੁ ਮੋਹੀ[4]–॥੧੫॥ ਕਹਿਨ ਲਗੀ–ਮੈਂ ਰਹੌਂ ਨ ਕਾਲ੍ਹਿ[5]। ਤੌ ਸਜਾਇ ਕਿਮ ਹੋਇ ਬਿਸਾਲੀ*–।ਇਮ ਕਹਿ ਪਿਤਾ ਸੰਗਿ ਹਟਿ ਆਈ। ਨਿਸ ਮਹਿੰ ਬਿਖ ਲੇ ਕਰਿ ਤਿਸ ਖਾਈ ॥ ੧੬ ॥ ਮਰਨ ਸਮੈਂ ਦੀਨੋ ਇਮ ਸ੍ਰਾਪ।–ਇਹ ਮਹੀਪ ਪਾਪੀ ਸੰਤਾਪ। ਰਾਜ ਕਰਨ ਕੇ ਲਾਯਕ ਨਾਂਹੀ। ਘੋਗੜ ਤਨ ਪਾਵਹੁ ਬਨ ਮਾਂਹੀ ॥ ੧੭ ॥ ਰਹਹੁ ਇਕਾਂਕੀ ਸੰਗ ਨ ਕੋਈ। ਕਰਨ ਪਾਪ ਪੈ ਹੋ ਫਲ ਸੋਈ–। ਇਮ ਕਹਿ ਪ੍ਰਾਨ ਤਜੇ ਤਤਕਾਲਾ। ਕੇਤਿਕ ਦਿਨ ਮਹਿੰ ਭਾ ਨ੍ਰਿਪ ਕਾਲਾ ॥੧੮॥ ਇਕ ਸੌ ਦੇਹਿ ਜਨਮ ਅਸ ਧਾਰੇ। ਘੋਗੜ ਹੋਤਿ ਰਹਜੋ ਨਿਰਧਾਰੇ।ਨਿਜ ਸਿਖ ਲਖਿ ਕੈ ਅਬਹਿ ਉਧਾਰਯੋ'। ਜਬਿ ਪ੍ਰਸੰਗ ਪ੍ਰਭੁ ਸਰਬ ਉਚਾਰਯੋ ॥ ੧੯ ॥ ਜੋਰਾ ਸਿੰਘ ਆਦਿਕ ਢਿਗ ਜੇਤੇ। ਬਿਸਮੈ 'ਧੰਨ ਧੰਨ' ਕਹਿ ਤੇਤੇ।ਨਿਸ ਮਹਿੰ ਖਾਨ ਪਾਨ ਸਭਿ ਕਰਯੋ। ਸੁਪਤੇ ਬਹੁਰ ਦਿਵਸ ਪੁਨ ਚਰਯੋ ॥ ੨੦ ॥ ਜ਼ੀਨ ਤੁਰੰਗਨ ਪਰ ਤਬਿ ਡਾਰੇ।ਹੁਇ ਅਰੂਢਿ ਪ੍ਰਭੁ ਪੰਥ ਪਧਾਰੇ।ਸੈਨਾ ਸੰਗ ਬਿਰਾਜ਼ਨ ਕੇਰੀ। ਚਾਕਰ ਰਾਖੇ ਗੁਰੂ ਅਗੇਰੀ ॥ ੨੧ ॥ ਸੁਨਿ ਸੁਨਿ ਸੁਧਿ ਕੋ ਸਿੰਘ ਜੁਝਾਰੇ। ਆਇ ਮਿਲਹਿੰ ਗੁਰ ਦਰਸ ਨਿਹਾਰੇ। ਅਧਿਕ ਭੀਰ ਦਿਨ ਪ੍ਰਤਿ ਹੁਇ ਸਾਥ। ਬਿਚਰਤਿ ਆਰੋਹੇ ਨਿਤ ਨਾਥ ॥੨੨॥ †ਕੇਤਿਕ ਕੋਸ ਉਲੰਘਤਿ ਗਏ। ਡੇਰਾ ਪਹੁੰਚਿ ਬੇਹੜੀ ਕਏ। ਹਧ ਬੈਧਾਵਨਿ ਸਗਰੇ ਕੀਨੇ। ਤ੍ਰਿਨ

[1]ਗੁਰੂ ਸੁਖ ਕਰੇਗਾ। [2]ਬਿਨਾਂ ਬੁਲਾਏ ਆਵਾਂਗੀ, ਅਟਕਾਂਗੀ ਨਹੀਂ, ਸ਼ਲੇਖ ਵਿਚ ਦੂਜਾ ਅਰਥ ਇਹ ਹੈ ਕਿ ਕਲ ਮੈਂ ਬਿਨਾ ਬੁਲਾਏ ਆਵਾਂਗੀ ਪਰ (ਤੇਰੇ ਪਾਸ) ਠਹਿਰਾਂਗੀ ਨਹੀਂ। ਮੁਰਾਦ ਇਹ ਸੀ ਕਿ ਮੈਂ ਸਰੀਰ ਛਡ ਦੇਣਾ ਹੈ, ਰੂਹ ਵਿਚ ਮੈਂ ਆਵਾਂਗੀ ਪਰ ਠਹਿਰਾਂਗੀ ਨਹੀਂ। [3]ਝੂਠਾ ਧਰਮ ਕਰਾਂਗੀ ਤਾਂ ਬੜਾ ਦੁੱਖ ਪਾਵਾਂਗੀ। [4]ਇਹ ਮੇਰਾ ਹੁਕਮ ਹੈ। [5]ਕੱਲ ਨੂੰ।

*ਇਸ ਵਿਚ ਬੀ ਸ਼ਲੇਖ ਹੈ, ਮੈਂ ਕਲ ਆਉਣੋਂ ਨਹੀਂ ਰਹਾਂਗੀ ਭਾਵ ਆਵਾਂਗੀ ਫਿਰ ਮੈਨੂੰ ਬਹੁਤ ਸਜ਼ਾ ਕਿਉਂ ਦੇਵੇਗੀ। ਇਹ ਅਰਥ ਰਾਜੇ ਨੇ ਸਮਝਿਆ। ਬੀਬੀ ਦੇ ਦਿਲ ਵਿਚ ਇਹ ਅਰਥ ਸੀ ਕਿ ਮੈਂ ਕਲ (ਦੁਨੀਆਂ ਪਰ) ਨਾ ਰਹਾਂਗੀ ਭਾਵ ਮਰ ਜਾਵਾਂਗੀ ਤਾਂ ਸਜ਼ਾ ਕਿਸ ਨੂੰ ਦਿਓਗੇ।

†ਇਹ ਪ੍ਰਸੰਗ ਬੀ ਸਾਖੀ ਪੋਥੀ ਦਾ ਹੈ।

ਈਂ ਧਨ ਇਕਠੇ ਕਰਿ ਲੀਨੇ ॥ ੨੩ ॥ ਏਕ ਨਾਥ ਬਡ ਅਜ਼ਮਤਵੰਤਾ। ਕਰਿ
ਆਸ਼੍ਰਮ ਕੋ ਤਹਾਂ ਬਸੰਤਾ। ਆਗੇ ਇਕ ਦਿਨ ਗੁਰ ਸੋਂ ਮਿਲਿ ਕਰਿ। ਬੋਲਯੋ
ਹੁਤੋ ਮਾਨ ਕੋ ਮਨ ਧਰਿ॥੨੪॥ 'ਜਗ ਮੈਂ ਗੁਰੂ ਕਹਾਵਤਿ ਫਿਰੈ। ਕਰਾਮਾਤ
ਭੀ ਕੁਛ ਤਨੁ ਧਰੈ। ਜੋ ਅਜ਼ਮਤ ਕੁਛ ਦੇਹੁ ਦਿਖਾਇ। ਦੇਖੇ ਬਿਨਾ ਨ
ਮਨ ਪਤਿਯਾਇ' ॥ ੨੫ ॥ ਸੁਨਿ ਗੁਰ ਕਹ੍ਯੋ ਹੁਤੋ[1] ਤਿਸ ਤਾਂਈ। 'ਡੇਰਾ
ਕਰਹਿਂ ਜਬਹਿ ਤੁਵ ਥਾਈ। ਤਬਹਿ ਦਿਖਾਵਹਿਂ ਦਿਵ ਹੁਇ ਰਹੀਏ। ਅਬਿ
ਦੇਖਨ ਕੋ ਨਹਿਂ ਕੁਛ ਕਹੀਏ' ॥੨੬॥ ਦੇਖਿ ਨਾਥ ਕੋ ਗਾਥ ਚਿਤਾਰੀ।-
ਇਹ ਤੋ ਕਰਾਮਾਤ ਚਹਿ ਭਾਰੀ-। ਬੈਠਯੋ ਹੁਤੋ ਆਪਨੇ ਥਾਨਾ। ਤਰਕਸ਼
ਤੇ ਲੇ ਕਰਿ ਗੁਰ ਬਾਨਾ ॥੨੭॥ ਛਿਤ ਸੋਂ ਛ੍ਵਾਇ ਸੀਸ ਸਿੰਗ ਲਾਯੋ[2]। ਬਹੁਰ
ਨਾਥ ਸੋਂ ਬਾਕ ਅਲਾਯੋ। 'ਹੁਕਮ ਨਾਥ[3] ! ਕਹੁ ਅਪਨੀ ਗਾਥਾ। ਰਾਜ਼ੀ
ਅਹੈਂ ਅਨੰਦ ਕੇ ਸਾਥਾ'॥੨੮॥ ਸੁਨਤਿ ਨਾਥ ਬੋਲਯੋ ਤਿਹ ਸਮੋ। 'ਗੁਰ ਗੋਬਿੰਦ
ਸਿੰਘ ਲਿਹੁ ਮਮ ਨਮੋ। ਮੈਂ ਰਾਜ਼ੀ ਕਰਿ ਦੀਨਸਿ ਦੀਨ[4]। ਸਭਿ ਕਾਰਜ ਤੇ[5]
ਖਾਰਜ ਕੀਨ' ॥ ੨੯ ॥ ਗੁਰੂ ਕਹ੍ਯੋ 'ਦੇਖਹਿਂ ਅਬਿ ਠੌਰ। ਚਲੀਅਹਿ ਦਿੱਲੀ
ਨਗਰ ਲਾਹੌਰ[6]। ਕਿਤਿਕ ਸਮੈਂ ਮੈਂ ਚਲਿ ਪੁਨ ਆਵੈ। ਜੋ ਤੇਰੇ ਚਿਤ ਮਹਿਂ
ਇਮ ਭਾਵੈ' ॥ ੩੦ ॥ ਨਾਥ ਕਹੈ 'ਨਿਸ਼ਫਲ ਅਭਿਲਾਖਾ। ਜੈਬੋ ਉਚਿਤ
ਨ ਮੋ ਕਹੁ ਰਾਖਾ। ਖੈਂਚਿ ਨਿਕਾਰਾ ਸਾਰ ਉਦਾਰਾ[7]। ਕਰਿ ਫੋਕਟ[8] ਮੋਕਹੁ
ਅਬਿ ਡਾਰਾ' ॥੩੧॥ ਸਤਿਗੁਰ ਭਨਨੈਂ 'ਕਾਮਨਾ ਤੇਰੀ। ਅਜ਼ਮਤ ਜਾਚਤਿ
ਫਲੀ ਘਨੇਰੀ[9]*। ਅਪਨੋ ਦੋਸ਼ ਜਾਨਿ ਟਿਕ ਰਹੋ। ਜਿਮ ਬਾਂਛਤਿ ਚਿਤ
ਫਲ ਤਿਮ ਲਹੋ' ॥੩੨॥ ਤੂਸ਼ਨ ਰਹ੍ਯੋ ਜਾਨਿ ਬਚ ਸਾਚੇ। ਮਾਨ ਗਰਿ[10]
ਅਜ਼ਮਤ ਕਹੁ ਜਾਚੇ। ਇਕ ਮਠ ਸੁੰਦਰ ਹੈ ਤਿਸ ਠੌਰ। ਵਿਚ ਕਾਸਬ ਭੱਟੀ ਕੀ
ਗੋਰ[11] ॥ ੩੩ ॥ ਤਿਸ ਕੋ ਪਿਖਿ ਕਰਿ ਗੁਰੂ ਸਰਾਹੀ। ਭਲੀ ਥਾਇ ਸੁੰਦਰ
ਇਸ ਮਾਂਹੀ। ਮਾਨ ਸਿੰਘ ਆਦਿਕ ਬਚ ਸੁਨੇ। ਪ੍ਰਭੁ ਕੇ ਸੰਗ ਬਿਬੇਕੀ ਬਨੇ[12]

[1]ਕਹਿਆ ਹੋਇਆ ਸੀ। [2]ਜੋਗੀ ਦੇ ਸਿਰ ਨਾਲ। [3]ਨਾਮ ਹੈ ਨਾਥ ਦਾ। [4]ਮੈਂ (ਕਰਾਮਾਤ ਕਰ) ਰਾਜ਼ੀ ਸੀ (ਕਰਾਮਾਤ ਖੋਹ ਕੇ ਆਪ ਨੇ) ਦੀਨ ਕਰ ਦਿੱਤਾ। [5](ਕਰਾਮਾਤ ਲਗਾਉਣ ਰੂਪੀ) ਸਾਰੇ ਕੰਮਾਂ ਤੋਂ। [6]ਚਲੋ ਹੁਣ ਦਿੱਲੀ ਲਾਹੌਰ ਆਦਿ ਨਗਰ ਦੇਖੀਏ। [7]ਕਰਾਮਾਤ ਰੂਪੀ ਵਡਾ ਸਾਰ। [8]ਫੋਗ। [9]ਸੋ ਫਲਣ ਲੱਗੀ ਹੈ। [10]ਹੰਕਾਰ ਵਿਚ ਰਚਕੇ। [11]ਕਾਸਬ ਨਾਮੇ ਭੱਟੀ ਦੀ ਕਬਰ ਹੈ (ਉਸ ਮਠ) ਵਿਚ। [12]ਵਿਚਾਰ ਕਰਨ ਵਾਲੇ। ਭਾਵ ਸਿੱਖ ਮ੍ਰਿਯਾਦਾ ਦੀ ਵਿਚਾਰ ਕਰਨ ਵਾਲੇ ਬਣੇ। *ਭਾਵ ਕਰਾਮਾਤ ਇਹ ਦਿਖਾਈ ਕਿ ਉਸ ਵਿਚ ਜੋ ਸਿੱਧੀ ਸੀ ਸੋ ਖਿੱਚ ਲਈ। ਕੈਸਾ ਦੋਜੀ ਜਵਾਬ ਹੈ। ਕਰਾਮਾਤ ਦਿਖਾ ਬੀ ਦਿੱਤੀ ਤੇ ਉਸ ਦੀ ਕਰਾਮਾਤ ਦੂਰ ਬੀ ਕਰ ਦਿੱਤੀ। ਦੈਵਕੀ ਫਕੀਰਾਂ ਵਿਚ ਕਰਾਮਾਤ ਤਮਾਸ਼ਿਆਂ ਵਾਂਙੂ ਹੀ ਹੁੰਦੀ ਹੈ।

।।੩੪।। 'ਥਾਨ ਤੁਰਕ ਕੋ ਆਪ ਸਰਾਹਾ । ਯਾਂਤੇ ਉਚਿਤ ਦੇਹੁ ਤਨਖਾਹ' ।
–ਗੋਰ ਮੜ੍ਹੀ ਮਠ ਭੂਲ ਨ ਮਾਨੈ–। ਇਸ ਬਿਧਿ ਰਾਵਰ ਰਹਿਤ ਬਖਾਨੈਂ'
।।੩੫।। ਸੁਨਤਿ ਬਿਬੇਕ ਖਾਲਸੇ ਕੇਰਾ । ਬਖ਼ਸ਼ਾਵਤਿ ਭੇ ਗੁਰ ਤਿਸ ਬੇਰਾ ।
ਬਿੰਸਤ ਪੰਚ ਰਜਤਪਣ ਲਾਏ । ਦਾਨ ਸਿੰਘ ਕਰ ਜੋਰਿ ਅਲਾਏ ॥ ੩੬ ॥
'ਇਹ ਕਸ ਬਿਧਿ ਰਾਵਰ ਨੇ ਕਰੀ ? ਬਿੱਪ੍ਰੀਤੀ ਹਮ ਕੋ ਦਿਖਿ ਪਰੀ' ।
ਤਿਸ ਕੋ ਸ੍ਰੀ ਪ੍ਰਭੁ ਕੀਨਿ ਬਤਾਵਨ । 'ਕਰਹਿਂ ਖਾਲਸੇ ਕੋ ਸਿਖਰਾਵਨ*
॥ ੩੭ ॥ ਲੈਨਿ ਦੇਨਿ ਹੋਵਹਿ ਤਨਖਾਹ । ਪਰੈ ਖਾਲਸੇ ਮਹਿਂ ਇਹ ਰਾਹ' ।
ਤਬਿ ਸਤਿਗੁਰ ਤਰਕਸ਼ ਗਰ ਲਾਹਾ । ਧਨੁਖ ਸਹਿਤ ਦਾਸਨ ਕਰ ਮਾਹਾ[1]
।।੩੮।। ਏਕ ਮੂਲ[2] ਪਰ ਜੰਡ ਸੁ ਤੀਨ । ਨਿਕਟ ਖਰੇ ਡੇਰਾ ਜਹਿਂ ਕੀਨ ।
ਆਯੁਧ ਤਿਨ ਕੇ ਸੰਗ ਝੁਲਾਏ[3] । ਅਬਿ ਲੌ ਖਰੇ[4] ਦੇਖਿ ਸਿਖ ਆਏ† ।।੩੯।।
ਧਰਹਿ ਕਾਮਨਾ ਕਰਹਿ ਜਿ ਨਮੋ । ਪੂਰਤਿ ਹੈ ਸੋ ਤੁਰੁ ਇਹ ਸਮੋ । ਹੁਤੀ
ਨਾਥ ਕੈ ਧੇਨੁ ਘਨੇਰੀ[5] । ਚੋਇ ਦੁਗਧ ਸੋ ਲੇਵੈ ਬੇਰੀ[6] ।।੪੦।। ਬਛਰੇ ਸੰਗ ਛੋਰਿ
ਦੇ ਸੋਈ । ਅਜ਼ਮਤ ਤੇ ਨ ਦੁਘਾਵੈ ਕੋਈ । ਮਾਟੀ ਬਾਸਨ ਦੇਤਿ ਚਰ੍ਹਾਇ ।
ਰੀਝਤਿ ਖਿਚਰੀ ਖੂਬ ਬਨਾਇ ॥ ੪੧ ॥ ਢੋਰੇ ਤੇ ਠੀਕਰ ਹੁਇਂ ਤੇਤੇ । ਨਾਥ
ਨਾਥ ਹੁਇ ਮਾਨੁਖ ਜੇਤੇ[7] । ਕਰਾਮਾਤ ਇਹ ਸਕਲ ਗਵਾਈ । ਤਿਸ ਦਿਨ
ਤੇ ਦੁਘਾਇ ਸਭਿ ਆਈ ॥ ੪੨ ॥ ਰੀਧੇ ਬਾਸਨ ਭਗਨ ਨ ਤੈਸੇ । ਦਿਨ

[1] ਹੱਥ ਵਿੱਚ ਦਿੱਤਾ । [2] ਮੁੱਢ ਇਕ ਸੀ । [3] ਲਟਕਾਏ । [4] ਖੜੇ (ਬ੍ਰਿਛ) । [5] ਬਹੁਤੀਆਂ ਗਾਈਆਂ ।
[6] ਵੇਲੇ ਸਿਰ। [7] (ਉਹ) ਨਾਥ ਤੇ ਹੋਰ ਮਨੁੱਖ ਜਿਤਨੇ ਹੁੰਦੇ ਸਨ ਉਨੇ ਠਿੱਕਰ ਹੋ ਜਾਂਦੇ ਸਨ (ਹਾਂਡੀ ਦੇ)।

*ਇਸ ਤੋਂ ਅਤੇ ਪਿਛਲੀ ਦੇਸ ਵਾਲੀ ਸਾਖੀ ਤੋਂ ਸੱਖਣੇ ਭਾਉ ਭਗਤ ਤੋਂ ਖਾਲੀ ਨਿਰੇ ਦਮਗਜਈ ਸਿੱਖਾਂ ਨੇ ਕਈ ਵੇਰ ਅਯੋਗ ਲਾਭ ਉਠਾਏ ਹਨ। ਸਤਿਗੁਰਾਂ ਦੀ ਸ਼ਾਨ ਵਿੱਚ ਬੇਅਦਬੀ ਦੇ ਵਾਕ ਕਹੇ ਹਨ ਤੇ ਚੰਗੇ ਚੰਗੇ ਪ੍ਰੇਮੀ ਤੇ ਉੱਚ ਜੀਵਨ ਵਾਲੇ ਸਿੱਖਾਂ ਦੇ ਅਕਾਰਣ ਅਪਮਾਨ ਕੀਤੇ ਹਨ। 'ਜਾਗਤ ਜੋਤ ਜਪੈ' ਵਾਲੇ ਸ੍ਵੈਯੇ ਵਿੱਚ ਜੋ ਸਿੰਘਾਂ ਦੇ ਲੱਛਣ ਕਹੇ ਹਨ ਉਨ੍ਹਾਂ ਨੂੰ ਅਧਿਕਾਰ ਹੈ ਜਾਇਜ਼ ਸੋਧ ਕਰਨ ਦਾ, ਦੁਰਾਚਾਰੀ ਤੇ ਕਰਨੀ–ਹੀਨ ਭੇਖੀ ਸਿੱਖਾਂ ਨੂੰ ਐਸਾ ਅਧਿਕਾਰ ਕੋਈ ਨਹੀਂ ਹੈ। ਮਾਨ ਸਿੰਘ ਵਰਗੇ ਉੱਚੇ ਸੁੱਚੇ ਜੀਵਨ ਦਾ ਆਦਰਸ਼ ਅੱਖਾਂ ਅੱਗੇ ਚਾਹੀਏ। ਵੇਖੋ ਇਸ ਸਾਖੀ ਦੇ ਮਗਰੋਂ ਬੀ ਸਤਿਗੁਰੂ ਪੂਜ ਸਨ ਤੇ ਮਾਨ ਸਿੰਘ ਉਨ੍ਹਾਂ ਦੇ ਚਰਨਾਂ ਦਾ ਪੂਜਨ ਵਾਲਾ ਦਾਸ ਤੇ ਭਗਤ ਸੀ, ਨਾ ਸਤਿਗੁਰੂ ਭੁਲਣਹਾਰ ਸਨ ਤੇ ਨਾਂਹੀ ਕੋਈ ਸਿੱਖ ਸਤਿਗੁਰੂ ਜੀ ਦੀ ਭੁੱਲ ਦਾ ਸੋਧਕ ਸੀ, ਕੇਵਲ ਇਕ ਚੋਜ ਸੀ ਜਿਸ ਦਾ ਭਾਵ 'ਕਰਹਿਂ ਖਾਲਸੇ ਕੋ ਸਿਖਰਾਵਨ......' ਇਨ੍ਹਾਂ ਤਿੰਨਾਂ ਤੁਕਾਂ ਤੋਂ ਸਪਸ਼ਟ ਪ੍ਰਤੀਤ ਹੋ ਰਿਹਾ ਹੈ।

†ਗੁਰਦਵਾਰਾ ਹੈ, ਜੰਡ ਖੜੇ ਹਨ ਤ੍ਰੈਏ, ਪਿੰਡ ਦੇਹੜੀ ਹੈ ਤੇ ਜ਼ਿਲਾ ਫੀਰੋਜ਼ਪੁਰ ਹੈ।

ਪ੍ਰਤਿ ਕਰਤਿ ਅਰਵਨੌ ਜੈਸੇ।ਏਕ ਨਿਸਾ ਗੁਰ ਢਿਗ ਥਿਤ ਭਯੋ। ਅਗਲੇ ਦਿਨ ਸੁ ਆਨ ਥਲ ਗਯੋ ॥੪੩॥ ਧੇਨੁ ਬਤਸ਼ ਲੇ ਸਾਥ ਸਿਧਾਰਾ। ਅਪਰ ਸਮਾਜ ਤਜ੍ਯੋ ਤਹਿਂ ਸਾਰਾ। ਬਾਸਨ, ਬਸਨ[1], ਸਕਟ ਅਰੁ ਘੋਰਾ।ਸਹਿਤ ਖਰਾਸ ਗਮਨਤੇ ਛੋਰਾ[2] ॥ ੪੪॥ ਰਤੀਏ ਗ੍ਰਾਮ ਜਾਇ ਕਰਿ ਬਾਸਾ। ਨਹਿਂ ਬਖਸ਼ਾਇ ਮਿਲ੍ਯੋ ਪ੍ਰਭੁ ਪਾਸਾ। ਕੀਨਿ ਮੁਕਾਮ ਗੁਰੂ ਭਗਵਾਨ। ਰੋੜਾ ਇਕ ਬਨੀਓ ਤਿਸ ਥਾਨ ॥ ੪੫ ॥ ਦੇਤਿ ਰਸਤ ਕੀਨੀ ਬਹੁ ਸੇਉ। ਖੁਸ਼ੀ ਕਰੀ ਤਿਸ ਪਰ ਗੁਰਦੇਉ। ਬੂਝਤਿ ਭਯੋ ਨਾਥ ਕੀ ਗਾਥਾ। 'ਕਹਾਂ ਕਰੀ ਰਾਵਰ ਕੇ ਸਾਥਾ ? ॥੪੬॥ ਇਸ ਥਲ ਤੇ ਉਠਿ ਕਰਿ ਕਿਤ ਗਯੋ?ਵਸਤੂ ਬ੍ਰਿੰਦ ਸੁ ਤ੍ਯਾਗਤਿ ਭਯੋ'।ਸੁਨਿ ਕੈ ਸ੍ਰੀ ਪ੍ਰਭੁ ਭੇਵ ਬਤਾਯੋ। 'ਨਿਜ ਅਜ਼ਮਤ ਧਰਿ ਉਰ ਗਰਬਾਯੋ ॥੪੭॥ ਤੀਰ ਸੰਗ ਹਮ ਐਂਚਿ ਨਿਕਾਰੀ। ਉਠਿ ਕਰਿ ਗਯੋ ਲਾਜ ਕਰਿ ਭਾਰੀ। ਮਿਲ੍ਯੋ ਨ ਪੁਨ ਐਕੇ ਬਖਸ਼ਾਯੋ। ਹੰਕਾਰਤਿ ਨਿਜ ਓਜ ਗਵਾਯੋ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਜੋਗੀ' ਪ੍ਰਸੰਗ ਬਰਨਨੰ ਨਾਮ ਪੰਚ ਦਸਮੋ ਅੰਸੂ ॥ ੧੫ ॥

## ੧੬. [ਕਾਂ, ਸਰਪ ਉਧਾਰ। ਏਰਾੜਾਂ ਨੇ ਤਨਖਾਹਾਂ ਮੰਗਣੀਆਂ]।

ਦੋਹਰਾ ॥ ਬਾਸੁਰ ਕਿਤਿਕ ਮੁਕਾਮ ਕਰਿ ਪੁਨ ਸ੍ਰੀ ਪ੍ਰਭੁ ਹੈ ਤ੍ਯਾਰ। ਜ਼ੀਨ ਤੁਰੰਗਨ ਪਰ ਪਰੇ ਹੋਤਿ ਭਏ ਅਸਵਾਰ॥੧॥ ਚੌਪਈ॥ ਬਿਧਿ ਅਨੇਕ ਪ੍ਰਭੁ ਕਰਤਿ ਅਖੇਰੇ। ਖੇਲਤਿ ਬਿਚਰਤਿ ਜਾਤਿ ਅਗੇਰੇ। ਖਸ਼ਟ ਕੋਸ ਪ੍ਰਭੂ ਪਹੁੰਚੇ ਜਾਈ। ਸੰਗ ਸੈਨ ਸਿੰਘਨਿ ਸਮੁਦਾਈ॥੨॥ਤਿਸ ਥਲ ਭੂੰਦੜ ਰਹੇ ਦਿਵਾਨਾ। ਗੁਰ ਆਗਵਨ ਸੁਨੇ ਹਰਖਾਨਾ। ਤੂਰਨ ਹੀ ਚਲਿ ਕਰਿ ਸੋ ਆਯੋ।ਚਰਨ ਕਮਲ ਪਰ ਸੀਸ ਨਿਵਾਯੋ॥੩॥ਪੰਚ ਰੁਪੱਯੇ ਥਾਨ ਮਹੀਨ[3]। ਅੱਗ੍ਰ ਉਪਾਯਨ ਧਰਿ ਕਰਿ ਦੀਨ। ਉਤਰੇ ਸ੍ਰੀ ਪ੍ਰਭੁ ਕੀਨਸਿ ਡੇਰਾ। ਥਿਰੇ ਸਿੰਘ ਬਾਂਛਤਿ ਥਲ ਹੇਰਾ॥੪॥ ਬ੍ਰਿੰਦ ਕਲਸ ਪਯ[4] ਕੇ ਭਰਿ ਆਨੇ। ਭੂੰਦੜ ਸੰਗ ਲ੍ਯਾਇ ਮਿਸ਼ਟਾਨੇ। ਜੇਤਿਕ ਸਿੰਘ ਸਭਿਨਿ ਕੋ ਪ੍ਯਾਏ।ਬਾਰਿ ਬਾਰ ਕਹਿ ਕਰਿ ਤ੍ਰਿਪਤਾਏ॥ ੫ ॥ ਅਧਿਕ ਅਧੀਨ ਭਯੋ ਗੁਰ ਆਗੇ। ਬਾਰਬਾਰ ਪਗ ਪੰਕਜ ਲਾਗੇ। ਕਹਿਬੋ ਸੁਨਿਬੋ ਬਾਤ ਅਨੇਕੂ। ਕਰਤਿ ਭਏ ਸ੍ਰੀ ਜਲਧਿ ਬਿਬੇਕੂ॥੬॥ਗੁਰ ਬੋਲੇ'ਭੂੰਦੜ ! ਹਮ ਚਰੈਂ।ਅਪਰ ਸਥਾਨ ਬਿਲੋਕਨਿ ਕਰੈਂ'। ਕਹੈ ਜੋਰਿ ਕਰ 'ਸੇਵ ਬਤਾਓ। ਦਾਸ ਜਾਨ ਕਰਿ ਮਖ ਫੁਰਮਾਓ ॥ ੭ ॥ ਦਰਸ਼ਨ ਦਯੋ ਭਾਗ ਧੰਨ ਮੇਰੇ। ਭਯੋ ਨਿਹਾਲ ਅਨੰਦ

[1]ਬਸਤ੍ਰ। [2](ਆਟਾ ਪੀਹਣ ਵਾਲਾ) ਖਰਾਸ ਵਗਦਾ ਹੀ ਛੋੜ ਗਿਆ। (ਅ) ਜਾਂਦ ਵੇਲੇ ਛੱਡ ਗਿਆ। [3]ਬਰੀਕ ਕਪੜੇ ਦਾ ਥਾਨ। [4]ਦੁੱਧ ਦੇ ਘੜੇ।

ਘਨੇਰੇ। ਅਪਨੋ ਜਾਨਿ ਕੀਨਿ ਆਗਮਨੁ। ਸੰਤ ਉਬਾਰਿ ਦੁਸ਼ਟ ਦਲ
ਦਮਨੁ'॥੮॥ਖੁਸ਼ੀ ਕਰੀ ਪ੍ਰਭੁ ਭਏ ਅਗ੍ਰਵਿਗਮਨੇ ਮਾਰਗ ਕੋ ਗੁਨ ਗੂਢ।
ਪਹੁੰਚੇ ਨਿਕਟ ਬੇਹੜੀ[1]* ਜਾਨੀ। ਤਹਿਂ ਤੇ ਚਲਿ ਕਰਿ ਕਾਲ ਝਿਰਾਣੀ
॥੯॥ ਤਹਾਂ ਮਹੀਰੁਹੁ[2] ਖਰੋ ਫਲਾਹੀ। ਕਾਰੇ ਕਾਕ ਬਸੈ ਤਿਸ ਮਾਂਹੀ। ਅਵ-
ਲੋਕਤਿ ਭਾਖ੍ਯੋ ਤਿਸ ਬੇਰ। 'ਧਰਮ ਸਿੰਘ ਤਰੁ ਕੀ ਦਿਸ਼ਿ ਹੇਰਿ ॥ ੧੦ ॥
ਨਿਡਜ ਬਨਾਯਹੁ ਬਾਯਸ ਰਹੈ[3]। ਤੀਨ ਬਤਸ਼ ਇਸ ਕੇ ਬਿਚ ਅਹੈਂ।ਚੌਂਚ
ਪਸਾਰ ਆਇ ਤੁਝ ਓਰੀ। ਤਿਸ ਕੀ ਗ੍ਰੀਵਾ ਦੇਹੁ ਮਰੋਰੀ ॥ ੧੧ ॥ ਅਪਰ
ਦੁਹਨ ਕੋ ਕੁਛ ਨ ਕਹੀਜੈ।ਚਢਿ ਫੁਲਾਹ ਪਰ ਜਾਹੁ ਗਹੀਜੈ'। ਸੁਨਿ ਗੁਰ
ਹੁਕਮ ਗਏ ਜੁਗ ਭ੍ਰਾਤਾ।ਬਾਇਸ ਬਤਸ਼ ਬਿਲੋਕ ਸ ਤਾਤਾ[4] ॥੧੨॥ ਧਰਮ
ਸਿੰਘ ਤਰੁਕੇ ਤਰ ਖਰਯੋ। ਪਰਮ ਸਿੰਘ ਊਪਰ ਤਬਿ ਚਰਯੋ। ਤੀਨ ਹੁਤੇ
ਇਕ ਚੌਂਚ ਪਸਾਰੀ। ਪਰਖਿ ਲਯੋ ਗਹਿ ਹਾਥ ਮਝਾਰੀ ॥ ੧੩ ॥ ਗ੍ਰੀਵਾ
ਤੋਰਿ ਤੁਰਤ ਹੀ ਮਾਰਾ।ਸਭਿਹਿ ਨਿਹਾਰਤਿ ਬਿਸਮਿ ਉਚਾਰਾ।'ਪਾਤਿਸ਼ਾਹ!
ਇਹ ਕਯੋਂ ਮਰਵਾਯੋ ? ਮਰਯੋ ਅਕਾਰਥ ਕਾਜ ਨ ਆਯੋ' ॥੧੪॥ ਸ੍ਰੀ ਮੁਖ
ਤੇ ਬਿਰਤੰਤ ਉਚਾਰਾ।'ਪ੍ਰਥਮ ਲਾਂਗਰੀ ਹੁਤੋ ਹਮਾਰਾ। ਦੇਗ਼ ਗੁਰੂ ਕੀ ਸੇਵਾ
ਕਰੈ। ਸਿੱਖਨਿ ਪਰ ਲੈ ਝਹੀਆਂ[5] ਪਰੈ ॥ ੧੫ ॥ ਦੇਤਿ ਅਹਾਰ ਲਰਤਿ ਹੀ
ਰਹੈ। ਨਹਿਂ ਕਿਸ ਹੂ ਤੇ ਮਨ ਮੁਦ ਲਹੈ। ਇਕ ਸਿਖ ਲਰਯੋ ਬਾਕ ਤਿਨ
ਕਹਯੋ। 'ਕਰਲ ਕਰਲ ਕਰਤਾ ਨਿਤ ਰਹਯੋ ॥੧੬॥ ਕਾਂ ਕਾਂ ਬਾਇਸ ਕੀ
ਸਮ ਬੋਲ। ਦੇਗ਼ ਬਿਖੈ ਬਹੁ ਪਾਵਤਿ ਰੌਲ[6]'। ਸਿਖ ਤੇ ਭਯੋ ਸ੍ਰਾਪ ਇਮ
ਜਬੈ। ਕੇਤਿਕ ਦਿਨ ਮਹਿਂ ਮ੍ਰਿੱਤੁ ਭਾ ਤਬੈ॥੧੭॥ ਕਾਕ ਜੋਨਿ ਮਹਿਂ ਜਨ-
ਮਯੋਂ ਆਇ।ਸਿੱਖਨ ਕੋ ਦੇਖੇ ਉਮਕਾਇ[7]।ਸੇਵ ਕਰਨ ਕੋ ਫਲ ਅਬਿ ਲਯੋ।
ਕਾਕ ਜੋਨਿ ਤੇ ਛੂਟਤਿ ਭਯੋ ॥੧੮॥ ਅਪਨੋ ਜਾਨਿ ਜੂਨ ਤੇ ਛੋਰਾ। ਕਰਯੋ
ਮੁਕਤਿ ਗਾ ਸੁਰਪੁਰਿ ਓਰਾ'।ਸੁਨਿ ਸਿੰਘਨਿ ਸ੍ਰੀ ਮੁਖ ਤੇ ਗਾਥਾ। ਬਿਸਮਾਨੇ
ਟੇਕਤਿ ਪ੍ਰਭੁ ਮਾਥਾ ॥੧੯॥ ਪੂਰਬ ਦਿਸ਼ਾ ਗ੍ਰਾਮ ਕੀ ਗਏ। ਤਾਲ ਬਿਸਾਲ
ਬਿਲੋਕਤਿ ਭਏ। ਤਹਿਂ ਇਕ ਸਰਪ† ਆਵਤੋ ਧਾਇ। ਕਰਤਿ ਸ਼ੀਘ੍ਰ ਫਨ
ਊਚ ਉਠਾਏ॥੨੦॥ਸਤਿਗੁਰ ਬਾਨ ਖੈਂਚਿ ਕਰਿ ਮਾਰਾ।ਗਿਰਯੋ ਧਰਾ ਪਰ ਪ੍ਰਾਨ
ਬਿਦਾਰਾ। ਸ੍ਰੀ ਮੁਖ ਤੇ ਸਭਿਹੂੰਨਿ ਸੁਨਾਯੋ। 'ਇਹੁ ਮਸੰਦ ਦੀਰਘ ਗਰ-
ਬਾਯੋ ॥ ੨੧ ॥ ਸਤਿਸੰਗਤਿ ਮਹਿਂ ਨਿਵਯੋ ਨ ਸੀਸ। ਇਕ ਮਨ ਜਪਯੋ

[1]ਨਾਮ ਪਿੰਡ। [2]ਦ੍ਰਿਛ। [3]ਆਲ੍ਹਣਾ ਬਣਾਕੇ ਕਾਂ ਰਹਿੰਦਾ ਹੈ। [4]ਕਾਂ ਦੇ ਬੱਚੇ ਤੇ ਉਹਨਾਂ ਦਾ ਪਿਉ। [5]ਕਚੀਚੀਆਂ। [6]ਰੌਲਾ। [7]ਉਮਗਦਾ ਹੈ। *ਪਾ:—ਬੋਹੜੀ। ਸਾਖੀ ਪੋਥੀ ਵਿਚ ਪਾਠ ਬੇਹੜੀ ਹੀ ਹੈ। †ਇਹ ਸਰਪ ਤੇ ਕਾਂ ਉਧਾਰ ਦੀ ਸਾਖੀ ਬੀ ਸਾਖੀ ਪੋਥੀ ਦੀ ਹੈ।

ਨਾਂਹਿ ਜਗਦੀਸ਼। ਗੁਰ ਕੀ ਕਾਰ ਦਰਬ ਬਹੁ ਆਨੇ। ਸਿਰਿ ਸਿਰਿ ਕਰਿ ਕੀਨਿ ਮਹਾਨੇ ॥ ੨੨ ॥ ਸਿਮਰਤ ਧਨਿ ਕੋ ਤਜਿ ਕਰਿ ਪ੍ਰਾਨਾ।ਭਯੋ ਸਰਪ ਧਾਰਤਿ ਅਭਿਮਾਨ। ਹਮ ਕੋ ਹੇਰਿ ਸਮੁਖ ਚਲਿ ਆਵੈ। ਇਹ ਭੀ ਸਰਪ ਜੂਨ ਛੁਟਕਾਵੈ[1] ॥ ੨੩ ॥ *ਜਾਇ ਗੁਰੂ ਸਰ ਡੇਰਾ ਕੀਨ।ਹਯਨ ਲਗਾਇ ਉਤਾਰੇ ਜ਼ੀਨ। ਤਹਿਂ ਸੇਵੀ ਮਿਲਿਬੇ ਕਹੁ ਆਏ। ਬੰਦਨ ਕਰਿ ਦਰਸ਼ਨ ਹੁਰਖਾਏ ॥ ੨੪ ॥ ਚਾਵਲ ਚੂਨ ਘ੍ਰਿਤਾਦਿਕ ਲਿਆਏ। ਤ੍ਰਿਨ ਦਾਨਾ ਸਭਿ ਦਯੋ ਪੁਚਾਏ। ਇੱਤਯਾਦਿਕ ਸੇਵਾ ਸਭਿ ਕਰੀ।ਖਾਨ ਪਾਨ ਕੀਨਸਿ ਨਿਸ ਪਰੀ ॥ ੨੫ ॥ ਸੁਪਤਿ ਜਥਾ ਸੁਖ ਗੁਰ ਭਗਵਾਨ। ਉਠੇ ਪ੍ਰਾਤ ਕਰਿ ਸੌਚ ਸ਼ਨਾਨ। ਕਰਯੋ ਕੂਚ ਹਯ ਜ਼ੀਨ ਪਵਾਏ। ਭਏ ਅਰੂਢਨ ਮਗ ਪਗ ਪਾਏ॥ ੨੬॥ *ਕਰਤਿ ਅਖੇਰ ਕ੍ਰਿਪਾਲ ਪਯਾਨੇ। ਡੇਰਾ ਕਰਯੋ ਗ੍ਰਾਮ ਛਤਿਆਨੇ[1]। ਨਿਸ ਬਿਤਾਇ ਤਹਿਂ, ਭੇ ਅਸਵਾਰਾ। ਟਿੱਬਾ ਏਕ ਉਤੰਗ ਨਿਹਾਰਾ ॥੨੭॥ ਬ੍ਰਹਮੀ† ਇਕ ਫਕੀਰ ਤਹਿਂ ਰਹੈ। ਤਿਸ ਕੇ ਨਾਮ ਸਬਲ ਸੋ ਕਹੈਂ। ਚਾਕਰ ਜੋ ਬਿਰਾੜ ਗੁਰ ਰਾਖੇ।ਮਿਲਿ ਆਪਸ ਮਹਿਂ ਮੂਰਖ ਭਾਖੇ॥੨੮॥'ਗੁਰ ਤੇ ਕਯੋਂ ਨ ਚਾਕਰੀ ਲੇਤੇ। ਬਨੇ ਕਠੋਰ ਬਿਨਾ ਨਹਿਂ ਦੇਤੇ। ਪੂਰਬ ਕਈ ਬਾਰ ਤੁਮ ਜਾਚੀ।ਦੈਂਹੈ ਦੈਂਹੈ ਗਿਰਾ ਉਬਾਚੀ'॥੨੯॥ਕੇਚਿਤ ਕਹੈਂ ਨ ਧਨ ਗੁਰ ਪਾਸਾ।ਕਿਮ ਲੈਬੇ ਕੀ ਕਰਿ ਹਹੁ ਆਸਾ।ਠਹਿਰੇਂਗੇ ਜਬਿ ਕਿਸ ਇਸ-ਥਾਨਾ। ਸੰਗਤਿ ਆਵਹਿ ਮੇਲ ਮਹਾਨਾ ॥ ੩੦ ॥ ਅਰਪਹਿ ਦਰਬ ਦੇਹਿੰਗੇ ਸੋਈ। ਇਹਾਂ ਉਜਾਰ ਕਹਾਂ ਤੇ ਹੋਈ[2]। ਸੁਨਿ ਕੈ ਕੇਚਿਤ ਬਾਕ ਬਖਾਨੈਂ। 'ਹਮ ਤੌ ਔਰ ਕਛੂ ਨਹਿਂ ਜਾਨੈਂ ॥੩੧॥ਅਬਿ ਤੌ ਇਹਾਂ ਖਰੇ ਕਰਿ ਲੇਹਿਂ। ਲੀਏ ਬਿਨਾ ਨ ਚਾਲਬੇ ਦੇਹਿਂ। ਗੁਰੂ ਕਰਾਮਾਤੀ ਜਗ ਜਾਨੈ। ਯਾਂਤੇ ਲਘੁ ਦੀਰਘ ਸਭਿ ਮਾਨੈਂ ॥੩੨॥ ਜਬਿ ਅਟਕਾਇ ਲੇਇੰਗੇ ਇਹਾਂ। ਤਬਿ ਹਮ ਕੋ ਧਨ ਦੈਹੈਂ ਮਹਾਂ। ਨਤੁ ਹੈ ਅਪਰ ਬਾਰਤਾ ਖੋਟੀ। ਹਮਰੀ ਹੱਦ ਇਹਾਂ ਲਗਿ ਤੋਟੀ[3] ॥ ੩੩ ॥ ਸਭਿ ਬਿਧਿ ਤੇ ਹੈ ਜ਼ੋਰ ਹਮਾਰਾ। ਰਹੈਂ ਕਰੈਂ ਔਰ ਨ ਰਖਵਾਰਾ[4]। ਸਾਏ ਕੀ ਹਦ ਅਹੈ ਅਗਾਰੀ।ਅਬਹਿ ਪ੍ਰਵੇਸ਼ਹਿਂ ਤਿਸਹਿ ਮਝਾਰੀ ॥ ੩੪ ॥ ਡੱਲਾ ਮਿਲੈ ਆਨਿ ਬਲ ਭਾਰੀ। ਸੁਭਟ ਸੈਂਕਰੇ ਬਾਕ ਮਝਾਰੀ[5]।ਕਰਹੁਜ਼ੋਰ ਸੋ ਚਲਨ ਨ ਦੈਹੈ[6]।ਬਹੁਰ ਚਾਕਰੀ[7] ਮੁਸ਼ਕਲ ਪੈਹੈਂ॥

[1]ਮੁਕਤਸਰ ਤੋਂ ਬਾਰਾਂ ਤੇਰਾਂ ਮੀਲ ਪਰੇ ਹੈ। [2](ਧਨ) ਕਿੱਥੋਂ ਆਉ। [3]ਇਥੋਂ ਤਕ ਮੁੱਕ ਜਾਂਦੀ ਹੈ। [4]ਹੋਰ ਇਨ੍ਹਾਂ ਦਾ ਕੋਈ ਰਾਖਾ ਨਹੀਂ। [5](ਉਸ ਦੇ) ਹੁਕਮ ਹੇਠਾਂ ਹਨ। [6]ਉਹ (ਸਾਡਾ) ਜ਼ੋਰ ਨਹੀਂ ਚੱਲਣ ਦੇਵੇਗਾ। [7]ਭਾਵ ਤਨਖਾਹ। *ਇਹ ਬੀ ਸਾਖੀ ਪੋਥੀ ਦੇ ਪ੍ਰਸੰਗ ਹਨ।

†ਬ੍ਰਹਮੀ, ਬਹਮੀ ਪਦ, ਇਬ੍ਰਾਹੀਮ ਦਾ ਸੰਖੇਪ ਹਨ।

੩੫॥ਭਲੀ ਬਾਤ ਗੁਰ ਲਿਹੁ ਅਟਕਾਈ। ਇਕ ਇਕ ਦਿਨ ਕੋ ਧਨ ਲਿਹੁ ਪਾਈ। ਪੁਨਹਿ ਸਮਾ ਜਬਿ ਘਨੋ ਬਿਤਾਵਹਿ। ਗੁਰ ਤੇ ਦਰਬ ਚਾਕਰੀ ਪਾਵਹਿਂ'॥੩੬॥ਇਹ ਮਸਲਤ ਮਿਲਿ ਮੂਢ ਪਕਾਈ।ਗੁਰ ਮਹਿਮਾ ਨ ਲਖੈਂ ਅਧਿਕਾਈ। ਦਾਨ ਸਿੰਘ ਇਕ ਬਾਰ ਹਟਾਇ। 'ਇਮ ਨਹਿ ਲੇਹੁ ਬੁਰਾ ਹੁਇ ਜਾਇ ॥ ੩੭ ॥ ਹਾਥਨਿ ਜੋਰਿ ਜਾਚਨਾ ਕਰੀਇ।–ਖਰਚ ਦੇਹੁ ਘਰ ਪਠਹਿਂ ਬਿਚਰੀਇ। ਜਿਸ ਤੇ ਖਾਨ ਪਾਨ ਸਭਿ ਹੋਇ। ਅਪਰ ਆਮਦਨ ਰਹੀ ਨ ਕੋਇ–॥ ੩੮ ॥ ਦੈਹੈਂ ਸਤਿਗੁਰ ਨਾਂਹਿਨ ਰਾਖੈਂ। [1]ਸਮ ਸੋਂ ਲੇ, ਬੁਰਾ ਨਹਿਂ ਭਾਖੈ[1]'। ਦਾਨ ਸਿੰਘ ਤੇ ਸੁਨਿ ਬੈਰਾੜ। ਨਹਿ ਮਾਨੇ ਚਹਿ ਕਰਨ ਬਿਗਾੜ ॥੩੯॥ 'ਅਪਨੀ ਹੱਦ ਬਿਖੈ ਹਮ ਲੈਹੈਂ। ਆਗੇ ਗਏ ਨਹੀਂ ਕਿਮ ਦੈਹੈਂ। ਇਹਾਂ ਜੋਰ ਹਮਰੋ ਅਬਿ ਚਲੈ। ਜਾਚਹਿਂ ਦਰਬ ਸਰਬ ਹੀ ਮਿਲੈ' ॥੪੦॥ ਕਰਿ ਮਸਲਤ ਇਕਠੇ ਹੁਇ ਫੇਰ। ਤਜਿ ਤੁਰੰਗ ਗੇ ਗੁਰੂ ਅਗੇਰ। ਖਰੇ ਭੁਏ ਆਗੇ ਸਮੁਦਾਈ। 'ਦੇਹੁ ਚਾਕਰੀ ਸਭਿ ਹਮ ਤਾਂਈ' ॥ ੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਗਮਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ॥੧੬॥ ੧੭. [ਵੈਰਾੜਾਂ ਨੂੰ ਤਨਖਾਹਾਂ ਦਿੱਤੀਆਂ।ਦਾਨ ਸਿੰਘ ਨੂੰ ਅੰਮ੍ਰਿਤ ਛਕਾਯਾ।]

ਦੋਹਰਾ ॥ ਬਿਗਰੇ ਬ੍ਰਿੰਦ ਬਿਰਾੜ ਜੜ੍ਹ ਗੁਰ ਹਯ ਕੀ ਗਹਿ ਬਾਗ। ਖਰੇ ਭੁਏ ਬੋਲੇ ਬਿਮੁਖ ਜਿਨ ਕੇ ਸ਼ੁਭ ਨਹਿਂ ਭਾਗ ॥ ੧ ॥ ਚੌਪਈ ॥ 'ਦੇਹੁ ਚਾਕਰੀ ਪ੍ਰਭੁ ਹਮਾਰੀ। ਪੁਨਹਿ ਗਮਨ ਕੋ ਕਰੋ ਅਗਾਰੀ। ਕਰੀ ਨੌਕਰੀ ਕਿਤਿਕ ਮਹੀਨੇ। ਨਹੀਂ ਰਜਤਪਣ ਰਾਵਰ ਦੀਨੇ ॥ ੨॥ ਦਰਬ ਪਠਯੋ ਚਹਿਂ ਨਿਜ ਘਰ ਮਾਂਹੀ। ਸਕਲ ਕੁਟੰਬ ਅੰਨ ਲੇ ਖਾਹੀ। ਇਤਹੁਂ* ਪ੍ਰਤੀਖਤਿ ਹੈ ਪਰਵਾਰਾ[2]। ਹਮ ਖਾਟਹਿਂ ਸੋ ਕਰਹਿਂ ਅਹਾਰਾ' ॥ ੩ ॥ ਸੁਨਿ ਗੁਰ ਕਹਯੋ 'ਨ ਸ਼ੀਘ੍ਰ ਕਰੀਜੈ।ਦਿਨ ਦਿਨ ਕੋ ਧਨ ਗਿਨਿ ਗਿਨਿ ਲੀਜੈ।ਸਦਨ ਪਠਾ-ਵਹੁ ਦੇਰਿ ਨ ਕੋਈ।ਡੇਰਾ ਜਹਿਂ ਮੁਕਾਮ ਹਮ ਹੋਈ'॥੪॥ ਆਗਾ ਰੋਕਿ ਖਰੇ ਹੁਇ ਰਹੇ। ਪੁਨ ਬੈਰਾੜ ਬ੍ਰਿੰਦ ਮਿਲਿ ਕਹੇ। 'ਪੂਰਬ ਜਾਚਾ ਕਰਿ ਕਰਿ ਲਹੇ[3]।–ਦੈ ਹੈਂ ਦੈ ਹੈਂ–ਦਿਨ ਪ੍ਰਤਿ ਕਹੋ॥੫॥ਹਟਹਿਂ ਨ ਆਜ ਲੀਏਬਿਨ ਜਾਨੋ। ਇਸ ਮਹਿਂ ਹੇਤੁ ਔਰ ਇਕ ਮਾਨੋ। ਇਸੀ ਥਾਨ ਲਗਿ ਹੱਦ ਹਮਾਰੀ।ਜਿਸ ਤੇ ਜਾਚਤਿ ਹੈਂ ਹਠ ਧਾਰੀ॥੬॥ਹੈ ਸਾਏ ਕੀ ਸੀਮ[4] ਅਗੇਰੇ। ਇਹਾਂ ਦੇਹੁ ਧਨ ਗਮਨਹੁ ਫੇਰੇ। ਹਮ ਤੇ ਅਬਹਿ ਨ ਹੋਤਿ ਸਮਾਈ।

[1]ਸ਼ਾਂਤੀ ਨਾਲ ਲਵੋ ਤੇ ਮਾੜੀ ਗਲ ਕੋਈ ਨਾਂ ਕਹੋ। [2]ਇਸ ਪਾਸੇ (ਭਾਵ ਸਾਡੇ ਵੱਨੇ)ਉਡੀਕ ਲਾਈ ਹੋਈ ਹੈ ਪਰਵਾਰਾਂ ਨੇ। [3]ਪਹਿਲੋਂ (ਕਈ ਵਾਰ) ਮੰਗ ਮੰਗ ਕੇ ਵੇਖ ਲਿਆ ਹੈ। [4]ਹੱਦ।

*ਪਾ:–ਇਨਹ।

ਦਿਏ ਬਿਨਾ ਨ ਚਲਹੁ ਅਗਵਾਈ॥੭॥ ਹਮ ਨਹਿਂ ਜਾਨ ਦੇਹਿਂਗੇ ਜਾਨੋ। ਦੈਨੋ ਦਰਬ ਇਸੀ ਥਲ ਠਾਨੋ'। [੧]ਬੇਮੁਖ ਬਨਨਿ ਬੈਨ ਬੈਰਾੜ। ਬੋਲੇ ਬਾਕ ਬਿਸਾਲ ਬਿਗਾੜ[੧] ॥੮॥ ਤਬਿ ਸ਼੍ਰੀ ਮੁਖ ਤੇ ਤਿਨਹਿ ਬਖਾਨਾ। 'ਸੁਨਹੁ ਬਿਰਾੜੋ ਦੇ ਕਰਿ ਕਾਨਾ। ਕੈ ਗੁਰ ਸਿੱਖੀ ਤੁਮਹੁ ਰਖੀਜੈ। ਕਿਧੌਂ ਚਾਕਰੀ ਹਮ ਤੇ ਲੀਜੈ ॥੯॥ ਕਰਿ ਨਿਰਨੈ ਸਗਰੇ ਮਿਲਿ ਕਹੋ। ਸਿੱਖੀ ਲਹੋ ਕਿ ਧਨ ਕੋ ਲਹੋ?' ਸੁਨਿ ਬੈਰਾੜ ਸਲਾਹ ਕਰੈਤੇ। ਦਰਬ ਲੋਭ ਕੋ ਰਿਦੇ ਧਰੈਤੇ ॥੧੦॥ ਕਹੈਂ 'ਨਹੀਂ ਗੁਰ ਸਿੱਖੀ ਧਰੈਂ। ਦਰਬ ਚਾਕਰੀ ਲੈਬੋ ਕਰੈਂ। ਲਿਏ ਬਿਨਾ ਹਮ ਜਾਨਿ ਨ ਦੈਹੈਂ। ਜਾਨ ਦੇਹਿਂ ਤੌ ਪੁਨ ਕਿਤ ਪੈਹੈਂ ॥੧੧॥ ਦਰਬ ਛੋਰਿ ਸਿੱਖੀ ਕਿਮ ਧਾਰੇਂ। ਕਰਤਿ ਚਾਕਰੀ ਬਿਚਰੇ ਸਾਰੇ[੨]। ਅਪਰ ਹੱਦ ਮਹਿਂ ਹਾਥ ਨ ਆਵੈ। ਅਪਨਿ ਸੀਮ ਧਾਂਤੇ ਅਟਕਾਵੈਂ' ॥੧੨॥ ਸੁਨਿ ਸ਼੍ਰੀ ਪ੍ਰਭੁ ਨਿਜ ਧਨੁਖ ਸੰਭਾਰਾ। ਸਰ ਬਗਰਾਇ ਗਗਨ ਕੋ ਮਾਰਾ। ਤੁਰਤ ਘਟਾ ਘਨ ਕੀ ਹੁਇ ਆਈ।ਬਹੀ ਬਾਉ ਊਚੇ ਗਰਜਾਈ ॥ ੧੩ ॥ ਕਰਕਾ ਬਰਖੇ ਜਾਲ ਬਿਸਾਲਾ। ਅੰਗਨ ਲਾਗੇ ਚੋਟ ਕਰਾਲਾ। ਬਹੁਰ ਪਰੈ ਬਰਖਾ ਬਹੁ ਬਾਰੀ। ਪਿਖਿ ਬਿਰਾੜ ਭਾਜੇ ਇਕ ਵਾਰੀ ॥ ੧੪ ॥ ਸਘਨ ਬਿਟਪ ਕੇ ਤਰੇ ਖਰੇ ਹੈਂ। ਲੇ ਲੇ ਕਰਿ ਨਿਜ ਓਟ ਥਿਰੇ ਹੈਂ। ਸਿੰਘਨ ਲੇ ਕੰਬਰ ਬਰ ਤਾਨੇ[੩]। ਸਤਿਗੁਰ ਕੇ ਸਿਰ ਪਰ ਠਹਿਰਾਨੇ ॥੧੫॥ ਸ਼੍ਰੀ ਪ੍ਰਭੁ ਖਪਰਾ ਹਾਥ ਨਿਕਾਰਾ। ਨਿਜ ਤੁਰੰਗ ਕੇ ਸਿਰ ਪਰ ਧਾਰਾ। ਕਰਕਾ ਲਗ੍ਯੋ ਨ ਹਯ ਪਰ ਕੋਈ। ਖਰੇ ਰਹੇ ਤਿਸ ਥਲ ਥਿਰ ਹੋਈ ॥ ੧੬ ॥ ਕੋਸ ਕੋਸ ਚਹੁੰਗਿਰਦੇ ਮਹਾਂ।ਕਰਕਾ ਜੁਤਿ ਬਰਖ੍ਯੋ ਜਲ ਤਹਾਂ। ਤਿਸ ਥਲ ਹੀ ਡੇਰਾ ਕਰਿ ਦਯੋ। ਸਭਿ ਵਹੀਰ ਪਾਛਲ ਕੋ ਅਯੋ॥੧੭॥ ਤਿਸ ਵਹੀਰ ਮਹਿਂ ਇਕ ਸਿਖ ਆਯੋ। ਖੱਚਰ ਏਕ ਦਰਬ ਕੀ ਲ੍ਯਾਯੋ। ਪਗ ਪੰਕਜ ਪਰ ਬੰਦਨ ਕਰਿਕੈ।ਜੇਤਿਕ ਧਨ ਸੋ ਆਗੈ ਧਰਿਕੈ॥੧੮॥'ਮਹਾਰਾਜ ਇਹੁ ਲੇਹੁ ਖਜਾਨਾ। ਦਿਯੋ ਕੁਬੇਰ ਪੁਚਾਵਨ ਠਾਨਾ'। ਸ਼੍ਰੀ ਗੁਰ ਕਹ੍ਯੋ 'ਗੋਨ ਮੁਖ ਖੋਲਹੁ। ਸਭਿ ਬੈਰਾੜਨਿ ਕੋ ਅਬਿ ਬੋਲਹੁ' ॥ ੧੯ ॥ ਅਪਨੇ ਨਿਕਟ ਲਗਾਯਹੁ ਢੇਰ। ਆਧੀ ਮੁਹਰ ਰਜਤਪਣ ਹੇਰਿ[੪]। ਇਤਨੇ ਮਹਂ ਬੁਲਾਇ ਕਰਿ ਲ੍ਯਾਏ। ਕਰਿ ਪੰਕਤ ਬੈਰਾੜ ਬਿਠਾਏ॥੨੦॥'ਲੇਹੁ ਚਾਕਰੀ ਲੇਖਾ ਕਰਿ ਕਰਿ।ਨਿਜਤੇ ਗੁਰ ਸਿੱਖੀ

---

[੧]ਬੇਮੁਖ ਬਣਨ ਵਾਲੇ ਬੋਨ ਤੇ ਬਹੁਤੇ ਬਿਗਾੜ ਕਰਨ ਵਾਲੇ ਵਾਕ ਬੈਰਾੜ ਬੋਲੇ। [੨]ਵਿਚਰਦੇ ਰਹੇ ਹਾਂ। [੩]ਸ੍ਰੇਸ਼ਟ ਕੰਬਲ ਤਾਣੇ। [੪]ਅੱਧੀਆਂ ਮੋਹਰਾਂ ਸਨ ਤੇ ਅੱਧੇ ਰੁਪੱਯੇ।

ਕੋ ਹਰਿ ਹਰਿ[1]। ਆਨੇ ਅਸ਼ਟ ਦਏ ਅਸਵਾਰ[2]। ਲਿਏ ਪਦਾਤੀ ਅਰਧ ਬਿਚਾਰ॥੨੧॥ਗਿਨ ਗਿਨ ਦੇਤਿ ਭਏ ਸਭਿਹੂਨਿ।ਪੈਦਲ ਇਕ ਸਊਰ ਕੌ ਦੂਨ। ਤੁਰੰਗ ਪੰਚ ਸੈ ਗਨਤੀ ਆਇ। ਨੌ ਸੈ ਪੈਦਲ ਧਨ ਕੋ ਪਾਇ॥ ੨੨॥ ਜਬਿ ਸਭਿਹੂੰਨਿ ਚਾਕਰੀ ਲੀਨਿ। ਦਰਬ ਹੇਰਿ ਕਰਿ ਆਨੰਦ ਪੀਨ। ਸ੍ਰੀ ਮੁਖ ਤੇ ਬੋਲੇ ਹਿਤ ਨਾਲੀ।'ਆਵਹੁ ਦਾਨ ਸਿੰਘ*ਅਸੁਪਾਲੀ[3]॥੨੩॥ਦਰਬ ਚਾਕਰੀ ਕੋ ਬਰਤੰਤੇ। ਤੁਵ ਸੰਗੀ ਸਭਿ ਲੇਨਿ ਕਰੰਤੇ। ਤੂੰ ਭੀ ਲਿਹੁ ਲੇਖਾ ਨਿਜ ਕਰਿਕੇ। ਐਗੂ ਨੌਕਰੀ ਕਰਿ ਮੁਦ ਧਰਿਕੇ' ॥ ੨੪॥ ਸੁਨਿ ਕੈ ਦਾਨ ਸਿੰਘ ਕਰ ਜੋਰੇ। 'ਦੂਧ ਪੂਤ ਧਨ ਸਭਿ ਘਰ ਮੋਰੇ। ਕ੍ਰਿਪਾ ਕਰਹੁ ਸਿੱਖੀ ਮੁਝ ਦੀਜੈ। ਅਪਨੋ ਜਾਨਿ ਬਖਸ਼ ਕਰਿ ਲੀਜੈ' ॥੨੫॥ ਪੁਨ ਗੁਰ ਭਨ੍ਯੋ 'ਮਿਲਨ ਸੰਗ ਭਾਈ[4]। ਤਿਨ ਹੀ ਸਮ ਤੁਝ ਕੋ ਬਨਿਆਈ। ਹਾਨ ਲਾਭ ਤਿਨ ਕੇ ਸਮ ਜਾਨਹੁੰ। ਭ੍ਰਾਤਨਿ ਤੇ ਬਿਛੁਰਨ ਨਹਿੰ ਠਾਨਹੁੰ॥ ੨੬ ॥ ਜਿਮ ਸਭਿ ਕਰੈਂ ਜੋਗ ਤਿਮ ਕਰਿਬੋ।ਪ੍ਰਿਥਕ ਹੋਨਿ ਕੀ ਕਯੋਂ ਤ੍ਰਿਟਿ[5] ਧਰਿਬੋ?'। ਦਾਨ ਸਿੰਘ ਕਹਿ 'ਕ੍ਰਿਪਾ ਕਰੀਜੈ। ਇਨਕੇ ਸਾਥ ਨ ਮੋਹਿ ਮਿਲੀਜੈ ॥ ੨੭ ॥ ਅਪਰ ਸਰਬ ਕੁਛ ਹੈ ਘਰ ਮੋਰੇ। ਅਬਿ ਸਿੱਖੀ ਦੀਜਹਿ ਲਖਿ ਚੇਰੇ'। ਸੁਨਿ ਪ੍ਰਸੰਨ ਹ੍ਵੈ ਕਰਿ ਗੁਰ ਭਾਖ੍ਯੋ। 'ਸਿੱਖੀ ਕੋ ਬੀਰਜ ਤੈਂ ਰਾਖ੍ਯੋ ॥ ੨੮ ॥ ਇਸੀ ਬੀਜ ਤੇ ਸਗਰੇ ਦੇਸ਼। ਦਿਨ ਦਿਨ ਪ੍ਰਤਿ ਵਧਿ ਜਾਇ ਵਿਸ਼ੇਸ਼। ਭਲੋ ਦੇਸ ਜੰਗਲ ਕੋ ਕਰ੍ਯੋ। ਬਡ ਉਪਕਾਰ ਕਰਨ ਹਿਤ ਧਰ੍ਯੋ ॥ ੨੯ ॥ ਜਿਮ ਸਭਿ ਮਾਝੇ ਕੀ ਵਡਿਆਈ। ਮਹਾਂ ਸਿੰਘ ਨੇ ਰਾਖਿ ਦਿਖਾਈ। ਦੇਸ਼ ਮਾਲਵੇ ਕੀ ਅਬਿ ਰਾਖੀ।ਉਪਜਹਿੰ ਸਿੱਖੀ ਕੇ ਅਭਿਲਾਖੀ†॥੩੦॥ਅਬਿ ਤੂੰ ਜਗਤ ਜੂਠ[6]

---

[1]ਦੂਰ ਕਰ ਕਰ ਕੇ। [2]ਅੱਠ ਆਨੇ ਅਸਵਾਰ ਨੂੰ ਦਿੱਤੇ। [3]ਘੋੜੇ ਪਾਲਣ ਵਾਲਾ। [4]ਭਰਾਵਾਂ ਨਾਲ ਰਲਣਾ। [5]ਇੱਛਾ। [6]ਤੰਬਾਕੂ। *ਇਸ ਨੂੰ ਸਾਖੀ ਵਾਲੇ ਤੇ ਕਵੀ ਜੀ ਦੁਇ ਦਾਨ ਸਿੰਘ ਲਿਖ ਰਹੇ ਹਨ, ਪਰ ਇਹ ਅਜੇ ਸਿੰਘ ਨਹੀਂ ਹੈ, ਅਥਵਾ ਸਤਿਗੁਰੂ ਜੀ ਨੇ ਹੁਣ ਇਸ ਨੂੰ ਸਿੰਘ ਸਜਾਉਣਾ ਹੈ ਇਸ ਕਰਕੇ ਹਿਤ ਨਾਲ ਸਿੰਘ ਨਾਉਂ ਕਰਕੇ ਪਹਿਲਾਂ ਹੀ ਬੁਲਾ ਰਹੇ ਹਨ।

†ਜੋ ਲੋਕ ਮਾਝੇ ਦੇ ਸਿੱਖਾਂ ਦੇ ਹੌਲ ਜਾਣ ਤੇ ਤਰਕ ਕਰਦੇ ਹਨ, ਵੇਖ ਲੈਣ ਕਿ ਮਾਲਵੇ ਨੇ ਬੀ ਉਹੀ ਵੈਲਨਾ ਖਾਧੀ ਹੈ। ਜਿਵੇਂ ਮਹਾਂ ਸਿੰਘ ਨੇ ਮਾਝੇ ਦੀ ਪੈਜ ਰੱਖ ਲਈ ਤਿਵੇਂ ਦਾਨੇ ਨੇ ਮਾਲਵੇ ਦੀ ਰੱਖੀ।ਐਸੇ ਵਾਕਿਆਤ ਪੰਥਵਿਚ ਪਾਟਕ ਤੇ ਜ਼ਾਤੀ ਵੈਲ ਵਿਗਾੜ ਦਾ ਕਾਰਨ ਨਹੀਂ ਬਣਨੇ ਚਾਹੀਏ।ਮਾਝਾ ਮਾਲਵਾ ਸਭ ਵੀਰ ਹਨ ਤੇ ਸਤਿਗੁਰੂ ਦੇ ਹਨ। ਮਾਝੇ ਮਾਲਵੇ ਦਾ ਪਾਟਕ-ਸਿਖ ਰਾਜ ਸਮੇਂ ਸਿਖ ਤਾਕਤ ਨੂੰ ਪਾੜ ਦੇਣ ਵਾਸਤੇ ਸੁਾਰਥੀਆਂ ਨੇ ਚਲਾਇਆ ਸੀ। ਫੇਰ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਤਜਿ ਦੇਹੁ। ਬਨਹੁ ਸਿੱਖ ਪਾਹੁਲ ਕਹੁ ਲੇਹੁ'। ਕਹੈ[1] ਸੁ'ਉਦਰ ਅਫਰ ਮਮ ਜਾਵਹਿ। ਤਜਹੁ ਕਸ਼ਟ ਹੁਇ ਕੌਨ ਬਚਾਵਹਿ' ॥ ੩੧ ॥ ਸ੍ਰੀ ਮੁਖ ਕਹਯੋ 'ਕਸ਼ਟ ਤੁਵ ਟਾਰੇ। ਸਿਰ ਪਰ ਕਰੀਅਹਿ ਕੇਸਨਿ ਧਾਰੇ। ਸਿੱਖ ਸੰਪੂਰਨ ਹੀ ਅਬਿ ਬਨੋ। ਦੁਰਮਤਿ ਜਗ ਕੀ ਦੀਰਘ ਹਨੋ' ॥ ੩੨ ॥ ਸੁਨਿ ਬੋਲਯੋ 'ਕਯੋਂ ਕੇਸ ਰਖਾਵਹੁ। ਬਿਨਾ ਕੇਸ ਤੇ ਸਿਖ ਲਖਿ ਪਾਵਹੁ'। 'ਦਾਨ ਸਿੰਘ ਸੁਨਿ ਕਾਰਨ ਯਾਂਕੋ। ਹੇਰਹਿਂ ਪਰਯੋ ਨਰਕ ਸਿਖ ਜਾਂਕੋ[2] ॥ ੩੩ ॥ ਕੇਸਨ ਤੇ ਹਮ ਲੇਹਿਂ ਪਛਾਨ। ਚਹੈਂ ਬਚਾਵਨ ਕਸ਼ਟ ਮਹਾਨ। ਕੇਸਨ ਤੇ ਗਹਿ ਤਰਤ ਨਿਕਾਰਹਿਂ। ਅਪਨੀ ਲਾਗੀ ਛਾਪ ਬਿਚਾਰਹਿਂ*' ॥ ੩੪ ॥ ਸੁਨਿ ਕੈ ਦਾਨ ਸਿੰਘ ਤਿਸ ਕਾਲਾ। ਜਿਸ ਕੇ ਮੁਖ ਪਰ ਸ਼ਮਸ਼ ਬਿਸਾਲਾ। ਦੋਨਹੁੰ ਹਾਥਨ ਗਹਿ ਕਰਿ ਸੋਈ। ਬੋਲਯੋ ਪ੍ਰਭੁ ਸੋਂ ਸਨਮੁਖ ਹੋਈ ॥੩੫॥ 'ਇਸ ਤੇ ਆਪ ਚਿਨਾਰੀ ਧਰੀਅਹਿ। ਗਹਿ ਕੈ ਸ਼ਮਸ਼ ਨਿਕਾਸਨ ਕਰੀਅਹਿ'। ਸੁਨਿ ਕੈ ਸਤਿਗੁਰ ਹਾਥ ਰੁਮਾਲ। ਕਰਿ ਮੁਖ ਆਗੈ ਹਸੇ ਬਿਸਾਲ ।੩੬॥ "[3]ਬਾਕ ਆਪ ਕੋ ਮੈਂ ਨ ਹਟਾਵੌਂ।ਸਿਰ ਪਰ ਰਖਿਕੈ ਕੇਸ ਵਧਾਵੌਂ। ਜਗਤ-ਜੂਠ ਤਜਿ ਪਾਹੁਲ ਲੈ ਹੌਂ। ਗੁਰਸਿੱਖੀ ਕੇ ਪੰਥ ਚਲੈ ਹੌਂ" ॥ ੩੭ ॥ ਇਮ ਕਹਿ ਭਯੋ ਪ੍ਰਭੂ ਅਨੁਸਾਰੀ। ਅੰਮ੍ਰਿਤ ਲੇ ਗੁਰ ਫਤੇ ਉਚਾਰੀ।ਪੁਨ ਬੈਰਾੜ ਦਰਬ ਕੋ ਪਾਇ। ਮਿਲਿ ਆਪਸ ਮਹਿਂ ਉਠਿ ਹਰਖਾਇ ॥ ੩੮ ॥ 'ਧਰਯੋ ਗੁਰੂ ਢਿਗ ਦਰਬ ਘਨੇਰਾ। ਏਕ ਫਰੇਬ ਕਰਹੁ ਇਸ ਬੇਰਾ। ਜਿਸ ਤੇ ਪ੍ਰਾਪਤਿ ਹ੍ਵੈ ਧਨ ਆਨ'।ਗਏ ਗੁਰੂ ਢਿਗ ਮਸਲਤ ਠਾਨਿ ॥ ੩੯॥ 'ਕਰਨਿ ਚਾਕਰੀ ਜਬਿ ਹਮ ਆਇ। ਇਕ ਆਧਹੁ ਇਕ ਘਰੋਂ ਟਿਕਾਇ। ਦ੍ਵੈ ਨੇ ਦ੍ਵੈ ਤੀਨਹੁੰ ਨੇ ਤੀਨ[4]। ਤਜਿ ਤਜਿ ਸਦਨ ਆਇਬੋ ਕੀਨ ॥ ੪੦ ॥ ਯਾਂਤੇ ਦੁਹਰੋ ਦਿਹੁ ਦਰਮਾਹਾਂ[5]।ਜੋ ਹਮ ਜੈ ਕੈ ਦੇਂ ਘਰ ਮਾਹਾਂ। ਨਤੁ ਸਭਿ

---

[1]ਦਾਨੇ ਨੇ ਕਿਹਾ। [2]ਜਦ ਕੋਈ ਸਿੱਖ ਨਰਕ ਪਿਆ ਦੇਖਾਂਗੇ। [3]ਦਾਨਾ ਬੋਲਿਆ। [4]ਦੋਹਾਂ ਨੇ ਦੋ ਪਿੱਛੇ ਛੱਡੇ ਤੇ ਤਿੰਨਾਂ ਨੇ ਤਿੰਨ। [5]ਮਾਹਵਾਰੀ ਤਨਖਾਹ। *ਚੋਜ ਭਰੇ ਲਾਡ ਦੇ ਵਾਕ ਹਨ, ਕਵਿਤਾ ਦੇ ਕਟਾਖਜ ਇਸ ਵੇਲੇ ਬੀ ਸ੍ਰੀ ਮੁਖ ਤੋਂ ਫੁੱਲਾਂ ਵਾਂਙ ਝੜਦੇ ਹਨ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਸਿੱਖ ਰਾਜ ਨੂੰ ਡੋਬਣ ਵਾਲੇ ਸ੍ਵਾਰਥੀਆਂ ਨੇ ਸਿੱਖ ਫੌਜ, ਸਿੱਖ ਸਰਦਾਰਾਂ ਤੇ ਟਿੱਕਾ ਨੌ ਨਿਹਾਲ ਸਿੰਘ ਦਾ ਪਾਟਕ ਮਹਾਰਾਜਾ ਖੜਗ ਸਿੰਘ ਨਾਲ ਝੂਠ ਤੁਫਾਨ ਬਣਾ ਬਣਾਕੇ ਪੁਵਾਯਾ ਸੀ।ਇਸੀ ਤਰ੍ਹਾਂ ਪਿੰਡੂ ਸ਼ਹਿਰੀ ਸਿੱਖ ਦੋ ਹਨ ਯਾ ਜੱਟ ਸਿੱਖ ਹੋਰ ਹਨ ਤੇ ਦੂਜੇ ਜਾਤਾਂ ਤੋਂ ਸਜੇ ਹੋਰ ਹਨ, ਸਭ ਸ੍ਵਾਰਥੀ ਪਾਟਕ ਪਾਕੇ ਕੌਮ ਨੂੰ ਤਬਾਹ ਕਰ ਰਹੇ ਹਨ। ਹੁਣ ਪੰਥਕ ਜਥੇਬੰਦੀ ਤੋੜਨ ਲਈ ਮਤਾਂ ਦੀ ਸ਼ਕਲ ਵਿਚ ਪਾਟਕ ਪਾਇ ਜਾ ਰਹੇ ਹਨ। ਖਾਲਸਾ ਜੀ ਨੂੰ ਹੋਸ਼ ਕਰਨੀ ਚਾਹੀਏ।

ਤੇ ਧਨ ਆਧੋ ਲੈ ਹੈਂ। ਕਹਾਂ ਨਿਕਟ ਰਖਿ ਹਮ ਤਬਿ ਖੈ ਹੈਂ ॥੪੧॥ ਗੁਰ ਸਿੱਖੀ ਤੇ ਭੇ ਸਭਿ ਊਨੀ। ਅਬਿ ਤੇ ਦੇਹੁ ਚਾਕਰੀ ਦੂਨੀ। ਲੇ ਕਰਿ ਧਨ ਕੁਟੰਬ ਕੋ ਪਾਰਹਿਂ।ਕਰਹਿਂ ਨੌਕਰੀ ਸੰਗ ਸਿਧਾਰਹਿਂ' ॥੪੨॥ ਸੁਨਿ ਕ੍ਰਿਪਾਲ ਤਿਨ ਕੀ ਬੁਧਿ ਹੀਨ। ਦਰਮਾਹਾਂ ਦੂਨਾਂ ਤਬਿ ਦੀਨ। ਸ਼ੇਸ਼ ਰਜਤਪਣ ਅਰੁ ਦੀਨਾਰ। ਬਚੇ ਸੁ ਗਾਡੇ ਧਰਾ ਮਝਾਰ ॥੪੩॥ ਨਾਮ ਗੁਪਤਸਰ ਬਲ ਕੋ ਰਾਖ੍ਯੋ।-ਦਰਬ ਗੁਪਤ ਆਨਯੋਂ-ਅਭਿਲਾਖ੍ਯੋ। ਨਿਜ ਨਿਜ ਡੇਰਨਿ ਜਾਇ ਬਿਰਾੜ। ਕਰਹਿਂ ਪਰਸਪਰ ਬਾਤ ਉਘਾੜ॥ ੪੪ ॥ 'ਬਰਛੀ ਕੀ ਸੁ ਅਨੀ ਪਰ ਦਰਬੰ[1]। ਏਕ ਬਾਰ ਲਿਯ ਗੁਰ ਤੇ ਸਰਬੰ। ਦੂਨੋ ਲਿਯੋ ਸਭਿਨਿ ਦਰਮਾਹਾਂ। ਬਿਲਮ ਨ ਲਗੀ ਏਕ ਛਿਨ ਮਾਂਹਾ'॥੪੫॥ਇਕ ਸਿਖ ਤਿਨ ਤੇ ਸੁਨਿ ਕਰਿ ਗਯੋ। ਪ੍ਰਭੁ ਸਮੀਪ ਕਹਤਿ ਸੋ ਭਯੋ। 'ਪਾਤਸ਼ਾਹੁ ਬਿਗੜੇ ਬੈਰਾੜ।ਬਸਿਬੇਹਾਰ ਉਜਾੜ ਸੁ ਝਾੜ[2]*॥੪੬॥-ਬਰਛੀ ਅਣੀ ਸਾਥ ਧਨ ਲੀਨ। ਗੁਰ ਤੇ ਬਿਲਮ ਨ ਲਾਗਿਬੇ ਦੀਨ-। ਕਹਿ ਕਹਿ ਆਪਸ ਮਹਿਂ ਬਹੁ ਹਸੈਂ।ਤੁਮਰੋ ਪ੍ਰੇਮ ਨ ਮਹਿਮਾ ਬਸੈ' ॥੪੭॥ ਸੁਨਿ ਕਰਿ ਸ਼੍ਰੀ ਮੁਖ ਤੇ ਕਹਿ ਤਬੈ।ਹਮਰੋ ਹੋਇ ਖਾਲਸਾ ਜਬੈ। ਚੋਟ ਨੋਕ ਕੀ ਕਰਿ ਉਤ ਲੈਹੈਂ[3]। ਦਰਬ ਸਹੰਸ੍ਰ ਗੁਣਾ ਸਭ ਦੈਹੈਂ॥ ੪੮ ॥ ਖੋਯੋ ਰਾਜ ਨ ਹੋਹਿ ਜਮੱਯਤ[4]। ਬਸਹਿਂ ਖਾਲਸੇ ਕੀ ਹੁਇ ਰੱਯਤ। ਅਪਨੋ ਕਾਰਜ ਆਪ ਬਿਗਾਰਾ। ਮੂਢ ਅਜਾਨ ਹਰਖ ਪੁਨ ਧਾਰਾ† ॥ ੪੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬੈਰਾੜਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੁ ॥ ੧੭ ॥

੧੮. [ਬਹਿਮੀ ਸ਼ਾਹ ਨੂੰ ਅੰਮ੍ਰਿਤ ਛਕਾਯਾ। ਦਿਵਾਨੇ ਨੂੰ ਬਖਸ਼ਿਸ਼]।

ਦੋਹਰਾ॥ ਬਹਿਮੀ‡ ਹੁਤੋ ਫਕੀਰ ਤਹਿਂ ਮੁਸਲਮਾਨ ਕਾ ਥਾਨ।ਗੋਰ ਬਣਾਈ ਦੀਰਘਾ ਮਿਣ ਨੌ ਹਾਥ ਪ੍ਰਮਾਣ ॥੧॥ ਚੌਪਈ ॥ ਪ੍ਰਥਮ ਜੀਵਤੇ ਸੋ ਬਨਿਵਾਈ। ਲਾਇ ਰੇਖਤਾ[5] ਦ੍ਰਿੜ੍ਹ ਕਰਵਾਈ। ਮੋਰੀ ਅਲਪ ਰਖੀ ਤਿਸ ਮਾਂਹੀ। ਮਰਣ ਲਗੋ ਪ੍ਰਵਿਸ਼ਨ ਵਿਚ ਤਾਂਹੀ ॥ ੨ ॥ ਸੋ ਸਤਿਗੁਰ ਕੇ ਢਿਗ ਚਲਿ ਆਯੋ। ਪਗ ਪੰਕਜ ਪਰ ਸੀਸ ਨਿਵਾਯੋ।ਮਣ ਇਕ ਘ੍ਰਿਤ ਸੋ ਮਣ[6] ਮਿਸ਼-

[1]ਭਾਵ ਆਪਣੇ ਬਲ ਨਾਲ ਧਨ ਮਜਬੂਰ ਕਰਕੇ ਲਿਆ ਹੈ। [2]ਉਜਾੜ ਦੇ ਝਾੜਾਂ ਵਿਚ। [3](ਜੁੱਤੀ ਦੀ) ਨੋਕ ਦੀ ਚੋਟ ਨਾਲ। [4]ਫੌਜਾਂ, ਇਕੱਠ। [5]ਚੂਨੇ ਗਚ [ਫ਼ਾ:, ਰੇਖਤਹ=ਸੱਚੇ ਵਿਚ ਢਾਲਕੇ ਬਣਾਈ ਸ਼ੈ। ਪੰਜਾ:, ਚੂਨਾ ਜਿਸ ਵਿਚ ਕਲੀ ਤੇ ਹੋਰ ਮਸਾਲਾ ਪਿਆ ਹੋਵੇ। ਚੂਨੇ ਗਚ]। [6]ਇਕ ਮਣ। *ਪਾ:-ਮਝਾੜ। †ਤਵਾ:ਖਾ: ਵਿਚ ਲਿਖਿਆ ਹੈ ਕਿ ਬੈਰਾੜ ਇਥੋਂ ਚਲੇ ਗਏ ਤੇ ਦਾਨਾ ਸਿੰਘ ੨੦ ਸਾਥੀਆਂ ਸਣੇ ਸੇਵਾ ਵਿਚ ਰਿਹਾ। ਭਾਵ ਇਹ ਕਿ ਮਾਲਵੇ ਵਿਚ ਸਿੱਖ ਰਾਜੇ ਰਾਜ ਕਰਨਗੇ। ‡ਇਬਰਾਹੀਮ ਸ਼ਾਹ ਨਾਮ ਸੀ ਤੇ ਲੋਕੀਂ ਬਹਮੀ ਸ਼ਾਹ, ਬ੍ਰਹਮੀ ਸ਼ਾਹ ਬੋਲਦੇ ਸਨ। ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਟਾਨ । ਮਣ ਮੈਦਾ ਦੀਨਸਿ ਤਿਸ ਆਨਿ ॥੩॥ ਅਪਰ ਚੂਨ, ਚਾਵਰ, ਅਰੁ ਦਾਨਾ।ਦਯੋ ਬਿਨੈ ਜੁਤਿ ਖਾਨ ਰੁ ਪਾਨਾ।ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ 'ਪਰਯੋ ਆਨ ਮੈਂ ਸ਼ਰਨਿ ਤੁਮਾਰੀ ॥੪ ॥ ਦਾਸ ਆਪਨੋ ਮੋਹਿ ਬਨਾਵਹੁ । ਕਰਹੁ ਸਿੰਘ ਪਾਹੁਲ ਛਕਵਾਵਹੁ। ਜਗਤ ਬਿਖੈ ਹੈਂ ਪੰਥ ਘਨੇਰੇ। ਭਲੀ ਪਕਾਰ ਸਰਬ[1] ਮੈਂ ਹੇਰੇ॥੫॥ ਪ੍ਰਥਮ ਮੂੰਡਿ ਸਿਰ,ਭੀਖ ਮੰਗਾਵੈਂ।ਭਲੋ ਭੇਸ ਤੇ ਬੁਰੋ ਬਨਾਵੈਂ । ਰਾਵਰਿ ਪੰਥ ਸਮਾਨ ਨ ਆਨ। ਮੈਂ ਪਰਖੀ ਸਭਿ ਰੀਤਿ ਪਛਾਨ[2]॥੬॥ਉੱਜਲ ਬੇਸ ਸੁ ਉੱਜਲ ਮਤਾ। ਸਿਮਰਨ ਸੱਤਿਨਾਮ ਚਿਤ ਰਤਾ। ਯਾਂਤੇ ਹੈ ਮੇਰੀ ਅਭਿਲਾਖਾ। ਬਨੌਂ ਸਿੰਘ ਮੈਂ ਯਾਂਤੇ ਭਾਖਾ' ॥ ੭ ॥ ਸੁਨਿ ਸ੍ਰੀ ਪ੍ਰਭੁ ਪ੍ਰਸੰਨਤਾ ਧਾਰੀ। 'ਪੂਰਬ ਭਲੀ ਰੀਤਿ ਤੈਂ ਡਾਰੀ। ਮੁਸਲਮਾਨ ਹੁਇ ਭਾਵਨ ਧਰੈ। ਮਿਲਨਿ ਪੰਥ ਮਹਿ ਜੋ ਹਿਤ ਕਰੈ ॥੮॥ ਤੌ ਇਹ ਉਚਿਤ ਖਾਲਸੇ ਬੀਚ। ਪਾਹੁਲ ਲਹੈ ਊਚ ਕੈ ਨੀਚ'। ਮਾਨ ਸਿੰਘ ਸੋਂ ਹੁਕਮ ਬਖਾਨਾ। 'ਖਰੋ ਹੋਹੁ ਕਰਿ ਸਿੱਖ ਸੁਜਾਨਾ'॥੯॥ਲੇਆਗਯਾ ਅੰਮ੍ਰਿਤ ਬਨਵਾਯੋ। ਖਰੇ ਹੋਇ ਤਤਕਾਲ ਛਕਾਯੋ।ਸ੍ਰੀਮੁਖ ਤੇ ਤਬਿ ਨਾਮ ਉਚਰਯੋ। ਸ਼ੁਭ 'ਅਜਮੇਰ ਸਿੰਘ' ਤਿਹ ਧਰਯੋ ॥ ੧੦ ॥ ਵਾਹਿਗੁਰੂ ਜੀ ਕੀ ਕਹਿ ਫਤੇ। ਭਾ ਕੱਲਯਾਣ ਉਚਿਤ ਮੁਦ ਚਿਤੇ। ਸਿਮਰਨ ਕਰਨਿ ਲਗਯੋ ਗੁਰ ਕੇਰਾ। ਗੁਰਬਾਣੀ ਪਠਿ ਸੰਝ ਸਵੇਰਾ ॥੧੧॥ ਤਹਿਂ ਡੇਰਾ ਕਰਿ ਨਿਸਾ ਬਿਤਾਈ। ਪ੍ਰਾਤਿ ਭਏ ਤਯਾਰੀ ਕਰਿਵਾਈ*। ਹਯ ਅਰੂਢਿ ਕਰਿ ਚਲੇ ਕ੍ਰਿਪਾਲਾ। ਸੰਗ ਸੁਭਟ ਗਨ ਆਯੁਧ ਨਾਲਾ॥੧੨॥ ਕੇਤਿਕ ਕੋਸ ਉਲੰਘ ਕਰਿ ਗਏ। ਸਾਹਿਬਚੰਦ ਗ੍ਰਾਮ ਪਹੁੰਚਏ। ਸਮਾ ਭਯੋ ਸੁੱਖੇ ਕ਼ਹੁ ਆਨਿ। ਤਹਿਂ ਰਗੜਾਇ ਕਰਤਿ ਭੇ ਪਾਨ ॥ ੧੩ ॥ ਸੌਚ ਸੁਚੇਤਾ ਕਰਿ ਪੁਨ ਚਰੇ।ਕੇਤਿਕ ਗਮਨ ਅੱਗ੍ਰ ਕੋ ਕਰੇ। †ਗ੍ਰਾਮ ਕੋਟ ਭਾਈ ਕੇ ਜਹਾਂ। ਡੇਰਾ ਜਾਇ ਕਰਤਿ ਭੇ ਤਹਾਂ ॥ ੧੪ ॥ ਬਸੈਂ ਬਾਣੀਏ ਗੁਰ ਸਿਖ ਦੋਇ। ਗੁਰ ਆਗਵਨ ਸੁਨਤਿ ਭੇ ਸੋਇ। ਪ੍ਰਥਮ ਜਾਇ ਪਗ ਬੰਦਨ ਠਾਨੀ। ਕੁਸ਼ਲ ਪ੍ਰਸ਼ਨ ਸਤਿਗੁਰੂ ਬਖਾਨੀ॥੧੫॥ ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਸੇਵਾ ਕਰਯੋ ਚਹੈਂ ਹਮ ਥਾਰੀ[3]‡। ਕ੍ਰਿਪਾ ਕਰਹੁ ਅਬਿ ਆਗਯਾ ਦੀਜੈ। ਸੰਗ ਲਾਂਗਰੀ ਮਮ ਕਰਿ ਦੀਜੈ॥੧੬॥ਸਕਲ ਦੇਗ਼ ਹਿਤ ਚਹੈਂ ਸੁ ਲਯਾਵੈਂ।ਕਰਿ ਅਹਾਰ ਪ੍ਰਭੁ ਕੌ ਤ੍ਰਿਪਤਾਵੈਂ'।ਖੁਸ਼ੀ ਕਰੀ ਅਸ ਹੁਕਮ ਬਖਾਨਾ। 'ਅੰਮ੍ਰਿਤ

---

[1]ਸਾਰੇ (ਪੰਥ)। [2]ਸਭ ਤਰ੍ਹਾਂ ਪਛਾਣਕੇ ਭਾਵ ਚੰਗੀ ਤਰ੍ਹਾਂ ਪਰਖੀ ਹੈ। [3]ਆਪ ਜੀ ਦੀ। *ਇਸ ਥੀ ਡੇਰਾ ਇਕ ਦਿਨ ਤੋਂ ਵਧੀਕ ਰਿਹਾ ਹੈ। †ਇਹ ਬੀ ਸਾਖੀਪੋਥੀ ਦੀ ਸਾਖੀ ਹੈ। ‡ਪਾ:-ਸਾਰੀ।

ਛਕਹੁ ਹੋਹਿ ਕੱਲਜਾਨਾ ॥੧੭॥ ਮਿਲਹੁ ਖਾਲਸੇ ਸੋਂ ਬਨਿ ਰੂਪ। ਅੰਤ ਸਮੈਂ ਪਦ ਲੇਹੁ ਅਨੂਪ*'। ਸ੍ਰੀ ਗੁਰ ਤੇ ਸੁਨਿ ਕਰਿ ਤਿਨ ਮਾਨਾ। ਕਰਿ ਕੜਾਹ ਤੂਰਨ ਤਬਿ ਆਨਾ ॥ ੧੮ ॥ ਗਰ ਸ਼ਮਸ਼ੇਰ ਪਾਇ ਕਰਿ ਖਰੇ। ਵਾਹਿਗੁਰੂ ਸੁ ਮੰਤ੍ਰ ਮੁਖ ਰਰੇ†। ਖਰੇ ਬਿਲੋਕੇ ਗੁਰੂ ਬਖਾਨੇਂ। 'ਉਠਿ ਗੁਰਬਖਸ਼ ਸਿੰਘ ਲਿਹੁ ਮਾਨੇ[1]' ॥੧੯॥ ਸੁਨਿ ਕਰਿ ਹੁਕਮ ਨੀਰ ਅਨਵਾਯੋ। ਲੇ ਮਿਸ਼ਟਾਨ ਪਤਾਸਨ ਪਾਯੋ। ਪਢੇ ਸਵੈਯੇ ਸਿੰਘਨ ਪੰਚ[2]। ਪੂਰਬ ਜਪੁ, ਅਨੰਦ ਪੁਨ ਬੇਚ ॥੨੦ ॥ ਝੋਰੜ ਸੇਗਜਾ ਭਾਖੈਂ ਸਬੈ। ਸੋ ਗੁਰਬਖਸ਼ ਸਿੰਘ ਉਠਿ ਤਬੈ। ਕਰਿ ਅਰਦਾਸ ਹੁਕਮ ਕੋ ਲੇਕੈ। ਦੈ ਕੋ ਅੰਮ੍ਰਿਤ ਦਿਯੋ ਛਕੈ ਕੈ ॥ ੨੧ ॥ ਪ੍ਰਥਮ ਨਾਮ 'ਰੰਗੀ' ਤਿਸ ਕੇਰਾ। 'ਰੰਗੀ ਸਿੰਘ' ਧਰਯੋ ਤਿਸ ਬੇਰਾ।'ਘੁੰਮੀ ਸਿੰਘ' ਦੂਸਰੇ ਨਾਮੂ।ਧਰਤਿ ਭਏ ਸ੍ਰੀ ਮੁਖ ਸੁਖ ਧਾਮੂ॥੨੨॥ਇਮ ਨਿਹਾਲ ਹੁਇ ਮਸਤਕ ਟੇਕਾ।ਖੁਸ਼ੀ ਕਰੀ ਤਬਿ ਜਲਧਿ ਬਿਬੇਕਾ। ਸਭਿ ਡੇਰੇ ਕੀ ਸੇਵਾ ਕੀਨਿ। ਹਯਨਿ ਚਰਨ ਹਿਤ[3] ਤ੍ਰਿਣ ਗਨ ਦੀਨ॥੨੩॥ ਖਾਨ ਪਾਨ ਕਰਿ ਸਭਿ ਤ੍ਰਿਪਤਾਏ। ਸੁਖ ਤੇ ਪੌਢਿ ਰਾਤਿ ਨੁਪਤਾਏ।ਸੌਚ ਸ਼ਨਾਨ ਹੋਇ ਸਵਧਾਨਾ। ਭ੍ਰਏ ਅਰੂਢਿ ਅਨਾਇ ਕਿਕਾਨਾ ॥ ੨੪ ॥ ਕਰਨ ਅਖੇਰ ਕ੍ਰਿਪਾਲ ਪਧਾਰੇ। ਸਨੈ ਸਨੈ ਉੱਦਯਾਨ ਸਿਧਾਰੇ। ਮਨ ਭਾਵੰਤ ਬਿਚਰੇ ਤਿਸ ਬੇਰਾ। ਕਰਯੋ ਗ੍ਰਾਮ ਸੁਨੀਅਰ‡ ਮਹਿਂ ਡੇਰਾ ॥੨੫॥ ਤਹਿਂ ਬਿਤਾਇ ਨਿਸ ਗਮਨਤਿ ਭਏ। ਗ੍ਰਾਮ ਰੋਹਲੇ ਉਤਰਨ ਕਏ। ਤਹਿਂ ਤੇ ਚਢਿ ਪੁਨ ਪੰਥ ਪਯਾਨੇ। ਗ੍ਰਾਮ ਬਬੀਹੇ ਨਿਕਟ ਸਥਾਨੇ ॥੨੬॥ ਕਰਯੋ ਸਿਵਰ ਉਤਰੇ ਗੁਨ ਧਾਮੂ। ਨੌਂ ਬਾਸੁਰ ਤਹਿਂ ਕੀਨ ਮੁਕਾਮੂ। ਤਹਿਂ ਤੇ ਚਢਿ ਬਾਜਕ ਕੋ ਗਏ। ਸਮੈਂ ਦੇਖਿ ਸੁਖਾ ਛੱਕ ਲਏ ॥ ੨੭ ॥ ਗ੍ਰਾਮ ਨਰਨ ਸੁਨਿ ਗੁਰ ਆਗਵਨੂ। ਪੈ[4] ਬਟੋਰ ਕਰਿ ਸਗਰੇ ਭੁਵਨੂ। ਭਰਿ ਭਰਿ ਘਟ ਗਨ ਬਾਹਰ ਲਜਾਏ। ਕਰਿ ਦਰਸ਼ਨ ਸਭਿ ਸੀਸ ਨਿਵਾਏ ॥ ੨੮ ॥ ਪਾਇ ਪਾਇ ਮਿਸ਼ਟਾਨ ਪਿਲਾਵਾ। ਤ੍ਰਿਪਤਿ ਹੋਇ ਪੀਵਤਿ ਮਨ ਭਾਵਾ। ਏਕ ਸਿੰਘ ਨੇ ਪਾਨ ਨ ਕੀਨਿ। ਦੇ ਬਹੁ ਰਹਯੋ ਨਹੀਂ ਕਰ ਲੀਨ ॥੨੯॥ ਬੂਝਯੋ ਸ੍ਰੀ ਪ੍ਰਭੁ 'ਕਯੋਂ

---

[1] ਭਾਵ ਗੁਰਬਖਸ਼ ਸਿੰਘ ਝੋਰੜ ਨੂੰ ਹੁਕਮ ਹੋਇਆ ਕਿ ਤੂੰ ਅੰਮ੍ਰਿਤ ਛਕਾ, ਦੇਖੋ ਅੰਕ ੨੧। [2] ਪੰਜਾਂ ਸਿੰਘਾਂ ਨੇ। [3] ਚਰਨ ਲਈ। [4] ਦੁੱਧ।

*ਅੰਮ੍ਰਿਤ ਕਲਜਾਨ ਅਰਥ ਛਕਾਇਆ ਜਾਣਾ ਇਸ ਥਾਂ ਤੋਂ ਸਪਸ਼ਟ ਸਿੱਧ ਹੈ।

†ਇਥੋਂ ਸਪਸ਼ਟ ਹੋ ਗਿਆ ਕਿ ਅੰਮ੍ਰਿਤ ਗੁਰ ਦੀਖਿਆ ਸੰਸਕਾਰ ਹੈ।

‡ਪਾ: -ਭੁਨੀਜਰ। ਸਾਖੀ ਪੋਥੀ ਵਿਚ ਪਾਠ ਸੁਨੀਅਰ ਹੀ ਹੈ।

ਨਹਿਂ ਪੀਨਾ?'। ਕਹੈ ਸਿੰਘ 'ਖੇਬੋ ਪਲ[1] ਕੀਨਾ।ਧੇਨੁ ਦੁਗਧ ਕੇ ਪੀਵਤਿ ਦੋਸ਼। ਯਾਂਤੇ ਮੈਂ ਨ ਪਿਯੋਂ ਕਰਿ ਹੋਸ਼॥੩੦॥ਜੇ ਮਹਿਖੀ ਕੋ ਹੋਇ ਨਿਰਾਲਾ। ਤੌ ਮੈਂ ਕਰਿ ਹੌਂ ਪਾਨ ਸੁਖਾਲਾ*'।ਸੁਨਿ ਇਸ ਤੇ ਸਿਖ ਏਕ ਉਚਾਰੇ। 'ਮੈਂ ਲਜਾਵਹੁਂ ਪੈ ਮਹਿਖ ਨਿਰਾਰੇ' ॥ ੩੧ ॥ ਗੁਰ ਭਾਖਯੋ 'ਪੀਵਨ ਬਹੁ ਕਰਹੁ। ਤ੍ਰਿਪਤਹੁ ਭਲੇ ਉਦਰ ਕੋ ਭਰਹੁ'। ਇਮ ਸ੍ਰੀ ਪ੍ਰਭੁ ਕੀਨਸਿ ਤਹਿਂ ਡੇਰੇ।ਪੈ ਪਿਆਇ ਤ੍ਰਿਪਤਾਇ ਘਨੇਰੇ॥੩੨॥ਪੂਰਬ ਜਬਹਿ ਦਿਵਾਨਾ ਮਾਰਯੋ। ਕਿਸ ਨੇ ਸਭਿ ਮਹਿ ਜਾਇ ਉਚਾਰਯੋ। 'ਪੰਥ ਤੁਮਾਰੇ ਕੋ ਤਹਿਂ ਗਯੋ। ਸਿੰਘ ਕ੍ਰਿਪਾਨਝਾਰਿ ਹਤਿ ਦਯੋ'॥੩੩॥†ਘੁੱਦਾ ਸੁੱਖੂ ਹੁਤੇ ਮਹੰਤ।ਰਿਸਕਰਿ ਮਿਲਿ ਸਭਿ ਕੀਨਿ ਮਤੰਤ। 'ਲਿਹੁ ਪਲਟਾ ਗੁਰ ਤੇ ਚਲਿ ਅਬੈ'। ਲਏ ਬਟੋਰ ਟੋਰ ਕਰਿ ਸਬੈ ॥ ੩੪ ॥ ਇਕਠੇ ਹੁਇ ਪੰਚਾਸ ਦਿਵਾਨੇ। ਲੈਨਿ ਬੈਰ ਕੋ ਪੰਥ ਪਯਾਨੇ। ਮਗ ਮਹਿਂ ਕਰਿ ਬਿਚਾਰ ਡਰ ਧਾਰਾ। 'ਸ੍ਰੀ ਗੁਰ ਧੀਰ ਬੀਰ ਬਲਿ ਭਾਰਾ ॥੩੫॥ਤਿਸ ਆਗੇ ਕਯਾ ਸ਼ਕਤਿ ਹਮਾਰੀ। ਅੱਗ੍ਰ ਨਿਵੈਂ ਜਿਸ ਖਲਕਤ ਸਾਰੀ'।ਇਮ ਉਰ ਅਰਧ ਸਮੁਝਿ ਮੁੜਿ ਗਏ।ਰਹੇ ਪਚੀ ਸੋ ਗਮਨਤਿ ਭਏ ॥੩੬॥ ਕਿਤਿਕ ਦੂਰ ਚਲਿਬੋ ਤਬਿ ਕਰੇ।ਤੌਦਸ ਡਰ ਕੋ ਧਰਿ ਹਟਿ ਪਰੇ[2]। ਜੁਗ ਮਹੰਤ ਕਰਿ ਧੀਰ ਪਯਾਨੇ। ਦਸ ਪੁਨ ਹਟੇ ਗੁਰੂ ਡਰ ਮਾਨੇ[3]॥੩੭॥ਸੁੱਖੂਅਰ ਘੁੱਦੂ ਦ੍ਵੈ ਰਹੇ।ਸਭਿ ਸੰਗਿਨ ਕੀ ਗਤਿ ਕੋ ਲਹੇ[4]।ਢੱਡ ਸਾਰੰਗੀ ਦੋਨਹੁਂ ਕਰ ਤੇ। ਧਰੀ ਕਹੂੰ ਸ਼ੰਕਾ ਉਰ ਧਰਿਤੇ ॥ ੩੮ ॥–ਲੈਨੋ ਬੈਰ ਰਹਯੋ ਕਿਤ ਦੂਰ। ਦਰਸ਼ਨ ਕਰੀਅਹਿ ਚਲੋ ਹਦੂਰ–।ਇਮ ਬਿਚਾਰਿ ਗੇ ਮਸਤਕ ਟੇਕਾ। ਪਿਖਿ ਤਿਨ ਬੋਲੇ ਜਲਧਿ ਬਿਬੇਕਾ॥੩੯॥'ਹਾਥਨ ਤੇ ਧਰਿ ਕਹਾਂ ਦੁਰਾਈ। ਲੇ ਆਵਹੁ ਤਿਨ ਕੋ[5] ਅਬਿ ਜਾਈ।–ਅੰਤਰਜਾਮੀ ਸਭਿ ਗੁਰ ਜਾਨੀ–। ਇਮ ਲਖਿ ਉਠਿ ਦੋਨਹੁਂ ਪੁਨ ਆਨੀ ॥ ੪੦ ॥ ਢੱਡ ਸਾਰੰਗੀ ਜਾਥਿ ਲੇ ਆਏ। ਦੋਨਹੁਂ ਖਰੇ ਭਏ ਅਗਵਾਏ।ਪ੍ਰਭੁ ਬੋਲੇ 'ਤੁਮ ਗਾਇ ਸੁਨਾਵਹੁ। ਜਥਾ ਹਮੇਸ਼ ਅਪਰ ਬਲ ਗਾਵਹੁ' ॥ ੪੧ ॥ ਸੁਨਿ ਕਰਿ

[1]ਮਾਸ। [2]ਮੁੜ ਪਏ। [3]ਫੇਰ ਦਸ ਬੀ ਹਟ ਆਏ ਗੁਰੂ ਜੀ ਦਾ ਡਰ ਮੰਨਕੇ। [4]ਨਾਲਦਿਆਂ ਦੀ ਦਸ਼ਾ ਦੇਖਦੇ ਹੋਏ। [5]ਭਾਵ ਢੱਡ ਸਾਰੰਗੀ। *ਹਰ ਚੰਗੀ ਗਲ ਵਹਿਮ ਬਣ ਜਾਇਆ ਕਰਦੀ ਹੈ। ਕੋਈ ਪੁਰਾਤਨ ਵੈਦਾਂ ਦਾ ਤਜਰਬਾ ਹੈ ਕਿ ਮਾਸ ਮੱਛੀ ਦੇ ਨਾਲ ਉਸੇ ਵੇਲੇ ਦੁੱਧ ਨਹੀਂ ਪੀਂਦੇ। ਪਰ ਇਹ ਗਾਂ ਮਹਿੰ ਦੇ ਦੁੱਧ ਦਾ ਵੇਰਵਾ ਉਸ ਅਮੂਲ ਤੇ ਕੋਈ ਲੋਕੋਕਤੀ ਜਾਪਦੀ ਹੈ। ਮੱਛੀ ਨਾਲ ਉਸੇ ਵੇਲੇ ਦੁੱਧ ਨਾ ਪੀਣਾ ਸੇਮਿਟਿਕ ਕੌਮਾਂ ਵਿੱਚ ਬੀ ਪਰਵਿਰਤ ਸੀ ਤੇ ਹੈ।

†ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

ਹੁਕਮ ਦਿਵਾਨੇ ਦੇਊ। ਕਰੀ ਸਾਰੰਗੀ ਸੁਰ ਮਿਲਿ ਸੋਊ। ਜੰਗਲ ਦੇਸ਼ ਸੱਦ[1] ਹੁਇ ਜੈਸੇ। ਊਚੇ ਸੁਰ ਗਾਵਨ ਲਾਗ ਤੈਸੇ ॥੪੨॥ ਕੱਚਾ ਕੋਠਾ ਵਿਚ ਵਸਦਾ ਜਾਨੀ ॥ ਸਦਾ ਨ ਮਾਪੇ ਨਿਤ ਨਹੀਂ ਜੁਆਨੀ ॥ ਚਲਨਾ ਆਗੇ ਹੋਇ ਗੁਮਾਨੀ* ॥
ਚੌਪਈ ॥ ਸੁਨਿ ਸ਼੍ਰੀ ਮੁਖ ਤੇ ਬਹੁਰ ਉਚਾਰੇ। 'ਤਿਸੀ ਰੀਤਿ ਕਹੁ ਫੇਰ ਪੁਕਾਰੇ। ਫੇਰ ਸਾਰੰਗੀ ਮੇਲ ਬਜਾਓ। ਊਚੇ ਸੁਰ ਸੋਂ ਗਾਇ ਸੁਨਾਓ' ॥੪੩॥ ਮਾਨਜੋਂ ਹੁਕਮ ਫੇਰ ਤਿਨ ਗਾਯੋ। ਊਚੇ ਸੁਰ ਸੋਂ ਭਲੇ ਸੁਨਾਯੋ। ਭਏ ਖੁਸ਼ੀ ਪ੍ਰਭੁ ਫੇਰ ਗਵਾਯੋ। ਤੀਨ ਬਾਰ ਤਿਮ ਹੀ ਕਹਿਵਾਯੋ ॥੪੪॥ ਬਸੇ ਰਾਤਿ ਕਰਿ ਖਾਨ ਰੁ ਪਾਨਾ। ਭਈ ਪ੍ਰਾਤਿ ਗੁਰ ਚਹਸਿ ਪਯਾਨਾ। ਤਬਿ ਸੁੱਖੂ ਬੁੱਧੂ ਹੁਇ ਖਰੇ। ਇਮ ਅਰਦਾਸ ਜੋਰਿ ਕਰ ਕਰੇ ॥੪੫॥ 'ਹਮ ਪਰ ਪ੍ਰਭੁ ਕੀਜੈ ਅਸਵਾਰੀ। ਜਿਮ ਕੀਨੀ ਮਗ ਚਲਤ ਅਗਾਰੀ[2]। ਇਹੀ ਭਾਵਨਾ ਪੂਰਨ ਕਰੀਅਹਿ। ਅਪਨੇ ਜਾਨਿ ਦਯਾ ਉਰ ਧਰੀਅਹਿ' ॥੪੬॥ ਸੁਨਿ ਗੁਰ ਪਲੰਘ ਅਪਨਿ ਉਠਵਾਯੋ। ਸੁਖੂ ਬੁੱਧੂ ਸੀਸ ਲਗਾਯੋ। ਦੁਇ ਸਿਖ ਅਪਰ ਲਗੇ ਹੈ ਸੰਗ। ਗਮਨੇ ਗੁਰੂ ਉਠਾਇ ਉਤੰਗ ॥੪੭॥ ਸੁੱਖੂ ਕੇ ਸਿਰ ਜਥਾ ਨਗਾਰਾ। ਸਮ ਡੰਕੇ ਹਾਥਨ ਗਹਿ ਮਾਰਾ। ਮੁਖ ਤੇ ਧੌਂ ਧੌਂ ਕਰਤਿ ਸਿਧਾਰੇ[3]। ਚਲੇ ਜਾਤਿ ਮਾਰਗ ਅਗਵਾਰੇ ॥੪੮॥ ਕਰ ਤੇ ਗੁਰੂ ਬਜਾਵਨ ਠਾਨੈ। ਧੌਂ ਧੌਂ ਸੁਖੂ ਮੁਖਹੁੰ ਬਖਾਨੈ। ਇਸੀ ਪ੍ਰਕਾਰ ਕੋਸ ਇਕ ਗਏ। ਤਹਿੰ ਸਤਿਗੁਰੂ ਉਤਰਤੇ ਭਏ ॥੪੯॥ ਕਰੀ ਭਾਵਨਾ ਪੂਰਨ ਤਾਂਹੀ। ਡੇਰਾ ਕਰਯੋ ਨੀਕ ਥਲ ਮਾਂਹੀ। ਥਿਰੇ ਪਲੰਘ ਪਰ ਜਲਧਿ ਬਿਬੇਕਾ। ਸੁੱਖੂ ਆਨਿ ਮਾਥ ਪਗ ਟੇਕਾ ॥੫੦॥ ਦੇਤਿ ਪ੍ਰਦਛਨਾ ਧਾਵਤਿ ਡੋਲਤਿ। ਊਂਘਾ ਊਂਘਾ ਮੁਖ ਤੇ ਬੋਲਤਿ[4]। ਹਾਰ ਪਰਯੋ ਜਬਿ ਦੌਰਤਿ ਦੌਰਤਿ। ਆਗੇ ਗਿਰਯੋ ਗੁਰੂ ਕੇ ਬੌਰਤਿ[5] ॥੫੧॥ ਕ੍ਰਿਪਾ ਦ੍ਰਿਸ਼ਟਿ ਤੇ ਦੇਖਨ ਠਾਨਾ। ਕਹਯੋ 'ਕਰਾਵਹੁ ਇਸੇ ਸ਼ਨਾਨਾ'। ਆਨਿ ਨੀਰ ਕੋ ਪਕਰਿ ਉਠਾਯੋ।

[1]ਲੰਮੀ ਹੇਕ ਦੇ ਟੱਪੇ ਯਾ ਛੋਟੇ ਗੀਤ ਨੂੰ ਸੱਦ ਕਹਿੰਦੇ ਹਨ। [2]ਭਾਵ ਜਿਵੇਂ ਪਿੱਛੇ (ਮਾਛੀਵਾੜੇ ਤੇ) ਪਲੰਘ ਪਰ ਚੜ੍ਹਕੇ (ਨੀਲੇ ਪਹਿਨਕੇ) ਸਫਰ ਕੀਤਾ ਸੀ। [3]ਭਾਵ ਗੁਰੂ ਜੀ ਸੁੱਖੂ ਦੇ ਸਿਰ ਤੇ ਨਗਾਰੇ ਵਾਂਗੂ ਤਾਲ ਨਾਲ (ਸਹਿਜੇ ਸਹਿਜੇ) ਹੱਥ ਮਾਰਦੇ ਹਨ ਤੇ ਉਹ ਨਗਾਰੇ ਵਾਂਗੂ ਧੌਂ ਧੌਂ ਬੋਲਦਾ ਹੈ। [4]'ਊਂਘਾਂ' 'ਊਂਘਾਂ' ਇਸ ਤਰ੍ਹਾਂ ਦੀ ਆਵਾਜ਼ ਬੋਲਦਾ ਹੈ। ਸਾਖੀ ਪੋਥੀ ਵਿਚ ਪਾਠ ਐਉਂ ਹੈ:—ਸੁੱਖੂ ਮੱਥਾ ਟੇਕਕੇ ਪਰਕੰਮਿਆਂ ਦੇਣ ਲਗਾ। ਨਾਲੇ ਕਰਦਾ ਫਿਰੇ ਊਘਾਂ ਊਘਾਂ ਭੱਨਾਂ ਫਿਰੇ, ਫੇਰ ਹਾਰਕੇ ਡਿੱਗ ਪਇਆ। (ਅ) ਊਂਘ ਵਿਚ ਜਿਵੇਂ ਬੋਲੀਦਾ ਹੈ ਤਿਵੇਂ। [5]ਬੌਰਾ ਹੋਕੇ।
*ਤਵਾਰੀਖ ਖਾਲਸਾ ਵਿਚ ਪਾਠ ਹੈ:—ਚਲਣਾ ਅੱਗੇ ਕਿਉਂ ਭਇਓਂ ਗੁਮਾਨੀ? ਹੋਹੁ ਸਿਆਣਾ ਨਹੀਂ ਪਸ਼ੂ ਜਿਵਾਨੀ। ਸਾਖੀ ਪੋਥੀ ਵਿਚ ਸੱਦ ਦਾ ਇਹ ਤੀਸਰਾ ਚਰਨ ਹੈ ਨਹੀਂ।

ਸਰਬ ਦੇਹ ਤੇ ਭਲੇ ਨੁਹਾਯੋ॥ ੫੨ ॥ ਸੁਧਿ ਆਈ ਬੋਲਨੋ ਤਿਸ ਬੇਰਾ। 'ਮੱਜਨ ਕਰੋਂ ਕਰਵਾਇਸਿ ਮੇਰਾ? ਉਪਜਨੋ ਉਰ ਮੈਂ ਬਡ ਬੈਰਾਗਾ[1]। ਅਬਿ ਘਟ ਗਯੋ ਭਯੋ ਲਘੁ ਭਾਗਾ[2] ॥ ੫੩ ॥ ਉਚਿਤ ਨਹੀਂ ਥੋ ਕਰਨ ਸ਼ਨਾਨਾ'। ਸੁਨਿ ਧੀਰਜ ਸਤਿਗੁਰੂ ਬਖਾਨਾ। ਦਯੋ ਰਜਤਪਣ ਇਕ ਚੌਕੂਨ[3]। 'ਰਹੁ ਪੂਜਤਿ ਪੁਨ ਹੋਇ ਦੁਗੂਨ[4]' ॥ ੫੪ ॥ ਸੋ ਦੇ ਕਰਿ ਪ੍ਰਭੁ ਰੁਖਸਦ ਕੀਨਾ। ਡੇਰੇ ਗਯੋ ਰੰਗ ਗੁਰ ਭੀਨਾ। ਅਬਿ ਲਗਿ ਸੋ ਚਹੁਕੂਨ ਰਪੱਯਾ। ਬੰਦਨ ਕਰਹਿਂ ਕਾਮਨਾ ਪੱਯਾ ॥ ੫੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੀਵਾਨੇ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋਂ ਅੰਸੂ ॥ ੧੮ ॥

੧੯. [ਮ੍ਰਿਤ ਸਰ। ਤਲਵੰਡੀ ਡੱਲੇ ਪਾਸ]।

ਦੋਹਰਾ ॥ *ਡੇਰਾ ਜੱਸੀ ਗ੍ਰਾਮ ਥਾ ਤਹਿਂ ਇਕ ਤਾਲ ਬਿਸਾਲ। ਸ਼ਸਤ੍ਰ ਬਸਤ੍ਰ ਕ ਸਹਿਤ ਗੁਰ ਭੇ ਪ੍ਰਵੇਸ਼ ਤਿਸ ਕਾਲ ॥੧॥ ਚੌਪਈ ॥ ਤਟ ਉਰਾਰ ਤੇ ਭਏ ਪ੍ਰਵੇਸ਼ੁ। ਉਲੰਘੇ ਤਤਛਿਨ ਤਾਲ ਅਸ਼ੇਸ਼ੁ। ਰੰਗ ਦਾਰ ਪੋਸ਼ਿਸ਼ ਸਰਬੰਗ। ਮੁਸ਼ਕੀ ਚੰਚਲ ਤਰੇ ਤੁਰੰਗ ॥ ੨ ॥ ਪਰਲੇ ਤੀਰ ਜਾਇ ਥਿਰ ਭਏ। ਹਯ ਪੋਸ਼ਿਸ਼ ਉੱਜਲ[5] ਹ੍ਵੈ ਗਏ। ਲੋਕ ਹਜ਼ਾਰਹੁਂ ਪਿਖਿ ਬਿਸਮਾਏ। ਢਿਗ ਸਗਰੇ ਹੁਇ ਬਾਕ ਅਲਾਏ ॥ ੩ ॥ 'ਕੌਤਕ ਕਹਾਂ ਆਪ ਦਰਸਾਯਹੁ। ਬਸਤ੍ਰ ਤੁਰੰਗ ਸੁਪੇਦ ਬਨਾਯਹੁ। ਸਿਰ ਦਸਤਾਰ ਰਹੀ ਸੁਰਮਈ'। ਸੁਨਿ ਸ੍ਰੀ ਪ੍ਰਭੁ ਸਭਿ ਸਨ ਕਹਿ ਦਈ ॥ ੪ ॥ 'ਬਿਚਰਤਿ ਰਾਮ ਚੰਦ ਇਤ ਆਏ। ਇਹਾਂ ਸ਼ਨਾਨ ਕੀਨਿ ਹਰਖਾਏ। ਤਬਿ ਕੋ ਇਹ ਤੀਰਥ ਬਹੁ ਪਾਵਨ। ਪੁਰਬੀ ਸਮਾ, ਕੀਯੋ ਹਮ ਪਾਵਨ[6] ॥੫॥ ਯਾਂਤੇ ਬਿਸਦ ਬਸਤ੍ਰ ਹਯ ਭਯੋ[7]। ਪੁਰਬੀ ਤੇ ਫਲ ਪਾਵਨ ਕਯੋ। ਬੱਗਾ ਸਰ ਤੀਰਥ ਕੋ ਨਾਮੂ†। ਪਾਵਨ ਅਧਿਕ

---

[1](ਇਸ਼ਨਾਨ ਤੋਂ ਪਹਿਲਾਂ) ਦਿਲ ਵਿਚ ਵੱਡਾ ਵੈਰਾਗ ਪੈਦਾ ਹੋਇਆ ਸੀ। [2]ਹੁਣ ਉਹ ਘਟ ਗਿਆ ਹੈ, ਤੇ ਥੋੜਾ ਜਿਹਾ ਹਿੱਸਾ (ਉਸ ਦਾ) ਹੋਗਿਆ ਭਾਵ ਰਹਿ ਗਿਆ ਹੈ। (ਅ) ਭਯੋ ਲਘੁ ਭਾਗਾ=ਤੁੱਛ ਪੁੰਨਾਂ ਵਾਲਾ ਹੋਇਆ ਹਾਂ। [3]ਚਾਰ ਕੋਨਿਆਂ ਵਾਲਾ। [4]ਫੇਰ ਦੁਗਣਾ (ਵੈਰਾਗ) ਹੋ ਜਾਏਗਾ।(ਅ)ਦੁਗਣਾ(ਧਨ)ਹੋ ਜਾਵੇਗਾ। [5]ਚਿੱਟੇ। [6]ਸਮਾਂ ਪੁਰਬੀ ਦਾ ਸੀ ਪਵਿੱਤ੍ਰ ਅਸਾਂ ਨੇ ਕੀਤਾ ਹੈ। [7]ਇਸ ਕਰਕੇ ਕਪੜੇ ਤੇ ਘੋੜਾ ਚਿੱਟੇ ਹੋ ਗਏ ਹਨ। *ਇਹ ਸਾਖੀ ਪੋਥੀ ਦੀ ਸਾਖੀ ਹੈ।

†ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਇਹ ਮ੍ਰਿਤਸਰ ਤੀਰਥ ਹੈ ਰਾਮ ਦੇ ਪੁੱਤ੍ਰਾਂ ਦਾ ਪਾਪ ਇਥੇ ਤਰਕੇ ਹਟਿਆ ਸੀ। ਤੀਰਥ ਲੋਪ ਸੀ ਅਸਾਂ ਅਜ ਨਹਾਕੇ ਤੇ ਇਹ ਕੌਤਕ ਦੱਸਕੇ ਪ੍ਰਗਟ ਕੀਤਾ ਹੈ। ਇਹ ਤਾਂ ਠੀਕ ਹੈ ਕਿ ਉਥੇ ਸਤਿਸੰਗ ਕੀਰਤਨ ਥਾਪ ਦਿਤਾ ਤੇ ਹੁਣ ਤਕ ਗੁਰਦੁਆਰਾ ਹੈ, ਸਰ ਭੀ ਹੈ, ਬਠਿੰਡੇ ਦੇ ਇਲਾਕੇ ਵਿਚ ਹੈ। ਪਰ ਕੌਤਕ ਗੁਰੂ ਜੀ ਦਾ ਆਪਣਾ ਹੈ, ਪੁਰਬੀ ਵਾਲੀ ਗਲ ਬਾਤ ਲੋਕਾਂ ਮਗਰੋਂ ਬਣਾਈ ਹੈ। ਕਵੀ ਜੀ ਦੇ ਲਿਖੇ ਮੂਜਬ ਨੀਲੇ ਬਸਤ੍ਰ ਭੀ ਪਿੱਛੇ ਉਤਾਰ ਆਏ ਹਨ, ਪਰ ਸਾਖੀ ਪੋਥੀ ਵਿਚ ਦੀਵਾਨਿਆਂ ਵਾਲੀ ਸਾਖੀ ਵਿਚ ਨੀਲੇ ਕਪੜੇ ਫਿਰ ਪਹਿਨੇ ਲਿਖੇ ਹਨ, ਯਥਾ—'ਅੱਗੇ ਕੋ ਜਦ ਤੋਂ ਗੁਰੂ ਜੀ ਘੋੜੇ ਉਤੇ ਅਸਵਾਰੀ ਕੀਤੀ। ਉਸਦਾ ਭਾਉ ਕਰਕੇ ਚੜ੍ਹ ਮੇ ਪਲੰਘ ਉਪਰ। ਸੁਖ ਨੇ ਆਖਿਆ ਸੀ ਜੋ ਸਾਂਗ ਆਪ ਮਾਛੀਵਾੜੇ ਕੀਤਾ ਹੈ ਸੋ ਦਿਖਾਓ। ਜੋ ਉਤੇ ਚੜ੍ਹੇ ਨੀਲੀ ਪੋਸ਼ਾਕ ਪਹਿਰੀ, ਉਸ ਨੂੰ ਰਾਜੀ ਕੀਤਾ।'

ਸਪਰਸੇ ਰਾਮੂ' ॥ ੬ ॥ ਸੁਨਿਕੈ ਸਿਖ ਤਬਿ ਸਰਬ ਨਹਾਇ।ਸ਼੍ਰੀ ਗੁਰ ਤਿਨ
ਸੌਂ ਬਹੁਰ ਜਨਾਇ।'ਪੁਰਬੀ ਸਮਾ ਗਯੋ ਟਰਿ ਅਬੈ।ਨਹੀਂ ਮਹਾਤਮ ਪ੍ਰਾਪਤਿ
ਸਬੈ' ॥੭॥ ਚਲਿ ਕਰਿ ਪੁਨ ਡੇਰੇ ਮਹਿਂ ਆਏ। ਖਰੇ ਹੋਇ ਕਹਿ ਸਭਿਨਿ
ਸੁਨਾਏ। 'ਜੱਸੀ ਆਇ ਚਲੇ ਗੁੜ ਖਾਇ ਚਲੇ। ਜੱਸੀ ਆਇ ਚਲੇ ਗੁੜ
ਖਾਇ ਚਲੇ' ॥੮॥ ਦੁਇ ਤ੍ਰੈ ਬਾਰੀ ਕਹਯੋ ਸੁਨਾਈ। ਤੂਸ਼ਨਿ ਰਹੇ ਸਕਲ
ਬਿਸਮਾਈ। ਬੀਤ ਗਈ ਜਬਿ ਘਟਿਕਾ ਚਾਰੀ। ਉਤਰਿ ਥਿਰੀ ਸੈਨਾ
ਤਬਿ ਸਾਰੀ ॥੯॥ ਏਕ ਲੁਬਾਨਾ ਤਹਿਂ ਚਲਿ ਆਯੋ। ਬੈਲਨ ਬ੍ਰਿੰਦ ਸੰਗ
ਮੈਂ ਲਯਾਯੋ। ਕਰਤਿ ਵਿਰਤਿ ਗੁੜ ਕੋ ਵਾਪਾਰਾ। 'ਉਤਰੇ ਗੁਰੂ' ਸੁਨਤਿ
ਮੁਦ ਧਾਰਾ ॥੧੦ ॥ ਪੱਕਾ ਤੀਸ ਮਣਾ ਗੁੜ ਲਯਾਇ। ਸ਼੍ਰੀ ਗੁਰ ਆਗੈ ਭੇਟ
ਚੜ੍ਹਾਇ। ਕਰਿ ਬੰਦਨ ਕੋ ਦਰਸ਼ਨ ਪਾਯੋ। ਰਿਦੇ ਅਨੰਦ ਜਨਮ ਸਫਲਾਯੋ
॥ ੧੧ ॥ ਖੁਸ਼ੀ ਕਰੀ ਗੁਰ ਪੂਰੀ ਆਸਾ। ਅੰਤ ਸਮੈਂ ਕੋ ਦੇ ਭਰਵਾਸਾ।
ਨਿਕਟ ਗੁਰੂ ਕੇ ਕੀਨਸਿ ਡੇਰਾ। ਏਕ ਨਿਸਾ ਕੋ ਕੀਨਿ ਬਸੇਰਾ ॥ ੧੨ ॥
ਤਿਸ ਦਿਨ ਰਸਤ ਨਹੀਂ ਬਰਤਾਈ।ਜਿਤਿਕਅਚੈਂ ਗੁੜ ਦਿਯ ਸਭਿਤਾਂਈ।
ਨਹੀਂ ਦੇਗ਼ ਭੀ ਤਿਸ ਦਿਨ ਹੋਈ। ਗੁੜ ਕੋ ਖਾਇ ਰਹੇ ਸਭਿ ਕੋਈ ॥
੧੩॥ ਸਕਲ ਤੁਰੰਗਨਿ ਦਈ ਨਿਹਾਰੀ। ਦੇਗ਼ ਕਰੀ ਅਗਲੇ ਦਿਨ ਭਾਰੀ।
ਬਹੁਰ ਗ੍ਰਾਮ ਕੇ ਨਰ ਗਨ ਆਏ। ਜਥਾ ਸ਼ਕਤਿ ਭੇਟਨ ਕੋ ਲ੍ਯਾਏ ॥੧੪
॥ ਕੇਤਿਕ ਦਿਨ ਮੁਕਾਮ ਕਰਿ ਥਿਰੇ। ਬਹੁਰ ਕੂਚ ਤਹਿਂ ਤੇ ਪ੍ਰਭੁ ਕਰੇ।
ਪੱਕੇ ਗ੍ਰਾਮ* ਕੀਯੋ ਪੁਨ ਡੇਰਾ। ਏਕ ਨਿਸਾ ਤਹਿਂ ਬਸੇ ਬਸੇਰਾ ॥ ੧੫ ॥
ਗੁਰ ਤੁਰੰਗ ਜਹਿਂ ਲਾਵਨ ਕੀਨਿ। ਮੇਖ[1] ਤਹਾਂ ਗਾਡੀ ਧਰ ਤੀਨਿ।ਤੀਨਹੁੰ
ਜੰਡ ਹਰੇ ਹੁਇ ਗਏ। ਅਬਿ ਲੌ ਖਰੇ ਨਰਨ ਦਰਸਏ॥ ੧੬ ॥ ਪੁਨ ਤਹਿਂ
ਤੇ ਕਰਿ ਕੂਚ ਪਯਾਨੇ। ਸੁਨਿ ਸੁਨਿ ਨਰ ਦਰਸ਼ਨ ਕੋ ਠਾਨੇ। ਰਹ੍ਯੋ
ਨਿਕਟ ਤਿਲਵੰਡੀ ਗ੍ਰਾਮੂ। ਜਹਾਂ ਬਸੈ ਡੱਲਾ* ਕਰਿ ਧਾਮੂ ॥ ੧੭ ॥ ਸਾਬੋ
ਕੇ ਰਾਹਕ ਗਨ ਜੇਤੇ। ਤਿਸ ਕੇ ਅਨੁਸਾਰੀ ਰਹਿਂ ਤੇਤੇ। ਤਿਨ ਸੁਨਿ ਕਰਿ
ਸਤਿਗੁਰ ਆਗਵਨੂ। ਆਏ ਨਿਕਟ ਦੁਸ਼ਟ ਦਲ ਦਵਨੂ[2] ॥ ੧੮॥ ਭਵਨ
ਭਵਨ ਪ੍ਰਤਿ[3] ਮਾਨਵ ਪਠਿ ਕੈ। ਰਾਹਕ ਸਕਲ ਹਕਾਰਿ ਇਕਠਿਕੈ।
ਸ਼ਸਤ੍ਰ ਧਾਰਿ ਤਤਛਿਨ ਚਲਿ ਆਏ। ਸੁਭਟ ਚਤੁਰ ਸ਼ਤ ਕੋ ਸਮੁਦਾਏ[4]।

---

[1]ਕਿੱਲੇ। [2]ਭਾਵ ਸ੍ਰੀ ਹਜ਼ੂਰ ਜੋ ਨੇੜੇ ਆ ਗਏ ਹਨ। [3]ਘਰ ਘਰ ਵਿਚੋਂ। [4]ਚਾਰ ਸੌ ਦਾ ਇਕੱਠ।

*ਇਹ ਦੋਵੇਂ ਸਾਖੀਆਂ ਸਾਖੀ ਪੋਥੀ ਵਿਚੋਂ ਹਨ। ਡੱਲੇ ਵਾਲੀ ਇਥੋਂ ਨਾਲੋਂ ਭਿੰਨ ਹੈ।

੧੯ ॥ ਗਮਨਨੋਂ ਮਿਲਿ ਸਭਿ ਸੰਗ ਅਗਾਰੀ । ਆਦਰ ਹੇਤੁ ਭਾਉ ਕਰਿ ਭਾਰੀ । ਆਵਤਿ ਚਢੇ ਰੂਪ ਸੁਖਕੰਦਾ । ਦੇਖਤਿ ਸਭਿ ਕੇ ਅਧਿਕ ਅਨੰਦਾ ॥੨੦॥ ਦੇ ਕਰਿ ਭੇਟ ਚਰਨ ਅਰਬਿੰਦੇ । ਸਿਰ ਧਰਿ ਬੰਦੇ ਦ੍ਵੈ ਕਰ ਬੰਦੇ। ਸਭਿ ਰਾਹਕ ਹੁਇ ਹੁਇ ਕਰਿ ਨੇਰੇ । ਚਰਨ ਸਪਰਸ਼ਤਿ ਭਾਗ ਬਡੇਰੇ ॥ ੨੧॥ਸਨੇ ਸਨੇ ਹਟਿਗੇ ਕਰਿ ਨਮੋ।ਕੁਸ਼ਲ ਪ੍ਰਸ਼ਨ ਗੁਰ ਕਿਯ ਤਿਹ ਸਮੋ। 'ਜੁਤਿ ਬਾਂਧਵ ਗਨ ਤਵ ਪਰਵਾਰਾ। ਅਹੈ ਅਰੋਗ ਕੌਮ ਬਡ ਭਾਗਾ ?' ॥ ੨੨ ॥ 'ਸ੍ਰੀ ਪ੍ਰਭੁ ਕ੍ਰਿਪਾ ਆਪ ਕੀ ਪਾਏ । ਸਭਿ ਬਿਧਿ ਕੁਸ਼ਲ ਗ੍ਰਾਮ ਸਮੁ-ਦਾਏ । ਦਰਸ਼ਨ ਸ਼੍ਰੇਯ ਮੂਲ ਅਬਿ ਪਾਵਾ।ਸੁਨਿ ਆਗਵਨ ਅਨੰਦ ਵਧਾਵਾ' ॥ ੨੩ ॥ ਕਿਤਿਕ ਦੂਰ ਤਲਵੰਡੀ ਰਹੀ। ਉਤਰਿ ਪਰੇ ਪਿਖਿ ਸੁਨਿ ਥਲ ਤਹੀ[1]।'ਸਕਲ ਬਹੀਰ ਜਬੈ ਚਲਿ ਆਵੈ।ਸੰਧ੍ਯਾ ਭਈ ਗ੍ਰਾਮ ਢਿਗ ਜਾਵੈਂ' ॥੨੪॥ਫ਼ਰਸ਼ ਬਿਸਾਲ ਕਰੇ ਤਿਸ ਥਾਨਾ।ਬੈਠਿ ਗਏ ਪੁਨ ਕ੍ਰਿਪਾ ਨਿਧਾਨਾ। ਬ੍ਰਿੰਦ ਬਿਰਾਦਰ ਲੇ ਕਰਿ ਸੋਈ। ਬੈਠ੍ਯੋ ਡੱਲਾ ਪ੍ਰਭੁ ਢਿਗ ਹੋਈ ॥ ੨੫ ॥ ਕਰ ਕੋ ਜੋਰਿ ਪ੍ਰਸੰਗ ਚਲਾਵਾ । 'ਤੁਰਕ ਦੁਸ਼ਟ ਬਹੁ ਕਪਟ ਕਮਾਵਾ । ਆਪ ਲਰੇ ਕੀਨਸਿ ਘਮਸਾਨਾ । ਭਯੋ ਬਿਨਾਸ਼ੀ ਗਨ ਤੁਰਕਾਨਾ ॥ ੨੬ ॥ ਕਹਾਂ ਮੁਲਖ ਕੋ ਮਾਲਿਕ ਸ਼ਾਹੂ । ਕਹਾਂ ਆਪ ਢਿਗ ਭਟ, ਉਤਸਾਹੂ । ਕਾਰਜ ਪਰੇ ਜੰਗ ਕੇ ਭਾਰੀ । ਸਾਹਿਬਜ਼ਾਦੇ ਮ੍ਰਿਤੁ ਭੇ ਚਾਰੀ ॥ ੨੭ ॥ ਭੀਰ ਕਠਨ ਰਾਵਰ ਪਰ ਆਈ । ਘੇਰ੍ਯੋ ਆਨੰਦਪੁਰਿ ਚਹੁੰ ਘਾਈ । ਸ੍ਰਮੈਂ ਕਸ਼ਟ ਕੇ ਅਸ ਜਬਿ ਆਏ । ਹਮ ਕੋ ਸਿਮਰ੍ਯੋ ਨਹੀਂ ਕਦਾਇ ॥ ੨੮॥ ਦੋ ਸੈ ਕਿਧੌਂ ਤੀਨ ਸੈ ਬੀਰਾ ।ਲੇ ਕਰਿ ਮੈਂ ਪਹੁੰਚਤਿ ਪ੍ਰਭੁ ਤੀਰਾ। ਕਰਿ ਪ੍ਰਾਕ੍ਰਮ ਕੇ ਜੁੱਧ ਬਿਸਾਲੇ । ਸਭਿ ਬਿਧਿ ਤੁਮ ਕੋ ਰਖਤਿ ਸੁਖਾਲੇ'॥੨੯॥ਸੁਨਿ ਕਰਿ ਡੱਲੇ ਤੇ ਸ਼ੁਭਿ ਬੈਨੰ । ਸ੍ਰੀ ਮੁਖ ਭਾਖ੍ਯੋ ਪੰਕਜ ਨੈਨੰ । 'ਭਈ ਸੁ ਭਈ ਬੀਤ ਅੱਬਿ ਗਇਊ।ਹਾਥ ਨ ਆਵੈ ਜਤਨ ਜਿ ਕਇਊ॥੩੦॥ ਜੰਗ ਬਿਖੈ ਮਾਰਨ ਕੈ ਮਰਨੋ।ਪਸ਼ਚਾਤਾਪ ਕਹਾਂ ਤਿਸ ਕਰਨੋ'।ਪੁਨ ਡੱਲਾ ਬੋਲ੍ਯੋ ਸੁਨਿ ਐਸੇ। 'ਅਹੈ ਜਬਾਵਤ ਉਚਰਹੁ ਜੈਸੇ॥੩੧॥ਤਉ ਦਾਸ ਹਮ ਰਾਵਰ ਕੇਰੇ । ਘਾਲਤਿ ਰਣ ਘਮਸਾਨ ਘਨੇਰੇ । ਕਰਤਿ ਕਾਜ ਰਾਵਰ ਕੇ ਤਬਿਹੂ । ਲੇ ਕਰਿ ਮੈਂ ਪਹੁੰਚਤਿ ਭਟ ਸਭਿਹੂੰ ॥ ੩੨॥ ਲਿਖਤ ਹੁਕਮਨਾਮਾ ਜੋ ਪਠਿ ਹੋ[2] । ਬਿਨਾਂ ਬਿਲੰਬ ਮਿਲਤਿ ਮੈਂ ਤਟ ਹੋ[3] । ਸਭਿ ਬਿਧਿ ਕਰਿ ਸਹਾਇ ਲੇ ਆਵਤਿ।

[1](ਗਲਾਂ ਬਾਤਾਂ) ਕਹਿ ( ਕਹਾ ਕੇ) ਦਰਸ਼ਨ ( ਦੇਕੇ ) ਉਦੋਂ ਹੀ ਉਤਰ ਪਏ । [2]ਜੋ ( ਆਪ ) ਹੁਕਮ ਦਿੰਦੇ । [3]ਭਾਵ ਬੜੀ ਛੇਤੀ ਮੈਂ ਆਪ ਪਾਸ ਪੁੱਜਦਾ ।

ਇਤੇ ਬਿਘਨ ਕਰੋਂ ਹ੍ਵੈਬੇ ਪਾਵਤਿ' ॥ ੩੩ ॥ ਸੁਨਿ ਸ਼੍ਰੀ ਪ੍ਰਭੁ ਪੁਨ ਤਿਨ ਸਮੁਝਾਯੋ।'ਸਮਾ ਬਿਤਯੋ ਕਬਿ ਹਾਥ ਨ ਆਯੋ।ਨਹੀਂ ਉਪਾਇਬਨਹਿ ਅਬਿ ਤਾਹੂੰ। ਹੋਨਹਾਰ ਸਿਰ ਪਰ ਸਭਿ ਕਾਹੂੰ' ॥ ੩੪ ॥ ਇਤੋ ਕਹਯੋ ਪਰ ਤਊ ਨ ਮੌਨੈਂ[1]। ਤਜੈਂ ਪ੍ਰਸੰਗ, ਸੁਨਾਵੈ ਤੌਨੈਂ[2]।ਅਪਨੋ ਆਪਾ ਕਰਹਿ ਜਨਾਵਨ। ਲਰੇ ਮਰੇ ਬਿਨ ਬਡਤਾ ਪਾਵਨ[3] ॥੩੫॥ ਸਭਾ ਹਜ਼ਾਰਹੁੰ ਸੁਭਟਨਿ ਕੇਰੀ। ਬੈਠੇ ਸਨਧ ਬੱਧ ਤਿਸ ਬੇਰੀ। ਲਵਪੁਰਿ ਕੇ ਕਾਰੀਗਰ ਆਏ। ਬਹੁ ਮੋਲੀ ਬਰ ਤੁਪਕਨ ਲਯਾਏ ॥ ੩੬ ॥ ਆਨਿ ਹਜ਼ੂਰ ਪ੍ਰਭੂ ਕੇ ਧਰੀ। ਕਰ ਪੰਕਜ ਮਹਿਂ ਗਹਿਬੇ ਕਰੀ। ਅੰਤਰ ਵਹਿਰ ਹੇਰਿ ਬਿਧਿ ਨਾਨਾ। ਦਸਤਰਵਾਂ ਕਰਿ ਤਾਕਿ ਨਿਸ਼ਾਨਾ ॥ ੩੭ ॥ ਸਭਾ ਬਿਖੇ ਡੱਲੇ ਕਹੁ ਪਰਖਨ। ਸਭਿਨਿ ਸੁਨਾਇ ਕਹਯੋ ਰਿਪੁ ਧਰਖਨ[4]। 'ਭੋ ਡੱਲਾ ! ਦੀਜੈ ਨਰ ਦੌਇ। ਹਤਹਿਂ ਤੁਰੰਗ ਪਰਖ ਪੁਨ ਹੋਇ ॥ ੩੮ ॥ ਕਿਤਿਕ ਤੋੜ ਕਰਿ ਘਾਵਨ ਘਾਲਹਿ[5]। ਮਰਹਿ ਕਿ ਨਹੀਂ ਸੁਭਟ ਤਤਕਾਲਹਿ'।ਸੁਨਿ ਗੁਰਬਾਕ ਸਕਲ ਬਿਸਮਾਏ। –ਇਹ ਕਸ ਕਹਯੋ'ਨਰਨ ਕੌ ਘਾਏ[6]'–॥੩੯॥ਜੇ ਡੱਲੇ ਸੰਗ ਭ੍ਰਾਤ ਬਟੇਰੇ। ਚਲਯੋ ਚਹਤਿ ਨਿਜ ਧਾਮਨ ਓਰੇ। ਭਏ ਭੀਰੁ[7], ਧੀਰਜ ਤਜਿ ਬੀਰਾ। ਬੈਠਯੋ ਜਾਇ ਨਹੀਂ ਗੁਰੁ ਤੀਰਾ॥੪੦॥ ਸੁਨਤਿ ਹੁਤੇ ਜਿਮ ਗੁਰ ਕੀ ਚਾਲਾ। ਦਿਨ ਪ੍ਰਤਿ ਸੁੱਖਾ ਛਕਹਿਂ ਬਿਸਾਲਾ। ਮਨ ਭਾਵਤਿ ਬੋਲਹਿਂ ਮੁਖ ਆਈ। –ਅਹੈ ਸਿਰੜ–ਕਹਿਂ ਬਿਮੁਖ ਬਨਾਈ[8] ॥ ੪੧ ॥–ਤੁਪਕ ਪਰਖਿਬੇ ਨਰ ਹਤਿ ਚਹੈਂ। ਕਹਹੁ ਕੌਨ ਕਿਮ ਇਨ ਢਿਗ ਰਹੈ–। ਤਬਿ ਡੱਲੇ ਕੀ ਆਂਖ ਬਚਾਇ। ਆਧੇ ਗਾਹਕ ਗਏ ਸਿਧਾਇ ॥੪੨॥–ਨਹਿਂ ਕਹਿ ਦੇਹਿਂ,ਅੱਗ੍ਰ ਤੂੰ ਆਇ[9]। ਖਰੇ ਹੋਇ ਗੁਲਕਾਂ ਤਨ ਖਾਇ–। ਅਸ ਭੈ ਧਰਿ ਧਰਿ ਘਰੌਂ ਸਿਧਾਰੇ। ਅਰਧ ਰਹੇ ਸੋ ਭੀ ਡਰ ਧਾਰੇ ॥੪੩॥ ਸੁਨਿ ਡੱਲਾ ਬਿਸਮਯੋ ਧਰਿ ਮੌਨ। ਬੈਠਯੋ ਨੀਵ ਗ੍ਰੀਵ, ਮੁਖ ਔਨ[10]। ਕੈਧੌਂ ਕਹਤਿ ਹੁਤੋ ਬਹੁ ਬਾਤੀ। ਕੈ ਤੂਸ਼ਨਿ ਭਾ ਨਿਜ ਮਤਿ ਹਾਤੀ ॥ ੪੪ ॥ ਸ੍ਰੀ ਪ੍ਰਭੁ ਤੁਪਕ ਹਾਥ ਧਰਿ

---

[1]ਨਾ ਚੁੱਪ ਹੋਇਆ। [2](ਸ੍ਰੀ ਗੁਰੂ ਜੀ) ਪ੍ਰਸੰਗ ਛਡਦੇ ਹਨ ( ਪਰ ਡੱਲਾ ) ਓਹਨਾਂ ਨੂੰ ਸੁਣਾਂਵਦਾ ਹੈ। [3]ਲੜੇ ਮਰੇ ਬਿਨਾਂ ਹੀ ਵਡਿਆਈ ਪਾਵਣਾ ( ਚਾਹੁੰਦਾ ਹੈ )। [4]ਵੈਰੀਆਂ ਨੂੰ ਦਬਾਉਣ ਵਾਲੇ ਭਾਵ ਸ੍ਰੀ ਗੁਰੂ ਜੀ ਨੇ। [5]ਕਿਥੋਂ ਤੋੜੀ ਮਾਰ ਕਰਦੀ ਹੈ। [6]ਨਰਾਂ ਨੂੰ ਮਾਰੀਏ। [7]ਕਾਇਰ ਹੋ ਗਏ। [8]ਬੇਮੁਖ ਬਣਾਕੇ ਕਹਿੰਦੇ ਹਨ ( ਕਿ ਗੁਰੂ ਜੀ ਨੂੰ ) ਸਿਰੜ ਹੈ [ ਸਿਰੜ=ਜ਼ਿਦ, ਹੱਠ ]। [9]ਮਤਾਂ ਡੱਲਾ ਕਹਿ ਦੇਵੇ ਕਿ ਤੂੰ ਅੱਗੇ ਆ। [10]ਮੂੰਹ ਧਰਤੀ ਵਲ।

ਰਹੇ। ਕਬਹੁਂ ਪਲੀਤਾ ਖੋਲਤਿ ਲਹੇ। ਗਜ ਨਿਕਾਲ ਡਾਲਤਿ ਫਿਰ ਕਬੈ। ਕੋਠੀ[1] ਕਿਤਿਕ ਬਨੀ ਲਖਿ ਤਬੈ॥੪੫॥ ਇਮ ਦੇਖਤਿ ਭੇ ਕੇਤਿਕ ਸਮੈਂ। ਢਿਗ ਬੈਠੇ ਸਭਿ ਕੇ ਮੁਖ ਨਿਮੇ। ਪੁਨ ਬੋਲੇ 'ਡੱਲੇ! ਨਰ ਦੋਇ। ਹਮ ਕੋ ਦੇਹੁ[2] ਖਰੇ ਹੁਇੰ ਜੋਇ[3]॥੪੬॥ਮਾਰਿ ਤੁਫੰਗਨਿ ਪਰਖਨਿ ਠਾਨੈਂ। ਕੇਤਿਕ ਘਾਵ ਕਰਹਿ ਸਭਿ ਜਾਨੈਂ'[4]।ਸੁਨਿ ਕਰਿ ਡੱਲੇ ਤੂਸ਼ਨਿ ਠਾਨੀ। ਊਚ ਗ੍ਰੀਵ ਕਰਿ ਕੁਛ ਨ ਬਖਾਨੀ ॥੪੭॥ ਸੁਨਿ ਬੈਧਪ ਉਠਿ ਉਠਿ ਬਹੁ ਗਏ। ਧੀਰ ਸਹਿਤ ਨਹਿਂ ਥਿਰਤਾ ਲਏ।ਚਾਕਰ ਨਹੀਂ ਜਿ ਡਰ ਢਿਗ ਰਹੇ।ਹੁਤੇ ਭ੍ਰਾਤ ਗਮਨੇ ਚਿਤ ਚਹੇ ॥ ੪੮ ॥–ਸਭਾ ਬਿਖੈ ਮੁਝ ਕੋ ਨ ਪਚਾਰੇ। ਜਾਹੁ ਖਰੇ ਹੁਇ ਗੁਰੂ ਅਗਾਰੇ–। ਇਮ ਚਿਤ ਜਾਨਿ ਤ੍ਰਾਸ ਧਰਿ ਗਏ। ਨਹੀਂ ਸਭਾ ਮਹਿਂ ਸੋ ਥਿਰ ਭਏ॥ ੪੯ ॥ ਸਤਿਗੁਰ ਖਯਾਲ ਤਿਨਹੁਂ ਤੇ ਟਾਲਿ। ਪਰਚੇ ਪਿਖਿਨਿ ਤੁਪਕ ਦ੍ਵੈਨਾਲਿ[5]। ਪੁਨ ਬਰੂਦ ਗੋਰੀ ਜੁਗ ਡਾਰੀ।ਗਜ ਸੋਂ ਠੋਕਿ ਭਲੇ ਕਿਯ ਤਯਾਰੀ ॥ ੫੦॥ ਤ੍ਰਿਤੀ ਬਚਨ ਕੋ ਬਹੁਰ ਬਖਾਨਾ। ਰਹਯੋ ਨ ਕੋ ਗਾਹਕ ਤਿਸ ਥਾਨਾ। ਤਬਿ ਤੋਰਾ ਸੁਲਗਾਇ ਮੰਗਾਯੋ। ਇਕ ਸਿਖ ਸੰਗ ਹੁਕਮ ਫੁਰਮਾਯੋ ॥੫੧॥ 'ਦ੍ਵੈ ਰੰਗਰੇਟੇ ਸਿਖ ਤਿਸ ਥਾਂਏ। ਥਿਰੇ ਦੂਰ ਦੇਖਹੁ ਦ੍ਰਿਗ ਲਾਏ। ਨਾਮ ਦੁਹਨ ਮਹਿਂ ਨਹਿਂ ਕਿਹ ਲੀਜੈ।–ਗੁਰੂ ਹਕਾਰਤਿ–ਇਮ ਕਹਿ ਦੀਜੈ ॥ ੫੨ ॥–ਹਤਹਿਂ ਤੁਪਕ–ਇਹ ਦੇਹੁ ਬਤਾਈ। –ਪਰਖਨ ਹੇਤੁ ਘਾਵ ਕੋ ਘਾਈ–'। ਸੁਨਿ ਸਿਖ ਗਯੋ ਸੁ ਜਾਇ ਅਲਾਵੈ। 'ਹਿਤ ਹਤਿਬੇ ਇਕ, ਗੁਰੂ ਬੁਲਾਵੈਂ' ॥ ੫੩ ॥ ਨਹਿਂ ਦੋਨਹੁਂ ਤਬਿ ਪਾਗ ਸੰਭਾਰੀ। ਕੁਛ ਸਿਰ ਪਰ ਕੁਛ ਕਰ ਮਹਿਂ ਧਾਰੀ।ਝਗਰਤ ਆਵਹਿਂ ਦੋਨਹੁਂ ਚਲੇ। ਸਭਾ ਸਹਤਿ ਗੁਰ ਆਗੇ ਖਲੇ॥ ੫੪ ॥ 'ਤੁਮ ਮਹਿਂ ਤੇ ਹਮ ਏਕ ਹਕਾਰਾ। ਕਿਮ ਦੋਊ ਥਿਰ ਝਗਰਾ ਡਾਰਾ'। ਕਹੈਂ ਜੋਰਿ ਕਰ 'ਗਯੋ ਹਕਾਰਨ। ਨਹਿਂ ਇਕ ਕੋ ਕਿਯ ਨਾਮ ਉਚਾਰਨਿ ॥੫੫॥ਮੈਂ ਚਾਹੌਂ ਥਿਰ ਅੱਗ੍ਰ ਤੁਫੰਗਾ। ਇਹ ਚਾਹਤਿ ਝਗਰਤਿ ਮੁਝ ਸੰਗਾ। ਮੋ ਪਰ ਹਤਿ[6] ਪਰਖਹੁ ਪ੍ਰਭੁ ਅਬੈ'। ਸੁਨਿ ਪ੍ਰਸੰਨ ਹੋਏ ਗੁਰ ਤਬੈ ॥ ੫੬ ॥ 'ਦੇਖਹੁ ਡੱਲਾ ਇਨ ਸਮ ਬੀਰ। ਜੰਗ ਕਰਨ ਹਿਤ ਹਮਰੇ ਤੀਰ। ਸੁਭਟ ਤੀਨ ਸੈ ਤੁਝ ਸੰਗ

---

[1] ਪਿਛਲੇ ਸਮੇਂ ਦੀ ਬੰਦੂਕ ਦਾ ਉਹ ਥਾਉਂ ਜਿੱਥੇ ਬਾਰੂਦ ਭਰਦੇ ਸਨ। [2] ਦੋ ਆਦਮੀ ਸਾਨੂੰ ਦੇਹ। [3] ਜਿਹੜੇ। [4] ਕਿੰਨੀ ਕੁ ਮਾਰ ਕਰਦੀ ਹੈ (ਤੁਪਕ), ਸਾਰੇ ਜਾਣ ਲੈਣ। [5] ਦੋ ਨਾਲੀ ਬੰਦੂਕ ਨੂੰ। [6] ਨਿਸ਼ਾਨਾ ਕੂੜ ਹੈ।

ਜੋਊ। ਦੇਖਿ ਭਲੀ ਬਿਧਿ ਹੈ ਕਿਤ ਕੋਊ ॥੫੭॥ ਹਮ ਹਿਤ ਤਨ ਕੋ ਲੋਭ ਨ ਇਨ ਕੇ। ਜੇ ਕਾਯਰ ਨਹਿਂ ਧੀਰਜ ਤਿਨ ਕੇ। ਕਹਾਂ ਲਗੇ ਹਮ ਮਾਰਨ ਤਿਨ ਕੋ। ਬਾਕ ਸੁਨਤਿ ਹਤਿ ਧੀਰਜ ਮਨ ਕੋ ॥੫੮॥ ਜਬਿ ਰਣ ਪਰਹਿ ਤੁਰੰਗ ਅਗਾਰੀ। ਮਾਰਣ ਮਰਣ ਹੋਇ ਤਿਸ ਬਾਰੀ। ਤਬਿ ਤੇਰੇ ਭਟ ਠਹਿਰ ਨ ਸੱਕੈਂ। ਅਪਰ ਬਿਗਾਰ ਭਾਜਿਬੇ ਤੱਕੈਂ ॥੫੯॥ ਧਾਂਤੇ ਮਹਾਂਬੀਰ ਹਮ ਸੰਗਾ*।ਲਾਖਹੁਂ ਤੁਰਕ ਹਤੇ ਵਿਚ ਜੰਗਾ'।ਡੱਲੇ ਕੋ ਹੰਕਾਰ ਉਤਾਰਾ। 'ਸੱਤਿ ਸੱਤਿ'ਕਰ ਜੋਰਿ ਉਚਾਰਾ॥੬੦॥ਅਦਭੁਤ ਖਯਾਲ ਦੇਖਿ ਬਿਸਮਾਏ। ਸਕਲ ਸਭਾ ਸੁਨਿ ਸੁਨਿ ਮੁਦ ਪਾਏ ॥ ੬੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੇ' ਪ੍ਰਸੰਗ ਬਰਨਨ ਨਾਮ ਉਨੀਸਮੋ ਅੰਸੂ ॥ ੧੯ ॥

੨੦. [ਡੱਲੇ ਪ੍ਰਾਸ ਬਾਹਰ ਡੇਰਾ। ਮਾਤਾ ਸੁੰਦਰੀ ਜੀ ਤੇ ਸਾਹਿਬ ਦੇਵੀ ਜੀ ਮਿਲੇ]।

ਦੋਹਰਾ ॥ ਸਭਿ ਬਹੀਰ ਆਯਹੁ ਮਿਲਨੋ ਉਤਰਨਿ ਸਮਾ ਪਛਾਨ। ਸ੍ਰੀ ਗੁਰ ਗੋਬਿੰਦ ਸਿੰਘ ਜੀ ਚਢਿ ਕਰਿ ਚਲੇ ਕਿਕਾਨ ॥ ੧॥ ਚੌਪਈ ॥ ਪਹੁੰਚੇ ਜਬਿ ਤਲਵੰਡੀ ਜਾਇ। ਤਬਿ ਡੱਲਾ ਕਰ ਜੋਰਿ ਅਲਾਇ। 'ਕਰਹੁ ਦੁਰਗ ਕੇ ਅੰਤਰ ਡੇਰਾ। ਸਭਿ ਬਿਧਿ ਤੇ ਸੁਖ ਹੋਇ ਘਨੇਰਾ' ॥ ੨॥ ਸਤਿਗੁਰ ਕਹੈਂ 'ਵਹਿਰ ਹੀ ਆਛੇ। ਅਬਹਿ ਬੀਚ ਬਰਿਬੋ ਕਿਮ ਬਾਂਛੇਂ ? ਰਣ ਕਰਿਬੇ ਕੀ ਨਾਹਿਨਆਸਾ।ਲਿਖਿਚਾਹਤੇਤੁਰਕੇਸ਼ਬਿਨਾਸ਼ਾ[1]॥੩॥ਬਹੁਰਬਸਨਿਕੇਸਦਨ ਜ਼ਨਾਨੇ[2]।ਅਸਮੰਜਸ ਇੱਤਯਾਦਿਕ ਜਾਨੇ'।ਸੁਨਿ ਡੱਲੇ ਪੁਨ ਬਿਨੈਬਖਾਨੀ। 'ਇਕ ਘਰ ਮਹਿਂ ਸਭਿ ਹੋਹਿਂ ਜ਼ਨਾਨੀ ॥੪ ॥ ਅਪਰ ਸਥਾਨ ਕਰਹਿਂ ਸਭਿ ਖਾਲੀ। ਉਤਰਹੁ ਅੰਤਰ ਸਰਬ ਸੰਭਾਲੀ।ਨਾਂਹਿ ਤ ਜੇ ਜ਼ਨਾਨੀਆਂ ਸਾਰੀ। ਬਸਹਿਂ ਜਾਇ ਕਰਿ ਨਗਰ ਮਝਾਰੀ॥੫॥ ਸਕਲ ਮਕਾਨ ਆਪ ਕੇ ਜਾਨੋ।

---

[1]ਤੁਰਕੇਸ਼ ਦਾ ਨਾਸ਼ ਲਿਖਕੇ ਕਰਨਾ ਚਾਹੁੰਦੇ ਹਾਂ। [2]ਫੇਰ ਕਿਲ੍ਹੇ ਵਿਚ ਜ਼ਨਾਨੇ ਵਸਣੇ ਦੇ ਘਰ ਹਨ।

*ਔਰੰਗਜ਼ੇਬ ਦੇ ਪ੍ਰਸੰਗ ਵਿਚ ਸ਼ਾਹਜਹਾਂ ਦਾ ਵਾਕ ਦੱਸ ਆਏ ਹਾਂ ਕਿ ਉਸ ਦਾ ਤਜਰਬਾ ਹਿੰਦੁਸਤਾਨ ਦਾ ਇਹ ਸੀ ਕਿ ਇੱਥੇ ਕੀ ਹਿੰਦੂ ਕੀ ਮੁਸਲਮਾਨ ਸਭ ਬੇਈਮਾਨ ਹਨ, ਪੈਸੇ ਪਿੱਛੇ ਦੀਨ ਤਕ ਵੇਚ ਦਿੰਦੇ ਹਨ, ਦੇਖੋ ਰਾਸ ੯ ਅੰਸੂ ੩ ਅੰਕ ੪੦ ਦੀ ਟੂਕ। ਸਤਿਗੁਰੂ ਜੀ ਨੂੰ ਸਾਰੇ ਤਜਰਬੇ ਤੇ ਅਗੀਮ ਦੇ ਪਤੇ ਸਨ, ਆਪ ਦੇਸ਼ ਹਿਤ ਅਸੂਲ ਪਰ ਜਾਨ ਦੇਣ ਵਾਲੇ ਬੰਦੇ ਪੈਦਾ ਕਰ ਰਹੇ ਸਨ, ਇਸ ਕਰਕੇ ਥਾਂ ਥਾਂ ਪਰਖਣਾ ਹੁੰਦੀ ਸੀ। ਐਸੇ ਬੰਦੇ ਆਪ ਨੇ ਹਜ਼ਾਰਾਂ ਪੈਦਾ ਕਰ ਲਏ ਸਨ ਤਾਂ ਹੀ ਕਈ ਮਹੀਨੇ ਅਨਗਿਣਤ ਸੈਨਾਂ ਦੇ ਘੇਰੇ ਵਿਚ ਲੜਦੇ ਮਰਦੇ ਮਾਰਦੇ ਤੇ ਸ਼ੱਤ੍ਰ ਨੂੰ ਆਤੁਰ ਕਰ ਦੇਂਦੇ ਰਹੇ ਸਨ। ਡੱਲੇ ਨੂੰ ਆਪ ਨੇ ਉਹੋ ਸਬਕ ਸਿਖਾਇਆ ਹੈ ਕਿ ਜਾਨ ਤੈਲੀ ਤੇ ਧਰਕੇ ਅਸੂਲ ਪ੍ਰਸਤੀ ਕਰਨ ਵਾਲੇ ਹੁਕਮ ਤੇ ਨੇਛਾਵਰ ਹੋਣ ਵਾਲੇ ਬੰਦੇ ਪੈਦਾ ਕਰ, ਇਨਾਂ ਖੁਸ਼੍ਹਾਲੀ ਵੇਲੇ ਦੇ ਮਿੱਤਰਾਂ ਤੇ ਭਰੋਸਾ ਨਾ ਧਾਰ।

ਬਸਹੁ ਅਨੇਕ ਸੁਖਨ ਕੇ ਠਾਨੋ'। ਪੁਨਹਿ ਭਨਜੋ 'ਹਮ ਬਾਹਰ ਭਲੋ।ਡੇਰਾ ਕਰਹਿਂ ਨਿਕਟ ਹੀ ਕਿਲੇ॥੬॥ਤੇਰੋ ਭਾਉ ਭਲੇ ਲਖਿ ਪਾਯੋ। ਜਿਮ ਅੰਤਰ ਤਿਮ ਬਾਹਰ ਭਾਯੋ'। ਇਮ ਕਹਿ ਸਤਿਗੁਰ ਕੀਨਸਿ ਡੇਰਾ। ਹ੍ਵੈ ਕਰਿ ਅਧਿਕ ਦੁਰਗ ਕੇ ਨੇਰਾ ॥ ੭ ॥ ਕੰਧ ਨਿਕਟ ਹਯ ਬ੍ਰਿੰਦ ਲਗਾਏ। ਤੰਬੂ ਤਾਨ ਦੀਨਿ ਤਿਸ ਥਾਂਏ। ਕੁਛਕ ਫਰਕ ਤੇ ਸਿੰਘ[1] ਥਿਰੇ ਹੈਂ। ਦੂਰ ਦੂਰ ਲੌ ਉਤਰਿ ਪਰੇ ਹੈਂ ॥੮॥ ਤਿਨ ਤੇ ਪਰੇ ਪਰੇ ਬੈਰਾਗ[2]। ਉਤਰੇ ਪੈਦਲ ਅਰੁ ਅਸਵਾਰ। ਆਛੀ ਰੀਤਿ ਲਗਾਇਸਿ ਡੇਰੇ । ਗੁਰ ਕੇ ਚਹੁਂਦਿਸ਼ਿ ਰੌਛ ਬਡੇਰੇ ॥੯॥ ਕਹਿ ਬਹੁ ਬਾਰ ਦੇਗ਼ ਕਰਿ ਅੰਤਰ[3]। ਤੂਰਨ ਹੀ ਬਰਤਾਇ ਨਿਰੰਤਰ। ਸਭਿ ਬੈਰਾਗ਼ ਰੋਜ ਕੋ ਪਾਵਹਿ। ਅਪਨੋ ਭੋਜਨ ਆਪ ਬਨਾਵਹਿਂ ॥੧੦॥ਸਿੰਘ ਸੰਗ ਸਭਿ ਦੇਗ਼ ਅਹਾਰਾ।ਅਚਵਨ ਕਰਹਿਂ ਅਨੇਕ ਪ੍ਰਕਾਰਾ। ਜਾਇ ਦੁਰਗ ਕੇ ਅੰਤਰ ਖਾਇਂ। ਪ੍ਰਭੁ ਕੇ ਬਾਲ ਵਹਿਰ ਹੀ ਲੇਜਾਇਂ ॥੧੧॥ਸੁਪਤਿ ਜਥਾ ਸੁਖ ਰਾਤਿ ਬਿਤਾਈ।ਸੌਚ ਸ਼ਨਾਨ ਪ੍ਰਾਤ ਅਰੁਨਾਈ[4]। ਬੈਠੇ ਸਤਿਗੁਰ ਲਾਇ ਦਿਵਾਨ। ਕਰਹਿਂ ਰਬਾਬੀ ਕਿਰਤਨ ਗਾਨ ॥ ੧੨ ॥ ਨਿਕਟ ਨਿਕਟ ਕੇ ਗ੍ਰਾਮ ਅਨੇਕ। ਆਇ ਸੁ ਦਰਸਹਿ ਜਲਧਿ ਬਿਬੇਕ। ਬਹੁਰ ਸੁੰਦਰੀ ਸਾਹਿਬ ਦੇਵੀ। ਪ੍ਰਭੁ ਕੇ ਮਹਿਲ ਪਾਇ ਸੁਧ ਏਵੀ' ॥੧੩॥ ਕਿਤ ਕਿਤ ਸਿੱਖਨ ਕੇ ਘਰ ਰਹਕੈ। ਸਾਹਬਜ਼ਾਦੇ ਮ੍ਰਿਤੁ ਭੇ ਲਹਿ ਕੇ। ਸੁਨਿ ਸੁਨਿ ਸੁਧ ਕੋ ਪਾਇ ਦੁਖਾਰੀ[5]। ਕਰਿ ਕਰਿ ਸ਼ੋਕ ਬਹਜੋ ਦ੍ਰਿਗ ਬਾਰੀ ॥੧੪ ॥ ਟਿਕੇ ਆਨਿ ਤਿਲਵੰਡੀ ਜਬੈ। ਦੋਨਹੁ ਆਨਿ ਦਰਸ ਕਿਯ ਤਬੈ। ਪੁੱਤ੍ਰਨਿ ਪੀਰ ਪਾਇ ਕਰਿ ਰੋਈ। ਗਦ ਗਦ ਗਿਰਾ ਬਿਕੁਲ ਬਹੁ ਹੋਈ ॥੧੫॥ ਸੁੰਦਰੀ ਸੁਭ ਸੁੰਦਰ ਸਰਬੰਗਾ। ਸਿਮਰਿ ਸਿਮਰਿ ਗੁਨ ਗਨੁ ਤੇ ਚੰਗਾ। ਰੁਦਤਿ ਅਧਿਕ ਪਤਿ ਚਰਨਨ ਪਾਸੀ । ਸ਼ੋਕ ਸਹਿਤ ਬਹੁ ਗਿਰਾ ਪ੍ਰਕਾਸ਼ੀ ॥੧੬॥'ਸਕਲ ਸਮਾਜ ਸਦਨ ਕੇ ਸਾਥਾ। ਪੁੱਤ੍ਰਨਿ ਹਤਨ ਕ੍ਸ਼ਟ,ਹੇ ਨਾਥਾ!'। ਬਦਨ ਪ੍ਰਫੁਲਤ ਅੱਸ਼ੂ ਬਹਿ ਬਾਰੀ[6]। ਬਹੁ ਬਿਖਾਦ ਤੇ

---

[1]ਇਥੇ ਸਿੰਘਾਂ ਤੋਂ ਮੁਰਾਦ ਭਾਉ ਵਾਲੀ ਸੇਨਾਂ ਤੋਂ ਹੈ। [2]ਉਨ੍ਹਾਂ ਤੋਂ ਪਰ੍ਹੇ ਪਏ ਹਨ ਬੈਰਾੜ (ਜੋ ਦਾਨਾ ਸਿੰਘ ਦੇ ਨਾਲ ਆਏ ਸਨ)। [3](ਭਾਵ ਸਤਿਗੁਰੂ ਜੀ ਉਤਰੇ ਤਾਂ ਬਾਹਰ ਹੀ ਪਰ ਭੋਲੇ ਨੇ) ਬਹੁਤ ਵਾਰ ਕਹਿਕੇ ਲੰਗਰ (ਪ੍ਰੇਮੀ ਸਿੰਘਾਂ ਦਾ) ਅੰਦਰ ਹੀ ਕਰਵਾਇਆ । [4]ਸੂਰਜ ਦੀ ਲਾਲੀ ਵੇਲੇ। [5]ਸੁਣ ਸੁਣਕੇ ਤੇ ਖਬਰਾਂ ਪਾਕੇ (ਬੜੀਆਂ) ਦੁਖੀ ਹੋਈਆਂ। [6]ਅੱਥਰੂਆਂ (ਰਸਣੇ) ਪਾਣੀ ਵਹਿ ਰਿਹਾ ਹੈ ਤੇ ਚਿਹਰਾ ਤਰ ਬਤਰ ਹੋ ਰਿਹਾ ਹੈ। [ਸੰਸਃ, ਪਰਿਪਲੁਤ]।

ਬਜਾਕੁਲ ਭਾਰੀ ॥ ੧੭ ॥ ਇਕ ਪੁੱਤ੍ਰ ਸੁੰਦਰ ਗੁਨ ਪੂਰਨ। ਭਯੋ ਸੁ ਹਤਿ ਕਰਿ ਸ਼ੱਤ੍ਰਨਿ ਚੂਰਨ। ਕਿਮ ਧੀਰਜ ਪਾਵਹਿ ਦੁਖਿਯਾਰੀ। ਦੀਨ ਮਨਾ ਬਹੁ ਰੁਦੰਤਿ ਲਚਾਰੀ ॥੧੮॥ ਸ਼੍ਰੀ ਸਾਹਿਬ ਦੇਵੀ ਤਿਸ ਰੀਤਿ। ਰੁਦਤਿ ਨਿਕਟ ਦੁਖ ਬਜਾਕੁਲ ਚੀਤ। ਸ਼੍ਰੀ ਗੁਰ ਧੀਰਜ ਦੀਨਿ ਹਟਾਈ। 'ਕਰੋਂ ਨਾਹਕ ਦੁਖ ਸ਼ੋਕ ਉਪਾਈ॥੧੯॥ ਤੋਹਿ ਪੁੱਤ੍ਰ ਬਡ ਬੀਰ ਬਹਾਦੁਰ। ਗਯੋ ਸੁਰਗ ਦੇਵਨ ਤੇ ਸਾਦਰ। ਜਗ ਮਹਿਂ ਜਸੁ ਅਖੰਡ ਕੋ ਪਾਵਾ।ਜਨਮ ਲਾਭ ਕੌ ਕਰਮ ਕਮਾਵਾ ॥੨੦॥ ਅਸ ਬੀਰਨ ਕੀ ਜਨਨੀ ਜੋਇ। ਸ਼ੋਕ ਕਰਨ ਕੇ ਉਚਿਤ ਨ ਸੋਇ। ਤੂੰ ਗੁਰ ਕੇ ਘਰ ਸਜਾਨ ਨ ਠਾਨਤਿ। ਜਗਤ ਬਿਨਾਸ਼ੀ ਕਨੈਂ ਨਹਿਂ ਜਾਨਤਿ ॥ ੨੧ ॥ ਨਿਤ ਹੀ ਜੋ ਪ੍ਰਨਾਮ ਕੋ ਪਾਇ[1]। ਸੋ ਕਿਮ ਬਿਰਹਿ ਪਿਖਤਿ ਬਿਨਸਾਇ।ਪ੍ਰਥਮ ਜਨਮ ਬਾਲਕ ਲਘੁ ਜੋਇ। ਦਿਨ ਦਿਨ ਪ੍ਰਤਿ ਦੀਰਘ ਤਨ ਹੋਇ ॥ ੨੨ ॥ ਤਰੁਨ ਅਵਸਥਾ ਲਗੈ ਬਿਸਾਲਾ। ਹੋਤਿ ਪ੍ਰਨਾਮ[1] ਸਰਬਥਾ ਕਾਲਾ। ਪੁਨਹਿ ਸੁਪੇਦ ਕੇਸ ਹੁਇ ਜਾਇਂ। ਛੀਜਹਿ ਦੇਹਿ ਜੁਵਾ[2] ਬਿਨਸਾਇ* ॥ ੨੩ ॥ ਜੀਰਣ ਬਨਹਿ ਬਿਨਾਸ਼ੀ ਹੋਇ। ਸਭਿ ਕੇ ਰਿਦੇ ਬਿਦਤ, ਦ੍ਰਿਗ ਜੋਇ[3]। ਬਾਲਕ ਤਰੁਨ ਬ੍ਰਿੱਧ ਕੇ ਕਾਲ[4]। ਅਟਕਤਿ ਨਹੀਂ ਭਖਤਿ ਨਿਤ ਕਾਲ ॥ ੨੪ ॥ ਇਸ ਮਹਿਂ ਪ੍ਰੀਤਿ ਕਰਹਿ ਜੋ ਜੇਤੀ। ਬਿਨਸਨ ਬਿਖੈ ਬ੍ਰਿਥਾ ਵਧਿ ਤੇਤੀ। ਅਸ ਤਨੁ ਪਾਇ ਸਕਾਰਥ ਲਾਵੈ†। ਜਨਮ ਮਰਨ ਮਹਿਂ ਸੋ ਨਹਿ ਆਵੈ॥੨੫॥ ਜਹਾਂ ਅਨੰਦ ਬਿਲੰਦ ਅਨਾਸ਼ਾ। ਤਹਾਂ ਆਤਮਜ ਤੇਰੋ ਬਾਸਾ[5]। ਉਚਿਤ ਨ ਸ਼ੋਕ ਕਰਨ ਤਿਸ ਹੇਤੁ। ਗਜਾਨ ਗਤੀ ਚਿਤ ਮਹਿਂ ਲਿਹੁ ਚੇਤ'॥੨੬॥ ਇੱਤਜਾਦਿਕ ਕਹਿ ਰੁਦਤਿ ਹਟਾਈ। ਤਉ ਨ ਪੁੱਤ੍ਰ ਪ੍ਰੀਤਿ ਮਨ ਜਾਈ। ਇਤਨੇ ਮਹਿ ਡੱਲਾ ਚਲਿਆਯੋ।ਹਾਥ ਜੋਰਿ ਕਰਿ ਬਾਕ ਅਲਾਯੋ ॥ ੨੭ ॥ 'ਦਿਹੁ ਆਇਸ ਅਬਿ ਇਨੈ, ਗੁਸਾਈਂ।ਬਸਹਿਂ ਦੁਰਗ ਕੇ ਅੰਤਰ ਜਾਈ। ਸਦਨ ਪ੍ਰਥਕ ਇਨ ਹਿਤ ਕਿਧ ਖਾਲੀ। ਕਰਹਿ ਬਾਸ ਕੋ ਤਹਾਂ ਸੁਖਾਲੀ' ॥ ੨੮ ॥ ਸੁਨਿ ਗੁਰ ਕਹਯੋ 'ਬੂਝਿ ਲਿਹੁ ਇਨ ਕੋ। ਬਸਹਿਂ ਤਹਾਂ ਜਹਿ ਭਾਵਤਿ ਮਨ ਕੌ'। ਤਬਿ ਡੱਲਾ ਦੋਨਹੁੰ ਢਿਗ ਗਯੋ। ਹਾਥ ਜੋਰਿ ਕਰਿ

---

[1]ਬਦਲਦਾ ਰਹਿੰਦਾ ਹੈ। [2]ਜਵਾਨੀ। [3]ਨੇਤ੍ਰੀਂ ਦੇਖਦੇ ਹਨ। [4]ਦੋ ਸਮੇਂ ਵਿਚ। [5]ਓਥੇ ਤੇਰੇ ਪੁਤ੍ਰ ਦਾ ਵਾਸਾ ਹੈ। *ਪਾ:—ਛੀਨਹਿ ਤੇ ਪਰਨਮਤੇ ਜਾਇ। †ਇਹ ਹੁਕਮ, ਇਹ ਸਿੱਖਯਾ ਹਰੇਕ ਦੇ ਧਾਰਨੇ ਯੋਗ ਹੈ ਕਿ ਮਨੁੱਖ ਤਨ ਪਾਕੇ ਸਕਾਰਥਾ ਕਰੇ।

ਬੋਲਤਿ ਭਯੋ ॥੨੯॥ 'ਚਲਹੁ ਮਾਤ ਜੀ ਦੁਰਗ ਕਿ ਅੰਤਰ। ਥਿਰਹੁ ਭਲੇ ਸੁਖ ਲਹਹੁ ਨਿਰੰਤਰ। ਮੋਰ ਕੁਟੰਬ ਸਕਲ ਕਰ ਜੋਰਹਿ। ਸਭਿ ਬਿਧਿ ਸੇਵਹਿ ਚਰਨ ਨਿਹੋਰਹਿ ॥ ੩੦ ॥ ਜਨਮ ਸਫਲ ਹਮ ਸਭਿ ਕੋ ਕਰੀਅਹਿ। ਅੰਤਰ ਉਤਰਹੁ ਭਲੇ ਬਿਚਰੀਅਹਿ'। ਦੋਨਹੁੰ ਸੁਨਿ ਭਾਖਯੋ ਪਿਖਿ ਖਲੋ[1]। 'ਪ੍ਰਭੁ ਕੇ ਪਗਨ ਬਿਖੇ ਹੀ ਭਲੋ ॥ ੩੧ ॥ ਚਰਨ ਸਰੋਜਨ ਬਿਛੁਰ ਨ ਚਾਹਤਿ। ਬਹੁ ਦਿਨ ਤੇ ਹਮ ਪਿਖਿਨਿ ਉਮਾਹਤਿ'। ਕਿਤਿਕ ਫਰਕ ਕਰਿ ਸਿਵਰ ਉਤਾਰਾ। ਤੰਬੂ ਤਨਯੋ ਕਨਾਤ ਮਝਾਰਾ ॥੩੨॥ ਸੁਤ ਸ਼ੋਕਾਰਤਿ ਸੁੰਦਰੀ ਸੁੰਦਰ[2]। ਸਾਹਿਬਦੇਵੀ ਜੁਤਿ ਥਿਰ ਅੰਦਰ। ਡੱਲਾ ਕਰਿ ਅਹਾਰ ਬਿਧਿ ਨਾਨਾ। ਬਾਰ ਪੁਚਾਵਹਿ ਪ੍ਰੀਤ ਮਹਾਨਾ ॥੩੩॥ ਪੰਚ ਦਿਵਸ ਇਸ ਭਾਂਤਿ ਬਿਤਾਇ। ਅੰਤਰ ਦੇਗ਼ ਬਨੈ ਸਭਿ ਖਾਏ। ਦਿਵਸ ਖਸ਼ਟਮੇ ਪ੍ਰਭੁ ਫੁਰਮਾਯੋ। 'ਦੇਗ਼ ਬਾਨ ਲਿਹੁ ਵਹਿਰ ਬਨਾਯੋ' ॥ ੩੪ ॥ ਪੁਨ ਡੱਲੇ ਕੋ ਕਿਯ ਸਮੁਝਾਵਨ। 'ਲੰਗਰ ਬਨਹਿ ਨਿਕਟ ਹਮ ਖਾਵਨ। ਘਨੋ ਭਾਉ ਹਮ ਨੇ ਤੁਵ ਦੇਖਾ। ਸਭਿ ਬਿਧਿ ਕੀਨੀ ਸੇਵ ਵਿਸ਼ੇਖਾ' ॥ ੩੫ ॥ ਸੁਨਿ ਡੱਲੇ ਕਰ ਜੋਰਿ ਉਚਾਰਾ। 'ਮੋਹਿ ਕੁਟੰਬ ਸਮਾਜਹਿ ਸਾਰਾ। ਦੁਰਗ, ਧੇਨੁ, ਹਯ, ਮਹਿਖਿ ਉਦਾਰਾ। ਘਰਿ ਬਾਹਰਿ ਸਭਿ ਅਹੈ ਤੁਮਾਰਾ ॥ ੩੬ ॥ ਜਥਾ ਸ਼ਕਤਿ ਮੈਂ ਦੇਗ਼ ਬਨੈ ਹੌਂ। ਲਿਹੁ ਸ਼ਰਧਾ ਪਿਖਿ ਜਬਿ ਲਗ ਦੈਹੌਂ। ਘਰ ਮਹਿਂ ਅੰਨ ਆਪ ਕੋ ਸਾਰਾ। ਕਰਿਹੋ ਸਿੰਘਨਿ ਸਹਿਤ ਅਹਾਰਾ' ॥ ੩੭ ॥ ਪੁਨ ਗੁਰ ਭਾਖਯੋ 'ਖੁਸ਼ੀ ਹਮਾਰੀ। ਬਨਹਿ ਦੇਗ਼ ਬਾਹਰ ਅਬਿ ਸਾਰੀ। ਤੇਰੋ ਭਾਉ ਇਸੀ ਬਿਧਿ ਅਹੈ। ਪ੍ਰੇਮ ਸਮੇਤ ਸਾਚ ਹੀ ਕਹੈਂ*' ॥ ੩੮ ॥ ਲਾਗੀ ਬਨਨ ਦੇਗ ਬਡ ਬਾਹਿਰ। ਅਚਹਿਂ ਸਿੰਘ ਅਰੁ ਛੁਧਤਿ ਸੁ ਜ਼ਾਹਰ। ਸਭਿ ਬੈਰਾੜ ਚਾਕਰੀ ਪਾਵੈਂ। ਨਿਜ ਨਿਜ ਭੋਜਨ ਕਰਹਿਂ ਸੁ ਖਾਵੈਂ ॥ ੩੯ ॥ ਕੇਤਿਕ ਦਿਨ ਇਸ ਰੀਤਿ ਬਿਤਾਇ। ਪੁਨ ਡੱਲਾ ਕਰ ਜੋਰਿ ਅਲਾਏ। 'ਸਿੰਘਨ ਸਹਤ ਸਕਲ ਬੈਰਾੜ। ਕਰੌਂ ਆਪ ਹਿਤ ਤਯਾਰ ਅਹਾਰ ॥੪੦॥ ਅੰਤਰ ਪਾਵਨ ਪਾਵਨ ਕਰੌ[3]। ਪਾਵਨ ਸਦਨ ਸਰਬ ਹੀ ਧਰੌ[4]'। ਇਮ ਕਹਿ

---

[1]ਖੜੋਤਾ ਦੇਖਕੇ। [2](ਮਾਤਾ) ਸੁੰਦਰੀ ਜੀ ਸੁੰਦਰ ਪੁੱਤਰਾਂ ਦੇ (ਵਿਯੋਗ) ਸ਼ੋਕ ਨਾਲ ਦੁਖੀ ਹਨ। [3]ਚਰਨ ਪਾਵਣੇ ਕਰੋ। [4]ਪਵਿੱਤ੍ਰ ਕਰੋ ਸਾਰਾ ਹੀ ਘਰ। *ਕਿਸੇ ਤੇ ਭਾਰੂ ਨਾ ਹੋਣਾ, ਚਾਹੇ ਕਿਤਨੇ ਪ੍ਰੇਮ ਵਾਲਾ ਹੋਵੇ, ਉਸ ਦੇ ਖਰਚ ਖੇਚਲ ਦਾ ਲਿਹਾਜ਼ ਕਰਨਾ, ਇਹ ਸੱਚੇ ਗੁਰੂ ਦੇ ਵੀਚਾਰਸ਼ੀਲ ਕਟਾਖਸ਼ ਹਨ, ਦੁਨੀਆਂ ਦੇ ਪੂਜ ਲੋਕਾਂ ਨੂੰ ਸਿੱਖਣਾ ਲੋੜੀ ਚਾਹੀਏ

ਕਰਿ ਬਹੁ ਭਾਂਤਨਿ ਤਯਾਰਾ। ਕਰਵਾਇਸ ਬਰ ਸ੍ਵਾਦ ਅਹਾਰਾ ॥ ੪੧ ॥ ਮਧੁਰ ਸ਼ਨਿਘਧ ਪ੍ਰੇਮ ਤੇ ਕਰਯੋ। ਬ੍ਰਿੰਦ ਨਰਨ ਮਿਲਿ ਤਯਾਰ ਸੁ ਧਰਯੋ। ਬਿਨੈ ਬਖਾਨਿ ਗਯੋ ਲੈ ਅੰਤਰ।ਪੰਗਤਿ ਗਨ ਬੈਠਾਇ ਨਿਰੰਤਰ ॥ ੪੨ ॥ ਸਤਿਗੁਰ ਹਿਤ ਚੌਂਕੀ ਡਸਵਾਈ। ਸ੍ਵੇਤ ਸੁਜਨਿ[1] ਤੇ ਊਪਰ ਛਾਈ। ਸਭਿ ਕੇ ਬੀਚ ਥਿਰੇ ਗੋਸਾਈਂ। ਜੁਗ ਮਾਤਨ ਘਰ ਬਿਖੈ ਬਿਠਾਈ ॥ ੪੩ ॥ ਸਹਿਤ ਬਿਰਾੜ ਸਿੰਘ ਬੈਠਾਏ। ਸਭਿ ਕੇ ਹਿਤ ਅਹਾਰ ਗਨ ਲ੍ਯਾਏ।ਭਲੀ ਰੀਤਿ ਤੇ ਪਰੁਸਨ ਲਾਗੇ। ਥਾਲ ਬਿਸਾਲ ਕ੍ਰਿਪਾਲ ਸੁ ਆਗੇ ॥੪੪॥ ਤਿਮ ਅੰਤਰ ਜੁਗ ਥਾਲ ਪੁਚਾਏ। ਦਾਸੀ ਬ੍ਰਿੰਦਨ ਲੇ ਕਰਿ ਖਾਏ। ਜਥਾ ਜੋਗ ਸਭਿ ਕੋ ਤ੍ਰਿਪਤਾਯੋ। ਖਰੇ ਹੋਇ ਕਰਿ ਚੁਰਾ ਪਠਾਯੋ[2] ॥ ੪੫। ਇਕ ਤੁਰੰਗ ਬਹੁ ਮੋਲ ਦੁਸ਼ਾਲਾ। ਭੇਟ ਰਜਤਪਣ ਸ਼ਤ ਤਿਸ ਕਾਲਾ। ਦੇ ਕਰਿ ਪ੍ਰਭੁ ਕੋ ਗ੍ਰੀਵ ਨਿਵਾਈ। ਖੁਸ਼ੀ ਲੀਨਿ ਆਨੰਦ ਮਨ ਪਾਈ ॥ ੪੬ ॥ ਦ੍ਵੈ ਮਾਤਾ ਕੋ ਤੇਵਰ ਦੋਇ। ਬਨੇ ਬਹੁਤ ਧਨ ਲਾਗੇ ਜੋਇ। ਦੀਏ ਪਚਾਸ ਰਜਤਪਣ ਤਬੈ। ਭਏ ਪ੍ਰਸੰਨ ਅਚਵ ਕਰਿ ਸਬੈ ॥ ੪੭॥ ਉਠਿ ਸਤਿਗੁਰ ਪਹੁੰਚੇ ਨਿਜ ਡੇਰੇ। ਸਿੰਘ ਬਿਰਾੜ ਸਕਲ ਤਿਸ ਬੇਰੇ। ਡਲੈਂ ਕਹੁ ਬਹੁ ਭਾਂਤਿ ਸਰਾਹਾ। ਸੇਵ ਗੁਰੂ ਕੀ ਕਰਨ ਉਮਾਹਾ ॥ ੪੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਡੱਲੇ ਕੋ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

੨੧. [ਚੋਬੇ ਦੀ ਮਾਈ ਨੂੰ ਪੁੱਤ੍ਰਾਂ ਦੇ ਵਰ। ਦਲਪਤ। ਦਜ਼ਾਲ ਦਾਸ। ਭਾਈ ਭਗਤੂ ਵੰਸ਼]।

ਦੋਹਰਾ ॥ ਇਸੀ ਰੀਤਿ ਪ੍ਰਭੁ ਜੀ ਬਸੇ ਲਰਨਿ ਹੰਗਾਮਾ ਛੋਰਿ[3]। ਕਮਰਕਸਾ ਖੋਲਯੋ ਥਿਰੇ ਸੁਖ ਕੋ ਲਹਿ ਸਭਿ ਓਰ ॥ ੧॥ ਚੌਪਈ ॥ ਨਾਮ ਦਮਦਮਾ ਤਿਸ ਕੋ ਧਰਯੋ। ਭਏ ਨਚਿੰਤ ਰਿਪੁਨਿ ਬਲ ਹਰਯੋ। ਪਸਰੀ ਸੁਧਿ ਸਭਿ ਦੇਸ਼ ਬਿਦੇਸ਼। ਆਵਨ ਸੰਗਤਿ ਲਗੀ ਹਮੇਸ਼॥ ੨॥ ਅਰਪਿ ਅਕੋਰਨ ਦਰਸ਼ਨ ਕਰੈਂ। ਮਨੋ ਕਾਮਨਾ ਤੂਰਨ ਪੂਰੈ। ਲਗੈ ਦਿਵਾਨ ਸ਼ਬਦ ਕੋ ਗਾਵਹਿੰ। ਪ੍ਰੇਮੀ ਸਿੰਘ ਹਜ਼ਾਰਹੁੰ ਆਵਹਿੰ ॥ ੩ ॥ ਸ਼੍ਰੀ ਪ੍ਰਭੁ ਚੜ੍ਹਿ ਅਖੇਰ ਕੋ ਚਾਲੇ। ਸੰਗੀ ਸਿੰਘ ਅਨੁਵਤਿ ਜਾਲੇ। ਜਬਿ ਡੇਰੇ ਤੇ ਨਿਕਸਨਿ ਲਾਗੇ। ਕਹਯੋ ਸੱਦ ਇਕ ਇਸਤ੍ਰੀ ਆਗੇ ॥੪॥

'ਬਿਰੇ ਕਹੇਂਦੀ ਵੇ ਸਤਿਗੁਰ ਗੋਬਿੰਦ ਸਿੰਘ ਅੱਗੇ। ਸੋਹਣੀ ਦਾਹੜੀ ਬੀਬੀ
ਪੱਗੇ। ਗੋਤ ਵੜਾਇਚ* ਪਿੰਡ ਹੈ ਚੱਢੇ।ਖਾਲੀ ਚਲੀ ਜੇ ਇਕ ਫਲ ਲੱਗੇ'।

ਸੁਨਿ ਸਾਹਿਬ ਤਿਸਕੀ ਦਿਸ਼ਿ ਹੇਰਿ। ਮੁਸਕਾਨੇ ਭਾਖਯੋ 'ਕਹੁ ਫੇਰ'।

[1] ਜਲੀ। [2] ਪੜ੍ਹਾਇਆ। [3] ਜੰਗ ਦਾ ਲੜਨਾ ਛੱਡਕੇ। *ਪਾ:—ਵੜਾਇਚ।

ਇਸਤ੍ਰੀ ਸੁਨਿ ਕਰਿ ਬਹੁਰ ਉਚਾਰਾ।ਪੂਰਬ ਗਾਵਨੋ ਜਿਸੀ ਪ੍ਰਕਾਰਾ॥੫॥ਬੂਝੀ ਪ੍ਰਭੂ 'ਕਹਾਂ ਤੇ ਆਈ?।ਕੌਨ ਦੇਸ਼ ਕਿਸ ਗ੍ਰਾਮ ਬਸਾਈ?'। 'ਗੁਰੂ ਗਰੀਬ ਨਿਵਾਜ! ਸੁਨੀਜੈ।ਚੰਬਾ ਮਾਝੇ ਦੇਸ਼ ਜਨੀਜੈ॥੬॥ ਸ਼੍ਰੀ ਅੰਮ੍ਰਿਤਸਰ ਦੱਖਣ ਪਾਸੇ। ਤੀਨ ਕੋਸ ਪਰ ਗ੍ਰਾਮ ਸੁ ਬਾਸੇ*।ਤਹਿਂ ਤੇ ਮੈਂ ਆਈ ਧਰਿ ਆਸਾ। ਜਾਚਨ ਪੁੱਤ੍ਰ ਆਪਕੇ ਪਾਸ॥੭॥ਬੈਠੇ ਸਭਾ ਨ ਮਾਂਗਨੋ ਗਯੋ।ਸੱਦ ਬਿਖੈ ਤੁਮ ਸਨ ਕਹਿ ਦਯੋ। ਦੂਰ ਪੰਥ ਤੇ ਮੈਂ ਚਲਿ ਆਈ। ਪੁਰਹੁ ਕਾਮਨਾ ਸ਼ਰਨ ਤਕਾਈ'॥੮॥ਸੁਨਿ ਪ੍ਰਭੁ ਹੁਕਮ ਦਾਸ ਕੋ ਕਹਯੋ।'ਮਸੁ ਅਰੁ ਕਲਮ ਆਨਿ ਅਬਿ ਚਹਯੋ। ਲਯਾਯੋ ਤੁਰਤ ਗੁਰੂ ਲਿਖਿ ਦੀਨ।ਸਿਖ ਨੇ ਦੇਖੇ ਹਿਤ ਕਰ ਲੀਨ॥੯॥ਗੁਰ ਬੋਲੇ'ਇਕ ਸੁਤ ਤੁਹਿ ਦਯੋ'।ਕਾਗਤ ਪਿਖਤਿ ਸਿੱਖ ਲਖਿ ਲਯੋ।ਮਹਾਰਾਜ ਏ ਸਾਤਾ ਭਯੋ।ਮੁਖ ਤੇ ਕਹੋ ਏਕ ਸੁਤ ਦਯੋ'॥੧੦॥ਸੁਨਿ ਪ੍ਰਭੁ ਕਹਯੋ 'ਸਪਤ ਹੀ ਹੋਹਿਂ। ਆਇ ਦੂਰ ਤੇ ਜਾਚਯੋ ਮੋਹਿ'। ਲੇ ਕਾਗਤ ਇਸ਼ਤ੍ਰੀ ਹਰਖਾਈ। ਕਰਿ ਬੰਦਨ ਕੋ, ਸਦਨ ਸਿਧਾਈ॥ ੧੧ ॥ ਸਮਾ ਪਾਇ ਸੁਤ ਸਾਤ ਉਪਾਇ†। ਗੁਰ ਮਹਿਮਾ ਕੋ ਬਹੁ ਬਿਦਤਾਇ।

‡ਪੁਨ ਉਦਿਆਨ ਸ਼ਿਕਾਰ ਸਿਧਾਰੇ।ਇਤ ਉਤ ਬਿਚਰਤ ਮ੍ਰਿਗਨਿਨਿਹਾਰੇ ॥੧੨॥ਨਹੀਂ ਅਖੇਰ ਕਹੂੰ ਤੇ ਪਾਵਾ।ਤਬਿ ਸਿੰਘਨ ਸਨਪ੍ਰਭੂਅਲਾਵਾ।'ਕਿਹ ਸਿਖ ਨੇ ਕੰਘਾ ਨਹਿਂ ਕਰਯੋ ? ਜਿਸ ਤੇ ਨਹਿਂ ਸ਼ਿਕਾਰ ਕਰ ਪਰਯੋ'॥੧੩॥ ਸੁਨਯੋ ਸਭਿਨਿ ਇਕ ਨੇ ਕਹਿ ਦੀਨਾ। 'ਮੈਂ ਕੰਘਾ ਕੇਸਨ ਨਹਿਂ ਕੀਨਾ'। ਹੁਕਮ ਕਰਯੋ 'ਅਬਿ ਭੀ ਕਰਿ ਲੀਜੈ। ਤੂਰਨ ਬਨਹੁ ਸੁਚੇਤ ਮਿਲੀਜੈ' ॥ ੧੪ ॥ ਤਤਛਿਨ ਤਿਨ ਸੁਨਿ ਕੈ ਕਰਿ ਲੀਨ[1]। ਸੰਗ ਮਿਲਾਇ ਪਯਾਨੋਂ ਕੀਨ। ਪੁਨ ਉੱਦਯਾਨ ਬਿਖੈ ਜਬਿ ਫਿਰੇ। ਪਿਖਿ ਸ਼ਿਕਾਰ ਕੋ ਮਾਰਨ ਕਰੇ ॥ ੧੫ ॥ ਹਟੇ ਪ੍ਰਭੂ ਸਭਿ ਕੋ ਸਮੁਝਾਯੋ। 'ਸਿੰਘਨ ਕੋ ਐਸੇ ਬਨਿ ਆਯੋ। ਹੋਇ ਸੁਚੇਤ ਸਕਲ ਪਰਕਾਰੇ। ਚਢਨ ਸਮੈਂ ਅਰਦਾਸ ਉਚਾਰੇ ॥ ੧੬ ॥ ਕਾਰਜ ਸਰਬ ਸਿੱਧ ਹੁਇ ਜਾਤੇ। ਨਹਿਂ ਦੋਨਹੁਂ ਬਿਨ ਕਹੂੰ ਪ੍ਰਯਾਤੇ[2]§'।

---

[1](ਕੰਘਾ) ਕਰ ਲਿਆ। [2]ਭਾਵ ਸੁਚੇਤ ਹੋਏ ਬਿਨਾਂ ਤੇ ਅਰਦਾਸਾ ਸੋਧੇ ਬਿਨਾਂ ਕਿਤੇ ਨਾ ਜਾਇਆ ਕਰਨ। *ਇਹ ਗਿਰਾਂਵ ਤਰਨ ਤਾਰਨ ਵਾਲੀ ਪੱਕੀ ਸੜਕ ਪਰ ਹੈ, ਹੁਣ ਨੇੜੇ ਰੇਲ ਦਾ ਸਟੇਸ਼ਨ ਬਣ ਗਿਆ ਹੈ,ਜਿਸ ਦਾ ਨਾਮ ਸੰਗਰਾਣਾ ਸਾਹਿਬ ਹੈ, ਕਿਉਂਕਿ ਸਟੇਸ਼ਨ ਦੇ ਨਾਲ ਹੀ ਇਸ ਨਾਮ ਦਾ ਗੁਰਦਵਾਰਾ ਹੈ। †ਇਸਿ ਤਰ੍ਹਾਂ ਦਾ ਪ੍ਰਸੰਗ ਜੋ ਛੇਵੇਂ ਸਾਹਬਾਂ ਸਮੇਂ ਹੋਇਆ ਸੀ ਉਸ ਲਈ ਦੇਖੋ ਰਾਸ ੬ ਅੰਸੂ ੫੪। ‡ਇਹ ਬੀ ਸਾਖੀ ਪੋਥੀ ਦੀ ਸਾਖੀ ਹੈ।

§ਦਾਤਾ ਜੀ ਸ਼ਰੀਰਕ ਸਫਾਈ ਤੇ ਸਾਵਧਾਨਤਾ ਦੇ ਨਾਲ ਨਾਲ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਸ਼ੁਭ ਮੱਤਿ ਸਿਖਾਲਦੇ ਹਨ।

ਸੁਨਿ ਕੈ ਸੀਖ ਸਭਿਨਿ ਹੂੰ ਮਾਨੀ। ਜਥਾ ਆਪ ਸ੍ਰੀ ਬਦਨ ਬਖਾਨੀ॥੧੭॥
ਆਇ ਬਿਰਾਜੇ ਸਤਿਗੁਰ ਡੇਰੇ। ਨਿਸਾ ਬਿਤਾਇ ਸਥਿਰੇ ਸਵੇਰੇ। ਬੈਠਯੋ
ਨਿਕਟ ਖਾਲਸਾ ਆਇ।ਦਰਸਹਿ ਸੰਗਤਿ ਫਲ ਕੋ ਪਾਇ ॥ ੧੮ ॥ *ਦਧਿ
ਸੋਂ ਦੀਰਘ ਘਟ ਕੋ ਭਰਯੋ।ਲੇ ਇਕ[1]ਆਨਿ ਦਰਸ ਕੋ ਕਰਯੋ।ਬੂਝਨ ਕੀਨ
'ਬਸਹਿ ਕਿਸ ਗ੍ਰਾਮੂ ? ਤੋਹਿ ਪਿਤਾ ਅਰੁ ਤੁਵ ਕਯਾ ਨਾਮੂ ?' ॥ ੧੯ ॥
ਸ਼੍ਰੀ ਗੁਰ ਤੇ ਸੁਨਿ ਸਕਲ ਬਤਾਈ।'ਮੌੜ ਗ੍ਰਾਮ ਮਹਿਂ ਬਸੌਂ ਗੁਸਾਈਂ!ਪਿਤਾ
ਭੀਮ ਤੇ ਮੈਂ ਸੁਤ ਭਯੋ। ਦਲਪਤਿ ਮੋਹਿ ਨਾਮ ਧਰਿ ਦਯੋ' ॥ ੨੦ ॥ ਭੁ
ਪਸੰਨ ਕਦ[2] ਹੇਰਿ ਬਿਸਾਲਾ।ਕ੍ਰਿਪਾ ਕਰਤਿ ਬੋਲੇ ਤਿਸ ਕਾਲਾ। 'ਜੋ ਕਰਿ
ਭੀਮ[3] ਆਤਮਜ ਭਯੋ। ਤਬਹਿ ਦਲਨ ਕੀ ਪਤਿ ਪਦ ਲਯੋ[4]' ॥ ੨੧ ॥
ਖੁਸ਼ੀ ਹੋਇ ਗੁਰ ਪਾਗ ਬੰਧਾਈ। 'ਜੋ ਸਿੱਖੀ ਕੋ ਰਖਹਿਂ ਜਿਠਾਈ[5] । ਤੌ
ਐਸ੍ਵਰਜ ਭੀ ਵਧਹਿ ਮਹਾਨਾ। ਮਾਨਤਿ ਰਹਹੁ ਗੁਰੂ ਕੀ ਆਨਾ' ॥ ੨੨ ॥
ਕਿਤਿਕ ਸਮੈਂ ਬੈਠਨ ਤਬਿ ਕਰਯੋ।ਬੰਦਨ ਠਾਨਿ ਸਦਨ ਚਲਿ ਪਰਯੋ।ਦਿਨ
ਦ੍ਵੈ ਚਾਰਿਕ ਬੰਧੀ ਸਿਰ ਪਰ। ਡੋਮਨ ਕੋ ਗਾਵਨ[6] ਕੋ ਸੁਨਿ ਕਰਿ ॥੨੩॥
ਸੋ ਦਸਤਾਰ ਤਿਨਹੁੰ ਕੋ ਦੀਨਿ। ਮੂਰਖ ਕਛੂ ਬਿਚਾਰ ਨ ਕੀਨਾ।ਨਹਿਂ ਗੁਰ
ਮਹਿਮਾ ਮਨ ਮਹਿ ਆਇ। ਖਾਲੀ ਰਹਯੋ ਖੁਸ਼ੀ ਕੋ ਪਾਇ ॥ ੨੪ ॥
*ਭਾਈ ਭਗਤੂ ਕਾ ਇਕ ਪੋਤਾ।ਦਯਾਲਦਾਸ ਜਿਸ ਨਾਮ ਉਦੋਤਾ।ਭੁੱਚੋ
ਗ੍ਰਾਮ ਬਿਖੈ ਤੇ ਗਯੋ। ਗੁਰ ਦਰਸ਼ਨ ਕਰਿ ਨੰਮ੍ਰੀ ਭਯੋ ॥ ੨੫ ॥ ਕਛੁਕ
ਰਜਤਪਣ ਭੇਟ ਚੜ੍ਹਾਈ।ਬੈਠਯੋ ਸ੍ਰੀ ਪ੍ਰਭੁ ਦ੍ਰਿਸ਼ਟਿ ਚਲਾਈ। ਸ੍ਰੀ ਮੁਖ ਤੇ
ਫੁਰਮਾਨ ਬਖਾਨਾ।'—ਦਯਾਲ ਸਿੰਘ—ਅਬਿ ਕਰਹੁ ਪ੍ਰਮਾਨਾ[7]' ॥ ੨੬ ॥ ਖੰਡੇ
ਕੀ ਪਾਹੁਲ ਸ਼ੁਭ ਧਾਰਹੁ। ਬਨਹੁ ਖਾਲਸਾ ਭਰਮ ਨਿਵਾਰਹੁ । ਕੇਸ਼ ਕਾਛ
ਕੀ ਰਹਤਿ ਰਖੀਜੈ। ਮੀਣ ਮਸੰਦ ਮੇਲ ਨਹਿਂ ਕੀਜੈ ॥੨੭॥ ਸ਼ਸਤ੍ਰਨਿ ਕੋ
ਨਿਸ ਦਿਨ ਤਨ ਧਰੀਅਹਿ। ਫਤੇ ਗੁਰੂ ਜੀ ਕੀ ਸੁ ਉਚਰੀਅਹਿ'। ਸੁਨਿ
ਕੈ ਕਮਦਿਲ ਹੋਇ ਉਚਾਰੀ।'ਸਿੱਖੀ ਹਮਹੁਂ ਕਦੀਮੀ ਧਾਰੀ ॥੨੮॥ ਪਿਤਾ
ਪਿਤਾਮਾ ਗੁਰ ਘਰ ਕੇਰੇ। ਜਹਿਂ ਕਹਿਂ ਬਿਦਤੇ ਜਗਤ ਬਡੇਰੇ।ਅਬਿ ਮੈਂ
ਨਈ ਰੀਤਿ ਕਯਾ ਧਾਰੌਂ।ਨਿਜ ਬਡਿਅਨਿ ਕੋ ਪੰਥ ਸੰਭਾਰੌਂ ॥੨੯॥ ਸਭਿ
ਗੁਰ ਖੁਸ਼ੀ ਕਰਤ ਹੀ ਰਹੈ । ਦਾਸ ਕਦੀਮੀ ਅਪਨੇ ਲਹੈ।ਭਈ ●ਆਰਬਲ

[1]ਭਾਵ ਇਕ ਸਿਖ ਨੇ ਲਿਆਕੇ। [2]ਡੀਲ। ਕੱਦ। [3]ਇਸ ਵਿਚ ਕਟਾਖਯ ਪੁਰਾਤਨ ਬਲਵਾਨ 'ਭੀਮ' ਵਲ ਹੈ। [4]ਦਲ ਦਾ ਪਤੀ ਹੋਣਾ ਪਦਵੀ ਪਾਈ ਹੈ। [5]ਸਿੱਖੀ ਦੀ ਵਡਿਆਈ ਰੱਖੇਂਗਾ। [6]ਡੂਮਾਂ ਦਾ ਗਾਉਣਾ। [7]'ਦਯਾਲ' ਸਿੰਘ ਹੁਣ ਇਹ(ਨਾਮ) ਮੰਨਣਾ ਕਰੋ। *ਸਾਖੀ ਪੋਥੀ ਦੀ ਸਾਖੀ ਹੈ।

ਅਬੈ ਸਡੇਰੀ। ਪਹੁਲ ਲੇਨਿ ਨ ਉਚਿਤਾ ਮੇਰੀ' ॥ ੩੦ ॥ ਸ੍ਰੀ ਮੁਖ ਤੇ ਕਹਿ ਪੁਨ ਸਮੁਝਾਯੋ। 'ਹਮ ਨੇ ਉੱਤਮ ਪੰਥ ਚਲਾਯੋ। ਲੋਕ ਪ੍ਰਲੋਕ ਬਿਖੈ ਸੁਖਦਾਇਕ। ਰਾਜ ਤੇਜ ਜੁਤਿ ਹੈ ਰਿਪੁ ਘਾਯਕ ॥ ੩੧ ॥ ਤਿਸ ਜਹਾਜ ਪਰ ਚਢਹਿ ਜੁ ਆਇ। ਕੀਟੀ ਤੇ ਗਯੰਦ ਬਨਿ ਜਾਇ। ਜੋ ਸਯਾਲ ਸਮ ਸਭਿ ਤੇ ਡਰੈ। ਬਨੈ ਸਿੰਘ[1] ਸਿੰਘ ਨਾਮ ਸੁ ਧਰੈ ॥ ੩੨ ॥ ਯਾਂਤੇ ਤੂੰ ਭੀ ਧਾਰਨ ਕਰੀਅਹਿ। ਰੀਤਿ ਮਸੰਦੀ ਨਾਂਹਿਨ ਧਰੀਅਹਿ'। ਸੁਨਿ ਪੁਨ ਬਚਨ ਹਟਾਵਨ ਕੀਨਾ[2]। ਗੁਰੂ ਬਾਕ ਪਰ ਨਹਿਨ ਪਤੀਨਾ॥ ੩੩ ॥ 'ਅਬਿ ਤੌ ਕ੍ਰਿਪਾ ਕਰਹੁ ਰਹਿਂ ਐਸੇ। ਪਿਤਾ ਪਿਤਾਮਾ ਹਮਰੇ ਜੈਸੇ'। ਸੁਨਿ ਕਰਿ ਗੁਰੂ ਸ੍ਰਾਪ ਤਬਿ ਦੀਨਾ। ਬਾਰਿ ਬਾਰਿ ਬ੍ਰਚ ਬਾਰਨਿ ਕੀਨਾ[2] ॥੩੪॥ 'ਹਮ ਤੇ ਨਹਿਂ ਪਾਹੁਲ ਤੈਂ ਲਈ। ਅਪਰ ਬੁੱਧਿ ਹਠਿ ਤੇ ਦ੍ਰਿਢ ਕਈ। [3]ਮਿਲਹਿ ਚੂਹੜੇ ਜਬਹਿ ਹਮਾਰੇ। ਤਿਨ ਤੇ ਕਰਿਹੈਂ ਅੰਗੀਕਾਰੇ[3]' ॥ ੩੫ ॥ ਸੁਨਿ ਕਰਿ ਦਯਾਲ ਦਾਸ ਭਾ ਮੌਨ। ਕੇਤਿਕ ਚਿਰ ਮਹਿਂ ਗਮਨਯੋ ਭੌਨ। ਪਸਚਾਤਾਪ ਕਰਤਿ ਚਲਿ ਗਯੋ।-ਗੁਰ ਕੇ ਸੰਗ ਬਿਰਸ ਬਹੁ ਭਯੋ-॥੩੬॥ ਤਬਿ ਤੇ ਸ੍ਰੀ ਪ੍ਰਭੁ ਰੁਖ਼ ਨ ਮਿਲਾਯੋ। ਨਹਿਂ ਸਾਦਰ ਕਬਿ ਨਿਕਟ ਬਿਠਾਯੋ। 'ਭਗਤੂ ਕਾ ਮਸੰਦ' ਧਰਿ ਨਾਮੂ*। ਨਾਂਹਿਨ ਗਮਨੇ ਇਸ ਕੇ ਧਾਮੂ ॥ ੩੭ ॥ ਭਗਤੂ ਸੁਤ ਗੌਰਾ ਇਕ ਭਯੋ। ਤਿਸ ਤੇ ਦਯਾਲਦਾਸ ਉਪਜਯੋ† । ਭਗਤੂ ਸੁਤ ਦੂਸਰ ਭਾ ਜੀਵਨ। ਸ੍ਰੀ ਹਰਿਰਾਇ ਨਿਕਟ ਦਿਯ ਜੀਵਨ[4] ॥ ੩੮ ॥ ਬਿੱਪ੍ਰ ਪੁੱਤ੍ਰ ਕੋ

[1]ਸ਼ੇਰ। [2]ਹਟਾਵਣਾ ਕੀਤਾ। [3]ਭਾਵ ਨੀਵੀਆਂ ਜਾਤਾਂ ਦੇ ਜਦੋਂ ਸਿੰਘ ਸਜੇ ਹੋਏ ਮਿਲਣਗੇ ਉਨ੍ਹਾਂ ਤੋਂ ਅੰਮ੍ਰਿਤ ਛਕੇਂਗੇ। [4]ਪ੍ਰਾਣ ਦਿੱਤੇ।

*ਗੁਰੂ ਜੀ ਚਾਹੁੰਦੇ ਸਨ ਕਿ ਮਸੰਦਦਾਰ ਜੀਵਨ ਦਜਾਲਦਾਸ ਦਾ ਨਾ ਰਹੇ ਤੇ ਸਿੰਘ ਸਜੇ। ਪੂਜਾ ਦੇ ਧਾਨ ਨੂੰ ਕੱਠਾ ਕਰਨਾ, ਅਮੀਰ ਬਣਨਾ, ਇਹੋ ਮਨੋਰਥ ਪੂਜ੍ਯ ਬਣਨ ਦਾ ਧਾਰਨਾ ਮਸੰਦੀ ਹੈ। ਕਿਰਤ ਕਰਕੇ ਖਾਣਾ,ਸੇਵਾ ਕਰਨੀ,ਸਿੰਘ ਦਾ ਧਰਮ ਹੈ। ਪੂਜਾ ਦੇ ਪਦਾਰਥ ਨੂੰ ਭਲੇ ਅਰਥ ਲਾਉਣਾ,ਨਿਰਬਾਹਮਾਤ੍ਰ ਅੰਗੀਕਾਰ ਕਰਨਾ, ਬਾਣੀ ਨਾਮ ਦਾ ਪ੍ਰੇਮੀ ਹੋਣਾ ਇਹ ਬੀ ਸਿੱਖੀ ਜੀਵਨ ਹੈ ਓਹਨਾਂ ਦਾ ਜੋ ਸਾਰਾ ਸਮਾਂ ਪੰਥ ਸੇਵਾ ਗੁਰਧਾਮਾਂ ਦੀ ਸੇਵਾਪਰ ਲਾਉਣ ਯਾ ਕਿਸੇਅਸੂਲ ਯਾ ਖਿਆਲ ਤੋਂ ਬਿਹੰਗਮੀਜੀਵਨ ਧਾਰਲੈਣ।

†ਭਾਈ ਭਗਤੂ ਦਾ ਪੁੱਤ੍ਰ ਭਾਈ ਗੌਰਾ ਤੇ ਗੌਰੇ ਦਾ ਪੁੱਤ੍ਰ ਦਿਆਲ ਦਾਸ ਇਸ ਦੇ ਪੁੱਤ੍ਰ ਨੇ ਅੰਮ੍ਰਿਤ ਛਕਕੇ ਗੁਰਬਖਸ਼ ਸਿੰਘ ਨਾਮ ਰਖਾਇਆ, ਇਸ ਦੇ ਪੁੱਤ੍ਰ ਦੇਸੂ ਸਿੰਘ ਨੇ ਕੈਂਥਲ ਦਾ ਰਾਜ ਕਾਇਮ ਕੀਤਾ। ਇਸ ਦਾ ਬੇਟਾ ਰਾਜਾ ਲਾਲ ਸਿੰਘ ਸੀ ਤੇ ਉਸ ਦਾ ਪੁੱਤ੍ਰ ਕੈਂਥਲ ਪਤੀ ਉਦਯ ਸਿੰਘ ਜੀ ਸਨ ਜਿਨ੍ਹਾਂ ਦੇ ਦਰਬਾਰ ਦੇ ਕਵੀ ਕਵਿਰਾਜ ਸੰਤੋਖ ਸਿੰਘ ਜੀ ਨੇ ਇਹ ਗੁਰ ਪ੍ਰਤਾਪ ਸੂਰਜ ਗ੍ਰੰਥ ਰਚਿਆ। ਵਿਸ਼ੇਸ਼ ਹਾਲਾਤ ਲਈ ਦੇਖੋ ਇਸੇ ਗ੍ਰੰਥ ਦੀ ਪ੍ਰਸਤਾਵਨਾ।

ਤਬੈ ਜਿਵਾਯੋ। ਤਿਸ ਕੋ ਬੰਸ ਅਧਿਕ ਬਿਰਧਾਯੋ। ਗ੍ਰਾਮ ਚੱਕ ਤਿਸ* ਮਹਿੰ ਕਰਿ ਬਾਸਾ। ਸੋ ਚਲਿ ਕਰਿ ਆਇ ਗੁਰ ਪਾਸਾ ॥੩੯॥ ਖੰਡੇ ਕੀ ਪਾਹੁਲ ਤਿਨ ਲੀਨੀ। ਖੁਸ਼ੀ ਗੁਰੂ ਕੀ ਜਿਸ ਬਿਧਿ ਚੀਨੀ । ਰਾਮ ਸਿੰਘ ਇਕ ਨਾਮ ਧਰਾਯੋ। ਦੂਸਰ ਫਤੇ ਸਿੰਘ ਮਨ ਭਾਯੋ ॥ ੪੦ ॥ ਇਕ ਮਾਤਾ ਤੇ ਦ੍ਵੈਨਹੁੰ ਭਾਈ। ਦੋ ਬਿਮਾਤ ਤੇ ਦੋਊਂ ਬਤਾਈ[1]। ਬਖਤੂ ਸਿੰਘ ਅਰੁ ਤਖਤੂ ਸਿੰਘ। ਸੁਤ† ਜੀਵਨ ਚਾਰੋਂ ਜਨੁ ਸਿੰਘ ॥ ੪੧ ॥ ਨਿਕਟ ਗ੍ਰਾਮ ਮਹਿੰ ਇਨਕੋ ਬਾਸਾ। ਆਵਤਿ ਜਾਤਿ ਰਹੈਂ ਗੁਰ ਪਾਸਾ। ਕਿਤਿਕ ਮਾਸ ਸਤਿ-ਗੁਰੂ ਬਿਤਾਏ। ਚਹੁੰਦਿਸ਼ਿ ਤੇ ਸਿਖ ਦਰਸ਼ਨ ਆਏ ॥ ੪੨ ॥ ਨਰ ਨਾਰਨਿ ਕੀ ਭੀਰ ਹਮੇਸ਼। ਹਿਤ ਦਰਸ਼ਨ ਕੇ ਮਿਲਹਿੰ ਵਿਸੇਸ਼। ਨਾਨਾ ਬਿਧਿ ਕੀ ਆਨਿ ਅਕੋਰ।ਕਰਹਿੰ ਸਮਰਪਨ ਜੁਗ ਕਰਿ ਜੋਰਿ॥੪੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਗਤੂ ਸੁਤ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥੨੧॥

## ੨੨. [ਗੋਦੜੀਆ ਸਿੰਘ। ਭਾਗੋ। ਡੱਲਾ ਤੇ ਵਜ਼ੀਰ ਖਾਂ ਦਾ ਪਰਵਾਨਾ]।

ਦੋਹਰਾ ॥ ਇਕ ਦਿਨ ਸ੍ਰੀ ਮੁਖ ਤੇ ਕਹ੍ਯੋ 'ਰਾਮ ਸਿੰਘ ਤਵ ਗ੍ਰਾਮ। ਉਤਰੈਂ ਇਕ ਦ੍ਵੈ ਨਿਸਾ ਤਹਿੰ ਦੇਖਹਿੰ ਕਸ ਅਭਿਰਾਮ[2]' ॥ ੧ ॥ ਚੌਪਈ ॥ ਸੁਨਿ ਬੋਲ੍ਯੋ ਕਰਿ ਜੋਰਿ ਸੁ ਤਬੈ। 'ਸਿਕਤਾ ਘਨੋ ਦੇਸ਼ ਇਤਿ ਸਬੈ। ਤੀਖਨ ਤੇਜ ਤਪਨ ਕੋ ਪਾਇ। ਜਹਿੰ ਕਹਿੰ ਤੇ ਦੀਰਘ ਤਪਤਾਇ ॥ ੨॥ ਬਹੁਰ ਸਮੀਰ ਅਧੀਰਜ ਵਾਰੀ[3]। ਕਰਹਿ ਉਡਾਵਨ ਗਗਨ ਮਝਾਰੀ। ਬਹੇ ਬੇਗ ਤੇ ਬਹੁ ਦੁਖਦਾਈ। ਐਸੇ ਦੇਸ਼ ਗ੍ਰਾਮ ਇਸ ਥਾਈ[4]' ॥ ੩ ॥ ਸ੍ਰੀ ਪ੍ਰਭੁ ਕਹ੍ਯੋ 'ਕਰੀਜਹਿ ਤਯਾਰੀ। ਚਲਹਿੰ, ਬਿਲੋਕਹਿੰਗੇ ਇਕ ਬਾਰੀ'। ਸੁਨਿ ਕੈ ਹੁਕਮ ਰਾਮ ਸਿੰਘ ਗਯੋ। ਗ੍ਰਾਮ ਬਿਖੈ ਸਭਿ ਸੋਂ ਕਹਿ ਦਯੋ ॥ ੪ ॥ ਗ੍ਰੀਖਮ ਰਿਤੁ ਮਹਿੰ ਸਰਦ ਸਥਾਨਾ। ਲਗ੍ਯੋ ਬਨਾਵਨ ਜਾਨਿ ਮਹਾਨਾ। ਕਰਿ ਝਾਰਨ ਚਹੂੰ ਓਰਨ ਓਟਾ। ਰਾਖ੍ਯੋ ਬੈਠਨ ਹਿਤ ਬਲ ਛੋਟਾ ॥ ੫ ॥ ਸਿਕਤਾ ਮੋਟਾ ਬੀਚ ਬਿਛਾਵਾ। ਬਾਰ ਬਾਰ ਜਲ ਤੇ ਛਿਰਕਾਵਾ। ਕੋਰੇ ਕੁੰਭ ਨੀਰ ਭਰਿ ਕਰਿਕੇ। ਬਹੁ ਸੀਤਲ ਦੀਨੇ ਵਿਚ ਧਰਿਕੇ ॥੬॥ ਇੱਤਯਾਦਿਕ ਸਭਿ ਕਰਿਕੈ ਤਯਾਰੀ।ਨੀਕੇ ਸਤਿਗੁਰ ਹੇਤੁ ਸੁਧਾਰੀ। ‡ਇਕ ਸਿਖ ਗੋਦੜੀਆ ਜਿਸ

[1]ਮਤ੍ਰੇਈ ਤੋਂ ਦੱਸਦਾ ਹਾਂ ਕਿ ਦੋ ਹੋਰ ਸਨ:- [2]ਕਿਹੋ ਜਿਹਾ ਸੁਹਣਾ ਹੈ। [3]ਭਾਵ ਹਨੇਰੀ। [4]ਇਸ ਥਾਂ ਤਾਂ ਇਹੋ ਜਿਹੇ ਦੇਸ਼ ਦੇ ਪਿੰਡ ਹਨ। *ਪਾ:-ਚਕਿਤਸੋ।ਸਾਖੀ ਪੋ:ਦਾ ਪਾ: 'ਚੱਕ'ਹੈ। ਠੀਕ ਨਾਮ 'ਭਾਈ ਕੇ ਚੱਕ'ਹੈ,ਦੇਖੋ ਅੰ: ੩੨ ਅੰਕ ੬। †ਇਥੇ ਭੁਲੇਖਾ ਹੈ। ਏਹ ਚਾਰੇ ਜੀਵਨ ਦੇ ਪੋਤ੍ਰੇ ਹਨ, ਪੁਤ੍ਰ ਨਹੀਂ।ਪੁਤ੍ਰ ਸੈਤ ਦਾਸ ਹੈ,ਕਵੀ ਜੀ ਜੀਵਨ ਦਾ ਇੱਕੋ ਪੁਤ੍ਰ ਆਪ ਦੱਸ ਆਏ ਹਨ ਜੋ ਚਲਾਣੇ ਮਗਰੋਂ ਜੰਮਿਆ ਸੀ। ਦੇਖੋ ਰਾਸ ੧੦ ਅੰਸੂ ੧੮ ਅੰਕ ੧੮। ‡ਹੁਣ ਗੋਦੜੀਏ ਦਾ ਕੁਛ ਹਾਲ ਪਿਛਲਾ ਦੱਸਣ ਲੱਗੇ ਹਨ ਜੋ ਸਾਖੀ ਪੋਥੀ ਵਿਚ ਵਿਚ ਨਹੀਂ ਹੈ।

ਨਾਮੂ। ਜਿਸਕੇ ਚਰਿਤ ਮਹਾਂ ਅਭਿਰਾਮੂ ॥੭॥ ਅਲਪ ਬੈਸ ਮਹਿ ਆਵਤਿ ਭਯੋ। ਭਗਤੂ ਪੁੱਤ੍ਰਨਿ ਢਿਗ ਰਹਿ ਗਯੋ। ਗੌਰੇ ਕਹਿ ਕਰਿ ਕਾਰ ਲਗਾਯੋ। ਕੂਪ ਨੀਰ ਕੋ ਚਰਸ[1] ਵਹਾਯੋ ॥ ੮ ॥ ਅਪਰ ਸੇਵ ਜੋ ਕਹੈ ਕਮਾਵੈ। ਕਰਹਿ ਸੋਙ ਲਗਿ ਜਹਾਂ ਲਗਾਵੈ। ਇਕ ਦਿਨ ਘਾਸ ਬਾਢਿਬੇ ਲਾਯੋ। ਦਹਿਸਿਰ ਤੋਲ ਬਾਜਰਾ ਲ੍ਯਾਯੋ[2] ॥੯॥ਚਰਬਤ ਸੇਰ ਏਕ ਦਿਨ ਮਾਂਹੀ[3]। ਘਾਸ ਬਢਹਿ ਨਿਤ ਮਿਟਹਿ ਸੁ ਨਾਂਹੀ।ਦਸ ਦਨੋਸਨ ਲਗਿ ਫੇਰ ਲਗਾਏ। ਨਹਿਂ ਆਵਤਿ ਭਾ ਬਿਨਾ ਬੁਲਾਏ ॥ ੧੦ ॥ ਨਿਕਟ ਤਾਲ ਜਲ ਪੀਵਨ ਕਰੈ। ਰਿਦੇ ਸਦਾ ਸਿਮਰਨ ਹਰਿ ਧਰੈ। ਜਾਇ ਬਿਲੋਕ੍ਯੋ ਹਰਖਤਿ ਭਏ। ਲਾਦੇ ਸ਼ਕਟ ਆਨਿਬੇ ਕਏ ॥ ੧੧ ॥ ਪੁਨਹਿ ਲ੍ਯਾਇ ਘਰ ਪੀਸਨ ਲਾਯੋ। ਪੀਸਤ ਰਹੈ ਨ ਮਨ ਡੋਲਾਯੋ। ਜਪੁਜੀ ਬਾਰ ਇਕੀਸ ਉਚਾਰੈ। ਕਰ ਪਗ ਸੋਂ ਨਿਤ ਕਾਰ ਸੰਭਾਰੈ ॥੧੨॥ਪੁਨ ਦਾਸੀ ਤਿਸ ਕੇ ਸੰਗ ਲਾਈ। ਪੀਸਹਿ ਆਪ ਸੁ ਬਰਜਿ ਹਟਾਈ[4]। ਭਗਤੂ ਸੁਤ ਜੀਵਣ ਇਕ ਬਾਰੀ। ਕਿਸ ਗਾਹਕ ਕੋ ਝਿਰਕਤਿ ਭਾਰੀ ॥ ੧੩ ॥ ਗੋਂਦੜੀਆ ਕਰਿ ਕ੍ਰਿਪਾ ਨਿਵਾਰੈ। 'ਕ੍ਯੋਂ ਨਾਹਕ ਇਸ ਕੋ ਬਹੁ ਮਾਰੈਂ'।ਸੁਨਿ ਜੀਵਣ ਬੋਲ੍ਯੋ ਰਿਸ ਹੋਈ।'ਰਾਜ ਸਾਜ ਕੀ ਸੁਧ ਕ੍ਯਾ ਤੋਹੀ'॥੧੪॥ ਉਠਿ ਕਰਿ ਡਾਢੀ* ਲਾਤ ਪ੍ਰਹਾਰੀ। 'ਕ੍ਯੋਂ ਨਹਿਂ ਪੀਸਨ ਕੀ ਕਰਿ ਕਾਰੀ'। ਕਹਿ ਗੋਂਦੜੀਆ 'ਕ੍ਰਿਪਾ ਨ ਧਾਰੇ। ਰਿਦੇ ਰਾਜ ਅਹੰਕਾਰ ਅਫਾਰੇ' ॥੧੫॥ ਇਮ ਕਹਿ ਲਗ੍ਯੋ ਕਾਰ ਕੋ ਆਈ। ਅਫਰ੍ਯੋ ਜੀਵਣ ਬਹੁ ਦੁਖ ਪਾਈ। ਜਬਿ ਉਪਚਾਰ ਕਰਨ ਕੋ ਆਏ। 'ਸ੍ਰਾਪ ਦਾਸ ਦੀਨਸਿ' ਬਤਲਾਏ ॥੧੬॥ 'ਹਮ ਤੇ ਭੀ ਵਧ ਸੇਵਕ ਹੋਯੋ। ਜਿਸ ਕੇ ਬਾਕਨ ਤੇ ਸੁਖ ਖੋਯੋ'। ਬਿਨੈ ਬਖਾਨਤਿ ਗੌਰਾ ਲ੍ਯਾਯੋ। ਜੀਵਣ ਕੇ ਜਬਿ ਹਾਥ ਛੁਹਾਯੋ॥੧੭॥ਗਯੋ ਅਫਾਰਾ ਸੁਖ ਕੋ ਪਾਏ। ਮਿਲਿ ਸਗਰੇ ਤਿਸਕੇ ਪ੍ਰਤਿ ਗਾਏ। 'ਹਮਰੀ ਸੇਵਾ ਕਰਿ ਤੈਂ ਪਾਈ। ਵਧ੍ਯੋ ਅਧਿਕ ਪੁਨ ਭਾ ਦੁਖਦਾਈ ॥ ੧੮ ॥ ਜਹਿ ਇੱਛਾ ਬਿਚਰਹੁ ਤਹਿਂ ਆਪ। ਸ਼ਕਤਿ ਨ ਰਾਖਨ ਕੀ, ਕਹਿਂ ਸ੍ਰਾਪ[5]'। ਸੁਨਿ ਸੂੱਛਾ ਹੀ ਗਮਨ ਕਰੰਤਾ। ਹਿਤ ਸੇਵਾ ਜੋ ਕਿਤ ਉਚਰੰਤਾ[6] ॥ ੧੯ ॥ ਭੋਜਨ ਖਾਇ ਕਰਤਿ ਰਹਿ ਕਾਰਾ। ਸੱਤਿਨਾਮ ਨਿਸ ਦਿਨ ਉਰ ਧਾਰਾ। ਅਪਰ ਜਹਾਂ ਕਹਿਂ ਬਾਕ ਉਚਾਰਾ।

[1]ਚਰਸਾ। [2](ਘਰੋਂ) ਦਸ ਸੇਰ ਬਾਜਰਾ ਤੋਲਕੇ ਲਿਆਇਆ। [3]ਦਿਨ ਵਿਚ ਇਕ ਸੇਰ ਚਬਾਉਂਦਾ ਸੀ। [4]ਭਾਵ ਦਾਸੀ ਨੂੰ ਨਾਂ ਪੀਹਣ ਦਿੱਤਾ ਆਪੇ ਹੀ ਪੀਹਵੇ। [5]ਤੇਰੇ ਰੱਖਣ ਦੀ (ਸਾਡੇ ਪਾਸ) ਤਾਕਤ ਨਹੀਂ (ਕਿਉਂ ਜੋ ਤੂੰ) ਸ੍ਰਾਪ ਕਹਿ ਦੇਂਦਾ ਹੈਂ। [6]ਸੇਵਾ ਲਈ ਜੋ ਕੋਈ ਕਿਧਰੇ ਕਹਿੰਦਾ ਹੈ......। *ਪਾ:—ਠਾਢੀ=ਖੜੇ ਹੋਕੇ।

ਭ੍ਰਾਤਕਾਲ ਸਵਲਯੋ ਬਹੁ ਬਾਰਾ ॥ ੨੦ ॥ ਨਿਜ ਘਰ ਬਸਯੋ ਪ੍ਰਥਮ ਹੀ ਬਸਾਹਾ । ਤ੍ਰੈ ਸੁਤ ਜਨਮੇ ਨਿਜ ਘਰ ਮਾਂਹਾਂ । ਇਕ ਦਿਨ ਗਯੋ ਗ੍ਰਾਮ ਕਿਸ ਔਰ । ਇਕ ਰਾਹਕ ਖੇਤਨ ਕੋ ਠੌਰ ॥ ੨੧ ॥ ਕ੍ਰਿਖਿ ਬਾਢਨ ਕੋ ਦਯੋ ਲਗਾਈ । ਸਭਿ ਬਾਸੁਰ ਲੌ ਕਾਰ ਕਮਾਈ । ਖਾਨ ਪਾਨ ਕੀ ਖਬਰ ਨ ਲੀਨੀ । ਸੰਧ੍ਯਾ ਪਰੀ ਜਾਟ ਮਨ ਚੀਨੀ ॥ ੨੨ ॥ ਕਹ੍ਯੋ 'ਚਲਹੁ ਅਬਿ ਖਿਚਰੀ ਦੇ ਹੈਂ।ਭਲੀ ਭਾਂਤਿ ਤੋ ਕਹੁ ਤ੍ਰਿਪਤੈ ਹੈਂ'।ਗੋਦੜੀਆ ਬੋਲ੍ਯੋ ਰਿਸ ਹੋਹੀ।'ਬਾਢਨ ਦੇਹੁ ਭਲੀ ਬਿਧਿ ਮੋਹੀ'॥੨੩॥ ਤਬਿ ਤੇ ਭਯੋ ਜਾਟ ਦੁਖਿ-ਆਰਾ । ਹਾਇ ਹਾਇ ਕਰਿ ਊਚ ਪੁਕਾਰਾ । ਲੋਕਨ ਕਹ੍ਯੋ 'ਮਹਾਂ ਅਜ਼-ਮਤੀ । ਤਿਸ ਤੇ ਕਾਰ ਕਰਾਵਤਿ ਅਤੀ[1]॥੨੪॥ ਅਜਹੁੰ ਭਿ ਤਿਸ ਕੋ ਦਧੀ ਖੁਲਾਵਹੁ । ਹਾਥ ਜੋਰਿ ਬਿਨਤੀ ਬਖਸ਼ਾਵਹੁ' । ਜਾਟ ਮਾਤ ਦਧਿ ਮਿਰਚਾਂ ਪਾਇ । ਧਰਿ ਆਗੇ ਸਭਿ ਦਈ ਖੁਵਾਇ॥੨੫॥ਬਹੁ ਚਰਪਰੀ ਖਾਇ ਕਰਿ ਗਾਈ[2] । 'ਸਰਪ ਖਾਇ ਤਤਛਿਨ ਤੁਝ ਮਾਈ' । ਰਾਤਿ ਬਿਖੈ ਦੋਨਹੁੰ ਮਰਿ ਗਏ । ਪ੍ਰਾਤ ਉਠ੍ਯੋ ਕਿਤਹੂੰ ਗਮਨਏ॥੨੬॥ਕੇਤਿਕ ਦਯੋਸਨਿ ਫਿਰਿ ਬਹੁ ਥਾਇੰ । ਘਰ ਪਹੁੰਚ੍ਯੋ ਪੁਨ ਸਹਜ ਸੁਭਾਇ । ਜੌ ਕਹਿ ਦੇਤਿ ਸੁ ਕਾਰ ਕਮਾਵੈ।ਜਪੁਜੀ ਪਢੈ ਗੁਰੂ ਗੁਰ ਧਯਾਵੈ॥੨੭॥ਇਕ ਦਿਨ ਖੇਤ ਬਿਖੈ ਚਲਿ ਆਯੋ । ਸਰਸੋਂ ਹੁਤੀ ਉਖਾਰਨਿ ਲਾਯੋ।ਮਿਲ੍ਯੋ ਸਾਧ ਬੂਝ੍ਯੋ 'ਕ੍ਯਾ ਕਰੈਂ?। ਕਿਸ ਪਰਚੇ ਮਹਿਂ ਚਿਤ ਕਉ ਧਰੈਂ ॥੨੮॥ ਬੋਲ੍ਯੋ 'ਜਰਾਂ ਉਖਾਰੋਂ ਆਛੇ । ਪੁਨ ਲਗਿਬੇ ਕਹੁ ਨਾਹਿਨ ਬ੍ਹਾਂਛੇ' । ਉੱਤਰ ਦਯੋ ਸਾਧ ਕੋ ਜਬੈ । ਗਮਨ ਜਥੋਚਿਤ ਕੀਨਸਿ ਤਬੈ ॥ ੨੯ ॥ ਤ੍ਰੈ ਨੰਦਨ ਪੂਰਬ ਜਨਮਏ । ਪਾਇ ਬਚਨ ਤਬਿ ਸਭਿ ਮਰਿ ਗਏ । ਹਰਖ ਨ ਸ਼ੋਕ ਲੇਸ਼ ਜਿਸ ਮਨ ਮੈਂ। ਹੇਮ ਧੂਲ[3] ਇਕ ਸਮ ਘਰ ਬਨ ਮੈਂ ॥੩੦॥ ਗੁਰ ਆਗਵਨ ਸੁਨ੍ਯੋ ਹਰਖਾਯੋ । ਸਹਿਜ ਸੁਭਾਇਕ ਬਿਚਰਤਿ ਆਯੋ । ਦਰਸ਼ਨ ਕਰਤਿ ਬਿਲੰਦ ਅਨੰਦ੍ਯੋ। ਪਦ ਅਰਬਿੰਦ ਪੁਨਹਿ ਪੁਨ ਬੰਦ੍ਯੋ ॥ ੩੧ ॥ ਸਤਿਗੁਰ ਬੂਝਨ ਕਰ੍ਯੋ ਬ੍ਰਿਤੰਤ । ਲੋਕਨ ਕਹ੍ਯੋ 'ਬਡੋ ਇਹ ਸੰਤ' । ਸਕਲ ਪ੍ਰਸੰਗ ਪ੍ਰਭੂ ਕੇ ਸੰਗ। ਕਰ੍ਯੋ ਬਤਾਵਨ ਜਿਮ ਚਿਤ ਰੰਗ ॥ ੩੨ ॥ ਰਹਤਿ ਭਯੋ ਸਿੱਖਨ ਦਲ ਮਾਂਹੀ।ਲੇਤਿ ਅਹਾਰ ਦੇਗ ਤੇ ਖਾਹੀ।ਸੱਤਿਨਾਮ ਸਿਮਰਨ ਗੁਰ ਦਰਸ਼ਨ। ਕਰਤਿ ਨਿਤਾਪ੍ਰਤਿ ਦੋਸ਼ਨਿ ਧਰਖਨ[4] ॥ ੩੩ ॥ ਸਭਾ ਬਿਖੈ ਸਤਿਗੁਰ

[1]ਬਹੁਤੀ । [2]ਕਹਿਆ । [3]ਸੋਨਾ ਮਿੱਟੀ । [4]ਦੋਸ਼ਾਂ ਦੇ ਨਾਸ਼ ਕਰਤਾ—ਸ੍ਰੀ ਗੁਰੂ ਜੀ—ਦਾ ।

ਇਕ ਬੇਰਾ। ਕਹਯੋ 'ਬਿਸ਼ੇਸ਼ ਦੇਸ਼ ਇਸ ਹੇਰਾ[1]। *ਗੋਦੜੀਏ ਸਮ ਔਰ ਨ ਤਯਾਗੀ। ਗੁਰ ਪ੍ਰਮੇਸ਼ੁਰ ਸੋਂ ਲਿਵਲਾਗੀ॥੩੪॥ ਦੇਸ਼ ਪਵਿੱਤ੍ਰ ਕਰਨਿ ਸਮ-ਰੱਥ। ਚਹੈ ਸੁ ਕਰੈ ਸਕਲ ਇਸ ਹੱਥ'। ਸ੍ਰੀ ਮੁਖ ਤੇ ਇਮ ਸੁਜਸੁ ਬਖਾਨਾ॥ ਸੰਤ ਮਹਾਨ ਸਭਿਨਿ ਹੂ ਜਾਨਾ॥ ੩੫ ॥ ਮਿਲੀ ਮੁਕਤਿਸਰ ਭਾਗੋ ਮਾਈ। ਵਧੀ ਪ੍ਰੀਤਿ ਗੁਰ ਮਹਿਂ ਅਧਿਕਾਈ। ਰਹਿਬੇ ਲਗੀ ਦਿਗੰਬਰ ਸੋਈ। ਲਾਜ ਕਾਨ ਲੋਕਨ ਕੀ ਖੋਈ ॥੩੬॥ ਕਥਾ ਬੇਦ ਮਹਿਂ ਜਿਸ ਕੀ ਅਹੈ। ਨਾਮ ਗਾਰਗੀ ਨਗਨ ਸੁ ਰਹੈ। ਪਰਮਹੰਸਨੀ ਬਡ ਅਵਧੂਤਾ। ਤਿਮ ਭਾਗੋ ਗੁਰ ਢਿਗ ਅਵਧੂਤਾ ॥ ੩੭॥ ਗਰਵੀ ਸਾਂਗ ਹਾਥ ਮਹਿਂ ਧਰੈ। ਸਦਾ ਅਨੰਦ ਏਕ ਰਸ ਥਿਰੈ। ਕੇਤਿਕ ਮਾਸ ਨਗਨ ਜਬ ਰਹੀ। ਇਕ ਦਿਨ ਦੇਖਿ ਨਿਕਟ ਗੁਰ ਕਹੀ॥ ੩੮॥ 'ਸੁਨਿ ਮਾਈ ਭਾਗੋ ਸਚਿਆਰੀ। ਕੁਲ ਨੈਹਰਿ ਸਸੁਰਾਰਿ ਉਧਾਰੀ। ਪਰਮਹੰਸ ਆਵਸਥਾ ਪਾਈ। ਤੁਝ ਕੋ ਦੋਸ਼ ਨ ਲਗੈ ਕਦਾਈ॥ ੩੯ ॥ ਰਹਨਿ ਦਿਗੰਬਰ ਤੁਝ ਬਨਿ ਆਈ। ਇਕ ਰਸ ਬ੍ਰਿੱਤਿ ਭਈ ਲਿਵਲਾਈ। ਤਨ ਹੰਤਾ ਸਭਿ ਰਿਦੇ ਬਿਨਾਸ਼ੀ। ਪਾਯੋ ਪਰਮ ਰੂਪ ਅਬਿਨਾਸ਼ੀ ॥ ੪੦ ॥ ਤਊ ਸੰਗ ਤੂੰ ਰਹਤਿ ਹਮਾਰੇ । ਪਹਿਰਿ ਕਾਛ, ਲਘੁ ਸਿਰ ਦਸਤਾਰੇ[2]। ਊਪਰ ਚੀਰ ਚਾਦਰਾ ਲੀਜੈ। ਦੇਹ ਅਛਾਦਹੁ ਸਮਾ ਬਿਤੀਜੈ'॥ ੪੧॥ ਸੁਨਿ ਗੁਰ ਹੁਕਮ ਮਾਨ ਤਿਨ ਲੀਨਾ। ਬਸਤ੍ਰ ਸ਼ਰੀਰ ਅਛਾਦਨ ਕੀਨਾ। ਕਰ ਮਹਿਂ ਸਾਂਗ ਸਦਾ ਗਹਿ ਰਾਖੇ।ਰਹੈ ਸੰਗ ਗੁਰ ਕੇ ਅਭਿਲਾਖੇ॥ ੪੨॥ ਇਕ ਦਿਨ ਲਗਯੋ ਦਿਵਾਨ ਸੁਹਾਈ। ਬੈਠਯੋ ਡੱਲਾ ਨਿਕਟ ਗੁਸਾਈਂ। ਸੂਬਾ ਜੋ ਸਿਰੰਦ ਮਹਿਂ ਰਹੈ। ਨਾਮ ਵਜ਼ੀਦ ਖਾਨ ਜਿਸ ਕਹੈਂ ॥੪੩॥ ਗੁਰ ਕੀ ਸੁਧਿ ਤਿਲਵੰਡੀ ਸੁਨੀ। ਬਿਸਮਾਨਯੋ ਜਰ੍ਹ ਮੁੰਡੀ ਧੁਨੀ। ਬਡੇ ਬਡੇ ਰਚਿ ਜੰਗ ਅਖਾਰੇ। ਜੀਵਤਿ ਰਹਯੋ ਨ ਲਰਿ ਕਿਨ ਮਾਰੇ ॥ ੪੪॥ ਹਤਿ ਦੀਨਸਿ ਲਾਖਹੁੰ ਤੁਰਕਾਨਾ। ਗ੍ਰਾਮ ਨਗਰ ਭਾ ਸ਼ੋਕ ਮਹਾਨਾ। ਲਿਖਿ ਭੇਜਯੋ ਡੱਲੇ ਕੋ ਤਬੈ। 'ਗੁਰ ਕੋ ਪਕਰਿ ਦੇਹੁ ਇਤ ਅਬੈ ॥੪੫ ॥ ਹਜ਼ਰਤ ਦੇਹਿ ਤੋਹਿ ਬਡਿਆਈ। ਗਹੋ ਅਚਾਨਕ ਦੇਹੁ ਪਠਾਈ। ਨਾਂਹਿ ਤ ਚਮੂੰ ਆਨਿ ਕਰਿ ਭਾਰੀ। ਤੋਹਿ ਸਹਤ ਲੇ ਹੈ ਗੁਰ ਮਾਰੀ' ॥੪੬॥ ਸੋ ਕਾਗਦ ਆਯੋ ਪੜ੍ਹਿ ਲੀਨਿ। ਉੱਤਰ

[1]ਇਸ ਦੇਸ਼ ਨੂੰ ਬਹੁਤਾ ਦੇਖਿਆ ਹੈ। [2]ਛੋਟੀ ਦਸਤਾਰ। *ਇਹ ਸਾਖੀ ਪੋਥੀ ਵਿਚੋਂ ਹੈ।

ਕੋ ਲਿਖਾਇ ਤਬਿ ਦੀਨਿ। 'ਸੰਗ ਗੁਰੂ ਕੇ ਪ੍ਰਾਨ ਹਮਾਰੇ। ਕਿਮ ਦੇਹੈਂ ਤੁਝ ਮਰੇ ਨ ਮਾਰੇ[1] ॥ ੪੭ ॥ ਜੇ ਕਰਿ ਚਮੂੰ ਘਨੀ ਪੁਨ ਆਵੈ। ਮਾਰਿ ਕਿਤਿਕ ਹਮ ਤਜਿ ਪੁਰਿ ਜਾਵੈਂ।ਜਾਇ ਪ੍ਰਵੇਸ਼ਹਿਂ ਜੰਗਲ ਮਾਂਹੀ। ਜਹਾਂ ਨੀਰ ਹੁਬਿ ਪ੍ਰਾਪਤਿ ਨਾਂਹੀ ॥ ੪੮ ॥ ਗੁਰ ਕੇ ਸੰਗ ਰਹੈਂਗੇ ਸਦਾ।ਤੇਰੋ ਹੁਕਮ ਕਰਹਿੰਗੇ ਅਦਾ[2]'। ਇਮ ਲਿਖਿ ਪਠਯੋ ਸੁਨਤਿ ਦੁਖ ਪਾਯੋ। ਮਹਾਂ ਮੂਢ ਕੋ ਬਸ ਨ ਬਸਾਯੋ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਰੋਦੜੀਆ, ਭਾਗੋ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥ ੨੨ ॥

## ੨੩. [ਰਾਮ ਸਿੰਘ ਦੇ ਘਰ ਭਾਈ ਕੇ ਚੱਕ। ਦਜਾਲ ਦਾਸ]।

ਦੋਹਰਾ॥*ਇਕਦਿਨ ਡੱਲੇ ਸੋਂ ਕਹ੍ਯੋ'ਹਮਰੀਚਾਹਿ ਮਹਾਨ।ਦੁਰਗ ਬਠਿੰਡੇ ਕੋ ਪਿਖਹਿਂ ਬਡੋ ਲਰਨ ਕੋ ਥਾਨ॥੧॥ ਚੌਪਈ॥ ਕੇਤਿਕ ਦਿਨ ਇਤ ਉਤ ਬਿਚਰੈ ਹੈਂ। ਸਹਿਜ ਸੁਭਾਇਕ ਪੁਨ ਚਲਿ ਜੈਹੈਂ'।ਤਬਿ ਡੱਲਾ ਬੋਲ੍ਯੋ ਕਰ ਜੋਰਿ।'ਪ੍ਰਭੁ ਜੀ ਤੁਰਕ ਨ ਹੈਂ ਇਤ ਓਰ ॥ ੨॥ ਦੇਸ਼ ਮਵਾਸੀ ਜਲ ਬਿਨ ਸਦਾ। ਦੁਰਗ ਬਠਿੰਡਾ ਊਜਰ ਤਦਾ। ਪੂਰਬ ਬਸ੍ਯੋ ਭਯੋ ਚਿਰ ਕਾਲਾ। ਕੀਨਸਿ ਬਿਨੈਪਾਲ ਮਹਿਪਾਲਾ[3] ॥੩॥ ਬਿਚਰਹੁ ਜਥਾ ਆਪ ਕੀ ਮਰਜ਼ੀ। ਤੁਰਕ ਨ ਆਇ ਸਕੈਂ ਰਨ ਗਰਜ਼ੀ[4]। ਬਹੁਰ ਕ੍ਰਿਪਾ ਕਰਿ ਇਤ ਹੀ ਆਵਹੁ। ਬਸਿਬੇ ਅਪਰ ਨ ਚਿਤ ਲਲਚਾਵਹੁ'॥ ੪ ॥ ਦੇ ਧੀਰਜ ਕੋ ਚਢੇ ਗੁਸਾਈਂ।ਸਿੰਘਨ ਚਮੂੰ ਸੰਗ ਸਮੁਦਾਈ। ਖੇਲਤਿ ਕਿਤਿਕ ਅਖੇਰ ਚਲੰਤੇ। ਇਤ ਉਤ ਬਿਚਰਤਿ ਸ਼੍ਰੀ ਭਗਵੰਤੇ ॥੫॥ ਚੱਕ ਗ੍ਰਾਮ ਭਾਈ ਕੋ ਜਹਾਂ।ਰਾਮ ਸਿੰਘ ਤਰਖਾਣੀ ਕਿਧ ਮਹਾਂ। ਤਹਾਂ ਜਾਇ ਪਹੁੰਚੇ ਤਤਕਾਲਾ। ਕਰਹਿਂ ਨਿਹਾਲ ਸੇਵਕਨਿ ਜਾਲਾ॥੬॥ਪਿਖਿ ਆਗਵਨ ਪਹੂਚਿ ਅਗਾਰੀ।ਗ੍ਰਾਮਨਰਨ ਪਦ ਬੰਦਨ ਧਾਰੀ। ਲੇ ਕਰਿ ਸੰਗ ਅੱਗ੍ਰ ਹ੍ਵੈ ਚਾਲਾ। ਰਾਮ ਸਿੰਘ ਕਰਿ ਭਾਉ ਬਿਸਾਲਾ ॥੭॥ ਥਲ ਚਲਦਲ[5] ਤਰੁਵਰ ਕੇ ਤਰੇ। ਰਚੀ ਧੋਹ ਸੀਤਲਤਾ ਕਰੇ[6]। ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ। ਤਜਿ ਤੁਰੰਗ ਕੋ ਅੰਤਰ ਬਾਰੇ ॥ ੯ ॥ ਸਿਕਤਾ ਮੇਟ ਸਕਲ ਥਲ ਡਾਲਾ। ਜਲ ਸੀਤਲ ਛਿਰਕਾਉ

---

[1]ਮਰੇ ਮਾਰੇ ਬਿਨਾ। [2]ਅਦਾ, ਭਾਵ ਦੂਰ। [3]ਬਿਨੈਪਾਲ (ਨਾਮ) ਰਾਜਾ ਨੇ ਬਨਾਵਣਾ ਕੀਤਾ ਸੀ। [4]ਜੰਗ ਦੀ ਇੱਛਾ ਕਰਕੇ। [5]ਪਿਪਲ ਬ੍ਰਿਛ। [6]ਧੋਹ ਲਵਾਈ ਜਿਸ ਨੂੰ ਠੰਢਿਆਂ ਕਰਦੇ ਰਹਿੰਦੇ ਹਨ। [ਧੋਹ=ਥੂਹਣੀਆਂ ਤੇ ਬ੍ਰਿਛਾਂ ਦੇ ਟਾਹਣ ਪਾਕੇ ਘਾਸ ਫੂਸ ਨਾਲ ਬਣਾਇਆ ਝੌਂਪੜਾ।]

*ਥੋੜ੍ਹੇ ਫਰਕ ਤੋਂ ਛੁਟ ਇਹ ਬੀ ਸਾਖੀ ਪੋਥੀ ਦੀ ਹੀ ਸਾਖੀ ਹੈ।

ਬਿਸਾਲਾ। ਕੋਰੇ ਘਰੇ ਭਰੇ ਗਨ ਧਰੇ। ਰੁਚਿਰ ਪ੍ਰਯੰਕ ਡਸਾਵਨ ਕਰੇ॥੯॥ ਆਸਤਰਨ ਸਿਤ ਸਹਤ ਨਿਹਾਰਾ[1]।ਬੈਠਿ ਗੁਰੂ ਇਮ ਬਾਕ ਉਚਾਰਾ।'ਸੁਨਿ ਬੇ[2]ਰਾਮ ਸਿੰਘ!ਕਹਿ ਜੋਈ[3]।–ਤਪਤ ਬਿਸਾਲ ਗ੍ਰਾਮ ਹਮ ਹੋਈ–॥ ੧੦॥ ਕਰਨੋ ਬਿਲੋਕਨਿ ਸੁੰਦਰ ਥਾਨ। ਸ੍ਰੀ ਜਮਨਾ ਕੇ ਕੂਲ ਸਮਾਨ। ਬਾਉ ਪਾਂਵਟੇ ਕੇ ਸਮ ਆਈ। ਗ੍ਰੀਖਮ ਕੀ ਸਭਿ ਤਪਤ ਮਿਟਾਈ' ॥੧੧॥ ਇਮ ਸਰਾਹਿ ਕਰਿ ਗੁਰ ਭਗਵਾਨੂ। ਭਏ ਸਥਿਰ ਸੁਠ ਦੇਖਿ ਸਥਾਨੂ। ਦੇਗ਼ ਕਰਾਵਤਿ ਭਯੋ ਬਿਸਾਲਾ।ਥਾਲ ਪਰੋਸਿ ਲਜਾਇ ਤਤਕਾਲਾ ॥੧੨॥ ਮਨ ਭਾਵਤ ਸ੍ਰੀ ਪ੍ਰਭੁ ਜੀ ਖਾਇ। ਅਪਰ ਦੇਗ਼ ਸਭਿ ਕੋ ਬਰਤਾਇ। ਸੁੰਦਰੀ ਸਾਹਿਬ ਦੇਵੀ ਦੋਇ। ਸਦਨ ਉਤਾਰਿ ਸੇਵ ਕਰਿ ਸੋਇ॥ ੧੩॥ ਗੁਰ ਕੋ ਥਾਲ ਰਾਮ ਸਿੰਘ ਲਯੋ। ਸੀਤ ਪ੍ਰਸ਼ਾਦਿ ਅਚਵਤੋ ਭਯੋ। ਜੁਗ ਮਾਤਨ ਕੇ ਦੋਨਹੁ ਥਾਲ। ਲੇ ਭਯਾਣੀਯੋਂ[4] ਨੇ ਤਿਸ ਕਾਲ॥ ੧੪॥ ਸੀਤ ਪ੍ਰਸਾਦ ਸੁੰਦਰੀ ਕੇਰਾ। ਸੋ ਅਚਵਨ ਕੀਨਸਿ ਤਿਸ ਬੇਰਾ। ਸਾਹਿਬ ਦੇਵੀ ਕੋ ਲੇ ਥਾਰ। ਦਿਯੋ ਕੂਕਰਨਿ ਆਗੇ ਡਾਰਿ ॥੧੫॥ ਸੁਨਿ ਕੈ ਕੋਪ ਕਰਜੋ ਮਨ ਮਾਂਹੀ। ਕਹਿ ਭੇਜਯੋ ਸਤਿਗੁਰ ਕੇ ਪਾਹੀ।–ਹਮ ਨੇ ਕਹਯੋ ਨਹੀਂ– ਤੁਮ ਲੇਹੁ।–ਲੇ ਕਰਿ ਆਪ ਕਰੀ ਬਿਧਿ ਏਹੁ–॥ ੧੬॥ ਰਾਮ ਸਿੰਘ ਸੰਗ ਪ੍ਰਭੁ ਉਚਾਰਾ। 'ਇਹ ਕਸ ਕੀਨਿ ਤੁਮਾਰੀ ਦਾਰਾ?'। ਹਾਥ ਬੰਦਿ ਬੋਲਯੋ ਤਿਸ ਕਾਲਾ। 'ਇਸ ਕੋ ਭਯੋ ਨ ਗੋਤ ਕੁਨਾਲਾ॥ ੧੭॥ ਗੁਰੂ ਅੰਗ ਸੰਗ ਨਹਿਂ ਤਨ ਲਾਗਾ।ਇਮ ਬਿਚਾਰ ਕਰਿ ਥਾਰ ਸੁ ਤਜਾਗਾ'। *ਦਯਾਲਦਾਸ ਸੁਨਿ ਪ੍ਰਭੁ ਆਗਵਨੂ। ਪੂਰਬ ਮਾਨਯੋਂ ਬਾਕ ਨ ਜਵਨੂ[5]॥ ੧੮॥ ਭੂੱਚੋ[6] ਤੇ ਸੋ ਚਲਿ ਕਰਿ ਆਯਹੁ।ਚਰਨ ਸਰੋਜਨ ਸੀਸ ਨਿਵਾਯਹੁ। ਤਿਸ ਕੋ ਪਿਖਿ ਬੋਲੇ ਨ ਗੁਸਾਈਂ।ਰਾਮ ਸਿੰਘ ਕਰ ਬੰਦਿ ਅਲਾਈ॥੧੯॥'ਇਸ ਹੀ ਬਾੜ੍ਹੀ[7] ਕੋ ਪ੍ਰਭੁ! ਏਹੋ। ਅਪਨੋ ਜਾਨਹੁ ਕ੍ਰਿਪਾ ਕਰੇਹੋ'।ਤਊ ਨ ਰੁਖ਼ ਕਰਿ, ਕਛੁ ਨ ਬਖਾਨਯੋ।ਤਬਿ ਦੋਨਹੁ ਨੇ ਆਸ਼ੈ ਜਾਨਯੋ॥੨੦॥ਸਮੁਝਾਯੋ ਤਹਿਂ[8]ਕਰਿਕੈ ਨਜਾਰੋ। 'ਦੁਰਗ ਬਠਿੰਡੇ ਪ੍ਰਭੁ ਪਧਾਰੋ[9]। ਭੂੱਚੋ ਗ੍ਰਾਮ ਨਿਕਟ ਕੋ ਜਾਇ। ਤੂੰ ਚਲਿ ਕਰਿ ਤਯਾਰੀ ਕਰਿਵਾਇ॥੨੧॥ ਦੇਗ਼ ਬਿਸਾਲ ਕਰਾਹੁ ਕਰੀਜੈ।

[1]ਚਿੱਟੇ ਆਸਤਰਨ ਸਹਿਤ (ਪਲੰਘ) ਦੇਖਿਆ। [2]ਹੇ। [3]ਜੋ ਤੂੰ ਕਹਿੰਦਾ ਸੀ। [4]ਭਾਈਆਂ ਦੀਆਂ ਇਸਤ੍ਰੀਆਂ ਨੇ। [5]ਜਿਸ ਨੇ। [6]ਨਾਮ ਪਿੰਡ ਦਾ। [7]ਭਾਵ ਭਗਤੂ ਦੀ ਕੁਲ ਦਾ। [8]ਭਾਵ, ਦਿਆਲ ਦਾਸ ਨੂੰ। [9]ਜਾਣਗੇ ਗੁਰੂ ਜੀ। *ਸਾਖੀ ਪੋਥੀ ਦੀ ਸਾਖੀ ਹੈ।

ਤਬਿ ਕਰਿ ਅਰਜ਼ੀ ਗੁਰੂ ਰਿਝੀਜੈ' । ਸੁਨਿ ਕਰਿ ਦਯਾਲਦਾਸ ਗਮਨਯੋ । ਭੋਜਨ ਪੁੰਜ ਤਯਾਰ ਕਰਿਵਯੋ ॥ ੨੨ ॥ ਸੰਧਯਾ ਭਈ ਰਾਮ ਸਿੰਘ ਪ੍ਰਾਹੀ । 'ਚਲਹੁ ਪ੍ਰਭੂ ਉਤਰਹੁ ਘਰ ਮਾਹੀ'।ਕਹ੍ਯੋ'ਇਹਾਂਹੀ ਬਸਹਿਂ ਸੁਖਾਰੇ।ਆਛੋ ਥਾਨ ਪਸਿੰਦ ਹਮਾਰੇ' ॥੨੩ ॥ 'ਕਰਹੁ ਗੁਰੂ ਪਗ ਪੰਕਜ ਪਾਵਨ। ਸਦਨ ਹਮਾਰੋ ਹ੍ਵੈ ਹੈਂ ਪਾਵਨ' । ਬਿਨੈ ਬਖਾਨਤਿ ਲੇ ਕਰਿ ਚਾਲਾ। ਇਕ ਬਿਮਾਤ ਇਸ ਕੀ[1] ਤਿਸ ਕਾਲਾ ॥ ੨੪ ॥ ਸੂਖਮ ਖੇਸ ਸੁਪੇਦ ਅਛੇਰਾ । ਭੁਜ ਪਰ ਧਰਿ ਛਪਾਇ ਮਗ ਹੇਰਾ[2]।–ਰਾਮ ਸਿੰਘ ਕੇ ਸਦਨ ਨ ਜਾਵੈਂ।ਇਤ ਆਵਹਿਂ ਗੁਰ ਅੱਗ੍ਰ ਚਢਾਵੈਂ–॥ ੨੫ ॥ ਇਮ ਉਰ ਧਰਿ ਕਰਿ ਢਿਰੀ ਅਗਾਰੀ। ਸਤਿਗੁਰ ਜਾਨੀ ਤਿਹਿ ਬਿਧਿ ਸਾਰੀ । ਮੁਰੇ ਜਾਨਿ ਤਿਸ ਕੀ ਦਿਸ਼ਿ ਜਬੈ। ਰਾਮ ਸਿੰਘ ਬੋਲਯੋ ਬਚ ਤਬੈ ॥੨੬॥'ਇਤ ਆਵਹੁ ਇਤ ਆਵਹੁ ਸ੍ਵਾਮੀ'। 'ਚਲ ਤੂੰ' ਭਾਖਯੋ ਅੰਤਰਜਾਮੀ । 'ਹਮ ਭੀ ਆਏ, ਹੈ ਕਛ ਕਾਮੂ'।ਹੋਰਤਿ[3] ਗਏ ਪੌਰ ਤ੍ਰਿਯ ਧਾਮੂ॥੨੭॥–ਲਖ੍ਯੋ ਪ੍ਰੇਮ ਮਮ–ਤਿਹ ਤ੍ਰਿਯ ਜਾਨੀ[4]।ਧਾਇ ਚਰਨ ਪੰਕਜ ਲਪਟਾਨੀ। ਖੇਸ ਭੇਟ ਦੇ ਕਰਿ ਹਰਖਾਈ ।–ਧੰਨ ਧੰਨ ਗੁਰ–ਉਰ ਲਖਿ ਪਾਈ॥੨੮॥ਰਾਮ ਸਿੰਘ ਕੀ ਦਿਸ਼ਿ ਪੁਨ ਆਏ।ਅੱਗ੍ਰ ਹੋਇ ਨਿਜ ਘਰ ਪ੍ਰਵਿਸ਼ਾਏ। ਘਰ ਪਰ ਕਾਚੋ ਹੁਤੋ ਚੁਬਾਰਾ । ਤਿਸ ਮਹਿਂ ਚਾਹਯੋ –ਕਰਹਿਂ ਉਤਾਰਾ–॥੨੯॥ ਰਾਮ ਸਿੰਘ ਕੇ ਘਰ ਬਿਚ ਜਾਨਾ[5]। ਕਾਸ਼ਟ ਕੀ ਤਹਿਂ ਧਰੀ ਸੁਪਾਨਾ। ਬਖਤੂ ਸਿੰਘ ਕੇ ਘਰ ਮਹਿ ਜੋਇ। ਚਢਨਿ ਸੁਪਾਨ ਮ੍ਰਿੱਤਕਾ ਸੋਇ ॥੩੦॥–ਮਮ ਸ਼ਰੀਕ ਕੇ ਸਦਨ ਨ ਜਾਏਂ–। ਕਾਸ਼ਟ ਪੌਰੀ ਗੁਰੂ ਚਢਾਇ। ਊਪਰ ਚਢਿ ਅਵਿਲੋਕੀ ਜਬੈ।ਸ਼੍ਰੀ ਮੁਖ ਤੇ ਫੁਰਮਾਯੋ ਤਬੈ॥ ੩੧ ॥ 'ਇਹ ਕਯਾ ਰਾਮ ਸਿੰਘ ਤੈਂ ਕੀਨਾ ?। ਕਠਨ ਥਾਨ ਕੋ ਮਾਰਗ ਦੀਨਾ।ਕਰਤਿ ਸ਼ਰੀਕਾ ਇਤਹਿ ਚਢਾਇ।ਐਸੇ ਨਹਿਂ ਤੁਝ ਕੋ ਬਨਿਆਇ!' ॥੩੨॥ ਬਸੇ ਰਾਤਿ ਕੋ ਤਿਸਹਿ ਚੁਬਾਰੇ । ਕੀਨਸਿ ਸੌਚ ਸ਼ਨਾਨ ਸਕਾਰੇ । ਉਤਰੇ ਮ੍ਰਿਤਕਾ ਕੀ ਸੌਪਾਨ । ਬਖਤੂ ਸਿੰਘ ਤਖਤੂ ਸਿੰਘ ਜਾਨਿ ॥ ੩੩ ॥ ਪਲੰਘ ਡਸਾਇ ਗੁਰੂ ਬੈਠਾਏ।ਟਿਕਯੋ ਮਾਥ ਅਕੋਰ ਚਢਾਏ। ਇਕ ਬਾਲਿਕ

[1]ਭਾਵ ਰਾਮ ਸਿੰਘ ਦੀ ਮਤ੍ਰੇਈ ਮਾਤਾ । [2]ਬਾਂਹ ਤੇ (ਖੇਸ) ਰੱਖਕੇ ਛਪਾ ਲਿਆ (ਤੇ ਸ੍ਰੀ ਗੁਰੂ ਜੀ ਦੇ) ਰਾਹ ਨੂੰ ਦੇਖਦੀ ਹੈ । [3]ਰੋਕਦਿਆਂ ਰੋਕਦਿਆਂ । [4]ਉਸ ਬੀਬੀ ਨੇ ਜਾਣ ਲਿਆ ਕਿ (ਗੁਰੂ ਜੀ ਨੇ) ਮੇਰਾ ਪ੍ਰੇਮ ਲਖ ਲਿਆ ਹੈ । [5]ਰਾਮ ਸਿੰਘ ਦੇ ਘਰ ਵਿਚੋਂ (ਉਪਰ ਚੁਬਾਰੇ ਵਿਚ) ਜਾਣ ਲਈ ।

ਤਿਨ ਕੋ ਤਬਿ ਆਯੋ। ਸ਼੍ਰੀ ਪ੍ਰਭੁ ਅੰਕ ਬਿਖੈ ਬੈਠਾਯੋ[1] ॥੩੪॥ ਰਾਮ ਸਿੰਘ ਅਵਿਲੋਕਤਿ ਝਿਰਕਾ। 'ਅਦਬ ਨਹੀਂ ਤੁਮ ਰਾਖਯੋ ਗੁਰ ਕਾ। ਬਸਤ੍ਰ ਆਦਿ ਛੁਵਬੇ ਜਿਨ ਨਾਂਹੀ। ਕਰਹੁ ਅਵੱਗਯਾ ਅੰਕ ਬਿਠਾਹੀ[2]' ॥੩੫॥ ਕਹਯੋ ਪ੍ਰਭੁ 'ਨਹੀਂ ਝਿਰਕਨ ਬਾਂਛੋ। ਇਹ ਭੀ ਪੁਰਖ ਹੋਇ ਹੈ ਆਛੋ*'। ਇਕ ਤੁਰੰਗਮ ਕੋ ਸ਼ਿੰਗਾਰਾ। ਲਿਟੇ ਰਜਤਪਣ ਸੌਂ ਕਰਧਾਰਾ॥੩੬॥ ਰਾਮ ਸਿੰਘ ਇਹ ਤਬੈ ਉਪਾਇਨ। ਦਈ ਪ੍ਰਭੂ ਕੋ ਧਰਿ ਸਿਰ ਪਾਇਨ[3]। ਖੁਸ਼ੀ ਕਰੀ ਮਨ ਬਾਂਛਤਿ ਦੀਨਿ। ਕਹਿ ਕਰਿ ਹਯ ਮੰਗਵਾਵਨ ਕੀਨਿ॥੩੭॥ ਭਇ ਅਰੂਢਨ ਪੰਥ ਪਧਾਰੇ। ਗਮਨੇ ਕੇਚਿਤ ਕੋਸ ਅਗਾਰੇ। ਭੁੱਚੋ ਗ੍ਰਾਮ ਤੀਰ ਚਲਿ ਗਏ। ਤਹਾਂ ਤੜਾਗ ਬਿਲੋਕਤਿ ਭਏ ॥੩੮॥ ਤਿਸ ਮਹਿਂ ਪਾਨੀ ਕੁਛਕ ਮਲੀਨਾ। ਤ੍ਰਿਖਾ ਤੁਰੰਗਮ ਕੀ ਪ੍ਰਭੁ ਚੀਨ। ਬੀਚ ਪ੍ਰਵੇਸ਼ ਪਾਨ ਕਰਾਵਨ। ਹਯ ਕੀ ਗ੍ਰੀਵਾ ਕੀਨਿ ਨਿਵਾਵਨ ॥੩੯॥ ਪਾਨੀ ਪਾਨ ਨ ਕੀਨ ਪਛਾਨਾ[4]। ਸ਼੍ਰੀ ਮੁਖ ਤੇ ਤਿਸ ਸਮੇਂ ਬਖਾਨਾ। 'ਹੈ ਮਸੰਦ ਕੀ ਇਤ ਬਦਬੋਇ। ਯਾਂਤੇ ਅਸੁ[5] ਜਲ ਛਕਯੋ ਨ ਸੋਇ' ॥੪੦॥ ਗ੍ਰਾਮ ਬਿਖੈ ਸਿਖ ਤਬੈ ਪਠਾਯੋ। ਦਯਾਲਦਾਸ ਘਰ ਕੋ ਦਰਸਾਯੋ। ਬੈਠਯੋ ਹੁਤੋ ਆਨਿ ਤਿਸ ਕਹਯੋ। ਸੁਨਿ ਕੈ ਸਭਿ ਹੂੰ ਨਿਸ਼ਚੈ ਲਹਯੋ ॥ ੪੧ ॥ ਦਯਾਲਦਾਸ ਸੁਨਿਕੈ ਆਗਵਨੂ। ਤੂਰਨ ਗਮਨਯੋ ਤਯਾਗਤਿ ਭਵਨੂ। ਮਿਲਯੋ ਜਾਇ ਪਗ ਬੰਦਨ ਠਾਨੀ। ਹਾਥ ਜੋਰਿ ਕਰਿ ਅਰਜ਼ ਬਖਾਨੀ ॥ ੪੨ ॥ 'ਸ਼੍ਰੀ ਸਤਿਗੁਰ ਕੀਜਹਿ ਇਤ ਡੇਰਾ। ਜਾਨਹੁ ਭਲੇ ਕਦੀਮੀ ਚੇਰਾ'। ਸੁਨਿਕੈ ਸ਼੍ਰੀ ਮੁਖ ਤੇ ਫੁਰਮਾਇ। 'ਉਤਰੈਂ ਭਾਗੂ ਗ੍ਰਾਮ ਸੁ ਜਾਇ'॥੪੩॥ ਲਖਯੋ ਬ੍ਰਿੱਧ ਬਹੁ ਬਿਨੈ ਬਖਾਨੀ[6]†। 'ਤਯਾਰ ਕਰੀ ਮੈਂ ਦੇਗ ਮਹਾਨੀ। ਭੋਜਨ ਅਚਹੁ ਕਰਹੁ ਬਰਤਾਵਨ। ਪਾਵਨਿ ਪਾਵਨਿ ਕਰਿ ਘਰ ਪਾਵਨ[7]' ॥੪੪॥ ਪੁਨ ਗੁਰ ਭਨਯੋਂ 'ਨ ਉਤਰਨ ਬਨੈ। ਗਮਨੈਂ ਪੰਥ ਘਾਮ ਹ੍ਵੈ ਘਨੈ[8]'। ਇਮ ਕਹਿ ਅੱਗ੍ਰ ਪਯਾਨੋ ਕੀਨ। ਦਯਾਲ ਦਾਸ ਤੇ

[1]ਸ੍ਰੀ ਗੁਰੂ ਜੀ ਨੇ (ਆਪਣੀ) ਗੋਦ ਵਿਖੇ ਬਿਠਾ ਲਿਆ। [2]ਗੋਦੀ ਵਿਚ ਬੈਠਕੇ। [3]ਚਰਨਾਂ ਤੇ ਸਿਰ ਰੱਖਕੇ। [4]ਭਾਵ ਘੋੜੇ ਨੇ ਪਾਣੀ ਨਾ ਪੀਤਾ ਤੇ ਸਤਿਗੁਰਾਂ ਨੇ ਕਾਰਨ ਜਾਣ ਲਿਆ। (ਅ) ਘੋੜੇ ਨੇ ਪਾਣੀ ਨਾ ਪੀਤਾ (ਸਗੋਂ) ਪਛਾਣਿਆ ਬੀ ਨਾ। [5]ਘੋੜੇ ਨੇ। [6]ਬੁੱਢੇ ਨੇ ਗੱਲ ਸਮਝ ਲਈ (ਫਿਰ ਬੀ) ਬਹੁਤ ਬੇਨਤੀ ਕੀਤੀ। (ਅ) (ਦਯਾਲ ਦਾਸ ਨੇ) ਬਹੁਤ ਬੇਨਤੀ ਕੀਤੀ (ਮੈਂ) ਬੁੱਢੇ ਵੱਲ ਤੱਕੇ। [7]ਚਰਨ ਪਾਕੇ ਘਰ ਪਵਿੱਤ੍ਰ ਕਰੋ। [8](ਹੁਣ) ਰਾਹ ਚਲਦੇ ਹਾਂ (ਫੇਰ) ਬਹੁਤੀ ਧੁੱਪ ਹੋ ਜਾਵੇਗੀ।

*ਬੱਚਿਆਂ ਨਾਲ ਪਿਆਰ ਗੁਰੂ ਘਰ ਵਿਚ ਮੁੱਢ ਤੋਂ ਚਲਿਆ ਆਇਆ ਹੈ।

†ਸਾਖੀ ਪੋਥੀ ਵਿਚ ਲਿਖਿਆ ਹੈ ਕਿ ਇੱਥੇ ਦਯਾਲਦਾਸ ਨੇ ਬਿਨੈ ਕੀਤੀ ਕਿ 'ਅੰਮ੍ਰਿਤ ਛਕਾਓ'।

ਲੀਨਿ ਨ[1] ਦੀਨ॥੪੫॥ ਰਾਮ ਸਿੰਘ ਤਿਹ ਸੰਗ ਉਚਾਰਾ। 'ਅਬਿ ਉਪਚਾਰ ਕਰਹੁ ਇਮ ਚਾਰਾ ! ਸਕਲ ਅਹਾਰ ਤਿਹਾਵਲ ਜੋਇ। ਊਪਰ ਸਕਟ ਲਾਦ ਲਿਹੁ ਸੋਇ॥੪੬॥ਗਮਨਹੁ ਸੰਗ ਪ੍ਰਸੰਨਤਾ ਧਰੈਂ।ਲੇਹਿਂ ਦੇਗ਼ ਬੈਟਨਿ ਕੋ ਕਰੈਂ। ਗੁਰੂ ਬਿਰੁਖ ਤੁਮ ਸੋਂ ਲਖਿ ਮਹਾਂ। ਬਖਸ਼ੈਂ ਹੈਂ ਚਲੀਅਹਿ ਜਹਿਂ ਕਹਾਂ' ॥੪੭॥ ਇਮ ਸੁਨਿ ਕੈ ਤਿਨ ਸਕਟ ਲਦਾਯੋ। ਕਰਿ ਕੈ ਤਯਾਰਸੰਗ ਚਲਿਵਾਯੋ।ਆਗੈ ਗਮਨ ਕੀਨਿ ਸੁਖ ਧਾਮੂ।ਡੇਰਾ ਕੀਯਸਿਭਾਗੂਗ੍ਰਾਮੂ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਠਿੰਡੇ ਗਮਨ' ਪ੍ਰਸੰਗ ਬਰਨਨ ਨਾਮ ਤੀਨ ਬਿੰਸਤੀ ਅੰਸੂ ॥੨੩॥

੨੪. [ਬਠਿੰਡਿਓਂ ਕਾਲਾ ਦੇਉ ਕੱਢਣਾ]।

ਦੋਹਰਾ ॥ ਨਿਸ ਬਿਤਾਇ ਸ੍ਰੀ ਸਤਿਗੁਰੂ ਕਰਿਕੈ ਸੌਚ ਸ਼ਨਾਨ।ਗਏ ਵਠਿੰਡੇ ਦੁਰਗ ਕੋ ਦੇਖਯੋ ਜਾਇ ਮਹਾਨ ॥ ੧ ॥ ਚੌਪਈ ॥ ਗੁਰ ਬਹੀਰ ਮੈਂ ਮਿਲਿ ਚਲਿ ਆਯੋ। ਗੋਂਦੜੀਆ ਜਿਹ ਨਾਮ ਕਹਾਯੋ। ਦਯਾਲਦਾਸ ਭਰਿ ਸਕਟ ਅਹਾਰਾ। ਫਿਰੈ ਲਿਯੇ[2], ਨਹਿ ਅੰਗੀਕਾਰਾ ॥ ॥ ਡੇਰਾ ਕੀਯਸਿ ਗੁਰ ਭਗਵਾਨ। ਉਤਰੇ ਸਰਬ ਚੁਗਿਰਦੇ ਆਨਿ।ਨਿਸਾ ਪਰੀ ਕਰਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥ ੩ ॥ ਪਹਿਰਾ ਦੇਤ ਸਿੰਘ ਹੈਂ ਖਰੇ। ਬਾਰੀ ਨਿਜ ਨਿਜ ਜਾਗੁਨਿ ਕਰੇ। ਅਰਧ ਰਾਤਿ ਮਹਿਂ ਕੰਨਯਾ ਆਈ। ਦੀਨ ਪ੍ਰਦਛਨਾ ਗ੍ਰੀਵ ਨਿਵਾਈ॥੪॥ਬਹੁ ਪ੍ਰਕਾਰ ਕੀ ਬਿਨੈ ਬਖਾਨੀ। 'ਤੁਮ ਆਇ ਮਮ ਬ੍ਰਿਥਾ ਪਛਾਨੀ। ਜੰਗਲ ਦੇਸ਼ ਜਿਤਿਕ ਛਿਤ ਜੋਇ। ਧਰਿ ਸਰੂਪ ਮੈਂ ਆਈ ਸੋਇ॥੫॥ਦੈਵ ਜੋਗ ਕਰਿ ਤੁਮ ਆਗਵਨੂ। ਸਗਰੋ ਦੇਸ਼ ਕਰਹੁ ਅਬਿ ਰਵਨੂ[3]। ਇਕ ਤੌ ਕਾਨੋ ਦੇਵ ਭਯਾਨਾ। ਬਸਹਿ ਦੁਰਗ ਮਹਿਂ ਦੁਸ਼ਟ ਮਹਾਨਾ ॥ ੬॥ ਸੈ ਅਨਾਜ ਕੀ[4]* ਬਧਨ ਨ ਦੇਤਿ। ਛੀਨ ਨਰਨ ਤੇ ਖਾਇ ਸੁ ਲੇਤਿ। ਇਸ ਕੌ ਕਰੋ ਨਿਕਾਸਨਿ ਜਬੈ। ਦਿਨ ਪ੍ਰਤਿ ਦੇਸ਼ ਬਸਹਿਗੋ ਸਬੈ॥੭॥ਪੁਨ ਉਪਜਹਿੰਗੇ ਅੰਨ ਮਹਾਨੇ।ਤੁਮ ਆਗਵਨ ਪ੍ਰਤਾਪ ਪਛਾਨੇ'।ਸੁਨਿ ਸਤਿਗੁਰ ਕੰਨਯਾ ਤੇ ਸਬੈ। ਧੀਰਜ ਦੀਨਸਿ ਕਹਿ ਮ੍ਰਿਦੁ ਤਬੈ ॥੮॥ ਸੁਪਤਿ ਜਥਾ ਸੁਖ ਰਾਤਿ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ। ਬੈਠੇ ਸਤਿਗੁਰ ਲਾਇ ਦਿਵਾਨ। ਇਕ ਪੰਡਿਤ ਗੁਰ ਸੰਗ ਮਹਾਨ ॥੯॥ ਸੋ ਭੀ ਥਿਰਯੋ ਆਨਿ ਕਰਿ ਪਾਸ। ਸ੍ਰੀ ਪ੍ਰਭੁ ਕਰਯੋ ਪ੍ਰਸੰਗ ਪ੍ਰਕਾਸ਼। 'ਬਡੋ ਦੁਰਗ ਇਹ ਰਚਿਬੋ ਕਰਯੋ। ਬਡੋ ਦੇਵ ਵਿਚ ਬਾਸਾ ਧਰਯੋ ॥ ੧੦ ॥

[1]ਨਾ (ਪ੍ਰਸ਼ਾਦ) ਲਿਆ ਨਾ (ਅੰਮ੍ਰਿਤ) ਦਿਤਾ ( ਭਾਵ ਛਕਾਇਆ )। [2]ਲਈ ਫਿਰਦਾ ਹੈ ( ਮਗਰ ਮਗਰ)। [3]ਤੁਰਨਾ। [4]ਅਨਾਜ ਦੀ ਪੈਦਾਇਸ਼। *ਪਾ:-ਸੋ ਅਨਾਜ ਕੋ।

ਦੇਸ਼ ਉਜਾਰਨ ਮਹਿਂ ਜਿਹ ਆਸ਼ੈ।ਕਹਹੁ ਬਿੱਪ੍ਰ ਕਿਮ ਤਿਸੈ ਨਿਕਾਸੈ'।ਸੁਨਿ
ਪੰਡਿਤ ਇਮ ਬਾਕ ਬਖਾਨੇ। 'ਮਹਾਂ ਪੁਰਖ ਤੁਮ ਸਭਿ ਕਿਛ ਜਾਨੇਂ ॥
੧੧॥ਬੂਝੋ ਮੋਹਿ ਕਹੌਂ ਪ੍ਰਭੁ ਪਾਸੀ। ਰਚ੍ਯੋ ਦੁਰਗ ਇਹ ਮਹਾਂ ਮਵਾਸੀ।
ਛਿਤੈਪਾਲ ਮਹਿਪਾਲ ਬਡੇਰਾ। ਰਚ੍ਯੋ ਦੁਰਗ ਧਨ ਦੇ ਬਹੁਤੇਰਾ ॥ ੧੨ ॥
ਭਯੋ ਮਹੀਪ ਗੌਰੀਆ ਜਬੈ। ਇਸ ਮੈਂ ਭਾ ਪ੍ਰਵੇਸ਼ ਸੋ ਤਬੈ। ਊਪਰ ਤੇ
ਖਿਦਾਰ ਤਿਨ ਦੀਨਾ[1] । ਹੁਤੋ ਬਿਸਾਲ ਅਲਪ ਇਹ ਕੀਨਾ ॥੧੩॥ ਹਾਥੀ
ਕੋ ਬਲਿ[2]ਦਿਹੁ ਇਸ ਥਾਨ। ਤੌ ਇਸ ਕੋ ਥਿਰ ਕਰਹੁ ਪਧਾਨ।ਦੇਵ ਆਦਿ
ਜੋ ਅਪਰ ਸਨਾਤਿ[3] । ਸਭਿ ਚਲਿ ਜਾਹਿਂ, ਨ ਰਹੈਂ ਕਦਾਂਤਿ ॥੧੪॥ [4]ਬਿਨਾ
ਦੀਏ ਬਲਿ,ਭੀ ਚਲਿ ਜਾਵਹੁ। ਹੋ ਸਮਰਥ ਜਿਮ ਚਹਹੁ ਬਨਾਵਹੁ। ਤਊ
ਹਰਖ ਕਰਿ ਸਕਲ ਪਧਾਨੈਂ।ਬਲਿ ਕੋ ਲੇਤਿ ਸੁ ਭਲੇ ਬਖਾਨੈਂ'॥੧੫॥ ਸ੍ਰੀ
ਗੁਰ ਕਹ੍ਯੋ 'ਕਹਾਂ ਅਬਿ ਹਾਥੀ। ਪ੍ਰਾਪਤਿ ਨਹਿਂ ਉਪਾਇ ਕੇ ਸਾਥੀ। ਹਾਥ
ਆਇ, ਸੋ ਕਹਾਂ ਮੰਗਾਵੈਂ। ਦੇਂ ਬਲਿ, ਥਲ ਬਾਸੀ ਹਰਖਾਵੈਂ[5]'॥੧੬॥ਸੁਨਿ
ਪੰਡਿਤ ਕਹਿ 'ਨਹਿਂ ਜਿ ਮਤੰਗਾ। ਮਹਿਖ ਮੰਗਾਉ ਅੰਗ ਸਮ ਰੰਗਾ[6]'।
ਤਬਿ ਸਿੱਖਨਿ ਸਨ ਗੁਰੂ ਬਖਾਨਾ। 'ਗ੍ਰਾਮ ਬੈਰੋਹਰਿ ਨਿਕਟਿ ਸਥਾਨਾ ॥
੧੭ ॥ ਚਲਿ ਤੁਮ ਜਾਹੁ ਮਹਿਖ ਕੋ ਲਯਾਵਹੁ। ਤਹਿਂ ਕੇ ਮਾਲਕ ਸਕਲ
ਸੁਨਾਵਹੁ'।ਪੰਚ ਸਿੰਘ ਗਮਨੇ ਤਿਸ ਕਾਲਾ।ਠਾਹਕ ਖਰੋ ਪਿਖੇ ਤਹਿਂ ਜਾਲਾ
॥੧੮॥ ਸਭਿਨਿ ਸੰਗ ਤਿਹ ਨਿਕਟ ਅਲਾਯੋ। 'ਸ੍ਰੀ ਗੁਰ ਤੁਮ ਤੇ ਮਹਿਖ
ਮੰਗਾਯੋ। ਬਲਿ ਕੋ ਦੇਹਿ, ਨਿਕਾਸਹਿ ਦੇਉ। ਸਭਿ ਕੋ ਭਲੋ ਹੋਇ ਲਖਿ
ਭੇਉ' ॥ ੧੯ ॥ ਮਹਾਂ ਬਲੀ ਅਰੁ ਮਾਰਨਹਾਰਾ। ਜਾਟਨ ਕੋ ਦੁਖਦਾਨ
ਉਦਾਰਾ।ਬੱਦਰੀ ਤਰੁ ਸੋਂ ਖਰੋ ਖਸੰਤਾ[7]।ਜਿਸ ਦੇਖੇ ਤੇ ਭੈ ਉਪਜੰਤਾ ॥੨੦॥
ਮਤੋ ਮਤਾਇ ਸਭਿਨਿ ਮਨ ਜਾਨਾ। ਸਿੰਘਨ ਸੰਗ ਹਾਸ ਕੋ ਠਾਨਾ।–ਜਬਿ
ਛੋਰਹਿਂਗੇ ਬਲ ਤੇ ਮਾਰਹਿ[8]।ਇਤ ਉਤ ਭਾਜਹਿਂ ਸਕਲ ਪਧਾਰਹਿਂ[9]॥੨੧॥
ਖਰੇ ਤਮਾਸ਼ਾ ਦੇਖਹਿਂ ਇ ਾਂ–। ਸਿੰਘਨਿ ਸੰਗ ਊਚ ਤਬਿ ਕਹਾ। 'ਉਤ
ਹੇਰਹੁ ਬਦਰੀ ਤਰੁ ਤਰੇ। ਖਰੋ ਮਹਿਖ, ਲਿਹੁ ਆਗੇ ਕਰੇ ॥੨੨॥ਸ੍ਰੀ ਗੁਰ

[1]ਉਪਰੋਂ ਢਾਹ ਦਿੱਤਾ। [2]ਬਲੀ। [3]ਭੂਤ ਪ੍ਰੇਤ। [4]ਤੁਸੀਂ ਬਲੀ ਦਿੱਤੇ ਬਿਨਾਂ ਬੀ ਜਾ ਸਕਦੇ ਹੋ, ਸਮਰੱਥ ਹੋ, ਜਿਵੇਂ ਚਾਹੋ ਕਰ ਸਕਦੇ ਹੋ (ਪਰ) ਤਦ ਬੀ (ਜੇ ਬਲੀ ਦਿਓਗੇ ਤਾਂ) ਸਾਰੇ ਖੁਸ਼ੀ ਨਾਲ ਚਲੇ ਜਾਣਗੇ (ਅਤੇ) ਬਲੀ ਲੇਕੇ ਉਹ ਸ਼ੁਭ ਬੋਲਦੇ ਜਾਣਗੇ। [5]ਬਲੀ ਦੇਕੇ ਥਾਂ ਵਿੱਚ ਵਸਣ ਵਾਲੇ (ਭੂਤਾਂ) ਨੂੰ ਖੁਸ਼ ਕਰੀਏ। [6]ਜਿਸ ਦੇ ਅੰਗ ਦਾ ਰੰਗ (ਹਾਥੀ) ਵਰਗਾ ਹੋਵੇ। [7]ਖਹਿੰਦਾ ਸੀ। [8](ਸਿੰਙਾਂ) ਮਾਰੇਗਾ। [9]ਸਾਰੇ ਭੱਜ ਜਾਣਗੇ।

ਤੇ ਹਮ ਨਾਹਨ ਰਾਖੈਂ" ।ਕਹਿ ਇਮ ਹਾਸ ਕਰਨ ਅਭਿਲਾਖੈ। ਸੁਨਿ ਕਰਿ ਪੰਚਹੁੰ ਸਿੰਘ ਸਿਧਾਰੇ। ਬਲੀ ਮਹਿਖ ਜਹਿਂ ਖਰੋ ਅਗਾਰੇ ॥ ੨੩ ॥ ਕਹ੍ਯੋ ਜਾਇ 'ਗੁਰ ਤੋਹਿ ਬੁਲਾਯੋ। ਚਲਿ ਆਗੇ, ਬਲਿ ਦੇ ਮਨ ਭਾਯੋ'। ਸੁਨਿ ਗੁਰ ਨਾਮ ਮਹਿਖ ਚਲਿ ਪਰ੍ਯੋ।ਬਲੀ ਨਿਬਲ ਸਮ ਪਗ ਮਗ ਧਰ੍ਯੋ[੧]॥੨੪॥ ਸਨੇ ਸਨੇ ਚਲਿ ਜਾਤਿ ਅਗਾਰੀ।ਤਿਮ ਪੰਚਹੁੰ ਸਿੰਘ ਚਲੇ ਪਿਛਾਰੀ।ਗਾਹਕ ਹੇਰਤਿ ਹੋਇ ਹਿਰਾਨੇ। ਕਲਾਵਾਨ ਸਤਿਗੁਰੂ ਪਛਾਨੇ ॥੨੫॥ ਪਸ਼ਚਾਤਾਪ ਕਰਤਿ ਹੀ ਰਹੇ।–ਹਸਿਬੇ ਹੇਤੁ ਹਮਹੁ ਕ੍ਯੋਂ ਕਹੇ–। ਊਚ ਉਠਾਵਤਿ ਮੁਖ ਕੋ ਗਯੋ। ਮਹਿਖ ਗੁਰੂ ਕੇ ਸਨਮੁਖ ਭਯੋ ॥ ੨੬ ॥ ਉਠਿ ਸ੍ਰੀ ਪ੍ਰਭੁ ਬਿਚ ਦੁਰਗ ਪਧਾਰੇ। ਅਧਿਕ ਉਤੰਗ ਖਰੋ ਦ੍ਰਿਢ ਭਾਰੇ। ਸਨੇ ਸਨੇ ਚਢਿ ਸ਼ਿਖਰ ਸਿਧਾਰੇ। ਪੀਛੇ ਗਮਨੇ ਸੰਗਿ ਜਿ ਸਾਰੇ ॥੨੭॥ ਊਪਰ ਸੰਗ ਮਹਿਖ ਭੀ ਗਯੋ।ਸਭਿ ਮਹਿਂ ਧੀਰਜ ਧਰਿ ਥਿਰ ਭਯੋ। ਮੈਲਾਗਰ ਸਿੰਘ ਕੀ ਦਿਸ਼ਿ ਹੇਰਾ। ਸ੍ਰੀ ਪ੍ਰਭੁ ਹੁਕਮ ਕਰ੍ਯੋ ਤਿਸ ਬੇਰਾ॥ ੨੮ ॥ 'ਕਰਿ ਝਟਕਾ ਬਲਿ ਦਿਹੁ ਇਸ ਥਾਂਈ। ਬਹੁਰ ਨਿਕਾਸਹਿਂ ਦੇਵ ਇਥਾਈ[੨]'। ਮੈਲਾਗਰ ਸਿੰਘ ਸੁਨਿ ਤਤਕਾਲਾ। ਖੈਂਚਿ ਨਿਕਾਰ੍ਯੋ ਖੜਗ ਕਰਾਲਾ ॥੨੯॥ ਬਲ ਤੇ ਇਸ ਪ੍ਰਕਾਰ ਕੋ ਬਾਹ੍ਯੋ। ਸੀਸ ਅਜਾਤ ਮਹਿਖ ਕੋ ਲਾਹ੍ਯੋ[੩]। ਪਰ੍ਯੋ ਮੁਨੇਰਨ[੪] ਊਪਰ ਭਾਰੀ। ਦਿਏ ਪ੍ਰਾਨ ਸਤਿਗੁਰੂ ਅਗਾਰੀ ॥ ੩੦ ॥ ਮਰਨ ਸੁਧਾਰ੍ਯੋ ਅਪਨਿ ਭਲੇਰੇ। ਸਭਿਹਿਨਿ ਮਹਿਂ ਪ੍ਰਭੁ ਕਹ੍ਯੋ ਉਚੇਰੇ। 'ਮਹਿਖ ਮਰੇ ਕੋ ਤਰੇ ਗਿਰਾਵੈ। ਬਲੀ ਏਕ ਦੁਤਿਯ ਨ ਕਰ ਲਾਵੈ[੫]' ॥੩੧॥ ਸੁਨਿ ਤੂਸ਼ਨਿ ਹੋਏ ਸਭਿ ਕੋਈ। ਸਾਧ ਗੁਦੜੀਆ ਬੋਲ੍ਯੋ ਸੋਈ।'ਹੁਕਮ ਹੋਇ ਤਰ ਇਸੇ ਗਿਰਾਵੌਂ। ਮੈਂ ਏਕਾਕੀ ਬਲ ਦਿਖਰਾਵੌਂ'॥ ੩੨ ॥ ਸ਼ਾਰਤ ਸਮਝ੍ਯੋ ਲਿਯੋ ਉਠਾਇ। ਊਚ ਮੁਨੇਰੇ ਤੇ ਕੁਛ ਲ੍ਯਾਇ। ਤਰੇ ਥਗਾਇ ਦੂਰ ਕੋ ਗੇਰਾ। ਬਿਸਮਾਨੇ ਜਬਿ ਸਭਿ ਨੇ ਹੇਰਾ ॥੩੩॥ ਇਤਨੇ ਬਿਖੇ ਦੇਵ ਚਲਿ ਆਯੋ। ਸ੍ਰੀ ਪ੍ਰਭੁ ਕੋ ਨਿਜ ਦਰਸ ਦਿਖਾਯੋ। ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਬਾਸਾ ਗੋਇੰਦਵਾਲ ਅਗਾਰੀ ॥੩੪॥ ਹਮਰੀ ਜਾਤਿ ਹਜ਼ਾਰਹੁੰ ਥਿਰੇ।ਮਹਾਂ ਉਜਾਰ ਨਰਨ ਕੀ ਕਰੇ।ਸ੍ਰੀ ਅੰਗਦ ਕਹਿ ਹੁਕਮ ਪਠਾਏ।ਸ੍ਰੀ ਗੁਰ ਅਮਰ

---

[੧]ਬਲੀ ਸੈਂਢਾ ਨਿਰਬਲ (ਸੈਂਢੇ) ਵਾਂਗ ਤੁਰ ਪਿਆ। [੨]ਇਸ ਥਾਂ ਤੋਂ। [੩]ਬਿਨਾਂ (ਜਾਣੇ) ਪਤੇ ਦੇ ਭਾਵ ਐਸਾ ਸਾਫ਼ ਸਿਰ ਉਤਾਰਿਆ ਕਿ ਸੈਂਢੇ ਨੂੰ ਪਤਾ ਬੀ ਨਾ ਲੱਗਾ। [੪]ਬਨੇਰੇ ਤੇ। [੫]ਇਕ ਬਲਵਾਨ (ਸੁੱਟੇ) ਦੂਸਰਾ ਨਾ ਹੱਥ ਲਾਵੇ।

ਹਮਹੁं ਪਰ ਆਏ ॥ ੩੫ ॥ ਸਿਗ ਛਰੀ ਕੇ ਜਾਰਤਿ ਹਮੈਂ[1] । ਭ੍ਰਾਜੇ ਪ੍ਰੇਤ ਸਰਬ ਤਿਹ ਸਮੈਂ । ਗਰਭਵਤੀ ਤਬਿ ਮਾਤ ਹਮਾਰੀ। ਭਾਜਿ ਪ੍ਰਸੂਤੀ ਖੇਤ ਮਝਾਰੀ ॥੩੬॥ ਵਰਡਾ[2] ਲਗਿ ਜੁਵਾਰ ਕੋ ਮੇਟੇ। ਫੂਟਯੋ ਨੈਨ ਏਕ ਤਿਸ ਬੇਰੇ। ਦੁਤਿਯ ਭ੍ਰਾਤ ਜਨਮਯੋ ਤਬਿ ਔਰ। ਟੁੰਡਾ, ਟੂਟਯੋ ਕਰ ਤਿਸ ਠੌਰ ।੩੭॥ ਤਬਿ ਤੇ ਹਮ ਬਾਸੇ ਇਸ ਥਾਂਏ। ਸੰਮਤ ਸੌ ਤੇ ਅਧਿਕ ਬਿਤਾਏ। ਇਤ ਭੀ ਬਸਨ ਦੇਤਿ ਕਯੋਂ ਨਾਂਹੀ? ਕੌਨ ਦੇਸ਼ ਮਹਿਂ ਹਮ ਚਲਿ ਜਾਂਹੀ?' ॥੩੮॥ ਸ੍ਰੀ ਪ੍ਰਭੁ ਹੁਕਮ ਕੀਨਿ ਤਿਸ ਤਾਂਈ। 'ਅਬਹਿ ਕਦੀਮੀ ਬਸਹੁ ਉਥਾਈ[3]। ਫਿਟਕੀ ਪੁਰੀ ਸਿਰੰਦ ਉਜਾਰਹੁ। ਜੜ੍ਹਾਂ ਉਖਾਰਿ ਸਤੁੱਦ੍ਰਵ ਡਾਰਹੁ ॥੩੯॥ਨਹਿਂ ਤਹਿਂ ਤੇ ਕੋ ਬਸਤਿ ਹਟਾਵੈ।ਸਦਾ ਬਾਸ ਤੁਮਰੋ ਬਨਿ-ਆਵੈ। ਨਿਕਸਹੁ ਅਬਿ ਬਿਲੰਬ ਨਹਿਂ ਕੀਜੈ। ਇਹ ਸਭਿ ਹਮਰੋ ਦੇਸ਼ ਲਖੀਜੈ ॥ ੪੦ ॥ ਜੰਗਲ ਨਾਮ ਭਾਖਤੇ ਜੋਇ। ਆਨੰਦ ਘਨੋ ਮਾਲਵਾ ਹੋਇ'। ਸੁਨਿ ਬੋਲਯੋ 'ਮੈਂ ਛੁਧਾ ਸਮੇਤ। ਪਹੁੰਚਯੋ ਜਾਇ ਨਹੀਂ ਇਸ ਹੇਤ ॥ ੪੧ ॥ ਹੁਕਮ ਅਘਾਵਨ ਕੋ ਕਹਿ ਦੀਜੈ। ਪੁਨ ਮੋਕਹੁ ਇਤ ਤੇ ਨਿਕਸੀਜੈ'। ਸ੍ਰੀ ਮੁਖ ਤਿਹ ਕੇ ਸਾਥ ਬਖਾਨਾ। 'ਆਗੈ ਕਹਾਂ ਕਰਤਿ ਤੂ ਖਾਨਾ? ॥ ੪੨ ॥ ਆਜ ਨਹੀਂ ਕੈਸੇ ਤੁਮ ਬਨਯੋ'। ਸੁਨਿ ਕੈ ਦੇਵ ਗੁਰੂ ਸਿਗ ਭਨਯੋ। 'ਮਹਾਰਾਜ ਫਿਰਿਕੈ ਇਸ ਦੇਸ਼। ਬਿਚਰਤਿ ਜਿਤ ਕਿਤ ਖਾਤਿ ਵਿਸ਼ੇਸ਼ ॥੪੩॥ ਅੰਨ ਹਜ਼ਾਰਹੁਂ ਮਣ ਕੋ ਭੋਜਨ। ਦੇਖਤਿ ਫਿਰੌਂ ਅਸ਼ੁਚ ਹੁਇ ਜੋ ਜਨ। ਸਤਿਗੁਰ ਅਰੁ ਹਰਿ ਨਾਮ ਨ ਕਹੈਂ।ਤਿਨ ਤੇ ਛੀਨਿ ਖਾਤ ਹਮ ਰਹੈਂ* ॥ ੪੪ ॥ ਆਜ ਪ੍ਰਾਤਿ ਹੀ ਮੋਹਿ ਨਿਕਾਰਹੁ। ਨਹਿਂ ਕਿਤ ਤੇ ਕਰਿ ਲੀਨ ਅਹਾਰੋ'। ਸ੍ਰੀ ਮੁਖ ਕਹਯੋ 'ਅਬਹਿ ਤੂੰ ਜਾਹੁ। ਹੈ ਮਸੂਰ ਪੁਰਿ ਤੁਮਰੇ ਰਾਹੁ ॥੪੫॥ ਤਹਾਂ ਦੁਪਹਿਰਾ ਕਰਿ ਬਿਸਰਾਮੂ। ਸੰਧਯਾ ਕਹੁ ਸਿਰੰਦ ਕਰਿ ਧਾਮੂ'। ਸੁਨਤਿ ਹੁਕਮ ਕੋ ਕੀਨਿ ਪਿਯਾਨਾ। ਕਰਿ ਬੰਦਨ ਨਿਜ ਹਿਤ ਕੋ ਮਾਨਾ॥੪੬॥ਸ੍ਰੀ ਪ੍ਰਭੁ ਕੀਨਿ ਤਿਸੀ ਥਲ ਡੇਰਾ†। ਬਿਸਮਤਿ ਲੋਕ ਸੁਨਤਿ ਜਿਨ ਹੇਰਾ। ਮਹਾਂਰਾਜ ਕੀ ਸਤੁਤਿ ਸੁਨਾਵੈਂ। 'ਇਨ ਕੇ ਕਾਜ ਇਨਹੁ ਬਨਿਆਵੈਂ‡' ॥ ੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੇਉ ਨਿਕਾਸਨਿ' ਪ੍ਰਸੰਗ ਬਰਨਨ ਨਾਮ ਚਤੁਰ ਬਿੰਸਤੀ ਅੰਸੂ ॥੨੪॥

[1]ਸਾੜਨ ਲਗੇ ਸਨ। [2]ਖੂੰਧਾ। [3]ਭਾਵ ਸਦਾ ਲਈ ਅਟੱਲ ਡੇਰਾ ਦੇਂਦੇ ਹਾਂ।

*ਸਿਖਯਾਦਾਇਕ ਰੱਖਣ ਵਾਲੀ ਗਲ ਹੈ ਜੋ ਗੁਰੂ ਪਰਮੇਸੁਰਦਾ ਨਾਮ ਨਹੀਂ ਲੈਂਦੇ ਉਹਨਾਂ ਦਾ ਅੰਨ ਇਹ ਲੋਕ ਖਾਂਦੇ ਹਨ।

†ਕਿਲੇ ਵਿਚ ਗੁਰਦਵਾਰਾ ਹੈ ਤੇ ਇਕ ਬਾਹਰ ਬੀ ਹੈ।

‡ਇਸ ਦੀ ਟੂਕ ਦੇਖੋ ਅਗਲੇ ਪੰਨੇ ੬੦੯੫ ਦੇ ਹੇਠ।

੨੫. [ਸੱਸੀ ਦਾ ਗੀਤ, ਬਠਿੰਡੇ ਦੀ ਕਥਾ। ਦਯਾਲਦਾਸ ਬਖਸ਼ਿਆ]।

ਦੋਹਰਾ॥ਖਾਨ ਪਾਨ ਕਰਿ ਰਾਤ੍ਰਿ ਕੋ ਥਿਰਿ ਪ੍ਰਯੰਕ ਪਰ ਸੋਇ। ਉਤਰੇ ਤਰੇ ਸੁ ਦੂਰਗ ਕੇ ਹੁਤੇ ਵਪਾਰੀ ਕੋਇ॥ ੧॥ ਚੌਪਈ॥ ਤਿਨ ਸੱਸੀ ਪੁੰਨੂ ਕੋ ਗਾਯੋ। ਬਾਰ ਬਾਰ ਕਰਿ ਰਾਗ ਬਸਾਯੋ। ਰਾਤ੍ਰਿ ਬਿਖੈ ਰਸ ਕੋ ਬਹੁ ਕੀਨਿ। ਥਿਰਿ ਪ੍ਰਯੰਕ ਸੁਨਿ ਗੁਰੂ ਪ੍ਰਬੀਨ ॥੨॥ ਚਿਰੰਕਾਲ ਲਗਿ ਗਾਵਤਿ ਰਹਯੋ। ਸਭਿਨਿ ਸੁਨਯੋਂ ਆਛੇ ਮਨ ਲਹਯੋ। ਸੁਪਤਿ ਜਥਾ ਸੁਖ ਰਾਤਿ ਬਿਤਾਈ। ਜਾਗੇ ਪ੍ਰਭੂ ਪ੍ਰਾਤਿ ਹੁਇ ਆਈ॥ ੩॥ ਸੌਚ ਸ਼ਨਾਨ ਦਿਵਾਨ ਲਗਾਯੋ। ਬੂਝਯੋ ਗੁਰੂ 'ਰਾਤਿ ਕਿਨ ਗਾਯੋ?'। ਸਿੰਘਨਿ ਕਹਯੋ 'ਲਾਦ ਕੋ ਲਯਾਏ। ਉਸ਼ਟਰ ਬ੍ਰਿੰਦ ਸੰਗ, ਤਿਨ ਗਾਏ' ॥ ੪॥ 'ਜਾਇ ਬੁਲਾਵਹੁ ਲਯਾਵਹੁ ਤਾਂਹਿ'। ਸੁਨਿ ਕਰਿ ਦਾਸ ਗਯੋ ਤਿਨ ਪਾਹਿ। 'ਗੁਰੂ ਹਕਾਰਹਿਂ' ਚਲਿ ਸੋ ਆਯੋ। ਦਰਸ਼ਨ ਕਰਤੇ ਸੀਸ ਨਿਵਾਯੋ॥੫॥ ਸ੍ਰੀ ਪ੍ਰਭੁ ਭਨਹਿਂ 'ਰਾਤਿ ਜਿਮ ਗਾਵਤਿ। ਸੱਸੀ ਪੁੰਨੂ ਰਾਗ ਬਸਾਵਤਿ। ਬੈਠਿ ਇਹਾਂ ਅਬਿ ਗਾਵਨ ਕਰੋ। ਤਿਸੀ ਪ੍ਰਕਾਰ ਅਧਿਕ ਰਸ ਧਰੋ' ॥ ੬॥ ਸੁਨਿ ਕਰ ਜੋਰਤਿ ਬੋਲਯੋ ਸੋਇ। 'ਅਬਿ ਤੌ ਗਾਯੋ ਜਾਇ ਨ ਕੋਇ। ਲਾਜ ਆਪ ਤੇ ਮੁਝ ਕੋ ਆਵੈ। ਸਮੁਖ

‡ਤਲਵਾਰ ਦੇ ਇਕ ਝਟਕੇ ਨਾਲ ਮਿੰਢਾ ਝਟਕਾ ਦੇਣਾ, ਇਕ ਆਦਮੀ ਨੇ ਮਿੰਢਾ ਚੁੱਕ ਕੇ ਸਫੀਲ ਤੋਂ ਸਿੱਟ ਦੇਣਾ, ਏਹ ਬਲ ਪ੍ਰਾਕ੍ਰਮ ਦੇ ਕੌਤਕ ਦੱਸਣੇ ਜੰਗੀ ਜੀਵਨ ਦਾ ਅੰਗ ਹਨ। ਬਲੀ ਦੇਣੀ ਗੁਰੂ ਘਰ ਦਾ ਅਸੂਲ ਨਹੀਂ। ਫਿਰ ਜੋ ਦੇਵਾਂ ਦੇ ਗਣ ਤੀਸਰੇ ਸਾਹਿਬਾਂ ਦੀ ਇਕ ਛੜੀ ਨਾਲ ਡਰਦੇ ਉੱਠ ਭਜਦੇ ਹਨ, ਜੋ ਭੂਤ ਪ੍ਰੇਤ ਇਕ ਬਹਿਲੋ ਸਿੱਖ ਦੇ ਕੈਦ ਪੈਂਦੇ ਹਨ ਤੇ ਦਸਮ ਗੁਰੂ ਜੀ ਉਨ੍ਹਾਂ ਨੂੰ ਛੁਡਾ ਦੇਂਦੇ ਹਨ, ਬਲੀ ਦੇਣ ਦੀ ਹੀ ਅਵੱਸ਼ਕਤਾ ਓਸੇ ਗੁਰੂ ਜੀ ਨੂੰ ਇਸ ਦਸਵੇਂ ਜਾਮੇ ਕਿਉਂ ਪੈ ਸਕਦੀ ਹੈ। ਫਿਰ ਦੇਖੋ ਉਹਨਾਂ ਦਾ ਹੁਕਮ ਕਿਤਨਾ ਕਰਾਰਾ ਹੈ ਕਿ ਕਾਨ੍ਹਾ ਦੇਉ ਮੋੜ ਨਹੀਂ ਸਕਿਆ। ਜੋ ਹੁਕਮ ਅੱਗੇ ਹੁਤ ਨਹੀਂ ਕਰ ਸਕਦਾ ਉਸ ਨੂੰ ਬਲੀ ਦੇਣ ਦੀ ਕੀ ਲੋੜ ਸੀ। ਕਵੀ ਜੀ ਬੀ ਇਸੇ ਅੰਸੂ ਦੇ ਅੰਕ ੧੫ ਵਿਚ ਮੰਨਦੇ ਹਨ ਕਿ ਗੁਰੂ ਜੀ ਮਹਾਂ ਬਲੀ ਹਨ, ਬਲੀ ਦੇਣ ਦੀ ਲੋੜ ਨਹੀਂ ਸਨ ਰਖਦੇ। ਫਿਰ ਤੱਕੋ ਉਹ ਭੁੱਖਾ ਹੈ, ਖਾਣ ਲਈ ਮੰਗਦਾ ਹੈ ਉਸ ਨੂੰ ਭੁੱਖਾ ਹੀ ਟੋਰਦੇ ਹਨ ਕਿ ਹੁਣੇ ਹੀ ਜਾਹ ਤੇ ਮਨਸੂਰ ਪੁਰ ਸਾਹ ਕਢ ਲਈਂ, ਤਦ ਸੋਚੋ ਮਿੰਢੇ ਦੀ ਬਲੀ ਕਿਸ ਕੰਮ ਆਈ? ਬਲੀ ਸਫਲ ਤਾਂ ਸੀ ਜੇ ਦੇਵ ਕਹਿੰਦਾ ਕਿ ਮੈਂ ਮਿੰਢਾ ਖਾ ਕੇ ਰੱਜ ਗਿਆ ਹਾਂ; ਉਹ ਬਲੀ ਤਾਂ ਅਫਲ ਗਈ ਦੇਵ ਵਿਚਾਰਾ ਭੁੱਖਾ ਟੁਰਿਆ। ਸੋ ਬਲੀ ਦਾ ਖਿਆਲ ਗ਼ਲਤ ਜਾਪਦਾ ਹੈ। ਝਟਕੇ ਆਦਿ ਕੌਤਕਾਂ ਨੂੰ ਬਲੀ ਦੇ ਅਰਥ ਵਿਚ ਲੈਣਾ ਕਿਸੇ ਬਲੀਆਂ ਦੇ ਪ੍ਰੇਮੀ ਬ੍ਰਾਹਮਣ ਦੀ ਚਲਾਈ ਵਾਰਤਾ ਹੈ ਜੋ ਪ੍ਰਸਿੱਧ ਹੋ ਗਈ ਤੇ ਸਾਖੀ ਪੋਥੀ ਦੇ ਲੇਖਕ ਤੱਕ ਅੱਪੜੀ, ਇਉਂ ਸਹੀ ਜਾਪਦਾ ਹੈ। ਅਸਲ ਵਿਚ ਗੁਰੂ ਜੀ ਟਿਕਾਣਾ ਭਾਲ ਰਹੇ ਹਨ ਕਿ ਜੇ ਜੰਗ ਦਾ ਸਮਾ ਆ ਬਣੇ ਤਾਂ ਕੋਈ ਓਟ ਤੱਕੀਏ ਬਠਿੰਡੇ ਯਾ ਭਟਿੰਡੇ ਦੇ ਕਿਲੇ ਨੂੰ ਬੀ ਇਸੇ ਮਨੋਰਥ ਲਈ ਡਿੱਠਾ ਭਾਲਿਆ ਹੈ।

ਬੋਲਿਬੋ ਨਾਂਹਿਨ ਭਾਵੈ' ॥ ੭ ॥ ਤਬਿ ਗੁਰ ਦਈ ਕਨਾਤ ਤਨਾਇ। ਸਭਿ ਕੇ ਓਟੇ ਤਾਂਹਿ ਬਿਠਾਇ। ਪ੍ਰਭੁ ਕੋ ਹੁਕਮ ਮਾਨਿ ਕਰਿ ਗਾਯੋ। ਤਊ ਰਾਤਿ ਸਮ ਰਸ ਨਹਿ ਪਾਯੋ ॥ ੮ ॥ ਧਨ ਦੇ ਕਰਿ ਤਿਸ ਕਿਯੋ ਨਿਹਾਲ। ਕਰੀ ਮੌਜ[1] ਸ੍ਰੀ ਪ੍ਰਭੂ ਬਿਸਾਲ। ਸੱਸੀ ਪਰ ਕਿਹ ਤਰਕ ਉਠਾਈ। ਤਿਸ ਪ੍ਰਤਿ ਉੱਤਰ ਕਰਨੋ ਗੁਸਾਈਂ ॥ ੯ ॥ 'ਅੰਗੁਰ ਗਡੈ ਨ ਅਵਨੀ ਮਾਂਹੀ[2]। ਸਸੀਆ ਭਈ ਪ੍ਰਵੇਸ਼ਨ ਤਾਂਹੀ[3]। ਪ੍ਰੇਮ ਮਹਾਤਮ ਬਡਹੁ ਬਡੇਰਾ। ਪ੍ਰਾਨ ਜਾਨ ਲਗਿ ਜਿਨਹੁ ਨਿਬੇਰਾ॥ ੧੦ ॥ ਤਿਨ ਕੇ ਨਾਮ ਸਦਾ ਥਿਰ ਭਏ। ਲਾਖਹੁ ਬਰਖ ਬਖਾਨੇ ਗਏ। ਗੁਰੂ ਪ੍ਰਮੇਸ਼ੁਰ ਸਨ ਜਿਨ ਪ੍ਰੇਮ। ਸੋ ਤਤ-ਕਾਲ ਪਾਵਤੇ ਛੇਮ ॥ ੧੧ ॥ ਬਿਨਾ ਪ੍ਰੇਮ ਫੋਕਟ ਸਭਿ ਜਤਨ। ਪ੍ਰੇਮ ਸੁਕਰਮਨਿ ਸਭਿ ਮਹਿ ਰਤਨ[4]।ਪ੍ਰੇਮੀ ਜਪ ਤਪ ਬਿਨ ਮਖ ਜੋਗ[5]।ਪ੍ਰਾਪਤਿ ਹੋਤਿ ਉਚੇਰੇ ਲੋਗ'॥ ੧੨ ॥ ਇੱਤਯਾਦਿਕ ਮਹਿਮਾ ਮੁਖ ਗਾਈ*।

[1]ਬਖਸ਼ਿਸ਼। [2](ਤੁਹਾਥੋਂ) ਜ਼ਮੀਨ ਵਿਚ ਅੰਗੁਲੀ ਨਹੀਂ ਗਡੀ ਜਾਂਦੀ। [3]ਤਿਸ ਜ਼ਮੀਨ ਵਿਚ। [4]ਸਾਰੇ ਸ੍ਰੇਸ਼ਟ ਕਰਮਾਂ ਵਿਚ ਪ੍ਰੇਮ ਰਤਨ ਹੈ। [5]ਜੱਗ ਜੋਗ ਤੋਂ ਬਿਨਾਂ।

*ਪੰਜਾਬ ਵਿਚ ਸੱਸੀ ਪੁੰਨੂੰ ਦੀ ਦੋਸਤੀ ਦਾ ਕਿੱਸਾ ਪ੍ਰਸਿੱਧ ਹੈ, ਪਰ ਇਸ ਦੀ ਅਸਲ ਸਿੰਧ ਵਿਚ ਹੈ ਜਿੱਥੇ ਸੱਸੀ ਦਾ ਕੇਚ ਮਕਰਾਨ ਵਾਲੇ ਪੁੰਨੂੰ ਨਾਲ ਵਿਆਹ ਹੋਇਆ ਸੀ। ਪੁੰਨੂ ਬੜੇ ਸਰਦਾਰੀ ਘਰਾਣੇ ਦਾ ਸੀ ਤੇ ਸੱਸੀ ਇਕ ਮਸੂਲ ਲੈਣ ਵਾਲੇ ਅਹਿਲਕਾਰ, (ਜੋ ਅਸਲ ਵਿਚ ਸਰਦਾਰ ਨਹੀਂ ਸੀ ਪਰ ਉਂਞ ਉਹਦੇਦਾਰ ਸੀ) ਦੀ ਪਾਲਕ ਧੀ ਸੀ। ਇਸ ਕਰਕੇ ਪੁੰਨੂੰ ਦ ਭਰਾ ਉਸ ਨੂੰ ਚੋਰੀ ਲੈ ਗਏ ਕਿ ਸਾਡੀ ਕੁਲ ਦੀ ਹਾਨਤ ਹੁੰਦੀ ਹੈ। ਪਰੰਤੂ ਸੱਸੀ ਮਗਰੇ ਗਈ। ਕੇਚ ਮਕਰਾਨ ਦੇ ਰਸਤੇ ਵਿਚ ਹੀ ਸੱਸੀ 'ਪੁੰਨੂੰ' 'ਪੁੰਨੂੰ' ਕੂਕਦੀ ਮਰ ਗਈ। ਸੱਸੀ ਦੇ ਇਸ ਪਿਆਰ ਦੀ ਸਚਾਈ ਤੇ ਤੀਖਣਤਾ ਦੇ ਗੁਣ ਨੂੰ ਲੈ ਰਹੇ ਹਨ। ਉਸ ਦੇ ਪਿਆਰ ਵਿਚ ਸਚਾਈ ਤੇ ਤੀਖਣਤਾ ਸੀ, ਉਸ ਤੀਖਣਤਾ ਤੇ ਪਿਆਰ ਦੀ ਅੰਸ਼ ਦੀ ਮਹਿਮਾ ਕਹੀ ਹੈ। ਪਿਆਰ ਕਣੀ ਇਕ ਐਸੀ ਸ਼ੈ ਹੈ ਜਿਸ ਦੇ ਆਸਰੇ ਵੱਡੀ ਤੋਂ ਵੱਡੀ ਕੁਰਬਾਨੀ ਹੋ ਸਕਦੀ ਹੈ ਜੋ ਸੱਸੀ ਨੇ ਕਰ ਦਿਖਾਈ। ਸਿੱਖਾਂ ਨੂੰ ਇਹ ਉਪਦੇਸ਼ ਦਿਤਾ ਕਿ ਜਿਨ੍ਹਾਂ ਨੇ ਪ੍ਰੇਮ ਵਿਚ ਪ੍ਰਾਣ ਦਿਤੇ ਉਹਨਾਂ ਦੇ ਨਾਮ ਥਿਰ ਹੋ ਗਏ, ਪਰ ਗੁਰੂ ਪਰਮੇਸ਼ਰ ਵਿਚ ਜਿਨ੍ਹਾਂ ਦਾ ਪ੍ਰੇਮ ਹੈ ਓਹ ਛੇਮ ਭਾਵ ਮੁਕਤੀ ਪ੍ਰਾਪਤ ਕਰਦੇ ਹਨ। ਪ੍ਰੇਮ ਤੋਂ ਬਿਨਾਂ ਸਾਰੇ ਜਤਨ, ਸਾਧਨ, ਗਿਆਨ ਧਿਆਨ ਫੋਕਟ ਕਰਮ ਹਨ। ਪ੍ਰੇਮੀ ਕੇਵਲ ਪ੍ਰੇਮ ਨਾਲ ਤਰ ਜਾਂਦਾ ਹੈ। ਇਹ ਸਾਰੀ ਗਲ ਕਵੀ ਜੀ ਨੇ ਖੁਹਲ ਦਿਤੀ ਹੈ। ਸਸੀ ਪੁੰਨੂੰ ਦੀ ਪ੍ਰੀਤ ਦੀ ਕਹਾਣੀ ਨੂੰ ਪ੍ਰਮਾਰਥ ਵਿਚ ਹੀ ਸਮਝਣਾ ਪ੍ਰਯੋਜਨ ਹੈ, ਜਿਵੇਂ ਭਾਈ ਗੁਰਦਾਸ ਜੀ ਨੇ 'ਲੇਲਾਂ ਮਜਨੂੰ ਆਸ਼ਕੀ ....' ਆਦਿਕ ਵਿੱਚ ਸਾਰਿਆਂ ਦੇ ਨਾਮ ਗਿਣਕੇ ਅੰਤ ਕਿਹਾ ਹੈ 'ਪੀਰ ਮੁਰੀਦਾਂ ਪਿਰਹੜੀ ਗਾਵਨ ਪਰਭਾਤੀ'। ਸਿੰਧੀ ਬੋਲੀ ਦੇ 'ਸੱਸੀ ਪੁੰਨੂੰ ਦੇ ਕਿੱਸੇ ਦਾ ਅੰਗ੍ਰੇਜ਼ੀ ਅਨੁਵਾਦ ਜੋ 'ਐਫ. ਜੇ. ਜੀ.' ਨੇ ਕੀਤਾ ਹੈ, ਉਸ ਦੇ ੫੧ ਤੋਂ ੫੪ ਛੰਦ ਤੋਂ ਸੱਸੀ ਪੁੰਨੂੰ ਦਾ ਵਿਆਹ ਹੋਣਾ ਸਪਸ਼ਟ ਸਹੀ ਹੁੰਦਾ ਹੈ, ਇਸ ਹਿਸਾਬ ਸੱਸੀ ਬਿਵਾਹਿਤਾ ਇਸਤ੍ਰੀ ਸੀ, ਪਤੀ ਵਿਯੋਗ ਵਿਚ ਜਾਨ ਦੇਣੀ ਪਤੀ ਭਗਤੀ ਸੀ।

ਕਿਤਿਕ ਸਮੇਂ ਤਹਿਂ ਥਿਰੇ ਗੁਸਾਈਂ। ਕਹ੍ਯੋ ਬ੍ਰਿਤੰਤ ਬਿਰਾੜਨਿ ਫੇਰ[1]। 'ਬਿਨੈਪਾਲ ਨ੍ਰਿਪ ਚਢ੍ਯੋਅਖੇਰ॥੧੩॥ਜਬਿ ਉੱਦ੍ਯਾਨ ਬਿਖੈ ਚਲਿ ਗਯੋ। ਕੌਤਕ ਏਕ ਬਿਲੋਕਤਿ ਭਯੋ। ਅਜਾ ਪ੍ਰਸੂਤਾ ਬ੍ਰਿੱਕ ਸੋਂ ਲਰੈ[2]। ਅਪਨੋ ਬਤਸ[3] ਬਚਾਵਨ ਕਰੈ ॥ ੧੪ ॥ ਥਲ ਅਜੀਤ ਬਡ ਲਖ੍ਯੋ ਮਵਾਸੀ[4]। ਅਪਨੇ ਸਚਿਵਨ ਸਾਥ ਪ੍ਰਕਾਸ਼ੀ।–ਸ਼ੀਘ੍ਰ ਦੁਰਗ ਕੋ ਪਾਵਨ ਕਰੀਅਹਿ। ਜਿਤ ਕਿਤ ਤੇ ਨਰ ਪੁੰਜ ਹਕਰੀਅਹਿ–॥੧੫॥ ਨਰ ਖੋਜੇ ਨਹਿਂ ਪਾਵਤਿ ਘਨੇ। ਜਾਨ੍ਯੋ ਸ਼ੀਘ੍ਰ ਦੁਰਗ ਨਹਿਂ ਬਨੇ। ਭਾਗ ਹਾਕਮੀ ਜਿਤਿਕ ਅਨਾਜੈ[5]। ਛੋਰਿ ਦੀਨਿ ਗਾਹਕ ਕੌ ਰਾਜੈ॥੧੬॥ ਤਿਤਿਕ ਮ੍ਰਿੱਤਕਾ ਦੁਰਗ ਪਵਾਈ। ਮਿਲੇ ਆਨਿ ਮਾਨਵ ਸਮੁਦਾਈ। ਇਸ ਪ੍ਰਕਾਰ ਤੂਰਨ ਬਨਿ-ਵਾਵਾ। ਅਧਿਕ ਉਤੰਗ ਮਵਾਸਿ ਚਿਨਾਵਾ॥੧੭॥ ਸੁਨੀ ਸੁਰੰਗ ਬੀਚ ਇਸ ਕੀਨ। ਗਢ ਭਟਨੇਰ ਲਗੀ ਚਿਨ ਦੀਨਿ[6]'। ਇੱਤ੍ਯਾਦਿਕ ਕੁਛ ਅਪਰ ਪ੍ਰਸੰਗ। ਕਰੇ ਸੁਨਾਵਨਿ ਸਤਿਗੁਰ ਸੰਗ*॥ ੧੮ ॥ ਭਏ ਤਯਾਰ ਅਗਲੀ ਭੁਨਸਾਰਾ। ਹਯ ਪਰ ਜ਼ੀਨ ਡਾਰਿ ਅਸਵਾਰਾ। ਉਲੰਘਿ ਪੰਥ ਕੇਤਿਕ ਜਬਿ ਆਏ। ਡੇਰਾ 'ਸੰਮੀ' ਗ੍ਰਾਮ ਸੁ ਪਾਏ॥ ੧੯॥ ਤਹਿਂ ਕੇ ਨਰਨ ਆਇ ਕਰ ਜੋਰੇ। ਜਥਾਸ਼ਕਤਿ ਧਰਿ ਅੱਗ੍ਰ ਅਕੋਰੇ। ਦਰਸ਼ਨ ਕਰਿ ਪਦ ਬੰਦਤਿ ਸਾਰੇ। ਦੁਗਧ ਦਧੀ ਲੇ ਧਰ੍ਯੋ ਅਗਾਰੇ ॥ ੨੦ ॥ ਤ੍ਰਿਣ ਦਾਨਾ ਘੋਰਨਿ ਕੋ ਦੀਨਿ।ਰਸਤ ਪੁਚਾਈ ਦੇਗ਼ ਸੁ ਕੀਨ। ਸੁਪਤਿ ਜਥਾ ਸੁਖ ਰਾਤਿ ਬਿਤਾਈ। ਪ੍ਰਾਤਿ ਭਈ ਚਢਿਕੈ ਸੁਖਦਾਈ ॥ ੨੧ ॥ ਆਨਿ ਦਮਦਮੇ ਕੀਨਸਿ ਡੇਰਾ। ਡੱਲਾ ਮਿਲ੍ਯੋ ਆਨਿ ਤਿਸ ਬੇਰਾ। ਬੰਦਨ ਕਰੀ ਚਰਨ ਅਰਬਿੰਦ। ਬੈਠਿ ਨਿਕਟ ਤਹਿਂ ਨਰ ਮਿਲਿ ਬ੍ਰਿੰਦ ॥ ੨੨ ॥ ਦਯਾਲ ਦਾਸ ਸਕਟਾ ਭਰਿ ਜੋਇ। ਸੰਗ ਲਿਯੋ ਫਿਰਿ ਲ੍ਯਾਯੋ ਸੋਇ। ਰਾਮ ਸਿੰਘ ਤਬਿ ਅਰਜ਼ ਬਖਾਨੀ। 'ਬਖਸ਼ਹੁ ਪ੍ਰਭੁ ਆਪਨੋ ਜਾਨੀ ॥੨੩॥ਆਦਿ ਤਿਹਾਵਲ ਅਧਿਕ

---

[1]ਬੈਰਾੜਾਂ ਨੇ ਬ੍ਰਿਤੰਤ ਕਿਹਾ। [2]ਸੂਈ ਹੋਈ ਬੱਕਰੀ (ਦੇਖੋ) ਬਘਿਆੜ ਨਾਲ ਲੜ ਰਹੀ ਸੀ। [3]ਬੱਚਾ। [4](ਰਾਜੇ ਨੇ ਉਹ) ਥਾਂ ਅਜਿੱਤ ਤੇ ਹੁਣ ਕਿਲੇ ਜੋਗ ਜਾਣਿਆ। [ ਮਵਾਸ ਦਾ ਅਰਥ ਕਿਲਾ ਬੀ ਹੈ, ਤੱਕੋ ਅੱਗੇ ਅੰਕ ੧੭]। [5]ਜਿਤਨਾ ਅਨਾਜ ਰਾਜੇ ਦਾ ( ਰਾਜਾ ਹੋਣ ਕਰਕੇ ) ਹਿੱਸਾ ਸੀ। [6]ਭਟਨੇਰ ਕਿਲੇ ਤਕ ਸੁਰੰਗ ਚਿਣ ਦਿਤੀ।

*ਇਹ ਕਿਲੇ ਦੇ ਪੁਰਾਣੇ ਰਵਾਇਤੀ ਹਾਲਾਤ ਹਨ। ਬਠਿੰਡਾ ਰਾਜ ਪਟਿਆਲਾ ਵਿਚ ਹੈ। ਭਟਨੇਰ ਦਾ ਨਗਰ ਤੇ ਭਟਿੰਡਾ ਯਾ ਬਠਿੰਡਾ ਨਗਰ ਭੱਟੀ ਰਾਉ ਦੇ ਬਣਾਏ ਹੋਏ ਹਨ। ਭਟਿੰਡੇ ਦਾ ਕਿਲਾ ਰਾਜਾ ਬਿਨੈਪਾਲ ਦਾ ਬਣਾਇਆ ਹੋਇਆ ਹੈ। ਭਟਨੇਰ ਹੁਣ ਬੀਕਾਨੇਰ ਰਿਆਸਤ ਵਿਚ ਹੈ, ਇਸ ਨੂੰ ਹਨੂਮਾਨ ਗੜ੍ਹ ਬੀ ਬੋਲਦੇ ਹਨ।

ਅਹਾਰਾ। ਲੀਏ ਬਠਿੰਡੇ ਸਕਟ ਪਧਾਰਾ'। ਦਯਾਲ ਦਾਸ ਤਬਿ ਚਰਨੀ ਪਰਯੋ। ਹਾਥ ਜੋਰਿ ਕਰਿ ਆਗੈ ਥਿਰਯੋ ॥ ੨੪ ॥ ਦੇਖਿ ਕ੍ਰਿਪਾਲ ਕਹਯੋ 'ਥਿਰ ਥਯੋ[1]। ਭਗਤੂ ਕੁਲ ਮਸੰਦ ਇਹ ਭਯੋ। ਹਮ ਬਖਸ਼ਯੋ*ਦੇਵਹੁ ਬਰਤਾਇ'। ਭੀ ਅਰਦਾਸ ਗੁਰੂ ਅਗਵਾਇ॥ ੨੫ ॥ ਜਬਿ ਦੇਖਯੋ ਭੋਜਨ ਕੋ ਜਾਇ। ਪਰੇ ਕਿਰਮ† ਜਿਸ ਮਹਿਂ ਸਮੁਦਾਇ। ਆਨਿ ਗੁਰੂ ਢਿਗ ਅਰਜ਼ ਸੁਨਾਈ। 'ਖੈਬੇ ਲਾਇਕ ਨਹੀਂ ਗੁਸਾਈਂ ॥੨੬॥ਬਿਤੇ ਦਿਵਸ ਬਹੁ ਕਿਰਮ ਪਰੇ† ਹੈਂ। ਫਿਰਯੋ ਸੰਗ ਬਿਚ ਸਕਟ ਧਰੇ ਹੈਂ'। ਸੁਨਿ ਪ੍ਰਭੁ ਕਹਯੋ 'ਹਮੇ ਦਿਖਰਾਵਊ। ਪੀਛੇ ਤੇ ਸਭਿ ਮਹਿਂ ਬਰਤਾਵਊ' ॥੨੭॥ ਕੇਤਿਕ ਲਯਾਯੋ ਗੁਰੂ ਅਗਾਰੀ। ਲੇ ਨਿਜ ਹਾਥਨਿ ਗੁਲਕਾ ਧਾਰੀ। ਕਰਤਲ ਪਰ ਬੱਟੀ ਗੁਰ ਕਰੀ। ਦੇਗ਼ ਭੁਗਤ ਕੀ ਪੂਰਨ ਪਰੀ[2] ॥ ੨੮ ॥ ਪੁਨ ਬਰਤਾਵਨਹਾਰ ਨਿਹਾਰਾ[3]। ਸੁੱਧ ਅਹਾਰ ਭਯੋ ਇਕ ਬਾਰਾ। ਸਿੰਘਨ ਮਹਿਂ ਲਾਗਯੋ ਬਰਤਾਵਨ। ਬਹੁ ਕਰਾਹਿ ਦੇ ਕਰਿ ਤ੍ਰਿਪਤਾਵਨ ॥ ੨੯ ॥ ਭਯੋ ਰੌਰ ਤਬਿ ਲੂਟ ਮਚਾਈ। ਪਰਯੋ ਖਾਲਸਾ ਲੇ ਲੇ ਧਾਈ। ਆਪੇ ਆਪ ਸਗਰ ਲੇ ਗਏ। ਸਤਿਗੁਰ ਹੇਰਿ ਹੇਰਿ ਬਿਕਸਏ ॥੩੦॥ ਕਿਤਿਕ ਦੇਰ ਪੀਛੇ ਸਿਖ ਆਏ। ਹੁਤੇ ਪੰਚ ਦਸ ਨਹਿਂ ਕੁਛ ਖਾਏ। ਪਿਖਿ ਗੁਰ ਕਹਯੋ 'ਜਾਹੁ ਇਸ ਕਾਲਾ। ਦਯਾਲਦਾਸ ਕੋ ਗਹਿ ਲਿਹੁ ਪਾਲਾ' ॥ ੩੧ ॥ ਗਏ ਕਹੈਂ 'ਦਿਹੁ ਦੇਗ਼ ਹਮਾਰੀ'। ਗੌਰੇ ਸੁਤ ਤਬਿ ਛਾਪ ਉਤਾਰੀ। ਤਿਨ ਕੋ ਦਈ 'ਮੋਲ ਲੇ ਖਾਵਹੁ। ਦੇਗ਼ ਬਿਖੈ ਕੁਛ ਭੰਗ ਨ ਪਾਵਹੁ'॥੩੨॥ ਏਕ ਤੁਰੰਗਮ ਏਕ ਦੁਸ਼ਾਲਾ।ਦਯਾਲਦਾਸ ਦੀਨਸਿ[4] ਤਿਸ ਕਾਲਾ। ਬਖਸ਼ ਮਿਲਾਯੋ ਸੰਗਤਿ ਮਾਂਹੀ। ਰਹਯੋ ਸੰਗ ਸੇਵਾ ਕਰਿ ਪਾਹੀ ॥ ੩੩ ॥ ਕਰਿ ਨਰ ਦਰਸ਼ਨ ਸਦਨ ਸਿਧਾਰੇ। ਖਾਨ ਪਾਨ ਸੈਨਾ ਕਰਿ ਸਾਰੇ। ਥਿਰ ਹੈ ਕੇਤਿਕ ਦਿਵਸ ਬਿਤਾਏ। ਪੁਰਹਿਂ ਕਾਮ ਸਿਖ ਸੰਗਤਿ ਆਏ ॥੩੪॥ ‡ਇਕ ਦਿਨ ਡੱਲੇ ਕੋ ਲੇ ਸੰਗ। ਹਿਤ ਅਖੇਰ ਕੇ ਚਢੇ ਤੁਰੰਗ। ਗਏ ਦੂਰ ਮ੍ਰਿਗ ਦੇਖਯੋ ਜਬੈ। ਸਰ ਖਰ ਛੋਰਿ ਸੰਘਾਰਯੋ ਤਬੈ ॥੩੫॥ ਮਾਰਤਿ ਸ੍ਰੀ ਮੁਖ ਤੇ ਬਹੁ ਹਸੇ। ਓਸ਼ਟ ਬੀਚ ਦਸਨ ਦੁਤਿ ਲਸੇ। ਪਿਖਿ ਡੱਲੇ ਕਰ

[1]ਠੈਹਰ ਜਾਹ। [2]ਭਾਵ ਛਕ ਲਈ। [3]ਫਿਰ ਵਰਤਾਵਣ ਵਾਲੇ ਨੇ (ਕੀ) ਡਿੱਠਾ (ਕਿ)'' [4]ਭਾਵ,ਭੇਟਾ ਦਿਤਾ(ਗੁਰੂ ਜੀ ਨੂੰ)। *ਕਵੀ ਜੀ ਅਪਣੇ ਰਚਿਤ ਬਾਲਮੀਕ ਰਾਮਾਯਣ ਦੇ ਅਨੁਵਾਦ ਦੇ ਲੰਕਾ ਕਾਂਡ, ਸਰਗ ੧੩੧ ਵਿਖੇ ਦੱਸਦੇ ਹਨ ਕਿ ਇਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਤੇ ਨਾਮ ਦਯਾਲ ਸਿੰਘ ਹੋਯਾ:–'ਖੰਡੇ ਕੀ ਪਾਹੁਲ ਲੇ ਕਰਕੇ।ਦਯਾਲ ਸਿੰਘ ਨਿਜ ਨਾਮ ਸੁਧਰਿਕੈ' ॥੧੨੩॥ †ਸਾਖੀ ਪੋਥੀ ਵਿਚ ਇਹ ਜ਼ਿਕਰ ਨਹੀਂ ਹੈ। ‡ਸੌ ਸਾਖੀ ਦੀ ਇਹ ੬੫ਵੀਂ ਸਾਖੀ ਹੈ।

ਜੋਰਿ ਅਲਾਏ। 'ਇਸ ਕੋ ਹਤਿ ਕਰਿ ਕਨੋਂ ਬਿਕਸਾਏ ?' ॥ ੩੬ ॥ 'ਇ ਗੁਰ ਸਿਖ ਗੁਰ ਕੇਰਿ ਖਜ਼ਾਨਾ[1]। ਰਹਯੋ ਚੁਰਾਵਤਿ ਦਰਬ ਮਹਾਨਾ। ਅਧਿਕ ਖ਼ਰਾਬ ਕਰਯੋ ਅਰੁ ਖਾਯੋ। ਤਿਸ ਅਘ ਤੇ ਇਹ ਮ੍ਰਿਗ ਤਨ ਪਾਯੋ॥੩੭॥ ਸੁਨਿ ਛੈਲਾ ਬੈਰਾਰ ! ਬਿਚਾਰਾ[2]। ਲੇ ਪਰ ਅੰਸ[3] ਕਿਸੀ ਪਰਕਾਰਾ। ਤਿਸ ਕੋ ਆਮਿਖ ਕਾਟਯੋ ਜਾਇ। ਇਨ ਕੁੱਠੈ[4] ਰੀਂਧੇ ਅਰੁ ਖਾਇ ॥੩੮॥ ਜੋ ਨਰ ਪਰ ਕੀ ਅੰਸ ਚੁਰਾਵੈਂ। ਕੈ ਬਲ ਤੇ ਛੀਨਹਿਂ ਹਰਖਾਵੈਂ। ਮ੍ਰਿਗ ਬਕਰੇ ਆਦਿਕ ਤਨ ਧਰੈਂ*। ਲੇਨਹਾਰ ਤਿਨ ਭੱਖਨ ਕਰੈਂ ॥ ੩੯ ॥ ਸ੍ਵਾਮੀ ਅੰਸ ਚੁਰਾਵੈਂ ਜੋਈ।ਇਸੀ ਦਸ਼ਾ ਦੁਖ ਪਾਵੈਂ ਤੇਈ।ਹਮ ਤਬਿ ਬਰਜ ਰਹਯੋ,ਨਹਿਂ ਮਾਨਯੋਂ। ਯਾਂਤੇ ਹਸੇ ਬ੍ਰਿਤੰਤ ਸੁ ਜਾਨਯੋ' ॥੪੦॥ ਇਮ ਕਹਿ ਦੂਰ ਦਮਦਮਾ ਰਹ੍ਯੋ। ਪਹੁੰਚਨਿ ਸਮਾ ਨ ਮਨ ਮਹਿਂ ਲਹਯੋ ॥ ਤਰੁ ਕੀਕਰ[5] ਅਵਲੋਕਨਿ ਕਰੇ। ਤਹਾਂ ਥਿਰੇ ਪ੍ਰਭੁ ਡੇਰਾ ਕਰੇ ॥੪੧॥ ਤਬਿ ਸਿੱਖਨ ਕਰ ਜੋਰਿ ਬਖਾਨਾ। 'ਪ੍ਰਭੁ ਜੀ ! ਕਰਯੋ ਨ ਹਮ ਕੁਛ ਖਾਨਾ। ਦੋਨਹੁੰ ਸਮੇ ਰਹੇ ਅਬਿ ਖਾਲੀ। ਸਭਿ ਕੋ ਬਯਾਪੀ ਛੁਧਾ ਬਿਸਾਲੀ ॥ ੪੨ ॥ ਕਿਮ ਇਹ ਨਿਸਾ ਬਤਾਵਨਿ ਕਰੈਂ। ਪ੍ਰਾਤਿ ਹੋਤਿ ਪੁਨ ਚਲਿਬੋ ਪਰੈ'। ਸੁਨ ਸ਼੍ਰੀ ਮੁਖ ਤੇ ਹੁਕਮ ਬਖਾਨਾ।'ਚਢਹੁ ਕੀਕਰਾਂ ਖਰੀ ਮਹਾਨਾ ॥ ੪੩ ॥ ਬਲ ਤੇ ਇਨਹੁੰ ਹਿਲਾਵਨਿ ਕਰੀਏ। ਮਨ ਭਾਵ ਤੇ ਅਚਵਹੁ ਛੁਧਿ ਹਰੀਏ'। ਮਾਨਿ ਬਾਕ ਕੋ ਭਏ ਅਰੋਹਨਿ। ਗਹਿ ਝੂਟੇ ਕੀਨੇ ਦ੍ਰਿਗ ਜੋਹਨ ॥ ੪੪ ॥ ਅਨਿਕ ਭਾਂਤਿ ਕੇ ਭਏ ਅਹਾਰਾ। ਖੁਰਮੇ ਬ੍ਰਿੰਦ ਜਲੇਬ ਉਦਾਰਾ। ਮੋਦਕ ਆਦਿ ਪਰੇ ਸਮੁਦਾਈ।ਗਨ ਭੋਜਨ ਬਰਖਾ ਬਰਖਾਈ ॥ ੪੫ ॥ ਖਾਇ ਖਾਇ ਕਰਿ ਸਿਖ ਤ੍ਰਿਪਤਾਨੇ। ਕਿਤਿਕ ਸਿੰਘ ਨਹਿ ਕੀਨਸਿ ਖਾਨੇ। ਬੂਝਯੋ ਪ੍ਰਭੁ 'ਤੁਮ ਕਯੋਂ ਨਹਿ ਖਾਯੋ। ਸਗਰੇ ਦਿਵਸ ਹਾਥ ਨਹਿਂ ਆਯੋ' ॥੪੬॥ ਹਾਥ ਜੋਰਿ ਕਹਿਂ ਸਿੱਖ ਜਿ ਸਯਾਨੇ। 'ਸ਼੍ਰੀ ਪ੍ਰਭੁ ! ਆਪ ਨ ਕੀਨਸਿ ਖਾਨੇ। ਕਿਮ ਹਮ ਖਾਇ ਸਕਹਿ ਤੁਮ ਬਿਨਾ'। ਸੁਨਿ ਪ੍ਰਸੰਨ ਹ੍ਵੈ ਸ਼੍ਰੀ ਮੁਖ ਭਨਾ ॥ ੪੭ ॥ 'ਇਹ ਸਿਖ ਗੁਰਮੁਖ ਲੇਹੁ ਬਿਚਾਰੇ। ਪੇਟ ਪਾਲ ਹੈਂ ਅਚਵਨ ਵਾਰੇ[6]। ਮਨਮੁਖ ਭੀ ਸਿਖ ਕਹੈਂ ਘਨੇਰੇ। ਸਿੱਖੀ ਪਾਵਨ ਦੂਰ ਬਡੇਰੇ'† ॥੪੮॥ ਪੁਨ ਚਢਿ ਕਰਿ ਨਿਜ ਡੇਰਨਿ ਆਏ। ਇਮ

[1]ਖਜ਼ਾਨਚੀ ਸੀ। [2]ਵਿਚਾਰਾ ਮੂਰਖ। [3]ਪਰਾਇਆ ਧਨ। [4]ਕੁੱਸੇਗਾ,ਤੜਫੇਗਾ। ਸੌ ਸਾਖੀ ਦਾ ਪਾਠ ਹੈ 'ਕੁਸੀਏਗਾ'। [5]ਕਿੱਕਰ ਦਾ ਬਿਛ। [6]ਖਾਣ ਵਾਲੇ ਤਾਂ ਪੇਟ ਪਾਲੂ ਹਨ। *ਸਾਰੇ ਮ੍ਰਿਗਾਂ ਤੇ ਬੱਕਰਿਆਂ ਤੋਂ ਮੁਰਾਦ ਕਵੀ ਜੀ ਦੀ ਨਹੀਂ ਹੈ। †ਉਹੀ ਧੁਨਿ ਚਲ ਰਹੀ ਹੈ ਕਿ ਪ੍ਰੇਮ ਹੀ ਸਭ ਸ਼ੈ ਦਾ ਮੂਲ ਹੈ।

ਕੇਤਿਕ ਦਿਨ ਜਬਹਿ ਬਿਤਾਏ। ਖਾਨ ਪਾਨ ਕਰਿ ਥਿਰੇ ਗੁਸਾਈਂ। ਨਿਸਾ ਵਧੀ ਅਧਿਕੈ ਅਧਿਕਾਈ[1] ॥ ੪੯॥ ਲੋਕ ਪਸੂ ਬਹੁ ਭਏ ਦੁਖਾਰੇ। ਕਰਹਿਂ ਪ੍ਰਤੀਖਨ ਹ੍ਵੈ ਭੁਨਸਾਰੇ। ਬੈਠੇ ਸਭਿਨਿ ਬਿਖੈ ਨਰ ਨਾਰੀ। ਹੋਹਿ ਨ ਪ੍ਰਾਤਿ ਸਭਿਨਿ ਮਤਿ ਹਾਰੀ ॥੫੦॥–ਕੋ ਕਾਰਨ ਭਾ ਜਾਇ ਨ ਜਾਨਾ। ਮਾਰਤੰਡ ਚਢਿਯ ਨ ਅਸਮਾਨਾ–।ਰੁਕੇ ਲੋਕ ਸਗਰੇ ਅਕੁਲਾਏ।ਸ੍ਰੀ ਪਰਮੇਸ਼ੁਰ ਨਾਮ ਧਿਆਏ ॥੫੧॥* ਅਧਿਕ ਰਾਤਿ ਜਬਿ ਬੀਤਨ ਕਰੀ। ਪ੍ਰਾਤਿ ਸਭਿਨਿ ਕੋ ਚਿੰਤਾ ਪਰੀ। ਡੱਲੇ ਸੰਗ ਮਿਲੇ ਸਭਿ ਜਾਇ:–'ਅਧਿਕ ਨਿਸਾ ਕੁਛ ਲਖਯੋ ਨ ਜਾਇ ॥ ੫੨ ॥ ਚਲਹੁ ਪ੍ਰਭੂ ਕੋ ਬੂਝਹਿਂ ਏਹ। ਹੈਂ ਸਰਬੱਗਯ ਬਤਾਇ ਸੁ ਦੇਹਿਂ'। ਡੱਲੇ ਜੁਤਿ ਮਾਨਵ ਸਮੁਦਾਇ।ਪਦ ਅਰਬਿੰਦ ਨਿਵੇਂ ਸਭਿ ਆਇ॥੫੩॥ਬੈਠੇ ਬਿਸਮਤਿ ਬਾਤ ਬਖਾਨੀ। 'ਨਿਸ ਕੀ ਗਤਿ ਕੁਛ ਜਾਇ ਨ ਜਾਨੀ'।ਗੁਰੂ ਕਹਯੋ 'ਭਾਣਾ ਹਰਿ ਜੋਈ। ਦੇਵਨ ਬਿਖੈ ਸਪਰਧਾ[2] ਹੋਈ॥੫੪॥ਸੂਰਜ ਸੁਰਪਤਿ[3] ਹਟਿ ਹਟਿ[4] ਬੈਠੇ। ਅਪਰ ਬ੍ਰਿੰਦ ਸੁਰ ਹੋਇ ਇਕੈਠੇ। ਬਰਜੀ ਬਰਖਾ ਹੁਇ ਜਗ ਨਾਂਹੀ। ਦਿਨਕਰ[5] ਥਿਰਯੋ ਸੁਰਗ ਕੇ ਮਾਂਹੀ ॥ ੫੫ ॥ ਰਾਤਿ ਵਧਨ ਕੋ ਇਹੁ ਲਖਿ ਕਾਰਨ*'। ਸੁਨਿ ਡੱਲੇ ਕਿਯ ਬਾਕ ਉਚਾਰਨ। 'ਪ੍ਰਭੁ ਜੀ ਕਿਮ ਜੀਵਹਿਂ ਬਿਨ ਬਾਰੀ[6] ?'। ਸੁਨਿ ਸਤਿਗੁਰ ਤਬਿ ਤੂਸ਼ਨ ਧਾਰੀ ॥ ੫੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥ ੨੫ ॥

੨੬. [ਮੀਂਹ ਵਰਸਾਇਆ। ਤਾਪ ਹਟਾਇਆ। ਪਹਿਰੇਦਾਰਾਂ ਖੇਡਾ ਦੇਖਿਆ]।

ਦੋਹਰਾ ॥ [7]ਔੜ ਲਗੀ ਬਰਖਾ ਹਟੀ ਬੀਤੇ ਦਿਵਸ ਕਿਤੇਕ। ਖੇਤੀ ਲਾਗੀ ਸੂਕਿਬੇ ਉਬਰਯੋ ਖੇਤ ਨ ਏਕ ॥ ੧॥ ਚੌਪਈ ॥ ਪ੍ਰਜਾ ਭਈ ਦੀਰਘ ਦੁਖਿਆਰੀ।ਹੁਇ ਦੁਰਭਿੱਛ ਪਰਯੋ ਨਹਿਂ ਬਾਰੀ। ਹੁਇ ਹੈ ਕਹਾਂ ਹਵਾਲ ਹਮਾਰੋ। ਬਿਨਾਂ ਅੰਨ ਕਯੋਂ ਜਿਯਨ ਬਿਚਾਰੋ' ॥ ੨ ॥ ਰਾਹਕ ਮਹਾਂ ਕਸ਼ਟ ਕੋ ਪਾਏ। ਮਿਲਿ ਮਿਲਿ ਬੈਠਿ ਬੈਠਿ ਪਛੁਤਾਏ। ਕੇਤਿਕ ਗ੍ਰਾਮਨਿ ਕੇ ਸਮੁਦਾਈ। ਚਿਤ ਚਿੰਤਾ ਬਸਿ ਭੇ ਇਕ ਠਾਈ ॥੩॥ 'ਅਬਿ ਸਮੀਪ ਸਤਿਗੁਰੂ ਸੁਹਾਏ।

[1]ਰਾਤ ਬਹੁਤ ਤੋਂ ਬਹੁਤ ਵਧੀ ਹੋਈ ਭਾਵ ਸੂਰਜ ਨਾਂ ਚੜ੍ਹਿਆ। [2]ਈਰਖਾ। [3]ਇੰਦ੍ਰ। [4](ਆਪਣੇ ਆਪਣੇ ਕੰਮਾਂ ਤੋਂ) ਹਟ ਹਟ ਕੇ। [5]ਸੂਰਜ। [6]ਜਲ ਤੋਂ ਬਿਨਾਂ ਕਿਵੇਂ ਜੀਵਾਂਗੇ। [7]ਗਾਹਕ ਆਪੋ ਵਿਚ ਵਿਚਾਰਾਂ ਕਰਦੇ ਹਨ।

*ਸੌ ਸਾਖੀ ਦੀ ੪੬ਵੀਂ ਸਾਖੀ ਦਾ ਇਹ ਉਲਥਾ ਹੈ। ਪਤਾ ਨਹੀਂ ਸੌ ਸਾਖੀ ਦੇ ਲੇਖਕ ਨੇ ਕਿਸ ਘਟਨਾ ਨੂੰ ਐਉਂ ਵਰਣਨ ਕੀਤਾ ਹੈ। ਪਰ ਇਹ ਬੀ ਅਸਲੀ ਸਾਖੀਆਂ ਦੀ ਨਹੀਂ ਜਾਪਦੀ। ਆਖੇਪਕਾਰਾਂ ਦਾ ਹਸਤਾਖੇਪ ਜਾਪਦਾ ਹੈ, ਖੋਜ ਦੀ ਲੋੜ ਹੈ।

ਜਿਨ ਤੇ ਮਨੋ ਕਾਮਨਾ ਪਾਏ। ਏਕ ਏਕ ਕੀ ਪੁਰਵਤਿ ਆਸਾ। ਮਿਲਿ ਕੈ ਦੇਸ਼ ਚਲਹੁ ਗੁਰ ਪਾਸਾ ॥ ੪ । ਜਾਚਹੁ ਬਰਖਾ ਗੁਰੂ ਕਰੈ ਹੈਂ। ਜੀਵ ਦਾਨ ਜਗ ਕੋ ਤਬਿ ਦੈਹੈਂ'। ਇਮ ਬਿਚਾਰਿ ਸੰਗਤ ਸਮੁਦਾਈ। ਸਯਾਨੇ ਸਿੱਖ ਕਰੇ ਅਗੁਵਾਈ ॥੫॥ ਆਨਿ ਦਮਦਮੇ ਕੀਨਸਿ ਡੇਰੇ। ਚਹੁੰਦਿਸ਼ਿ ਕੇ ਨਰ ਮਿਲੇ ਘਨੇਰੇ। ਧਰੇ ਤ੍ਰਾਸ ਦੁਰਭਿਛ ਕੋ ਭਾਰੇ। ਆਇ ਗੁਰੂ ਸਭਿਹਿਨਿ ਪਰਵਾਰੇ ॥ ੬ ॥ ਕਰਿ ਕਰਿ ਨਮੋ ਚਹੂੰਦਿਸ਼ਿ ਥਿਰੇ। ਕੇਚਿਤ ਬੈਠੇ ਕੇਚਿਤ ਖਰੇ। ਖਰੇ ਮੇਵਰੇ ਅਰਜ਼ ਗੁਜ਼ਾਰੀ। 'ਕਰਹੁ ਪ੍ਰਭੂ ਜਗ ਕੀ ਰਖਵਾਰੀ॥੭॥ ਨਹੀਂ ਗਗਨ ਮਹਿ ਮੇਘ ਦਿਖੰਤੇ। ਸਭਿ ਦੇਸ਼ਨ ਕੇ ਖੇਤ ਸੁਕੰਤੇ। ਅਬਿ ਕੇ ਫਸਲ ਜਿ ਅੰਨ ਬਿਨਾਸ਼ਾ। ਨਹੀਂ ਨਰਨ ਕੀ ਜੀਵਨ ਆਸ਼ਾ ॥ ੮ ॥ ਅਪਨੀ ਸੰਗਤਿ ਜਾਨਿ ਬਚਾਵਹੁ। ਕਰਹੁ ਬਾਕ ਬਰਖਾ ਬਰਖਾਵਹੁ'। ਸੁਨਿ ਅਰਜ਼ੀ ਪ੍ਰਭੁ ਕ੍ਰੋਧ ਵਧਾਯੋ। ਡੱਲੇ ਦਿਸ਼ਿ ਅਵਲੋਕਿ ਅਲਾਯੋ॥੯॥ 'ਉਠਿ ਸੁਰਪਤਿ[1] ਕੋ ਹਤਹੁ ਬਿਸਾਲਾ। ਪਠਹਿ ਮੇਘ ਜਿਸ ਤੇ ਤਤਕਾਲਾ'। ਗੁਰੂ ਬਚਨ ਪਰ ਧਰਿ ਬਿਸਵਾਸਾ। ਡੱਲਾ ਉਠਯੋ ਬਿਲੋਕਿ ਅਕਾਸ਼ਾ॥੧੦॥ ਪਨਹੀ ਸਪਤ[2] ਬਗਾਇ ਸੁ ਮਾਰੀ। ਮੁਖ ਤੇ ਗਾਰੀ ਅਨਿਕ ਨਿਕਾਰੀ। 'ਮਾਨਿ ਹੁਕਮ ਕੋ ਬਰਖਹੁ ਤੂਰਨ। ਹਮ ਭੀ ਬਚ ਮਾਨਹਿ ਗੁਰ ਪੂਰਨ॥੧੧॥ ਬੀਰ ਤ੍ਰਿਲੋਕੀ ਹੈ ਅਸ ਕੌਨ। ਜਿਸਕੇ ਮਨ ਮਹਿਂ ਸ਼੍ਰੀ ਗੁਰ ਤੌਨ। ਆਪ ਕ੍ਰਿਸ਼ਨ ਰਣ ਕਰਿ ਜੈ ਪਾਈ[3]। ਗੁਰ ਦਾਸਨ ਤੇ ਮਾਰ ਕਰਾਈ[4]* ॥੧੨॥ ਦੇਰ ਨ ਧਰਹੁ ਕਰਹੁ ਅਬਿ ਬਰਖਾ'। ਤੇਜ ਪ੍ਰਭੂ ਕੇ ਸੁਰਪਤਿ ਧਰਖਾ[5]। ਇਤਨੇ ਕਹੇ ਗਗਨ ਘਨ ਛਾਏ। ਜਲ ਗੇਰਨਿ ਲਾਗੇ ਸਮੁਦਾਏ ॥ ੧੩ ॥ ਸ਼੍ਰੀ ਮੁਖ ਤੇ ਬਹੁ ਹਸੇ ਕ੍ਰਿਪਾਲਾ। ਕਹਯੋ ਸ਼ਲੋਕ ਸਕਲ ਤਿਸ ਕਾਲਾ। ਲੋਕ ਹਜ਼ਾਰਹੁੰ ਪਿਖੈਂ ਤਮਾਸ਼ਾ। ਸੁਨਯੋਂ ਸ਼੍ਰੋਨ ਇਮ ਸ਼ਬਦ ਪ੍ਰਕਾਸ਼ਾ ॥ ੧੪ ॥

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ

---

[1]ਇੰਦ੍ਰ ਨੂੰ। [2]ਸੱਤ। [3]ਫਤਹ ਪਾਈ ( ਇੰਦ੍ਰ ਤੇ )। [4]ਗੁਰੂ ਜੀ ਨੇ ਦਾਸਾਂ ਪਾਸੋਂ ( ਇੰਦ੍ਰ ) ਨੂੰ ਮਾਰ ਪੁਵਾਈ। [5]ਕੰਬਿਆ। *ਇਥੇ ਕਵਿ ਜੀ ਸਪਸ਼ਟ ਗੁਰੂ ਜੀ ਦੀ ਅਧਿਕਤਾ ਸ੍ਰੀ ਕ੍ਰਿਸ਼ਨ ਜੀ ਤੋਂ ਦਿਖਾ ਰਹੇ ਹਨ, ਉਹਨਾਂ ਨੇ ਆਪ ਰਣ ਕਰਕੇ ਇੰਦ੍ਰ ਜਿੱਤਿਆ, ਸਤਿਗੁਰਾਂ ਨੇ ਦਾਸਾਂ ਤੋਂ ਮਾਰ ਕਰਾਕੇ ਇੰਦ੍ਰ ਤੋਂ ਕੰਮ ਕਰਵਾਇਆ।

ਵਿੰਦੁ ਫਿਰੈ ਸਿਰਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜੁ
ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ
ਸੁਰਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾ ਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥ {ਆਸਾ ਵਾਰ ਮ: ੧

ਚੌਪਈ ॥ ਇਹ ਸ਼ਲੋਕ ਸੰਭਿ ਪਠਯੋ ਸੁਨਾਯੋ। ਸਭਿ ਸੰਗਤਿ ਕੇ ਮਨ ਮਹਿ ਭਾਯੋ। ਬਰਖਾ ਲਾਗੀ ਪਰਨ ਘਨੇਰੀ। ਗਏ ਸਕਲ ਨਰ ਘਰ ਤਿਸ ਬੇਰੀ* ॥ ੧੫॥ ਗੁਰੂ ਸੁਜਸੁ ਕੋ ਜਾਤਿ ਬਖਾਨਹਿ। 'ਮੂਢ ਸੁ ਨਰ ਜੋ ਇਨਹੂੰ ਨ ਮਾਨਹਿ'। ਸਕਲ ਦੇਸ਼ ਮਹਿ ਭਯੋ ਸੁਕਾਲਾ। ਹਰੇ ਖੇਤ ਪਿਖਿ ਭਏ ਨਿਹਾਲਾ ॥੧੬॥ ਅੰਨ ਅਨੇਕ ਭਾਂਤਿ ਕੇ ਹੋਇ।ਜਹਿ ਕਹਿ ਗੁਰ ਪ੍ਰਤਾਪ ਕੋ ਜੋਇ। ਨਿਤ ਪ੍ਰਤਿ ਚਢਹਿ ਅਖੇਰ ਬਹਾਨੇ। ਦੂਰ ਦੂਰ ਥਲ ਪਿਖਨਿ ਪਿਆਨੇ ॥੧੭॥ ਗਾਹਯੋ ਦੇਸ਼ ਮਾਲਵਾ ਫਿਰਿਕੇ। ਇਤ ਉਤ ਕੇ ਨਰ ਹੇਰਨਿ ਕਰਿਕੈ। ਇਕ ਦਿਨ ਸਤਿਗੁਰ ਬੈਠਿ ਬਖਾਨਾ। 'ਦਯਾਵਾਨ ਇਹੁ ਦੇਸ਼ ਮਹਾਨਾ ॥ ੧੮ ॥ ਸਿੱਖੀ ਭਾਵ ਬਡੇਰ ਬਡੇਰਾ। ਦੋਸ਼ ਇਹੀ ਕਹਿ ਝੂਠ ਘਨੇਰਾ[1]। ਪੁੱਤ੍ਰੀ ਪੀਛੇ ਪਲਹਿ ਸਦਾਈ[2]। ਅੰਨ ਘਨੋ ਹੁਇ ਤੋਟ ਨ ਕਾਈ ॥ ੧੯ ॥ ਨਹੀਂ ਅਘਾਵਹਿੰਗੇ ਮਨ ਕਾਚੇ। ਪੈਸੇ ਕੀ ਤ੍ਰਿਸ਼ਨਾ ਮਹਿ ਰਾਚੇ। ਬਾਕ ਨ ਮਾਨਹਿ ਰਹਿ ਮਤਿ ਮਾਰੇ। ਅਪਨੋ ਭਲੋ ਨ ਜਾਨਿ ਗਵਾਰੇ ॥੨੦॥

ਬਚਨ:—ਖਾਨ ਕੋ ਭੇਸ[3] ॥ ਸਿੱਖੀ ਕੋ ਪ੍ਰਦੇਸ[4]। ਮਤਲਬ ਪਾਤਸ਼ਾਹੀ[5]।
ਰਾਜ ਬਿਨ ਪਾਹੀ[6] ॥ ੧ ॥

ਚੌਪਈ॥ †ਏਕ ਵਾਰ ਸਭਿ ਦੇਸ਼ ਮਝਾਰੀ। ਪਰਯੋ ਗਰਜ ਕੇ ਤਾਪ ਸੁ ਭਾਰੀ। ਸਕਲ ਦੁਖੀ ਤਨ ਥਰਹਰਿ ਕਾਂਪੇ। ਪੀਤ ਬਦਨ ਦਿਨ ਰਾਤਿ ਸੰਤਾਪੇ ॥ ੨੧ ॥ ਖਾਯੋ ਜਾਇ ਨ ਪੀਵੈਂ ਪਾਨੀ। ਪਰੇ ਰਹੈਂ ਦੁਰਬਲਹਿ ਮਹਾਨੀ।

---

[1]ਜੋ ਬਹੁਤਾ ਝੂਠ ਬੋਲਦੇ ਹਨ। [2]ਭਾਵ ਲੜਕੀਆਂ ਵੇਚਦੇ ਹਨ। [3]ਖਾਣ ਲਈ ਭੇਸ ਬਣਾਂਵਦੇ ਹਨ। [4]ਸਿੱਖੀ ਦੇਸ਼ ਤੋਂ ਪਰੇ ਹਨ। [5]ਮਤਲਬ ਹੀ ਇਹਨਾਂ ਦੀ ਪਾਤਸ਼ਾਹੀ ਹੈ, ਭਾਵ ਗੌਂ ਦੇ ਯਾਰ ਹਨ। [6]ਰਾਜ ਪਾਵਣੇ ਤੋਂ ਬਿਨਾਂ ਹਨ।

*ਹੁਕਮ ਨਾਲ ਮੀਂਹ ਵਸਾ ਦੇਣਾ ਆਤਮ ਸਤਯਾਵਾਨਾਂ ਲਈ ਮੁਸ਼ਕਲ ਨਹੀਂ ਹੈ, ਯੋਗ ਦਰਸ਼ਨ ਯੋਗੀ ਲਈ ਇਹ ਗੱਲਾਂ ਮੰਨਦਾ ਹੈ। ਜੁੜੇ ਮਨਾਂ ਦੇ ਕਰਤਬ ਹੁਣ ਬੀ ਪ੍ਰਸਿੱਧ ਹੋ ਰਹੇ ਹਨ ਤੇ ਅਵਤਾਰ ਲਈ ਜੋ ਆਤਮ ਸੱਤਯਾ ਦਾ ਘਰ ਹੈ ਐਸੇ ਕੰਮ ਕੀਹ ਬਾਤ ਹਨ।

†ਇਹ ਸੌ ਸਾਖੀ ਦੀ ੪੭ਵੀਂ ਸਾਖੀ ਵੱਲੀ ਹੈ।

ਡੱਲੇ ਆਨਿ ਗੁਰੂ ਕੇ ਪਾਸ। ਕਹੀ ਤਾਪ ਕੀ ਬ੍ਰਿਥਾ ਪ੍ਰਕਾਸ਼॥੨੨॥ 'ਮਹਾਂ-ਰਾਜ! ਕੁਛ ਜਤਨ ਬਤਾਵਹੁ। ਅਪਨੇ ਜਾਨਹੁ ਤਾਪ ਮਿਟਾਵਹੁ। ਤੁਮ ਬਿਨ ਹਮਰੋ ਨਹਿਂ ਰਖਵਾਰਾ। ਗਹ੍ਯੋ ਆਸਰਾ ਬਡੋ ਬਿਚਾਰਾ' ॥ ੨੩ ॥ ਸੁਨਤਿ ਬਿਨੈ ਕੋ ਭਏ ਕ੍ਰਿਪਾਲ। ਕਹ੍ਯੋ 'ਉਪਾਇ ਕਰਹੁ ਤਤਕਾਲ। ਸਿਰ ਪਰ ਰਾਖਹੁ ਸਗਰੇ ਕੇਸ਼। ਗੁਰਬਾਨੀ ਨਿਤ ਪੜ੍ਹਹੁ ਵਿਸ਼ੇਸ਼ ॥ ੨੪ ॥ ਨਿਕਸੈ ਤਾਪ ਦੇਸ਼ ਤੇ ਤਬੈ।ਗੁਰਮਤਿ ਕਰਨਿ ਲਗਹੁਗੇ ਜਬੈ'। ਸੁਨਿ ਡੱਲੇ ਸਭਿਹੂੰਨਿ ਸੁਨਾਈ। ਕਰਤਿ ਭਏ ਤਿਮ ਨਰ ਸਮੁਦਾਈ ॥ ੨੫॥। ਤਜਿ ਨਿਜ ਗ੍ਰਾਮਨਿ ਕੋ ਚਲਿ ਆਏ। ਰਹੇ ਦਮਦਮੇ ਪਵਨ ਲਗਾਏ। ਪੁਨ ਗੁਰ ਕਹ੍ਯੋ 'ਲਹਹੁ ਸੁਖ ਸਾਰੇ। ਧਰਮਸਾਲ ਰਚਿ ਗ੍ਰਾਮ ਮਝਾਰੇ ॥ ੨੬ ॥ ਸਿਖ ਸੰਗਤਿ ਤਿਸ ਬੀਚ ਬਿਠਾਵਹੁ। ਧਰਹੁ ਭਾਉ ਉਰ ਟਹਿਲ ਕਮਾਵਹੁ। ਜੋੜ ਕਰਹੁ ਸਤਿ ਸੰਗਤਿ ਕੇਰਾ। ਗੁਰਬਾਨੀ ਮਨ ਰੁਚੌ[1] ਘਨੇਰਾ॥ ੨੭ ॥ ਹੁਇ ਹੈ ਸੁਖ ਨਹਿਂ ਚੜ੍ਹਿ ਹੈ ਤਾਪ। ਨਾਸ਼ ਹੋਇੰਗੇ ਸੋਗ ਸੰਤਾਪ'। ਧਰਿ ਕਰਿ ਤ੍ਰਾਸ ਸਕਲ ਨੇ ਮਾਨੀ। ਕਹੀ ਗੁਰੂ ਜਿਮ ਸਭਿ ਤਿਮ ਠਾਨੀ ॥੨੮॥ ਦਯਾ ਧਰਮ ਅਰੁ ਪਠਿਬੋ ਬਾਨੀ। ਸਿੱਖੀ ਪਸਰੀ ਦੇਸ਼ ਮਹਾਨੀ। ਪੁਨ ਸਿਰੰਦ ਕੇ ਸੂਬੇ ਜਾਨਿ। ਗੁਰੂ ਟਿਕੇ ਤੇ ਦੁਖੀ ਮਹਾਨ ॥੨੯॥ ਲਿਖ੍ਯੋ ਪੱਤ੍ਰ ਨਿਜ ਜੋਰ ਜਨਾਯੋ। ਡੱਲੇ ਕੇ ਸਮੀਪ ਪਹੁੰਚਾਯੋ। ਗਯੋ ਦੂਰਗ ਮਹਿ ਲੇ ਕਰਿ ਸੋਈ। ਸਤਿਗੁਰ ਕੋ ਸੁਧ ਤਿਸ ਕੀ ਹੋਈ ॥ ੩੦ ॥ ਏਕ ਸਿੱਖ ਕੋ ਤਬੈ ਪਠਾਯੋ। 'ਗੁਪਤਿ ਰਹਹੁ ਸੁਨਿ ਕਹਾਂ ਪਠਾਯੋ[2]। ਸੁਨਿ ਕੈ ਡੱਲਾ ਤਬਿ ਕ੍ਯਾ ਕਹੈ। ਨਹੀਂ ਡਰੈ, ਕੈ ਡਰਪਤਿ ਅਹੈ[3]' ॥ ੩੧॥ ਅੰਤਰ ਇਤ ਉਤ ਸਿਖ ਬਿਚਰੰਤਾ। 'ਡੱਲਾ ਕਾਗਦ ਤੁਰਕ ਸੁਨੰਤਾ। 'ਕ੍ਯੋਂ ਨਿਜ ਬੁਰਾ ਕਰਨਿ ਅਭਿਲਾਖਾ। ਪਾਤਸ਼ਾਹੁ-ਰਿਪੁ ਗੁਰ ਢਿਗ ਰਾਖਾ॥੩੨॥ਅਬਿ ਭੀ ਕਰ੍ਯੋ ਜਿ ਚਹਿਂ ਭਲਿਆਈ*। ਹਮ ਕੋ ਗੁਰੂ ਦਿਹੋ ਪਕਰਾਈ। ਸੈਨ ਘਨੇਰੀ ਦੇਤਿ ਪਠਾਇ। ਮਿਲਿ ਕਰਿ ਤਿਸ ਕੋ ਦੇਹੁ ਗਹਾਇ ॥ ੩੩ ॥ ਨਤੁ ਤੁਝ ਕੋ ਦੇਂ ਬਡੀ ਸਜਾਈ।ਬਸਿਬੋ ਦੇਹਿਂ ਨਹੀਂ ਇਸ ਥਾਂਈ। ਲੂਟਹਿਂ ਗ੍ਰਾਮ ਉਜਾਰਨ ਕਰੈਂ। ਆਇ ਅਚਾਨਕ ਸਭਿ ਕੋ ਧਰੈਂ[4]" ॥ ੩੪ ॥ ਸੁਨਿ ਡੱਲੇ ਉੱਤਰ

[1]ਪ੍ਰੀਤ ਕਰੋ। [2]ਗੁਰੂ ਜੀ ਨੇ ਸਿਖ ਨੂੰ ਕਹਿਆ ਗੁਪਤ ਰਹੀਂ ਸੁਣੀਂ (ਵਜ਼ੀਰ ਖਾਂ ਨੇ ਕੀ ਕਹਿ) ਭੇਜਿਆ ਹੈ। [3]ਯਾ ਡਰਦਾ ਹੈ। [4]ਫੜਾਂਗੇ।

*ਅੱਗੇ ਬੀ ਅੰਸੂ ੨੨ ਦੇ ਅੰਤ ਬੀ ਵਜ਼ੀਰ ਖਾਂ ਡੱਲੇ ਤੋਂ ਮੰਗ ਕਰ ਚੁਕਾ ਹੈ।

ਲਿਖਵਾਯੋ। 'ਹਮ ਨਹਿਂ ਡਰਹਿਂ ਜਿ ਰਹਤਿ ਡਰਾਯੋ। ਭੇਜਹਿ ਦਲ ਤਿਸ ਕੇ ਸੰਗ ਲਰੈਂ। ਮਾਰਿ ਲੂਟ ਆਗੈ ਚਲਿ ਪਰੈਂ ॥ ੩੫ ॥ ਨਿਰਜਲ ਬਨ ਮਹਿਂ ਬਸ ਨਹਿਂ ਤੇਰੋ। ਸਿਰ ਕੇ ਸਾਥ ਗੁਰੂ ਹੈ ਮੇਰੋ। ਕਿਸ ਬਿਧਿ ਗਹੈਂ ਨ ਗਹਿਬੇ ਦੇਹਿਂ। ਨਿਜ ਪ੍ਰਾਨਨਿ ਕੇ ਸੰਗ ਰਖੇਹਿਂ' ॥ ੩੬ ॥ ਇਮ ਉੱਤਰ ਡੱਲੇ ਲਿਖਵਾਯੋ। ਸਮੁਖ ਵਜੀਦੇ ਤੁਰਤ ਪਠਾਯੋ। ਸਗਰੀ ਬਾਤ ਦੁਹਨਿ ਦਿਸ਼ਿ ਕੇਰੀ। ਸਿਖ ਨੇ ਸੁਨੀ ਭਲੇ ਤਿਸ ਬੇਰੀ ॥੩੭॥ ਸੋ ਸਤਿਗੁਰ ਢਿਗ ਆਨਿ ਸੁਨਾਈ। ਸੁਨਿ ਕਰਿ ਖੁਸ਼ੀ ਭੁਏ ਸੁਖਦਾਈ। ਕੇਤਿਕ ਦਿਵਸ ਬਿਤੀਤੇ ਔਰ। ਸਤਿਗੁਰ ਬਾਸੇ ਤਿਸ ਹੀ ਠੌਰ ॥ ੩੮ ॥ ਸੰਗਤਿ ਦੂਰ ਦੂਰ ਤੇ ਆਵੈ। ਪ੍ਰਭੁ ਕੇ ਪਾਇਨ ਸੀਸ ਝੁਕਾਵੈ। ਅਰਪਹਿ ਅਨਿਕ ਅਕੋਰਨਿ ਲ੍ਯਾਇ। ਮਨਹੁ ਕਾਮਨਾ ਅਪਨੀ ਪਾਇ॥੩੯॥*ਨਿਸ ਮਹਿਂ ਦਸ ਸਿੰਘਨਿ ਕੋ ਪਹਿਰਾ। ਪਲੰਘ ਨਿਕਟ ਜਾਗਹਿ ਨਿਤ ਠਹਿਰਾ। 'ਇਕ ਦਿਨ ਖੇੜਾ ਪਾਵਨ ਕੀਨਿ। ਗਾਵਨ ਨਾਚਨ ਨਰ ਨਾਰੀਨ[1] ॥੪੦ ॥ ਸੋ ਸਿਖ ਆਪਸ ਮਹਿ ਇਮ ਕਹੈਂ। 'ਨਿੰਦ੍ਰਾ ਬਸੀ ਗੁਰੂ ਅਬਿ ਅਹੈਂ । ਚਲਹੁ ਬਿਲੋਕਹਿਂ ਤਤਛਿਨ ਆਵੈਂ। ਤਬਿ ਲੌ ਕਹਾਂ ਬਿਗਾਰ ਕਛੁ ਜਾਵੈ ॥ ੪੧ ॥ ਸਤਿਗੁਰ ਜਾਗਨਿ ਤੇ ਪਹਿਲਾਈ। ਆਇ ਥਿਰੈਂਗੇ ਇਸ ਹੀ ਥਾਂਈ'। ਇਮ ਕਹਿ ਕਰਿ ਸਿਖ ਪੰਚ ਪਧਾਰੇ। ਪਚ ਨ ਗਏ ਥਿਰੇ ਡਰ ਧਾਰੇ ॥ ੪੨ ॥ ਖੇੜਾ ਕਰਨੋ ਬਿਲੋਕਨ ਜਬੈ। ਡਰਤਿ ਪਰਸਪਰ ਬੋਲੇ ਤਬੈ। 'ਇਹਠਾਂ ਆਇ ਲਿਯੋ ਕਹੁ ਕਹਾਂ। ਸ੍ਰੀ ਪ੍ਰਭੁ ਕੋਪ ਕਰਹਿੰਗੇ ਤਹਾਂ ॥ ੪੩ ॥ ਕਯੋਂ ਨਾਹਕ ਅਪਰਾਧੀ ਥੀਜੈ। ਅਬਿ ਭੀ ਚਲਹੁ ਨ ਬਿਲਮ ਲਗੀਜੈ'। ਇਮ ਬੋਲਤਿ ਤੂਰਨ ਹਟਿ ਆਏ। ਤ੍ਰਾਸਤਿ ਖਰੇ ਭੁਏ ਨਿਜ ਥਾਂਏ ॥੪੪॥–ਗੁਰ ਸੋਵਤਿ ਭੀ ਜਾਗਤਿ ਸਦਾ। ਜਿਨ ਤੇ ਛਿਪ ਹੈ ਬਾਤ ਨ ਕਦਾ–। ਗਏ ਹੁਤੇ ਸੋ ਡਰ ਧਰਿ ਥਿਰੇ। ਜੋ ਨਹਿਂ ਗਏ ਅਫਸੋਸ ਸੁ ਧਰੇ ॥੪੫ ॥–ਇਹ ਪਿਖਿ ਆਇ ਗਏ ਜਿਮ ਅਬੈ। ਹਮ ਬੀ ਜਾਤਿ ਬਿਲੋਕਤਿ ਤਬੈ। ਥਿਰੇ ਰਹੇ ਕਯਾ ਤੁਮ ਨੇ ਪਾਯੋ। ਦਿਖਹਿਂ ਤਮਾਸ਼ਾ[2] ਬਾਦ ਗਵਾਯੋ ॥ ੪੬ ॥ ਗੁਰ ਤੌ ਸੁਪਤਿ ਰਹੇ ਅਬਿ ਤਾਂਈ–। ਇਮ ਪੰਚਹੁੰ ਨਿਸ ਝੂਰਿ ਬਿਤਾਈ। ਭਈ ਪ੍ਰਾਤਿ ਨਿਸ

---

[1]ਇਕ ਦਿਨ ਆਦਮੀਆਂ ਤ੍ਰੀਮਤਾਂ ਨੇ ਗਾਵਣ ਨੱਚਣ ਦਾ ਅਖਾੜਾ ਰਚਿਆ। [ਪੰ:,–ਖੇੜਾ ਪਾਵਨਾ=ਅਖਾੜਾ ਰਚਨਾ। ਤਮਾਸ਼ਾ ਕਰਨਾ]। [2]ਤਮਾਸ਼ਾ ਦੇਖਣਾ। *ਸਾਖੀ ਪੋ: ਦੀ ਸਾਖੀ ਹੈ।

ਡੇਰੇ ਗਏ।ਸ਼ੌਚ ਸ਼ਨਾਨ ਗੁਰੂ ਤਨ ਕਏ ॥੪੭॥ ਲਗੇ ਦਿਵਾਨ ਸੁ ਸਕਲ ਬੁਲਾਏ।ਬੂਝੇ 'ਨਿਸ ਮਹਿਂ ਕਹਾਂ ਸਿਧਾਏ? ਕਿਮ ਕਿਮ ਆਪਸ ਮਹਿਂ ਤੁਮ ਭਾਖੀ?ਕਹਹੁ ਸਾਚ,ਹਮ ਸਭਿ ਕੇ ਸਾਖੀ'॥੪੮॥ ਦੁਹਾਂ ਧਿਰਾਂ[੧] ਤਬਿ ਸਾਚ ਬਖਾਨੀ। ਜਿਮ ਬੀਤੀ, ਜਿਮ ਭਾਖੀ ਬਾਨੀ[੨]। ਸ਼੍ਰੀ ਗੁਰ ਸੁਨਿ ਕਰਿ ਸਭਿਨਿ ਸੁਨਾਏ। 'ਨਿਕਟੇ ਦੂਰ ਦੂਰ ਨਿਕਟਾਏ[੩] ॥ ੪੯ ॥ ਗਏ ਜੁ, ਤਿਨ ਕੋ ਮਨ ਹਮ ਪਾਹੀ[੪]। ਗਏ ਨ,ਤਿਨ ਮਨ ਖੇਡੇ ਮਾਹੀ'।ਸੁਨਿ ਸਭਿ ਸਾਚ ਸਾਚ ਕਹਿ ਮਾਨੀ। 'ਧੰਨ ਧੰਨ ਸਤਿਗੁਰ ਗੁਨ ਖਾਨੀ*' ॥ ੫੦ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

## ੨੭. [ਮੀਂਹ ਪਵਾਯਾ ਤੇ ਦੰਦ ਕਰਾਯਾ। ਭਾਈ ਝੂਲਣ ਸਿੰਘ]।

ਦੋਹਰਾ ॥ ਸੋ ਬਰਖਾ ਕਰਿ ਘਨ ਗਏ ਖੇਤੀ ਲਈ ਪਕਾਇ। ਕਿਤਿਕ ਮਾਸ ਬੀਤੇ ਬਹੁਰ ਬਾਰਿ ਬੂੰਦ ਨਹਿਂ ਪਾਇ ॥੧॥ਚੌਪਈ॥ †ਗ੍ਰਾਮ ਨਿਕਟ ਕੇ ਸਰ ਸੁਸਕਾਨੇ।ਪਸੂ ਮਨੁਖ ਜਹਿ ਪਾਨੀ ਪਾਨੇ[੫]। ਸ਼੍ਰੀ ਗੁਰ ਸੁਨਿ ਡੱਲੇ ਕੀ ਬਾਤ। ਕਹੀ ਤੁਰਕ ਸੋਂ ਲਿਖਿ ਬੱਖਯਾਤ[੬] ॥ ੨ ॥ 'ਜੀਵਣ ਮਰਣ ਗੁਰੂ ਕੇ ਸੰਗ। ਪਠਹਿਂ ਚਮੂੰ ਤਬਿ ਘਾਲਹਿ ਜੰਗ'। ਇਤਿਯਾਦਿਕ ਜਬਿ ਸਿੰਘ ਸੁਨਾਈ। ਅਧਿਕ ਪ੍ਰਸੰਨ ਭਏ ਗੋਸਾਈਂ ॥ ੩ ॥ ਜਬਿ ਡੱਲਾ ਗੁਰ ਢਿਗ ਚਲਿ ਆਯੋ। ਬੈਠਿ ਗਯੋ ਪਗ ਸੀਸ ਨਿਵਾਯੋ। ਭਏ ਪ੍ਰਸੰਨ ਕ੍ਰਿਪਾਲੁ ਬਖਾਨਾ। 'ਤੋ ਸੰਗ ਬੰਧਪ ਚਮੂੰ ਮਹਾਨਾ'[੭] ॥ ੪ ॥ ਰੋਜ ਗੁਰੂ ਸਰਕਾਰ ਜੁ ਬਰਤੇ[੮]। ਸਭਿ ਚਾਕਰ ਜਿਮ ਲੈਬੋ ਕਰਤੇ। ਤਿਮ ਤੂੰ ਗਿਨਿ ਨਿਜ ਸੰਗ ਜਿਤੇਕ।ਲੀਜਹਿ ਆਪਨੋ ਰੋਜ ਤਿਤੇਕ ॥੫॥ ਨਿਜ ਬੰਧਪ ਬੈਰਾੜਨਿ ਦੀਜੈ। ਸਭਿ ਕੋ ਚਿਤ ਆਨਦ ਜੁਤਿ ਕੀਜੈ। ਇਸ ਤੇ ਬਿਨਾਂ ਆਨ ਅਭਿਲਾਖਾ। ਸੋ ਭੀ ਦੇਹਿਂ ਕਰਹੁ ਨਿਜ ਭਾਖਾ ॥੬॥ ਸੁਨਿ, ਡੱਲਾ ਬੈਰਾੜ ਉਦਾਰਾ! ਤੁਝ ਪਰ ਰਿਦਾ ਪ੍ਰਸੰਨ ਹਮਾਰਾ। ਧਰਹੁ ਕਾਮਨਾ,ਸੋ ਕਹਿ,ਦੇਈਂ[੯]‡।ਹਮ ਤੇ ਕਰਹੁ ਜਾਚਨਾ

---

[੧]ਦੋਹਾਂ ਧਿਰਾਂ ਭਾਵ ਜੋ ਗਏ ਸਨ ਖੇਡਾਂ ਦੇਖਨ ਤੇ ਜੋ ਨਹੀਂ ਸਨ ਗਏ। [੨]ਜਿਵੇਂ ਬਾਣੀ ਕਹੀ ਸੀ। [੩]ਜੋ (ਦੇਹ ਕਰ) ਨੇੜੇ ਸਨ (ਸੋ ਮਨ ਕਰ) ਦੂਰ ਸਨ (ਭਾਵ ਮਨ ਤਮਾਸ਼ੇ ਵਿੱਚ ਸੀ) ਜੋ ਦੂਰ (ਭਾਵ ਤਮਾਸ਼ੇ ਗਏ) ਸੋ ਮਨ ਕਰ ਨੇੜੇ ਸਨ (ਭਾਵ ਮਨ ਤਿਨ੍ਹਾਂ ਦਾ ਸਾਡੇ ਭੌ ਵਿਚ ਸੀ)। [੪]ਪਾਸ ਸੀ। [੫]ਪੀਂਦੇ ਸਨ। [੬]ਜੋ (ਡੱਲੇ ਨੇ) ਤੁਰਕ (ਸੂਬੇ) ਨੂੰ ਪ੍ਰਗਟ ਲਿਖਕੇ ਤੇ ਕਹਿਕੇ ਭੇਜੀ ਸੀ ਕਿ.— [੭]ਸਨਬੰਧੀਆਂ ਦੀ ਫੌਜ ਬਹੁਤ ਹੈ। [੮]ਜੋ ਗੁਰੂ ਦੀ ਸਰਕਾਰੋਂ ਰੋਜ਼ਾਨਾ ਵਰਤਦਾ ਹੈ। [੯]ਉਹ ਕਹੁ (ਅਸੀਂ) ਦੇਵੀਏ। *ਮਨ ਦੀ ਸਮੀਪਤਾ ਦਾ ਅਸੂਲ ਸਮਝਾਇਆ ਹੈ। ਫਰਜ਼ ਤੋਂ ਉੱਕਣ ਦੀ ਵਡਿਆਈ ਨਹੀਂ ਕੀਤੀ। ਉੱਤਮ ਅਵਸਥਾ ਉਹੀ ਹੈ ਜੋ ਤਨ ਕਰਕੇ ਹਾਜ਼ਰ ਰਹਿਣ ਤੇ ਮਨ ਕਰਕੇ ਹਜ਼ੂਰੀ ਵਿਚ ਰਹਿਣ। †ਇਹ ਪ੍ਰਸੰਗ ਸਾਖੀ ਪੋਥੀ ਦਾ ਹੈ ਪਰ ਸੋ ਸਾਖੀ ਦੀ ੪੮ਵੀਂ ਸਾਖੀ ਵਿਚ ਬੀ ਆਯਾ ਹੈ।ਦੋਹਾਂ ਤੋਂ ਲੈਕੇ ਰਲਾਕੇ ਕਵੀ ਜੀ ਲਿਖ ਰਹੇ ਹਨ। ‡ਪਾਠ—ਦਈਏ

ਲੇਈ*'॥੭॥ ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ! ਚਹਿਯਤਿ ਅਬਿ ਬਾਰੀ[1]। ਪਸ਼ੂ ਪੰਛੀ ਮਾਨਵ ਸਮੁਦਾਯਾ। ਬਿਨਾ ਨੀਰ ਤੇ ਹੁਇ ਬਿਕੁਲਾਯਾ ॥ ੮ ॥ ਜੇ ਪ੍ਰਸੰਨ ਬਰਖਾ ਦਿਹੁ ਅਬੈ। ਟੋਭੇ ਪੂਰਹਿ ਲਹੈਂ ਸੁਖ ਸਬੈ'। ਸੁਨਿ ਕਰਿ ਐਸੇ ਪ੍ਰਭੂ ਉਚਾਰਾ। 'ਮੀਂਹੁ ਕਹਾ ਹਮ ਕਾਂਖ ਮਝਾਰਾ[2] ॥੯॥ ਜਿਸ ਤੇ ਅਬਿ ਨਿਕਾਸ ਕਰਿ ਦੇਹਿਂ। ਅਪਰ ਕਾਮਨਾ ਜਾਚਨ ਲੇਹਿ'। ਇਮ ਕਹਿ ਸੁਨਿ ਹੋਏ ਸਭਿ ਮੌਨ। ਕਿਤਿਕ ਸਮੇਂ ਥਿਰ, ਗਾ ਪੁਨ ਭੌਨ[3] ॥ ੧੦ ॥ ਅਗਲੇ ਦਿਵਸ ਰੋਜ਼[4] ਬਰਤੰਤਾ। ਚਾਕਰ ਗਨ ਗਿਨਿ ਗਿਨਿ ਸੁਲਹੰਤਾ। ਤਬਿ ਡੱਲਾ ਬੰਦਨ ਹਿਤ ਆਯੋ। ਬੈਠਤਿ ਪਗ ਪਰ ਸੀਸ ਨਿਵਾਯੋ ॥੧੧॥ ਕਰਿ ਕਰਿ ਲੇਖਾ ਸਭਿ ਚਿਤ ਚੇਤੇ। ਆਵਤਿ ਜਾਤਿ ਲੇਤਿ ਇਕ ਦੇਤੇ। ਤਿਨ ਦਿਸ਼ਿ ਦੇਖਤਿ ਪ੍ਰਭੂ ਬਖਾਨਾ। 'ਲਿਹੁ ਡੱਲਾ ਨਿਜ ਰੋਜ਼ ਮਹਾਨਾ ॥ ੧੨ ॥ ਅਪਰ ਕਾਮਨਾ ਭੀ ਲਿਹ ਸੰਗ। ਜਾਚ ਲੇਹੁ ਅਪਨੋ ਹਿਤ ਅੰਗ[5] !' ਸੁਨਿ ਡੱਲੇ ਕਰ ਜੋਰਿ ਉਚਾਰੀ। 'ਪਾਤਸ਼ਾਹੁ ਦਿਹੁ ਬਰਖਾ ਬਾਰੀ ॥ ੧੩ ॥ ਪ੍ਰਾਨੀ ਹਰਖਹਿਂ ਜਿਸ ਤੇ ਸਾਰੇ। ਇਸ ਤੇ ਅਪਰ ਨ ਚਾਹ ਉਦਾਰੇ। ਖੁਸ਼ੀ ਆਪ ਕੀ ਸਭਿਹਿਨਿ ਊਪਰ। ਘਨੀ ਦੇਹੁ ਬਰਖਾ ਅਬਿ ਭੂ ਪਰ' ॥੧੪॥ ਮੌਨ ਭੁਏ ਸੁਨਿਕੈ ਗੁਨ ਖਾਨੀ।–ਸਭਿ ਚਾਹਿਤਿ, ਸਰ ਰਹਜੋ ਨ ਪਾਨੀ–। ਤਬਿ ਉਠਿ ਗਮਨਯੋਂ ਡੱਲਾ ਘਰ ਕੋ। ਨਿਤ ਹਰਖਾਇ ਸੇਵ ਕਰਿ ਗੁਰ ਕੋ ।੧੫॥ ਸੋ ਦਿਨ ਜਾਮਨਿ ਬੀਤੇ ਜਬੈ। ਦਰਸ ਕਰਨ ਆਯੋ ਪੁਨ ਤਬੈ। ਬੈਠਿ ਗਯੋ ਗੁਰ ਕੇ ਚਿਤ ਆਯੋ। ਜਥਾ ਤੁਰਕ ਸੋਂ ਲਿਖਯੋ ਪਠਾਯੋ[6] ॥੧੬॥ ਹੋਇ ਪ੍ਰਸੰਨ ਦਿਯੋ ਕਛੁ ਚਾਹਤਿ। ਰੀਝ ਪਚਾਇ ਨ, ਦੇਤਿ ਉਮਾਹਤਿ[7]। 'ਡੱਲੇ ਬਿਰਾੜ! ਜਾਚ ਅਬਿ ਲੇਹੁ। ਜੋ ਮੁਖ ਕਹੈਂ ਤਥਾ ਕਰਿ ਦੇਹੁਂ' ॥੧੭॥ 'ਸ਼੍ਰੀ ਪ੍ਰਭੁ ਪਾਤਸ਼ਾਹੁ ਗੁਰ ਸਾਚੇ !। ਦਿਹੁ ਬਰਖਾ ਪ੍ਰਾਨੀ ਸਭਿ ਜਾਚੇ'। ਸੁਨਤਿ ਪ੍ਰਸੰਨ ਕ੍ਰਿਪਾਲ ਮਹਾਨਾ। ਸ਼੍ਰੀ ਮੁਖ ਤੇ ਮੁਸਕਾਇ ਬਖਾਨਾ ॥ ੧੮ ॥

ਬਚਨ:–'ਜੱਟ ਦਾ ਬੋਲ। ਬਾਣੀਏ ਦੀ ਧੱਪ। ਗੁਰੂ ਦਾ ਵਾਕ। ਬ੍ਰਹਮਣ ਦਾ ਸਾਕ'।

ਚੌਪਈ॥ਇਹ ਛੂਛੇ ਨਾਹਿਂ ਜਾਇ ਕਦਾਈਂ। ਰਹੈਂ ਜੁ ਚਿਤ ਮਹਿਂ ਲੋਂ ਬਰਿਆ-

---

[1]ਪਾਣੀ। [2]ਕੱਛ ਵਿੱਚ। [3]ਫਿਰ ਘਰ ਨੂੰ ਚਲਾ ਗਿਆ। [4]ਰੋਜ਼ੀਨਾ। [5]ਅਪਨੇ (ਤੇ ਆਪਣੇ) ਅੰਗਾਂ (ਸਾਕਾਂ) ਲਈ। (ਅ) ਹੇ ਪਿਆਰੇ! [6]ਜਿਵੇਂ ਲਿਖ ਭੇਜਿਆ ਸੀ (ਡੱਲੇ ਨੇ)। [7](ਗੁਰੂ ਜੀ ਦੇਣ ਦੇ) ਉਮਾਹ ਨੂੰ ਪਚਾ ਜਾਣਾ ਨਹੀਂ ਚਾਹੁੰਦੇ (ਭਾਵ ਗੁੰਮ ਕਰਨਾ ਨਹੀਂ ਚਾਹੁੰਦੇ) ਤੇ ਦਣ ਨੂੰ ਉਮਲਦੇ ਹਨ।

*ਪਾ:–ਲਈਏ।

ਈ[੧]। ਜਟ ਪਿੰਨੈ ਤਾਂ ਕੰਧ ਥੀ ਘਿੰਨੈ[੨]। ਅਪਰ ਪਾਸ ਤੇ ਕਸੈਂ ਨਹਿੰ ਲਿੰਨੈ[੩] ॥੧੯॥ ਜਾਹੁ ਭਲਾ ਅਬਿ ਬਿਲਮ ਨ ਲਾਉ। ਟੋਭੇ ਸਭਿ ਹੀ ਸਾਫ ਕਰਾਉ। ਬਰਖਾ ਦਈ ਅਧਿਕ ਅਧਿਕਾਤੇ। ਬਾਰ ਧਾਰ ਤੇਂ ਜਾਚੀ ਜਾਂ ਤੇ' ॥ ੨੦ ॥ ਭੱਲਾ ਉਠ੍ਯੋ ਅਨੰਦਤਿ ਹੋਵਾ। ਗੁਰੂ ਪ੍ਰਸੰਨ ਅਪਨ ਪਰ ਜੋਵਾ। ਸੁਨਿ ਸੁਨਿ ਨਰ ਨਾਰੀ ਬਿਸਮਾਏ।-ਘਨੈ ਆਇੰ ਘਨ ਗੁਰ ਫੁਰਮਾਏ ॥ ੨੧ ॥ ਨਹਿ ਬਿਲੋਕੀਅਤਿ ਅਬਿ ਨਭ ਮਾਂਹੀ। ਲਗੀ ਔੜ ਘਨ ਪੱਧਤਿ ਨਾਂਹੀ। ਬਰਖਾ ਹੁਇ ਹੈ-,ਹੇਰਨ ਹੇਤੁ। ਨਰ ਨਾਰੀ ਬਿਸਮੰਤਿ ਸੁਚੇਤ ॥ ੨੨ ॥ ਫੈਲ ਬ੍ਰਿੰਦ ਇਕਠੇ ਕਰਿਵਾਏ। ਤੀਰ ਤਾਲ ਕੇ ਜਾਇ ਬਜਾਏ। ਸੁਨਿ ਸੁਨਿ ਮਾਨਵ ਅਏ ਪਲਾਈ। ਤਾਲ ਸੁਧਾਰਹਿ ਚੌਂਪ ਉਠਾਈ ॥ ੨੩ ॥ ਤਿਹ ਛਿਨ ਚਲੀ ਪੌਣ ਪੁਰਵਾਈ[੪]। ਨਿਕਸੇ ਘਨ ਜਿਮ ਗਜ ਸਮੁਦਾਈ[੫]। ਘੁਮਡੀ ਘਟ ਘਰੀਕ ਮਾਂਹ ਘਨੀ[੬]। ਘੋਰ ਘੋਰ ਘਨ ਚਪਲਾ[੭] ਸਨੀ ॥੨੪॥ ਬਡੀ ਬਡੀ ਬੂੰਦੈਂ ਬਹੁ ਪਰੀ। ਬਰਸਨ ਲਗ੍ਯੋ ਅਧਿਕ ਝੀ ਝਰੀ। ਜਿਤ ਕਿਤ ਨੀਰ ਪ੍ਰਵਾਹ ਚਲੰਤਾ। ਊਚੇ ਥਲ ਤੇ ਨੰਮ੍ਰਿ ਫਿਰੰਤਾ ॥ ੨੫ ॥ ਧਾਇ ਧਾਇ ਨਰ ਧਾਮਨ ਬਰੇ। ਬਾਰੀ[੮] ਬਹੇ ਬਿਲੋਕਨ ਕਰੇਂ। 'ਧੰਨ ਗੁਰੂ, ਗੁਰ ਧੰਨ' ਬਖਾਨਹਿ। 'ਮਹਾਂ ਮੂਢ ਜੋ ਇਨਹੁ ਨ ਮਾਨਹਿ' ॥ ੨੬ ॥ ਤੀਨਹੁੰ ਦਿਨ ਸੁ ਤੀਨ ਹੀ ਜਾਮਨਿ। ਬਰਖੀ ਘਟਾ ਦਮਕਤੀ ਦਾਮਨਿ। ਅਸ ਇਕ ਬਾਰ ਪਰ੍ਯੋ ਬਹੁ ਬਾਰੀ। ਬ੍ਯਾਕੁਲ ਹੋਇ ਪਰੇ ਨਰ ਨਾਰੀ ॥੨੭॥ ਖਾਨ ਪਾਨ ਭੂਲੀ ਸੁਧਿ ਨਾਨਾ। ਬਿਦਰਤਿ ਸਦਨ ਸੁਧਾਰਤਿ ਠਾਨਾ[੯]। ਸਭਿ ਮਿਲਿ ਕਰਿ ਭੱਲੇ ਕਹੁ ਪ੍ਰੇਰੈਂ। 'ਬਿਨਤੀ ਕੀਜਹਿ ਗੁਰੂ ਅਗੇਰੇ ॥ ੨੮ ॥-ਹਮਰੇ ਸੁਖ ਹਿਤ ਘਨ ਬਰਖਾਯੋ। ਅਬਿ ਸਭਿ ਤ੍ਰਿਪਤੇ ਬਾਂਛਤਿ ਪਾਯੋ-' ਸੁਨਿ ਭੱਲਾ ਪਹੁੰਚ੍ਯੋ ਤਿਹ ਸਮੇ। ਹਾਥ ਬੰਦਿ ਕਰਿ ਕੀਨਸਿ ਨਮੋ ॥੨੯॥ ਅਰਜ਼ ਗੁਜ਼ਾਰੀ: 'ਅਬਿ ਬਸ ਕਰੀਅਹਿ। ਬਡੋ ਬਾਰਿ ਚਹੂੰ ਓਰ ਨਿਹਰੀਅਹਿ। ਦਲ ਮਨਿੰਦ ਘਨ ਘਨੇ ਦਿਸਾਵਹਿਂ। ਇਕ ਆਵਤਿ ਬਰਖਤਿ ਇਕ ਜਾਵਹਿ ॥੩੦॥ ਇਹ ਪ੍ਰਸੰਗ ਬਡ ਰਾਵਰ ਕੇਰਾ। ਚਹੁੰਦਿਸ਼ਿ ਮਹਿ ਸਿਮਰਹਿ ਫਿਰ ਬੇਰਾ। ਪੁਰਹ ਕਾਮਨਾ ਜਨ ਭਲ ਭਾਂਤੀ। ਨਹਿਂ ਕੋ ਦੁਲਭ ਆਪ

[੧]ਜੋਰੋਂ ਜੋਰੀ ਲੈ ਲੈਂਦੇ ਹਨ। [੨]ਜੇ ਜੱਟ ਮੰਗੇ ਤਾਂ ਕੰਧ ਤੋਂ ਭੀ ਲੈ ਲੈਂਦਾ ਹੈ। [੩]ਹੋਰ ਪਾਸੋਂ ਭਲਾ ਕਿਉਂ ਨਾ ਲੈ ਲਵੇਗਾ। ਭਾਵ ਇਹ ਕਿ ਜਟ ਮੰਗੇ ਤਾਂ ਫੇਰ ਮੁੜਦਾ ਨਹੀਂ। [੪]ਪੂਰੇ ਦੀ ਪੌਣ। [੫]ਜਿਵੇਂ ਹਾਥੀਆਂ ਦੇ ਝੁੰਡ। [੬]ਘੜੀ ਕੁ ਵਿਚ ਬਹੁਤੀਆਂ ਘਟਾਂ ਉਮਡ ਆਈਆਂ। [੭]ਬਿਜਲੀ। [੮]ਜਲ। [੯]ਡਿੱਗਦੇ ਹਨ ਘਰ ਤੇ ਉਨ੍ਹਾਂ ਨੂੰ ਸੁਧਾਰਦੇ ਹਨ।

ਤੇ ਬਾਤੀ ॥੩੧॥ ਬ੍ਰਹਮਾਦਿਕ ਆਗਯਾ ਮਹਿਂ ਸਾਰੇ। ਕਿਸ ਮਹਿਂ ਸ਼ਕਤਿ ਹੁਕਮ ਕੋ ਟਾਰੇ'। ਸੁਨਿ ਪ੍ਰਭੁ ਕਹ੍ਯੋ: 'ਘਨਹੁੰ ਕੇ ਪਨਹੀ। ਹਤਹੁ ਊਰਧ ਕੋ ਸਪਤ ਸੁ ਗਨ ਹੀ[1] ॥ ੩੨ ॥ ਹਟਿ ਜੈ ਹੈ ਬਰਖਾ ਤਤਕਾਲਾ। ਅਪਨ ਸਹਿਤ ਕਰਿ ਸਭਿਨਿ ਸੁਖਾਲਾ'। ਸੁਨਿ ਡੱਲੇ ਉਠਿ ਕੀਨਸਿ ਤੈਸੇ। ਘਟਾ ਫਟੀ ਘਨ ਗਮਨੇ ਗੈ ਸੇ[2]॥੩੩॥ਗੁਰੂ ਬਾਕ ਕੀ ਸ਼ਕਤਿ ਬਿਲੋਕਿ। ਬਿਗਸੇ* ਸ਼ਰਧਾਲੂ ਸਭਿ ਲੋਕ। ਗੁਰ ਕੀ ਕੀਰਤਿ ਘਰਿ ਘਰ ਭਰੀ। ਰਾਇਬੇਲ ਚੰਬੇਲੀ ਖਿਰੀ ॥੩੪॥ †ਇਕ ਝੂਲਣਸਿੰਘ ਨਾਮ ਵਿਰੰਤ। ਹਾਥ ਦੁਤਾਰਾ ਰੁਚਿਰ ਬਜੰਤ।ਮਾਤ ਸੁੰਦਰੀ ਕੀ ਸੁਨਿ ਦਾਸੀ। ਸੁਨਿਕੈ ਕਹ੍ਯੋ ਬਾਕ ਤਿਸ ਪਾਸੀ ॥੩੫॥ 'ਇਹ ਠਾਂ ਕਹਾਂ ਬਜਾਵਨ ਕਰੈਂ। ਚਹੈਂ ਬਜਾਇ ਜਿ ਆਵਹੁ ਉਰੈ'। ਸੁਨਿ ਝੂਲਣ ਸਿੰਘ ਬੂਝਤਿ ਅਹੈ। 'ਮਾਤਾ ਕਹੈਂ ਕਿਧੌਂ ਤੂੰ ਕਹੈਂ?' ॥੩੬॥[3]"ਮਾਤਾ ਕਹੈ ਨ,ਹੌਂ ਹੀ ਕਹੌਂ।ਰਿਸ ਨ ਹੋਨਦਿਹੁੰ[4],ਇਮ ਚਿਤ ਚਹੌਂ" ਸੁਨਿ ਝੂਲਣ ਸਿੰਘ ਤਹਾਂ ਪਧਾਰਾ। ਸੁਰ ਕੋ ਕਰਤਿ ਬਜਾਇ ਦੁਤਾਰਾ॥੩੭॥ ਸੁੰਦਰੀ ਸੋਂ ਦਾਸੀ ਕਹਿ ਦਈ। "ਸਿੰਘ ਦੁਤਾਰਾ ਵਾਇਨ ਠਈ[5]"। ਬੂਝ੍ਯੋ ਮਾਤ'ਸ਼ਬਦ ਕੋ ਗਾਵੈ[6]?'।ਕਹ੍ਯੋ"ਨ ਗਾਵੈ,ਇਮਹੁਂ ਬਜਾਵੈ[7]"॥੩੮॥ ਕੌਤਿਕ ਚਿਰ ਤਹਿਂ ਬੈਠਿ ਬਜਾਯੋ।ਉਠਿ ਝੂਲਣ ਸਿੰਘ ਬਹੁਰ ਸਿਧਾਯੋ। ਗੁਰੂ ਅਖੇਰ ਗਏ ਤਿਸ ਕਾਲਾ। ਆਇ ਸੰਧ੍ਯਾ ਪਰੀ ਕ੍ਰਿਪਾਲਾ ॥੩੯॥ ਝੂਲਣ ਸਿੰਘ ਮਨ ਬਿਖੈ ਬਿਚਾਰੀ। ਗ਼ੈਰਤ ਅਧਿਕ ਰਿਦੇ ਮਹਿਂ ਧਾਰੀ‡।—ਮੁਝ ਤੇ ਮਨਮਤਿ ਭੀ ਅਧਿਕਾਈ। ਜੋ ਹੁਇ ਮਮ ਭਗਨੀ ਕੈ ਮਾਈ ॥ ੪੦ ॥ ਤਹਾਂ ਕਹਾਂ ਮੈਂ ਏਵ ਬਜਾਵੌਂ।ਤਬਿ ਤੌ ਲਾਜ ਧਰੋਂ ਹਟਿ ਜਾਵੌਂ—। ਬਹੁ ਦੁਖ ਪਾਇ ਅਧਿਕ ਪਛੁਤਾਯੋ। ਕਯੋਂ ਗੁਰ ਮਾਂਹਲਾਂ ਨਿਕਟ ਬਜਾਯੋ ॥੪੧॥ ਲੇ ਤੀਖਨ ਤਬਿ ਕਰਦ ਚਲਾਈ। ਕਾਟਿ ਲਿੰਗ ਕੋ ਦਯੋ ਬਗਾਈ। ਨੇਮ ਕਰ੍ਯੋ ਬੋਲਨ ਕੋ ਤਬੈ। ਧਾਰੀ ਮੌਨ ਆਰਬਲ ਸਬੈ॥ ੪੨ ॥ ਸਿੰਘਨ ਹਾਲ ਦੇਖਿ ਤਿਸ ਕੇਰਾ। ਕਰ੍ਯੋ ਸੁਨਾਵਨ ਸਗਰੋ ਝੇਰਾ। 'ਪ੍ਰਭੁ ਜੀ ! ਮੌਨ ਧਰੇ ਥਿਰ ਭਯੋ।

[1]ਗਿਣਕੇ ਸੱਤ ਜੁੱਤੀਆਂ ਉਪਰ ਦੀ ਦਿਸ਼ਾ ਵਲ ਮਾਰੋ ਬੱਦਲਾਂ ਨੂੰ। [2]ਹਾਥੀਆਂ ਵਰਗੇ ਬੱਦਲ ਚਲੇ ਗਏ। (ਅ) ਆਕਾਸ਼ ਵਿੱਚੋਂ ਚਲੇ ਗਏ। [3]ਦਾਸੀ ਬੋਲੀ। [4](ਮਾਤਾ ਜੀ ਨੂੰ) ਗੁੱਸੇ ਨਾਂ ਹੋਣ ਦਿਆਂਗੀ। [5]ਵਜਾਵਣਾਂ ਕਰਦਾ ਹੈ। [6]ਕਿਹੜਾ ਸ਼ਬਦ ਗਾਏਗਾ ? [7]ਐਵੇਂ ਵਜਾਉਂਦਾ ਹੀ ਹੈ।

*ਪਾ:—ਬਿਸਮੇ। †ਸਾਖੀ ਪੋਥੀ ਦਾ ਪ੍ਰਸੰਗ ਹੈ। ‡ਝੂਲਣ ਸਿੰਘ ਨੇ ਗਾਵਿਆਂ ਕੁਛ ਨਹੀਂ ਸਿਰਫ਼ ਸਾਜ਼ ਬਜਾਇਆ ਮਾਤ੍ਰ ਹੈ ਤੇ ਫਿਰ ਸ਼ਰਮ ਖਾ ਰਿਹਾ ਹੈ ਕਿ ਮੈਂ ਬਜਾਇਆ ਬੀ ਕਿਉਂ, ਬਜਾਉਣ ਦੇ ਨਾਲ ਸ਼ਬਦ ਗਾਉਣਾ ਸੀ।

ਸ਼੍ਰੋਣਤਿ ਬਹਯੋ ਸ਼ਿਸ਼ਨ[1] ਕਟਿ ਦਯੋ' ॥੪੩॥ ਗੁਰ ਕਹਿ 'ਕਹਾਂ ਭਯੋ ਇਮ ਕੀਨਿ ?। ਮਨ ਕੀ ਹਬਸ[2] ਹੋਇ ਨਹਿਂ ਹੀਨ'। ਕੇਤਿਕ ਚਿਰ ਮਹਿ ਘਾਵ ਅਛੇਰਾ। ਬਸਯੋ ਜਾਇ ਪਿਖਿ ਥਾਨ ਚੰਗੇਰਾ ॥੪੪॥ ਚੌਕ੍ਰ ਬੈਠਿਬੇ ਥਲ[3] ਥੋ ਸੋਇ। ਰਹਯੋ ਇਕਾਕੀ ਇਕ ਮਨ ਹੋਇ। ਨਿਕਟ ਗ੍ਰਾਮ ਜੋ ਸੇਵਾ ਕਰੈ। ਖਾਨ ਪਾਨ ਆਨਹਿ ਢਿਗ ਧਰੈ ॥ ੪੫ ॥ ਤਿਸੀ ਗ੍ਰਾਮ ਕੀ ਮਹਿਖੀ ਧੇਨ੍। ਚਾਰਨ ਚਲੇ ਹਟਾਵੈ ਸੈਨ[4]। ਮਾਰਿ ਲਸ਼ਟਕਾ ਕਰੈ ਪਿਛਾਰੀ[5]।–ਕਹਾਂ ਕਰੈ ਇਹ ?–ਨਰਨ ਬਿਚਾਰੀ॥ ੪੬ ॥ ਆਸ਼ੈ ਸਮਝਯੋ ਗਯੋ ਨ ਕੋਈ। ਗਏ ਚੁਗਾਵਨਿ ਕੋ ਪੁਨ ਸੋਈ। ਲੂਟੀ ਆਨਿ ਕਟਕ ਨੇ ਜਬੈ। ਲਖਯੋ ਅਕੂਯਾ ਇਮ ਕਹਿ ਤਬੈ[6]॥੪੭॥ ਸਭਿ ਨਰ ਮਿਲਿ ਕੈ ਤਬਿ ਚਲਿ ਆਏ। ਬੰਦਹਿਂ ਪਾਇਨ ਸੋਂ ਲਪਟਾਏ। ਤਬਿ ਜੁਗ ਹਾਥਨ ਪੇਟ ਬਜਾਯੋ[7]।–ਚਢਹੁ ਫਤੇ ਹੁਇ–ਤਿਨਹੁੰ ਜਨਾਯੋ ॥੪੮॥ ਆਸ਼ੈ ਸਮਝਿ ਗਏ ਨਰ ਧਾਇ। ਲਰੇ ਜਾਇ ਲਿਯ ਮਾਲ ਛੁਡਾਇ। ਨਾਮ 'ਅਕੂਆ' ਸਭਿ ਹੀ ਕਹੈਂ।ਸੇਵਾਸ਼ਰਧਾ ਕਰਤੇ ਰਹੈਂ ॥ ੪੯॥ ਨਈ ਜੁ ਬਧੂ ਬਯਾਹ ਲੇ ਆਇ। ਤਬਿ ਇਹ ਦੇਖਨ ਤਿਸ ਕੋ ਜਾਇ। ਗੁਰ ਕੋ ਬਾਕ–ਹਬਸ ਨਹਿਂ ਮਿਟੈ–। ਸੋ ਤਬਿ ਰਹੀ, ਨ ਕਯੋਂਹੂੰ ਹਟੈ ॥੫੦॥ ਪੂਰਨ ਸਿੱਖੀ ਮਹਿਂ ਬਹੁ ਭਯੋ।ਅਬਿ ਲੌ ਤਿਸਕੋ ਥਾਨ ਪੁਜਯੋ। ਜਨ ਕੀ ਪੂਰੀ[8] ਕਾਮਨਾ ਘਨੀ। ਇਸ ਪ੍ਰਕਾਰ ਤਿਹ ਸਾਖੀ ਸੁਨੀ* ॥ ੫੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭੱਲੇ ਭੂਲਣ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥ ੨੭ ॥

[1]ਇੰਦ੍ਰੀ। [2]ਖਾਹਸ਼। [3]ਗੋਲਾਕਾਰ ਬੈਠਣ ਦੀ ਥਾਂ। [4]ਸੈਨਤ ਨਾਲ ਹਟਾਈਓ ਸੁ ਕਿ ਚਾਰਨ ਨਾ ਜਾਓ। [5]ਲਾਠੀ ਮਾਰਕੇ ਪਿੱਛੇ ਨੂੰ ਮੋੜਦਾ ਹੈ। [6]ਤਦੋਂ ਜਾਣਿਆਂ ਕਿ ਅਕੂਯਾ ਇਉਂ ਕਹਿੰਦਾ ਸੀ (ਅੱਗੇ ਨਾ ਜਾਓ ਲੁੱਟੇ ਜਾਓਗੇ) [ਅਕੂਯਾ=ਜੋ ਨਾ ਬੋਲੇ]। [7]ਭਾਵ ਪੇਟ ਬਜਾਕੇ ਦੱਸਿਆ ਕਿ। [8]ਲੋਗਾਂ ਦੀ ਪੂਰਨ ਕੀਤੀ।

*ਇਹ ਸਾਖੀ ਹੋਰ ਕਿਸੇ ਗ੍ਰੰਥ ਵਿਚ ਨਹੀਂ। ਕਵੀ ਜੀ ਲਿਖਦੇ ਹਨ ਕਿ ਅਸਾਂ ਇਹੀ ਸਾਖੀ ਸੁਣੀ ਹੈ। ਪਰ ਇਕ ਲਿਖਤੀ 'ਸਾਖੀ ਪੋਥੀ' ਵਿਚ ਇਹ ਸਾਖੀ ਹੈ। ਕਵੀ ਜੀ ਪਾਸ ਬੀ 'ਇਹ ਸਾਖੀ ਪੋਥੀ' ਹੈਗੀ ਸੀ। ਇਸ ਤੋਂ ਪੱਕਾ ਸ਼ੱਕ ਪੈਂਦਾ ਹੈ ਕਿ ਕਵੀ ਜੀ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਨਹੀਂ ਹੋਣੀ, ਨਹੀਂ ਤਾਂ ਆਪ ਇਹ ਨਾ ਲਿਖਦੇ ਕਿ ਮੈਂ ਇਸ ਪ੍ਰਕਾਰ ਦੀ ਸਾਖੀ ਸੁਣੀ ਹੈ। ਇਸ ਤੋਂ ਇਹ ਬੀ ਸੰਭਾਵਨਾ ਹੁੰਦੀ ਹੈ ਕਿ ਹੁਣ ਵਾਲੀ 'ਸਾਖੀ ਪੋਥੀ' ਵਿਚ ਇਹ ਸਾਖੀ ਮਗਰੋਂ ਚਾੜ੍ਹੀ ਗਈ ਹੈ ਤੇ ਕਵੀ ਜੀ ਵਾਂਙੂ ਕਿਸੇ ਨੇ ਸੁਣੀ ਸੁਣਾਈ ਗੱਲ ਚਾੜ੍ਹ ਦਿਤੀ ਹੈ। ਇਸ ਲਈ ਵਿਸ਼ੇਸ਼ ਖੋਜ ਦੀ ਲੋੜ ਹੈ। ਖਾਸ ਕਰ ਇਸ ਗੱਲ ਦੀ ਕਿ ਇਹ ਸੱਜਣ ਦਸਮੇਂ ਪਾਤਸ਼ਾਹ ਜੀ ਦੇ ਸਮੇਂ ਤੋਂ ਮਗਰੋਂ ਹੋਇਆ ਹੈ ਤੇ ਇਸ ਦੇ ਮੋਨੀ ਹੋਣ ਦਾ ਕਾਰਨ ਇਹ ਨਹੀਂ; ਕੁਛ ਹੋਰ ਹੈ।

२੮, [ਸੰਗਤ ਨੂੰ ਜੰਗ ਸਿਖਾਇਆ। ਡੱਲੇ ਨੂੰ ਅੰਮ੍ਰਿਤ ਛਕਾਉਣਾ]।

ਦੋਹਰਾ ॥ *ਸੁਧ ਸੁਨਿ ਕਰਿ ਕਿਸ ਨਿਕਟ ਤੇ ਸਿੰਘਨ ਕਹ੍ਯੋ ਸੁਨਾਇ।
'ਜ਼ੋਰਦਸਤ ਲਵਪੁਰੀ ਕੋ ਸੂਬਾ ਬਹੁ ਦੁਖਦਾਇ ॥ ੧ ॥ ਚੌਪਈ ॥ ਸੰਗਤਿ
ਛੀਨ ਲਈ ਇਤ ਆਵਤਿ। ਤਜਹਿ ਨ ਨਾਮ ਗੁਰੂ ਸੁਨ ਪਾਵਤਿ[1]।ਇਕ
ਦਿਨ ਫੇਰ ਦਈ ਸੁਧ ਕਾਹੂ[2]। 'ਸੂਬਾ ਜੋ ਸਿਰੰਦ ਕੇ ਮਾਂਹੂ ॥ ੨ ॥ ਤਿਨ
ਭੀ ਸੰਗਤਿ ਲੀਨਸਿ ਛੀਨ। ਮੂਢ ਕੁਤਸਤ[3] ਕਾਜ ਕੋ ਕੀਨ'। ਸੁਨਿ
ਗੁਰ ਬੋਲੇ ਧਰਿ ਕੈ ਰੋਸਾ।'-ਸੂਬੇ ਕੋ ਸੰਗਤਿ ਨੇ ਖੋਸਾ-॥੩ ॥ ਇਸ ਬਿਧਿ
ਆਨਿ ਕਹਤਿ ਨਹਿਂ ਕੋਊ।-ਸੰਗਤਿ ਛੀਨੀ-ਭਾਖਤਿ ਸੋਊ'। ਪੁਨ ਸਭਿ-
ਹਿਨਿ ਕੋ ਕਹ੍ਯੋ ਸੁਨਾਇ। 'ਸਾਚ ਕਹੈਂ ਸਿਖ ਜੁਤਿ ਸਮੁਦਾਇ[4] ॥ ੪ ॥
ਬੀਤੀ ਨੌ ਸਤਿਗੁਰ ਪਤਿਸ਼ਾਹੀ। ਰਣ ਉਪਦੇਸ਼੍ਯੋ ਸੰਗਤਿ ਨਾਂਹੀ†। ਸੇਵਾ
ਕਰਨੀ ਭਾਉ ਬਿਸਾਲਾ। ਜਪਹੁ ਨਾਮ ਪਕਰਾਈ ਮਾਲਾ ॥ ੫ ॥ ਅਬਿ ਮੈਂ
ਰੇਡ਼ੀ ਪਾਠ ਪਠਾਵੌਂ[5]।ਸਿੰਘ ਨਾਮ ਧਰਿ ਸ਼ਸਤ੍ਰ ਗਹਾਵੌਂ। ਲਧੁ ਚਿਰੀਅਨਿ
ਤੇ ਬਾਜ ਤੁਰਾਵੌਂ। ਮਰਦ ਮਿਲਾਇ ਗਰਦ ਦਿਖਰਾਵੌਂ[6] ॥ ੬ ॥ ਖੰਡੇ ਕੀ
ਪਾਹੁਲ ਜੋ ਲੇਇ। ਸਿੰਘ ਨਾਮ ਧਰਿਵਾਵੈ ਜੋਇ। ਸੋ ਸ਼ਸਤ੍ਰਨਿ ਤੇ ਛੂਛ ਨ
ਰਹੈ। ਬਹੁ ਅੱਭ੍ਯਾਸ ਨਿਤਾਪ੍ਰਤਿ ਗਹੈ॥੭॥ ਕੇਸਨ ਕੋ ਬਹੁ ਅਦਬ ਰਖੀਜੈ।
ਮੇਰੀ ਸਿਰ ਪਰ ਛਾਪ ਲਖੀਜੈ'। ਪੁਨ ਡੱਲੇ ਸਨ ਹੁਕਮ ਬਖਾਨਾ।
'ਗਹਿ ਗਹਿ ਲਾਠੀ ਬਹੁ ਨਰ ਪਾਨਾ' ॥੮॥ ਹੇਤੁ ਛੀਨਿਬੇ ਸੰਗਤਿ ਜਾਵਹੁ।
ਲੋਹੁ ਵਸਤੁ ਸੋ ਨਹੀਂ ਗਵਾਵਹੁ। ਅਬਿ ਸੰਗ੍ਰਾਮ ਕਰਨਿ ਸਿਖਰਾਵੈਂ।
ਇਨ ਤੇ ਹੀ ਤੁਰਕਨਿ ਮਰਿਵਾਵੈਂ'॥੯॥ਉਤ ਕਹਿ ਪਠ੍ਯੋ ਸੰਗਤਾਂ ਮਾਂਹੀ।
'ਇਹ ਬੈਰਾਗ਼ ਹੁਕਮ ਮੈਂ ਨਾਂਹੀ। ਪਾਹੁਨਚਾਰੀ ਥਿਰ‡ ਇਸ ਥਾਨਾ[7]।

---

[1]ਗੁਰੂ ਦਾ ਨਾਮ ਸੁਣਕੇ। [2]ਖਬਰ ਦਿਤੀ ਕਿਸੇ ਨੇ। [3]ਖੋਟਾ। [4]ਸਾਰੇ ਸਿਖਾਂ ਜੋਗ ਸੱਚ ਕਹਿੰਦੇ ਹਾਂ। [5]ਭਾਵ ਜੰਗ ਕਰਨਾ, ਬੀਰ ਰਸ ਵਿਚ ਉਮਾਹਿਤ ਹੋਣਾ। [6]ਸੂਰਮਿਆਂ ਨੂੰ ਮਿੱਟੀ ਵਿਚ ਮਿਲਾ ਦਿਖਾਵਾਂਗਾ। [7]ਏਥਾਂ ਵਿਚ[7](ਅਸੀਂ) ਇਥੇ ਪ੍ਰਾਹੁਣੇ ਟਿਕੇ ਹੋਏ ਹਾਂ। *ਸਾਖੀ ਪੋਥੀ ਦੀ ਸਾਖੀ ਹੈ।

†ਇਸ ਵਿਚ ਨੌਂ ਪਾਤਸ਼ਾਹੀਆਂ ਦੀ ਨਿਰ੍ਬਲਤਾ ਨਹੀਂ ਕਹੀ ਪਰ ਉਹਨਾਂ ਦੀ ਭਗਤੀ ਦੱਸਕੇ ਆਪਣਾ ਉਸ ਦੀ ਰੱਖਯਾ ਲਈ ਬੀਰਰਸ ਸ਼ਾਮਲ ਕਰਨਾ ਦਿਖਾਇਆ ਹੈ। ਫਿਰ ਸ਼ੰਸਾ ਇਹ ਬੀ ਉਪਜਦਾ ਹੈ ਕਿ ਠੀਕ ਈਹੋ ਵਾਕ ਗੁਰੂ ਜੀ ਨੇ ਨਹੀਂ ਕਹੇ ਹੋਣੇ, ਕਿਉਂਕਿ ਛੇਵੇਂ ਗੁਰਾਂ ਨੇ ਬੀਰ ਰਸੀ ਵਿਦਯਾ ਸਿਖਾਈ, ਸੱਤਵੇਂ ਗੁਰੂ ਜੀ ਨੇ ਫੌਜ ਰੱਖੀ, ਅੱਠਵੇਂ ਸਤਿਗੁਰਾਂ ਪਾਸ ਬੀ ਫੌਜ ਸੀ ਭਾਵੇਂ ਥੋੜੀ ਸੀ, ਨਾਵੇਂ ਪਾਤਸ਼ਾਹ ਦੇ ਨ[illegible] ਇਕ ਸੂਰਮੇ ਪਾਸ ਸੇ। ਇਸ ਹਾਲਤ ਵਿਚ 'ਨੌਂ ਪਾਤਸ਼ਾਹੀਆਂ ਸ਼ਸਤ੍ਰ ਨਹੀਂ ਫੜਾਏ' ਕੀਕੂੰ ਕਹਿੰਦੇ ?

‡ਪਾ:-ਨਹਿ।

ਆਵਹੁ ਅੱਗ੍ਰ ਬਨਹੁ ਸਵਧਾਨਾ ॥ ੧੦ ॥ ਵਸਤ੍ਰ ਨਹੀਂ ਖੁਸਾਵਨਿ ਕਰੀਏ। ਪੁਰਸ਼ਾਰਥ ਅਪਨੇ ਮਹਿਂ ਧਰੀਏ'। ਇਤ ਤੇ ਢੱਲਾ ਲੇ ਨਰ ਘਨੇ। ਉਤ ਸੁਚੇਤ ਕਸ ਕਟਿ ਸਿਖ ਬਨੇ ॥੧੧॥ ਭਯੋ ਭੇਰ ਦੁਹੂਅਨਿ ਦਿਸ਼ਿ ਕੇਰਾ। ਪਰਯੋ ਰੌਰ ਇਕ ਬਾਰਿ ਬਡੇਰਾ। ਊਚੇ ਥਲ ਸਤਿਗੁਰ ਤਬਿ ਥਿਰੇ। ਦੇਖਿ ਦੇਖਿ ਬਿਕਸੈਂ ਮੁਦ ਭਰੇ ॥੧੨॥ ਇਹ ਖੋਸਤਿ ਓਹ ਨਹੀਂ ਖੁਸਾਵੈਂ। ਹੇਲ ਕਰਹਿਂ ਇਕ ਝੇਲਤਿ ਜਾਵੈਂ[1]।ਸ਼ਸਤ੍ਰਨਿ ਮਾਰਹਿਂਦੋਨਹੁਂ ਦਿਸ਼ਿਮਹਿਂ। ਬਲ ਕੋ ਕਰਤਿ ਭਿਰਤਿ ਆਪਸ ਮਹਿਂ ॥ ੧੩ ॥ ਥਿਰੇ ਨਿਕਟ ਤਿਨ ਗੁਰੂ ਸੁਨਾਵੈਂ। 'ਇਮ ਤੁਰਕਨਿ ਸਨ ਜੰਗ ਮਚਾਵੈਂ। ਮਾਰਨ ਮਰਨ ਹਜ਼ਾਰਨ ਹੋਇ। ਰਾਜ ਲੇਹਿਂ ਸਿੰਘ ਬਨਿ ਸਭਿ ਕੋਇ' ॥ ੧੪ ॥ ਭਿਰਤਿ ਇਸੀ ਬਿਧਿ ਸੰਗਤਿ ਆਈ।ਗੁਰ ਪਦ ਕਮਲਨ ਸੀਸ ਝੁਕਾਈ।ਅੱਸ੍ਵਾਸਨ[2] ਕਰਿ ਬਹੁਰ ਬਖਾਨਾ। 'ਇਮ ਸ਼ੱਤ੍ਰਨਿ ਸਨ ਬਨਿ ਸਵਧਾਨਾ॥੧੫॥ ਸ਼ਸ-ਤ੍ਰਨ ਗਹਿ ਸੰਘਾਰਨ ਕਰੀਏ। ਅਪਨਾ ਆਪ ਉਬਾਰਨ ਧਰੀਏ'। *ਪੁਨ ਸਤਿਗੁਰ ਕਰਿਵਾਇ ਕਰਾਹੂ।ਇਕ ਦਿਸ਼ਿ ਸਭਿ ਧਰਿਵਾਯਹੁ ਤਾਂਹੂ ॥ ੧੬॥ ਹੁਕਮ ਕਰਯੋ 'ਲੂਟਹੁ ਸਭਿ ਜਾਈ'। ਸੁਨਿ ਕਰਿ ਪਰਯੋ ਖਾਲਸਾ ਧਾਈ। ਬਲ ਕੋ ਕਰੈਂ ਧਕੇਲਨਿ ਤਬੈ। ਅਧਿਕ ਤਿਹਾਵਲ ਲੂਟਤਿ ਸਬੈ ॥੧੭ ॥ ਫੇਰ ਕਰਾਯੋ ਫੇਰ ਲੁਟਾਯੋ। ਕਿਤਿਕ ਰਹੇ ਥਿਰ ਹਾਥ ਨ ਲਾਯੋ। ਸ਼੍ਰੀ ਮੁਖ ਬੂਝਯੋ'ਲੁਟਯੋ ਨ ਕੈਸੇ?ਹਮਰੇ ਨਿਕਟ ਰਹੇ ਤੁਮ ਬੈਸੇ'॥੧੮ ॥ ਹਾਥ ਜੋਰਿ ਤਿਨ ਬਿਨੈ ਬਖਾਨੀ। ਬੈਠੇ ਤੇ ਜੋ ਪ੍ਰਾਪਤਿ ਪਾਨੀ। ਸੋ ਹਮ ਖੈ'ਹੈਂ ਲੋਭ ਨ ਧਾਰਹਿਂ'। ਸੁਨਿ ਸ਼੍ਰੀ ਮੁਖ ਤੇ ਗੁਰੂ ਉਚਾਰਹਿਂ ॥ ੧੯ ॥ 'ਧੰਨ ਖਾਲਸਾ ਹ੍ਵੈ ਬਿਧਿ ਦੋਇ।ਸਤਿਸੰਤੋਖੀ ਬੀ ਬਹੁ ਹੋਇ। ਬਹੁਤ ਲੁਟੇਰੇ ਭੀ ਬਿਚ ਬਨੈਂ। ਥਿਰੈਂ ਅਨਿਕ ਭੀ ਸਿੱਖੀ ਸਨੈ' ॥ ੨੦ ॥ ਪੁਨ ਅੰਮ੍ਰਿਤ ਕੇ ਕਰੈਂ ਕਰਾਹੇ। ਦਤਿ ਪ੍ਰਵਾਹੁ ਸਰੋਵਰ ਮਾਂਹੇ।ਤਬਿ ਸਿੰਘਨ ਕਰ ਜੋਰਿ ਸੁ ਬੂਝੈਂ।'ਪ੍ਰਭੁ ਜੀ! ਕਾਰਨ ਕੌਨ ਅਰੂੰਝੈਂ? ॥ ੨੧ ॥ ਨਿਤ ਪ੍ਰਤਿ ਅੰਮ੍ਰਿਤ ਕਰਿ ਕਾਰ ਗੇਰੋ। ਕਾਰਨ ਕੌਨ ਆਪ ਨੇ ਹੇਰੋ?'। ਤਬਿ ਸਤਿਗੁਰ ਸਭਿ ਸਾਥ ਬਖਾਨੀ। 'ਇਹਾਂ ਖਾਲਸਾ ਸੁੰਮਣਵਾਨੀ[3]' ॥ ੨੨ ॥ ਉਪਜਹਿਂ ਪੁੰਜ ਸਿੰਘ ਇਸ

[1]ਇਕ ਹੱਲਾ ਕਰਦੇ ਹਨ ਇਕ ਹੱਲਾ ਝੱਲੀ ਜਾਂਦੇ ਹਨ। [2]ਧੀਰਜ ਦੇਕੇ। [3](ਜਲ ਦੇ) ਸੋਮੇਂ ਵਾਂਙ (ਖਾਲਸਾ ਪ੍ਰਗਟ) ਹੋਕੇ) ਵੱਸੇਗਾ (ਥੋੜ੍ਹੇ ਚਿਰ ਬਾਦ ਮਾਲਵਾ ਸਾਰਾ ਲਗ ਪਗ ਸਿੰਘ ਸਜ ਗਿਆ ਸੀ)।

*ਸਾਖੀ ਪੋਥੀ ਦੀ ਸਾਖੀ ਹੈ।

ਥਾਈ' । ਪੁਨ ਬਹੁ ਲਿਖਨਾ ਘੜਹਿਂ ਗੁਸਾਈਂ । ਕਰਿ ਕਰਿ ਧਰਹਿਂ ਤਜਾਰ ਬਹੁ ਬਾਰੀ । ਬੂਝੇ ਤੇ ਸ੍ਰੀ ਪ੍ਰਭੂ ਉਚਾਰੀ ॥੨੩॥ 'ਹੋਇ ਦਮਦਮਾ ਗੁਰ ਕੀ ਕਾਸ਼ੀ । ਲੇਖਕ ਬਨਹਿਂ ਪਢਹਿਂ ਸਿਖ ਰਾਸੀ*'। ਇਕ ਦਿਨ ਚਢਿ ਅਖੇਰ ਕੋ ਗਏ । ਕੋਸ ਅਸ਼ਟ ਇਕ[1] ਉਤਰਤਿ ਭਏ ॥ ੨੪ ॥ ਤਹਾਂ ਸਿੰਸਪਾ[2] ਖਰੀ ਬਡੇਰੇ । ਹਾਥ ਪੰਚ ਦਸ ਫੇਰ ਘਨੇਰੇ[3] । ਰਾਹਕ ਮਉੜ ਤਬਹਿ ਚਲਿ ਗਏ। ਦੁਗਧ ਘਟੇ ਭਰਿ ਲਜਾਵਤਿ ਭਏ ॥ ੨੫ ॥ ਸਭਿ ਕੋ ਪਜਾਇ ਖੁਸ਼ੀ ਲੇ ਘਨੀ†।'ਵਧਹੁ ਬੰਸ ਹੁਇ ਸਿੰਘ ਸੁ ਬਨੀ‡' । ਬਹੁਰ ਪ੍ਰਭੂ ਡੇਰੇ ਚਲਿ ਆਏ । ਉਤਰਿ ਆਪਨੇ ਥਾਨ ਸੁਹਾਏ ॥੨੬॥ §ਕਬਿ ਕਬਿ ਥਿਰਹਿਂ ਗੁਰੂ ਸਰ ਜਾਵੈਂ।ਗਨ ਸੰਗਤਿ ਤੇ ਕਾਰ ਕਢਾਵੈਂ। ਸਾਧੈ ਸਮੇਂ[4] ਜਾਇ ਜੰਡਿਆਨੇ[5]। ਬੈਠਹਿਂ ਸਭਿਨਿ ਹਕਾਰਨ ਠਾਨੈਂ ॥ ੨੭ ॥ ਅਗਨਤ ਰਜਤਪਨ ਆਸਨ ਤਰੇ । ਬਹੁ ਦੀਨਾਰ ਨਿਕਾਰਨਿ ਕਰੇਂ।ਰੋਜ਼ਦਾਰ ਕੋ ਦੇਤਿ ਬੁਲਾਈ। ਆਇ ਆਇ ਲੇਤੇ ਸਮੁਦਾਈ ॥੨੮॥ ਜਿਤਿਕ ਚਾਕਰੀ ਧਨ ਜੋ ਲੇਤਿ। ਤਿਤਿਕ ਮੁਸ਼ਟ ਭਰਿ ਬਿਨ ਪਿਖਿ ਦੇਤਿ । ਕਈ ਬੇਰ ਬਰਤਾਯੋ ਤਹਾਂ । ਸੈਨ ਰੁਜ਼ੀਨਾ ਲੇਤੇ ਮਹਾਂ ॥ ੨੯ ॥ ਭਰਮੇ ਪਿਖਿ ਬਿਰਾਜ਼ ਤਿਸ ਥਾਨ ।–ਇਸ ਥਲ ਗੁਰ ਧਨ ਧਰਜੋ ਮਹਾਨ । ਥਿਰ ਹੁਇ ਇਤਹਿਂ ਕਾਢ ਕਰਿ ਧਰੈਂ । ਹਮ ਜੁਤਿ ਸਭਿਹਿਨਿ ਦੈਬੋ ਕਰੈਂ–॥ ੩੦ ॥ ਨਿਸ ਮਹਿਂ ਫੈਲਜੋ ਤਿਮਰ ਘਨੇਰਾ । ਗਏ ਨਿਕਾਸਨ ਕੋ ਤਿਸ ਬੇਰਾ । ਅਵਨੀ ਖਨੀ ਅਧਿਕ ਬਲ ਲਾਈ। ਇਕ ਬਿਰਾਟਕਾ ਹਾਥ ਨ ਆਈ ॥ ੩੧ ॥ ਮੂਰਖ ਰਹੇ ਲਜਾਇ ਬਡੇਰੇ । ਪਛੁਤਾਏ ਨਿਜ ਕਰਮ ਖੁਟੇਰੇ।ਇਕ ਦਿਨ ਡੱਲਾ ਨਿਸ਼ਾ ਮਝਾਰੀ। ਸਿਪਰ ਖੜਗ ਦੋਨਹੁਂ ਹਥ ਧਾਰੀ ॥ ੩੨ ॥ ਗੁਰੂ ਦ੍ਵਾਰ ਪਰ ਥਿਰ ਹ੍ਵੈ ਰਹਜੋ । ਪਹਿਰਾ ਦਿਯੋ ਸੁਚੇਤੀ ਲਹਜੋ। ਖਰੋ ਹੇਰਿ ਪ੍ਰਭੁ ਰਹੇ ਹਟਾਇ । 'ਸੁਪਤਹੁ ਜਾਇ ਆਪਨੇ ਥਾਇਂ' ॥ ੩੩॥ 'ਸ੍ਰੀ ਪ੍ਰਭੁ ਸੇਵ ਕਰੌਂ ਮੈਂ ਆਜੂ । ਨਹਿਂ ਸੋਵੌਂ ਮੈਂ ਪਿਖਹੁਂ ਸਮਾਜੂ'।ਇਮ ਕਹਿ ਖਰੋ ਰਹਜੋ ਨਿਸ ਜਾਗਾ।'ਗੁਰ ਗੁਰ'ਜਪਜੋ ਪ੍ਰੇਮ ਮਹਿਂ ਪਾਗਾ ॥੩੪॥ ਉਠੇ ਪ੍ਰਾਤ ਪਿਖਿ ਡੱਲਾ ਖਰਜੋ। ਹੁਇ ਪ੍ਰਸੰਨ ਮੁਖ ਤੇ ਬਚ ਕਰਜੋ । 'ਜਾਚਿ ਲੇਹੁ ਮਨ ਕਾਮਨ ਜੋਇ। ਪੂਰਨ

[1]ਨੌਂ ਕੋਹਾਂ ਤੇ । [2]ਟਾਹਲੀ । [3]੧੫ ਹੱਥ ਟਾਹਲੀ ਦਾ ਫੇਰ ਸੀ । [4]ਸੰਧਜਾ ਵੇਲੇ । [5]ਇਥੇ ਜੰਡਸਰ ਨਾਮੇ ਗੁਰਦੁਆਰਾ ਹੈ, ਸਰੋਵਰ ਬੀ ਹੈ। *ਦਮਦਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀਆਂ ਤੇ ਗਜਾਨੀਆਂ ਲਈ ਸਦਾ ਪ੍ਰਸਿੱਧ ਰਿਹਾ ਹੈ। †ਪਾঃ–ਭਲੀ। ‡ਪਾঃ–ਬਲੀ। §ਸਾਖੀ ਪੋਥੀ ਦੀ ਸਾਖੀ ਹੈ।

ਕਰਹਿਂ ਅਨੰਦ ਮਹਿਂ ਸੋਇ' ॥ ੩੫॥ 'ਸ੍ਰੀ ਪ੍ਰਭੁ ! ਜਹਾਂ ਬਾਸ ਤੁਮ ਠਾਨਾ । ਇਕ ਪੀਢੀ ਕਹੁ ਮਹਿ ਦਿਹੁ ਥਾਨਾ । ਅਪਨਿ ਨਜੀਕ ਰਾਖੀਅਹਿ ਮੋਹੀ । ਅਪਰ ਨ ਮੋ ਉਰ ਮੈਂ ਇਛ ਹੋਹੀ' ॥ ੩੬ ॥ ਸੁਨਿ ਕਰਿ ਤਿਸ ਤੇ ਗੁਰੂ ਉਚਾਰੀ । 'ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ । ਡੱਲੇ ਤੇ ਡਲ ਸਿੰਘ ਕਹਾਵਹੁ। ਪੁਨ ਗੁਰ ਘਰ ਕੋ ਸਿਦਕ ਕਮਾਵਹੁ' ॥ ੩੭ ॥ ਪੁਨ ਕਰ ਜੋਰਿ ਕਹਯੋ ਹਿਤ ਦੇ ਚਿਤ । 'ਮੈਂ ਤੋ ਬਹੁਤ ਛਕਯੋ ਹੈ ਅੰਮ੍ਰਿਤ' । ਗੁਰ ਬੋਲੇ 'ਕਬਿ ਕਿਸ ਤੇ ਛਕਯੋ ? ਹਮ ਨਹਿਂ ਲਖਯੋ ਕੂਰ ਕਯੋਂ ਬਕਯੋ ?' ॥ ੩੮ ॥ 'ਸ੍ਰੀ ਗੁਰ ਸੀਤ ਪ੍ਰਸਾਦ ਤੁਹਾਰਾ । ਅਚਤਿ ਰਹਯੋ ਮੈਂ ਲੇਕਰਿ ਥਾਰਾ[1]। ਤਿਸ ਤੇ ਹੀ ਮੁਝ ਕਰਹੁ ਸਨਾਥ । ਸਭਿ ਘਟ ਕੇ ਮਾਲਿਕ ਜਗਨਾਥ !' ॥ ੩੯॥ ਪੁਨ ਪ੍ਰਭੁ ਕਹਯੋ 'ਨ ਇਸ ਬਿਧਿ ਟਰੋ।ਖੰਡੇ ਕੋ ਅੰਮ੍ਰਿਤ ਮੁਖ ਧਰੋ' । 'ਸ੍ਰੀ ਗੁਰ ਸੋ ਭੀ ਖੰਡੇ ਕੇਰ । ਕਰਦ ਭੇਟ ਕਿਧ ਅਰਿਬੇ ਬੇਰ' ॥ ੪੦ ॥ ਸੁਨਿ ਕਰਿ ਸ੍ਰੀ ਮੁਖ ਬਹੁ ਬਿਕਸਾਨੇ । 'ਸੁਨਿ ਡਲ ਸਿੰਘ* ਹਮ ਖੁਸ਼ੀ ਮਹਾਨੇ। ਜੋ ਅੰਮ੍ਰਿਤ ਖੰਡੇ ਕੋ ਲੈ ਹੈ। ਗੁਰ ਕੇ ਸੋ ਜਹਾਜ ਚਢਿ ਜੈਹੈ' ॥੪੧॥ਸਿਰ ਪਗ ਧਰਿ ਧਰਿਕੈ ਤਬਿ ਭਨਿ ਹੈ[2] । 'ਸੱਤ ਬਚਨ ਜੀ, ਸੱਤਿ ਬਚਨ ਹੈ' । ਅਗਲੇ ਦਿਨ ਕਰਾਹ ਕਰਿਵਾਯੋ । ਸ੍ਰੀ ਗੁਰ ਕੇ ਆਗੇ ਧਰਿਵਾਯੋ ॥ ੪੨ ॥ ਹਾਥ ਜੋਰਿ ਆਗੈ ਹੁਇ ਖਰਯੋ । ਖੰਡੇ ਕੋ ਅੰਮ੍ਰਿਤ ਤਬਿ ਕਰਯੋ । ਸੌ ਨਰ ਅਪਰ ਖਰੇ ਸੰਗ ਹੋਇ । ਛਕਯੋ ਸੁਨਹਿਰੇ ਇਕ ਸਭਿ ਕੋਇ† ॥੪੩॥ ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ। ਬਖਸ਼ਯੋ ਖੜਗ ਬਡੋ ਅਰੁ ਢਾਲਾ। ਦ੍ਵੈ ਹਜ਼ਾਰ ਕੇ ਕੰਕਨ ਦੋਇ । ਹੁਤੇ ਜਰਾਊ ਬਖਸ਼ੇ ਸੋਇ ॥ ੪੪ ॥ ਗੁਰ ਕੋ ਬਸਤ੍ਰ‡ ਪੂਜਿਬੇ ਹੇਤੁ । ਦੇਤਿ ਭਏ ਤਬਿ ਕ੍ਰਿਪਾ ਨਿਕੇਤ§ । ਇਕ ਦਿਨ ਸੁਧਿ ਕਿਨ ਆਨਿ ਸੁਨਾਈ । 'ਤੁਰਕਨਿ ਸੈਨ ਚਢੀ ਸਮੁਦਾਈ ॥੪੫॥ ਇਤ ਕੋ ਆਇ ਲਰਨ ਕੇ ਹੇਤੁ' । ਸੁਨਿ ਡਲ ਸਿੰਘ ਬਹੁ ਬਨਯੋ ਸੁਚੇਤ । ਜਾਇ ਅੱਗ੍ਰ ਇਕ ਤਰੁ ਕੇ ਤਰੇ । ਬੈਠਯੋ ਰਹੈ ਪ੍ਰਤੀਖਨ ਕਰੇ ॥ ੪੬ ॥ ਇਕ ਦੁਇ ਦਿਨ ਬੀਤੇ ਨਹਿਂ ਆਯੋ । ਸ੍ਰੀ ਗੁਰ ਢਿਗ ਥਿਰ ਬਾਕ ਸੁਨਾਯੋ । 'ਪਾਤਸ਼ਾਹੁ ! ਤੁਰਕ

---

[1]ਥਾਲ । [2]ਸਿਰ ਚਰਨਾਂ ਤੇ ਰਖ ਰਖ ਕੇ (ਡੱਲਾ) ਬੋਲਿਆ । *ਪਾ:—ਡੱਲਾ ।

†ਕੈਸਾ ਅਦਭੁਤ ਨਜ਼ਾਰਾ ਹੈ, ਦੇਸ਼ ਦਾ ਸਰਦਾਰ ਸੌ ਨਰ ਰੱਯਤ ਦੇ ਨਾਲ ਇਕੱਠਾ ਅੰਮ੍ਰਿਤ ਛਕਦਾ ਹੈ । ‡ਬਸਤਰ ਇਹ ਸਨ:—ਦੋ ਦਸਤਾਰਾਂ, ਦੋ ਚੋਲੇ ਤੇ ਦੋ ਘੁਟੰਨੇ।

§ਇਹ ਬਖਸ਼ਿਸ਼ਾਂ ਉਹਨਾਂ ਦੀ ਉਲਾਦ ਪਾਸ ਹੁਣ ਤਕ ਹਨ।

ਜਿ ਇਕ ਬਾਰੀ । ਕਰਹਿਂ ਭੇਰ ਤੌ ਲੇਹੁ ਨਿਹਾਰੀ ॥ ੪੭ ॥ ਤਬਿ ਜੇਤਿਕ ਬਾਹੈਂ ਤਰਵਾਰੀ । ਰੁੰਡ ਮੁੰਡ ਕਰਿ ਧਰਾ ਮਝਾਰੀ । ਭਿਰਹਿਂ ਜਥਾ ਬੈਰਾੜ ਲੜਾਕੇ । ਕਰਿ ਹੈਂ ਤੁਰਕਨਿ ਤਨ ਗਨ ਛਾਂਕੇ" ॥ ੪੮ ॥ ਸੁਨਿ ਕਰਿ ਦਯਾ ਸਿੰਧੁ ਹਰਖਾਇ । 'ਸਾਧ ਸਾਧ ਭਲ ਸਿੰਘ' ਕੋ ਗਾਇ । 'ਇਮ ਹੀ ਚਹਿਯਤਿ ਤੁਰਕਨਿ ਸੰਗਾ । ਧਰਿ ਉਤਸਾਹ ਕਰਨ ਕੋ ਜੰਗਾ' ॥ ੪੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਭਲਾ ਸਿੰਘ' ਪ੍ਰਸੰਗ ਬਰਨਨੰ ਨਾਮ ਅਸਟ ਬਿੰਸਤੀ ਅੰਸੂ ॥੨੮॥

੨੯. [ਪਟਿਆਲਾ ਨਾਭਾ ਜੀਂਦ ਦੇ ਵਡਕੇ । ਫੈਰੋਹਰ । ਮਾਲਵੇ ਨੂੰ ਵਰ]

ਦੋਹਰਾ ॥ *ਆਯੋ ਰਾਮਾ ਏਕ ਦਿਨ ਸੰਗ ਤਿਲੋਕਾ ਜਾਂਹਿ† । ਚੂਨ ਦਾਲ ਕੋ ਸਕਟ ਭਰਿ ਪਹੁੰਚੇ ਸਤਿਗੁਰ ਪਾਹਿ ॥ ੧ ॥ ਚੌਪਈ ॥ ਦੋਨਹੁਂ ਸ਼ਰਧਾਲੂ ਕਰ ਦਰਸ਼ਨ । ਕਰ ਸਿਰ ਚਰਨ ਸਰੋਜਨ ਪਰਸਨ[2] । ਹਾਥ ਜੋਰਿ ਪੁਨਿ ਠਾਢੇ ਭਏ । ਦਯਾਸਿੰਧੁ ਤਬਿ ਬੂਝਨ ਕਏ ॥ ੨ ॥ 'ਰਾਮਾ ਸਿੰਘ, ਤਿਲੋਕ ਸਿੰਘ ਸੁਨਿ ! ਰਸਤ ਸਕਟ ਭਰਿ ਲਯਾਇ ਬਹੁਤ ਮਨ । ਕਿਹ ਤੇ ਆਨੀ ਕੀਨਿ ਖਰੀਦ ? ਕੈ ਨਿਜ ਘਰ ਤੇ ਸਕਲ ਰਸੀਦ ?'॥੩॥[3]'ਪਾਤਸ਼ਾਹ ! ਨਿਜ ਘਰ ਤੇ ਲਯਾਏ । ਜੈਦਪ ਅਪਰਨ ਭੀ ਕੁਛ ਪਾਏ । ਸਭਿ ਤੇ ਕਰਿ ਬਟੋਰ ਇਹ ਆਨੀ । ਭੀ ਦਰਸ਼ਨ ਕੀ ਚਾਹ ਮਹਾਨੀ' ॥ ੪ ॥ ਇਕ ਸਿਖ ਗੁਰ ਕੇ ਨਿਕਟ ਉਚਾਰੇ । 'ਸਾਹਿਬਜ਼ਾਦੇ ਤਹਿਂ ਸਸਕਾਰੇ । ਇਨਹੁਂ ਕਰੀ ਕ੍ਰਿਤ ਤੁਰਕਨਿ ਮਾਂਹੀ । ਜਿਮ ਹੋਈ ਸੁਨੀਅਹਿ ਇਨ ਪਾਹੀ' ॥ ੫ ॥ ਇਕ ਬਿਰਾੜ‡ ਤਬਿ ਲਗਯੋ ਸੁਨਾਵਨ । 'ਰਣ ਕੇ ਤੇ ਭਯੋ ਭਟ ਘਾਵਨ । ਪ੍ਰਭੁ ਜੀ ਤੁਰਕਨ ਤੇ ਡਰ ਧਰਿ ਕੈ । ਭੇਸ ਬਾਵਰੋ ਅਪਨੋ ਕਰਿਕੈ ॥ ੬ ॥ ਸਿਰ ਤੇ ਨਗਨ ਧੂਰ ਤਨ ਭਰੇ । ਲੋਚਨ ਬਿੰਦਨ ਮਹਿਂ ਬਹੁ ਫਿਰੇ । ਗਨ ਤੁਰਕਨਿ ਕੋ ਗੁਰ ਸੁਤ ਦੋਊ । ਰਣ ਠਾਨਤਿ ਲੁਪਤੇ ਥਲ ਸੋਊ ॥ ੭ ॥ ਦ੍ਰਿਸ਼ਟਿ ਪਰੇ ਨਹਿਂ ਦੋਨਹੁਂ ਭਾਈ । ਜੇ ਪਾਵਤਿ ਸਿਰ ਵਢਿ ਲੇ ਜਾਈ[4] । ਅਪਨੇ ਜਾਨਿ ਦਾਸ ਇਨ ਤਾਈਂ । ਦੋਨਹੁਂ ਲੋਥੈਂ ਦਈ ਦਿਖਾਈ ॥ ੮ ॥

---

[1]ਫਾੜਾਂ । [2]ਚਰਨ ਕਮਲ ਹੱਥਾਂ ਤੇ ਸਿਰ ਨਾਲ ਪਰਸ, ਭਾਵ ਸੀਸ ਤੇ ਹੱਥ ਚਰਨਾਂ ਤੇ ਰੱਖ ਕੇ ਮੱਥਾ ਟੇਕਿਆ । [3]ਰਾਮਾ ਤਿਲੋਕਾ ਬੋਲੇ। [4](ਤੁਰਕ) ਸਿਰ ਲੈ ਜਾਂਦੇ । *ਸਾਖੀ ਪੋਥੀ ਦੀ ਸਾਖੀ ਹੈ ।

†ਬਾਬੇ ਫੂਲ ਦੇ ਪੁੱਤ੍ਰ, ਪਟਿਆਲਾ ਨਾਭਾ ਜੀਂਦ ਰਿਆਸਤਾਂ ਦੇ ਵਡਕੇ । ਬਾਬਾ ਆਲਾ ਸਿੰਘ ਜੀ ਪਟਿਆਲੇ ਦੇ ਰਚਨਹਾਰ ਇਸੇ ਬਾਬਾ ਰਾਮ ਸਿੰਘ ਦੇ ਸਪੁੱਤ੍ਰ ਸੇ । ਤ੍ਰਿਲੋਕ ਸਿੰਘ ਦੇ ਛੋਟੇ ਪੁੱਤ੍ਰ ਸੁਖਚੈਨ ਸਿੰਘ ਤੋਂ ਜੀਂਦ ਰਿਆਸਤ ਅਤੇ ਵੱਡੇ ਪੁੱਤ੍ਰ ਚੌਧਰੀ ਗੁਰਦਿੱਤ ਸਿੰਘ ਤੋਂ ਨਾਭਾ ਰਿਆਸਤ ਤੁਰੀ । ‡ਪਾ:-ਢੇਰਾ ।

ਘਨੇ ਘਾਵ ਸ਼੍ਰੋਣਤਿ ਸਨ ਪੂਰੇ। ਪਰੇ ਪ੍ਰਿਥੀ ਪਰ ਦੀਰਘ ਸੂਰੇ। ਰਿਸ ਤੇ ਭ੍ਰੌਹੈਂ ਚਢੀ ਬਿਸਾਲਾ।ਸੁਭਟਨਿ ਸੇਜਾ ਪਰ* ਤਿਸ ਕਾਲਾ[1] ॥ ੯ ॥ ਪ੍ਰਥਮ ਸਕੇਲ ਕਾਠ ਗਨ ਮਹਾਂ। ਚਿਖਾ ਬਨਾਇ ਧਰੇ ਤਨ ਤਹਾਂ। ਦੋਨਹੁੰ ਭ੍ਰਾਤਾ ਕੋ ਸਸਕਾਰੇ। ਇਮ ਕੀਨਸਿ ਇਨ ਦਾਸ ਤਿਹਾਰੇ' ॥ ੧੦ ॥ ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ। ਸ਼੍ਰੀ ਮੁਖ ਤੇ ਭਾਖ੍ਯੋ ਤਿਸ ਕਾਲਾ। 'ਰਾਮਾ ਸਿੰਘ ਤਿਲੋਕ ਸਿੰਘ ਸੁਨਿ! ਜਾਚ ਲੇਹੁ ਹਮ ਤੇ ਬਾਂਛਤ ਮਨ'॥੧੧॥ਗੁਰ ਅਨ-ਕੂਲ ਜਾਨਿ ਕਰਿ ਆਛੇ। ਦੁਹੂਅਨਿ ਮਾਂਗ੍ਯੋ ਜਿਮ ਚਿਤ ਬਾਂਛੇ। 'ਪ੍ਰਭੁ ਜੀ! ਜਬਿ ਕੇ ਹਮ ਇਤ ਆਏ। ਭਲੀ ਪ੍ਰਕਾਰ ਨ ਪਾਇ ਜਮਾਏ ॥੧੨॥ ਕਹੂੰ ਨ ਭੂਮ ਹਮਾਰੀ ਭਈ। ਜਿਮ ਚਾਹਕ ਅਪਰਨ ਨਿਜ ਲਈ'। ਦਯਾ ਸਿੰਧੁ ਸੁਨ ਧੀਰਜ ਦੀਨਿ। ਤੁਮ ਤੌ ਦੇਸ਼ ਸਕਲ ਹੀ ਲੀਨਿ ॥ ੧੩ ॥ ਐਸੇ ਪਾਇ ਤੁਮਾਰੇ ਜਮੈਂ। ਭੂਪਨ ਭੂਪ ਦੇਸ਼ ਗਨ ਨਮੈਂ। ਦਿੱਲੀ ਲਵਪੁਰਿ ਕੇ ਵਿਚ ਵਧੋ। ਗ੍ਰਾਮ ਹਜ਼ਾਰਨ ਹੀ ਕਹੁ ਸਧੋ ॥ ੧੪ ॥ ਕੁਰਸੀ ਬਹੁਤ ਬਕੁਰਸੀ[2] ਰਾਜ। ਪੈਹਹੁ ਬਡੋ ਅਨੇਕ ਸਮਾਜ। ਹਮਰੇ ਹਿਤ ਇਮ ਕਾਰਜ ਕੀਨਿ। ਇਸੀ ਹੇਤੁ ਕਰਿ ਸਭਿ ਕੁਛ ਲੀਨ' ॥੧੫॥ ਇਮ ਕਹਿ ਅਪਰ ਜਿ ਥੇ ਤਿਨ ਸਾਥ। ਤਿਨ ਪਰ ਖੁਸ਼ੀ ਕਰੀ ਤਬਿ ਨਾਥ। ਮਨਹੁੰ ਕਾਮਨਾ ਪੂਰਨ ਭਈ। ਦੋਨਹੁੰ ਕੌ ਦਸਤਾਰ ਦ੍ਵੈ[3] ਦਈ ॥ ੧੬ ॥ ਸਪਤਿ ਦਿਵਸ ਗੁਰ ਕੇ ਢਿਗ ਰਹੇ। ਬਰ ਲੇ ਕਰਿ ਦਰਸ਼ਨ ਬਰ ਲਹੇ। ਪੁਨ ਰੁਖਸਦ ਹੁਇ ਘਰ ਕੋ ਗਏ। ਤਬਿ ਤੇ ਬਧੇ ਰਾਜ ਬਡ ਭਏ[4] ॥ ੧੭ ॥ ਨਾਭਾ ਅਰ ਦੂਸਰ ਪਟਿਆਲਾ। ਗੁਰ ਬਚ ਤੇ ਇਹ ਭੇ ਮਹਿਪਾਲਾ।

†ਜਬਹਿ ਮਹਿਖ ਸਿਖ ਲੇਵਨ ਗਏ[5]।ਹਾਸ ਕਰਤਿ ਵੈਗੇਹਰ ਭਏ ॥੧੮॥ ਮਾਰਖੰਡ[6]ਸੋ ਦਯੋ ਬਤਾਇ।–ਮਾਰਹਿ ਪਿਖੈਂ ਤਮਾਸ਼ਾ ਧਾਇ–।–ਬਦਰੀ ਤਰੁ ਸੋਂ ਖਰੋ–ਬਤਾਯੋ[7]। ਗੁਰ ਕੇ ਨਾਮ ਸੁਨੈ ਚਲਿ ਆਯੋ[8] ॥ ੧੯ ॥ ਲਖੀ ਅਵੱ-ਗਯਾ ਗੁਰ ਕੀ ਹੋਈ। ਤਬਿ ਵੇਗੋਹਾਰ ਮਿਲਿ ਸਭਿ ਕੋਈ। ਬਖਸ਼ਾਵਨ ਹਿਤ ਚਲਿ ਕਰਿ ਆਏ। ਦੋਇ ਤੁਰੰਗ ਉਪਾਇਨ ਲ੍ਯਾਏ ॥੨੦॥ ਲਾਦ

[1]ਸੂਰਮਤਾ ਦੀ ਸੇਜਾ ਪਰ (ਬਿਰਾਜ) ਰਹੇ ਸਨ ਤਦੋਂ। [2]ਪੁਸ਼ਤ ਦਰ ਪੁਸ਼ਤ। [3]ਦੋ ਦਸਤਾਰਾਂ। [4]ਵਡੇ ਰਾਜੇ ਹੋਏ। [5]ਜਦੋਂ(ਬਠਿੰਡੇ ਵਿਚੋਂ ਦੌਂਤ ਕੱਢਣ ਵੇਲੇ) ਸਿੱਖ ਮਹਿਆਂ ਲੇਣ ਗਏ ਸਨ। [6](ਉਹ ਢੋਟਾ, ਸਾਂਢ ਯਾ ਹਾਥੀ) ਜੋ ਨੇੜੇ ਆਇਆਂ ਨੂੰ ਮਾਰ ਦੇਵੇ ਯਾ ਮਾਰਨ ਦੌੜੇ, ਖੂਨੀ। [7]ਬੇਰੀ ਹੇਠ ਖੜਾ ਹੈ, ਇਹ ਦੱਸਿਆ ਸੀ। [8](ਸਿੱਧਾ) ਚਲ ਪਿਆ ਸੀ।

*ਪਾ:–'ਸ੍ਰੀ ਮੁਖ ਤੇ ਭਾਖ੍ਯੋ', ਪਰ ਇਹ ਅਸ਼ੁੱਧੀ ਜਾਪਦੀ ਹੈ। †ਸਾਖੀ ਪੋਥੀ ਦੀ ਸਾਖੀ ਹੈ।

ਰਸਦ ਕੇਤਿਕ ਸੰਗ ਲੀਨਿ। ਕੂਛਕ ਰੂਪ ਰਸ[1] ਪਾਵਨ ਕੀਨਿ। ਦੇਨਿ ਹੇਤੁ ਗੁਰ ਕੋ ਲੇ ਆਏ। ਧਰਿ ਆਗੇ ਸਭਿ ਸੀਸ ਨਿਵਾਏ॥੨੧॥ਹਾਥ ਜੋਰਿ ਥਿਰਿ ਅਰਜ਼ ਗੁਜ਼ਾਰੀ। 'ਪ੍ਰਭੁ ਜੀ ! ਬਖਸ਼ਹੁ ਖਤਾ ਹਮਾਰੀ। ਮਹਿਖ ਲੇਨ ਸਿਖ ਭੇਜੇ ਜਬੈ। ਹਮ ਨੇ ਕਪਟ ਰਚ੍ਯੋ ਪਿਖਿ ਤਬੈ ॥੨੨॥ਤੁਮਨੇ ਪੜਦਾ ਢਕ੍ਯੋ ਹਮਾਰੋ। ਗਯੋ ਵਠਿੰਡੇ ਮਹਿਖ ਬਿਚਾਰੋ'। ਤੁਪਕ ਰੂਪਰਸ[2] ਹੇਰੀ ਧਰਿ ਕਰਿ। ਗੁਰੂ ਪ੍ਰਸੰਨ ਭਏ ਇਮ ਕਹਿ ਕਰਿ ॥ ੨੩ ॥ 'ਕ੍ਯਾ ਜਾਚਤਿ ਹੋ ਕਰਹੁ ਸੁਨਾਵਨ? ਬਖਸ਼ੀ ਖਤਾ ਪਰੇ ਅਬਿ ਪਾਵਨ[3]'। ਹਾਥ ਜੋਰਿ ਤਬਿ ਸਭਿਨਿ ਬਖਾਨਾ। 'ਰਾਮੇ ਕੋ ਦਿਯ ਰਾਜ ਮਹਾਨਾ ॥ ੨੪ ॥ ਹਮ ਕੋ ਭੀ ਬਖਸ਼ਹੁ ਕਰਿ ਕਰੁਨਾ। ਆਇ ਪਰੇ ਰਾਵਰ ਕੀ ਸ਼ਰਨਾ'। ਸ਼੍ਰੀ ਗੁਰ ਕਹ੍ਯੋ 'ਮਿਲੇ ਤੁਮ ਆਇ। ਜਾਨਿ ਅਵੱਗ੍ਯਾ ਲਿਯ ਬਖਸ਼ਾਇ ॥ ੨੫ ॥ ਯਾਂਤੇ ਪ੍ਰਥਮ ਰਾਜ ਹੈ ਜੇਤਿਕ। ਕੇਤਿਕ ਸਮੈਂ ਥਿਰਹਿਗੋ ਤੇਤਿਕ। ਨਹਿ ਛੀਨਹਿੰ ਕੋ ਘਰ ਸੁਖ ਪਾਓ। ਸਿਖ ਸੰਗਤਿ ਕੀ ਸੇਵ ਕਮਾਓ' ॥ ੨੬ ॥ ਇਮ ਬਖਸ਼ਾਇ ਕਿਤਿਕ ਦਿਨ ਰਹੇ। ਰੁਖਸਦ ਹੋਇ ਗ੍ਰਾਮ ਮਗ ਗਹੇ।

ਊਰੇ ਥਾਨ ਬੈਠਿ ਇਕ ਦਿਨ ਮਹਿਂ। ਲਗ੍ਯੋ ਦਿਵਾਨ ਸੁਹਾਇ ਸਭਿਨਿ ਮਾਹਿਂ ॥ ੨੭ ॥ ਭਲ ਸਿੰਘ ਗਨ ਬਿਰਾਜ਼ ਥਿਰ ਸਾਰੇ। ਸਭਿਨਿ ਸੁਨਾਵਤਿ ਬਾਕ ਉਚਾਰੇ। 'ਬਹੁ ਗੋਧੂਮ ਖੇਤ[4] ਦਿਖ ਆਵਹਿਂ। ਸੁੰਦਰ ਸ੍ਵਾਦਲ ਅੰਨ ਉਪਾਵਹਿਂ' ॥੨੮॥ ਸੁਨਿ ਡੱਲੇ ਜੁਤਿ ਸਭਿ ਕਰ ਜੋਰੇ। 'ਖੇਹੀ[5] ਖਰੀ ਪ੍ਰਭੂ ਇਤ ਓਰੇ। ਬਚ[6] ਗੋਧੂਮ ਖਰੀ ਨ ਉਚਾਰੋ। ਮੋਠ ਬਾਜਰੀ ਭਲੇ ਬਿਚਾਰੋ ॥ ੨੯ ॥ ਛਿਤ ਗੋਧੂਮ ਜਿ ਇਹਾਂ ਉਪਾਵੈਂ। ਤੁਰਕ ਦੇਹਿ ਦੁਖ, ਚੜ੍ਹਿ ਚਲਿ ਆਵੈਂ'। ਸੁਨਿ ਕਰਿ ਸ਼੍ਰੀ ਮੁਖ ਤੇ ਮੁਸਕਾਏ। ਲਖ ਮਤਿ ਹੀਨੇ[7] ਮੋਨ ਰਹਾਏ ॥ ੩੦ ॥ ਲਖਹਿਂ ਨ ਤੁਰਕ ਭਏ ਆਬ ਅਦਾ[8]। ਗੁਰ ਕੋ ਬਾਕ ਥਿਰੇ ਸਦ ਸਦਾ। ਬੀਤ ਗਏ ਕੌਤਕ ਦਿਨ ਔਰ। ਬੈਠੇ ਸਤਿਗੁਰ ਊਚੀ ਠੌਰ॥੩੧॥ ਸੁੱਖਾ ਛਕੇ ਅਮਲ ਦ੍ਰਿਗ ਆਏ। ਡੱਲੇ ਸਹਿਤ ਨਿਕਟ ਸਮੁਦਾਏ। ਦ੍ਰਿਸ਼ਟਿ ਉਚੇਰੀ ਕਰਿ ਗੁਰ ਭਨੇ। 'ਪਿਖਹੁ ਕਮਾਦ ਖਰੇ ਇਤ ਘਨੇ ॥ ੩੨ ॥ ਜਿਸਤੇ ਬਹੁ ਬਿਧਿ ਕੇ ਮਿਸ਼ਟਾਨ। ਹੋਤ ਭਲੇ ਲਹਿਂ ਸ੍ਵਾਦ ਜਹਾਨ'। ਸੁਨਿ

[1]ਲੂਣ। [2]ਬੰਦੂਕ ਤੇ ਲੂਣ। [3]ਪ੍ਰਭ ਚਰਨੀਂ ਆ ਪਏ ਹੋ। [4]ਕਣਕ ਦੇ ਖੇਤ। [5]ਕਾਹੇ। [6]ਬਚਨ ਤੋਂ। [7]ਮਤਿ ਹੀਣੇ (ਲੋਗ) ਜਾਣਕੇ। [8](ਡੱਲਾ) ਲਖਦਾ ਨਹੀਂ ਕਿ ਤੁਰਕ ਹੁਣ ( ਖਤਮ ) ਪੂਰੇ ਹੋ ਗਏ ਹਨ। [ਆਬ, ਅਦਾ=ਪੂਰਾ ਹੋਣਾ]।

ਬੈਰਾਗ਼ ਕਹੈਂ ਕਰ ਜੋਰਿ।'ਪ੍ਰਭੁ ਜੀ! ਨਹਿੰ ਕਮਾਦ ਇਤ ਓਰ ॥੩੩॥ ਤ੍ਰਿਣ ਲੈਂਬੇਰੇ ਵਧਿ ਬਹੁ ਗਏ। ਸੋ ਆਗੇ ਤੁਮ ਦੇਖਤਿ ਭਏ। ਇੱਤਯਾਦਿਕ ਵਥੁ ਰਹੈਂ ਨ ਕੋਈ। ਮੋਠ ਬਾਜਰੀ ਨਿਪਜਹਿ ਜੋਈ ॥ ੩੪॥ ਸੋਈ ਭਲੀ ਅਹੈ ਇਸ ਦੇਸ਼। ਨਾਂਹਿ ਤ ਪਹੁੰਚੈਂ ਤੁਰਕ ਵਿਸ਼ੇਸ਼। ਸਰਬ ਭਾਂਤਿ ਤੇ ਦੁਖ ਉਪਜੈਹੈਂ। ਓਜ ਪਾਇ ਕਰਿ ਹਾਲਾ ਲੈਹੈ'॥੩੫॥ਸੁਨਿ ਸ਼੍ਰੀਮੁਖ ਤੇ ਪੁਨ ਮੁਸਕਾਏ। 'ਕਯੋਂ ਤੁਮ ਅਪਨੋ ਭਲੋ ਨ ਭਾਏ? ਅਵਿਨੀ ਪੂਰਿ ਸਿਰੰਦ ਕੀ ਸਾਰੀ। ਇਹਾਂ ਲਗਾਵਨ ਹੇਤੁ ਉਚਾਰੀ ॥ ੩੬ ॥ ਭਲੇ ਪਦਾਰਥ ਜੋ ਤਹਿੰ ਹੁਤੇ। ਸਗਰੇ ਉਪਜਤਿ ਸੁਾਦਲ ਇਤੇ। ਕੇਚਿਤ ਦਿਨ ਹੁਇ ਤੁਰਕ ਬਿਨਾਸੀ। ਰਾਜ ਖਾਲਸੇ ਕੋ ਹੁਇ ਰਾਸੀ॥੩੭॥ਮੋਠ ਬਾਜਰੀ ਅੰਗੀਕਾਰਹੁ। ਅਪਰ ਨ ਹੁਇ ਇਸ ਦੇਸ਼ ਉਚਾਰਹੁ।ਸਵਾ ਜਾਮ ਦਿਨ ਚਰਿ ਹੈ ਜਾਵਦ। ਤੁਮਰੀ ਮਤਿ ਥਿਰ ਰਹੈ ਨ ਤਾਵਦ ॥ ੩੮ ॥ ਬਚਨ ਹਟਾਵਤਿ ਰਹੇ ਨ ਮਾਨਾ। ਤਊ ਸੁਨਹੁ ਇਹ ਦੇਸ਼ ਮਹਾਨਾ।ਸਨੇ ਸਨੇ ਗੋਧੁਮ ਹੁਇ ਜਾਇ*। ਦਿਨ ਪ੍ਰਤਿ ਬਸਤਿ ਰਹੈ ਅਧਿਕਾਇ ॥ ੩੯ ॥ ਅੰਪਰ ਕਾਜ ਤੁਮ ਬਹੁਤ ਬਿਗਾਰਾ। ਮਾਨਯੋਂ ਬਾਕ ਨ ਜਥਾ ਉਚਾਰਾ। ਨਾਂਹਿ ਤ ਸਕਲ ਵਸਤੁ ਇਸ ਦੇਸ਼। ਉਪਜਤਿ ਨਿਤ ਪ੍ਰਤਿ ਹੋਤਿ ਬਿਸ਼ੇਸ਼'। ੪੦॥ ਡਲ ਸਿੰਘ ਆਦਿਕ ਗਨ ਬੈਰਾਰ। ਥਿਰੁ ਹੁਇ ਰਹੇ ਮੌਨ ਮੁਖ ਧਾਰਿ। ਜਾਨ ਸਕਹਿੰ ਨਹਿੰ ਆਸ਼ੈ ਗੁਰ ਕੋ। ਨਹਿੰ ਬਾਕਨਿ ਪਰ ਧੀਰਜ ਉਰ ਕੋ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਮਦਮੇ' ਪ੍ਰਸੰਗ ਬਰਨਨੰ ਨਾਮ ਉਨਤੀਸਮੋਂ ਅੰਸੂ ॥ ੨੯ ॥

---

*ਇਹ ਸਾਰੇ ਵਰ ਹੁਣ ਸਫਲ ਹੋ ਰਹੇ ਹਨ। ਇਹ ਪੇਸ਼ੀਨਗੋਈ ਕੈਸੀ ਪੂਰੀ ਹੋਈ ਹੈ। ਗੁਰੂ ਜੀ ਇਹ ਸੰਮਤ ੧੭੬੦ ਤੇ ੧੭੬੫ ਦੇ ਵਿਚਾਲੇ ਵਿਚਾਲੇ ਉਚਾਰ ਰਹੇ ਹਨ। ਕਵੀ ਜੀ ਇਹ ਵਾਕ ੧੮੯੦ ਤੋਂ ੧੯੦੦ ਸੰਮਤ ਦੇ ਵਿਚਾਲੇ ਵਿਚਾਲੇ ਲਿਖ ਰਹੇ ਹਨ, ੧੯੦੦ ਵਿਚ ਕਵੀ ਜੀ ਦਾ ਦੇਹਾਂਤ ਹੋ ਗਿਆ ਸੀ। ਰੋਪੜ ਤੋਂ ਵੱਡੀ ਨਹਿਰ ਖੁਹਲੀ ਗਈ ਜਿਸ ਦੇ ਪਾਣੀ ਨੇ ਸਾਰੇ ਮਾਲਵੇ ਨੂੰ ਸਰਸਬਜ਼ ਕੀਤਾ, ਜਿੱਥੇ ਹੁਣ ਕਣਕਾਂ ਕਮਾਦ ਸਭ ਕੁਛ ਹੋ ਰਿਹਾ ਹੈ। ਇਹ ਨਹਿਰ ਸਰਕਾਰ ਅੰਗ੍ਰੇਜ਼ੀ ਤੇ ਮਾਲਵੇ ਦੀਆਂ ਰਿਆਸਤਾਂ ਨੇ ਰਲਕੇ ਸੰਨ ੧੮੮੨ ਅਰਥਾਤ ਸੰਮਤ ੧੯੩੯ ਵਿਚ ਬਣਾਈ ਸੀ। ਕਵੀ ਜੀ ਨੂੰ ਚੜ੍ਹ ਗਿਆਂ ਤਦੋਂ ੩੯ ਵਰ੍ਹੇ ਹੋਗਏ ਸਨ। ਗੁਰ ਕੇ ਵਾਕ ਉਚਾਰਨ ਤੋਂ ਅਰ ਕਵੀ ਜੀ ਦੇ ਇਸ ਵਾਕ ਨੂੰ ਲਿਖਣ ਤੋਂ ਬਹੁਤ ਅਰਸਾ ਬਾਦ ਪੇਸ਼ੀਨਗੋਈ ਸੱਚੀ ਹੋਈ। ਇਸ ਤੋਂ ਸਿੱਧ ਹੋ ਗਿਆ ਕਿ ਕਵੀ ਜੀ ਨੇ ਨਹਿਰ ਵੇਖਕੇ, ਮਾਲਵਾ ਵਸਦਾ ਵੇਖਕੇ ਯਾ ਸੁਣਕੇ ਇਹ ਸਾਖੀ ਨਹੀਂ ਲਿਖੀ, ਇਹ ਸਾਖੀ ਪੁਰਾਤਨ ਹੈਸੀ ਤੇ ਸਹੀ ਹੈਸੀ, ਕਵੀ ਜੀ ਨੇ ਲਿਖੀ ਤੇ ਦੇਖੋ ਕਿ ਗੁਰੂ ਕੇ ਵਾਕ ਸਮੇਂ ਸਿਰ ਸਭ ਸੱਚ ਹੋਏ।

### ੩੦. [ਕਪੂਰੇ ਦੀ ਮੌਤ। ਧਰਤੀ ਸੱਚ ਤੇ ਖਲੋਤੀ ਹੈ]।

ਦੋਹਰਾ॥ ਇਕ ਦਿਨ ਬੈਠੇ ਸਤਿਗੁਰੂ ਦਸਕ ਸਿੰਘ ਤਹਿਂ ਆਇ। ਬੰਦਨ ਕਰਿ ਬੈਠਤਿ ਭਏ ਗਾਥਾ ਕਹੀ ਸੁਨਾਇ॥ ੧॥ ਚੌਪਈ॥ 'ਕੋਟ ਕਪੂਰੇ ਕੋ ਲਿਨ ਮਾਰੀ। ਭਈ ਸਾਚ ਜਿਮ ਪ੍ਰਭੁ ਉਚਾਰੀ'। ਡਲ ਸਿੰਘ ਬੈਠਯੋ ਨਿਕਟ ਸੁਨੰਤਾ। ਬੂਝਨ ਕੀਨਿ ਸਕਲ ਬਿਰਤੰਤਾ॥ ੨॥ 'ਕਿਨ ਮਾਰਯੋ ਕਹੁ ਛੋਰ ਪ੍ਰਸੰਗ ?। ਕਿਸ ਕੇ ਸੰਗ ਕੀਨਿ ਤਿਨ ਜੰਗ ?' ਸੁਨਿਕੈ ਸਿੰਘਨ ਸਰਬ ਸੁਨਾਯੋ: 'ਮੇਲਾ ਵਿਲਵੀਂ ਬਹੁ ਚਲਿ ਆਯੋ॥ ੩॥ ਸੋਢੀ ਕੌਲ ਸੁ ਮੰਜੀ ਲਾਇ। ਬੈਠਯੋ, ਭੇਟੈਂ ਲੋਕ ਚੜ੍ਹਾਇ। ਤਹਾਂ ਕਪੁਰਾ ਭੀ ਚਲਿ ਗਯੋ। ਕੇਤਿਕ ਸੁਭਟ ਸੰਗ ਮਹਿਂ ਲਿਯੋ॥ ੪॥ ਬੈਰੀ ਬਰਗਾੜੀ[1] ਤਿਸ ਕੇਰੇ। ਹੁਤੇ ਸ਼ਰੀਕਾ ਮਰੇ ਅਗੇਰੇ। ਸੋ ਭੀ ਚਲਿ ਆਏ ਬਿਚ ਮੇਲੇ। ਜਿਨਹੁ ਦੁਹੇਲੇ ਹੋਹਿ ਨ ਮੇਲੇ[2]॥੫॥ ਪਾਨ ਸ਼ਰਾਬ ਕਰੀ ਦਿਸ਼ ਦੋਊ। ਪਾਛਲ ਬੈਰ ਚਿਤਾਰਤਿ ਸੋਊ। ਪ੍ਰਥਮ ਕਰਯੋ ਬਕਬਾਦ ਬਿਸਾਲਾ। ਗਾਰਿ ਨਿਕਾਰਤਿ ਭੇ ਜਿਸ ਕਾਲਾ॥੬॥ ਬਢੀ ਸਪਰਧਾ ਦੁਇ ਦਿਸ਼ਿ ਕੇਰੀ। ਆਯੁਧ ਲਗੇ ਚਲਨ ਤਿਸ ਬੇਰੀ। ਜ੍ਵਾਲਾਬਮਣੀ ਬ੍ਰਿੰਦ ਚਲਾਈ। ਮਰੇ ਕਿਤਕ ਮਚਿ ਪਰੀ ਲਰਾਈ॥ ੭॥ ਜਾਨਯੋਂ ਸਾਹਿਬ ਕੌਲ[3] ਬਖੇਰਾ। ਬਿਗਰਯੋ ਮੇਲਾ ਤ੍ਰਾਸ ਬਡੇਰਾ। ਅਭੈ ਰਾਮ ਨੰਦਨ ਸ੍ਰੀ ਰਾਮ[4]। ਭੇਜਯੋ ਜੁੱਧ ਹਟੈਬੇ ਕਾਮ॥ ੮॥ ਤਰਜਤਿ[5] ਦੋਨਹੁ ਦਿਸ਼ਨਿ ਹਟਾਵੈ–ਗੁਰ ਘਰ ਮੈਂ ਕਿਮ ਜੰਗ ਮਚਾਵੈਂ ?ਨਿਜ ਘਰ ਗਮਨਹੁ ਕਰਹੁ ਲਰਾਈ। ਹਟਿ ਜਾਵੋ ਕਯੋਂ ਧੂਮ ਮਚਾਈ–॥੯॥ਇਤ ਉਤਿ ਬਰਜਤਿ ਤਰਜਤਿ ਬਿਚਰਤਿ। ਭਏ ਸ਼ਰਾਬੀ ਰਿਪੁ ਅਤਿ ਹਤਿ ਮਤਿ[6]। ਜ੍ਵਾਲਾ-ਬਮਣੀ ਤਾਕਿ ਚਲਾਈ।ਹਤਿ ਦੀਨੋ ਸ੍ਰੀ ਰਾਮ ਗਿਰਾਈ॥੧੦॥ਸੁਨਿ ਮਾਨਵ ਤਬਿ ਦੌਰੇ ਗਏ। ਮਰਯੋ ਉਠਾਇ ਸੁ ਲਯਾਵਤਿ ਭਏ। ਸੋਢੀ ਅਪਰ ਗਏ ਰਿਸ ਭਰਿਕੈ।ਬਰਜਤਿ ਤਰਜਤਿ ਗਾਰਿ ਨਿਕਰਿਕੈ॥੧੧॥ਸਿਰੀ ਰਾਮ ਸਸ-ਕਾਰਨ ਲਾਗੇ। ਖਰੋ ਕੌਲ ਬਹੁ ਸੰਕਟ ਪਾਗੇ। ਬੋਲਯੋ–ਨਹੀਂ ਦਾਹੁ ਇਸ

---

[1]ਬਰਗਾੜੀ ਵਾਲੇ ਉਸ ਦੇ ਵੈਰੀ। [ਬਰਗਾੜੀ ਪਿੰਡ ਦਾ ਨਾਮ ਹੈ ਜੋ ਪਿੱਛੇ ਅੰਸੂ ੩ ਅੰਕ ੭ ਵਿਚ ਆਇਆ ਹੈ। ਉਥੇ ਕਪੂਰੇ ਦੇ ਇਕ ਸ਼ਰੀਕ ਵੈਰੀ ਦੇ ਮਰਨ ਦਾ ਪ੍ਰਸੰਗ ਬੀ ਆ ਚੁਕਾ ਹੈ]। [2]ਜਿਨ੍ਹਾਂ ਨੂੰ ਦੁੱਖ ਦਿਤਾ ਹੋਇਆ ਸੀ ਤਿਨ੍ਹਾਂ ਨਾਲ ਮੇਲ ਨਹੀਂ ਹੋਇਆ ਸੀ। [3]ਕੌਲ ਨੇ। [4]ਅਭੈ ਰਾਮ ਦੇ ਪੁਤ੍ਰ ਸ੍ਰੀ ਰਾਮ ਨੂੰ। [5]ਤਾੜਨਾ ਕਰਕੇ। [6]ਸ਼ਤਰੂਆਂ ਦੀ ਮਤ ਬਹੁਤ ਮਾਰੀ ਗਈ।

ਕਰੀਏ। ਅਪਰਬਿਘਨ ਕੁਛ ਹੋਹਿ ਬਿਚਰੀਏ ॥੧੨॥ ਤਾਤੀ ਬਾਯੁ ਲਗੀ ਮੁਝ ਅੰਗ[1]। ਤਹਿੰ ਗੁਰ ਮਾਰੇ ਠਾਨਤਿ ਜੰਗ[2]। ਮਮ ਪਰਵਾਰ ਹਟਾਵਨਿ ਗਯੋ। ਮਹਿਦ ਬਖੇਰਾ ਮਿਲਿ ਉਪਜਯੋ-॥੧੩॥ਇਤਨੇ ਮਹਿੰ ਨਰ ਦੌਰਤਿ ਆਵਾ। ਕੌਲ ਸਮੀਪ ਦੁਖਤਿ ਬਚ ਗਾਵਾ।-ਸਿਰੀ ਰਾਮ ਕੋ ਅਨੁਜ ਪ੍ਰਜਾਪਤਿ[3]। ਗੋਰੀ ਲਗੀ ਤੁਰਤ ਹੀ ਭਾ ਹਤਿ-॥ ੧੪ ॥ ਜਾਇ ਉਠਾਯਹੁ ਤਤਛਿਨ ਲ੍ਯਾਇ। ਸਭਿ ਸੋਢੀਨਿ ਕਸ਼ਟ ਬਹੁ ਪਾਇ। ਦੋਨਹੁੰ ਕੋ ਇਕਠੇ ਸਸਕਾਰਾ। ਅਭੈਰਾਮ ਤਬਿ ਸ੍ਰਾਪ ਉਚਾਰਾ ॥੧੫॥-ਮਮ ਨੰਦਨ ਤੈਂ ਮਾਰੇ ਦੋਇ। ਇਸ ਅਘ ਕੋ ਫਲ ਇਮ ਤੁਝ ਹੋਇ। ਪੂਰਬ ਸ੍ਰਾਪ ਦਸਮ ਪਾਤਿਸ਼ਾਹਾ। ਮਰੈਂ ਤੁਰਕ ਤੇ ਲੈ ਕਰਿ ਫਾਹਾ ॥੧੬॥ ਖੇਹ ਤੋਬਰਾ ਬਦਨ ਚਢਾਵਹਿੰ। ਮਰਤ ਸਮੇ ਇਸ ਬਿਧਿ ਦੁਖ ਪਾਵਹਿੰ। ਮੋਹਿ ਸ੍ਰਾਪ ਤੇ ਜੜ੍ਹੈਂ ਤੁਹਾਰੀ।ਉਖਰ ਗਈ ਸਗਰੀ ਇਕ ਬਾਰੀ ॥ ੧੭ ॥ ਪਾਨੀ ਦੇਵਾ ਰਹੈ ਨ ਕੋਈ। ਇਮ ਸੰਕਟ ਬਡ ਤੁਮ ਕੋ ਹੋਈ-।ਭਯੋ ਸ਼੍ਰਾਪ ਸੁਨਿਕੈ ਪਛੁਤਾਯੋ। ਬਹੁਰੋ ਕੇਤਿਕ ਕਾਲ ਬਿਤਾਯੋ ॥੧੮॥ *ਈਸੇ ਖਾਨ ਮੰਝ[4] ਚਢਿ ਆਯੋ। ਘੇਰਿ ਕੋਟ ਤਿਨ ਜੰਗ ਮਚਾਯੋ। ਹੇਲ ਘਾਲਿ ਕਰਿ ਚਢਿਗੇ ਸੂਰਾ।ਘਾਸ ਪੁੰਜ ਮਹਿੰ ਦੁਰਜੋ ਕਪੂਰਾ ॥ ੧੯ ॥ ਈਸੇ ਖਾਨ ਭਨ੍ਯੋ-ਬਿਚ ਅਹੈ। ਖੋਜਿ ਲੇਹੁ ਨਹਿੰ ਭਾਗਨਿ ਲਹੈ-। ਇਤ ਉਤ ਖੋਜ੍ਯੋ ਲਿਯੋ ਨਿਕਾਸ। ਗਹਿ ਕਰਿ ਆਨ੍ਯੋਂ ਤੁਰਨ ਪਾਸ ॥੨੦॥ ਦੇਖਿ ਪਠਾਨ ਭਨ੍ਯੋ-ਤੂੰ ਸੂਰਾ।ਇੱਲਾਂ ਕੁੱਕੜਵਾਂਗ।† ਕਪੂਰਾ। ਬਾਜ ਰਖਨ ਕੋ ਲਾਜ ਲਗਾਈ-। ਇਮ ਕਹਿ ਕੇ ਲਿਯ ਕੈਦ ਕਰਾਈ ॥ ੨੧ ॥ ਈਸੇ ਖਾਨ ਕੂਚ ਕਰਿ ਦੀਨਿ। ਜਿਤ ਜਾਨੋ ਸੋ ਮਾਰਗ ਲੀਨਿ। ਰਿਦੇ ਬਿਚਾਰ ਕਰਤਿ ਭਾ ਮਹਾਂ।-ਇਸ ਪਕਰੇ ਹੁਇ ਹਾਸਲ ਕਹਾਂ- ॥ ੨੨ ॥ ਤਾਲ ਉਜਾਰ ਬਿਖੈ ਇਕ ਹੇਰਾ। ਖਰੋ ਹੋਇ ਬੋਲ੍ਯੋ ਤਿਸ ਬੇਰਾ। -ਲਾਦ੍ਯੋ ਸੰਗ ਜਾਟ ਕ੍ਯਾ ਦੇਹਿ। ਆਛੀ ਬਾਤ ਨ ਛੋਰਹਿ ਏਹਿ ॥ ੨੩ ॥ ਯਾਂਤੇ ਇਹ ਦਰਖਤ ਜੋ ਖਰੋ। ਫਾਹੇ ਇਸੇ ਚਢਾਵਨਿ ਕਰੋ-।ਸੁਨਿ ਪਠਾਨ ਕੋ ਹੁਕਮ ਸਿਧਾਏ। ਫਾਹੇ ਹੇਤੁ ਕਪੂਰਾ ਲ੍ਯਾਏ ॥ ੨੪ ॥ ਦੇਖਿ ਮਹਾਂ ਦੁਖ

---

[1](ਓਧਰੋਂ) ਤੱਤੀ ਵਾ ਮੇਰੇ ਅੰਗਾਂ ਨੂੰ ਲਗਦੀ ਹੈ। ਅਕਾਰਣ ਅੰਗਾਂ ਨੂੰ ਤੱਤੀ ਵਾ ਲਗਣੀ ਤੀਤ ਦੇਣੀ ਅਪਸ਼ਗਨ ਗਿਣਿਆ ਜਾਂਦਾ ਹੈ। [2]ਜਿੱਥੇ ਗੁਰੂ ਮਾਰੇ ਜੰਗ ਕਰਦੇ ਹਨ। [3]ਸ੍ਰੀ ਰਾਮ ਦੇ ਛੋਟੇ ਭਿਰਾਉ ਪ੍ਰਜਾਪਤਿ ਨੂੰ। [4]ਈਸੇ ਖਾਂ ਜਿਸ ਦੀ ਜਾਤ ਮੰਝ ਸੀ। ਇਹ ਦੁਆਬੇ ਦਾ ਹਾਕਮ ਸੀ, ਸਿੱਖਾਂ ਦਾ ਬਹੁਤ ਵੈਰੀ ਸੀ। *ਸਾਖੀ ਪੋਥੀ ਵਿਚੋਂ ਹੈ। †ਪਾ:-ਵਾਲ

ਪਾਇ ਬਖਾਨਾ[1] ।--ਕਰਨਿ ਦੇਹੁ ਮੁਝ ਇਹਾਂ ਸ਼ਨਾਨਾ। ਬਦਨ ਤੋਬਰਾ ਫੇਰ ਚਢਾਇ। ਫਾਹਾ ਦੇਹੁ ਬਹੁਰ ਇਸ ਥਾਇਂ--॥ ੨੫ ॥ ਕਿਸ ਨਰ ਬੂਝਯੋ ! --ਕਯੋਂ ਕਹਿ ਐਸੇ ? ਵਾਜਬ ਨ੍ਹਾਨ*, ਤੋਬਰਾ ਕੈਸੋ[2] ?। ਤਿਨਕੇ ਨਿਕਟ ਬਤਾਵਨ ਕੀਨ:--ਮੇਰੇ ਗੁਰੂ ਸ੍ਰਾਪ ਇਮ ਦੀਨ॥ ੨੬ ॥ ਖੇਹ ਤੋਬਰਾ ਬਦਨ ਚਢਾਇ। ਫਾਹਾ ਦੇਹਿ ਤੁਰਕ ਮਰਿਵਾਇ। ਅਪਰ ਬਾਤ ਸਗਰੀ ਬਨਿ ਆਈ। ਨਹੀਂ ਤੋਬਰਾ ਤੁਮਹੁ ਅਨਾਈ ॥ ੨੭ ॥ ਸੋ ਮੰਗਵਾਇ ਦੇਹੁ ਮੁਝ ਫਾਸੀ। ਪੂਰਹੁ ਬਾਕ ਗੁਰੂ ਅਬਿਨਾਸ਼ੀ। ਨਤੁਰ ਤੋਬਰੇ ਹਿਤ ਤਨ ਔਰ। ਸਹੌਂ ਸ੍ਰਾਪ ਧਰਿ ਕੈ ਕਿਸ ਠੌਰ--॥ ੨੮ ॥ ਸੁਨਿ ਕੈ ਤੁਰਕ ਤਥਾ ਹੀ ਕੀਨਿ। ਖੇਹ ਤੋਬਰਾ ਮੁਖ ਬਿਚ ਦੀਨਾ।ਪਾਇ ਜੇਵਰਾ ਗਰ ਲਟਕਾਯੋ। ਇਮ ਅਵਗਤਿ ਲਹਿ ਪ੍ਰਾਨ ਗਵਾਯੋ॥੨੯॥ਰਾਵਰ ਕੋ ਜੋ ਹੁਕਮ ਨ ਮਾਨਾ। ਮਹਾਂ ਮੂੜ ਲਹਿ ਕਸ਼ਟ ਮਹਾਨਾ'। [3]ਸੁਨਿ ਸਤਿਗੁਰ ਮੁਖ ਭੂਸ਼ਨਿ ਧਾਰੀ। [4]ਬਾਕ ਅਮੋਘ ਟਰਹਿਂ ਨਹਿ ਟਾਰੀ ॥ ੩੦॥ ਬ੍ਰਹਮ ਅਸਤ੍ਰ ਰਘੁਬਰ ਸਰ-ਮੰਗਾ[4] । ਭਯੋ ਨ ਨਿਸ਼ਫਲ ਸ਼ੱਤ੍ਰੁਨਿ ਭੰਗਾ। ਨਹੀਂ ਸਮਰਥ ਹਟਾਵਨਿ ਕੋਈ।ਓਟ ਸੁਮੇਰ ਨ ਬਚਿਬੋ ਹੋਈ ॥੩੧॥ ਸੁਨਿ ਬੈਰਾੜ ਤ੍ਰਾਸ ਕੇ ਸਾਥ। ਸ਼ਰਧਾ ਸਹਿਤ ਨਿਵਾਵਹਿਂ ਮਾਥ। ਕੇਚਿਤ ਦਿਵਸ ਬਿਤੇ ਤਹਿ ਔਰ। ਬਸੇ ਪ੍ਰਭੂ ਸੋਢੀ ਸਿਰਮੌਰ ॥੩੨॥ ਅਭੈ ਰਾਮ ਬਡ ਸ਼ੋਕ ਭਯੋ ਹੈ।ਜੁਗ ਪੁੱਤ੍ਰਨਿ ਇਕ ਬਾਰ ਹਯੋ ਹੈ। ਇਕ ਦਿਨ ਲਾਗਯੋ ਕਰਨਿ ਅਹਾਰਾ। ਬਰਖਾ ਮਹਿਂ ਗਰਜਯੋ ਘਨ ਭਾਰਾ॥ ੩੩ ॥ ਸਹਿ ਨ ਸਕਯੋ ਦੁਖ ਪਾਇ ਉਚਾਰੇ। 'ਮੁਝ ਕੋ ਸ਼ੋਕ ਭਯੋ ਸੁਤ ਮਾਰੇ। ਘਰ ਤੇਰੇ ਮਹਿਂ ਭਈ ਵਧਾਈ। ਗਰਜਿ ਗਰਜਿ ਕੈ ਮੋਹਿ ਸੁਨਾਈ ॥ ੩੪ ॥ ਮੇਰੀ ਪੀਰ ਨ ਤੁਝ ਕੋ ਕੋਈ। ਸ਼ੋਕ

[1]ਕਪੂਰਾ ਬੋਲਿਆ। [2]ਇਸ਼ਨਾਨ ਤਾਂ ਹੋਗਾ ਹੈ ਪਰ ਤੋਬਰਾ ਕਿਸ ਲਈ ? [3]ਕਵੀ ਕਹਿੰਦਾ ਹੈ। [4](ਗੁਰੂ ਜੀ ਦਾ) ਵਾਕ ਟਾਲਿਆਂ ਨਾ ਟਲਣ ਵਾਲਾ (ਐਸਾ) ਅਮੋਘ ਹੈ (ਜੈਸਾ) ਬ੍ਰਹਮ ਅਸਤ੍ਰ ਵਾਲਾ ਰਘੁਬਰ ਦਾ ਤੀਰ। [ਬ੍ਰਹਮਾਸਤ੍ਰ=ਇਕ ਪ੍ਰਕਾਰ ਦਾ ਅਸਤ੍ਰ ਜੋ ਮੰਤ੍ਰਾਂ ਨਾਲ ਪਵਿਤ੍ਰ ਕਰਕੇ ਚਲਾਇਆ ਜਾਂਦਾ ਸੀ]। (ਅ) ਗੁਰੂ ਕਾ ਵਾਕ ਐਸਾ ਅਮੋਘ ਤੇ ਟਾਲਿਆਂ ਨਾਂ ਟਲਣ ਵਾਲਾ ਹੈ ਕਿ ਜੈਸੇ ਬ੍ਰਹਮਾਂ ਦਾ ਤੀਰ ਰਘੁਬਰ ਦੇ ਧਨੁਖ ਨਾਲ ਚਲਾਇਆ ਹੋਇਆ ( ਅਮੋਘ ਹੈ )। [ਬ੍ਰਹਮਾਸਤ੍ਰ=ਬ੍ਰਹਮਾ ਦਾ ਅਸਤ੍ਰ। ਬ੍ਰਹਮਾ ਰਚਿਤ ਇਕ ਤਰ੍ਹਾਂ ਦਾ ਤੀਰ। 'ਸਰ' ਦਾ ਅਰਥ ਬਾਣ ਹੈ, ਪਰ 'ਸਰ' ਦਾ ਅਰਥ ਦੋਸੀ ਹੋਣ ਕਰਕੇ ਇਸ ਦਾ ਭਾਵ ਕਮਾਨ ਬੀ ਲਿਆ ਜਾਂਦਾ ਹੈ]।

*ਪਾ:--ਨ੍ਹਾਹਿ।

ਪਰੇਯੋ ਪੀੜਤਿ ਹੋਈ। ਅਬਿ ਹਟਿ ਜਾਹੁ ਨ ਦੇਹੁ ਦਿਖਾਈ'। ਅਭੈਰਾਮ ਜਬਿ ਏਵ ਅਲਾਈ ॥੩੫॥ ਝਰ ਮਿਟਿ ਗਯੋ ਨ ਬਰਖਯੋ ਬਾਰੀ। ਭਾ ਦੁਰ-ਭਿੱਛ ਦੇਸ਼ ਤਿਸ ਭਾਰੀ। ਚਿਰੰਕਾਲ ਲਗਿ ਮੇਘ ਨ ਆਇ। ਰਵਿ ਤਪ-ਤਯੋ ਬਹੁ ਨਰ ਅਕੁਲਾਇ ॥੩੬॥ ਇਸ ਪ੍ਰਕਾਰ ਤਿਤ ਕੇਰ ਪ੍ਰਸੰਗ। ਭਯੋ ਉਚਾਰਯੋ[1] ਸ੍ਰੋਤਨ ਸੰਗ[2]। ਬਾਸ ਦਮਦਮੇ ਸਤਿਗੁਰ ਕੀਨਿ। ਕੇਤਿਕ[3] ਸ੍ਰਾਪ ਕਿਤਿਕ[3] ਬਰ ਲੀਨ ॥ ੩੭ ॥ *ਇਕ ਦਿਨ ਬੈਠੇ ਸਭਾ ਮਝਾਰੀ। ਸਭਿਨਿ ਸੁਨਾਵਤਿ ਗਿਰਾ ਉਚਾਰੀ।'ਕਹਹੁ ਧਰਾ ਇਹੁ ਕਿਨੇ ਉਠਾਈ? ਕਿਸ ਊਪਰ ਥਿਰ ਹੋਤਿ ਸਦਾਈ' ॥ ੩੮ ॥ ਕੋ ਭਾਖਤਿ 'ਛਿਤ ਧਵਲ ਉਠਾਵੈ'। ਕੇਚਿਤ ਬੋਲੇ, 'ਸ਼ੇਸ਼ ਚਵਾਵੈ[4]'। 'ਕਮਠ ਪੀਠ ਪਰ' ਕਿਨਹੁੰ ਬਤਾਈ। 'ਕੋਲ ਦਾੜ ਪਰ[5]' ਕਹੈਂ 'ਉਠਾਈ' ॥ ੩੯ ॥ ਸੁਨਿ ਪੁਨ ਗੁਰੂ ਸੁ ਬੂਝਨਿ ਕਰੇ। 'ਜਿਨਹੁ ਉਠਾਈ ਕੋ ਤਿਨ ਤਰੇ[6]? ਬਿਨ ਅਲੰਬ ਨਹਿਂ ਸਕਹਿ ਉਠਾਇ। ਜਿਨਹੁੰ ਉਠਾਇ ਸੁ ਦੇਹੁ ਬਤਾਇ' ॥ ੪੦ ॥ ਹਾਥ ਜੋਰਿ ਸਭਿਹੂੰਨਿ ਅਲਾਈ। 'ਕ੍ਰਿਪਾ ਕਰਹੁ ਦਿਹੁ ਆਪ ਬਤਾਈ'। ਸ੍ਰੀ ਮੁਖ ਤੇ ਸਭਿ ਬਿਖੈ ਉਚਾਰਾ। 'ਇਹ ਜੋ ਦੇਖਹੁ ਸਕਲ ਪਸਾਰਾ ॥ ੪੧ ॥ ਸਾਚ ਆਸਰੇ ਸੰਭਿ ਥਿਰ ਭਯੋ। ਸਾਚ ਬਿਨਾ ਅਵਲੰਬ ਨ ਬਿਯੋ। ਸਾਚ ਆਸਰੇ ਸੂਰਜ ਤਪੈ। ਸਾਚ ਆਸਰੇ ਨਿਸਪਤਿ ਦਿਪੈ ॥ ੪੨ ॥ ਸਾਚ ਆਸਰੇ ਸਿੰਧੁ ਗੰਭੀਰ। ਸਾਚ ਆਸਰੇ ਧਰਤੀ ਧੀਰ। ਸਾਚ ਆਸਰੇ ਬਾਯੁ ਬਹੰਤਾ। ਸਾਚ ਆਸਰੇ ਅਗਨਿ ਤਪੰਤਾ ॥੪੩ ॥ ਸਾਚ ਆਸਰੇ ਕੂੜ ਦਿਖੰਤਾ। ਸਾਚ ਬਿਨਾ ਕੂੜ ਨ ਨਿਬਹੰਤਾ[7]।ਜਥਾ ਰਜੂ ਸਾਚੀ ਦਿਖਿਯੰਤਾ। ਤਿਸ ਮਹਿਂ ਕੂੜ ਸਰਪ ਕਲਪੰਤਾ ॥੪੪ ॥ ਜੇ ਸਾਚੀ ਰਜੁ ਹੋਇ ਨ ਤਹਾਂ। ਸਰਪ ਕੂੜ ਕੋ ਕਲਪਹਿ ਕਹਾਂ। ਯਾਂਤੇ ਨਿਸਚੈ ਇਹੈ ਕਰੀਜੈ। ਸਾਚ ਆਸਰੇ ਸਕਲ ਜਨੀਜੈ†' ॥੪੫॥ ਸੁਨਿ ਕੈ ਸਭਿ ਹੂੰ ਸੀਸ ਨਿਵਾਯੋ। 'ਆਪ

[1]ਕਵੀ ਜੀ ਕਹਿੰਦੇ ਹਨ। [2]ਸ੍ਰੋਤਿਆਂ ਨਾਲ। [3]ਕਿਤਨਿਆਂ ਨੇ। [4]ਚੁੱਕਦਾ ਹੈ। [5]ਸੂਰ ਦੀ ਦਾੜ ਉਤੇ। [6]ਤਿਨ੍ਹਾਂ ਦੇ ਹੇਠਾਂ ਭਾਵ ਅੰਤ ਵਿਚ ਸਭ ਦੇ ਹੇਠਾਂ ਕੌਣ ਹੈ। [7]ਭਾਵ ਕੂੜੇ ਪ੍ਰਪੰਚ ਦਾ ਨਿਰਬਾਹ ਸੱਚ ਬਿਨਾਂ ਨਹੀਂ ਹੋਸਕਦਾ। *ਸਾਖੀ ਪੋਥੀ ਦੀ ਸਾਖੀ ਹੈ। †ਰੂਹਾਨੀ ਆਧਾਰ ਜਗਤ ਦਾ ਕਰਤਾਰ ਆਪ ਹੈ। ਜੋ ਸੱਚ ਹੋਕੇ ਸਾਰੇ ਵਯਾਪਕ ਤੇ ਸਭ ਦਾ ਆਧਾਰ ਹੈ। ਇਸ ਕਹਿਣ ਵਿਚ ਇਹ ਜਣਾਯਾ ਹੈ ਕਿ ਧਰਤੀ ਸੂਰਜ ਚੰਦ ਤਾਰੇ ਕਿਸੇ ਸਰੀਰਕ ਸਥੂਲ ਮੱਛੂ ਕੱਛੂ ਆਦਿ ਦੇ ਸਿਰ ਤੇ ਨਹੀਂ ਖੜੇ, ਇਹ ਖਿਆਲ ਗ਼ਲਤ ਹਨ, ਇਹ ਸਤਸਰੂਪ ਸਾਈਂ ਦੀ ਸੱਤਯਾ ਦੇ ਆਸਰੇ ਪੁਲਾੜ ਵਿਚ ਹਨ ਤੇ ਚਲ ਰਹੇ ਹਨ, ਯਥਾ:—"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥"

ਜਥਾਰਥ ਹੀ ਸਮੁਝਾਯੋ।ਜਿਸਪਰ ਕ੍ਰਿਪਾ ਆਪਕੀ ਹੋਇ।ਸਾਰ ਪਛਾਨੈ ਹਰਿ ਜੀ ਸੋਇ ॥੪੬॥ ਧੰਨ ਧੰਨ ਸਤਿਸੰਗ ਤੁਮਾਰਾ। ਭਉਜਲ ਪਾਰ ਉਤਾਰਨ ਹਾਰਾ।ਜਨਮ ਮਰਨ ਕੋ ਬਹੁਰ ਨ ਫੇਰਾ।ਅਪਨੋ ਜਾਨਿ ਕਰਯੋ ਜੋ ਚੇਰਾ'॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹੁਰੇ ਕੋ' ਪ੍ਰਸੰਗ ਬਰਨਨ ਨਾਮ ਇਕ ਤ੍ਰਿੰਸਤੀ ਅੰਸੂ ॥ ੩੦ ॥

੩੧. [ਭਾਈ ਦਇਆ ਸਿੰਘ ਜੀ ਜ਼ਫਰਨਾਮਾ ਲੈ ਕੇ ਔਰੰਗਜ਼ੇਬ ਨੂੰ ਮਿਲੇ]।

ਦੋਹਰਾ ॥ ਦਯਾ ਸਿੰਘ ਕੋ ਸਿਮਰਤੇ–ਗਯੋ ਭਯੋ ਚਿਰਕਾਲ। ਮਿਲਨੋ ਕਿ ਨਹਿੰ ਤੁਰਕੇਸ਼ ਕੋ ਲਾਗੀ ਬਿਲਮ[1] ਬਿਸਾਲ ॥ ੧ ॥ ਚੌਪਈ ॥ ਤਿਹ ਸੁਧ ਲੇ ਹਮ ਦੱਛਨ ਜਾਨਾ।ਕਿਮ ਕਾਰਜ ਭਾ ਕੋਇ ਨ ਜਾਨਾ–। ਕਰਹਿੰ ਪ੍ਰਤੀ-ਛਨ ਸ੍ਰੀ ਭਗਵਾਨ। ਉਤ ਜਿਮ ਭਈ ਸੁਨਹੁ ਦੇ ਕਾਨ ॥੨॥ ਦੈਨ ਹੁਕਮ ਨਾਮਾ ਗੁਰ ਕੇਰਾ। ਦਯਾ ਸਿੰਘ ਕਰਿ ਜਤਨ ਬਡੇਰਾ[2]। ਘਨੇ ਅਮੀਰ ਵਜ਼ੀਰ ਮੁਲਾਨੇ। ਹਜ਼ਰਤਿ ਸਾਥ ਨ ਕੋਇ ਬਖਾਨੇ ॥ ੩ ॥ ਕੌਤਿਕ ਬਾਦੀ ਮਨਮੁਖ ਗੁਰ ਤੇ। ਬਡੇ ਅਸ਼ਰਧਕ ਬੇਮੁਖ ਧੁਰ ਤੇ। ਜੋ ਕੋਇਕ ਚਾਹਤਿ ਲੇ ਜਾਨੇ। ਸੋ ਬਰਜਤਿ ਥੇ ਮੁਗਧ ਅਜਾਨੇ ॥ ੪ ॥ ਦਾਵ ਘਾਵ ਕਰਿ ਅਨਿਕ ਪ੍ਰਕਾਰਾ। ਦਯਾ ਸਿੰਘ ਕੋ ਚਲਯੋ ਨ ਚਾਰਾ। ਹੁਇ ਲਾਚਾਰ ਲਿਖੀ ਅਰਦਾਸ। ਪਹੁੰਚੀ ਸ੍ਰੀ ਸਤਿਗੁਰ ਕੇ ਪਾਸ ॥੫॥ ਜੋਰੀ ਕਾਸਦ[3] ਕੀ ਚਲਿ ਆਈ। ਚਰਨ ਕਮਲ ਪਰ ਗ੍ਰੀਵ ਨਿਵਾਈ। ਖੋਲੀ ਨਿਜ ਕਰ ਤੇ ਗੁਰ ਪਠੀ। ਦਯਾ ਸਿੰਘ ਬਿਨਤੀ ਲਿਖਿ ਪਠੀ ॥ ੬ ॥ 'ਅਪਨਾ ਕਾਰਜ ਆਪ ਬਨਾਵਹੁ। ਜਿਮ ਭੇਜਯੋ ਤਿਮ ਸ਼ਾਹੁ ਮਿਲਾਵਹੁ। ਇਹਨਾਂ ਸਾਕਤ ਕੂੜ ਕੁਪੱਤੇ। ਮਿਲਨਿ ਦੇਤਿ ਨਹਿੰ ਸ਼ਾਹੁ ਚੁਗੱਤੇ ॥ ੭ ॥ ਅਨਿਕ ਉਪਾਵ ਕਰਤਿ ਮੈਂ ਰਹਯੋ। ਤਊ ਨ ਅੰਤਰ ਮੇਲਾ ਲਹਯੋ। ਲਿਖਤੁਮ ਦਯਾ ਸਿੰਘ ਇਮ ਬਿਨਤੀ[4]। ਪਠੀ ਹਕੀਕਤਿ ਤਜਿ ਕਰਿ ਗਿਨਤੀ ॥ ੮ ॥ ਚਰਨ ਕਮਲ ਪਰ ਬੰਦਨ ਘਨੀ। ਬਾਰਿ ਬਾਰਿ ਕਰ ਜੋਰਤਿ ਭਨੀ। ਕ੍ਰਿਪਾ ਕਰਹੁ ਅਬਿ ਬਨਹੁ ਸਹਾਇ। ਤੁਮ ਤੇ ਹੀ ਸਭਿ ਕਿਛ ਬਨਿ ਆਇ' ॥ ੯॥ ਪਠਿ ਕਰਿ ਸਤਿਗੁਰ ਸਭਿ ਗਤਿ ਜਾਨੀ। ਪੁਨਹਿ ਪੱਤ੍ਰਿਕਾ ਲਿਖਿਬੇ ਠਾਨੀ। 'ਅਬ ਤੂੰ ਤਯਾਰ ਰਹਹੁ ਬਨਿ ਆਛੇ।ਪੱਤ੍ਰੀ ਪਢੇ ਮੇਲ ਹੁਇ ਬਾਛੇ[5]*॥੧੦॥ ਆਪੇ ਹੀ ਅਵਰੰਗ ਬੁਲਵਾਵੈ। ਸੁਨਹਿ ਬਾਰਤਾ ਬਹੁਰ ਸੁਨਾਵੈ'। ਇੱਤਯਾ-

[1]ਦੇਰ। [2]ਬਹੁਤ ਜਤਨ ਕੀਤਾ। [3]ਹਲਕਾਰਿਆਂ ਦੀ ਜੋੜੀ। [4]ਮੈਂ ਦਇਆ ਸਿੰਘ ਲਿਖਦਾ ਹਾਂ ਇਹ ਬੇਨਤੀ [ਪ੍ਰ: ਪੰ: ਲਿਖਤੁ : ਮੈਂ] (ਅ, ਲਿਖੀ ਹੋਈ, ਲਿਖੀ ਗਈ । [ਸਿੰ: ਲਿਖਿਤ ਸੰ: ਲਿਖਤ੍ਰ=ਲਿਖੇ ਜਾਣ ਦੀ ਦਸ਼ਾ]। [5]ਇੱਛਤ ਮੇਲ ਹੁਣ ਹੋ ਜਾਏਗਾ। *ਪਾ:–ਪਾਛੇ।

ਦਿਕ ਲਿਖਿ ਤੁਰਤ ਪਠਾਈ। ਦਯਾ ਸਿੰਘ ਕੇ ਨਿਕਟ ਸੁ ਆਈ॥ ੧੧॥ ਪਠੀ ਪੱਤ੍ਰਿਕਾ ਗੁਰ ਕੀ ਜਬੈ। ਸਮੁਝਯੋ, ਕਾਰਜ ਗੁਰ ਕੋ ਸਬੈ। 'ਜਬਹਿ ਸ਼ਾਹੁ ਕੇ ਨਿਕਟਿ ਸਿਧਾਵੈ। ਸ਼ਸਤ੍ਰ ਅਮਾਨਤਿ ਜਾਚੇ ਲਯਾਵੈ[1]' ॥ ੧੨॥ ਅਧਿਕ ਅਨੰਦਤਿ ਹੁਇ ਤਬਿ ਬਿਰਯੋ। ਮਾਨਹੁ ਕਾਜ ਸਕਲ ਹੀ ਕਰਯੋ। ਸੋ ਦਿਨ ਬੀਤਾ ਨਿਸ ਹੁਇ ਆਈ।*ਅਵਰੰਗ ਦਮ[2] ਕੋ ਕਰਤਿ ਸਦਾਈ ॥੧੩॥ ਤਿਸ ਕੇ ਬਲ ਕਰ ਜਾਤਿ ਹਮੇਸ਼। ਕਾਬੇ ਕਰਹਿ ਨਿਵਾਜ ਅਸ਼ੇਸ਼। ਜਬਿ ਅਪਨੋ ਤਿਨ ਵਖਤ ਪਛਾਨਾ। ਹਜ਼ਰਤ ਕਰਨ ਸੁ ਦਮ ਕੋ ਠਾਨਾ॥ ੧੪॥ ਮੱਕੇ ਪਹੁੰਚਯੋ ਕਰਨਿ ਨਿਵਾਜ†। ਗਾਥ ਲਖੀ ਸਭਿ ਗੁਰੂ ਮਹਾਂਰਾਜ। ਤਿਸਕੀ ਸੂਰਤ ਕੇਰ ਗ਼ਰੂਰ। ਪ੍ਰਭੂ ਬਿਚਾਰਯੋ ਕਾਰਿਬੋ

[1]ਭਾਵ ਸਾਡਾ ਇਕ ਸ਼ਸਤ੍ਰ ਉਸ ਪਾਸ ਅਮਾਨਤ ਹੋਵੇਗਾ ਸੋ ਮੰਗ ਲਿਆਉਣਾ । [2]ਪ੍ਰਾਣਾਯਾਮ [ਫਾ:, ਹਬਸਦਮ=ਸ੍ਵਾਸਾਂ ਦਾ ਰੋਕਣਾ]। *ਸੌ ਸਾਖੀ ਦੀ ੨੯ਵੀਂ ਸਾਖੀ ਹੈ।

†ਅਕਬਰ ਦੀ ਚਾਲ ਮਜ਼ਹਬੀ ਧੱਕਾ ਕਰਨ ਦੀ ਘੱਟ ਸੀ, ਤਦ ਤੋਂ ਕਾਜ਼ੀ ਮੁੱਲਾਂ ਨਾਰਾਜ਼ ਸਨ। ਔਰੰਗੇ ਨੇ ਇਹ ਚਾਲ ਬਦਲਕੇ ਮੁਸਲਮਾਨਾਂ ਨੂੰ ਖ਼ੁਸ਼ ਕਰ ਲਿਆ ਤੇ ਮੁਸਲਿਮ ਤਾਕਤ ਸੰਘਠਨ ਕਰਨ ਵਿਚ ਆਪਣਾ ਬਲ ਵਧਦਾ ਸਮਝਿਆ । ਹੁਣ ਦੂਸਰੀਆਂ ਕੌਮਾਂ ਤੇ ਇਨਸਾਫ਼ ਪਸੰਦ ਮੁਸਲਮਾਨਾਂ ਨੇ ਤੇ ਆਮ ਲੋਕਾਂ ਨਰਾਜ਼ ਹੋਣਾ ਹੀ ਸੀ, ਸੋ ਏਹੋ ਜਿਹੀਆਂ ਗੱਲਾਂ ਸ਼ਾਹ ਦੀ ਰੂਹਾਨੀ ਤਾਕਤ ਦੀਆਂ ਮੁਲਾਣਿਆਂ ਨੇ ਘੜਕੇ ਸਰਬ ਸਾਧਾਰਨ ਵਿਚ ਫੈਲਾਈਆਂ ਕਿ ਸਾਡਾ ਸ਼ਾਹ ਇਤਨਾ ਬਲੀ ਹੈ ਕਿ ਰੋਜ਼ ਮੱਕੇ ਜਾਕੇ ਨਿਮਾਜ਼ ਪੜ੍ਹਦਾ ਹੈ । ਇਹ ਗੱਲ ਸੌ ਸਾਖੀ ਵਾਲੇ ਨੇ ਸੁਣੀ ਸੁਣਾਈ ਯਾ ਮਨੋਕਲਪਿਤ ਲਿਖੀ ਹੈ, ਉਥੋਂ ਦਾ ਉਤਾਰਾ ਕਵੀ ਜੀ ਨੇ ਕੀਤਾ ਹੈ। ਐਸੇ ਜ਼ਾਲਮ ਨਿਰਦਈ ਵਿਚ ਇਤਨੀ ਰੂਹਾਨੀ ਏਕਾਗ੍ਰਤਾ ਕਿੱਥੋਂ ਸੀ, ਓਹ ਤਾਂ ਇਤਿਹਾਸਕਾਰਾਂ ਦੇ ਲੇਖਾਂ ਤੋਂ ਅਸੀਂ ਦੱਸ ਆਏ ਹਾਂ ਕਿ ਮੁਸਲਮਾਨ ਵੀ ਦੀਨਦਾਰ ਨਹੀਂ ਸੀ, ਨਿਮਾਜ਼ ਰੋਜ਼ੇ ਦੀਨ ਦੇ ਕੰਮ ਸਭ ਇਕ ਬੁਰਕਾ ਮਾਤ੍ਰ ਸਨ, ਅੰਦਰਲੀਆਂ ਰਾਜਸੀ ਕਪਟ-ਨੀਤੀਆਂ ਦੇ ਢੱਕਣ ਲਈ ।

ਗੁਰੂ ਜੀ ਨੇ ਆਪ ਉਸਨੂੰ 'ਨ ਸਾਹਿਬ ਸ਼ਿਨਾਸੀ ਨ ਮੁਹੰਮਦ ਯਕੀਂ' ਲਿਖਿਆ ਹੈ। ਅਰਥਾਤ ਨਾਂ ਤੂੰ ਰੱਬ ਨੂੰ ਪਛਾਣਦਾ ਹੈਂ ਤੇ ਨਾਂ ਰੱਬ ਤੇ ਤੇਰਾ ਭਰੋਸਾ ਹੈ। ਅੰਤ ਵੇਲੇ ਔਰੰਗਜ਼ੇਬ ਆਪ ਆਪਣੇ ਅਮਲਾਂ ਤੋਂ ਘਬਰਾਉਂਦਾ ਤੇ ਆਕਬਤ ਤੋਂ ਡਰਦਾ ਮਰਦਾ ਹੈ । ਬਾਕੀ ਰਹੀ ਗੱਲ ਸਤਿਗੁਰੂ ਜੀ ਦਾ ਉਸਨੂੰ ਨਿਮਾਜ਼ ਵੇਲੇ ਦਰਗਾਹ ਦੇ ਦਰਸ਼ਨ ਕਰਾਕੇ ਆਪਣਾ ਛੇ ਦਿਖਾਉਣਾ, ਇਹ ਕਠਨ ਬਾਤ ਨਹੀਂ; ਕਿਉਂਕਿ ਸਤਿਗੁਰੂ ਜੀ ਆਪ ਆਤਮਕ ਬਲ ਦਾ ਪੁੰਜ ਸਨ। ਆਪਣੇ ਮਨ ਦੇ ਬਲ ਨਾਲ ਔਰੰਗੇ ਨੂੰ ਦਰਸ਼ਨ ਦੇਕੇ ਡਰਾ ਦੇਣਾ ਆਦਿਕ ਬਾਤਾਂ ਉਨ੍ਹਾਂ ਅਗੇ ਨਾਮੁਮਕਿਨ ਨਹੀਂ ਸਨ, ਜਦ ਕਿ ਹੁਣ ਮੈਸਿਮਰਿਜ਼ਮ ਤੇ ਹੈਪਨਾਟਇਜ਼ਮ ਵਾਲੇ ਮਾਮੂਲੀ ਲੋਕ ਐਹੋ ਜੇਹੀਆਂ ਕਈ ਗੱਲਾਂ ਕਰ ਰਹੇ ਹਨ।

ਦੂਰ ॥ ੧੫ ॥ ਕਮਰਕਸਾ* ਕਰਿ ਸ਼ਸਤ੍ਰਨਿ ਧਰਿਕੈ । ਨਿਜ ਤੁਰੰਗ ਆਰੂਢਨਿ ਕਰਿਕੈ । ਮੱਕੇ ਪਹੁੰਚੇ ਸਤਿਗੁਰ ਜਾਈ । ਬਿਚਰੇ ਮੰਦਿਰ ਕੇ ਚਹੁੰ ਘਾਈ ॥ ੧੬ ॥ ਜਬਿ ਨਿਵਾਜ ਕਰਿ ਨਿਕਸਯੋ ਬਾਹਰ । ਪ੍ਰਭੁ ਸਰੂਪ ਦਿਖਰਾਯੋ ਜ਼ਾਹਰ। ਕ੍ਰੂਰ[1] ਦ੍ਰਿਸ਼ਟਿ ਤੇ ਦੇਖਨਿ ਕਰਯੋ ।–ਨਿਕਸਤਿ ਪ੍ਰਾਣ ਮਨੋ–ਮਨ ਡਰਯੋ[2]॥ ੧੭॥ਉਗ੍ਰ ਬਾਕ ਤੇ ਕੀਨਿ ਬਖਾਨੀ। 'ਕੋ ਹੈਰੇ! ਮੂਰਖ ਮਦ ਮਾਨੀ? ਆਗੈ ਹੋਇ, ਚਹਤਿ ਜੇ ਭਲਯੋ[3]'। ਸੁਨਿ ਭੈ ਧਰਿ ਕਰਿ ਤੂਰਨ ਚਲਯੋ ॥ ੧੮ ॥ ਨਿਜ ਤੁਰੰਗ ਕੋ ਕਰਯੋ ਅਗਾਰੀ । ਲੇ ਗਮਨੇ ਪ੍ਰਭੁ ਦੂਰ ਪਹਾਰੀ[4] । ਪੁਰਸ਼ੋਤਮ ਕੀ ਸਭਾ ਬਿਸਾਲਾ । ਤਹਾਂ ਕਰਯੋ ਠਾਂਢੋ ਤਿਸ ਕਾਲਾ ॥ ੧੯ ॥ ਤ੍ਰਸਤਿ ਅਧਿਕ ਉਰ ਥਿਰ ਹ੍ਵੈ ਰਹਯੋ । ਅਜਬ ਥਾਨ ਪਿਖਿ ਬਿਸਮੈ ਲਹਯੋ ॥ ਤਬਿ ਅਕਾਸ਼ ਬਾਨੀ ਹੁਇ ਆਈ । ਸੁਨਿਯਤਿ ਦੂਰ ਨ ਦੇਖੀ ਜਾਈ ॥ ੨੦ ॥ 'ਰੇ ਬੰਦੇ ਮਤਿ ਮੰਦ ਅਜਾਨ ! ਮਤਿ ~~ਕਰਿ ਸੂਰਤ~~ ਕੇਰਿ ਗੁਮਾਨ ॥ ਹਮ ਜੋ ਗੁਰੂ ਗੁਰੂ ਸੋ ਹਮ ਹੈਂ । ਤੂੰ ਬੰਦਾ ਕਿਮ ਹੋਵਤਿ ਸਮ ਹੈਂ ॥੨੧॥ ਮਤਿ ਬਰਾਬਰੀ ਕਰਿ[5] ਮਤਿ ਮੰਦੇ ! ਏਹ ਤੌ ਮੇਰੁ, ਰੰਚ ਤੂੰ[6] ਬੰਦੇ ! ਮਤ ਸਲਤਨ ਕੋ ਧਰਹੁ ਗੁਮਾਨ । ਆਜ ਕਿ ਕਾਲ ਫਨਾਹੀ ਜਾਨ ॥ ੨੨ ॥ ਅਬਿ ਸਤਿਗੁਰ ਜੀ ! ਦਿਹੁ ਇਸ ਛੋਰਿ'।ਇਮ ਸੁਨਿ ਹਟੇ ਸੁ ਪਾਛਲ ਓਰ । ਬਹੁਰ ਖਰੋ ਕਰਿ[7] ਗੁਰੂ ਨਿਹਾਰਾ । 'ਏਕ ਕਪੀਰਾ[8] ਲੇਹੁ ਹਮਾਰਾ ॥ ੨੩ ॥ ਬੈਠਯੋ ਸਿੰਘ ਕਿਤਿਕ ਦਿਨ ਭਏ । ਤੋਹਿ ਮਿਲਨਿ ਕੋ ਹਮ ਪਠਿ ਦਏ । ਸੋ ਮਾਂਗਹਿ ਇਹ ਦੇਵਨ ਕਰਹੁ । ਇਤਨੇ ਭਲੇ ਸੰਭਾਰਿ ਸੁਧਰਹੁ ॥੨੪॥ ਅਬਿ ਚਲਿ ਜਾਹੁ ਤਜਯੋ ਤੁਝ ਤਾਂਈਂ।ਨਹੀਂ ਦਈ ਕਿਸ ਭਾਂਤਿ ਸਜ਼ਾਈ' । ਛੁਟਿਕੈ ਸੁਨਿਕੈ ਥਰਹਰਿ ਕਾਂਪਾ । ਪਸ਼ਚਾਤਾਪ ਸੰਤਾਪਤਿ ਆਪਾ ॥ ੨੫ ॥ ਸਤਿਗੁਰ ਤਬੈ ਦਮਦਮੇ ਆਏ । ਅਵਰੰਗ ਅਪਨੇ ਸਿਵਰ ਸਿਧਾਏ । ਸਗਰੀ ਜਾਮਨਿ ਨੀਂਦ ਨ ਆਈ । ਤ੍ਰਾਸਤਿ ਅਧਿਕੈ

---

[1]ਭੈਦਾਯਕ । [2]ਮਨ ਵਿਚ ਡਰਿਆ ਕਿ ਮਾਨੋਂ ਪ੍ਰਾਣ ਨਿਕਲਦੇ ਹਨ । [3]ਅੱਗੇ ਹੋ ਜੇ ਭਲਾ ਚਾਹੁੰਦਾ ਹੈ ਤਾਂ । [4]ਪਹਾੜ ਨਹੀਂ ਪਰ ਧਯਾਨ ਵਿਚ ਔਰੰਗੇ ਨੂੰ ਉੱਚ ਟਿਕਾਣਾ ਪਹਾੜ ਹੋ ਦਿੱਸਿਆ ਹੈ। [5]ਬਰਾਬਰੀ ਨਾ ਕਰ। [6]ਇਹ ਤਾਂ ਮੇਰੂ ਹਨ ਤੂੰ ਰੰਚਕ ਮਾਤ੍ਰ ਹੈਂ । [7]ਸਾਹਮਣੇ ਖੜਾ ਕਰਕੇ । [8]ਕੱਪਣਾ ਤੋਂ ਕਪੀਰਾ=ਕਟਣ ਵਾਲਾ, ਕਟਾਰ । (ਅ) ਪਰ ਸੌ ਸਾਖੀ ਵਿਚ ਏਥੇ 'ਤੀਰ ਕਾ ਕਪੀਰਾ' ਲਿਖਿਆ ਹੈ । ਜਿਸ ਤੋਂ ਮੁਰਾਦ ਤੀਰ ਦੇ ਫਲ ਦੀ ਹੋ ਸਕਦੀ ਹੈ ।

*ਇਹ ਸ੍ਰੀਰਕ ਕ੍ਰਿਆ ਤੇ ਸ੍ਰੀਰਕ ਸਾਮਾਨ ਨਹੀਂ, ਧਿਆਨ ਵਿਚੋਂ ਔਰੰਗੇ ਨੂੰ ਏਹ ਸਰੂਪ ਦਰਸਾਉਣਾ ਤੇ ਆਪਣਾ ਅਸਰ ਪਾਉਣਾ ਉਨ੍ਹਾਂ ਲਈ ਕਠਨ ਬਾਤਾਂ ਨਹੀਂ ਹੋ ਸਕਦੀਆਂ ।

ਜਾਗਿ ਬਿਤਾਈ॥੨੬॥ਬਡੀ ਫਜਰ ਤੈਂ ਕੀਨਿ ਸ਼ਨਾਨਾ।ਬਦਨ ਪਾਕ ਕਰਿ ਤਬੈ ਮਹਾਨ। ਸਭਾ ਸਥਾਨ ਸੁ ਬੈਠਯੋ ਆਈ। ਪਠਿ ਮਾਨਵ ਸਭਿ ਲੀਏ ਬੁਲਾਈ॥੨੭॥ ਜੇ ਉਮਰਾਵ ਵਜ਼ੀਰ ਮੁਲਾਨੇ। ਮਸਲੈਦੀ[1] ਸਭਿ 'ਆਵਨ ਠਾਨੇ। ਕਾਜ਼ੀ ਗਨ ਉਲਮਾਉ ਘਨੇਰੇ। ਕਰਿ ਤਸਲੀਮਾਤਾਂ[2] ਤਿਸ ਬੇਰੇ ॥ ੨੮ ॥ ਨਿਜ ਨਿਜ ਥਾਨ ਥਿਰੇ ਸਮੁਦਾਈ। ਸਭਿ ਮਹਿਂ ਅਵਰੰਗ ਬਾਤ ਚਲਾਈ। 'ਗੁਰ ਕੋ ਸਿੰਘ ਇਹਾਂ ਚਲਿ ਆਯੋ ?'। ਕੇਤਿਕ ਸੁਨਿ ਕਰ ਜੋਰਿ ਬਤਾਯੋ ॥ ੯ ॥ 'ਹਜ਼ਰਤ ਜੀ ਬਹੁ ਦਿਨ ਤੇ ਆਵਾ। ਨਹਿਂ ਕਿਨਹੂੰ ਤੁਮ ਸੰਗ ਮਿਲਾਵਾ। ਰਹਤਿ ਨਿਰੰਤਰ ਅੰਤਰ ਐਥੇ। ਜਤਨ ਅਨਿਕ ਤੇ ਪ੍ਰਵਿਸ਼ ਨ ਪੈਥੇ'॥੩੦॥ ਸੁਨਿ ਤਤਛਿਨ ਅਵਰੰਗ ਬੁਲਿਵਾਯੋ। ਦਯਾ ਸਿੰਘ ਨਰ ਸੰਗ ਸਿਧਾਯੋ[3]। ਧਰਮ ਸਿੰਘ ਸਨ ਅੰਤਰ ਗਏ। ਸਿਰ ਨਿਵਾਵਥੋ ਤੁਰਕ ਨ ਕਏ[4] ॥੩੧॥ ਕਰਯੋ ਹੁਕਮਨਾਂਵਾਂ ਸੁ ਅਗਾਰੀ। ਧਰਿਕੈ ਸ਼ਾਹੁ ਸਮੀਪ ਉਚਾਰੀ। 'ਵਾਹਿਗੁਰੂ ਗੁਰ ਜੀ ਕੀ ਫਤੇ'। ਕਹੀ ਹੁਕਮਨਾਮੇ ਦਿਸ਼ਿ ਚਿਤੇ[5] ॥ ੩੨ ॥ ਪਰਵਾਨੇ ਕੋ ਕਰਿ ਅਗਵਾਈ। ਅਪਨੀ ਸਿੱਖੀ ਰਾਖਿ ਦਿਖਾਈ। ਸੁਨਿ ਪਿਖਿਕੈ ਅਵਰੰਗ ਚੁਗੱਤਾ। ਨਹਿਂ ਕੁਛ ਬੋਲਯੋ ਮਦ ਕਰਿ ਮੱਤਾ ॥ ੩੩ ॥ ਪਰਵਾਨਾ ਕੁਛ ਪਢਯੋ ਪਢਾਯੋ। ਸਭਿ ਮਤਲਬ ਸਮਝਯੋ ਸਮੁਝਾਯੋ। ਪੁਨ ਪਾਛੇ ਤੇ ਪਠਿ ਕਰਿ ਜਾਨਾ[6]। 'ਦੇ ਦੀਜੈ ਹਮਰੀ ਜੁ ਅਮਾਨਾ' ॥੩੪॥ ਗੁਪਤੀ ਪਠਯੋ ਸੁਨਯੋ ਥੋ ਸਾਰਾ[7]। ਸੁਨਿ ਅਵਰੰਗੋ ਪੁਨਹਿ ਉਚਾਰਾ। 'ਹੇ ਤੁਮ ਕੌਨ ਕਹਾਂ ਤੇ ਆਏ ? ਕੌਨ ਕਾਜ ਕੋ ਕਿਨਹੁਂ ਪਠਾਏ?'॥੩੫॥ਦਯਾ ਸਿੰਘ ਤਬਿ ਕਹਯੋ ਸੁਨਾਈ।'ਹਮ ਗੁਰ ਸਿਖ ਗੁਰ ਦਏ ਪਠਾਈ। ਮੱਦ੍ਰ ਦੇਸ਼ ਤੇ ਚਲਿ ਇਤ ਆਏ। ਮਿਲਨ ਕਾਜ ਸਤਿਗੁਰ ਫੁਰਮਾਏ' ॥ ੩੬ ॥ ਸੁਨਿ ਨੌਰੰਗੋ ਬਾਕ ਉਚਾਰੇ। 'ਅਬਿ ਕਿਸ ਥਲ ਹੈਂ ਗੁਰੂ ਤੁਮਾਰੇ। ਕਹਾਂ ਬੈਠਿ ਕਰਿ ਤੁਮਹੁਂ ਪਠਾਯੋ। ਤਿਹ ਠਾਂ ਰਹਯੋ ਕਿ ਅਨਤ ਸਿਧਾਯੋ[8]?' ॥੩੭॥ ਦਯਾ ਸਿੰਘ ਸੁਨਿ ਉੱਤਰ ਦੀਨਾ। 'ਸਰਬ ਸਥਾਨ ਗੁਰੂ ਹਮ ਚੀਨਾ। ਜਹਾਂ ਜੁ ਸਿਮਰਹਿਂ ਹਾਜ਼ਰ ਹੋਇ। ਅਬਿ ਤੇਰੇ ਆਗੇ ਗੁਰ ਸੋਇ' ॥੩੮॥ ਬਹੁਰ ਬੂਝਿਬੇ ਹੇਤੁ ਨੁਰੰਗਾ। ਬੋਲਯੋ

[1]ਮਸਲਿਹਤੀ,ਮਸਲਿਹਤ(=ਸਲਾਹ)ਦੇਣ ਵਾਲੇ। [2]ਸਲਾਮਾਂ। [3](ਪਾਤਸ਼ਾਹੀ) ਆਦਮੀ ਨਾਲ ਗਿਆ। [4]ਤੁਰਕ ਨੂੰ ਸਿਰ ਨਾ ਨਿਵਾਇਆ। [5]ਹੁਕਮਨਾਮੇ ਵਲ ਦੇਖਕੇ (ਫਤਹ ਬੁਲਾਈ)। [6]ਭਾਵ ਜਦੋਂ ਸਿੰਘਾਂ ਨੇ ਜਾਣਿਆਂ ਕਿ ਪੜ੍ਹ ਲਿਆ ਸੂ (ਉਸ ਮਗਰੋਂ ਬੋਲੇ)। [7]ਗੁਪਤ ਸ਼ਸਤ੍ਰ ਭੇਜਿਆ ਸੀ ਇਹ ਸਾਰੀ ਗੱਲ ਸਿੰਘਾਂ ਨੇ ਸੁਣੀ ਹੋਈ ਸੀ। [8]ਉਥੇ ਹੈ ਗੁਰੂ ਕਿ ਹੋਰਥੇ ਕਿਤੇ ਤੁਰ ਗਿਆ ਹੈ।

ਮੁਖ ਤੇ ਸਿੰਘਨ ਸੰਗਾ। 'ਤੁਮ ਗੁਰ ਸਿਖ ਅਰੁ ਗੁਰੂ ਤੁਮਾਰੋ। ਲਖਿਯਤਿ ਕਰਾਮਾਤ ਕੋ ਧਾਰੋ[1]*॥ ੩੯ ॥ ਦਯਾ ਸਿੰਘ ਸੁਨਿ ਉੱਤਰ ਦਾਤੀ[2]। 'ਗੁਰ ਕੇ ਕੁੱਤੇ ਭੀ ਕਰਮਾਤੀ। ਗੁਰ ਸਿੱਖਨ ਅਰੁ ਗੁਰ ਕੇ ਬਿਖੈ।ਅਜ਼ਮਤ ਹੋਨਿ ਕਿ ਅਚਰਜ ਪਿਖੈ' ॥ ੪੦ ॥ ਅਵਰੰਗਾ ਸੁਨਿ ਸੁਲਗੀ ਛਾਤੀ। ਤਰ-ਕਤਿ ਹੀ ਬੋਲਯੋ ਇਸ ਭਾਂਤੀ। 'ਜੇ ਨਿਸ਼ੰਕ ਇਮ ਬਾਕ ਅਲਾਵੈ। ਇਕ ਕੱਤਾ ਇਸ ਥਲ ਮੰਗਵਾਵੈ ॥ ੪੧॥ ਕਰਾਮਾਤ ਕਿਮ ਹੈ ਤਿਸ ਮਾਂਹੀ। ਵਿਹੁ ਦਿਖਾਇ ਆਨਹੁ ਮੁਝ ਪਾਹੀ'। ਸੁਨਿ ਕੈ ਦਯਾ ਸਿੰਘ ਫੁਰਮਾਯੋ। 'ਧਰਮ ਸਿੰਘ ਕੋ ਸਿਵਰ[3] ਪਠਾਯੋ' ॥੪੨ ॥ ਲੇ ਕੂਕਰ ਸੋ ਗਯੋ ਸ਼ਿਕਾਰੀ। ਪਤਲੋ ਮੁਖ ਲਾਂਗੁਲ ਸਟਕਾਰੀ[4]। ਕਦ ਦੀਰਘ ਅਰੁ ਦਸਨ ਬਿਸਾਲਾ[5]। ਲੈ ਪਹੁੰਚਯੋ ਅੰਤਰ ਤਤਕਾਲਾ ॥ ੪੩ ॥ ਅਵਰੰਗ ਨੇ ਢਿਗ ਖਰੋ ਨਿਹਾਰਾ। ਦਯਾ ਸਿੰਘ ਤਿਹ ਸੰਗ ਉਚਾਰਾ। 'ਕਰਹੁ ਸ਼ਾਹੁ ਕੋ ਕੁਛਕ ਸੁਨਾਵਨਿ। ਜਿਸ ਕੋ ਸੁਨਿ ਮਨ ਕਰੈ ਨਿਵਾਵਨ'॥੪੪॥ਤਬਿ ਕੂਕਰ ਨੇ ਕੂਕ ਸੁਨਾਯੋ। ਅਪਨੋ ਬੋਲ ਸ਼ਾਹੁ ਸਮੁਝਾਯੋ। 'ਪੂਰਬ ਤੂੰ ਬਿਚ ਜਾਤਿ ਹਮਾਰੀ। ਬਿਛੁਰਯੋ ਪੁਨ ਪਾਯੋ ਦੁਖ ਭਾਰੀ ॥ ੪੫ ॥ ਅਬਿ ਤੂੰ ਆਉ ਹਮਾਰੇ ਬੀਚ। ਬਿਛੁਰਯੋ ਚਿਰੰਕਾਲ ਕੋ ਨੀਚ। ਨਹੀਂ ਨਰਨ ਕੋ ਤੋਹਿ ਸ਼ਹੂਰ[6]। ਤੋ ਰਹਿਨੇ ਕੀ ਕਹਾਂ ਜ਼ਰੂਰ ?' ॥ ੪੬ ॥ ਸੁਨਤਿ ਸ਼ਾਹੁ ਸ਼ਰਮਿੰਦਾ ਭਯੋ। ਕਿਸ ਪ੍ਰਕਾਰ ਨਹਿ ਬੋਲਯੋ ਗਯੋ। ਜੋ ਮਸਲੰਦੀ ਢਿਗ ਉਮਰਾਇ। ਰੁਖਸਦ ਕਰੇ ਗਏ ਸਮੁਦਾਇ ॥ ੪੭ ॥ ਦੋਨਹੁੰ ਸਿੰਘ ਤਹਾਂ ਥਿਰ ਰਹੇ।ਅਵਲੋਕਤਿ ਚਵਗੱਤਾ

---

[1]ਕਰਾਮਾਤ ਦੇ ਧਾਰਨ ਵਾਲਾ ਜਾਪਦਾ ਹੈ। [2]ਦਿੱਤਾ। [3]ਡੇਰੇ। [4]ਪਤਲਾ ਮੂੰਹ ਸੀ ਤੇ ਪੂਛ ਫਟ-ਕਾਰਦਾ ਸੀ। [5]ਵਡੇ। [6]ਮਨੁੱਖਾਂ ਵਾਲੀ ਅਕਲ ਤੈਨੂੰ ਨਹੀਂ [ਅ:, ਸ਼ਊਰ=ਅਕਲ, ਪਛਾਣ]।

*ਇਬ੍ਰਾਨੀ ਤੇ ਅਰਬੀ ਧਰਮ ਗ੍ਰੰਥਾਂ ਵਿਚ ਪੈਗੰਬਰ ਦੀ ਨਿਸ਼ਾਨੀ ਕਰਾਮਾਤ ਹੈ। ਇਸ ਕਰਕੇ ਔਰੰਗਾ ਕਰਾਮਾਤ ਦੇਖਣ ਤੇ ਤੁਲਿਆ ਰਹਿੰਦਾ ਹੈ ਤੇ ਸਿੱਖੀ ਅਸੂਲ ਹੈ ਕਿ 'ਰਿਧਿ ਸਿਧਿ ਨਾਵੈ ਕੀ ਦਾਸੀ' ਪਰ ਕਰਾਮਾਤ ਦਿਖਾਲਦੇ ਨਹੀਂ, ਨਾ ਤਮਾਸ਼ੇ ਲਈ, ਨਾ ਆਪਣੀ ਪੈਗੰਬਰੀ ਦੱਸਣ ਲਈ, ਨਾ ਮਨ ਮੰਨੇ ਕਾਰਜਾਂ ਲਈ। ਪਰਉਪਕਾਰ ਲਈ ਤੇ ਕਦੇ ਕਦੇ ਈਸ਼੍ਵਰ ਆਗਯਾ ਵਿਚ ਇਸ ਦਾ ਵਰਤਾਉ ਸਤਿਗੁਰਾਂ ਤੋਂ ਹੁੰਦਾ ਰਿਹਾ ਹੈ। ਦਇਆ ਸਿੰਘ ਜੀ ਕਰਾਮਾਤ ਤੋਂ ਦੂਰ ਉਪਰ ਗੁਰੂ ਬ੍ਰਿਤੀ ਦਾ ਟਿਕਾਣਾ ਸਮਝਦੇ ਹਨ। ਜੋ ਮੁਸਲਮਾਨਾਂ ਵਿਚ ਪੈਗੰਬਰ ਦੀ ਨਿਸ਼ਾਨੀ ਹੈ, ਸੋ ਓਹ ਮਾਮੂਲੀ ਗੱਲ ਜਾਣਦੇ ਹਨ, ਇਸ ਕਰਕੇ ਅਮਲੀ ਗੱਲ ਕਰ ਦਿਖਾਲਦੇ ਹਨ ਕਿ ਆਪਣੇ ਇਕ ਕੁੱਤੇ ਤੋਂ ਗੱਲਾਂ ਕਰਾ ਦੇਣ ਦੀ ਤਾਕਤ ਦਾ ਪ੍ਰਕਾਸ਼ ਕਰਦੇ ਹਨ।

ਕਹੇ। 'ਭਯੋ ਖਾਲਸਾ ਅਬਿ ਜਗ ਮਾਂਹੀ। ਪਰ ਮੇਰੀ ਬੀਚਹਿ ਪਤਿਸ਼ਾਹੀ[1] ॥੪੮॥ ਅਧਿਕ ਕਾਹਲੀ ਗੁਰ ਨੇ ਕਰੀ। ਅਜਹੁ ਨ ਮੋ ਕੁਛ ਪੂਰੀ ਪਰੀ। ਮਮ ਪਤਿਸ਼ਾਹਤਿ ਜਬਿ ਹਟਿ ਜਾਤੀ। ਤਬੀ ਖਾਲਸਾ ਹੋਤਿ ਸੁਖਾਤੀ[2]*' ॥ ੪੯ ॥ ਉੱਤਰ ਦਯਾ ਸਿੰਘ ਤਬਿ ਦੀਨਿ। 'ਤੁਮ ਭੀ ਅਧਿਕ ਕਾਹਲੀ ਕੀਨਿ। ਏਕ ਮਜਬ ਹੀ ਲਾਗੇ ਕਰਨੇ। ਹਿੰਦੂ ਧਰਮ ਧਰਾ ਤੇ ਹਰਨੇ ॥੫੦॥ ਸਤਿਗੁਰ ਤਬਿ ਕਰਿ ਦੀਨੇ ਤੀਨ।ਭਯੋ ਖਾਲਸਾ ਤੁਰਤ ਪ੍ਰਬੀਨ'। ਬਹੁਰ ਨੁਰੰਗੇ ਬਾਕ ਉਚਾਰਾ। 'ਕਰਹਿ ਕਾਮ ਕਯਾ ਗੁਰੂ ਤੁਮਾਰਾ ?' ॥ ੫੧ ॥ ਦਯਾ ਸਿੰਘ ਤਬਿ ਵਿਧੋ ਸੁਨਾਈ। 'ਇਕਠੇ ਕਰਹਿਂ ਸ਼ਸਤ੍ਰ ਸਮੁਦਾਈ। ਇਕ ਆਯੁਧ ਤੁਮ ਢਿਗ ਫੁਰਮਾਯੋ। ਸੋ ਅਬਿ ਚਹੀਅਹਿ ਹਮਹਿ ਦਿਵਾਯੋ' ॥ ੫੨ ॥ ਕਹੈ ਨੁਰੰਗ 'ਦੂਰ ਮੈਂ ਗਯੋ। ਤਹਾਂ ਕਪੀਰਾ ਸਤਿਗੁਰ ਦਯੋ। ਕਹ੍ਯੋ–ਬਹੁਤ ਹੀ ਰਖਹੁ ਸੰਮ੍ਹਾਲ–। ਸੋ ਮੈਂ ਧਰ੍ਯੋ ਸੁਚੇਤੀ ਨਾਲ†' ॥੫੩॥ ਇਮ ਕਹਿ ਦਯਾ ਸਿੰਘ ਕੋ ਦਯੋ। ਨੀਕੇ ਅਦਬ ਸਾਥ ਕਰ ਲਯੋ। ਬਹੁਰ ਨੁਰੰਗੇ ਬਾਕ ਸੁਨਾਵਾ। 'ਮੇਰੋ ਲਖਿ ਬਰਾਦਰੀ ਦਾਵਾ[3]‡ ॥ ੫੪ ॥ ਦਯਾ ਸਿੰਘ ! ਗੁਰ ਚਸ਼ਮ ਸੁ ਦੀਦਮ। ਮੇਲ ਹੋਨਿ ਕਿਸ ਥਾਨ ਰਸੀਦਮ[4]'। ਸੁਨਿ ਉੱਤਰ ਦੀਨਸ ਤਿਸ ਤੀਰਿ। ਭਰ੍ਯੋ ਜ਼ੋਰ ਸੋਂ ਅਰੁ ਰਸ ਬੀਰ ॥ ੫੫ ॥ 'ਸੈਫ ਕਸੇ ਕਟਿ[5] ਬਾਨ ਕਮਾਨ। ਸਤਿਗੁਰ ਮੇਲ ਜੰਗ ਦਰਮਯਾਨ। ਬਡੇ ਬਹਾਦੁਰ ਆਯੁਧ ਧਾਰੀ। ਚਮੂੰ ਅਸੰਖ ਸੰਗ ਅਸਵਾਰੀ'

---

[1]ਪਰ ਮੇਰੀ ਪਾਤਸ਼ਾਹੀ ਵਿਚ ਹੋਇਆ ਹੈ। [2]ਸੁਖ ਨਾਲ। (ਅ) ਸੁਖਾਉਂਦਾ। [3]ਗੁਰਾਂ ਨਾਲ ਮੇਰਾ ਭਾਈ ਬੰਦੀ ਦਾ ਦਾਵਾ ਹੈ। [4]ਅਖਰੀਂ ਅਰਥ ਹਨਃ–ਹੇ ਦਇਆ ਸਿੰਘ ਮੈਂ ਗੁਰਾਂ ਨੂੰ ਅੱਖਾਂ ਨਾਲ ਤਾਂ ਦੇਖ ਲਿਆ ਹੈ ਪਰ ਮੇਲ ਕਰਨ ਲਈ ਕਿਸ ਥਾਂ ਪਹੁੰਚਾਂ ? ਪਰੰਤੂ ਕਵਿ ਜੀ ਦਾ 'ਦੀਦਮ' ਤੋਂ ਮਤਲਬ 'ਦੀਦਨ' ਹੈ–ਵੇਖਣ ਲਈ। ਇਸਤੋਂ ਪ੍ਰਕਰਣ ਅਨੁਸਾਰ ਐਉਂ ਬਣਦਾ ਹੈ ਅਰਥਃ– ਮੈਂ ਗੁਰਾਂ ਨੂੰ ਇਨ੍ਹਾਂ ਅੱਖਾਂ ਨਾਲ ਵੇਖਣਾ ਚਾਹੁੰਦਾ ਹਾਂ ਕਿਹੜੀ ਥਾਂ ਮੇਲ ਹੋ ਸਕਦਾ ਹੈ ਜੋ ਮੈਂ ਪਹੁੰਚਾਂ [ਰਸੀਦਮ ਤੋਂ ਭਾਵ ਰਸੀਦਨ ਹੋਵੇ ਤਾਂ ਅਰਥ ਹੋਊ ਮੇਲ ਲਈ ਕਿਸ ਥਾਂ ਪਹੁੰਚਣਾ ਚਾਹੀਏ]। [5]ਲੱਕ ਵਿਚ। *ਪਾਃ–ਤਬਿ ਗੁਰ ਅਪਨੋ ਪੰਥ ਪ੍ਰਗਟਾਤੀ।

†ਰੂਹਾਨੀ ਤਾਕਤ ਨਾਲ ਸਥੂਲ ਚੀਜ਼ ਨੂੰ ਕਿਤੇ ਦਾ ਕਿਤੇ ਪੁਚਾ ਦੇਣਾ ਰੂਹਾਨੀ ਵਿਦਿਆ ਵਾਲਿਆਂ ਨੇ ਸੰਭਵ ਮੰਨਿਆ ਹੈ। ‡ਪਤਾ ਨਹੀਂ ਗੁਰੂ ਮੁਆਹਦ ਹਨ (ਇਕ ਅਕਾਲ ਦੇ ਉਪਾਸਕ ਹਨ) ਇਸ ਕਰਕੇ ਕਹਿ ਰਿਹਾ ਹੈ ਯਾ ਆਪਣੇ ਅਭਿਮਾਨ ਵਿਚ ਕਹਿ ਰਿਹਾ ਹੈ ਕਿ ਮੈਂ ਵੀ ਬੜਾ ਦੀਨਦਾਰ ਹਾਂ।

।੫੬॥ ਭਾਖੈ ਸ਼ਾਹੁ 'ਤਮਾਮ ਜਹਾਨ। ਰਾਖਹੁ ਸੈਨ ਸੁ ਰੱਯਤਿ ਜਾਨਿ[1]। ਬਰਜ ਦੇਯ ਹੌਂ ਜਾਹਿ ਨ ਕੋਈ। ਤਬਿ ਕਹੁ ਕਹਾਂ ਲਰੈ ਇਕ ਹੋਈ[2]? ॥੫੭॥ਇਮ ਲਖਿ ਮਿਲਹੁ[3] ਆਨਿ ਕਰਿ ਸਜਾਨੇ! ਹਮ ਪਰ ਕਹਾਂ ਚਲਹਿ ਬਲ ਠਾਨੇ'। ਸਿੰਘ ਕਹੈਂ 'ਅਜ਼ਗੈਬੀ ਸੈਨ[4]। ਲਾਖਹੁ ਕੋਟਹੁ ਗਿਨਤੀ ਹੈ ਨ ॥੫੮॥ ਪਾਤਿਸ਼ਾਹੁ ਸਾਚੇ ਕੇ ਸਾਥ।ਨਿਸ ਦਿਨ ਰਹੈਂ ਬੰਦਿ ਕਰਿ ਹਾਥ। ਪ੍ਰਗਟ ਖਾਲਸਾ ਹੋਇ ਬਿਸਾਲਾ[5]। [6]ਦੇਸ਼ ਫਜ਼ੀਲਤਿ ਜਹਿੰ ਕਹਿੰ ਜਾਲਾ॥ ੫੯॥ ਦਿਨ ਪ੍ਰਤਿ ਵਧਹਿੰ, ਸ਼ੋਰ ਜਗ ਪਰੇ। ਤਿਨ ਸਨਮੁਖ ਪੁਨ ਕੋਇ ਨ ਅਰੇ'। ਸੁਨਿਕੈ ਸਹਿਤ ਹਲੀਮੀ ਕਹਿ ਕਹਿ। ਤੇਜ ਬਿਨਾਸ਼ੀ ਅਪਨੋ ਲਹਿ ਲਹਿ॥ ੬੦॥ ਦੀਯੋ ਕਪੀਰਾ ਲਿਖਿ ਪਰਵਾਨਾ। ਰੁਖਸਦ ਕਰੇ ਸਚਿੰਤ ਮਹਾਨਾ[7]। ਬੀਜ ਰੋਗ ਕੋ ਉਗਵਨੋ ਤਬੈ। ਮ੍ਰਿਤੁ ਨਿਜ ਔਰ ਹੇਤੁ ਲਖਿ ਸਬੈ॥ ੬੧॥ ਗੁਰਜ ਦ੍ਵਾਰ[8] ਦ੍ਵੈ ਦੀਨੇ ਸੰਗ। ਸਭਿ ਸਮੁਝਾਯੋ ਗੁਰੂ ਪ੍ਰਸੰਗ। ਸਭਿ ਕੋ ਹਟਕਨੋ ਲਿਖਿ ਪਰਵਾਨੇ[9]। ਲਰਹਿ ਨ ਕੋਇ, ਜਾਹਿੰ ਜਿਸ ਥਾਨੇ[10] ॥੬੨॥ ਦਯਾ ਸਿੰਘ ਅਰੁ ਧਰਮ ਸਿੰਘ ਤਬਿ। ਜਾਨਯੋਂ ਸਿੱਧ ਭਯੋ ਕਾਰਜ ਸਭਿ।–ਅਬਿ ਇਸ ਥਲ ਤੇ ਚਲਿਬੋ ਆਛਾ–।ਕ੍ਰਿਪਾ ਸਿੰਧੁ ਕੇ ਦਰਸ਼ਨ ਬਾਂਛਾ॥ ੬੩॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਰੰਗ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਤੀ ਅੰਸੂ॥ ੩੧॥

### ੩੨. [ਦੱਖਣ ਜਾਣ ਦੀ ਸਲਾਹ। ਅਭੈ ਰਾਮ, ਦੀਵਾਨੇ ਨੱਸੇ]।

ਦੋਹਰਾ॥ ਬਿਦਾ ਦਯਾ ਸਿੰਘ ਹੋਇਕੈ ਧਰਮ ਸਿੰਘ ਲੇ ਸਾਥ। ਗਮਨ ਕੀਨਿ ਮਾਰਗ ਬਿਖੈ ਸਿਮਰਤਿ ਸ੍ਰੀ ਗੁਰ ਨਾਥ॥ ੧॥ ਚੌਪਈ॥–ਬਚਨ ਸ਼ਕਤਿ ਜੋ ਪ੍ਰਭੁ ਤੇ ਪਾਈ[11]। ਸ਼ਾਹੁ ਸੰਗ ਬੋਲਤਿ ਪਤਿਆਈ।ਪ੍ਰਤਿ ਉੱਤਰ ਭਾਖੇ ਤਤਕਾਲਾ। ਕੂਕਰ ਕੋ ਬੁਲਵਾਇ ਬਿਸਾਲਾ॥ ੨॥ ਪ੍ਰਭੁ ਅਗਾਧ ਬੋਧ ਜਿਨ ਕੇਰਾ। ਨਹਿਂ ਸਮ,ਸਭਿ ਤੇ ਬਡਿਹੁੰ ਬਡੇਰਾ–। ਗੁਨ ਗਨ ਸਿਮਰਤਿ ਮਾਰਗ ਆਇ। ਕਰੇ ਕੂਚ ਦਰ ਕੂਚ ਸਿਧਾਇ॥ ੩॥ ਇਤ ਸਤਿਗੁਰ

[1]ਜੋ ਤੁਸੀਂ ਫੌਜ ਰਖਦੇ ਹੋ ਉਹ ਤਾਂ ਸਾਰਾ ਜਹਾਨ ਮੇਰੀ ਰੱਯਤ ਹੈ। [2]ਸਭ ਨੂੰ ਵਰਜ ਦਿਆਂਗਾ ਕਿ ਕੋਈ ਨਾ ਜਾਵੇ (ਗੁਰਾਂ ਪਾਸ, ਫਿਰ ਗੁਰੂ ਇਕੱਲਾ ਰਹਿ ਜਾਇਗਾ ਤਾਂ) ਕੀਕੂੰ ਲੜੇਗਾ? [3](ਗੁਰੂ ਜੀ ਨੂੰ ਆਖੋ ਹੇ ਦਇਆ ਸਿੰਘ ਜੀ) ਇਹ ਸਮਝਕੇ ਹੇ ਦਾਨੇ (ਗੁਰੂ ਜੀ) ਆ ਮਿਲੋ। [4]ਗੁਪਤ ਸੈਨਾ। [5]ਤੇ ਪਰਤੱਖ (ਜਗਤ) ਵਿਚ ਖਾਲਸਾ ਬਹੁਤ ਹੋਵੇਗਾ। [6]ਜਿਸ ਦੀ ਵਡਿਆਈ ਦੇਸ਼ ਵਿਚ ਜਿੱਥੇ ਕਿਤੇ ਰੋਜ ਰੋਜ ਵਧੇਗੀ। [7]ਆਪ ਭਾਰੀ ਚਿੰਤਾ ਵਿਚ ਹੋਇਆ। [8]ਸਿਪਾਹੀ। [9]ਭਾਵ ਸਾਰਿਆਂ ਸੂਬਿਆਂ ਨੂੰ ਪਰਵਾਨੇ ਲਿਖਕੇ ਮਨ੍ਹੇ ਕੀਤਾ। [10]ਗੁਰੂ ਜੀ ਜਿੱਥੇ (ਚਾਹੁਣ) ਜਾਣ। [11]ਬਚਨ ਬਰਨ ਦੀ ਤਾਕਤ ਜੋ ਸਤਿਗੁਰੂ ਜੀ ਤੋਂ ਪਾਈ ਹੈ।

ਸਾਹਿਬ ਕੀ ਕਥਾ। ਸੁਨਿ ਸ੍ਰੋਤਾ ਸੁੰਦਰ ਕਿਯ ਜਥਾ।ਕਹੀ ਸਭਾ ਮਹਿ ਇਕ ਦਿਨ ਗਾਥਾ*।'ਦੱਖਣ ਗਮਨ ਕਰਹੁ ਹਮ ਸਾਥਾ ॥ ੪ ॥ ਤਹਿਂ ਕਾਰਜ ਹੈਂ ਅਨਿਕ ਪ੍ਰਕਾਰੇ। ਕਰਨੇ ਬਨਹਿਂ ਟਰਹਿਂ ਨਹਿਂ ਟਾਰੇ। ਡਲ ਸਿੰਘ ਲਿਹੁ ਦਿੱਲੀ ਕੋ ਰਾਜ। ਫੇਰਹਿੰਗੇ ਤੁਵ ਸਿਰ ਪਰ ਤਾਜ ॥ ੫ ॥ ਤੁਰਕ ਹਤੈਂ ਅਬਿ ਤਿਸਕੇ ਥਾਨੁ[1]। ਕਰਹਿਂ ਬਿਠਾਵਨ ਰਾਜ ਮਹਾਨੂ'। ਸੁਨਿਕੈ[2] ਧੀਰ ਛੁਟਯੋ ਸਭਿ ਕੇਰੋ। 'ਪ੍ਰਭੁ ਜੀ ! ਦੂਰ ਸੁ ਦੇਸ਼ ਬਡੇਰੋ ॥੬॥ ਰਾਵਰ ਕੋ ਦਮਦਮਾ ਸਥਾਨਾ। ਦਿੱਲੀ ਕੇ ਸਮਾਨ ਹਮ ਜਾਨਾ। ਇਹੀ ਰਾਜ ਹਮ ਕੋ ਬਹੁਤੇਰਾ। ਮੋਠ ਬਾਜਰੀ ਅੰਨ ਘਨੇਰਾ ॥ ੭ ॥ ਕ੍ਰਿਪਾ ਆਪ ਕੀ ਕਮੀ ਨ ਕਾਈ। ਸਦਾ ਬਿਰਾਜਹੁ ਆਪ ਇਥਾਈਂ। ਬਾਂਛਤਿ ਵਸਤੁ ਸਭੀ ਚਲਿ ਆਵੈ। ਚਹੁੰਦਿਸ਼ਿਨਿ ਕੀ ਸੰਗਤ ਲਯਾਵੈ ॥ ੮ ॥ ਬਸਤਰ ਸ਼ਸਤ੍ਰ ਅਮੋਲ ਬਡੇਰੇ। ਅਰਪਹਿ ਸਿੱਖ ਆਨਿ ਬਹੁਤੇਰੇ। ਪ੍ਰਭੁ ਜੀ ! ਅਟਕਯੋ ਕਾਜ ਨ ਕੋਈ।ਦੱਛਨ ਗਏ ਕਹਾਂ ਸਿਧ ਹੋਈ†'॥੯॥ ਰਾਮਸਿੰਘ ਪਰ ਖੁਸ਼ੀ ਘਨੇਰੀ। ਸੁਨ ਕਰਿ ਬਜਾਪੀ' ਚਿੱਤ ਬਡੇਰੀ। ਦੂਸਰ ਭ੍ਰਾਤ ਫਤੇਸਿੰਘ ਰਹੈ। ਦੱਛਨ ਕੋ ਪ੍ਰਸਥਾਨ ਨ ਚਹੈ॥੧੦॥ਡਲ ਸਿੰਘ ਆਦਿ ਬਿਰਾੜ ਜੁ ਸਾਰੇ। ਦੂਰ ਜਾਨਿ ਤੇ ਸਭਿ ਡਰ ਧਾਰੇ। 'ਹੁਤੇ ਦਿਵਾਨ ਸਿੰਘ ਦਰਬਾਰੀ। ਦੁਤੀਓ ਭ੍ਰਾਤ ਸਿੰਘ ਘਰਬਾਰੀ[3] ॥ ੧੧ ॥ ਹੌਲ ਪਰੇ ਸਭਿ ਕੇ ਮਨ ਐਸੇ। ਚਲਦਲ ਦਲ[4]

[1]ਤੁਰਕ ਮਾਰ ਦਿਆਂਗੇ ਤੇ ਉਸ ਦੀ ਥਾਂ ਤੇ (ਦਿੱਲੀ ਵਿਖੇ ਤੈਨੂੰ)। [2]ਸੁਣਕੇ (ਰਾਮ ਸਿੰਘ ਨੂੰ)।
[3](ਦੋ) ਦੀਵਾਨ ਸਨ (ਗੁਰੂ ਜੀ ਦੇ) ਇਕ ਦਰਬਾਰੀ ਸਿੰਘ ਸੀ, ਦੂਜਾ ਭਰਾ ਘਰਬਾਰੀ ਸਿੰਘ ਸੀ।
[4]ਪਿੱਪਲ ਦਾ ਪੱਤਾ। *ਸਾਖੀ ਪੋਥੀ ਦੀ ਸਾਖੀ ਹੈ।

†ਸਾਰੇ ਪਿਆਰ ਵਿਚ ਹਨ ਤੇ ਗੁਰੂ ਜੀ ਦਾ ਦੂਰ ਜਾਣਾ ਚੰਗਾ ਨਹੀਂ ਸਮਝਦੇ। ਪਰ ਗੁਰੂ ਜੀ ਦੀ ਮਹਾਨ ਸ਼ਖਸੀਅਤ (Personality) ਤੇ ਉੱਚੇ ਵਜੂਦ ਦੀ ਅਸਲੀਅਤ ਨੂੰ ਨਹੀਂ ਸਮਝ ਰਹੇ। ਇਨਸਾਨੀ ਨੁਕਤੇ ਤੋਂ ਬੀ ਗੁਰੂ ਜੀ ਨੂੰ ਲੋਕਾਂ ਸਮਝਿਆ ਨਹੀਂ ਉਹ ਬਹੁਤ ਉੱਚੇ ਇੰਦੀਏ ਤੇ ਭਾਵਾਂ ਵਿਚ ਸਨ ਤੇ ਗਿਰਦ ਦੇ ਲੋਕ ਸਮਝਦੇ ਨਹੀਂ ਸਨ। ਇਹ ਗੱਲ ਵੀ ਹੈ ਕਿ ਪ੍ਰੇਮੀ ਜਨ ਆਪਣੇ ਦੇਸ਼ ਤੋਂ ਬੀ ਜੁਦਾ ਹੋਣਾ ਚੰਗਾ ਨਹੀਂ ਸਮਝਦੇ। ਓਹ ਮਹਾਨ ਤਜਾਗ ਤੇ ਉਚੇ ਆਦਰਸ਼ ਤੇ ਸਦਕੇ ਜਾਣਾ, ਥੋੜੇ ਹੀ ਸਿੱਖਾਂ ਦੇ ਅੰਗੀਕ੍ਰਿਤ ਹੋ ਰਿਹਾ ਹੈ, ਬਾਕੀ ਦੇ ਉਸ ਨੂੰ ਲਖ ਨਹੀਂ ਸਕਦੇ, ਇਸ ਕਰਕੇ ਰੁਕਦੇ ਹਨ ਤੇ ਫੇਰ ਆਪਣੇ ਘਰਾਂ ਦੀ ਮੋਹ ਮਾਇਆ ਪ੍ਰਬਲ ਪੈ ਜਾਂਦੀ ਹੈ ਤੇ ਪਿੱਛੇ ਰਹਿ ਜਾਣ ਦੇ ਹੀਲੇ ਹਵਾਲੇ ਸੋਚਦੇ ਹਨ। ਡੱਲੇ ਨੂੰ ਦਿੱਲੀਪਤ ਬਨਾਉਣਾ ਕਹਿਣ ਤੋਂ ਪ੍ਰਤੀਤ ਹੁੰਦਾ ਹੈ ਕਿ ਜਿਸ ਕੰਮ ਤੇ ਬੰਦਾ ਘੱਲਿਆ ਸੀ ਉਸ ਕੰਮ ਤੇ ਪਹਿਲੀ ਮੇਹਰ ਨਜ਼ਰ ਡੱਲੇ ਤੇ ਪਈ।ਡੱਲਾ ਉਸ ਉੱਚ ਆਸ਼ੇ ਦਾ ਤੇ ਉਸ ਮਹਾਨ ਕੁਰਬਾਨੀ ਦਾ ਬੰਦਾ ਨਹੀਂ ਸੀ ਜਿਸਦੀ ਸਤਿਗੁਰਾਂ ਨੂੰ ਲੋੜ ਸੀ,ਸਤਿਗੁਰਾਂ ਨੇ ਪਰਖ ਕੀਤੀ ਤਾਂ ਡਲ ਸਿੰਘ ਤਾਊ ਨਾ ਸਹਿ ਸਕਿਆ।

ਬਹਿ ਬਾਧੂ ਜੈਸੇ। ਔਰ ਕਿਤਿਕ ਕੇ ਨਾਮ ਗਨੀਜੈ। ਗਮਨ ਦੂਰ ਲਖਿ ਰਿਦਾ ਨ ਧੀਜੈ ॥ ੧੨ ॥ ਅਨਿਕ ਭਾਂਤਿ ਕੀ ਬਾਤ ਬਨਾਵੈਂ। ਦੱਖਣ ਕੇ ਦੁਖ ਬਰਨ ਸੁਨਾਵੈਂ। 'ਤਹਿਂ ਅਵਰੰਗ ਬਾਦੀ ਕੋ ਬਾਸਾ। ਲਰਿ ਲਸ਼ਕਰ ਜਿਸ ਕੇਰ ਬਿਨਾਸ਼ਾ ॥ ੧੩ ॥ ਮਹਾਂ ਦੁਸ਼ਟ ਬਡ ਖੋਟ ਕਰੰਤਾ। ਸਦਾ ਧ੍ਰੋਹ ਸਭਿ ਸੰਗ ਕਮੰਤਾ। ਨਵਮ ਗੁਰੂ ਸੋਂ ਬਿਗਰਯੋ ਮੂੜ੍ਹਾ। ਪਾਪੀ ਦ੍ਵੈਖ ਕਮਾਵੈ ਗੂੜ੍ਹਾ ॥ ੧੪ ॥ ਜਿਸ ਨੇ ਬਾਪ ਆਪਨੋ ਮਾਰਯੋ। ਭ੍ਰਾਤ ਸੰਘਾਰਤਿ ਮੋਹ ਨ ਧਾਰਯੋ। ਸੰਤ ਸਾਧ ਕੋ ਅਦਬ ਨ ਰਾਖੈ। ਦੇ ਸਜ਼ਾਇ ਕੈ ਮਾਰਨ ਭਾਖੈ ॥ ੧੫ ॥ ਤੁਮ ਤੇ ਤਿਸ ਕੋ ਅਧਿਕ ਬਿਗਾਰਾ। ਲਾਖਹੁਂ ਲਸ਼ਕਰ ਲਰਤਿ ਸੰਘਾਰਾ। ਖਰਚ੍ਯੋ ਲਾਖਹੁਂ ਦਰਬ ਹੰਗਾਮੇ[1]। ਕੀਨਸਿ ਹਾਨਿ ਇਮਾਨ ਤਮਾਮੇ[2] ॥੧੬॥ ਪਕਰਨ ਹਿਤ ਹੀ ਚਾਹਤਿ ਰਹ੍ਯੋ[3]। ਸਕਲ ਭੇਤ ਰਾਵਰ ਨੇ ਲਹ੍ਯੋ। ਅਬਿ ਸਮੀਪ ਤਿਸ ਕੇ ਕ੍ਯਾ ਜਾਨਾ। ਕਰਹਿ ਅਵੱਗ੍ਯਾ ਮੂੜ੍ਹ ਮਹਾਨਾ ॥ ੧੭ ॥ ਲਾਖਹੁਂ ਸੈਨ ਸੁਨਤਿ ਚਢਿ ਧਾਵੈ। ਨਹੀਂ ਦੁਰਗ, ਥਿਰ ਹ੍ਵੈ ਅਟਕਾਵੈਂ। ਦ੍ਰੋਹੀ ਮਹਾਂ, ਦੁਸ਼ਟ, ਰਿਪੁ ਸੰਤਨ[4]। ਤੁਰਕੇਸ਼ੁਰ ਉਰ ਲਖੈਂ ਮਤੰਤ ਨ[5] ॥ ੧੮ ॥ ਪ੍ਰਭੁ ਜੀ! ਇਹਾਂ ਰਹਨਿ ਹੀ ਆਛੋ। ਕ੍ਯੋਂ ਗਾਛਨ ਦੱਛਨ ਬਛ ਬਾਛੋ[6]'। ਸਭਿ ਤੇ ਸੁਨਤਿ ਗੁਰੂ ਪੁਨ ਕਹ੍ਯੋ। 'ਪੁਰਖ ਅਕਾਲ ਸਹਾਯਕ ਰਹ੍ਯੋ ॥ ੧੯ ॥ ਕ੍ਯੋਂਹੂੰ ਧੀਰਜ ਛੋਰਿ ਨ ਕਰੀਅਹਿ? ਦੇਸ਼ ਬਿਦੇਸ਼ਨ ਸੈਲ ਨਿਹਰੀਅਹਿ। ਅਵਰੰਗ ਕੌ ਕੁਛ ਭੈ ਨ ਹਮਾਰੇ। ਦੱਛਨ ਚਲੀਅਹਿ ਕਾਜ ਸੁਧਾਰੇ ॥ ੨੦ ॥ ਰਾਜ ਸਮਾਜ ਆਦਿ ਵਥੁ ਆਛੇ। ਦੈਹੈਂ ਹਮ, ਜੌ ਕਿਛ ਕੋ ਬਾਛੇ। ਏਕ ਦੇਸ਼ ਅਰੁ ਘਰਨ ਮਝਾਰਾ। ਕ੍ਯੋਂ ਸਨੇਹ ਮਨ ਬੰਧਿ ਤੁਮਾਰਾ ॥ ੨੧ ॥ ਹਮ ਸੰਗ ਜਹਾਂ ਕਰਹੁਗੇ ਬਾਸਾ। ਲੇਹੁ ਬਿਸਾਲ ਹੁਲਾਸ ਅਵਾਸਾ। ਛੀਨਹਿਂ ਤੁਰਕਨਿ ਕੀ ਠਕੁਰਾਈ। ਤੁਮ ਤੇ ਰਾਜ ਕਰਾਇ ਤਿਥਾਈਂ ॥ ੨੨ ॥ ਨਹਿਂ ਭਰਮਹੁ ਨਿਸ਼ਚੈ ਕਰਿ ਕਾਚੇ[7]। ਪਾਲੇ ਲਗੋ ਪ੍ਰਭੂ ਤੁਮ ਸਾਚੇ[8]। ਦਿਨ ਪ੍ਰਤਿ ਵਧਹਿ ਖਾਲਸਾ ਭਾਰੀ। ਧਰਾ

[1]ਜੁੱਧ ਪਰ ਲੱਖਾਂ ਰੁਪੱਯਾ (ਔਰੰਗੇ ਨੇ) ਖਰਚ ਕੀਤਾ ਹੈ। [2]ਉਸਨੇ ਸਾਰਾ ਈਮਾਨ ਨਾਸ਼ ਕੀਤਾ। [3](ਆਪ ਨੂੰ) ਪਕੜਨ ਵਾਸਤੇ ਹੀ (ਏਹ ਸਭ ਕੁਛ) ਕਰਦਾ ਰਿਹਾ। [4]ਸੰਤਾਂ ਦਾ ਵੈਰੀ। [5]ਨੂਰੰਗੇ ਦੇ ਦਿਲ ਦਾ ਪਤਾ ਨਹੀਂ ਜਾਣੀਦਾ। [6]ਦੱਖਣ ਨੂੰ ਜਾਣਾ ਕਿਉਂ ਹਿਰਦੇ ਵਿਚ ਚਾਹੁੰਦੇ ਹੋ? [ਬੱਛ=ਵੱਖੀ, ਭਾਵ ਦਿਲ। ਸੰਸ:; ਵਕਸ਼]। [7]ਕੱਚਾ ਨਿਸ਼ਚਾ ਕਰਕੇ ਭਰਮੋਂ ਨਹੀਂ। [8]ਤੁਸੀਂ ਸੱਚੇ ਪ੍ਰਭੂ ਦੇ ਪੱਲੇ ਲਗੋ।

ਰਾਜ ਕੇ ਹੈ ਅਧਿਕਾਰੀ* ॥੨੩॥ ਕਹਾਂ ਨੁਰੰਗਾ ਥਿਰਤਾ ਪੈ ਹੈ। ਹਮ ਪਰ ਨਹੀਂ ਓਜ ਕੁਛ ਕੈ ਹੈ। ਇਸਕੇ ਬਡੇ ਬਡੇਰੇ ਕਹਾਂ। ਸ਼ਾਹੁਜਹਾਂ ਜਹਾਂਗੀਰ ਨ ਰਹਾ ॥ ੨੪ ॥ ਅਕਬਰ ਮਰਯੋ, ਹੁਮਾਊਂ ਗਯੋ। ਬਾਬਰ ਬਡਨ ਸਹਤ ਮ੍ਰਿਤੁ ਥਯੋ। ਇਹ ਅਬਿ ਥਿਰੈ ਨਹੀਂ, ਸਚ ਜਾਨੋ। ਦੱਛਨ ਕੋ ਤੁਮ ਸੰਗ ਪਯਾਨੋ ॥ ੨੫ ॥ ਜੋ ਕਰਿ ਸੰਗ ਨਿਬਾਹਹੁ ਚਲੋ। ਸਭਿ ਬਿਧਿ ਲਖੋ ਆਪਨੋ ਭਲੋ। ਜਥਾ ਕਾਮਨਾ ਮਨ ਮਹਿਂ ਧਰੋ। ਗੁਰ ਘਰ ਤੇ ਸੋ ਪੂਰਨ ਕਰੋ ॥ ੨੬ ॥ ਜੋ ਮਤਿ ਕਾਚੇ ਹੁਇ ਹਟਿ ਪਰੋ। ਸਭਿ ਬਿਧਿ ਕਰਹੁ ਆਪਨੋ ਬੁਰੋ। ਹਮ ਨੇ ਤੁਮ ਕੋ ਬਿਦਤ ਸੁਨਾਈ। ਲਾਭ ਰੁ ਹਾਨ ਅਧਿਕ ਅਧਿਕਾਈ ॥ ੨੭ ॥ ਪਾਇ ਸਰਬ ਕੁਛ ਗੁਰ ਤੇ ਆਵੇ। ਬਸਹੁ ਤਹਾਂ ਕੈ ਇਤੈ ਬਸਾਵੇ'। ਇੱਤਯਾਦਿਕ ਸਤਿਗੁਰ ਸਮੁਝਾਏ। ਸੁਨਤਿ ਧੀਰ ਮਨ ਕਛਕ ਟਿਕਾਏ ॥੨੮॥ ਪੁਨ ਸਨਮੁਖ ਨਹਿਂ ਬਾਕ ਬਖਾਨੇ। ਨਿਜ ਕੁਟੰਬ ਕੋ ਮੋਹ ਮਹਾਨੇ। ਪ੍ਰੀਤਿ ਡੋਰ ਤੇ ਮਨ ਕਰਿ ਸੀਵਨ[1]। ਗਾਢੀ ਗੰਠ ਪ੍ਰਿਥਕ ਕਿਮ ਥੀਵਨ[2] ॥੨੯॥ 'ਭਲਾ ਭਲਾ ਜੀ' ਕਰਤਿ ਬਖਾਨੇ। ਦ੍ਰਿਤਿ ਛੂਛੇ ਮੁਖ ਹੁਇ ਕੁਮਲਾਨੇ। ਨੌਕਰ ਜੋ ਬਿਰਾੜ ਹਟਿ ਪਰੇ। 'ਹਮ ਤੇ ਜਾਯੋ ਜਾਹਿ ਨ ਪਰੇ' ॥ ੩੦ ॥ ਅਪਰ ਘਨੇ ਹਟਿ ਹਟਿ ਘਰ ਜਾਤੇ। ਰਹੈਂ ਨ ਪ੍ਰਭੁ ਕੇ ਸੰਗ ਪ੍ਰਯਾਤੇ[3]।--ਦੱਛਨ ਦੂਰ ਦੇਸ਼ ਹੈ ਜਾਨਾ। ਮਰੈਂ ਕਿ ਜੀਵੈਂ ਕਯਾ ਹੁਇ ਭਾਨਾ ॥ ੩੧ ॥ ਨਿਜ ਕੁਟੰਬ ਤੇ ਹੋਵਹਿਂ ਨਯਾਰੇ। ਦੁਖ ਸੁਖ ਸੁਨਹਿ ਨ ਨਿਕਟ ਨਿਹਾਰੇਂ। ਬਿਛੁਰੇ, ਹੋਹਿ ਕਿ ਨਾਂਹਿਨ ਮੇਲਾ। ਗਮਨਿ ਗੁਰੂ ਕੇ ਸੰਗ ਦੁਹੇਲਾ--॥ ੩੨ ॥ ਮਨ ਮਹਿਂ ਗਿਨਤੀ ਕਰੈਂ ਅਨੇਕ। ਨਹਿਂ ਬੋਲੈਂ

[1]ਕੁਟੰਬ ਨਾਲ ਮਨ ਪ੍ਰੀਤ ਡੋਰੀ ਦੁਆਰਾ ਸੀਊਂ ਛੱਡਿਆ ਸੀ। [2]ਭਾਵ ਪੀਡੀ ਪਈ ਗੰਢ ਕੀਕੂੰ ਖੁੱਲ੍ਹੇ। [3]ਸਤਿਗੁਰੂ ਜੀ ਦੇ ਨਾਲ ਜਾਣਾ ਨਹੀਂ ਚਾਹੁੰਦੇ।

*ਇਸ ਤੋਂ ਜਾਪ ਰਿਹਾ ਹੈ ਕਿ ਗੁਰੂ ਜੀ ਦੱਖਣ ਕਿਸ ਆਸ਼ੇ ਲਈ ਜਾ ਰਹੇ ਹਨ। ਓਥੇ ਟਿਕਾਣਾ ਕਰਕੇ ਇਨ੍ਹਾਂ ਨੂੰ ਸਰਦਾਰ ਬਣਾਕੇ ਜੁੱਧ ਜੰਗ ਰਚਾਕੇ ਦੇਸ਼ ਨੂੰ ਸੁਤੰਤ੍ਰ ਕਰਨਗੇ। ਉਸ ਪਾਸੇ ਮਰਹਟੇ ਔਰੰਗੇ ਨਾਲ ਲੜ ਰਹੇ ਸਨ, ਹੋਰ ਰਿਆਸਤਾਂ ਬੀ ਜੰਗ ਕਰ ਰਹੀਆਂ ਸਨ, ਇਸ ਕਰਕੇ ਪੰਜਾਬ ਦੇ ਪਹਾੜੀ ਰਾਜਿਆਂ ਵਾਂਗ ਧ੍ਰੋਹ ਦਾ ਭੈ ਨਹੀਂ ਸੀ ਜੋ ਧੀਆਂ ਦੇਕੇ ਔਰੰਗੇ ਨਾਲ ਗ਼ੁਲਾਮੀ ਨਿਭਾ ਰਹੇ ਸਨ। ਇਹ ਬੀ ਮੁਮਕਿਨ ਹੈ ਕਿ ਔਰੰਗਜ਼ੇਬ ਨੇ ਸੱਦ ਘੱਲਿਆ ਹੈ ਤੇ ਪਹਿਲਾ ਜਤਨ ਇਹ ਹੋਵੇ ਕਿ ਕਿਵੇਂ ਓਹ ਆਪਣੇ ਧਰਮ ਤੇ ਕਸਮਾਂ ਹਾਰਨ ਵਾਲਿਆਂ ਨੂੰ ਦੰਡ ਦੇਵੇ ਤੇ ਧਰਮ ਦਾ ਧੱਕਾ ਪ੍ਰਜਾ ਪਰ ਛੋੜ ਦੇਵੇ। ਜੇ ਨਾ ਸਾਲਸੀ ਨਾਲ ਹੱਲ ਬਣੇ ਤਾਂ ਫਿਰ ਆਪ ਪ੍ਰਬੰਧ ਕਰਨ ਜਿਵੇਂ ਅਖੀਰ ਕਰਨਾ ਪਿਆ ਸੀ, ਜਦੋਂ ਬਹਾਦਰ ਸ਼ਾਹ ਇਕਰਾਰੋਂ ਫਿਰ ਗਿਆ ਸੀ।

ਦ੍ਰਿਗ ਜਲਧਿ ਬਿਬੇਕ। ਕਰਹਿਂ ਕਪਟ ਕੋ ਪ੍ਰੇਮ ਬਨਾਇ। ਕਿਮ ਨਿਬਹੈ ਤੂਰਨ ਬਿਨਸਾਇ[੧]॥ ੩੩ ॥ ਰਾਮ ਸਿੰਘ ਬੋਲ੍ਯੋ ਕਰ ਜੋਰਿ। 'ਭ੍ਰਾਤ ਫਤੇ ਸਿੰਘ ਕੌ ਦੇਂ ਮੋਰ[੨]। ਮੈ ਚਲਿ ਹੌਂ ਰਾਵਰ ਕੇ ਸਾਥ। ਜਿਤ ਗਮਨਹੁ ਗਮਨਹਿੰਗੋ ਨਾਥ'॥੩੪॥ਤਿਮਹੀ ਫਲ ਸਿੰਘ ਕਰਹਿ ਉਚਾਰੀ। ਗੁਰ ਤੇ ਡਰ ਕਰਿ ਬਨਿ ਅਨੁਸਾਰੀ। 'ਬਾਕ ਨ ਮੋਰ੍ਯੋ ਜਾਇ ਗੁਸਾਈਂ! ਗਮਨ ਕਿਸੂ ਕੇ ਮਨ ਨਹਿਂ ਭਾਈ' ॥੩੫॥ ਗਿਨਤੀ ਗਿਨਹਿਂ ਅਨੇਕ ਪ੍ਰਕਾਰੀ। ਗੁਰੂ ਸੰਗ ਤੇ ਹਟਿਬੋ ਭਾਰੀ। ਤਥਾ ਕੁਟੰਬ ਤੇ ਬਿਰਹਿ ਦੁਹੇਲਾ[੩]। ਐਸੋ ਪਰ੍ਯੋ ਆਨਿ ਕਰਿ ਖੇਲਾ ॥ ੩੬ ॥ ਬੇਗਮ ਨੌਰੰਗ ਕੀ ਮਤਿ ਗਾਈ। ਨ੍ਰਿਪ ਚੰਬਨਾਲ ਸੁ ਦੁਹਿਤਾ ਭਈ[੪]। ਗੋ ਚਵਾਲਸਰ ਗੁਰ ਜਿਸ ਕਾਲਾ। ਮਿਲੀ ਆਨਿ ਕਰਿ ਬੁੱਧਿ ਬਿਸਾਲਾ॥੩੭॥ਤਬਿ ਪ੍ਰਭੁ ਬਰ ਦੀਨੋ ਇਸ ਭਾਂਤਿ।—ਅਬਿ ਲੌ ਅਹੈ ਅਪਾਵਨ ਗਾਤ। ਇਹ ਤਨ ਤ੍ਯਾਗਿ ਅਪਰ ਕੋ ਪੈ ਹੈਂ। ਸਿਖ ਡੱਲੇ ਘਰਿ ਜਾਇ ਬਸੈ ਹੈਂ ॥ ੩੮ ॥ ਤਹਿਂ ਸਤਿਸੰਗਤਿ ਸੇਵ ਕਮੈ ਹੈਂ। ਆਛੀ ਤਬਿ ਪਾਵਨਤਾ ਪੈ ਹੈਂ।ਪੁਨ ਤੇਰੋ ਹਮ ਕਰਹਿਂ ਉਧਾਰ। ਪਹੁੰਚਹਿੰਗੀ ਤਿਹ ਸਦਨ ਮਝਾਰ—॥ ੩੯॥ ਸੋ ਤਬਿ ਕਰਤ ਰਹੀ ਬਹੁ ਸੇਵਾ। ਸੀਤ ਪ੍ਰਸਾਦ ਛਕਤਿ ਗੁਰਦੇਵਾ। ਨਿਰਮਲ ਰਿਦਾ ਹੋਇ ਤਬਿ ਆਵਾ।ਮਿਲਿ ਗੁਰ ਪਗ ਪਰ ਸੀਸ ਝੁਕਾਵਾ ॥੪੦॥ 'ਪੂਰਬ ਜਨਮ ਮੋਹਿ ਸੁਧ ਆਈ। ਅਬਿ ਸਤਿਸੰਗਤਿ ਸੇਵ ਕਮਾਈ। ਨਹਿ ਮੈਂ ਜਨਮ ਲਹੌਂ ਪੁਨ ਔਰ। ਕਰਹੁ ਬਾਕ ਸ੍ਰੀ ਪ੍ਰਭੁ ਜਗ ਮੌਰ' ॥੪੧॥ ਸ੍ਰੀ ਗੁਰ ਕਹ੍ਯੋ 'ਅਲਪ ਬਯ ਹੋਈ। ਕੇਤਿਕ ਰਹੀ ਭੋਗਨੀ ਸੋਈ। ਫਲ ਸਿੰਘ ਸੰਗ ਲਹੈਂ ਗਤਿ ਆਛੇ। ਪ੍ਰਾਪਤਿ ਹੋਇ ਤੋਹਿ ਚਿਤ ਬਾਂਛੇ[੫]' ॥ ੪੨ ॥ ਸੁਨਿਕੈ ਚਰਨ ਸਰੋਜ ਸਨੇਹੂ। ਰਿਦੇ ਬਿਸਾਲ ਉਪਾਇ ਅਛੇਹੂ।ਹਾਥ ਜੋਰਿ ਕਰਿ ਬੰਦਨ ਕੀਨੀ।ਮਨੋ ਕਾਮਨਾ ਪ੍ਰਾਪਤਿ ਭੀਨੀ* ॥

[੧]ਛੇਤੀ ਬਿਨਸ ਜਾਂਦਾ ਹੈ (ਕਪਟ ਵਾਲਾ ਪ੍ਰੇਮ)। [੨]ਮੋੜ ਦੇਵੀਏ। [੩]ਤਿਵੇਂ ਹੀ ਕੁਟੰਬ ਤੋਂ ਵਿਛੜਨਾ ਕਠਨ ਹੈ। [੪]ਚੰਬੇ ਵਾਲੇ ਰਾਜੇ ਦੇ (ਘਰ ਜੰਮਕੇ ਉਸ ਦੀ ਜੋ) ਧੀ ਬਣੀ ਸੀ। ਮੁਰਾਦ ਚੰਬੇ ਦੇ ਰਾਜੇ ਦੀ ਲੜਕੀ 'ਪਦਮਾ' ਤੋਂ ਹੈ। [੫]ਮਨ ਇੱਛਤ।

*ਦੇਖੋ ਰੁਤ ਪੰਜ ਅੰਸੂ ੫ ਅੰਕ ੪੭ ਦੀ ਹੇਠਲੀ ਟੂਕ। ਡੱਲੇ ਦੀ ਕੋਈ ਵਹੁਟੀ ਕੋਈ ਪਹਾੜਨ ਹੋਣੀ ਹੈ ਤੇ ਉਸ ਦਾ ਗੁਰੂ ਸੇਵਾ ਕਰਕੇ ਮੁਕਤੀ ਪ੍ਰਾਪਤ ਕਰਨਾ ਸੰਭਵ ਹੈ। ਪਰ ਚੰਬਨਾਲੀ ਦਾ ਚਾਰ ਵਰ੍ਹੇ ਵਿਚ ਮਰਕੇ ਜੰਮਕੇ ਜਵਾਨ ਹੋਕੇ ਡੱਲੇ ਦੀ ਨਾਰ ਬਣਨਾ ਸੰਭਵ ਨਹੀਂ। ਸਾਖੀ ਪੋਥੀ ਵਿਚੋਂ ਇਹ ਦੱਖਣ ਨੂੰ ਟੁਰਨ ਦਾ ਪ੍ਰਸੰਗ ਚਲ ਰਿਹਾ ਹੈ, ਉਸ ਵਿਚ ਚੰਬਨਾਲਨ ਦਾ ਇਹ ਜ਼ਿਕਰ ਨਹੀਂ ਹੈ। ਇਹ ਉਕਾਈ ਸੌ ਸਾਖੀ ਵਾਲੇ ਆਖੇਪਕਾਰ ਨੇ ਪਾਈ ਹੈ ਜੋ ਧਨੁਖ ਨਾਲ ਬਾਪੜੇ ਦੇਣ ਦੀ ਥਾਂ ਮਨ ਕਲਪਤ ਟੀਕਾ ਕਰਦਾ ਹੈ।

੪੩ ॥ ਇਮ ਸਤਿਗੁਰ ਨਿਤ ਠਾਨਹਿਂ ਤਯਾਰੀ। ਕਰਯੋ ਚਹੈਂ ਦੱਛਨ ਅਸਵਾਰੀ। ਕਹਿ ਭਾਈ[1] ਮੈਂ ਭੀ ਹੁਇ ਸਾਥ। ਗਮਨਯੋਂ ਚਹੌਂ ਦਰਸ ਹਿਤ ਨਾਥ ॥ ੪੪ ॥ ਕੇਤਿਕ ਹਟੇ ਗਏ ਨਿਜ ਘਰ ਕੋ। ਕੇਤਿਕ ਹਟੇ ਕਪਟ ਕਰਿ ਉਰ ਕੋ। ਕਿਤਿਕ ਕਪਟ ਬਿਨ ਸੰਗੀ ਭਏ। ਸਤਿਗੁਰ ਚਰਨ ਪ੍ਰੇਮ ਕੌ ਲਏ ॥੪੫॥ ਤੀਨ ਦਸ਼ਾ[2] ਸਿੱਖਨ ਕੀ ਹੋਇ। ਕਿਨਹੁੰ ਲਾਭ ਲੀਨਸਿ ਕਿਨ ਖੋਇ। ਘਰ ਕੋ ਮੋਹ ਤਯਾਗ ਕਰਿ ਚਲੇ। ਸੋ ਪੂਰਨ ਉੱਤਰੇ ਨਰ ਭਲੇ ॥੪੬॥ ਜਬਿ ਤੇ ਪੁੱਤ੍ਰ ਮਰੇ ਬਿਚ ਮੇਲੇ।ਅਭੈਰਾਮ ਕਰਿ ਸ਼ੋਕ ਦੁਹੇਲੇ। ਨਹਿਂ ਘਰ ਰਹਯੋ ਪ੍ਰਭੂ ਢਿਗ ਆਯੋ। ਸੰਗ ਦਿਵਾਨੇ ਕੇ ਗਨ ਲਯਾਯੋ ॥ ੪੭॥ਸ਼੍ਰੀ ਗੁਰ ਰਾਖਯੋ ਕਰਿ ਸਨਮਾਨਾ।'ਆਉ ਅਭੈਸਿੰਘ ਮਹਿਦ ਸੁਜਾਨਾ। ਗੁਰ ਹਰਿਰਾਇ ਪ੍ਰਥਮ ਬਰ ਭਯੋ। ਸ਼੍ਰੀ ਨਾਨਕ ਜਹਾਜ ਫਟਿ ਗਯੋ ॥ ੪੯ ॥ ਬਹੁਰ ਬਿਚਾਰ ਕਹਯੋ ਭਾਵਿੱਖ।–ਦਸਵੇਂ ਪਾਤਸ਼ਾਹੁ ਬਹੁ ਸਿੱਖ[3]। ਫਟਯੋ ਜਹਾਜ ਇਕੱਤ੍ਰ ਕਰਹਿਂਗੇ। ਮਿਲਿ ਮਿਲਿ ਸ਼ਰਧਾ ਧਰਹਿਂ ਤਰਹਿਂਗੇ ॥ ੪੯ ॥ ਹੁਇ ਹੈਂ ਬਲੀ ਮਹਾਨ ਮਹਾਨਾ। ਤਬਿ ਭੀ ਜੋ ਮਿਲਿਹੈਂਗੇ ਆਨਾ[4]। ਤਿਨ ਕੋ ਪੰਥ ਮਿਲਾਵੈਂ ਸਰਬ[5]। ਰਾਜ ਤੇਜ ਬਧਿ ਹੈ ਬਹੁ ਦਰਬ ॥ ੫੦ ॥ ਸਭਿ ਅਧੀਨ ਹੋਵਹਿਂਗੇ ਜਾਇ। ਤਬਿ ਜਹਾਜ ਮਿਲਿ ਇਕ ਹੁਇ ਜਾਇ–'। ਅਭੈ ਸਿੰਘ ਕੋ ਰੋਜ ਘਨੇਰੋ। ਕਰਯੋ ਪ੍ਰਭੂ ਪਿਖਿ ਖਰਚ ਬਡੇਰੋ ॥ ੫੧ ॥ ਪੁੰਜ ਦਿਵਾਨੇ ਅਰੁ ਸਿਖ ਆਵੈਂ। ਸਭਿ ਕੋ ਦੇਗ ਕਰਹਿਂ ਤ੍ਰਿਪਤਾਵੈਂ। ਜਬਹਿ ਸੁਨਯੋ ਦੱਛਨ ਕੋ ਜਾਨੇ। ਮਿਲਿ ਮਿਲਿ ਮਸਲਤਿ ਕਰਹਿਂ ਦਿਵਾਨੇ ॥੫੨॥ 'ਤੁਮਰੋ ਨਹੀਂ ਬਨੈ ਕਿਤ ਜਾਨਾ। ਘਰਿ ਰਹਿਕੇ ਥੋਰੋ ਭੀ ਖਾਨਾ। ਕਯਾ ਲੈਨੋ ਦੱਛਨ ਮਹਿਂ ਜਾਇ। ਦੂਰ ਦੇਸ਼ ਸੁਧ ਕਯੋਂਹੁੰ ਨ ਪਾਇ' ॥ ੫੩ ॥ ਇਕ ਦਿਨ ਸਤਿਗੁਰ ਬਹੁ ਸਮੁਝਾਯੋ। 'ਸੰਗ ਚਲੋ ਲੀਜਹਿ ਮਨ ਭਾਯੋ। ਪੂਜਹਿਂਗੇ ਬਹੁ ਲੋਕ ਚਰਨ ਕੋ। ਗਮਨੈਂ ਦੇਸ਼ਨ ਸੈਲ ਕਰਨ ਕੋ ॥੫੪॥ ਦਿਨ ਪ੍ਰਤਿ ਪ੍ਰਾਪਤਿ ਅਧਿਕ ਬਡਾਈ। ਹੁਇ ਤੁਮ ਸਿਖ ਸੰਗਤਿ ਅਧਿਕਾਈ'।"ਆਛੀ ਬਾਤ ਚਲੈਂ ਹਮ ਸਾਥ'।ਕਹਿ ਕਰਿ ਭਲੇ ਗਮਨ ਕੋ ਪਾਥ ॥ ੫੫ ॥ ਜਬਿ ਬੈਠਯੋ ਡੇਰੇ ਮਹਿਂ ਆਇ। ਮਿਲੇ ਦਿਵਾਨੇ ਮਤਿ ਬਿਚਲਾਇ। 'ਰਹਿਬੇ ਸੁਖ, ਚਲਿਬੇ ਦੁਖ' ਕਹੇ। 'ਗਮਨ ਦੂਰ ਕੈਸੇ ਤੁਮ ਚਹੇ ?' ॥ ੫੬ ॥ ਇੱਤਯਾਦਿਕ ਅਧਿਕੋ ਸਮੁਝਾਯੋ। 'ਨਿਸ ਮੈਂ ਭਾਜੋ'

[1]ਭਾਈ ਰਾਮ ਕੌਰ ਜੀ ਕਹਿੰਦੇ ਹਨ। [2]ਤਿੰਨ ਦਸ਼ਾ, ਹਾਲਤਾਂ। [3]ਬਹੁਤ ਸਿੱਖਾਂ ਦਾ (ਜਹਾਜ)। [4]ਆਕੇ। [5]ਤਿਨ੍ਹਾਂ ਸਾਰਿਆਂ ਨੂੰ ਪੰਥ ਵਿਚ ਮਿਲਾਵਣਗੇ। [6]ਅਭੈ ਰਾਮ ਨੇ ਕਿਹਾ।

ਮਤਿ ਠਹਿਰਾਯੋ। ਕੇਤਿਕ ਸੰਗ ਲੀਨਿ ਬੈਰਾਗੇ। ਲੇ ਕਰਿ ਚਲੇ ਦਿਵਾਨੇ ਸਾਰੇ॥੫੭॥ਨਿਸ ਮਹਿਂ ਭਾਜ ਗਯੋ,ਨਹਿਂ ਰਹਯੋ। ਗੁਰ ਸੰਗ ਜਾਇ ਪ੍ਰਸੰਗ ਸੁ ਕਹਯੋ।'ਹੁਤੇ ਦਿਵਾਨੇ ਜੋ ਮਤਿ ਮਾਰੇ। ਹਮ ਨੇ ਜਾਨੇ ਲੈਗੋ ਸਾਰੇ'॥੫੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦੱਖਨ ਗਮਨ' ਪ੍ਰਸੰਗ ਬਰਨਨੰ ਨਾਮ ਦੋਇ-ਤ੍ਰਿੰਸਤੀ ਅੰਸੂ ॥੩੨॥

## ੩੩. [ਡੱਲੇ ਦਾ ਨੱਸਣਾ, ਨੌਹਰ ਦਾ ਜੋਤਸ਼ੀ]।

ਦੋਹਰਾ॥*ਡਲ ਸਿੰਘ ਬੈਠਯੋ ਆਨ ਕਰਿ ਸ੍ਰੀ ਮੁਖ ਕੀਨਿ ਬਖਾਨ। 'ਅਪਨੀ ਤਯਾਰੀ ਕੀਜੀਏ,ਦੱਖਨ ਕਰਹਿਂ ਪਯਾਨ'॥੧॥ ਚੌਪਈ॥ ਹਾਥ ਜੋਰਿ ਬੋਲਯੋ ਤਬਿ ਸੋਇ। 'ਇਨ ਝਾਰਨ[1] ਰਾਖਾ ਨਹਿਂ ਕੋਇ।' ਹਮ ਚਢਿ ਚਲੇ ਤਯਾਗ ਜਬਿ ਭੌਨ।ਗ੍ਰਾਮ ਬਸਾਵਹਿਗੋ ਤਬਿ ਕੌਨ' ॥੨॥ ਗੁਰੂ ਕਹਯੋ 'ਰਹਿਂ ਗ੍ਰਾਮ ਰੁ ਝਾਰ।ਇਹ ਦੋਹਾਂ ਸਭਿ ਬਿਨਸਨ ਹਾਰ। ਥਿਰਤਾ ਇਨਕੀ ਲਖਹੁ ਨ ਕੈਸੇ। ਬਰਖਾ ਹੋਤਿ ਬੁਦਬੁਦਾ ਜੈਸੇ[2] ॥ ੩ ॥ ਜਿਮ ਪ੍ਰਵਾਹੁ ਕੌ ਚਲਨ ਸੁਭਾਉ। ਭਰਯੋ ਰਹਤਿ ਹੈ ਨਿਤ ਦਰਿਆਉ।ਰਾਖੇ ਝਾਰਨ ਗ੍ਰਾਮ ਬਸਾਵਨ। ਉਪਜਹਿਂ ਨਰ ਲਾਖਹੁਂ ਇਨ ਥਾਵਨ ॥ ੪ ॥ ਕਯੋਂ ਤੂੰ ਫਸਹਿਂ ਮੋਹ ਕੇ ਫੰਧ। ਲਖਿ ਬੰਧੁ ਆਦਿਕ ਮਨਬੰਧ। ਆਗੇ ਦੇਹਿਂ ਦੇਸ਼ ਕੋ[3] ਰਾਜ। ਹੁਇ ਅਨੁਸਾਰਿ ਅਨੇਕ ਸਮਾਜ॥੫॥–ਅਪਨੇ ਪਾਸ ਥਾਨ ਮੁਝ ਦੇਹੋ–। ਮਾਂਗਤਿ ਰਹਤਿ ਹਮਹੁਂ ਤੇ ਏਹੋ। ਕਯੋਂ ਅਬਿ ਭਰਮ ਸੰਗ ਚਹਿਂ ਛੋਰਾ।ਚਲਹੁ ਤਯਾਰ ਹ੍ਵੈ ਦੱਖਨ ਓਰਾ' ॥ ੬ ॥ ਡਰਤਿ ਕਹੈ 'ਸਤਿ ਬਚਨ ਭਲਾ ਜੀ'। ਅੰਤਰ ਚਾਹਤਿ ਗੁਰੂ ਛਲਾ ਜੀ।ਤਿਮ ਹੀ ਰਾਮ ਸਿੰਘ ਕੀ ਬਾਤ। ਭੈ ਧਰਿ ਤਯਾਰੀ ਕੀਨਿ ਪਯਾਤ[4] ॥੭॥ ਦੱਛਨ ਚਲਿਬੋ ਸਭਿਨਿ ਸੁਨਾਈ। ਸੁਪਤਿ ਜਥਾ ਸੁਖਿ ਰਾਤਿ ਬਿਤਾਈ। ਬਡੀ ਪ੍ਰਾਤ ਪ੍ਰਭੁ ਕੀਨਿ ਸ਼ਨਾਨਾ। ਪਹਿਰੇ ਬਸਤ੍ਰ ਸ਼ਸਤ੍ਰ ਬਿਧਿ ਨਾਨਾ॥ ੮ ॥ ਹੁਕਮ ਕਰਯੋ 'ਘੋਰਨ ਪਰ ਜ਼ੀਨ। ਪਾਵਹੁ ਤਯਾਰੀ ਕਰਹੁ ਪ੍ਰਬੀਨ'। ਸੁਨਿ ਦਾਸਨ ਤਤਛਿਨ ਕਰਿ ਲਈ। ਸਕਲ ਸੌਜ ਬੰਧਨ ਕਰਿ ਦਈ[5] ॥ ੯ ॥ ਸੰਗ ਖਾਲਸਾ ਹੋਇਸਿ ਤਯਾਰ। ਕਿਤਿਕ ਪਦਾਂਤੀ ਕੈ ਅਸਵਾਰ। ਸਭਿ ਹੂੰ ਕਮਰਕਸਾ ਕਰਿ ਲੀਨ†। ਧਨੁਖ ਤੁਫੰਗੀ ਸੰਭਾਰਨ ਕੀਨਿ ॥ ੧੦ ॥ ਡਲ ਸਿੰਘ ਰਾਮ ਸਿੰਘ ਭੇ ਤਯਾਰ। ਇਨ ਪਰ

[1]ਇਨ੍ਹਾਂ ਝਾੜਾਂ ਦਾ ਭਾਵ ਮੇਰੇ ਘਰ ਤੇ ਰਿਆਸਤ ਦਾ। [2]ਬਰਖਾ ਸਮੇਂ ਜਿਵੇਂ ਬੁਲਬੁਲਾ ਹੁੰਦਾ ਹੈ। [3]ਭਾਵ ਦੱਖਣ ਚੱਲਕੇ (ਆਪਣੇ) ਦੇਸ਼ ਦਾ। [4]ਚੱਲਣ ਦੀ। [5]ਬੰਨ੍ਹ ਲਈ।

*ਸਾਖੀ ਪੋਥੀ ਦੀ ਸਾਖੀ ਹੈ। †ਸਾਖੀ ਪੋਥੀ ਵਿਚ ਇਸ ਬਾਵੇਂ ਲਿਖਿਆ ਹੈ:–"ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀਆਂ, ਨੌਂ ਪਲ ਗੁਰੂ ਗੋਬਿੰਦ ਸਿੰਘ (ਦਮਦਮੇ) ਰਹੇ। ਚੜ੍ਹੇ ਕੱਤਕ ਸੁਦੀ ਥਿਤ ਪੰਚਮੀ ਦਿਨ ਵੀਰਵਾਰ। ਸਵਾ ਪਹਿਰ ਦਿਨ ਚੜ੍ਹੇ ਕੂਚ ਕੀਆ ਦੱਖਣ ਕੋ।"

ਘਨੀ ਕ੍ਰਿਪਾ ਪ੍ਰਭੁ ਧਾਰਿ। ਹਯ ਅਨਵਾਇ ਅਰੋਹੇ ਨਾਥ। ਕਸਿਕਸਿ ਕਟਿ ਗਮਨੇ ਪ੍ਰਭੂ ਸਾਥ॥੧੧॥ ਸ੍ਰੀ ਪ੍ਰਭੁ ਕੀ ਤਬਿ ਭਈ ਚਢਾਈ। ਉਡੀ ਧੂਰ ਨਭ ਲੀਨਸਿ ਛਾਈ। ਥਰਹਰਿ ਕੰਪੇ ਰਾਨੇ ਰਾਇ[1] ।–ਮਤ ਹਮ ਕੋ ਲੂਟਹਿ ਪ੍ਰਭੁ ਆਇ–॥ ੧੨॥ ਸ਼ੋਭਤਿ ਚਢੇ ਜਾਤਿ ਮਗ ਐਸੇ। ਦੱਛਨ ਗਮਨੇ ਰਘੁਪਤਿ ਜੈਸੇ। ਸਪਤਿ ਕੋਸ ਗਮਨੇ ਸੁਖਦਾਇ। ਨਾਮ ਗ੍ਰਾਮ ਕੇਵਲ* ਤਬਿ ਆਇ॥ ੧੩ ॥ ਪ੍ਰਥਮ ਸਿਵਰ ਤਹਿੰ ਹੀ ਕਰਿ ਦਏ। ਸੁਖ ਸਮੇਤ ਪ੍ਰਭੁ ਆਵਤਿ ਭਏ। ਈਂਧਨ ਘਾਸ ਬਟੋਰਨ ਕੀਨਾ। ਕਰੇ ਉਤਾਰਨਿ ਹਯ ਤੇ ਜ਼ੀਨਾ ॥ ੧੪ ॥ ਖਾਨ ਪਾਨ ਸਭਿਹਿਨਿ ਕਰਿ ਲੀਨਾ। ਭਈ ਰਾਤ੍ਰਿ ਨਿੰਦ੍ਰਾ ਸੁਖ ਭੀਨਾ।ਪ੍ਰਾਤਿ ਉਠੇ ਤਯਾਰੀ ਕਰਿਵਾਈ। ਭਏ ਅਰੋਹਨ ਤੁਰਤ ਗੁਸਾਈਂ ॥ ੧੫ ॥–ਮਾਰਵਾੜ ਕੇ ਦੇਸ਼ ਮਝਾਰੀ। ਚਲਿ ਤਹਾਂ ਕੋ–ਇੱਛਾ ਧਾਰੀ। ਗ੍ਰਾਮ ਝੋਰੜੀ† ਉਤਰੇ ਜਾਇ। ਤਹਾਂ ਦੁਪਹਰਾ ਥਿਰੇ ਬਿਲਾਇ[2] ॥ ੧੬ ॥ ਕੋਸ ਅਸ਼ਟ ਦਸ ਪਹੁੰਚੇ ਜਬੈ।ਝੰਡੇ ਗ੍ਰਾਮ‡ ਸਿਵਰ ਕਿਯ ਤਬੈ। ਸੁਮਤਿ ਭਏ ਨਰ,ਨਿਸਾ ਬਿਤਾਈ। ਪ੍ਰਾਚੀ ਦਿਸ਼ਾ ਭਈ ਅਰੁਨਾਈ॥੧੭॥ ਤੰਗ ਤੁਰੰਗਨ ਐਂਚਨਿ ਕਰੇ। ਤਯਾਰ ਹੋਇ ਕਰਿ ਸਤਿਗੁਰ ਚਰੇ।ਦ੍ਵਾਦਸ਼ ਕੋਸ ਉਲੰਘਿ ਮਗ ਆਏ। ਸਰਸਾ§ ਗ੍ਰਾਮ ਤਹਾਂ ਦਰਸਾਏ ॥ ੧੮ ॥ ਦਲ ਸਮੇਤ ਪ੍ਰਭੁ ਕੀਨਸਿ ਡੇਰਾ¶।ਸਕਲਬਹੀਰ ਆਇ ਤਿਸ ਬੇਰਾ।ਪਰਮ ਸਿੰਘ ਅਰੁ ਧਰਮ ਸਿੰਘ ਜੁਇ। ਰੂਪੇ ਕੇ[3] ਚਲਿ ਆਇ ਭ੍ਰਾਤ ਦੁਇ॥੧੯॥ ਪ੍ਰਭੁ ਹਿਤ ਨਯੋ ਮੰਚ ਨਿਤ ਕਰੈਂ। ਤਯਾਰੀ ਹਿਤ ਤੂਰਨ ਸੋ ਧਰੈਂ[4]। ਬੁਨਿਕੈ

[1]ਰਾਣੇ ਤੇ ਰਾਜੇ। [2]ਓਥੇ ਠਹਿਰਕੇ ਦੁਪਹਿਰਾ ਕੱਟਿਆ। [3]ਰੂਪੇ ਦੇ ਖ਼ਾਨਦਾਨ ਦੇ। (ਅ) ਰੂਪੇ ਦੇ ਪਿੰਡ ਤੋਂ। [4]ਗੁਰਾਂ ਲਈ ਛੇਤੀ ਘੜਕੇ ਤਿਆਰ ਕਰਦੇ ਹਨ। *ਏਥੇ ਗੁਰਦੁਆਰਾ ਹੈ,ਜ਼ਿਲਾ ਹਿਸਾਰ ਹੈ। †ਏਥੇ ਜੰਡ ਹੈ ਯਾਦਗਾਰੀ, ਗੁਰਦਵਾਰਾ ਨਹੀਂ ਹੈ। ‡ਏਥੇ ਗੁਰਦਵਾਰਾ ਹੈ। ਰਿਆਸਤ ਪਟਿਆਲਾ ਹੈ। §ਏਥੇ ਗੁਰਦਵਾਰਾ ਹੈ। ¶ਏਥੇ ਇਕ ਬੰਦੀਛੋਰ ਵਾਕਿਆ ਹੋਯਾ ਹੈ ਜੋ ਤਵਾ: ਖਾਲਸਾ ਨੇ ਦਿੱਤਾ ਹੈ ਤੇ ਜੋ ਸੀਨੇ ਬਸੀਨੇ ਬੀ ਆਇਆ ਹੈ, ਜੋ ਕਵੀ ਜੀ ਨੂੰ ਨਹੀਂ ਮਿਲਿਆ। ਖੁਡਾਲੇ ਦੇ ਹਾਕਮ ਨੇ ਗੁਲਾਬ ਸਿੰਘ (ਸੁਨਿਆਰਾ) ਇਸ ਕਰਕੇ ਕੈਦ ਕਰ ਰਖਿਆ ਸੀ ਕਿ ਉਹ ਆਪਣੀ ਬੇਟੀ ਉਸ ਨੂੰ ਨਹੀਂ ਦੇਂਦਾ ਸੀ। ਕਾਕੀ ਨੂੰ ਸੰਗਤ ਨੇ ਛੁਪਾ ਰਖਿਆ ਸੀ। ਗੁਰੂ ਜੀ ਪਾਸ ਸੰਗਤ ਵਲੋਂ ਫਰਿਆਦ ਪਹੁੰਚੀ, ਆਪ ਨਿਰਭੈ ਸ਼ੇਰ ਵਾਂਗ ਖੁਡਾਲੇ ਜਾ ਪਹੁੰਚੇ, ਸਿੰਘ ਨੂੰ ਕੈਦੋਂ ਕੱਢਿਆ ਤੇ ਹਾਕਮ ਨੂੰ ਆਪਣੇ ਆਤਮ ਬਲ ਨਾਲ ਸਿੱਧੇ ਰਾਹ ਪਾਕੇ ਨੇਕ ਆਦਮੀ ਬਣਾ ਦਿੱਤਾ ਤੇ ਕੁਕਰਮਾਂ ਤੋਂ ਖਲਾਸੀ ਬਖਸ਼ੀ।ਐਉਂ ਕਾਕੀ ਦਾ ਧਰਮ ਬਚਾਇਆ ਤੇ ਸਿੰਘ ਦੀ ਬੰਦ ਛੁਡਾਈ। ਵਿਸਥਾਰ ਲਈ ਦੇਖੋ 'ਸ੍ਰੀ ਗੁਰ ਕਲਗੀਧਰ ਚਮਤਕਾਰ' ਦਾ 'ਖੁੱਲ੍ਹਾਂ ਦਾ ਦਾਤਾ' ਨਾਮੇ ਪ੍ਰਸੰਗ।

ਪਾਇੰਦ ਪਾਇ ਪਨਾਵੈਂ[1]। ਨਿਸ ਮਹਿ ਗੁਰ ਕੇ ਤਰੇ ਡਸਾਵੈਂ ॥ ੨੦ ॥ ਥਿਰ ਹੈ ਕ੍ਰਿਤਿਕ ਸਮੈਂ ਮਹਿ ਫੇਰ। *ਪਿਖ੍ਯੋ ਪਰਾਵਾ[2] ਊਚ ਬਡੇਰ। ਤਿਸ ਪਰ ਚਢਿ ਛਲ ਸਿੰਘ ਹਕਾਰਾ। 'ਆਉ ਦਿਖਾਵਹਿਂ ਦੇਸ਼ ਉਦਾਰਾ ॥ ੨੧ ॥ ਜੋ ਤੁਝ ਕੋ ਦੇਨੋ ਹਿਤ ਰਾਜ। ਕਰਹਿਂ ਵਧਾਵਨ ਸਕਲ ਸਮਾਜ'। ਮੁਖ ਮੁਰਝਾਨੋ ਤਬਹਿ ਉਚਾਰੇ। 'ਜਬਿ ਚਲਿ ਹੈਂ ਤਬਿ ਲੇਹਿਂ ਨਿਹਾਰੇ' ॥੨੨॥ ਛੂਟਿ ਗਯੋ ਧੀਰਜ ਜਿਸ ਕੇਰਾ। ਮੋਹ ਸਦਨ ਗਨ ਗ੍ਰਾਮ ਬਡੇਰਾ। ਪੁਨ ਪ੍ਰਭੁ ਆਨਿ ਪਲੰਘ ਪਰ ਥਿਰੇ। ਔਰ ਨਿਕਟ ਸਭਿ ਬੈਠਨ ਕਰੇ ॥ ੨੩ ॥ ਰਾਮ ਸਿੰਘ ਕਰ ਜੋਰਿ ਉਚਾਰਾ। ਭ੍ਰਾਤਾ ਵਡੇ ਸਿੰਘ ਹਿਤ ਧਾਰਾ[3]। 'ਖੁਸ਼ੀ ਕਰਹੁ ਇਹ ਸਦਨ ਸਿਧਾਵੈ। ਸਕਲ ਕਾਰ ਪਾਛੇ ਨਿਬਹਾਵੈ' ॥ ੨੪ ॥ ਸੁਨਿ ਗੁਰ ਕਹ੍ਯੋ 'ਹਮਹੁ ਸਭਿ ਜਾਨੀ। ਬਾਨੀ ਤੂੰ ਭਾਖਤਿ ਛਲ ਸਾਨੀ। ਵਡੇ ਸਿੰਘ ਕੋ ਜਾਨ ਨ ਦੈ ਹੈਂ। ਨਹੀਂ ਆਪ ਭੀ ਸੰਗ ਸਿਧੈ ਹੈਂ[4] ॥ ੨੫ ॥ ਹਮ ਕਹਾ ਕਹੈਂ, ਭੇਜ ਦੇਹੁ ਪਾਛੇ। ਕਰਹਿਂ ਕਪਟ ਤੁਝ ਹੋਇ ਨ ਆਛੇ'। 'ਪ੍ਰਭੁ ਜੀ! ਨਹਿਂ ਰਿਸ ਰਿਦੈ ਕਰੀਜੈ। ਬਿਨ ਨਰ ਸਦਨ ਨਹੀਂ ਨਿਬਹੀਜੈ' ॥ ੨੬ ॥ ਇਮ ਕਹਿ ਵਡੇ ਸਿੰਘ ਕੋ ਮੋਰਾ। ਕਾਚੇ ਲੋਕਨ ਧੀਰਜ ਛੋਰਾ। ਖਾਨ ਪਾਨ ਕਰਿ ਦਿਵਸ ਬਿਤਾਯੋ। ਸੰਧ੍ਯਾ ਸਮੈ ਤਿਮਰ ਗਨ ਛਾਯੋ ॥ ੨੭ ॥ ਛਲ ਸਿੰਘ ਕੰਕਨ ਦੋਨਹੁ ਉਤਰੇ[5]। ਹਿਤ ਤਕਟਾਈ ਗੁਰ ਢਿਗ ਧਰੇ। ਸੁੰਦਰ ਖੀਲਾ ਦਯੋ ਟਿਕਾਈ। ਬਾਹੀ ਸੰਗ ਮੰਚ ਕੋ ਲਾਈ[6] ॥ ੨੮ ॥ ਨਿਸ ਜਬਿ ਭਈ ਅਧਿਕ ਅੰਧਕਾਰਾ। ਹਿਤ ਭਾਜਨ ਕੇ ਕੀਨਸ ਤਜਾਰਾ। ਗੁਰ ਡੇਰੇ ਕੀ ਕਰੀ ਪ੍ਰਦੱਛਨ। ਦੋਇ ਬਾਰ ਫਿਰਿ ਨੀਠ† ਬਿਚੱਛਨ ॥ ੨੯ ॥ ਪੁਨ ਫਿਰਿਬੇ ਕੀ ਧੀਰ ਨ ਰਹੀ। ਨਮੋ ਕਰੀ ਕਰ ਜੋਰੇ ਤਹੀਂ। ਘਰਬਾਰੀ ਦਰਬਾਰੀ ਦੌਨ[7]। ਚਢਿ ਕਰਿ ਭਾਜਿ ਹਟਨੋ ਥਲ ਤੌਨ[8] ॥ ੩੦ ॥ ਸੰਗ

[1] ਲਗਾਕੇ (ਢਿਗੀ) ਪਾਇੰਦ ਪਾਂਵਦੇ ਹਨ। [2] ਆਵਾ। [3] ਦਾ ਹਿਤ ਧਾਰਿਆ। [4] ਵਡੇ ਸਿੰਘ ਨੂੰ ਜਾਣ ਨਹੀਂ ਦਿਆਂਗੇ ਮਤਾਂ ਤੂੰ ਭੀ ਨਾਲ ਹੀ ਨਾ ਚਲਾ ਜਾਏਂ। (ਅ) ਸਾਡੇ ਨਾਲ ਨਾ ਤੂੰ ਵਡੇ ਸਿੰਘ ਨੂੰ ਜਾਣ ਦੇਣਾ ਹੈ ਤੇ ਨਾਂਹੀ ਆਪ ਨਾਲ ਜਾਏਂਗਾ। [5] ਦੋਵੇਂ ਕੜੇ ਉਤਾਰਕੇ। [6] ਮੰਜੇ ਦੀ ਬਾਹੀ ਨਾਲ ਲਾਕੇ (ਟਿਕਾ ਰਖਿਆ)। (ਅ) ਗੁਰੂ ਜੀ ਦੇ ਪਲੰਘ ਦੇ ਨਾਲ ਬਾਂਹ ਲਾਕੇ (ਬੈਠਾ)। [7] ਪਿਛੇ ਅੰਸੂ ੩੨ ਅੰਕ ੧੧ ਵਿਚ ਦੋ ਦੀਵਾਨ, ਦਰਬਾਰੀ ਸਿੰਘ ਤੇ ਉਸ ਦਾ ਭਾਈ ਘਰਬਾਰੀ ਸਿੰਘ, ਦੱਸੇ ਹਨ। ਇਥੇ ਐਉਂ ਅੱਖਰ ਪਏ ਹਨ ਕਿ ਮਾਨੋਂ ਛੱਲੇ ਨੂੰ ਹੀ ਦਰਬਾਰੀ ਤੇ ਘਰਬਾਰੀ ਕਹਿ ਰਹੇ ਹਨ, ਪਰ ਅੰਸੂ ੩੨ ਅੰਕ ੧੧ ਮੂਜਬ ਇਉਂ ਠੀਕ ਜਾਪਦਾ ਹੈ ਕਿ ਘਰਬਾਰੀ ਤੇ ਦਰਬਾਰੀ ਜੋ ਦੋਵੇਂ ਭਰਾ ਸਨ ਛੱਲੇ ਦੇ ਨਾਲ ਹੀ ਭੱਜ ਗਏ। [8] ਉਸ ਥਾਂ ਤੋਂ।

*ਸਾਖੀ ਪੋਥੀ ਦੀ ਸਾਖੀ ਹੀ ਚੱਲ ਰਹੀ ਹੈ। †ਪਾ:—ਦੀਨ।

ਬਿਰਾੜ ਬਹੁਤ ਹਟਿ ਆਏ।ਇਕ ਸੋਢੀ ਕੋ ਭੀ ਸੰਗ ਲਜਾਏ। ਜਾਮ ਜਾਮਨੀ ਤੇ ਪ੍ਰਭੁ ਜਾਗੇ । ਸੌਚ ਸ਼ਨਾਨ ਕਰਨ ਕੋ ਲਾਗੇ ॥ ੩੧ ॥ ਚਾਰ ਘਰੀ ਕੇ ਅੰਮ੍ਰਿਤ ਵੇਲੇ । ਬਸਤ੍ਰ ਸ਼ਸਤ੍ਰ ਪਹਿਰੇ ਸਭਿ ਲੇ ਲੇ । ਬਹੁਰ ਕਹਜੋ 'ਡਲ ਸਿੰਘ ਕੋ ਲਜਾਵੋ । ਹਮ ਢਿਗ ਬੈਠੇ, ਜਾਇ ਸੁਨਾਵੋ' ॥੩੨॥ ਦਲ ਮਹਿ ਰਹੇ ਬੈਨਵਾ ਏਕ । ਹਿਤ ਦਰਸ਼ਨ ਕੇ ਜਲਧ ਬਿਬੇਕ[1] । ਦੇਤਿ ਪ੍ਰਦਛਨਾ ਜਬਿ ਭਜ ਗਯੋ[2] । ਨੀਕੀ ਰੀਤਿ ਨਿਹਾਰਤਿ ਭਯੋ ॥ ੩੩ ॥ ਤਿਨ ਗੁਰ ਸਨ-ਮੁਖ ਗਿਰਾ ਉਚਾਰੀ । 'ਕਿਤ ਦਰਬਾਰੀ ਕਿਤ ਘਰਬਾਰੀ । ਡੱਲਾ ਕਹਾਂ ਨਿਮੱਲਾ ਮੱਲਾ[3] ।ਰਹਜੋ ਸੰਗ ਅੱਲਾ ਹੀ ਅੱਲਾ ॥ ੩੪ ॥ ਕਹਿ ਸਿਖ ਕਪਟੀ ਭੇਖ ਕੁਢਾਲੀ[4] । ਅੰਤ ਸਮੇਂ ਨਿਬਹੈ ਨਹਿੰ ਨਾਲੀ । ਤਯੋਂ ਹੀ ਡੱਲਾ ਕੂੜ ਕੁਚੱਲਾ[5] । ਰਹਜੋ ਏਕ ਅੱਲਾ ਹੀ ਅੱਲਾ ॥ ੩੫ ॥ ਨਿਭ ਹੈ ਕੂੜ ਨ ਸੱਚ ਅਗਾਰੀ[6] । ਫਸੇ ਮੋਹ ਸੁਤ ਬੰਧਪ ਨਾਰੀ । ਭਾਗਯੋ ਡੱਲਾ ਤਾਉ ਨ ਝੱਲਾ[7] । ਸੰਗ ਰਹਜੋ ਅੱਲਾ ਹੀ ਅੱਲਾ*' ॥੩੬॥ ਸੁਨਿ ਗੁਰ ਕਹਜੋ 'ਜਾਹੁ ਵੇ ਡੱਲਾ ! ਆਪਹਿ ਭਾਗਯੋਂ ਉਰ ਥਰਥੱਲਾ[8] । ਮਾਂਗਤਿ ਰਹਤਿ ਸਦਾ ਬਲ ਤੀਰ[9] । ਕਹਾਂ ਪਰੀ ਤੇਰੇ ਪਰ ਭੀਰ' ॥ ੩੭ ॥ ਇਕ ਦਿਸ਼ਿ ਦੇਖਤਿ ਪ੍ਰਭੂ ਉਚਾਰਾ । 'ਇਤੇ ਕੌਨਸੇ ਕੀਯਸਿ ਤਜਾਰਾ ?[10]' । ਸਿੰਘ ਮਝੈਲ ਅਰੀਮੀ ਏਕ । ਸੁਨਿ ਬੋਲਯੋ ਸੰਗ ਜਲਧਿ ਬਿਬੇਕ ॥ ੩੮ ॥ 'ਸਭਿ ਮਲਵਈ ਭਾਜਿ ਕੈ ਗਏ । ਮਾਝੇ ਕੇ ਮਾੜੇ ਥਿਰ ਥਏ[11]' ।ਕਹਜੋ ਗੁਰੂ 'ਮਝੈਲ ਨਹਿ ਮਾੜੇ।ਦੇਸ਼ ਮਾਲਵੇ ਕੇ ਹੁਇ ਲਾੜੇ' ॥ ੩੯ ॥ ਬਹੁਰ ਚਢਨ ਤਜਾਰੀ ਕਰਿਵਾਈ । ਲੀਨ

---

[1]ਭਾਵ ਸ਼੍ਰੀ ਗੁਰੂ ਜੀ ਦਾ । [2]ਜਦੋਂ (ਡੱਲਾ) ਭੱਜ ਗਿਆ ਸੀ । [3]ਡੱਲਾ ਕਿੱਥੇ ਉਸ ਦੇ ਮੱਲਾਂ (ਸੂਰਮਿਆਂ) ਵਿਚੋਂ ਬੀ ਕੋਈ ਸੂਰਮਾ ਨਹੀਂ ਜੇ ਰਿਹਾ । (ਅ) ਮੱਲਾਂ ਵਿਚੋਂ ਨਾਂ ਮੱਲ ਭਾਵ ਬੀਰਾਂ ਵਿਚੋਂ ਕਾਇਰ । (ੲ) ਨਾ ਮੱਲਣੇ ਜੋਗ ਥਾਂ (ਆਪਣਾ ਪਿੰਡ) ਜਾ ਮਲਿਆ ਸੁ । (ਸ) ਵਿਸ਼ੇਸ਼ ਕਰਕੇ ਮੇਲ ਮੱਲ ਲਈ ਸੁ, ਆਪਣਾ ਮੁਕਾਲਾ ਕੀਤਾ ਸੁ । [4]ਭਾਵ ਆਪ ਨੂੰ ਕਹਿੰਦੇ ਤਾਂ ਹਨ ਕਿ ਅਸੀਂ ਸਿੱਖ ਹਾਂ ਪਰ ਹਨ ਕਪਟੀ ਤੇ ਕੁਢਾਲੇ ਵੇਸ਼ ਵਾਲੇ।(ਅ)ਪਰ ਭੇਖ ਕਪਟੀ ਤੇ ਰੀਤ ਮਾੜੀ ਹੈ । [5]ਕੂੜੀ ਚਾਲ ਚਲ ਗਿਆ । (ਅ) ਕੂੜਾ ਤੇ ਕੁਢਾਲ ਵਾਲਾ । [6]ਸੱਚ ਦੇ ਅੱਗੇ ਕੂੜ ਨਹੀਂ ਨਿਭਦਾ । [7]ਕਸੌਟੀ ਦਾ ਤਾਉ ਨਹੀਂ ਸਹਾਰਿਆ ਸੂ । [8]ਦਿਦਾ ਕੰਬ ਗਿਆ । [9]ਸਾਡੇ ਪਾਸ ਥਾਂ । [10]ਇਧਰ ਕਿਸ ਨੇ ਤਿਆਰੀ ਕੀਤੀ ਹੈ । [11]ਮਾਝੇ ਦੇ ਮਾੜੇ ਸਿੰਘ ਇਸਥਿਤ ਹਨ ।

*ਸੰਖੇਪ ਵਾਰਤਾ ਇਸ ਤਰ੍ਹਾਂ ਪਰ ਬੀ ਹੈ ਕਿ ਗੁਰੂ ਜੀ ਦੇ ਡਲ ਸਿੰਘ ਨੂੰ ਆਵਾਜ਼ ਮਾਰਨੇ ਪਰ ਬੈਨਵਾ ਨੇ ਅਵਾਜ਼ ਦਿੱਤੀ, 'ਨਾਂ ਡੱਲਾ ਨਾ ਮਲਾ, ਗੁਰੂ ਇਕ ਇਕੱਲਾ' । ਤਾਂ ਸਤਿਗੁਰੂ ਬੋਲੇ 'ਗੁਰ ਨਾਲ ਅੱਲਾ, ਗੁਰੂ ਕਦੇ ਨ ਕੱਲਾ' ।

ਪਾਇ ਹਯ ਲੀਨ ਅਨਾਈ* । ਗਏ ਕੋਸ ਦ੍ਵਾਦਸ਼ ਕਿਯ ਡੇਰਾ । ਨੌਹਰ† ਨਗਰ ਬਸਹਿ ਬਹੁਤੇਰਾ ॥ ੪੦ ॥ ਸੈਨਾ ਸਹਿਤ ਵਹੀਰ ਬਿਸਾਲਾ। ਆਨਿ ਸਿਵਰ ਸਭਿਹੂੰ ਤਹਿਂ ਘਾਲਾ। ਸਤਿਗੁਰ ਬੈਠੇ ਸਹਿਜ ਸੁਭਾਇ। ਏਕ ਸਿੰਘ ਪੁਰਿ ਬੀਚ ਪਠਾਇ॥੪੧॥'ਕਿਸ਼ਨਲਾਲ ਦਿਜ ਇਹ ਬਲ ਧਾਮੂ[1] ਲ੍ਯਾਉ ਬੁਲਾਇ ਬੂਝਿਬੇ ਕਾਮੂ । ਜੋਤਿਸ਼ ਬਿੱਦ੍ਯਾ ਬਿਖੈ ਪ੍ਰਬੀਨ । ਪੂਰਬ ਦਿਸ਼ਿ ਪੁਰਿ ਮਹਿਂ ਘਰ ਚੀਨ' ॥ ੪੨ ॥ ਸੁਨਿ ਗੁਰ ਤੇ ਤੂਰਨ ਛਿਨ ਸਿਖ ਗਯੋ । ਜਾਇ ਜੋਤਸ਼ੀ ਲ੍ਯਾਵਤਿ ਭਯੋ । ਆਸ਼ਿਖ ਬਾਦ ਦੀਨ ਢਿਗ ਬੈਸਾ । ਏਵ ਮਿਲ੍ਯੋ ਪੂਰਬ ਮਿਲਿ ਜੈਸਾ ॥੪੩॥ ਸਤਿਗੁਰ ਭਾਖ੍ਯੋ 'ਪ੍ਰਸ਼ਨ ਪਛਾਨਹੁ[2] । ਕਿਮਹੁ ਬੁਲਾਯੋ ਜਾਨਿ ਬਖਾਨਹੁ'।ਸੁਨਿ ਪ੍ਰਭੁ ਤੇ ਦਿਜ ਲਗਨ ਬਿਚਾਰਾ। ਗ੍ਰਿਹ ਨਿਬਲਾਬਲ ਕੋ ਨਿਰਧਾਰਾ[3] ॥ ੪੪ ॥ ਮੂਕ ਪ੍ਰਸ਼ਨ[4] ਕੋ ਭਲੇ ਪਛਾਨਾ। ਪੁਨ ਸਤਿਗੁਰ ਕੇ ਸੰਗ ਬਖਾਨਾ । 'ਰਾਵਰ ਕੇਰ ਮਨੋਰਥ ਜੋਊ। ਮਿਲਿਬੇ ਹਿਤ ਤੁਰਕੇਸ਼ੁਰ ਸੋਊ' ॥ ੪੫ ॥ ਪੁਨ ਗੁਰ ਕਹ੍ਯੋ 'ਤਾਂਹਿ ਸਨ ਮੇਲਾ। ਹੋਇ ਕਿ ਨਹੀਂ ਬਤਾਉ ਸੁਹੇਲਾ ?' ਸੁਨਿ ਦਿਜ ਨੇ ਕਰਿ ਗਣਤ ਬਿਚਾਰਾ। ਗ੍ਰੈਹ ਅਰੁ ਲਗਨ ਸਕਲ ਨਿਰਧਾਰਾ ॥੪੬॥ 'ਸ੍ਰੀ ਗੁਰ ਤੁਮਰੋ ਮੇਲ ਨ ਬਨੈ । ਢਿਗ ਨ ਪਹੂੰਚਹੁ ਤਿਹ ਮ੍ਰਿਤੁ ਹਨੈ[5] । ਤਿਸਕੋ ਪੁੱਤ੍ਰ ਹੋਇ

---

[1]ਇਸ ਥਾਂ ਕਿਸ਼ਨ ਲਾਲ (ਜੋਤਸ਼ੀ) ਦਾ ਘਰ ਹੈ। [2]ਪ੍ਰਸ਼ਨ ਲਗਾਓ । [3]ਬਲੀ ਤੇ ਨਿਰਬਲ ਗ੍ਰਹ ਨੂੰ ਨਿਰਨੇ ਕੀਤਾ। (ਅ) ਗ੍ਰੈਹਾਂ ਦਾ ਬਲ ਪਿਆ ਕਿ ਬਲ ਘਟਿਆ ਆਦਿ ਵਿਚਾਰ ਕੀਤੀ। [4]ਓਹ ਪ੍ਰਸ਼ਨ ਜੋ ਬੋਲੇ ਬਿਨਾਂ ਮਨ ਵਿਚ ਕੀਤਾ ਜਾਏ। [5](ਤੁਸੀਂ ਅਜੇ) ਨੇੜੇ ਨਹੀਂ ਪਹੁੰਚੋਗੇ ਕਿ ਤਿਸਨੂੰ ਮੌਤ ਮਾਰ ਲਵੇਗੀ।

*ਕਿਤਨਾ ਵਿਸ਼ਾਲ ਤੇ ਕਮਾਲ ਦਾ ਹਿਰਦਾ ਹੈ ਜੋ ਕਿਸੇ ਮੁਸੀਬਤ ਤੋਂ ਬੀ ਆਪਣੇ ਦਾਈਏ ਤੋਂ ਨਹੀਂ ਮੁੜਦਾ ਤੇ ਮਨ ਦਿਲਬਰ੍ਹੀ ਕਿਤੇ ਨਹੀਂ ਖਾਂਦਾ। ਕਿੰਨੇ ਪਿਆਰ ਵਾਲੇ ਭਰੋਸੇ ਯੋਗ ਸਰਦਾਰ ਸਨ ਜੋ ਵਜ਼ੀਦੇ ਨੂੰ ਲਿਖਦੇ ਸਨ ਕਿ ਗੁਰੂ ਜੀ ਦੇ ਨਾਲ ਲੜਾਂ ਮਰਾਂਗੇ ਓਹ ਵੀ ਸਾਥ ਛੱਡੀ ਜਾਂਦੇ ਹਨ, ਪਰ ਗੁਰੂ ਜੀ ਦਾ ਹਿਰਦਾ ਅਹਿਲ ਹੈ, ਸਭ ਕੁਝ ਝੱਲਦਾ ਹੈ ਤੇ ਆਪਣੇ ਪਰਪੱਕ ਇੰਦੀਏ ਤੇ ਤੁਰੀ ਜਾ ਰਿਹਾ ਹੈ। ਚੰਗੇ ਚੰਗੇ ਸੂਰਮੇ ਐਸੇ ਸਮਿਆਂ ਤੇ ਦਿਲ ਛਡ ਬੈਠਦੇ ਹਨ । ਸੀਜ਼ਰ ਵਰਗੇ ਅਜਿੱਤ ਸੂਰਮੇ ਨੇ ਆਪਣੇ ਕਾਤਲਾਂ ਵਿਚ ਆਪਣੇ ਪਿਆਰੇ 'ਬ੍ਰੂਟਸ' ਨੂੰ ਤੱਕਕੇ ਤਾਣ ਛੱਡ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨਾ ਕੇਵਲ ਹਿੰਦ ਵਿਚ ਬਲਕਿ ਜਗਤ ਵਿਚ ਅਦੁਤੀ ਸ਼ਖਸੀਅਤ ਹੈ ਜੋ ਕਿਤੇ ਦਿਲ ਨਹੀਂ ਛਡਦੀ।

†ਸਰਸੇ ਤੋਂ ਵੀਹ ਕੁ ਕੋਸ ਪਰ ਹਿਠਾੜ ਨੂੰ ਹੈ, ਗੁਰਦਵਾਰਾ ਏਥੇ ਹੈ, ਛੀਨ ਤਲਾਈ ਪਰ, ਜਿਥੇ ਗੁਰੂ ਜੀ ਨੇ ਮੁਕਾਮ ਕੀਤਾ ਸੀ।

ਬਹੁ ਦੀਨ। ਮਿਲੈ ਆਪਕੋ[1] ਮੈਂ ਮਨ ਚੀਨ' ॥੪੭॥ਸੁਨਿ ਸਤਿਗੁਰ ਦਿਜ ਕੇ ਬਚ ਸਾਚੇ*। ਭਏ ਪ੍ਰਸੰਨ ਕ੍ਰਿਪਾ ਰਸ ਰਾਚੇ। ਕਰਯੋ ਬਿਲੋਕਨ ਤਿਹ ਜਿਸ ਕਾਲਾ। ਕਰਿ ਦੀਨੋ ਸੋ ਬਿੱਪ੍ਰ ਨਿਹਾਲਾ[2] ॥ ੪੮ ॥ ਮਹਿਮਾ ਜਾ ਨ ਪਰਨਿ ਪਗ ਚਾਹਾ। ਕਰਯੋ ਹਟਾਵਨਿ ਸ਼੍ਰੀ ਪ੍ਰਭੁ ਤਾਂਹਾ। ਕਹਤਿ ਭਯੋ 'ਦ੍ਵੈ ਘਰੀ ਦਰਸ ਤੇ। ਕਰਯੋ ਕ੍ਰਿਤਾਰਥ ਮਹਾਂ ਹਰਸ਼ ਤੇ ॥ ੪੯ ॥ ਜਹਿਂ ਤੁਮ ਮਾਸ ਬਰਸ ਲਗਿ ਬਾਸੇ।ਤਹਾਂ ਹਜ਼ਾਰਹੁਂ ਸੁਮਤਿ ਪ੍ਰਕਾਸ਼ੇ'।ਸੁਨਿ ਗੁਰ ਕਹਯੋ 'ਨ ਸ਼ਰਧਾ ਹੋਈ। ਯਾਂਤੇ ਭਯੋ ਕ੍ਰਿਤਾਰਥ ਕੋਈ[3] ॥ ੫੦ ॥ ਇਸੀ ਬਾਤ ਪਰ ਸੁਨਹੁਂ ਕਹਾਨੀ। ਭਰਿ ਜਹਾਜ ਲੇ ਸੌਜ ਮਹਾਨੀ। ਗਯੋ ਬਨਕ ਟਾਪੂ ਮਹਿਂ ਤਹਾਂ। ਗਊ ਮਹਿਖ ਪ੍ਰਾਪਤਿ ਨਹਿਂ ਜਹਾਂ ॥ ੫੧ ॥ ਇਕ ਗੋ ਇਨੈ ਜਹਾਜ ਚਢਾਈ। ਪੈ ਪੀਵਨ ਹਿਤ[4] ਨਿਕਟ ਰਖਾਈ। ਪਾਯਹੁ ਟਾਪੂ ਮਹਿਂ ਬਿਵਹਾਰ। ਤਹਿਂ ਇਕ ਬਨਕ ਸਖਾ ਕਿਯ ਪਯਾਰ ॥ ੫੨ ॥ ਤਿਨ ਅਪਨੇ ਘਰ ਕਰਯੋ ਅਹਾਰਾ। ਆਦਰ ਸਹਿਤ ਅਚਾਇ ਉਦਾਰਾ। ਤਿਸਨੇ ਇਸ ਕੋ ਬੋਲਿ ਪਠਾਯੋ। ਪਾਇਸ ਭੋਜਨ ਭਲੇ ਖੁਵਾਯੋ ॥ ੫੩ ॥ ਪ੍ਰਥਮ ਨ ਅਚੀ ਸੁ ਅਚਰਜ ਭਯੋ[5]।–ਇਹ ਕਹਾ ਅਹੈ ?–ਸੁ ਬੂਝਨਿ ਕਯੋ।–ਸੋ ਮੁਝ

[1]ਭਾਵ ਆਪ ਨੂੰ ਨਿੰਮ੍ਰਤਾ ਸਹਿਤ ਮਿਲੇਗਾ। [2]ਭਾਵ ਜੀਅਦਾਨ ਦਿੱਤਾ। [3]ਭਾਵ ਵਿਰਲਾ ਵਿਰਲਾ ਕ੍ਰਿਤਾਰਥ ਹੋਇਆ ਹੈ। [4]ਦੁੱਧ ਪੀਣ ਲਈ। [5]ਭਾਵ ਖੀਰ ਪਹਿਲੇ ਨਹੀਂ ਸੀ (ਕਦੇ)ਖਾਧੀ ਹੋਈ।

*ਅਸਲ ਵਿਚ ਜੋਤਿਸ਼ ਵਿਚ ਟੇਕ ਧਾਰਨੀ ਗੁਰਮਤ ਵਿਚ ਮਨ੍ਹਾਂ ਹੈ ਤੇ ਸ਼੍ਰੀ ਗੁਰੂ ਜੀ ਦੀ ਬਾਬਤ ਇਹ ਸਾਖੀ ਜੋਤਿਸ਼ ਪੁੱਛਣ ਵਾਲੀ ਉਨ੍ਹਾਂ ਦੀ ਰਚਨਾ ਨਾਲ ਨਹੀਂ ਮਿਲਦੀ, ਯਥਾ:– "ਬਿਨ ਏਕ ਨਾਮੁ ਇਕਿ ਚਿੱਤ ਲੀਨ। ਫੋਕਟੋ ਸਰਬ ਧਰਮਾ ਬਿਹੀਨ ॥" ਤਥਾ–"ਫੋਕਟ ਕਰਮ ਲਖੇ ਸਭ ਧਰਮਾ। ਇਨ ਤੇ ਸਰਤ ਨ ਕੋਊ ਕਰਮਾ"। ਤਥਾ–ਭਾਈ ਗੁਰਦਾਸ ਜੀ "ਪੂਛਤ ਨਾ ਜੋਤਕ ਨ ਬੇਦ ਥਿਤ ਵਾਰ ਕਛੂ ਗ੍ਰਿਹ ਔ ਨਖੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ" ਆਖ ਰਹੇ ਹਨ। ਹਾਂ, ਬ੍ਰਾਹਮਣ ਦੇ ਤਾਰਨ ਲਈ ਚੋਜ ਹੋਵੇ ਤਾਂ ਸੰਭਵ ਹੈ। ਫੇਰ ਗੁਰੂ ਜੀ ਨੂੰ ਕਵੀ ਜੀ ਅਨੇਕ ਥਾਈਂ ਅੰਤਰਜਾਮੀ ਕਹਿ ਆਏ ਹਨ। ਔਰੰਗੇ ਦੀ ਮੌਤ ਬਾਬਤ ਪਤਾ ਹੈ, ਪੱਤ੍ਰ ਘੱਲ ਚੁਕੇ ਤੇ ਦੱਸ ਚੁਕ ਹਨ ਕਿ ਉਸ ਦਾ ਅੰਤ ਨੇੜੇ ਹੈ। ਇਸੇ ਐਨ ਦੇ ਅੰਸੂ ੩੮ ਅੰਕ ੨੦ ਵਿਚ ਤਾਰਾ ਆਜ਼ਮ ਰਾਜ ਦਾ ਸੁਖ ਨਹੀਂ ਪਾਏਗਾ, ਭਵਿੱਖਤ ਦੀ ਗੱਲ ਗੁਰੂ ਜੀ ਆਪ ਦੱਸ ਰਹੇ, ਕਵੀ ਜੀ ਨੇ ਲਿਖੇ ਹਨ। ਸਾਖੀ ਧੋਬੀ ਦੇ ਨੌਹਰ ਦੇ ਪ੍ਰਸੰਗ ਵਿਚ ਜੋਤਸ਼ੀ ਦੀ ਸਾਧੀ ਨਹੀਂ ਹੈ, ਸੋ ਇਹ ਇਕ ਚੋਜ ਮਾਤ੍ਰ ਹੈ ਜੋ ਹਾਸ੍ਯ ਰਸ ਦੇ ਕਮਾਲ ਵਾਲੇ ਅਵਤਾਰਾਂ ਵਿਚ ਸੁਤੇ ਹੁੰਦਾ ਹੈ। 'ਸੁਨਿ ਸਤਿਗੁਰ ਦਿਜ ਕੇ ਬਚ ਸਾਚੇ' ਵਿਚ ਜੋਤਸ਼ੀ ਦੇ ਬਚਨ ਨੂੰ ਸੱਚਾ ਜਾਣ ਰਹੇ ਵਿਚ ਕਵੀ ਜੀ ਦੱਸ ਰਹੇ ਹਨ ਕਿ ਗੁਰੂ ਜੀ ਨੂੰ ਹੋਣਹਾਰ ਦਾ ਪਹਿਲੋਂ ਹੀ ਪਤਾ ਸੀ, ਨਹੀਂ ਤਾਂ ਉਸ ਦੇ ਕਹਿਣ ਨੂੰ 'ਸੱਚੇ' ਕਿਸ ਤਰ੍ਹਾਂ ਪਰਖ ਲੈਂਦੇ। ਔਰੰਗਾ ਅਜੇ ਜੀਉਂਦਾ ਸੀ, ਗੁਰੂ ਜੀ ਉਸ ਦੀ ਮ੍ਰਿਤੂ ਜਾਣਦੇ ਸੇ। ਪੰਡਤ ਦੇ ਕਹੇ ਨੂੰ ਤਾਂ ਹੀ ਪਰਖ ਲਿਆ।

ਦੋਹੁ ਕਰੈਂ ਹਮ ਨੀਤ। ਇਹ ਅਹਾਰ ਹਰਖਾਵਤਿ ਰੀਤਿ–॥੫੪॥ ਸੁਨਤਿ ਬਨਕ ਧੇਨੁ ਸੋ ਦੀਨਿ।–ਦੁਘਧ ਦੇਤਿ ਇਹ ਲੇਹੁ ਸੁ ਚੀਨ–।ਦੇ ਕੈ ਗਊ ਜਹਾਜ ਚਲਾਯੋ। ਅਪਨੇ ਦੇਸ਼ ਬਿਖੈ ਇਹ ਆਯੋ॥੫੫॥ ਸੋ ਲੇ ਗਯੋ ਧੇਨੁ ਗ੍ਰਿਹ ਓਰਾ। ਥਿਰ ਹ੍ਵੈ ਕਰਿ ਬਛਰੂ ਤਿਹ ਛੋਰਾ। ਸੋ ਥਨ ਚੋਸਨਿ ਲਾਗਯੋ ਜਬੈ। ਸੁਰਭੀ ਮੂਤ੍ਰ ਕਰਤਿ ਭੀ ਤਬੈ ॥ ੫੬ ॥ ਬਾਸਨ ਬਿਖੈ ਬਨਕ ਲੇ ਲੀਨ। ਰੀਧਨ ਕਰਿ ਪੁਨ ਖਾਵਨਿ ਕੀਨ। ਕੌਰਾ ਪਾਇ ਸ੍ਵਾਦ ਪਛੁਤਯੋ। –ਮੋ ਸੋਂ ਦਗ਼ਾ ਬਨਕ ਕਰਿ ਗਯੋ–॥ ੫੭ ॥ ਤਿਮ ਇਹ ਲੋਕ ਰਹੇ ਹਮ ਪਾਸ। ਜਾਨੀ ਜੁਗਤਿ ਨ ਸੁਮਤਿ ਪ੍ਰਕਾਸ਼।ਦੁਗਧ ਨ ਲੀਨਿ ਮੂਤ੍ਰ ਕੋ ਲਯੋ। ਹਮ ਪਰ ਦੋਸ਼ ਬਹੁਰ ਧਰਿ ਦਯੋ॥ ੫੮ ॥ ਮਿਲ੍ਯੋ ਬਨਕ ਸੋਂ ਜਬਿ ਨਰ ਗਯਾਤ।ਦੁਗਧ ਕਾਢਿਬੋ ਤਿਨ ਤਬਿ ਜਾਤ। ਯਾਂਤੇ ਕਿਨ ਕਿਨ ਸ਼ੁਭ ਮਤਿ ਧਾਰੀ। ਨਤੁ ਸਭਿ ਰਹੇ ਮੂਤ੍ਰ ਅਧਿਕਾਰੀ*' ॥੫੯॥ ਸੁਨਿਕੈ ਦਿਜ ਅਨੰਦ ਉਰ ਧਾਰਯੋ। 'ਧੰਨ ਧੰਨ ਸਤਿਗੁਰਨ' ਉਚਾਰਯੋ।ਤਤਛਿਨ ਗਯਾਤ ਪਾਇ ਘਰ ਗਯੋ। ਗੁਰ ਜਸੁ ਜਹਿਂ ਕਹਿਂ ਬਰਨਤਿ ਭਯੋ† ॥ ੬੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਹਰ ਨਗਰ' ਪ੍ਰਸੰਗ ਬਰਨਨੰ ਨਾਮ ਤੀਨਤ੍ਰਿੰਸਤੀ ਅੰਸੂ॥੩੩॥

੩੪. [ਨੌਹਰ ਵਿਖੇ ਮਰੇ ਕਬੂਤਰ ਜਿਵਾਏ। ਪਰਮ ਸਿੰਘ ਧਰਮ ਸਿੰਘ ਨੂੰ ਬਖਸ਼ਿਸ਼]।

ਦੋਹਰਾ ॥ ਸ਼੍ਰੀ ਸਤਿਗੁਰ ਪੂਰਨ ਪੁਰਖ ਦੇ ਦਿਜ ਕੋ ਦੀਨਾਰ।ਗੁਰਮਤਿ ਦੇ ਰੁਖਸਦ ਕਰਯੋ ਗਮਨਯੋ ਨਗਰ ਮਝਾਰ ॥ ੧ ॥ ਚੌਪਈ॥ ਦਿਨ ਕੋ ਤ੍ਰਿਤੀ ਜਾਮ ਜਬਿ ਹੋਯੋ। ਮਾਦਿਕ ਸਮੈ ਭਯੋ ਜਬਿ ਜੋਯੋ।ਸੁੱਖਾ ਅਰੁ ਅਫੀਮ ਛਕਿ ਲੀਨਿ।ਸੌਚ ਸ਼ਨਾਨ ਭਲੇ ਤਬਿ ਕੀਨ ॥੨॥ਕੇਸ਼ ਸੁਧਾਰਿ ਜੂੜ ਕੋ ਕਰਯੋ,

---

'ਨਾਲੇ ਧਨ ਦਿੱਤਾ ਨਾਲੇ ਗੁਰਮਤ ਬਖਸ਼ੀ ਭਾਵ ਉਹ ਨਾਮਧਰੀਕ ਸਿੱਖ ਹੋਇਆ।

*ਦੇਖੋ ਕਵੀ ਜੀ ਆਪ ਦਰਸਾ ਰਹੇ ਹਨ ਕਿ ਮਹਾਂਬਲੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ, ਉਨ੍ਹਾਂ ਦੇ ਆਸ਼ੇ ਨੂੰ, ਪਿਆਰ ਨੂੰ ਕਿਸੇ ਨਹੀਂ ਪਛਾਤਾ। ਫਿਰ ਗਜ਼ਬ ਹੈ ਕਿ ਗੁਰੂ ਜੀ ਇਹ ਸਭ ਕੁਝ ਸਮਝਦੇ ਹੋਏ ਆਪਣੇ ਇੱਦੀਏ ਤੋਂ ਨਹੀਂ ਮੁੜੇ, ਕਦੇ ਇਹ ਬੇਕਦਰੀ ਦੇਖਕੇ ਹਾਰੇ ਨਹੀਂ। ਫਿਰ ਕਹਿਰ ਹੈ ਕਿ ਇਸ ਵੇਲੇ ਵੀ ਲੋਕ ਉਨ੍ਹਾਂ ਨੂੰ ਨਹੀਂ ਸਮਝ ਰਹੇ ਅਰ ਉਨ੍ਹਾਂ ਦੀਆਂ ਸਾਰੀਆਂ ਘਾਲਾਂ ਤੇ ਕੁਰਬਾਨੀਆਂ ਤੇ ਉਨ੍ਹਾਂ ਦੇ ਆਤਮ ਰੰਗ ਨੂੰ ਨਹੀਂ ਪਛਾਣ ਰਹੇ। ਉਨ੍ਹਾਂ ਨੂੰ ਛੱਡਕੇ ਮਾਮੂਲੀ ਅਕਲੀ ਬੰਦਿਆਂ ਤੇ ਇਖਲਾਕੀ ਘੋਟਾ ਘਾਟੀ ਵਾਲਿਆਂ ਤੇ ਨਾਮ ਮਾਤ੍ਰ ਕੁਰਬਾਨੀ ਵਾਲਿਆਂ ਦੇ ਬਰਨਾਂ ਤੇ ਲੇਖਾਂ ਅੱਗੇ ਚੁੰਧਜਾ ਰਹੇ ਹਨ।

†ਇਸ ਤੋਂ ਸਪਸ਼ਟ ਹੋ ਗਿਆ ਕਿ ਜੋਤਸ਼ੀ ਜੋਤਸ਼ ਜਾਣਦਾ ਬੀ ਆਤਮ ਅੰਧਕਾਰ ਵਿਚ ਸੀ। ਗੁਰੂ ਜੀ ਦੀ ਮਿਹਰ ਨਾਲ ਗਿਆਨ ਪ੍ਰਾਪਤ ਹੋਕੇ ਤਰਿਆ।

ਸੁੰਦਰ ਸ਼ਮਸ ਸੁ ਕੰਘ੍ਯਾ ਫਿਰਨੋ । ਪੇਚ ਬੰਧੇਜ ਅਨੂਠੇ ਪਾਗਹਿ।ਜ਼ੇਵਰ ਜੋਤਿ ਜਵਾਹਰਿ ਜਾਗਹਿਂ ॥੩॥ ਪਟ ਸੂਖਮ ਬਹੁ ਜਾਮਾ ਪਾਯੋ । ਜਿਸ ਮਹਿ ਸਭਿ ਸਰੀਰ ਝਲਕਾਯੋ । ਖੜਗ ਬਿਲੰਦ ਗਰੇ ਮਹਿਂ ਧਾਰਾ । ਧਾਰਾ ਖਰ ਲਗਿ ਹੇਮ ਸੁਧਾਰਾ[1] ॥ ੪ ॥ ਭਰਨੋ ਖਤੰਗਨਿ ਸੰਗ ਨਿਖੰਗ । ਕਟ ਸੋਂ ਕਸਨੋ ਸੁਲਾਯਕ ਜੰਗ । ਧਨੁਖ ਕਠੋਰ ਹਾਥ ਮਹਿਂ ਲਯੋ । ਤ੍ਯਾਰ ਤੁਰੰਗ ਅਨਾ-ਵਨ ਕਯੋ॥੫॥ *ਨਹੁਰ ਨਗਰ ਕੈ ਹੇਰਨਿ ਹੇਤੁ। ਗਮਨੇ ਸਤਿਗੁਰ ਬਨੇ ਸੁਚੇਤ । ਕੇਤਿਕ ਸਿੰਘ ਪਦਾਂਤੀ ਸਾਥ। ਜਾਇ ਪ੍ਰਵੇਸ਼ੇ ਪੁਰਿ ਮਹਿਂ ਨਾਥ ॥ ੬ ॥ ਪੂਰਬ ਜਹਿਂ ਚਬੂਤਰਾ ਚੌਰਾ । ਤਹਿਂ ਪਹੁੰਚੇ ਸੋਢੀ ਸਿਰਮੌਰਾ । ਕੁਛ ਸੋਪਾਨ ਉਚੇਰੋ ਥਾਨ । ਊਪਰ ਦੀਯੋ ਚਢਾਇ ਕਿਕਾਨ[2] ॥੭॥ ਥਲ ਊਚੇ ਚਢਿ ਕਰਿ ਥਿਰ ਥਏ। ਦੂਰ ਦੂਰ ਲਗਿ ਦੇਖਤਿ ਭਏ । ਦਾਸ ਸੁਰਾਹੀ ਦਾਰ[3]ਤਰੇ ਤੇ । ਚਢ੍ਯੋ ਧਾਇ ਕਰਿ ਬੇਗ ਧਰੇ ਤੇ ॥ ੮॥ ਪਹੁੰਚ੍ਯੋ ਚਹੈ ਗੁਰੂ ਕੇ ਪਾਸ । ਪਗ ਸੋਂ ਦਰ੍ਯੋ ਕਬੂਤਰ ਨਾਸ਼[4]। ਤਹਿਂ ਨਰ ਗਨ ਬੈਠੇ ਰਿਸ ਠਾਨੀ।'ਕਹਾਂ ਕਰਮ ਤੈਂ ਕੀਨਿ?'ਬਖਾਨੀ॥੯॥'ਰਹਿਂ ਚਬੂਤਰੇ ਤੋਮ[5] ਕਬੂ-ਤਰ । ਹਤ੍ਯੋ, ਪਿਖੇ ਬਿਨ ਦਯੋ ਪਗੁਤਰ[6]'। ਸਤਿਗੁਰ ਕਹ੍ਯੋ 'ਕਹਾਂ ਹੁਇ ਗਯੋ ? ਬਿਨਸਨ ਕੋ ਸਗਰੇ ਤਨ ਕਯੋ ॥ ੧੦ ॥ ਏਕ ਮਰੇ ਤੇ ਅਚਰਜ ਕਹਾਂ । ਹੋਨਹਾਰ ਪਰ ਰਿਸ ਕ੍ਯਾ ਲਹਾ'। ਸੁਨਿ ਸਭਿ ਬੋਲੇ 'ਭਲ ਤੁਮ ਆਏ। ਸਰਬ ਕਬੂਤਰ ਦੇਹੁ ਮਰਾਏ' ॥੧੧॥ ਸੁਨਿ ਗੁਰ ਕਹ੍ਯੋ 'ਜਿ ਅਸ ਮਨ ਆਈ । ਮਰਹਿਂ ਕਬੂਤਰ ਅਬਿ ਸਮੁਦਾਈ'। ਬਚਨ ਗੁਰੂ ਕੇ ਕਹਿਨੇ ਕਰਿਕੇ । ਜਿਤੇ ਕਬੂਤਰ ਗਿਰੇ ਸੁ ਮਰਿਕੇ ॥ ੧੨॥ ਹੁਤੇ ਹਜ਼ਾਰਹੁਂ ਕੀਰਨ ਥਾਨ[7] । ਹੇਰਿ ਹੇਰਿ ਨਰ ਭਏ ਹਿਰਾਨ ।–ਇਹ ਅਜ਼ਮਤ ਜੁਤਿ ਪੁਰਖ ਬਿਸਾਲੇ । ਕਰੇ ਬਾਕ ਤੇ ਖਗ ਹਤਿ ਜਾਲੇ–॥੧੩॥ ਉਠਿ ਉਠਿ ਕਰਿ ਪਗ ਬੰਦਨ ਕਰੇ । 'ਛਿਮਹੁ ਭੂਲ ਪ੍ਰਤਿਕੂਲ ਜਿ ਉਚਰੇ । ਰਾਵਰ ਕੋ ਪ੍ਰਤਾਪ ਨਹਿਂ ਜਾਨਾ । ਅਬਿ ਜਾਨਾ ਜਬਿ ਬਾਕ ਬਖਾਨਾ॥੧੪॥ਮਰੇ ਕਬੂਤਰ ਦੇਹੁ ਜਿਵਾਇ। ਕਰਹਿਂ ਅਵੱਗ੍ਯਾ ਅਪਰ ਨ ਕਾਇ' । ਸੁਨਿ ਬਿਨਤੀ ਕਰਿ ਕ੍ਰਿਪਾ ਉਚਾਰੇ।'ਪਾਵਹੁ ਚੋਗ ਜੀਵਿ ਹੈਂ ਸਾਰੇ'॥੧੫॥ਦਾਨੇ ਆਨਿ ਬਿਖੇਰਨ ਕਰੇ

---

[1](ਸਾਰੀ ਮੁੱਠ ਨੂੰ) ਫਲ ਸ਼ੁਰੂ ਹੋਣ ਵਾਲੀ ਥਾਂ ਤਕ ਸੋਨਾ ਲੱਗਾ ਹੈ । [2]ਘੋੜਾ । [3]ਜਲ ਦੀ ਸੁਰਾਹੀ ਰੱਖਣ ਵਾਲਾ । [4]ਮਰ ਗਿਆ । [5]ਬਹੁਤ । [6]ਪੈਰ (ਉਸਦੇ) ਉੱਤੇ ਦੇਕੇ । [7]ਹਜ਼ਾਰਾਂ ਨਾਲ ਥਾਂ ਪੂਰਨ ਸੀ । [ਸੰਃ, ਕੀਰਣ=ਕੱਜਿਆ, ਫੈਲਿਆ, ਭਰਿਆ] । *ਸਾਖੀ ਪੋਥੀ ਦੀ ਸਾਖੀ ਹੈ ।

ਉਠਿ ਪਾਰਾਵਤ[1] ਜੀਵਨ ਧਰੇ। ਬੀਨ ਬੀਨ ਚੋਗਾ ਨਿਜ ਖਾਵੈਂ। ਹੇਰਿ ਹੇਰਿ ਸਗਰੇ ਬਿਸਮਾਵੈਂ ॥ ੧੬ ॥ ਸਿਖ ਕੇ ਪੈਰਨ ਤੇ ਜੋ ਮਰਯੋ। ਸੋ ਨਹਿਂ ਜੀਯੋ ਰਹਯੋ ਧਰ ਪਰਯੋ। ਤਿਸ ਕੋ ਦੇਖਤਿ ਬਹੁਰ ਉਚਾਰੇ। 'ਇਸ ਪਰ ਕਯੋਂ ਨ ਕ੍ਰਿਪਾ ਨਿਜ ਧਾਰੇ?' ॥ ੧੭ ॥ ਸਿੰਘਨ ਭੀ ਕਹਿ 'ਇਸੇ ਜਿਵਾਵੈ'। ਪ੍ਰਭੁ ਫੁਰਮਾਇ 'ਚੋਗ ਇਸ ਪਾਵੈ'। ਲੇ ਕਰਿ ਸਿੱਖਨ ਤਿਸੈ ਅਗੋਰੇ। ਮੋਠ ਬਾਜਰੀ ਜਬਹਿ ਬਿਖੇਰੇ ॥੧੮॥ ਉਠਿ ਜੀਵਯੋ ਹੇਰਤਿ ਬਿਸਮਾਏ। ਲਯਾਇ ਉਪਾਇਨ ਸੀਸ ਨਿਵਾਏ। 'ਸ੍ਰੀ ਗੁਰ ਸੁਜਸੁ ਸੁਨਯੋਂ ਹਮ ਜੈਸੇ। ਦਰਸ਼ਨ ਕਰਯੋ ਆਪ ਕੋ ਤੈਸੇ' ॥੧੯॥ ਦੋਇ ਘਰੀ ਠਹਿਰੇ ਗੁਰ ਤਹਾਂ।ਪੁਨ ਗਮਨੇ ਬਜ਼ਾਰ ਬਡ ਜਹਾਂ। ਬਡੇ ਧਨਾਢ ਬਨਕ ਬਿਵਹਾਰੂ। ਹਾਟਨ ਮਹਿਂ ਦੀਨਾਰ ਅੰਬਾਰੂ ॥ ੨੦ ॥ ਗਿਨਤੀ ਕਹਾਂ ਰਜਤਪਣ ਕੇਰੀ। ਮੁਕਤਾ ਬਹੁ ਪ੍ਰਵਾਲ ਕੋ ਹੇਰੀ।ਮੁਹਰਨਿ ਦੇਖਿ ਅਨੰਦ ਉਦਾਰਾ। ਸਿੰਘਨ ਸੰਗ ਸੁਨਾਇ ਉਚਾਰਾ* ॥ ੨੧ ॥

ਬਚਨ ॥ ਨਹੁਰ ਗੁਰੂ ਕੀ ਮੋਹਰ[2] ॥ ਸਿੰਘ ਆਵਹਿੰਗੇ ਜਬਿ ਲੂਟਹਿੰਗੇ† ॥

ਚੌਪਈ॥ਇਮ ਕਹਿ ਨਗਰ ਨਿਹਾਰਯੋ ਸਾਰਾ।ਪੁਨ ਆਏ ਡੇਰੇ ਜਹਿਂ ਡਾਰਾ। ਨਾਮ ਥਾਨ ਕੋ ਛੀਨਤਲਾਈ[3]। ਜਹਿਂ ਉਤਰੇ ਨਿਸ ਬਸਨਿ ਗੁਸਾਈਂ ॥ ੨੨ ॥ ਖਾਨ ਪਾਨ ਕਰਿ ਸੈਨਾ ਸਾਰੀ। ਸੁਪਤਿ ਜਥਾ ਸੁਖ ਰਾਤਿ ਗੁਜ਼ਾਰੀ। ਲੂਟਨ ਬਚਨ ਗੁਰੂ ਜੋ ਭਨਯੋਂ। ਹੋ ਪੂਰਨ ਭਾ ਹਮ ਇਮ ਸੁਨਯੋਂ ॥ ੨੩॥ ਬਰਖ ਅਠਾਰਾਂ ਸੈ ਰੁ ਇਕਾਦਸ਼[4]।ਪੰਥ ਖਾਲਸਾ ਗਮਨਯੋ ਬਰਬਸ[5]। ਨੂਰ ਪੁਰਿ ਕੀ ਸੁਨਿ ਬਡ ਮਾਯਾ। ਬ੍ਰਿੰਦ ਖਾਲਸੇ ਕੋ ਦਲ ਧਾਯਾ ॥ ੨੪ ॥ ਪਹੁੰਚੇ ਨਿਕਟ ਸੁਨੀ ਸਭਿ ਬਾਤ।'ਬਾਰੀ ਖਾਰਾ ਪਿਯੋ ਨ ਜਾਤਿ। ਜੋ ਪੀਵੈਂ ਲਾਗੈਂ ਅਤਿਸਾਰਾ[6]। ਹੋਤਿ ਜਾਤਿ ਮਾਨਵ ਬੀਮਾਰਾ ॥ ੨੫ ॥ ਪੁਰਿ ਕੇ ਵਹਿਰ ਅਹੈ ਜਲ ਐਸੋ। ਪਿਯੋ ਨ ਜਾਇ ਪਿਯੋ ਰੁਜ ਜੈਸੋ[7]'। ਸੁਨਿਕੈ ਹਟਯੋ ਖਾਲਸਾ ਬਲੀ। 'ਛੂਛੇ ਚਲੈਂ ਬਾਤ ਨਹਿਂ ਭਲੀ' ॥੨੬॥ਪੁਰਿ ਨੌਹਰ

[1]ਕਬੂਤਰ। [2]ਨੌਹਰ ਗੁਰਾਂ ਕੀਆਂ ਮੁਹਰਾਂ ਹਨ। [3]ਛੀਨ ਤਲਾਈ ਨਾਮ ਹੈ। [4]ਸੰਮਤ ੧੮੧੧। [5]ਮੱਲੋ ਮੱਲੀ। [6]ਅਤੀਸਾਰ, ਦਸਤ। [7]ਪੀਤਿਆਂ ਰੋਗ ਜਿਹਾ ਹੋ ਜਾਂਦਾ ਸੀ।

*ਇਹ ਹੁਕਮ ਨਹੀਂ ਦਿੱਤਾ, ਭਵਿੱਖਤ ਹੋਨਹਾਰ ਦੇਖਕੇ ਕਹੀ ਹੈ।

†ਤਵਾ: ਖਾ: ਵਿਚ ਪਾਠ ਐਉਂ ਹੈ:—ਨਹੁਰ ਸ਼ਹਿਰ, ਰੁਪੱਯਾ ਮੁਹਰ। ਸਿੰਘ ਲੁਟੇਂਗੇ ਦੋ ਪਹਿਰ। ਸਾਖੀ ਪੋਥੀ ਵਿਚ ਪਾਠ ਹੈ:—'ਨਹੁਰ ਗੁਰੂ ਕੀ ਮੁਹਰ ਲੁਟੇਗਾ ਖਾਲਸਾ'।

ਕੋ ਦਲ ਚਲਿ ਆਯੋ । ਸੰਗ ਤੁਰਕਨਿ ਜੰਗ ਮਚਾਯੋ । ਬਰੇ ਹੇਲ ਕਰਿ ਲੂਟ
ਬਜਾਰਗਾਲੀਨੋ ਦਰਬ ਬ੍ਰਿੰਦ ਦੀਨਾਹਾ ॥੨੭॥ ਤ੍ਰਿਪਤ ਹੋਇ ਤਹਿੰ ਤੇ ਚਲਿ
ਆਏ । ਮੁਲ ਹਯ ਲੇ ਅਸਵਾਰ ਬਨਾਏ । ਕੇਤਿਕ ਭਏ ਤਬਹਿ ਸਿਰਦਾਰ।
ਲਏ ਗ੍ਰਾਮ ਗਨ ਤੁਰਕਨਿ ਮਾਰ ॥ ੨੮ ॥ ਕਹ੍ਯੋ ਗੁਰੂ ਕੋ ਤਬਿ ਸਫਲਯੋ।
ਬ੍ਰਿਧ ਸਿੰਘਨਿ ਤੇ ਹਮ ਸੁਨਿ ਲਯੋ।ਛੀਨ ਤਲਾਈ ਡੇਰਾ ਪਾਇ । ਸ੍ਰੀ ਪ੍ਰਭੁ
ਬਸਿ ਤਹਿੰ ਰਾਤਿ ਬਿਤਾਇ॥੨੯॥ਪ੍ਰਾਤ ਹੋਤਿ ਕਰਿ ਸੌਚ ਸ਼ਨਾਨਾ । ਚਢਿ
ਕਿਕਾਨ ਪਰ ਕਰ੍ਯੋ ਪਯਾਨਾ । ਜਾਤਿ ਖਾਲਸੇ ਕੋ ਦਲ ਸਾਥ। ਕੋਸ
ਅਸ਼ਟ ਦਸ ਪਹੁੰਚੇ ਨਾਥ ॥ ੩੦ ॥ ਨਗਰ ਭਾਦਰਾ* ਉਤਰੇ ਜਾਇ।
ਸ਼ੁਮਤ ਬਿਹੀਰ ਪਹੁਚ੍ਯੋ ਆਇ । ਤ੍ਰਿਨ ਦਾਨਾ ਗਨ ਦੀਨਿ ਨਿਹਾਰੀ ।
ਸ਼੍ਰਮ ਨਿਰਵਾਰ੍ਯੋ ਬਾਹਨ ਭਾਰੀ॥੩੧॥ਲੋਕਨ ਕੋ[1] ਘ੍ਰਿਤ ਬਹੁ ਮਿਸ਼ਟਾਨ ।
ਸਤਿਗੁਰ ਦੀਨ ਸ਼ੁਮਤਿ ਗਨ ਜਾਨਿ । ਦੇਗ ਤ੍ਯਾਰ ਹੋਈ ਬਰਤਾਇ।ਖਾਨ
ਪਾਨ ਕਰਿ ਸਭਿ ਤ੍ਰਿਪਤਾਏ ॥ ੩੨ ॥ ਸੁਪਤਿ ਹੋਇ ਕਰਿ ਸ਼੍ਰਮ ਨਿਰ-
ਵਾਰਾ । ਭਈ ਪ੍ਰਾਤ ਪੁਨ ਕੀਨਸਿ ਤ੍ਯਾਰਾ। ਪਰਮ ਸਿੰਘ ਅਰੁ ਧਰਮ ਸਿੰਘ
ਦੁਇ।ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ ॥੩੩॥ ਪਹੁੰਚਹਿੰ ਪਗ† ਤੇ ਪੂਰਬ
ਜਾਇ । ਨਵੇਂ ਮੌਰ ਨਿਤ ਲੇਤਿ ਬਨਾਇ । ਦੁਇ ਤੁਰੰਗ ਬਖਸ਼ੇ[2] ਹੱਥ੍ਯਾਰ।
ਗੁਰ ਬਖਸ਼ਿਸ਼ ਲੀਨਸਿ ਕਰ ਧਾਰਿ ॥੩੪॥ ਸ੍ਰੀ ਪ੍ਰਭੁ ਆਗੇ ਪੰਥ ਪਯਾਨੇ ।
ਤਿਸ ਦਿਨ ਸ਼ੁਮਤ ਸਾਥ ਕੋ ਜਾਨੇ । ਅਲਪ ਮਜਲ ਕਰਿ ਉਤਰੇ
ਜਾਇ । ਸਪਤਿ ਕੋਸ ਪਰ ਗ੍ਰਾਮ ਜੁ ਆਇ ॥ ੩੫ ॥ ਨਾਮ ਸੁਹੇਵਾ ਤਿਸੁ
ਕੋ ਜਾਨਿ।ਉਤਰ੍ਯੋ ਡੇਰਾ ਸਭਿ ਹੂੰ ਆਨਿ।ਪਰਮ ਸਿੰਘ ਤਬਿ ਲੈ ਹਥਿਯਾਰ।
ਬੰਧਿ[3] ਭਲੇ ਸਿਰ ਲੀਨੇ ਧਾਰਿ ॥੩੬॥ ਘੋਰਨ ਕੋ ਮਗ ਮਹਿੰ ਡੁਰਿਆਏ[4] ।
ਨਹਿੰ ਚਢਿਬੇ ਕਹੁ ਚਿਤ ਲਲਚਾਇ।ਗੁਰ ਬਖਸ਼ਿਸ਼ ਉੱਤਮ ਬਹੁ ਜਾਨੀ ।
ਰਾਖਿ ਅਦਾਇਬ ਕੋ ਬਹੁ ਮਾਨੀ ॥੩੭॥ ਸਿੱਖਨ ਪ੍ਰਭੁ ਸੋਂ ਜਾਇ ਬਤਾਏ ।
'ਹਯਨਿ ਚਢੇ ਨਹਿੰ,ਪਗ ਸੋਂ ਆਇ।ਸ਼ਸਤ੍ਰ ਸਕਲ ਸਿਰ ਪਰ ਧਰਿ ਆਨੇ ।
ਉਲਟੋ ਖੇਦ ਚਲਨ ਮੇ ਜਾਨੇ'॥੩੮॥ਸੁਨਿ ਸਤਿਗੁਰ ਨਿਜ ਨਿਕਟਹਕਾਰੇ।

---

[1](ਨਾਲ ਦੇ) ਲੋਕਾਂ ਨੂੰ । [2]ਬਖਸ਼ੇ ਸਨ । [3](ਹਥਿਆਰ) ਬੰਨ੍ਹਕੇ । [4]ਡੋਰਾਂ ਤੋਂ ਫੜਕੇ ਲਿਆਏ ।

*ਰਿਆਸਤ ਬੀਕਾਨੇਰ ਵਿਚ ਹੈ, ਸਰਸੇ ਤੋਂ ਦਸ ਬਾਰਾਂ ਕੋਹ ਪਰੇ ਹੈ, ਏਥੇ ਗੁਰਦਵਾਰਾ ਨਹੀਂ ਹੈ ।

†ਪਾ:-ਪ੍ਰਭੁ ।

'ਬੂਝ੍ਯੋ ਇਹ ਕ੍ਯਾ ਕੀਨਸਿ ਕਾਰੇ? ਹਯ ਨ ਚਢੇ ਨਹਿਂ ਸ਼ਸਤ੍ਰ ਸਜਾਏ? ਸਿਰ ਧਰਿ ਕਰ ਮਹਿਂ ਗਹਿ ਕਰਿ ਲ੍ਯਾਏ ॥ ੩੯ ॥ ਖੇਦ ਚਲਨ ਕੋ ਜਾਨਿ ਸੁ ਦੀਨੇ। ਸੋ ਤੁਮ ਨਹੀਂ ਨਿਵਾਰਨ ਕੀਨੇ[1]। ਇਹ ਕਾਰਨ ਕ੍ਯਾ ਦੇਹੁ ਬਤਾਈ?'।ਹਾਥ ਜੋਰਿ ਤਿਨ ਦੁਹਨ ਸੁਨਾਈ॥੪੦॥ 'ਗਾਵਰ ਕੀ ਬਖਸ਼ਿਸ਼ ਕੋ ਅਦਬ। ਜੇ ਨ ਕਰਹਿਂ ਹਮ ਕੋ ਬਡ ਗ਼ਜ਼ਬ। ਪੂਜਨੀਯ ਹਮ ਤਿਨੰ ਕੋ ਜਾਨੇ। ਮਸਤਕ ਟੇਕਹਿਂ ਤੁਮ ਸਮ ਮਾਨੇ' ॥ ੪੧ ॥ ਸੁਨਿ ਪ੍ਰਸੰਨ ਹ੍ਵੈ ਗੁਰੂ ਉਚਾਰਾ। 'ਤੁਮਰੀ ਜਿਹਵਾ ਹੀ ਖਗ ਧਾਰਾ। ਜਿਹਠਾਂ ਨਿਕਸੈ ਬਾਕ ਤੁਹਾਰਾ। ਆਯੁਧ ਤੇ ਤੂਰਨ ਕਰਿ ਪਾਰਾ'॥੪੨॥ਇਮ ਬਰ ਦੇ ਕਰਿ ਯੁਤਿ ਸਨਮਾਨਾ। ਨਿਕਟ ਬਿਠਾਏ ਕ੍ਰਿਪਾ ਨਿਧਾਨਾ। ਤਹਾਂ ਜੰਡ ਇਕ ਸ਼ਨ ਮੁਖ ਖਰ੍ਯੋ। ਤਿਸ ਮਹਿਂ ਚਲਦਲ[2]ਇਕ ਲਗ ਪਰ੍ਯੋ॥੪੩॥ਅਵਿਲੋਕਤਿ ਪ੍ਰਭੁ ਬਾਕ ਬਖਾਨਾ। ਇਹ ਜਬਿ ਚਲਦਲ ਵਧਹਿ ਮਹਾਨਾ।ਤਰੈ ਜੰਡ ਕੋ ਲੈਹਿ ਦਬਾਈ।ਸਭਿ ਦਿਸ਼ਿ ਤੇ ਊਪਰ ਲੇ ਛਾਈ* ॥੪੪॥ ਤਬਹਿ ਖਾਲਸਾ ਵਧਹਿ ਹਮਾਰਾ। ਗੁਡਲੀ ਚਲਹਿ ਤੁਰਕ ਕੋ ਮਾਰਾ[3]'। ਸੁਨਤਿ ਖਾਲਸੇ ਟੇਕ੍ਯੋ ਮਾਥਾ। 'ਧੰਨ ਧੰਨ ਤੁਮ ਸ਼੍ਰੀ ਗੁਰ ਨਾਥਾ' ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼੍ਰੀ ਗੁਰ ਪੰਥ ਚਲਨ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

## ੩੫. [ਭਾਈ ਰਾਮ ਸਿੰਘ ਦਾ ਨੱਸਣਾ]।

ਦੋਹਰਾ ॥ ਖਾਨ ਪਾਨ ਕਰਿ ਜਥਾ ਸੁਖ ਪ੍ਰਾਪਤਿ ਭਈ ਹੁਇ ਤ੍ਯਾਰ। ਚਢਿ ਬੈਠੇ ਸ਼੍ਰੀ ਸਤਿਗੁਰੂ ਗਮਨੇ ਪੰਥ ਮਝਾਰ। ੧॥ਚੌਪਈ॥ ਸ਼੍ਰੀ ਗੁਰ ਆਗੇ ਜਬਿ ਗਮਨਏ। ਸੰਗੀ ਸਿੰਘ ਸਕਲ ਚਢਿ ਗਏ। ਰਾਮ ਸਿੰਘ ਭਗਤੂ ਕਾ ਤਹਾਂ। ਇਤ ਉਤ ਟਰਿਕੈ ਥਿਰ ਹੁਇ ਰਹਾ॥੨॥ ਕੇਤਿਕ ਦੂਰ ਉਲੰਘੇ ਜਬੈ। ਚਢਿ ਤੁਰੰਗ ਪਰ ਹਟ੍ਯੋ ਸੁ ਤਬੈ। ਏਕ ਸਿੰਘ ਵਾਹਨ[4] ਦੌਰਾਇ। ਪ੍ਰਭੁ ਸੋਂ ਮਿਲਿ ਕੈ ਦੀਯੋ ਬਤਾਇ ॥੩॥ 'ਰਾਮ ਸਿੰਘ ਭਾਈ ਭਜਿ ਚਲ੍ਯੋ। ਸੰਗ ਆਪ ਕੇ ਨਾਂਹਿਨ ਮਿਲ੍ਯੋ'।ਸੁਨਿ ਪ੍ਰਭੁ ਥਿਰ ਹੁਇ ਸਿੱਖ ਪਠਾਇ। 'ਆਨ[5]

---

[1]ਭਾਵ ਥਕੇਵੇਂ ਤੋਂ ਆਪ ਨੂੰ ਨਹੀਂ ਬਚਾਇਆ। [2]ਪਿੱਪਲ। [3](ਅਜੇ ਤਾਂ ਖਾਲਸਾ) ਰਿੜ੍ਹਦਾ ਹੈ ਭਾਵ ਬੱਚਾ ਹੈ, (ਤਦੋਂ ਜੁਆਨ ਹੋਕੇ) ਤੁਰਕਾਂ ਨੂੰ ਮਾਰ ਲਏਗਾ। [ਗੁਡਲੀ=ਗੋਡਿਆਂ ਪਰਨੇ ਟੁਰਨਾ। ਰਿੜ੍ਹਨਾ]। [4]ਭਾਵ ਘੋੜਾ। [5]ਸੁਗੰਦ।

*ਇਹ ਥਾਂ ਸਰਸੇ ਤੋਂ ਪੰਝੀ ਕੁ ਕੋਹ ਪਰ ਹੈ। ਆਮ ਨਾਮ 'ਸਾਹਿਆ' ਹੈ, ਗੁਰਦਵਾਰਾ ਏਥੇ ਹੈ। ਪਿੱਪਲ ਜੰਡ ਬੀ ਹੈ। ਪਿੱਪਲ ਨੇ ਜੰਡ ਨੂੰ ਲਗ ਪਗ ਨਿਗਲ ਲਿਆ ਹੈ। ਰਿਆਸਤ ਬੀਕਾਨੇਰ ਹੈ। ਇਹ ਪ੍ਰਸੰਗ ਸਾਖੀ ਪੋਥੀ ਵਿਚੋਂ ਹੈ।

ਹਮਾਰੀ ਦਿਹੁ, ਨਹਿੰ ਜਾਇ' ॥ ੪ ॥ ਗੁਰ ਕੋ ਪਠਯੋ ਸਿੰਘ ਤਹਿੰ ਗਯੋ। 'ਰਾਮ ਸਿੰਘ ਠਹਿਰੋ' ਕਹਿ ਦਯੋ। 'ਪ੍ਰਭੁ ਮੁਹਿ ਭੇਜਾ ਦੇ ਤ੍ਰੈ ਆਨ[1]। ਤੀਨ ਲਕੀਰ ਨ ਉਲੰਘ ਪਯਾਨ[2]॥੫॥ ਸੰਗ ਚਲਹੁ ਸਗਰੇ ਸੁਖ ਚੀਨ। ਹਟਨ ਹੁਤੋ ਕਯੋਂ ਖੁਸ਼ੀ ਲਈ ਨ[3]। ਉਚਿਤ ਨ ਤੋਹਿ ਭਾਜ ਕਰਿ ਜਾਨਾ। ਸੁਨਿ ਕੈ ਖਰੇ ਪ੍ਰਭੂ ਤਿਸ ਬਾਨਾ' ॥ ੬ ॥ [4]'ਦੱਖਿਣ ਬਨਹਿ ਜਾਨ ਨਹਿਂ ਮੇਰੋ। ਘਰ ਕੇ ਕਾਜ ਅਨਿਕ ਬਿਧਿ ਛੇਰੋ। ਨਹਿੰ ਮੈਂ ਰਹੌਂ ਮਿਲੌਂ ਨਹਿੰ ਜਾਇ। ਕਰੌਂ ਬੰਦਨਾ ਇਸ ਹੀ ਥਾਇਂ' ॥੭॥ ਇਮ ਕਹਿ ਲੰਘਿ ਲਕੀਰਨਿ ਗਯੋ। ਦੇਖਿ ਸਿੰਘ ਉਰ ਅਚਰਜ ਭਯੋ।ਪ੍ਰਭੁ ਕੋ ਕਰੀ ਬਤਾਵਨ ਸਾਰੀ।'ਉਲੰਘ੍ਯੋ ਆਨ ਲਕੀਰ ਅਗਾਰੀ ॥ ੮ ॥ ਚਹੈ ਸਦਨ, ਧੀਰਜ ਉਰ ਖੋਈ। ਹਟਹਿ ਨਹੀਂ ਇਤ ਕੋ ਬਿਧਿ ਕੋਈ'। ਪੁਨ ਸਤਿਗੁਰ ਨਿਜ ਪਠਯੋ ਰੁਮਾਲ। 'ਆਗੇ ਦੇਹੁ ਤਿਸੀ ਕੇ ਡਾਲਿ ॥੯॥ ਕਹਹੁ ਕਿ ਗੁਰੂ ਪਾਗ ਇਹ ਜਾਨ*। ਇਸ ਕੋ ਉਲੰਘ ਨ ਬਨਹਿ, ਸੁ ਮਾਨ[5]'। ਸੁਨਤਿ ਸਿੰਘ ਘੋਰਾ ਦੌਰਾਇ। ਆਨਿ ਮਿਲਯੋ ਗਮਨਤਿ ਜਿਸ ਥਾਇਂ ॥ ੧੦ ॥ ਮਗ ਮਹਿਂ ਡਾਰਯੋ ਦਿਯੋ ਸੁਨਾਇ। 'ਇਹ ਗੁਰ ਪਾਗ ਨ ਉਲੰਘਨ ਪਾਇ। ਹਟਹੁ ਪਿਛੇਰੇ ਮਿਲਿ ਕਰਿ ਮਿਲੋ। ਇਸੀ ਬਾਤ ਮੈਂ ਲਖਿ ਨਿਜ ਭਲੋ'॥੧੧॥ਰਾਮ ਸਿੰਘ ਬੋਲਯੋ 'ਮੈਂ ਜਾਨਾ। ਹਟਯੋ ਨ ਜੈ ਹੈ[6], ਨਿਸ਼ਚੈ ਮਾਨਾ। ਦੱਖਣ ਦੂਰ ਦੇਸ਼ ਹਮ ਘਰ ਤੇ। ਹਾਨ ਲਾਭ ਸੁਧ ਕੋਇ ਨ ਕਰਤੇ ॥ ੧੨ ॥ ਹਮ ਤੇ ਤਯਾਗਯੋ ਜਾਇ ਨ ਸਦਨ। ਲਗਯੋ ਨ ਜਾਇ ਗੁਰੂ ਕੇ ਬਦਨ[7]'। ਇਮ ਕਹਿ ਉਲੰਘਿ ਰੁਮਾਲ ਸਿਧਾਯੋ। ਡਾਲ ਮੂਲ ਇਕ ਬਾਰ ਨਸਾਯੋ[8] ॥੧੩॥ ਸਿੰਘ ਗਯੋ ਹਟਿ ਸਤਿਗੁਰ ਪਾਸ[9]।'–ਮੁਝ ਤੇ ਤਜਯੋ ਨ ਜਾਇ ਅਵਾਸ–'। ਸੁਨਿ ਪ੍ਰਭੁ ਕੋ ਰਿਸ ਭਈ,ਬਖਾਨ[10]। 'ਜੋ ਘਰ ਤਯਾਗ ਨ ਸਕੈ ਅਜਾਨ ॥੧੪॥ ਏਕ ਮਾਸ ਲਗਿ ਟੱਕਰ ਮਾਰਹਿ। ਪੁਨ ਤਿਸ ਘਰ ਕੋ ਤਯਾਗ ਸਿਧਾਰਹਿ।

---

[1]ਤ੍ਰੈ ਸੁਗੰਦਾਂ। [2]ਉਲੰਘਕੇ ਨਾ ਜਾਹ। [3]ਭਾਵ ਜੇ ਮੁੜ ਹੀ ਜਾਣਾ ਸੀ ਤਾਂ ਖੁਸ਼ੀ ਕਿਉਂ ਨਹੀਂ ਲਈ। [4]ਰਾਮ ਸਿੰਘ ਨੇ ਕਿਹਾ। [5]ਮੰਨ ਲੈ। [6]ਭਾਵ ਮੁੜਕੇ ਗੁਰੂ ਜੀ ਪਾਸ ਜਾਇਆ ਨਹੀਂ ਜਾਂਦਾ। [7]ਭਾਵ ਸਨਮੁਖ ਨਹੀਂ ਹੋਇਆ ਜਾਂਦਾ। [8]ਜੜ੍ਹ ਤੇ ਡਾਲਾਂ ਇਕੋ ਵਾਰ ਨਾਸ਼ ਹੋ ਗਈਆਂ। [9]ਸਿੰਘ ਨੇ ਗੁਰੂ ਜੀ ਨੂੰ ਆਕੇ ਆਖਿਆ। [10](ਤੇ) ਕਹਿਆ।

*ਮੁਰਾਦ ਪੱਗ ਤੋਂ ਨਹੀਂ। ਮੁਰਾਦ ਹੈ ਕਿ ਇਕ ਵੇਰੀ ਜ਼ਰੂਰ ਹੀ ਗੁਰੂ ਜੀ ਨੂੰ ਮਿਲ ਆਵੇ। ਇਹ ਆਨ ਐਸੀ ਕਠਨ ਸੀ ਕਿ ਜੋ ਰਾਮ ਸਿੰਘ ਤੋਂ ਉਲੰਘਣ ਦੀ ਆਸ ਨਹੀਂ ਸੀ ਹੋ ਸਕਦੀ, ਪਰ ਉਹ ਇਹ ਬੀ ਤੋੜ ਗਿਆ।

ਡੱਲੇ ਸਹਿਤ ਜਿਤਿਕ ਭਜ ਗਏ।ਸੋ ਜਮ ਨੇ ਤੂਰਨ ਗਹਿ ਲਏ॥ ੧੫ ॥ ਜੋ ਹਮ ਕੋ ਇਤ ਛੋਰਿ ਸਿਧਾਏ। ਉਤ ਉਨ ਕੋ ਜਮ ਗਹਿ ਸਹਿਸਾਏ'। ਇਮ ਦੇ ਸ੍ਰਾਪ ਚਲੇ ਪ੍ਰਭੁ ਆਗੇ। ਹਟੇ ਜੁ ਸਗਰੇ ਆਪਦ ਪਾਗੇ ॥ ੧੬ ॥ ਰਾਮ ਸਿੰਘ ਜਬਿ ਹਟਿ ਕਰਿ ਆਯੋ। ਭਯੋ ਬਾਵਰਾ ਘਰ ਪ੍ਰਵਿਸ਼ਾਯੋ। ਫਤੇ ਸਿੰਘ ਨੇ ਆਨਿ ਉਤਾਰਾ। ਪ੍ਰਵਿਸ਼ੜੋ ਅਪਨੇ ਸਦਨ ਮਝਾਰਾ॥੧੭॥ ਕੰਧਨ ਸੋਂ ਸਿਰ ਦੇ ਦੇ ਮਾਰਹਿ। ਘਰਿ ਕੋ ਸਭਿ ਗਹਿ ਗਹਿ ਹਟਕਾਰਹਿਂ। ਉਤ ਡੱਲੇ ਪਰ ਅਪਦਾ ਪਰੀ। ਭਯੋ ਰੋਗ ਤਨ ਹ੍ਵੈ ਜਰਜਰੀ ॥ ੧੮ ॥ ਅਪਰ ਜਿਤਿਕ ਤਜਿ ਤਜਿ ਗੁਰ ਆਏ।ਸਭਿ ਕੋ ਸੰਕਟਿ ਲੀਨਿ ਦਬਾਏ। ਮਾਸ ਬਿਤੜੋ ਦੁਖ ਪਾਵਤਿ ਜਬੈ। ਰਾਮ ਸਿੰਘ ਤਨੁ ਤਜਾਗਜੋ ਤਬੈ ॥੧੯॥ ਤਿਮ ਹੀ ਕੇਤਿਕ ਦਿਨ ਦੁਖ ਪਾਇ। ਡੱਲਾ ਮਰਜੋ ਰਿਦੇ ਪਛੁਤਾਇ। ਚਢੀ ਧਾੜ ਪੁਰਿ ਲੂਟਨ ਆਈ।ਸੁਨਿ ਡੱਲੇ ਕੋ ਮਰਜੋ ਤਿਥਾਂਈਂ ॥ ੨੦ ॥ ਹੁਤੇ ਪੌਤ੍ਰ ਦੋ ਖੇਲ ਸੁ ਪਾਗੇ। ਇਕ ਲੇ ਤਕਵਾ[1] ਦੌਰਜੋ ਆਗੇ। ਇਕ ਪਾਛੇ ਪਕਰਨ ਕੋ ਧਾਯੋ। ਗਿਰਜੋ ਕਰੇਜਾ ਤਕਵੇ ਘਾਯੋ[2] ॥੨੧॥ ਦੁਤੀ ਸੀਤਲਾ ਤੇ ਮਰਿ ਗਯੋ। ਇਮ ਸਭਿ ਬੰਸ ਬਿਨਾਸ਼ੀ ਭਯੋ*। ਜੋ ਜੋ ਭਾਜੇ ਬਿਨ ਬਰ ਮਾਨੇ। ਸੰਕਟ ਪਾਇ ਸੁ ਤਤਛਿਨ ਹਾਨੇ॥੨੨॥ ਇਮ ਸ੍ਰਾਪਤਿ ਕਰਿ ਪ੍ਰਭੂ ਪਧਾਰੇ। ਜਾਇ ਪਹੂਚੇ ਮਧੂ ਸਿੰਘਾਣੇ। ਕੋਸ ਅਸ਼ਟ ਦਸ ਡੇਰਾ ਕਿਯੋ। ਸੰਧਜਾ ਸਮੈਂ ਆਨਿ ਤਬਿ ਭਯੋ ॥ ੨੩ ॥ ਸ਼੍ਰੀ ਗੁਰ ਮਨ ਮਹਿਂ ਇਮ ਠਹਿ-ਰਾਈ ।–ਪਰਮ ਸਿੰਘ ਜੋ ਦੋਨਹੁ ਭਾਈ। ਨਵੋਂ ਮੰਚ ਕਿਮ ਆਜ ਬਨਾਵੈਂ। ਦੇਖਿ ਲੇਹੁ ਕਿਮ ਸਿਦਕ ਕਮਾਵੈਂ ॥ ੨੪ ॥ ਦਿਨ ਨਹਿਂ ਕਛੂ ਰਹਜੋ ਇਸ ਕਾਲ।ਆਜ ਨ ਬਨਹਿ ਕਿਸੂ ਬਿਧਿ ਨਾਲ–।ਤਬਿ ਦ੍ਵੈ ਭ੍ਰਾਤਾ ਉੱਦਮ ਕੀਨਿ। ਦੋਇ ਦੁਛਾਂਗੇ ਬਾਢਿ ਸੁ ਲੀਨਿ॥ ੨੫ ॥ ਗਾਡੇ ਜਹਿਂ ਪ੍ਰਭੁ ਸੁਪਤਨਿ ਥਾਨ।ਪੀਨ ਬੇਰ[3] ਬੇਧੀ ਤਿਨ ਤਾਨ। ਮੰਚੇ ਕੀ ਬਿਧਿ ਬਨਿ ਕਰਿ ਤੁਰਤ।

[1]ਚਰਖੇ ਦਾ ਤੱਕਲਾ[ਸੰ: ਤਕ੍ਰ। ਪੰਜਾਬੀ ਤਕਲਾ। ਗ੍ਰਾਮੀਨ ਹਿੰਦੀ ਤਕੁਆ। ਇਸਤੋਂ ਤਕਵਾ]। [2]ਭਾਵ ਤਕਲਾ ਕਲੇਜੇ ਵਿਚ ਖੁਭ ਗਿਆ। [3]ਵੱਟਿਆ ਹੋਇਆ ਰੱਸਾ।ਭਾਵ ਬਾਹੀਆਂ (ਹੀਂਆਂ) ਦੀ ਥਾਂ ਮੋਟੇ ਰੱਸੇ ਕੱਸ ਦਿੱਤੇ। [ਪੰਜਾਬੀ, ਬੇੜ=ਸੁੱਬੜ। ਘਾਹ ਦਾ ਵੱਟਿਆ ਰੱਸਾ]।

*ਇਹ ਗੱਲ ਵਿਸ਼ੇਸ਼ ਖੋਜ ਤਲਬ ਹੈ, ਕਿਉਂਕਿ ਉਸਦਾ ਘਰਾਣਾ ਹੁਣ ਤਕ ਮੌਜੂਦ ਹੈ ਜਿਨ੍ਹਾਂ ਦੇ ਪਾਸ ਡੱਲੇ ਨੂੰ ਹੋਈਆਂ ਗੁਰੂ ਕੀਆਂ ਬਖਸ਼ਿਸ਼ਾਂ ਮੌਜੂਦ ਹਨ ਤੇ ਦਰਸ਼ਨ ਕਰਵਾਉਂਦੇ ਹਨ। ਜਾਪਦਾ ਹੈ ਕਿ ਡੱਲੇ ਦੇ ਬੇਟੇ ਤਾਂ ਗੁਜ਼ਰ ਗਏ ਪਰ ਭਰਾਵਾਂ ਵਿਚੋਂ ਯਾਂ ਕਿਸੇ ਹੋਰਸ ਪੁੱਤ੍ਰ ਤੋਂ ਵੰਸ਼ ਜਾਰੀ ਰਿਹਾ ਹੈ।

ਊਪਰ ਡਾਰਿ ਬਸਤ੍ਰ ਗਨ ਫੁਰਤ[1] ॥ ੨੬ ॥ ਨੀਕੇ ਕਰਿ ਗੁਦਗੁਦਾ ਸੁਧਾ-ਰਯੋ । ਜਾਇ ਨਿਕਟ ਗੁਰ ਸੰਗ ਉਚਾਰਯੋ।'ਤਯਾਰ ਮੰਚ ਹੈ ਲੀਨ ਬਨਾਇ। ਆਪ ਬਿਰਾਜਹੁ ਤਿਸ ਪਰ ਜਾਇ' ॥ ੨੭ ॥ ਸੁਨਿ ਬਿਸਮੇ ਤਬਿ ਉਠਿ ਕਰਿ ਗਏ।ਹੁਇ ਅਰੂਢ ਪ੍ਰਭੁ ਬੈਠਤਿ ਭਏ। ਦੇਖਨ ਹੇਤੁ ਤਰੈ ਕਰ ਪਾਯੋ[2]। –ਕਿਮ ਇਨ ਬੁਨ ਕਰਿ ਨਯੋ ਬਨਾਯੋ ?–॥ ੨੮ ॥ ਬਾਹੀ ਕੇ ਥਲ ਮੋਟੀ ਥੇਰੇ[3] । ਪਾਵੈਂ ਥਾਨ ਦੁਛਾਂਗੇ ਹੇਰੇ[4] । ਪ੍ਰਭੁ ਪ੍ਰਸੰਨ ਹੋਇ ਬੁਲਿਵਾਏ। ਖੁਸ਼ੀ ਅਧਿਕ ਤਿਨ ਕੋ ਫੁਰਮਾਏ ॥੨੯॥ 'ਪੂਰਨ ਸਿੱਖੀ ਤੁਮਹੁਂ ਨਿਬਾਹੀ । ਅਬਿ ਹਟਿ ਜਾਹੁ ਬਸਹੁ ਘਰ ਮਾਂਹੀ । ਬਿਨਾ ਸ਼ਸਤ੍ਰ ਹੀ ਸ਼ੱਤ੍ਰਨਿ ਜੀਤਹੁ। ਕਿਸ ਤੇ ਚਿੰਤਾ ਹੋਇ ਨ ਭੀਤਹੁ' ॥੩੦ ॥ ਇਮ ਕਹਿ ਕੀਨੋਸਿ ਖਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ।ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਸ਼ਸਤ੍ਰ ਬਸਤ੍ਰ ਤਨ ਧਰਿ ਸਵਧਾਨੇ ॥੩੧ ॥ ਖਾਛੋ ਪਰਮ ਸਿੰਘ ਕੋ ਮੋਰੇ*। ਹੁਕਮ ਅਮੋਰ ਜਾਨਿ ਕਰ ਜੋਰੇ। 'ਹਲਤ ਪਲਤ ਮਹਿੰ ਬਨਹੁ ਸਹਾਈ । ਚਰਨ ਕਮਲ ਚਿਤ ਰਖਹੁ ਗੁਸਾਈਂ ॥੩੨॥ ਅਪਨੋ ਲਖਿ ਕਰਿ ਨਹਿਨ ਬਿਸਾ-ਰਹੁ। ਦਾਸਨ ਦਾਸਹਿ ਦਾਸ ਬਿਚਾਰਹੁ' । ਇਮ ਕਰ ਬੰਦਨ ਕਰਤਿ

[1]ਬਹੁਤੇ ਬਸਤ੍ਰ ਛੇਤੀ ਪਾਕੇ । [2]ਤਲੇ ਹਥ ਪਾਇਆ ਦੇਖਣ ਲਈ ਕਿ । [3]ਕਿ ਹੀਆਂ ਦੀ ਥਾਂ ਰੱਸੇ ਕੱਸੇ ਹਨ ਮੋਟੇ ਸਾਰੇ । [4]ਪਾਵਿਆਂ ਦੀ ਥਾਂਵੇਂ ਦੁਸਾਂਗੇ ਦੇਖੇ ।

*ਦੇਖੋ ਸਤਿਗੁਰਾਂ ਨੂੰ ਆਪਣੇ ਅਰਾਮ ਦਾ ਰੱਤੀ ਪਿਆਰ ਨਹੀਂ । ਜਦ ਦੋਹਾਂ ਦੀ ਸੁਰਤ ਆਤਮ ਮੰਡਲ ਵਿਚ ਕਿਸੇ ਟਿਕਾਣੇ ਅੱਪੜ ਗਈ ਹੈ ਸੇਵਾ ਤੇ ਪ੍ਰੇਮ ਭਾਵਨਾ ਨਾਲ, ਤਾਂ ਆਪ ਨੇ ਵਰ ਦੇਕੇ ਘਰੀਂ ਮੋੜ ਦਿੱਤਾ ਹੈ ਤੇ ਆਪਣੇ ਰੋਜ ਦੇ ਸੁਖ ਦੀ ਬੀ ਪਰਵਾਹ ਨਹੀਂ ਕੀਤੀ। ਇਹੋ ਜਿਹੇ ਨੁਕਤੇ ਹਨ ਆਪ ਦੇ ਜੀਵਨ ਦੇ ਜੋ ਲੋਕ ਧਿਆਨ ਦੇਕੇ ਸਮਝਦੇ ਨਹੀਂ । ਆਪ ਦਾ ਬਿੱਰਦ ਹੈ ਤਾਰਨਹਾਰ, ਜੋ ਕਰ ਰਹੇ ਹਨ ਜਗਤ ਦੇ ਭਲੇ ਲਈ । ਵਰ ਸ੍ਰਾਪ ਆਪਣੇ ਕਿਸੇ ਸੁਖ ਅਰਾਮ ਦੇ ਵਧਣ ਘਟਣ ਤੋਂ ਨਹੀਂ ਦੇਂਦੇ; ਜਗਤ ਜਲੰਦੇ ਤੇ ਦੁਖੀ ਦੇਸ਼ ਤੇ ਪਰਜਾ ਦੀ ਆਪਦਾ ਹਰਨ ਦੇ ਕੰਮ ਵਿਚ ਜਿਨ੍ਹਾਂ ਨੂੰ ਸਹਾਈ ਦੇਖਦੇ ਹਨ, ਖੁਸ਼ ਹੁੰਦੇ ਹਨ, ਜੋ ਭਜਦੇ ਹਨ ਉਨ੍ਹਾਂ ਨੂੰ ਸ੍ਰਿਸ਼ਟੀ ਦਾ ਅਪਿਆਰਾ ਜਾਣਕੇ ਤ੍ਰਿਸਕਾਰਦੇ ਹਨ। ਇਹ ਬੀ ਇਕ ਫਰਕ ਹੈਸੀ ਸੋਢੀ (ਰਾਮਰਾਈਏ, ਧੀਰਮੱਲੀਏ) ਮਸੰਦਾਂ ਆਦਿਕਾਂ ਦੀ ਤੇ ਆਪ ਦੀ ਗੁਰਜਾਈ ਦਾ। ਓਹ ਨਿਜ ਨੂੰ ਪਾਲਦੇ ਸਨ, ਗੁਰਜਾਈ ਨੂੰ ਆਪਣੀ ਵਡਿਆਈ ਜਾਣਕੇ ਜੱਫੇ ਮਾਰਦੇ ਸਨ, ਪਰ ਗੱਦੀ ਨਸ਼ੀਨ ਗੁਰੂ ਸਾਹਿਬਾਨ ਨਿਜ ਨੂੰ ਬੀ ਨਿਛਾਵਰ ਕਰਦੇ ਸਨ। ਫਿਰ ਆਪ ਅਵਤਾਰ ਸਨ ਤੇ ਧੁਰੋਂ ਆਏ ਸਨ । ਓਹ ਲੋਕ ਬਣ ਬਣ ਬਹਿੰਦੇ ਯਾ ਵੱਧ ਤੋਂ ਵੱਧ ਏਕਾਗ੍ਰਤਾ ਦੇ ਕੁਛ ਸਾਧਨ ਕਰਦੇ ਸਨ, ਧੁਰੋਂ ਘੱਲੇ ਗੁਰ ਅਵਤਾਰ ਨਹੀਂ ਸਨ।

ਪਯਾਨੋ।ਰਿਦੇ ਰਾਖਿ ਸਤਿਗੁਰ ਕੋ ਧ੍ਯਾਨੇ* ॥੩੩॥ ਮਧੁ ਸਿੰਘਾਣੇ ਪੁਰਿ ਤੇ ਡੇਰਾ†। ਪ੍ਰਭੁ ਜੀ ਕੂਚ ਕਰਯੋ ਤਿਸ ਬੇਰਾ।ਹਯ ਅਰੂਢ ਕਰਿ ਪੰਥ ਪਯਾਨੋ। ਪੀਛੇ ਸਿੰਘ ਬਹੀਰ ਸਿਧਾਨੇ ॥੩੪॥ ਕੋਸ ਅਸ਼ਟਦਸ਼ ਤਿਸ ਦਿਨ ਗਏ†। ਪੁਸ਼ਕਰ ਤੀਰਥ ਆਵਤਿ ਭਏ। ਉਤਰਿ ਪਰੇ ਤਹਿ ਸਿਵਰ ਲਗਾਯੋ। ਸਕਲ ਬਹੀਰ ਸੁਮਤ ਹ੍ਵੈ ਆਯੋ॥੩੫॥ਕਹਯੋ ਪ੍ਰਭੂ 'ਇਤ ਕਰਹੁ ਮੁਕਾਮੂ। ਸ਼੍ਰਮ ਨਿਰਵਾਰ ਲੇਹੁ ਬਿਸਰਾਮੂ'। ਬਸੇ ਨਿਸਾ ਮਹਿ ਖਾਨ ਰੁ ਪਾਨ। ਭਏ ਪ੍ਰਾਤਿ ਕਰਿ ਸੌਚ ਸ਼ਨਾਨ ॥ ੩੬ ॥ ਚੇਤਨ ਬਿੱਪ੍ਰ ਮਿਲਯੋ ਤਬਿ ਆਈ। 'ਆਸ਼ਿਰਬਾਦ' ਕਹਯੋ ਗੁਰ ਤਾਈਂ। ਅਧਿਕ ਦਾਨ ਦੀਨੋ ਤਿਸ ਪਾਨ। ਪਟ ਸੂਖਮ, ਦੀਨਾਰ, ਕਿਕਾਨ ॥ ੩੭ ॥ ਸ਼੍ਰੀ ਬਾਬਾ ਨਾਨਕ ਜਹਿ ਥਿਰੇ। ਤਿਸੀ ਘਾਟ ਗੁਰ ਮੱਜਨ ਕਰੇ। ਤਹਾਂ ਬੈਠਿ ਕਰਿ ਸਿੰਘਨ ਸਾਥ। ਪੂਰਬ ਕੋ ਪ੍ਰਸੰਗ ਕਹਿੰ ਨਾਥ ॥ ੩੮ ॥ 'ਗਮਨਤਿ ਕਰਤੇ ਸਹਜ ਸੁਭਾਇ। ਸ਼੍ਰੀ ਬਾਬਾ ਜੀ ਬੈਠੇ ਆਇ। ਗੋਰਖ ਲੀਏ ਸਿੱਧ ਸਮੁਦਾਈ। ਆਨਿ ਅਦੇਸ਼ ਅਦੇਸ਼ ਅਲਾਈ ॥ ੩੯ ॥ ਚਰਚਾ ਕੁਛਕ ਜੋਗ ਕੀ ਕੀਨਿ। ਜਥਾ ਜੋਗ ਤਬਿ ਉੱਤਰ ਦੀਨ।ਸੁਨਿ ਸਿਧ ਸਕਲ ਨਿਮੇ ਕਰ ਬੰਦਿ।ਗੋਰਖ,ਭਰਥਰਿ,

*ਆਖਦੇ ਹਨ ਕਿ ਜਦੋਂ ਪਰਮ ਸਿੰਘ ਧਰਮ ਸਿੰਘ ਜੀ ਘਰ ਪਹੁੰਚੇ ਤਾਂ ਇਨ੍ਹਾਂ ਦੇ ਵਡਕੇ ਨੇ, ਜੋ ਅਜੇ ਜੀਉਂਦੇ ਸਨ, ਇਨ੍ਹਾਂ ਨੂੰ ਮੱਥੇ ਨਾ ਲਾਇਆ ਤੇ ਆਖਿਆ ਕਿ ਤੁਸੀਂ ਬੀ ਰਾਮ ਸਿੰਘ ਤੇ ਤ੍ਰਿਲੋਕ ਸਿੰਘ ਵਾਙੂ ਗੁਰੂ ਜੀ ਤੋਂ ਚੋਰੀ ਆਏ ਹੋ, ਜੇ ਆਗਯਾ ਵਿਚ ਖੁਸ਼ੀ ਲੈਕੇ ਆਏ ਹੋ ਤਾਂ ਮੈਨੂੰ ਨਿਸ਼ਚਾ ਕਰਾਓ। ਦੋਏ ਭਿਰਾਉ ਫੇਰ ਮੁੜਕੇ ਗਏ ਤੇ ਗੁਰੂ ਸਾਹਿਬ ਜੀ ਨੂੰ ਦੱਖਣ ਦੇ ਰਸਤੇ ਜਾਕੇ ਮਿਲੇ। ਸਾਹਿਬ ਸੁਣਕੇ ਵਡਕੇ ਦੇ ਸਿਦਕ ਤੇ ਬੜੇ ਪ੍ਰਸੰਨ ਹੋਏ। ਇਕ ਪੋਥੀ ਆਪਣੀ ਨਿਸ਼ਾਨੀ ਉਨ੍ਹਾਂ ਨੂੰ ਬਖਸ਼ੀ। ਜਦੋਂ ਪੱਕਾ ਸਬੂਤ ਲੈਕੇ ਘਰ ਆਏ ਤਾਂ ਵਡਕੇ ਨੇ ਯਕੀਨ ਕੀਤਾ। ਇਹ ਪੋਥੀ ਹੁਣ ਬਾਗੜੀਆਂ ਦੇ ਭਾਈ ਸਾਹਿਬਾਨ ਪਾਸ ਬੜੇ ਸਨਮਾਨ ਨਾਲ ਰੱਖੀ ਹੋਈ ਹੈ,ਜਿਸ ਦਾ ਦਰਸ਼ਨ ਭਾਈ ਸਾਹਿਬ ਅਰਿਦਮਨ ਸਿੰਘ ਜੀ,ਇਸ ਵੇਲੇ ਦੇ ਗੱਦੀ ਨਸ਼ੀਨ, ਬੜੇ ਅਦਬ ਨਾਲ ਕਰਵਾਉਂਦੇ ਹਨ।

†ਮਧੂ ਸਿੰਘਾਣਾ ਪਿੰਡ ਦਾ ਨਾਮ ਹੈ, ਏਥੇ ਗੁਰਧਾਮ ਨਹੀਂ ਹੈ। ਸਰਸੇ ਦੇ ਨੇੜੇ ਹੈ। ਸਰਸੇ ਤੋਂ ਅਗੇ ਉਤਾਰੇ ਦੇ ਥਾਵਾਂ ਵਿਚ ਕੁਛ ਅੱਗੜ ਪਿੱਛੜ ਰਲਾ ਹੈ ਤੇ ਮੰਜ਼ਲਾਂ ਤੇ ਟਿਕਾਣੇ ਅਜਮੇਰ ਤਕ ਸਾਰੇ ਸਿਲਸਿਲੇਵਾਰ ਨਹੀਂ ਆਏ। ਖੋਜ ਦੀ ਲੋੜ ਹੈ। ਮਧੂ ਸਿੰਘਾਣੇ ਤੋਂ ਪੁਸ਼ਕਰ ੧੮ ਕੋਹ ਹੈ, ਇਹ ਗੱਲ ਠੀਕ ਨਹੀਂ। ਇਹ ਹੋ ਸਕਦਾ ਹੈ ਕਿ ਪੁਸ਼ਕਰ ਦੇ ਨੇੜੇ ਕੋਈ ਹੋਰ ਗਿਰਾਂ ਇਸ ਨਾਮ ਦਾ ਤਦੋਂ ਹੋਵੇ। ਯਾ ਲੇਖਕ ਨੇ ਵਿਚਲੇ ਟਿਕਾਣੇ ਛੱਡ ਦਿੱਤੇ ਹਨ ਤੇ ਵਡੇ ਥਾਂ—ਪੁਸ਼ਕਰ—ਦਾ ਨਾਂ ਦੇ ਦਿੱਤਾ ਹੈ। ਸਾਖੀ ਪੋਥੀ ਵਿਚ ਪੁਹੰਕਰ ਤੋਂ ਮਗਰੋਂ ਚੂਰੂ ਡੇਰਾ ਕੀਤਾ ਲਿਖਿਆ ਹੈ, ਪਰ ਚੂਰੂ ਪੁਸ਼ਕਰ ਤੋਂ ਉਰੇ ਹੈ ਬਹੁਤਾ, ਇਹ ਤਾਂ ਸਰਸੇ ਤੋਂ ਹੀ ੮੦ ਕੁ ਮੀਲ ਦੱਖਣ ਨੂੰ ਹੈ।

ਗੋਪੀ ਛੰਦ ॥ ੪੦ ॥ ਮੰਗਲ ਆਦਿਕ ਸੁਜਸੁ ਉਚਾਰਾ ।–ਸ਼੍ਰੀ ਬਾਬਾ ਤੁਮ ਧੰਨ ਉਦਾਰਾ–'।ਇਮ ਬੋਲਤਿ ਜਿਸ ਕਾਲ ਕ੍ਰਿਪਾਲਾ। ਤਹਿਂ ਕੇ ਨਰ ਕਰਿ ਮੇਲ ਬਿਸਾਲਾ ॥ ੪੧ ॥ ਬਿੱਪ੍ਰ ਬਨਕ ਤੇ ਆਦਿਕ ਜਾਲ। ਚਲਿ ਆਏ ਚੇਤਨ ਦਿਜ ਨਾਲ।ਕਰਿ ਕਰਿ ਨਮੋ ਪ੍ਰਵਾਰਤਿ ਬੈਸੇ।'ਕੌਨ ਜਾਤ' ਬੂਝਤਿ ਭੇ ਐਸੇ ॥੪੨॥ 'ਸੰਗ ਆਪ ਕੇ ਕੇਸਨ ਧਾਰੀ।ਕਹਾ ਇਨ ਕੀ ਦਿਹੁ ਜਾਤਿ ਉਚਾਰੀ। ਬੂਝਤਿ ਹੈਂ ਲਖਿ ਬੇਸ ਨਵੀਨਾ। ਹਿੰਦੂ ਤੁਰਕ ਇਮ ਕਿਨਹੁ ਨ ਕੀਨਾ' ॥ ੪੩ ॥ ਸੁਨਿ ਕਰਿ ਗੁਰ ਫੁਰਮਾਵਨਿ ਕੀਆ। 'ਭਯੋ ਖਾਲਸਾ ਜਗ ਮਹਿਂ ਤੀਆ[1]। ਹਿੰਦੂ ਤੁਰਕ ਦੁਹਿਨ ਤੇ ਨਯਾਰੋ। ਸ਼੍ਰੀ ਅਕਾਲ ਕੇ ਦਾਸ ਬਿਚਾਰੋ ॥ ੪੪ ॥ ਬੀਜ ਮਾਤ੍ਰ ਅਬਿ ਰੂਪ ਦਿਖਾਵਾ। ਹਤਿ ਤੁਰ-ਕਨ ਠਾਨਹਿ ਛਿਤ ਦਾਵਾ। ਸਭਿ ਪਰ ਬਲੀ ਬੀਰ ਬਰ ਬੰਕਾ। ਆਯੁਧ ਧਾਰੀ ਰਿਪਹਿ ਅਤੰਕਾ[2] ॥ ੪੫ ॥ ਸੁਨਿ ਕਰਿ ਸਰਬ ਲੋਕ ਬਿਸਮਾਏ। –ਗੁਰ ਸਮਰਥ ਇਹ ਨਯੋ ਉਪਾਏ–। ਉਠੇ ਪ੍ਰਭੂ ਚੇਤਨ ਲੇ ਨਾਲ।ਦੇਖਨ ਲਾਗੇ ਠਵਰ ਬਿਸਾਲ ॥ ੪੬ ॥ ਤੀਰਥ ਪਾਰ ਥਾਨ[3] ਦਿਖਲਾਵਾ। ਪਿਖੀ ਗੁਹਾ ਜਹਿਂ ਨਾਗ ਰਹਾਵਾ। ਇੱਤਯਾਦਿਕ ਅਵਿਲੋਕਨਿ ਕਰੇ। ਚੇਤਨ ਕਹੂ ਪ੍ਰਸੰਗ ਉਚਰੇ ॥ ੪੭ ॥ 'ਕਮਲਾਸਨ ਮਖ ਕੀਨਸਿ ਇਹਾਂ[4]। ਦਾਰੁਣ ਬੇਖ ਰੁੱਦ੍ਰ ਕੋ ਮਹਾਂ। ਲੇ ਕਪਾਲ ਕੋ ਜਾਚਨ ਆਵਾ[5]। ਬਿਨ ਜਾਨੇ ਤੇ ਝਿਰਕਿ ਹਟਾਵਾ॥੪੮॥–ਪ੍ਰਥਮ ਅਮੰਗਲ[6] ਬੇਖ ਦਿਖਾਵੈ।ਮਖ ਮਹਿਂ ਨਹਿਂ ਐਸੇ ਬਨਿ ਆਵੈ–। ਤਬਿ ਸ਼ਿਵ ਨੇ ਕਿਯ ਭਗਨ ਕਪਾਲਾ। ਭੇ ਮਖ ਥਲ ਮਹਿਂ ਜਹਿਂ ਕਹਿਂ ਜਾਲਾ[7] ॥ ੪੯ ॥ ਪਿਖਿ ਪ੍ਰਤਾਪ ਬ੍ਰਹਮਾ ਨੇ ਜਾਨਾ। ਕਰੀ ਸਤੁਤਿ ਆਛੀ ਬਿਧਿ ਮਾਨਾ'। ਇੱਤਯਾਦਿਕ ਹੈ ਬਡੋ ਪ੍ਰਸੰਗ। ਗ੍ਰੰਥ ਵਧਨ ਤੇ ਉਰ ਡਰ ਸੰਗ ॥ ੫੦ ॥ ਨਹਿਂ ਬਰਨੌਂ ਸ਼੍ਰੋਤਾ ਸਭਿ ਜਾਨਹੁ। ਕਥਾ ਗੁਰਨ ਕੀ ਸੁਨਹੁ ਸੁਜਾਨਹੁ। ਰਹੀ ਕਿਤਿਕ ਸੋ ਚਿਤ ਦੇ ਬਰਨੌਂ। ਬਾਂਛਤਿ ਪ੍ਰਾਪਤ ਪੂਰਨ ਕਰਨੌਂ ॥ ੫੧ ॥ ਕਵਿ ਸੰਤੋਖ ਸਿੰਘ ਮਨ ਪ੍ਰੀਤ। ਗੁਰ ਕੀ ਕਥਾ ਰਚੌਂ ਸ਼ੁਭ ਰੀਤ। ਕਰਹੋ ਮਨੋਰਥ ਪੂਰਨ ਮੋਰਾ। ਗੁਰੂ ਨਿ-ਹੋਰ ਸਾਂਝ ਅਰੁ ਭੋਰਾ ॥ ੫੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਪੁਸ਼ਕਰ ਗਮਨ' ਪ੍ਰਸੰਗ ਬਰਨਨੰ ਨਾਮ ਪੰਚਤ੍ਰਿੰਸਤੀ ਅੰਸੂ ॥ ੩੫ ॥

[1]ਤੀਜਾ। [2]ਸ਼ੱਤ੍ਰੂ ਨੂੰ ਡਰ ਦੇਣ ਵਾਲਾ। [3](ਦਾ) ਪਾਰਲਾ ਅਸਥਾਨ। [4]ਬ੍ਰਹਮਾ ਨੇ ਏਥੇ ਜੱਗ ਕੀਤਾ ਸੀ। [5]ਮਹਾਂ ਸ਼ਿਵ ਭਯਾਨਕ ਵੇਸ ਵਿਚ ਕਪਾਲ (ਖੱਪਰ) ਲੈਕੇ ਮੰਗਣ ਆਇਆ। [6]ਭਿਆਨਕ। [7]ਬਹੁਤ (ਕਪਾਲੀਆਂ) ਹੋ ਗਈਆਂ।

## ੩੬. [ਦਾਦੂ ਦ੍ਵਾਰੇ ਬਿਬੇਕ]।

ਦੋਹਰਾ ॥ ਇਸੀ ਰੀਤਿ ਨਿਤ ਪ੍ਰਤਿ ਗਮਨ ਕਰਤਿ ਗੁਰੂ ਮਹਾਰਾਜ। ਮਾਰ-ਵਾਰ ਕੇ ਦੇਸ਼ ਮਹਿ ਪਹੁੰਚਿ ਗ਼ਰੀਬ ਨਿਵਾਜ ॥੧॥ ਚੌਪਈ ॥ *ਪੁਰਿ ਨਰਾ-ਇਨਾ ਪਹੁੰਚੇ ਜਾਇ। ਜਹਿਂ ਦਾਦੂ ਦ੍ਵਾਰਾ† ਕਹਿਲਾਇ। ਅਵਲੋਕਤਿ ਡੇਰਾ ਪ੍ਰਭੁ ਘਾਲਾ। ਸੁੰਦਰ ਜਹਿਂ ਕਹਿਂ ਥਾਨ ਬਿਸਾਲਾ ॥ ੨ ॥ ਉਤਰਿ ਤੁਰੰਗ ਤੇ ਥਿਰੇ ਗੁਸਾਈਂ। ਸਿੰਘ ਆਨਿ ਬੈਠੇ ਤਿਸ ਥਾਂਈ।ਸਨੇ ਸਨੇ ਸਭਿ ਆਇ ਬਿਹੀਰ। ਉਤਰਿ ਪਰੇ ਹੋਈ ਬਹੁ ਭੀਰ ॥ ੩॥ ਹਯਨ ਹਿਰੇਖਾ ਹੋਤਿ ਬਿਸਾਲਾ। ਗਾਡਹਿਂ ਮੇਖਨ ਸ਼ਬਦ ਉਠਾਲਾ। ਕਿਤਿਕ ਬਿਲੋਕਤਿ ਦਾਦੂ ਦ੍ਵਾਰਾ। ਕੋ ਤ੍ਰਿਣ ਈਂਧਨ ਲੇਨਿ ਪਧਾਰਾ॥੪॥ ਤਹਾਂ ਜੈਤ ਸਾਹਿਬ ਮਾਹਿੰਤ। ਸ਼ਾਂਤਿ ਰੂਪ ਸ਼ੁਭ ਅਜ਼ਮਤਵੰਤ। ਸਾਧੁ ਸੈਂਕਰੇ ਦਾਦੂ ਮਗ ਕੇ। ਰਹੈਂ ਪ੍ਰਲੋਕ ਸਾਧਨੇ ਲਗਿਕੇ ॥ ੫ ॥ ਕਰਨਿ ਸ਼ਨਾਨ ਬ੍ਰਿਤੀ ਕੋ ਰੋਕਨ। ਏਕ ਰੂਪ ਸਭਿ ਲੋਕ ਬਿਲੋਕਨ। ਦਯਾ ਛਿਮਾ ਧੀਰਜ ਸੰਤੋਖ। ਨਿਰਹੰਕਾਰ ਅਕਾਮ ਅਰੋਖ ॥ ੬ ॥ ਦਾਦੂ ਸੁੰਦਰ ਗਿਰਾ ਬਨਾਈ।ਬੈਠੇ ਪਠਤਿ ਕਿਤਿਕ ਮਨ ਲਾਈ। ਗੁਰ ਦਲ ਕੋ ਨਰ ਕੋ ਚਲਿ ਗਯੋ। ਤਿਸੇ ਮਹੰਤ ਬੂਝਤੋ ਭਯੋ ॥੭॥ 'ਕੋ ਉਤਰਯੋ,ਕਿਤ ਤੇ ਚਲਿ ਆਯੋ ?। ਕਿਸ ਕਾਰਜ ਕੋ ਅੱਗ੍ਰ ਸਿਧਾਯੋ ?' ਸੁਨਿ ਸਗਰੋ ਸੁ ਪ੍ਰਸੰਗ ਉਚਾਰਾ। 'ਸਤਿਗੁਰ ਗੋਬਿੰਦ ਸਿੰਘ ਉਦਾਰਾ ॥੮॥ ਪੁਰਿ ਅਨੰਦ ਜਿਨ ਕੀ ਰਜਧਾਨੀ। ਵਧਯੋ ਤੁਰਕ ਸੌਂ ਬੈਰ ਮਹਾਨੀ। ਕਈ ਲਾਖ ਜੋਧਾ ਜਿਨ ਘਾਯੋ। ਬਹੁ ਬਾਰੀ ਸੰਗ੍ਰਾਮ ਮਚਾਯੋ ॥ ੯ ॥ ਪ੍ਰਥਮ ਅਨੰਦ ਪੁਰੇ ਰਣ ਭਏ। ਪੁਨ ਚਮਕੌਰ ਤੁਰਕ ਬਹੁ ਛਏ। ਬਹੁਰੋ ਜੰਗ ਮੁਕਤਸਰ ਭਯੋ। ਸੋ ਗੁਰ ਅਬਿ ਆਵਨਿ ਇਤ ਕਯੋ ॥੧੦॥ ਸਾਹਿਬਜ਼ਾਦੇ ਰਣ ਮਹਿਂ ਦੋਇ। ਬਾਲਕ ਦ੍ਵੈ ਤੁਰਕਨ ਗਹਿ ਸੋਇ। ਇਮ ਚਾਰੋਂ ਤਿਨ ਕੇ ਸਿਰ ਚਰੇ। ਰਾਜ ਤੇਜ ਰਿਪੁ ਕੋ ਨਿਤ ਹਰੈ' ॥੧੧॥ ਸੁਨੀ ਮਹੰਤ ਜੈਤ ਸਭਿ ਬਾਤ। ਅਚਰਜ ਧਰਤਿ ਰਿਦੇ ਅਵਦਾਤ।–ਕਹਾਂ ਤੁਰ-ਕਪਤਿ ਸਭਿ ਛਿਤ ਮਾਲਿਕ।ਮਹਾਂ ਸੁਭਟ ਤਿਹ ਸੋਂ ਰਣ ਘਾਲਕ–॥੧੨॥ ਇਕਠੇ ਕਰੇ ਸਾਧ ਤਿਸ ਕਾਲਾ। ਦਰਸ਼ਨ ਕਰਨ ਹੇਤੁ ਸੋ ਚਾਲਾ। ਜਹਿਂ ਪ੍ਰਭੁ ਥਿਰੇ ਦਿਵਾਨਿ ਲਗਾਇ। ਚਿਤ੍ਵਤ ਮਹਿਮਾ ਕੋ ਤਹਿਂ ਆਇ

*ਸੌ ਸਾਖੀ (ਸਾਖੀ ੯੪) ਤੇ ਸਾਖੀ ਪੋਥੀ ਦੀ ਸਾਖੀ ਰਲਵੀਂ ਇਥੋਂ ਚੱਲੀ ਹੈ।

†ਨਰਾਇਣਾ ਪਿੰਡ ਜੈਪੁਰ ਰਾਜ ਵਿਚ ਹੈ। ਦਾਦੂ ਜੀ ਪੰਜਵੇਂ ਪਾਤਸ਼ਾਹ ਦੇ ਸਮੇਂ ਹੋਏ ਹਨ, ਇਸ ਮਹਾਤਮਾਂ ਦੀ ਬਾਣੀ ਤੋਂ ਉਗਾਹੀ ਮਿਲਦੀ ਹੈ ਕਿ ਗੁਰੂ ਘਰ ਨਾਲ ਉਸ ਦਾ ਚੋਖਾ ਸੰਬੰਧ ਸੀ। ਦਾਦੂ ਜੀ ਦਾ ਜਨਮ ਅਹਿਮਦਾਬਾਦ ਦਾ ਸੀ।

॥ ੧੩ ॥ ਨਿਕਟ ਹੋਇ ਕਰ ਤੇ ਕਰਿ ਨਮੋ । ਸ਼੍ਰੀ ਗੁਰ ਪਿਖਿ ਮਹੰਤ ਤਿਹ ਸਮੋ ।ਸਾਦਰ ਨਿਕਟ ਬਿਠਾਵਨ ਕਰਯੋ।ਬੈਠਿ ਦਰਸ ਕਰਿ ਆਨੰਦ ਭਰਯੋ ॥੧੪॥ ਸਾਹਿਬਜ਼ਾਦਨ ਕੀ ਕਰਿ ਗਾਥਾ । ਬੋਲਤਿ ਭਯੋ ਗੁਰੂ ਕੇ ਸਾਥਾ । 'ਇਸੀ ਹੇਤੁ ਸ਼੍ਰੀ ਦਾਦੂ ਕਹਯੋ । ਨਿਰਦਾਵੇ ਮਹਿਂ ਬਹੁ ਸੁਖ ਲਹਯੋ ॥ ੧੫ ॥ ਦੋਹਰਾ ॥ ਦਾਦੂ ਦਾਵਾ ਦੂਰ ਕਰਿ ਬਿਨ ਦਾਵੇ ਦਿਨ ਕੱਟਿ । ਕੇਤੀ ਸੌਦਾ ਕਰਿ ਗਈ ਏਤ ਪਸਾਰੀ ਦੇ ਹੱਟ ॥ ੧੬ ॥ ਚੌਪਈ ॥ ਦਾਵਾ ਕਰਨੇ ਮਹਿਂ ਦੁਖ ਘਨੇ ॥ ਉਠੈਂ ਉਪਾਧਿ ਨ ਜਾਹੀਂ ਗਨੇ । ਨਿਰਦਾਵੇ ਮਹਿਂ ਸਭਿ ਸੁਖ ਅਹੈ । ਛਿਮਾ ਕਰਨਿ ਤੇ ਨਰ ਸੋ ਲਹੈ' ॥੧੭॥ ਸੁਨਿ ਸਤਿਗੁਰ ਤਬਿ ਤਿਸੈ ਸੁਨਾਯੋ । 'ਸੰਤਨਿ ਕੇ ਮਤ ਇਮ ਬਨਿ ਆਯੋ । ਜਿਨਹੁੰ ਧਰਮ ਕੀ ਰੱਛਾ ਕਰਨੀ । ਸੁਨਿ ਤਿਨ ਕੀ ਗਤਿ ਜਿਮ ਹੈ ਬਰਨੀ ॥ ੧੮ ॥ ਦੋਹਰਾ ॥ ਦਾਦੂ ਦਾਵਾ ਬੰਧਿ ਕੇ ਸਭਿ ਕੋ ਲਈਏ ਲੁੱਟ । ਇੱਕੋ ਰਹਿਸੀ ਖਾਲਸਾ ਹੋਰ ਸਭਿ ਮਰਸੀ ਹੁੱਟ ॥੧੯॥ ਚੌਪਈ ॥ ਧਰਮ ਬਿਦਾਰਯੋ* ਹਿੰਦੂ ਤੁਰਕਾ । ਨਿਸ਼ਚਾ ਕਰਯੋ ਦੂਰ ਸਭਿ ਉਰ ਕਾ । ਗਹਿਕੈ ਸ਼ਸਤ੍ਰ ਦੀਜੀਅਹਿ ਦੰਡ । ਰਹੈ ਧਰਮ ਤਬਿ ਦੁਸ਼ਟਨਿ ਖੰਡਿ[1]' ॥ ੨੦ ॥ ਜੈਤ ਕਹੈ 'ਹਮਰੋ ਗੁਰ ਭਾਖਾ । ਛਿਮਾ ਬਿਖੈ ਸਗਰੋ ਗੁਨ ਰਾਖਾ । ਜਿਮ ਕਰਨੀ ਸੋ ਰਾਹੁ ਬਤਾਯੋ' । ਪੁਨ ਦੋਹਾ ਕਹਿ ਔਰ ਸੁਨਾਯੋ ॥ ੨੧॥ ਦੋਹਰਾ ॥ 'ਦਾਦੂ ਸਮਾ ਬਿਚਾਰਿ ਕੈ ਕਲਿ ਕਾ ਲੀਜੈ ਭਾਇ । ਜੇ ਕੋ ਮਾਰੈ ਢੀਮ ਇਟ ਲੀਜੈ ਸੀਸ ਚਢਾਇ' ॥ ੨੨ ॥ ਚੌਪਈ ॥ ਸੁਨਿ ਗੁਰ ਕਹਯੋ 'ਤੁਮਹੁ ਇਮ ਕਰਨੀ । ਪੰਥ ਨ੍ਰਿਵਿਰਤ ਤਿਨਹੁ ਕਹੁ ਬਰਨੀ । ਜਿਨਹੁ ਕੁਕਰਮ ਹਟਾਵਨਿ ਕਰਨੋ । ਤਿਨ ਕੋ ਅਪਰ ਬਿਧੀ ਸੋਂ ਬਰਨੌ[2]' ॥ ੨੩॥ ਦੋਹਰਾ ॥ ਦਾਦੂ ! ਸਮਾਂ ਬਿਚਾਰ ਕੈ ਕਲਿਕਾ ਲੀਜੈ ਭਾਇ । ਜੇ ਕੋ ਮਾਰੈ ਈਟ ਢੀਮ ਪਾਥਰ ਹਨੈ ਰਿਸਾਇ' ॥੨੪॥ ਚੌਪਈ ॥ ਸੁਨਿ ਕਰਿ ਸਿੰਘ ਸਭਾ ਗਨ ਸਾਧੂ ।-ਨਹਿਂ ਸਹੀਅਹਿ ਦੁਸ਼ਟਨਿ ਅਪਰਾਧੂ- । ਹਸੇ ਸਕਲ ਹੀ ਮੋਦ ਬਢਾਇ । 'ਵਾਹੁ ਵਾਹੁ ਬਚ' ਕਹੈ ਸੁਨਾਇ ॥੨੫॥ਦੋਨਹੁੰ ਪੱਖਨ ਕੀ ਦ੍ਵੈ ਬਾਤ । ਭਈ ਸਭਾ ਮਹਿਂ ਸੁਭ ਬੱਖਯਾਤ । ਗੁਰੂ ਕਹਯੋ 'ਆਧ ਕਲਿ ਕਾਲਾ । ਦੁਸ਼ਟਨ ਕੋ ਭਾ ਤੇਜ ਕਰਾਲਾ ॥ ੨੬ ॥ ਸੰਤ ਗਰੀਬ ਧੇਨੁ ਦਿਜ ਦੋਖੀ । ਕਰਹਿਂ ਅਵੱਗਯਾ ਮੂਰਖ ਰੋਖੀ[3] । ਤਿਨ ਸੋਂ ਦੰਡ ਕਰਨਿ ਬਨਿ ਆਵੈ ।ਧਰਨੀ ਛਿਮਾ[4] ਨਹੀਂ

[1]ਭਾਵ ਧਰਮ ਬਚਾਵਨ ਲਈ ਦੁਸ਼ਟਾਂ ਨੂੰ ਮਾਰਨਾ (ਰਵਾ ਹੈ) । [2]ਕਹਿੰਦੇ ਹਾਂ । [3]ਕ੍ਰੋਧੀ । [4]ਛਿਮਾ ਧਾਰਨੀ ।

*ਪਾ:-ਬਿਗਾਰਯੋ ।

ਨਿਬਹਾਵੈ॥ ੨੭॥ ਤੇਗ਼ ਤੁਪਕ ਤੀਰਨ ਖਰ ਧਰਿ ਕਰਿ। ਕਰਹਿ ਦਿਖਾਵਨ ਤੇਜ ਤਰਾਤਰ[1]। ਤੌ ਕਲਿ ਕਾਲ ਬਿਖੈ ਬਨਿ ਆਵੈ। ਜੀਤਹਿਂ ਹਤਿ ਚਿੰਤਾ ਬਿਸਰਾਵੈ[2]*॥੨੮॥ ਸੁਧ ਬੁਧਿ ਸਹਤ ਭਲੇ ਗੁਨ ਸਾਰੇ। ਨਰ ਉਰ ਤੇ ਕਲਿਜੁਗ ਨਿਰਵਾਰੇ। ਧਰਹਿਂ ਸ਼ਸਤ੍ਰ ਸਿਮਰਹਿਂ ਸਤਿਨਾਮੂ*। ਧਰਮ ਧਰਹਿਂ ਪਹੁੰਚਹਿਂ ਸੁਰਧਾਮੂ॥ ੨੯॥ ਇਸ ਕਾਰਨ ਤੇ ਪੰਥ ਉਪਾਯੋ, ਦੋ ਆਯੁਧ ਰਸ ਬੀਰ ਵਧਾਯੋ'। ਬਚਨ ਬਿਲਾਸ ਕਰੇ ਇੱਤਯਾਦਿ। ਹਰਖੇ ਦੁਹਦਿਸ਼ਿ ਸੁਨਿ ਸੰਬਾਦਿ॥ ੩੦॥ ਸਾਧ ਜੈਤ ਕਰ ਜੋਰਿ ਉਚਾਰਾ। 'ਆਜ ਦੇਗ਼ ਤੇ ਲੇਹੁ ਭੰਡਾਰਾ। ਸ਼੍ਰੀ ਦਾਦੂ ਅਸ ਹੁਕਮ ਬਖਾਨਾ। ਆਇ ਜਿ ਇਹਾਂ ਸਭਿਨਿ ਦੇ ਖਾਨਾ॥੩੧॥ ਯਾਂਤੇ ਲੀਜਹਿ ਭਾਉ ਹਮਾਰੋ। ਦਲ ਜੁਤਿ ਕੀਜੈ ਅੰਗੀ ਕਾਰੋ'। ਸ਼੍ਰੀ ਪ੍ਰਭੁ ਜੀ ਸੁਨਿ ਕੈ ਮੁਸਕਾਏ। ਪਤਿਆਵਨ ਹਿਤ ਤਾਂਹਿ ਅਲਾਏ॥ ੩੨॥ 'ਹਮਰੇ ਸੰਗ ਬਾਜ ਬਹੁਤੇਰੇ। ਨਹਿਂ ਅਹਾਰ ਪਾਯੋ ਇਸ ਬੇਰੇ। ਇਨ ਕੋ ਤ੍ਰਿਪਤਿ ਪ੍ਰਥਮ ਕਰਿ ਲੀਜੈ। ਪਾਛੇ ਹਮਹੂੰ ਦੇਗ਼ ਕਹਿ ਦੀਜੈ'॥ ੩੩॥ ਸੁਨਤਿ ਸਾਧ ਉਪਜੀ ਦੁਚਿਤਾਈ। —ਇਹੁ ਅਨਬਨ ਕੈਸੇ ਬਨਿ ਆਈ। ਧਰਮ ਅਹਿੰਸ ਸਦਾ ਹਮ ਮਾਂਹੀ। ਬਾਜ ਮਾਸ ਬਿਨ ਤ੍ਰਿਪਤੈਂ ਨਾਂਹੀ॥੩੪॥ਸਤਿਗੁਰ ਭੀ ਜਾਨਤਿ ਇਮ ਆਛੇ। ਤਊ ਹਮਹੂੰ ਤੇ ਆਮਿਖ ਬਾਂਛੇ[3]—। ਹੇਤੁ ਪਰਖਿਬੇ ਲਖੀਅਤਿ ਐਸੇ। ਸਮਝ ਰਿਦੇ ਬੋਲਯੋ ਤਬਿ ਤੈਸੇ॥ ੩੫॥ 'ਗਾਵਰਿ ਬਾਜਨ ਬ੍ਰਿੰਦ ਅਗਾਰੀ। ਆਜ ਕਰੈਂ ਹਮ ਬਿਨੈ ਉਚਾਰੀ। ਸਾਧਨ ਕੀ ਸੋ ਮਰਜ਼ੀ ਮਾਨਹਿ। ਕਰਹਿਂ ਜਵਾਰ ਬਾਕ੍ਰਰੀ ਖਾਨਹਿਂ॥ ੩੬॥ ਅੰਨ ਸੰਗ ਤ੍ਰਿਪਤਾਵੈਂ ਸਾਰੇ। ਬਹੁਰ ਲੀਜੀਅਹਿ ਆਪ ਅਹਾਰੇ'। ਸੁਨਤਿ ਸਾਧ ਤੇ ਗੁਰੂ ਉਚਾਰਾ। 'ਹਮ ਭੀ ਮਾਨਹਿਂ ਕਰਹਿਂ ਅਹਾਰਾ'॥੩੭॥ ਸੁਨਿਕੈ ਸਾਧ ਗਯੋ ਹਰਖਾਇ। ਤਯਾਰੀ

---

[1]ਬਹੁਤ। [2]ਮਰਨ ਦੀ ਚਿੰਤਾ ਭੁਲਾਕੇ ਫਤਹ ਪਾਵਣੀ ਹੈ। (ਅ) (ਇਨ੍ਹਾਂ ਨੂੰ) ਮਾਰਕੇ ਜਿੱਤਾਂਗੇ ਤੇ (ਨਿੱਤ ਦੀ) ਚਿੰਤਾ ਮੁਕਾਵਾਂਗੇ। [3]ਮਾਸ ਮੰਗਦੇ ਹਨ।

*ਦੇਖੋ ਡੱਲਾ ਸਿੰਘ, ਰਾਮ ਸਿੰਘ ਆਦਿਕਾਂ ਦੇ ਚਲੇ ਜਾਣ ਤੇ ਰਤਾ ਨਹੀਂ ਬਦੇਂ। ਉਹੋ ਉਦੇਸ਼, ਉਹੋ ਨਿਰਭੈਤਾ, ਉਹੋ ਚੜ੍ਹਦੀ ਕਲਾ ਹੈ। ਫਿਰ ਇਕ ਸਮਝ ਗੋਚਰੀ ਹੋਰ ਬਾਤ ਹੈ, ਜਿਵੇ ਸ਼ਸਤ੍ਰ ਧਾਰਨੇ ਤੇ ਨਿਰੀ ਫੁਲਾਂ ਵਾਲੀ ਨੀਤੀ ਵਰਤਣੀ ਨਹੀਂ ਦੱਸ ਰਹੇ। ਸਤਿਨਾਮ ਦਾ ਸਿਮਰਨ ਤੇ ਸ਼ਸਤ੍ਰ ਧਾਰਨਾ। ਭਾਵ ਸ਼ਾਂਤ ਰਸ ਤੇ ਬੀਰ ਰਸ ਇਕ ਕਰ ਰਹੇ ਹਨ। ਜੋ ਸਿਖ ਨਾਮ ਬਾਣੀ ਛੋਡਕੇ ਰਾਜਸੀ ਚਾਲਬਾਜ਼ੀ ਚਲ ਰਹੇ ਹਨ ਓਹ ਗੁਰੂ ਆਦਰਸ਼ ਨਹੀਂ ਵਰਤ ਰਹੇ, ਓਹ ਕੋਈ ਪੱਛਮੀ ਚਾਲਬਾਜ਼ੀ ਯਾ ਨਵੀਂ ਨੀਤੀ ਚਲਾ ਰਹੇ ਹਨ।

ਕਰੀ ਸਕਲ ਬਿਧਿ ਜਾਇ। ਪੀਛੈ ਸਿੰਘ ਪਰਸਪਰ ਮਿਲਿ ਕਰਿ। ਕਰਯੋ ਬਿਬੇਕ*ਬਿਚਾਰ ਰਹਤਿ ਧਰਿ[1]॥੩੮॥ਸ਼੍ਰੀ ਸਤਿਗੁਰਕੇ ਸੰਗ ਉਚਾਰੇ।'ਜਬਿ ਆਏ ਤੁਮ ਦਾਦੂ ਦ੍ਵਾਰੇ। ਨਮੋ ਕਮਾਨ ਸਾਥ ਤੁਮ ਕੀਨੀ। ਰਹਤ ਬਿਹੀਨ ਖਾਲਸੇ ਚੀਨੀ ॥ ੩੯ ॥ ਭਇ ਉਚਿਤ ਦੈਬੇ ਤਨਖਾਹੂ। ਸਦਾ ਅਭੂਲ ਆਪ ਉਰ ਮਾਹੂ। ਬਖਸ਼ਹੁ ਜਗ ਔਗੁਨ ਸਮੁਦਾਏ†।ਲੇਹੁ ਖਾਲਸੇ ਤੇ ਬਖਸ਼ਾਏ' ॥ ੪੦ ॥ ਸੁਨਿ ਬਿਬੇਕ ਕੌ ਭਏ ਪ੍ਰਸੰਨ। ਕਹਯੋ ਕਿ 'ਗੁਰੂ ਖਾਲਸਾ ਧੰਨਾਕਰੀ ਨਮੋ ਹਮ ਪਰਖਨ ਹੇਤੁ। ਭਏ ਸਿੰਘ ਕੈ ਨਹੀਂ ਸੁਚੇਤ ॥ ੪੧ ॥ ਲਿਹੁ ਤਨਖਾਹ ਅਵਾਜ਼ ਸੁਨਾਵਹੁ। ਇਸ ਬਿਧਿ ਕੀ ਨਿਤ ਰਹਤ ਕਮਾਵਹੁ'। ਸਿੰਘ ਸਆਯੁਧ[2] ਇਕ ਕਹਿ ਤਬੈ। ਪੰਚ ਹਜ਼ਾਰ ਦੇਹੁ ਧਨ ਅਬੈ' ॥ ੪੨ ॥ ਸੁਨਤਿ ਦੂਸਰੇ ਤਬਹਿ ਬਖਾਨਾ। 'ਤੁਮ ਇਹ ਭਾਖਯੋ ਦਰਬ ਮਹਾਨਾ। ਕਰਹੁ ਅਵਾਜ ਪੰਜ ਸੈ ਕੇਰੀ'।ਸੁਨਿ ਤੀਸਰ ਬੋਲਯੋ ਤਿਸ ਬੇਰੀ ॥ ੪੩ ॥ 'ਬਹੁਤ ਪੰਚ ਸੈ ਭੀ ਇਨ ਕਹਯੋ। ਇਸ ਤੇ ਅਲਪ ਕਹਨਿ ਹਮ ਲਹਯੋ'। ਸੁਨਿ ਚੌਥ ਬੋਲਯੋ ਸਭਿ ਮਾਂਹੂ। 'ਗੁਰ ਢਿਗ ਧਨ ਕੀ ਨਹੀਂ ਪ੍ਰਵਾਹੂ' ॥ ੪੪ ॥ ਪੰਚਮ ਕਹੈ 'ਪੰਚ ਲਖ ਲਾਵਹੁ। ਅਬਿ ਹੀ ਦਰਬ ਗੁਰੂ ਤੇ ਪਾਵਹੁ'। ਸੁਨਤਿ ਖਾਲਸੇ ਸਕਲ ਬਿਚਾਰਨੋ। ਕਰਿ ਮਸਲਤ ਕੋ ਬਹੁਰ ਉਚਾਰਯੋ ॥ ੪੫ ॥ 'ਕਹਹੁ ਜਿਤਿਕ' ਗੁਰ ਦੇਂ ਧਨ ਤੇਤੋ[3]। ਪੁਨ ਸਿੰਘਨਿ

[1]ਭਾਵ ਰਹਿਣੀ ਵਾਲੇ ਸਿੰਘਾਂ ਨੇ ਸੋਧ ਕਰਨ ਦਾ ਵਿਚਾਰ ਕੀਤਾ [ਸਿੰ:, ਵਿਵੇਕ=ਨਿਰਨਾ, ਵਿਚਾਰ (ਜਥਾਰਥ ਗਿਆਨ)। (ਅ) ਕਿਸੇ ਨਿਯਮ ਜਾਂ ਧਰਮ ਦੀ ਧਾਰਨਾ। (ੲ) ਧਰਮ ਦੇ ਨਿਯਮ ਅਨੁਸਾਰ ਰਹਿਤ ਦਾ ਵਿਚਾਰ ਜਾਂ ਨਿਰਨਾ ਕਰਨਾ। ਰਹਿਤ ਜਾਂ ਧਾਰਨਾ ਸਬੰਧੀ ਸੋਧ ਕਰਨੀ]। [2]ਇਕ ਸਿੰਘ ਸ਼ਸਤ੍ਰ ਸਮੇਤ ਹੋਕੇ। [3]ਤਿਤਨਾ ਹੀ ਦੇ ਦੇਣਗੇ। *ਸਾਖੀ ਪੋਥੀ ਦੀ ਸਾਖੀ ਹੈ।

†ਦੇਖੋ ਸਿਖ ਕਿਸ ਸ਼ਰਧਾ ਤੇ ਅਦਬ ਵਿਚ ਬੋਲ ਰਹੇ ਹਨ। ਇਹੋ ਪ੍ਰਸੰਗ ਪੜ੍ਹਕੇ ਅਜ ਕਲ ਦੇ ਕਰਨੀਂ ਹੀਨ ਹੋਕੇ ਦਮਗਜੀਏ ਸਿੱਖ ਸਤਿਗੁਰ ਦੀ ਸ਼ਾਨ ਵਿਚ ਬੀ ਅਦਬ ਨਾਲ ਬੋਲਨਾ ਨਹੀਂ ਕਰਦੇ ਤੇ ਹੰਕਾਰੀ ਹੋਕੇ ਥਾਂ ਕੁਥਾਂ ਹਠ ਤੇ ਜ਼ੋਰ ਦਿਖਾਉਂਦੇ ਹਨ, ਪਰ ਅਸਲ ਭਾਵ ਲੇਕੇ ਸਤਿਗੁਰਾਂ ਦੇ ਹੁਕਮਾਂ ਤੇ ਨਹੀਂ ਟੁਰਦੇ। ਅੰਕ ੪੮ ਵਿਚ ਸਿੱਧ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਜਾਣਕੇ ਇਹ ਖੇਲ ਕੀਤਾ ਸੀ ਤੇ ਆਪ ਖੁਸ਼ ਹੋਏ ਹਨ ਕਿ ਖਾਲਸਾ ਸੁਚੇਤ ਹੋ ਗਿਆ ਹੈ। ਖੁਲਾਸਾ ਭਾਵ ਇਹ ਹੈ ਕਿ ਆਪ ਪੰਥ ਵਿਚ ਜਾਨ ਭਰ ਰਹੇ ਹਨ ਕਿ ਸਾਡੇ ਮਗਰੋਂ ਖਾਲਸਾ ਸਾਡਾ ਰੂਪ ਹੋਕੇ ਜਗਤ ਤੇ ਥਿਰ ਰਹੇ। ਫਿਰ ਖਾਲਸੇ ਨੇ ਦੇਖੋ ਉਸ ਰੁਪੱਯੇ ਨਾਲ ਲੰਗਰ ਦਾ ਤੰਬੂ ਬਣਾਇਆ ਹੈ ਸੁਾਰਥ ਪਰ ਨਹੀਂ ਲਗਾਇਆ। ਨਾਲੇ ਖਾਲਸਾ ਜੀ ਸਮਝ ਗਏ ਹਨ ਕਿ ਇਹ ਸਾਡੇ ਦਿਖਾਉਣ ਲਈ ਚੋਜ ਹੈ ਤਾਹੀਏਂ ਕਹਿੰਦੇ ਹਨ:—"ਪੁਨ ਸਿੰਘਨਿ ਕੋ ਲਾਗਹਿ ਏਤੋ"। [ਦੇਖੋ ਅੰਕ ੪੬]।

ਕੋ ਲਾਗਹਿ ਏਤੋ । ਕੌ ਦੇ ਸਕਹਿ? ਨ ਕਰੋ ਬਿਚਾਰਨ । ਯਾਂ ਤੇ ਕੀਜਹਿ ਉਚਿਤ ਉਚਾਰਨ' ॥੪੬॥ ਤਬਿ ਸਭਿ ਸਮਝੇ ਕਰੀ ਅਵਾਜ । 'ਦੇਹਿਂ ਸਵਾ ਸੈ ਧਨ ਮਹਾਂਰਾਜ' । ਸਤਿਗੁਰ ਕਰਿ ਮਨਜ਼ੂਰ ਤਨਖਾਹੂ । ਦੀਨੋ ਸਰਬ ਖਾਲਸੇ ਪਾਹੂ ॥ ੪੭ ॥ ਸਿੰਘਨਿ ਲੇ ਕਰਿ ਕਾਰ ਲਗਾਯੋ । ਲੰਗਰ ਕੋ ਤੰਬੂ ਬਨਵਾਯੋ। ਰਿਦੇ ਪ੍ਰਸੰਨ ਕ੍ਰਿਪਾ ਨਿਧਿ ਤਬੈ।–ਭਯੋ ਸੁਚੇਤ ਖਾਲਸਾ ਅਬੈ– ॥ ੪੮ ॥ ਦੋਹਰਾ ॥ [1]ਪਾਂਚ ਸੈ ਕੀ ਭੇਟ ਦੇ ਪ੍ਰਭੁ ਜੀ ਸਿਖ ਤਨਖਾਹ । ਹਮ ਦੀਨੀ ਜੋ ਦੇ ਨ ਹਿਤ ਤਿਸ ਕੀ ਪੂੰਜੀ ਸ੍ਵਾਹ* ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਾਦੂ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

੩੭. [ਦਾਦੂ ਦੁਆਰੇ ਦੇ ਮਹੰਤ ਵਲੋਂ ਭੰਡਾਰਾ । ਭਾਈ ਦਯਾ ਸਿੰਘ ਜੀ ਵਾਪਸ ਆਏ]।

ਦੋਹਰਾ ॥ ਇਤਨੇ ਮੈਂ ਆਵਨ ਕੀਯੋ ਜੈਤ ਸਾਧ ਸਮੁਦਾਇ[2]।ਰਸਤ ਉਚਾਏ ਸੰਗ ਸਭਿ ਚਾਵਰ ਚੂਨ ਬਧਾਇ ॥ ੧ ॥ ਚੌਪਈ॥ ਘ੍ਰਿਤ ਮਿਸ਼ਟਾਨ ਆਨਿ ਕਰਿ ਖਰੇ।ਸਕਲ ਕ੍ਰਿਪਾ ਨਿਧਿ ਆਗੇ ਧਰੇ।ਬ੍ਰਿੰਦ ਬਾਜ ਜਿਸ ਥਲ ਬੈਠਾਰੇ। ਭਯੋ ਜੈਤ ਥਿਰ ਤਿਨਹੁੰ ਅਗਾਰੇ ॥ ੨ ॥ ਹਾਥ ਜੋਰਿ ਕਰਿ ਬਿਨੈ ਬਖਾਨੇ । 'ਤੁਮ ਸਤਿਗੁਰ ਕੇ ਬਾਜ ਸੁਜਾਨੇ । ਪ੍ਰਥਮ ਜਨਮ ਕਿਯ ਕਰਮ ਭਲੇਰੇ । ਜਿਸ ਤੇ ਕਰ ਸਪਰਸ਼ ਗੁਰ ਕੇਰੇ ॥੩॥ ਇਹ ਸਾਧਨ ਕੋ ਲਖਹੁ ਸਥਾਨਾ । ਜਿਨਹੁ ਅਹਿੰਸ ਧਰਮ ਮਨ ਠਾਨਾ । ਕਰਨੋ ਚਹੈਂ ਪ੍ਰਭੁ ਕੀ ਪਹੁਨਾਈ । ਤੁਮ ਲੌ ਰਹੀ ਬਾਤ ਅਬਿ ਆਈ ॥ ੪ ॥ ਅੰਨ ਅਹਾਰ ਆਜ ਤੁਮ ਕਰੀ- ਅਹਿ ।ਨਹਿਂ ਆਮਿਖ ਕੋ ਰਿਦੈ ਚਿਤਰੀਅਹਿ।ਸ੍ਰੀ ਦਾਦੂ ਕੋ ਅਹੈ ਭੰਡਾਰਾ। ਜਿਸ ਤੇ ਮਾਨਵ ਅਚਹਿਂ ਹਜ਼ਾਰਾ' ॥ ੫ ॥ ਹੁਤੀ ਸੁਵਾਰ ਬਾਕੁਰੀ ਜੋਧ । ਇਮ ਕਹਿ ਅੱਗ੍ਰ ਬਖੇਰੀ ਸੋਧ। ਬਾਜਨ ਬਿਨੈ ਸਾਧ ਕੀ ਮਾਨੀ। ਤਤਛਿਨ ਕੀਨਿ ਅੰਨ ਗਨ ਖਾਨੀ ॥੬॥ ਕਿਤਿਕ ਸਿੰਘ ਅਵਲੋਕਤਿ ਗਏ। ਸਕਲ ਪ੍ਰਸੰਗ ਸੁਨਾਵਤਿ ਭਏ । 'ਪ੍ਰਭੁ ਜੀ ਬਾਜਨ ਅਚੀ ਜੁਵਾਰੀ । ਜੈਤ ਸਾਧ

[1]ਪੰਜ ਸੌ (ਰੁਪੱਯਾ) ਪ੍ਰਭੂ ਜੀ ਨੇ ਤਨਖਾਹ ਸਿੰਘਾਂ ਨੂੰ ਦਿੱਤੀ ਤੇ ਇਹ ਸਿਖਾਇਆ ਕਿ) ਅਸਾਂ ਦਿੱਤੀ ਹੈ (ਤਨਖਾਹ), ਜੋ (ਸਿੱਖ ਤਨਖਾਹੀਆ ਹੋਕੇ) ਹਿਤ ਨਾਲ (ਤਨਖਾਹ) ਨਹੀਂ ਦੇਵੇਗਾ ਉਸ ਦੀ ਪੂੰਜੀ ਨਾਸ਼ ਹੋ ਜਾਵੇਗੀ । [2]ਜੈਤ ਨੇ ਬਹੁਤੇ ਸਾਧਾਂ ਸਮੇਤ ।

*ਸੌ ਸਾਖੀ ਦੀ ੯੪ਵੀਂ ਸਾਖੀ ਦਾ ਇਹ ਕੁਛ ਘੱਟ ਵੱਧ ਭਾਵ ਚਲ ਰਿਹਾ ਹੈ । ਇਹ ਦੋਹਰਾ ਸੌ ਸਾਖੀ ਦਾ ਹੈ ਤੇ ਉਥੇ ਇਸ ਦਾ ਪਾਠ ਐਉਂ ਹੈ:–"ਪਾਂਚ ਸਹੰਸ੍ਰ ਕੀ ਭੇਟ ਦੈ ਪ੍ਰਭੁ ਜੀ ਸਿਖ ਤਨਖਾਹ । ਹਸਿ ਦੀਨੀ, ਜੋ ਦੇਇ ਨਹਿਂ, ਤਿਸ ਕੀ ਪੂੰਜੀ ਸ੍ਵਾਹ ।" ਸੌ ਸਾਖੀ ਵਿਖੇ ਪੰਜ ਸੌ ਰੁਪੱਯਾ ਤਨਖਾਹ ਦਾ ਦੇਣਾ ਹੀ ਲਿਖਿਆ ਹੈ, ਪਰ ਸਾਖੀ ਪੋਥੀ ਵਿਚ ਸਵਾ ਸੌ ਲਿਖਿਆ ਹੈ ।

ਜਬਿ ਬਿਨੈ ਉਚਾਰੀ' ॥ ੭ ॥ ਸੁਨਿ ਮੁਸਕਾਇ ਗੁਰੂ ਤਬਿ ਭਾਖਾ । 'ਰਸਤ ਦੇਗ਼ ਕੀ ਲਿਹੁ ਅਭਿਲਾਖਾ*'।ਆਨਿ ਜੈਤ ਸਗਰੀ ਤਬਿ ਦਈ। ਜਿਤਿਕ ਲਾਂਗਰੀ ਗੁਰ ਕੇ ਲਈ ॥ ੮ ॥ ਕਰਯੋ ਤਯਾਰ ਲੰਗਰ ਤਤਕਾਲਾ । ਪ੍ਰਥਮ ਪਰੋਸਯੋ ਥਾਲ ਬਿਸਾਲਾ । ਸਕਲ ਅਹਾਰ ਪਾਇ ਸਮੁਦਾਏ।ਕ੍ਰਿਪਾ ਨਿਧਾਨ ਚੇਤੁ ਸੋ ਲਯਾਏ॥੯॥ਅਚਯੋ ਜਥਾ ਰੁਚਿ ਥਾਲ ਉਠਾਯੋ । ਪੁਨ ਸਭਿ ਸਿੰਘਨ ਮਹਿਂ ਬਰਤਾਯੋ । ਮਨ ਭਾਵਤਿ ਅਚਿ ਛੁਧਾ ਮਿਟਾਈ । ਸੁਪਤਿ ਜਥਾ ਸੁਖ ਨਿਸਾ ਬਿਤਾਈ॥੧੦॥ਸ੍ਰਮਤ ਸਾਥ ਕੋ ਜਾਨਿਕ੍ਰਿਪਾਲਾ।ਕਰਯੋ ਮੁਕਾਮ ਹੇਰਿ ਸੁਰ ਸਾਲਾ¹ । ਨਿਕਟ ਨਿਕਟ ਕੇ ਨਰ ਗਨ ਆਏ। ਦਰਸ਼ਨ ਕਰਿ ਕਰਿ ਸੀਸ ਨਿਵਾਏ ॥੧੧॥ ਸਾਧਨਿ ਸੁਧ ਸੰਬਾਦ ਸੁਧਾਰਾ² । ਮੁਦਤਿ ਹੋਤਿ ਬਹੁ ਸੁਜਸੁ ਉਚਾਰਾ । ਸੋ ਦਿਨ ਜਾਮਨਿ ਤਹਾਂ ਬਿਤਾਈ । ਭਈ ਪ੍ਰਾਤਿ ਤਯਾਰੀ ਕਰਿਵਾਈ॥੧੨॥ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ। ਹਯ ਅਰੋਹ ਆਸਨ ਪਰ ਠਹਿਰੇ । ਦਲ ਸਮੇਤ ਕਰਿ ਕੂਚ ਸਿਧਾਰੇ । ਪਹੁੰਚੇ ਕਿਤਿਕ ਕੋਸ ਦਿਨ ਸਾਰੇ॥੧੩॥ਲਾਲੀ ਨਗਰ† ਪਹੂਚੇ ਜਾਇ।ਬਡੀ ਮਜਲ ਕਰਿ ਗਏ ਸੁ ਥਾਇ । ਖਾਨ ਪਾਨ ਕਰਿ ਨਿਸਾ ਗੁਜਾਰੀ । ਭਈ ਪ੍ਰਾਤਿ ਕੀਯਸਿ ਅਸ-

---

¹ਸੁਰ ਸ਼ਾਲਾ=ਚੰਗੀ ਥਾਂ, ਸ੍ਰੇਸ਼ਟ ਥਾਂ । ²ਸ਼ੁਧ ਆਸ਼ੇ ਨਾਲ ਜੋ ਵਿਚਾਰ ਕੀਤੀ ਜਾਏ ਸੋ ਸ਼ੁਧ ਸੰਬਾਦ ਕੀਤਾ । [ਸੁਧਾਰਾ=ਕੀਤਾ] ।

*ਇਥੇ ਆਪ ਧਾਰਮਕ ਸਹਾਰਾ ਸਿਖਾ ਰਹੇ ਹਨ: ਦੂਸਰੇ ਦੇ ਧਾਰਮਿਕ ਵਿਸ਼ਵਾਸ਼ ਦਾ ਜੋ ਉਸ ਨੇ ਨੇਕਨੀਯਤੀ ਨਾਲ ਸੱਚ ਜਾਣਕੇ ਧਾਰਿਆ ਹੈ ਸਤਿਕਾਰ ਕਰਨਾ ਚਾਹੀਏ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਦੀ ਨੂੰ ਬੁਰਾ ਕਿਹਾ ਹੈ, ਕਿਸੇ ਧਰਮ ਯਾ ਪੁਰਖ ਨੂੰ ਬੁਰਾ ਨਹੀਂ ਕਿਹਾ । ਇਤਿਹਾਸ ਵਿਚ ਗੁਰੂ ਨਾਨਕ ਪਹਿਲੇ ਮਹਾਨ ਪੁਰਖ ਹਨ ਜਿਨ੍ਹਾਂ ਨੇ ਇਹ ਜਾਚ ਸਿਖਾਈ ਕਿ ਧਰਮ ਈਮਾਨ ਵਿਚ ਸਭ ਦੇ ਧਰਮ ਨੂੰ ਪਰਖੋ, ਸੱਚ ਸਾਰਿਆਂ ਵਿਖੇ ਹੈ, ਸੱਚ ਤੋਂ ਪਰੇ ਹੋਣਾ ਅਧਰਮ ਹੈ । ਸੱਚ ਨੂੰ ਸਤਿਕਾਰੋ ਤੇ ਜੋ ਅਸੱਚ ਹੈ ਤਿਆਗੋ । ਜਿਸ ਨੂੰ (Comparative Religion) ਕਹਿੰਦੇ ਹਨ ਇਸ ਦੀ ਨੀਂਹ ਗੁਰੂ ਨਾਨਕ ਜੀ ਨੇ ਧਰੀ ਹੈ, ਮਗਰੋਂ ਅੱਬੁਲਫਜ਼ਲ ਨੇ ਇਹ ਅਸੂਲ ਸਮੱਝਿਆ ਹੈ ਫੇਰ ਜਗਤ ਵਿਚ ਪਰਵਿਰਤਿਆ ਹੈ । ਸੋਈ ਦਸਮੇ ਜਾਮੇ ਸਿਖਾ ਰਹੇ ਹਨ ਕਿ ਦਾਦੂ ਦੇ ਮਤੰਤ ਦਾ ਨਿਸ਼ਚਾ ਜਿਸ ਆਸ਼ੇ ਤੇ ਅਸੂਲ ਪਰ ਹੈ ਉਸ ਦੀ ਸੱਚ ਵਿਸ਼ਵਾਸ਼ਤਾ ਹੱਸਣੇ ਯੋਗ ਨਹੀਂ । ਉਸ ਨੂੰ ਆਪਣੇ ਨੁਕਤੇ ਤੋਂ ਮਖੌਲ ਨਾਂ ਕਰੋ । ਪਰ ਉਸ ਦੇ ਆਪਣੇ ਨੁਕਤੇ ਤੋਂ ਉਸ ਦੇ ਵਿਸ਼ਵਾਸ਼ ਤੇ ਉਸ ਦੀ ਸੱਤਜਤਾ ਨੂੰ ਸਮਝੋ ਤੇ ਉਸ ਦੇ ਉਹ ਸਚਾਈ ਪਰ ਟਿਕਣ ਨੂੰ ਸਤਿਕਾਰ ਦਿਓ । ਆਖੇ ਹੋਰ ਤੇ ਕਰੇ ਹੋਰ ਇਹ ਤ੍ਰਿਸਕਾਰਨੇ ਜੋਗ ਹੈ । ਇਸ ਦਾ ਇਹ ਅਰਥ ਨਹੀਂ ਹੈ ਕਿ ਅਗਜਾਨੀਆਂ ਦੇ ਅਗਜਾਨ ਨੂੰ ਗਜਾਨ ਤੁੱਲ ਸਮਝ ਲਓ ।

†ਸਾਖੀ ਪੋਥੀ ਵਿਚੋਂ ਹੈ ।

ਵਾਰੀ॥੧੪॥ਪੰਥ ਪਯਾਨਤਿ ਉਲੰਘੇ ਦੇਸ਼।ਜਾਤਿ ਬਿਲੋਕਤਿ ਗ੍ਰਾਮ ਵਿਸ਼ੇਸ਼। ਸ੍ਰਮਤ ਬਿਹੀਰ ਪਹੂਚੇ ਤਹਾਂ।ਪੁਰਿ ਮਘਰੌਦਾ* ਸੁਨੀਅਤਿ ਜਹਾਂ ॥ ੧੫ ॥ ਉਤਰ ਪਰੇ ਪ੍ਰਭੁ ਸਿਵਰ ਲਗਾਯੋ। ਸਨੇ ਸਨੇ ਸਭਿ ਸਾਥ ਸੁ ਆਯੋ। ਖਾਨ ਪਾਨ ਬਿੱਸ੍ਰਾਮਤਿ ਹੋਇ। ਕਰੀ ਅਰਜ ਮਿਲਿਕੈ ਸਭਿ ਕੋਇ ॥੧੬॥ 'ਦੀਰਘ ਮਜ਼ਲ ਭਈ ਇਹ ਦੋਊ। ਸ੍ਰਮਤ ਬਿਹੀਰ ਬਿਖੈ ਸਭਿ ਕੋਊ। ਜਿਮ ਨਿਬਹੈ ਬਡ ਛੋਟੇ ਸਾਥ। ਮਾਰਗ ਗਮਨ ਕਰਹੁ ਤਿਮ ਨਾਥ' ॥ ੧੭ ॥ ਸੁਨਿ ਸ੍ਰੀ ਮੁਖ ਤੇ ਸਭਿਨਿ ਸੁਨਾਯੋ। 'ਸਿਵਰ ਉਚਿਤ ਥਲ ਪੰਥ ਨ ਪਾਯੋ[1]। ਯਾਂਤੇ ਮਜ਼ਲਾਂ ਦੀਰਘ ਦੋਇ। ਪ੍ਰਾਤਿ ਸਮੀਪੀ ਡੇਰਾ ਹੋਇ' ॥੧੮॥ ਇੱਤਨਾਦਿਕ ਕਹਿ ਰਾਤਿ ਬਿਤਾਈ। ਭਈ ਭੋਰ ਤਯਾਰੀ ਕਰਿਵਾਈ। ਸਨਧਬੱਧ ਹੈ ਹਯ ਆਰੂਢੇ। ਗਮਨ ਕੀਨਿ ਗੁਰ ਜਿਸ ਗੁਨ ਗੂਢੇ ॥ ੧੯ ॥ ਦ੍ਵਾਦਸ਼ ਕੋਸ ਪਹੂਚੇ ਜਾਇ। ਨਗਰ ਕੁਲਾਯਤ* ਸੁੰਦਰ ਥਾਇ। ਲਗਯੋ ਸਿਵਰ ਸਭਿ ਹੂੰ ਸੁਖ ਪਾਯੋ। ਭਏ ਦੇਗ ਭੋਜਨ ਸ਼ੁਭ ਖਾਯੋ ॥੨੦॥ ਸ੍ਰਮਤ ਸਾਥ ਕੋ ਜਾਨਿ ਗੁਸਾਈਂ। ਕਰਯੋ ਮੁਕਾਮ ਦੇਖਿ ਸ਼ੁਭ ਥਾਈਂ।ਦ੍ਵਾਦਸ਼ ਦਿਵਸ ਬਸਯੋ ਤਹਿ ਡੇਰਾ। ਬਿਥਰਯੋ ਸੁਜਸੁ ਬਿਸਦ ਬਹੁਤੇਰਾ ॥ ੨੧ ॥ ਆਇ ਅਨੇਕ ਪਾਇ ਬਰ ਜੈ ਹੈਂ[2]। ਅਨਿਕ ਅਕੋਰਨਿ ਕੋ ਅਰਪੈ ਹੈਂ। ਅਵਿਲੋਕਤਿ ਬਹੁ ਸੁੰਦਰ ਰੂਪ। ਬਸਤ੍ਰ ਸ਼ਸਤ੍ਰ ਜੁਤਿ ਮਹਿਦ ਅਨੂਪ ॥ ੨੨ ॥ ਸ੍ਰਮ ਬਿਨ ਭਯੋ ਅਸੂਦੇ ਸਾਥ[3]। ਚਹਯੋ ਅਰੂਢਨਿ ਚਲਿਬੇ ਨਾਥ। ਕਰਯੋ ਕੂਚ ਹਯ ਚਢਿ ਕਰਿ ਚਾਲੇ। ਧਰੇ ਹਾਥ ਧਨੁ ਕਠਨ ਬਿਸਾਲੇ ॥੨੩॥ ਜਹਿਂ ਰਾਜਨ ਕੇ ਦੇਸ਼ ਵਿਸ਼ੇਸ਼ਾ। ਦਲ ਸਮੇਤ ਪ੍ਰਭੁ ਭਏ ਪ੍ਰਵੇਸ਼ਾ।ਗ੍ਰਾਮਨਿ ਕੇ ਨਰ ਦੇਖਿ ਪ੍ਰਤਾਪੂ। ਬਾਜਤਿ ਦੁੰਦਭਿ ਚਮੂੰ ਕਲਾਪੂ[4] ॥ ੨੪ ॥ ਲੇ ਲੇ ਕਰਿ ਅਕੋਰ ਚਲਿ ਆਵੈਂ। ਮਿਲਹਿ ਜੋਰਿ ਕਰ ਅਰਜ਼ ਸੁਨਾਵੈਂ। ਕਾਸ਼ਟ ਤ੍ਰਿਣਨ ਆਨਿ ਗਨ ਦੇਈਂ।ਸੌਜ ਉਧਾਰ ਸਦਨ ਕੀ ਲੇਈਂ॥੨੫॥ਜੋਨਹਿਂ ਮਿਲਹਿ ਗਰਬ ਉਰ ਧਾਰਹਿਂ। ਤਹਿਂ ਮਿਲਿ ਸਿੰਘ ਲੂਟ ਕੋ ਡਾਰਹਿਂ†। ਅਸਨ

[1]ਰਾਹ ਵਿਚ ਡੇਰੇ ਦੇ ਯੋਗ ਥਾਂ ਨਹੀਂ ਸੀ (ਕੋਈ) ਮਿਲਿਆ। [2]ਵਰ ਪਾ ਪਾ ਕੇ ਜਾਂਦੇ ਹਨ। [3]ਥਕੇਵਾਂ ਲਾਹਕੇ ਸਾਥ ਸੁਖੀ ਹੋ ਗਿਆ। [4]ਸਾਰੀ। *ਇਹ ਨਾਮ ਸਾਖੀ ਪੋਥੀ ਵਿਚੋਂ ਹੈਨ।

†ਕਵੀ ਜੀ ਦਾ ਭਾਵ ਹੈ ਜੋ ਲੋਕ ਹੈਂਕੜ ਨਾਲ ਮਿਲਦੇ ਤੇ ਮੰਗੀ ਸ਼ੈ ਮੁੱਲ ਨੂੰ ਬੀ ਨਹੀਂ ਸੇ ਦੇਂਦੇ, ਇਹ ਵਾਰਤਾ ਉਥੇ ਵਰਤਦੀ ਸੀ। ਅੱਗੇ ਦੇਖੋ ਅੰਸੂ ੩੮ ਅੰਕ ੩੬ ਆਪ ਸਤਿਗੁਰੂ ਜੀ ਆਗਿਆ ਕਰ ਰਹੇ ਹਨ ਕਿ ਪ੍ਰਜਾ ਨੂੰ ਕੋਈ ਖੇਚਲ ਨਹੀਂ ਦੇਣੀ, ਵਿਸ਼ੇਸ਼ ਲਈ ਡੱਖੋ ੩੮ ਅੰਸੂ ਦਾ ੪੨ ਅੰਕ ਤੇ ਨੋਟ।

ਬਸਨ ਆਦਿਕ ਲੇਂ ਛੀਨਾਂ। ਬਲ ਦਿਖਾਇਕੈ ਕਰੈਂ ਅਧੀਨਾ ॥੨੬॥ਧਾਂਕ ਪਰੀ ਸਭਿ ਦੇਸ਼ ਵਿਸ਼ੇਸ਼ਾ। ਹੋਤਿ ਕੂਚ ਦਰ ਕੂਚ ਹਮੇਸ਼ਾ। ਬਾਪੀ ਕੂਪ ਸਰੋਵਰ ਨੀਕੇ। ਉਪਬਨ ਬਹੁ ਹੁਲਸਾਵਨ ਜੀਕੇ ॥੨੭॥ ਸੁੰਦਰ ਧਰਾ ਅਧਿਕ ਸਬਜ਼ਾਈ। ਡੇਰਾ ਕਰਹਿਂ ਦੇਖਿ ਸੁਖਦਾਈ। ਇਮ ਗਮਨਤਿ ਤਿਸ ਦੇਸ਼ ਮੰਝਾਰਾ। ਕਰਤਿ ਬਿਲਾਸ ਅਨੇਕ ਪ੍ਰਕਾਰਾ ॥ ੨੮ ॥ ਖੇਲਤਿ ਹੈਂ ਅਖੇਰ ਬਨ ਫਿਰਿਕੇ। ਮ੍ਰਿਗ ਖਗ ਪੁੰਜ ਸੰਘਾਰਨਿ ਕਰਿਕੇ।ਸਨੇ ਸਨੇ ਸੁਖ ਸਹਤ ਚਲੰਤੇ। ਲੂਟਿ ਕੂਟਿ ਡਰਿ ਲੋਕ ਮਿਲੰਤੇ ॥੨੯॥ ਦਯਾ ਸਿੰਘ ਹਜ਼ਰਤ ਕੋ ਛੋਰਿ। ਕਰੇ ਬੇਗ ਆਯੋ ਇਤ ਓਰ।ਸੁਨਿ ਸਤਿਗੁਰ ਕੀ ਸੁਧ ਇਤ ਆਏ। ਮਿਲਯੋ ਆਨਿ ਸਨਮੁਖ ਸੁਖ ਪਾਏ ॥ ੩੦ ॥ ਚਰਨ ਸਰੋਜਨ ਪਰ ਸਿਰ ਧਰਿਕੈ। ਸਤਿਗੁਰ ਪ੍ਰੇਮ ਅਧਿਕ ਉਰ ਭਰਿਕੈ। ਤਜਿ ਨਹਿਂ ਸਕਹਿ ਉਠਾਯਵ ਆਪ[1]। ਕਰਯੋ ਬਿਦਾਰਨਿ ਬਿਰਹ ਸੰਤਾਪ ॥ ੩੧ ॥ ਦ੍ਰਿਗਨ ਬੂੰਦ ਆਨੰਦ ਕੀ ਗਿਰੀ। ਕੋ ਕਹਿ ਸਕਹਿ ਜੁ ਸੁਖ ਤਿਸ ਘਰੀ।ਮਗ ਜੈਬੇ ਐਬੇ ਕੀ ਕਥਾ। ਮੁਲਾਕਾਤ ਹਜ਼ਰਤਿ ਕੀ ਜਥਾ ॥ ੩੨ ॥ ਦਯਾ ਸਿੰਧੁ ਸਭਿ ਬੂਝਨ ਕੀਨਾ। ਦਯਾ ਸਿੰਘ ਤਬਿ ਉੱਤਰ ਦੀਨਾ। 'ਅਹਿਦੀ ਕੇ ਮਨਿੰਦ ਬਨਿ ਗਯੋ।ਗ੍ਰਾਮ ਗ੍ਰਾਮ ਤੇ ਨਰ ਨਿਕਸਯੋ॥੩੩॥ਮਗ ਮਹਿਂ ਗੁਰ ਸੰਗਤਿ ਸਮੁਦਾਈ। ਮਿਲਿ ਮਿਲਿ ਪੂਜਯੋ ਤੁਮ ਸਮਤਾਈ[2]। ਪਹੁੰਚਯੋ ਸ਼ਾਹੁ ਸਿਵਰ ਕੇ ਮਾਂਹੀ। ਕਰੇ ਜਤਨ ਮਿਲਿਬੋ ਹੁਇ ਨਾਂਹੀ ॥ ੩੪ ॥ ਪਠੀ ਆਪ ਢਿਗ ਕਾਸਦ ਜੋਰੀ[3]। ਜਿਮ ਆਇਸੁ ਭੇਜੀ ਦਿਸ਼ ਮੋਰੀ। ਭਯੋ ਮੇਲ ਤਿਮ ਅੰਤਰ ਗਏ। ਪ੍ਰਸ਼ਨ ਉੱਤਰ ਨਾਨਾ ਬਿਧਿ ਭਏ' ॥ ੩੫ ॥ ਸ੍ਵਾਨ ਆਦਿ ਕੋ ਸਕਲ ਪ੍ਰਸੰਗ।ਸਨੇ ਸਨੇ ਬਰਨਯੋ ਗੁਰ ਸੰਗ।'ਪੁਨ ਹਮ ਕੋ ਰੁਖਸਦ ਤਿਨ ਕੀਨਿ। ਗੁਰਜ ਦਾਰ[4] ਦ੍ਵੈ ਸੰਗ ਸੁ ਦੀਨ॥੩੬॥ ਸੁਧ ਸੁਨਿਕੈ ਰਾਵਰ ਇਤ ਆਏ। ਰਜਪੂਤਨ ਕੇ ਦੇਸ਼ ਸਿਧਾਏ।ਸੋ ਮਗ ਤਜਿ ਮੈਂ ਇਤ ਦਿਸ਼ਿ ਆਯੋ। ਪਹੁੰਚਿ ਆਪ ਕੋ ਦਰਸ਼ਨ ਪਾਯੋ ॥ ੩੭ ॥ ਗੁਰਜਦਾਰ ਮੇਰੇ ਸੰਗ ਦੋਇ। ਗਏ ਬਿਛੁਰ ਦਿੱਲੀ ਦਿਸ਼ਿ ਸੋਇ। ਸੂਬੇ ਗਨ ਉਮਰਾਵ ਮਹਾਨੇ। ਸਭਿ ਦਿਸ਼ਿ ਲਿਖੇ ਸ਼ਾਹ ਪਰਵਾਨੇ ॥ ੩੮ ॥-ਜਿਸ ਕੀ ਦਿਸ਼ਿ ਸਤਿਗੁਰ ਚਲਿ ਆਵੈਂ। ਦਲ ਸਮੇਤ ਜਹਿਂ ਸਿਵਰ ਲਗਾਵੈਂ। ਸੋ ਸਭਿ ਕਰ ਜੋਰਹਿਂ ਢਿਗ ਜਾਇ। ਅਨਿਕ ਰੀਤਿ ਕੀ ਸੇਵ ਕਮਾਇ॥੩੯॥ਨਹਿ ਕੋ ਸਨਮੁਖ ਹ੍ਵੈ ਰਨ

[1] ਭਾਵ ਸ੍ਰੀ ਗੁਰੂ ਜੀ ਨੇ। [2] ਆਪ ਦੇ ਸਦਰਸ਼। [3] ਹਲਕਾਰਿਆਂ ਦੀ ਜੋੜੀ। [4] ਸਿਪਾਹੀ।

ਕਰੈ। ਕੈਸਿਹੁ ਗੁਰ ਕੇ ਸੰਗ ਨ ਅਰੈ—। ਗੁਰਜਦਾਰ ਦਿੱਲੀ ਅਬਿ ਜੈ ਹੈਂ।
ਦੇਸ਼ ਬਿਦੇਸ਼ਨ ਐਸ ਪਠੈ ਹੈਂ[1] ॥੪੦॥ ਪੁਨ ਸਤਿਗੁਰ ਕੋ ਦਯੋ ਕਪੀਰਾ[2]।
ਅਹੈ ਅਮਾਨਤ ਪਠਿ ਤੁਮ ਤੀਰਾ'। ਸਿੱਖਨਿ ਪਿਖਿ ਕੈ ਬੂਝਿ ਪ੍ਰਸੰਗਾ। ਸ੍ਰੀ
ਗੁਰ ਕਹ੍ਯੋ ਸੁ ਸਭਿ ਕੇ ਸੰਗਾ ॥ ੪੧ ॥ 'ਮੱਕੈ ਜਾਇ [3]ਫਜ਼ੀਹਤ ਭਾਰੀ।
ਕਰੀ ਨੁਰੰਗ ਕੋ[4] ਪਿਖਿਡਰ ਧਾਰੀ।ਤਿਸ ਹੀਬਲ ਹਮਦੀਨੋ ਧ੍ਰੋਹਰ[4]'। ਦਯਾ
ਸਿੰਘ ਪੁਨ ਕਹਿ ਕਰ ਜੋਰਿ ॥੪੨॥ 'ਥੋਰੇ ਦਿਵਸ ਬਿਤੇ ਹਮ ਐਗਤਨਕ
ਭਨਕ ਸੁਨਿ[5] ਅਸ ਇਕ ਠੌਰ। ਹੁਤੋ ਜ਼ਵਰਨਮਾ ਤੁਮ ਕਰ ਕੋ। ਜਬਿ
ਹਮ ਦੇ ਕਰਿ ਹਟੇ ਵਹਿਰ ਕੋ ॥ ੪੩॥ ਤਤਛਿਨ ਹਜ਼ਰਤ ਕੋ ਦੁਖ ਹੋਵਾ।
ਪੁਨ ਕੋ ਅੰਤਰ ਗਯੋ ਨ ਜੋਵਾ[6]। ਖੋਟੀ ਸੁਧਿ ਪਸਰੀ ਚਹੁੰ ਓਰ। ਦੂਰ ਦੂਰ
ਕਹੈਂ ਨ ਮਾਚ੍ਯੋ ਸ਼ੋਰ[7]॥੪੪॥ਆਗੈ ਤੁਮ ਭਾਵੈ ਤਿਮ ਹੋਇ। ਜਥਾ ਬ੍ਰਿਤਾਂਤ,
ਭਨ੍ਯੋ ਤਿਮ ਸੋਇ[8]'। ਸੁਨਿ ਸਤਿਗੁਰ ਕਹਿ 'ਆਛੀ ਕੀਨਿ। ਮਰਹਿ
ਨੁਰੰਗਾ ਬਿਲਮ ਬਿਹੀਨ ॥ ੪੫ ॥ ਕੇਤਿਕ ਦਿਨ ਮਹਿਂ ਸੁਧਿ ਪਸਰੈ ਹੈ।
ਊਚ ਨੀਚ ਸਗਰੇ ਲਖਿ ਲੈ ਹੈਂ'। ਇਮ ਕਹਿ ਸੁਨਿਕੈ ਸਤਿਗੁਰ ਸੰਗ।
ਦਯਾ ਸਿੰਘ ਢਿਗ ਰਹ੍ਯੋ ਉਮੰਗ। ੪੬ ॥ ਦਿਨ ਪ੍ਰਤਿ ਕੂਚ ਕਰਤਿ ਗੁਰ
ਪੂਰੇ। ਕਹੂੰ ਅਰਹਿ ਮਗ ਦਲ ਕੇ ਸੂਰੇ[9]। ਲੂਟ ਕੂਟ ਲੇਂ ਹੋਤਿ ਲਰਾਈ।
ਕੇਤਿਕ ਮਿਲਹਿ ਪਰਹਿਂ ਪ੍ਰਭੁ ਪਾਈ ॥ ੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ
ਪ੍ਰਥਮ ਐਨੇ 'ਦਯਾ ਸਿੰਘ ਮਿਲਨ' ਪ੍ਰਸੰਗ ਬਰਨਨੰ ਨਾਮ ਸਪਤਤ੍ਰਿੰਸਤੀ ਅੰਸੂ ॥ ੩੭ ॥

### ੩੮. [ਸਫਰ। ਬਘੌਰ ਵਿਚ ਡੇਰਾ]।

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਮਾਰਗ ਆਗੇ ਜਾਤ। ਗ੍ਰਾਮ ਚੌਧਰੀ
ਮਿਲਤਿ ਜੋ ਸੋ ਸੁਖ ਬਸਿ ਦਿਨਰਾਤਿ[10]॥੧॥ਚੌਪਈ॥ਜੇਹੈਂਕਾਰਧਰਹਿਂਨਿਜ
ਬਲ ਕੋਤਾਂ ਪਰ ਹਮਲਾ ਹੋਵਤਿ ਦਲ ਕੋ।ਛੁਟਹਿਂ ਤੁਰੰਗ ਅਰਹਿਂ ਲੇਂ ਮਾਰ।
ਲੂਟ ਕੂਟ ਲੇ ਕਰਹਿਂ ਅਹਾਰ ॥ ੨ ॥ ਦਿਨ ਪ੍ਰਤਿ ਕੂਚ ਨਾਥ ਕੋ ਹੋਇ।
ਦੇਸ਼ ਨਵੀਨ ਪਿਖਹਿਂ ਨਿਤ ਸੋਇ। ਜਿਤ ਜਿਤ ਜਾਤਿ ਰੌਰ ਬਹੁ ਪਰੈ।

---

[1]ਇਸ ਤਰ੍ਹਾਂ (ਲਿਖਕੇ) ਭੇਜਣਗੇ। (ਅ) ਐਸ=ਆਇਸੁ=ਆਗਯਾ। [2]ਦੇਖੋ ਅੰਸੂ ੩੧ ਅੰਕ
੨੩। [3]ਔਰੰਗੇ ਦੀ ਖੁਆਰੀ ਕੀਤੀ। [4]ਅਮਾਨਤ। [5]ਥੋੜੀ ਕਨਸੋ (ਅਸੀਂ ਕੰਨੀ) ਸੁਣੀ ਹੈ।
[6]ਫਿਰ ਕਿਸੇ ਅੰਦਰ ਜਾਕੇ ਡਿੱਠਾ ਨਹੀਂ (ਪਰ)। [7]ਛੁਪ ਛੁਪਕੇ (ਸ਼ਾਹ ਦੀ ਬੀਮਾਰੀ ਕਹਿੰਦੇ
ਸੀ ਪਰ ਸ਼ੋਰ ਨਹੀਂ ਮਚਿਆ। [8]ਜਿਵੇਂ ਹਾਲ ਹੋਇਆ ਤਿਵੇਂ ਕਹਿ ਦਿੱਤਾ ਹੈ। [9]ਕਿਧਰੇ ਕਿਧਰੇ
ਅੜਦੇ ਹਨ ਰਾਹ ਵਿਚ ਗੁਰੂ ਦਲ ਦੇ ਸੂਰਮੇ। [10]ਸੋ (ਲੋਕ) ਸੁਖ ਨਾਲ ਵਸਦੇ ਹਨ।

ਧੂਮ ਧਾਕ* ਸੁਨਿਕੈ ਨਰ ਡਰੈਂ ॥ ੩ ॥ ਕੇਤਿਕ ਦੇਸ਼ ਉਲੰਘ ਜਬਿ ਗਏ। ਬਿਖਮ ਪੰਥ ਆਗੈ ਸੁਨਿ ਲਏ। 'ਤੋਪ ਨ ਸਕਟ ਇਤੈ ਕੋ ਜੈ ਹੈਂ[1]।ਗਿਰ ਲਘੁ ਪਾਹਨ ਬ੍ਰਿੰਦ ਪਰੇ ਹੈਂ'॥੪॥ਮਾਰਗ ਕਠਨ ਸੁਨ੍ਯੋ ਜਬਿ ਕਾਨ। ਤਿਸ ਦਿਸ਼ਿ ਤੇ ਹਟਿ ਕ੍ਰਿਪਾ ਨਿਧਾਨ। ਪੰਥ ਸੁਖੇਨ ਅਪਰ ਜਿਤ ਅਹੈ।ਭੇਦ ਦੇਸ਼ ਕੋ ਬਹੁ ਜੋ ਲਹੈਂ[2]॥੫॥ਤਿਨਹੁੰ ਬਤਾਯਹੁ 'ਪਰਬਤ ਘਾਟੀ। ਪਹੁੰਚ੍ਯੋ ਜਾਇ ਨ, ਅਉਖੀ ਬਾਟੀ[3]। ਦੂਸਰ ਮਗ ਹੈ ਚਲਨਿ ਸੁਖੇਨ'। ਸੁਨ ਤਿਤ ਗਮਨੇ ਕਰੁਨਾ ਐਨ ॥ ੬ ॥ ਸਨੇ ਸਨੇ ਸੁਖ ਸਿਵਰ ਕਰੰਤੇ। ਤਿਸੀ ਦੇਸ਼ ਕੋ ਮਧ ਉਲਘੰਤੇ। ਤਿਸ ਪਰਬਤ ਕੇ ਪਹੁੰਚੇ ਪਾਰ। ਦੇਖ੍ਯੋ ਸੁੰਦਰ ਦੇਸ਼ ਬਹਾਰ[4] ॥ ੭ ॥ ਸਦਲ ਸਫਲ ਤਰੁਵਰ ਬਹੁ ਖਰੇ। ਸੁਖਦਾਯਕ ਛਾਯਾ ਕਹੁ ਕਰੇ। ਬਾਗ-ਤੜਾਗ ਬਿਭਾਗ ਸਮੇਤ। ਅਵਲੋਕੇ ਚਿਤ ਆਨੰਦ ਦੇਤਿ ॥ ੮ ॥ ਬਾਪੀ ਕੂਪ ਆਪ ਮਲਹੀਨ[5]।ਜਿਤ ਕਿਤ ਸਬਜ਼ੀ ਸੁਭਤਿ ਨਵੀਨ।ਗਮਨੇ ਤਹਾਂ ਹੇਰਿ ਹਰਿਖਾਏ। ਸੁੰਦਰ ਥਲ ਪਿਖਿ ਥਲ ਉਤਰਾਏ॥ ੯ ॥ ਰਸਤ, ਛਾਗ, ਤ੍ਰਿਣ, ਈਂਧਨ ਆਨੇ। ਬਿਚ ਗ੍ਰਾਮਨ ਕੇ ਸਿੰਘ ਪਧਾਨੇ। ਦੁਗਧ, ਦਧੀ, ਘ੍ਰਿਤ ਅਰੁ ਮਿਸ਼ਟਾਨ। ਦੇਗ ਬਿਖੈ ਡਾਰਤਿ ਗਨ ਆਨਿ ॥ ੧੦ ॥ ਇਸ ਪ੍ਰਕਾਰ ਸਤਿਗੁਰ ਸੁਖ ਪਾਵਤਿ। ਸਨੇ ਸਨੇ ਸੁਖ ਸੋਂ ਮਗ ਜਾਵਤਿ। ਇਤਨੇ ਮਹਿ ਦੱਖਣ ਤੇ ਆਯੋ[6]। ਮਿਲਿ ਪ੍ਰਭੁ ਸੰਗ ਪ੍ਰਸੰਗ ਸੁਨਾਯੋ॥੧੧॥ 'ਮਰ੍ਯੋ ਨੁਰੰਗਾ ਬਹੁ ਦੁਖ ਪਾਇ। ਮਰੈ ਰੌਰ ਦੇਸ਼ਨ ਸਮੁਦਾਇ'। ਸੁਨਿਕੈ ਸਿੰਘਨ ਬੂਝਨ ਕਰ੍ਯੋ। 'ਕਿਸ ਬੀਮਾਰੀ ਤੇ ਕਿਮ ਮਰ੍ਯੋ?' ॥ ੧੨ ॥ ਕਹਤਿ ਭਯੋ ਤਬਿ ਸਰਬ ਬ੍ਰਿਤੰਤ। ਜਿਸ ਬਿਧਿ ਭਯੋ ਦਿਲੀਸ਼ੁਰ ਅੰਤ। 'ਗੁਰੂ ਜ਼ਫਰਨਾਮਾ ਜੋ ਪਠਯੋ।ਤਿਸਕੋ ਖੋਲਿ ਸ਼ਾਹੁ ਜਬਿ ਪਠ੍ਯੋ॥੧੩॥ ਤਬਿ ਹੀ ਤੇ ਤਨ ਭਈ ਬਿਮਾਰੀ। ਕਰੇ ਅਨਿਕ ਹਿਕਮਤ ਉਪਚਾਰੀ[7]'। ਅਰੈ ਅਹਾਰ ਪਰੈ ਸੋ ਨਾਂਹੀ। ਨਾਭੀ ਤਰ ਤੇ ਉਤਰੈ ਨਾਂਹੀ ॥ ੧੪॥ ਖਾਨਾ ਕਰੈ ਖਾਨ ਜਬਿ ਕੋਇ। ਉਦਰ ਰਹੈ ਕੇਤਿਕ ਚਿਰ ਸੋਇ। ਪੁਨ ਮੁਖ ਕੀ ਦਿਸ਼ਿ ਨਿਕਸੈ ਸਾਰੋ। ਸਮ ਬਿਸ਼ਟਾ ਕੇ ਹੁਇ ਦੁਖ ਭਾਰੋ ॥ ੧੫ ॥ ਇਮ ਕੇਤਿਕ ਦਿਨ ਸੰਕਟ ਪਾਯੋ। ਫਲ ਪਾਪਨ ਕੋ ਅਧਿਕ ਦਿਖਾਯੋ। ਬਿਸ਼ਟਾ ਮੁਖ ਕੀ

[1]ਨਾ ਤੋਪ ਨਾ ਗੱਡਾ (ਜਾਂ ਤੋਪਾਂ ਵਾਲਾ ਗੱਡਾ) ਇਧਰੋਂ ਨਹੀਂ ਲੰਘ ਸਕਦਾ।[ਅੱਗੇ ਚੱਲਕੇ ਪਤਾ ਲੱਗੂ ਕਿ ਨਾਲ ਤੋਪਾਂ ਬੀ ਸਨ ਸਤਿਗੁਰੂ ਜੀ ਦੇ, ਦੇਖੋ ਅੰਸੂ ੩੯ ਦਾ ਅੰਕ ੨੧]। [2]ਦੇਸ਼ ਦਾ ਭੇਦ ਜੋ ਬਹੁਤ ਜਾਣਦੇ ਹਨ। [3]ਔਖਾ ਰਾਹ ਹੈ। [4]ਬਹਾਰ ਵਾਲਾ ਭਾਵ ਅਨੰਦ ਦਾਇਕ। [5]ਨਿਰਮਲ ਜਲ ਵਾਲੇ। [6](ਕੋਈ) ਆਇਆ। [7]ਹਕੀਮਾਂ ਦੀਆਂ ਹਕੀਮੀਆਂ ਤੇ ਇਲਾਜ। *ਪਾ:-ਧੂਮ ਧਾਮ।

ਦਿਸ਼ਾ ਨਿਕਾਰੇ। ਭੀਮ ਰੂਪ ਜਮਦੂਤ ਦਿਖਾਰੇ[1]* ॥੧੬॥ ਕਬਿ ਅਰੜਾਇ ਮੂਰਛਾ ਪਾਇ। ਘੂਮਯੋ ਰਹੈ ਨੈਨ ਉਂਘਲਾਇ। ਕਸ਼ਟ ਬਿਸਾਲ ਪਾਇ ਮਰਿ ਗਯੋ। ਕੇਤਿਕ ਦਿਵਸ ਬਿਦਤ ਨਹਿੰ ਭਯੋ ॥ ੧੭ ॥–ਕੁੱਪਾ ਰਿੜ੍ਹਯੋ–ਕਹੈਂ ਪੁਰਿ ਲੋਕ† । ਭਯ ਦੇਸ਼ ਮਹਿ ਜਹਿੰ ਕਹਿੰ ਸ਼ੋਕ'। ਸੁਨਿ ਗੁਰ ਬੂਝਯੋ ਮਾਲਕ ਤਖਤ। 'ਕੋ ਅਬਿ ਭਯੋ ਸ਼ਾਹੁ ਸ਼ੁਭ ਬਖਤ[2]?' ॥੧੮॥ ਪੁਨ ਤਿਨ ਕਹਯੋ'ਮਹਾਂ ਗਨ ਲਸ਼ਕਰ।ਤਾਰਾ ਆਜ਼ਮ[3] ਅਹੈ ਬੀਚ ਬਰ।ਪੂਰਬ ਵਲੀ-ਅਹਦ ਸੋ ਭਯੋ[4]।ਅਬਿ ਪਤਿਸ਼ਾਹੀ ਪਰ ਥਿਰ ਥਯੋ ॥ ੧੯॥ ਗਨ ਉਮਰਾਵ ਵਜ਼ੀਰ ਜਿ ਸਯਾਨੇ। ਸਗਰੇ ਹਾਥ ਜੋਰਿ ਤਿਹ ਮਾਨੇ''। ਸੁਨਿ ਮੁਸਕਾਨੇ ਸਤਿਗੁਰ ਕਹੈਂ। 'ਨਹਿੰ ਸਲਤਨ ਕੋ ਸੁਖ ਇਹ ਲਹੈ॥੨੦॥ ਸ਼੍ਰੀ ਅਕਾਲ ਕੀ ਜਥਾ ਰਜ਼ਾਇ। ਸੋ ਬਨਿ ਹੈ ਨਹਿੰ ਆਨ ਉਪਾਇ'। ਤਹਿੰ ਤੇ ਕੂਚ ਅਗਾਰੀ ਕਰਯੋ। ਸ਼ਹਿਰ ਬਘੌਰ[5] ਨਿਕਟ ਸੁਨਿ ਪਰਯੋ ॥ ੨੧॥ ਜਹਾਂ ਭੀਮ ਨੇ ਕ੍ਰੀਚਕ ਮਾਰੇ[6]।ਪਿਖਯੋ ਚਹੈਂ ਪ੍ਰਭੁ,ਤਿਤੇ ਸਿਧਾਰੇ। ਕਰੈਂ ਕੂਚ ਦਰ ਕੂਚ ਪਯਾਨੇ। ਪੁਰਿ ਬਿਘੌਰ ਕੇ ਗੁਰ ਨਿਯਰਾਨੇ ॥ ੨੨ ॥ ਥਲ ਸੁੰਦਰ ਤਰੁਵਰ ਗਨ ਹੇਰੇ। ਕਰੇ ਮੁਕਾਮ ਪ੍ਰਭੂ ਤਹਿੰ ਡੇਰੇ।ਸੁਨੀ ਨਗਰ ਮਹਿੰ–ਦਲ ਚੜ੍ਹਿ ਆਯੋ। ਲੂਟ ਨ ਲੇਹਿੰ–ਮਹਾਂ ਡਰਪਾਯੋ ॥ ੨੩ ॥ ਗਹਿ ਗਹਿ ਸ਼ਸਤ੍ਰ ਭਏ ਸਵਧਾਨਾ। ਕਰਯੋ ਲਰਨ ਕੋ ਠਾਟ ਮਹਾਨਾ। ਭੇਤ ਹੇਤੁ ਨਰ ਏਕ ਪਠਾਯੋ। ਸਨੇ ਸਨੇ ਚਲਿ ਦਲ ਮਾਂਹਿ ਆਯੋ ॥ ੨੪ ॥ ਜਹਿੰ ਦਿਵਾਨ ਮਹਿੰ ਸਤਿਗੁਰ ਥਿਰੇ। ਸ਼ੋਭਤਿ ਚਮਰ ਚਾਰੁ ਸਿਰ ਢੁਰੇ। ਤਹਾਂ ਪਹੁੰਚਿ ਜੋਰੇ ਜੁਗ ਹਾਥ। ਬੰਦਨ ਕਰੀ ਨੰਮ੍ਰਤਾ ਸਾਥ ॥ ੨੫ ॥ ਪੁਨ ਪੁਰਿ ਜਨ ਕੀ ਅਰਜ਼ ਗੁਜ਼ਾਰੀ। 'ਮੋ ਕੋ ਪਠਯੋ ਤ੍ਰਾਸ ਉਰ ਧਾਰੀ। ਦਲ ਬਿਸਾਲ ਹੈ ਸੰਗ ਤੁਮਾਰੇ,

---

[1]ਜਮ ਭਿਆਨਕ ਰੂਪ ਅਪਨਾ ਉਸਨੂੰ ਦੱਸਦੇ ਸਨ। [2]ਚੰਗੇ ਭਾਗਾਂ ਵਾਲਾ। [3]ਔਰੰਗਜ਼ੇਬ ਦਾ ਪੁਤਰ ਆਜ਼ਮਸ਼ਾਹ। [4]ਟਿੱਕਾ-ਹੋਗਿਆ ਸੀ। [5]ਬਘੌਰ, ਉਦੇ ਪੁਰ ਰਾਜ ਵਿਚ ਹੈ। [6]ਜਦੋਂ ਰਾਜਾ ਬਿਰਾਟ ਪਾਸ ਪਾਂਡਵ ਬਿਨਾਂ ਸੈਨਾਂ ਰਹਿੰਦੇ ਸਨ ਤਦੋਂ ਕ੍ਰੀਚਕ ਨੇ ਦ੍ਰੋਪਤੀ ਨੂੰ ਛੇੜਿਆ ਸੀ ਤਾਂ ਭੀਮ ਨੇ ਉਸਨੂੰ ਮਾਰ ਦਿੱਤਾ ਸੀ। ਕ੍ਰੀਚਕ ਰਾਜੇ ਦਾ ਸਾਲਾ ਸੀ ਤੇ ਸੈਨਾ ਪਤੀ ਸੀ [ਸਿੰ:,ਕੀਚਕ]। [ਦੇਖੋ ਗੁਰ ਨਾਨਕ ਪ੍ਰਕਾਸ਼ ਉਤਰਾਰਧ ਅਧਯਾਯ ੨੪]। *ਪਾ:–ਨਿਹਾਰੇ।

†ਬਾਦਸ਼ਾਹ ਮਰ ਗਿਆ। ਅਗਲੇ ਸਮੇਂ ਬਾਦਸ਼ਾਹ ਦੇ ਮਰਨ ਨੂੰ ਕੁੱਪਾ ਰੁੜ੍ਹਨਾ ਕਹਿੰਦੇ ਸਨ, ਬਾਦਸ਼ਾਹ ਦਾ ਮਰਨਾ ਨਹੀਂ ਸਨ ਕਹਿੰਦੇ ਕਿਉਂਕਿ ਬਾਦਸ਼ਾਹ ਨਹੀਂ ਮਰਦਾ, ਇਕ ਮਰਿਆ ਦੂਜਾ ਤਖਤ ਤੇ ਬਹਿ ਗਿਆ। ਬਾਦਸ਼ਾਹ ਦਾ ਬਦਲਨਾ ਕੁੱਪੇ ਦੇ ਹੇਠ ਉਤੇ ਹੋਣ ਵਾਂਗ ਹੈ।

ਪ੍ਰਵਿਸ਼ਹਿਂ ਲੂਟਹਿਂ ਜੰਗ ਕਰਿ ਮਾਰੇ॥ ੨੬॥ ਆਪ ਕਹਾਂ ਤੇ ਚਲਿ ਕਰਿ ਆਏ?ਅਬਿ ਚਾਹਤਿ ਹੋ ਕਹਾਂ ਸਿਧਾਏ?ਕੌਨ ਕਾਜ ਆਗਵਨ ਤੁਮਾਰਾ? ਕਰਹੁ ਪ੍ਰਸੰਗ ਸੁਨਾਵਨ ਸਾਰਾ’ ।।੨੭।।ਇਮ ਤ੍ਰਾਸਤਿ ਕੇ ਬਾਕ ਸੁਨੇ ਜਬਿ। ਧਰਮ ਸਿੰਘ ਸੋਂ ਗੁਰੂ ਭਨਨੋਂ ਤਬਿ। ‘ਜਾਹ ਨਗਰ ਮਹਿਂ ਨਰ ਸਮੁਝਾਵਹੁ। ਦੇ ਧੀਰਜ ਕੋ ਤ੍ਰਾਸ ਮਿਟਾਵਹੁ’ ।।੨੮।। ਆਇਸੁ ਪਾਇ ਗਯੋ ਤਤਕਾਲਾ। ਪੁਰਿ ਜਨ ਸਾਵਧਾਨ ਜਹਿਂ ਜਾਲਾ। ਥਿਰ ਹੁਇ ਸਗਰੀ ਕਥਾ ਸੁਨਾਈ। ‘ਇਹ ਜਗ ਗੁਰ ਤੁਮ ਕੋ ਸੁਖਦਾਈ ॥ ੨੯ ॥ ਸਿਖ ਹੁਇ ਮਿਲੌ ਦਰਸ ਕੋ ਜੋਵਹੁ। ਦੁਇ ਲੋਚਨ ਕੋ ਸੁਖ ਕੋ ਜੋਵਹੁ। ਭੀਮਸੈਨ ਜਹਿਂ ਕੀਚਕ ਮਾਰੇ। ਸੋ ਸਥਾਨ ਚਿਤ ਚਹੈਂ ਨਿਹਾਰੇ ।।੩੦।। ਤੁਮ ਨਾਹਕ ਕਨੋਂ ਤ੍ਰਾਸਤਿ ਭਏ। ਪੁਰਿ ਕੋ ਨਹਿਂ ਬਿਗਾਰ ਚਿਤ ਠਏ’।ਧਰਮ ਸਿੰਘ ਇਮ ਦਿਯੋ ਦਿਲਾਸਾ। ਤਦਪਿ ਨ ਤਿਨੈ ਭਯੋ ਭਰਵਾਸਾ।।੩੧।।[1]‘ਅਪਨੋ ਸਿਵਰ ਫਰਕ ਸੋਂ ਕਰੀਏ। ਪੁਰਿ-ਜਨ ਕੋ ਡਰ ਉਰ ਤੇ ਹਰੀਏ’। ਨਹਿਂ ਸਮੁਝੇ ਬਹੁ ਕਹਿ ਸਮੁਝਾਏ। ਧਰਮ ਸਿੰਘ ਤਬਿ ਹਟਿ ਕਰਿ ਆਏ।।੩੨।।ਪ੍ਰਭੁ ਆਗੈ ਅਰਦਾਸ ਬਖਾਨੀ। ‘ਪੁਰਿ ਜਨ ਤ੍ਰਸਤਿ ਧੀਰ ਬਿਸਰਾਨੀ। ਸੁੰਦਰ ਉਪਬਨ ਤਰੁਵਰ ਠੌਰ। ਕੁਛਕ ਫਰਕ ਤੇ ਹੈ ਇਕ ਔਰ ॥ ੩੩ ॥ ਫੁਰਮਾਵਹੁ ਸ੍ਰੀ ਮੁਖ ਤੇ ਡੇਰਾ। ਸਭਿ ਬਿਧਿ ਤੇ ਹੁਇ ਅਨੰਦ ਘਨੇਰਾ’। ਸੁਨਿਕੈ ਨਾਥ ਕ੍ਰਿਪਾ ਕਰਿ ਕਹ੍ਯੋ। ‘ਕਰਹੁ ਸਿਵਰ ਜਹਿਂ ਉਪਬਨ ਲਹਯੋ’ ॥ ੩੪ ॥ ਚਢਿ ਪ੍ਰਭੁ ਗਏ ਪਿਖਯੋ ਸ਼ੁਭ ਬਾਗ਼। ਤਰੁ ਛਾਇਆ ਸੁੰਦਰ ਜਹਿਂ ਲਾਗ। ਡੇਰਾ ਕਰਯੋ ਸਿੰਘ ਸਮੁਦਾਏ। ਤਬਿ ਪੁਰਿ ਜਨ ਦਰਸ਼ਨ ਕੋ ਆਏ ॥ ੩੫ ॥ ਮਿਲੇ ਸੁ ਦੈ ਦੈ ਗਨ ਉਪਹਾਰੂ। ਬੰਦਨ ਕਰਹਿਂ ਹੇਰਿ ਮੁਖ ਚਾਰੂ। ਸ੍ਰੀ ਪ੍ਰਭੁ ਕਰੁਨਾ ਕਰਿ ਫੁਰ-ਮਾਯੋ।‘ਕੋ ਖੇਚਲ ਇਨ ਕਰਹਿ ਨ ਧਾਯੋ’[2]।।੩੬।।ਘਾਸ ਰੁ ਈਂਧਨ ਲੇਹੁ ਨ ਕੋਈ। ਇਸ ਹੀ ਥਲ ਸਭਿ ਪ੍ਰਾਪਤਿ ਹੋਈ। ਬਾਗ਼ ਭਲੋ ਥਲ ਬਹੁ ਸੁਖ-ਦਾਈ। ਇਸ ਮਹਿਂ ਤੇ ਲਿਹੁ ਚਹਿ ਸਮੁਦਾਈ’ ।।੩੭।। ਘਨੇ ਨਗਰ ਜਨ ਜਬਿ ਹੀ ਆਏ। ਲੇ ਤਿਨ ਕੋ ਸੰਗ ਪ੍ਰਭੂ ਸਿਧਾਏ। ਕੀਚਕ ਹਤਨਿ ਥਾਨ ਅਵਿਲੋਕਨ। ਬੂਝਤਿ ਚਲੇ ਲਿਏ ਪੁਰਿ ਲੋਕਨਿ ॥ ੩੮ ॥ ਸਿੰਘਨ ਪ੍ਰਤਿ ਅਸ ਹੁਕਮ ਬਖਾਨਾ। ‘ਚਲਹਿਂ ਪਯਾਦੇ* ਤਜਹਿਂ ਕਿਕਾਨਾ’।ਇਮ ਸੁਨਿ

---

[1]ਨਗਰ ਵਾਲਿਆਂ ਕਹਿਆ। [2]ਭਾਵ ਦੌੜਨ ਭੱਜਣ ਦੀ ਖੇਚਲ ਇਨ੍ਹਾਂ ਵਿਚੋਂ ਕੋਈ ਨਾ ਕਰੇ।

*ਪਾ:—ਸਜਾਦੇ।

ਕਰਿ ਗਨ ਕਿਧਸਿ ਪਧਾਨਾ। ਪਹੁੰਚੇ ਕੋਸ ਉਚ ਬਹੁ ਥਾਨਾ॥ ੩੯ ॥ ਭਲੇ ਭਲੇ ਥਲ ਗੁਰੂ ਨਿਹਾਰੇ। ਬੂਝੇ ਨਰਨ ਬਤਾਵਤਿ ਸਾਰੇ। ਤਹਾਂ ਅਪਰ ਗ੍ਰਾਮਨ ਕੇ ਲੋਕ। ਆਏ ਪ੍ਰਭੁ ਕੋ ਦਰਸ ਬਿਲੋਕਿ॥੪੦॥ਡਰ ਧਰਿ ਜਿਨ ਜਿਨ ਅਰਜ਼ ਬਖਾਨੀ। ਸਿੰਘਨ ਪ੍ਰਤਿ ਗੁਰ ਬੋਲੇ ਬਾਨੀ॥ਇਕਇਕ ਗ੍ਰਾਮ ਨਗਰ ਮਹਿਂ ਜਾਵਹੁ[1]। ਕਰਹਿ ਜੁ ਖੇਚਲ ਤਿਸਹਿ ਹਟਾਵਹੁ'॥੪੧ ॥ ਨਾਥ ਹੁਕਮ[2] ਸੁਨਿ ਸੁਨਿ ਕਰਿ ਗਏ। ਦੋ ਦੋ ਧੀਰ ਬਧਾਵਤਿ ਭਏ*। ਕਰਿ ਕਰਿ ਸੈਲ ਬਿਲੋਕੇ ਥਾਨ।ਉਤਰੇ ਆਨਿ ਗੁਰੂ ਭਗਵਾਨ। ਤਹਿਂ ਡੇਰੇ ਕੋ ਕੀਨ ਮੁਕਾਮੁ । ਦੇਖਯੋ ਜਹਿਂ ਕਹਿਂ ਥਲ ਅਭਿਰਾਮੁ ॥ ੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਬਘੌਰ ਨਗਰ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥ ੩੮ ॥

## ੩੯. [ਬਘੌਰ ਵਿਖੇ ਜੰਗ]।

ਦੋਹਰਾ ॥ ਇਕ ਦਿਨ ਉਸ਼ਟਰ ਗੁਰੂ ਕੇ ਚਰਨ ਗਏ ਪੁਰਿ ਤੀਰ। ਬਾਗਨ ਬਿਖੈ ਪ੍ਰਵੇਸ਼ ਭੇ ਲਤਾ ਤਰੁਨ ਬਡ ਭੀਰ[3]॥੧॥ ਚੌਪਈ॥ ਅੰਤਰ ਜਾਇ ਤੋਰਿ ਤਰੁ ਖਾਏ। ਇਤਨੇ ਮਹਿਂ ਮਾਲੀ ਤਹਿਂ ਆਏ। ਉਸ਼ਟਨਿ ਕੋ ਬਹੁ ਲਸ਼ਟ ਪ੍ਰਹਾਰੇ। ਦੇ ਗਾਰੀ ਬਹੁ ਵਹਿਰ ਨਿਕਾਰੇ॥੨॥ ਇਤ ਤੇ ਉਸ਼ਟਵਾਨ ਮਿਲਿ ਗਏ। ਦੇ ਦੇ ਗਾਰ ਲਰਤਿ ਸੋ ਭਏ। ਲਾਠੀ ਸੋਟਨ ਭਈ ਲਰਾਈ। ਮਾਰੇ ਉਪਬਨਵਾਨ[4] ਪਲਾਈ ॥ ੩ ॥ ਲੇ ਉਸ਼ਟਰ ਇਹ ਗੁਰ ਢਿਗ ਆਏ। ਮਾਲੀ ਕਰਨਿ ਪੁਕਾਰਿ ਸਿਧਾਏ। ਤਿਨ ਸੁਨਿਕੈ ਇਮ ਠਟੀ ਸਲਾਹਾ। 'ਸਿੰਘ ਜੁ ਆਵੈ ਕੋ ਇਤ ਰਾਹਾ ॥੪ ॥ ਤਿਸ ਕੋ ਹਤਹਿ ਮੁਸ਼ਟ ਅਰੁ ਸੋਟੇ। ਪਲਟਾ ਲੇਹਿਂ,ਕਰੀ ਕ੍ਰਿਤ ਖੋਟੇ[5]'।ਰਹੇ ਤਕਾਵਤਿ ਘਾਤ ਬਹੋਰੀ। ਗਮਨਯੋ ਸਿੰਘ ਏਕ ਤਿਸ ਠੌਰੀ ॥ ੫ ॥ ਦੁਸ਼ਟਨਿ ਘੇਰ ਲਯੋ ਢਿਗ ਆਏ। ਹਿਤ ਮਾਰਨ ਕੇ ਹਾਥ ਉਠਾਏ। ਕੋਪਯੋ ਸਿੰਘ ਕ੍ਰਿਪਾਨ ਨਿਕਾਰੀ। ਫਾਂਦਿ ਫਾਂਦਿ ਇਕ ਦ੍ਵੈ ਕੈ ਝਾਰੀ ॥੬॥ ਪਰਯੋ ਰੌਰ ਇਤ ਉਤ ਮਹਿ ਭਾਰੋ। ਸ਼੍ਰੋਨ ਖਾਲਸੇ ਕੇ ਕਿਨ ਡਾਰੋ। ਲੇਕਰਿ ਹੁਕਮ ਨਾਥ ਕੋ ਧਾਏ। ਕਸੀ ਤੁਫੰਗੈਂ ਜੰਗ

[1]ਇਕ ਇਕ (ਸਿੰਘ ਹੋਕੇ) ਨਗਰ ਵਿਚ ਜਾਓ। [2]ਗੁਰੂ ਜੀ ਦਾ ਹੁਕਮ । [3]ਵੱਲਾਂ ਅਤੇ ਬ੍ਰਿੱਛਾਂ ਦੀ ਵੱਡੀ ਭੀੜ ਸੀ, ਭਾਵ ਸੰਘਣੇ ਸਨ। [4]ਬਾਗਵਾਨ। [5]ਜਿਵੇਂ ਖੋਟਾ ਕੰਮ ਕੀਤਾ ਹੈ।

*ਇਥੋਂ ਸਮਝ ਆਉਂਦੀ ਹੈ ਕਿ ਪ੍ਰਜਾ ਨਾਲ ਕਿਤਨਾ ਪਿਆਰ ਕਰਦੇ ਹਨ, ਜਿਹੜੀ ਲੁੱਟ ਕੁੱਟ ਦਾ ਫ਼ਿਕਰ ਆਉਂਦਾ ਹੈ ਉਹ ਸਮਝ ਲੈਣਾ ਚਾਹੀਏ ਕਿ ਜੋ ਆਪਣੇ ਬਾਹੂਬਲ ਨਾਲ ਹਮਲੇ ਕਰਦੇ ਯਾ ਦੁਖ ਦਾ ਸਾਮਾਨ ਕਰਦੇ ਸਨ ਉਹਨਾਂ ਨਾਲ ਹੀ ਜੁੱਧ ਮਚਦਾ ਸੀ। ਪ੍ਰਜਾ ਦਾ ਅਤਿ ਲਿਹਾਜ਼ ਕਰਦੇ ਸੇ, ਜੋ ਇਸ ਪ੍ਰਸੰਗ ਤੋਂ ਰੌਸ਼ਨ ਹੈ।

ਮਚਾਏ ॥੭॥ ਦੁਇ ਦਿਸ਼ਿ ਕੇ ਨਰਗਨ* ਭਟ ਹ੍ਵੈ ਕੈ। ਮਚਜੋ ਲੋਹ ਰਿਸ ਮਹਿਂ ਰਿਸ ਕੈਕੈ†।ਵਹਿਰ ਨਗਰ ਤੇ ਮਚੀ ਲਰਾਈ।ਬਿਚਰੇ ਸੁਭਟ ਤੁਫੰਗ ਚਲਾਈ ॥੮॥ ਪਰਜੋ ਨੇਰ ਐਂਚੀ ਤਰਵਾਰੈਂ। ਨਿਕਟ ਹੋਇ ਭਟ ਕੋ ਕਟਿ ਡਾਰੈਂ। ਹਮਲਾ ਕਰਜੋ ਖਾਲਸੇ ਜਬੈ। ਧਾਇ ਬਰੇ ਪੁਰਿ ਭੀਤਰ ਸਬੈ ॥੯॥ ਕਾਇਮ ਕਰਜੋ ਭਏ ਸਵਧਾਨਾ। ਲੇ ਕਰਿ ਤਿਟਨਿ ਲਰੇ ਮਹਾਨਾ। ਵਹਿਰ ਸਿੰਘ ਚਹੁਂ ਦਿਸ਼ਾ ਰਿਸਾਏ। ਲਾਇ ਮੋਰਚੇ ਤੁਪਕ ਚਲਾਏ ॥ ੧੦ ॥ ਲੋਥੈਂ ਵਹਿਰ ਛੋਡ ਕਰਿ ਭਾਗੇ। ਅੰਤਰ ਬਰਿ ਕਰਿ ਲਰਿਨੇ ਲਾਗੇ। ਕਹੌਂ ਕਹਾਂ ਲਗਿ ਮਾਚਜੋ ਜੰਗ। ਛੁਟੈਂ ਦੁਹੂੰ ਦਿਸ਼ਿ ਪੁੰਜ ਤੁਫੰਗ।।੧੧।।ਦ੍ਵੈ ਦਿਸ਼ਿ ਜਬਿ ਘਮੰਡ ਅਸ ਹੋਵਾ। ਚਢਿ ਸਤਿਗੁਰ ਪੁਰਿ ਚਹੁ ਦਿਸ਼ਿ ਜੋਵਾ। ਪੌਰ ਸਬਾਨ ਅਗਾਰੀ ਠਾਂਢੇ। ਸਿੰਘਨ ਸੰਗ ਕਹਜੋ 'ਨਹਿਂ ਗਾਢੇ[੧] ॥ ੧੨॥ ਘਾਲਹੁ ਹੇਲ ਪੌਰ ਚਲਿ ਜੱਧੈ।ਅਰਹਿ ਸੁ ਕਾਟਹੁ ਤੁਰਨ ਲੱਧੈ'। ਸੁਨਤਿ ਖਾਲਸੇ ਤਜੀ ਤੁਫੰਗੈਂ। ਮਾਰਿ ਮਾਰਿ ਕਰਿ ਸ਼ੋਰ ਉਤੰਗੈ ॥੧੩॥ ਖੈਂਚਿ ਮਜਾਨ ਤੇ ਲਈ ਕ੍ਰਿਪਾਨੈਂ। ਦੌਰੇ ਪੌਰ ਸਮੁਖ ਕਰਿ ਹਾਨੈਂ। ਤਜਿ ਭਾਗੇ ਪੁਰਿਕੋਟ ਅਤੰਕੇ[੨]। ਭਏ ਪ੍ਰਵੇਸ਼ ਸਿੰਘ ਬਰ ਬੰਕੇ ॥ ੧੪ ॥ ਲੂਟਨ ਲਗੇ ਨਗਰ ਕੋ ਫੇਰ। ਭਾਜੇ ਪਰਿ ਜਨ ਡਰ ਕੋ ਹੇਰਿ। ਹੁਤੇ ਦੁਰਗ ਤਹਿਂ ਭਏ ਮਵਾਸੀ। ਰਹੇ ਵਹਿਰ ਸੋ ਕਰੇ ਬਿਨਾਸ਼ੀ ॥ ੧੫ ॥ ਦੁਰਗ ਚੁਗਿਰਦੇ ਘੇਰਾ ਡਾਰਾ। ਲੂਟਜੋ ਸ਼ਹਿਰ ਜਹਾਂ ਕਹਿਂ ਸਾਰਾ। ਘ੍ਰਿਤ ਮਿਸ਼ਟਾਨ ਅੰਨ ਪਟ ਘਨੇ। ਧਨ ਤੇ ਆਦਿ ਜਿਤਿਕ ਜਿਸ ਬਨੇ ॥ ੧੬ ॥ ਲੂਟ ਕੂਟ ਕਰਿ ਸਿੰਘ ਅਘਾਏ‡। ਦੁਰਗ ਚੁਗਿਰਦੇ ਪੁਨ ਸਮੁਦਾਏ। ਨਿਕਸਨ ਅਰੁ ਪ੍ਰਵੇਸ਼ ਹੁਇ ਨਾਂਹੀ। ਛੁਟਹਿਂ ਤੁਫੰਗ ਜੰਗ ਬਡ ਮਾਂਹੀ ॥ ੧੭ ॥ ਗਰੀਅਨਿ ਮਹਿ ਤਿਹ ਲੋਥ ਪਰੀ ਹੈ। ਭਾਜੀ ਸਕਲ, ਨ ਸੈਨ ਅਰੀ ਹੈ। ਧਰਮ ਸਿੰਘ ਕੋ ਪ੍ਰਭੁ ਬੁਲਵਾਇ। ਕਹਜੋ 'ਹੇਲ ਘਾਲੋ ਸਮੁਦਾਇ ॥ ੧੮ ॥ ਨਿਕਟ ਮੋਰਚੇ ਦੇਹੁ ਢੁਕਾਈ। ਮਾਰਹੁ ਸ਼ੱਤ੍ਰੁਨਿ ਕੋ ਸਮੁਦਾਈ'। ਸੁਨਿਕੈ ਧਰਮ ਸਿੰਘ ਤਬਿ ਗਯੋ। ਦੁਰਗ

---

[੧](ਦਰਵੱਜਾ) ਤਕੜਾ ਨਹੀਂ। [੨]ਡਰ ਨਾਲ ਨਗਰ ਦੀ ਸਫੀਲ ਛੱਡਕੇ ਭੱਜੇ। (ਅ) ਸ਼ਹਿਰ ਛੱਡਕੇ (ਲੋਕ) ਕਿਤੇ ਨੂੰ ਭੱਜੇ।　　*ਪਾ:—ਗਨ ਗਨ।　　†ਪਾ:—ਤਿਸ ਕੈ ਕੈ।

‡ਇਹ ਲੁੱਟ ਕੁੱਟ ਸੁਣੀ ਸੁਣਾਈ ਗੱਲ ਹੈ, ਤਵਾ: ਖਾ: ਦਾ ਦੱਸਿਆ ਹਾਲ ਹੋਰਵੇਂ ਹੈ ਜੋ ਅੱਗੇ ਆਵੇਗਾ। ਗੁਰੂ ਜੀ ਕਦੇ ਸ਼ਹਿਰ ਲੁੱਟਣ ਦੀ ਆਗਜਾ ਨਹੀਂ ਦੇ ਸਕਦੇ। ਇਹ ਗੱਲ ਮੰਨਣੇ ਯੋਗ ਨਹੀਂ। ਟਾਕਰਾ ਕਰਨ ਵਾਲਿਆਂ ਨਾਲ ਲੜਨਾ, ਮਰਨਾ ਮਾਰਨਾ ਵੱਖਰੀ ਗੱਲ ਹੈ।

ਚੁਗਿਰਦੇ ਬਿਚਰਤਿ ਭਯੋ ॥ ੧੯ ॥ ਸਗਰੀ ਘਾਤ ਹੇਰਿ ਕਰਿ ਆਛੇ। ਹੇਲ ਕਰਨ ਕੋ ਚਿਤ ਮਹਿਂ ਬਾਛੇ। ਰਤਨ ਸਿੰਘ ਤਬਿ ਦੌਰਤਿ ਆਯੋ।ਸ਼੍ਰੀ ਪ੍ਰਭੁ ਸੰਗ ਉਪਾਉ ਬਤਾਯੋ ॥੨੦॥ 'ਪੁੰਜ ਸਿੰਘ ਹੇਲੇ ਮਹਿਂ ਮਰੈਂ। ਜਤਨ ਸੁਖੈਨ ਆਪ ਅਸ ਕਰੈਂ। ਇਹ ਪਰਬਤ ਸਿਰ ਤੋਪ ਚਢ਼ਾਵੈ। ਤਹਿਂ ਥਿਰ ਕਰਿ ਗੋਰਾ ਚਲਵਾਵੈ ॥ ੨੧ ॥ ਅੰਤਰ ਲਗਹਿ ਜਾਇ ਕਰਿ ਜਬੈ। ਡਰ ਧਰਿ ਨਿਕਸ ਜਾਹਿਂ ਰਿਪੁ ਸਬੈ'। ਸੁਨਿ ਸਤਿਗੁਰ ਆਛੀ ਬਿਧਿ ਮਾਨੀ। 'ਤੋਪ ਚਢ਼ਾਵਹੁ'ਸਭਿਨਿ ਬਖਾਨੀ ॥੨੨॥ ਤਬਹਿ ਖਾਲਸਾ ਮਿਲਿ ਕਰਿ ਚਾਲਾ। ਲਈ ਤੋਪ ਚਢ਼ਿ ਗਿਰ ਤਤਕਾਲਾ॥ਥੈਲੀ ਡਾਰਿ ਕਸਯੋ ਜਬਿ ਗੋਰਾ। ਬਾਂਧੀ ਸ਼ਿਸਤ ਪੌਰ ਕੀ ਓਰਾ ॥ ੨੩ ॥ ਪਾਇ ਬਰੂਦ ਅਗਨ ਤਬਿ ਲਾਈ। ਧੁਖ੍ਯੋ ਪਲੀਤਾ ਬਡ ਗਰਜਾਈ। ਮਨਹੁੰ ਗਾਜ ਗਿਰਿ[1] ਕਰੀ ਅਵਾਜ਼। ਸੁਨਿ ਰਿਪੁ ਕੋ ਧੀਰਜ ਉਰ ਭਾਜਿ ॥੨੪॥ ਗੋਰਾ ਲਗਯੋ ਪੌਰ ਮਹਿਂ ਜਾਈ। ਪੁਨ ਕਸ ਕਰਿ ਤਤਕਾਲ ਚਲਾਈ। ਇਸੀ ਰੀਤ ਗੋਰੇ ਦ੍ਵੈ ਚਾਰੇ। ਪੌਰ ਬਿਖੈ ਕੇ ਬਿਰੁ ਭਟ ਮਾਰੇ[2] ॥੨੫॥ ਮ੍ਰਿਤਕ ਦੇਖਿ ਕਰਿ ਉਪਜ੍ਯੋ ਤ੍ਰਾਸਾ। ਲਖ੍ਯੋ ਕਿ–ਸਭਿ ਕੋ ਹੋਇ ਬਿਨਾਸਾ–।ਹੇਲਾ ਘਾਲਨਿ ਤੇ ਹਤਿ ਧੀਰ[3]। ਊਪਰ ਚਢ਼ੇ ਭ੍ਰਮਾਯੋ ਚੀਰ ॥ ੨੬ ॥ ਪਾਧੜੀ ਛੰਦ ॥ 'ਰਖ ਲੇਹੁ ਗੁਰੂ ਦਿਹੁ ਜੀਵ ਦਾਨ। ਹਮ ਨਿਕਸਿ ਜਾਇਂ ਜੇ ਬਚਹਿ ਪ੍ਰਾਨ'। ਇਮ ਸੁਨੀ ਖਾਲਸੇ ਅਰਜ਼ ਦੀਨ। ਲੀਨੇ ਨਿਕਾਸ ਪੁਨ ਜਾਨਿ ਦੀਨ ॥ ੨੭ ॥ ਗਢ਼ ਨਗਰ ਮਾਰਿ ਫਿਰ ਦੁਰਗ ਛੀਨ।ਗਨ ਸੌਜ ਅਨਿਕ ਸਭਿ ਲੂਟ ਲੀਨ।ਇਕਸਿੰਘ ਗੁਰੂ ਢਿਗ ਜਾਇ ਧਾਇ। ਸਭਿ ਕਹੀ ਖਬਰ ਜਿਮ ਜੀਤਿ ਪਾਇ ॥ ੨੮ ॥ ਪ੍ਰਭੁ ਪਿਖਹਿਂ ਦੁਰਗ ਪਰਖਾ[4] ਬਿਸਾਲ। ਬਿਚ ਕੂਪ ਲਰਨ ਕੀ ਸੌਜ ਜਾਲ। ਬਹੁ ਅੰਨ ਘ੍ਰਿੱਤ ਮਿਸ਼ਟਾਨ ਚੀਰ। ਸਭਿ ਗਏ ਤਯਾਗ ਡਰ ਧਾਰਿ ਭੀਰੁ ॥ ੨੯ ॥ ਸੁਨਿ ਦਯਾ ਸਿੰਧ ਸੈਂਧਵ[5] ਮੰਗਾਇ। ਹੁਇ ਕਰਿ ਅਰੋਹ ਤਿਤ ਦਿਸ਼ਿ ਚਲਾਇ[6]। ਇਕ ਧਰਮ ਸਿੰਘ ਬਰ ਬੀਰ ਸੰਗ।ਤਜਿ ਸਿਵਰ ਚਲੇ ਜਿਤ ਦੁਰਗ ਭੰਗ[7] ॥ ੩੦ ॥ ਕੇਤੀਕ ਦੂਰ ਜਬਿ ਕਿਯ ਪਯਾਨ। ਨਗਰੀ ਬਘੌਰ ਭੂਪਤਿ ਮਹਾਨ। ਸੋ ਹੁਤੋ ਵਹਿਰ ਸੁਧ ਸੁਨਤਿ ਆਇ। ਡੇਰਾ ਨਿਹਾਰ ਉਰ ਮੈਂ ਰਿਸਾਇ॥੩੧॥ਤਬਿਪਰਨੋਧਾਇ ਤਜਿ ਸਰ ਤੁਰੰਗ॥

[1]ਮਾਨੋਂ ਬਿਜਲੀ ਨੇ ਡਿੱਗਕੇ। [2]ਦਰਵਾਜ਼ੇ ਵਿੱਚ ਦੇ ਸੂਰਮਿਆਂ ਵੱਲ ਮਾਰੇ। [3]ਧੀਰਜ ਦੂਰ ਹੋਇਆ। [4]ਖਾਈ। [5]ਘੋੜਾ। [6]ਚਲੇ। [7]ਜਿੱਥੇ ਕਿਲਾ ਤੋੜਿਆ ਸੀ।

ਕੁਛ ਹੁਤੇ ਸਿੰਘ ਤਿਨ ਕੀਨਿ ਜੰਗ।ਦੁਇ ਦਿਸ਼ਿਨਿ ਬਕਾਰਾ ਮਾਰਿ ਮਾਰਿ। ਮਰਿ ਗਏ ਕਿਤਿਕ ਗਿਰਿ ਗੇ ਸੁਮਾਰਿ[1]॥੩੨॥ਬਡ ਪਰਯੋ ਰੌਰ ਗੁਰ ਸੁਨਤਿ ਕਾਨ। ਹਟਿ ਪਰੇ ਤੁਰਤ ਬਨਿ ਸਾਵਧਾਨ। ਇਕ ਧਰਮ ਸਿੰਘ ਭਟ ਸੰਗ ਜਾਇ। ਦੇਖਯੋ ਲਰੰਤਿ ਬਾਘੌਰ ਰਾਇ ॥ ੩੩ ॥ ਉਤ ਹੁਤੇ ਰਾਵ ਅਸਵਾਰ ਦੋਇ।ਇਤ ਗੁਰੂ ਧਰਮ ਸਿੰਘ ਸੰਗ ਜੋਇ।ਪੈਦਲ ਸਮੂਹ ਦੋਨਹੁੰ ਦਿਸ਼ਾਨ। ਛੂਟਹਿੰ ਤੁਫੰਗ ਤੀਖਨ ਸੁ ਬਾਨ ॥ ੩੪ ॥ ਸਤਿਗੁਰੂ ਕਹਯੋ 'ਸੁਨਿ ਧਰਮ ਸਿੰਘ। ਰਣ ਜਾਹੁ ਅੱਗ੍ਰ ਬਨਿ ਰੂਪ ਸਿੰਘ। ਉਤ ਦੋਇ'ਇਤੈ ਹਮ ਦੋਇ ਜਾਨਿ। ਇਕ ਸੰਗ ਏਕ ਭਿਰਿ ਹੈ ਮਹਾਨ' ॥ ੩੫ ॥ ਸੁਨਿ ਧਰਮ ਸਿੰਘ ਹਯ ਕੋ ਧਵਾਇ। ਰਣ ਸਮੁਖ ਗਯੋ ਰਿਪੁ ਹਤਨਿ ਚਾਇ। ਊਚੇ ਪੁਕਾਰ ਲੀਨੋ ਹਕਾਰ। 'ਇਤ ਆਉ ਆਪਨੋ ਕਰਹੁ ਵਾਰ ॥ ੩੬ ॥ ਮੈਂ ਹਤੌਂ ਕਿਧੌਂ ਅਬਿ ਲਿਹੁ ਸੰਭਾਰ'।ਸੁਨਿ ਭਯੋ ਸਮੁਖ ਸਰ ਕੋ ਨਿਕਾਰਿ। ਧਰਿ ਧਨੁਖ ਬਿਖੈ ਐਂਚਯੋ ਸਜੋਰ। ਖਰ ਹੁਤੋ ਘੋਰ ਦੀਨੋ ਸੁ ਛੋਰਿ ॥੩੭ ॥ ਪਿਖਿ ਧਰਮ ਸਿੰਘ ਹਯ ਕੋ ਚਲਾਇ।ਖਰ ਤੀਰ ਸਮੁਖ ਤੇ ਤਨ ਬਚਾਇ। ਅਪਨੋ ਖਤੰਗ ਲੀਨੋ ਨਿਕਾਰ। ਬਿਚ ਪਨਚ ਫੋਕ[2] ਧਰਿਕੈ ਸੁਧਾਰ॥੩੮। ਐਂਚਤਿ ਸ਼ਿਤਾਬ ਰਿਪੁ ਕੋ ਪ੍ਰਹਾਰ। ਲਗਿ ਗਯੋ ਰਿਦੇ ਪ੍ਰਵਿਸ਼ਯੋ ਮਝਾਰ। ਹਯ ਤਰੇ ਗਿਰਯੋ ਖਪਰਾ ਲਗੰਤਿ। ਛਿਨ ਬਿਖੈ ਪਰਯੋ ਛਿਤ ਪ੍ਰਾਨ ਹੰਤਿ॥ ੩੯॥ਪਿਖਿ ਭੂਪ ਕੋਪ ਕੈ ਆਇ ਧਾਇ। ਗੁਰ ਸਮੁਖ ਬਾਨ ਪੈਨੋ[3]ਚਲਾਇ। ਘੋਰਾ ਫੰਧਾਇ ਇਤ ਉਤ ਫਿਰੰਤਿ। ਨਿਜ ਭਟਨ ਪ੍ਰੇਰ ਜੈ ਕੋ ਚਹੰਤਿ ॥ ੪੦॥ ਸਿਰਮੌਰ ਭਟਨ ਕੋ[4] ਧਨੁ ਸੰਭਾਰ। ਤਤਕਾਲ ਤੀਰ ਭਾਥਾ ਨਿਕਾਰ। ਕਰਿ ਐਂਚ ਕਾਨ ਲਗਿ ਛੋਰਿ ਦੀਨਿ। ਹਤਿ ਭਾਲ ਬਿਖੈ ਸੋ[5] ਮਾਰਿ ਲੀਨਿ ॥ ੪੧ ॥ ਜਬਿ ਦੁਹਨ ਪ੍ਰਾਨ ਤਯਾਗੇ ਨਿਹਾਰ। ਸਭਿ ਭਜੀ ਚਮੂੰ ਨਹਿ ਧੀਰ ਧਾਰਿ। ਭਾਜੇ ਬਿਲੋਕਿ ਬਰਜੈਂ ਕ੍ਰਿਪਾਲ। 'ਇਨ ਹਤਹੁ ਨਾਂਹਿ ਤਜਿ ਜੰਗ ਸ਼ਾਲ[6]' ॥੪੨॥ ਲੀਨੇ ਹਟਾਇ ਗੁਰ ।ਸੰਘ ਜਾਲ।ਸਭਿ ਸਿਵਰ ਬਿਖੈ ਕਰਿਕੈ ਸੰਭਾਲ।ਬਾਘੌਰ ਨਾਥ ਮਗ ਜੁੱਧ[7] ਮਾਰਿ। ਪੁਰਿ ਲੂਟ ਲੀਨਿ ਗੜ੍ਹ ਦੁਰਗ ਦਾਰ ॥ ੪੩ ॥ ਇਮ ਬਿਜੈ ਕੀਨਿ ਤਿਸ ਦੇਸ਼ ਬੀਚ। ਜਸੁ

[1]ਜ਼ਖਮੀ ਹੋਕੇ। [2]ਬਾਗੜ। [3]ਤਿੱਖੇ। [4]ਭਾਵ ਸ੍ਰੀ ਗੁਰੂ ਜੀ ਨੇ। [5]ਭਾਵ ਰਾਜਾ। [6]ਇਹ ਜੰਗ ਭੂਮੀ ਛੱਡ ਟੁਰੇ ਹਨ ਹੁਣ ਇਹਨਾਂ ਨੂੰ ਨਾ ਮਾਰੋ। [7]ਰਾਹ ਦੇ ਜੁੱਧ ਵਿਚ।

ਕਰਤਿ ਸਕਲ ਨਰ ਊਚ ਨੀਚ। ਕਰਿ ਦਯੋ ਕੂਚ ਡੇਰਾ ਕ੍ਰਿਪਾਲ। ਨਿਜ ਸੁਭਟ ਸਭਿਨਿ ਕੀ ਕਰਿ ਸੰਭਾਲ*॥੪੪॥ ਗੁਰ ਕਹੀ ਖਾਲਸੇ ਸਨ ਸੁਨਾਇ। 'ਅਬਿ ਰਣ ਸੁਲਤਾਨੀ ਕੋ ਕਰਾਇਂ[1]। ਕਰਿ ਹਾਰ ਜੀਤ ਸਗਰੋ ਨਿਹਾਰ। ਮਰਿ ਰਹੈਂ ਤੁਰਕ ਦੁਇ ਦਿਸ਼ਿ ਜੁਝਾਰ॥ ੪੫ ॥ ਕਰਤਾਰ ਦੇਹਿ[2] ਸੋ ਤਖਤ ਪਾਇ। ਬਾਦੀ ਦਿਲੇਸ਼ ਜੀਵਨ ਬਿਹਾਇ[3]'। ਸੁਨਿ ਭਨੈ ਸਿੰਘ 'ਬਡ ਪੁੱਤ੍ਰ ਲੀਨਿ[4]। ਤਿਸ ਤੇ ਸਾਕਹਿ ਅਬਿ ਕੌਨ ਛੀਨ ॥੪੬॥ ਸਮਰੱਥ ਆਪ ਹੋ ਜਗਤ ਨਾਥ। ਅਨਗਨਤ ਬਾਹਨੀ ਜਾਂਹਿ ਸਾਥ[5]'। ਗੁਰ ਕਹੈਂ 'ਪ੍ਰਭੁ

[1]ਬਾਦਸ਼ਾਹੀਆਂ ਦਾ ਜੁੱਧ ਕਰਾਵਾਂਗੇ। [2](ਜਿਸ ਨੂੰ) ਕਰਤਾਰ ਦੇਵੇਗਾ। [3]ਲੜਾਕੇ ਦਿੱਲੀਪਤ ਭਾਵ ਨੁਰੰਗੇ ਨੇ ਜੀਵਨ ਤਯਾਗਿਆ ਹੈ ਭਾਵ ਮਰ ਗਿਆ ਹੈ। [4]ਆਜ਼ਮ ਤੋਂ ਮੁਰਾਦ ਹੈ ਜਿਸ ਨੂੰ ਤਾਰਾ ਆਜ਼ਮ ਬੀ ਲਿਖਿਆ ਹੈ ਭਾਵ ਬਲੀ ਪੁੱਤ੍ਰ ਤੋਂ ਹੈ। ਇਹ ਤਾਰਾ ਆਜ਼ਮ ਵਡਾ ਪੁੱਤ੍ਰ ਨਹੀਂ ਸੀ। ਔਰੰਗਜ਼ੇਬ ਦੇ ਪੰਜ ਪੁੱਤ੍ਰ ਸਨ–ਮੁਹੰਮਦ ਸੁਲਤਾਨ, ਮੁਹੰਮਦ ਮੁਅੱਜ਼ਮ, ਜੋ ਪਿੱਛੋਂ ਬਹਾਦਰ ਸ਼ਾਹ ਸਦਵਾਇਆ, ਆਜ਼ਮ ਸ਼ਾਹ, ਮੁਹੰਮਦ ਅਕਬਰ ਤੇ ਕਾਮਬਖਸ਼। ਔਰੰਗਜ਼ੇਬ ਦੇ ਮਰਨ ਵੇਲੇ ਪਹਿਲਾ ਤੇ ਚੌਥਾ ਪੁੱਤ੍ਰ ਮਰ ਚੁਕੇ ਸੇ। ਤ੍ਰੈ ਜੀਉਂਦਿਆਂ ਵਿਚੋਂ ਮੁਹੰਮਦ ਮੁਅੱਜ਼ਮ (ਅਰਥਾਤ ਬਹਾਦਰ ਸ਼ਾਹ) ਸਭ ਤੋਂ ਵੱਡਾ ਸੀ, ਇਸ ਕਰਕੇ ਤਖਤ ਦਾ ਹੱਕਦਾਰ ਉਹ ਸੀ। [5]ਜਿਸ (ਤਾਰਾ ਆਜ਼ਮ) ਦੇ ਨਾਲ ਹੈ।

*ਇਹ ਜੰਗ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ। ਇਸ ਜੰਗ ਦਾ ਹਾਲ ਤਵਾ: ਖਾਲਸਾ ਵਿਚ ਇਉਂ ਦਿੱਤਾ ਹੈ ਕਿ ਬਘੌਰ ਦਾ ਰਾਜਾ ਤਾਂ ਗੁਰੂ ਜੀ ਦਾ ਪ੍ਰੇਮੀ ਹੋ ਗਿਆ ਸੀ, ਅਰ ਗੁਰੂ ਜੀ ਤੇ ਉਹ ਇਕੱਠੇ ਸੈਰ ਨੂੰ ਜਾਂਦੇ ਹੁੰਦੇ ਸਨ, ਇਸ ਰਾਜੇ ਦਾ ਨਾਉਂ ਸ਼ਿਵ ਪ੍ਰਤਾਪ ਸੀ ਤੇ ਇਹ ਪੰਜਾਹ ਹਜ਼ਾਰ ਦਾ ਜਾਗੀਰਦਾਰ ਰਾਣਾ ਸੀ। ਇਸ ਨੇ ਗੁਰੂ ਜੀ ਨੂੰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ। ਇਹ ਸਤਿਸੰਗ ਲਾਭ ਭੀ ਲੈਂਦਾ ਸੀ ਤੇ ਗੁਰੂ ਜੀ ਦੀ ਅਨੋਖੀ ਤੀਰੰਦਾਜ਼ੀ ਬੀ ਸਿੱਖਦਾ ਸੀ। ਬਘੌਰ ਤੋਂ ਤ੍ਰੈ ਕੁ ਮੀਲ ਤੇ ਇਸ ਦਾ ਇਕ ਸ਼ਰੀਕ ਭਾਈ ਹੋਰ ਰਾਣਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਦੇ ਊਠ ਚਰਦੇ ਚਰਦੇ ਉਸ ਦੇ ਬਾਗ ਚਲੇ ਗਏ ਤਾਂ ਰਾਖਿਆਂ ਨੇ ਸਾਰਬਾਨਾਂ ਨੂੰ ਮਾਰਿਆ ਤੇ ਊਠ ਖੋਹਕੇ ਲੈ ਚੱਲੇ। ਤਦ ਪੰਦਰਾਂ ਸਿੰਘਾਂ ਨੇ ਜਾਕੇ ਜੰਗ ਕਰਕੇ ਆਪਣੇ ਊਠ ਤੇ ਆਦਮੀ ਛੁਡਾਏ ਤਾਂ ਉਥੋਂ ਦੀ ਪ੍ਰਜਾ ਤੇ ਉਸ ਰਾਜੇ ਦੇ ਸਿਪਾਹੀ ਇਹਨਾਂ ਸਿੰਘਾਂ ਪਰ ਆ ਪਏ। ਰਾਣੇ ਦੀ ਫੌਜ ਹਾਰਕੇ ਕਿਲੇ ਵਿਚ ਜਾ ਵੜੀ। ਅਗਲੇ ਦਿਨ ਸਿੰਘਾਂ ਨੇ ਇਕ ਟਿੱਬੇ ਤੇ ਤੋਪ ਚਾੜ੍ਹਕੇ ਕਿਲੇ ਤੇ ਚਲਾਈ। ਥੋੜੀ ਦੇਰ ਮਗਰੋਂ ਕਿਲੇ ਵਾਲਿਆਂ ਨੇ ਸ਼ਰਨ ਮੰਨ ਲਈ। ਗੁਰੂ ਜੀ ਨੇ ਮੁਹਾਸਰਾ ਛੱਡਕੇ ਮੁੜ ਆਉਣੇ ਦੀ ਆਗਿਆ ਦੇ ਦਿੱਤੀ। ਠੀਕ ਇਸ ਵੇਲੇ ਉਹ ਰਾਣਾ ਬਾਹਰੋਂ ਆ ਗਿਆ ਤੇ ਉਸ ਨੇ ਮੁੜਕੇ ਲੜਾਈ ਆਰੰਭ ਦਿੱਤੀ। ਜੰਗ ਵਿਚ ਰਾਣਾ ਮਾਰਿਆ ਗਿਆ ਤੇ ਫੌਜ ਨੂੰ ਭਾਂਜ ਹੋਈ। ਸ਼ਿਵ ਪ੍ਰਤਾਪ ਨੇ ਇਹ ਸੂਰਬੀਰਤਾ ਦੇਖਕੇ ਗੁਰੂ ਜੀ ਨੂੰ ਹੋਰ ਕੁਛ ਦਿਨਾਂ ਲਈ ਆਪਣੇ ਪਾਸ ਟਿਕਾ ਲਿਆ।

ਕੋ ਮਹਿਦ ਖੇਲ। ਪਿਖਿ ਲੋਕਿ ਸਕਲ ਨ ਹਿ ਸਕਹਿ ਪੇਲ' ॥੪੮॥ ਇਮ ਕਰਤਿ ਬਾਤ ਗੇ ਕਿਤਿਕ ਕੋਸ। ਕਿਯ ਸਿਵਰ ਬਿਲੋਕੇ ਥਲ ਅਦੋਸ਼[1]। ਗੁਰ ਕੇਰ ਬੀਰ ਰਿਪੁ ਮ੍ਰਿਗਨਿ ਸਿੰਘ[2]। ਕਰਿ ਨਮੋ ਸਭਿਨਿ ਸੰਤੋਖ ਸਿੰਘ ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਘੌਰ ਜੰਗ' ਪ੍ਰਸੰਗ ਬਰਨਨੰ ਨਾਮ ਉਨਤਾਲੀਸਮੋ ਅੰਸੂ ॥੩੯॥

## ੪੦. [ਬਹਾਦਰ ਸ਼ਾਹ ਨਾਲ ਮੇਲ]।

ਦੋਹਰਾ ॥ ਬਲਖ ਬੁਖਾਰੇ ਕੀ ਦਿਸ਼ਾ ਹੁਤੋ ਬਹਾਦਰ ਸ਼ਾਹੁ। ਤਿਤ ਕੋ ਸੁਨਿ ਬੀਮਾਰ ਬਹੁ ਹਟਯੋ ਤੁਰਤ ਮਗ ਮਾਂਹੁ ॥ ੧ ॥ ਚੌਪਈ ॥ ਕਰਤਿ ਕੂਚ ਦਰ ਕੂਚ ਪਧਾਰਾ।ਸ਼ੀਘ੍ਰ ਆਨਿ ਇਸ ਦੇਸ਼ ਮਝਾਰਾ।—ਪਿਤ ਹਤਿ[3] ਭ੍ਰਾਤਾ ਸਲਤਨ ਲੀਨ—। ਸੁਨਤਿ ਸ਼ੋਨ ਭਾ ਮਨ ਅਤਿ ਦੀਨ।੨॥ 'ਅਬਿ ਮੋ ਤੇ ਕਯਾ ਹੁਇ ਉਪਚਾਰਾ। ਕਿਸ ਪ੍ਰਕਾਰ ਹਇ ਪ੍ਰਾਨ ਉਬਾਰਾ। ਗਹੈ ਭ੍ਰਾਤ ਦੇਹੈ ਮਰਵਾਇ[4]। ਕੋ ਨ ਬਲੀ ਤਬਿ ਸਕੈ ਬਚਾਇ ॥੩॥ ਬਾਇਸਲਾਖ ਚਮੂੰ ਜਿਹ ਸੰਗ। ਨਹਿੰ ਬਨਿ ਆਇ ਸਮੁਖ ਤਿਹ ਜੰਗ'। ਅਪਨੇ ਹਿਤੂ ਬੁਲਾਇ ਬਿਠਾਏ। ਸਭਿ ਕੋ ਅਪਨਿ ਬ੍ਰਿਤੰਤ ਸੁਨਾਏ ॥੪॥ 'ਮੋ ਕੌ ਕਰਤਬ ਕਯਾ ਅਬਿ ਅਹੈ। ਜਿਸ ਤੇ ਜਿਯਤ ਪ੍ਰਾਨ ਬਚ ਰਹੈਂ। ਚਲੈਂ ਭਾਜ ਕੈ ਦਿਢ ਕਿਤ ਹੋਇ। ਬਲੀ ਸਹਾਯਕ ਬਨਿ ਹੈ ਕੋਇ॥੫॥ ਪੀਰ ਫਕੀਰ ਔਲੀਆ ਮਹਾਂ। ਖੋਜਹੁ ਜੋ ਪ੍ਰਾਪਤ ਹੁਇ ਕਹਾਂ। ਜਿਮ ਸੋ ਕਹੈ ਕਰੈਂ ਸੋ ਕਾਜਾ। ਜਹਿਂ ਕਹਿਂ ਕਰਹੁ ਪਠਨ ਨਰ ਆਜਾ' ॥੬॥ ਸਭਿ ਮਹਿਂ ਨੰਦਲਾਲ ਤਬਿ ਕਹਯੋ। 'ਏਕ ਗੁਰੂ ਸਾਹਿਬ ਅਸ ਲਹਯੋ। ਤਿਨ ਸਮ ਪ੍ਰਾਪਤਿ ਕਹੂੰ ਨ ਕੋਇ। ਸਕਲ ਜਗਤ ਫਿਰਿ ਖੋਜਹੁ ਜੋਇ ॥ ੭ ॥ ਤੁਮ ਭੀ ਜਾਨਤਿ ਹੋ ਭਲਿ ਭਾਂਤੀ। ਬਿਦਤ ਸਭਿਨਿ ਮਾਹਿਂ ਜਿਨ ਕਰਮਾਤੀ। ਕ੍ਰਿਪਾ ਕਰਹਿਂ ਜੇ ਬਨਹਿਂ ਸਹਾਇ। ਤੌ ਜਗ ਕੀ ਸਲਤਨ ਲਿਹੁ ਪਾਇ' ॥ ੮ ॥ ਸੁਨਤਿ ਬਹਾਦਰਸ਼ਾਹ ਅਨੰਦ। ਕਹਯੋ 'ਕਿ ਨਿਸ਼ਚੈ ਸੋ ਜਗ ਬੰਦ[5]। ਸੁਨਿ ਮੁਨਸ਼ੀ ਤੁਝ ਬਿਨ ਕੋ ਜਾਇ। ਜਾਇ ਤ ਕੋ ਨਾਹਿਂ ਸਕਹਿ ਰਿਝਾਇ ॥ ੯ ॥ ਤੁਝ ਪਰ ਕ੍ਰਿਪਾ ਕਰਹਿਂ ਬਹੁਤੇਰੀ। ਹਾਕਮ ਰਾਇ ਸੰਗ ਹੁਇ ਤੇਰੀ। ਜਹਿਂ ਸਤਿਗੁਰੂ, ਪਹੁੰਚਿ ਬਿਨ ਦੇਰ। ਕਰਿ ਕਾਰਜ ਸਿਧ ਆਵਹੁ ਫੇਰ' ॥ ੧੦ ॥ ਇੱਤਯਾਦਿਕ ਕਹਿ ਸੁਨਿ ਕਰਿ ਤਯਾਰੀ। ਕਿਸ ਤੇ ਸੁਨੀ ਗੁਰੂ ਸੁਧ ਸਾਰੀ। 'ਰਜਪੂਤਨ ਕੇ ਦੇਸ਼ ਮਝਾਰਾ। ਬਿਚਰਤਿ ਉਤ ਕੋ ਗਏ ਉਦਾਰਾ' ॥ ੧੧ ॥ ਹਾਕਮਰਾਇ

[1]ਥਾਵ ਸੁਹਣੇ ਥਾਂ। [2]ਮ੍ਰਿਗਾਂ ਨੂੰ ਸ਼ੇਰ ਰੂਪ। [3]ਪਿਉ ਮਰ ਗਿਆ ਤੇ…। [4]ਮੇਰਾ ਭਿਰਾ ਫੜਾਕੇ ਮੈਨੂੰ ਮਰਵਾ ਦੇਵੇਗਾ। [5]ਨਿਸਚੇ ਉਹ ਜਗਤ ਦੇ ਬੰਦਨਾ ਜੋਗ ਹਨ।

ਸੰਗ ਨਿਜ ਲੀਨਾ। ਨੰਦਲਾਲ ਗਮਨਨੌਂ ਚਿਤ ਚੀਨਾ। ਮਾਰਿ ਬਘੌਰ ਸਿਵਰ ਕਿਯ ਜਹਾਂ।ਪਹੁੰਚੇ ਤੂਰਨ ਕਰਤੇ ਤਹਾਂ॥੧੨॥ ਬੈਠੇ ਸ੍ਰੀ ਪ੍ਰਭੁ ਬੀਚ ਦਿਵਾਨ। ਭੇਟ ਅਨੇਕ ਲਏ ਮਿਲਿ ਆਨਿ। ਚਰਨ ਕਮਲ ਪਰ ਸੀਸ ਟਿਕਾਇ। ਪੁਨ ਸਭਿ ਬਿਨਤੀ ਦੀਨਿ ਸੁਨਾਇ॥ ੧੩ ॥ 'ਸ਼ਾਹੁ ਬਹਾਦਰ ਦਾਸ ਤੁਮਾਰਾ। ਪਰਯੋ ਸ਼ਰਨ ਕਰ ਜੋਰਿ ਉਚਾਰਾ। ਕ੍ਰਿਪਾ ਕਰਹੁ ਅਬਿ ਬਨਹੁ ਸਹਾਇ। ਰਿਪੁ ਭ੍ਰਾਤਾ ਤੇ ਲੇਹੁ ਬਚਾਇ'॥ ੧੪ ॥ ਇੱਤਯਾਦਿਕ ਬਿਨਤੀ ਸੁਨਿ ਕਰਿਕੈ। ਸਹਿਜ ਸੁਭਾਇਕ ਬਾਕ ਉਚਰਿਕੈ। ਹਮ ਸਲ-ਤਨ ਜਗ ਕੀ ਦੇਂ ਤਾਂਹਿ*।ਇਕ ਸੁਆਲ ਮਾਨਹਿ ਮਨਮਾਂਹਿ[1]॥੧੫॥ਨਿਜ ਪਿਤ ਕੇ ਸਮ ਹੋਇ ਨ ਕੂਰਾ।ਤੌਕਾਰਜ ਇਸਕੋ ਹੁਇ ਪੂਰਾ'। ਸੁਨਿਕੈ ਨੰਦ ਲਾਲ ਹਰਖਾਯੋ। 'ਧੰਨ ਗੁਰੂ' ਕਹਿ ਸੀਸ ਨਿਵਾਯੋ॥ ੧੬॥ 'ਕਹਯੋ ਆਪ ਕੋ ਮੈਂ ਸਭਿ ਕਹੌਂ। ਮਾਨਹਿਂ ਸੁਾਲ, ਭਲੇ ਮੈਂ ਲਹੌਂ[2]। ਅਬਿ ਤੌ ਜੀਵਨ ਕੀ ਨਹਿਂ ਆਸਾ। ਜਾਉਂ ਸ਼ੀਘ੍ਰ ਭਾਖੌਂ ਤਿਸ ਪਾਸਾ'॥੧੭॥ਪ੍ਰਭੁ ਤੇ ਰੁਖਸਦ ਹੁਇ ਕਰਿ ਧਾਇ। ਮਿਲੇ ਆਨਿ ਕਰਿ ਸਕਲ ਸੁਨਾਇ। 'ਇਸ ਬਿਧਿ ਭਯੋ ਬਾਕ ਲੇ ਮਾਨ।ਲਿਖਿ ਦੀਜੈ ਅਪਨੇ ਅਬਿ ਪਾਨ[3]॥੧੮॥ ਇਕ ਸੁਆਲ ਗੁਰ ਕਹੈਂ ਸੁ ਲੇਹਿ।ਜਗ ਕੀ ਸਲਤਨ ਤੁਝਕੋ ਦੇਹਿਂ'। ਮੁਰਸ਼ਿਦ ਏਕ ਬਹਾਦਰਸ਼ਾਹੂ। ਸੋ ਬੂਝਤਿ ਭਾ ਸਭਿਕੇ ਮਾਹੂੰ॥੧੯॥'ਗੁਰ ਕੇ ਸੰਗ ਸੈਨਕਹੁ ਕੇਤੀ?ਕਿਮ ਲੈ ਦੇਹਿਂ[4] ? ਕਹੋ ਬਿਧਿ ਤੇਤੀ'। ਨੰਦਲਾਲ ਨੇ ਕਹਿ ਸਮੁਝਾਯੋ। 'ਬਡ ਦਲ ਜਾਨਿ, ਜੁ ਬਾਕ ਅਲਾਯੋ॥੨੦॥ਗੁਰ ਸਮਰੱਥ ਚਹੈਂ ਸੋ ਕਰੈਂ। ਭਰੇ ਰਿਤਾਵੈਂ ਰੀਤੇ ਭਰੈਂ[5]। ਨਹਿਂ ਸੰਸੈ ਕਰੀਅਹਿ ਚਿਤ ਕੋਇ। ਜਿਮ ਪ੍ਰਭੁ ਕਹੈ ਕਾਜ ਸੋ ਹੋਇ॥੨੧॥ ਜੇ ਤਿਨ ਕੋ ਕਹਿਬੋ ਤੁਮ ਮਾਨੋਂ। ਸਗਰੇ ਸੰਕਟ ਛਿਨ ਮਹਿਂ ਹਾਨੋਂ। ਦੂਰੀ ਨਹੀਂ ਜਗ ਬਿਦਤਿ ਬਡਾਈ। ਪੂਜਹਿਂ ਸਭਿ ਸ੍ਰੀ ਨਾਨਕ ਬਾਂਈ'॥੨੨॥ਕਹੈ ਬਹਾਦਰਸ਼ਾਹੁ'ਸੁਨੀਜੈ। ਅਬਿਕੇ ਗਮਨੋ ਨਿਰਨੈ ਕੀਜੈ। ਇਕ ਸੁਆਲ ਮਾਨਹਿਂ[6] ਜਿਮ ਕਹੈਂ।ਕਿਮ ਸਲਤਨ ਪ੍ਰਾਪਤਿ ਹਮ ਲਹੈਂ? ॥੨੩॥ ਸਗਰੋ ਭੇਤ ਬੂਝ ਕਰਿ ਲਯਾਉ। ਕੌਨ ਕਾਜ ਕੋ ਕਰਹਿਂ ਬਨਾਉ'। ਇਮ ਸੁਨਿ ਨੰਦਲਾਲ ਭਾ ਤਯਾਰ। ਚਢਿ ਮਗ ਚਲਯੋ ਸ਼ੀਘ੍ਰਤਾ ਧਾਰਿ॥

---

[1]ਭਾਵ ਇਕ ਗੱਲ ਪੂਰੀ ਕਰਨੀ ਮੰਨ ਲਵੇ। [2]ਭਲੀ ਤਰ੍ਹਾਂ ਮੈਂ ਜਾਣਦਾ ਹਾਂ। [3]ਹੱਥੀਂ। [4](ਰਾਜ) ਕਿਵੇਂ ਲੈ ਦੇਣਗੇ। [5]ਸੱਖਣੇ ਭਰਦੇ ਹਨ ਤੇ ਭਰੇ ਸੱਖਣੇ ਕਰ ਦੇਂਦੇ ਹਨ। [6]ਅਸੀਂ ਮੰਨਾਂਗੇ।

*ਰਾਜ ਦੇਣ ਦਾ ਕਾਰਨ ਅੱਗੇ ਅੰਕ ੨੯, ੩੦ ਵਿਚ ਦੱਸਿਆ ਹੈ।

੨੪ ॥ ਸ੍ਰੀ ਗੁਰ ਪਾਸ ਆਨਿ ਕਰਿ ਮਿਲੇ। ਚਰਨ ਕਮਲ ਪਰ ਸਿਰ ਧਰਿ ਭਲੇ। ਬੈਠੇ ਸਨਮੁਖਿ ਸਕਲ ਸੁਨਾਈ। 'ਜਸਾ ਕਰਤੱਬ ਸ਼ਾਹੁ ਬਨਿ ਆਈ ॥ ੨੫ ॥ ਜਿਮ ਫੁਰਮਾਵਹੁ ਮਾਨਹਿ ਸੋਇ। ਲਰਿਬੇ ਕੀ ਜਿਹ ਸ਼ਕਤਿ ਨ ਕੋਇ'। ਕ੍ਰਿਪਾ ਸਿੰਧੁ ਸੁਨਿ ਤਬਹਿ ਬਖਾਨਾ। 'ਧਰਿ ਧੀਰਜ ਬਨੀਯਹਿ ਸਵਧਾਨਾ ॥ ੨੬ ॥ ਬਨਹਿਂ ਨ ਦੇਸ਼ ਤਯਾਗ ਕਰਿ ਭਾਜਨ। ਭਾਜੇ ਤੇ ਪ੍ਰਾਪਤਿ ਹੁਇ ਰਾਜ ਨ। ਜੇ ਤਿਹ ਮਿਲਹਿ ਨ ਆਛੀ ਬਾਤ[1]। ਸਮੁਝਿ ਲੇਹੁ ਨਿਜ ਪਿਤ ਕੀ ਭਾਂਤਿ ॥ ੨੭ ॥ ਪਿਤਾ ਭ੍ਰਾਤ ਸਭਿ ਕੀ ਕਰਿ ਹਾਨਿ। ਕਰਿ ਕੈ ਜੋਰ ਭਯੋ ਸੁਲਤਾਨ। ਤ੍ਰਿਤੀਆ ਬਾਤ ਲਰਨ ਕੀ ਅਹੈ। ਯਾਂਤੇ ਸਲਤਨ ਕੋ ਇਹ ਲਹੈ ॥ ੨੮ ॥ ਇਨ ਘਰ ਕੀ ਪਤਿਸ਼ਾਹਤਿ ਸਾਰੀ। ਨਾਸ਼ ਕਰੀ ਹਮ ਲਖਿ ਦੁਰਚਾਰੀ। ਸ਼ਰਨ ਪਰਯੋ ਅਰੁ ਬਿਨੈ ਬਖਾਨੀ। ਯਾਂਤੇ ਦੈਨਿ ਇਸੇ ਕੋ ਮਾਨੀ ॥ ੨੯ ॥ ਕਾਰਨ ਘਨੇ ਜਾਨਿ ਕਰਿ ਦਈ। ਅਰੁ ਇਸ ਕੀ ਬਧ ਲਘੁ ਲਖਿ ਲਈ[2]। ਪਾਛੈ ਸਗਰੀ ਪਾਇ ਬਿਨਾਸ਼ੀ[3]। ਨਹਿਂ ਠਹਿਰਹਿ ਕਿਮ ਕੋ ਕਰਿ ਆਸੀ[4] ॥ ੩੦ ॥ ਸਨਮੁਖ ਰਣ ਕਰਿਬੇ ਬਹੁ ਤਯਾਰੀ। ਕਰਿਵਾਵਹੁ ਲਿਹੁ ਸਲਤਨ ਸਾਰੀ। ਤਾਰਾ ਆਜ਼ਮ ਕੋ ਹਮ ਮਾਰਹਿਂ। ਪੁਨ ਸਭਿ ਮਿਲੈਂ ਤਖਤ ਬੈਠਾਰਹਿਂ[5] ॥ ੩੧ ॥ ਚਮੂੰ ਬਟੋਰਹੁ ਬਹੁ ਨਿਜ ਸੰਗ। ਰਾਜ ਨ ਪ੍ਰਾਪਤਿ ਹੁਇ ਬਿਨ ਜੰਗ। ਨਿਸ਼ਚਾ ਕਰਹੁ ਸਰਬ ਕੁਛ ਪਾਵਹੁ। ਸ਼ੀਘ੍ਰ ਜਾਇ ਤਯਾਰੀ ਕਰਿਵਾਵਹੁ' ॥ ੩੨ ॥ ਸੁਨਿ ਕਰਿ ਨੰਦ ਲਾਲ ਸਭਿ ਗਾਥਾ। ਚਰਨ ਸਰੋਜਨ ਪਰ ਧਰਿ ਮਾਥਾ। ਗਯੋ ਤੁਰਤ ਜਹਿਂ ਹਜ਼ਰਤ ਨੰਦਨ। ਉਤਰਿ ਪਹੂਚਯੋ ਕੀਨਸਿ ਬੰਦਨ ॥ ੩੩ ॥ ਗੁਰ ਕੀ ਕਹਿਵਤ ਸਕਲ ਸੁਨਾਈ। 'ਨਿਸ਼ਚੈ ਜਾਨਹੁਂ ਸਲਤਨ ਪਾਈ। ਤੁਵ ਸਿਰ ਪਰ ਧਰਿ ਸ਼੍ਰੀ ਗੁਰ ਹਾਥਾ। ਮਾਨਹੁਂ ਕਹਯੋ ਭਾਵਨੀ ਸਾਥਾ' ॥ ੩੪ ॥ ਸੁਨਤਿ ਬਹਾਦਰ ਸ਼ਾਹੁ ਬਖਾਨੈ। 'ਲਸ਼ਕਰ ਲਰਨ ਹੇਤੁ ਕਿਤ ਆਨੈਂ ? ਸ਼ੀਘ੍ਰ ਸਕੇਲਯੋ ਜਾਇ ਨ ਕੋਈ। ਬਿਨ ਸੁਭਟਨ ਲਰਿਬੋ ਕਿਮ ਹੋਈ' ॥ ੩੫ ॥ ਬੋਲਯੋ ਨੰਦਲਾਲ 'ਸੁਨਿ ਲੇਹੋ। ਜਿਮ ਗੁਰ ਭਾਖਯੋ ਤਥਾ ਕਰੇਹੋ।–ਤਾਰਾ ਆਜ਼ਮ ਕੋ ਹਤਿ ਕਰਨੋ। ਹਮ ਕਰਿਹੈਂ–। ਸ਼੍ਰੀ ਗੁਰ ਇਮ ਬਰਨੋਂ ॥ ੩੬ ॥

[1]ਜੇ ਤਿਸ (ਤਾਰਾ ਆਜ਼ਮ ਨੂੰ ਜਾਕੇ) ਮਿਲੇਗਾ (ਤਾਂ ਭੀ) ਗੱਲ ਚੰਗੀ ਨਹੀਂ। [2]ਥੋੜੀ (ਬਾਕੀ ਰਹਿ ਗਈ) ਲਖੀ ਹੈ (ਅਸਾਂ ਨੇ)। [3]ਸਾਰੀ ਪਾਤਸ਼ਾਹੀ ਨਾਸ਼ ਹੋ ਜਾਏਗੀ। [4]ਠਹਿਰੇਗੀ ਨਹੀਂ (ਭਾਵੇਂ) ਕਿਵੇਂ ਕੋਈ ਆਸਾ ਪਿਆ ਕਰੇ, ਭਾਵ ਨਿਖੁੱਟਦੀ ਜਾਏਗੀ। [5]ਫਿਰ ਸਾਰੇ (ਮੁਅੱਜ਼ਮ ਨੂੰ) ਆ ਮਿਲਣਗੇ ਤੇ ਤਖਤ ਤੇ ਬੈਠਾਲਣਗੇ।

ਤਿਸ ਪੀਛੇ ਲਸ਼ਕਰ ਬਹੁਤੇਰੋ। ਬਿਨਾ ਸਕੇਲੇ ਸਭਿ ਹੁਇ ਤੇਰੋ। ਬਿਜੈ ਕਰਨ ਕੋ ਭਾਰ ਬਿਸਾਲਾ। ਸੋ ਸਭਿ ਪ੍ਰਭੁ ਕੋ ਹੈ ਸਭਿ ਕਾਲਾ ॥੩੭॥ਬੀਚ ਖਰੋ ਹੋਨੋ ਤੁਵ ਕਾਜ। ਇਮ ਕਰਿ ਨਿਸ਼ਚੈ ਲੀਜਹਿ ਰਾਜ। ਭਾਜ ਚਲਨ ਕੈ ਮਿਲਿਬੇ ਮਾਂਹੀ। ਸੰਕਟ ਬਨੈ ਲਖਹੁ ਸੁਖ ਨਾਂਹੀ ॥੩੮॥ ਤੁਵ ਜੀਵਨ ਮਹਿ ਸੰਸਾ ਹੋਇ। ਯਾਂਤੇ ਤ੍ਯਾਗ ਦੇਹੁ ਮਤ ਦੋਇ। ਲਰਨੋ ਸਨਮੁਖ ਹੀ ਬਨਿ ਆਵੈ। ਜੇ ਜੂਝਹਿਂ[1] ਤੌ ਭਿਸਤ ਸਿਧਾਵੈਂ ॥੩੯॥ ਜੀਵਤ ਰਹੈਂ ਸ਼ਾਹੁ ਪਦ ਲੈ ਹੈਂ। ਸ਼੍ਰੀ ਗੁਰ ਵਡੇ ਤੋਹਿ ਕੋ ਦੈ ਹੈਂ'[2]। ਇੱਤਯਾਦਿਕ ਕਹਿ ਧੀਰਜ ਦੀਨ। ਸੈਨ ਸਕੇਲਨ ਜਿਤ ਕਿਤ ਕੀਨਿ ॥ ੪੦ ॥ ਕਰਨੋ ਕੂਚ ਸਨਮੁਖ ਤਿਹ ਆਵਤਿ।ਗੁਰੂ ਭਰੋਸਾ ਧਰਤਿ ਸਿਧਾਵਤ।–ਕੈ ਮਰਿ ਰਹੌਂ ਕਿ ਲੈ ਹੌਂ ਰਾਜ। ਪ੍ਰਭੂ ਨਿਬਾਹੈਂਗੇ ਨਿਜ ਲਾਜ–॥੪੧॥ ਚੰਬਲ ਸਲਿਤਾ ਕੋ ਚਲਿ ਪਰਯੋ। ਨੰਦ ਲਾਲ ਕੌ ਬਹੁਰ ਉਚਰਯੋ। 'ਹਾਕਮ ਰਾਇ ਸੰਗ ਲੇ ਜਾਇ। ਪ੍ਰਭੁ ਕੋ ਹਿਤ ਸਹਾਇਤਾ ਲ੍ਯਾਇ॥੪੨॥ਏਕ ਸੁਆਲ ਜੁ ਕਹੈਂ ਸੁ ਮਾਨੌਂ। ਤਿਨਹੁ ਭਰੋਸੇ ਮੈਂ ਰਣ ਠਾਨੌਂ'। ਸੁਨਿਕੈ ਨੰਦ ਲਾਲ ਪੁਨ ਆਯੋ। ਨਮੋ ਕਰੀ ਸੁ ਪ੍ਰਸੰਗ ਸੁਨਾਯੋ ॥ ੪੩ ॥ 'ਚਲਹੁ ਆਪ ਦਰਸ਼ਨ ਕੋ ਦੇਹੋ। ਕਿਰ-ਤਾਰਥ ਨਿਜ ਦਾਸ ਕਰੈ ਹੋ। ਕਹਯੋ ਆਪ ਕੋ ਲੀਨਸਿ ਮਾਨਿ। ਲਰਨ ਹੇਤੁ ਕਿਯ ਅੱਗ੍ਰ ਪਯਾਨ' ॥੪੪॥ ਤਬਿ ਪ੍ਰਭੁ ਧਰਮ ਸਿੰਘ ਕੋ ਪ੍ਰੇਰੇ। 'ਪੰਚ ਸਿੰਘ ਲਿਹੁ ਸੰਗ ਬਡੇਰੇ। ਜਾਹੁ ਬਹਾਦਰ ਸ਼ਾਹੁ ਬਿਜੈ ਦਿਹੁ। ਅੰਗ ਸੰਗ ਰੱਛਕ ਹਮ ਤਿਹ ਕਹੁ ॥ ੪੫ ॥ ਭਿੜੇ ਭੇੜ ਗਨ ਕਰਹਿਂ ਸਹਾਇ। ਤਾਰਾ ਆਜ਼ਮ ਕੋ ਹਮ ਘਾਇਂ। ਧੀਰਜ ਸਹਿਤ ਸ਼ੱਤ੍ਰ ਸਨ ਲਰਿਕੈ। ਬਿਜੈ ਕਰਹੁ ਗੁਨ ਗੁਰੂ ਸਿਮਰਿਕੈ ॥ ੪੬ ॥ ਸ਼ਾਹ ਬਹਾਦੁਰ ਕੋ ਸਮੁਝਾਵੋ।–ਜਹਿਂ ਕਹਿਂ ਹਾਦਰ ਗੁਰੂ–ਬੁਝਾਵੋ। ਸਿਮਰਹਿਂ ਪਹੁੰਚਹਿਂ ਕਰਹੁ ਨ ਸੰਸਾ। ਲਿਹੁ ਸਲਤਨ ਰਿਪੁ ਭ੍ਰਾਤ ਬਿਧੁੰਸਾ'[2]॥੪੭॥ਸੁਨਿ ਆਗਯਾ ਪ੍ਰਭੁ ਕੀ ਚਲਿ ਪਰੇ। ਸਨਧ ਬੱਧ ਘੋਰਨ ਪਰ ਚਰੇ। ਨੰਦ ਲਾਲ ਕੋ ਪੁਨ ਸਮੁਝਾਯੋ। ਮਾਨਿ ਬਾਕ ਤਿਨ ਸੀਸ ਨਿਵਾਯੋ ॥ ੪੮ ॥ 'ਹਮ ਭੀ ਕੂਚ ਕਰਤਿ ਹੀ ਆਏ। ਨਿਭੈ ਜਾਇ ਇਹ ਜੰਗ ਮਚਾਏ'। ਸੁਨਿ ਕਰਿ ਗਮਨੇ ਬਿਲਮ ਬਿਹੀਨੇ। ਸ਼ਾਹੁ ਬਹਾਦਰ ਜਿਤ ਕੋ ਚੀਨੇ ॥੪੯॥ ਮਿਲੇ ਸਿੰਘ ਸਭਿ ਗਾਥ ਸੁਨਾਈ। ਪ੍ਰਭੁ ਜੀ ਆਏ ਕਰੀ ਚਢਾਈ। ਸਿਮਰਨ ਤੇ ਹਾਜਰ ਜਹਿਂ ਕਹਾਂ। ਜਗ

[1]ਲੜ ਮਰੇ ਤਾਂ। [2]ਵੈਰੀ ਭਰਾ ਮਾਰਿਆ ਜਾਇਗਾ ਤੇ ਰਾਜ ਤੈਨੂੰ ਮਿਲਸੀ।

ਮਹਿ ਪੂਰਨ ਜਾਨਹੁ ਮਹਾਂ ॥ ੫੦ ॥ ਸ਼ਰਧਾ ਧਰਹੁ ਭਰਮ ਕੋ ਤ੍ਯਾਗਹੁ। ਹੋਤ ਭਾਵਨੀ ਕੋ ਫਲ ਪਾਗਹੁ[1]' ਨੰਦ-ਲਾਲ ਕਹਿ ਕਰਿ ਸਮੁਝਾਯੋ। ਨੀਠ ਨੀਠ ਕਰਿ ਮਨ ਠਹਿਰਾਯੋ ॥੫੧॥ ਰਣ ਮਹਿਂ ਦਰਸ਼ਨ ਦੇ ਕਰਿ ਤੋਹੀ। ਹਤਹਿਂ ਸ਼ੱਤ੍ਰ ਕਾਰਜ ਸਭਿ ਹੋਹੀ'। ਸੁਨਿ ਕਰਿ ਧਰਿ ਧੀਰਜ ਸੁਤ ਸ਼ਾਹੂ। ਚਲਨੇ ਲਰੌਨ ਕੇ ਹੇਤ ਉਮਾਹੂ ॥੫੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ 'ਬਹਾਦਰ ਸ਼ਾਹੁ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

੪੧. [ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦਾ ਜੰਗ]।

ਦੋਹਰਾ ॥ ਸ਼ਾਹੁ ਬਹਾਦਰ ਸੈਨ ਕੋ ਮੁਜਰਾ ਲੀਨਿ ਬਨਾਇ[2]। ਬਖਸ਼ੀ ਬਖ-ਸ਼ਿਸ਼ ਦਰਬ ਬਹੁ ਅਰੁ ਆਯੁਧ ਸਮੁਦਾਇ ॥੧॥ ਚੌਪਈ ॥ ਬਸਤ੍ਰ ਬਿਭੂਖਨ ਦੈ ਅਪਨਾਏ ॥ 'ਆਗੈ ਮਨਸਬ ਕਰੌਂ ਸਵਾਏ'। ਕਹਿ ਉਮਰਾਵਨਿ ਰਿਦੇ ਵਧਾਏ। ਮਿਸਲ ਮਿਸਲ ਗਨ ਬੀਰ ਟਿਕਾਏ ॥ ੨ ॥ ਗੁਲਕਾਂ ਬਹੁ ਬਰੂਦ ਬਰਤਾਈ। ਗਨ ਤੋਪੈਂ ਤਯਾਰੀ ਕਰਿਵਾਈ। ਗਜ ਬਾਜੀ ਪੈਦਲ ਸੰਭਾਲੇ। ਦਲ ਆਰਾਸਤ ਕੀਨ[3] ਬਿਸਾਲੇ ॥ ੩ ॥ ਦਿੱਲੀ ਤੇ ਬਾਹਰ ਹੀ ਰਹਯੋ।–ਪ੍ਰਥਮ ਕਰੌਂ ਸੰਘਰ–ਚਿਤ ਚਹਯੋ। ਸ਼ੁਤਰੀ, ਧੌਂਸੇ, ਧੱਗ ਬਜਾਈ। ਕਰਯੋ ਕੂਚ ਦਰ ਕੂਚ ਅਗਾਈ ॥ ੪ ॥ ਚੰਬਲ ਸਲਿਤਾ ਤਟ ਕੋ ਰਾਹਾ। –ਤਹਿਂ ਅਟਕਾਇ ਹਤੌਂ ਰਣ ਮਾਹਾਂ–। ਉਤ ਤਾਰਾ ਆਜ਼ਮ ਬਨਿ ਸ਼ਾਹੂ। ਬੈਠਿ ਤਖਤ ਉਮਰਾਵਨ ਮਾਂਹੂ ॥ ੫ ॥ ਬਾਈ ਲਾਖ ਸੈਨ ਸੰਭਾਰੀ। ਦਸ ਹਜ਼ਾਰ ਤੋਪੈਂ ਬਡ ਭਾਰੀ। ਲੇ ਪੰਚਾਸ ਹਜ਼ਾਰ ਜੰਬੂਰੇ। ਬਖਸ਼ਸ਼ਿ ਦਈ ਅਨਿਕ ਪਿਖਿ ਸੂਰੇ ॥ ੬ ॥ ਦੱਖਣਿ ਦੇਸ਼ ਸਗਲ ਅਪਨਾਯੋ। ਸਭਿ ਪਰ ਅਪਨੋ ਹੁਕਮ ਟਿਕਾਯੋ। ਭ੍ਰਾਤਾ ਕੀ ਸੁਨਿਕੈ ਸਭਿ ਬਾਤ। ਕੋਪਯੋ ਅਧਿਕ ਰਿਦੇ ਗਰਬਾਤਿ ॥ ੭ ॥ ਸਕਲ ਚਮੂੰ ਕੀ ਮਿਸਲ ਨਿਹਾਰੀ। ਕਹਿ ਉਮਰਾਵਨ ਕੀਯਸਿ ਤ੍ਯਾਰੀ। ਗਜ ਬਾਜਨ ਪਰ ਪਾਖਰ ਪਾਈ। ਚਢਯੋ ਆਪ ਗਨ ਬੰਬ ਬਜਾਈ ॥ ੮ ॥ ਦੱਖਣ ਤੇ ਕਰਿ ਕੂਚ ਹਮੇਸ਼ਾ। ਆਵਤਿ ਚਲਯੋ ਸੁਨਯੋ ਜਿਸ ਦੇਸ਼ਾ। ਗ੍ਰਾਮ ਨਗਰ ਬਨ ਉਲੰਘਤਿ ਆਏ। ਲਸ਼ਕਰ ਦੀਰਘ ਨੀਰ ਸੁਕਾਏ[4] ॥੯॥ ਸ਼ਾਹ ਬਹਾਦਰ ਸੁਨਿ ਸੁਧਿ ਸਾਰੀ। ਐਸੇ ਹੋਤਿ ਸੁਨਤਿ ਦਲ ਭਾਰੀ।–ਮੋ ਤੇ ਦਸ ਗੁਨ ਤੇ ਅਧਿਕਾਈ। ਤੋਪ

[1]ਭਾਵਨਾਂ ਨੂੰ ਫਲ ਲਗਦਾ ਹੈ (ਸੋ ਭਾਵਨਾਂ ਵਿਚ) ਲੱਗੋ। (ਅ) ਪਾ-ਗਹੁ=ਚਰਨ ਫੜੋ, ਭਾਵ ਸ਼ਰਨ ਲਓ। [2]ਭਾਵ ਸਾਰੀ ਸੈਨਾ ਦੀ ਹਾਜ਼ਰੀ ਲੀਤੀ। [3]ਭਾਵ ਤਿਆਰ ਕੀਤਾ। [ਫਾ:, ਆਰਾ-ਸਤਹ]। [4]ਭਾਵ ਇੰਨਾਂ ਲਸ਼ਕਰ ਹੈ ਕਿ ਜਿੱਥੇ ਉਤਰਦਾ ਹੈ ਪਾਣੀ ਮੁੱਕ ਜਾਂਦਾ ਹੈ।

ਜ਼ੰਬੂਰਨਿ ਜੁਤਿ ਸਮੁਦਾਈ ॥ ੧੦ ॥ ਲਸ਼ਕਰ ਅਲਪ ਅਹੈ ਸੰਗ ਮੇਰੇ । ਗੁਰ ਬਚ ਪਰ ਬਿੱਸ੍ਵਾਸ ਬਡੇਰੇ । ਅਪਰ ਉਪਾਇ ਨਹੀਂ ਅਬਿ ਕੋਈ। ਇਕ ਅਲਾਹ ਅਵਲੰਬਹਿ ਹੋਈ ॥੧੧॥ ਹੈ ਥੋਰਨ ਕੀ ਮਦਤ ਖ਼ੁਦਾਇ । ਯਾਂਤੇ ਨਿਸ਼ਚੈ ਮੁਰ ਮਨ ਆਇ–। ਇਤ ਸ੍ਰੀ ਗੁਰ ਕਰਿ ਕੂਚ ਹਮੇਸ਼ । ਦਿੱਲੀ ਦਿਸ਼ਿ ਕੋ ਗਮਨ ਕਰੇ ਸੁ ॥੧੨॥ ਸੰਗ ਖਾਲਸਾ ਦਲ ਸਮੁਦਾਈ । ਮਹਿਮਾਂ ਸੁਨਿ ਨਰ ਮਿਲਹਿਂ ਸੁ ਆਈ । ਦਰਸ਼ਨ ਦੇਤੇ ਕਰਤਿ ਨਿਹਾਲ । ਪੁਰਹਿਂ ਕਾਮਨਾ ਜਨਨਿ ਕ੍ਰਿਪਾਲ ॥੧੩॥ ਉਤ ਅਵਰੰਗ ਕੇ ਨੰਦਨ ਦੋਊ । ਭਯੋ ਭੇਰ ਚੰਬਲ ਤਟ* ਸੋਊ।ਦੂਹੂੰ ਦਿਸ਼ਿਨਿ ਤੇ ਬਜੇ ਨਗਾਰੇ । ਰਣਸਿੰਙੇ ਬਡ ਸ਼ਬਦ ਉਠਾਰੇ ॥ ੧੪ ॥ ਲਸ਼ਕਰ ਪਰੇ ਕਰੇ ਅਰੁ ਅਰੇ[1] । ਛੁਟੀ ਤੋਪ ਗਨ ਨਭ ਰਵ ਭਰੇ[2]। ਧੂੰਮਧਾਰ[3]† ਪਸਰੀ ਇਕ ਬਾਰੀ । ਨਹਿਂ ਦੀਖਤ ਦ੍ਰਿਗ ਪਾਨ ਪਸਾਰੀ[4] ॥ ੧੫ ॥ ਸ਼ਲਖ ਜਮੂਰਨ ਕੀ ਬਡ ਹੋਈ । ਬਰਖਨ ਲਗੇ ਲੋਹ ਦਿਸ਼ਿ ਦੋਈ । ਮਨਹੁੰ ਅਕਾਸ਼ ਫੂਟਿ ਗਿਰ ਪਰਯੋ । ਭੀਖਣ ਸ਼ਬਦ ਭੂਮ ਨਭ ਭਰਯੋ ॥ ੧੬ ॥ 'ਮਾਰ ਮਾਰ' ਕਹਿ ਰੌਰ ਉਠਾਯੋ । ਇਮ ਸਗਰੋ ਦਿਨ ਜੰਗ ਮਚਾਯੋ । ਕੇਚਿਤ ਬੀਰ ਤੁਰੰਗ ਸਿੰਘਾਰੇ । ਰਵਿ ਅਸਤਯੋ ਤਜਿ ਭਏ ਕਿਨਾਰੇ ॥੧੭॥ ਸਿਵਰ ਕਰਯੋ ਚਹਿ ਖਾਨ ਰੁ ਪਾਨਾ । ਤ੍ਰਿਪਤ ਹਤਯੋ ਸ਼੍ਰਮ ਭੇ ਸਵਧਾਨਾ। ਜਾਗ੍ਰਤਿ ਸੋਵਤਿ ਰਾਤਿ ਬਿਤਾਈ । ਸੌਚ ਸ਼ਨਾਨੇ ਦਲ ਸਮੁਦਾਈ॥ ੧੮ ॥ ਚਢੇ ਲਰਨ ਕੇ ਹੇਤੁ ਬਹੋਰੀ । ਛੁਟਹਿਂ ਸ਼ਬਦ ਬਡ ਗੋਰਾ ਗੋਰੀ । ਹਯ ਧਵਾਇ ਕਰਿ ਤਜੈਂ ਤੁਫੰਗੈਂ । ਤੀਰ ਪ੍ਰਹਾਰਹਿਂ ਫੇਰਤਿ ਐਂਗੈਂ ॥ ੧੯॥ ਨੇਜੇ ਬੰਬਲਿਆਲ[5] ਭ੍ਰਮਾਵੈਂ । ਮਿਲਹਿ ਪਰਸਪਰ ਆਯੁਧ ਘਾਵੈਂ । ਅੰਧ ਧੁੰਧ ਪਰਿ ਗਯੋ ਬਿਸਾਲਾ । ਸ਼ੁਤਰਨਾਲ ਘੁੜਨਾਲ ਕਰਾਲਾ[6] ॥੨੦॥ ਇਮ ਹੁਇ ਜੰਗ ਹਟੇ ਦਲ ਦੋਊ। ਨਿਜ ਬਿੱਸ੍ਰਾਮ ਕੀਨਿ ਸਭਿ ਕੋਊ । ਹੋਤਿ ਪ੍ਰਾਤ ਉਠਿ ਬਜੇ ਨਗਾਰੇ । ਜੋਧਾ ਸੁਨਤਿ ਸਨਧਬੱਧ ਸਾਰੇ ॥ ੨੧ ॥ ਦਲ ਮੁਕਾਬਲੇ ਦੋਨਹੁੰ ਭਏ । ਹਮਲੇ ਕਰਤਿ ਸ਼ਸਤ੍ਰ ਭਟ ਘਏ । ਤਾਰਾਆਜ਼ਮ ਕੋ ਬਡ ਲਸ਼ਕਰ। ਪਰਯੋ ਧਾਇ ਕਰਿ ਘਾਵਨ ਕੌਰਿ

---

[1]ਲਸ਼ਕਰ ਦੇ ਪਰ੍ਹੇ ਬਣਾਏ ਤੇ ਅੜੇ । [2]ਸ਼ਬਦ ਨਾਲ ਆਕਾਸ਼ ਭਰ ਗਿਆ । [3]ਧੂੰਏਂ ਦੀ ਧਾਰਾ । ( ਅ ) ਤੌੜ ਰੌਲਾ । [4]ਹੱਥ ਪਸਾਰਿਆ ਨਹੀਂ ਦਿੱਸਦਾ । [5]ਬੰਬਲਾਂ ਵਾਲੇ ਨੇਜ਼ੇ । [6]ਊਠ ਤੇ ਰੱਖਕੇ ਚਲਾਈ ਜਾਣ ਵਾਲੀ ਵਡੀ ਬੰਦੂਕ'ਸ਼ੁਤਰ ਨਾਲ'ਤੇ ਘੋੜੇ ਪਰ ਚਲਾਈ ਜਾਣ ਵਾਲੀ'ਘੁੜਨਾਲ'।

*ਇਹ ਜੰਗ ਤਾਰਾ ਆਜ਼ਮ ਤੇ ਬਹਾਦਰ ਸ਼ਾਹ ਦਾ ਧੌਲਪੁਰ ਦੇ ਪਾਸ ਵਾਰ 'ਜਾਜੂ' ਨਾਮੇ ਟਿਕਾਣੇ ਤੇ ਹੋਇਆ ਲਿਖਿਆ ਹੈ । †ਪਾਃ—ਧੂੰਮਧਾਮ ।

ਕਰਿ ॥ ੨੨ ॥ ਆਪ ਬਹਾਦਰ ਚਢ੍ਯੋ ਲਰਨ ਕੋ। ਉਤ ਆਜ਼ਮ ਪਹੁੰਚ੍ਯੋ ਪਿਖਿ ਰਨ ਕੋ। ਜੁਗ ਭ੍ਰਾਤਾ ਨੇ ਜੰਗ ਪਵਾਇ। ਛੁਟਹਿਂ ਤੁਫੰਗ ਤੋਪ ਸਮੁਦਾਇ ॥ ੨੩ ॥ ਗਜ ਪਰ ਹੁਤੋ ਬਹਾਦਰ ਰਾਇ। ਧਰਮ ਸਿੰਘ ਕੋ ਨਿਕਟ ਬਿਠਾਇ। ਗੁਰ ਗਾਥਾ ਕੋ ਮੁਖਹੁਂ ਉਚਾਰੈ। ਹੋਤਿ ਦੂਰ ਲਗਿ ਜੰਗ ਨਿਹਾਰੈ ॥ ੨੪ ॥ ਦੁਇ ਦਿਸ਼ ਤੇ ਹਮਲੇ ਹੁਇਂ ਘਨੇ। ਸੁਭਟ ਪਰਸਪਰ ਆਯੁਧ ਹਨੇ। ਤਬਿ ਚਿਤਵ੍ਯੋ ਚਿਤ—ਬਡੇ ਲਰਹਿੰਗੇ। ਬਿਜੈ ਭਈ ਗੁਰ ਸੂਲ ਕਰੈਂਗੇ ॥ ੫॥ ਮਹਾਂ ਬਿਖਮ ਤੇ ਦਿਯੋ ਨ ਜਾਈ। ਹੁਇ ਸੁਖੇਨ-ਮੈਂ ਦੋਊ ਬਨਾਈ। ਨਾਂਹਿ ਤ ਟਾਰਹੁੰਗੋ ਜਬਿ ਕਹੈਂ—। ਇਸ ਪ੍ਰਕਾਰ ਮਨ ਰਨ ਕੋ ਲਹੈ ॥੨੬॥ ਹਮਲਾ ਭਯੋ ਸੈਨ ਸਮੁਦਾਯਾ।ਸ਼ਾਹੁ ਬਹਾਦਰ ਛੋਰਿ ਪਲਾਯਾ। ਭਾਜੇ ਸੁਭਟ ਧੀਰ ਨਹਿਂ ਧਰਿਈ।ਅਧਿਕ ਪ੍ਰਬਲ ਦਲ ਕਜਾ ਰਣ ਕਰਿਈ ॥ ੨੭ ॥ ਸੰਧ੍ਯਾ ਕੋ ਉਤਰ੍ਯੋ ਬਿਚ ਡੇਰੇ। ਸੰਕਟ ਤੇ ਉਰ ਚਿੰਤ ਘਨੇਰੇ। ਨੰਦ ਲਾਲ ਕੋ ਲੀਨਿ ਬੁਲਾਇ। ਕਹ੍ਯੋ 'ਗੁਰੂ ਢਿਗ ਤੂਰਨ ਜਾਇ ॥੨੮॥ ਕਦਮ ਪਦਮ ਕੋ ਨਮੋ ਕਰੇਹੁ। ਮੇਰੋ ਸਕਲ ਪ੍ਰਸੰਗ ਸੁਨੇਹੁ।—ਆਪ ਸੰਗ ਮਮ ਪਿਤਾ ਬਿਗਾਰੀ। ਸੋ ਅਪਰਾਧੀ ਲੇਹੁ ਬਿਚਾਰੀ ॥ ੨੯ ॥ ਮੈਂ ਗ਼ੁਲਾਮ ਸਮ ਰਾਵਰ ਕੇਰਾ। ਤੁਮ ਬਚ ਪਰ ਬਿਸ਼ਵਾਸ ਬਡੇਰਾ। ਜਿਸਕੋ ਸੁਨਿ ਰਣ ਮੰਡ੍ਯੋ ਆਇ। ਨਤੁ ਮੈਂ ਕਹਾਂ, ਨ ਕੁਛ ਬਨਿ ਆਇ ॥ ੩੦ ॥ ਕਹੂੰ ਪਲਾਯ ਬਲਾਇਤ ਜਾਤਿ। ਜੀਵਤਿ ਸੁਖ ਸੋਂ ਖਾਨਾ ਖਾਤਿ। ਤੁਮਰੇ ਕਹੇ ਆਨਿ ਕਰਿ ਲਰ੍ਯੋ। ਨਾਹਕ ਪਹੁੰਚਿ ਇਹਾਂ ਮੈਂ ਮਰ੍ਯੋ ॥ ੩੧ ॥ ਤੁਮਰੀ ਨਹਿ ਸਹਾਇਤਾ ਪਾਈ। ਹਤਿ ਭ੍ਰਾਤਾ[1], ਜੈ ਕਿਮ ਕਰ ਆਈ। ਦਸ ਗੁਨ ਅਧਿਕ, ਮਰਹਿ ਕਿਮ ਮਾਰੇ? ਬਲਿ ਨਿਰਬਲਿ ਉਰ ਸਕਲ ਬਿਚਾਰੇ[2] ॥ ੩੨ ॥ ਮਾਨ੍ਯੋਂ ਕੇਵਲ ਬਾਕ ਤੁਮਾਰੋ। ਬਹੁਰ ਨ ਹਿਰਦੈ ਕਛੂ ਬਿਚਾਰੋ। ਕ੍ਯੋਂ ਨ ਕਰਤਿ ਹੋ ਆਨਿ ਸਹਾਇ? ਤੁਮ ਅਲੰਬ, ਨਹਿਂ ਆਨ ਉਪਾਇ॥ ੩੩ ॥ ਪਿਤ ਕੋ ਦੋਸ਼ ਨ ਮੋ ਪਰ ਧਰੀਅਹਿ। ਬਿਰਦ ਜਾਨਿ ਸੁਭ ਰੱਛਾ ਕਰੀਅਹਿ'। ਸੁਨਿਕੈ ਨੰਦਲਾਲ ਚਢਿ ਗਯੋ।ਸ਼ੀਘ੍ਰ ਪਹੁੰਚਿ ਗੁਰ ਦਰਸ਼ਨ ਕਯੋ ॥ ੩੪ ॥ ਨਮੋ ਕੀਨਿ ਬਿਰਤਾਂਤ ਸੁਨਾਯੋ। 'ਸ਼ਾਹ ਬਹਾਦਰ ਬਹੁ ਦੂਖ ਪਾਯੋ। ਚਹਿਤ ਆਪ ਕੀ ਅਬਹਿ ਸਹਾਇ। ਕਰਹੁ ਕ੍ਰਿਪਾ ਦਿਹੁ

---

[1]ਭਰਾ ਨੂੰ ਮਾਰਕੇ। [2]( ਆਪ ਨੂੰ ) ਨਿਰਬਲੀ ਤੇ ( ਉਹਨਾਂ ਨੂੰ ) ਬਲੀ, ਦਿਲ ਵਿਚ ਸਾਰੀ ਗਲ ਵਿਚਾਰਦਾ ਹਾਂ।

ਬਿਜੈ ਉਪਾਇ' ॥ ੩੫ ॥ ਸੁਨਿ ਸਤਿਗੁਰੂ ਉਚਾਰਨ ਕਰੀ। 'ਚਢ੍ਯੋ ਜੰਗ ਉਰ ਤਿਸ ਕੇ ਫੁਰੀ।–ਗੁਰ ਕੋ ਖ੍ਯਾਲ ਬਿਖਮ ਨਹਿਂ ਦੈ ਹੈਂ। ਹੋਹਿ ਸੁਗਮ ਸੋ ਸੁਨਤਿ ਕਰੈ ਹੈਂ–॥੩੬ ॥ ਯਾਂਤੇ ਹੋਤਿ ਪਰਾਜੈ ਤਾਂਹਿ। ਡੋਲਤ੍ਯੋ ਸਿਦਕ ਨ ਦਿਢ ਉਰ ਮਾਂਹਿ। ਜੇ ਸਾਬਤ ਅਪਨੋ ਮਨ ਕਰੈ। ਤਬਿ ਸਹਾਇਤਾ ਲੇ ਰਿਪੁ ਹਰੈ ॥ ੩੭ ॥ ਹਮ ਕੋ ਰਹ੍ਯੋ ਨਹੀਂ ਇਤਬਾਰ। ਫਿਰਿ ਜੈ ਹੈ ਨਿਜ ਕਾਜ ਸੁਧਾਰਿ। ਯਾਂ ਤੇ ਅਬਿ ਲਿਖਿ ਦੇ ਕਰ ਸੰਗ[1]।–ਏਕ ਸ੍ਵਾਲ ਮੈ ਦੇਹੁਂ ਅਭੰਗ–॥੩੮॥ ਨਿਜ ਮਾਤੁਲ ਕੋ ਪਠੈ ਇਥਾਇਂ[2]। ਲਿਖਤ ਆਪਨੀ ਦੇਹਿ ਪੁਚਾਇ। ਗੁਰ ਕੀ ਪੁਨ ਸਹਾਇਤਾ ਪਾਇ। ਲਿਹੁ ਸਲਤਨ ਸ਼ੱਤ੍ਰੁ ਗਨ ਘਾਇ ॥੩੯॥ਤਾਰਾ ਆਜ਼ਮ ਕੋ ਹਮ ਮਾਰੈਂ। ਤਖਤ ਬਹਾਦਰ ਸ਼ਾਹ ਬਿਠਾਰੈਂ।ਪੀਛੇ ਤੇ ਕਰਿ ਪੂਰਨ ਸ੍ਵਾਲ। ਲਗੀ ਬਿਲਮ ਯਾਂਤੇ ਨੰਦ ਲਾਲ।'॥੪੦॥ਸੁਨਿ ਕਰਿ ਹਾਥ ਬੰਦਿ ਪਦ ਬੰਦੇ।'ਸ਼੍ਰੀਪ੍ਰਭੁ! ਤੁਮ ਸਭਿ ਥਾਨ ਬਸੰਦੇ। ਘਟਿ ਘਟਿ ਕੇ ਨਿਤ ਅੰਤਰਜਾਮੀ। ਕ੍ਯੋਂ ਨਹਿਂ ਜਾਨਹੁਂ ਤਿਸ ਉਰ ਖਾਮੀ ॥੪੧॥ ਮੈਂ ਆਛੇ ਅਬਿ ਕਰਿ ਤਹਿਕੀਕ। ਮੇਟੌਂ ਤਿਸ ਕੀ ਜੋ ਭ੍ਰਮ ਲੀਕ'। ਇਮ ਕਹਿ ਤੂਰਨ ਚਢ੍ਯੋ ਸਿਧਾਇ। ਸ਼ੀਘ੍ਰ ਪਹੂਚ੍ਯੋ ਉਤਰ੍ਯੋ ਜਾਇ॥ ੪੨॥ ਮਿਲ੍ਯੋ ਬਹਾਦਰ ਸ਼ਾਹੁ ਸੁਨਾਯੋ। 'ਕਰਤਿ ਜੰਗ ਸੰਕਲਪ ਉਠਾਯੋ।–ਬਿਖਮ ਸ੍ਵਾਲ ਮੈਂ ਦੈਹੈਂ ਨਾਂਹੀ–। ਸੋ ਸਭਿ ਲਖੀ ਪ੍ਰਭੂ ਮਨ ਮਾਂਹੀ ॥ ੪੩ ॥ ਅਬਿ ਚਾਹਤਿ ਗੁਰ ਲਿਖਤ ਤੁਮਾਰੀ। ਮਾਤੁਲ ਭੇਜੋ ਸੰਗ ਉਚਾਰੀ। ਖਾਤਰ ਜਮਾਂ ਕਰਹੁ ਤਿਨ ਕੇਰੀ। ਬਹੁਰ ਬਿਜੈ ਰਿਪੁ ਤੇ ਹੁਇ ਤੇਰੀ' ॥ ੪੪ ॥ ਸੁਨਿ ਕੈ ਸ਼ਾਹੁ ਰਿਦੈ ਬਿਸਮਾਦਾ। ਸਮਰਥ ਗੁਰੂ ਕੌ ਲਖਿ ਅਹਿਲਾਦਾ।–ਮਨ ਕੀ ਜਾਨਿ ਲਈ ਸਭਿ ਬਾਤ। ਅਬਿ ਸਹਾਇ ਹੁਇ ਹੈ ਦੇ ਦਾਤ–॥ ੪੫ ॥ ਨਿਜ ਕਰ ਕੀ ਤਬਿ ਲਿਖਤ ਪਠਾਈ। 'ਏਕ ਸ੍ਵਾਲ ਮੈਂ ਦੇਉਂ ਬਨਾਈ'। ਹਾਕਮ ਰਾਇ ਪਠ੍ਯੋ ਅਰੁ ਮਾਤੁਲ। ਕਹਿ ਬਿਨਤੀ 'ਬਖਸ਼ਹੁ ਜਨਤਾ ਤੁਲ[3]' ॥ ੪੬ । ਬੇਗਵੰਤ ਬਾਹਨ ਚਢਿ ਗਏ। ਗੁਰ ਢਿਗ ਆਇ ਸ਼ੀਘ੍ਰ ਦਰਸਏ। ਬੰਦਨ ਕਰਿ ਪੁਨ ਸਕਲ ਸੁਨਾਈ। 'ਬਖਸ਼ਹੁ ਭੂਲ ਤੁਮੇ ਬਨਿ ਆਈ ॥ ੪੭ ॥ ਮੁਹਰ ਆਪਨੀ ਦਈ ਲਗਾਇ। ਇਸ ਮਹਿਂ ਸੰਸੈ ਕੋਇ ਨ ਪਾਇ। ਜਾਨਿ ਗ਼ੁਲਾਮ

---

[1]ਇਸ ਲਈ ਹੁਣ ਲਿਖ ਦੇਵੇ ( ਆਪਣੇ ) ਹੱਥ ਨਾਲ। [2]ਆਪਣੇ ਮਾਮੇ ਨੂੰ ਏਥੇ ਭੇਜੇ। [3]ਦਾਸ ਵਾਂਙ (ਜਾਣਕੇ)।

ਸਹਾਇ ਕਰੀਜੈ। ਬਿਜੈ ਕ੍ਰਿਪਾ ਧਰਿ[1] ਸਲਤਨ ਦੀਜੈ'॥੪੮॥ ਦੇਖਿ ਦੀਨ ਨਿਜ ਬਿਰਦ ਸੰਭਾਰਾ। ਹਿਤ ਧੀਰਜ ਕੇ ਬਾਕ ਉਚਾਰਾ। 'ਅਬਿ ਤੁਮ ਜਾਹੁ ਚਢਾਵਹੁ ਸ਼ਾਹੂ। ਹਮ ਦਰਸ਼ਨ ਦੇ ਹੈਂ ਰਣ ਮਾਂਹੂ॥ ੪੯ ॥ ਤਾਰਾ ਆਜ਼ਮ ਕੋ ਹਮ ਮਾਰੈਂ। ਕੁਛ ਉਮਰਾਵ ਸਮੇਤ ਬਿਦਾਰੈਂ। ਜਬਿ ਕੁਛ ਚਿੰਨ੍ਹ ਲਖਹੁ ਇਸ ਰੀਤਿ। ਹਟਹੁ ਲਰਨ ਤੇ ਹੁਇ ਨਿਰਭੀਤ ॥ ੫੦ ॥ [2]ਜੁਗ ਭ੍ਰਾਤਾ ਕੋ ਅਬਿ ਕੇ ਜਾਵਹੁ। ਰਣ ਮੁਕਾਬਲਾ ਭਲੋ ਕਰਾਵਹੁ[2]। ਤਾਰਾ ਆਜ਼ਮ ਮਰਨੋ ਲਖੀਜੈ। ਨ੍ਰਿਭੈ, ਨਚਿੰਤ ਜੰਗ ਕੋ ਕੀਜੈ॥ ੫੧ ॥ ਨਹਿਂ ਕਾਇਰ ਹੁਇ ਸੁਕਚਹੁ ਤਹਾਂ।ਧਰਿ ਉਤਸਾਹੁ ਪਿਖਹੁ ਰਨ ਮਹਾਂ'। ਸੁਨਿਕੈ ਸਤਿਗੁਰ ਕੇ ਬਚ ਆਛੇ। ਕਰਿ ਅਭਿਬੰਦਨ ਚਲਿਬੋ ਬਾਛੇ॥ ੫੨ ॥ ਲਿਖਤ ਪ੍ਰਭੂ ਕੇ ਆਗੇ ਧਰੀ।ਚਢਿ ਕਰਿ ਚਾਲੇ ਤੂਰਨ ਕਰੀ।ਉਲੰਘਿਪੰਥ ਚੰਬਲ ਤਟ ਆਇ। ਮਿਲੇ ਸ਼ਾਹੁ ਸੰਗ ਸਕਲ ਸੁਨਾਇ॥ ੫੩ ॥ 'ਹੋਤਿ ਪ੍ਰਾਤ ਕੇ ਸੰਸੈ ਤਯਾਗਹੁ। ਕਰਿ ਮੁਕਾਬਲਾ ਲਰਿਬੇ ਲਾਗਹੁ। ਮਿੱਥਯਾ ਹੋਹਿ ਨ ਗੁਰ ਕੋ ਕਹਨੋ। ਅਬਿ ਤੌ ਪਤਾ ਭਲਾ ਤੁਮ ਲਹਨੋ'॥ ੫੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਵਾਰਿੰਸਤੀ ਅੰਸੂ ॥ ੪੧ ॥

## ੪੨. [ਬਹਾਦਰ ਸ਼ਾਹ ਦੀ ਜਿੱਤ ਤੇ ਰਾਜ ਪ੍ਰਾਪਤ]।

ਦੋਹਰਾ ॥ ਕਰਿ ਮਸਲਤ ਨਿਸ ਮਹਿਂ ਸਕਲ ਤਯਾਰੀ ਕੀਨਿ ਬਨਾਇ। ਹੋਤਿ ਪ੍ਰਾਤ ਕੇ ਤੁਰਤ ਹੀ ਬਾਦਿਤ ਉਠੇ ਬਜਾਇ ॥ ੧॥ ਚੌਪਈ॥ ਤੋਪੈਂ ਸ਼ੁਰੂ ਚਲਾਵਨਿ ਕਰੀ। ਚਢੇ ਦੁਊ ਦਲ ਰਿਸ ਉਰ ਧਰੀ। ਬਾਜੇ ਸ਼ੁਤਰੀ ਪਟਹ ਨਗਾਰੇ। ਭੇਰਿ ਭੁਖਨਾ ਭੂਰ ਭੁੰਕਾਰੇ[3] ॥ ੨ ॥ ਸ਼ਬਦ ਤੁਫੰਗ ਤੋਪ ਕੋ ਔਰ। ਭਟ ਗਨ ਬੋਲਤੇ ਘਾਲਤੇ ਰੌਰ। ਅੰਧ ਧੁੰਧ ਬ੍ਰਿੰਦ ਧੂਮ ਧਾਰ ਨਭ। ਧੂਰ ਉਡੀ ਆਛਾਦਤਿ ਹੈ ਸਭ ॥ ੩ ॥ ਤੋਮਰ ਤੀਰ ਤਰਾਤਰ ਚੱਲੇ। ਬਾਰਿ ਬਾਰਿ ਰਿਪੁ ਘਾਲਤਿ ਹੱਲੇ। ਉਤ ਤਾਰਾ ਆਜ਼ਮ ਰਿਸ ਧਰਿਕੈ। ਪ੍ਰੇਰਯੋ ਲਸ਼ਕਰ ਊਚ ਉਚਰਿਕੈ ॥ ੪ ॥ 'ਕਹਾਂ ਭਯੋ ਤੁਮ ਕੋ ਉਮਰਾਉ! ਬੈਠਤਿ ਸਭਾ ਬਦਤਿ ਗਰਬਾਉ[4]।ਬਡੇ ਬਡੇ ਮਨਸਬ ਤੁਮ ਪਾਏ। ਨਿਮਕ ਹਰਾਮ ਕਾਮ ਨਹਿਂ ਆਏ ॥ ੫॥ ਕਹਾਂ ਅਲਪ ਰਿਪੁ ਕੋ ਦਲ ਅਹੈ। ਲਰਿ

[1]ਜੈ ਕਰਕੇ। [2]ਹੁਣ ਜਾਓ ਤੇ ਦੁਹਾਂ ਭਰਾਵਾਂ ਦਾ ਚੰਗੀ ਤਰ੍ਹਾਂ ਮੁਕਾਬਲਾ ਰਣ ਵਿਚ ਕਰਵਾਓ।
[3]ਭੇਰੀਆਂ ਦਾ ਬਹੁਤ ਭਿਆਨਕ ਸ਼ਬਦ ਹੋਇਆ। [4]ਸਭਾ ਵਿਚ ਬੈਠਕੇ ਹੰਕਾਰ ਨਾਲ ਬਕਦੇ ਸੀ।

ਲਰਿ ਤੁਮਰੀ ਸਮਤਾ ਲਹੈ। ਲਸ਼ਕਰ ਕਹਾਂ ਆਪਨੋ ਘਨੋ।ਜਿਸ ਤੇ ਕਾਜ ਨ ਕਿੰਚਤ ਬਨੋ ॥੬॥ ਪਜਾਰੇ ਪ੍ਰਾਨ ਕਿ ਤਿਹ ਸੋਂ ਮਿਲੇ[੧] ? ਹੇਰਹੁ ਅਲਪ ਸੁ ਆਵਤਿ ਪਿਲੇ[੨]। ਸਕਲ ਸੈਨਪਤਿ ਡਾਟਨ ਕਰੇ। ਕਹਿ ਕਹਿ ਪਠਯੋ ਜਹਾਂ ਜਹਿਂ ਖਰੇ ॥ ੭ ॥ ਇੱਤਯਾਦਿਕ ਕਹਿ ਸੁਨਿਬੋ ਹੋਵਾ ਲਸ਼ਕਰ ਕੋ ਪ੍ਰੇਰਨ ਹਿਤ ਜੋਵਾ। ਹਮਲਾ ਸਭਿ ਉਮਰਾਵਨ ਚਾਹਾ। ਫਿਰਯੋ ਨਕੀਬ ਭਨਤਿ ਰਣ ਮਾਹਾ ॥੮॥ ਲਾਖਹੁੰ ਲਸ਼ਕਰ ਉਮਡਯੋ ਐਸੇ। ਸਾਗਰ ਜੁਤਿ ਜਲਜੰਤੁਨਿ ਜੈਸੇ। ਦੁਰਦ ਨੱਕ੍ਰ[੩] ਹਯ ਮਕਰ ਅਕਾਰਾ[੪]। ਧੁਖਹਿਂ ਪਲੀਤੇ ਬੜਵਾਂ ਝਾਰਾ[੫]॥੯॥ ਸਫਰੀ ਅਲਪ ਅਖਿਲ ਕਰਵਾਰੈਂ[੬]। ਪੈਦਲ ਗਨ ਜਲ ਜੀਵ ਹਜ਼ਾਰੇ।ਤਜਿ ਬੇਲਾ ਮਿਰਯਾਦ ਬਿਸਾਲਾ[੭]। ਫੈਲਯੋ ਮਹਾਂ ਬੇਗ ਤੇ ਜ਼ਾਲਾ[੮] ।।੧੦ ॥ ਬਡੋ ਤੋਪਖਾਨਾ ਤਬਿ ਚਾਲਾ।ਛੁਟੇ ਜੰਬੂਰੇ ਸ਼ਬਦ ਕਰਾਲਾ। ਤੜਭੜ ਤੁਪਕਨ ਕੀ ਬਡ ਹੋਈ। ਮਾਰੇ ਗੋਰਨਿ ਉਡਿਗੇ ਕੋਈ ॥ ੧੧ ॥ ਸ਼ਾਹੁ ਬਹਾਦਰ ਕੋ ਦਲ ਹਾਲਾ। ਡਰਪਯੋ ਉਰ* ਅਵਿਲੋਕਿ ਬਿਸਾਲਾ[੯]।ਧਰਮ ਸਿੰਘ ਬੈਠਯੋ ਪਿਛਵਾਰੇ। ਤਿਹ ਸੋਂ ਗੁਰ ਕੀ ਗਾਥ ਉਚਾਰੇ ॥ ੧੨ ॥ 'ਮੈਂ ਪ੍ਰਭੁ ਬਾਕਨਿ ਕਰਿ ਵਿਸ਼ਵਾਸ਼ਾ। ਲਰਿਬੇ ਲਗਯੋ ਰਾਜ ਧਰਿ ਆਸ਼ਾ। ਨਤੁ ਮੈਂ ਕਹਾਂ ਕਹਾਂ ਮਮ ਭਾਈ। ਜਿਹ ਸਮੀਪ ਸਗਰੀ ਪ੍ਰਭੁ-ਤਾਈ[੧੦] ॥ ੧੩ ॥ ਅਰਯੋ ਲਰਯੋ ਅਬਿ ਲੌ ਅਗਵਾਈ। ਸਤਿਗੁਰ ਭਏ-ਨ ਆਨਿ ਸਹਾਈ। ਅਸ ਨਹਿਂ ਹੋਹਿ ਦਲੇਰੀ ਦੇਕੈ। ਮੁਝ ਮਰਿਵਾਵੈਂ ਜੰਗ ਕਰੈਕੈ ॥ ੧੪ ॥ ਪਿਤਾ ਖੁਟਾਈ ਮੋ ਪਰ ਲਯਾਵੈਂ। ਰੱਛਾ ਹੇਤੁ ਨ ਧਾਂਤੇ ਆਵੈਂ।ਹਾਥ ਜੋਰਿ ਅਰਦਾਸ ਕਰੀਜੈ।-ਪਹੁੰਚਹੁ ਗੁਰੂ!ਦਾਸ ਲਖਿ ਲੀਜੈ-' ॥੧੫ ॥ ਧਰਮ ਸਿੰਘ ਕਹਿ ਧੀਰਜ ਦੀਨਾ। 'ਬਨਹੁ ਸਚੇਤ ਨ ਕਰਿ ਮਨ ਦੀਨਾ। ਪਰਯੋ ਭੀੜ ਗਾਢੋ ਜਬਿ ਆਇ। ਤਤਛਿਨ ਹੁੈਂ ਸਤਿਗੁਰੂ ਸਹਾਇ ॥ ੧੬ ॥ ਕਪਟ ਨ ਕਰਹਿਂ ਦਾਸ ਕੇ ਸੰਗ। ਜਯੋਂ ਕਯੋਂ ਤੋਹਿ ਜਿਤਾਵੈਂ

[੧]ਪ੍ਰਾਣ ਪਿਆਰੇ ਕੀਤੇ ਨੇ ਕਿ ਉਸ (ਮੇਰੇ ਵੈਰੀ) ਨਾਲ ਮਿਲ ਗਏ ਹੋ, [੨]ਦੇਖੋ ਉਹ ਥੋੜੇ ਹੀ (ਹਨ, ਫੇਰ) ਦਬਾਈ ਆਂਵਦੇ ਹਨ। [੩]ਹਾਥੀ ਤੰਦੂਏ ਹਨ ਮਾਨੋਂ। [੪]ਘੋੜੇ ਮੱਛਾਂ ਵਾਂਗ ਹਨ। [੫]ਸਮੂਹ ਧੁਖਦੇ ਪਲੀਤੇ ਮਾਨੋਂ ਬੜਵਾ ਅਗਨੀ ਹੈ। [੬]ਸਮੂਹ ਤਲਵਾਰਾਂ ਛੋਟੀਆਂ ਮੱਛੀਆਂ ਹਨ। [੭]ਮ੍ਰਿਯਾਦਾ ਰੂਪ ਕਿਨਾਰਿਆਂ ਨੂੰ ਤਿਆਗਕੇ। [੮](ਫੌਜ ਦਾ ਧਾਵੇ ਵਿਚ) ਬਹੁਤਾ (ਉਮਡ ਪੈਣਾ ਐਉਂ ਹੈ ਮਾਨੋਂ) ਬੜੇ ਬੇਗ ਨਾਲ ਜਲ ਫੈਲ ਗਿਆ ਹੈ। [ਜ਼ਾਲਾ ਤੋਂ ਏਥੇ ਮੁਰਾਦ 'ਜਲ' ਹੈ]। [੯](ਦੂਜੇ ਪਾਸੇ ਦਾ) ਬਹੁਤ (ਲਸ਼ਕਰ) ਦੇਖਕੇ ਦਿਲ ਵਿਚ ਡਰਿਆ। [੧੦]ਐਸ਼੍ਵਰਜ। ਮਾਲਕੀ।

*ਪਾ:-ਉਠ।

ਜੈਗ'। ਕਹ੍ਯੋ ਸ਼ਾਹੁ 'ਅਬਿ ਸਮੈਂ ਸਹਾਇ। ਨਤੁ ਅਬਿ ਡੇਰਾ ਲੂਟ ਕਰਿ ਜਾਇ॥ ੧੭ ॥ ਦੇਖਹੁ ਪਰ੍ਯੋ ਜੋਰ ਅਬਿ ਰਨ ਕੋ। ਘਟਾ ਮਨਿੰਦ ਹੋਲ ਸੁਭਟਨ ਕੋ। ਤਾਰਾ ਆਜ਼ਮ ਬੀਚ ਖਰੋਵਾ। ਉਮਰਾਵਨ ਪਰ ਕ੍ਰੁੱਧਤਿ ਹੋਵਾ ॥ ੧੮ ॥ ਕਿਮ ਅਟਕਹਿ ਮਮ ਚਮੂੰ ਬਿਚਾਰੀ। ਜਿਮ ਆਟੇ ਮਹਿਂ ਲਵਣ ਬਿਚਾਰੀ। ਅਬਿ ਜੇ ਹੋਹਿ ਪਲਾਇਨ ਸੈਨਾ। ਬਹੁਰ ਉਪਾਇ ਬਨਤ ਕਿਮ ਹੈ ਨਾ॥੧੯॥ਕਰਿ ਅਰਦਾਸ ਜੁਗਮ ਕਰ ਜੋਰਿ।ਪ੍ਰਭੁ ਜੀ ਪਹੁੰਚਹਿੰਘਾਲ ਹੈ ਜ਼ੋਰ। ਤਾਰਾ ਆਜ਼ਮ ਕੋ ਸੰਘਾਰੈਂ। ਸਭਿ ਉਮਰਾਵ ਹੇਰਿ ਕੌਰਿ ਹਾਰੈਂ' ॥ ੨੦ ॥ ਧਰਮ ਸਿੰਘ ਅਰਦਾਸ ਬਖਾਨੀ। 'ਸ੍ਰੀ ਗੁਰ ! ਰੱਛਾ ਸਮੈਂ ਮਹਾਨੀ। ਸੇਵਕ ਜਾਨਹੁੰ ਬਨਹੁ ਸਹਾਇ। ਬਿਰਦ ਸੰਭਾਰਹੁ ਆਪਨ ਆਇ' ॥ ੨੧ ॥ ਇਮ ਕਹਿ ਮਸਤਕ ਦੁਊ ਨਿਵਾਏ। ਸ਼ਾਹੁ ਰਿਦੇ ਬਡ ਚਿੰਤ ਉਪਾਏ।ਇਤ ਉਤ ਸਭਿ ਦਿਸ਼ਿ ਦ੍ਰਿਸ਼ਟਿ ਚਲਾਵੈਂ। ਹਮਲਾ ਕਰ੍ਯੋ ਚਢ੍ਯੋ ਦਲ ਆਵੈ ॥੨੨॥ ਸਨੈ ਸਨੈ ਦਲ ਹਟਤਿ ਪਲਾਵੈ। ਤਯੋਂ ਤ੍ਯੋਂ ਸੰਸ਼ੈ ਬਹੁ ਉਪਜਾਵੈ। ਨਿਸ਼ਚੈ ਕਰਤਿ–ਆਜ ਨਹਿਂ ਬਚੌਂ। ਸੰਘਰ ਮਚ੍ਯੋ ਬੀਚ ਹੀ ਪਚੌਂ ॥ ੨੩ ॥ ਮੋਹਿ ਆਸ ਸਤਿਗੁਰ ਇਕ ਕੇਰੀ। ਪਹੁੰਚਹਿ ਲਾਜ ਨਿਬਾਹੈਂ ਮੇਰੀ–। ਬਾਰ ਬਾਰ ਸਿਮਰਨ ਉਰ ਧਰੇ। ਬਾਰਿ ਬਾਰਿ ਬੰਦਨ ਕੋ ਕਰੇ ॥ ੨੪ ॥ ਚਲੀ ਸ਼ਿਕਸਤ ਖਾਇ ਅਬਿ ਸੈਨਾ। ਰਿਪੁਨ ਬਿਲੋਕਿ ਰਿਦੇ ਧ੍ਰਿਤ ਹੈ ਨਾ। ਇਤਨੇ ਮਹਿਂ ਗੁਰ ਦਈ ਦਿਖਾਈ। ਸੰਗ ਸ਼ਹੀਦਨ ਦਲ ਸਮੁਦਾਈ ॥ ੨੫ ॥ ਬ੍ਰਿੰਦ ਨਿਸ਼ਾਨਨ ਫਰਰੇ ਛੂਟੇ। ਏਕੈ ਬਾਰਿ ਬਾਜ ਜਨੁ ਟੂਟੈ[1]। ਧਰਮ ਸਿੰਘ ਅਵਿਲੋਕਤਿ ਬੋਲਾ। 'ਪਿਖਹੁ ਸ਼ਾਹੁ ਤ੍ਰਸਾ-ਗਹੁ ਉਰ ਹੌਲਾ ॥ ੨੬ ॥ ਦਰਸ਼ਨ ਕਰਹੁ ਨਮੋ ਕਰ ਜੋਰਿ। ਸੰਗ ਸ਼ਹੀਦਨ ਕੋ ਦਲ ਜੋਰਿ। ਧਨੁਖ ਬਾਨ ਕਰ ਧਾਰਨ ਕਰੇ। ਸੰਘਰ ਬਿਖੈ ਪ੍ਰਬਲਤਾ ਭਰੇ' ॥੨੭॥ ਮਨਹੁ ਕਰਨ ਮਹਿਂ ਅੰਮ੍ਰਿਤ ਪਾਯੋ। ਪ੍ਰਾਨ ਹਾਨ ਤੇ ਤੁਰਤ ਜਿਵਾਯੋ। ਸ੍ਰੀ ਗੁਰ ਗੋਬਿੰਦ ਸਿੰਘ ਹਠੀਲਾ। ਦਰਸ਼ਨ ਕਰ੍ਯੋ ਬਿਸਾਲ ਛਬੀਲਾ॥ ੨੮॥–ਧਨੁਖ ਪਨਚ ਧਰਿ ਸੰਧੇ ਤੀਰ। ਮਾਰ੍ਯੋ ਚਹੈਂ ਰਿਪਹਿਂ ਬਰ ਬੀਰ। ਲਗੀ ਕਾਨ ਚੁਟਕੀ ਇਕ ਕਰ ਕੀ[2]। ਦੂਤੀ ਮੁਸ਼ਟ, ਤਾਕ੍ਯੋ ਦਿਸ਼ਿ ਅਰਿ ਕੀ[3]॥੨੯॥ ਛੋਟੀ ਛਾਲਨ ਉਛਲਤਿ ਘੋਰਾ।

[1]ਭਾਵ ਸ਼ਹੀਦ ਐਸੇ ਪਏ ਜਿਵੇਂ ਬਾਜ ਛੁੱਟਕੇ ਪੈਂਦੇ ਹਨ। [2]ਇਕ ਹੱਥ ਦੀ ਚੁਟਕੀ ਕੰਨ ਨੂੰ ਜਾ ਲਗੀ ਹੈ। [3]ਦੂਜੇ ਹੱਥ ਧਨੁਖ ਦੀ ਮੁੱਠ (ਫੜੀ ਹੈ ਤੇ) ਦੁਸ਼ਮਨ ਵਲ ਤੱਕਦੇ ਹਨ।

ਚਲਯੋ ਜਾਤਿ ਆਜ਼ਮ ਕੀ ਓਰਾ–। ਏਕ ਬਾਰਿ ਇਮ ਦਈ ਦਿਖਾਈ। ਜਿਮ ਤੜਿਤਾ ਦਮਕਤਿ ਦੁਰਿ ਜਾਈ[1] ॥ ੩੦ ॥ ਭਏ ਪ੍ਰਵੇਸ਼ ਜੰਗ ਜਹਿਂ ਭਾਰੀ। ਤੁਪਕ ਤੋਪ ਛੂਟਤਿ ਬਿਸੁਮਾਰੀ[2]। ਅੰਧ ਧੁੰਧ ਬਹੁ ਧੂਰ ਉਡਾਈ। ਢਾਂਪਯੋ ਰਵਿ ਕੁਛ ਦੈ ਨ ਦਿਖਾਈ ॥ ੩੧ ॥ ਦਾਰੁਣ ਸ਼ਬਦ ਹੋਤਿ ਦਿਸ਼ਿ ਦੋਇ। ਸੁਨੀਅਤਿ ਨਹੀਂ ਕਹੈ ਕਿਛ ਕੋਇ। ਕੋਸਨ ਲਗਿ ਪਸਰੇ ਦਲ ਲਰਤੇ। ਜੀਤ ਪਰਸਪਰ ਬਾਂਛਤਿ ਅਰਿ ਤੇ ॥ ੩੨ ॥ ਕੁੰਜਰ ਪੁੰਜ ਘਟਾ ਸਮ ਠਾਂਢੇ। ਚਢਿ ਉਮਰਾਵ ਪਿਖਹਿਂ ਰਣ ਗਾਢੇ। ਹਾਥਨ ਬਿਖੈ ਸ਼ਸਤ੍ਰ ਕੋ ਧਾਰੇਂ। ਕਰਹਿਂ ਪ੍ਰਹਾਰਨਿ ਬੀਰ ਜੁਝਾਰੇ ॥ ੩੩ ॥ ਤਾਰਾ ਆਜ਼ਮ ਬੀਚ ਤਿਨਹੁਂ ਕੇ। ਅਤਿ ਪ੍ਰਿਯ ਉਰ ਬਿਸ਼ਵਾਸ ਜਿਨਹੁਂ ਕੇ[3]। ਸਹਿਤ ਸ਼ਹੀਦਨ ਸਤਿਗੁਰ ਗਏ। ਵਾਰ ਕਰਤਿ ਇਕ ਬਾਰੀ ਭਏ ॥ ੩੪ ॥ ਗੁਰ ਕਰ ਕੋ ਸਰ ਦ੍ਵੈ ਛੁਟਿ ਚਾਲੇ। ਭਰੇ ਬੇਗ ਕੇ ਸ਼ੂੰਕ ਬਿਸਾਲੇ। ਭੀਖਨ ਤੀਖਨ ਨਾਗ ਕਰਾਲਾ। ਤਾਰਾਆਜ਼ਮ ਕੇ ਲਗਿ ਭਾਲਾ ॥ ੩੫ ॥ ਬਰਮੀ ਸਮ ਪ੍ਰਵੇਸ਼ ਸਭਿ ਹੋਏ। ਬਾਹਰ ਫੋਕ ਸੁ ਮੁਖ ਦਿਖਿ ਦੋਏ[4]। ਮਨਹੁਂ ਅਨਾਰਕਲੀ ਜੁਗ ਸੋਹੈਂ[5]। ਕੈ ਮੁਖ ਅਲਪ ਸਾਰਕਾ ਦੋਹੈਂ[6] ॥ ੩੬ ॥ ਗਜ ਤੇ ਤਤਛਿਨ ਹੀ ਛਿਤ ਪਰਯੋ। ਰਿਪੁਨਿ ਪਰਾਜੈ ਬਾਂਛਤਿ ਮਰਯੋ। ਪਦਵੀ ਬੀਰਨ ਕੀ ਸ਼ੁਭ ਪਾਏ। ਗੁਰ ਕਰ ਤੇ ਮਰਿ ਭਿਸਤ ਸਿਧਾਏ ॥ ੩੭ ॥ ਚੌਦਾਂ ਕੁੰਚਰ ਕੇ ਉਮਰਾਵੇ। ਆਜ਼ਮ ਸਾਥ ਗਿਰੇ ਰਣ ਥਾਵੇਂ। ਸ਼ਸਤ੍ਰ ਸ਼ਹੀਦਨਿ ਕਰ ਕੇ ਲਾਗੇ। ਗਏ ਭਿਸਤ ਕੋ ਪ੍ਰਾਨਨ ਤਯਾਗੇ ॥ ੩੮ ॥ ਅਪਰ ਸੁਭਟ ਸੈਂਕਰ ਹੀ ਘਾਏ। ਗਿਰੇ ਬਾਰਿ ਇਕ ਪ੍ਰਾਨ ਗਵਾਏ। ਹਾਹਾਕਾਰ ਬੀਰ ਲਸ਼ਕਰ ਕੇ। ਆਜ਼ਮ ਗਿਰਯੋ ਮਰਯੋ ਲਖਿ ਕਰਿਕੈ ॥ ੩੯ ॥ ਜੋ ਉਮਰਾਵ ਬਚੇ ਤਿਸ ਕਾਲਾ। ਲਸ਼ਕਰ ਮੋਰਯੋ ਲਰਤਿ ਕਰਾਲਾ। ਸਨੇ ਸਨੈ ਹਟਿ ਪਾਛੈ ਗਏ। ਤੂਸ਼ਨਿ ਜਾਇ ਉਤਰਤੇ ਭਏ ॥ ੪੦ ॥ ਆਪਹੁਂ ਅਪਨੇ ਦੂਤ ਪਠਾਏ। ਜਾਇ ਬਹਾਦਰ ਸ਼ਾਹੁ ਸੁਨਾਏ। 'ਤਾਰਾਆਜ਼ਮ ਰਣ ਮਹਿਂ ਗਿਰਯੋ। ਨਹੀਂ ਸੰਭਾਰ ਸ਼ਸਤ੍ਰ ਤੇ ਮਰਯੋ'' ॥ ੪੧ ॥ ਸੁਨਤਿ ਅਨੰਦਯੋ ਸਕਲ ਬੁਲਾਏ। ਮਿਲੇ ਆਨਿ ਕਰਿ

---

[1]ਚਮਕਕੇ ਲੁਕ ਜਾਂਦੀ ਹੈ। [2]ਬੇਗਿਣਤ। [3]ਅਤਿ ਪਿਆਰੇ ਤੇ ਰਿਦੇ ਵਿਚ ਜਿਨ੍ਹਾਂ ਉਮਰਾਵਾਂ ਤੇ ਵਿਸ਼੍ਵਾਸ਼ ਹੈ। [4]ਦੋਹਾਂ (ਤੀਰਾਂ) ਦੀਆਂ (ਇਕ ਪਾਸੇ) ਬਾਹਰ ਬਾਗੜਾਂ ਤੇ (ਦੂਜੇ ਪਾਸੇ) ਮੁਖੀਆਂ ਦਿੱਸਦੀਆਂ ਹਨ। [5]ਅਨਾਰ ਦੀਆਂ ਦੋ ਕਲੀਆਂ ਸ਼ੋਭ ਰਹੀਆਂ ਹਨ। [6]ਅਥਵਾ ਦੋ ਛੋਟੀਆਂ ਸਾਰਕਾਂ ਦੇ ਦੋ ਮੂੰਹ ਹਨ। [7]ਪਤਾ ਨਹੀਂ ਲਗਦਾ (ਕਿ ਕਿਸਦੇ) ਸ਼ਸਤ੍ਰ ਨਾਲ ਮਰਿਆ ਹੈ। (ਅ) ਸ਼ਸਤ੍ਰ (ਜਿਸ ਨਾਲ) ਮਰਿਆ ਹੈ (ਉਸ ਅੱਗੇ) ਆਪਾ ਸੰਭਲ ਨਾ ਸਕਿਆ।

ਸੀਸ ਨਿਵਾਇ। ਖੋਜਨ ਗਯੋ ਬਹਾਦਰ ਸ਼ਾਹੂ। ਜਹਾਂ ਪਰਯੋ[1] ਦੀਰਘ ਰਣ ਮਾਂਹੂ ॥ ੪੨ ॥ ਦੇਖਤਿ ਤੀਰ ਭਾਲ ਨਿਕਸਾਇ। ਜੋ ਕੰਚਨ ਤੇ ਲਿਪਤ ਸੁਹਾਇ।ਸੋ ਨਿਜ ਨਿਕਟ ਸੰਭਾਰਨਕਰੇ। ਹੇਤੁ ਪਰਖਬੇ-ਕਿਨ ਪਰਹਰੇ[2]- ॥੪੩॥ਤਿਹ ਦਫਨਾਇ ਹਰਖ ਕੌ ਮਾਨਾ। ਮਨਹੁੰ ਰੰਕ ਭਾ ਇੰਦ੍ਰ ਸਮਾਨਾ॥ ਲਸ਼ਕਰ ਮਿਲਯੋ ਆਨਿ ਕਰਿ ਸਾਰੋ। ਦੇ ਧੀਰਜ ਸਕਲ ਸੰਭਾਰੋ ॥੪੪॥ ਪੂਰਬ ਸਮ ਹੀ ਮਨਸਬ ਪਾਇ। ਦਾਨ ਮਾਨ ਦੈ ਸਭਿ ਅਪਨਾਇ। ਡੇਰਾ ਕਰਯੋ ਜੰਗ ਕੀ ਧਰਨੀ। ਸਿਫਤ ਖ਼ੁਦਾਇ ਅਲਹ ਕੀ ਬਰਨੀ ॥ ੪੫ ॥ 'ਅਹੋ ਸ਼ੁਕਰ ਤੇਰੀ ਦਰਗਾਹ। ਦੀਨ ਦੇਖਿ ਕੀਨਸਿ ਪਤਿਸ਼ਾਹ'। ਧਰਮ ਸਿੰਘ ਕੋ ਸਾਦਰ ਪਾਸ। ਕਰਯੋ ਬਿਠਾਵਨਿ ਬਾਕ ਪ੍ਰਕਾਸ਼ ॥ ੪੬ ॥ 'ਧੰਨ ਗੁਰੂ ਮਮ ਮਦਤਿ ਨਿਬਾਹੀ। ਪੂਰਨ ਬਾਕ, ਦਈ ਪਤਿਸ਼ਾਹੀ'। ਪੁਨ ਸਗਰੇ ਉਮਰਾਵ ਬੁਲਾਇ। ਜਿਤਿਕ ਸਭਾਸਦ ਸੇ ਚਲਿ ਆਇ ॥ ੪੭ ॥ ਦੋਨਹੁੰ ਤੀਰ ਦਿਖਾਵਨਿ ਕਰੇ। 'ਇਹ ਕਿਸਕੇ ਤਰਕਸ਼ ਮਹਿ ਭਰੇ'। ਬੋਲੇ ਬਹੁ ਬਢਾਇ ਕਰਿ[3] ਤਬੈ। 'ਇਹ ਮੇਰੇ ਕਰ ਕੇ ਲਗਿ ਜਬੈ' ॥ ੪੮ ॥ ਅਪਰ ਕਹੈ 'ਮੈਂ ਐਂਚਿਤ ਮਾਰੇ'। ਤ੍ਰਿਤੀ ਕਹੈ ਮੈਂ 'ਸਮੁਖ ਪ੍ਰਹਾਰੇ'। ਸਭਿ ਤੇ ਲੇ ਕਰਿ ਤਿਨਹੁ ਮਿਲਾਇ। ਕਿਮ ਸੋ ਮਿਲਹਿਂ ਨ ਸਮਤਾ ਪਾਇ ॥੪੯॥ ਜਾਨੈ ਸ਼ਾਹੁ ਭੇਵ ਤਿਨ ਸਾਰਾ। ਤੁਰਕਨ ਤੇ ਭੈ ਧਰਿ ਨ ਉਚਾਰਾ। 'ਇਹ ਤੌ ਤੀਰ ਅਜਾਇਬ ਅਹੈਂ। ਨਹਿਂ ਕਿਹ ਤਰਕਸ਼ ਕੇ[4] ਸਭਿ ਲਹੈਂ ॥੫੦॥ ਕੇਤਿਕ ਕਹੈਂ 'ਫਰਿਸ਼ਤੇ ਆਇ। ਤੁਮ ਸਹਾਇਤਾ ਹਿਤ ਸਮੁਦਾਇ। ਅਜ਼ਗੈਬੀ ਦਲ[5] ਮਾਰਤਿ ਹੇਰਾ। ਕਰਯੋ ਪ੍ਰਤਾਪ ਖ਼ੁਦਾਇ ਬਡੇਰਾ' ॥੫੧॥ ਸੁਨ ਪਿਖਿ ਕਰਿ ਸਭਿ ਹ੍ਵੈ ਬਿਸਮਾਦੇ। ਸਲਤਨ ਪਾਇ ਸ਼ਾਹੁ ਅਹਿਲਾਦੇ। ਭਈ ਸ਼ਾਂਤਿ ਸਭਿ ਮਿਟਯੋ ਬਖੇਰਾ। ਇਸ ਕਾਰਨ ਤੇ ਹਰਖ ਬਡੇਰਾ॥੫੨॥

ਇਤਿਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼ਾਹਜੰਗ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਰਾਰਿੰਸਤੀ ਅੰਸੂ॥੪੨॥

੪੩. [ਦਿੱਲੀ ਵਿਖੇ ਜਾਣਾ ਤੇ ਮਾਤਾ ਸੁੰਦਰੀ ਜੀ ਨੂੰ ਓਥੇ ਰਹਿਣ ਲਈ ਕਹਿਣਾ]।

ਦੋਹਰਾ ॥ ਕੇਤਿਕ ਦਿਵਸ ਬਿਤਾਇਕੈ ਧਰਮ ਸਿੰਘ ਬੁਲਵਾਇ। ਸਾਦਰ ਸ਼ਾਹੁ ਬਹਾਦਰਾ ਸਭਿ ਬਿਧਿ ਤਿਹ ਸਮੁਝਾਇ॥ ੧ ॥ ਚੌਪਈ ॥ ਮੈਂ ਅਬਿ ਜਾਉਂ ਆਗਰੇ ਨਗਰੈ। ਕਰਹੁੰ ਸੰਭਾਰਨਿ ਲਸ਼ਕਰ ਸਗਰੈ। ਤਹਾਂ ਬੈਠਿ ਕਰਿ ਲੈਬੋ ਦੈਬੋ। ਸਭਿ ਸੂਬਨ ਸਭਿ ਥਾਨ ਪਠੈਬੋ ॥੨॥ ਤੁਮ ਅਬਿ ਜਾਇ

[1] ਪਿਆ ਸੀ (ਤਾਰਾ)। [2] ਕਿਸ ਨੇ ਮਾਰੇ ਹਨ (ਇਹ ਤੀਰ)। [3] ਹੰਕਾਰ ਕਰਕੇ। [4] ਕਿਸੇ ਦੇ ਭੱਥੇ ਦੇ ਨਹੀਂ। [5] ਗੁਪਤ ਤੋਂ ਆਇਆ ਦਲ।

ਕ੍ਰਿਪਾ ਨਿਧਿ ਪਾਸੀ। ਕਲਹੁ ਫਤੇ ਕੀ ਬਾਤ ਪ੍ਰਕਾਸ਼ੀ। ਮੋਹਿ ਬੰਦਗੀ ਜਾਇ ਸੁਨਾਵਹੁ। ਕਰਿ ਬਿਨਤੀ ਪੁਰਿ ਕੋ ਲੇ ਆਵਹੁ ॥ ੩ ॥ ਅਪਨਾ ਜਾਨਹੁੰ ਦਰਸ ਦਿਖਾਵਹੁ। ਬਿਨਾ ਬਿਲਮ ਇਤ ਮਗ ਪਗ ਪਾਵਹੁ'। ਸਿਰੋਪਾਉ ਪੰਚਨ ਕੋ ਦੀਨੋ।ਚਲੇ ਸਿੰਘ ਜਿਤ ਗੁਰੂ ਪ੍ਰਬੀਨੇ ॥੪॥ ਦਿੱਲੀ ਪੁਰਿ ਕੈ ਮਗ ਚਲਿ ਆਏ। ਮਿਲਯੋ ਧਰਮ ਸਿੰਘ ਸੀਸ ਨਿਵਾਏ। ਸਨਮੁਖ ਬੈਠਯੋ ਜੁਗ ਕਰ ਜੋਰੇ। ਸ਼੍ਰੀ ਮੁਖ ਭਨਯੋਂ ਹੇਰਿ ਇਨ ਓਰੇ ॥੫॥ 'ਹੋਇ ਸੁ ਜਿਮ ਸੁਲ-ਤਾਨੀ ਜੰਗ[1]। ਬਿਜੈ ਪਰਾਜੈ ਕਹਹੁ ਪ੍ਰਸੰਗ'। ਧਰਮ ਸਿੰਘ ਸੁਨਿ ਤਬੈ ਉਚਾਰੀ। 'ਜਾਨਤਿ ਆਪ ਜਗਤ ਗਤਿ ਸਾਰੀ॥੬॥ਬਿਦਤ ਗੁਪਤ ਜੇਤਿਕ ਸਭਿ ਜਾਨੋਂ। ਪ੍ਰਭੁ ਜੀ ! ਤੁਮ ਤੇ ਕਹੂੰ ਨ ਛਾਨੋਂ। ਸਰਬ ਚਰਿਤ ਕੇ ਕਰਨੇ ਹਾਰੇ।ਕਰਮ ਕਰਤਿ ਭੀ ਰਹਹੁ ਨਿਆਰੇ॥੭॥ ਆਇਸੁ ਤੇ ਹਮ ਕਹੈਂ ਸੁਨਾਏ। ਦੁਹਦਿਸ਼ਿ ਤੇ ਲਸ਼ਕਰ ਉਮਡਾਏ। ਤੋਪ ਤੁਪਕ ਤੇ ਭਾ ਰਣ ਗਾਢੋ। ਹੋਤਿ ਪਰਾਜੈ ਹੇਰਤਿ ਠਾਂਢੋ ॥੮॥ ਦੀਨ ਹੋਇ ਕੈ ਬਹੁ ਘਿਘਿਆਯੋ। ਤਬਿ ਰਾਵਰ ਨੇ ਦਰਸ਼ ਦਿਖਾਯੋ। ਤਾਰਾ ਆਜ਼ਮ ਤੁਰਤ ਸੰਘਾਰਾ। ਬਜਯੋ ਬਿਜੈ ਕੋ ਤਬੈ ਨਗਾਰਾ ॥੯॥ ਆਨਿ ਮਿਲੇ ਸੂਬੇ ਸਮੁਦਾਏ। ਸ਼ਾਹੁ ਬਹਾਦਰ ਸਲਤਨ ਪਾਏ।ਹਮ ਕੋ ਰੁਖ਼ਸਦ ਕਰੇ ਪਠਾਏ। ਤੁਮ ਕੋ ਬਹੁਤ ਬੰਦਗੀ ਗਾਏ[2] ॥੧੦॥ –ਥਿਰੋਂ ਆਗਰੇ ਨਗਰ ਮਝਾਰ। ਤਿਹ ਦਰਸ਼ਨ ਕਰਿ ਦੇਹਿੰ ਉਦਾਰ[3]–'। ਸੁਨਿ ਕੈ ਸ਼੍ਰੀ ਪ੍ਰਭੁ ਕੂਚ ਕਰੰਤੇ। ਦਿੱਲੀ ਪੁਰਿ ਦਿਸ਼ਿ ਕੋ ਗਮਨੰਤੇ ॥ ੧੧ ॥ ਨਗਰ ਗ੍ਰਾਮ ਬਨ ਸੈਲ ਬਿਸਾਲੇ। ਕਰਤਿ ਜਾਤਿ ਸ਼੍ਰੀ ਪ੍ਰਭੁ ਸੁਖ ਨਾਲੇ। ਨਿਕਟ ਰਹਯੋ ਪੁਰਿ ਸੁਨਿ ਸੁਧ ਸਾਰੀ। ਆਈ ਚਲਿ ਸਤਿਗੁਰ ਅਸਵਾਰੀ ॥ ੧੨ ॥ ਸੁਨਿ ਸਿੱਖਨ ਮਨ ਉਪਜਯੋ ਚਾਉ। ਦਰਸ਼ਨ ਹੇਤੁ ਚਲੇ ਅਗਵਾਉ। ਕੇਤਿਕ ਗਾਡੀ ਪਰ ਚਢਿ ਧਾਏ। ਕੋ ਸਯੰਦਨ ਪਰ ਚਢੇ ਭੁਜਾਏ ॥ ੧੩ ॥ ਕਿਤਿਕ ਤੁਰੰਗਨਿ ਪਰ ਚਢਿ ਚਾਲੇ। ਘਨੇ ਪਦਾਤੀ ਭਾਉ ਬਿਸਾਲੇ। ਅਨਿਕ ਅਕੋਰਨ ਕੌ ਕਰ ਧਾਰੇ। ਮਿਲੇ ਜਾਇ ਮਾਰਗ ਅਗਵਾਰੇ ॥ ੧੪ ॥ ਦਰਸ਼ਨ ਕਰਿ ਕਰਿ ਭਾਉ ਧਰੰਤੇ। ਚਰਨ ਸਰੋਜਨ ਸੀਸ ਰਖੰਤੇ। ਬਸਤ੍ਰ ਬਿਭੂਖਨ ਦਰਬ ਉਦਾਰਾ। ਅਰਪਹਿਂ ਪ੍ਰਭੁ ਕੋ ਕਈ ਹਜ਼ਾਰਾ ॥ ੧੫ ॥ ਸਭਿ ਕੀ ਕਰੀ ਭਾਵਨਾ ਪੂਰੀ। ਕ੍ਰਿਪਾ ਦ੍ਰਿਸ਼ਟਿ

[1]ਪਾਤਸ਼ਾਹੀ ਜੰਗ। [2]ਬਾਦਸ਼ਾਹ ਨੇ ਬਹੁਤ ਬੇਨਤੀ ਕੀਤੀ ਹੈ। [3]ਸ੍ਰੇਸ਼ਟ ਦਰਸ਼ਨ ਏਥੇ (ਆਗਰੇ ਵਿਖੇ) ਦਿਓ।

ਅਵਲੋਕਤਿ ਰੂਰੀ। ਜਮਨਾ ਪਾਰ ਕਰਯੋ ਪ੍ਰਭੁ ਡੇਰਾ। ਲਗਯੋ ਦਿਵਾਨ ਖਾਲਸੇ ਕੇਰਾ॥੧੬॥ ਆਵਹਿਂ ਜਾਹਿਂ ਨਗਰ ਨਰ ਨਾਰੀ। ਗੁਰ ਮੂਰਤਿ ਪਰ ਹ੍ਵੈਂ ਬਲਿਹਾਰੀ। ਇਕ ਦਿਨ ਡੇਰਾ ਗੁਰੂ ਟਿਕਾਯੋ। ਪੁਨ ਕਰ ਜੋਰਿ ਸਿੱਖ ਗਨ ਆਯੋ॥੧੭॥ ਬੈਠੇ ਗੁਰ ਢਿਗ ਬੰਦਨ ਕੀਨਿ। ਖੁਸ਼ੀ ਕਰੀ ਸਭਿ ਪਰ ਸੁਖ ਲੀਨ। ਸ੍ਰੀ ਮੁਖ ਤੇ ਆਇਸੁ ਫੁਰਮਾਈ। 'ਹਮ ਕੋ ਦਿੱਲੀ ਦੇਹੁ ਦਿਖਾਈ॥੧੮॥ ਕਿਲਾ ਬਜ਼ਾਰ ਆਦਿ ਸਭਿ ਥਾਨ। ਸੁੰਦਰਤਾ ਸੁਨੀਅਤਿ ਬਹੁ ਕਾਨ'। ਸੁਨਿਕੈ ਸਿੱਖਨ ਕੀਨਿ ਸਲਾਹੂ। 'ਅਸਮੰਜਸ ਹਮ ਕੋ ਇਸ ਮਾਂਹੂ॥ ੧੯॥ ਸੱਯਦ ਮੁਗ਼ਲ ਪਠਾਨ ਹਜ਼ਾਰੇ। ਜੰਗ ਕਰਤਿ ਸਤਿਗੁਰ ਨੇ ਮਾਰੇ। ਕਿਸ ਕੋ ਪੁੱਤ੍ਰ ਭਤੀਜਾ ਭ੍ਰਾਤਾ। ਪੁਰਿ ਮਹਿਂ ਬਾਸੈ ਕਿਸਹੁੰ ਜਮਾਤਾ॥ ੨੦॥ ਇੱਤ੍ਯਾਦਿਕ ਸਨਬੰਧੀ ਘਨੇ। ਜਿਨ ਕੇ ਰਣ ਮਹਿਂ ਸਤਿਗੁਰ ਹਨੇ। ਸੋ ਉਰ ਕ੍ਰੋਧਹਿਂ ਜਬਹਿ ਨਿਹਾਰਹਿਂ। ਹ੍ਵੈ ਕਰਿ ਇਕਠੇ ਸ਼ਸਤ੍ਰ ਪ੍ਰਹਾ-ਰਹਿਂ॥ ੨੧॥ ਅਵਰੰਗ ਮਰਯੋ, ਪੁੱਤ੍ਰ ਤਿਸ ਕੇਰਾ। ਹੋਯਹੁ ਨਹੀਂ ਪ੍ਰਤਾਪ ਅਛੇਰਾ[੧]। ਨਹਿਂ ਕ੍ਰੈ ਧਰਿ ਹੈਂ ਮਰਹਿਂ ਕਿ ਮਾਰਹਿਂ। ਛਿੜਹਿ ਜੰਗ ਤਬਿ ਕੋ ਹਟਕਾਰਹਿ॥ ੨੨॥ ਯਾਂਤੇ ਪ੍ਰਭੁ ਕੋ ਤਰੀ ਚਢਾਵਹੁ। ਸ੍ਰੀ ਜਮਨਾ ਬਿਚ ਕੋ ਲੇ ਜਾਵਹੁ। ਨਿਕਟਿ ਨਿਕਟਿ ਕੇ ਸਗਲ ਮਕਾਨਾ। ਤਹਾਂ ਬਤਾਵਹੁ ਪਿਖਹੁ ਮਹਾਨਾ'॥ ੨੩॥ ਇਮ ਮਸਲਤ ਕਰਿ ਸਭਿ ਦਿਲਵਾਲੀ। ਮੰਗਵਾਈ ਇਕ ਨਾਉ ਬਿਸਾਲੀ। ਔਰ ਸੰਗ ਕੇਤਿਕ ਮੰਗਵਾਈ। ਕਹਿ ਕਰਿ ਸਤਿਗੁਰ ਲਏ ਚਢਾਈ॥ ੨੪॥ ਸਨੇ ਸਨੇ ਸਭਿ ਤਰੀ ਚਲਾਈ। ਪੁਰਿ ਕੇ ਨਿਕਟ ਤਰਤਿ ਜਬਿ ਆਈ। ਦੂਰਬੀਨ ਪ੍ਰਭੁ ਕੋ ਗਹਿਵਾਈ। ਲਗੇ ਬਤਾਵਨਿ ਥਲ ਸਮੁਦਾਈ॥ ੨੫॥ 'ਸ੍ਰੀ ਸਤਿਗੁਰੂ! ਬਜ਼ਾਰ ਬਿਸਾਲਾ[੨]। ਲਾਲ ਦੁਰਗ ਲਗਿ ਹਾਟਨ ਮਾਲਾ[੩]। ਮਹਿਜਿਤ ਜੁਮਾ[੪] ਖਰੀ ਇਹ ਦੀਖੀ। ਅਤਿ ਸੁੰਦਰ ਸੁਰਪੁਰੀ ਸਰੀਖੀ॥ ੨੬॥ ਪਾਹਨ ਲਾਲ ਲਗਯੋ ਇਹ ਸਾਰੋ। ਬਹੁ ਧਨ ਦੇ ਕਰਿ ਦੁਰਗ ਉਸਾਰੋ। ਬਾਸਾ ਕਰਤਿ ਰਹੇ ਗਨ ਸ਼ਾਹੂ। ਚਿੱਤ੍ਰ ਬਚਿੱਤ੍ਰ ਬਨੇ ਇਸ ਮਾਂਹੂ'॥ ੨੭॥ ਇੱਤ੍ਯਾਦਿਕ ਕਹਿ ਸਕਲ ਦਿਖਾਈ। ਸਨੇ ਸਨੇ ਤਰਨੀ ਚਲਿਵਾਈ। ਮੋਤੀ ਬਾਗ ਉਤਾਰੇ ਜਾਇ। ਘਨੇ ਲੋਕ ਆਏ ਉਮਡਾਇ॥੨੮॥ ਦਰਸ਼ਨ ਕਰਿ ਕਰਿ ਸਕਲ ਸਿਧਾਰੇ। ਤਹਿਂ ਸਤਿਗੁਰ ਤਰ ਬਾਗ[੫] ਨਿਹਾਰੇ। ਪੁਨ ਤਰਨੀ

[੧]ਤਿਸ ਦੇ ਪੁੱਤ੍ਰ (ਬਹਾਦਰ ਸ਼ਾਹ) ਦਾ ਪ੍ਰਤਾਪ (ਅਜੇ ਕਾਫੀ) ਹੋਯਾ ਨਹੀਂ। [੨]ਇਹ ਵਡਾ ਬਜ਼ਾਰ ਹੈ। [੩]ਹਟੀਆਂ ਦੀ ਪੰਗਤੀ। [੪]ਜਾਮਅ ਮਸਜਿਦ। [੫]ਉਤਰਕੇ। (ਅ) ਬਾਗਾਂ ਦੇ ਬੂਟੇ।

ਪਰ ਲਏ ਚਢਾਇ। ਪਹੁੰਚਾਏ ਜਹਿਂ ਸਿਵਰ ਲਗਾਇ॥ ੨੯ ॥ ਤਬਿ ਸਤਿਗੁਰ ਸਿੱਖਨ ਸਨ ਕਹਯੋ। 'ਕਰਨਿ ਫਰੇਬ ਹਮਹੁਂ ਸੰਗ ਚਹਯੋ। ਦਿੱਲੀ ਮਹਿਂ ਸਿੱਖੀ ਮਗ ਹੇਰਾ। ਜਥਾ ਮੁਲੰਮਾ ਕੰਚਨ ਕੇਰਾ[1]॥ ੩੦ ॥ ਸੋ ਦਿਨ ਬਿਤਯੋ ਪ੍ਰਾਤ ਪੁਨ ਭਈ। ਸੰਗਤ ਸਕਲ ਦਰਸ ਕੌ ਗਈ। ਕਰਿ ਬੰਦਨ ਬੈਠੇ ਜਬਿ ਪਾਸੀ। ਸ੍ਰੀ ਮੁਖ ਤੇ ਤਬਿ ਗਿਰਾ ਪ੍ਰਕਾਸ਼ੀ ॥੩੧॥ 'ਨੌਮੇ ਸਤਿਗੁਰ ਜਹਿਂ ਸਸਕਾਰੇ। ਤਿਸ ਥਲ ਕੋ ਕੀਜਹਿ ਨਿਰਧਾਰੇ। ਆਗੇ ਅਵਰੰਗ ਤੇ ਡਰਪਾਵਹੁ। ਅਬਿ ਨ ਰਹਯੋ[2], ਮੰਦਰ ਬਨਵਾਵਹੁ ॥ ੩੨ ॥ ਸੁਨਿਕੈ ਸਿੱਖ ਗਏ ਤਬਿ ਸੰਨਾਨੇ। ਜਹਿਂ ਸਸਕਾਰੇ ਜੋ ਤਹਿਂ ਜਾਨੇ[3]। ਨਿਰਨੈ ਕਰਯੋ ਲਿਯੋ ਥਲ ਸੋਊ।ਬਨਵਾਯਹੁ ਮੰਦਿਰ ਸਭਿ ਕੋਊ॥ ੩੩ ॥ ਸ੍ਰੀ ਪ੍ਰਭੁ ਦਰਬ ਦਿਯੋ ਬਹੁਤੇਰਾ। ਹੁਕਮ ਮਾਨਿ ਕਰਿ ਕੀਨਿ ਬਡੇਰਾ। ਪੂਜਨ ਲਗੇ ਸਕਲ ਨਰ ਨਾਰੀ। ਕਰਹਿਂ ਭਾਵਨਾ ਪੂਰਨ ਸਾਰੀ ॥ ੩੪॥ ਇੱਤਯਾਦਿਕ ਕਾਰ ਕਾਜ ਅਛੇਰੇ। ਚਲਨ ਚਹਯੋ ਸ੍ਰੀ ਗੁਰੂ ਅਗੇਰੇ। ਸਿਖ ਸੰਗਤਿ ਸਗਰੀ ਚਲਿ ਆਈ। ਬਿਨਤੀ ਕਰੀ ਪ੍ਰਭੂ ਅਗਵਾਈ ॥ ੩੫ ॥ 'ਤੁਮ ਸਮ ਜਿਸ ਕੋ ਦਰਸ਼ਨ ਅਹੈ। ਦਿੱਲੀ ਬਿਖੈ ਰਹੈ ਹਮ ਚਹੈਂ। ਇਸ ਪੁਰਿ ਸਮ ਦੂਸਰ ਕੋ ਨਾਂਹੀ। ਸਿੱਖੀ ਬਿਥਰਹਿ ਥਿਰ ਇਸ ਮਾਂਹੀ[4] ॥੩੬॥ ਪੂਜਨ ਹੇਤੁ ਟਿਕਾਵਹੁ ਕੋਈ'। ਚਿਤਵਤਿ ਭੇ ਸੁਨਿ ਕਰਿ ਬਿਧਿ ਸੋਈ। ਦੋਨਹੁਂ ਮਹਿਲ ਸੰਗ ਮਹਿ ਜੋਇ। ਬੋਲੇ ਸ੍ਰੀ ਮੁਖ 'ਤੁਮ ਸੁਖ ਹੋਇ ॥੩੭॥ ਹਮ ਨੇ ਦੱਖਣ ਜਾਨੋ ਦੂਰ।ਤੁਮ ਨਿਤ ਚਲਹੁ ਕਸ਼ਟ ਹੁਇ ਭੂਰ। ਦਿੱਲੀ ਮਹਿਂ ਥਿਰਤਾ ਅਬਿ ਗਹੀਅਹਿ। ਸੰਗਤਿ ਮਹਿਂ ਸੁਖ ਪੂਰਬ ਰਹੀਯਹਿ ॥ ੩੮॥ ਦਿਨ ਪ੍ਰਤਿ ਕੂਚ ਬਿਖਾਦ ਕਰੰਤਾ।ਇਹਾਂ ਬਸੋ ਸੁਖ ਸਮਾਂ ਬਿਤੰਤਾ'। ਸੁਨਿ ਸੁੰਦ੍ਰੀ ਦ੍ਰਿਗ ਭਰਿ ਬਹੁ ਰੋਈ। ਸੁਤ ਕੋ ਸਿਮਰਿ ਸਿਮਰਿ ਦੁਖ ਪੋਈ॥ ੩੯ ॥ ਕੇਤਿਕ ਬਾਰਿ ਦ੍ਰਿਗਨ ਜਲ ਡਾਰਾ। ਪੁਨ ਸ੍ਰੀ ਪਤਿ ਕੋ ਸਾਥ ਉਚਾਰਾ। 'ਤੁਮ ਸਮਰਥ ਸਭਿ ਬਿਧਿ ਗੁਨ ਖਾਨੀ। ਪੁਰਹੁ ਕਾਮਨਾ ਸਿੱਖ ਮਹਾਨੀ ॥੪੦॥ ਮੈਂ ਅਤਿ ਦੁਖੀ ਨਿਕਟ ਤੁਮ ਰਹੀ[5]। ਇਕ ਪੁੱਤ੍ਰ

---

[1]ਜਿਵੇਂ ਸੋਨੇ ਦਾ ਮੁਲੰਮਾ ਹੁੰਦਾ ਹੈ। [2]ਹੁਣ ਨੁਰੰਗੇ ਦਾ ਡਰ ਨਹੀਂ ਰਹਿਆ। [3]ਜੋ ਤਿਸ ਥਾਂ ਨੂੰ ਜਾਣਦੇ ਸਨ। [4]ਇਸ ਵਿਚ ਟਿਕਕੇ ਹੀ ਸਿਖੀ ਫੈਲੇਗੀ। [5]ਆਪਣੇ ਦੁਖ ਦਾ ਹਾਲ ਅੱਗੇ ਦੱਸਦੇ ਹਨ ਕਿ ਇਕ ਪੁੱਤ੍ਰ ਸੀ ਮੇਰਾ ਸੋ ਮਰ ਗਿਆ; ਮੈਂ ਉਸ ਦੇ ਬਿਰਹੇ ਵਿਚ ਪਾਸ ਰਹਿਕੇ ਬੀ ਦੁਖੀ ਹੁੰਦੀ ਹਾਂ, ਵਿਛੜਕੇ ਕੀ ਬਣੇਗਾ [ਦੇਖੋ ਅੰਕ ੪੬]।

ਤਿਸ ਭੀ ਮ੍ਰਿਤੁ ਲਹੀ। ਕਿਸ ਅਲੰਬ ਮੈਂ ਜੀਯੋਂ ਗੁਸਾਈਂ ! ਬिਛਰ ਏਕਲੀ ਰਹਿ ਇਸ ਥਾਂਈ ॥ ੪੧ ॥ ਪ੍ਰਥਮ ਕੁਟੰਬ ਆਪ ਕੋ ਭਾਰਾ। ਚਾਰ ਪੁੱਤ੍ਰ ਚਾਰੂ ਸੁ ਕੁਮਾਰਾ। ਸਾਸੂ ਸਹਤ ਸੁ ਰਹਿਤ ਸੁਖਾਰੀ। ਸੰਕਟ ਹੁਤੋ ਨ ਕਿਸੂ ਪ੍ਰਕਾਰੀ ॥ ੪੨ ॥ ਜਿਤ ਕਿਤ ਅਵਲੋਕਤਿ ਦ੍ਰਿਗ ਸੀਤਲ। ਉਦਤ ਜਿਨਹੁੰ ਤੇ ਆਨੰਦ ਹੀ ਤਲ[1]। ਸਭਿਨਿ ਬਿਹੀਨ ਰਹੀ ਦੁਰਭਾ-ਗਨ। ਤੁਮਰੇ ਦਰਸ਼ਨ ਕੀ ਅਨੁਰਾਗਨ ॥ ੪੩ ॥ ਨਿਜ ਢਿਗ ਤੇ ਭੀ ਰਹਹੁ ਬਿਛੋਰੀ। ਕੌਨ ਦਸ਼ਾ ਹੁਇ ਹੈ ਤਬਿ ਮੋਰੀ। ਤੁਮ ਸਮਰੱਥ ਉਚਿਤ ਸਭਿ ਕਰਿਬੇ। ਮਮ ਹਿਤ ਰਹਤਿ ਜਿ ਕਰੁਨਾ ਧਰਿਬੇ ॥ ੪੪ ॥ ਤੌ ਮਮ ਸੁਤ ਕੋ ਦਿਹੁ ਬਿਦਤਾਇ। ਜਿਸ ਕੋ ਪਿਖਹਿ ਸ਼ਾਂਤਿ ਚਿਤ ਪਾਇ। ਰਹੌਂ ਇਹਾਂ ਮੈਂ ਧੀਰਜ ਧਰਿਕੈ। ਰਾਵਰਿ ਧ੍ਯਾਨ ਰੁ ਸਿਮਰਨ ਕਰਿਕੈ ॥ ੪੫ ॥ ਜਬਿ ਸੁਤ ਕੀ ਸੂਰਤ ਸਿਮਰੰਤੀ। ਮਹਾਂ ਕਸ਼ਟ ਤੇ ਮੈਂ ਨ ਮਰੰਤੀ[2]। ਏਤਿਕ ਦੁਖ ਪੂਰਬ ਭਾ ਮੋਹਿ। ਬਿਰਹ ਆਪ ਕੇ ਕਯਾ ਗਤਿ ਹੋਹਿ ॥੪੬ ॥ ਕਿਹ ਅਲੰਬ ਮੈਂ ਰਹੌਂ ਦੁਖਾਰੀ। ਤੁਮ ਜਗ-ਗੁਰ ਪਤਿ ਅਸ ਗਤਿ ਵਾਰੀ। ਸੁਤ ਕੀ ਸੂਰਤ ਮੋਹਿ ਦਿਖਾਉ। ਜਿਮ ਕਿਮ ਪੂਰਹੁ ਇਹੁ ਮਮ ਸੁਆਉ ॥ ੪੭ ॥ ਬਾਂਛਤਿ ਪੂਰਵਹੁ ਲਾਖਨ ਜਨ ਕੀ। ਅਤਿ ਅਭਿਲਾਖਾ ਇਹ ਮਮ ਮਨ ਕੀ। ਪੁਨ ਆਇਸੁ ਕੋ ਮਾਨਿ ਸੁਖਾਰੀ।ਰਹੌਂ ਬਿਛੁਰਿ ਇਸ ਪੁਰੀ ਮਝਾਰੀ' ॥੪੮॥ ਇੱਤ੍ਯਾਦਿਕ ਕਹਿ ਕਹਿ ਬਹੁ ਰੋਈ। ਭਈ ਦੀਨ ਮਨ ਸ਼ੋਕ ਪਰੋਈ। ਨਿਸ ਬਾਸੁਰ ਸੁਤ ਸੂਰਤ ਚਿਤਵਤਿ। ਦਯੋਸ ਮਨਿੰਦ ਬਰਖ ਕੇ ਬਿਤਵਤਿ[3] ॥ ੪੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਤੀਨ ਚੱਤ੍ਵਾਰਿੰਸਤੀ ਅੰਸੂ ॥ ੪੩ ॥

## ੪੪. [ਮਾਤਾ ਜੀ ਨੂੰ ਉਪਦੇਸ਼। ਪਾਰਕ ਪੁੱਤ੍ਰ]।

ਦੋਹਰਾ ॥ ਦੀਨਮਨਾ ਅਤਿ ਸੁੰਦਰੀ ਪਤਿਬਰਤਾ ਧ੍ਰਿਤਿਵੰਤਿ[4]। ਬਹੁ ਸਮਤਾ ਦੀਰਘ ਦੁਸਹਿ[5]* ਜਾਬੇ ਇਮ ਭਨਨੇਂ ਬ੍ਰਿਤੰਤ ॥ ੧॥ ਚੌਪਈ॥ ਸ਼੍ਰੀ ਸਤਿ-ਗੁਰ ਸੁਨਿ ਕੈ ਸਭਿ ਬਾਨੀ। ਦੇਨਿ ਹਰਖ ਮ੍ਰਿਦੁ ਕੀਨ ਬਖਾਨੀ। 'ਹੇ ਸ਼ੁਭਮਤੇ ! ਅਖਿਲ ਜੋ ਲੋਕ। ਨਾਮਰੂਪ ਨਾਨਾ ਅਵਿਲੋਕ॥੨॥ਬਿਨਸਨਿ-

[1]ਹਿਰਦੇ ਥਾਂ ਵਿਚ ਜਿਨ੍ਹਾਂ ਤੋਂ ਅਨੰਦ ਉਪਜਦਾ ਸੀ। [2]ਭਾਵ ਜਦ ਪੁੱਤ੍ਰ ਦੀ ਸੂਰਤ ਯਾਦ ਕਰਦੀ ਹਾਂ ਇੰਨਾਂ ਕਸ਼ਟ ਹੁੰਦਾ ਹੈ ਕਿ ਇਕ ਮਰਨ ਦੀ ਕਸਰ ਬਾਕੀ ਰਹਿ ਜਾਂਦੀ ਹੈ। [3]ਇਕ ਦਿਨ ਵਰ੍ਹੇ ਤੁਲ ਬੀਤਦਾ ਹੈ। [4]ਪਤਿਬ੍ਰਤਾ (ਧਰਮ) ਦੇ ਧਾਰਨ ਵਾਲੀ। (ਅ) ਪਤਿਬ੍ਰਤਿ ਅਤੇ ਧੀਰਜ ਵਾਲੀ। [5]ਭਾਵ ਨਿਮ੍ਰਤਾ ਨਾਲ ਬਹੁਤ ਦੁੱਖ ਦੱਸਿਆ। [ਸੰਸ: ਸ਼ਮ=ਸ਼ਾਂਤੀ, ਖਿਮਾ, ਨਿਮ੍ਰਤਾ]।

*ਪਾ:-ਦੂਸ਼ਾ। ਦਸ਼ਾ।

ਹਾਰ ਸਕਲ ਹੀ ਅਹੇ। ਭੂਤ ਜੁ ਹੁਤੇ ਭਵਿੱਖ ਨ ਰਹੇ। ਅਪਨਿ ਧਰਮ ਗਾਢੋ ਕਰਿ ਮਰੇ। ਸੋ ਨਰ ਧੰਨ ਸਿੰਧੁ ਜਗ ਤਰੇ॥ ੩॥ ਨਰ ਤਨ ਪ੍ਰਾਪਤਿ ਕੋ ਇਹ ਕਾਜਾ। ਤਾਰਨ ਤਰਨ ਸਮਾਨ ਜਹਾਜਾ[1]। ਤੋ ਸੁਤ ਧਰਮ ਛੱਤ੍ਰੀਯਨਿ ਕੇਰਾ। ਰਣ ਮਹਿਂ ਸੋ ਨਿਰਬਾਹ ਬਡੇਰਾ॥੪॥ ਸ਼ੱਤ੍ਰੁ ਸੈਂਕਰੇ ਖੇਤ ਗਿਰਾਏ। ਆਪ ਜੂਝਿ ਸੁਰਲੋਕ ਸਿਧਾਏ। ਜਹਿਂ ਸਭਿ ਰੀਤਿਨਿ ਕੇ ਸੁਖ ਅਹੈਂ। ਬੇਦ ਪੁਰਾਨ ਸਾਖ ਸਭਿ ਕਹੈਂ ॥੫॥ ਖੋੜਸ ਬਰਖ ਆਰਬਲ ਤਨ ਕੀ[2]। ਸਭਿ ਪ੍ਰਾਪਤਿ ਅਭਿਲਾਖਾ ਮਨ ਕੀ। ਚੱਕ੍ਰ ਵਰਤਿ ਮਹਿ ਮੰਡਲ ਰਾਜੂ[3]। ਮਿਟਹਿ ਨ ਆਇਸੁ ਕਿਤਹੁ ਕੁਕਾਜੂ[4]॥ ੬॥ ਕਰਨਿ ਰਮਨਿ ਰਮਨੀਨਿ ਨਵੀਨ[5]। ਇੱਤ੍ਯਾਦਿਕ ਆਨੰਦ ਜਗ ਪੀਨ। [6]ਜਿਸ ਆਨੰਦ ਕੋ ਕਨਕਾ ਏਹੂ। ਤਿਸ ਅਨੰਦ ਸੋਂ ਮਿਲਨੋ ਅਛੇਹੂ[6]॥ ੭॥ ਨਿਜ ਨੰਦਨ ਆਨੰਦ ਬਿਲੰਦ। ਨਿਸ਼ਚੈ ਜਾਨਿ ਲੇਹੁ ਮਤਿਵੰਦ। ਤਿਸ ਕੋ ਸ਼ੋਕ ਨ ਸੁਮਤੇ! ਕਰੋ। ਪੁਰਿ ਮਹਿਂ ਰਹਨ ਮਨੋਰਥ ਧਰੋ॥ ੮॥ ਰਿਦੈ ਧ੍ਯਾਨ ਹਮ ਕੋ ਨਿਤ ਧ੍ਯਾਵਹੁ। ਨਿਕਟ ਦਰਸ ਕੋ ਸੁਖ ਫਲ ਪਾਵਹੁ। ਪਰਾਲਬਧ ਤਨ ਕੀ ਸਭਿ ਭੋਗਿ। ਪਹੁੰਚਹੁ ਅੰਤ ਹਮਾਰੇ ਲੋਗ॥੯॥ ਅਪਰ ਤ੍ਰਿਯਨਿ ਸਮ ਤੁਹਿ ਨਹਿਂ ਚਹੀਅਹਿ। ਹਮਰੀ ਸੰਗਤਿ ਕੋ ਫਲ ਲਹੀਯਹਿ। ਸਿੱਖਨ ਕੋ ਕੀਜਹਿ ਕੱਲ੍ਯਾਨ। ਬਸੀਯਹਿ ਦਿੱਲੀ ਪੁਰਿ ਰੁਚਿ ਠਾਨਿ॥ ੧੦॥ ਅਪਰ ਬਾਰਤਾ ਕੀ ਅਭਿਲਾਖਨ। ਸੋ ਪੂਰਵਹੁ ਹਮ ਸੋਂ ਕਰਿ ਭਾਖਨਿ। ਸੰਗਤਿ ਬਿਨੈ ਮਾਨਿਬੇ ਜੋਗ। ਸੇਵਾ ਕਰਹਿਂ ਸਰਬ ਸਿਖ ਲੋਗ॥੧੧॥ ਸ੍ਰੀ ਅੰਮ੍ਰਿਤਸਰ ਆਦਿ ਸਥਾਨ। ਜਹਿਂ ਕਹਿਂ ਟਿਕੇ ਮਸੰਦ ਮਹਾਨ। ਸਰਬ ਦਰਬ ਇਹ ਅਰਪਨ ਕਰਿਹੀਂ। ਨਿਜ ਨਿਜ ਥਲ ਮਹਿਂ ਥਿਰਤਾ ਧਰਿਹੀਂ॥੧੨॥ ਤੁਵ ਥਿਰ ਹੋਵਨਿ ਤੇ ਇਸ ਦੇਸ਼। ਰੀਤਿ ਪ੍ਰਥਮ ਕੀ ਰਹੈ ਅਸ਼ੇਸ਼। ਦੇਨਿ ਲੇਨਿ ਜਗ ਗੁਰੁ ਕੀ ਕਾਰ। ਰਹੈ ਤਥਾਹੀ ਨਿਸ਼ਚੈ ਧਾਰਿ॥੧੩॥

---

[1]ਜਹਾਜ਼ ਵਾਂਙ ਤਰਨੇ ਤੇ ਤਾਰਨੇ ਲਈ (ਮਨੁੱਖ ਸ਼ਰੀਰ ਹੈ)। [2]ਤਨ ਦੀ ਆਯੂ ਹੋਵੇ (ਜੇ ਕਿਸੇ ਦੀ ਤੇ)। [3]ਪ੍ਰਿਥਵੀ ਮੰਡਲ ਦਾ ਚੱਕ੍ਰਵਰਤੀ ਰਾਜ ਹੋਵੇ। [4]ਤਿਸ ਦਾ ਹੁਕਮ ਨਾ ਟਲੇ (ਕਿਧਰੇ) ਤੇ ਕਿਧਰੇ (ਉਸ ਦਾ ਕੋਈ) ਕੰਮ ਖੋਟਾ ਨਾ ਹੋਵੇ (ਭਾਵ ਸਭ ਸਫਲ ਹੋਣ। [5]ਭਾਵ ਉਸ ਨੂੰ ਜੁਬਾ ਇਸਤ੍ਰੀਆਂ ਪ੍ਰਾਪਤ ਹੋਣ। [6]ਇਹ ਸਾਰੇ ਆਨੰਦ ਜਿਸ ਆਨੰਦ ਦਾ ਇਕ ਕਿਣਕਾ ਮਾਤ੍ਰ ਹਨ ਉਸ ਆਨੰਦ ਨੂੰ ਇਕ ਰਸ ਮਿਲਿਆ ਹੈ (ਅਜੀਤ ਸਿੰਘ), ਭਾਵ ਬ੍ਰਹਮਾਨੰਦ ਨੂੰ ਪ੍ਰਾਪਤ ਹੋਯਾ ਹੈ। ਹੋਂਦੇ ਹਨ ਕਿ ਮਹਾਨ ਤੋਂ ਮਹਾਨ ਸਰੀਰਕ ਰਸ ਬ੍ਰਹਮਾਨੰਦ ਦਾ ਕਿਣਕਾ ਮਾਤ੍ਰ ਹਨ।

॥ ਧੂਅਰ ਧੌਲਰ[1] ਜਗਤ ਤਮਾਸ਼ਾ। ਇਸਥਿਰਤਾ ਕੋ ਕਹਾ ਭਰਵਾਸਾ।
ਸਮ ਦਰਿਆਉ ਚਲਯੋ ਨਿਤ ਜਾਤਿ। ਭਰਯੋ ਰਹੈ ਇਕ ਸਮ ਦਿਖਰਾਤਿ'
॥ ੧੪ ॥ਇੱਤ੍ਯਾਦਿਕ ਪ੍ਰਭੁ ਬਹੁ ਸਮੁਝਾਈ। ਭਰੇ ਬਿਲੋਚਨ ਅੱਸ਼੍ਰ
ਗਿਰਾਈ।ਸ਼੍ਰੀ ਗੁਰ ਸੰਗ ਸਿੱਖ ਸੁਨਿਆਰਾ। ਰਹਯੋ ਪੁੱਤ੍ਰ ਜਾਚਤਿ ਬਹੁ ਬਾਰਾ
॥੧੫॥ ਕੇਤਿਕ ਸਮੈਂ ਬਿਤਾਵਤਿ ਭਯੋ। ਇਕ ਦਿਨ ਸੰਗ ਪ੍ਰਭੂ ਕੇ ਗਯੋ।
ਤ੍ਰਿਯਾ ਵਹਿਰ ਇਕ ਬਾਰਕ ਗੇਰਾ। ਗਮਨਤਿ ਪੰਥ ਗੁਰੂ ਤਬਿ ਹੇਰਾ
॥੧੬॥ ਸੁਨਿਆਰੇ ਸਿਖ ਸਨ ਫੁਰਮਾਯੋ। 'ਜਾਚਤਿ ਪੁੱਤ੍ਰ ਅਚਾਨਕ ਪਾਯੋ।
ਪ੍ਰਿਤਪਾਰਹੁ ਕਰਿ ਪਯਾਰ ਦੁਲਾਰਾ।ਤੋਰਿ ਕਾਮਨਾ ਪੁਰਵਿ ਉਦਾਰਾ'॥੧੭॥
ਸੁਨਿ ਕੈ ਸਿਖ ਕਰ ਜੋਰਤਿ ਕਹਯੋ। 'ਪਾਰਨ ਕਾਰਨ ਮੈਂ ਨਹਿਂ ਲਹਯੋ।ਕੌ
ਤ੍ਰਿਯ ਸਥਨ ਸੁ ਦੁਗਧਾ ਦੇਯ। ਤੌ ਇਹ ਬਚੈ ਅੰਨ ਅਚਿ ਲੇਯ॥ ੧੮॥
ਯਾਂ ਕੋ ਜਤਨ ਕਰਹੁ ਫੁਰਮਾਵਨ'। ਸੁਨਿ ਬਿਨਤੀ ਬੋਲੇ ਜਸੁ ਪਾਵਨ।
ਜਲ ਕੋ ਵਾਹਿਗੁਰੂ ਕਹਿ ਲੀਜੈ। ਨਿਜ ਤ੍ਰਿਯ ਸਥਨ ਪਖਾਰਨਿ
ਕੀਜੈ॥ ੧੯ ॥ ਬਾਰਕ ਜਬਿ ਉਛੰਗ ਮਹਿਂ ਪਾਇ। ਦੁਗ੍ਧ ਕੁਚਨ ਮਹਿਂ
ਤਬਿ ਹੁਇ ਜਾਇ। ਤਿਸ ਤੇ ਪਾਰਨ ਸਿਸ ਬਯ ਪਾਵੈ।ਬਿਨ ਸੰਸੈ ਇਹੁ ਬਡ
ਹੁਇ ਜਾਵੈ' ॥੨੦॥ ਮਾਨਿ ਬਾਕ ਸਤਿਗੁਰ ਕੌ ਤਾਂਹਿ।ਲਿਯੋ ਉਠਾਇ ਹਾਥ
ਜੁਗ ਮਾਂਹਿ। ਜਲ ਤੇ ਭਲੇ ਕਰਾਇ ਸ਼ਨਾਨ। ਨਿਜ ਦਾਰਾ ਕੋ ਦੀਨਸਿ
ਆਨਿ॥੨੧॥ ਗੁਰ ਕੋ ਵਾਕ ਸੁਨਾਵਨ ਕੀਯੋ। ਸਿਖਨੀ ਹਰਖ ਧਾਰਿ ਉਰ
ਲੀਯੋ।ਸੋ ਬਿਧਿ ਕਰੇ,ਸਥਨ ਪਯ ਆਵਾ।ਸਹਿਤ ਸਨੇਹ ਸੁ ਨੰਦਨ ਪਯਾਵਾ
॥ ੨੨ ॥ ਜਿਯਤ ਰਹਯੋ ਬਾਰਕ ਪ੍ਰਿਤਪਾਰਯੋ। ਦੰਪਤਿ ਅਪਨੋ ਪੁੱਤ੍ਰ ਬਿਚਾ-
ਰਯੋ। ਪੰਚ ਬਰਸ ਕੋ ਹੋਯਸਿ ਜਬੈ।ਗੁਰ ਮਹਿਲਾ ਪਿਖਿ ਸੁੰਦਰੀ ਤਬੈ॥੨੩॥
ਸ਼੍ਰੀ ਅਜੀਤ ਸਿੰਘ ਸੁਤ ਅਨੁਹਾਰਾ[2]। ਬਾਰ ਬਾਰ ਕਰਿ ਪ੍ਰੇਮ ਨਿਹਾਰਾ।
'ਦਿੱਲੀ ਬਿਖੈ ਰਹੋ'ਜਬਿ ਕਹਯੋ। ਰਿਦੈ ਸੁੰਦਰੀ ਤਬਿ ਇਮ ਚਹਯੋ॥੨੪॥
ਕਹਤਿ ਕੰਤ ਸਨ ਜੋਰਤਿ ਹਾਥ। 'ਤਜਯੋ ਚਹਤਿ ਜੋ ਇਸ ਪੁਰਿ ਨਾਥ!
ਮਮ ਸੁਤ ਕੀ ਇਹ ਸਿਸ ਅਨੁਹਾਰਾ।ਦੇਹੁ ਅਬੈ ਕਰਿਹੌਂ ਪ੍ਰਿਤਪਾਰਾ॥੨੫॥
ਸੁਤ ਸਮ ਪਾਰਕ ਕਰਿ ਮੈਂ ਰਾਖੋਂ। ਮਨ ਪਰਚਾਵਨਿ ਹਿਤ ਅਭਿਲਾਖੋਂ।
ਦਿਹੁ ਆਇਸੁ ਸ਼੍ਰੀ ਮੁਖ ਤੇ ਜਬੈ। ਪਿਖਤਿ ਰਹੌਂ ਪਾਰਕ ਕਰਿ ਤਬੈ'॥੨੬॥
ਸ਼੍ਰੀ ਗੁਰ ਸੁਨਿਕੈ ਬਾਕ ਬਖਾਨਾ। 'ਇਸ ਪਾਰਹਿਂ, ਜਬਿ ਹੋਹਿ ਮਹਾਨਾ।

[1]ਧੂਏਂ ਦੇ ਮੰਦਰ ਵਾਂਙ। [2]ਵਰਗਾ।

ਬਨਹਿ ਤੋਹਿ ਕਉ ਇਹ ਦੁਖਦਾਈ। ਖੋਜਹਿਂ ਤਬਿ, ਹ੍ਵੈ ਕੋ ਨ ਸਹਾਈ[1] ॥੨੭॥ਯਾਂਤੇ ਇਮ ਹੀ ਰਹੁ ਹਰਖਾਇ। ਪਠਹੁ* ਗ੍ਰਿੰਥ ਸਾਹਿਬ ਸੁਖ ਪਾਇ। ਪਠਤ ਸੁਨਨ ਮਹਿਂ ਦਿਵਸ ਬਿਤਾਵਹੁ।ਸਿਮਰਨ ਵਾਹਿਗੁਰੂ ਚਿਤ ਲਾਵਹੁ' ॥ ੨੮ ॥ ਸੁਨਿ ਸੁੰਦਰੀ ਮਨ ਅਨਮਨ ਭਈ।–ਪਤਿ ਤੇ ਇਹ ਨ ਕਾਮਨਾ ਲਈ। ਬਡੇ ਹੋਇ ਕਨਾ ਕਰਹਿ ਬਖੇਰਾ। ਅਬਿ ਚਿਤ ਪਰਚਾ ਪਿਖਹਿ ਨ ਮੇਰਾ ॥੨੯॥ ਰਹੌਂ ਇਕਾਂਕੀ ਸਦਾ ਉਦਾਸ। ਨਹਿ ਨੰਦਨ ਨਹਿਂ ਪਤਿ ਹ੍ਵੈ ਪਾਸ–। ਕੇਤਿਕ ਚਿਰ ਮਹਿਂ ਬਹੁਰ ਬਖਾਨੀ। 'ਦੁਖ ਆਤੁਰ ਕੀ ਬਿਨੈ ਨ ਮਾਨੀ ॥ ੩੦ ॥ ਰਾਵਰਿ ਬਿਨਾ ਇਕਾਂਕੀ ਥੀਵੌਂ। ਪਰਮ ਕਸ਼ਟ ਮਹਿਂ ਕਿਸ ਬਿਧਿ ਜੀਵੌਂ। ਕਯੋਂ ਨ ਬਿਚਾਰਤਿ ਹਹੁ ਮਮ ਹਾਲ। ਬਿਰਦ ਆਪ ਕੋ ਸਦਾ ਕ੍ਰਿਪਾਲੁ' ॥ ੩੧ ॥ ਸੁਨਿ ਕਰਿ ਸਤਿਗੁਰ ਰਿਦੇ ਬਿਚਾਰਾ।–ਇਹ ਦੁਖ ਆਤੁਰ ਅਹੈ ਉਦਾਰਾ। ਸਮੁਝਾਈ ਸਮੁਝੈ ਨ ਅਜਾਨੀ। ਬਾਰਕ ਪਾਰਕ ਚਹਿਸ ਮਹਾਨੀ–॥੩੨॥ ਕਹ੍ਯੋ ਤਬੈ 'ਲੇ ਪਾਰਹੁ ਆਪ[2]। ਲਖਿ ਹੈਂ[3] ਬਡੋ ਦੈਹਿ ਸੰਤਾਪ'। ਸੁਤ ਅਜੀਤ ਸਿੰਘ ਕੀ ਅਨੁਹਾਰੀ। ਨਿਕਟ ਬਿਠਾਯਹੁ ਪਿਖਿ ਸੁਖ ਭਾਰੀ ॥ ੩੩ ॥ ਪਤਿ ਕੀ ਆਇਸੁ ਲੇ ਹਿਤ ਪਾਰਨ। ਸੁਤ ਹੀ ਕੋ ਕਿਯ ਨਾਮ ਉਚਾਰਨ। ਪਾਲਕ ਭਾ ਅਜੀਤ ਸਿੰਘ ਸੋਇ। ਸਿਖ ਤੇ ਲਯੋ ਹਰਖ ਮਹਿਂ ਹੋਇ ॥ ੩੪ ॥ ਪੁਨ ਸਾਹਿਬ ਦੇਵੀ ਕੇ ਸਾਥ। ਪ੍ਰਰਿ ਰਾਖਨ ਹਿਤ ਬੋਲੇ ਨਾਥ। 'ਨਿਕਟ ਸੌਤ ਕੇ ਰਹੁ ਥਿਰ ਹ੍ਵੈ ਕੈ। ਕਨਾ ਲੈ ਹੈਂ ਦੱਖਨ ਦਿਸ਼ਿ ਜੈ ਕੈ ॥ ੩੫ ॥ ਸਕਲ ਬਿਧਿਨਿ ਤੇ ਬਸੈਂ ਸੁਖਾਰੀ। ਪੂਜਹਿਂ ਪਹੁੰਚਿ ਸੰਗਤਾਂ ਸਾਰੀ।ਦਿਨ ਪ੍ਰਤਿ ਗਮਨ ਨਰਕ ਸਮ ਕਹੈਂ।ਤ੍ਰਿਯਾ ਜਾਤਿ ਕੋ ਬਹੁ ਦੁਖ ਅਹੈ' ॥ ੩੬ ॥ ਸੁਨਿ ਸਾਹਿਬ ਦੇਵੀ ਕਰ ਜੋਰੇ। 'ਗਾਢੋ ਨੇਮ ਅਹੈ ਇਹ ਮੋਰੇ। ਪੂਰਬ ਦਰਸ਼ਨ ਕਰੌਂ ਤੁਹਾਰਾ। ਪਦ ਬੰਦਨ ਤੇ ਅਚੌਂ ਅਹਾਰਾ ॥ ੩੭ ॥ ਇਤਨੇ ਹੀ ਮਾਨੇ ਸੁਖ ਸਾਰੇ। ਪਰਮ ਅਨੰਦ ਮਹਿਂ ਸੰਗ ਤੁਮਾਰੇ। ਗਮਨ ਬਿਖੈ ਨਹਿਂ ਸੰਕਟਿ ਕੋਈ। ਸੰਗ ਆਪ ਕੇ ਸਭਿ ਸੁਖ ਹੋਈ ॥ ੩੮ ॥ ਪੁਜਵਾਵਨ ਸੰਗਤਿ ਕੇ ਪਾਸ। ਬ੍ਰਿਹ ਤੁਮ ਤੇ[4] ਇਹ ਧਰੌਂ ਨ ਆਸ। ਮਨ ਕੀ ਗਤਿ ਸਭਿ ਜਾਨਨਹਾਰੇ। ਬਨਹਿ ਨ ਕਹਿਬੇ ਨਿਕਟ ਤੁਮਾਰੇ ॥ ੩੯ ॥ ਪਰਖਿ ਪ੍ਰੇਮ ਕੋ ਰਾਖਹੁ ਸਾਥ। ਇਹੀ ਕਾਮਨਾ ਪੁਰ-

[1]ਤਦੋਂ ਭਾਲੇਂਗੀ ਪਰ ਕੋਈ ਸਹਾਯਕ ਨਹੀਂ ਹੋਵੇਗਾ। [2]ਆਪ ਲੇਕੇ ਪਾਲ ਲੈ। [3]ਦੇਖੇਂਗੀ। [4]ਆਪ ਤੋਂ ਵਿਛੁੜਕੇ। *ਪਾ:–ਸੁਨਹੁ।

ਵਹੁ ਨਾਥ'। ਦੀਨ ਮਨਾ ਅਤਿਸ਼ੈ ਗੁਰ ਜਾਨੀ। ਚਲਨ ਸੰਗ ਬਿਨਤੀ ਇਹੁ ਮਾਨੀ ॥ ੪੦ ॥ ਸੰਗਤ ਮਹਿ ਸੁੰਦਰੀ ਕੋ ਛੋਰਿ। ਚਲਨੋ ਚਹੈਂ ਪ੍ਰਭੁ ਦੱਛਨ ਓਰ। ਇਤਨੇ ਬਿਖੈ ਬਹਾਦਰ ਸ਼ਾਹੂ। ਨਿਜ ਉਮਰਾਵ ਪਠਯੋ ਗੁਰ ਪਾਹੂ ॥ ੪੧ ॥ ਧਰਿ ਅਕੋਰ ਕਰ ਜੋਰਿ ਨਮੋ ਕਿਯ। ਸਭਿ ਬਿਰਤੰਤ ਪ੍ਰਭੁ ਢਿਗ ਕਹਿ ਦਿਯ। 'ਜੰਗ ਜੀਤ ਸਲਤਨ ਕੋ ਪਾਇ। ਨਗਰ ਆਗਰੇ ਥਿਰਯੋ ਸੁਹਾਇ ॥ ੪੨ ॥ ਰਾਵਰ ਕੋ ਪ੍ਰਸੰਗ ਨਿਤ ਕਹੈ। ਮਿਲਿਬੇ ਹੇਤੁ ਪ੍ਰਤੀਖਤਿ ਰਹੈ। ਕ੍ਰਿਪਾ ਕਰਹੁ ਨਿਜ ਦਰਸ ਦਿਖਾਵਹੁ। ਮ੍ਰਿਦੁ ਬਾਕਨ ਕੋ ਕਹਿ ਹਰਖਾਵਹੁ' ॥ ੪੩ ॥ ਸ਼੍ਰੀ ਗੁਰ ਕਹਯੋ 'ਬਿਲਮ ਨਹਿ ਕਾਈ। ਕੂਚ ਹੋਨਿ ਤਯਾਰੀ ਕਰਿਵਾਈ। ਕੇਤਿਕ ਦਿਨ ਮਹਿ ਪਹੁੰਚਹਿਂ ਜਾਇ। ਕਹਹੁ ਸ਼ਾਹੁ ਪ੍ਰਤਿ ਹਮ ਚਲਿ ਆਇਂ' ॥ ੪੪ ॥ ਸੁਨਿ ਉਮਰਾਵ ਕਹਨਿ ਪੁਨ ਲਾਗਾ। 'ਸੰਗ ਆਪ ਕੇ ਬਹੁ ਅਨੁਰਾਗਾ। ਤਊ ਸ਼ਰੀਅਨਿ ਤੇ ਡਰ-ਪੰਤਿ। ਤੁਮ ਦਿਸ਼ਿ ਆਇ ਸਕੈ ਨ ਕਦੰਤ ॥੪੫ ॥ ਸ਼ਰ੍ਹਾ ਪਿਤਾ ਕੀ ਕਰੀ ਸੁ ਮਾਨੇ। ਅਹੈਂ ਸਕੇਲ[1] ਸੈਂਕਰੇ ਸਯਾਨੇ। ਅਵਰੰਗ ਦੈ ਦੈ ਮਾਨ ਵਧਾਏ। ਨਿਤ ਬੈਠਤਿ ਢਿਗ ਸੋ ਸਮੁਦਾਏ॥੪੬॥ਯਾਂਤੇ ਆਇ ਨ, ਸੁਕਚਤਿ ਰਹੈ। ਤਊ ਦਰਸ ਅਵਿਲੋਕਨ ਚਹੈ'। ਇੱਤਯਾਦਿਕ ਬਿਨਤੀ ਬਹੁ ਕੀਨਿ। ਸ਼੍ਰੀ ਪ੍ਰਭੁ ਸਿਰੋਪਾਉ ਤਿਸ ਦੀਨਿ ॥੪੭॥ ਰੁਖਸਦ ਹੁਇ ਗਮਨਯੋਂ ਤਤਕਾਲਾ। ਕਹਯੋ ਸ਼ਾਹੁ ਸੋਂ ਹਰਖ ਬਿਸਾਲਾ। ਰਹਯੋ ਪ੍ਰਤੀਖਤਿ ਪ੍ਰਭੁ ਕੋ ਫੇਰ।–ਮਿਲਿ ਬੋਲੈਂ ਗੁਰ ਦਰਸ਼ਨ ਹੇਰਿ–॥ ੪੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥ ੪੪ ॥

੪੫. [ਮਥੁਰਾ, ਬੰਦਰ। ਪਵਿੱਤ੍ਰ ਜਲ ਨਿਰਨਾ। ਆਗਰੇ ਪੁੱਜਣਾ]।

ਦੋਹਰਾ ॥ ਤੇਗ਼ ਬਹਾਦਰ ਸਤਿਗੁਰੂ ਜਿਸ ਥਲ ਕਿਯ ਸਸਕਾਰ। ਬਿਦ-ਤਾਯੋ ਮੰਦਿਰ ਬਨਯੋਂ ਸੁੰਦਰ ਅਨਿਕ ਪ੍ਰਕਾਰ ॥੧॥ ਚੌਪਈ ॥ ਪਿਤ ਸਥਾਨ ਬਿਦਤਾਇ ਸੁਨਾਯੋ*। ਸਤਿਸੰਗਤਿ ਕੋ ਜੋੜ ਕਰਾਯੋ। ਸੁੰਦਰੀ ਕਰੀ ਟਿਕਾਵਨ ਪੁਰਿ ਮੈਂ†। ਆਪ ਅਰੋਹਨਿ ਬਾਂਛਤਿ ਉਰ ਮੈਂ ॥੨॥ਸਭਿਹਿਨਿ ਕੋ ਨਿਜ ਗਵਨ ਸੁਨਾਵਾ। ਗਨ ਸਿੱਖਨਿ ਕੋ ਮੇਲ ਸੁਹਾਵਾ।ਅਨਿਕ ਅਕੋ-ਰਨ ਧਰਿ ਕਰ ਜੋਰੇ। ਕਦਮ ਪਦਮ ਸੁਖ ਸਦਮ[2] ਨਿਹੋਰੇ ॥ ੩ ॥ ਜਥਾ ਭਾਵਨਾ ਧਰਿ ਅਵਿਲੋਕੇ। ਤਥਾ ਸਭਿਨਿ ਲਖਿ ਲਖਿ ਦ੍ਰਿਗ ਰੋਕੇ। ਜਨੁ

[1]ਇਕੱਠੇਕੀਤੇਸੁ।[2]ਸੁਖ ਦੇ ਘਰ ਚਰਨਕਵਲ।*ਪਾ:–ਬਨਾਯੋ। †ਇਥੇ ਹੁਣ ਤਕ ਗੁਰਦੁਆਰਾ ਹੈ।

ਸੂਰਜ ਦਿਸ਼ਿ ਗਨ ਅਰਬਿੰਦੂ। ਕਿਧੌਂ ਚਕੋਰਨ ਚਿਤਵਨੋ ਇੰਦੂ ॥ ੪ ॥
ਕਰੁਨਾ ਭਰੇ ਕਟਾਛ ਛਬੀਲੇ। ਸਭਿ ਪਰ ਡਾਰਤਿ ਦ੍ਰਿਸ਼ਟਿ ਰਸੀਲੇ।
ਸਨਧਬੱਧ ਹੁਇ ਪ੍ਰਭੁ ਬਿਰਾਜੇ। ਬਸਤ੍ਰ ਸ਼ਸਤ੍ਰ ਨਾਨਾ ਬਿਧਿ ਸਾਜੇ ॥ ੫ ॥
ਖੁਸ਼ੀ ਕਰੀ ਸਭਿ ਕੋ ਤਬਿ ਨਾਥ। ਕਰ ਜੋਰਹਿਂ ਧਾਰਹਿਂ ਪਗ ਮਾਥ। ਹਿਤ
ਅਰੋਹਿਬੇ ਹਯ ਅਨਵਾਯੋ। ਹੇਰਿ ਸੁੰਦਰੀ ਸੀਸ ਨਿਵਾਯੋ ॥ ੬ ॥ ਬਿਛਰਨ
ਸਮੈਂ ਰੂਪ ਜਸ ਬੇਸੁ। ਰਿਦੈ ਧਰਯੋ ਤਸ ਕੰਤ ਹਮੇਸ਼ੁ। ਦੇ ਧੀਰਜ ਸਭਿ ਕੋ
ਇਕ ਬਾਰ। ਪਗ ਰਕਾਬ ਧਰਿ ਭੇ ਅਸਵਾਰ ॥ ੭॥ ਸਹਿਤ ਖਾਲਸੇ ਮਾਰਗ
ਚਲੇ। ਕਰਿ ਪੁਰਿ ਜਨ ਗਨ ਕੋ ਤਹਿਂ ਖਲੇ। ਸਾਹਿਬਦੇਵੀ ਸੰਗ ਸਿਧਾਈ।
ਰਹੀ ਸੁੰਦਰੀ ਆਇਸੁ ਪਾਈ ॥ ੮ ॥ ਪੰਥ ਉਲੰਘਿ ਕਿਤਿਕ ਪ੍ਰਭੁ ਗਏ।
ਹੇਰਿ ਸੁ ਥਲ ਡੇਰਾ ਪੁਨ ਕਏ। ਤੀਨ ਦਿਵਸ ਕਰਿ ਮਜਲ ਸੁਖਾਰੀ।
ਜਾਇ ਪਹੂਚੇ ਤਹਿਂ ਅਘਹਾਰੀ[1] ॥ ੯ ॥ ਪੰਚ ਕੋਸ ਮਥਰਾ ਜਬਿ ਰਹੀ।
ਸਿਵਰ ਕਰਾਇ ਦੀਨਿ ਪ੍ਰਭੁ ਤਹੀਂ। ਨਿਸ ਬਿਸਰਾਮੇ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਕ੍ਰਿਪਾਨਿਧਾਨਾ॥੧੦॥ ਭਈ ਪ੍ਰਾਤਿ ਕਰਿ ਸੌਚ ਸ਼ਨਾਨੇ।
ਹਯ ਅਰੋਹ ਕਰਿ ਪ੍ਰਭੁ ਪਯਾਨੇ। ਪਹੁੰਚੇ ਮਥਰਾ ਪੁਰੀ ਨਿਹਾਰੀ। ਜਹਿਂ
ਬਿਲਾਸ ਕੀਨਸਿ ਗਿਰਧਾਰੀ[2] ॥ ੧੧ ॥ ਸੂਰਜਕੁੰਡ ਕੀਯੋ ਸਭਿ ਡੇਰਾ।
ਸੁੰਦਰ ਤਟ ਜਾਮਨਾ ਜਲ ਹੇਰਾ। ਸ਼ਯਾਮ ਸਲੋਨੋ ਰੂਪ ਸੁਧਰਿਕੈ। ਬਿਲਸੇ
ਜਹਿਂ ਕਹਿਂ ਥਿਰਿਕੈ ਫਿਰਿਕੈ ॥ ੧੨॥ ਸੋ ਸਭਿ ਦੇਖਤਿ ਨਾਨਾ ਥਲ ਕੋ।
ਕਰੇ ਸੰਘਾਰ ਦੁਸ਼ਟ ਦਲ ਬਲ ਕੋ। ਸੂਰਜ ਸੁਤਾ[3] ਪਾਰ ਗੁਰ ਗਏ। ਗੋਕਲ
ਲੋਕ ਬਿਲੋਕਤਿ ਭਏ ॥ ੧੩ ॥ ਜਿਸ ਥਲ ਹੁਤੀ ਪੂਤਨਾ ਪਾਪਨ।
ਤ੍ਰਿਣਾਵਰਤ[4] ਖਲ ਕੀਨਸਿ ਖਾਪਨ। ਦੁਸ਼ਟ ਬਕਾਸੁਰ[5] ਬਲੀ ਬਿਦਾਰਯੋ।
ਨਾਸ਼ ਅਘਾਸੁਰ[6] ਕੋ ਕਰਿ ਡਾਰਯੋ ॥ ੧੪॥ ਬਿੰਦ੍ਰਾਬਨ ਅਵਲੋਕਯੋ ਨਾਥ।
ਜਹਿਂ ਖੇਲੇ ਗੋਪੀ ਗਨ ਸਾਥ। ਕੇਲ ਰਾਸ ਮੰਡਲ ਜਹਿਂ ਕਰੇ। ਕਮਲਾਸਨ

---

[1]ਪਾਪਾਂ ਦੇ ਦੂਰ ਕਰਨੇ ਵਾਲੇ। [2]ਕ੍ਰਿਸ਼ਨ ਜੀ ਨੇ। [3]ਜਮਨਾ। [4]ਨਾਮ ਇਕ ਦੈਂਤ ਦਾ ਜੋ ਵਾਉ ਵਰੋਲਾ ਬਣਕੇ ਕ੍ਰਿਸ਼ਨ ਜੀ ਨੂੰ ਉਡਾ ਲੈ ਜਾਣ ਵਾਸਤੇ ਗਿਆ ਸੀ, ਕ੍ਰਿਸ਼ਨ ਜੀ ਨੇ ਉਸ ਨੂੰ ਮਾਰ ਦਿਤਾ ਸੀ। [5]ਨਾਮ ਦੈਂਤ ਜਿਸ ਨੂੰ ਵਕ ਰੂਪ ਵਿਚ ਕ੍ਰਿਸ਼ਨ ਜੀ ਨੇ ਬਿਜੇ ਕੀਤਾ ਸੀ। [6]ਬਕਾਸੁਰ ਦਾ ਨਿੱਕਾ ਭਿਰਾਉ। ਕੰਸ ਦੇ ਕਹੇ ਇਸ ਨੇ ਸੱਪ ਬਣਕੇ ਆਪਣਾ ਮੂੰਹ ਵੱਡਾ ਕਰਕੇ ਕ੍ਰਿਸ਼ਨ ਜੀ ਨੂੰ ਸਾਥੀਆਂ ਸਣੇ ਅੰਦਰ ਲੰਘਾ ਲਿਆ, ਪਰ ਕ੍ਰਿਸ਼ਨ ਜੀ ਨੇ ਅੰਦਰ ਵੜਕੇ ਆਪਣਾ ਸਰੀਰ ਵਧਾਕੇ ਰਾਖਸ਼ ਦਾ ਪੇਟ ਪਾੜ ਘੱਤਿਆ ਸੀ।

ਬਛਰੇ ਗਨ ਹਰੇ[1] ॥੧੫॥ ਜਹਾਂ ਗੁਵਰਧਨ[2] ਕਰ ਪਰ ਧਾਰਯੋ। ਜਹਿਂ ਸੁਰ-
ਪਤਿ ਕੋ ਮਾਨ ਨਿਵਾਰਯੋ। ਕਾਲੀ ਤਾਲ ਬਿਲੋਕਯੋ ਜਾਇ। ਚਢਿ ਕਦੰਬ[3]
ਪਰ ਕੂਦੇ ਧਾਇ ॥ ੧੬ ॥ ਕੁੰਜ ਗਲੀਨ ਖੇਲ ਜਹਿ ਕਰੇ। ਜਹਿਂ ਗੋਪੀ
ਗਨ ਕੇ ਪਟ ਹਰੇ। ਜਹਿਂ ਧੇਨਕ[4] ਅਰੁ ਕੇਸੀ[5] ਮਾਰੇ। ਇੱਤਯਾਦਿਕ ਫਿਰਿ
ਥਾਨ ਨਿਹਾਰੇ ॥ ੧੭ ॥ ਕ੍ਰਿਸ਼ਨ ਰੂਪ ਧਰਿ ਖਿਲੇ ਘਨੇਰੇ। ਗੁਰੂ ਰੂਪ ਧਰਿ
ਸੋ ਫਿਰ ਹੇਰੇ। ਜਮਨਾ ਕੋ ਉਲੰਘਿ ਪੁਨ ਆਏ। ਜਹਿਂ ਧੁਬੀਆ ਹਤਿ ਸੋ
ਦਰਸਾਏ[6]॥੧੮॥ ਮਿਲੀ ਕੁਬਰੀ ਕੂਬ ਸੁਧਾਰਾ[7]। ਬਹੁਰ ਧਨੁਖ ਤੋਰਯੋ ਧਰ
ਡਾਰਾ। ਕੁੰਚਰ ਖੂਨੀ ਦੰਤ ਉਖਾਰੇ। ਮੱਲ ਚੰਡੂਰ[8] ਮੁਸ਼ਟ ਜਹਿਂ ਮਾਰੇ ॥
੧੯ ॥ ਕੰਸ ਦਮਦਮਾ ਬਹੁਰ ਨਿਹਾਰਾ। ਪਕਰਿ ਕੇਸ ਤੇ ਜਹਾਂ ਪਛਾਰਾ।
ਪੁਨ ਬਿਸਰਾਂਤ[9] ਘਾਟ ਪਰ ਆਏ। ਦਿਯੋ ਦਾਨ ਦਿਜ ਤਹਿਂ ਸਮੁਦਾਏ ॥
੨੦॥ਸੂਰਜ ਤਨੁਜਾ ਤਟ[10] ਸ਼ੁਭ ਹੇਰਾ।ਕਰਤਿ ਭਏ ਸਤਿਗੁਰ ਤਹਿਂ ਡੇਰਾ।
ਜਬਿ ਟਿਕ ਗਏ ਲੋਕ ਸਮੁਦਾਏ। ਪਲਵੰਗਮ[11] ਗਨ ਕੂਦਤਿ ਆਏ ॥
੨੧ ॥ ਇਤ ਉਤ ਬਿਚਰਤਿ ਚਪਲ ਬਿਸਾਲਾ। ਲਾਂਗੁਲ ਬੰਕ ਉਤੰਗਹਿ
ਜਾਲਾ। ਏਕ ਸਿੰਘ ਕੀ ਸਿਪਰ ਧਰੀ ਹੈ। ਬੰਦਰ ਪਹੁੰਚਿ ਸੁ ਗ੍ਰਹਿਣ ਕਰੀ
ਹੈ॥੨੨॥ਲੇ ਕਰਿ ਚਢ੍ਯੋ ਤਰੋਵਰ ਧਾਇ।ਤੁਪਕ ਸਿੰਘ ਤਬਿ ਲਈ ਰਿਸਾਇ।
ਲਗ੍ਯੋ ਪ੍ਰਹਾਰਨ ਧਰਿ ਕਰਿ ਹਾਥ। ਬਰਜਨ ਕਰਯੋ ਤਬਹਿ ਗੁਰ ਨਾਥ
॥ ੨੩ ॥ ਜਯੋਂ ਜਯੋਂ ਤਰੁ ਪਰ ਤੇ ਤਰੁ ਆਨ[12]। ਧਰੇ ਫਾਲ ਕੂਦਤਿ ਬਲ
ਠਾਨਿ। ਤਯੋਂ ਤਯੋਂ ਸ਼੍ਰੀ ਪ੍ਰਭੁ ਬਹੁ ਬਿਕਸਾਵੈਂ। ਪੁਨ ਤਿਸ ਪੀਛੇ ਅਪਰ

---

[1]ਬ੍ਰਹਮਾ ਨੇ ਪ੍ਰੀਖ੍ਯਾ ਹਿਤ ਬਛਰੇ ਚੁਰਾ ਲੀਤੇ ਸਨ ਤੇ ਕ੍ਰਿਸ਼ਨ ਜੀ ਨੇ ਆਪ ਰਚ ਲਏ ਸਨ। [2]ਬਿੰਦ੍ਰਾਬਨ ਤੋਂ ਚੌਦਾਂ ਪੰਦਰਾਂ ਕੋਹ ਤੇ ਇਕ ਪਰਬਤ ਹੈ, ਕਹਿੰਦੇ ਹਨ ਇਸ ਨੂੰ ਕ੍ਰਿਸ਼ਨ ਜੀ ਨੇ ਉਂਗਲੀ ਤੇ ਚਾ ਲਿਆ ਤੇ ਛਤਰੀ ਵਾਂਗੂ ਬ੍ਰਿਜ ਦੀ ਰਖ੍ਯਾ ਕੀਤੀ, ਜਦੋਂ ਇੰਦਰ ਬਰਖਾ ਨਾਲ ਗਾਰਕ ਕਰਨਾ ਚਾਹੁੰਦਾ ਸੀ। [3]ਇਕ ਪ੍ਰਕਾਰ ਦਾ ਬ੍ਰਿਛ। [4]ਇਕ ਰਾਖਸ਼ ਜਿਸ ਨੂੰ ਗਊਆਂ ਚਾਰਨ ਗਏ ਤਾੜ ਬ੍ਰਿਛਾਂ ਦੇ ਬਨ ਵਿਚ ਕ੍ਰਿਸ਼ਨ ਜੀ ਤੇ ਬਲਰਾਮ ਨੇ ਮਾਰਿਆ। [5]ਇਕ ਰਾਖਸ਼ ਜੋ ਘੋੜੇ ਦੇ ਰੂਪ ਵਿਚ ਮਾਰਨ ਆਇਆ ਸੀ ਪਰ ਕ੍ਰਿਸ਼ਨ ਜੀ ਨੇ ਮੂੰਹ ਵਿਚ ਬਾਂਹ ਦੇਕੇ ਇਸ ਨੂੰ ਮਾਰ ਦਿਤਾ। [6]ਕੰਸ ਨੂੰ ਮਾਰਨ ਗਿਆਂ ਰਾਹ ਵਿਚ ਕੰਸ ਦਾ ਧੋਬੀ ਮਿਲਿਆ ਜਿਸ ਤੋਂ ਕੰਸ ਦੇ ਕਪੜੇ ਖੋਹਕੇ ਉਸ ਨੂੰ ਮਾਰਕੇ ਭਜਾ ਦਿਤਾ ਸੀ। [7]ਕੰਸ ਦੀ ਇਕ ਦਾਸੀ, ਜਿਸ ਦਾ ਕੁੱਬ ਕ੍ਰਿਸ਼ਨ ਜੀ ਨੇ ਠੀਕ ਕਰ ਦਿਤਾ ਸੀ। [8]ਕੰਸ ਦਾ ਇਕ ਪਹਿਲਵਾਨ ਜੋ ਕ੍ਰਿਸ਼ਨ ਨੇ ਮਾਰਿਆ। [9]ਜਿੱਥੇ ਕੰਸ ਨੂੰ ਮਾਰਕੇ ਬੈਠੇ ਸੀ ਉਸ ਥਾਂ ਦਾ ਨਾਮ। [10]ਜਮਨਾ ਦਾ ਕਿਨਾਰਾ। [11]ਬਾਂਦਰ। [12]ਇਕ ਬ੍ਰਿਛ ਤੋਂ ਹੋਰ ਬ੍ਰਿਛ ਤੇ।

ਸਿਧਾਵੈਂ ॥ ੨੪ ॥ ਤਬਿ ਸਤਿਗੁਰ ਪਕਵਾਨ ਅਨਾਯੋ । ਮੋਦਿਕ ਆਦਿ ਜਿਤਿਕ ਮਨ ਭਾਯੋ । ਸਭਿ ਕੀਸਨਿ ਕੇ ਅੱਗ੍ਰ[੧] ਪੁਵਾਯੋ।ਮਿਲੇ ਸੈਂਕਰੋ ਤਤਛਿਨ ਖਾਯੋ॥੨੫॥ਕੋ ਚੀਕਤਿ, ਹੈਂ ਘੁਰਕਤਿ ਕੋਈ । ਆਪਸ ਬਿਖੈ ਭਿਰਤ ਕਪਿ ਤੋਈ। ਦੰਤ ਨਿਕਾਸਹਿ ਸ੍ਰੌਨ ਦਬਾਵੈਂ[੨]।ਲੋਚਨ ਕੂਰ ਕਰਹਿ ਦਿਖਰਾਵੈਂ ॥੨੬॥ ਸਭਿ ਪਕਵਾਨ ਖਾਇ ਤਤਕਾਲਾ।ਭਏ ਬਟੋਰਨ ਕਪਿ ਕੁਲ ਜਾਲਾ[੩]।ਤਬਹਿ ਸਿੰਘ ਨੇ ਪ੍ਰਭੁ ਸੋਂ ਕਹਯੋ । 'ਸਿਪਰ ਨ ਤਜੀ ਹਾਥ ਦਿਢ ਗਹਯੋ ॥ ੨੭ ॥ ਦੈ ਹੌਂ ਤ੍ਰਾਸ ਕਿ ਤੁਪਕ ਪ੍ਰਹਾਰ । ਬਹੁਰ ਧਾਇ ਕਰਿ ਲੈ ਹੌਂ ਛਾਰ । ਨਤੁ ਗਾਢੀ ਗਹਿ ਕੂਦ ਪਲਾਵਤਿ । ਇਕ ਤਰੁ ਤਜਿ ਦੂਸਰ ਪਰ ਜਾਵਤਿ' ॥ ੨੮ ॥ ਸੁਨਿ ਪ੍ਰਭੁ ਬਰਜਯੋ ਤੁਪਕ ਪ੍ਰਹਾਰਨਿ।ਆਪ ਬੋਲ ਦੇ ਕਰਯੋ ਹਕਾਰਨ । ਸੁਨਿ ਪਿਖਿ ਕੈ ਪਲਵੰਗਮ ਆਯੋ । ਮੋਦਕ ਕਰ ਪਰ ਤੇ ਥਿਰਮਾਯੋ[੪] ॥ ੨੯ ॥ ਸਿਪਰ ਧਰੀ ਸਤਿਗੁਰ ਕੇ ਆਗਾ । ਬੈਠਯੋ ਨਿਕਟ ਹੋਇ ਡਰ ਭਾਗਾ । ਸਾਹਿਬ ਫੇਰਯੋ ਸਿਰ ਪਰ ਹਾਥ । ਪੁਨ ਹੁਇ ਨਿਕਟ ਨਿਵਾਯਹੁ ਮਾਥ ॥ ੩੦ ॥ ਪੁਨ ਮੋਦਕ ਧਰਿ ਦੀਨਸਿ ਆਗਾ । ਲੇ ਕਰਿ ਸ਼ੀਘ੍ਰ ਛਾਂਦਤੋ ਭਾਗਾ । ਸਿਪਰ ਸਿੰਘ ਨੇ ਸੋ ਗਹਿ ਲਈ । ਸਭਿਨਿ ਬਿਲੋਕਿ ਸੁਚੇਤੀ ਕਈ ॥ ੩੧ ॥ ਨਿਜ ਨਿਜ ਵਸਤੁ ਸੰਭਾਰਨਿ ਕੀਨਿ । ਨਹੀਂ ਸਮੀਪ ਆਛਿਬੇ ਦੀਨ । ਖਾਨ ਪਾਨ ਕਰਿ ਨਿਸਾ ਮਝਾਰਾ । ਸੌਚ ਸ਼ਨਾਨੇ ਪੁਨ ਭੁਨਸਾਰਾ ॥ ੩੨ ॥ ਕੂਚ ਕਰਯੋ ਹ੍ਵੈ ਕਰਿ ਸਵਧਾਨੇ । ਨਿਸ ਬਿਸਰਾਮੇ ਦਿਵਸ ਪਯਾਨੇ । ਗਮਨਹਿਂ ਮਾਰਗ ਪ੍ਰਭੁ ਹਮੇਸ਼ਾ।ਚਵੈ ਖਾਲਸਾ ਸੰਗ ਅਸ਼ੇਸ਼ ॥੩੩॥ ਇਕ ਦਿਨ ਚਲੇ ਜਾਹਿਂ ਗੁਰ ਮਾਰਗ।ਲਗੀ ਪਯਾਸ ਬੂਝਯੋ ਤਬਿ ਬਾਰਗ[੫]।[੬]'ਗ੍ਰਾਮ ਹਿੰਦੂਅਨਿ ਦਿਜ ਗ੍ਰਿਹ ਰਹੀ।ਸੁੰਦਰ ਬਾਰਿ ਤਿਨਹੁੰ ਕੇ ਅਹੀ' ॥ ੩੪ ॥ ਤਬਿ ਇਕ ਸਿੰਘ ਤੁਰੰਗ ਧਵਾਇ । ਖੋਜਯੋ ਜਲ ਸੀਤਲ ਕਹੁ ਲਯਾਇ । ਆਨਿ ਮਿਲਯੋ ਸਤਿਗੁਰੁ ਅਗਾਰੀ । ਬੂਝਯੋ 'ਕਿਸ ਕੇ ਗ੍ਰਿਹ ਕੋ ਬਾਰੀ?'॥੩੫॥ਹਾਥ ਜੋਰਿ ਕਰਿ ਸਿੰਘ ਬਤਾਯੋ।'ਇਕ ਦਿਜਨੀ ਕੇ ਗ੍ਰਿਹ ਤੇ ਲਯਾਯੋ । ਤਨੁਜਾ ਤਨੁਜ ਨ ਬਾਲਕ ਕੋਈ । ਧਾਂਤੋ ਸੁਚਿ ਇਕਲ ਰਹਿ ਸੋਈ' ॥ ੩੬ ॥ ਸੁਨਿ ਕਰਿ ਕਰ ਤੇ ਭਰਯੋ ਕਟੋਰਾ । ਗੇਰਿ

[੧]ਬਾਂਦਰਾਂ ਦੇ ਅੱਗੇ । [੨]ਕੰਨ ਸਿਕੋੜਦੇ ਹਨ । [੩]ਬਾਂਦਰਾਂ ਦੀ ਜਾਤ ਦੇ ਸਾਰੇ । [੪]ਹੱਥ ਉਤੇ ਪਏ ਲੱਡੂ ਨੂੰ (ਵੇਖਕੇ) ਭਰਮ ਗਿਆ । [੫]ਜਲ ਦੀ ਥਾਂ [ਵਾਰਿ=ਪਾਣੀ । ਗ=ਥਾਂ] । [੬]ਕਿਸੇ ਨੇ ਦੱਸਿਆ ਕਿ..... ।

ਦੀਨਿ ਤੁਰਨ ਧਰਿ ਓਗਾਦਯਾ ਸਿੰਧੁ ਬੋਲੇ ਜਲ ਡਾਰਿ । 'ਤਿਸ ਕੋ ਗ੍ਰਿਹ ਕੋ ਸੁੱਧ ਨ ਬਾਰਿ ॥ ੩੭ ॥ ਏਕਲ ਕਹਾਂ ਸੌਚਤਾ ਧਰਨੀ । ਬਹੁਤੇ ਬਾਲ ਤਹਾਂ ਸੁਧਿ ਬਰਨੀ[1]। ਭਗਤਿ ਸ਼ੁੱਧ ਨਹਿਂ, ਸੁੱਧ ਆਚਾਰ[2]।ਬਹੁਤੇ ਗ੍ਰਿਹਸਥੀ ਸੁੱਧ ਸੁ ਵਾਰਿ[3] ॥੩੮॥ਸਦਨ ਸ਼ੁੱਧ ਗ੍ਰਿਹਸਤੀ ਜਹਿਂ ਬਹੁਤੇ । ਏਕਲ ਘਰ ਧ੍ਰਿਗ ਦੇਵ ਨ ਭੁਗਤੇ[4] । ਗ੍ਰਿਹਸਤੀ ਸੁਤ ਬਿਨ ਸ੍ਰਾਪਤਿ ਹੋਇ । ਆਗੈ ਭਾਗ ਨ ਦੈ ਹੈ ਕੋਇ ॥੩੯॥ ਦੋਹਰਾ ॥ਸਾਧੂ ਏਕਾਕੀ ਭਲਾ, ਸੁੱਧ ਦੇਹ, ਮਨ ਸੁੱਧ।ਗ੍ਰੇਹੀ ਬਹੁਤੇ ਸ਼ੁੱਧ ਘਰ ਸੁਚਿ ਤਨ ਮਨ ਔ ਬੁੱਧਿ[5]" ॥ ੪੦ ॥ ਚੌਪਈ ॥ ਇਮ ਕਹਿ ਅਗਲੇ ਗ੍ਰਾਮ ਸਿਧਾਰੇ । ਹੇਰਿ ਕੂਪ ਤੇ ਨੀਰ ਨਿਕਾਰੇ । ਧਰਨੋ ਕਟੋਰਾ ਪੀ ਤ੍ਰਿਪਤਾਏ। ਨਗਰ ਆਗਰੇ ਸਮੁਖ ਸਿਧਾਏ ॥ ੪੧ ॥ ਪੰਥ ਉਲੰਘਿ ਗਏ ਬਹੁਤੇਰਾ । ਜੋਜਨ ਚਲਨ ਰਹਨੋ ਲਖਿ ਨੇਰਾ । ਡੇਰਾ ਕਰਨੋ ਥਾਨ ਸੁਠ ਹੇਰਾ । ਤ੍ਰਿਣ ਦਾਨਾ ਅਨਵਾਇ ਘਨੇਰਾ ॥੪੨॥ ਸੁਪਤਿ ਜਥਾ-ਸੁਖ ਰਾਤਿ ਬਿਤਾਈ । ਨਗਰ ਆਗਰੇ ਸੁਧਿ ਚਲਿ ਆਈ । 'ਜਗਤ ਗੁਰੂ ਭਗਵਾਨ ਛਬੀਲਾ । ਦਾਸਨ ਕੋ ਸੁਖਦਾਨ ਹਠੀਲਾ ॥ ੪੩ ॥ ਕ੍ਰਿਪਾ ਕਰਤਿ ਸੋ ਅਬਿ ਚਲਿ ਆਏ। ਚਤੁਰ ਕੋਸ ਪਰ ਸਿਵਰ ਲਗਾਏ'।ਮਹਿਮਾ ਜਾਨਤਿ ਜੌਨ ਬਿਸਾਲਾ । ਸੁਨਿ ਅਨੰਦ ਹੋਏ ਤਤਕਾਲਾ॥੪੪॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਆਗਰੇ ਆਗਮਨ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ॥੪੫॥

## ੪੬. [ਆਗਰੇ ਖਾਨਖਾਨਾ ਨੂੰ ਸੁਖੀ ਕੀਤਾ । ਸ਼ਾਹ ਨਾਲ ਮੇਲ] ।

ਦੋਹਰਾ ॥ਬਾਗ ਅਜਾਇਬ ਕੇ ਬਿਖੈ ਉਤਰਿ ਕੀਨਿ ਬਿੱਸ੍ਰਾਮ।ਨਿਸ ਬਿਤਾਇ ਕਰਿ ਤਯਾਰ ਭੇ ਚਲਨ ਆਗਰੇ ਧਾਮ ॥ ੧ ॥ ਚੌਪਈ ॥ ਹਯ ਅਰੋਹਿ ਕਰਿ ਸਤਿਗੁਰ ਚਾਲੇ । ਦੇਖਨੋ ਪੁਰਿ ਢਿਗ ਬਾਗ ਬਿਸਾਲੇ । ਉਤਰਿ ਤੁਰੰਗਮ ਦੀਏ ਲਗਾਇ । ਥਿਰ ਭੇ ਕੁਛ ਅਰਾਮ ਕੋ ਪਾਇ ॥ ੨ ॥ ਹੁਤੋ ਖਾਨ ਖਾਨਾ ਇਕ ਖਾਨ[6] । ਭ੍ਰਾਤ ਨ ਅਕਬਰ ਕੋ, ਇਹ ਆਨ[7]। ਗੁਰ ਘਰ ਕੀ ਮਹਿਮਾ ਕੁਛ ਜਾਨੇ । ਗੁਰ ਆਗਵਨ ਸੁਨਨੇਂ ਤਿਸ ਕਾਨੇ ॥ ੩ ॥ ਨਿਜ ਸਮੀਪ ਤੇ

---

[1]ਓਥੇ ਸੁੱਚਾ ਪਾਣੀ ਹੋਊ । [2]ਨਾ ਉਸਦੀ ਭਗਤੀ ਸ਼ੁੱਧ ਹੈ ਨਾ ਆਚਾਰ ਸ਼ੁੱਧ ਹੈ । [3]ਜਿਸ ਗ੍ਰਿਹਸਤੀ ਦੇ ਬਹੁਤੇ (ਬਾਲ) ਹੋਣ ਉਸਦਾ ਜਲ ਸ਼ੁੱਧ ਹੈ। [4]ਇਕਲੇ ਘਰ ਨੂੰ ਧਿਕਾਰ (ਜਿਸ ਦਾ ਅੰਨ) ਦੇਵਤੇ ਬੀ ਨਹੀਂ ਖਾਂਦੇ । [5]ਗ੍ਰਿਹਸਤੀ ਦਾ ਘਰ ਸ਼ੁੱਧ ਤਾਂ ਹੈ ਜੋ ਬਹੁਤੇ ਹੋਣ, ਉਸਦਾ ਤਨ ਮਨ ਬੁੱਧੀ ਸੁੱਚੇ ਹਨ । [6]ਖਾਨ ਖਾਨਾ ਨਾਮ ਦਾ ਇਕ ਖਾਨ ਸੀ । [7]ਅਕਬਰ ਦਾ ਭਰਾ ਨਹੀਂ ਸੀ, ਇਹ ਹੋਰ (ਖਾਨਖਾਨਾ) ਸੀ । ਇਸਦਾ ਨਾਮ ਮੁਨਇਮ ਖਾਂ ਦੱਸਦੇ ਹਨ ਜੋ ਬਹਾਦਰਸ਼ਾਹ ਦਾ ਵਜ਼ੀਰ ਬੀ ਹੋ ਗਿਆ ਸੀ ।

ਲੋਕ ਪਠਾਏ। ਪ੍ਰਭੁ ਢਿਗ ਪਹੁੰਚੇ ਤਿਨੈ ਸੁਨਾਏ। 'ਕਹਯੋ ਖਾਨ ਖਾਨਾ ਕਰ ਜੋਰਿ।–ਦੀਜੈ ਦਰਸ ਆਇ ਇਤ ਓਰ–॥ ੪ ॥ ਡੇਰੇ ਸਹਿਤ ਅਵਾਹਨ ਕਰੇ। ਚਹੀਅਹਿ ਪ੍ਰਭੁ! ਸੁਖ ਬਹੁ ਉਤ ਥਿਰੇ[1]। ਕਰਹੁ ਅਰਾਮ ਤਹਾਂ ਚਲਿ ਘਨੋ–। ਇੱਤਯਾਦਿਕ ਤੁਮ ਸੋਂ ਬਚ ਭਨੋ'॥੫॥ ਸ੍ਰੀ ਗੁਰ ਸੁਨਿ ਕਰਿ ਭੇ ਅਸਵਾਰ। ਸਿੰਘ ਸੰਗ ਸਭਿ ਸ਼ਸਤ੍ਰਨਿ ਧਾਰਿ। ਲਸ਼ਕਰ ਬਾਦਸ਼ਾਹੁ ਬਹੁਤੇਰਾ। ਛਹਰਾ* ਬਾਗ ਅਜਬ ਇਕ ਹੇਰਾ॥ ੬ ॥ ਭਏ ਪ੍ਰਵੇਸ਼ ਤਿਸੀ ਮਹਿ ਜਾਇ। ਹੁਤੋ ਖਾਨ ਖਾਨਾ ਤਿਸ ਥਾਇਂ। ਸੁਨਯੋ ਕਾਨ ਤਿਨ ਗੁਰ ਆਗਵਨੂ। ਚਲਯੋ ਤੁਰਤ ਆਗੇ ਤਜਿ ਭਵਨੂ॥ ੭ ॥ ਪਗ ਪੰਕਜ ਪਰਸੇ ਤਬਿ ਜਾਇ। ਬਿਨਤੀ ਬੋਲਯੋ ਸੀਸ ਟਿਕਾਇ। 'ਜਾਨਿ ਆਪਨੋ ਦਰਸ਼ਨ ਦੀਨ। ਕ੍ਰਿਪਾ ਧਾਰਿ ਸੁ ਕ੍ਰਿਤਾਰਥ ਕੀਨ'॥੮॥ ਨਿਜ ਕਰ ਤੇ ਗੁਰ ਥਾਪੀ ਦਈ। ਖੁਸ਼ੀ ਅਧਿਕ ਤਿਸ ਪਰ ਗੁਰ ਕਈ। ਹਾਥ ਜੋਰਿ ਤਬਿ ਤਿਨੈ ਬਖਾਨੀ। 'ਮਮ ਸਰੀਰ ਮਹਿ ਬ੍ਰਿਥਾ ਮਹਾਨੀ॥ ੯ ॥ ਰਾਵਰ ਕੀ ਕਰੁਨਾ ਤੇ ਜਾਇ। ਰਹੌਂ ਪ੍ਰਤੀਖਤ ਮੈਂ ਚਿਤ ਲਾਇ'। ਸੁਨਿ ਗੁਰ ਕਹਯੋ ਨ ਅਬਿ ਇਹ ਰਹੈ। ਹਮ ਸੋਂ ਮਿਲਨਿ ਅੰਤ ਇਹ ਅਹੈ॥ ੧੦ ॥ ਨਿਤ ਪ੍ਰਤਿ ਦੇਹੁ ਛੁਧਨਿ ਆਹਾਰ। ਬਚ ਦੁਰਾਇ ਕਰਿ ਇਕ ਦੀਨਾਰ। ਜਾਂਤੇ ਬਿਦਤਹਿ ਅਧਿਕ ਜਹਾਨ। ਚਲਹਿ ਕਹਾਨੀ ਏਵ ਮਹਾਨ॥ ੧੧ ॥–ਸਾਧੁ ਸਾਧੁ ਸਾਧੁ ਖਨ ਖਾਨਾ। ਤੇਰੇ ਖਾਨੇ ਬਿਖੈ ਬੁਠਾਨਾ†–'। ਇਹ ਗੁਰਵਾਕ ਬਿਦਤ ਹੈ ਅਬਿ ਲੌ[2]। ਪੁੰਨਯਾਤਮ ਕੋ ਜਸੁ ਰਹਿ ਜਬਿ ਲੌ[3]॥ ੧੨ ॥ ਪੀਰ ਮਿਟੀ ਪਿਖਿ ਨਿਜ ਕੱਲ੍ਯਾਨ। ਪ੍ਰਭੁ ਕੋ ਆਦਰ ਕੀਨਿ ਮਹਾਨ। ਲਏ ਉਤਾਰ ਕੀਨਿ ਬਹੁ ਸੇਵਾ। ਜਿਸ ਤੇ ਭਏ ਪ੍ਰਸੰਨ ਗੁਰ ਦੇਵਾ॥੧੩॥ ਤਿਸ ਤੇ ਬਦਾ ਹੋਇ ਥਲ ਔਰ। ਸਿਵਰ ਕਰਯੋ ਸੋਢੀ ਸਿਰਮੌਰ। ਖਾਨ ਪਾਨ ਹਿਤ ਸਭਿ ਕਿਛ ਲ੍ਯਾਏ। ਕਰਯੋ ਅਰਾਮ ਸਿੰਘ ਸਮੁਦਾਏ॥੧੪॥ ਬਰਖਾ ਸਹਿਤ ਘਟਾ ਬਡਿ ਆਈ। ਪਰੈ ਨੀਰ ਧਰ ਪਰ ਅਧਿਕਾਈ। ਗੁਰ ਆਗਵਨ ਜਾਨਿ ਕਰਿ

---

[1]ਉਧਰ ਠਹਿਰਿਆਂ ਬਹੁਤ ਸੁਖ ਹੋਵੇਗਾ। [2]ਹੁਣ ਤਕ। [3]ਜਦ ਤਕ (ਪ੍ਰਿਥਵੀ ਤੇ) ਰਹੇਗਾ।

*ਪਾ:–ਗਹਰਾ।

†ਬੁਤਕੀ, ਇਹ ਮੁਹਰ ਤੋਂ ਛੋਟੀ ਹੁੰਦੀ ਹੈ, ਪਸ਼ੌਰ ਵਿਚ ਰੂਸ ਆਦਿ ਵਲੋਂ ਆਉਂਦੀ ਤੇ ਅੱਗੇ ਵਿਕਦੀ ਸੀ, ਇਸ ਦੇ ਇਕ ਪਾਸੇ ਬੁੱਤ ਯਾ ਮੂਰਤ ਹੁੰਦੀ ਸੀ। ਪਿਛਲੇ ਸਮੇਂ ਇਨ੍ਹਾਂ ਦਾ ਬਹੁਤ ਵਰਤਾਰਾ ਸੀ ਤੇ ਹਮੇਲਾਂ ਵਿਚ ਗਹਿਣੇ ਦੀ ਸੂਰਤ ਵਿਚ ਪਹਿਨੀਆਂ ਜਾਂਦੀਆਂ ਸਨ। ਸਿੱਖਾਂ ਦੇ ਰਾਜ ਵੇਲੇ ਬੀ ਬੁਤਕੀਆਂ ਦੇ ਹਾਰ ਇਕ ਰੰਗਾ ਗਹਿਣਾ ਹੁੰਦਾ ਸੀ।

ਮਾਨੋ। ਇੰਦ੍ਰ ਕਰੈ ਛਿਰਕਾਵ ਮਹਾਨੋ ॥ ੧੫ ॥ ਇਸੀ ਪ੍ਰਕਾਰ ਭਈ ਭੁਨ-ਸਾਰਾ। ਸੁੰਦਰ ਤਰੁਵਰ ਬਾਗ ਨਿਹਾਰਾ। ਸਦਨ ਸੁਹਾਵਨ ਹੈ ਜਿਸ ਮਾਂਹੀ। ਸਿਵਰ ਉਚਿਤ ਜਾਨਤਿ ਭੇ ਤਾਂਹੀ ॥ ੧੬ ॥ ਤਿਸ ਮਹਿਂ ਤਤਛਿਨ ਉਤਰੇ ਜਾਇ। ਸਿੰਘ ਸੰਗ ਜੇਤਿਕ ਸਮੁਦਾਇ। ਦੇ ਦੇ ਆਇਸੁ ਥਾਨ ਬਤਾਇ। ਜਥਾ ਜੋਗ ਕਹਿ ਕਹਿ ਉਤਰਾਇ ॥੧੭॥ ਬੈਠਿ ਜਥੋਚਿਤ ਥਾਨ ਮਹਾਨੇ। ਉਤਰਿ ਖਾਲਸੇ ਸਭਿ ਸੁਖ ਠਾਨੇ। ਇਕ ਦੁਇ ਦਿਵਸ ਕਰੇ ਬਿਸਰਾਮੂ। ਕਿਤਿਕ ਆਨਿ ਦਰਸਹਿਂ ਸੁਖ ਧਾਮੂ ॥੧੮॥ ਸੁਧ ਤਬਿ ਸੁਨੀ ਬਹਾਦਰ ਸ਼ਾਹੂ। 'ਗੁਰ ਆਗਵਨ ਭਯੋ ਹਮ ਪਾਹੂ'। ਹਰਖ੍ਯੋ ਤਤਛਿਨ ਪਠਿ ਉਮਰਾਊ। ਆਇ[1] ਭੇਟ ਧਰਿ ਪਰਸੇ ਪਾਊ ॥੧੯॥ 'ਪਾਤਿਸ਼ਾਹੁ ਨੇ ਮੋਹਿ ਪਠਾਵਾ। ਜਬਿ ਆਵਨ ਤੁਮਰੋ ਸੁਨਿ ਪਾਵਾ। ਦਰਸ਼ਨ ਰਾਵਰ ਕੌ ਅਭਿਲਾਖੇ। ਕਰਹੁ ਮੇਲ ਬਹੁ ਬਿਨਤੀ ਭਾਖੇ' ॥ ੨੦ ॥ ਸਭਿ ਸਿੰਘਨ ਪ੍ਰਤਿ ਹੁਕਮ ਉਚਾਰਾ। 'ਜ਼ੀਨ ਪਾਇ ਹਯ ਕੀਜਹਿ ਤਯਾਰਾ'। ਸੁਨਿ ਸਤਿਗੁਰ ਤੇ ਸ਼ਸਤ੍ਰ ਸਜਾਏ। ਅੱਸ੍ਰ ਅਰੂਢਿ ਹੋਇ ਢਿਗ ਆਏ ॥ ੨੧ ॥ ਸ਼੍ਰੀ ਪ੍ਰਭੁ ਬਸਤ੍ਰ ਸਜਾਯਹੁ ਜਾਮਾ। ਪਹਿਰਿ ਬਿਭੂਖਨ ਸਨ ਅਭਿਰਾਮਾ[2]। ਕਲਗ਼ੀ ਜਿਗਾ ਝੂਲਤੀ ਮਾਥੇ। ਮੁਕਤਾ ਹੀਰੇ ਚਮਕਤਿ ਸਾਥੇ ॥ ੨੨ ॥ ਖੜਗ ਗਾਤਰੇ ਸ਼ੁਭਤਿ ਬਿਸਾਲਾ। ਕਟ ਨਿਖੰਗ ਸਰ ਖਰ ਭਰਿ ਜਾਲਾ। ਊਪਰ ਕਸ੍ਯੋ ਦੁਕੂਲ ਸੁਹਾਵੈ। ਹਾਥ ਸਰਾ-ਸਨ ਬਹੁ ਛਬਿ ਪਾਵੈ ॥ ੨੩ ॥ ਚਢਿ ਤੁਰੰਗ ਚਾਲੇ ਤਤਕਾਲਾ। ਸੰਗ ਖਾਲਸਾ ਸ਼ੋਭ ਬਿਸਾਲਾ। ਜਹਾਂ ਹੁਤੋ ਪਤਿਸ਼ਾਹੀ ਮੰਦਿਰ। ਗਨ ਸੁੰਦਰ ਕੇ ਬੈਠ੍ਯੋ ਅੰਦਰ ॥ ੨੪ ॥ ਸਿੰਘਨ ਪ੍ਰਤਿ ਪ੍ਰਭੁ ਹੁਕਮ ਬਖਾਨਾ। 'ਥਿਰੀਯਹਿ ਚਢੇ ਹਯਨਿ ਇਸ ਥਾਨਾ[3]'। ਸਾਹਿਬ ਸਿੰਘ ਸੰਗ ਲੇ ਸਾਹਿਬ। ਭਏ ਪ੍ਰਵੇਸ਼ ਬਿਲੋਕਿ ਅਜਾਇਬ[4] ॥ ੨੫ ॥ ਕਛੁ ਥੋਰੇ ਉਮਰਾਵਨ ਮਾਂਹੂ। ਬੈਠ੍ਯੋ ਹੁਤੋ ਬਹਾਦੁਰਸ਼ਾਹੂ। ਸੂਰਜ ਸਮ ਸਤਿਗੁਰ ਕੋ ਦੇਖਾ। ਕਮਲ ਬਿਲੋਚਨ ਖਿਰੇ ਵਿਸ਼ੇਖਾ ॥੨੬॥ ਉਠਿ ਕਰਿ ਤੁਰਤ ਸਮੀਪੀ ਆਯੋ। ਦ੍ਵੈ ਹਾਥਨ ਦ੍ਵੈ ਚਰਨ ਲਗਾਯੋ। ਸ਼੍ਰੀ ਪ੍ਰਭੁ ਕ੍ਰਿਪਾ ਦ੍ਰਿਸ਼ਟਿ ਕਰਿ ਹੇਰਾ। ਥਾਪੀ ਦਈ ਕੰਡ ਤਿਸ ਬੇਰਾ ॥੨੭॥ 'ਸੁਖ ਸੋਂ ਭੁਗਤਹੁ ਬਡਿ ਪਤਿਸ਼ਾਹੀ। ਬਿਨਸੀ ਪ੍ਰਥਮ ਦਈ

[1](ਉਮਰਾਵ ਨੇ ਗੁਰੂ ਜੀ ਪਾਸ) ਆਕੇ। [2]ਸੁੰਦਰ ਭੂਸ਼ਨਾਂ ਸਮੇਤ। [3]ਘੋੜਿਆਂ ਤੇ ਚੜ੍ਹੇ ਇੱਥੇ ਹੀ ਠਹਿਰੋ। [4]ਅਸਚਰਜ ਮੰਦਿਰ।

ਤੁਵ ਪਾਹੀ[1]। ਜਬਿ ਲੌ ਤੋਹਿ ਆਰਬਲ ਤਨ ਕੀ।ਪੁਰਹੁ ਅਨੰਦਤਿ ਬਾਂਛਾ ਮਨ ਕੀ' ॥੨੮॥ ਚੰਦਨ ਚੌਂਕੀ ਸੁਜਨਿ[2] ਡਸਾਈ। ਤਿਸ ਪਰ ਸਤਿਗੁਰ ਲਏ ਬਿਠਾਈ। ਹਾਥ ਜੋਰਿ ਬਹੁ ਬਿਨੈ ਬਖਾਨੀ। 'ਤੁਮ ਸਹਾਇਤਾ ਮੈਂ ਸਭਿ ਜਾਨੀ॥੨੯॥ਰਣ ਮਹਿਂ ਦਰਸ਼ਨ ਦੇ ਰਿਪੁ ਮਾਰਾ। ਮੁਝ ਕੌ ਸਲਤਨ ਦਈ ਉਦਾਰਾ। ਪਾਤਿਸ਼ਾਹੁ ਘਰ ਕੇ ਸਮੁਦਾਏ। ਸੁਨਿ ਸੁਨਿ ਤੀਰਮਦਾਜ[3] ਸੁ ਆਏ ॥ ੩੦ ॥ ਜਿਦਹਿ ਪਰਸਪਰ ਕਰਹਿਂ ਉਚਾਰਾ–ਤਾਰਾ ਆਜ਼ਮ ਕੋ ਮੈਂ ਮਾਰਾ–। ਮੁਝ ਕੋ ਨਿਸ਼ਚੈ ਭਯੋ ਨ ਕੋਈ।ਤਿਨ ਤਰਕਸ਼ ਕੇ ਸਰ ਪਿਖਿ ਸੋਈ ॥ ੩੧ ॥ ਨਹਿਂ ਸਮਤਾ ਤੀਰਨਿ ਕੀ ਪਾਈ। ਹੁਇ ਹੁਇ ਕੂਰ ਹਟੇ ਪਛੁਤਾਈ*।ਸੋ ਮੈਂ ਅਬਿ ਲੌ ਰਖੇ ਸੰਭਾਲ।ਅਬਿ ਮੇਲੌਂ ਰਾਵਰਿ ਸਰ ਨਾਲ' ॥ ੩੨ ॥ ਇਮ ਕਹਿ ਦੋਨਹੁ ਸਰ ਅਨਵਾਏ। ਕਹਿ ਗੁਰ ਤਰਕਸ਼ ਤੇ ਨਿਕਸਾਏ। ਕੰਚਨ ਲਿਪਤ ਮਿਲੇ ਸਮ ਜਬੈ। ਰਿਦੈ ਅਨੰਦਤਿ ਬੰਦਤਿ ਤਬੈ ॥ ੩੩ ॥ 'ਸਰਬ ਕਲਾ ਸਮਰਥ ਗੁਨਖਾਨੀ। ਜਗ ਮਹਿਂ ਕੋਇ ਨ ਆਪ ਸਮਾਨੀ। ਇਹ ਮਹਿਮਾ ਜਾਨਹਿ ਮਨ ਮੇਰਾ। ਬਖਸ਼ਨੋ ਰਾਜ ਸਮਾਜ ਬਡੇਰਾ' ॥ ੩੪ ॥ ਸ੍ਰੀ ਪ੍ਰਭੁ ਕਹਨੋ'ਪੁਰੀ ਅਬਿ ਬਾਛੇ। ਗੁਰ ਘਰ ਸੋਂ ਸਾਬਤ ਰਹ ਆਛੇ। ਅਬਚਲ ਬਧ ਲਗਿ ਭੋਗਹੁ ਰਾਜੂ[4]। ਸਮ ਨਹਿਂ ਜਗ ਮਹਿਂ ਤੋਹਿ ਸਮਾਜੂ'॥੩੫॥ਕਲਗੀ ਸ੍ਰੀ ਗੁਰ ਕੇ ਸਿਰ ਹੇਰਿ।ਬੋਲਨੋ ਸ਼ਾਹੁਬਹਾਦਰ ਫੇਰ। 'ਲਾਖਹੁਂ ਕੀਮਤਿ ਜਰੇ ਜਵਾਹਰ। ਜਗਮਗ ਜ਼ੇਬ ਜਿਸੁ ਕੀ ਜ਼ਾਹਰ॥ ੩੬॥ਅਸ ਕਲਗੀ ਲੈ ਆਵ ਖਜ਼ਾਨੇ।ਸੰਗ ਦੁਸ਼ਾਲੇ ਬਸਤ੍ਰ ਮਹਾਨੇ। ਇਕ ਧੁਕਧੁਕੀ[5] ਮੋਲ ਬਹੁ ਕੇਰੀ। ਆਨਹੁ ਅਬਹਿ ਨ ਕੀਜਹਿ ਦੇਰੀ' ॥ ੩੭ ॥ ਸੁਨਿ ਖਜ਼ਾਨਚੀ ਤਤਛਿਨ ਆਨੀ। ਗੁਰ ਆਗੇ ਧਰਿ ਬਹੁਰ ਬਖਾਨੀ। 'ਅਬਿ ਆਖਾੜ ਤਪਤਿ ਹੈ ਭਾਰੀ। ਬਰਖਾ ਰੁਤਿ ਬਹੁ ਨਿਕਟ ਨਿਹਾਰੀ ॥ ੩੮ ॥ ਪੰਥ ਚਲਨ ਕੋ ਬਰਜਨ ਹੋਇ। ਨਿਜ ਨਿਜ ਥਾਨ ਥਿਰਹਿਂ ਸਭਿ ਕੋਇ। ਯਾਂਤੇ ਮਾਨਿ ਲੇਹੁ ਮਮ ਅਰਜ਼ੀ। ਰਾਵਰ ਕੇ ਦਰਸ਼ਨ ਕੋ ਗ਼ਰਜ਼ੀ ॥ ੩੯ ॥ ਬਸਹੁ ਚੁਮਾਸਾ ਕਰੁਨਾ ਧਰੀਅਹਿ। ਪੁਨ ਮਿਲਿ ਗਮਨ ਅਪਰ

[1]ਪਹਿਲਾਂ ਗਈ ਹੋਈ ਪਾਤਸ਼ਾਹੀ ਤੈਨੂੰ ਦਿਤੀ ਹੈ। (ਤੱਕੋ ਅੰਸੂ ੧੫ ਦਾ ਅੰਕ ੩੨)। [2]ਕੱਢਿਆ ਹੋਇਆ ਬਸਤ੍ਰ। [3]ਤੀਰ ਚਲਾਉਣ ਵਾਲੇ [ਫਾ:, ਤੀਰਅੰਦਾਜ਼]। [4]ਭਾਵ ਆਪਣੀ ਆਯੂ ਤਕ ਅਟਲ ਰਾਜ ਭੋਗੋ। [5]ਹੌਲਦਿਲੀ ਜਾਂ ਨਾਮ ਵਰਗਾ ਸੁੱਚੇ ਰਤਨਾਂ ਦਾ ਇਕ ਜੜਾਊ ਕੀਮਤੀ ਗਹਿਣਾ ਜੋ ਗਲੇ ਵਿਚ ਪਾਈਦਾ ਹੈ। *ਪਾ:–ਪਿਛਵਾਈ।

ਬਲ ਕਰੀਅਹਿ। ਦਈ ਉਪਾਯਨ ਅੰਗੀਕਾਰਹੁ। ਮੁਝ ਕੋ ਅਪਨਾ ਜਾਨਿ ਸੰਭਾਰਹੁ' ॥ ੪੦ ॥ ਨਿਕਟ ਪੌਰ ਸਾਹਿਬ ਸਿੰਘ ਖਰਯੋ। ਸ਼੍ਰੀ ਸਤਿਗੁਰੂ ਅਵਾਹਨਿ ਕਰਯੋ। ਚਸ਼ਮ ਇਸ਼ਾਰਤ ਦੇ ਸਮੁਝਾਯੋ।ਖਿਲਤ ਸ਼ਾਹੁ ਸੋ ਦਿਯ ਉਚਵਾਯੋ* ॥ ੪੧ ॥ ਪੇਟੀ ਚਿਲਕਤ ਕਲਗ਼ੀ ਜੋਇ। ਲਈ ਉਠਾਇ ਧੁਕਧੁਕੀ ਸੋਇ। ਖੁਸ਼ੀ ਕਰੀ ਗੁਰ ਬਾਹਿਰ ਆਏ। ਸਾਹਿਬ-ਸਿੰਘ ਚਲਤਿ ਪਿਛਵਾਏ ॥੪੨ ॥ ਨਿਜ ਘੋਰਨਿ ਪਰ ਤਬਿ ਚਢਿ ਚਾਲੇ।ਮਿਲੇ ਸਿੰਘ ਹਯ ਚਢੇ ਸੰਭਾਲੇ। ਸਨੇ ਸਨੇ ਚਲਿ ਕੈ ਪ੍ਰਭੁ ਆਏ। ਜਹਿਂ ਉਪਬਨ ਤਰੁਵਰ ਸਮੁਦਾਏ ॥ ੪੩ ॥ ਉਤਰਿ ਪਰੇ ਪ੍ਰਭੁ ਬਾਗ ਨਿਹਾਰਸਿ। ਜੋ ਮਾਲੀ ਬਹੁ ਰੀਤਿ ਸੁਧਾਰਸਿ। ਆਰੂ, ਅੰਬ, ਅਨਾਰ ਅਜਾਇਬ। ਕਦਲੀ, ਕਠਲ, ਬਿਲੋਕਤਿ ਸਾਹਿਬ ॥ ੪੪ ॥ ਤੂਤ ਬਿਦਾਨਾ, ਤਰੁ ਅੰਜੀਰ। ਚੰਪਕ, ਨਾਲਕੇਲ ਕੀ ਭੀਰ। ਰਾਇਬੇਲ, ਚੰਬੇਲੀ ਖਿਲੀ। ਗਨਪੰਕਤਿ ਨਿਤ ਜਲ ਸੈਂ ਮਿਲੀ ॥ ੪੫ ॥ ਸੂਰਜ ਸੁਤਾ ਤੀਰ ਪਰ ਸੋਹੈਂ। ਨਾਨਾ ਬਿਧਿ ਫਲ ਫੂਲਨਿ ਸੋਂ ਹੈ। ਸੁਖਦ ਸਘਨ ਛਾਇਆ ਰਮਨੀਕਾ। ਕਰਹਿ ਭਲੇ ਹੁਲ-ਸਾਵਨਿ ਜੀ ਕਾ॥੪੬॥ਸ਼੍ਰੀ ਪ੍ਰਭੁ ਮੰਦਿਰ ਮਹਿਂ ਕੈ ਛਾਯਾ[1]।ਬੈਠਿ ਬਿਰਾਜਹਿਂ ਸਮੌਂ ਬਿਤਾਯਾ। ਨਗਰ ਆਗਰੇ ਸੰਗਤਿ ਭਾਰੀ। ਦਰਸਹਿ ਧਰਹਿ ਅਕੋਰ ਅਗਾਰੀ ॥ ੩੭ ॥ ਏਕ ਸਿੱਖ ਜੜੀਆ ਸੁਨਿਆਰਾ। ਚਤਰ ਕਾਜ ਮਹਿਂ ਧਨੀ ਉਦਾਰਾ। ਜੁਤਿ ਪਰਿਵਾਰ ਦਰਸ ਕੋ ਆਯੋ।ਚਰਨ ਕਮਲ ਪਰ ਸੀਸ ਨਿਵਾਯੋ ।! ੪੮ ॥ ਲਗੇ ਉਪਾਯਨ ਕੇ ਅੰਬਾਰ। ਅਰਪਤਿ ਗੁਰ ਕੋ ਦਰਸ ਨਿਹਾਰਿ। ਕ੍ਰਿਪਾ ਦ੍ਰਿਸ਼ਟਿ ਤੇ ਖੁਸ਼ੀ ਕਰੀ ਜਬਿ। ਸੰਗਤ ਗਵਨੀ ਨਿਜ ਨਿਜ ਘਰ ਤਬਿ ॥ ੪੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ ਮਿਲਨ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥ ੪੬ ॥

---

[1]ਮੰਦਰ ਵਿਚ ਯਾ ਛਾਇਆ (ਹੇਠ)।

*ਕਲਗੀਧਰ ਜੀ ਦਾ ਆਦਰ ਸਤਿਕਾਰ ਤੇ ਸਨਮਾਨ ਬਹਾਦਰ ਸ਼ਾਹ ਨੇ ਉਸ ਵਿਜੈ ਦੀ ਸ਼ੁਕਰ ਗੁਜ਼ਾਰੀ ਵਜੋਂ ਕੀਤਾ ਹੈ ਜੋ ਸਿੰਘਾਂ ਦੀ ਸਹਾਇਤਾ ਨਾਲ ਆਪਣੇ ਭਰਾ ਪੁਰ ਉਸ ਨੂੰ ਪ੍ਰਾਪਤ ਹੋਈ ਸੀ।

ਗੁਰੂ ਜੀ ਗੁਰਸਿੱਖੀ ਦਾ ਪ੍ਰਚਾਰ ਰਾਜਪੂਤਾਨੇ ਵਿਚ ਕਰਦੇ ਦੱਖਣ ਨੂੰ ਜਾ ਰਹੇ ਸਨ, ਬਹਾਦਰ ਸ਼ਾਹ ਲਸ਼ਕਰ ਕਸ਼ੀ ਕਰਕੇ ਆ ਰਿਹਾ ਸੀ। ਗੁਰੂ ਜੀ ਦੀ ਅਲੂਹੀਅਤ ਦੀ ਖਬਰ ਭਾਈ ਨੰਦਲਾਲ ਜੀ ਤੋਂ ਸੁਣ ਚੁਕਾ ਸੀ ਤੇ ਪਿੱਛੇ ਇਕ ਪਹਾੜੀ ਮੁਹਿੰਮ ਤੇ ਭੇਜੇ ਆਪਣੇ ਜਰਨੈਲ ਮਿਰਜ਼ਾਬੇਗ ਦੇ ਅੱਖੀਂ ਡਿੱਠੇ ਹਾਲਾਤ ਸੁਣਕੇ ਦਸਮ ਪਾਤਸ਼ਾਹ ਜੀ ਦੀ ਅਪੂਰਬ ਸ਼ਕਤੀ ਤੋਂ ਕੁਛ ਕੁਛ ਆਪ ਬੀ ਜਾਣੂ ਹੋ ਚੁਕਾ ਸੀ। ਬਿਪਤ ਸਮੇਂ ਗ਼ੈਬੀ ਮਦਦ ਲਈ ਹਰਇਕ

ਦੀ ਨਜ਼ਰ ਉੱਠਦੀ ਹੈ। ਮੁਗਲ ਬਾਦਸ਼ਾਹਾਂ ਦਾ ਇਤਿਹਾਸ ਦੱਸਦਾ ਹੈ ਕਿ ਉਹ ਅਜੇਹੇ ਸਮੇਂ ਅਜਮੇਰ ਦੇ ਖ੍ਵਾਜਾ ਵਲ ਰੁਜੂਅ ਹੋਇਆ ਕਰਦੇ ਸਨ, ਸੋ ਬਹਾਦਰਸ਼ਾਹ ਨੇ ਗੁਰੂ ਜੀ ਤੋਂ ਬੀ ਲਾਭ ਉਠਾਉਣ ਲਈ ਯਾਚਨਾ ਕੀਤੀ। ਗੁਰੂ ਜੀ ਨੇ ਉਸ ਨੂੰ ਤਖਤ ਦਾ ਜਾਇਜ਼ ਵਾਰਸ ਸਮਝਕੇ ਤੇ ਇਸ ਖਿਆਲ ਤੋਂ ਕਿ ਜੇ ਇਸ ਦਾ ਸੁਧਾਰ ਹੋ ਜਾਏ ਤਦ ਪ੍ਰਜਾ ਸੁਖੀ ਹੋ ਜਾਏਗੀ, ਇਹਦੀ ਸਹਾਇਤਾ ਕਰਨੀ ਪ੍ਰਵਾਨ ਕਰ ਲਈ ਤੇ ਫਤੇ ਦੇ ਪਿੱਛੋਂ ਦੱਖਣ ਦੇ ਸਫਰ ਵਿਚ ਕੁਛ ਪੜਾਉ ਆਮ ਸੰਗਤਾਂ ਵਿਚ ਗੁਰਸਿੱਖੀ ਦਾ ਪ੍ਰਚਾਰ ਕਰਦੇ ਤੇ ਬਹਾਦਰ ਸ਼ਾਹ ਨੂੰ ਸ਼ੁਭ ਸਿੱਖਯਾ ਦੇਂਦੇ ਇਹਦੇ ਨਾਲ ਰਹੇ। ਇਸ ਮਰਮ ਦੀ ਗਲ ਤੋਂ ਅਗਯਾਤ ਬਦੇਸ਼ੀ ਲੇਖਣੀ ਨੇ ਕੁਛ ਕੁ ਗ਼ੈਰ ਜ਼ੁਮੇਵਾਰ ਲੇਖਕਾਂ ਦੇ ਮੁਗ਼ਾਲਤੇ ਦਾ ਸ਼ਿਕਾਰ ਹੋ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਇਸ ਮਿਲਾਪ ਨੂੰ ਹੋਰ ਹੀ ਸ਼ਕਲ ਦੇ ਦਿਤੀ ਹੈ, ਜਿਸ ਦਾ ਅਸਲੀਅਤ ਨਾਲ ਕੋਈ ਸੰਬੰਧ ਨਹੀਂ। ਅਰਥਾਤ ਬਾਜ਼ੇ ਵਿਦੇਸ਼ੀ ਤੇ ਅਨਯਮਤੀ ਲੇਖਕ ਇਸ ਮੇਲ ਨੂੰ ਗੁਰੂ ਜੀ ਦਾ ਪਾਤਸ਼ਾਹੀ ਲਸ਼ਕਰ ਵਿਚ ਨੌਕਰੀ ਪ੍ਰਵਾਨ ਕਰਨਾ ਲਿਖਦੇ ਹਨ, ਇਹ ਗਲ ਗੁਰੂ ਜੀ ਦੇ ਕੇਰੈਕਟਰ ਤੇ ਮਗਰਲੇ ਵਤੀਰੇ ਤੋਂ ਗ਼ਲਤ ਸਾਬਤ ਹੁੰਦੀ ਹੈ। ਅਕਸਰ ਲੇਖਕਾਂ ਨੇ ਐਲਫਿਨਸਟਨ ਦੇ ਇਕ ਫੁਟ ਨੋਟ ਤੋਂ ਟਪਲਾ ਖਾਧਾ ਹੈ। ਐਲਫਿਨਸਟਨ ਨੇ ( ਸਫਾ ੫੬੪ ਦੇ ਫੁਟ ਨੋਟ ਵਿਚ) ਲਿਖਿਆ ਹੈ:—Sir J. Malcolm, Forster's Travels, P. 263. The latter author states that Guru Govind had a small command in the Mogul service; which is confirmed by Khafi Khan.

ਜਿਸ ਦਾ ਭਾਵ ਇਹ ਹੈ 'ਕਿ ਗੁਰੂ ਜੀ ਨੂੰ ਬਹਾਦਰਸ਼ਾਹ ਦੀ ਫ਼ੌਜ ਵਿਚ ਕਿਸੇ ਛੋਟੇ ਫੌਜੀ ਉਹਦੇ ਦੀ ਨੌਕਰੀ ਪ੍ਰਾਪਤ ਸੀ'। ਪਰ ਐਲਫਿਨਸੰਟਨ ਏਥੇ ਪਤਾ ਦੇਂਦਾ ਹੈ, ਮੈਲਕਮ ਦਾ, ਫਾਰਸਟਰ ਦਾ ਤੇ ਖ਼ਫੀ ਖਾਂ ਦਾ।

ਫਾਰਸਟਰ ਲਿਖਦਾ ਹੈ (ਪੰਨਾ ੨੬੨, ੨੬੩) The Sicques say, he even rece ved marks of favour from Bhahauder Shah, who being apprised of his military abilities, gave him a charge in the army which marched into the Decan to appose the rebellion of Kambuchsh.

ਅਰਥਾਤ—ਸਿੱਖ ਕਹਿੰਦੇ ਹਨ ਕਿ ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਚੰਗਾ ਸਲੂਕ ਕੀਤਾ, ਜਿਸ ਨੇ ਉਹਨਾਂ ਦੀ ਫੌਜੀ ਕਾਬਲੀਅਤ ਦਾ ਪਤਾ ਲੱਗਣ ਤੇ ਉਹਨਾਂ ਨੂੰ ਆਪਣੀ ਫੌਜ ਵਿਚ ਕੋਈ ਉਹਦਾ ਦਿਤਾ, ਜਿਸ ਦੀ ਫੌਜ ਕਿ ਦੱਖਣ ਨੂੰ ਕਾਮਬਖਸ਼ ਦੀ ਬਗ਼ਾਵਤ ਦੇ ਮੁਕਾਬਲੇ ਤੇ ਜਾ ਰਹੀ ਸੀ।

ਖ਼ਫੀ ਖਾਂ ਲਿਖਦਾ ਹੈ:—ਦਰ ਅਯਾਮੇ ਕਿ ਬਹਾਦਰਸ਼ਾਹ ਬਾਦਸ਼ਾਹ ਮੁਤਵੱਜਹ ਹੈਦਰਾ-ਬਾਦ ਗਰਦੀਦੰਦ, ਗੋਬਿੰਦ ਨਾਮ ਅਜ਼ ਸਰਗੋਹਾਨਿ ਆਂ ਕੌਮੇ ਬਦਨਾਮ ਬਹਜ਼ੂਰ ਰਸੀਦਹ ਬਾ ਦੋ ਸਦ ਸਿਹ ਸਦ ਸਵਾਰ ਨੇਜ਼ਹਦਾਰ ਵ ਪਯਾਦਹ ਦਰ ਰਕਾਬ ਰਫ਼ਾਕ਼ਤ ਨਮੂਦ।

ਜਿਸ ਦਾ ਅਰਥ ਹੈ ਕਿ:—ਉਹਨਾਂ ਦਿਨਾਂ ਵਿਚ ਕਿ ਜਦੋਂ ਬਹਾਦਰ ਸ਼ਾਹ ਹੈਦਰਾਬਾਦ ਵੱਲ ਮੁਤਵੱਜੇ ਹੋਇਆ ਸੀ ਤਾਂ ਗੋਬਿੰਦ ਨਾਮ ਉਸ ਬਦਨਾਮ ਕੌਮ ਦੇ ਸਰਗ੍ਰੋਹਾਂ

ਵਿਚੋਂ ਪਾਤਸ਼ਾਹ ਪਾਸ ਪਹੁੰਚਾ, ਦੋ ਸੌ ਤਿੰਨ ਸੌ ਨੇਜ਼ਾਦਾਰ ਸਵਾਰਾਂ ਤੇ ਪਿਆਦਿਆਂ ਸਣੇ (ਉਸ ਨੇ) ਹਮਰਾਹੀ ਵਿਚ ਰਫਾਕਤ ਕੀਤੀ।

ਹੁਣ ਵੀਚਾਰ ਕਰੋ ਫਾਰਸਟਰ ਦੀ:—ਇਸ ਦੀ ਆਪਣੀ ਖੋਜ ਕੋਈ ਨਹੀਂ, ਇਹ ਲਿਖਦਾ ਹੈ ਕਿ 'ਸਿਖ ਕਹਿੰਦੇ ਹਨ; ਗੋਯਾ ਉਸ ਦੀ ਸੁਣੀ ਸੁਣਾਈ ਬਾਤ ਹੈ। ਕੋਈ ਲਿਖਤੀ ਯਾ ਕੁਮਾਹੱਕ੍ਹਾ ਸਬੂਤ ਉਸ ਨੂੰ ਨਹੀਂ ਮਿਲਿਆ। ਸਿੱਖ ਜੋ ਕੁਛ ਕਹਿੰਦੇ ਹਨ ਸੋ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ, ਓਹ ਨੌਕਰੀ ਨਹੀਂ ਹੈ ਤੇ ਸਭ ਤੋਂ ਪੁਰਾਣੇ ਸਿੱਖ ਲੇਖਕ ਸੈਨਾਪਤ ਜੀ ਹਨ ਜੋ ਫਾਰਸਟਰ ਤੋਂ ਪਹਿਲੋਂ ਹੋਏ ਹਨ ਤੇ ਜੋ ਗੁਰੂ ਜੀ ਦੇ ਸਮੇਂ ਸਨ ਉਹਨਾਂ ਦਾ ਲੇਖ ਅੱਗੇ ਆਵੇਗਾ। ਜਾਪਦਾ ਹੈ ਕਿਸੇ ਸਿੱਖ ਨੇ ਫਾਰਸਟਰ ਨੂੰ ਅਸਲੀ ਗਲ ਜੋ ਸੂਰਜ ਪ੍ਰਕਾਸ਼ ਵਿਚ ਹੈ ਸੁਣਾਈ ਹੈ ਤੇ ਕਿਸੇ ਦੁਭਾਸ਼ੀਏ ਨੇ ਉਸ ਨੂੰ ਜਿਵੇਂ ਤਰਜਮਾ ਕਰ ਦਿਤਾ ਉਸ ਨੇ ਲਿਖ ਦਿਤਾ ਹੈ। ਹਰ ਹਾਲ ਉਸ ਦੀ ਗਲ ਵਾਕਿਆ ਤੋਂ ਪੰਝੱਤਰ ਕੁ ਬਰਸ ਮਗਰੋਂ ਦੀ ਇਕ ਸੁਣੀ ਸੁਣਾਈ ਗਲ ਹੈ।

ਖ਼ਫੀ ਖਾਂ ਸਿੱਖਾਂ ਬਾਬਤ ਇੰਨੇ ਗੁੱਸੇ ਤੇ ਰੰਜ ਵਿਚ ਤੇ ਐਸੀ ਗਿਰੀ ਹੋਈ ਜ਼ੁਬਾਨ ਵਿਚ ਉਹਨਾਂ ਦਾ ਜ਼ਿਕਰ ਕਰਦਾ ਹੈ ਕਿ ਉਸ ਦਾ ਲਿਖਿਆ ਤਅੱਸਬ ਤੋਂ ਖਾਲੀ ਕੋਈ ਨਹੀਂ ਕਹਿ ਸਕਦਾ। ਮੈਲਕਮ ਨੇ ਤਾਂ ਇਹ ਗਲ ਸਾਫ ਲਿਖੀ ਹੈ ਕਿ ਸਿੱਖਾਂ ਨੇ ਆਪਣੇ ਹਾਲਾਤ ਦੱਸਣ ਵਿਖੇ ਜੋਸ਼ ਵਾਲੀ ਸਿਫਤ ਸਲਾਹ ਵਿਚ ਆਕੇ ਆਪਣੇ ਬਜ਼ੁਰਗਾਂ ਨੂੰ ਸ਼ੁਭ ਗੁਣਾਂ ਤੇ ਖੂਬੀਆਂ ਨਾਲ ਭਰ ਦਿਤਾ ਹੈ ਪਰ ਦੂਜਿਆਂ (ਮੁਸਲਮਾਨ ਲੇਖਕਾਂ) ਨੇ ਸਿੱਖ (ਬਜ਼ੁਰਗਾਂ ਦੇ) ਕੈਰੈਕਟਰ ਨੂੰ ਉਲਟਾ ਕੇ ਬਿਆਨ ਕੀਤਾ ਹੈ ਤੇ ਉਹਨਾਂ ਦੇ ਗੁਣਾਂ ਤੇ ਖੂਬੀਆਂ ਨੂੰ ਘਟਾਦਿਆ ਹੈ।

ਇਸ ਗਲ ਦੇ ਹੁੰਦਿਆਂ ਬੀ ਜੇ ਖ਼ਫੀ ਖਾਂ ਦੇ ਲਿਖੇ ਵਲ ਤੱਕੀਏ ਤਾਂ ਉਹ ਇਤਨਾ ਹੀ ਲਿਖਦਾ ਹੈ ਕਿ ਪਾਤਸ਼ਾਹ ਦੀ ਹਮਰਾਹੀ ਵਿਚ ਰਫਾਕਤ ਕੀਤੀ, ਇਸ ਦੇ ਨਿਸ਼ਚੇ ਪੂਰਬਕ ਅਰਥ 'ਨੌਕਰੀ ਕਰਨਾ' ਨਹੀਂ ਨਿਕਲਦੇ।

ਇਸ ਦੇ ਨਾਲ ਜੇ ਅਸੀਂ ਜਾਜੂ ਦੇ ਜੰਗ ਦਾ ਹਾਲ 'ਨਿਆਮਤ ਖਾਂ ਆਲੀ ਦੇ ਜੰਗਨਾਮੇ' ਵਿਚ ਲਿਖਿਆ ਪੜ੍ਹੀਏ ਤਾਂ ਉਸ ਵਿਚ ਗੁਰੂ ਸਾਹਿਬ ਦੇ ਇਸ ਜੰਗ ਵਿਚ ਸ਼ਰੀਕ ਹੋਣ ਦਾ ਜ਼ਿਕਰ ਕੋਈ ਨਹੀਂ ਆਉਂਦਾ। ਹੁਣ ਆਓ ਮੈਲਕਮ ਦੇ ਲਿਖੇ ਵਲ:—

ਮੈਲਕਮ ਆਪਣੀ ਪੁਸਤਕ ਦੇ ਸਫੇ ੭੦ ਪਰ ਗੁਰੂ ਜੀ ਦੇ ਅੰਤਲੇ ਹਾਲਾਤ ਬਾਬਤ ਲਿਖਦਾ ਹੋਇਆ ਫੁਟ ਨੋਟ ਵਿਚ ਫਾਰਸਟਰ ਦਾ ਹੀ ਪਤਾ ਦੇਂਦਾ ਹੈ ਤੇ ਆਪ ਕਹਿੰਦਾ ਹੈ ਕਿ ਸਾਰੀ ਗੱਲ ਵਿੱਚੋਂ ਗੁਰੂ ਜੀ ਦੇ ਨਾਦੇੜ ਵਿਚ ਚਲਾਣੇ ਦੀ ਗੱਲ ਨੂੰ ਮੈਂ ਕੇਵਲ ਸਹੀ ਮੰਨਦਾ ਹਾਂ। ਗੋਯਾ ਜੋ ਮੁਖ਼ਤਲਿਫ ਬਯਾਨ ਗੁਰੂ ਜੀ ਦੇ ਅੰਤਲੇ ਸਮੇਂ ਦੇ ਆਪ ਦੱਸਦਾ ਹੈ ਉਹਨਾਂ ਵਿਚੋਂ ਸਾਰਿਆਂ ਨੂੰ ਸਹੀ ਨਹੀਂ ਮੰਨਦਾ ਕੇਵਲ ਇਕ ਗਲ ਮੰਨਦਾ ਹੈ, ਓਹ ਇਹ ਹੈ ਕਿ ਚਲਾਣਾ ਨਾਦੇੜ ਵਿਚ ਹੋਇਆ। ਇੱਥੇ ਮੈਲਕਮ ਤੀਸਰੇ ਬਿਆਨ ਵਿਚ ਲਿਖਦਾ ਹੈ:—

He received favours from the Emperor Bahader Shah; who, aware of his military talents, gave him a small military command in the Dekhin. [Page 71.

ਅਰਥਾਤ:—'ਗੁਰੂ ਜੀ ਨੇ ਪਾਤਸ਼ਾਹ ਤੋਂ ਮਿਹਰਬਾਨੀ ਪ੍ਰਾਪਤ ਕੀਤੀ ਜਿਸਨੇ ਗੁਰੂ ਜੀ ਦੀ ਫੌਜੀ ਤਾਕਤ ਤੋਂ ਵਾਕਬ ਹੋਣ ਕਰਕੇ ਉਹਨਾਂ ਨੂੰ ਆਪਣੀ ਫੌਜ ਵਿੱਚ ਇੱਕ ਛੋਟੀ ਅਸਾਮੀ ਦੇਖਣ ਵਿੱਚ ਦਿੱਤੀ' । ਪਰ ਅਗਲੇ ਹੀ ਪੈਰੇ ਗ੍ਰਾਫ ਵਿਚ ਮੈਲਕਮ ਆਪ ਹੀ ਲਿਖਦਾ ਹੈ:—

It is sufficiently established, from these contradictory and imperfect accounts of the latter years of Guru Govind, that he performed no actions worthy of record after his flight from Chamkaur: and when we consider the enthusiastic ardour of his mind, his active habits, his valour, and the insatiable thirst of revenge, which he had cherished through life, against the murderers of his father, and the oppressors of his sect, we cannot think, when that leading passion of his mind must have been increased by the massacre of his children, and the death or mutilation of his most attached followers, that he would have remained inactive; much less that he would have sunk into a servant of that government, against which he had been in constant rebellion: nor is it likely that such a leader as Guru Govind could ever have been trusted by a Muhammedan prince.

[Sketch of the Sikhs by L. C. Malcolm. Page 71, 72,

ਜਿਸ ਦਾ ਸੰਖੇਪ ਅਰਥ ਇਹ ਹੈ:—ਕਿ ਗੁਰੂ ਜੀ ਦੇ ਮਨ ਦਾ ਉਛਾਲ, ਉਨ੍ਹਾਂ ਦਾ ਸਦਾਂ ਤਯਾਰ ਬਰੱਤਯਾਰ ਸੁਭਾਵ, ਉਨ੍ਹਾਂ ਦੀ ਸੂਰਮਗਤੀ ਤੇ ਬਦਲੇ ਦਾ ਜੋਸ਼ ਜੋ ਅਪਣੇ ਪਿਤਾ ਦੇ ਕਾਤਲਾਂ ਤੇ ਅਪਣੇ ਧਰਮ ਦੇ ਜ਼ਾਲਮਾਂ ਵੱਲੋਂ ਸੀ ਤੇ ਜੋ ਬੱਚਿਆਂ ਦੇ ਮਾਰੇ ਜਾਣ ਅਤੇ ਅਪਣੇ ਸਾਥੀਆਂ ਪਰ ਵਰਤੇ ਕਹਿਰਾਂ ਤੋਂ ਹੋਰ ਵਧ ਗਿਆ ਹੋਣਾ ਹੈ, ਇਹ ਗੱਲ ਯਕੀਨ ਨਹੀਂ ਕਰਨ ਦੇਂਦਾ ਕਿ ਓਹ ਕਦੇ ਇੰਨੇ ਨੀਵੇਂ ਉਤਰ ਗਏ ਹੋਣ ਕਿ ਉਸੇ ਸਰਕਾਰ ਦੇ ਨੌਕਰ ਬਣੇ ਹੋਣ , ਜਿਸਦੇ ਵਿਰੁੱਧ ਕਿ ਉਹ ਸਦਾ ਬਗ਼ਾਵਤ ਵਿੱਚ ਰਹੇ । ਨਾ ਹੀ ਇਹ ਅਗ਼ਲਬ ਹੈ ਕਿ ਮੁਸਲਮਾਨ ਪਾਤਸ਼ਾਹ ਨੇ ਗੁਰੂ ਜੀ ਦਾ ਇਤਬਾਰ ਕੀਤਾ ਹੋਵੇ ।

ਸੋ ਮੈਲਕਮ ਤਾਂ ਆਪ ਹੀ 'ਨੌਕਰੀ ਕਰਨ' ਦੇ ਖ਼ਯਾਲ ਦੀ ਤਰਦੀਦ ਕਰ ਰਿਹਾ ਹੈ । ਸੋ ਇਸ ਤਰਦੀਦ ਵਿੱਚ ਐਲਫਿਨਸਟਨ ਦੇ ਨੋਟ ਦੀ ਇਤਿਹਾਸਕ ਕੀਮਤ ਕੁਛ ਨਹੀਂ ਰਹਿੰਦੀ ।

ਜਦ ਅਸੀਂ ਉਸ ਸਮੇਂ ਦੇ ਬਾਹਰਲੇ ਲੇਖਕਾਂ ਦੀ ਹੋਰ ਟੋਲ ਕਰਦੇ ਹਾਂ ਤਾਂ ਸਾਨੂੰ ਤਾਰੀਖੇ ਬਹਾਦਰ ਸ਼ਾਹੀ ਮਿਲਦੀ ਹੈ, ਇਸਦਾ ਲੇਖਕ ਦੱਸਦਾ ਹੈ ਕਿ ਮੈਂ ਔਰੰਗਜ਼ੇਬ ਦੀ ਮੌਤ ਵੇਲੇ ਦਿੱਲੀ ਵਿਚ ਸੀ । ਸੋ ਏਹ ਸ਼ਖਸ ਉਸ ਸਮੇਂ ਹੋਇਆ ਹੈ ਤੇ ਵਾਕਿਆਤ ਦੇ ਪਾਸ ਹੋਇਆ ਹੈ । ਇਸ ਦੇ ਲਿਖੇ ਦਾ ਅੰਗ੍ਰੇਜ਼ੀ ਤਰਜਮਾਂ (ਜਿ: 7 ਹਿਸ: ਔਫ ਇੰਡੀਆ ਬਾਈ ਇਟਸ ਓਨ ਹਿਸਟੋਰੀਅਨਜ਼) ਵਿਚ ਇਉਂ ਦਿੱਤਾ ਹੈ:—

At the time the army was marching southwards towards Burhanpur, Guru Gobind, one of the grandsons of Nanak, had come into these districts to travel, and accompanied the royal camp. He was in the habit of constantly addressing assemblies of worldly persons, religious fanatics and all sorts of people. [Page 566.

ਅਰਥਾਤ:—(ਬਹਾਦਰ ਸ਼ਾਹ ਦੀ) ਫੌਜ ਬੁਰਹਾਨ ਪੁਰ ਦੱਖਣ ਵਾਲੇ ਪਾਸੇ ਕੂਚ ਕਰ ਰਹੀ ਸੀ, ਗੁਰੂ ਗੋਬਿੰਦ ਜੋ ਗੁਰੂ ਨਾਨਕ ਦੇ ਪੋਤ੍ਰਿਆਂ ਵਿਚੋਂ ਇਕ ਸੀ ਇਹਨਾਂ

ਜ਼ਿਲਿਆਂ ਵਿੱਚ ਸਫਰ ਕਰਨ ਲਈ ਆ ਗਿਆ ਤੇ ਸ਼ਾਹੀ ਡੇਰੇ ਦੇ ਨਾਲ ਨਾਲ (ਸਫਰ ਕਰਦਾ) ਰਿਹਾ। ਓਹ (ਗੁਰੂ) ਗ੍ਰਿਹਸਤੀਆਂ ਤੇ ਤਯਾਗੀਆਂ ਤੇ ਹਰ ਕਿਸਮ ਦੇ ਲੋਕਾਂ ਨੂੰ ਲਗਾਤਾਰ ਉਪਦੇਸ਼ ਦਿਆ ਕਰਦਾ ਸੀ।

ਇਸ ਲੇਖਕ ਨੇ ਸਾਫ ਦੱਸ ਦਿੱਤਾ ਹੈ ਕਿ ਅਪਣੀ ਖੁਸ਼ੀ ਨਾਲ ਗੁਰੂ ਸਾਹਿਬ ਸਫਰ ਕਰ ਰਹੇ ਤੇ ਲੋਕਾਂ ਨੂੰ ਉਪਦੇਸ਼ ਦੇਂਦੇ ਤੇ ਸ਼ਾਹੀ ਲਸ਼ਕਰ ਦੇ ਨਾਲ ਨਾਲ ਸਫਰ ਕਰਦੇ ਰਹੇ ਹਨ। ਜਿਸ ਤੋਂ ਨੌਕਰੀ ਦਾ ਸ਼ੁਭਾ ਕੋਈ ਨਹੀਂ ਬਾਕੀ ਰਹਿੰਦਾ। ਫੌਜੀ ਨੌਕਰੀ ਕੀਹ ਤੇ ਲਗਾਤਾਰ ਉਪਦੇਸ਼ ਦੇਣੇ ਕੀਹ ? ਫਿਰ ਇਹ ਲੇਖਕ ਦੱਸਦਾ ਹੈ ਕਿ ਇਨ੍ਹਾਂ ਜ਼ਿਲਿਆਂ ਵਿਚ ਸਫਰ ਕਰਨ ਲਈ ਆ ਗਏ, ਜਿਸਤੋਂ ਨੌਕਰੀ ਲਈ ਆਏ ਤੇ ਨੌਕਰੀ ਕੀਤੀ ਦੁਇ ਸ਼ੁਭੇ ਦੂਰ ਹੋ ਗਏ।

ਸਭ ਤੋਂ ਮਗਰਲਾ ਯੂਰਪੀਨ ਲੇਖਕ ਮੈਕਾਲਫ ਹੋਇਆ ਹੈ, ਜਿਸਦੇ ਪਾਸ ਬੀ ਤਾਰੀਖੀ ਸਾਮਾਨ ਕਾਫੀ ਸੀ, ਉਸਨੇ ਬੀ ਨੌਕਰੀ ਦੀ ਗਲ ਨਹੀਂ ਲਿਖੀ, ਸਗੋਂ ਐਉਂ ਲਿਖਿਆ ਹੈ:—

The Guru, on being appealed to, promised him not only assistance but sovereignty if he agreed to a request he was about to make, and did not prove false like his father. Bahadur Shah was pleased to accept these vague conditions, and informed the Guru accordingly.

The Guru sent Dharam Singh with some trusty Sikhs to render him all possible assistance, and, feeling anxiety regarding the grave political circumstances of the country, deemed it advisable to retrace his steps to the north in the hope of meeting and conferring with the Emperor. ... ... [Page 230.

The Guru duly met the Emperor Bahadur Shah in Agra The Emperor thanked him for such assistanee as he had given him in obtaining the throne, made him costly presents, and invited him to spend some time with him. The Guru was pleased to accept the invitation. [Page 232.

ਭਾਵੇਂ ਹ ਕਿ ਬਹਾਦਰਸ਼ਾਹ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ, ਗੁਰੂ ਜੀ ਨੇ ਇਕ ਸ਼ਰਤ ਕਰਕੇ ਉਸਨੂੰ ਨਾ ਕੇਵਲ ਸਹਾਇਤਾ ਬਲਕਿ ਪਾਤਸ਼ਾਹੀ ਦੇਣ ਦਾ ਇਕਰਾਰ ਕੀਤਾ। ਪਾਤਸ਼ਾਹ ਨੇ ਸ਼ਰਤਾਂ ਮੰਨੀਆਂ। ਗੁਰੂ ਜੀ ਨੇ ਧਰਮ ਸਿੰਘ ਨੂੰ ਕੁਛ ਸਿੱਖਾਂ ਸਣੇ ਪਾਤਸ਼ਾਹ ਪਾਸ ਘੱਲ ਦਿੱਤਾ""""। ਫਿਰ ਲਿਖਦਾ ਹੈ:—ਕਿ ਗੁਰੂ ਜੀ ਆਗਰੇ ਵਿਚ ਪਾਤਸ਼ਾਹ ਨੂੰ ਮਿਲੇ। ਪਾਤਸ਼ਾਹ ਨੇ ਸ਼ੁਕਰੀਆ ਅਦਾ ਕੀਤਾ। ਬੜੇ ਤੁਹਫੇ ਪੇਸ਼ ਕੀਤੇ ਤੇ ਅਪਣੇ ਪਾਸ ਕੁਛ ਸਮਾਂ ਰਹਿਣ ਲਈ ਨਿਉਤਾ ਦਿੱਤਾ। ਗੁਰੂ ਜੀ ਨੇ ਇਹ ਨਿਉਤਾ ਪਰਵਾਨ ਕੀਤਾ।

ਸੋ ਇਸ ਲੇਖਕ ਨੇ ਨੌਕਰੀ ਵਾਲੀ ਗਲ ਦੇ ਉਲਟ ਪਾਤਸ਼ਾਹ ਦਾ ਆਪ ਮੱਦਦ ਮੰਗਣਾ ਤੇ ਗੁਰੂ ਜੀ ਦਾ ਦੇਣਾ ਤੇ ਪਾਤਸ਼ਾਹ ਨੇ ਉਹਨਾਂ ਦਾ ਸਤਿਕਾਰ ਕਰਨਾ ਲਿਖਿਆ ਹੈ।

ਸਿੱਖ ਲੇਖਕਾਂ ਵਿੱਚ ਸੌ ਸਾਖੀ ਪੁਰਾਣੀ ਸ਼ੈ ਹੈ। ਭਾਵੇਂ ਅਜੇ ਬਹੁਤ ਪੁਰਾਣੀ ਨਹੀਂ ਲੱਭੀ ਪਰ ਹੁਣ ਵਾਲੀ ਪੋਥੀ ਵਿਚ ਵੀ, ਜੋ ਪਚਾਸੀ ਕੁ ਸਾਲ ਦੀ ਹੈ, ਸੱਠਵੀਂ ਸਾਖੀ ਵਿਚ

ਐਉਂ ਲਿਖਿਆ ਹੈ:—

ਭਈ ਲੋੜ ਤਬ ਤੁਰਕ ਪਤਿ ਪੀਰਨ ਖੋਜਤ ਸੋਇ। ਦਾਸ ਭਾਵ ਹੋ ਬੋਲ
ਪਠਿ ਗੁਰੁ ਅਨੁਸੁਨੀ ਸਮੋਇ ॥ ੨ ॥ ਚਲੇ ਮੁਬਾਰਕ ਦੱਖਣੀ ਸੁਨੀ ਸ਼ਾਹ
ਨ੍ਰਿਪ ਦਾਸ। ਆਪ ਤੁਰਾ ਮਾਰਗ ਮਿਲਾ ਦਿੱਲੀ ਗੁਰ ਸ਼ਹ ਬਾਸ ॥ ੩ ॥.....
ਜਨਕ ਬਾਇ ਪਰਗਟ ਕਰਾ ਤੀਜਾ ਸ਼ਾਹ ਸਨੇਹ। ਦੱਖਣ ਚਲੇ ਬਹੁ ਭਾਵ
ਸੋਂ ਗੁਰੂ ਦਿਖਾਯਜਾ ਏਹ ॥੬॥ ਚਲੇ ਸਾਹ ਦੱਖਨ ਜਿਤਾ ਬਹੁਤ ਕੀਆ ਤਬ ਮਾਨ ॥

ਜਿਸ ਦਾ ਸਰ ਸਰਦਾਰ ਅਤਰ ਸਿੰਘ ਜੀ ਨੇ ਐਉਂ ਅੰਗ੍ਰੇਜ਼ੀ ਉਲਥਾ ਕੀਤਾ ਹੈ:—

The reigning Emperor began to search for a saint and called the Gooroo with great humility and supplications. The Gooroo heard his message and promised to see the Emperor on his way to the Dukkun. Shortly afterwards the Emperor heard of the Gooroo's intentions to start for Dukkun. He went on foot to receive the Gooroo on the way and brought him in Delhie......After this the Gooroo built the tomb of his father "Tegh Bahadur" at Delhi and made friendship with the Emperor. The Gooroo then expressed his intention of going to Dukkun and the Emperor treating him with great kindness begged him to stay more for some time.

[Page 105.

ਸਭ ਤੋਂ ਪੁਰਾਣੇ ਸਿੱਖ ਲੇਖਕ ਜੋ ਹੁਣ ਤਾਈਂ ਲੱਭੇ ਹਨ, ਜੋ ਸੰਮਤ ੧੭੬੮ ਵਿਚ ਆਪਣੀ ਪੋਥੀ ਲਿਖਦੇ ਜਾਪਦੇ ਹਨ, ਸੈਨਾਪਤ ਜੀ ਹਨ, ਉਹ ਲਿਖਦੇ ਹਨ ਕਿ ਜਦੋਂ ਆਗਰੇ ਗੁਰੂ ਜੀ ਦੀ ਮੁਲਾਕਾਤ ਹੋਈ ਹੈ ਤਾਂ ਪਾਤਸ਼ਾਹ ਨੇ:—

ਕਲਗੀ ਅਉਰ ਧੁਗਧੁਗੀ ਆਨੀ। ਖਿਲਅਤ ਏਕ ਸ਼ਾਹ ਸਨਮਾਨੀ।
ਸ਼ਾਹ ਪ੍ਰਭੂ ਕੋ ਭੇਟ ਚੜ੍ਹਾਈ। 'ਖੁਸ਼ੀ ਕਰੋ ਤੁਮ ਸੋਂ ਬਨਿ ਆਈ'।
ਤਾਂਹਿ ਸਮੈਂ ਪ੍ਰਭੂ ਨੇ ਫੁਰਮਾਯੋ। ਅੰਦਰਿ ਸ਼ਾਹ ਪੈ ਸਿੰਘ ਬੁਲਾਯੋ।
ਬਸਤਰ ਤਾਂਹਿ ਪਾਸ ਉਠਵਾਏ। ਬਿਦਾ ਭਏ ਪ੍ਰਭੂ ਡੇਰੇ ਆਏ। [ਧਿਆਇ ੧੬

ਇਸ ਤੋਂ ਵਿਦਤ ਹੋਇਆ ਕਿ ਖਿਲਅਤ ਆਦਿ ਸਨਮਾਨ ਨਾਲ ਪਾਤਸ਼ਾਹ ਨੇ ਪੇਸ਼ ਕੀਤਾ ਤੇ ਆਪ ਅਪਣੇ ਇੱਕ ਸੇਵਕ ਤੋਂ ਉਠਵਾਕੇ ਲੈ ਆਏ। ਮੁਗ਼ਲ ਪਾਤਸ਼ਾਹ ਦੇ ਦਰਬਾਰ ਵਿੱਚੋਂ ਮਿਲੇ ਖਿਲਅਤ ਨੂੰ ਦਾਸ ਤੋਂ ਚੁਕਵਾਕੇ ਲੈ ਆਉਣਾ ਕੇਵਲ ਉਨ੍ਹਾਂ ਦੇ ਸਨਮਾਨੇ ਔਲੀਯਾ ਤੇ ਉੱਚੇ ਫਕੀਰ ਹੀ ਕਰ ਸਕਦੇ ਸਨ, ਨੌਕਰਾਂ ਲਈ ਇਹ ਖੁੱਲ ਹਰਗਿਜ਼ ਨਹੀਂ ਸੀ। ਇਹ ਗੱਲ ਐਲਫਿਨਸਟਨ ਦੇ ਨੋਟ ਨੂੰ, ਤੇ ਨੌਕਰੀ ਵਾਲੇ ਖਿਆਲ ਨੂੰ ਮੂਲੋਂ ਹੀ ਰੱਦ ਕਰ ਦੇਂਦੀ ਹੈ। ਦੂਜੇ, ਗੁਰੂ ਜੀ ਦਾ ਅਹਿੱਲ ਤੇ ਅਝੱਵਾਂ ਕੈਰੈਕਟਰ ਦੱਸਦਾ ਹੈ ਕਿ ਓਹ ਕਦੇ ਇਹ ਗਲ ਪਰਵਾਨ ਨਹੀਂ ਕਰ ਸਕਦੇ ਸੇ। ਉਨ੍ਹਾਂ ਦਾ ਇਸ ਵੇਲੇ ਪਾਤਸ਼ਾਹ ਦੀ ਮੱਦਦ ਕਰਨਾ ਤੇ ਮਿਲਣਾ ਇਸ ਵਾਸਤੇ ਤਾਂ ਹੋ ਸਕਣਾ ਮੁਮਕਿਨ ਹੈ ਕਿ ਜੇ ਕਦੇ ਪਾਤਸ਼ਾਹ ਨਯਾਯਕਾਰੀ ਹੋ ਜਾਏਗਾ ਤੇ ਪਰਜਾ ਤੋਂ ਔਰੰਗਜ਼ੇਬ ਵਾਲਾ ਜ਼ੁਲਮ ਉੱਠ ਜਾਏ ਤਾਂ ਇਸ ਮੌਕਿਆ ਨੂੰ ਹੱਥੋਂ ਨਾ ਜਾਣ ਦਿੱਤਾ ਜਾਏ। ਨਾਹੱਕ ਤਲਵਾਰ ਚਲਾਉਣਾ ਆਪਦਾ ਆਦਰਸ਼ ਨਹੀਂ ਸੀ। ਆਪ ਨੇ ਆਪ ਦੱਸਿਆ ਹੈ 'ਚੁੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ, ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ'। ਹੁਣ

ਫੇਰ ਮੌਕਾ ਸੀ ਸੁਲਹ ਸਾਲਸੀ ਨਾਲ ਦੇਸ਼ ਨੂੰ ਸੁਖੀ ਕਰਨ ਦਾ । ਇਹ ਮੌਕਾ ਪਰਤਾਕੇ ਫੇਰ ਜੰਗ ਛੇੜਨ ਦਾ ਧੂਵਾ ਹੋਣਾ ਹੈ ਜੋ ਬਹਾਦਰਸ਼ਾਹ ਦੇ ਕਰਾਰ ਪੂਰੇ ਨਾ ਹੋਣ ਉੱਪਜ ਬੈਠੇ ਨੂੰ ਪੰਜਾਬ ਵਿਚ ਘੱਲਣ ਤੋਂ ਸਹੀ ਹੋ ਰਿਹਾ ਹੈ।

ਹੋਰ ਇਤਰ ਮਤ ਵਾਲੇ ਇਤਿਹਾਸਕਾਰਾਂ ਨੇ ਬੀ ਇਸ ਵਿਸ਼ੇ ਤੇ ਗ਼ੌਰ ਕੀਤੀ ਹੈ, ਲਾ: ਦੌਲਤ ਰਾਏ ਨੇ ਆਪਣੇ 'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ' ਦੇ ਸਫ਼ਾ ੨੦੯-੨੧੦ ਤੇ ਐਉਂ ਲਿਖਿਆ ਹੈ:—

ਖ੍ਵਾਹ ਆਜ਼ਮ ਸ਼ਾਹ ਗੁਰੂ ਗੋਬਿੰਦ ਸਿੰਘ ਕੇ ਹਾਥ ਸੇ ਮਾਰਾ ਗਿਆ ਯਾ ਕਿਸੀ ਔਰ ਤਰਹ, ਲੇਕਨ ਇਸ ਮੇਂ ਸ਼ੱਕ ਨਹੀਂ ਕਿ ਬਹਾਦਰ ਸ਼ਾਹ ਕੀ ਇਸ ਫਤਹ ਹਾਸਲ ਕਰਨੇ ਮੇਂ ਗੁਰੂ ਗੋਬਿੰਦ ਸਿੰਘ ਕਾ ਬੜਾ ਹਿੱਸਾ ਥਾ। ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਗੁਰੂ ਗੋਬਿੰਦ ਸਿੰਘ ਕੋ ਬਹਾਦਰ ਸ਼ਾਹ ਦਿਹਲੀ ਮੇਂ ਲਾਇਆ, ਔਰ ਕੁਛ ਅਰਸਾ ਵਹਾਂ ਮੁਕੀਮ ਰਹੇ। ਏਕ ਰਾਏ ਯਿਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਬਹਾਦਰ ਸ਼ਾਹ ਕੀ ਮੁਲਾਜ਼ਮਤ ਇਖ਼ਤਿਆਰ ਕਰ ਲੀ ਥੀ, ਚੁਨਾਂਚਿ ਖਫੀ ਖਾਂ ਕੀ ਸਨਦ ਪਰ ਐਲਫਿਨਸਟਨ ਨੇ ਬੀ ਯਹੀ ਰਾਏ ਕਾਯਮ ਕੀ ਹੈ ਕਿ ਉਸ ਨੇ ਮੁਲਾਜ਼ਮਤ ਹੀ ਕਰ ਲੀ ਥੀ। ਦੂਸਰੀ ਰਾਏ ਯਿਹ ਹੈ ਕਿ ਮੁਲਾਜ਼ਮਤ ਨਹੀਂ ਕੀ.ਮਹਿਜ਼ ਬਤੌਰ ਏਕ ਮਦਦਗਾਰ ਦੋਸਤ ਕੇ ਹਮਰਾਹ ਹੂਏ ਥੇ । ਔਰ ਯਿਹ ਆਖਰੀ ਰਾਏ ਜ਼ਜਾਦਹ ਕਰੀਨੇ ਕਿਆਸ ਹੈ, ਕਿਉਂਕਿ ਤਮਾਮ ਹਾਲਾਤ ਕੋ ਜ਼ੇਰਿ-ਨਜ਼ਰ ਰੱਖ ਕਰ ਯਿਹ ਤ੍ਵੱਕੁਅ ਨਹੀਂ ਹੋ ਸਕਤੀ ਕਿ ਉਸ ਨੇ ਤੁਰਕੋਂ ਕੀ ਮੁਲਾਜ਼ਮਤ ਇਖ਼ਤਿਯਾਰ ਕੀ ਹੋ। ਮਸਲਿਹਤ ਵਕਤ ਦੇਖ ਕਰ ਏਕ ਭਾਈ ਕੇ ਮੁਕਾਬਲਾ ਮੇਂ ਦੂਸਰੇ ਭਾਈ ਕੀ ਇਮਦਾਦ ਕਰਨਾ ਔਰ ਬਾਤ ਹੈ, ਔਰ ਉਸ ਸੇ ਯਿਹ ਨਤੀਜਾ ਨਿਕਾਲਨਾ ਕਿ ਉਸ ਨੇ ਮੁਲਾਜ਼ਮਤ ਇਖ਼ਤਿਆਰ ਕਰ ਲੀ ਥੀ ਗ਼ਲਤ ਹੈ। ਚੁਨਾਂਚਿ ਆਇੰਦਹ ਕੇ ਵਾਕਯਾਤ ਭੀ ਯਹੀ ਨਤੀਜਾ ਪੇਸ਼ ਕਰਤੇ ਹੈਂ ਕਿ ਉਸ ਨੇ ਮੁਲਾਜ਼ਮਤ ਕਬੂਲ ਨਹੀਂ ਕੀ ਥੀ। ਜੈਸਾ ਕਿ ਰਾਜੇ ਯਾ ਅਮੀਰੋਂ ਕਾ ਬਤੌਰ ਇਮਦਾਦ ਬਾਦਸ਼ਾਹੋਂ ਕੇ ਸਾਥ ਲੜਾਈਓਂ ਮੇਂ ਸ਼ਾਮਲ ਹੋਨੇ ਕਾ ਦਸਤੂਰ ਥਾ ਵੋਹ ਬੀ ਬਤੌਰ ਰਫੀਕ ਹਮਰਾਹ ਹੋਗਾ। ਕਿਉਂਕਿ ਗੁਰੂ ਗੋਬਿੰਦ ਸਿੰਘ ਕੇ ਇਸ ਕਾਰੇ ਨੁਮਾਯਾਂ ਕੇ ਸਿਲਾ ਮੇਂ ਬਹਾਦਰ ਸ਼ਾਹ ਨੇ ਏਕ ਬੜੀ ਜਾਗੀਰ ਔਰ ਰਜਾਸਤ ਪੇਸ਼ ਕੀ ਜਿਸੇ ਗੁਰੂ ਗੋਬਿੰਦ ਸਿੰਘ ਨੇ ਲੇਨੇ ਸੇ ਇਨਕਾਰ ਕੀਆ, ਔਰ ਕਹਾ ਕਿ ਹਮਾਰੇ ਦਾਦਾ ਗੁਰੂ ਅਰਜਨ ਦੇਵ ਕੇ ਦੁਸ਼ਮਨ ਚੰਦੂ ਲਾਲ ਦੀਵਾਨ ਕੋ ਉਸ ਕੇ ਸਪੁਰਦ ਕੀਆ ਥਾ, ਆਪ ਕੋ ਬਮੂਜਬ ਵਅਦਾ ਕੇ ਸੂਬਾਦਾਰਾਨ ਸਰਹਿੰਦ ਔਰ ਲਾਹੌਰ ਕੇ ਔਰ ਰਾਜਗਾਨ ਪਹਾੜੀ ਵਗ਼ੈਰਾ ਕੋ (ਜਿਨ੍ਹੋਂ ਨੇ ਉਸ ਕੇ ਮਾਸੂਮ ਬੱਚੋਂ ਕੋ ਕਤਲ ਕੀਆ ਥਾ) ਮੇਰੇ ਹਵਾਲੇ ਕਰੋ । ਬਹਾਦਰ ਸ਼ਾਹ ਨੇ ਇਕਰਾਰ ਪੂਰਾ ਕਰਨੇ ਕਾ ਵਾਅਦਾ ਤੋ ਦੁਹਰਾਯਾ ਮਗਰ ਸਾਲ ਕੀ ਮੁਹਲਤ ਕੇ ਅਰਸਾ ਮੇਂ ਉਸ ਕਾ ਯਿਹ ਇਕਰਾਰ ਪੂਰਾ ਨਾ ਹੂਆ। ਹਰਚੰਦ ਗੁਰੂ ਗੋਬਿੰਦ ਸਿੰਘ ਨੇ ਈਫਾਏ ਅਹਿਦ ਕੀ ਤਰਫ ਬਹਾਦਰ ਸ਼ਾਹ ਕੀ ਤਵੱਜੋ ਦਿਲਾਈ, ਲੇਕਨ ਵੋਹ ਈਫਾਏ ਅਹਿਦ ਮੇਂ ਆਖਰ ਤੱਕ ਕਾਸਰ ਹੀ ਰਹਾ । ਔਰ ਹਾਲਤ ਮੇਂ ਹਰਗਿਜ਼ ਯਿਹ ਕਜਾਸ ਕਬੂਲ ਨਹੀਂ ਕਰਤਾ ਕਿ ਗੁਰੂ ਗੋਬਿੰਦ ਸਿੰਘ ਬਹੈਸੀਅਤ ਮੁਲਾਜ਼ਮ ਕੇ ਐਸੇ

ਕਰਾਰੋਂ ਕਾ ਈਫਾ ਚਾਹਤਾ ਹੋਗਾ। [ਪੰਨਾ ੨੦੯-੨੧੦

ਲਾ: ਕਨੱਯਾ ਲਾਲ ਜੀ ਅਪਣੀ 'ਤਾਰੀਖੇ ਪੰਜਾਬ' ਵਿਚ ਲਿਖਦੇ ਹਨ:-

ਦਯਾ ਸਿੰਘ ਰਾਸਤਾ ਮੇਂ ਬਾਦਸ਼ਾਹ ਕੀ ਮਰਗ ਕੀ ਖਬਰ ਲੇਕਰ ਗੁਰੂ ਜੀ ਕੇ ਪਾਸ ਪਹੁੰਚਾ। ਔਰ ਏਕ ਕਾਸਦ ਬਹਾਦਰ ਸ਼ਾਹ ਖਲਫ ਔਰੰਗਜ਼ੇਬ ਆਲਮਗੀਰ ਕਾ ਬਤਵੱਸਲ ਮੁਨਸ਼ੀ ਨੰਦਲਾਲ ਖਾਦਮ ਬਖਿਦਮਤ ਗੁਰੂ ਜੀ ਸਾਹਿਬ ਪਹੁੰਚਾ ਕਿ ਸ਼ਾਹਜ਼ਾਦਾ ਆਜ਼ਮ ਵਲੀਅਹਿਦ ਤਖਤ ਦਿਹਲੀ ਸੇ ਦਿਹਲੀ ਕੀ ਤਖਤ ਨਸ਼ੀਨੀ ਕੇ ਵਾਸਤੇ ਲੜਾਈ ਹੋ ਰਹੀ ਹੈ, ਆਪ ਇਮਦਾਦ ਦੇਂ। ਗੁਰੂ ਸਾਹਿਬ ਨੇ ਅਪਨੇ ਕੁੱਲ ਸਿੱਖੋਂ ਸੇ ਪਾਂਚ ਸਿੱਖ ਮਯ ਦਯਾ ਸਿੰਘ ਕੇ ਭੇਜ ਦੀਏ। ਸ਼ਾਹਜ਼ਾਦਾ ਆਜ਼ਮ ਤੀਰ ਸੇ ਹਲਾਕ ਹੂਆ ਯਾਨੀ ਮਾਰਾ ਗਿਆ ਔਰ ਇੰਦੁਲ ਤਹਿਕੀਕਾਤ ਵੋਹ ਤੀਰ ਫੌਜ ਮੇਂ ਸੇ ਕਿਸੀ ਕਾ ਮਾਲੂਮ ਨ ਹੂਆ। ਆਖਰਕਾਰ ਪਾਇਆ ਗਿਆ ਕਿ ਵੋਹ ਤੀਰ ਜਨਾਬ ਗੁਰੂ ਸਾਹਿਬ ਕਾ ਥਾ, ਕਿਉਂਕਿ ਗੁਰੂ ਸਾਹਿਬ ਕੇ ਤੀਰ ਮੇਂ ਏਕ ਤੋਲਾ ਸੋਨਾ ਨੋਕ ਬੰਦ ਕੇ ਪਾਸ ਲਗਾ ਹੋਤਾ ਥਾ। ਜਬ ਬਹਾਦਰ ਸ਼ਾਹ ਤਖਤ ਨਸ਼ੀਨ ਹੂਆ ਤੋ ਗੁਰੂ ਜੀ ਕੋ ਆਗਰਾ ਮੇਂ ਬੁਲਾਯਾ, ਇਸਤਕਬਾਲ ਕੀਆ। ਫਿਰ ਅਪਨੇ ਹਮਰਾਹ ਦਿਹਲੀ ਮੇਂ ਲੇ ਆਯਾ ਔਰ ਨਿਹਾਇਤ ਇੱਜ਼ਤ ਕੀ। [ਪੰਨਾ ੫੫

ਉਮਦਹ-ਤੁ-ਤ੍ਵਾਰੀਖ ਵਿਚ ਬਹਾਦਰਸ਼ਾਹ ਫਤਹ ਦੇ ਬਾਦ ਗੁਰੂ ਜੀ ਨੂੰ ਐਉਂ ਕਹਿੰਦਾ ਹੈ:-

ਸ਼ਾਹਜ਼ਾਦਾ ਬਰ ਜ਼ਬਾਂ ਆਵੁਰਦ ਕਿ ਐ ਜ਼ੁਬਦਹਏ ਏਜ਼ਦ ਪ੍ਰਸਤਾਨੇ ਹੱਕ ਸ਼ਨਾਸ ਵ ਉਮਦਹ ਆਰਫ਼ਾਨਿ ਹਕੀਕਤ ਇਕ੍ਤਬਾਸ, ਰਾਮਦਾਸ ਜੀਓ! ਤਬੀਯਤੇ ਇਨਾਯਤੇ ਤ੍ਵੀਯਤ ਸ਼ੁਮਾ ਬਖੈਰੀਯਤੋਆਫੀਯਤ ਅਸਤ ਵ ਅਜ਼ ਦੀਦਾਰੇ ਫੈਜ਼ ਆਸਾਰੇ ਏਸ਼ਾਂ ਤਮਾਮ ਗ਼ਮ ਅਜ਼ ਜਾਨ ਦੂਰ ਸ਼ੁਦਹ, ਬਲਕਿ ਈਂ ਸਲਤਨਤ ਵ ਬਾਦਸ਼ਾਹੀ ਬ ਈਂ ਨਿਆਜ਼ਮੰਦ ਬੇਰਿਆ ਮਹਜ਼ ਅਜ਼ ਅ੍ਦੀਆਉਲਮਲਵੇਨ ਜ਼ਾਤੇ ਬਾ ਬਰਕਾਤ ਹਾਸਲ ਵ ਵਾਸਲ ਗਰਦੀਦਹ। ਦਰ ਤਕ੍ਦੀਮ ਬੰਦਗੀਯਾਤੇ ਸ਼ਾਇਸਤਹ ਵ ਬਨਹ੍ਵ ਬਾਇਸਤਹ ਬਲਰਾਸੁਲਐਨ ਕੋਸ਼ਿਸ਼ ਬਿਸੀਆਰ ਬਜ਼ਹੂਰ ਖ੍ਵਾਹਦ ਆਵੁਰਦ। [ਦਫ਼ਤਰ ਪੰਨਾ ੬੨

ਅਰਥਾਤ-ਸ਼ਾਹਜ਼ਾਦੇ (ਬਹਾਦਰ ਸ਼ਾਹ) ਨੇ ਕਿਹਾ ਕਿ 'ਹੇ ਵਾਹਿਗੁਰੂ ਨੂੰ ਪਛਾਣਨ ਤੇ ਪੂਜਣ ਵਾਲਿਆਂ ਦੇ ਸਰਦਾਰ! ਹੇ ਰੱਬ ਨੂੰ ਪੁੱਜੇ ਹੋਏ ਗਜਾਨੀਆਂ ਦੇ ਸਰਤਾਜ ਰਾਮਦਾਸ ਜੀਓ! ਆਪਦਾ ਕ੍ਰਿਪਾਲਤਾ ਦਾ ਸੋਮਾ ਸਰੀਰ ਆਨੰਦ ਪ੍ਰਸੰਨ ਹੈ? ਆਪ ਦੇ ਸੁਖਦਾਈ ਦਰਸ਼ਨਾਂ ਤੋਂ ਸਾਰੇ ਗ਼ਮ ਤੇ ਫਿਕਰ ਜਾਨ ਵਿੱਚੋਂ ਦੂਰ ਹੋ ਗਏ ਹਨ, ਸਗੋਂ ਇਹ ਸਲਤਨਤ ਤੇ ਬਾਦਸ਼ਾਹੀ ਇਸ ਸੱਚੇ ਸੇਵਕ ਨੂੰ ਕੇਵਲ ਆਪ ਜੀ ਦੀ ਕ੍ਰਿਪਾ ਵਾਲੀ ਜ਼ਾਤ ਦੀਆਂ ਕਈ ਤਰ੍ਹਾਂ ਦੀਆਂ ਦੁਆਵਾਂ ਨਾਲ ਪ੍ਰਾਪਤ ਹੋਈ ਹੈ। ਆਪਦੇ ਵਾਜਬ ਹੁਕਮ ਸਿਰ ਤੇ ਅੱਖਾਂ ਤੇ ਰੱਖਕੇ ਪੂਰੇ ਕਰਨ ਦੀ ਵਿਤੋਂ ਵੱਧ ਕੋਸ਼ਿਸ਼ ਕਰਾਂਗਾ।'

ਸੁਰੇਂਦ੍ਰ ਸ਼ਰਮਾ ਲਿਖਦਾ ਹੈ:-

"ਗੁਰੂ ਗੋਬਿੰਦ ਸਿੰਘ ਕੇ ਪਾਸ ਸ਼ਾਹਜ਼ਾਦੇ ਮੁਅੱਜ਼ਮ ਕਾ ਏਕ ਪੱਤ੍ਰ ਆਇਆ। ਉਸ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

## ੪੭. [ਨੌਨਿਧ ਖੱਤ੍ਰੀ । ਕੇਸ਼ (ਇਬ੍ਰਾਹੀਮ, ਪਰਸਰਾਮ)] ।

**ਦੋਹਰਾ॥ ਸਿਖ ਸੰਗਤ ਗਨ ਸੰਗ ਲੈ 'ਨੌ ਨਿਧ ਖੱਤ੍ਰੀ' ਏਕ। ਭੰਡਾਰੀ[1] ਸੰਗਯਾ ਕਹੈਂ ਕੇਤਿਕ ਸਹਤ ਬਿਬੇਕ[2] ॥ ੧ ॥ ਚੌਪਈ ॥ ਸਤਿਗੁਰ ਕੇ ਦਰਸ਼ਨ ਹਿਤ ਆਯੋ । ਧਰਿ ਅਕੋਰ ਪਗ ਸੀਸ ਨਿਵਾਯੋ । ਸਨਮੁਖ ਬੈਠਿ ਅਨੰਦ ਬਿਲੰਦੇ । ਬੂਝੇ ਗੁਰੂ ਬੰਦਿ ਕਰ ਬੰਦੇ ॥ ੨ ॥ 'ਸ਼੍ਰੀ ਪ੍ਰਭੂ ਜੀ ! ਤੁਮ ਪੰਥ ਚਲਾਯੋ। ਬਾਨਾ ਰਚਯੋ ਕੇਸ਼ ਰਖਵਾਯੋ। ਗੁਰੂ ਗ਼ਰੀਬ ਨਿਵਾਜ ਬਤਾਵਹੁ ! ਕਿਸ ਕਾਰਨ ਕਰਿ ਇਨਹੁੰ ਰਖਾਵਹੁ ?' ॥੩॥ ਸੁਨਿ ਸ਼੍ਰੀ ਮੁਖ ਫੁਰਮਾਵਨਿ ਕਰਯੋ। 'ਤੁਮ ਤੋ ਸਾਸਤ੍ਰ ਬਹੁਤ ਬਿਚਰਯੋ। ਪੜ੍ਹਨ ਸ਼੍ਰਵਨ ਮਹਿੰ ਬੈਸ**

[1]ਖੱਤ੍ਰੀਆਂ ਦੀ ਇਕ ਜਾਤ ਹੈ । [2]ਕਈ (ਸ਼ਾਸਤ੍ਰਾਂ ਨੂੰ) ਵਿਚਾਰਨ ਵਾਲਾ ਸੀ (ਉਹ) ।

ਟੂਕ [ਪਿਛਲੇ ਪੰਨੇ ਦੀ ਬਾਕੀ ਟੂਕ]

ਮੇਂ ਗੁਰੂ ਜੀ ਸੇ ਸਹਾਇਤਾ ਮਾਂਗੀ ਗਈ ਥੀ। ਜਿਸ ਸਮੇਂ ਰਾਜਕੁਮਾਰ ਮੁਅੱਜ਼ਮ ਕੇ ਸਾਥ ਗੁਰੂ ਗੋਬਿੰਦ ਸਿੰਘ ਕੀ ਮਿੱਤ੍ਰਤਾ ਹੂਈ ਥੀ, ਉਸ ਸਮਯ ਉਸੇ ਗੁਰੂ ਜੀ ਨੇ ਸਹਾਇਤਾ ਕਾ ਵਚਨ ਦੀਆ ਥਾ । ਗੁਰੂ ਜੀ ਕੋ ਉਸਕੀ ਸਹਾਇਤਾ ਕਰਨੀ ਮਨਜ਼ੂਰ ਥੀ। ਅਤਿਏਵ ਵੋ ਉਸਕੇ ਲੀਏ ਤੈਯਾਰ ਹੋਨੇ ਲਗੇ ।......

ਵਿਜਯ ਕੇ ਬਾਦ ਆਗਰੇ ਕੇ ਕਿਲੇ ਮੇਂ ਏਕ ਬੜਾ ਭਾਰੀ ਦਰਬਾਰ ਹੂਆ । ਸ਼ਾਹਜ਼ਾਦਾ ਮੁਅੱਜ਼ਮ ਬਾਕਾਇਦਾ ਸਿੰਘਾਸਨਾਸੀਨ ਹੋਕਰ ਭਾਰਤ ਕਾ ਸਮਰਾਟ ਘੋਖਿਤ ਕੀਆ ਗਿਆ । ਬੜੇ ਬੜੇ ਸਰਦਾਰੋਂ ਔਰ ਰਾਜਿਓਂ ਨੇ ਉਸਕੇ ਸਾਮਨੇ ਭੇਟ ਦੀ । ਇਸਕੇ ਬਾਅਦ ਬਾਦਸ਼ਾਹ ਨੇ ਗੁਰੂ ਗੋਇੰਦ ਸਿੰਘ ਕੇ ਪ੍ਰਤਿਹਾਰਦਿਕ ਕ੍ਰਿਤੱਗਜਤਾ ਪ੍ਰਗਟ ਕੀ ਔਰ ਸਿੱਖੋਂ ਕੋ ਉਨਕੀ ਸਹਾਇਤਾ ਕੇ ਲਿਯੇ ਧੰਨਵਾਦ ਦੀਆ। ਦਰਬਾਰ ਮੇਂ ਸਿੱਖ ਯੋਧਾਓਂ ਕੋਂ ਅਨੇਕ ਪੁਰਸਕਾਰ ਭੀ ਦੀਏ ਗਏ।

ਇਸੀਤਰ੍ਹਾਂ ਸਿੱਖ ਲੇਖਕਾਂ, ਜੈਸਾ ਕਿ ਸਃ ਖਜ਼ਾਨ ਸਿੰਘ ਨੇ ਆਪਣੇ ਅੰਗ੍ਰੇਜ਼ੀ ਇਤਿਹਾਸ ਵਿੱਚ ਤੇ ਸਾਧੂ ਗੋਬਿੰਦ ਸਿੰਘ ਨੇ ਆਪਣੇ ਹਿੰਦੀ ਇਤਿਹਾਸ ਵਿਚ ਤੇ ਗਯਾਨੀ ਗਯਾਨ ਸਿੰਘ ਨੇ ਅਪਣੇ ਤਵਾਰੀਖ ਖਾਲਸਾ ਵਿਚ ਗੁਰੂ ਜੀਦਾਸ਼ਾਹ ਨੂੰ ਸਹਾਇਤਾ ਦੇਣਾ ਮੰਨਿਆ ਹੈ ਤ੍ਰੇ ਪਾਤਸ਼ਾਹ ਨੇ ਇੱਜ਼ਤ ਸਤਿਕਾਰ ਤੇ ਸ਼ਰਧਾ ਨਾਲ ਉਨ੍ਹਾਂ ਨੂੰ ਰੂਹਾਨੀ ਬਜ਼ੁਰਗ ਮੰਨਿਆਂ ਹੈ।

ਗੁਰੂ ਜੀ ਦਾ ਮਗਰਲਾ ਵਤੀਰਾ ਬੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ । ਜਦ ਪਾਤਸ਼ਾਹ ਨੇ ਦੁਰਾਚਾਰੀ ਤੇ ਜ਼ਾਲਮ ਸੂਬੇਦਾਰਾਂ ਨੂੰ ਦੰਡ ਦੇਣ ਆਦਿ ਮੰਗਾਂ ਤੋਂ ਹੀਲ ਹੁੱਜਤ ਕੀਤੀ ਤਾਂ ਆਪ ਨਦੇੜ ਸ਼ਹਿਰ ਗਏ ਤੇ ਬੰਦੇ ਨੂੰ ਪੰਜਾਬ ਤੋਰ ਦਿੱਤਾ। ਮੁਲਾਜ਼ਮ ਹੋਣ ਵਾਲੇ ਹੀਣੇ ਮਨ ਵਿਚ ਇਹ ਸਾਹਸ ਪ੍ਰਾਗੱਲਭਤਾ ਤੇ ਏਹ ਵਿਉਂਤ ਜੋ ਪੰਜਾਂ ਚਹੁੰ ਬਰਸਾਂ ਵਿਚ ਬੰਦੇ ਦੁਆਰਾ ਪੰਜਾਬ ਵਿਚ ਰਾਜ ਗਰਦੀ ਕਰ ਗਈ ਕੀਕੂੰ ਹੋ ਸਕਦੀ ਹੈ ? ਸ਼ੋਕ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਨੂੰ ਨਾ ਸਮਝਕੇ ਬਹੁਤੇ ਲੋਕਾਂ ਨੇ ਟਪਲੇ ਖਾਧੇ ਹਨ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਗੁੱਸੇ ਤੇ ਤਅੱਸਬ ਤੋਂ ਬਹੁਤ ਕੰਮ ਲੀਤਾ ਹੈ ਤੇ ਬਨਾਵਟਾਂ ਤੋਂ ਬੀ ਸੰਕੋਚ ਨਹੀਂ ਕੀਤਾ।

ਬਿਤਾਈ। ਇਹ ਗਤਿ ਲਖੀ ਕਿ ਨਹਿਂ ਤੁਮ ਪਾਈ ॥ ੪ ॥ ਧਰਮ ਰਖਨਿ ਕੇਸ਼ਾਦਿਕ ਭਲੇ[1]।ਸਨਕਾਦਿਕ ਤੇ ਆਵਤਿ ਚਲੇ। ਭਾਰਥ ਖੰਡ ਬਿਖੈ ਸ਼ੁਭ ਵੇਸ਼।ਕੇਸ਼ ਰਾਖਣੋ ਧਰਮ ਬਿਸ਼ੇਸ਼'॥੫॥ਸੁਨਿ ਕੈ ਨਉਨਿਧ ਬਹੁਰ ਬਖਾਨਾ। 'ਆਪ ਕਹਹੁ ਸਭਿ ਸਾਚ ਪ੍ਰਮਾਨਾ।ਪ੍ਰਥਮ ਕੇਸ਼ ਧਾਰੀ ਸਭਿ ਕੋਈ। ਅਬਿ ਤੌ ਸਮਾ ਰਹਨੈ ਨਹਿਂ ਸੋਈ'॥੬॥ ਸ਼੍ਰੀ ਗੁਰ ਭਨਯੋਂ 'ਸਮਾ ਕਯਾ ਕਹੈ। ਸੋ ਰਵਿ ਸੋ ਸਸਿ,ਸੋ ਜਲ ਅਹੈ*।ਬਾਯੂ,ਬੈਨੀ[2],ਬਸੁਧਾ ਓਈ। ਦੋਸ਼ ਸਮੈ ਕੋ ਕਯਾ ਕਹਿ ਕੋਈ॥੭॥ਅਪਨ ਆਪ ਕੋ ਦੋਸ਼ ਲਖੀਜੈ। ਰਾਖੇ ਜਾਇਂ ਨ, ਸਾਚ ਕਹੀਜੈ। ਕੇਸ਼ ਰਖਨਿ ਕੀ ਸਮਰਥ ਹੀਨੇ। ਦੋਸ਼ ਸਮੇਂ ਪਰ ਕਲਪਨ ਕੀਨੇ ॥ ੮ ॥ ਨੌ ਨਿਧ! ਸੁਨਹੁ ਅਗਲ ਪਰਸੰਗ। ਜਬਿ ਹਮ ਕਰਯੋ ਮੁਕਤਸਰ ਜੰਗ। ਪੁਨ ਚਲਿ ਗਏ ਜਹਾਂ ਨੈਂ ਵਹੀ[3]। ਨਿਕਟ ਕਸੂਰ ਪੁਰੀ ਜਬਿ ਰਹੀ ॥ ੯ ॥ ਹੁਤੋ ਹੁਸੈਨ ਖਾਨ ਤਹਿਂ ਮਾਲਕ। ਪਹੁੰਚਨ ਹਮਰੇ ਸੁਨਿ ਤਤਕਾਲਕ। ਯਾਰ ਮੁਹੰਮਦ ਪਠਯੋ ਵਕੀਲ। ਨਿਕਟ ਹਮਾਰੇ ਆਇ ਸੁਸ਼ੀਲ ॥ ੧੦ ॥ ਤਿਸ ਪਠਾਨ ਕੋ ਖਤ ਗੁਜ਼ਰਾਨਯੋ[4] ।–ਮੇਲ ਕਪਟ ਕੋ ਚਾਹਤਿ ਠਾਨਯੋਂ। ਅੰਤਰ ਗਤੀ[5] ਜਸੂਸੀ ਔਰ। ਸੁਧ ਕੇ ਹਿਤ ਪਹੁੰਚਯੋ ਤਿਸ ਠੌਰ–॥ ੧੧ ॥ ਇਸ ਪ੍ਰਕਾਰ ਹਮ ਜਾਨਯੋਂ ਪਾਜ। ਕਹਯੋ[6]–ਵਕਾਲਤ ਕੋ ਕਯਾ ਕਾਜ ? ਰਹਨ ਹਮਾਰੇ ਨਿਕਟ ਵਿਅਰਥ। ਪੁਰਵਹੁ ਕਹਾਂ ਆਪਨੋ ਅਰਥ?†॥੧੨॥ ਬਾਤ ਜਥਾਰਥ ਹੈ ਇਸ ਰੀਤਿ। ਰਹਹੁ ਜਿ ਰਹਿਨੋ ਭਾਵਤਿ ਚੀਤ–। ਸੁਨਿ ਕਰਿ ਹਮ ਤੇ ਸੋ ਰਹਿ ਗਯੋ।ਇਕ ਦਿਨ ਮਜਲਸ ਮਹਿਂ ਥਿਰ ਭਯੋ॥੧੩॥ਬੋਲਯੋ ਨਿਰਨੈ ਸੁਨਿਬੇ ਕਾਜੁ।–ਦੇਹੁ ਬਤਾਇ ਗ਼ਰੀਬ ਨਿਵਾਜੁ! ਹੁਤੇ ਅੱਗੂ ਭੀ ਸਿੱਖਨ ਕੇਸ਼। ਕੈ ਅਬਿ ਕੇ ਹੀ ਰਖੇ ਸੁ ਬੇਸ–॥੧੪॥ ਸੁਨਿ ਕਰਿ ਹਮ ਨੇ ਸੋ ਸਮੁਝਾਯੋ। ਸਭਿ ਪ੍ਰਸੰਗ ਅਬਿ ਤੋਹਿ ਸੁਨਾਯੋ।–ਹਿੰਦੂ ਤੁਰਕ ਜਿ ਪੂਰਬ ਕਾਲਾ। ਸਭਿ ਕੇ ਸਿਰ ਪਰ ਕੇਸ਼ ਬਿਸਾਲ॥੧੫॥ਥੋਰੇ ਦਿਵਸਨ ਤੇ ਅਬਿ

---

[1]ਧਰਮ ਦੀ ਰੱਖਯਾ ਕਰਨ ਲਈ ਕੇਸ ਆਦਿਕ ਭਲੇ ਹਨ। [2]ਅਗਨੀ। [3]ਨਦੀ ਚਲਦੀ ਹੈ। [4](ਹੁਸੈਨ ਖਾਂ ਦੀ) ਚਿੱਠੀ ਲੈ ਆਇਆ। [5]ਅੰਦਰੋਂ। [6]ਅਸਾਂ ਆਖਿਆ।

*ਪ੍ਰਮਾਣ ਗੁਰਬਾਣੀ:–'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤੁ ਰਹੈ' ॥ [ਰਾਮਕਲੀ ਮ: ੧

†ਇਥੇ ਇਕ ਲਿਖਤੀ ਨੁਸਖੇ ਵਿਚ ਇਸ ਚੌਪਈ ਦੇ ਅੰਤਲੀਆਂ ਦੋ ਤੁਕਾਂ ਦਾ ਪਾਠ ਇਉਂ ਹੈ:–ਅੰਤਰਯਾਮੀ ਪ੍ਰਭੁ ਸਮਰਥ ॥ ਰਹਿਨ ਹਮਾਰੇ ਨਿਕਟ ਬਿਅਰਥ ॥

ਹਟੇ।ਲਖੀਯਤਿ ਧਰਮ ਸਭਿਨਿ ਕੇ ਲਟੇ[1]–।ਯਾਰ ਮੁਹੰਮਦ ਬਹੁਰ ਉਚਾਰੇ।
–ਸੁੰਨਤ ਰਖਿਬੇ ਕੇਸ ਹਮਾਰੇ[2] ॥ ੧੬ ॥ ਕਬਿ ਕੇ ਕਿਸ ਬਿਧਿ ਹਟੇ ਬਤਾ-
ਵਹੁ? ਸਰਬ ਬਾਰਤਾ ਅਬਿ ਸਮੁਝਾਵਹੁ–'। ਤਬਿ ਸ਼੍ਰੀ ਬਦਨ ਸੁਨਾਇ
ਉਚਰ ਕਰਿ। 'ਇਬਰਾਹੀਮ ਖਲੀਲ[3] ਪਿਕੰਬਰ ॥ ੧੭ ॥ ਤਿਸ ਨੇ ਇਕ
ਔਰਤ ਅਵਿਲੋਕੀ। ਕਾਮ ਬਸੀ ਮਨ ਬ੍ਰਿਤੀ ਨ ਰੋਕੀ। ਕਹ੍ਯੋ–ਮੋਹਿ
ਸਨ ਕਰਹੁ ਨਿਕਾਹੂ। ਸੁਖ ਸੌਂ ਬਸਹੁ ਆਨਿ ਘਰ ਮਾਂਹੂ–॥੧੮॥ ਸੁਨਿ
ਔਰਤ ਨੇ ਬਾਤ ਨ ਮਾਨੀ। ਸੰਗ ਪਿਕੰਬਰ ਗਿਰਾ ਬਖਾਨੀ।–ਤੁਵ ਘਰ
ਮਹਿ ਪੂਰਬ ਇਕ ਬੀਵੀ। ਸੰਕਟ ਹੋਇ ਸਪਤਨੀ[4] ਬੀਵੀ–॥ ੧੯ ॥
ਕੇਤਿਕ ਦਿਨ ਗੁਜ਼ਰੇ ਇਸ ਰੀਤਿ। ਬਸੀ ਪਿਕੰਬਰ ਕੇ ਬਹੁ ਚੀਤ[5]। ਫੇਰ
ਕਹ੍ਯੋ ਮਨ ਹ੍ਵੈ ਕਰਿ ਦੀਨ।–ਮੁਝ ਸੋਂ ਕਰਹੁ ਨਿਕਾਹੁ ਪ੍ਰਬੀਨ! ॥ ੨੦ ॥
ਨਿਸ ਦਿਨ ਖੁਟਕਤਿ ਹੈ ਮਮ ਚਿਤ ਮਹਿਂ। ਅਭਿਲਾਖਤਿ ਬਹੁ ਮਿਲਿਨੇ
ਹਿਤ ਮਹਿਂ। ਜੈਸੇ ਤੂੰ ਆਇਸੁ ਦੇਂ ਪਜਾਰੀ।ਤੈਸੇ ਰਹੌਂ ਸਦਾ ਅਨੁਸਾਰੀ–॥
੨੧॥ਲਖਿ ਅਪਨੇ ਪਰ ਅਧਿਕ ਲੁਭਾਯੋ।ਤਿਸ ਔਰਤ ਨੇ ਅਹਿਦ ਸੁਨਾਯੋ।
–ਦਿਹੁ ਤਲਾਕ ਤਿਸ ਬੀਵੀ ਜਬੈ। ਕਰੌਂ ਨਿਕਾਹ ਤੋਹਿ ਸੋਂ ਤਬੈ–॥੨੨॥
ਪੁਨ ਪੈਕੰਬਰ ਕਾਮ ਤਪਾਯੋ। ਕਰ੍ਯੋ ਤਥਾ ਤ੍ਰਿਯ ਜਥਾ ਬਤਾਯੋ। ਦਈ
ਤਲਾਕ ਪ੍ਰਥਮ ਕੀ ਨਾਰੀ। ਕਰਿ ਨਿਕਾਹ ਭੋਗੀ ਉਰ ਪਜਾਰੀ ॥ ੨੩ ॥
ਕਿਤਿਕ ਬਰਖ ਲਗਿ ਰਮ ਕਰਿ ਸੰਗ। ਭਾਂਤਿ ਭਾਂਤਿ ਕਰਿ ਮੋਚਿ ਅਨੰਗ।
ਸਮਾ ਪਾਇ ਪੂਰਬਲੀ ਤ੍ਰੀਯ। ਭੋਗਨ ਕਰੀ ਲਾਇ ਨਿਜ ਹੀਯ ॥ ੨੪ ॥
ਸੁਧਿ ਕੋ ਪਾਇ ਕ੍ਰੋਧ ਕਰਿ ਕਹ੍ਯੋ। ਅਹਦ ਸ਼ਿਕਸਤ ਕੀਨਿ ਜਬਿ ਲਹ੍ਯੋ।
–ਸ਼ਰ੍ਹਾ ਅਦੂਲ ਭੂਲ ਜੋ ਧਰੈ[6]। ਕਹੋ ਪਿਕੰਬਰ! ਸੋ ਕਜਾ ਕਰੈ?–॥੨੫॥
ਇਬਰਾਹੀਮ ਕਹ੍ਯੋ–ਬਿਧਿ ਜੋਇ।ਉਚਿਤ ਸਜ਼ਾਇ ਦੋਨਿ ਕੋ ਸੋਇ। ਸ਼ਰ੍ਹਾ
ਅਦੂਲ ਭੂਲ ਕੈ ਜਾਨਿ। ਬਿਨਾ ਸਜ਼ਾਇ ਨਪਾਕ ਪਛਾਨ–॥ ੨੬॥ ਘਾਤ
ਪਾਇ ਤ੍ਰਿਯ ਤਬੈ ਸੁਨਾਈ।–ਸ਼ਰ੍ਹਾ ਅਦੂਲੀ ਤੁਮਹੁ ਕਮਾਈ।ਦਈ ਤਲਾਕ
ਰਮੀ ਸੋ ਫੇਰ। ਉਚਤਿ ਸਜ਼ਾਇ ਆਪ ਕੋ ਹੇਰਿ–॥ ੨੭ ॥ ਸੁਨਿ ਬੀਵੀ ਕੇ
ਬਾਕ ਅਭੂਲ। ਕਹ੍ਯੋ ਪਿਕੰਬਰ–ਕਰੀ ਕਬੂਲ। ਜਿਮ ਚਾਹਤਿ ਤਿਮ

---

[1]ਮਿਟ ਗਏ, ਘਟ ਗਏ। [2]ਸਾਡੇ ਮਜ਼ਹਬ ਵਿਚ ਬੀ ਕੇਸ ਰੱਖਣੇ ਵਿਹਤ ਹਨ। [3]ਇਬ੍ਰਾਹੀਮ ਦਾ ਲਕਬ ਹੈ ਖ਼ਲੀਲਉੱਲਾ=ਖ਼ੁਦਾ ਦਾ ਦੋਸਤ। [4]ਸੌਂਕਣ। [5]ਪੈਗ਼ੰਬਰ ਦੇ ਚਿਤ ਵਿਚ ਇਸਤ੍ਰੀ (ਦੀ ਇੱਛਾ) ਬਹੁਤ ਵਸਦੀ ਰਹੀ। [6]ਭੁੱਲਕੇ ਜੋ ਸ਼ਰ੍ਹਾ ਦੀ (ਅਦੂਲੀ=) ਨਾ ਮੰਨਣਾ ਕਰੇ।

ਕੀਜਹਿ ਪਯਾਰੀ ! ਮੈਂ ਸਦੀਵ ਤੇਰੇ ਅਨੁਸਾਰੀ—॥੨੮॥ ਸੁਨਿ ਤ੍ਰਿਯ ਕਹੇ —ਅੰਗ ਜੋ ਲਾਏ। ਵਿਹੁ ਕਟਾਇ ਇਹ ਉਚਿਤ ਸਜ਼ਾਏ। ਕਰਿ ਤਲਾਕ ਪੁਨ ਤਿਸ ਤੈਂ ਭੋਗਾ। ਯਾਂਤੇ ਕਸ਼ਟ ਦੇਨਿ ਕੇ ਜੋਗਾ—॥ ੨੯ ॥ ਸੁਨਿਕੈ ਸ਼ਰ੍ਹਾ ਬਾਤ ਸਚੁ ਸੋਇ। ਦੀਨ ਹੋਇ ਬੰਦੇ ਕਰਿ ਦੋਇ।—ਪ੍ਰਿਯਾ ! ਬਾਤ ਤੈਂ ਸਾਚ ਉਬਾਰੀ। ਲਿਹੁ ਬਚਾਇ ਚਿਤ ਜੋ ਰੁਚਿ ਰਾਰੀ ॥ ੩੦ ॥ ਜਥਾ ਸਜ਼ਾਇ ਹੋਇ ਭੀ ਜਾਇ। ਜਿਯਤਿ ਰਹੌਂ ਤੁਝ ਸੋਂ ਸੁਖ ਪਾਇ—। ਭਯੋ ਦੀਨ ਤ੍ਰਿਯ ਕਰੁਨਾ ਧਰੀ। ਇਮ ਸਜ਼ਾਇ ਪਤਿ ਕੇ ਸੰਗ ਕਰੀ ॥ ੩੧ ॥ ਹਾਥ ਲਗੇ[1],ਨਹਿ ਕਾਟਨ ਕੀਨਿ।ਤਿਨ ਪਲਟੇ ਕਾਟੀ ਅਸਤੀਨਿ[2]।ਲਿੰਗ ਕਟਨ ਤੇ ਸੁੰਨਤਿ ਕਰੀ[3]। ਅਧਰਨ ਤੇ ਦ੍ਵੈ ਮੂਛਨਿ ਹਰੀ[4] ॥੩੨॥ ਛਾਤੀ ਪਰ ਤੇ ਕਤਰੇ ਬਾਰ।।ਸਿਰ ਤੇ ਜੂੜਾ ਕਾਟਿ ਉਤਾਰ।।ਤਿਸ ਉੱਮਤ ਅਵਿ-ਲੋਕਯੋ ਐਸੇ। ਸਭਿਹਿਨਿ ਕਰੀ ਬਾਰਝਾ[5] ਤੈਸੇ* ॥ ੩੩ ॥ ਇਮ ਤੁਰਕਨ ਸਭਿ ਕੇਸ ਕਟਾਏ। ਪੂਰਬਲੀ ਮਿਰਯਾਦ ਮਿਟਾਏ। ਪੁਨ ਹਿੰਦੂਨ ਕੀ ਸੁਨਹੁ ਕਹਾਨੀ। ਹੋਯੋ ਪਰਸਰਾਮ ਬਲਿ ਖਾਨੀ ॥ ੩੪ ॥ ਕਰਤਿ ਜੁੱਧ ਛੱਤ੍ਰੀ ਸਭਿ ਹਾਰੇ। ਤਿਨ ਸਿਰ ਪਰ ਤੇ ਕੇਸ਼ ਉਤਾਰੇ। ਮੁਨਿ ਨੰਦਨ ਜਬਿ ਮੁੰਡਨ ਕਰੇ। ਰਹੇ ਮੁੰਡਾਵਤਿ ਰੀਤੀ ਪਰੇ ॥ ੩੫ ॥ ਪੁਨ ਕਲਜੁਗ ਮਹਿ ਰਾਜੇ ਭਏ। ਸੰਗਯਾ ਜਿਨਹੁੰ ਨੰਦ ਕੀ ਲਏ।—ਦੁਰਿ ਕੈ ਬਿੱਪ੍ਰ ਨ ਬਰਨੀ ਕਰੈਂ। ਹਮਰੋ ਰਾਜ ਨਾਸ਼ ਹੁਇ—ਡਰੈਂ ॥ ੩੬ ॥ ਤਿਨਹੁੰ ਬਿਚਾਰਯੋ ਇਹੀ ਉਪਾਇ।—ਸਭਿ ਬਿੱਪ੍ਰਨਿ ਕੇ ਸਿਰ ਮੁੰਡਵਾਇੰ। ਸੁਰ ਪ੍ਰਸੰਨ ਬਿਨ ਕੇਸ਼ ਨ ਹੋਇੰ। ਯਾਂਤੇ ਮੂੰਡ ਦਏ ਸਭਿ ਕੋਇ—॥ ੩੭ ॥ ਹਿੰਦੂ ਤੁਰਕ ਇਸੀ ਬਿਧਿ ਸਾਰੇ।ਸਿਰ ਮੁੰਡਵਾਇ ਧਰਮ ਕੋ ਹਾਰੇ।ਨਉਨਿਧਿ! ਸੁਨੀਯਹਿ ਹੇਤ ਮੁੰਡਨ ਕੋ। ਕੇਸ਼ ਰਾਖਨੇ ਰਵਾ[5] ਸਭਿਨਿ ਕੋ ॥ ੩੮ ॥ ਜਿਨ ਤੇ ਬਿਨਾ ਪ੍ਰਸੰਨ ਨ ਦੇਵ। ਅਸ ਸ਼ੁਭ ਕੇਸ਼ ਮੁੰਡਾਵਹਿ ਲੇਵ। ਬਿਨਾ ਬਿਚਾਰੇ ਦੇਖਾ ਦੇਖੀ।

[1]ਹੱਥ ਜੋ (ਪਹਿਲੀ ਇਸਤ੍ਰੀ ਨੂੰ) ਲਗੇ ਸਨ। [2]ਕੁਰਤੇ ਦੀਆਂ ਬਾਹਵਾਂ। [3]ਭਾਵ ਇੰਦ੍ਰੀ ਕੱਟਣ ਦੀ ਥਾਵੇਂ ਸੁੰਨਤ ਕੀਤੀ। [4]ਬੁੱਲਾਂ ਦੀ ਥਾਵੇਂ ਦੋਵੇਂ ਮੁੱਛਾਂ ਕਤਰੀਆਂ। [5]ਯੋਗ ਹਨ।

*ਖਤਨਾ ਕਰਾਣਾ, ਮੁੱਛਾਂ ਕਟਾਉਣੀਆਂ ਤੇ ਛਾਤੀ ਦੇ ਵਾਲ ਮੁਨਾਉਣੇ ਇਸਲਾਮ ਵਿਚ ਵਿਹਤ ਹਨ, ਇਨ੍ਹਾਂ ਨੂੰ ਹਜ਼ਰਤ ਇਬਰਾਹੀਮ ਦੀ ਸੁੰਨਤ (ਮਿਰਯਾਦਾ) ਮੰਨਿਆਂ ਜਾਂਦਾ ਹੈ। ਇਸ ਦਾ ਇਸ਼ਾਰਾ ਤੌਰੇਤ ਵਿਚ ਬੀ ਹੈ। ਕਵਿ ਜੀ ਨੇ ਜੋ ਇਸਤ੍ਰੀ ਦੀ ਕਹਾਣੀ ਉੱਪਰ ਦਿਤੀ ਹੈ, ਮੁਸਲਮਾਨਾਂ ਵਿਚੋਂ ਕਈ ਲੋਕ ਇਹ ਕਹਾਣੀ ਸੁਣਾਉਂਦੇ ਹਨ, ਪਰ ਉਹਨਾਂ ਦੀ ਕਿਸੇ ਪੁਸਤਕ ਵਿੱਚੋਂ ਅਜੇ ਤਕ ਨਹੀਂ ਲੱਭੀ ਜਾ ਸਕੀ।

ਧਾਰੀ ਰੀਤਿ ਭਏ ਦੁਰਭੇਖੀ॥੩੯॥ਰਚਨੋ ਸੁ ਈਸੁਰ ਮਾਨੁਖ ਦੇਹ। ਕਰਨੋ
ਸੁਭਾਇਮਾਨ ਛਬਿ ਗ੍ਰੇਹ। ਉੱਤਮਾਂਗ ਪਰ[1] ਸੁੰਦਰ ਕਰੇ। ਅਧਿਕ ਰੂਪ
ਕੇਸ਼ਨ ਤੇ ਧਰੇ॥੪੦॥ਤਿਨਹਿ ਮੁੰਡਾਇ ਬਿਚਾਰ ਬਿਹੀਨੇ। ਧਰਮ ਚਾਰੁਤਾ
ਹਤਿ ਹਿਤ ਚੀਨੇ[2]। ਸਭਿ ਜਗ ਮਹਿਂ ਫੈਲੀ ਦੁਰਮਤੀ। ਕੋ ਹਟਿ ਸਕਹਿ
ਰੀਤਿ ਪਿਖਿ ਅਤੀ॥੪੧॥ਤਿਸ ਬਿਧਿ ਕੇ ਸ਼ਲੋਕ ਰਚਿ ਰਾਖੇ।ਬੀਰ ਪੁਰਾਨ
ਦਿਖਾਵਤਿ ਸਾਖੇ। ਪੂਰਬਲੀ ਨਹਿਂ ਰੀਤਿ ਬਿਚਾਰੈਂ।ਕੇਸ ਦ੍ਵਿਜਾਦ੍ਵਿਜ[3] ਬੀ
ਸਿਰ ਧਾਰੈਂ’ ॥੪੨॥ ਸ਼੍ਰੀ ਮੁਖ ਤੇ ਸੁਨਿ ਬਾਕ ਸੁਹਾਏ। ਨੌ ਨਿਧ ਖੱਤ੍ਰੀ ਸਚ
ਲਖਿ ਪਾਏ। 'ਧੰਨ ਧੰਨ ਗੁਰ' ਕਹਿ ਕਰਿ ਨਮੋ। ਅਪਨੇ ਘਰ ਗਮਨੇਂ
ਤਿਹ ਸਮੇਂ ॥ ੪੩ ॥ ਪ੍ਰਭੁ ਜੀ ਬਸਹਿਂ ਆਗਰੇ ਮਾਂਹੀ। ਦਰਸ਼ਨ ਹਿਤ
ਆਵਹਿਂ ਇਕ ਜਾਹੀਂ। ਸੁੰਦਰ ਮੰਦਿਰ ਉਪਬਨ ਬਿਖੈ। ਸਘਨ ਤਰੋਵਰ
ਹਰੀਅਲਿ ਪਿਖੈਂ ॥੪੪॥ ਕੂੰਜਤਿ ਨਾਨਾ ਰੰਗ ਬਿਹੰਗ।ਸ਼ੁਭਤਿ ਬਾਗ਼ ਫਲ
ਫੂਲਨਿ ਸੰਗ। ਪਾਵਸ ਰਿਤੁ ਪਸਰੀ ਘਨਘੋਰ।ਠੌਰ ਠੌਰ ਬਹੁ ਮੋਰਨਿ ਸ਼ੋਰ
॥੪੫॥ ਛਿਤ ਪਰਪੂਲਤ[4] ਭਈ ਜਲ ਪਰਿਕੈ। ਨਿਕਸਨੋ ਵਹਿਰ ਸਰੋਵਰ
ਭਰਿਕੈ। ਬੇਗ ਗਾਮਨੀ ਸਲਿਤਾ ਹੋਈ।ਤਪਤ ਹਤੀ ਸੀਤਲ ਸਭਿ ਕੋਈ
॥੪੬॥ਬਸਹਿ ਬਾਗ ਮਹਿਂ ਗੁਰੂ ਚੁਮਾਸਾ।ਸਿਖ ਸੰਗਤ ਕੀ ਪੂਰਵਤਿ ਆਸਾ।
ਕਬਿ ਕਬਿ ਮੇਲ ਸ਼ਾਹੁ ਸੋਂ ਬਨੈਂ। ਕਵਿ ਸੰਤੋਖ ਸਿੰਘ ਸੋ ਅਬਿ ਭਨੈ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਨੌਨਿਧ' ਪ੍ਰਸੰਗ ਬਰਨਨੰ ਨਾਮ ਸਪਤ ਚੱਤ੍ਵਾ-
ਰਿੰਸਤੀ ਅੰਸੂ ॥੪੭॥

## ੪੮. [ਖਾਨ ਖਾਨਾ। ਸੱਯਦ ਨੂੰ ਕਰਾਮਾਤ ਦਾ ਉੱਤਰ]।

ਦੋਹਰਾ ॥ ਇਕ ਦਿਨ ਮੈਂ ਧਾਰ ਭਾਵਨੀ ਅਪਨੋ ਭਲੋ ਪਛਾਨ। ਦੀਨ ਖਾਨ-
ਖਾਨਾ ਭਯੋ ਗੁਰ ਪਗ ਬੰਦਨ ਠਾਨਿ ॥ ੧ ॥ ਚੌਪਈ ॥ ਸਭਾ ਸਥਾਨ ਜਹਾਂ
ਬਨਿਵਾਯੋ। ਲੇ ਸਤਿਗੁਰ ਕੋ ਸੰਗ ਸਿਧਾਯੋ।–ਗੁਰ ਪਾਵਨ ਪਾਵਨ ਕੋ
ਕਰੈਂ[5]।ਪਾਵਨ ਘਰ ਮੇਰੋ ਜਬਿ ਫਿਰੈਂ–॥੨॥ਆਸਤਰਨ ਸੁੰਦਰ ਬਿਛਵਾਏ।
ਸਾਦਰ ਸਤਿਗੁਰ ਤਹਾਂ ਬਿਠਾਏ। ਅਨਿਕ ਅਕੋਰ ਜੋਰਿ ਕਰ ਦੀਨਿ।
ਬਿਨਤੀ ਕੀਨਿ ਹੋਇ ਮਨ ਦੀਨ॥੩॥ਸ਼੍ਰੀ ਪ੍ਰਭੁ ਸੁ ਪ੍ਰਸੰਨ ਬਹੁ ਭਏ।ਖੁਸ਼ੀ
ਕਰੀ ਸਗਰੇ ਸੁਖ ਦਏ। 'ਪ੍ਰਥਮ ਖਾਨ ਖਾਨਾ ਜੋ ਭਯੋ। ਅਕਬਰ ਕੇ
ਮਾਤੁਲ ਤੇ ਜਯੋ॥੪॥ਬਹੁ ਨੇਕੀ ਜਗ ਬਿਖੈ ਕਮਾਈ। ਭੂਮ ਭੀ ਤਿਸ ਕੀ

[1]ਅੰਗਾਂ ਵਿਚ ਉਤਮ (ਸਿਰ) (ਤਿਸ) ਪਰ ਕੇਸ਼ ਕੀਤੇ। [2]ਧਰਮ ਦੀ ਸੁੰਦਰਤਾ ਦੇ ਨਾਸ਼ ਕਰਨੇ ਵਿਚ ਹਿਤ ਜਾਣਿਆਂ। [3]ਬ੍ਰਾਹਮਣ ਤੇ ਨਾ-ਬ੍ਰਾਹਮਣ। [4]ਸਰਵੀ, ਪਾਣੀ ਨਾਲ ਭਰੀ ਹੋਈ। [5]ਚਰਨ ਪਾਵਣਾ ਕਰਨ।

ਸਮਤਾ ਪਾਈ'। ਮੁਦਤ ਭਯੋ ਸੁਨਿਕੈ ਗੁਰ ਬੈਨ। ਹੇਰਤਿ ਹੈ ਸਰੂਪ ਭਰਿ ਨੈਨ ॥ ੫ ॥ ਸੁਮਤਿ ਤੁਰਕ ਬੈਠੇ ਸਮੁਦਾਯਾ। ਕਾਜ਼ੀ ਮੁੱਲਾਂਦਿਕ ਤਿਸ ਬਾਯਾ। ਗਰ ਸ਼ਮਸ਼ੇਰ ਗੁਰੂ ਸਮ ਸ਼ੇਰ। ਬੈਠੇ ਬਿਚ ਸਭਿ ਕੇਰ ਬਡੇਰ ॥੬॥ ਦਰਸਹਿਂ ਨਰ ਨਿਜ ਗ੍ਰੀਵ ਨਿਵਾਵੈਂ। ਜੋ ਬੂਝੈ ਉੱਤਰ ਫੁਰਮਾਵੈਂ। ਸਤਿ-ਗੁਰ ਕੀ ਬਿਸਾਲ ਬਡਿਆਈ। ਦੁਸ਼ਟ ਨਰਨਿ ਤੇ ਜਰੀ ਨ ਜਾਈ ॥੭॥ ਇਕ ਸਿਰੰਦ ਕੋ ਸੱਯਦ ਬੀਚ। ਪਿਖਿ ਪ੍ਰਭੁ ਕੋ ਖੁਨਸ੍ਯੋ ਮਤਿ ਨੀਚ। ਕਹ੍ਯੋ ਤਾਂਹਿ 'ਤੁਮ ਹਿੰਦੁਨਿ ਪੀਰ। ਸਭਿ ਮਾਨਤਿ ਹੈਂ ਜਾਨਿ ਗਹੀਰ ॥੮॥ ਕਰਾਮਾਤ ਕੁਛ ਰਾਖਤਿ ਅਹੋ। ਕਿਧੌਂ ਨਹੀਂ ਬਲ,ਸੋ ਬਿਧਿ ਕਹੋ? ਚਿਤ ਚਾਹਤਿ ਹਮ ਨਿਰਨੈ ਕਰ੍ਯੋ। ਜਹਿਂ ਕਹਿਂ ਤੁਮਰੋ ਸੁਜਸੁ ਬਿਥਰ੍ਯੋ' ॥ ੯ ॥ ਲਖੀ ਤਰਕ ਤਿਹ ਸੱਯਦ ਕੇਰੀ। ਫੁਰਮਾਯੋ ਸ੍ਰੀ ਮੁਖ ਤਿਸ ਬੇਰੀ। 'ਬਦਨ ਬਹਾਦਰਸ਼ਾਹ ਮਝਾਰੀ। ਕਰਾਮਾਤ ਹੈ ਬਿਦਤ ਉਦਾਰੀ ॥ ੧੦ ॥ ਕਰਹਿ ਰੰਕ ਤੇ ਪੰਚ ਹਜ਼ਾਰੀ। ਨਰ ਗਨ ਅਪਰ ਬਨਹਿਂ ਅਨੁਸਾਰੀ। ਪੰਚ ਹਜ਼ਾਰੀ ਕੋ ਜੇ ਚਾਹੇ। ਕੋਪੇ ਰੰਕ ਕਰੈ ਛਿਨ ਮਾਹੇ ॥ ੧੧ ॥ ਮਾਰਹਿ ਬਖ-ਸ਼ਹਿ ਦੇਰ ਬਿਹੀਨਾ। ਤਿਸ ਮੁਖ ਮਹਿਂ ਲਖਿ ਅਜ਼ਮਤ ਪੀਨਾ'। ਪੁਨ ਸੱਯਦ ਤਰਕਤਿ ਸਭਿ ਮਾਂਹੀ। 'ਤੁਮ ਭੀ ਰਾਖਤਿ ਹਹੁ ਕੈ ਨਾਂਹੀ ॥੧੨॥ ਸੋ ਤੋ ਬਾਦਸ਼ਾਹ ਬਨਿ ਰਹ੍ਯੋ। ਬਰਤਹਿ ਹੁਕਮ ਤਿਸੀ ਕੋ ਕਹ੍ਯੋ। ਹਮ ਬੁਝਤਿ ਹੈਂ ਰਾਵਰਿ ਪਾਸ। ਜੋ ਰਾਖਤਿ ਕੁਛ ਕਰਹੁ ਪ੍ਰਕਾਸ਼' ॥੧੩॥ ਸਭਿ ਮਹਿਂ ਤਰਕ ਸੁਨੀ ਜਬਿ ਨਾਥ। ਜੇਬ ਮਝਾਰ ਡਾਰਿ ਕਰਿ ਹਾਥ। ਮਹਰ ਨਿਕਾਸੀ ਕੇਤਿਕ ਤਬੈ। ਬੋਲੇ ਸ੍ਰੀ ਪ੍ਰਭੁ ਸੁਨਤਯੋਂ ਸਬ ॥ ੧੪ ॥ 'ਪਿਖਿ ਦੀਨਾਰ ਜੁ ਹਾਥ ਹਮਾਰੇ। ਇਹ ਅਜ਼ਮਤਿ ਲਿਹੁ ਦੂਤੀ ਬਿਚਾਰੇ। ਜਿਸ ਢਿਗ ਹਇਂ ਚਾਹੇ ਸੋ ਕਰੇ। ਲਰਤਿ ਹਜ਼ਾਰਹੁਂ ਜਿਸ ਹਿਤ ਮਰੇ'॥੧੫॥ ਸੁਨਿ ਸੱਯਦ ਬੋਲ੍ਯੋ ਤਜਿ ਮੌਨ। 'ਤੁਮ ਮਾਂਹਿ ਕਰਾਮਾਤ ਹੈ ਕੌਨ? ਦੌਲਤ ਆਦਿ ਅਨੇਕ ਪ੍ਰਕਾਰੀ। ਜਿਸ ਤੇ ਮਾਨਹਿਂ ਲੋਕ ਹਜ਼ਾਰੀ' ॥੧੬॥ ਸੁਨਿ ਸਤਿਗੁਰ ਸ਼ਮਸ਼ੇਰ ਨਿਕਾਸੀ। ਸਭਿ ਮਹਿਂ ਛਟਾ ਸਮਾਨ ਪ੍ਰਕਾਸ਼ੀ। ਤਤ-ਛਿਨ ਬਦਨ ਪੀਤ ਹੁਇ ਗਏ। ਲੋਚਨ ਸਮੁਖ ਨ ਕਰਤੇ ਭਏ॥ ੧੭॥ ਤੇਜ ਦਿਪਤ ਸ੍ਰੀ ਮੁਖ ਤੇ ਕਹੈਂ। 'ਇਹ ਭੀ ਕਰਾਮਾਤ ਇਕ ਅਹੈ। ਅਬਿ ਹੀ ਸਿਰ ਉਤਾਰਿ ਕਰਿ ਤੇਰਾ। ਫਲ ਸ਼ਾਖਾ ਸਮ ਦੇ ਧਰਿ ਗੇਰਾ ॥ ੧੯ ॥ ਨਹਿਂ ਜਬਾਬ ਕੁਛ ਸੁਾਲ ਨ ਹੋਵੈ।ਜੀਵਨ ਬਾਦ ਬਾਦ ਕਰਿ ਖੋਵੈ'। ਪਿਖਿ

ਸਤਿਗੁਰ ਕੋ ਤੇਜ ਬਿਲੰਦਾ। ਹੋਤਿ ਭਯੋ ਸੱਯਦ ਸ਼ਰਮਿੰਦਾ* ॥੧੯॥ ਕਹ੍ਯੋ ਗਯੋ ਪੁਨ ਬਾਕ ਨ ਕੋਈ। ਨੀਚਿ ਗ੍ਰੀਵ ਅਵਨੀ ਅਵਲੋਈ। ਕਿਤਿਕ ਸਮੇਂ ਤਕ ਥਿਰ ਗੁਰ ਰਹੇ। ਪੁਨ ਡੇਰੇ ਕਹੁ ਆਵਨ ਚਹੇ ॥ ੨੦ ॥ ਹਯ ਅਰੂਢਿ ਗਤਿ ਮੰਦਹਿ ਮੰਦ। ਆਨਿ ਪਹੂਚੇ ਸ੍ਰੀ ਜਗ ਬੰਦ। ਉਤਰਿ ਤੁਰੰਗਮ ਤੇ ਪ੍ਰਭੁ ਥਿਰੇ। ਰੁਚਿਰ ਪ੍ਰਯੰਕ ਪੌਢਿਬੋ ਕਰੇ ॥੨੧॥ ਇਕ ਦਿਨ ਸਤਿਗੁਰ ਸਹਜ ਸੁਭਾਇ। ਬੈਠੇ ਹੁਤੇ ਬੀਚ ਸਮੁਦਾਇ। ਪ੍ਰਥਮ ਪਠਾਨਨ ਕੋ ਧਨ ਕੇਤਾ। ਦੇਨੋ ਹੁਤੋ ਸੋਢਿ ਕੁਲ ਕੇਤਾ ॥ ੨੨ ॥ ਕਾਜ਼ੀ ਪਹਿ ਫਿਰਾਦ ਹਿਤ ਗਏ। ਗੁਰ ਜਬਰੀ ਕੋ ਭਾਖਤਿ ਭਏ। 'ਏਤਿਕ ਦਰਬ ਹਮਾਰੋ ਅਹੈ। ਕੌਨ ਦੋਸ਼ ਤੇ ਸੋ ਨਹਿਂ ਲਹੈ' ॥੨੩॥ ਤਬਿ ਕਾਜ਼ੀ ਲਿਖਿ ਦੀਨ ਇਲਾਮ[1]। ਲੇ ਕਰਿ ਆਏ ਖਾਨ ਤਮਾਮ। ਜਬਹਿ ਬਿਲੋਕਯੋ ਸ੍ਰੀ ਗੁਨ ਖਾਨੀ। ਬੀਚ ਸਭਾ ਕੇ ਕੀਨਿ ਬਖਾਨੀ ॥ ੨੪ ॥ 'ਸੁਨਹੁੰ ਪਠਾਨਹੁੰ ਅਬਿ ਤੁਮ ਜਾਇ। ਕਾਜ਼ੀ ਕੋ ਦੀਜੈ ਸਮੁਝਾਇ। ਲਸ਼ਕਰ ਮਹਿਂ[2] ਮਖੀਆਂ ਬਹੁਤੇਰੀ। ਖਾਨਾ ਮਕਰੂ[3] ਕਰਹਿਂ ਘਨੇਰੀ ॥ ੨੫ ॥ ਤਿਨ ਪਰ ਪ੍ਰਥਮ ਇਲਾਮ ਪਠਾਵਹੁ।–ਨਹਿਂ ਖਾਨੇ ਪਰ ਥਿਰਹੁ–ਹਟਾਵਹੁ'। ਇਮ ਕਹਿ ਸੋ ਇਲਾਮ ਗੁਰ ਫਾਰਾ। ਨਿਜ ਕਰ ਤੇ ਅਵਨੀ ਪਰ ਡਾਰਾ ॥੨੬॥ ਪਿਖਿ ਪਠਾਨ ਸਗਰੇ ਬਿਸਮਾਏ। ਉਠਿ ਕਾਜ਼ੀ ਢਿਗ ਤੂਰਨ ਆਏ। 'ਗੁਰੂ ਨ ਮਾਨਹਿਂ ਕਾਗਦ ਫਾਰਾ।–ਦਲ ਮਖੀਆਂ ਪਰ ਪਠਹੁ[4]–ਉਚਾਰਾ' ॥੨੭॥ ਸੁਨਿ ਕਾਜ਼ੀ ਜਰਿ ਬਰਿ ਕੈ ਛਾਰ। ਕੁਪ੍ਯੋ ਰਿਦੇ ਨਹਿਂ ਲਖਹਿ ਗਵਾਰ। ਅਪਰ ਉਪਾਵ ਨਹੀਂ ਕੁਛ ਚਾਲਾ। ਸ਼ਾਹੁ ਸਮੀਪ ਗਯੋ ਤਿਸ ਕਾਲਾ ॥੨੮॥ ਕਹ੍ਯੋ 'ਇਲਾਮ ਗੁਰੂ ਨੇ ਫੇਰਾ। ਹਾਨਤਿਕਰੈ ਸ਼ਰ੍ਹਾ ਇਸ ਬੇਰਾ। ਕਾਗਦ ਫਾਰਿ ਧਰਾ ਪਰ ਡਾਰਾ। ਨਹਿ ਕੈਸੇ ਉਰ ਮਹਿ ਡਰ ਧਾਰਾ' ॥੨੯॥ ਸੁਨਿ ਕੈ ਪਾਤਸ਼ਾਹੁ ਰਿਸ ਸਾਜਿ। ਕਾਜ਼ੀ ਪਰ ਹੋਯੋ ਇਤਰਾਜ਼[5]। 'ਇਹ ਤੈ ਕਹਾਂ ਕੀਨਿ ਮਤਿਮੰਦੇ! ਜਾਤਿ ਇਲਾਹੀ, ਫਕਰ ਬਿਲੰਦੇ ॥ ॥੩੦॥ ਤਿਨ ਪਰ ਕੈਸੇ ਪਠਯੋ ਇਲਾਮ। ਇਹ ਤੈਂ ਕੀਨਿ ਬੁਰੋ ਬਹੁ ਕਾਮ।

[1]ਇਸ਼ਤਿਹਾਰ। [ਅ:, ਇਅ਼ਲਾਮ]। [2](ਤੁਹਾਡੇ) ਲਸ਼ਕਰ ਵਿਚ। [3]ਅਪਵਿੱਤ੍ਰ। [4]ਮੱਖੀਆਂ ਦੇ ਦਲ ਉੱਪਰ (ਇਲਾਮ) ਘੱਲੋ। (ਅ) ਮਖੀਆਂ ਪੁਰ ਦਲ ਭੇਜੋ। [5]ਨੁਕਤਾਚੀਨੀ ਕੀਤੀ।

*ਇਸ ਦਾ ਭਾਵ ਇਹ ਹੈ ਕਿ ਸੰਸਾਰ ਵਿਚ ਕਰਾਮਾਤ ਇਨ੍ਹਾਂ ਚੀਜ਼ਾਂ ਦੀ ਹੈ ਜਿਸ ਅਗੇ ਤੁਸੀਂ ਝੁਕਦੇ ਹੋ। ਜੋ ਕਰਾਮਾਤ ਸਿੱਧੀਆਂ ਵਾਲੀ ਹੈ ਸੋ ਨਾਟਕ ਚੇਟਕ ਹੈ, ਜੋ ਕਰਾਮਾਤ ਰੂਹਾਨੀ ਔਜ ਹੈ ਉਸ ਨੂੰ ਤੁਸੀਂ ਮਾਇਆ ਪੂਜ ਤੇ ਤਅੱਸਬ ਦੇ ਭਰੇ ਲੋਕ ਸਮਝ ਨਹੀਂ ਸਕਦੇ, ਇਸ ਲਈ ਉਸ ਸੰਬੰਧੀ ਬਚਨ ਬਿਲਾਸ ਸੁਣਨ ਦੇ ਲਾਇਕ ਤੁਸੀਂ ਨਹੀਂ ਹੋ।

ਜਨ ਆਗੈ ਕਰ ਜੋਰਨਿ ਬਨੈ।ਤਿਨ ਪਰ ਹੁਕਮ ਆਪਨੋ ਭਨੈਂ ?'॥੩੧॥
ਇਮ ਕਹਿ ਕਾਜ਼ੀ ਕੀਨਿ ਤਗੀਰਾ¹ । ਗੁਰ ਕੌ ਜਾਨਯੋਂ--ਪੀਰਨ ਪੀਰਾ।
ਸਲਤਨ ਦਈਮੋਹਿ ਕੋ--ਜਾਨੈ।--ਸੋਕੈਸੇ ਕਰਿ ਇਮਨਹਿੰ ਮਾਨੈ*--॥੩੨॥
ਰਾਜਾ ਇਕ ਜੈਸਿੰਘ ਸਵਾਈ†।ਦੂਤੀ ਅਜੀਤ ਸਿੰਘ ਨਰ ਰਾਈ। ਉਭੈ
ਹੁਤੇ ਸੁ ਲਸ਼ਕਰ ਮਾਂਹੀ । ਸਤਿਗੁਰ ਸ਼ੋਭਾ ਸੁਨਿ ਕਰਿ ਤਾਂਹੀ ॥ ੩੩ ॥
ਮਿਲਿਬੇ ਹਿਤ ਸੋ ਚਲਿ ਕਰਿ ਆਏ। ਦ੍ਵੈ ਅਸੁ ਧਨ ਅਕੋਰ ਕਹੁ ਲ੍ਯਾਏ।
ਸੰਗ ਬਹੁਤ ਸੁਭਟਨਿ ਕੀ ਭੀਰ। ਪਹੁੰਚੇ ਆਨਿ ਪ੍ਰਭੂ ਕੇ ਤੀਰ॥੩੪॥ਕਰਿ
ਪਗ ਨਮੋ ਹੁਕਮ ਲੇ ਥਿਰੇ।ਮੁਦਤ ਭਏ ਗੁਰ ਦਰਸ਼ਨ ਕਰੇ।ਸ੍ਰੀ ਮੁਖ ਕਰਿ
ਬੂਝਿ ਤਿਹ ਸਮੈ। 'ਅਪਨਿ ਪ੍ਰਸੰਗ ਸੁਨਾਵਹੁ ਹਮੈਂ ॥੩੫॥ ਕਿਤਿਕ ਬਾਹਨੀ

¹( ਪਾਤਸ਼ਾਹ ਨੇ ) ਐਉਂ ਕਹਿਕੇ ਕਾਜ਼ੀ ਨੂੰ ( ਅਪਣੇ ਉਹਦੇ ਤੋਂ ) ਬਦਲ ਦਿੱਤਾ । [ਅ:, ਤਗ਼ੱਯੁਰ=ਬਦਲਨਾ]।

*ਇਹ ਗਲ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਆਦਿਕਾਂ ਵਿਚ ਹੈ; ਨਹੀਂ ਤੇ ਨਾ ਹੀ ਸੌ ਸਾਖੀ ਵਿਚ ਮਿਲਦੀ ਹੈ। ਜੇ ਇਸ ਪ੍ਰਸੰਗ ਦੀ ਕੋਈ ਅਸਲ ਹੈ ਤਾਂ ਇਉਂ ਅਸਲ ਗਲ ਹੋਣੀ ਹੈ ਕਿ ਜਦੋਂ ਔਰੰਗਜ਼ੇਬ ਨੇ ਜ਼ਫਰਨਾਮਾ ਪੜ੍ਹਕੇ ਐਲਾਨ ਜਾਰੀ ਕੀਤਾ ਹੈ ਕਿ 'ਗੁਰੂ ਗੋਬਿੰਦ ਸਿੰਘ ਜੀ ਨੂੰ ਮੇਰੇ ਰਾਜ ਵਿਚ ਕਿਤੇ ਫਿਰਨ ਟੁਰਨ ਦੀ ਰੋਕ ਨਹੀਂ ਤੇ ਕੋਈ ਸੂਬਾ ਯਾ ਉਹਦੇਦਾਰ ਉਹਨਾਂ ਨਾਲ ਜੰਗ ਜਦਲ ਨਾ ਕਰੇ', ਤਦੋਂ ਸਰਹਿੰਦ ਤੇ ਲਾਹੌਰ ਦੇ ਸੂਬੇ ਦੁਖੀ ਹੋਣੇ। ਉਸ ਸਮੇਂ ਸ਼ਰ੍ਹਾ ਦਾ ਫਤਵਾ ਪਾਤਸ਼ਾਹੀ ਫੁਰਮਾਨ ਤੋਂ ਵਧੇਰੇ ਅਸਰ ਰੱਖਦਾ ਸੀ, ਉਨ੍ਹਾਂ ਨੇ ਕੋਈ ਐਲਾਨ ਕਿਸੇ ਵਡੇ ਕਾਜ਼ੀ ਤੋਂ ਝੂਠ ਮੂਠ ਦਾ ਫਤਵਾ ਲਾਕੇ ਜਾਰੀ ਕਰਵਾਯਾ ਹੋਵੇ ਕਿ ਜੋ ਪਠਾਣ ਆਦਿ ਮੁਸਲਮਾਨ ਜੰਗ ਵਿਚ ਮਰੇ ਹਨ ਉਨ੍ਹਾਂ ਦੇ ਵਾਰਸ ਗੁਰੂ ਜੀ ਤੋਂ ਅਪਨਾ ਹਰਜਾਨਾ ਲੈ ਸਕਦੇ ਹਨ। ਯਾ ਆਗਰੇ ਦੇ ਕਾਜ਼ੀ ਨੇ ਕਿਸੇ ਪਠਾਣ ਨੂੰ ਕੋਈ ਪਰਵਾਨਾ ਦੇ ਦਿੱਤਾ ਹੋਵੇ ਜਿਸ ਨੂੰ ਗੁਰੂ ਜੀ ਨੇ ਫਾੜ ਦਿੱਤਾ, ਕਿਉਂਕਿ ਜੰਗ ਵਿਚ ਮਰੇ ਦੁਵੱਲੀ ਇਕੋ ਜੇਹੇ ਹਨ, ਕਿਸੇ ਇਕ ਧਿਰ ਨੂੰ ਦੂਏ ਤੋਂ ਹਰਜਾ ਲੈਣ ਦਾ ਹੱਕ ਨਹੀਂ, ਖਾਸ ਕਰ ਉਸ ਵੇਲੇ ਕਿ ਜਦੋਂ ਧਾਵਾ ਗੁਰੂ ਜੀ ਪਰ ਕੀਤਾ ਗਿਆ ਹੈ, ਆਪ ਨੇ ਧਾਵਾ ਕਿਸੇ ਪਰ ਨਹੀਂ ਸੀ ਕੀਤਾ। ਪਾਤਸ਼ਾਹ ਨੇ ਗੁਰੂ ਜੀ ਦਾ ਪੱਖ ਸਹੀ ਮੰਨਿਆਂ ਹੈ ਤੇ ਕਾਜ਼ੀ ਨੂੰ ਸ਼ਰਾਰਤੀ ਜਾਣਕੇ ਉਸ ਦੀ ਬਦਲੀ ਕਰ ਦਿੱਤੀ ਹੈ। ਬਾਕੀ ਰਿਹਾ ਮੱਖੀਆਂ ਵਾਲਾ ਦ੍ਰਿਸ਼ਟਾਂਤ, ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਜੋ ਏਥੇ ਇਅਲਾਨ ਦੇ ਫਜ਼ੂਲ ਹੋਣ ਦਾ ਸੂਚਕ ਹੈ, ਦ੍ਰਿਸ਼ਟਾਂਤ ਕਵੀ ਜੀ ਦਾ ਅਪਨਾ ਹੈ। ਗੁਰੂ ਜੀ ਦੇ ਦ੍ਰਿਸ਼ਟਾਂਤ ਪ੍ਰਮਾਣ ਬਹੁਤ ਪ੍ਰਾਗੱਲਭ ਹੁੰਦੇ ਹਨ। ਇਸ ਕਥਾ ਦਾ ਹੋਰਥੋਂ ਸਬੂਤ ਕਿਤੋਂ ਕੋਈ ਨਹੀਂ ਮਿਲਦਾ।

†ਇਹ ਜੈ ਸਿੰਘ ਇਸੇ ਸਮੇਂ ਹੋਇਆ ਹੈ, ਇਹ ੧੭੫੫ ਬਿ: ਵਿੱਚ ਗੱਦੀ ਤੇ ਬੈਠਾ ਤੇ ੧੭੯੯ ਵਿਚ ਮੋਇਆ, ਦੇਖੋ ਰਾਸ ੧੦ ਅੰਸੂ ੩੨ ਅੰਕ ੧੫ ਦੀ ਹੇਠਲੀ ਟੂਕ।

ਰਾਖਨ ਕੇਰਾ ? ਰਾਜ ਤੁਮਹੁ ਢਿਗ ਹੈ ਜੁ ਬਡੇਰਾ'। ਸੁਨਿ ਰਾਜਨਿ ਕਰ ਜੋਰਿ ਉਚਾਰੇ। 'ਦੇਸ਼ ਬਟੋਰਨ ਕਰਹਿਂ ਜਿ ਸਾਰੇ ॥੩੬॥ ਸਵਾ ਲਾਖ ਘੋਰਾ ਹੁਇ ਜਾਇ। ਸਭਿ ਕੋ ਖਰਚ ਚਲੈ ਸਮੁਦਾਇ। ਧਨੀ ਤੇਗ਼ ਕੇ ਬਡ ਰਜਪੂਤ। ਛਿਨ ਮਹਿਂ ਰਿਪੁ ਕੋ ਕਰਤਿ ਕਸੂਤ ॥੩੭॥ ਨਿਕਟ ਦੌਨ ਕੇ ਲਾਖ ਅਢਾਈ। ਸੰਗ ਚਢਹਿਂ ਘੋਰਾ ਸਮੁਦਾਈ'। ਸ਼੍ਰੀ ਮੁਖ ਤੇ ਤਿਨ ਪ੍ਰਤਿ ਫੁਰਮਾਯੋ। 'ਲਸ਼ਕਰ ਦੇਸ਼ ਅਹੈ ਅਧਿਕਾਯੋ ॥ ੩੮ ॥ ਤੇਜ ਬਿਸਾਲ ਸ਼ਸਤ੍ਰ ਬਢ ਧਾਰੀ। ਬੁਰੀ ਬਾਰਤਾ ਏਕ ਤੁਮਾਰੀ। ਗਊ ਕਸਾਈ ਕੇ ਕਰ ਦੇਤਿ। ਧਰਮ ਬਿਨਾਸ਼ ਅਪਨਿ ਕਰਿ ਲੇਤਿ' ॥ ੩੯ ॥ ਨਰਪਤਿ ਸੁਨਿ ਗੁਰ ਤੇ ਬਿਸਮਾਏ। ਚਿਤ ਮਹਿਂ ਚਿਤਵਤਿ–ਲਖਯੋ ਨ ਜਾਏ–। 'ਸਕਲ ਦੇਸ਼ ਕੇ ਵਿਚ ਕਿਸ ਥਾਂਈ। ਬਸਨ ਨ ਦਏ ਕਸਾਬ ਕਦਾਈਂ ॥ ੪੦ ॥ ਜਹਿਂ ਲਗਿ ਹਮਰੀ ਪਾਰ ਬਸਾਇ। ਪਿਖਹਿਂ ਕਸਾਬ ਤੁਰਤ ਬਿਨਸਾਇਂ। ਕਿਸ ਤੇ ਆਪ ਸੁਨੀ ਫੁਰਮਾਵਉ। ਜਿਸ ਤੇ ਦੇ ਉਪਦੇਸ਼ ਹਟਾਵਉ'' ॥ ੪੧ ॥ ਸ਼੍ਰੀ ਮੁਖ ਤੇ ਫੁਰਮਾਯੋ ਭੇਤ। 'ਤਨੁਜਾ ਤੁਰਕਨ ਕੋ ਤੁਮ ਦੇਤਿ। ਇਸ ਤੇ ਪਰੈ ਨ ਔਗੁਨ ਔਰ। ਕਛਵਾਹੇ,ਹਾਂਡੇ, ਰਾਠੌਰ[1] ॥੪੨॥ ਇੱਤਯਾਦਿਕ ਤੁਮ ਨਾਮ ਕਹਾਵਹੁ। ਅਪਨੀ ਐਂਠ ਸੁਜਸੁ ਬਿਰਧਾਵਹੁ। ਇਹ ਤੁਮ ਬਿਖੈ ਰੀਤਿ ਬਹੁ ਖੋਟੀ। ਕਰਤਿ ਰਹੇ, ਕਿਨ ਪ੍ਰਥਮ ਨ ਹੋਟੀ ॥ ੪੩ ॥ ਆਗੇ ਕੋ ਚਹੀਅਹਿ ਤੁਮ ਐਸੇ। ਤਨੁਜਾ ਤੁਰਕ ਨ ਦੀਜਹਿ ਕੈਸੇ'। ਸੁਨਤਿ ਨਰਿੰਦਨਿ ਰਿਦੇ ਬਿਚਾਰੀ।–ਗੁਰ ਉਪਦੇਸ਼ ਹਮਹੁੰ ਜਸੁ ਕਾਰੀ ॥ ੪੪ ॥ ਦੇਸ਼ ਬਿਦੇਸ਼ਨ ਮਹਿਂ ਅਪਕੀਰਤਿ। ਸਭਿ ਰਜਪੂਤਨਿ ਕੀ ਬਿਸਤੀਰਤਿ–। ਇੱਤਯਾਦਿਕ ਬਹੁ ਦੁਹਨ ਬਿਚਾਰੀ। ਗੁਰ ਹਜ਼ੂਰ ਤਬਿ ਸਪਥ ਉਚਾਰੀ ॥ ੪੫ ॥ 'ਜੋ ਰਜਪੂਤ ਬੀਜ ਸ਼ੁਭ ਹੋਇ। ਤਨੁਜਾ ਤੁਰਕ ਨ ਦੈ ਹੈ ਕੋਇ। ਸ਼੍ਰੀ ਗੁਰ ਤੁਮਰੋ ਭਯੋ ਪਿਤਾਮਾ। ਸੁਜਸੁ ਆਜ ਲਗਿ ਤਿਨ ਅਭਿਰਾਮਾ ॥੪੬॥ ਰਾਜੇ ਬਾਵਨ ਕੋ ਮੁਚਵਾਇ। ਵਹਿਰ ਗ੍ਵਾਲਿਯਰ ਤੇ ਤਬਿ ਆਇ। ਤੁਮ ਭੀ ਅਹੋ ਤਿਨਹੁੰ ਕੇ ਪੋਤੇ। ਰਣ ਮਹਿਂ ਮਹਾਂ ਬੀਰ ਰਸ ਪੋਤੇ[2] ॥੪੭॥ ਸੁਨੋ ਜੈਂਗ ਗਾਵਰ ਕੋ ਭਾਰੇ। ਕਰਯੋ ਸ਼ੋਕ ਤੁਰਕਾਨੇ ਸਾਰੇ'। ਸ਼੍ਰੀ ਗੁਰ ਕ੍ਰਿਪਾ ਦ੍ਰਿਸ਼ਟਿ ਤਬਿ ਕੀਨ। ਸਿਪਰ ਖੜਗ ਮੰਗਵਾਵਨਿ ਕੀਨਿ ॥੪੮॥ ਬਖਸ਼ੀ ਜੈ ਸਿੰਘ ਕੋ ਹਰਖਾਇ। ਲੇ ਕਰ ਮਹਿਂ ਪਗ ਸੀਸ ਨਿਵਾਇ। ਤਰਕਸ਼ ਧਨੁਖ ਦੇਖਿ

[1]ਤਿੰਨੇ ਰਾਜਪੂਤਾਂ ਦੀਆਂ ਜਾਤਾਂ ਹਨ। [2]ਬੀਰ ਰਸ ਨਾਲ ਭਰੇ ਹੋਏ [ਪੋਤੇ=ਪ੍ਰੋਤੇ]। (ਅ) ਬੀਰ ਰਸ ਦੇ ਜਹਾਜ਼ ਹੋ। [ਸੰਸ:, ਪੋਤ=ਜਹਾਜ]।

ਕਰਿ ਪੀਨ। ਨ੍ਰਿਪਤਿ ਅਜੀਤ ਸਿੰਘ ਕਹੁ ਦੀਨ ॥ ੪੯॥ ਗੁਰ ਤੇ ਲੇ ਬਖਸ਼ਿਸ਼ ਹਰਖਾਏ। ਨਮੋ ਕਰੀ ਹੁਇ ਬਿਦਾ ਸਿਧਾਏ। ਗਏ ਸਰਾਹਤਿ ਅਪਨੇ ਡੇਰੇ। ਸ੍ਰੀ ਨਾਨਕ ਗਾਦੀ ਪਰ ਹੇਰੇ ॥ ੫੦॥ ਇਮ ਸ੍ਰੀ ਪ੍ਰਭੁ ਦਿਨ ਕਿਤਿਕ ਬਿਤਾਏ।ਦਰਸਹਿ ਸੰਗਤਿ ਮਿਲਿ ਸਮੁਦਾਏ। ਦਰਬ ਆਦਿ ਬਹੁ ਅਰਪਿ ਅਕੋਰ। ਪੂਰਹਿੰ ਕਾਮਨਾ ਕੋ ਜਸ ਲੋਰਿ ॥ ੫੧॥ ਇਤਿ ਸ੍ਰੀ ਗੁਰਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਆਗਰੇ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤ੍ਵਾਰਿੰਸਤੀ ਅੰਸੂ ॥ ੪੮॥

੪੯. [ਬਹਾਦਰਸ਼ਾਹ ਨੂੰ ਸੁਮਤ। ਸਿੱਖ ਸੁਤਾ ਦਾ ਧਰਮ ਦੇਖਣਾ]।

ਦੋਹਰਾ ॥ ਨਾਮ ਜਵਾਹਰ ਸਿੰਘ ਜਿਸ ਜੜੀਆ ਸਿਖ ਸੁਨਿਆਰ। ਸੁਤਾ ਤਰੁਨ ਤਿਸ ਕੀ ਹੁਤੀ ਸੁੰਦਰ ਬਹੁ ਸੁ ਕੁਮਾਰ ॥੧॥ ਚੌਪਈ ॥ ਸੋ ਦਰਸ਼ਨ ਹਿਤ ਚਲਿ ਕਰਿ ਆਈ। ਸੂਖਮ ਬਸਤ੍ਰ ਉਪਾਧਨ ਲਜਾਈ। ਚਰਨ ਸਰੋਜਨ ਕੋ ਕਰਿ ਨਮੋ।ਬੈਠੀ ਅਵਿਲੋਕਹਿ ਤਿਹ ਸਮੋ ॥੨॥ਕੇਤਿਕ ਸਿੰਘ ਸਮੀਪ ਥਿਰੇ ਹੈਂ। ਬਾਗ਼ ਵਿਖੇ ਤਰੁ ਚਾਰੁ ਤਰੇ ਹੈਂ[1]।ਸ਼ਾਹ ਬਹਾਦਰ ਸਹਿਜ ਸੁਭਾਇ। ਫਿਰਤਿ ਸੈਲ ਹਿਤ ਹੇਰਤਿ ਥਾਂਇ ॥੩॥ ਜਬਿ ਹੀ ਬਾਗ ਨਿਕਟ ਚਲਿ ਆਯੋ।–ਇਹਾਂ ਗੁਰੂ ਥਿਰਹੈਂ–ਸੁਧਿ ਪਾਯੋ।ਦਰਸ਼ਨ ਕਰਨ ਮਨੋਰਥ ਧਾਰਾ। ਉਤਰਿ ਪ੍ਰਵੇਸ਼ਨੋ ਬਾਗ਼ ਮਝਾਰਾ ॥ ੪ ॥ ਫਰਸ਼ ਬਿਸਾਲ ਗੁਰੂ ਕਰਿ-ਵਾਏ। ਇਕਠੇ ਸਿੰਘ ਭਏ ਸਮੁਦਾਏ। ਤਤਛਿਨ ਆਨਿ ਬੰਦਨਾ ਕੀਨਿ। ਪ੍ਰਭੁ ਬਿਠਾਯੋ ਆਦਰ ਦੀਨ ॥੫॥ ਜਥਾ ਜੋਗ ਸਭਿ ਲੋਕ ਖਰੇ ਹੈਂ। ਗੁਰੂ ਸ਼ਾਹੁ ਕੋ ਪਿਖਨਿ ਕਰੇ ਹੈਂ।ਸਿਖ ਕੀ ਤਨੁਜਾ ਢਿਗ ਥਿਰਰਹੀ। ਉਠਿ ਕਰਿ ਇਤ ਉਤ ਕਿਤ ਗੀ ਨਹੀਂ ॥ ੬ ॥ ਸ਼ਾਹੁ ਬਹਾਦਰ ਜਬਹਿ ਬਿਲੋਕੀ। ਸੁੰਦਰ ਰੂਪ ਚਾਹਿ ਬਿਸ਼ਿਯੋਂ ਕੀ। ਭਯੋ ਲੁਭਾਇਮਾਨ ਤਤਕਾਲਾ। ਦੇਖਿ ਚਕੋਰ ਚੰਦ ਕੀ ਢਾਲਾ ॥੭॥ ਗੁਰ ਤੈ ਸ਼ੰਕ ਰਹ੍ਯੋ ਬਹੁਤੇਰਾ। ਭਯੋ ਬਿਬਸ ਮਨ ਫਿਰ੍ਯੋ ਨ ਫੇਰਾ।ਲਾਲਚ ਲਗ੍ਯੋ ਪਿਖਨਿ ਕੋ ਕਾਰਨ।ਕਰੈ ਬਾਤ ਬਹੁ ਭਾਂਤਿ ਉਚਾਰਨ ॥੮॥ ਬੂਝਨਿ ਲਗ੍ਯੋ 'ਹਮਾਰੇ ਮਤ ਮੈਂ। ਕਲਮਾ ਪਢਤਿ ਜੁ ਕਰਿ ਹਿਤ ਚਿਤ ਮੈਂ। ਸੋ ਦੋਜ਼ਕ ਮੈਂ ਪਰਤ ਨ ਕੋਈ। ਜਾਤਿ ਭਿਸਤ ਸੁਖ ਭੋਗੋ ਸੋਈ' ॥ ੯ ॥ ਸੁਨਿ ਗੁਰ ਕਹ੍ਯੋ 'ਨ ਇਮ ਬਨਿ ਆਵੈ। ਜਥਾ ਕਰਮ ਕਰਿ ਤਥਾ ਸੁ ਪਾਵੈ। ਕਲਮਾ ਪਢਹਿ ਕਮਾਵੈ ਖੋਟ। ਤਿਸ ਕੋ ਸੰਕਟ ਨਰਕ ਨ ਛੋਟ[2] ॥ ੧੦ ॥ ਭੋਗਹਿ ਕਸ਼ਟ ਅਨੇਕ ਪ੍ਰਕਾਰ। ਨਹਿ ਕਲਮਾ ਤਿਹ ਲਾਤਿ ਉਬਾਰ'।ਕਹੈ ਬਹਾਦਰਸ਼ਾਹ 'ਹਮਾਰੇ।ਕਲਮਾ ਕਰਹਿ

[1]ਸੁੰਦਰ ਬ੍ਰਿਛ ਦੇ ਹੇਠਾਂ। [2]ਨਰਕ ਦੇ ਸੰਕਟਾਂ ਦੀ ਛੋਟ ਨਹੀਂ ਹੁੰਦੀ।

ਉਧਾਰ ਉਚਾਰੇ[1] ॥ ੧੧ ॥ ਝੂਠ ਕਹ੍ਯੋ ਕੈ ਸਾਚ ਬਖਾਨਾ। ਕਿਮ ਹਮ ਪਤਾ ਲੇਹਿੰ ਮਨ ਜਾਨਾ। ਜਾਨੇ ਬਿਨਾ ਪ੍ਰਤੀਤ ਨ ਆਵੈ। ਲਿਖੀ ਸਾਚ ਹੀ ਹੁਇ,ਮਨ ਭਾਵੈ' ॥੧੨॥ ਕੋਸ਼ਪ ਸ੍ਰੀ ਗੁਰ ਤਬੈ ਹਕਾਰਾ। ਨਿਕਟਿ ਨਿਹਾਰ੍ਯੋ ਤਾਂਹਿ ਉਚਾਰਾ। 'ਇਕ ਰਜਤਪਣ ਕੋਸ਼ ਧਰ੍ਯੋ ਹੈ। ਜਿਸ ਪਰ ਕਲਮਾ ਸਿਨ ਪਰ੍ਯੋ ਹੈ[2] ॥ ੧੩ ॥ ਤਿਸ ਕੋ ਲੇ ਕਰਿ ਹਾਥ ਸਿਧਾਵਹੁ। ਟਕੇ ਬਜ਼ਾਰ ਬਿਖੈ ਤੇ ਲ੍ਯਾਵਹੁ। ਬੈਠ੍ਯੋ ਸ਼ਾਹੁ ਸ਼ੀਘ੍ਰ ਤੂੰ ਜਾਉ। ਹਮਰੇ ਨਿਕਟ ਅਬੈ ਲੈ ਆਉ' ॥ ੧੪ ॥ ਗੁਰ ਆਇਸ ਤੇ ਕੋਸ਼ਪ ਗਯੋ। ਬੀਚ ਬਜ਼ਾਰ ਰਜਤਪਣ ਦਯੋ।'ਇਸਕੇ ਟਕੇ ਦੇਹੁ ਗਿਨਿ ਮੋਹੀ।ਜੇਤਿਕ ਭਾਉ[3]ਬਿਕਤ ਇਤ ਹੋਹੀ' ॥ ੧੫ ॥ ਪਿਖਿ ਸਰਾਫ ਨੇ ਦੀਯੋ ਬਗਾਈ। 'ਇਹ ਖੋਟੋ ਨਹਿ ਚਲਹਿ ਇਥਾਂਈਂ'।ਚਾਰ ਪਾਂਚ ਹਾਟਨ ਪਰ ਫਿਰ੍ਯੋ।ਨਹਿੰ ਸਰਾਫ ਕਿਨ ਕਰ ਮਹਿ ਧਰ੍ਯੋ ॥੧੬॥ ਹਟਿ ਕਰਿ ਗੁਰ ਢਿਗ ਆਨਿ ਸੁਨਾਈ। 'ਇਸੇ ਸਰਾਫ ਨ ਲੇਤਿ ਕਦਾਈਂ। ਖੋਟੇ ਕੋ ਬਿਲੋਕਿ ਤਤਕਾਲਾ। ਰਿਸ ਕੋ ਧਰਤਿ ਹਾਥ ਤੇ ਡਾਲਾ ॥ ੧੭॥ ਟਕੇ ਦੇਨ ਤੇ ਕਿਤਹੂੰ ਰਹੇ। ਝਿਰਕਿ ਹਟਾਵਤਿ ਦੁਰਬਚ ਕਹੇ'। ਸੁਨਿ ਕੋਸ਼ਪ ਤੇ ਲੇ ਕਰਿ ਹਾਥ। ਬੋਲੇ ਗੁਰ 'ਸੁਨਿ ਦਿੱਲੀ ਨਾਥ ! ॥੧੮॥ਜਿਨ ਕੋ ਮਤ:-ਕਲਮੇ ਤੇ ਭਿਸਤ[4]।ਤਿਨ ਕੋ ਰਾਜ ਨ ਕਹੂੰ ਸ਼ਿਕਸਤ[5]।ਪੁਨ ਨਿਰਨੈ ਕਰਿ ਲੇਹੁ ਨਿਹਾਰ। ਤੋਹਿ ਨਿਕਟ ਹੈ ਤੋਹਿ ਬਜ਼ਾਰ॥ ੧੯॥ ਊਪਰ ਕਲਮਾ ਕਿਹ ਨ ਬਿਚਾਰ੍ਯੋ। ਅੰਤਰ ਖੋਟੋ ਸਕਲ ਨਿਹਾਰ੍ਯੋ। ਕਿਨਹੁੰ ਨ ਕੀਨਸਿ ਅੰਗੀਕਾਰ।ਖੋਟਾ ਦੇਖਤਿ ਦੇਂ ਕਰ ਡਾਰਿ॥੨੦॥ ਜਹਿੰ ਤੁਰਕਨਿ ਕੋ ਰਾਜ ਤਪੰਤਾ।ਤਹਾਂ ਨ ਕਲਮਾ ਰੱਛ ਕਰੰਤਾ।ਜਿਹ ਠਾਂ ਅਦਲ ਨਿਆਂਵ ਕੇ ਕਰਤਾ। ਭਲੇ ਬੁਰੇ ਕੋ ਨਿਰਨੈ ਧਰਤਾ ॥ ੨੧॥ ਤਹਿ ਕਲਮਾ ਕਿਮ ਕਰੈ ਸਹਾਇ। ਦੇਂ ਖੋਟੇ ਕੋ ਭਿਸਤ ਪੁਚਾਇ ? ਜਹਿ ਪਰਮੇਸ਼ੁਰ ਕੀ ਦਰਗਾਹ। ਜਥਾ ਜੋਗ ਪਿਖਿਯਤਿ ਹੈ ਤਾਂਹਿ ॥ ੨੨ ॥ ਨਰ ਤਨ ਧਾਰਿ ਕਰਤਿ ਹੈਂ ਜਥਾ। ਬਿਦਤ ਸ਼ੁਭਾਸ਼ੁਭ ਹੁਇ ਤਹਿੰ ਤਥਾ। ਦੁਖ ਸੁਖ ਭੋਗੇ ਕ੍ਰਿਤ ਅਨੁਸਾਰੀ। ਕੂਰੇ ਬੇਖ ਊਪਰੇ ਧਾਰੀ ॥ ੨੩ ॥ ਤਿਸ ਤੇ ਨਹਿੰ ਸਹਾਇਤਾ ਹੋਇ। ਕਰਹਿ ਕ੍ਰਿੱਤ ਨਰ ਭੁਗਤੈ ਸੋਇ। ਪਿਖ੍ਯੋ ਪ੍ਰਤੱਖ ਇਹਾਂ

[1]ਕਲਮਾ ਉਚਾਰ ਕੀਤਾ ਸਾਡਾ ਉੱਧਾਰ ਕਰਦਾ ਹੈ। (ਅ) ਸਾਡਾ (ਪੈਕੰਬਰ) ਉਚਾਰਦਾ ਹੈ ਕਿ ਕਲਮਾ ਉਧਾਰ ਕਰਦਾ ਹੈ। [2]ਭਾਵ ਕਲਮਾ ਤੇ ( ਹਿਜਰੀ ) ਸੰਮਤ ਜਿਸ ਉਤੇ ਲਿਖਿਆ ਹੈ। [3]ਕੀਮਤ। [4]ਭਾਵ ਕਲਮੇ ਨਾਲ ਬਹਿਸ਼ਤ ਮਿਲਦਾ ਹੈ। [5]ਤਿੰਨਾਂ ਦਾ ਰਾਜ ਕਿਧਰੇ ਟੁੱਟਾ ਨਹੀਂ (ਭਾਵ ਕਾਇਮ ਹੈ ਰਾਜ)।

ਤੁਮ ਜਥਾ। ਪ੍ਰਭੁ ਦਰਗਾਹ ਨਜਾਂਵ ਹੈ ਤਥਾ ॥ ੨੪ ॥ ਅੰਤਰ ਸ਼ੁੱਧ ਭੁਏ ਛੁਟਿ ਜੈ ਹੈ। ਅੰਤਰ ਖੋਟ ਮਹਾਂ ਦੁਖ ਪੈ ਹੈ।ਵਹਿਰ ਬੇਖ ਮਾਨਹਿਕੋ ਨਾਂਹੀ। ਕਰਮ ਸ਼ੁਭਾਸ਼ੁਭ ਮਿਟਹਿਂ ਨ ਕਾਹੀ' ॥ ੨੫ ॥ ਸੁਨਿਕੈ ਸ਼ਾਹੁ ਬਹਾਦਰ ਮੌਨ। ਦ੍ਰਿਗ ਲਗਿ ਰਹੇ ਦਿਸ਼ਾ ਤ੍ਰਿਯ ਤੌਨ। ਅਪਰ ਪ੍ਰਸੰਗ ਏਕ ਦੁਇ ਕਹੇ। ਉੱਤਰ ਉਚਿਤ ਗੁਰੂ ਤੇ ਲਹੇ ॥੨੬॥ ਢਿਗ ਬੈਠਨ ਕਾਰਨ ਚਿਰ ਕਾਲ। ਕਰਹਿ ਬਾਰਤਾ ਕਿਸ ਕਿਸ ਖਯਾਲ। ਚਿਤ ਕੀ ਗਤਿ ਸਤਿਗੁਰ ਨੇ ਜਾਨੀ। ਸ਼ਾਹ ਬਹਾਦਰ ਸਾਥ ਬਖਾਨੀ ॥ ੨੭॥ 'ਚਿਤ ਤੇਰੋ ਤ੍ਰਿਯ ਪਰ ਬਿਰਮਾਯੋ। ਜੇ ਚਾਹਤਿ, ਦਿਹੁ ਸਾਚੁ ਬਤਾਯੋ। ਕਪਟ ਨ ਧਰਹੁ ਸਮੀਪ ਹਮਾਰੀ। ਜਿਮ ਉਰ ਮਹਿਂ ਤਿਮ ਦੇਹੁ ਉਚਾਰੀ' ॥੨੮॥ ਡਰਤਿ ਸ਼ਾਹੁ ਕਰ ਜੋਰਿ ਬਖਾਨੀ। 'ਸ਼੍ਰੀ ਗੁਰੁ ਤੁਮ ਤੇ ਕਛੂ ਨ ਛਾਨੀ। ਸਭਿ ਘਟਿ ਘਟਿਕੀ ਜਾਣਨਹਾਰੇ। ਕਰਹਿ ਦੁਰਾਉ ਸੋ ਮੂਢ ਬਿਚਾਰੇ ॥ ੨੯ ॥ ਹੇਰਤਿ ਹੀ ਬਿਰਮਯੋ ਮਨ ਮੋਰਾ। ਤਬਿ ਤੇ ਲਾਗੇ ਦ੍ਰਿਗ ਇਸ ਓਰਾ'।ਸੁਨਤਿ ਸਾਚ ਕੋ ਗੁਰੂ ਉਚਾਰਾ। 'ਜੇ ਲੋਭਯੋ ਮਨ ਏਵ ਤੁਹਾਰਾ॥੩੦॥ ਸੰਝ ਸਮੈਂ ਹਮ ਦੇਹਿਂ ਪੁਚਾਈ। ਪੁਰਹੁ ਕਾਮਨਾ ਅਪਨਿ ਸਬਾਈ'। ਹਰਖਤਿ ਸ਼ਾਹੁ ਉਠਯੋ ਕਰਿ ਨਮੋ। ਪਹੁੰਚਯੋ ਜਾਇ ਪ੍ਰਤੀਖਤਿ ਸਮੋ ॥੩੧॥ਸਿਖ ਕੀ ਸੁਤਾ ਬੰਦਿ ਕਰਿ ਹਾਥ। 'ਸ਼੍ਰੀ ਪ੍ਰਭੁ! ਕਹਾਂ ਕਰੀ ਮੁਝ ਸਾਥ। ਧਰਮ ਉਬਾਰਨ ਹਿਤ ਤੁਮ ਧਯਾਵੈਂ। ਅਨਿਕ ਬਿਘਨ ਤੇ ਜਨਨਿ ਬਚਾਵੈਂ ॥ ੩੨ ॥ ਮੇਰੋ ਧਰਮ ਆਪ ਕਯੋਂ ਨਾਸ਼ਾ। ਤੁਰਕ ਸੰਗ ਹੁਇ ਮੇਲ, ਪ੍ਰਕਾਸ਼ਾ। ਮਹਾਂ ਚਿੰਤ ਉਪਜੀ ਚਿਤ ਮਾਂਹੀ। ਗੁਰ ਕੇ ਕਹੇ ਜਾਉਂ ਜੇ ਨਾਂਹੀ ॥ ੩੩ ॥ ਮਹਾਂ ਦੋਸ਼ ਮੇਰੇ ਸਿਰ ਸੋਇ। ਜਾਉਂ ਜਿ,ਧਰਮ ਬਿਨਾਸ਼ੀ ਹੋਇ'। ਸੁਨਿ ਕਰਿ ਸ਼੍ਰੀ ਮੁਖ ਤੇ ਬਿਕਸਾਨੇ। 'ਸਾਧ ਸਾਧ' ਤਿਹ ਸਾਥ ਬਖਾਨੇ ॥ ੩੪ ॥ 'ਗਮਨਹੁ ਤਿਹ ਠਾਂ ਕਹੇ ਹਮਾਰੇ। ਤੋਹਿ ਧਰਮ ਕੇ ਹਮ ਰਖਵਾਰੇ'। ਸ਼ਾਹੁ ਏਕ ਨਰ ਤਯਾਗ ਸੁ ਗਯੋ। ਏਕ ਸਿੱਖ ਸ਼੍ਰੀ ਗੁਰ ਸੰਗ ਦਯੋ ॥੩੫॥ ਦੋਨਹੁੰ ਕੇ ਮਧ ਹ੍ਵੈ ਕਰਿ ਚਲੀ। ਗੁਰੂ ਬਾਕ ਤੇ ਕਯੋਂਹੁੰ ਨ ਟਲੀ। ਆਗੈ ਸ਼ਾਹੁ ਪ੍ਰਤੀਖਤਿ ਬੈਸਾ। ਲਗੇ ਘਾਵ ਪੀੜਤਿ ਹ੍ਵੈ ਜੈਸਾ ॥ ੩੬ ॥ ਦਿਖੀ ਦੂਰ ਤੇ ਆਵਤਿ ਸੋਊ। ਦੋਨਹੁੰ ਦਿਸ਼ਿ ਮਹਿਂ ਕੇਹਰਿ ਦੋਊ।ਪਕਰੇ ਕਾਨ ਦੁਹਨ ਕੇ ਆਵਤਿ। ਸ਼ਾਹ ਬਹਾਦਰ ਦਿਖਿ ਭੈ ਪਾਵਤਿ ॥ ੩੭ ॥ ਏ ਬਡ ਜ਼ਾਲਮ ਤ੍ਰਿਯਾ ਨਿਹਾਰੀ। ਪਹੁੰਚਹਿ ਨਿਕਟ ਦੇਹਿ ਮੁਝ ਮਾਰੀ। ਜਯੋਂ ਜਯੋਂ ਨਿਕਟ ਆਇ ਡਰ

ਧਾਰਤਿ। ਦੇਤਿ ਨਰਨ ਕੋ ਹਾਥ ਇਸ਼ਾਰਤ* ॥ ੩੯ ॥ 'ਸ਼ੀਘ੍ਰ ਜਾਹੁ ਇਸ

*ਇਹ ਕਥਾ ਬੀ ਪੁਰਾਤਨ ਗ੍ਰੰਥ ਗੁਰ ਸ਼ੋਭਾ, ਮਹਿਮਾ ਪ੍ਰਕਾਸ਼ ਤੇ ਗੁਰਬਿਲਾਸ ਵਿਚ ਨਹੀਂ ਹੈ ਤੇ ਮਗਰਲੀ ਲਿਖੀ ਸੌ ਸਾਖੀ ਵਿਚ ਬੀ ਨਹੀਂ ਹੈ। ਕਵੀ ਜੀ ਨੇ ਇਹ ਐਵੇਂ ਕੋਈ ਸੁਣੀ ਸੁਣਾਈ ਲਿਖੀ ਹੈ ਤੇ ਉਨ੍ਹਾਂ ਤਕ ਇਹ ਹੋਰ ਰੂਪ ਲੈ ਕੇ ਅੱਪੜੀ ਸਾਫ ਦਿੱਸ ਰਹੀ ਹੈ। ਪਿੱਛੇ ਅੰਸੂ ੮੪ ਦੇ ਅੰਕ ੩੯ ਤੋਂ ੫੦ ਵਿਚ ਕਵੀ ਜੀ ਦਸਦੇ ਹਨ ਕਿ ਰਾਜਾ ਜੈ ਸਿੰਘ ਸਵਾਈ ਤੇ ਅਜੀਤ ਸਿੰਘ ਨੂੰ ਗੁਰੂ ਜੀ ਕਹਿ ਰਹੇ ਹਨ ਕਿ ਤੁਸੀਂ ਗਊਆਂ ਕਸਾਈਆਂ ਨੂੰ ਦੇਂਦੇ ਹੋ। ਉਨ੍ਹਾਂ ਦੇ ਪੁੱਛਣ ਤੇ ਅਰਥ ਦੱਸਦੇ ਹਨ ਕਿ ਤੁਸੀਂ ਧੀਆਂ ਤੁਰਕ ਪਾਤਸ਼ਾਹਾਂ ਨੂੰ ਦੇਂਦੇ ਹੋ। ਜਦ ਹਿੰਦੂ ਲੜਕੀ ਦਾ ਪਾਤਸ਼ਾਹਾਂ ਦੇ ਸਮਰਪਨ ਹੋਣਾ ਕਸਾਈ ਨੂੰ ਗਊ ਦੇਣ ਤੁਲ ਹੈ; ਤਾਂ ਕਦੇ ਹੋ ਸਕਦਾ ਹੈ ਕਿ ਗੁਰੂ ਜੀ ਕਿਸੇ ਸਿੱਖ ਲੜਕੀ ਨੂੰ ਆਖਣ ਕਿ ਤੂੰ ਪਾਤਸ਼ਾਹ ਪਾਸ ਚਲੀ ਜਾਹ, ਚਾਹੇ ਆਪ ਨਾਲ ਇਹ ਬੀ ਕਹਿਣ ਕਿ ਅਸੀਂ ਤੇਰੀ ਰੱਖਯਾ ਕਰਾਂਗੇ। ਜਿਸ ਗੁਰੂ ਜੀ ਨੇ ਸਰਸੇ ਵਿਚ ਆਪਣੇ ਨਾਲ ਥੋੜੀ ਜਮੀਅਤ ਦੇ ਹੁੰਦਿਆਂ ਬੀ ਖੁਡਾਲੇ ਦੇ ਨਵਾਬ ਦੇ ਕੈਦਖਾਨੇ ਨੂੰ ਤੋੜਕੇ ਸਿਖ ਨੂੰ ਕੱਢਿਆ ਕਿ ਜੋ ਅਪਣੀ ਲੜਕੀ ਤੁਰਕ ਹਾਕਮ ਨੂੰ ਦੇਣੇ ਨਾਂਹ ਕਰ ਰਿਹਾ ਸੀ ਤੇ ਗੁਰੂ ਜੀ ਨੇ ਉਸ ਹਾਕਮ ਦੀ ਹੋਸ਼ ਟਿਕਾਣੇ ਕੀਤੀ ਤੇ ਸਿੱਖ ਨੂੰ ਨਿਵਾਜਿਆ, ਅਤੇ ਸੰਗਤ ਨੇ ਜੋ ਸਿਖ ਦੀ ਲੜਕੀ ਛਿਪਾਉਣ ਵਿਚ ਸਹਾਇਤਾ ਕੀਤੀ ਸੀ ਉਸ ਪਰ ਸ਼ਾਬਾਸ ਦਿੱਤੀ ਸੀ, ਕਦੇ ਹੋ ਸਕਦਾ ਹੈ ਕਿ ਉਹ ਅਣਖਾਂ ਦਾ ਸਰਦਾਰ ਅਪਣੇ ਮੂੰਹੋਂ ਕਹਿ ਸਕੇ ਕਿ 'ਅੱਛਾ ਲੜਕੀ ਤੁਮ ਜਾਓ'। ਜੋ ਜੋਗਾ ਸਿੰਘ ਨੂੰ ਦਿਲ ਡੋਲਣ ਵੇਲੇ ਸੰਭਾਲਦਾ ਹੈ, ਖ਼ਤਰੇ ਵਾਲੇ ਰਸਤੇ ਕਿਸੇ ਨੂੰ ਕਦਮ ਧਰਨ ਵਾਸਤੇ ਪ੍ਰੀਖਯਾ ਮਾਤ੍ਰ ਲਈ ਵੀ ਨਹੀਂ ਕਹਿ ਸਕਦਾ। ਜੇ ਕੋਈ ਗੱਲ ਐਸੀ ਹੋਈ ਹੈ ਤਾਂ ਕਥਾ ਮੁੱਢ ਵਿਚ ਇੰਨੀ ਭਾਵੇਂ ਹੋਵੇ ਕਿ ਪਾਤਸ਼ਾਹ ਦਾ ਦਿਲ ਡੋਲਿਆ, ਗੁਰੂ ਜੀ ਨੇ ਤਾੜ ਲਿਆ, ਅਪਣੀ ਆਤਮ ਸੱਤਯਾ ਨਾਲ ਲੜਕੀ ਦੁਆਲੇ ਸ਼ੇਰਾਂ ਦੇ ਪਹਿਰੇ ਪਾਤਸ਼ਾਹ ਨੂੰ ਦਿਖਾਏ, ਜਿਸ ਤੋਂ ਉਸ ਨੂੰ ਜਣਾ ਦਿਤਾ ਕਿ ਮੰਦੀ ਨਜ਼ਰ ਕਰਨ ਨਾਲ ਉਸ ਦੇ ਫਲ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਕਿਤਨਾ ਭਿਆਨਕ ਹੈ। ਸ਼ੇਰਾਂ ਦੀ ਦਿਖਾਲੀ ਸੂਚਕ ਹੈ ਉਸ ਭਯਾਨਕਤਾ ਦੀ ਕਿ ਜੋ ਇਖ਼ਲਾਕ ਤੋਂ ਗਿਰ ਕੇ ਕੰਮ ਕੀਤਿਆਂ ਲੋਕ ਪ੍ਰਲੋਕ ਵਿਚ ਵਾਪਰਦੀ ਹੈ। ਬਹਾਦਰਸ਼ਾਹ ਦੀ ਉਮਰ ਵਲ ਵੀ ਖਿਆਲ ਕਰ ਲੈਣਾ ਚਾਹੀਦਾ ਹੈ ਜੋ ਇਸ ਵੇਲੇ ੬੫ ਸਾਲ ਦੀ ਸੀ ਤੇ ਰਾਜ ਨਵਾਂ ਸੀ ਤੇ ਗੁਰੂ ਜੀ ਦਾ ਕ੍ਰਿਤੱਗਯ ਸੀ, ਤੇ ਉਨ੍ਹਾਂ ਨੂੰ ਦੀਨ ਦੇ ਬਜ਼ੁਰਗ ਮੰਨਦਾ ਸੀ, ਜਿਨ੍ਹਾਂ ਪਾਸ ਅਪਣੇ ਇਖ਼ਲਾਕ ਨੂੰ ਐਡਾ ਨੀਵਾਂ ਜ਼ਾਹਰ ਕਰਦਿਆਂ ਜ਼ਿੰਮੇਵਾਰ ਆਦਮੀ ਨੂੰ ਸ਼ਰਮ ਹੀ ਖਾ ਜਾਂਦੀ ਹੈ। ਪਿਛਲੇ ਅੰਸੂ ੪੮ ਦੇ ਅੰਤ ੩੦ ਤੋਂ ੩੨ ਵਿਚ ਕਵੀ ਜੀ ਦੱਸਦੇ ਹਨ ਕਿ ਪਾਤਸ਼ਾਹ ਨੇ ਗੁਰੂ ਜੀ ਬਾਬਤ ਏਹ ਲਫਜ਼ ਆਖੇ:—"ਜਾਤਿ ਇਲਾਹੀ ਫਕਰ ਬਿਲੰਦੇ।......ਜਿਨ ਆਗੈ ਕਰ ਜੋਰਨ ਬਨੈ।......ਗੁਰ ਕੋ ਜਾਨਯੋ ਪੀਰਨ ਪੀਰਾ ॥" ਕਦੇ ਹੋ ਸਕਦਾ ਹੈ ਕਿ ਏਹ ਨਿਸ਼ਟਾ ਰੱਖਣ ਵਾਲਾ ਅਪਣੇ ਬਜ਼ੁਰਗ ਤੋਂ ਮੰਦੇ ਕਰਮ ਲਈ ਇਕ ਲੜਕੀ ਦੀ ਮੰਗ ਕਰੇ।

ਲੇ ਪਸ਼ਚਾਤੀ । ਦੀਰਘ ਕ੍ਰੂਰਾ ਮੈਂ ਇਹ ਜਾਤੀ[1] । ਦੂਤ ਸ਼ਾਹੁ ਕੋ ਅਰੁ ਸਿਖ ਦੋਊ । ਸ਼ਾਹੁ ਇਸ਼ਾਰਤ ਕੋ ਲਖਿ ਸੋਊ ॥ ੩੯ ॥ ਤਤਛਿਨ ਪੀਛੇ ਦਈ ਹਟਾਇ।ਪਹੁੰਚੀ ਸ਼ੀਘ੍ਰ ਗੁਰੂ ਢਿਗ ਆਇ।'ਧੰਨ ਧੰਨ'ਕਹਿਪਾਇਨਿ ਪਰੀ। 'ਮਹਾਂ ਪਾਪ ਤੇ ਰੱਛਾ ਕਰੀ' ॥ ੪੦ ॥ ਲੇ ਆਇਸੁ ਨਿਜ ਸਦਨ ਸਿਧਾਈ। ਗੁਰ ਮਹਿਮਾ ਕੋ ਜਹਿਂ ਕਹਿਂ ਗਾਈ । ਸੁੰਦਰ ਉਪਬਨ ਮਹਿ ਗੁਰ ਥਿਰੇ। ਅਨਿਕ ਬਿਲਾਸ ਅਨੰਦ ਸੋਂ ਕਰੇ ॥੪੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਬਹਾਦਰ ਸ਼ਾਹ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥੪੯ ॥

੫੦. [ਤੀਰ ਚਲਾਉਣਾ । ਬਹਾਦਰ ਸ਼ਾਹ ਨਾਲ ਸ਼ੇਰ ਸ਼ਿਕਾਰ । ਰੋਸ਼ਨ ਸਿੰਘ]

ਦੋਹਰਾ ॥ ਦਿਨ ਪੁਸ਼ਕਰ ਇਸ਼ਨਾਨ ਕੋ ਗਏ ਲੋਕ ਸਮੁਦਾਇ । ਤਬੈ ਖਾਨ ਖਾਨਾ ਗਯੋ ਸ਼ਾਹ ਬਹਾਦੁਰ ਬਾਇ[2] ॥ ੧ ॥ ਚੌਪਈ ॥ ਤਸਲੀਮਾਤ ਕਰੀ ਥਿਰ ਭਯੋ । ਸ਼ਾਹਬਹਾਦੁਰ ਬੂਝਨਿ ਲਯੋ । 'ਬਹੁ ਨਰ ਆਇਸੁ ਲੇ ਕਰਿ ਗਏ। ਤੀਰਥ ਮੱਜਨ ਚਾਹਤਿ ਭਏ ॥ ੨ ॥ ਸਤਿਗੁਰ ਤਹਿਂ ਕੋ ਗਏ ਕਿ ਨਾਂਹੀ ? ਗਮਨਹਿਂ ਜੇ ਚਾਹਤਿ ਚਿਤ ਮਾਂਹੀ'। ਕਹੈ ਖਾਨਖਾਨਾ 'ਮੈਂ ਹੇਰੇ। ਰਹੇ ਗੁਰੂ ਜੀ ਅਪਨੇ ਡੇਰੇ ॥੩॥ ਤੁਮਰੀ ਦਿਸ਼ਿ ਤੇ ਜਾਇ ਸੁਨਾਵੌਂ । ਜਥਾ ਮਨੋਰਥ, ਆਨਿ ਬਤਾਵੌਂ' । ਤਬਿ ਚਲਿ ਕੈ ਪ੍ਰਭੁ ਕੇ ਢਿਗ ਆਯੋ। ਕਹਯੋ ਸ਼ਾਹੁ ਕੋ ਸਕਲ ਸੁਨਾਯੋ ॥ ੪ ॥ ਸਾਹਿਬ ਸ੍ਰੀ ਮੁਖ ਤੇ ਤਬਿ ਕਹੈਂ । 'ਸੋ ਤੀਰਥ ਹਿੰਦੁਨਿ ਕੇ ਅਹੈਂ । ਤਹਾਂ ਜਾਨਿ ਕਨਾ ਕਾਮ ਹਮਾਰੇ'। ਸੁਨਿ ਇਮ ਹਜ਼ਰਤ ਨਿਕਟ ਸਿਧਾਰੇ ॥੫॥ ਗੁਰ ਕੀ ਕਹਿਵਤਿ ਸਕਲ ਸੁਨਾਈ।ਸੈਸੈ ਭਯੋ ਸ਼ਾਹੁ ਕੇ ਆਈ । ਦਿਵਸ ਆਗਲੇ ਪ੍ਰਭੂ ਬੁਲਾਏ । ਚੰਦਨ ਚੌਂਕੀ ਪਰ ਥਿਠਵਾਏ ॥ ੬ ॥ ਬੰਦਨ ਕਰੀ ਪ੍ਰਸੰਗ ਚਲਾਯੋ । 'ਰਾਹ ਦੋਇ[3], ਕੌ[4] ਤੁਮ ਕੋ ਭਾਯੋ । ਕਿਸ ਮਗ ਕੌ[5] ਇਤਕਾਦ[6] ਰਖੰਤੇ । ਹਿੰਦੂ ਕਿ ਤੁਰਕ ਜਥਾ ਬਰਤੰਤੇ' ॥੭॥ ਸੁਨਿ ਸਾਹਿਬ ਸ੍ਰੀ ਮੁਖ ਫੁਰਮਾਏ । 'ਹਿੰਦੂ ਤੁਰਕ ਚਲਤ ਜਿਸ ਭਾਏ।ਖੈਰ ਖਾਹ ਹਮ ਦੋਨਹੁ ਕੇਰਾਦੇਂ ਉਪਦੇਸ਼ ਜਥਾ ਹਿਤ ਹੇਰਿ*' ॥ ੮ ॥ ਬਹੁਰ ਬਹਾਦੁਰ ਸ਼ਾਹ ਬਖਾਨਾ । 'ਏਕ ਖ਼ੁਦਾਇ ਏਕ ਈਮਾਨਾ' ।

---

[1]ਭਯਾਨਕ ( ਇਸਤ੍ਰੀ ) ਮੇਂ ਇਹ ਜਾਣੀ ਹੈ । [2]ਖਾਨ ਖਾਨਾ ਬਹਾਦਰ ਸ਼ਾਹ ਪਾਸ ਗਿਆ । [3]ਦੋ ਹਨ । [4]ਕੇਹੜਾ । [5]ਕਿਸ ਪੰਥ ਤੇ । [6]ਨਿਸ਼ਚਾ [ ਅ:, ਏਅਤਕਾਦ] । [7]ਇਕ ਹੀ ਧਰਮ ਹੈ।

*ਪਾ:—ਕੇਰ ।

ਕਿਸ ਕੀ ਦਿਸ਼ਿ ਹੈ ਰਿਦਾ ਤੁਮਾਰਾ ? ਏ ਸਭਿ ਨਿਰਨੈ ਕਰਹੁ ਉਚਾਰਾ'
॥੯॥ਸੁਨਿ ਕਰਿ ਤਾਂਹਿ ਰੁਚੁ ਮੁਸਕਾਏ। 'ਤੀਨ ਖ਼ੁਦਾਇ ਅਹੈਂ' ਫੁਰਮਾਏ।
ਕਹੈ ਸ਼ਾਹੁ 'ਇਹ ਕਹਾਂ ਬਖਾਨਾ? ਐਸੀ ਬਾਤਨਿ ਕਹੈ ਨ ਦਾਨਾ[1] ॥੧੦॥
ਇਕ ਖ਼ੁਦਾਇ ਸਭਿ ਹੀ ਤੇ ਸੁਨਯੋਂ। ਬੇਦ ਕੁਰਾਨ ਕਿਤਾਬਨਿ ਭਨਯੋਂ'।
ਸੁਨਿਕੈ ਪੁਨ ਪ੍ਰਭੁ ਨੇ ਸਮੁਝਾਯੋ।'ਏਕ ਖ਼ੁਦਾਇ ਇਮਾਨਿਕ ਗਾਯੋ[2]॥੧੧॥
ਹੋਇ ਤੁਰਕ ਜੋ ਤੁਮਹੁਂ ਅਗਾਰੇ[3] । ਰਾਮ ਨਰਾਇਣ ਨਾਮ ਉਚਾਰੇ। ਤਿਸ
ਤੇ ਬੁਰੋ ਮਾਨਿ ਬਰਜੰਤੇ।–ਮੌਲਾ ਪਾਕ ਕਹੋ–ਉਚਰੰਤੇ ॥ ੧੨ ॥ ਅਰੁ
ਤੁਮ ਮਿਲਿ ਮਿਲਿ ਕਹਤਿ ਪੁਕਾਰੇ।–ਭਯੋ ਭਿਸਤ ਸੁਖ ਹੇਤੁ ਹਮਾਰੇ।
ਦੋਜਕ ਹਿੰਦੁਨ ਹੇਤੁ ਬਨਾਯੋ–।ਤਿਨ ਕੋ ਮਤ ਤੁਮ ਕੋ ਨਹਿਂ ਭਾਯੋ॥੧੩॥
ਨਾਮ ਖ਼ੁਦਾਇ ਜੁ ਮੌਲਾ ਆਦਿ। ਹਿੰਦੁਨ ਮਹਿਂ ਸਿਮਰੈ ਕਰਿ ਯਾਦ[4]।
–ਬਿਗਰ ਗਯੋ ਇਹ–ਤਿਸੈ ਬਤਾਵੈਂ[5] । ਜਾਤਿ ਪਾਤਿ ਤੇ ਵਹਿਰ ਕਰਾਵੈਂ।
॥ ੧੪ ॥ ਜਿਸ ਨੇ ਦੋਨੋ ਮਹਿਂ ਇਕ ਮਾਨਯੋਂ। ਸਰਬ ਤਰਫਦਾਰੀ ਹਿਤ
ਹਾਨਯੋਂ[6]।ਜੋ ਝਗਰਤਿ ਦ੍ਵੈ ਪੱਖ ਬਨਾਇ।ਤਿਨ ਸੋਂ ਮੇਲ ਨ ਕਰਹਿਂ ਕਦਾਇ
॥ ੧੫ ॥ ਦੋਨਹੁਂ ਮਹਿਂ ਇਕ, ਬਾਦ ਨ ਕੋਈ[7] । ਹਮਰੋ ਪੰਥ ਸਮਝੀਏ
ਸੋਈ'। ਸੁਨਤਿ ਸ਼ਾਹੁ ਠਾਨੀ ਮੁਖ ਮੌਨ। ਉੱਤਰ ਫੁਰਯੋ ਨ ਕਹਿਬੇ ਕੌਨ
॥ ੧੬ ॥ ਕੇਤਿਕ ਸਮੈਂ ਬੈਠਿ ਗੁਨਖਾਨੀ। ਹੁਇ ਰੁਖਸਦ ਪਹੁੰਚੇ ਨਿਜ
ਥਾਨੀ। ਦਿਨ ਪ੍ਰਤਿ ਵਸਤੁ ਅਜਾਇਬ ਬ੍ਰਿੰਦ। ਭਾਂਤਿ ਭਾਂਤਿ ਕੇ ਬਸਤ੍ਰ
ਬਲੰਦ ॥੧੭॥ ਦੂਰ ਦੇਸ਼ ਕੇ ਮੇਵੇ ਘਨੇ। ਭਾਂਤਿ ਭਾਂਤਿ ਕੇ ਸ੍ਵਾਦਨ ਸਨੇ।
ਸ਼ਾਹੁ ਬਹਾਦੁਰ ਭਲੇ ਪਠਾਵੈ। ਭੂਖਨਿ ਅਜਬ ਹਯਨਿ ਪਹੁੰਚਾਵੈ ॥ ੧੮ ॥
ਕੇਤੀ ਬਾਰ ਆਪ ਚਲਿ ਜਾਇ। ਕਈ ਬਾਰ ਲੇ ਨਿਕਟ ਬੁਲਾਇ। ਇਸ
ਪ੍ਰਕਾਰ ਨਿਜ ਪ੍ਰੀਤ ਜਨਾਵੈ। ਖਰਚ ਹੇਤੁ ਬਹੁ ਦਰਬ ਪਠਾਵੈ ॥ ੧੯ ॥
ਇਕ ਉਮਰਾਵ ਪ੍ਰਭੂ ਢਿਗ ਆਯੋ। ਕਰਿ ਬੰਦਨ ਬੈਠਯੋ ਬਚ ਗਾਯੋ।'ਸੁਨੀ
ਕਾਨ ਮੈਂ, ਬਿੱਦ੍ਯਾਵਾਨ। ਤੁਮ ਢਿਗ ਆਵਤਿ ਮਹਿਦ ਮਹਾਨ ॥ ੨੦ ॥
ਜ ਤੁਮ ਸੰਗ ਲਰੇ ਸਰ ਦੇਖੇ। ਸੋ ਤਰੀਫ ਕੋ ਕਰਤਿ ਵਿਸ਼ੇਖੇ।–ਨਹਿਂ ਅਸ
ਸਮੈਂ ਵਿਖੈ ਅਸ ਕੋਈ । ਤੀਰ ਪ੍ਰਹਾਰੈ ਗੁਰ ਸਮ ਜੋਈ–॥ ੨੧ ॥

[1]ਐਸੀਆਂ ਬਾਤਾਂ ਦਾਨੇ ਨਹੀਂ ਕਹਿੰਦੇ। [2](ਨਿਸ਼ਚੇ) ਖੁਦਾ ਇਕ ਹੀ ਹੈ ਤੇ ਇਕ ਹੀ ਈਮਾਨ ਹੈ। [ਈਮਾਨ ਇਕ=ਇਮਾਨਿਕ ]। [3]ਤੁਹਾਡੇ ਸਾਮ੍ਹਣੇ। [4]ਕੋਈ ਯਾਦ ਕਰੇ ਯਾ ਸਿਮਰੇ। [5](ਹਿੰਦੂ) ਦੱਸਦੇ ਹਨ। [6]ਸਾਰਿਆਂ ਦੀ ਤਰਫਦਾਰੀ ਦਾ ਹਿਤ ਨਾਸ਼ ਕੀਤਾ ਹੈ [ਤਰਫਦਾਰੀ=ਪੱਖ]।
[7]ਦੋਹਾਂ ਮਜ਼ਹਬਾਂ ਵਿਚ ਇਕ ਹੈ (ਰੱਬ, ਇਸ ਵਿੱਚ) ਝਗੜਾ ਕੋਈ ਨਹੀਂ।

ਲਰੇ ਅਨੰਦਪੁਰਿ ਅਰੁ ਚਮਕੌਰ। ਜੋ ਬਚ ਕਰਿ ਆਏ ਇਸ ਠੌਰ। ਕਰਹਿਂ ਸ਼ਾਹਦੀ ਬਡਹੁਂ ਬਡੇਰੀ। ਸੋ ਅਬਿ ਚਾਹਤਿ ਹੈਂ ਹਮ ਹੇਰੀ ॥ ੨੨ ॥ ਮਿਹਰਵਾਨਗੀ ਕਰਿ ਦਿਖਰਾਵਹੁ। ਮਮ ਚਿਤ ਕੀ ਲਖਿ ਚੌਂਪ,ਚਲਾਵਹੁ[1]। ਸੁਨਿ ਬਿਨਤੀ ਪ੍ਰਭੁ ਧਨੁਖ ਸੰਭਾਰਾ। ਸਰ ਕੋ ਜੋਰਤਿ ਐਂਚਿ ਉਚਾਰਾ। ॥੨੩॥ 'ਕਹਹੁ ਨਿਸ਼ਾਨਾ ਭੇਦਹਿਂ ਜਾਂਹੀ। ਹੋਹਿ ਜਿ ਦੂਰ ਬਚਹਿ ਸੋ ਨਾਂਹੀ'। ਹੇਰਿ ਤਰੋਵਰੁ ਤਾਂਹਿ ਉਚਾਰਾ। 'ਸ੍ਰੀ ਪ੍ਰਭੂ ਕੀਜੈ ਵਾਹਿ ਪ੍ਰਹਾਰਾ' ॥੨੪॥ ਤਾਨਿ ਕਾਨ ਲਗਿ ਤਬਹਿ ਚਲਾਯੋ। ਗਯੋ ਸੁ ਬੇਗ ਸ਼ੁਕ ਤਰੁ ਘਾਯੋ। ਬਹੁਰੋ ਐਂਚਤਿ ਔਰਹਿ ਮਾਰਾ। ਤੀਸਰ ਤਿਸੀ ਸਥਾਨ ਪ੍ਰਹਾਰਾ ॥ ੨੫ ॥ ਪੰਚ ਬਾਨ ਏਕੈ ਥਲ ਮਾਰੇ। ਪਿਖਿ ਉਮਰਾਵ ਬਿਸਮਤਾ ਧਾਰੇ । 'ਧਨੁ ਵਿੱਦਯਾ ਤੁਮਰੀ ਧੰਨ ਧੰਨ ਹੈ। ਇਨ ਤੇ ਕਹਾਂ ਬਚੈ ਰਿਪੁ ਜਨ ਹੈ ॥੨੬॥ ਸੁਨੇ ਜਥਾ ਅਬਿ ਤਥਾ ਨਿਹਾਰੇ। ਸ਼ੱਤ੍ਰੂ ਹਜ਼ਾਰਹੁਂ ਸਤੁਤਿ ਉਚਾਰੇ'। ਬਿਰਮੋ ਚਾਰ ਘਟਿਕਾ ਕਰਿ ਨਮੋ। ਨਿਜ ਸਥੌਨ ਗਮਨਯੋ ਤਿਹ ਸਮੋ ॥ ੨੭ ॥ ਸੋ ਉਮਰਾਵ ਸੁਜਸੁ ਬੀਚਾਰਤਿ ।-ਆਦਿ ਸੂਰਤਾ ਗੁਨ[2] ਗੁਰ ਧਾਰਤਿ-। ਗਯੋ ਬਹਾਦਰ ਸ਼ਾਹੁ ਕੈ ਪਾਸੀ । ਸਰਬ ਲੋਕ ਥੇ ਗਾਥ ਪ੍ਰਕਾਸ਼ੀ ॥ ੨੮ ॥ 'ਅਬਿ ਲੌ ਹਮ ਨੈ ਕਹੂੰ ਨ ਹੇਰੇ। ਨਰ ਹਯ ਗਯ ਨਹਿਂ ਬਚਹਿ ਅਗੇਰੇ'। 'ਮੈਂ ਭੀ ਦੇਖੌਂ' ਸ਼ਾਹੁ ਕਹੰਤਾ। 'ਕਿਸ ਪ੍ਰਕਾਰ ਸਰ ਪ੍ਰਭੂ ਚਲੰਤਾ' ॥ ੨੯ ॥ ਸਤਿਗੁਰ ਕੇ ਢਿਗ ਦੂਤ ਪਠਾਯੋ। 'ਪ੍ਰਾਤਿ ਸ਼ਿਕਾਰ ਚਢਹਿਂ ਮਨ ਭਾਯੋ ॥ -ਆਪਕ੍ਰਿਪਾਕਰਿ ਖਿਲਹੁ ਅਖੇਰਾ-। ਕਹ੍ਯੋ ਸ਼ਾਹੁ-ਚਾਹਤਿ ਚਿਤ ਮੇਰਾ-' ॥੩੦॥ ਸੁਨਿ ਸਤਿਗੁਰ ਨੇ ਮਾਨੀ ਬਾਤ। ਸੁਪਤਿ ਜਥਾ ਸੁਖ ਬੀਤੀ ਰਾਤ । ਚਢ੍ਯੋ ਸ਼ਾਹੁ ਲੇ ਸੈਨ ਅਖੇਰੇ। ਚੀਤੇ ਸ੍ਵਾਨ ਰੁ ਬਾਜ ਘਨੇਰੇ ॥੩੧॥ ਲਗਰ[3], ਝਗਰ, ਧੁਤੀਆ ਜੁਰਰਾਨਿ[4]। ਬਹਿਰੀ, ਸਯਾਹ ਗੋਸ਼[5], ਸੀਚਾਨ[6]। ਸਾਹਿਬ ਕੀ ਦਿਸ਼ਿ ਚਲਿ ਕਰਿ ਆਯੋ। ਪ੍ਰਭੂ ਤਯਾਰ ਹ੍ਵੈ ਅਸੁ ਅਨਵਾਯੋ ॥ ੩੨ ॥ ਖੜਗ ਨਿਖੰਗ ਸੰਗ ਕਟ ਸ਼ੋਭਾ। ਜ਼ੇਵਰ ਹੇਰਿ ਨ ਕਿਹ ਮਨ ਲੋਭਾ। ਹ੍ਵੈ ਅਸਵਾਰ ਕੀਨਿ ਪ੍ਰਸਥਾਨਾ। ਨਮੋ ਕਰੀ ਪਿਖਿ ਸ਼ਾਹੁ ਪਯਾਨਾ ॥ ੩੩ ॥ ਜਹਿਂ ਸ਼ਿਕਾਰ ਗਾਹ ਪਹੁੰਚੇ ਜਾਈ। ਬਿਚਰੈਂ ਪੁਸ਼ਟ ਮ੍ਰਿਗਨਿ ਸਮੁਦਾਈ।

[1](ਤੀਰ) ਚਲਾਵੋ। [2]ਸੂਰਮਤਾ ਆਦਿਕ ਦੇ ਗੁਣ। [3]ਇਕ ਸ਼ਿਕਾਰੀ ਪੰਛੀ ਜੋ ਝਗਰ ਦੀ ਮਦੀਨ ਹੈ। [4]ਜੁਰਰੇ ਤੇ ਧੂਤੀ। [ਜੁੱਰਰਹ=ਬਾਜ਼ ਦਾ ਨਰ। ਧੂਤੀ=ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ]। [5]ਇਕ ਸ਼ਕਾਰੀ ਜਾਨਵਰ ਜੋ ਕੁੱਤੇ ਤੋਂ ਛੋਟਾ ਤੇ ਬਿੱਲੀ ਤੋਂ ਵੱਡਾ ਹੁੰਦਾ ਹੈ। [6]ਬਾਜ਼ ਦੀ ਕਿਸਮ ਦਾ ਸ਼ਿਕਾਰੀ ਪੰਛੀ।

ਗੁਰ ਕੇ ਸੰਗ ਬਹਾਦਰ ਸ਼ਾਹੂ। ਪਾੜ੍ਹੇ ਕੋਲ ਹਤੇ ਬਨ ਮਾਂਹੂ ॥੩੪॥ ਚੀਰਨ
ਫੁਰਤੀ ਬੇਗ ਨਿਹਾਰੇ।ਇਤਉਤ ਤਜੇ ਨ ਜਿਧਤਿ ਪਧਾਰੇ।ਕਿਤਿਕ ਅਖੇਟ
ਖੇਲਿ ਕਰਿ ਦੋਈ। ਪਿਖਹਿਂ ਤਮਾਸ਼ਾ ਚੀਤਨਿ[1] ਸੋਈ ॥ ੩੫॥ ਸ੍ਵਾਨ ਬਾਜ਼
ਬਹਿਰੀ ਛੁਟਵਾਏ। ਬਨ ਕੇ ਜੀਵ ਅਨਿਕ ਹੀ ਘਾਏ। ਬਿਪੁਨ ਬਿਸਾਲ
ਜਬਹਿ ਚਲਿ ਗਏ।ਕੇਹਰਿ ਪਿਖ੍ਯੋ ਮਹਾਂ ਬਲ ਮਏ॥੩੬॥ ਜਿਨਹੁਂ ਨਿਹਾ-
ਰ੍ਯੋ ਆਨਿ ਸੁਨਾਯੋ। ਲੇ ਲਸ਼ਕਰ ਤਿਤ ਹੀ ਉਮਡਾਯੋ। ਸ਼ਾਹ ਬਹਾਦਰ
ਕੀਨਿ ਉਚਾਰਨਿ। 'ਸ਼ੇਰ ਖੜਗ ਸੋਂ ਕਰਹੁ ਬਿਦਾਰਨਿ ॥ ੩੭ ॥ ਤੀਰ
ਤੁਪਕ ਨਹਿਂ ਛੂਟਨ ਪਾਵੈ। ਘਾਵੈ ਜੋ ਇਨਾਮ ਬਡ ਪਾਵੈ'। ਇਮ ਕਹਿਤੇ
ਭਭਕਾਰ੍ਯੋ ਸ਼ੇਰ। ਹੁਤੋ ਬਿਲੰਦਖਾਨ ਤਿਨ ਹੇਰਿ ॥ ੩੮॥ ਗਹਿ ਕਰਵਾਲ[2]
ਢਾਲ ਕੋ ਗਯੋ। ਹਠ ਗਾਢੋ ਕਰਿ ਸਨਮੁਖ ਭਯੋ। ਪਹੁੰਚ੍ਯੋ ਨਿਕਟ
ਮ੍ਰਿਗੇਸ਼ ਨਿਹਾਰ੍ਯੋ।ਫਾਂਧਿ ਝਪਟ ਕਰਿ ਤੁਰਤ ਪ੍ਰਹਾਰ੍ਯੋ[3]॥੩੯॥ ਹੇਰਿ ਡਰੇ,
ਪੁਨ ਸ਼ਾਹੁ ਪ੍ਰਚਾਰੇ। 'ਲੇਹੁ ਇਨਾਮ ਜਾਇ ਭਟ ਮਾਰੈ[4]'। ਸੁਨਤਿ ਵਜ਼ੀਦ
ਖਾਨ ਰਿਸ ਧਾਰਿ। ਬਹੁਤੇ ਸੂਰਨਿ ਕੋ ਸਿਰਦਾਰ ॥ ੪੦॥ ਕਰਿ ਪ੍ਰਾਕ੍ਰਮ
ਲਲਕਾਰ੍ਯੋ ਜਬੈ। ਸ਼ੇਰ ਝਪਟ ਦਾਬ੍ਯੋ ਹਤਿ ਤਬੈ[5]।ਪੁਨ ਕੋ ਸੁਭਟ ਸਮੁਖ
ਨਹਿਂ ਗਯੋ। ਦ੍ਵੈ ਉਮਰਾਵ ਹਤੇ ਡਰ ਭਯੋ ॥ ੪੧ ॥ ਤਬਿ ਸਾਹਿਬ ਨਿਜ
ਦਲਹਿ ਨਿਹਾਰ੍ਯੋ।ਰੌਸ਼ਨ ਸਿੰਘ ਹੁਤੋ ਲਲਕਾਰ੍ਯੋ। ਜਮਧਰ ਖੜਗ ਢਾਲ
ਜਿਸ ਪਾਸ। ਰੁਪ੍ਯੋ ਸਿੰਘ ਚਹਿ ਸਿੰਘ ਬਿਨਾਸ਼ ॥੪੨॥ ਲਾਇ ਘਾਤ ਕਰਿ
ਸਿਪਰ[6] ਅਗੇਰੇ। ਨੇਰ ਭੇਰ ਘਾਲ੍ਯੋ ਜਿਸ ਬੇਰੇ। ਫਾਂਧਿ ਕੇਹਰੀ ਊਪਰ
ਆਵਾ। ਤਰੇ ਹੋਇ ਕਰਿ ਘਾਵ ਲਗਾਵਾ ॥ ੪੩ ॥ ਜਮਧਰ ਉਦਰ ਸਜ਼ੋਰ
ਧਸਾਈ।ਊਪਰ ਤੇ ਦੀਨਸਿ ਉਥਲਾਈ।ਗੁਰ ਅਰੁ ਸ਼ਾਹ ਸੁ ਚਮੂੰ ਤਮਾਸ਼ਾ।
ਅਵਲੋਕਤਿ ਸਭਿ ਸ਼ੇਰ ਬਿਨਾਸ਼ਾ ॥ ੪੪ ॥ ਬਖਸ਼ਿਸ਼ ਲਗ੍ਯੋ ਸ਼ਾਹੁ ਬਹੁ
ਦੈਬੇ। ਕਹੈ ਸਿੰਘ 'ਹੌਂ ਕਰੌਂ ਨ ਲੈਬੇ। ਜਿਸ ਗੁਰੁ ਦੇ ਬਲ ਸ਼ੇਰ ਹਤਾਯੋ।
ਤਿਸ ਤੇ ਰਿਧਿ ਸਿਧਿ ਹਮ ਸਭਿ ਪਾਯੋ ॥ ੪੫ ॥ ਲੇਨਿ ਅਪਰ ਤੇ ਰਖੀ ਨ
ਆਸਾ। ਲੋਕ ਪ੍ਰਲੋਕ ਤਿਨਹੁਂ ਭਰਵਾਸਾ'।ਸੁਨਤਿ ਸ਼ਾਹੁ ਉਮਰਾਵ ਘਨੇਰੇ।
ਅਧਿਕ ਸਰਾਹਤਿ ਹਟੇ ਪਿਛੇਰੇ॥੪੬॥ਨਿਜ ਨਿਜ ਡੇਰਨ ਕੋ ਚਲਿ ਆਏ।
ਰੌਸ਼ਨ ਸਿੰਘ ਮਹਾਂ ਜਸੁ ਪਾਏ। ਲਸ਼ਕਰ ਮਹਿਂ ਸਭਿ ਕਰਹਿਂ ਸਰ੍ਹਾਹਨਿ।

[1]ਚਿੱਤਰਿਆਂ ਦਾ। [2]ਤਲਵਾਰ। [3](ਸ਼ੇਰ ਨੇ) ਮਾਰ ਦਿਤਾ ( ਬਲੰਦ ਖਾਂ ਨੂੰ )। [4]ਜੋ ਸੂਰਮਾ ਜਾਕੇ ਮਾਰੇ। [5]ਦੱਬ ਕੇ ਮਾਰ ਲਿਆ। [6]ਢਾਲ।

'ਹਤਯੋ ਸ਼ੇਰ ਜਿਸ ਕੋ ਡਰ ਨਾਹਿਨ' ॥ ੪੭॥ ਇਤਿ ਸ੍ਰੀ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਐਨੇ 'ਅਖੇਰ ਖੇਲਣ' ਪ੍ਰਸ੍ਰਿੰਗ ਬਰਨਨੰ ਨਾਮ ਪੰਚਾਸਤਿ ਅੰਸੂ ॥੫੦ ॥

### ੫੧. [ਬਹਾਦਰ ਸ਼ਾਹ ਇਕਰਾਰ ਤੋਂ ਫਿਰਿਆ ]।

ਦੋਹਰਾ॥ਸ੍ਰੀ ਸਤਿਗੁਰ ਉਰ ਸਿਮਰਿ ਕਰਿ ਅਪਨੋ ਏਕ ਸਵਾਲ।ਨੰਦ ਲਾਲ ਜੁਤਿ ਅਪਰ ਕੋ ਕਹਯੋ ਸੁਨਾਇ ਹਵਾਲ॥੧॥ਚੌਪਈ॥'ਮਾਤੁਲ ਹੁਤੋ ਸ਼ਾਹੁ ਕੋ ਜੋਇ। ਹਾਕਮ ਰਾਇ ਸੰਗ ਇਨ ਦੋਇ। ਕਹਯੋ ਇਨਹੁਂ ਸੋਂ ਦਿਹੁ ਸਮੁਝਾਈ। ਜੋ ਅਪਨੀ ਕਰਿ ਲਿਖਤ ਪਠਾਈ ॥ ੨ ॥ ਸੋ ਦੀਜੈ ਹਮਰੋ ਇਕ ਸੁਾਲ।ਜਿਸ ਤੇ ਸਲਤਨ ਲਈ ਬਿਸਾਲ।ਕਰਯੋ ਪ੍ਰਥਮ ਕੌ ਅਬਹਿ ਸੰਭਾਰੋ। ਹਮਹੁ ਕਹਯੋ ਤੁਮ ਨਹਿਨ ਚਿਤਾਰੋ' ॥ ੩ ॥ ਸ੍ਰੀ ਮੁਖ ਤੇ ਸੁਨਿ ਤੀਨਹੁਂ ਸਾਚੀ। 'ਹੈ ਸਭਿ ਨਿਸ਼ਚੈ' ਤਿਨਹੁ ਉਬਾਚੀ। ਮਿਲਿ ਕਰਿ ਸ਼ਾਹੁ ਨਿਕਟ ਚਲਿ ਗਏ। ਤਸਲੀਮਾਤ ਕਰੀ ਥਿਰ ਭਏ ॥੪॥ ਪ੍ਰਥਮ ਪ੍ਰਸੰਗ ਸੰਗ ਗੁਰ ਕੇਰਾ। ਕਰਯੋ ਸੁਨਾਵਨ ਕੋ ਤਿਸ ਬੇਰਾ। 'ਪੂਰਬ ਮੁਖ ਤੇ ਹੀ ਕਹਿ ਦੀਨ। ਪੁਨ ਪ੍ਰਭੁ ਨੇ ਲਿਖਾਇ ਕਰ ਲੀਨ ॥ ੫ ॥ ਅਬਿ ਲੌ ਜ਼ਿਕਰ ਨਹੀਂ ਕੁਛ ਕਰਯੋ। ਜਬਿ ਤੁਮ ਭੀ ਨਹਿਂ ਸਿਮਰਨ ਧਰਯੋ। ਤਬਿ ਗੁਰ ਹਮਹਿਂ ਹਕਾਰਿ ਚਿਤਾਰਯੋ।–ਇਕ ਸਵਾਲ ਦਿਹੁ ਪੂਰ–ਉਚਾਰਯੋ ॥੬ ॥ ਤੁਮ ਕੋ ਭੀ ਬਨਿ-ਆਵੈ ਐਸੇ। ਸਤਿਗੁਰ ਰਹੈਂ ਹਰਖ ਜੁਤਿ ਜੈਸੇ। ਅਪਨੋ ਭਨਯੋਂ ਪੂਰ ਕਰਿ ਦੀਜੈ। ਲੋਕ ਪ੍ਰਲੋਕ ਅਨਦ ਕੋ ਲੀਜੈ'॥੭॥ਸੁਨਿਕੈ ਸ਼ਾਹੁ ਬਹਾਦਰ ਭਾਖਾ। 'ਦੇਹੋਂ ਸੁਾਲ ਮੋਹਿ ਅਭਿਲਾਖਾ। ਲਖੋਂ ਪਰੰਤੁ ਜੁ ਹੋਇ ਸੁਖਾਰੋ। ਦੇਨਿ ਉਚਿਤ, ਮਿਲਿ ਸਕਲ ਬਿਚਾਰੋ[1] ॥੮॥ ਹੋਇ ਪ੍ਰਾਤ ਗੁਰ ਕਰੋ ਹਕਾਰਨ। ਸੁਨਿ ਲੀਜੈ ਤਿਨ ਕੇਰ ਉਚਾਰਨ। ਪੀਛੇ ਦੈਬੇ ਹੇਤੁ ਉਚਾਰੈਂ। ਗੁਰ ਕੇ ਉਰ ਪ੍ਰਸੰਨਤਾ ਧਾਰੈਂ' ॥੯ ॥ ਇਮ ਕਹਿ ਕਰਿ ਸੋ ਦਿਵਸ ਬਿਤਾਯੋ। ਭਈ ਪ੍ਰਭਾਤਿ ਦਿਵਾਨ ਲਗਾਯੋ। ਇਕ ਉਮਰਾਂਵ ਹਕਾਰਨ ਆਇ। 'ਸ੍ਰੀ ਗੁਰ ਚਲੀਆਹਿ ਸ਼ਾਹੁ ਬੁਲਾਇ'॥ ੧੦ ॥ ਹਯ ਅਰੋਹ ਕਰਿ ਗਏ ਗੁਸਾਈਂ। ਥਿਰ ਉਮਰਾਵ ਪੁੰਜ ਜਿਸ ਥਾਂਈ। ਸਕਲਨ[2] ਨੰਮ੍ਰਿ ਹੁਇ ਕਰੀ ਸਲਾਮੂ। ਜਾਇ ਪ੍ਰਵੇਸ਼ੇ ਬੀਰ ਤਮਾਮੂ ॥ ੧੧ ॥ ਸ਼ਾਹ ਨਮੋ ਕਰਿ ਨਿਕਟ ਬਿਠਾਏ। ਚੰਦਨ ਕੀ ਚੌਂਕੀ ਛਬਿ ਪਾਏ। ਪ੍ਰਥਮ ਪ੍ਰਸੰਗ ਜੰਗ ਕੇ ਘਨੇ। ਆਦਿ ਅਨੰਦਪੁਰੇ ਸੁਨੇ ਸੁ ਭਨੇ ॥੧੨॥ ਸੁਨਿ ਸੁਨਿ ਗੁਰੂ ਬੀਰਤਾ ਭਾਰੀ। ਸਰਬ ਸਰਾਹਤਿ ਸਭਾ ਮਝਾਰੀ। ਬਹੁਰ ਬਹਾਦੁਰ ਸ਼ਾਹੁ ਉਚਾਰਾ।

[1] ਜੇ ਦੇਣ ਯੋਗ ਹੈ ਤਾਂ ਮਿਲਕੇ ਸਾਰੇ ਵਿਚਾਰ ਕਰੋ। [2] ਸਾਰਿਆਂ ਨੇ (ਗੁਰੂ ਜੀ ਨੂੰ।

'ਕਹੀਯਹਿ ਅਪਨੋ ਸ੍ਵਾਲ ਉਦਾਰਾ' ॥ ੧੩ ॥ ਜਬਿ ਉਮਰਾਵ ਸਭਾਸਦ ਗਏ[1] । ਪੂਛਨ ਤੇ ਗੁਰ ਭਾਖਤਿ ਭੁਏ । 'ਹਿੰਦਵਾਨੇ ਸੰਗ ਦ੍ਰੋਹ ਕਰੰਤੇ[2] । ਤੋਹਿ ਪਦਰ ਕੋ ਬਹੁ ਬਹਕੰਤੇ[3] ॥੧੪॥ ਜ਼ੁਲਮੀ ਕਰਤਿ ਰਹੇ ਬਹੁ ਭਾਰੀ । ਪਿਤਾ ਹਮਾਰੇ ਸੋਂ ਦੁਰਚਾਰੀ[4] । ਦਿਜ ਆਦਿਕ ਸੋਂ ਬੁਰਾ ਕਰੰਤੇ । ਬੀਚ ਸ਼ਰ੍ਹਾ ਕੇ ਕੁਮਤਿ ਧਰੰਤੇ॥੧੫॥ਪੁਨ ਹਮ ਸੋਂ ਬਹੁ ਜੰਗ ਮਚਾਏ । ਜੋ ਸਿਰੰਦ ਕੋ ਬਡ ਉਮਰਾਏ । ਬਾਲਕ ਸਾਹਿਬਜ਼ਾਦੇ ਗਹੇ । ਬਿਨਾ ਦੋਸ਼ ਸੰਘਾਰਨ ਚਹੇ ॥ ੧੬ ॥ ਇਤਯਾਦਿਕ ਉਮਰਾਵ ਮੁਲਾਨੇ । ਜਿਨਹੁੰ ਕੁਕਰਮ ਜ਼ੁਲਮ ਕੋ ਠਾਨੇ।ਪਠਿ ਪਠਿ ਨਰ ਔਚਕ ਗਹਿ ਲੀਜੈ । ਬੰਧਿ ਬੰਧਿ ਕਰਿ ਹਮ ਕੌ ਦੀਜੈ ॥ ੧੭ ॥ ਤਿਨ ਕੋ ਸੂਰੀ ਦੇਹਿਂ ਕਿ ਫਾਸੀ । ਲੇਂ ਪਲਟਾ ਹਮ ਕਰਹਿਂ ਬਿਨਾਸ਼ੀ । ਤਿਨਹੁੰ ਕੁਕਰਮ ਕਮਾਯਹੁ ਜੈਸਾ । ਸੰਕਟ ਸਹੈਂ ਪਾਇਂ ਫਲ ਤੈਸਾ ॥ ੧੮ ॥ ਨਹਿਂ ਪਰਲੋਕ ਨ ਧਰਮ ਬਿਚਾਰਯੋ । ਤੁਰਕ ਹਿੰਦੁ ਸੰਤਨਿ ਗਹਿ ਮਾਰਯੋ[5] । ਸੋ ਪਲਟਾ ਹਮ ਲੈ ਹੈਂ ਪਾਇ । ਕਰੌਂ ਨਾਸ਼ ਦੁਸ਼ਟਨਿ ਸਮੁਦਾਇ' ॥ ੧੯ ॥ ਸੁਨਤਿ ਸ਼ਾਹੁ ਹਹਿਰਯੋ ਹਿਯ ਹੌਲਾ । ਚਿੰਤਾ ਵਧੀ ਅਧਿਕ ਨਹਿਂ ਬੋਲਾ । ਕੇਤਿਕ ਚਿਰ ਲੌ ਕਰੀ ਬਿਚਾਰਾ। ਪੁਨ ਸਤਿਗੁਰ ਕੇ ਸੰਗ ਉਚਾਰਾ ॥ ੨੦ ॥ 'ਇਸ ਕੋ ਉੱਤਰ ਮੈਂ ਫਿਰ ਦੇਊਂ । ਨਿਜ ਮੰਤ੍ਰੀਨ ਸਾਥ ਗਿਨਿ ਲੇਊਂ" । ਇਮ ਕਹਿ ਢਿਗ ਤੇ ਕਰੇ ਬਿਸਰ-ਜਨ । ਆਨਿ ਬਿਰਾਜੇ ਉਪਬਨ ਤਤਛਿਨ ॥ ੨੧ ॥ ਪੀਛੇ ਸਕਲ ਹਕਾਰਿ ਸਲਾਹੀ । ਗੁਰ ਕੀ ਕਹੀ ਚਿੰਤ ਜੁਤਿ ਪ੍ਰਾਹੀ । 'ਇਹ ਕਾਰਜ ਬਨਿ ਆਵੈ ਕੈਸੇ ? ਅਬਿ ਲੌ ਤੇਜ ਨ ਭਾ ਮਮ ਐਸੇ ॥ ੨੨ ॥ ਗਹੌਂ ਏਕ ਸੂਬਾ ਜਿਸ ਕਾਲਾ।ਪਰਹਿ ਰੌਰ ਸਲਤਨ ਚਲਚਾਲਾ।ਬਿਗਰ ਜਾਹਿੰਗੇ ਲਸ਼ਕਰ ਭਾਰੇ । ਬੇਇਤਬਾਰ ਬਨਹਿਂ ਨਰ ਸਾਰੇ ॥ ੨੩ ॥ ਜਬਿ ਸੂਬੇ ਬਿਗਰੇ ਲਰਿ ਪਰੇ । ਸਭਿ ਦੇਸ਼ਨ ਰੌਰਾ ਬਿਸਤਰੇ । ਕਹਹੁ ਗੁਰੂ ਸੰਗ ਕਹੀਅਹਿ ਕੈਸੇ । ਜਿਸ ਤੇ ਰਿਸਹਿਂ ਨ, ਰਹਿ ਰਸ ਐਸੇ'॥੨੪॥ਜਬਿ ਅਸ ਚਿੰਤਾ ਸਹਤ ਬਖਾਨਾ। ਮਿਲਿ ਮੰਤ੍ਰੀਨ ਮੰਤ੍ਰ ਕੋ ਠਾਨਾ । ਸ਼ਾਹੁ ਬਹਾਦਰ ਕੋ ਸਮੁਝਾਯੋ । 'ਗੁਰ ਸੋਂ ਕਹਨਿ ਏਵ ਬਨਿ ਆਯੋ ॥ ੨੫ ॥—ਇਕ ਸੰਮਤਿ ਲਗਿ ਕੁਛ ਨਹਿਂ

---

[1]ਸਭਾ ਦੇ ਮੁਖੀ (ਦਰਬਾਰ ਵਿਚੋਂ ਬਾਹਰ ਚਲੇ)ਗਏ । [2](ਉਮਰਾਵ ਆਦਿਕ, ਦ੍ਰੋਹ ਕਰਦੇ ਰਹੇ । [3]ਭੁਮਾਂਵਦੇ ਰਹੇ । [4](ਉਹ) ਦੁਰਾਚਾਰੀ (ਖੋਟੇ) ਲੋਕ ਸਾਡੇ ਪਿਤਾ ਨਾਲ ਬਹੁਤ ਭਾਰੀ ਜ਼ੁਲਮੀ ਕਰਦੇ ਰਹੇ । [5]ਜਿਨ੍ਹਾਂ ਤੁਰਕਾਂ ਨੇ ਹਿੰਦੂ ਸੰਤਾਂ ਨੂੰ ਫੜਕੇ ਮਾਰਿਆ ਹੈ ।

ਕਹੀਅਹਿ। ਨਿਸ਼ਚਲ ਹੁਕਮ ਨ ਮੇਰੋ ਲਹੀਅਹਿ। ਜਬਿ ਟਿਕ ਜਾਇ ਤੇਜ ਜਗ ਆਛੇ। ਪੁਰਵੌਂ ਸੁਾਲ ਆਪ ਕੋ ਬਾਛੇ–' ॥ ੨੬ ॥ ਇੱਤ੍ਯਾਦਿਕ ਸਮੁਝਾਇ ਸਿਧਾਏ। ਗਿਨਤਿ ਗਾਥ ਦਿਨ ਦੋਇ ਬਿਤਾਏ। ਪੁਨ ਸਤਿ-ਗੁਰ ਨਿਜ ਨਿਕਟ ਬੁਲਾਏ। ਹਯ ਅਰੋਹ ਹ੍ਵੈ ਕਰਿ ਤਬਿ ਆਏ ॥ ੨੭ ॥ ਸ਼ਾਹ ਨਿਮਤੌਂ ਸਨਮਾਨ ਬਿਠਾਏ। ਹਾਥ ਜੋਰਿ ਕਰਿ ਗਾਥ ਸੁਨਾਏ। 'ਤੁਮ ਪ੍ਰਤਾਪ ਤੇ ਸਲਤਨ ਪਾਈ। ਅਸ ਨ ਹੋਇ ਅਬਿ ਬਿਗਰ ਸੁ ਜਾਈ॥੨੮॥ ਇਸ ਡਰ ਤੇ ਇਕ ਬਰਖ ਬਿਤਾਵਉ। ਕਾਜ਼ੀ ਮੁੱਲਾਂ ਨਹਿੰ ਗਹਿਵਾਵਉ। ਸੂਬੇ ਬਿਗਰ ਪਰਹਿੰਗੇ ਸਾਰੇ। ਬੇਇਤਬਾਰੀ ਮੋਹਿ ਬਿਚਾਰੇ ॥ ੨੯ ॥ ਸੰਮਤ ਬੀਤੇ ਗਾਵਰਿ ਸੁਾਲ। ਮੈਂ ਪੂਰਨ ਕਰਿ ਹੌਂ ਦਰਹਾਲ[1]। ਬਨੌਂ ਨ ਬੇਮੁਖ ਸੰਗ ਤਿਹਾਰੇ। ਮੈਂ ਜਾਨੌਂ ਨੀਕੇ ਉਪਕਾਰੇ' ॥ ੩੦ ॥ ਸੁਨਿ ਸ਼੍ਰੀ ਮੁਖ ਸਾਹਿਬ ਫੁਰਮਾਯੋ। 'ਅਬਿ ਤੁਹਿ ਪਾਜ ਕਹਨਿ[2] ਮਨ ਭਾਯੋ। ਇਸੀ ਹੇਤੁ ਹਮ ਲਿਖਤ ਕਰਾਈ। ਸਲਤਨ ਪਾਇ ਸੁ ਨਟ ਕਰਿ ਜਾਈ[3] ॥ ੩੧ ॥ ਤਊ ਫਰੇਬ ਲਿਖੇ ਪਰ ਕੀਨਿ। ਤੈਂ ਇਕ ਸੁਾਲ ਨ ਹਮਰੋ ਦੀਨਿ। ਤੁਰ-ਕਨ ਤੇ ਹਮ ਸਲਤਨ ਨਾਸ਼ੀ। ਦੀਨਿ ਹੋਇ ਲੀਨਸਿ ਨਿਜ ਪਾਸੀ ॥ ੩੨ ॥ ਤਊ ਨ ਹਮ ਸੌਂ ਉਤਰਯੋ ਪੂਰਾ। ਦਿਯੋ ਨ, ਦੈਬੇ ਕਹਯੋ ਜ਼ਰੂਰਾ[4]। ਇਹ ਤਉ ਦੇਨਿ ਹੇਤੁ ਬਡਿਆਈ। ਰਹਤਿ ਕਾਰ ਤੁਝ ਸੌਂ ਬਨਿਵਾਈ[5]* ॥੩੩॥ ਸੋ ਤੁਵ ਭਾਗ ਬਿਖੈ ਇਹ ਨਹੀਂ। ਸਮੁਝਿ ਦੇਖਿ ਅਪਨੇ ਚਿਤ ਸਹੀ। ਅਬਿ ਇਕ ਐਸੋ ਸਿੱਖ ਬਨਾਵੌਂ। ਜਗ ਮਹਿਂ ਦੇ ਕਰਿ ਤੇਜ ਬਧਾਵੌਂ॥੩੪॥ ਜਹਿਂ ਜਹਿਂ ਦੋਖੀ ਕੂਰ ਕੁਚਾਲੇ। ਤਹਿਂ ਤਹਿਂ ਪਹੁੰਚੈ ਬਹੁ ਬਲ ਨਾਲੇ। ਜੋ ਸੂਬੇ ਮੁੱਲਾਂ ਬਹੁਤੇਰੇ। ਕਰਹਿ ਸੰਘਾਰਨ ਸਭਿ ਇਕ ਬੇਰੇ ॥ ੩੫ ॥ ਸਭਿ ਸਲਤਨ ਕੋ ਗਰਦ ਮਿਲਾਵੈ। ਨਹਿਂ ਲਸ਼ਕਰ ਠਹਿਰਨ ਕੋ ਪਾਵੈ। ਜਿਨ ਜਿਨ ਹਮ ਸੌਂ ਜ਼ੁਲਮ ਕਮਾਯੋ। ਹਿੰਦੁਨਿ ਸੌਂ ਬਹੁ ਬੈਰ ਬਢਾਯੋ ॥ ੩੬ ॥

---

[1]ਛੇਤੀ। [2]ਝੂਠ ਕਹਿਣਾ। [3]ਪਾਤਸ਼ਾਹੀ ਪਾਕੇ ਤੂੰ ਫਿਰ ਜਾਵੇਂਗਾ। [4]ਜੋ ਜ਼ਰੂਰ ਦੇਣ ਲਈ ਕਹਿਆ ਸੀ। [5]ਤੇਰੇ ਪਾਸੋਂ ਕਾਰ ਬਣਵਾਇਆ ਚਾਹੁੰਦੇ ਸੀ।

*ਭਾਵ ਇਹ ਹੈ ਕਿ ਤੇਰਾ ਜਸ ਫੈਲੇ ਕਿ ਤੂੰ ਐਸਾ ਇਨਸਾਫ ਵਾਲਾ ਹੈਂ ਕਿ ਆਪਣੇ ਰਾਜ ਵਿਚ ਅੰਨਿਆਯ ਨਹੀਂ ਹੋਣ ਦੇਂਦਾ। ਜੋ ਸੂਬੇ ਤੇ ਹੋਰ ਉਮਰਾਵ ਅੰਨਿਆਯ ਕਰਦੇ ਹਨ ਤੂੰ ਐਸਾ ਸਮ ਤੋਲਣੇ ਵਾਲਾ ਪਾਤਸ਼ਾਹ ਹੈਂ ਕਿ ਸਭ ਦਾ ਨਿਆਂ ਕਰਦਾ ਹੈਂ। ਇਸ ਤੋਂ ਰਾਜ ਵਿਚ ਤਪਾ ਬੈਠ ਜਾਵੇ ਕਿ ਕੋਈ ਜ਼ੁਲਮੀ ਨਾ ਕਰ ਸਕੇ।

ਪੁਰਿ ਅਰੁ ਗ੍ਰਾਮ ਦੇਸ਼ ਗਨ ਜੇਤੇ। ਉਠਹਿਂ ਉਪੱਦ੍ਰਵ ਨਾਸ਼ਹਿ ਤੇਤੇ। ਆਦਿ ਸਿਰੰਦ ਬਸਹਿ ਸਮੁਦਾਯਾ। ਕਰੰਹਿ ਉਜਾਰ ਲੂਟਹਿ ਨਰ ਘਾਯਾ[1] ॥ ੩੭ ॥ ਲਾਖਹੁੰ ਊਪਰ ਅਪਦਾ ਪਰੈ। ਨਹਿਂ ਸਮਰਥ ਜੋ ਤਿਸ ਪਰਹਰੈ। ਉਜਰੈ ਦੇਸ਼ ਨ ਰਾਖਾ ਕੋਇ। ਅਬਿ ਐਸੀ ਗਤਿ ਨਿਸ਼ਚੈ ਹੋਇ॥ ੩੮ ॥ ਸਾਹਿਬਜ਼ਾਦੇ ਜਿਨ ਸੰਘਾਰੇ। ਤਿਸ ਕੌ ਗਹਿ ਸੋ ਕਰਹਿ ਪ੍ਰਹਾਰੇ। ਇੱਤਯਾ-ਦਿਕ ਪਲਟਾ ਸਭਿ ਲੈਹੈ। ਨਿਜ ਦ੍ਰਿਗ ਦੇਖਹੁ ਨਹਿਂ ਸਫਲੈ ਹੈਂ[2]" ॥੩੯॥ ਇਮ ਕਹਿ ਸਤਿਗੁਰ ਰਿਸ ਕੁਛ ਕਰੇ। ਉਠੇ ਆਇ ਨਿਜ ਹਯ ਪਰ ਚਰੇ। ਨਿਜ ਡੇਰੇ ਮਹਿਂ ਚਲਿ ਕਰਿ ਆਏ। ਦਿਨ ਕੌਤਿਕ ਤਹਿਂ ਔਰ ਬਿਤਾਏ ॥ ੪੦ ॥ ਸ਼ਾਹੁ ਸਚਿੰਤ ਅਧਿਕ ਹੁਇ ਰਹ੍ਯੋ। ਗੁਰ ਕੇ ਸੰਗ ਨਹੀਂ ਕੁਛ ਕਹ੍ਯੋ। 'ਜਾਨੀਅਸ ਕਹਾਂ[3]' ਮੌਨ ਮੁਖ ਧਾਰੀ। ਨਿਜ ਸਚਿਵਨ ਕੇ ਸਾਥ ਉਚਾਰੀ ॥ ੪੧ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਸ਼ਾਹੁ ਸੰਗ ਬੋਲਨ' ਪ੍ਰਸੰਗ ਬਰਨਨੰ ਗੁਰ ਪੱਖਜਾਨ ਬ੍ਰਿਚਤਾਯਾਂ ਭਾਖਾਯਾਂ ਕਵਿ ਸੰਤੋਖ ਸਿੰਘ ਭਨਤਿ ਨਾਮ ਏਕ ਪੰਚਾਸਤੀ ਅੰਸੂ ॥ ੫੧ ॥

[ਪਹਿਲਾ ਐਨ ਸਮਾਪਤ ਹੋਇਆ]

[1] ਸੂਰਮਿਆਂ ਨੂੰ ਮਾਰਕੇ। [2] ਤੂੰ ਆਪਣੀ ਨੇਤ੍ਰੀਂ ਦੇਖੇਂਗਾ ( ਉਸ ਦੇ ਮੁਕਾਬਲੇ ਤੇ ਤੂੰ ) ਸਫਲਤਾ ਨਹੀਂ ਪਾਏਂਗਾ। [3] ਕੀ ਜਾਣੀਏ ਕੀ ਹੋਸੀ। (ਅ) ਪਾਤਸ਼ਾਹ ਸੋਚਦਾ ਹੈ ਕਿ ਮੈਨੂੰ ਸਮਝ ਨਹੀਂ ਪੈਂਦੀ (ਕਿ ਕੀਹ ਕਰਾਂ) (ਇਸ ਕਰਕੇ) ਚੁਪ ਧਾਰ ਲਈ।

# ਦੂਜਾ ਅਯਨ ਚਲਿਆ

੧ ਓ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ।

## ਅਥ ਉੱਤਰ ਐਨ* ਪ੍ਰਾਰੰਭਤੇ ।

**ਅਰਥ**—ਹੁਣ ਉਤ੍ਰਾਯਣ ਅਰੰਭ ਕਰਦੇ ਹਾਂ ।

੧. [ਮੰਗਲ । ਬਹਾਦਰ ਸ਼ਾਹ ਦੀ ਚਤੌੜ ਤੇ ਚੜ੍ਹਾਈ] ।

## ੨. ਕਵਿ-ਸੰਕੇਤ' ਮਿਰਯਾਦਾ ਦਾ ਮੰਗਲ ।

**ਦੋਹਰਾ**—ਜਗਰਾਨੀ ਮਾਨੀ ਸੁਰਨਿ ਸੁਖਦਾਨੀ ਨਿਜ ਦਾਸ ।
ਪੂਰਨ ਕੀਨਸਿ ਗ੍ਰੰਥ ਕੋ ਕਵਿ ਰਸਨਾ ਪਰ ਬਾਸ ॥ ੧ ॥

**ਅਰਥ**—(ਵਿਦਵਾਨ) ਜਗਤ ਦੀ ਰਾਣੀ, ਦੇਵਤਿਆਂ ਤੋਂ ਬੀ ਮਾਨਨੀਯ, ਅਪਣੇ ਦਾਸਾਂ ਨੂੰ (ਸ਼ੁਭ ਮਤੀ ਰੂਪੀ) ਸੁੱਖਾਂ ਦੀ ਦਾਤੀ (ਸਾਰਦਾ) ਨੇ ਕਵੀ ਦੀ ਰਸਨਾ ਪਰ ਬੈਠਕੇ ਗ੍ਰੰਥ ਨੂੰ ਪੂਰਨ ਕਰਵਾਇਆ ਹੈ ।

**ਭਾਵ**—ਪੂਰਨ ਇਸ ਲਈ ਏਥੇ ਕਹਿ ਦਿੱਤਾ ਹੈ ਕਿ ਇਹ ਅੰਤਮ ਭਾਗ ਹੈ ਇਸ ਗ੍ਰੰਥ ਦਾ ਤੇ ਇਹ ਭਾਗ ਸਭ ਭਾਗਾਂ ਤੋਂ ਛੋਟਾ ਹੈ ।

## ੨. ਇਸ਼੍ਟ ਗੁਰੂ—ਦਸੋ ਗੁਰੂ ਸਾਹਿਬਾਂ ਦਾ—ਮੰਗਲ ।

ਸ੍ਰੀ ਨਾਨਕ, ਅੰਗਦ ਗੁਰੂ, ਅਮਰਦਾਸ ਪਦ ਬੰਦਿ ।
ਰਾਮ ਦਾਸ, ਅਰਜਨ ਗੁਰੂ, ਬਰ ਸ੍ਰੀ ਹਰਿ ਗੋਬਿੰਦ ॥ ੨ ॥
ਹਰੀ ਰਾਇ, ਹਰਿ ਕ੍ਰਿਸ਼ਨ ਗੁਰ, ਤੇਗ ਬਹਾਦਰ ਚੰਦ ।
ਦਸਵੇਂ ਗੋਬਿੰਦ ਸਿੰਘ ਗੁਰੂ ਨਮੋ ਚਰਨ ਅਰਵਿੰਦ ॥ ੩ ॥

**ਅਰਥ**—ਸ੍ਰੀ (ਗੁਰੂ)ਨਾਨਕ(ਦੇਵ), (ਸ੍ਰੀ) ਗੁਰੂ ਅੰਗਦ (ਦੇਵ), (ਸ੍ਰੀ ਗੁਰੂ) ਅਮਰ ਦਾਸ, (ਸ੍ਰੀ ਗੁਰੂ) ਰਾਮਦਾਸ, (ਸ੍ਰੀ) ਗੁਰੂ ਅਰਜਨ (ਦੇਵ ਤੇ) ਸੁਹਣੇ ਸ੍ਰੀ ਗੁਰੂ ਹਰਿ ਗੋਬਿੰਦ ਜੀ (ਸਾਰੇ ਸਤਿਗੁਰਾਂ ਦੇ) ਚਰਨਾਂ ਤੇ ਨਮਸਕਾਰ ਕਰਦਾ ਹਾਂ ॥ ੨ ॥

ਤੇ (ਫੇਰ ਸ੍ਰੀ ਗੁਰੂ) ਹਰਿ ਰਾਇ ਜੀ, (ਸ੍ਰੀ ਗੁਰ) ਹਰਿ ਕ੍ਰਿਸ਼ਨ ਜੀ (ਸ੍ਰੀ) ਗੁਰੂ ਤੇਗ ਬਹਾਦਰ ਚੰਦ (ਵਤ ਸੀਤਲ ਪ੍ਰਕਾਸ਼ ਵਾਲੇ ਤੇ) ਦਸਵੇਂ (ਸਾਹਿਬ ਸ੍ਰੀ) ਗੁਰੂ ਗੋਬਿੰਦ ਸਿੰਘ (ਜੀ ਦੇ) ਚਰਨਾਂ ਕਵਲਾਂ ਤੇ ਨਮਸਕਾਰ ਕਰਦਾ ਹਾਂ ।

---

*ਜਦੋਂ ਸੂਰਜ ਉੱਤਰ ਨੂੰ ਜਾਂਦਾ ਪ੍ਰਤੀਤ ਦੇਵੇ, ਲਗ ਪਗ ੯-੧੦ ਪੋਹ ਤੋਂ ਲਗ ਪਗ ੯-੧੦ ਹਾੜ ਤਕ । ੨੩ ਦਸੰਬਰ ਤੋਂ ੨੧ ਜੂਨ ਤਕ । ਇਥੇ ਭਾਵ ਪੁਸਤਕ ਦੇ ਇੱਕ ਹਿੱਸੇ ਤੋਂ ਹੈ, ਜੋ ਸਾਰੇ ਗ੍ਰੰਥ ਦਾ ਅੰਤਮ ਭਾਗ ਹੈ ।

## ੩. ਇਸ਼੍ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਜਿਹ ਸੱਤਾ ਲਖਿਯਤਿ ਜਗਤ ਸੋ ਨ ਪਿਖ੍ਯੋ ਕਿਮ ਜਾਇ।
ਜਿਮ ਦ੍ਰਿਗ ਤੇ ਦਿਖਿਯਤਿ ਸਕਲ ਦ੍ਰਿਗ ਨਹਿਂ ਦਿਖੀ ਕਦਾਇ॥ ੪॥

**ਅਰਥ**—ਜਿਸ (ਅਕਾਲ ਪੁਰਖ) ਦੀ ਸੱਤਾ ਕਰਕੇ ਜਗਤ ਦਿੱਸਦਾ ਹੈ, ਉਹ ਕਿਵੇਂ ਵੀ ਦੇਖਿਆ ਨਹੀਂ ਜਾ ਸਕਦਾ, ਜਿਵੇਂ ਅੱਖਾਂ ਨਾਲ ਸਭ ਕੁਝ ਵੇਖ ਲਈਦਾ ਹੈ ਪਰ ਅੱਖਾਂ ਨਹੀਂ ਵੇਖ ਸਕਦੀਆਂ।

**ਭਾਵ**—ਇਥੇ ਕਵੀ ਜੀ ਪਰਮਾਤਮਾ ਦੇ ਸਾਡੇ ਆਪੇ ਨਾਲ ਹਾਲਤ ਫਾਇਲੀਅਤ ਦੇ ਤਅੱਲਕ ਦਾ ਰੂਪਕ ਬੰਨ੍ਹਦੇ ਹਨ। ਜਿਵੇਂ ਅੱਖਾਂ ਨਾਲ ਸਾਰਾ ਜਗਤ ਦਿੱਸਦਾ ਹੈ, ਅੱਖ ਦੇਖਣਹਾਰ ਹੁੰਦੀ ਹੈ ਜਗਤ ਦੀਸਣਹਾਰ ਹੁੰਦਾ ਹੈ। ਅੱਖ ਫਾਇਲ ਹੁੰਦੀ ਹੈ, ਜਗਤ ਮਫਊਲ। ਇਸ ਤਰ੍ਹਾਂ ਪਰਮਾਤਮਾ ਫਾਇਲ ਹੈ ਮਫਊਲ ਨਹੀਂ, ਇਸੇ ਕਰਕੇ ਉਸਦੀ ਸੱਤਾ ਨਾਲ ਅਸੀਂ ਜਗਤ ਦੇਖ ਰਹੇ ਹਾਂ ਪਰ ਉਸਨੂੰ ਨਹੀਂ ਦੇਖ ਸਕਦੇ ਕਿਉਂਕਿ ਉਹ ਦ੍ਰਿਸ਼ਟਾ (ਫਾਇਲ) ਹੈ, ਉਹ ਦ੍ਰਿਸ਼ਟਮਾਨ (ਮਫਊਲ) ਨਹੀਂ ਹੈ। ਜੇ ਕੋਈ ਸ਼ੰਕਾ ਕਰੇ ਕਿ ਸ਼ੀਸ਼ਾ ਸਾਮ੍ਹਣੇ ਰੱਖ ਕੇ ਅੱਖ ਦੇਖ ਲਈਦੀ ਹੈ ਤਾਂ ਠੀਕ ਨਹੀਂ ਕਿਉਂਕਿ ਅੱਖ ਤੋਂ ਮੁਰਾਦ ਏਥੇ ਦ੍ਰਿਸ਼ਟਿ ਸ਼ਕਤੀ ਦੀ ਹੈ, ਤੇ ਦ੍ਰਿਸ਼ਟਾਂਤ ਦਾ ਇਕ ਅੰਗ ਲੈਣਾ ਹੈ ਕਿ ਜਿਵੇਂ ਅੱਖ ਆਪਣੇ ਆਪ ਨੂੰ ਦੇਖਣਹਾਰ ਹੋਣ ਕਰਕੇ ਸ੍ਵੈ ਅਨੁਭਵ ਵਿਚ ਆਪੇ ਨੂੰ ਜਾਣਦੀ ਹੈ, ਤਿਵੇਂ ਪਰਮਾਤਮਾਂ ਨੂੰ ਬੀ ਸ੍ਵੈ ਅਨੁਭਵ ਵਿਚ ਅਸੀਂ ਅਨੁਭਵ ਕਰ ਸਕਦੇ ਹਾਂ ਉਸਨੂੰ ਦ੍ਰਿਸ਼ਟਮਾਨ ਬਣਾਕੇ ਨਹੀਂ ਵੇਖ ਸਕਦੇ।

ਧ੍ਯਾਨਾਨੰਦ ਜੋਗੀਨ ਮਹਿ ਭੋਗੀ ਬਿਖ਼ਿਯਾਨੰਦ।
ਰਮ੍ਯੋ ਏਕ ਪਰਮਾਤਮਾ ਬਾਰ ਬਾਰ ਤਿਸ ਬੰਦਿ ॥੫॥

**ਅਰਥ**—ਧਯਾਨ ਅਨੰਦ ਵਿਚ ਮਗਨ ਜੋਗੀਆਂ ਵਿਖੇ ਤੇ ਵਿਸ਼ਿਆਨੰਦ ਵਿਚ (ਲੱਗੇ) ਭੋਗੀਆਂ ਵਿਖੇ ਜੋ ਇਕ ਪਰਮਾਤਮਾ ਵਯਾਪਕ ਹੈ ਤਿਸ ਨੂੰ (ਮੈਂ) ਬਾਰ ਬਾਰ ਬੰਦਨਾਂ ਕਰਦਾ ਹਾਂ।

**ਭਾਵ**—ਏਥੇ ਨਿਰਾਕਾਰ ਅਲੇਪ ਪਰਮਾਤਮਾ ਨੂੰ ਨਮਸਕਾਰ ਕਰ ਰਹੇ ਹਨ, ਜਿਵੇਂ ਚਾਨਣਾ ਜੋਗੀ ਤੇ ਭੋਗੀ ਦੁਹਾਂ ਲਈ ਚਾਨਣਾ ਹੈ, ਪਰ ਦੁਹਾਂ ਦੇ ਕਰਤੱਬ ਦਾ ਲੇਸ਼ ਚਾਨਣੇ ਨੂੰ ਨਹੀਂ ਲਗਦਾ ਤਿਵੇਂ ਨਿਰਾਕਾਰ ਪਰਮਾਤਮਾ ਸਮਾਨ ਸੱਤਾ ਕਰਕੇ ਸਭ ਵਿਚ ਵਯਾਪਕ ਹੈ। 'ਸਭ ਦੂਨਨ ਮੈਂ ਰਵ ਰਹਿਓ ਊਚ ਨੀਚ ਕੇ ਭੇਸ', ਫਿਰ ਸਭ ਦੇ ਕਰਤੱਵ ਤੋਂ ਅਲੇਪ ਹੈ, ਉਸ ਪਰਮਾਤਮਾਂ ਨੂੰ ਬੰਦਨਾਂ ਕਰਦੇ ਹਨ।

[ ਬਿਨਯ ]

ਸ਼ੇਸ਼ ਕਥਾ ਉਚਰੌਂ ਅਬੈ ਜਿਮ ਬਿਕੁੰਠ ਗੁਰ ਜਾਇਂ।
ਪਹੁੰਚਹਿ ਅਬਚਲ ਨਗਰ ਮਹਿਂ,ਸੁਨਿ ਸ੍ਰੋਤਾ ਚਿਤ ਲਾਇ ॥੬॥

**ਅਰਥ**—ਬਾਕੀ ਦੀ ਕਥਾ ਹੁਣ ਮੈਂ ਉਚਰਦਾ ਹਾਂ,ਜਿਵੇਂ (ਦਸਮ) ਗੁਰੂ ਜੀ ਬਿਕੁੰਠ ਨੂੰ ਜਾਣਗੇ।

(ਪਹਿਲੋਂ) ਪਹੁੰਚਣਗੇ (ਜਿਵੇਂ) ਅਬਚਲ ਨਗਰ ਵਿਖੇ; ਹੇ ਸ਼੍ਰੋਤਾ! ਚਿੱਤ ਲਾਕੇ ਸੁਣੋ।

ਚੌਪਈ॥ ਬਰਖਾ ਬਰਖਤਿ ਬਿਤਯੋ ਚੁਮਾਸਾ। ਨਗਰ ਆਗਰੇ ਸ੍ਰੀ ਗੁਰ ਬਾਸਾ। ਸ਼ਾਹਬਹਾਦਰ ਭਾਖਿ ਪਠਾਯੋ।'ਰਜਪੂਤਨ ਪਰ ਚਾਹਤਿ ਜਾਯੋ॥੭॥ ਆਦਿ ਉਦੈ ਪੁਰਿ ਜੋ ਰਣ ਗਾਢੇ। ਮਿਲਹਿਂ ਆਨਿ ਜਿਮ,ਤਿਨ ਡਰ ਬਾਢੇ। ਆਪ ਕ੍ਰਿਪਾ ਕਰਿ ਸੰਗ ਚਲੀਜੈ। ਦੇਸ਼ ਬਿਦੇਸ਼ਨਿ ਦਰਸ਼ਨ ਕੀਜੈ' ॥੮॥ ਸੁਨਿ ਸਤਿਗੁਰ ਆਇਸੁ ਫੁਰਮਾਈ। 'ਪੂਜ ਨੁਰਾਤੇ ਦੁਰਗਾ ਮਾਈ। ਕਰਹਿਂ ਦਸਹਿਰਾ ਰੀਤਿ ਭਲੇਰੀ*। ਪੁਨ ਹਮ ਚਢਹਿਂ ਲਖਹੁ ਨਹਿਂ ਦੇਰੀ ॥ ੯॥ ਇਤਨੇ ਗਮਨਹੁ ਆਪ ਅਗਾਰੀ।ਦੇਹੁ ਤ੍ਰਾਸ ਰਜਪੂਤਨਿ ਭਾਰੀ†। ਹਮਰੋ ਮੇਲ ਹੋਹਿ ਅਗਵਾਈ। ਆਪ ਚਢਹੁ ਲੇ ਦਲ ਸਮੁਦਾਈ' ॥ ੧੦॥ ਸ਼ਾਹੁ ਪਾਸ ਤਬਿ ਜਾਇ ਬਖਾਨਾ। ਪਾਇ ਹੁਕਮ ਗੁਰ ਕੀਨਸਿ ਪਯਾਨਾ[1]। ਰਣਸਿੰਘੇ ਗਨ ਪਟਹ ਨਗਾਰੇ। ਸ਼ੁਤਰੀ ਆਦਿਕ ਬਾਦਿਤ ਭਾਰੇ ॥ ੧੧॥ ਏਕ ਬਾਰਿ ਬਾਜੇ ਸਮੁਦਾਏ। ਸ਼ਾਹੁ ਬਹਾਦਰ ਚਢ੍ਯੋ ਰਿਸਾਏ। ਸਨੇ ਸਨੇ ਮੰਜ਼ਲ ਕਰਿ ਨੇਰੇ।–ਸਤਿਗੁਰ ਮਿਲੈਂ ਆਨਿ ਸੰਗ ਮੇਰੇ–॥੧੨॥ਰਜਪੂਤਨ ਕੋ ਤ੍ਰਾਸ ਉਪਾਯੋ। ਹਿਤ ਮਿਲਿਬੇ ਬਹੁ ਸਾਜ ਬਨਾਯੋ। ਇਤ ਸਤਿਗੁਰ ਪੂਜਤਿ ਨਵਰਾਤੇ*। ਚੰਦਨ ਧੂਪ ਫੂਲ ਬਹੁ ਭਾਂਤੇ ॥ ੧੩ ॥ ਦੁਰਗਾ ਪਾਠ ਅਨੇਕ ਕਰੰਤੇ। ਸੌਜ ਸਕੇਲੀ ਹਮਨ ਹੁਵੰਤੇ। ਦੀਪ ਸਮੂਹ ਘ੍ਰਿੱਤ ਕੇ ਬਾਰੇ। ਸ਼ਸਤ੍ਰ ਸਕੇਲਿ ਅਨੇਕ ਪ੍ਰਕਾਰੇ॥੧੪॥ਖੰਡੇ ਖੜਗ ਪ੍ਰਚੰਡ ਦੁਧਾਰੇ। ਸੈਫ਼,ਸਰੋਹੀ,ਜਮਧਰ ਭਾਰੇ। ਤੋਮਰ,ਭਾਲੇ,ਸਾਂਗ ਸੁ ਢਾਲੇ। ਧੋਪ[2] ਸੀਖਚੇ[3],

[1]ਸਤਿਗੁਰਾਂ ਦਾ ਹੁਕਮ ਪਾਕੇ (ਪਾਤਸ਼ਾਹ ਨੇ) ਕੂਚ ਕੀਤੀ। [2]ਤਲਵਾਰ ਜੋ ਪਤਲੀ ਤੇ ਸਿੱਧੀ ਹੋਵੇ [ਹਿੰਦੀ, ਧੋਪ। ਸੰਸ:, ਧ੍ਰੁਵ੍ਵਾ ਤੋਂ]। [3]ਸੀਖ ਵਾਂਙੂ ਸਿੱਧੀ ਤਲਵਾਰ, [ ਫਾ:, ਸੀਖ਼ਚਹ ]। (ਅ) ਧੋਪ ਸੀਖਚਾ=ਸੀਖ ਵਰਗੀ ਸਿੱਧੀ ਧੋਪ।

*ਇਹ ਪਿੱਛੋਂ ਸਿਖ ਦਰਬਾਰਾਂ ਵਿਚ ਹਿੰਦੂ ਅਹਿਲਕਾਰਾਂ ਦੇ ਵਾੜੇ ਰਿਵਾਜ ਹਨ। ਗੁਰੂ ਜੀ ਨੇ ਦੁਰਗਾ ਨੂੰ ਆਪਣਾ ਇਸ਼ਟ ਜਾਣਕੇ ਪੂਜਨ ਕਦੇ ਨਹੀਂ ਕੀਤਾ। ਸਗੋਂ ਆਪ ਬ੍ਰਹਮਾ ਵਿਸ਼ਨੂ ਸ਼ਿਵ ਸ਼ਾਰਦਾ ਦੇ ਪੂਜਕ ਹਨ, ਤੇ ਕਵਿ ਜੀ ਐਸਾ ਉਹਨਾਂ ਨੂੰ ਵਰਣਨ ਆਪ ਕਰਦੇ ਆਏ ਹਨ; ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ ਤੇ ਪੜ੍ਹੋ ਪਿਛਲੇ ਐਨ ਦਾ ਅੰਸੂ ੧੨ ਅੰਕ ੧੩ ਤੋਂ ੧੬ ਤੱਕ ਤੇ ਇਸੇ ਐਨ ਦੇ ਅੰਸੂ ੨ ਦਾ ਅੰਕ ੨੦, ੨੧ ਤੇ ੨੨। ਸਾਹਿੱਤ ਜਿਸ ਵਿਚ ਦੇਵੀ ਦੇ ਬੀਰਰਸੀ ਕਰਤੱਬ ਹਨ ਉਹ ਪੰਥ ਵਿਚ ਬੀਰਰਸੀ ਉਤਸਾਹ ਭਰਨੇ ਲਈ ਤਿਆਰ ਹੋਇਆ ਸੀ ਤੇ ਇਸੇ ਮਨੋਰਥ ਲਈ ਉਹ ਵਰਤਣਾ ਚਾਹੀਏ।

†ਗੁਰੂ ਜੀ ਰਜਪੂਤਾਂ ਨੂੰ ਤ੍ਰਾਸ ਦੇਣ ਦਾ ਹੁਕਮ ਨਹੀਂ ਦੇ ਰਹੇ। ਸ਼ਾਹ ਦਾ ਜੋ ਆਪਣਾ ਮਨਸ਼ਾ ਹੈ ਉਹ ਦੁਹਰਾ ਰਹੇ ਹਨ - ਤੂੰ ਜੋ ਆਪਣਾ ਕੰਮ ਕਰਨਾ ਹੈ ਚਲੋ ਕਰੋ, ਅਸੀਂ ਪਿੱਛੋਂ ਆਵਾਂਗੇ।

ਚੱਕ੍ਰ ਕਰਾਲੇ ॥ ੧੫ ॥ ਬਿਛੂਏ, ਖੰਜਰ, ਖਪਰੇ ਬਾਨ। ਤੁਪਕ, ਤਮਾਂਚੇ, ਧਨੁਖ ਮਹਾਨ। ਮਹਾਂ ਸਿਲੇਖਾਨਾ[1] ਸਤਿਗੁਰ ਕੋ। ਪੂਜਹਿੰ ਸਕਲ ਪ੍ਰੇਮ ਕਰਿ ਉਰ ਕੋ ॥ ੧੬ ॥ ਭੋਜਨ ਅਨਿਕ ਪ੍ਰਕਾਰ ਕਰਾਇ।ਪੂਰੀ ਪੰਚਾਂਮ੍ਰਿਤ[2] ਬਰਤਾਇ।ਜੈ ਜੈ ਸ਼ਬਦ ਉਚਾਰਨ ਕਰਿਤੇ।ਬੰਦ ਗੌਰਜਾ ਕੋ ਮੁਦ ਧਰਤੇ*॥ ੧੭॥ਪੁਨ ਹਿ ਦਸਹਿਰਾ ਕੋ ਦਿਨ ਹੋਵਾ।ਹਯ ਸ਼ਿੰਗਾਰਯੋ ਅੱਗ੍ਰ ਖਰੋਵਾ।ਕਰਿ ਵਾਹਨ ਕੀ ਪੂਜਾ ਭਲੇ।ਵਹਿਰ ਖੇਲਿਬੇ ਹਿਤ ਚਢਿ ਚਲੇ॥੧੮॥ਬਿਚਰਤਿ ਆਯੁਧ ਬਿੱਦਯਾ ਕਰਿਤੇ। ਤੁਰੰਗ ਧਵਾਇ ਤੁਫੰਗ ਸੰਭਰਿਤੇ।ਛੋਰਤਿ ਬਾਨ ਨਿਸ਼ਾਨਾ ਹਨਤੇ। ਤੋਮਰ ਦੀਹ ਭ੍ਰਮਾਵੈਂ ਤਨਿਤੇ ॥ ੧੯ ॥ ਖਗਪਤਿ[3]† ਦਰਸ਼ਨ ਕਰਿ ਮੁਰਿ ਆਏ। ਜਥਾ ਜੋਗ ਉਤਸਾਹ ਬਨਾਏ। ਇਸ ਪ੍ਰਕਾਰ ਕੇ ਕਰੇ ਬਿਲਾਸੇ। ਬਾਗ ਅਜਾਇਬ ਸਾਹਿਬ ਬਾਸੇ ॥੨੦॥ ਦਿਵਸ ਤ੍ਰੌਦਸੀ ਕੋ ਪੁਨ ਆਯੋ। 'ਕੂਚ ਕਰੋ' ਸ੍ਰੀ ਮੁਖ ਫੁਰਮਾਯੋ। ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਹੋਇ ਤਯਾਰ ਪ੍ਰਭੁ ਚਹਸਿ ਪਯਾਨਾ ॥ ੨੧ ॥ ਸੁਨਿ ਸੁਧਿ ਨਗਰ ਆਗਰੇ ਸੰਗਤਿ। ਦਰਸ਼ਨ ਹਿਤ ਉਮਡੇ ਕਰਿ ਪੰਗਤਿ। ਲੇ ਅਕੋਰ ਕਰ ਜੋਰਤਿ ਮਿਲੇ। ਖੁਸ਼ੀ ਲਈ ਸਤਿਗੁਰ ਕੀ ਭਲੇ ॥ ੨੨ ॥ 'ਦਰਸ਼ਨ ਤੇ ਨਿਹਾਲ ਹਮ ਭਏ।ਜਨਮ ਜਨਮ ਕੇ ਪਾਪਨਿ ਛਏ[4]। ਪੂਰਬ ਭਾਗ ਬਿਸ਼ੇਖੇ ਦੇਖੇ। ਮਾਨੁਖ ਤਨ ਸਗਰੇ ਅਵਰੇਖੇ[5]' ॥ ੨੩॥ ਲਗੇ ਉਪਾਇਨ ਕੇ ਅੰਬਾਰ। ਦੇ ਦਰਸ਼ਨ ਪ੍ਰਭੁ ਭੇ ਅਸਵਾਰ। ਡੇਰਾ ਕਰਯੋ ਤਾਲ ਪਰ ਜਾਇ। ਸੰਗ ਖਾਲਸਾ ਦਲ ਸਮੁਦਾਇ ॥ ੨੪ ॥ ਖਾਨ ਪਾਨ ਕਰਿ ਨਿਸਾ ਗੁਜ਼ਾਰੀ। ਭਈ ਪ੍ਰਾਤਿ ਹੋਈ ਅਸਵਾਰੀ। ਤੀਨ ਚਾਰ ਮੰਜ਼ਲ ਕਰਿ

---

[1]ਸ਼ਸਤ੍ਰਾਂ ਦਾ ਖ਼ਜ਼ਾਨਾ। [ਫਾ:, ਸਿਲਹਖ਼ਾਨਾ]। [2]ਪੂਰੀ ਕੜਾਹ। [3]ਗਰੁੜ ਦਾ। [4]ਨਾਸ਼ ਹੋਏ। [5]ਸਾਰਿਆਂ ਨੇ ਮਨੁਖ ਸ਼ਰੀਰ ਵਿਚ (ਆਪ ਜੀ ਦੇ) ਦਰਸ਼ਨ ਕੀਤੇ ਹਨ।

*'ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ'। ਪੁਨਾ:— 'ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ' ਇਹ ਪ੍ਰਤੱਗਯਾ ਪੂਰਬਕ ਵਾਕ ਆਖਣ ਵਾਲੇ ਪਾਰਬਤੀਆਂ ਨੂੰ ਕਦ ਧਿਆਉਂਦੇ ਹਨ ?

†ਗੁਰੂ ਜੀ ਖਗਪਤ ਦੇ ਅਸਵਾਰ ਬਾਬਤ ਕਹਿੰਦੇ ਹਨ 'ਕਿਸਨ ਬਿਸਨ ਕਬਹੂੰ ਨਹਿੰ ਧਿਆਊਂ' ਉਹਨਾਂ ਨੂੰ ਗਰੁੜਾਂ ਦੇ ਦਰਸ਼ਨ ਕਰਦੇ ਫਿਰਦੇ ਦੱਸਣਾ ਨਜੁਨ ਉਪਮਾ ਹੈ। ਇਹ ਰਿਵਾਜ ਛੋਟੇ ਦਰਜੇ ਦੇ ਅਨਪੜ੍ਹ ਹਿੰਦੂਆਂ ਦੇ ਹਨ। ਇਨ੍ਹਾਂ ਵਹਿਮਾਂ ਵਿਚ ਹੀ ਮੁੜ ਫਸਾਕੇ ਬ੍ਰਾਹਮਣੀ ਮਤ ਦੇ ਅਹਿਲਕਾਰਾਂ ਨੇ ਸਿੱਖ ਰਾਜੇ ਸਿੱਖ ਆਦਰਸ਼ਾਂ ਤੋਂ ਨੀਵੇਂ ਆਂਦੇ ਸਨ। ਐਸੇ ਖਿਆਲ ਆਖੇਪਕ ਜਾਪਦੇ ਹਨ।

ਦੀਹਾ। ਮਿਲੇ ਆਨਿ ਨੌਰੰਗ ਸੁਤ ਜੀਹਾਂ[1] ॥ ੨੫ ॥ ਘੇਰ ਅਮੇਰ[2] ਲੀਨ ਤਬਿ ਸ਼ਾਹੂ।ਆਨਿ ਮਨਾਇ*[3]ਅਪਨਿ ਤਿਨ ਪਾਹੂ। ਗਏ ਜੋਧਪੁਰਿਕੇ ਪੁਨ ਡੇਰੇ। ਮਿਲ੍ਯੋ ਅਜੀਤ ਸਿੰਘ[4] ਬਲਿ ਹੇਰੇ ॥ ੨੬ ॥ ਹੁਤੋ ਸੰਗ ਭੀ ਦਈ ਅਕੋਰ। ਦ੍ਵੈ ਕਰ ਜੋਰ ਗਰਬ ਕੋ ਛੋਰਿ। ਚਲ੍ਯੋ ਸ਼ਾਹੁ ਲੇ ਲਸ਼ਕਰ ਭਾਰੀ। ਮੇੜਤੇਸ਼[5] ਮਿਲਿ ਪਰ੍ਯੋ ਅਗਾਰੀ॥੨੭॥ਬਹੁਰ ਚਿਤੌੜ ਦਿਸ਼ਾ ਚਢਿ ਚਾਲਾ। ਪਰੀ ਧਾਂਕ ਤਿਸ ਦੇਸ਼ ਬਿਸਾਲਾ। ਰਾਣੇ ਅਰੁ ਰਾਜੇ ਰਜਪੂਤ।ਮਿਲੇ ਸਕਲ ਹੀ ਪਠਿ ਪਠਿ ਦੂਤ ॥ ੨੮ ॥ ਸਿੰਘ ਕ੍ਰਿਤੇਕ ਦੇਖਿਬੇ ਹੇਤੁ। ਗਏ ਚਿਤੌੜ ਬਿਖੈ ਲਖਿ ਭੇਤੁ। ਤ੍ਰਿਣ ਸ਼ੁਭ ਹੇਰੇ ਲਏ ਉਠਾਇ। ਉਤ ਕੇ ਨਰ ਆਏ ਸਮੁਦਾਇ ॥੨੯॥ ਸੋ ਨਹਿਂ ਦੇਤਿ ਸਿੰਘ ਤ੍ਰਿਣ ਲੇਤਿ। ਬਧ੍ਯੋ ਬਾਦ ਹ੍ਵੈਗੋ ਰਣ ਖੇਤ। ਚਲੀ ਤੁਫੰਗਹਿਂ ਦੁਹਿਦਿਸ਼ਿ ਕੇਰੀ। ਹਲਾਹਲੀ ਮਾਚੀ ਤਿਸ ਬੇਰੀ ॥ ੩੦ ॥ ਛੂਟੇ ਤੀਰ ਗੋਰੀ ਸਮੁਦਾਇ। ਮਚ੍ਯੋ ਰੌਰ ਸੁਨਿ ਕੈ ਤਿਸ ਥਾਇਂ। ਮਿਲਿ ਰਜਪੂਤ ਘਨੇ ਹੁਇ ਆਏ। ਗਹਿ ਆਯੁਧ ਸਿੰਘਨਿ ਪਰ ਧਾਏ ॥ ੩੧ ॥ ਇਤਿ ਸਤਿਗੁਰ ਸੁਨਿ ਕੈ ਬਡ ਰੌਰਾ। ਪਠ੍ਯੋ ਖਾਲਸਾ ਗਨ ਤਿਸ ਠੌਰਾ। ਦੁਹਿ ਦਿਸ਼ਿ ਮਿਲੇ ਆਨਿ ਗਨ ਜੋਧਾ। ਦੇਖਿ ਜੁੱਧਿ ਵਧਿ[6] ਉਪਜ੍ਯੋ ਕ੍ਰੋਧਾ ॥ ੩੨ ॥ ਤੜਾਭੜੀ ਤੁਪਕਨ ਕੀ ਮਾਚੀ। ਲਗਹਿ ਅੰਗ ਸ਼ੋਣਤਿ ਰਜ ਰਾਚੀ। ਫੂਟੇ ਮੂੰਡ ਰਿਦੇ ਗਿਰ ਪਰੇ[7]। ਮਰਿ ਮਰਿ ਸੁਰਗ ਪਯਾਨੌ ਕਰੇ ॥ ੩੩ ॥ ਸਿੰਘ ਹੇਲ ਘਾਲਹਿਂ ਲੇਂ ਘਾਸ। ਸੋ ਨਹਿ ਦੇਤਿ ਖਰੇ ਢਿਢ ਪਾਸ। ਜਾਮ ਏਕ ਲੌ ਜੰਗ ਮਚਾਯੋ।ਪੁੰਜ ਤੁਫੰਗਨਿ ਸ਼ਬਦ ਉਠਾਯੋ॥੩੪॥ ਤਬਿ ਸਿੰਘਨ ਰੋਪ੍ਯੋ ਪਗ ਆਗੇ। ਬ੍ਰਿੰਦ ਪਲੀਤੇ ਇਕਠੇ ਦਾਗੇ। ਲਗੀ ਕਿਤਿਕ ਸ਼ੱਤ੍ਰੁਨਿ ਕੇ ਗੋਰੀ। ਦੜ ਦੜ ਗਿਰੇ ਦੇਹਿ ਗਨ ਫੋਰੀ॥੩੫॥ ਦੇਖਿ ਤ੍ਰਾਸ ਕਰਿ ਭਾਗ ਸਿਧਾਏ।ਸਿੰਘ ਉਠਾਇ ਘਾਸ ਗਨ ਲ੍ਯਾਏ। ਸ਼੍ਰੀ ਗੁਰ ਹੇਰਿ ਤਿਨਹੁੰ ਸਮਝਾਯੋ। 'ਬਿਨਾ ਕਹੇ ਕਿਮ ਜੰਗ ਮਚਾਯੋ ? ॥ ੩੬ ॥ ਗਏ ਬਿਲੋਕਨ ਥਾਨ ਚਿਤੌਰ। ਬਿਨ ਮਰਜ਼ੀ ਹਮਰੀ ਕਿਯ ਰੌਰ। ਨਹਿਂ ਆਗੇ

[1]ਜਿਸ ਥਾਂ ਤੇ, ਭਾਵ ਜਿੱਥੇ ਉਹ ਸੀ। [2]ਅੰਬੇਰ, ਅੰਬਰ। ਜੈ ਪੁਰ ਰਿਆਸਤ ਦੀ ਪਹਿਲੀ ਰਾਜਧਾਨੀ, ਜੋ ਜੈ ਪੁਰੋਂ ਉੱਤਰ ਰੁਖ ਪੰਜ ਸੱਤ ਮੀਲ ਤੇ ਹੈ। [3]ਆਪਣੀ ਆਨ ਮਨਾਕੇ। [4]ਅਜੀਤ ਸਿੰਘ ਮਾਰਵਾੜ ਦਾ ਰਾਜਾ ਸੀ। ਮਾਰਵਾੜ ਜੋਧ ਪੁਰ ਰਿਆਸਤ ਦਾ ਨਾਮ ਹੈ। [5]ਮੇਰਤਾ ਨਗਰ ਦਾ ਰਾਜਾ। ਜੋਧ ਪੁਰ ਤੇ ਬੀਕਾਨੇਰ ਦੇ ਵਿਚਾਲੇ ਮੇਰਤਾ ਹੈ। (ਇਸ ਦੇ ਰਾਜਾ ਰਾਠੌਰ ਸਿੰਘ ਦੀ ਵਹੁਟੀ ਸੀ 'ਮੀਰਾਂ ਬਾਈ')। [6]ਜੁੱਧ ਵਧਿਆ ਦੇਖਕੇ। [7]ਸਿਰ ਤੇ ਹਿਰਦੇ ਫੁੱਟਕੇ ਡਿਗ ਪਏ।

*ਪਾਃ—ਮਿਲਾਇ।

ਤੁਮ ਕੀਜੈ ਐਸੇ। ਬਿਚ ਬਿਦੇਸ਼ ਰਨ ਠਾਨਤਿ ਜੈਸੇ॥ ੩੭ ॥ ਸੁਭਟ ਹਜ਼ਾਰਹੁੰ ਹੋਤਿ ਸਕੇਲਾ। ਘੇਰ ਲੇਤਿ ਤੁਮਿ ਕੋ ਕਰਿ ਹੇਲਾ। ਕੋ ਸਹਾਇ ਹੋ ਤਹਾਂ ਬਚਾਵਤਿ। ਪਹਿਲੇ ਹੀ ਸਿੰਘਰ ਕਰਿ ਘਾਵਤਿ'॥੩੮॥ ਇੱਤਨਾਦਿਕ ਸਮੁਝਾਇ ਟਿਕਾਇ। ਕਿਤਹੂੰ ਨਰ ਤੇ ਗੁਰ ਸੁਨਿ ਪਾਇ:—'ਆਗੇ ਬਿਖਮ ਸਥਾਨ ਦੁਖਾਲਾ। ਮਗ ਬਿਹੀਨ ਤਹਿਂ ਜਾਇ ਨ ਚਾਲਾ॥ ੩੯ ॥ ਗਿਰ ਕਾਨਨ ਦੁਖਦਾਯਕ ਘਨੇ। ਤਹਾਂ ਪਯਾਨ ਨ ਕਨੋਂ ਹੂੰ ਬਨੇ'। ਤਬਿ ਸਤਿਗੁਰ ਉਤ ਤੇ ਹਟਿ ਪਰੇ। ਜਿਤ ਮਗ ਸੁਨਯੋ ਹੁਤੋ ਸੁਖ ਕਰੇ॥ ੪੦ ॥ ਤਿਤ ਹੀ ਦਿਸ਼ ਕੋ ਕੀਨ ਪਯਾਨਾ। ਸਨੇ ਸਨੇ ਪਹੁੰਚੇ ਤਿਸ ਥਾਨਾ। ਨਦੀ ਨਰਬਦਾ ਤਟ ਬਡ ਡੇਰਾ। ਉਤਰਯੋ ਸ਼ਾਹੁ ਬਹਾਦਰ ਹੇਰਾ॥੪੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਮਾਰਗ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ॥ ੧॥

੨. [ਮਾਨ ਸਿੰਘ ਦਾ ਸ਼ਹੀਦ ਹੋਣਾ। ਬੁਰਹਾਨ ਪੁਰ ਪੁੱਜਣਾ]।

ਦੋਹਰਾ॥ ਸਾਹਿਬ ਪਹੁੰਚੇ ਨਦੀ ਤਟ ਸਿਵਰ ਕਰਯੋ ਸ਼ੁਭ ਥਾਨ। ਸਿੰਘ ਰਹੇ ਪਾਛੇ ਕਿਤਿਕ ਧਰੇ ਤੁਫੰਗ ਕਮਾਨ॥ ੧ ॥ ਚੌਪਈ॥ ਘਾਸ ਲੇਨਿ ਕੇ ਹਿਤ ਬਿਰਮਾਇ। ਰੋਕਯੋ ਜਾਇ ਭਾਰ ਬੰਧਵਾਇ। ਉਤ ਤੇ ਕਛੁ ਦਲ ਸੁਭਟ ਘਨੇਰੋ। ਹੁਤੇ ਸ਼ਾਹੁ ਕੇ ਪਿਖਯੋ ਬਡੇਰੋ॥੨॥ ਕਹੇ ਸੁ 'ਹਮ ਲੀਨੇ ਤ੍ਰਿਣ ਘਨੇ। ਤੁਮ ਕੈਸੇ ਮਾਲਕ ਅਬਿ ਬਨੇ'। ਕਿਤਿਕ ਤੁਰਕ ਤਿਨ ਮਹਿਂ ਅਸ ਹੁਤੇ। ਜਿਨ ਸਨਬੰਧੀ ਸਿੰਘਨਿ ਹਤੇ॥ ੩ ॥ ਆਨੰਦਪੁਰਿ ਬਡ ਜੰਗ ਮਝਾਰਾ। ਮਾਰੇ ਤਹਾਂ ਸ਼ੋਕ ਸੁਨਿ ਧਾਰਾ। ਸਿਮਰਨ ਕਰਯੋ ਬੈਰ ਪਸ਼ਚਾਤੀ। ਹੋਤਿ ਭਏ ਆਯੁਧ ਕੇ ਘਾਤੀ॥੪॥ ਇਤ ਸਿੰਘਨ ਭੀ ਤੁਪਕ ਚਲਾਈ। ਨਾਹਕ ਹੀ ਬਜਿ ਪਰੀ ਲਰਾਈ। ਸ਼੍ਰੀ ਗੁਰ ਡੇਰਾ ਕਰਿ ਸ਼ੁਭ ਥਾਇਂ। ਹੇਤੁ ਸੁਚੇਤੇ ਉਤ ਹੀ ਆਇ॥ ੫ ॥ ਲਰਹਿਂ ਸਿੰਘ ਸੁਨਿਕੈ ਪ੍ਰਭੁ ਕਾਨ। ਮਾਨ ਸਿੰਘ ਭੇਜਯੋ ਤਿਸ ਥਾਨ। 'ਦੋਨਹੁੰ ਦਿਸ਼ਿ ਸਮੁਝਾਇ ਹਟਾਵੋ। ਕਯੋਂ ਨਾਹਕ ਲਰਿ ਪ੍ਰਾਨ ਗਵਾਵੋ॥੬॥ ਅਲਪ ਬਾਤ ਪਰ ਇਤਿਕ ਬਖੇਰਾ। ਨਹਿਂ ਕੀਜੈ ਦੀਰਘ ਭਟ ਭੇਰਾ'। ਮਾਨ ਸਿੰਘ ਹਯ ਗਯੋ ਧਵਾਇ। ਕਹਿ ਦੋਨਹੁੰ ਦਿਸ਼ਿ ਦਏ ਹਟਾਇ॥ ੭ ॥ 'ਗੁਰੂ ਸ਼ਾਹੁ ਕੌ ਮੇਲ ਬਿਸਾਲਾ। ਕਿਸ ਅਲੰਬ ਤੁਮ ਸਿੰਘਰ ਘਾਲਾ। ਮਰੇ ਪਰੇ ਦੁਹਿਦਿਸ਼ਿ ਕੇ ਯੋਧਾ। ਘਾਸ ਹੇਤੁ ਕਯੋਂ ਕੀਨਸਿ ਕ੍ਰੋਧਾ'॥ ੮ ॥ ਇਮ ਸਮੁਝਾਇ ਸ਼ਾਂਤਿ ਵਰਤਾਈ। ਫਿਰਯੋ ਬੀਚ ਕਰਿ ਬਾਚ ਤਬਾਈ[1]। ਇਕ ਤੁਰਕਾਨ ਕੇ ਭਟ ਮਤਿਮੰਦ। ਤਿਨ ਕਰਿ ਤਯਾਰ

[1]ਉਤੇ ਵਿੱਚ ਫਿਰਕੇ ਵਿਚੋਲਗੀ ਕਰਦਾ ਰਿਹਾ।

ਤੁਫੰਗ ਬਿਲੰਦ॥੯॥ਮਾਨ ਸਿੰਘ ਕੌ ਤਾਕਿ ਚਲਾਈ। ਔਚਕ ਲਗੀ ਗਿਰਯੋ ਛਿਤ ਜਾਈ। ਦੇਖਤਿ ਸਿੰਘਨਿ ਕ੍ਰੋਧ ਵਧਾਯੋ। ਛੁਰੀ ਤੁਫੰਗਨ ਜੰਗ ਮਚਾਯੋ ॥ ੧੦ ॥ ਹੇਲਾ ਘਾਲਿ ਸ਼ੱਤ੍ਰ ਗਨ ਮਾਰੇ। ਗਿਰੇ ਹਯਨਿ ਤੇ ਮਨਹੁ ਮੁਨਾਰੇ। ਔਚਕ ਹਤਿ ਅਚਰਜ ਬੱਡ ਕਿਯੋ। ਕਹੌਂ ਕਹਾਂ ਦੀਰਘ ਰਣ ਭਯੋ। ॥੧੧॥ਕੇਤਿਕ ਤੁਰਕ ਮਰਾਇ ਪਲਾਏ। ਸਿੰਘ ਪਾਸ ਲੈ ਕਰਿ ਸਾਥ ਆਏ। ਮਾਨ ਸਿੰਘ ਕੋ ਮਰਨੋਂ ਸੁਨਯੋਂ। ਬਹੁ ਅਫਸੋਸ ਗੁਰੂ ਮਨ ਗਿਨਯੋਂ ॥ ੧੨॥ 'ਕਹਾਂ ਕਰੀ ਮਤਿਮੰਦਨ ਬਾਤ। ਵਿਰਥ ਹਟਾਵਤਿ, ਕੀਨਸਿ ਘਾਤ। ਮਹਾਂ ਸੂਰਮਾ ਅਰੁ ਬੁਧਿਵਾਨ। ਕਹਾਂ ਹੋਇ ਸੋ ਪ੍ਰਾਪਤਿ ਪ੍ਰਾਨ॥ ੧੩ ॥ ਕੌਨ ਕੌਨ ਗੁਨ ਸਿਮਰੈਂ ਤਾਂਹੀ। ਸਭਿ ਕਾਰਜ ਮਹਿ ਸ਼ੁਭ ਮਤਿ ਜਾਂਹੀ। ਪੁਰਿ ਅਨੰਦ ਚਮਕੌਰ ਮਝਾਰਾ। ਲਰਿ ਕਰਿ ਨਿਕਸਯੋ ਸੰਗ ਜੁਝਾਰਾ ॥੧੪॥ ਐਸੋ ਬੀਰ ਕਹਾਂ ਅਬਿ ਪਾਊਂ। ਵਿਰਲੇ ਹੋਤਿ, ਨਹੀਂ ਸਭਿ ਥਾਊਂ'। ਸਰਬ ਪ੍ਰਸੰਗ ਸ਼ਾਹੁ ਜਬਿ ਸੁਨਯੋਂ। ਰਹਯੋ ਬਿਸੂਰਤ ਮਾਥੋ ਧੁਨਯੋਂ ॥ ੧੫ ॥ ਹੁਕਮ ਕਰਯੋ 'ਸਭਿ ਕੋ ਗਹਿ ਲੀਜੈ। ਖ਼ਤਾਵੰਦ ਗੁਰ ਕੋ ਅਬਿ ਦੀਜੈ। ਜਿਮ ਚਾਹੈਂ ਤਿਮ ਪਲਟਾ ਲੈਹੈਂ। ਪ੍ਰਥਮ ਬੈਰ ਮੂਰਖ ਸਿਮਰੈ ਹੈਂ' ॥ ੧੬ ॥ ਚਢੀ ਸੈਨ ਸਭਿ ਕੋ ਗਹਿ ਲਯਾਈ। ਖਰੇ ਕਰੇ ਹਜ਼ਰਤ ਅਗਵਾਈ। ਤਿਨ ਸਭਿਹਿਨ ਕੌ ਲੈਕੇ ਸਾਥ। ਆਯੋ ਜਹਿ ਬੈਠੇ ਜਗਨਾਥ ॥ ੧੭ ॥ ਨਮੋ ਕਰਤਿ ਥਿਰ ਹੋਯਹੁ ਪਾਸ। ਸਕਲ ਬਾਰਤਾ ਕਰੀ ਪ੍ਰਕਾਸ਼। 'ਗੁਨਹਿਗਾਰ ਗਨ ਇਹੀ ਤੁਮਾਰੇ। ਹੁਕਮ ਕਰੋ ਜਿਮ ਤਿਮ ਦਯੋਂ ਮਾਰੇ ॥ ੧੮ ॥ ਕੈ ਸਲਿਤਾ ਮਹਿ ਸਭਿਨਿ ਡੁਬਾਇ। ਕੈ ਮੁਹਿ ਤੋਪਨ ਕੇ ਉਡਿਵਾਇ। ਇਨ ਮੂਢਨਿ ਪ੍ਰਤਾਪ ਨਹਿ ਜਾਨਾ। ਦਈ ਮੋਹਿ ਤੁਮ ਸਲਤਨ ਦਾਨਾ॥੧੯॥ ਗਨ ਗਜ ਬਾਜੀ ਆਦਿ ਸਮਾਜ। ਮੋਕੋ ਦਿਯੋ ਗ਼ਰੀਬ ਨਿਵਾਜ!'ਸੁਨਿ ਪ੍ਰਭੁ ਕਹਯੋ 'ਕਹਿਰ ਇਨ ਧਰਯੋ। ਹੇਤੁ ਹਟਾਵਨ ਪਠਿਬੋ ਕਰਯੋ ॥ ੨੦ ॥ ਦੁਹਿਦਿਸ਼ਿ ਤੇ ਸਮੁਝਾਇ ਮਿਟਾਏ। ਭਯੋ ਸ਼ੰਕ ਬਿਨ ਇਤ ਉਤ ਜਾਏ। ਸੁਧਿ ਬਿਨ ਇਕ ਮੂਰਖ ਤਕਿ ਗੋਰੀ। ਹਤੀ ਨੇਰ ਹੁਇ ਛਾਤੀ ਫੋਰੀ ॥ ੨੧ ॥ ਐਸੋ ਕਰਮ ਕੁਮਤਿ ਧਰਿ ਕਰਯੋ। ਬੀਰ ਅਮੋਲਕ ਪ੍ਰਾਨਨਿ ਹਰਯੋ। ਗਨ ਸ਼ੱਤ੍ਰਨਿ ਸਨ ਏਕ ਲਰੰਤਾ। ਸੁਮਤਿਵੰਤ ਬਹੁ ਧੀਰਜਵੰਤਾ ॥੨੨॥ ਪ੍ਰਥਮ ਬੈਰ ਸਿਮਰਯੋ ਮਤਿਮੰਦੇ। ਨਹਿ ਜਾਨਯੋਂ ਇਨ ਆਪਨਿ ਨਿਕੰਦੇ'*। ਕਹਿ

*ਇਸਨੇ ਜਾਣਿਆ ਨਹੀਂ (ਕਿ ਇਹ ਇਸ ਨੇ) ਆਪਣਾ ਨਾਸ਼ ਕੀਤਾ ਹੈ।

ਇੱਤਿਯਾਦਿ ਕ੍ਰਿਪਾ ਪ੍ਰਭੁ ਕੀਨੀ। 'ਤ੍ਯਾਗ ਦੇਹੁ[1] ਇਨ,' ਆਇਸੁ ਦੀਨੀ ॥੨੩॥'ਕਰਹਿਂ ਸਿੰਘਾਰ ਹਾਥ ਨਹਿਂ ਆਵੈ। ਅਪਨੋ ਕਿਯੋ ਆਪ ਹੀ ਪਾਵੈ'। ਪਕਰੇ ਹੁਤੇ ਪਾਇ/ਥਰ ਤ੍ਰਾਸਾ। ਜਾਨੈ–ਨਿਸ਼ਚੈ ਹੋਇ ਬਿਨਾਸ਼ਾ–॥ ੨੪ ॥ ਗੁਰਬਾਣੀ ਸੁਨਿ ਸੁਧਾ ਸਮਾਨਾ। ਲਖੀ ਕਿ–ਦੀਨ ਪ੍ਰਾਨ ਕੋ ਦਾਨਾ–। 'ਧੰਨ ਗੁਰੂ ਤੁਮਰੀ ਵਡਿਆਈ। ਅਸ ਅਪਰਾਧੀ ਦਏ ਛੁਡਾਈ' ॥ ੨੫ ॥ ਸ਼ਾਹੁ ਬਹਾਦਰ ਬਿਨਤੀ ਕਰਿ ਕਰਿ। ਅਧਿਕ ਦੀਨਤਾ ਨਿਜ ਮਹਿਂ ਧਰਿ ਧਰਿ। ਸਤਿਗੁਰ ਕੋ ਰਿਝਾਇ ਬਹੁ ਲੀਨੋ। ਕਰਿ ਬੰਦਨ ਪਗ ਉਠਿਬੋ ਕੀਨੋ ॥੨੬॥ ਨਿਜ ਡੇਰੇ ਮਹਿ ਪਹੁੰਚਯੋ ਜਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ। ਭਈ ਪ੍ਰਭਾਤ ਕੂਚ ਕਰਿ ਡੇਰੇ। ਚਲਯੋ ਬਹਾਦਰ ਸ਼ਾਹੁ ਅਗੇਰੇ ॥ ੨੭ । ਮਿਲੇ ਰਾਵ ਰਾਣੇ ਸਮੁਦਾਈ। ਭਯੋ ਤੇਜ ਦਿਨਪ੍ਰਤਿ ਅਧਿਕਾਈ। ਦੇਖਤਿ ਲਸ਼ਕਰ ਸਿੰਧੁ ਸਮਾਨਾ। ਹ੍ਵੈ ਨ ਮਵਾਸੀ ਤ੍ਰਾਸ ਮਹਾਨਾ ॥ ੨੮ ॥ ਸਲਿਤਾ ਤਪਤੀ ਤਰਨਿ ਕੁਮਾਰੀ[2]। ਮਗ ਉਲੰਘਿ ਪਹੁੰਚਯੋ ਦਲ ਭਾਰੀ। ਉਤਰਯੋ ਸ਼ਾਹੁ ਤੀਰ ਤਿਸ ਕੇਰੇ। ਬਿਮਲ ਨੀਰ ਸੁੰਦਰ ਕੋ ਹੇਰੇ ॥ ੨੯ ॥ ਚੱਕ੍ਰਵਾਕ[3], ਕਾਰੰਡਵ[4] ਘਨੇ। ਤਟ ਸ਼ਬਦਾਇਮਾਨ ਖਗ ਭਨੇ[5]। ਕੂਰਮ, ਮੀਨ ਬ੍ਰਿੰਦ ਜਲਜੰਤਾ। ਸੁੰਦਰ ਦੇਸ਼ ਜਹਾਂ ਸੁਖਵੰਤਾ ॥ ੩੦ ॥ ਚਲਿ ਆਏ ਸਤਿਗੁਰ ਭਗਵਾਨ। ਹੇਰਤਿ ਉਤਰੇ ਪੁਰਿ ਬੁਰਹਾਨ। ਤਹਿਂ ਕੀ ਸੰਗਤਿ ਸਦਨ ਸੁਧਾਰਾ। ਗੁਰ ਕੇ ਹੇਤੁ ਮਨੋਰਥ ਧਾਰਾ ॥ ੩੧ ॥ ਕਰਹਿਂ ਬਸਾਵਨ ਇਸ ਕੋ ਮਾਂਹਿ। ਸਭਿ ਸੰਗਤਿ ਪੁਨਿ ਦਰਸ਼ਨ ਜਾਹਿਂ'। ਸੰਮਤ ਆਗੇ ਸਦਨ ਬਨਾਏ। ਧਰੀ ਕਾਮਨਾ'ਬਸਿ ਹੈਂ ਆਏ' ॥੩੨॥ ਸੰਗਤਿ ਕੀ ਪੂਰਨ ਅਭਿਲਾਖਾ। ਪਹੁੰਚੇ ਗੁਰੂ ਸਕਲ ਮਗ ਨਾਖਾ[6]। ਸੰਗਤ ਕੇ ਮੁਖਿ ਸਿਖ ਚਲਿ ਆਏ। ਲੇ ਗਮਨੇ ਹ੍ਵੈ ਕਰਿ ਅਗਵਾਏ ॥ ੩੩ ॥ ਹਾਥ ਜੋਰਿ ਉਤਰਾਇ ਬਡੇਰਾ। ਸੰਗਤਿ ਆਨਿ ਦਰਸ ਕੋ ਹੇਰਾ। ਅਨਿਕ ਅਕੋਰਨ ਅਰਪਿ ਅਗਾਰੀ। ਦਰਬ ਬਿਭੂਖਨ ਪਟ ਮੂਲ ਭਾਰੀ ॥ ੩੪ ॥ ਬਹੁ ਪਕਵਾਨ ਤਿਹਾਵਲ ਆਏ। ਕਰਿ ਅਰਦਾਸ ਅਖਿਲ ਬਰਤਾਏ। ਹੇਤ ਦੇਗ ਕੇ ਚਾਵਰ ਚੂਨ। ਘ੍ਰਿਤ ਮਿਸ਼ਟਾਨ ਆਨਿ ਸਹਿਤੂਨਿ[7]' ॥ ੩੫ ॥ ਕੀਨੀ ਬਿਬਿਧਿ ਬਿਧਿਨਿ

[1]ਛੱਡ ਦਿਓ। [2]ਤਾਪਤੀ ਨਾਮੇ ਨਦੀ ਤੋਂ ਮੁਰਾਦ ਹੈ ਜੋ ਸੂਰਜ ਦੀ ਪੁੱਤ੍ਰੀ, ਉਸਦੀ ਇਸਤ੍ਰੀ ਛਾਇਆ ਤੋਂ ਜੰਮੀ, ਮੰਨੀ ਜਾਂਦੀ ਹੈ। ਇਹ ਸਤਪੁੜਾ ਪਹਾੜਾਂ ਵਿਚੋਂ ਨਿਕਲਕੇ ਅਰਬ ਸਮੁੰਦਰ ਵਿਚ ਡਿਗਦੀ ਹੈ। [3]ਚਕਵਾ ਚਕਵੀ। [4]ਜਲੀਆਂ ਬੱਤਕਾਂ। [5]ਕਿਨਾਰਾ ਸ਼ਬਦ ਵਾਲਾ ਹੋ ਰਿਹਾ ਹੈ ਪੰਛੀਆਂ ਦੇ ਬੋਲਣ ਨਾਲ। [6]ਲੰਘਕੇ। [7]ਸਾਰੇ ਲਿਆਏ।

ਕੀ ਸੇਵਾ । ਕਰੇ ਪ੍ਰਸੰਨ ਭਲੇ ਗੁਰਦੇਵਾ। ਖੁਸ਼ੀ ਕਰੀ ਸਭਿ ਪਰ ਹਰਖਾਏ। ਪੂਰੀ ਕਾਮਨਾ ਸਿਖ ਸਮੁਦਾਏ ॥ ੩੬ ॥ ਤਪਤੀ ਨਦੀ ਤੀਰ ਪਰ ਡੇਰਾ। ਊਚ ਦਮਦਮਾ ਸੁੰਦਰ ਹੇਰਾ। ਤਹਾਂ ਬਾਸ ਪ੍ਰਭੁ ਨਿਸਾ ਬਿਤਾਈ। ਸੌਚ ਸ਼ਨਾਨ ਪ੍ਰਾਤਿ ਹੁਇ ਆਈ ॥ ੩੭ ॥ ਬਸਤ੍ਰ ਸ਼ਸਤ੍ਰ ਸਜਿਕੈ ਬਿਧਿ ਨਾਨਾ। ਜ਼ੇਵਰ ਜਬਰ ਜ਼ੇਬ ਜਿਨ ਜਾਨਾ। ਸਭਾ ਖਾਲਸੇ ਕੀ ਦਿਸ਼ਿ ਚਾਰੀ । ਮਿਲੇ ਹਜ਼ਾਰਹੁੰ ਨਰ ਅਰੁ ਨਾਰੀ ॥ ੩੮ ॥ ਦਰਸ਼ਨ ਕਰਤਿ ਹੋਤਿ ਬਲਿਹਾਰੀ। ਸੁਨਹਿੰ ਬਾਕ ਗੁਰ ਕੇ ਸੁਖਕਾਰੀ। ਇਸ ਪ੍ਰਕਾਰ ਕੇਤਿਕ ਦਿਨ ਡੇਰਾ। ਬਸੇ ਦੇਸ਼ ਬਹੁ ਸੁੰਦਰ ਹੇਰਾ ॥ ੩੯ ॥ ਬਾਪੀ ਕੂਪ ਤਰੋਵਰ ਭਾਰੇ। ਸੂਰਜ ਦੁਹਿਤਾ ਤੀਰ ਉਦਾਰੇ। ਚਢਿ ਕਰਿ ਵਿਚਰਾਂ, ਇਕ ਸਮ ਅਵਨੀ। ਹਰਿਤ ਦੂਰਬਾ ਤੇ ਦੁਤਿ ਰਵਨੀ[1]॥੪੦॥ਸ਼ਾਹੁ ਬਹਾਦਰ ਚਢਿ ਪ੍ਰਸਥਾਨਾ। ਦੇਸ਼ਨ ਸਭਨਿ ਮਨਾਵਤਿ ਆਨਾ।ਕੇਤਿਕ ਦਿਵੇਸ ਪ੍ਰਭੁ ਤਹਿੰ ਰਹੇ। ਕਵਿ ਸੰਤੋਖ ਸਿੰਘ ਜਸੁ ਕੋ ਕਹੇ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੁਰਹਾਨ ਪੁਰ' ਪ੍ਰਸੰਗ ਬਰਨਨੰ ਨਾਮ ਦ੍ਰਿਤੀਓ ਅੰਸੂ ॥ ੨ ॥

### ੩. [ਬੁਰਹਾਨ ਪੁਰ, ਸਾਧੂ ਨੂੰ ਨਿਹਾਲ ਕੀਤਾ]।

ਦੋਹਰਾ॥ਸ਼ਾਹੁ ਬਹਾਦਰ ਚਢਿ ਗਯੋ ਦੱਛਨ ਦੇਸ਼ ਮਝਾਰ। ਜਹਾਂ ਜੰਗ ਨੌਰੰਗ ਕਰਿ ਲੇ ਧਨ ਦੇਸ਼ ਉਦਾਰ[2] ॥ ੧ ॥ ਚੌਪਈ ॥ ਪਿਖਿ ਸਿੱਖਨਿ ਕੋ ਭਾਉ ਮਹਾਨਾ । ਹਿਤ ਰਾਖਨ ਬਹੁ ਬਾਰਿ ਬਖਾਨਾ । ਤਿਨ ਕੀ ਸੁਨਿਕੈ ਸ਼੍ਰੀ ਪ੍ਰਭੁ ਬਿਨਤੀ । ਪੁਰਿ ਬੁਰਹਾਨ ਬਸੇ ਤਜਿ ਗਿਨਤੀ॥੨॥ ਦਿਨਪ੍ਰਤਿ ਸੇਵਾ ਕਰੈਂ ਘਨੇਰੀ । ਦਰਸ਼ਨ ਪਿਖਹਿੰ ਜਾਹਿ ਜੁਗ ਬੇਰੀ[3] । ਬਡੀ ਆਰਬਲ ਸਾਧੂ ਏਕ। ਬਸਹਿ ਨਗਰ ਮਹਿੰ ਸਹਿਤ ਬਿਬੇਕ ॥ ੩ ॥ ਗੁਰ ਆਗਵਨ ਸੁਨਯੋ ਤਿਨ ਕਾਨ। ਅੰਮ੍ਰਿਤ ਦਯੋ ਮਨਹੁੰ ਕਿਨ ਆਨਿ । ਤੁਰਤ ਉਠਯੋ ਦਰਸ਼ਨ ਕੋ ਗਯੋ। ਨਦੀ ਤੀਰ ਗੁਰ ਥਿਰ ਜਹਿਂ ਭਯੋ ॥੪॥ ਸਭਾ ਮਝਾਰ ਸੁਹਾਵਤਿ ਐਸੇ।ਕਰਿ ਸ਼ਿੰਗਾਰ ਧਨਾਧਿਪ[4]ਜੈਸੇ। ਹੇਰਿ ਦੂਰ ਤੇ ਪ੍ਰੇਮ ਪ੍ਰਫੁਲਾ। ਮਨਹੁੰ ਅਮਲਤੇਅਮਲੀਝੂਲਾ[5]॥੫॥ਰਿਦੈਅਨੰਦ ਉਮੰਗਤਿ ਜੇਵਾ।ਰੋਮੰਚਤਿ ਸਾਧੂ ਤਨ ਹੋਵਾ।ਨੀਠ ਨੀਠ ਪਾਇਨਿ ਕਹੁ ਡਾਲਤਿ[6]। ਡਗਮਗਾਤਿ, ਡੋਲਤਿ,

---

[1]ਹਰੇ ਹਰੇ ਘਾਸ ਨਾਲ ਸ਼ੋਭਾ ਰਮਣੀਕ ਹੋ ਰਹੀ ਹੈ। [2]ਜਿੱਥੇ ਔਰੰਗਜ਼ੇਬ ਨੇ ਜੰਗ ਕਰਕੇ ਬਹੁਤ ਧਨ ਵਾਲਾ ਦੇਸ਼ ਲੈ ਲਿਆ ਸੀ। ( ਅ ) ਦੇਸ਼ ਤੋਂ ਬਹੁਤ ਧਨ ਲਿਆ ਸੀ। [3]ਦੋ ਵੇਰੀ ਜਾਕੇ। [4]ਕੁਬੇਰ। [5]ਝੂਮ ਪਿਆ। [6]ਮਸਾਂ ਮਸਾਂ ਪੈਰਾਂ ਨੂੰ (ਅੱਗੇ) ਧਰਦਾ ਹੈ।

ਦ੍ਰਿਗ ਚਾਲਤਿ[1]॥੬॥ਬਿਦਨ ਹੇਰਿ ਦੂਰ ਹੀ ਰਹ੍ਯੋ[2]।ਪਰ੍ਯੋ ਪ੍ਰਿਥੀ ਪਰ ਜਨੁ ਪਗ ਗਹ੍ਯੋ। ਪ੍ਰੇਮ ਅਧਿਕਤਾ ਤਿਸ ਗੁਰ ਹੇਰੀ। ਤੂਰਨ ਉਠਤਿ ਭਏ ਤਿਸ ਬੇਰੀ॥੭॥ਗਹਿ ਭੁਜ ਬਲ ਤੇ ਤੁਰਤ ਉਠਾਯੋ। ਅਧਿਕ ਸਖਾ ਲਖਿ ਗਰੇ ਲਗਾਯੋ। ਲ੍ਯਾਇ ਸਭਾ ਮਹਿਂ ਢਿਗ ਬੈਠਾਰਾ। ਕਰਿ ਆਦਰ ਕੋ ਮ੍ਰਿਦੁਲ ਉਚਾਰਾ॥੮॥ 'ਕੁਸ਼ਲ ਸ਼ਰੀਰ ਆਪ ਕੇ ਅਹੇ? ਪ੍ਰੇਮਾ ਭਗਤਿ ਰਿਦਾ ਦ੍ਰਿੜ੍ਹ ਲਹੇ।ਕਾਮ ਕ੍ਰੋਧ ਤੇ ਆਦਿ ਬਿਕਾਰਾ।ਬਿਨਸ ਗਏ ਕੈ ਨਹਿਂ ਦੁਖਕਾਰਾ?'॥੯॥ ਕੌਤਿਕ ਚਿਰ ਮਹਿ ਧੀਰਜ ਧਾਰੀ। ਨੀਕੀ ਸ੍ਰੀ ਮੁਖ ਪ੍ਰਭਾ ਨਿਹਾਰੀ। ਹਾਥ ਜੋਰਿ ਬੋਲ੍ਯੋ 'ਸੁਨਿ ਸ੍ਵਾਮੀ! ਸਭਿ ਜਾਨਤਿ ਤੁਮ ਅੰਤਰਜਾਮੀ ॥ ੧੦ ॥ ਕ੍ਰਿਪਾ ਆਪ ਕੀ ਜਿਸ ਪਰ ਹੋਵੈ। ਜੜ੍ਹ ਬਿਕਾਰ ਕੀ ਹਉਮੈਂ ਖੋਵੈ। ਤਨ ਹੰਤਾ ਗਾਢੀ ਹੁਇ ਜਾਵਦਿ[3]।ਕਾਮ ਕ੍ਰੋਧ ਨਹਿਂ ਬਿਨਸਹਿ ਤਾਵਦਿ[4] ॥੧੧॥ ਇਸ ਦੁਬਿਧਾ ਘਰ ਬਹੁਤੇ ਗਾਲੇ। ਭਗਤ ਆਪ ਕੇ ਰਹੇ ਸੁਖਾਲੇ*। ਲਾਗਹਿ ਮਿਸ਼ਟ ਈਸ਼ ਕੋ ਭਾਨਾ। ਲਿਵ ਲਾਗੇ ਸਤਿਨਾਮ ਮਹਾਨਾ॥੧੨॥ ਤਨ ਹੰਤਾ ਕੋ ਛੇਰਨਿ ਕਰੈ। ਬਹੁਰ ਪ੍ਰਮੇਸ਼ੁਰ ਕਰੁਨਾ ਧਰੈ। ਉਚਿਤ ਸ੍ਰੇਯ ਕੇ ਤਬਿ ਹੁਇ ਜੀਵੈ। ਪ੍ਰਭੂ ਕੋ ਪ੍ਰੇਮ ਸੁਧਾ ਨਿਤ ਪੀਵੈ ॥ ੧੩ ॥ ਸਕਲ ਬਿਕਾਰਨ ਕੋ ਹੁਇ ਨਾਸ਼।ਸਾਸ ਸਾਸ ਜਪੁ ਪ੍ਰਭੁ ਲਖਿ ਪਾਸ। ਪਟਣੇ ਸ਼ਹਿਰ ਜਨਮ ਜਬਿ ਭਯੋ। ਬ੍ਰਹਮਪੁੱਤ੍ਰ ਨਦਿ ਢਿਗ ਸੁਨਿ ਲਯੋ ॥ ੧੪ ॥ ਤਬਿ ਸ੍ਰੀ ਤੇਗ ਬਹਾਦਰ ਪਾਸ[5] । ਦਰਸ਼ਨ ਕਰਤਿ ਹੁਤੋ ਸੁਖ ਰਾਸ। ਲਖਿ ਭੂਪਤਿ ਕੋ ਭਾਵ ਬਿਸਾਲਾ। ਦੋਨੋ ਥਿਜੇ ਹੁਤੇ ਤਿਸ ਨਾਲਾ ॥ ੧੫ ॥ ਜਨਮ ਆਪ ਕੋ ਸੁਨਿ ਹਰਖਾਏ। ਸ਼ੁਤਰੀ ਦੁੰਦਭਿ ਬਹੁ ਬਜਵਾਏ। ਤੁਪਕ ਤੋਪ ਲਸ਼-ਕਰ ਮਹਿਂ ਸਾਰੀ। ਭਈ ਸ਼ਲਖ ਛੂਟੀ ਇਕਬਾਰੀ ॥ ੧੬ ॥ ਤੁਰਹੀ ਰਣਸਿੰਘੇ ਡਫ ਢੋਲਾ। ਬਾਜੇ ਪਟਹ ਭਯੋ ਬਡ ਰੌਲਾ। ਸ੍ਰੀ ਗੁਰ ਤੇਗ਼ ਬਹਾ-ਦਰ ਭਾਰੀ। ਉਤਸਵ ਕਰ੍ਯੋ ਮਹਾਂ ਤਿਸ ਬਾਰੀ ॥ ੧੭ ॥ ਆਏ ਮੰਗਤ ਜਨ ਸਮੁਦਾਏ। ਗਯੋ ਨ ਛੂਛੋ ਸਭਿ ਧਨ ਪਾਏ। ਨ੍ਰਿਪ ਜੁਤਿ ਸਭ ਲਸ਼-ਕਰ ਉਤਸਾਹਾ। ਦਯੋ ਦਾਨ ਜਸ ਜਸ ਜਿਸ ਪਾਹਾ ॥ ੧੮ ॥ ਤਬਿ ਮੈਂ ਬੂਝੇ ਪਿਤਾ ਤੁਹਾਰੇ ।-ਕਸ ਸਾਹਿਬਜ਼ਾਦੇ ਗੁਨ ਭਾਰੇ ? ਜਿਸ਼ ਜਨਮਤਿ ਬਹੁ

[1]ਨੈਣ ਚਲਦੇ ਹਨ ਭਾਵ ਅੱਥਰੂ ਵਗਦੇ ਹਨ। [2]ਦੂਰੋਂ ਹੀ ਦੇਖਕੇ ਬੰਦਨਾਂ ਵਿਚ ਪੈ ਗਿਆ। [3]ਜਦ ਤਕ। [4]ਤਦ ਤਕ। [5]ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਸਾਂ।

*ਗੁਰਬਾਣੀ ਵਿਚ ਤੁਕ ਐਉਂ ਹੈ:-'ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥' [illegible]

ਮੰਗਲ ਹੋਵਾ। ਯਾਂਤੇ ਮੈਂ ਬਾਂਛਤਿ ਮੁਖ ਜੋਵਾਂ[1]–॥ ੧੯ ॥ ਸੁਨਿਕੈ ਗੁਰੂ ਬ੍ਰਿਤੰਤ ਉਚਾਰਾ।–ਈਸ਼ੁਰ ਆਇਸੁ ਤੇ ਅਵਤਾਰਾ। ਰੋਮ ਰੋਮ ਪ੍ਰਤਿ ਬਿਸ਼ਨੁ ਮਹੇਸ਼ਾ। ਕਰਤਾ ਪੁਰਖ ਕ੍ਰਿਪਾਲ ਬਿਸ਼ੇਸ਼ਾ ॥੨੦॥ ਜੋਗ ਸਾਧਨਾ ਬਹੁ ਬਿਧਿ ਸਾਧੇ। ਧਰਿ ਇਮ ਧਯਾਨ ਸੁ ਪ੍ਰਭੂ ਅਰਾਧੇ। ਹ੍ਵੈ ਪ੍ਰਸੰਨ ਇਹ ਪੁਰਸ਼ ਪਠਾਯੋ। ਚਿਰੰਕਾਲ ਤੇ ਇਕ ਸੁਤ ਪਾਯੋ ॥ ੨੧ ॥ ਪਾਛਲ ਹਮਹੁੰ ਆਰ-ਬਲ ਆਇ। ਸੰਮਤ ਚਾਲਿਸ ਤੇ ਅਧਿਕਾਇ। ਬਲੀ ਪੁਰਖ ਲੀਨਸਿ ਅਵਤਾਰ। ਕਾਰਜ ਬਡੇ ਲੇਹਿ ਇਹ ਸਾਰ ॥ ੨੨॥ ਹਿੰਦੂ ਪਨੇ ਕੀ ਰਾਖਹਿ ਲਾਜ। ਨਾਸ਼ਹਿ ਤੁਰਕਨਿ ਰਾਜ ਸਮਾਜ। ਪੰਥ ਤੀਸਰੋ ਕਰਹਿ ਉਪਾ-ਵਨਿ। ਸੰਤ ਉਬਾਰ ਦੁਸ਼ਟ ਗਨ ਘਾਵਨ ॥੨੩॥ ਮੱਦ੍ਰ ਦੇਸ਼ ਮਹਿਂ ਜੰਗ ਅਖਾੜੇ। ਲਾਖਹੁੰ ਮਾਰਹਿ ਪਵਹਿਂ ਪਵਾੜੇ। ਤੁਰਕ ਪਤੀ ਕੋ ਕਰਿ ਸੰਘਾਰ। ਦੱਖਣ ਆਇ ਅੰਤ ਕੀ ਬਾਰ ॥ ੨੪ ॥ ਸੁਨਹੁ ਸਾਧ ਤੁਹਿ ਬੈਸ ਬਡੇਰੀ। ਟਿਕਹੁ ਕਿਤਹਿ ਤਬਿ ਲੀਜਹਿ ਹੇਰੀ–। ਇਹ ਸਭਿ ਸੁਨਿਕੈ ਤੁਮ ਪਿਤ ਪਾਸ। ਇਸ ਪੁਰਿ ਬਸਯੋ ਦਰਸ ਕਰਿ ਆਸ ॥ ੨੫ ॥ ਸਿਮਰਤਿ ਰਹਯੋ ਪ੍ਰਤੀਖਨ ਧਾਰਿ।ਅਬਿ ਤੁਮ ਆਏ ਕਰੁਨਾ ਧਾਰਿ। ਸਭਿ ਕਾਰਜ ਕਰਿ ਲੀਨ ਸੁਖਾਰੇ। ਆਏ ਇਤਹੁੰ ਅੰਤ ਕੀ ਵਾਰੇ ॥੨੬॥ ਮਮ ਸਮ ਕੀ ਪੁਰ-ਵਨ ਕਰਿ ਆਸਾ। ਅਨਿਕ ਭਾਂਤਿ ਪਿਖਿ ਜਗਤ ਤਮਾਸ਼ਾ। ਦਰਸ਼ਨ ਕਰਿ ਨਿਹਾਲ ਮੈਂ ਹੋਯੋ। ਤਪ ਜਪ ਅਪਨਿ ਕ੍ਰਿਤਾਰਥ ਜੋਯੋ ॥ ੨੭ ॥ ਪੁਰਹੁ ਕਾਮਨਾ ਏਕ ਹਮਾਰੀ। ਕਰੌਂ ਅਹਾਰ ਸੁ ਹੇਤੁ ਤੁਮਾਰੀ। ਅਚੀਅਹਿ ਪ੍ਰਾਤ ਸਿੰਘ ਲੇ ਸਾਥ'। ਦੇਖਿ ਭਾਵਨਾ ਮਨ ਕੀ ਨਾਥ ॥੨੮॥ ਸੁਨਤਿ ਸਾਧ ਕੇ ਬਚ ਹਰਖਾਏ। 'ਤੁਮ ਸਾਧਨ ਪਰਲੋਕ ਕਮਾਏ। ਮਾਨੁਖ ਜਨਮ ਕ੍ਰਿਤਾ-ਰਥ ਕੀਨੋ। ਫੇਰ ਨ ਫੇਰਾ ਹੁਇ ਜਗ ਚੀਨੋ ॥੨੯॥ਤਜਿ ਬਿਕਾਰ ਉੱਜਲ ਮਨ ਕਿਯੋ। ਪੁਨ ਸਤਿਨਾਮ ਰੰਗ ਦ੍ਰਿੜ ਦਿਯੋ। ਉਤਰਹਿ ਨਹਿਂ ਜੁ ਰੰਗ ਬਹੁ ਗਾਢੋ। ਹ੍ਵੈ ਨ ਪੁਰਾਤਨ,ਦਿਨ ਦਿਨ ਬਾਢੋ ॥ ੩੦ ॥ ਪ੍ਰਭੁ ਬਸਿ ਕਰਯੋ ਪ੍ਰੇਮ ਤੇ ਜਿਨੈਂ। ਤਿਨ ਕੋ ਕਹਯੋ ਨ ਕਯੋਂ ਹਮ ਮਨੈਂ।ਯਾਂਤੇ ਨਿਤ ਆਇਸੁ ਅਨੁਸਾਰੀ। ਕਯੋਂ ਨ ਆਇਂ ਤੁਮ ਸਦਨ ਮਝਾਰੀ' ॥ ੩੧ ॥ ਇੱਤਯਾਦਿਕ ਬਚ ਕਹਿ ਸੁਨਿ ਕਰਿਕੈ। ਗਯੋ ਸੰਤ ਉਰ ਆਨੰਦ ਧਰਿਕੈ। ਘਰ ਮਾਹਿ ਜਾਇ ਤਯਾਰ ਕਰਿ ਤੂਰਨ। ਨਾਨਾ ਸੌਜਨ ਭੋਜਨ ਪੂਰਨ॥੩੨॥ਸੂਪਕਾਰ

[1]ਇਸ ਤੇ ਮੈਂ (ਸਾਹਿਬਜ਼ਾਦੇ ਦਾ) ਦਰਸ਼ਨ ਕਰਿਆ ਚਾਹੁੰਦਾ ਹਾਂ।

ਬਹੁ ਚਤੁਰ ਲਗਾਏ। ਖਟ ਰਸ ਸ੍ਵਾਦ ਅਨੇਕ ਬਨਾਏ। ਦਧੀ ਦੁਗਧ ਮਿਸ਼ਟਾਨ ਘਨੇਰੇ। ਤੁਰਸ਼ਾਈ ਜੁਤਿ ਅਸਨ ਬਡੇਰੇ॥੩੩॥ ਡਾਲਿ ਮਸਾਲੇ ਜਾਲ ਬਿਸਾਲੇ। ਸ੍ਵਾਦ ਸੁਗੰਧਿਤ ਬਹੁ ਰਸ ਨਾਲੇ। ਜਾਮ ਦਿਵਸ ਜਬਿ ਸੂਰਜ ਆਯੋ। ਹੇਤੁ ਹਕਾਰਨਿ ਸਾਧ ਸਿਧਾਯੋ ॥ ੩੪ ॥ ਕਰਿ ਬੰਦਨ ਕੋ ਤੁਰੰਗ ਚਢਾਏ। ਸੰਗ ਖਾਲਸਾ ਚਲਿ ਸਮੁਦਾਏ।ਅਪਰ ਚਲੇ ਸਿਖ ਸੰਗਤਿ ਸਾਰੇ। ਧਾਰਿ ਕਾਮਨਾ ਸਾਧ ਹਕਾਰੇ ॥ ੩੫ ॥ ਅਧਿਕ ਭੀਰ ਗੁਰ ਕੇ ਸੰਗ ਹੋਈ। ਪੁਰਿ ਜਨ ਸਿੰਘ ਚਲੇ ਸਭਿ ਕੋਈ। ਸਤਿਸੰਗਤ ਭ੍ਰਾ ਮੇਲ ਬਿਸਾਲਾ। ਪਹੁੰਚੇ ਜਾਇ ਸਾਧ ਕੀ ਸ਼ਾਲਾ ॥ ੩੬ ॥ ਅਨਿਕ ਪੰਕਤਾਂ ਕਰਿ ਬੈਠਾਈ। ਚੌਂਕੀ ਬੀਰ ਬਿਸਾਲ ਡਸਾਈ। ਛਾਦੀ ਬਿਸਦ ਬਸਤ੍ਰ ਕੇ ਸਾਥ। ਸਾਦਰ ਤਹਿ ਬੈਠਾਰੇ ਨਾਥ ॥ ੩੭ ॥ ਥਾਲ ਬਿਸਾਲ ਪਰੋਸਿ ਉਤਾਲਾ। ਆਦਿ ਤਿਹਾਵਲ ਜਿਨ ਰਸ ਜਾਲਾ। ਧਰਯੋ ਪ੍ਰਭੂ ਕੇ ਆਨਿ ਅਗਾਰੀ। ਸੀਤ ਸੁਗੰਧਤਿ ਦੇ ਕਰਿ ਬਾਰੀ ॥ ੩੮ ॥ ਸਭਿ ਪੰਕਤਿ ਕੋ ਪਰੁਸਨਿਹਾਰੇ। ਤੂਰਨ ਦਏ ਪਰੋਸਿ ਅਹਾਰੇ। ਅਚਵਨਿ ਲਗੇ ਕੌਰ ਮੁਖ ਪਾਏ। ਸ਼੍ਰੀ ਗੁਰ ਸ੍ਵਾਦਲ ਅਚਿ ਤ੍ਰਿਪਤਾਏ ॥੩੯॥ ਕਰਯੋ ਸਰਾਹਨ ਬਿਬਿਧ ਅਹਾਰਾ। ਸਭਿ ਤ੍ਰਿਪਤੇ ਲੇ ਸ੍ਵਾਦ ਉਦਾਰਾ। ਪੁਰਿ ਜਨ ਭਨਹਿ 'ਪ੍ਰਥਮ ਕਈ ਬਾਰ। ਭਏ ਅਹਾਰ ਨ ਸ੍ਵਾਦ ਉਦਾਰ ॥ ੪੦ ॥ ਧੰਨ ਸਾਧ ਜਿਨ ਕਿਯ ਅਸ ਮੇਲ। ਕਰਯੋ ਅਸਨਿ ਬਹੁ ਸ੍ਵਾਦਨਿ ਮੇਲਿ'।ਚੁਰਾਕਰੇ ਪ੍ਰਭੁ ਕੇ ਢਿਗ ਆਯੋ[1]।ਦੀਨ ਹੋਇ ਪਾਇਨਿ ਲਪਟਾਯੋ॥ ੪੧ ॥ ਖੁਸ਼ੀ ਕਰੀ ਉਪਜਯੋ ਬ੍ਰਹਮ ਗਯਾਨ। ਏਕ ਆਤਮਾ ਪਿਖਯੋ ਜਹਾਨ। ਉਠੇ ਪ੍ਰਭੂ ਡੇਰੇ ਮਹਿਂ ਆਇ।ਥਿਰਿ ਪ੍ਰਯੰਕ ਪਰ ਹੁਇ ਸੁਖ ਪਾਇ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਾਧ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

੪. [ਨਦੇੜ ਪਹੁੰਚੇ। ਆਪਣੀ ਜਗਾ ਦੇ ਚਿੰਨ੍ਹ ਦੱਸੇ]।

ਦੋਹਰਾ ॥ ਬੀਤੀ ਰਾਤ ਪ੍ਰਭਾਤਿ ਭੀ ਤਬਿ ਕਾਸਦ ਦੁਇ ਆਇ। ਲਿਖਾ ਬਹਾਦਰ ਸ਼ਾਹੁ ਨੇ ਗੁਰ ਕੈ ਨਿਕਟ ਪਠਾਇ ॥ ੧ ॥ ਬੈਂਤ ॥ ਲਿਖਯੋ ਸ਼ੌਕ ਨਾਮਾ[2] 'ਦਿਜੈ ਦਰਸ ਆਈ। ਮਹਾਂ ਪੀਰ ਮੇਰੇ!ਇਹੀ ਬਾਤ ਭਾਈ।ਤੁਮਾਰੀ ਮਿਹਰ ਤੇ ਮਹਾਂ ਤੇਜ ਹੋਵਾ। ਜਹਾਂਨੈ ਕਿ ਮਯਾਨੈ ਮਨਿੰਦੈ ਨ ਦੋਵਾ[3]॥੨॥ ਕਰੋ ਰੰਕ ਰਾਵੰ ਨ ਲਾਗੈ ਅਵਾਰਾ। ਇਲਾਹੀ ਫ਼ਜ਼ਲ ਸੋ ਤੁਮਹਿ ਫ਼ਜ਼ਲ

[1](ਗੁਰੂ ਸਾਹਿਬ) ਬੁਲਾ ਕਰ ਚੁਕੇ ਤਾਂ ਪਾਸ ਆਇਆ ਤੇ......। [2]ਪ੍ਰੇਮ ਨਾਲ ਲਿਖਿਆ ਖਤ, ਪ੍ਰੇਮ ਪੱਤ੍ਰ। [3](ਆਪ ਦੇ) ਮਾਨਿੰਦ (ਵਰਗਾ) ਜਹਾਨ ਵਿਚ ਦੂਸਰਾ (ਕੋਈ) ਨਹੀਂ ਹੈ।

ਧਾਰਾ[1]। ਬਡੀ ਬੇਰ ਬੀਤੀ ਪਿਛਾਰੀ ਰਹੇ ਹੋ। ਕਹੂੰ ਸੰਗਤੀ ਸਿੱਖ ਪ੍ਰੇਮੰ ਲਹੇ ਹੋ ॥੩॥ ਕਿ ਤਾਲਬ[2] ਪਿਖੋਂ ਮੈਂ ਦਿਦਾਰੇ ਤੁਮਾਰਾ। ਨਹੀਂ ਦੇਰਿਕੀਜੈ ਲਖੋ ਪ੍ਰੇਮ ਪਯਾਰਾ[3]। ਸੁਨਾ ਸ਼੍ਰੀ ਗੁਰੂ ਫੇਰ ਤਯਾਰੀ ਕਰਾਈ। ਪਰੇ ਜ਼ੀਨ ਘੋੜਾਨ ਪੈ ਬੇਗਵਾਈ[4] ॥੪॥ ਚੌਪਈ ॥ ਸਿਖ ਸੰਗਤਿ ਤੇ ਰੁਖਸਦ ਹ੍ਵੈ ਕੈ। ਅਪਨੇ ਜਾਨਿ ਖੁਸ਼ੀ ਬਹੁ ਵ੍ਹੈ ਕੈ। ਹਯ[5] ਅਰੋਹਿ ਕਰਿ ਮਾਰਗ ਪਯਾਨੇ। ਸੰਗ ਖਾਲਸਾ ਚਲੇ ਸੁਜਾਨੇ ॥੫॥ ਪੰਥ ਉਲੰਘਤਿ ਪਹੁੰਚੇ ਜਾਇ। ਜਹਾਂ ਹੁਤੇ ਲਸ਼ਕਰ ਸਮੁਦਾਇ। ਆਗੇ ਸ਼ਾਹੁ ਚਢਨੋ ਬਡ ਘੇਰੇ। ਜਾਤਿ ਕਹੂੰ ਸੰਗ ਮਾਨਵ ਥੋਰੇ ॥੬॥ ਔਚਕ ਇਤ ਸਤਿਗੁਰ ਅਸਵਾਰੀ। ਭਈ ਰੋਬਰੋਕਾਰ ਅਗਾਰੀ[6]। ਦਰਸ਼ਨ ਪਰਸੇ ਸੀਸ ਨਿਵਾਯੋ। ਬਿਨੈ ਬਖਾਨਤਿ ਪ੍ਰੇਮਬਢਾਯੋ॥੭ ॥ ਗੁਰ ਸੂਰਜ ਕੋ ਦਰਸ਼ਨ ਹੇਰੇ। ਬਿਗਸੇ ਦ੍ਰਿਗ ਅਰਬਿੰਦ ਬਡੇਰੇ॥ –ਭਲੀ ਬਾਤ ਹੋਈ ਪ੍ਰਭੁ ਆਏ। ਲਖਿ ਮੁਰੀਦ ਸਮ ਦਰਸ ਦਿਖਾਏ–॥੮॥ 'ਸ਼੍ਰੀ ਗੁਰ! ਬਹੁਤੇ ਦਿਵਸ ਬਿਤਾਏ। ਇਤ ਮੈਂ ਤੁਮਰੀ ਦਿਸ਼ਿ ਮਨ ਲਾਏ। ਭਲੇ ਸਥਲ ਪਿਖਿ ਕੀਜੈ ਡੇਰਾ। ਕਰਹੁ ਨਿਹਾਲ ਆਪਨੋ ਚੇਰਾ' ॥ ੯ ॥ ਸੁਨਿ ਸਤਿਗੁਰ ਸਭਿ ਬਾਤ ਬਖਾਨੀ। 'ਪੁਰਿ ਮਹਿਂ ਸੰਗਤਿ ਹੁਤੀ ਮਹਾਨੀ। ਕਰਿ ਕਰਿ ਪ੍ਰੇਮ ਦਿਵਸ ਪ੍ਰਤਿ ਰਾਖੇ। ਹਮ ਬਹੁ ਬਾਰਿ ਚਲਨ ਕੋ ਭਾਖੇ ॥੧੦॥ ਹੁਤੇ ਸਾਧ ਪ੍ਰੇਮੀ ਤਨ ਮਨ ਤੇ। ਕਰਨੋ ਭਾਉ ਤਿਨ ਰਖੇ ਚਲਨ ਤੇ'। ਇਮ ਕਹਿ ਖੁਸ਼ੀ ਸ਼ਾਹੁ ਕੋ ਦੀਨਿ। ਹੇਰਿ ਸਥਲ ਸ਼ੁਭ ਡੇਰਾ ਕੀਨਿ॥੧੧॥ ਖਾਨ ਪਾਨ ਕਰਿ ਬਿਬਿਧ ਬਨਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ। ਭਈ ਪ੍ਰਭਾਤਿ ਕੂਚ ਕਰਿ ਚਲੇ। ਦੱਖਣ ਦੇਸ਼ ਬਿਲੋਕਤਿ ਭਲੇ ॥ ੧੨ ॥ ਨਰ ਨਾਰੀ ਗਨ ਸ਼ਯਾਮ ਵਰਨ ਕੇ। ਇਕ ਸਾਰੀ[7] ਲੇ ਊਪਰ ਤਨ ਕੇ। ਬਸਨ ਬਿਭੂਖਨ ਬੋਲਨਿ ਬੇਸ। ਰੀਤਿ ਔਰ ਕੇ ਪਿਖਤਿ ਸੁ ਦੇਸ਼[8] ॥੧੩॥ ਪੂਨਾ ਨਗਰ ਨਾਗਪੁਰਿ ਕੇਰੋ। ਮਿਲੇ ਆਨਿ ਦੇ ਭੇਟ ਅਗੇਰੋ। ਇੱਤਯਾਦਿਕ ਜੇਤੇ ਤਹਿਂ ਰਾਜ। ਲਸ਼ਕਰ ਹੇਰੇ ਡਰ ਉਪਰਾਜੇ ॥ ੧੪॥ ਮਿਲਹਿਂ ਸ਼ਾਹੁ

---

[1](ਜੋ) ਤੁਸਾਂ ਫਜ਼ਲ ਕੀਤਾ ਸੋ ਰੱਬ ਨੇ ਫਜ਼ਲ ਕੀਤਾ। [ਅ:,ਇਲਾਹੀ=ਰੱਬ। ਫਜ਼ਲ=ਕ੍ਰਿਪਾ]। [2]ਮੈਂ ਚਾਹਵਾਨ ਹਾਂ ਕਿ"। [3]ਪਿਆਰ ਤੇ ਪ੍ਰੇਮ ਨੂੰ ਲਖ ਲਓ । (ਅ) ਪਿਆਰੇ ਦੇ ਪ੍ਰੇਮ ਨੂੰ ਲਖ ਕੇ (ਹੁਣ) ਦੇਰ ਨਾ ਕਰੋ। [4]ਛੇਤੀ। ਅ)ਤੇਜ਼। [5]ਘੋੜੇ। [6]ਅੱਗੇ ਸਾਮ੍ਹਣੇ ਹੋਈ [ਫਾ:, ਰੂਬਕਾਰ= ਸਾਮ੍ਹਣੇ]। [7]ਸਾੜ੍ਹੀ=ਇਕ ਪ੍ਰਕਾਰ ਦੀ ਧੋਤੀ ਜੋ ਤੇੜ ਤੇ ਉਪਰ ਨੂੰ ਕੱਜ ਲੈਂਦੀ ਹੈ। [ਸਿਂਸ:, ਸ਼ਾਟੀ]। [8]ਉਸ ਦੇਸ਼ ਵਿਚ ਹੋਰ ਤਰ੍ਹਾਂ ਦੇ ਲੋਕੀਂ ਦਿੱਸਦੇ ਹਨ।

ਅਪਨਪੌ ਜਨਾਇ[1] । ਗਜ ਬਾਜੀ ਧਨ ਬਹੁ ਅਰਪਾਇ। ਗਿਰਵਰ ਕਾਨਨ ਉਲੰਘਤਿ ਗਏ। ਪੁਰਿਨਿ ਗ੍ਰਾਮ ਅਵਿਲੋਕਤਿ ਭਏ ॥੧੫॥ ਕਿਸ ਕਿਸ ਕੀ ਗਨਨਾ ਕਰਿ ਕਹੀਏ। ਰਚਨਾ ਚਾਰੁ ਚਿੱਤ੍ਰ[2] ਜਿਨ ਲਹੀਏ। ਬਾਪੀ ਕੂਪ ਬਾਗ਼ ਫੁਲਵਾਰੀ। ਨਾਲਕੇਲ ਕੇਲਾ ਰੁ ਸੁਪਾਰੀ ॥੧੬॥ ਬਿਸ-ਮਤਿ ਨਗਰ ਬਿਲੋਕਿ ਬਿਸਾਲਾ। ਤਿਸ ਕੇ ਨਿਕਟ ਸਿਵਰ ਕੋ ਘਾਲਾ। ਆਠ ਦਿਵਸ ਤਹਿਂ ਕੀਨ ਮੁਕਾਮੂ। ਸੰਗਤਿ ਗੁਰ ਕੋ ਪਿਖਹਿ ਤਮਾਮੂ ॥ ੧੭ ॥ ਅਨਿਕ ਅਕੋਰਨ ਕੋ ਅਰਪੰਤੇ। ਚਰਨ ਕਮਲ ਪਰ ਸੀਸ ਧਰੰਤੇ। ਦੂਰ ਕਿ ਨੇਰ ਸੁਨਹਿਂ ਗੁਰ ਆਏ। ਸਿਖ ਜੋ ਹੁਤੇ ਆਨਿ ਦਰਸਾਏ॥੧੮॥ ਸ਼ਾਹੁ ਬਹਾਦਰ ਲੈ ਲੈ ਦਰਬ। ਮਹਿਪਾਲਕ ਬਸਿ ਕਰਿਕੈ ਸਰਬ। ਕਰਤਿ ਕੂਚ ਪੁਨ ਗਮਨਹਿ ਡੇਰਾ। ਉਤਰਹਿ ਨਿਸ ਕੋ, ਚਲਹਿ ਸੁਬੇਰਾ[3] ॥੧੯॥ ਇਸ ਪ੍ਰਕਾਰ ਕੇਤਿਕ ਦਿਨ ਚਲੇ। ਨਦੀ ਗੁਦਾਵਰਿ ਕੇ ਤਟ ਭਲੇ। ਤਹਾਂ ਜਾਇ ਪਹੁੰਚੇ ਦਲ ਭਾਰੇ। ਕਰੇ ਸਿਵਰ ਸਭਿਹੂੰਨਿ ਕਿਨਾਰੇ ॥੨੦॥ ਨਗਰ ਨਦੇੜ ਬਸੰਤਿ ਬਿਸਾਲਾ। ਜਿਸ ਮਹਿਂ ਰਹੈਂ ਧਨੀ ਨਰ ਜਾਲਾ॥ਆਦਿਪੁਰੀ ਸਤਿਜੁਗ ਤੇ ਬਸੀ। ਦਰਬ ਅਧਿਕ ਤੇ ਦੀਰਘ ਲਸੀ ॥ ੨੧ ॥ ਤਾਨੇ ਸ਼ਾਹ ਮਾਰਿ ਕਰਿਜੋਰਾ[4] । ਪੀਛੇ ਤਹਾਂ ਜੁ ਸੂਬਾ ਛੋਰਾ । ਸੁਨਕੈ ਸ਼ਾਹੁ ਕੋ ਆਵਨ ਜਬੈ।ਮਿਲਿਬੇ ਹੇਤ ਤਯਾਰ ਹੁਇ ਤਬੈ ॥੨੨॥ ਮ੍ਰਿਤਕ ਨੁਰੰਗੇ ਕੀ ਬਡ ਮਾਇਆ। ਸੋ ਲੇ ਕਰਿ ਤੂਰਨ ਹੀ ਆਇਆ। ਦੇ ਕਰਿ ਮਿਲਯੋ ਸ਼ਾਹੁ ਕੇ ਸਾਥ।ਸੁਨਿ ਸੁਨਿ ਅਪਰ ਆਇਂ ਪੁਰਿ ਨਾਥ[5] ॥੨੩॥ ਬਿਦਤ* ਹੈਦਰਾ-ਬਾਦ ਉਦਾਰਾ । ਮੂੰਗੀ ਪਟਣ[6]ਆਦਿ ਧਨ ਭਾਰਾ । ਦੇ ਕਰਿ ਮਿਲੇ ਬਹਾਦਰਸ਼ਾਹੂ।ਉਤਰਿ ਪਰੇ ਲਸ਼ਕਰ ਕੇ ਮਾਂਹੂ[7] ॥੨੪॥ ਅਪਰ ਕਹਾਂ ਲਗਿ ਦੇਸ਼ ਰੁ ਨਗਰੀ। ਗਿਨ ਕਰਿ ਕਥਾ ਸੁਨਾਯਹਿ ਸਗਰੀ। ਦੂਰ ਨਿਕਟ ਜਹਿਂ ਕਹਿਂ ਤੇ ਆਏ। ਦੇ ਦੇ ਦਰਬ ਮਿਲੇ ਸਮੁਦਾਏ ॥੨੫॥ ਗੁਰ ਪ੍ਰਤਾਪ ਕਰਿ ਪਿਤ ਤੇ ਘਨੋ। ਸ਼ਾਹੁ ਬਹਾਦਰ ਜਗ ਮਹਿਂ ਭਨੋ। ਅਰਯੋ ਨ ਕੋਈ ਮਿਲੇ ਅਗਾਰੀ। ਦੇ ਕਰਿ ਭੇਟ ਅਨੇਕ ਪ੍ਰਕਾਰੀ ॥ ੨੬ ॥ ਨਗਰ ਨਦੇੜ ਵਹਿਰ ਕੀ ਬਾਈਂ। ਉਤਰੇ ਸਤਿਗੁਰ ਸੋ ਅਪਨਾਈ[8] । ਅਹੈ ਪੁਰਾਤਨਿ

---

[1]ਆਪਣਾ ਨਾਮ (ਆਦਿਕ) ਦੱਸਕੇ। [2]ਸੁੰਦਰ ਤੇ ਵਚਿੱਤ੍ਰ ਦਿੱਸਦੀ ਹੈ। [3]ਸਵੇਰੇ। [4]ਜ਼ੋਰ ਨਾਲ। [5]ਪੁਰੀਆਂ ਦੇ ਰਾਜੇ। [6]ਮੂੰਗਾ ਪਟਮ ਮਦਰਾਸ ਹਾਤੇ ਦਾ ਇਕ ਨਗਰ ਹੈ। [7](ਸੂਬੇ) ਲਸ਼ਕਰ ਵਿਚ ਉਤਰ ਪਏ। [8]ਆਪਣੀ ਕਰ ਲਈ। (ਅ) ਆਪਣੀ ਜਾਣਕੇ। *ਪਾਃ-ਬਿਦਰ।

ਭੂਮ ਹਮਾਰੀ। ਅਪਰ ਮਾਲਕੀ ਸਕਲ ਬਿਦਾਰੀ[1] ॥੨੭॥ ਹੁਤੋ ਮੁਗ਼ਲ ਪੁਰਿ ਮਹਿਂ ਸੋ ਬਸੈ[2]। ਥਲ ਪੁਸ਼ਤੈਨੀ ਤਿਸ ਕੌ ਲਸੈ[3]। ਸੁਨਿ ਗੁਰ ਡੇਰੇ ਕੌ ਕਿਯ ਝਗਰਾ। 'ਇਸ ਕੋ[4] ਜਾਨਤਿ ਹੈ ਪੁਰਿ ਸਗਰਾ ॥ ੨੮ ॥ ਅਬਿ ਜੋ ਬਲ ਕਰਿ ਲੈ ਹੈ ਛੀਨ। ਸੁਤ ਪੋਤੇ ਅਪਨੀ ਲੇਂ ਚੀਨ'। ਇੱਤ੍ਯਾਦਿਕ ਝਗਰਾ ਬਹੁ ਕਯੋ। ਸ਼ਾਹੁ ਬਹਾਦਰ ਲਗਿ ਚਲਿ ਗਯੋ ॥ ੨੯ ॥ ਸ੍ਰੀ ਪ੍ਰਭੁ ਕਹਿਂ 'ਹਮਰੋ ਇਸਥਾਨ। ਇਸ ਕੋ ਮਾਲਕ ਅਹੈ ਨ ਆਨ'। ਮੁਗ਼ਲ ਭਨੈ 'ਪੁਸ਼ਤੈਨੀ ਮੇਰਾ। ਨਹੀਂ ਦੂਰਕੈ, ਪੁਰਿ ਲਖਹਿ ਬਡੇਰਾ' ॥ ੩੦ ॥ ਸੈਸੈ ਭਯੋ ਸ਼ਾਹੁ ਕੇ ਆਇ।-ਸ਼੍ਰੀ ਗੁਰ ਕੂਰ ਨ ਕਹੈਂ ਕਦਾਇ। ਚਿਰੰਕਾਲ ਕੋ ਅਹੈ ਹਮਾਰੋ। ਨਗਰ ਸ਼ਾਹਦੀ ਮੁਗ਼ਲ ਉਚਾਰੋ-॥੩੧॥ ਸ੍ਰੀ ਗੁਰ ਸੋਂ ਕਹਿ ਬਿਨੈ ਪਠਾਈ। 'ਸਭਿ ਰਾਵਰ ਕੀ ਜੋਤਿਕ ਬਾਂਣੀ। ਜੋ ਇਸ ਕੀ ਅਭਿਲਾਖਾ ਧਰੋ। ਕੋ ਇਕ ਪਤਾ ਦਿਖਾਵਨਿ ਕਰੋ ॥ ੩੨ ॥ ਹੋਇ ਆਪ ਕੀ ਤੌ ਥਿਰ ਸਾਚੀ। ਪੁਨ ਕੋ ਕਰਹਿ ਨ ਬਾਦ ਉਬਾਚੀ। ਜੋ ਬਲ ਕਰਿ ਛੀਨਹੁ ਇਸ ਕੇਰੀ। ਮੈਂ ਝਿਰਕੌਂ ਬਰਜੌਂ ਇਸ ਬੇਰੀ ॥ ੩੩ ॥ ਜੀਵਤਿ ਰਹੈ ਅਹੈ ਬਲ ਜਾਵਦ। ਕੋ ਨਹਿਂ ਝਗਰਿ ਸਕੈਗੋ ਤਾਵਦ। ਪੁਨ ਪਾਛੇ ਉਠਿ ਪਰਿ ਹੈ ਬਾਦ। ਯਾਂ ਤੇ ਜਾਨਹੁ ਬੇ ਬੁਨਿਯਾਦ[5] ॥ ੩੪ ॥ ਜਥਾ ਨਗਰ ਕੋ ਮੁਗ਼ਲ ਉਗਾਹਿ। ਕਰਹਿ ਬਤਾਵਨ-ਹੈ ਇਸ ਪਾਹਿ-। ਤੈਸੇ ਤੁਮ ਕਿਛ ਪਤਾ ਬਤਾਵਹੁ। ਜੁਤਿ ਬੁਨਿਯਾਦ ਧਰਾ ਕਹੁ ਪਾਵਹੁ ॥ ੩੫ ॥ ਬਹੁਰ ਨ ਲਾਗੁ ਹੋਵਨਿ ਕੌਨ। ਦੇਖਿ ਉਗਾਹੀ ਧਾਰੈਂ ਮੋਨ'। ਬਾਤ ਯਥਾਰਥ ਜਬਹਿ ਸੁਨਾਈ। ਮਾਨੀ ਸਤਿਗੁਰ ਤਬਹਿ ਅਲਾਈ ॥ ੩੬ ॥ 'ਮੁਗ਼ਲ ਨਗਰ ਕੇ ਮੁਖਿ[6] ਲੇ ਆਵੈ। ਕਾਜ਼ੀ ਮੁਫਤੀ[7] ਸਕਲ ਮਿਲਾਵੈ। ਤੁਮ ਅਪਨੇ ਉਮਰਾਵ ਪਠਾਵਹੁ। ਝਗਰਾ ਧਰ ਕੋ ਅਖਿਲ ਮਿਟਾਵਹੁ ॥੩੭॥ ਜਥਾ ਜੋਗ ਜਿਸਕੀ ਹੁਇ ਦੀਜੈ। ਕਹੈ ਜੁ ਕੂਰ ਹਟਾਵਨਿ ਕੀਜੈ'। ਬਾਕ ਜਥਾਰਥ ਸੁਨਿ ਗੁਰ ਕੇਰੇ। ਇਕਠੇ ਕੀਨੇ ਮਨੁਜ ਘਨੇਰੇ ॥ ੩੮ ॥ ਨਰ, ਪੁਰਿ ਕੇ ਪਰਧਾਨ ਪਠਾਏ। ਸ਼ਾਹੁ ਨਿਕਟ-ਵਰਤੀ ਸਮੁਦਾਏ। ਇਕਠੇ ਹੋਇ ਹਜ਼ਾਰਹੁਂ ਆਏ। ਕਰਿ ਕਰਿ ਸ਼ਾਹੁ

---

[1]ਦੂਸਰੇ ਦੀ ਮਾਲਕੀ ਦੂਰ ਕੀਤੀ ਭਾਵ ਆਪਣੀ ਜਾਣਕੇ ਡੇਰਾ ਕਰ ਲਿਆ। [2]ਇਕ ਮੁਗ਼ਲ ਨਗਰ ਵਿਚ ਵੱਸਦਾ ਸੀ। [3]ਪੁਸ਼ਤਾਂ ਤੋਂ ਥਾਂ ਤਿਸ ਦਾ ਸੀ। [4]ਇਸ ਗੱਲ ਨੂੰ। [5](ਹੁਣ ਦਾ ਕਬਜ਼ਾ) ਬੇ ਬੁਨਯਾਦ ਹੋ ਜਾਏਗਾ। (ਅ) ਮੇਰਾ ਹੁਕਮ ਬਿਰਥਾ ਹੋ ਜਾਏਗਾ। [6]ਮੁਖੀਏ। [7]ਫਤਵਾ ਦੇਣ ਵਾਲਾ। ਕਾਜ਼ੀ ਦਾ ਫਤਵਾ ਜਾਰੀ ਕਰਨ ਵਾਲਾ।

ਤਗੀਦ ਪਠਾਏ ॥ ੩੯॥ ਬੈਠੇ ਆਇ ਅਖਿਲ ਗੁਰ ਪਾਸਾ। ਪ੍ਰਥਮ ਮੁਗ਼ਲ ਨੇ ਬਾਦ ਪ੍ਰਕਾਸ਼ਾ। 'ਪੁਸ਼ਤੈਨੀ ਇਹ ਥਾਨ ਹਮਾਰਾ। ਜਾਨਤਿ ਗਿਰਦਨਵਾ[1] ਇਤ ਸਾਰਾ ॥ ੪੦ ॥ ਬੂਝਿ ਲੇਹੁ ਸਭਿ ਕੋ ਇਸ ਠੌਰੀ। ਜੋ ਛੀਨਤਿ ਕਰਿ ਸੀਨੇ ਜ਼ੋਰੀ। ਤੌ ਮੇਰੇ ਕੁਛ ਬਸ ਨ ਬਸਾਇ। ਮਾਲਕ ਸ਼ਾਹੁ ਸਕਲ ਹੀ ਥਾਂਇ' ॥ ੪੧ ॥ ਸਭਿ ਮਹਿਂ ਤਬਿ ਸ੍ਰੀ ਗੁਰੂ ਬਖਾਨਾ। 'ਲਾਖਹੁਂ ਬਰਖਨ ਕੋ ਇਹ ਥਾਨਾ। ਰਹੇ ਸੰਭਾਲਤਿ ਅਹੈ ਹਮਾਰਾ। ਜਬਿ ਕਿਤਹੂੰ ਕਰਿ ਗਏ ਕਿਨਾਰਾ ॥੪੨॥ ਲੇਕਰਿ ਅਪਰ ਸੁ ਮਾਲਿਕ ਬਨਨੇਂ। ਆਸ਼੍ਰਮ ਬਡੋ ਪੁਰਾ-ਤਨ ਬੰਨਯੋਂ। ਨਿਸ਼ਚੇ ਨਹੀਂ ਕਹੇ ਪਰ ਆਵੈ। ਤੌ ਹਮ ਸਭਿ ਕੌ ਚਿੰਨ੍ਹ ਦਿਖਾਵੈਂ ॥ ੪੩ ॥ ਜਹਿਂ ਡੇਰਾ ਤਹਿ ਖੋਦਨ ਲਾਏ। ਕੇਤਿਕ ਨੀਰੇ ਥਲ ਖੁਨਵਾਏ। ਨਿਕਸਯੋ ਤਹਾਂ ਭਸਮ ਕੋ ਢੇਰਾ। ਜਹਿ ਆਸਨ ਥੋ ਪਰਯੋ ਬਡੇਰਾ॥ ੪੪ ॥ ਪੁਨ ਪ੍ਰਭੁ ਭਨਯੋਂ 'ਔਰ ਖਨਿ ਲੀਜੈ। ਕਰਮੰਡਲ, ਮਾਲਾ ਦਿਖਰੀਜੈ। ਦੁਸ਼ਟ ਦਮਨ ਜਿਸ ਤਨ ਮਹਿਂ ਨਾਮੂ। ਕਰੇ ਤੀਬ੍ਰ ਤਪ ਤਬਿ ਅਭਿਰਾਮੂ ॥ ੪੫ ॥ ਬਰਖ ਹਜ਼ਾਰਹੁਂ ਇਸ ਥਲ ਬਸਿਕੈ। ਸੰਕਟ ਸਹੇ ਸਕਲ ਤਨ ਕਸਿ ਕੈ'। ਪੁਨ ਕੁਛ ਖੋਦੀ ਅਪਰ ਅਗਾਰੀ। ਮਾਲਾ ਪ੍ਰਭੁ ਕੀ ਤਬਹਿ ਨਿਹਾਰੀ ॥੪੬॥ ਤਪ ਪ੍ਰਭਾਵ ਤੇ ਆਸਨ ਪਰਯੋ। ਹੋਇ ਪੁਰਾਤਨ[2] ਨਾਂਹਿਨ ਗਰਯੋ। ਕਰਮੰਡਲ ਤੂੰਬੇ ਕੋ ਹੇਰਾ। ਤਿਮ ਹੀ ਪਰਯੋ ਮਹਾਂ ਤਪ ਕੇਰਾ ॥੪੭॥ ਬਿਸਮ ਰਹੇ ਪਿਖਿ ਕੈ ਸਮੁਦਾਈ। 'ਧੰਨ ਧੰਨ ਗੁਰ' ਸਭਿਨਿ ਅਲਾਈ। ਪ੍ਰੀਤ ਪ੍ਰਤੀਤ ਭਈ ਸਭਿ ਕੇਰੀ। ਨਮੋ ਕਰੀ ਪਦ ਪਰ ਤਿਸ ਬੇਰੀ ॥ ੪੮ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਚਿੰਨ੍ਹ ਦਿਖਾਵਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥ ੪ ॥

## ੫. [ਜ਼ਮੀਨ ਮੁੱਲ ਖਰੀਦੀ। ਬੰਦਾ ਮਿਲਾਪ]।

ਦੋਹਰਾ ॥ ਸ੍ਰੀ ਗੁਰ ਪਤਾ ਦਿਖਾਇ ਕਰਿ ਸਭਿ ਕੋ ਦਯੋ ਸੁਨਾਇ। 'ਇਕ ਜੋਜਨ ਲਗਿ ਭੂਮਕਾ ਤਪਹਿਂ ਤਪੀ ਸਮੁਦਾਇ ॥ ੧ ॥ ਚੌਪਈ ॥ ਸਿਖ ਹਮਰੇ ਕੀਰਨ[3] ਇਸ ਥਾਨ। ਇਸ ਥਲ ਆਸ਼੍ਰਮ ਹਤੋ ਮਹਾਨ। ਜਹਾਂ ਖਨਯੋ ਗਨ ਭਸਮ ਨਿਹਾਰੀ। ਹਮ ਬੈਠੇ ਆਸਨ ਥਿਰ ਕਾਰੀ ॥ ੨ ॥ ਸਭਿ ਕੋ ਪੱਤਾ ਦਿਖਾਵਨ ਠਾਨਾ। ਅਬਿ ਤੋ ਹਮਰੋ ਭਯੋ ਸਥਾਨਾ। ਤਊ ਮੋਲ ਇਸ ਦੇਤਿ ਮੁਗ਼ਲ ਕੋ। ਲੇ ਕਰਿ ਦਾਵਾ ਹਰਹਿ ਸਥਲ ਕੋ'॥ ੩ ॥ ਕਰੀ ਬਿਛਾ-ਵਨਿ ਗਨ ਦੀਨਾਰ। ਜਹਿਂ ਲਗਿ ਹੈ ਅਬਿਲੌ ਦਰਬਾਰ। ਮੁਗਲ ਹਰਖ

---

[1] ਭਾਵ ਆਲੇ ਦੁਆਲੇ ਦੇ ਵੱਸਣ ਵਾਲੇ। [2] ਪੁਰਾਣਾ ਹੋਣ ਤੇ ਬੀ। [3] ਪੂਰਨ ਸੀ।

ਕਰਿ ਮੁਹਰ ਸੁ ਲੀਨੀ। ਬਾਕ ਨ ਫੁਰਯੋ ਮੌਨ ਮੁਖ ਕੀਨੀ* ॥ ੪ ॥ ਬੈਖਤ[1] ਤਿਸ ਕਰ ਤੇ ਲਿਖਵਾਯੋ। ਰਾਜ਼ੀ ਨਾਮਾ ਸਕਲ ਸੁਨਾਯੋ। ਸਭਿ ਕੀ ਊਪਰ ਪਰੀ ਉਗਾਹੀ। 'ਇਸ ਕੋ ਬੰਸ ਨ ਬਾਦ ਉਠਾਹੀ' ॥ ੫ ॥ ਜਥਾ ਜੋਗ ਕਰਿ ਸਭਿ ਚਲਿ ਗਏ। ਸ਼ਾਹੁ ਸਮੀਪ ਬਖਾਨਤਿ ਭਏ। ਸੁਨਿ ਪ੍ਰਸੰਗ ਆਨੰਦ ਬਿਸਮਾਯੋ। ਅਪਨੋ ਕਾਗਦ ਲਿਖਯੋ ਪਠਾਯੋ॥੬॥ਇਕ ਜੋ ਜਨ ਲਗਿ ਗੁਰੂ ਸਥਾਨਾ।ਕੋ ਨ ਕਰੈ ਦਾਵਾ ਲਿਹੁ ਜਾਨਾ। ਸਗਰੇ ਨਗਰ ਪ੍ਰਗਟ ਭੀ ਗਾਥਾ। 'ਭੂਮਿ ਮੋਲ ਲੀਨਸਿ ਗੁਰ ਨਾਥਾ' ॥ ੭ ॥ ਡੇਰਾ ਭਲੀ ਪ੍ਰਕਾਰ ਜਮਾਯੋ।

ਇਕ ਦਿਨ ਪ੍ਰਭੁ ਅਖੇਰ ਮਨ ਭਾਯੋ। ਕਿਤਿਕ ਦੂਰ ਚਢਿ ਗਏ ਅਖੇਰਾ। ਆਸ਼੍ਰਮ ਪਿਖ੍ਯੋ ਬਿਰਾਗੀ ਕੇਰਾ॥ ੮ ॥ ਗਯੋ ਸਾਧ ਕਿਤ ਅਪਰ ਸਥਾਨਾ। ਹੇਰਿ ਛਾਗ ਤਿਸ ਪੁਸ਼ਟ ਮਹਾਨਾ। ਕਰਿ ਝਟਕਾ ਰਿੰਧਵਾਇ ਸੁ ਖਾਯਾ। ਬੈਠੇ ਰਹੇ ਸਘਨ ਤਰੁ ਛਾਯਾ ॥ ੯ ॥ ਕਿਤਿਕ ਸਮੇਂ ਮਹਿੰ ਅੰਤਰ ਗਏ। ਸੁੰਦਰ ਥਲ ਅਵਿਲੋਕਤਿ ਭਏ। ਏਕ ਬਿਸਾਲ ਪ੍ਰਯੰਕ ਡਸਾਯੋ। ਆਸਤਰਨ ਸਿਤ ਤੇ ਸ਼ੁਭ ਛਾਯੋ ॥੧੦॥ ਤਿਸ ਪਰ ਬੈਠੇ ਜਾਇ ਗੁਸਾਈਂ। ਕੇਤਿਕ ਸਮੇਂ ਬਿਤਯੋ ਤਿਸ ਥਾਈਂ। ਇਕ ਚੇਲਾ ਅਵਿਲੋਕਿ ਪਲਾਯੋ। ਜਹਾਂ ਸਾਧ ਤਹਿਂ ਜਾਇ ਸੁਨਾਯੋ॥੧੧॥ 'ਇਹਾਂ ਵਹਿਰ ਬੈਠੇ ਕਿਸ ਭਾਂਤਿ? ਡੇਰੇ ਬਿਖੇ ਭਯੋ ਉਤਪਾਤ। ਕੋ ਇਕ ਪੁਰਖ ਤੇਜ ਬਡ ਧਾਰੀ। ਪ੍ਰਥਮ ਛਾਂਗ ਹਤਿ ਕੀਨ ਅਹਾਰੀ ॥ ੧੨ ॥ ਤਿਹ ਬਿਲੋਕਿ ਹਮ ਤੂਸ਼ਨ ਰਹੇ। ਕੀਨਸਿ ਖਾਨਿ ਤ੍ਰਾਸ ਨਹਿਂ ਲਹੇ। ਪੁਨ ਸਥਾਨ ਅੰਤਰ ਗਮਨਾਯੋ। ਹਮ ਲੇ ਕਰਿ ਤੁਮ ਨਾਮ ਹਟਾਯੋ ॥ ੧੩ ॥ ਬਰਜਯੋ ਰਹਯੋ ਨ, ਪਹੁੰਚਯੋ ਤਹਾਂ। ਬਿਸਦ ਸੇਜ ਰਾਵਰ ਕੀ ਜਹਾਂ। ਮਾਨੀ ਸ਼ੰਕ ਨ ਮਨ ਮਹਿਂ ਕੈਸੇ। ਤਿਸ ਪ੍ਰਯੰਕ ਕੇ ਊਪਰ ਬੈਸੇ' ॥ ੧੪ ॥ ਮਾਧੋਦਾਸ ਸੁਨਤਿ ਰਿਸ ਠਾਨੀ। 'ਕੋ ਐਸੋ ਜਗ

---

[1]ਬੈਨਾਮਾ। *ਆਪਣਾ ਦਾਅਵਾ ਸਮੂਤਾਂ ਨਾਲ ਸਹੀ ਕਰਕੇ ਫਿਰ ਦੇਖੋ ਸਤਿਗੁਰੂ ਜੀ ਜ਼ਮੀਨ ਦੀ ਕੀਮਤ ਦੇਕੇ ਲੈਂਦੇ ਹਨ ਐਸੇ ਵਾਕਿਆਤ ਹਨ ਜਿਨ੍ਹਾਂ ਤੋਂ ਸਤਿਗੁਰੂ ਜੀ ਦੀ ਸ਼ੁਭ ਆਚਰਨ (ਇਖਲਾਕ) ਦੀ ਮਹਾਨ ਉੱਚਤਾ ਪ੍ਰਗਟ ਹੁੰਦੀ ਹੈ। ਜੇ ਕਦੇ ਘਾਹ ਦਾਣੇ ਤੋਂ ਸਿੱਖਾਂ ਦੇ ਜੁੱਧ ਜੰਗ ਲੁੱਟਣ ਦੇ ਪ੍ਰਸੰਗ ਆਉਂਦੇ ਹਨ ਤਾਂ ਸਮਝ ਲੈਣਾ ਚਾਹੀਏ ਕਿ ਕਦੇ ਨਿਰਦੋਸ਼ਿਆਂ ਨਾਲ ਓਹ ਜੁੱਧ ਨਹੀਂ ਹੋਏ। ਪਹਿਲਾਂ ਕੀਮਤ ਦੇਂਦੇ ਹਨ ਨਾ ਮਿਲੇ ਤਾਂ ਫੇਰ ਜ਼ੋਰ ਦਿਖਾਲਦੇ ਹਨ। ਜਗਤ ਦੀਆਂ ਫੌਜਾਂ ਵਿਚ ਹੁਣ ਤੱਕ ਇਹੀ ਰਿਵਾਜ ਦਰੁਸਤ ਮੰਨੀਂ ਦਾ ਹੈ।

ਪੁਰਖ ਗੁਮਾਨੀ।ਇਕ ਤੈ ਨਹੀਂ ਸਾਧੁ ਲਖਿ ਟਰਨੋ। ਦੁਤੀਏ ਮੈਂ ਅਜ਼ਮਤਿ
ਕਰਿ ਭਰਨੋ ॥ ੧੫ ॥ ਤ੍ਰਿਤੀਏ ਨਹੀਂ ਸਾਧ ਅਸ ਕੋਈ। ਗ੍ਰਿਹਸਤੀ ਅਹੈ
ਸ਼ਸਤ੍ਰ ਧਰਿ ਸੋਈ'। ਪਠੇਸ ਬੀਰ[੧] ਇਕ 'ਦੇਹੁ ਸਜ਼ਾਇ। ਸਿਹਜਾ ਤੇ
ਮਾਰਹੁ ਉਲਟਾਇ॥੧੬॥ ਜਿਸ ਤੇ ਪ੍ਰਾਨ ਸਹਿਤ ਨਹਿੰ ਰਹੈ। ਆਗੇ ਪਿਖਿ
ਸਗਰੇ ਡਰ ਲਹੈਂ। ਸਾਧ-ਅਵੱਗ੍ਯਾ ਕਰੈ ਨ ਕੋਈ। ਜਿਸ ਕੀਨੀ ਸਹਿ
ਸੰਕਟ ਸੋਈ' ॥੧੭॥ ਸੁਨਤਿ ਬੀਰ ਤੂਰਨ ਹੀ ਧਾਯੋ।ਜਨੁ ਧਨੁ ਤੇ ਕਿਨ
ਬਾਨ ਚਲਾਯੋ। ਆਇ ਉਠਾਵਨ ਲਾਗਸਿ ਪਾਵਾ। ਕਰਯੋ ਓਜ ਨਹਿੰ
ਤਊ ਉਠਾਵਾ ॥੧੮॥ ਦੁਤਿਯ ਬੀਰ ਤਬਿ ਸਾਧ ਪਠਾਯੋ। ਚਾਹਤਿ ਹੈ ਪਰ-
ਯੰਕ ਉਠਾਯੋ। ਦੋਨਹੁਂ ਪਾਵੈਂ ਪਰ ਦ੍ਵੈ ਤੀਰ। ਗੁਰੂ ਖੁਭਾਇ ਧਰੇ ਜੁਤਿ ਧੀਰ
॥੧੯॥ ਬੀਰਨ ਮਹਿਂ ਏਤਿਕ ਬਲ ਕਹਾਂ। ਖਾਟ ਉਠਾਇ ਸੁ ਪਲਟਹਿਂ
ਤਹਾਂ।ਜਾਨੀ ਸਾਧ—ਨ ਜੁਗ ਤੇ ਹਾਲਾ[੨]।ਹ੍ਵੈ ਹੈ ਕੋਊ ਪੁਰਖ ਬਿਸਾਲਾ—॥੨੦॥
ਤ੍ਰਿਤੀ ਪਠਯੋ, ਪੁਨ ਚਾਰਹੁਂ ਆਏ। ਲਾਇ ਰਹੇ ਬਲ ਨਹਿ ਉਲਟਾਏ।
ਚਾਰਹੁਂ ਪਾਵੋਂ ਪਰ ਸਰ ਚਾਰ। ਕਰੇ ਟਿਕਾਵਨਿ ਭਾਰ ਉਦਾਰ॥੨੧॥ ਜਬਿ
ਨਹਿ ਉਲਟਯੋ ਬੀਰਨ ਜਾਨੀ। ਤਰੇ ਧਸਾਵਨ* ਲਗੇ ਮਹਾਨੀ। ਜਬਿ
ਚਾਰਹੁਂ ਰਿਸ ਤੇ ਬਲ ਕੀਨਿ। ਹਲੀ ਖਾਟ, ਚਾਲੀ ਤਰ, ਚੀਨ[੩] ॥ ੨੨ ॥
ਪਾਵੇ ਲਗੇ ਧਸਨ ਜਬਿ ਹੇਰੇ। ਸ੍ਰੀ ਸਤਿਗੁਰ ਬੋਲੇ ਤਿਸ ਬੇਰੇ। 'ਕਾਸ਼ਟ !
ਕਛੁ ਹਮ ਸੋਂ ਨਹਿਂ ਬੈਰਾ। ਧਰਨੀ ਧਸਤਿ, ਨ ਰਹਤਿ ਉਚੇਰਾ ?'॥੨੩॥
ਹਾਥ ਪਾਇ ਕਰਿ[੪] ਖਾਟ ਟਿਕਾਈ। ਭਈ ਅਕਾਰਥ ਅਜ਼ਮਤਿ ਲਾਈ[੫]।
ਅਪਨੇ ਤੇ ਬਹੁ ਬਡੋ ਬਿਚਾਰਾ। ਮਾਧੋਦਾਸ ਖੋਇ ਅਹੰਕਾਰਾ ॥ ੨੪ ॥ ਹ੍ਵੈ
ਕਰਿ ਦੀਨ ਤਬੈ ਚਲਿ ਆਯੋ। ਸ੍ਰੀ ਗੁਰ ਬੈਠੇ ਦਰਸ਼ਨ ਪਾਯੋ। ਬੰਦਨ
ਕਰੀ ਰਹਯੋ ਕਰ ਜੋਰਿ। ਅਵਿਲੋਕਤਿ ਸ੍ਰੀ ਮੁਖ ਕੀ ਓਰ ॥ ੨੫ ॥ ਬੂਝਯੋ
ਪ੍ਰਭੁ'ਕੌਨ ਤੂੰ ਅਹੈਂ?ਇਸ ਥਲ ਮਹਿਂ ਕੈਸੇ ਕਰਿ ਰਹੈਂ?' 'ਇਹ ਮਮ ਗੁਰ
ਕੋ ਆਸ਼੍ਰਮ ਭਾਰੀ। ਚਿਰਕਾਲ ਤਪ ਕੀਨਿ ਅਚਾਰੀ ॥ ੨੬ ॥ ਤਿਸ ਪੀਛੇ
ਮੈਂ ਇਸ ਥਲ ਬਾਸਾ। ਰਹੌਂ ਏਕ[੬] ਭਾਵਹਿ ਤਪ ਰਾਸਾ'।ਸੁਨਿ ਗੁਰ ਭਨਯੋ
'ਤੋਹਿ ਗੁਰ ਕਹਾਂ। ਮਰਿ ਕਰਿ ਪਹੁੰਚਯੋ ਜਾਨਹਿਂ ਤਹਾਂ ॥ ੨੭ ॥ ਜਿਸ ਭਰ-

---

[੧]ਗੁਪਤ ਵਜਕਤੀ ਤੋਂ ਮੁਰਾਦ ਹੈ, ਮੁਅੱਕਲ। [੨]ਸਾਧ ਨੇ ਜਾਣ ਲਿਆ ਕਿ ਦੁਹਾਂ ਤੋਂ ਨਹੀਂ ਹਿੱਲਿਆ। [੩]ਖਾਟ ਹਿੱਲਕੇ ਹੇਠ ਨੂੰ ਚਲਦੀ ਜਾਣੀ (ਗੁਰੂ ਜੀ ਨੇ)। [੪](ਦੋਵੇਂ) ਹਥ ਪਾਕੇ। [੫](ਸਾਧੂ ਦੀ) ਅਜ਼ਮਤ ਲਾਈ ਐਵੇਂ ਗਈ। [੬]ਇਕੱਲਾ। *ਪਾ:—ਧਵਾਸਨ।

ਵਾਸ਼ੇ ਆਸ਼੍ਰਮ ਰਹੈਂ । ਤਿਸ ਕੋ ਲਖਹਿ ਕਿ ਨਹਿਂ, ਕਿਤ ਅਹੈ ?'। ਸੁਨਤਿ ਦੀਨਿ ਹੁਇ ਸਾਧ ਬਖਾਨਾ। 'ਸ਼ਕਤਿ ਨ ਏਤੀ, ਮੈਂ ਨਹਿ ਜਾਨਾ ॥ ੨੮ ॥ ਜੇ ਕਰਿ ਤੁਮ ਮਹਿਂ ਸ਼ਕਤਿ ਇਤੀਕ। ਲੋਕ ਪ੍ਰਲੋਕ ਲਖਹੁ ਬਿਧਿ ਨੀਕ। ਤੌ ਮਮ ਗੁਰ ਕੌ ਦੇਹੁ ਦਿਖਾਈ । ਪੁਨ ਨਿਸ਼ਚਾ ਨਿਹਚਲ ਟਿਕਿ ਜਾਈ' ॥ ੨੯ ॥ ਤਬਿ ਗੁਰ ਭਨਯੋਂ 'ਤਰੋਵਰ ਖਰਯੋ। ਤਿਸ ਕੇ ਫਲ ਕੀੜਾ ਹੁਇ ਪਰਯੋ। ਜੇ ਕਰਿ ਪਤ੍ਯਾ ਚਹਤਿ ਅਬਿ ਲ੍ਯਾਵਹੁ। ਕਰਿ ਹਮ ਢਿਗ ਲੇ ਨਾਮ ਬੁਲਾਵਹੁ' ॥੩੦॥ ਸੁਨਿ ਸਾਧੂ ਨੇ ਸੋ ਫਲ ਦੇਖਾ। ਹੈ ਪਰਪੱਕ੍ਯ ਲਾਲ ਅਵਰੇਖਾ। ਗੁਰ ਕੇ ਕਹੇ ਤੋਰ ਕਰਿ ਲ੍ਯਾਵਾ। ਨਿਕਟ ਲ੍ਯਾਇ ਕੀੜਾ ਦ੍ਰਿਸ਼ਟਾਵਾ ॥੩੧॥ ਧੁਨਿ ਊਚੀ ਲੇ ਨਾਮ ਗੁਹਾਰਾ। ਕੀਰੇ ਕਿਰਰ ਕਿਰਰ ਉੱਚਾਰਾ। ਜਾਨਿ ਲੀਨਿ—ਨਿਸ਼ਚੇ ਗੁਰ ਮੇਰੋ। ਕਹਾਂ ਭਈ ਗਤਿ !—ਬਿਸਮ ਬਡੇਰੋ ॥੩੨॥ ਸ੍ਰੀ ਗੁਰ ਭਨਯੋਂ 'ਚਿੰਤ ਕਨਾ ਕੀਜੈ। ਸ਼ੇਸ਼ ਕਰਮ ਇਸ ਕੋ[1] ਲਖਿ ਲੀਜੈ। ਇਹ ਤਨ ਤਜਿ ਅਬਿ ਸ਼ੁਭ ਗਤਿ ਪਾਵੈ। ਬਹੁਰ ਨਹੀਂ ਅਪਗਤਿ ਅਸ ਜਾਵੈ' ॥੩੩॥ ਹੁਤੋ ਹਾਥ ਮਹਿ ਫਲ ਮ੍ਰਿਤੁ ਭਯੋ। ਤਿਸਤੇ ਨਿਕਸਿ ਧਰਾ ਗਿਰ ਗਯੋ। ਕਹਯੋ[2] 'ਪ੍ਰਭੂ ! ਤੁਮ ਕਰੁਨਾ ਕਰੀਯਹਿ। ਮੋਰ ਕਰਮ[3] ਪਰ ਦ੍ਰਿਸ਼ਟਿ ਨ ਧਰੀਅਹਿ ॥ ੩੪ ॥ ਅਪਨੀ ਸੇਵਾ ਮੁਹਿ ਫੁਰਮਾਵਹੁ। ਪਗ ਪੰਕਜ ਪਰ ਮੋਹਿ ਲਗਾਵਹੁ। ਰਾਖੁ ਲੇਹੁ ਸ਼ਰਨਾਗਤਿ ਪਰਯੋ'। ਦੀਨ ਦੇਖਿ ਪ੍ਰਭੁ ਬਿਗਸਿ ਉਚਰਯੋ॥੩੫॥ 'ਹਮ ਕੋ ਹੁਕਮ ਅਹੈ ਕਰਤਾਰਾ। —ਬਿਦਤਾਵਹੁ ਜਗ ਪੰਥ ਕਰਾਰਾ। ਤੁਰਕ ਤੇਜ ਕੋ ਕਰੌ ਬਿਨਾਸ਼ਾ। ਜੋ ਅਬਿ ਪਸਰਿ ਰਹਯੋ ਚਹੁੰ ਪਾਸਾ—॥ ੩੬ ॥ ਤੂੰ ਬਤਾਉ ਕਹੁ ਕੈਸੇ ਕਰਨਾ। ਮਿਲਹੁ ਕਿ ਨਹੀਂ ਸ਼ਤ੍ਰੂ ਗਨ ਹਰਨਾ?'। ਬੋਲਯੋ ਸਾਧ 'ਆਪ ਹੋ ਮਾਲਕ। ਤੁਮਰਾ ਬੰਦਾ ਕਰੌਂ ਨ ਆਲਕ[4] ॥ ੩੭ ॥ ਹੁਇ ਰਾਵਰਿ ਆਇਸੁ ਅਨੁਸਾਰੀ। ਕਰੌਂ ਜੰਗ ਭ੍ਰੰਗੌਂ ਰਿਪੁ ਭਾਰੀ। ਤੁਮ ਸਹਾਇਤਾ ਲੈ ਖਰ ਖੰਡਾ। ਕਰੌਂ ਘਮੰਡ[5] ਪ੍ਰਚੰਡ ਖੰਡ ਖੰਡਾ' ॥ ੩੮॥ ਹਸਿ ਬੋਲੇ 'ਹਮ ਦੀਨਾ ਹੁਕਮ। ਬਾਲੂ ਮੱਧ ਨਿਕਾਸਾ ਰੁਕਮ[6]। ਦੇਸ਼ ਪੰਜਾਬ ਜਾਹੁ ਮਮ ਬਦਲਾ[7] ।* ਬਿਮੁਖ ਹੂਏ

[1]ਇਸ ਦਾ (ਇੱਕੋ) ਕਰਮ (ਭੋਗਣਾ) ਬਾਕੀ ਸੀ। [2](ਸਾਧ ਨੇ) ਕਿਹਾ। [3]ਬੀਰਾਂ ਦਾ ਫੇਜਣਾ ਰੂਪੀ (ਬੇਅਦਬੀ ਦਾ) ਕਰਮ। [4]ਆਲਸ। [5]ਯੁੱਧ। [6]ਰੇਤ ਵਿਚੋਂ ਸੋਨਾ ਕੱਢਿਆ ਹੈ। [7]ਪੰਜਾਬ ਦੇਸ਼ ਵਿੱਚ ਮੇਰੀ ਥਾਵੇਂ ਜਾਵੋ। *ਇਹ ਤੁਕਾਂ ਸੌ ਸਾਖੀ ਦੀ ੫੭ਵੀਂ ਸਾਖੀ ਦੀਆਂ ਹਨ। ਇਸੇ ਕਰਕੇ ਸਿਥਲ ਜੇਹੀਆਂ ਹਨ, ਕਵੀ ਜੀ ਦੀ ਰਚਨਾਂ ਤੁੱਲ ਨਹੀਂ ਹਨ।

ਮੇਰੇ ਮਨ ਰਦਲਾ[1] ॥੩੯॥ ਪੰਥ ਤੇਜ ਤੇਰੇ ਹੀ ਦੀਨਾ[2]। ਸਭਿਨਿ ਬਿਖੇ ਤੋ ਕੋ ਮੁਖਿ ਕੀਨਾ। ਅਪਨਿ ਆਪ ਤੇ ਭਾਖਨੋ ਬੰਦਾ। ਇਹ ਬਿਦਤੈ ਜਗ ਨਾਮ ਬਿਲੰਦਾ ॥ ੪੦ ॥ ਨਹਿਂ ਠਹਿਰਹਿ ਰਿਪੁ ਤੋਹਿ ਅਗਾਰੀ। ਹੁਇ ਸੰਘਰ ਘਮਸਾਨ ਉਦਾਰੀ॥ਲਰੈਂ ਅਰੈਂ ਲਾਖਹੁੰ ਹੀ ਮਰੈਂ। ਬਚੈਂ ਸੁ ਜੀਵ ਭਾਜ ਜੋ ਪਰੈਂ' ॥੪੧॥ ਸੁਨਿ ਗੁਰਵਾਕ ਭਯੋ ਮਨ ਗਾਢੋ। ਹਾਥ ਜੋਰਿ ਸਨਮੁਖ ਰਹਿ ਠਾਢੋ॥ਕਰਨ ਜੰਗਕੋ ਭਾ ਅਨੁਸਾਰੀ॥ਕ੍ਰਿਪਾਦ੍ਰਿਸ਼ਟਿ ਸਤਿਗੁਰੂਨਿਹਾਰੀ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋਂ ਅੰਸੂ ॥੫॥

## ੬. [ਬੰਦੇ ਨੂੰ ਬਖਸ਼ਿਸ਼]।

ਦੋਹਰਾ ॥ ਸ੍ਰੀ ਗੁਰ ਨਿਕਟਿ ਬਿਠਾਇ ਕਰਿ ਗਰ ਤੇ ਖੜਗ ਉਤਾਰਿ। ਦੇਨਿ ਲਗੇ ਧਤ ਤੇਜ ਕੇ ਕਰਨ ਹੇਤ ਸਰਦਾਰ[3] ॥ ੧ ॥ ਚੌਪਈ ॥ ਦਯਾ ਸਿੰਘ ਅਰੁ ਧਰਮ ਸਿੰਘ ਪੁਨ। ਇਨ ਤੇ ਆਦਿ ਖਾਲਸਾ ਢਿਗ ਗੁਨ। ਦੇਖਤਿ ਹਾਥ ਜੋਰਿ ਹੁਇ ਖਰੇ।'ਸ੍ਰੀਗੁਰ ਅਧਿਕ ਕ੍ਰਿਪਾਕਰਿਢਰੇ॥੨॥ਜੇ ਕਰਿ ਖੜਗ ਦੇਹੁ ਇਨ ਧਰੇ। ਪੰਥ ਆਪ ਕੋ ਕਜਾ ਤਬਿ ਕਰੇ। ਰਹੇ ਆਦਿ ਤੇ ਸੰਗ ਤੁਮਾਰੇ। ਸਹੇ ਕਸ਼ਟ ਬਹੁ ਮਰੇ ਹਜ਼ਾਰੇ ॥ ੩ ॥ ਸਰਬ ਅਕਾਰਥ ਸਿੰਘਨ ਕੇਰਾ। ਦਿਯੋ ਜਵਾਬ ਆਪ ਇਸ ਬੇਰਾ। ਸੇਵਾ ਕਰਨੀ ਬਿਨੈ ਉਚਾਰੇਂ। ਇਸ ਤੇ ਬਿਨ ਕਜਾ ਬਸੀ ਹਮਾਰੇ ॥੪॥ ਜੇ ਕਰਿ ਘਾਲ ਅਕਾਰਥ ਖੋਵਹੁ। ਸਹੀ ਆਪਨੇ ਸਿਖ ਕਰ ਜੋਵਹੁ[4]। ਸਭਿ ਕੋ ਦਿਹੁ ਜਵਾਬ ਇਸ ਕਾਲਾ। ਕਜਾ ਕਰਿ ਸਕੈ ਖਾਲਸਾ ਜਾਲਾ' ॥੫॥ ਇਮ ਕਹਿ ਸਭਿ ਕੇ ਦ੍ਰਿਗ ਭਰਿ ਆਏ। ਰੁਦਤਿ ਅਧਿਕ ਉਰ ਚਿੰਤ ਉਪਾਏ। 'ਦਿਯੋ ਰਹਤਿ, ਦੀਜੈ ਇਸ ਤੀਰ। ਖੜਗ ਖਾਲਸੇ ਕੇ ਰਹਿ ਤੀਰ' ॥੬॥ ਸੁਨਿ ਪਿਖਿ ਕੈ ਗੁਰ ਕ੍ਰਿਪਾ ਉਪਾਈ। 'ਕਯੋਂ ਤੁਮ ਸੰਸੈ ਰਿਦੈ ਉਠਾਈ[5]। [6]ਜਾਨਹੁ ਰਿਦੈ ਕਮਾਇਕ ਮੇਰਾ। ਭੋਗੇ ਪੁੱਤ੍ਰ ਖਾਲਸਾ ਮੇਰਾ* ॥੭॥ ਰਿਪੁ ਕੰਟਕ ਇਹ ਬੀਨ ਮਿਟਾਵੈ। ਬਿਚਰਤਿ

[1]ਹੇ ਮੇਰੇ ਬੰਦੇ! ਜੋ ਬੇਮੁਖ ਹੋਏ ਹਨ ਉਨ੍ਹਾਂ ਨੂੰ ਰੱਦ ਕਰ [ਮਨ=ਮਨੁਜ, ਬੰਦਾ]। [2]ਤੇਜਵਾਲਾ ਪੰਥ ਤੇਰੇ ਹਥ ਦਿੱਤਾ ਹੈ। [3]ਭਾਵ ਜਥੇਦਾਰ ਬਨਾਉਣ ਲੱਗੇ ਹਨ, ਗੁਰਜਾਈ ਨਹੀਂ ਦੇਣ ਲੱਗੇ। [4]ਜਿਧਰ ਕਿਧਰ ਆਪਣੇ ਸਿਖ ਜੋ ਦੇਖਦੇ ਹੋ। [5]ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਗੱਦੀ ਨਹੀਂ ਸਨ ਦੇਣ ਲੱਗੇ। [6]ਹਿਰਦੇ ਵਿੱਚ ਜਾਣ ਲਓ ਕਿ ਇਹ ਮੇਰਾ ਕਾਰਿੰਦਾ ਹੈ ਤੇ ਖਾਲਸਾ ਮੇਰਾ ਪੁੱਤ੍ਰ ਹੈ ਜੋ (ਸੁਖ) ਭੋਗੇਗਾ। [ਕਮਾਇਕ=ਕਮਾਈ ਕਰਨ ਵਾਲਾ, ਕਾਰਿੰਦਾ]।

*ਕੈਸਾ ਅਚਰਜ ਖਾਲਸੇ ਨਾਲ ਪ੍ਰੇਮ ਹੈ। ਕੈਸਾ ਉੱਚਾ ਗੁਰੂ-ਬਿਰਦ ਹੈ। ਅਸਲ ਗੱਲ ਇਸ ਵੇਲੇ ਖਾਲਸੇ ਦੇ ਘਬਰਾ ਦੀ ਇਹ ਜਾਪਦੀ ਹੈ ਕਿ ਸਤਿਗੁਰਾਂ ਨੇ ਜਦੋਂ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਸਿੰਘ ਅਨਿਕ ਸੁਖ ਪਾਵੈਂ। ਰਾਜ ਦੇਸ਼ ਕੋ ਅਹੈ ਤੁਮਾਰੋ। ਸੋ ਨਹਿ ਟਰਹਿ

ਟੂਕ: [ਪਿਛਲੇ ਪੰਨੇ ਦੀ ਬਾਕੀ ਟੂਕ]

ਅੰਮ੍ਰਿਤ ਛਕਾਕੇ ਪੰਜਾਂ ਪਿਆਰਿਆਂ ਤੋਂ ਆਪ ਛਕਿਆ ਤਾਂ 'ਖਾਲਸਾ' ਗੁਰੂ ਸਥਾਨੀ ਹੋ ਗਿਆ, ਫੇਰ ਚਮਕੌਰ ਵਿਚ ਇਹੋ ਗੱਲ ਦੁਹਰਾਈ। ਤਲਵਾਰ ਬੰਦੇ ਨੂੰ ਦੇਣ ਵੇਲੇ ਖਾਲਸੇ ਨੇ ਜਾਤਾ ਕਿ ਇਸ ਨੂੰ ਗੁਰਜਾਈ ਮਿਲਣ ਲੱਗੀ ਹੈ ਤੇ ਇਹ ਕਲਗ਼ੀਧਰ ਅਸਥਾਨੀ ਹੋ ਜਾਏਗਾ। ਇਸ ਕਰਕੇ ਖੜਗ ਦੇਣੀ ਨਹੀਂ ਸਨ ਚਾਹੁੰਦੇ। ਪਿਛਲੇ ਸਤਿਗੁਰਾਂ ਦੇ ਸਮਿਆਂ ਤੋਂ ਗੱਦੀ ਦੇਣ ਵੇਲੇ ਪੰਜ ਪੈਸੇ ਨਰੇਲ ਦੇ ਨਾਲ ਖੜਗ ਬੀ ਅਰਪਨ ਹੁੰਦੀ ਸੀ। ਇਸ ਕਰਕੇ ਖਾਲਸੇ ਨੇ ਜਾਤਾ ਕਿ ਖੜਗ ਖਾਲਸੇ ਦਾ ਹੱਕ ਹੈ, ਇਹ ਜੇ ਜਥੇਦਾਰ ਥਾਪਣਾ ਹੈ ਤਾਂ ਤੀਰ ਇਸ ਨੂੰ ਦਿਓ, ਖੜਗ ਲੈਕੇ ਕਦੇ ਦਾਅਵੇਦਾਰ ਗੱਦੀ ਦਾ ਨਾ ਹੋ ਜਾਵੇ। ਸਤਿਗੁਰ ਗੱਦੀ ਦੇਣ ਨਹੀਂ ਸਨ ਲੱਗੇ ਪਰ ਖਾਲਸੇ ਦਾ ਇਹ ਭਾਵ ਸਮਝਕੇ ਸਤਿਗੁਰਾਂ ਨੇ ਬੰਦੇ ਨੂੰ ਤੀਰ ਦਿੱਤੇ। ਖੜਗ ਖਾਲਸੇ ਜੋਗੀ ਹੀ ਰਹੀ ਜੋ ਗੁਰਤ੍ਵ ਦੀ ਨਿਸ਼ਾਨੀ ਸੀ। ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਥਾਪਿਆ, ਇਸੇ ਕਰਕੇ ਪੁਰਾਤਨ ਸਮਿਆਂ ਤੋਂ ਜਦ ਸੂਰਮੇ ਸਿਖ ਦੀਵਾਨ ਵਿਚ ਆਉਂਦੇ ਹਨ ਤਦ ਖੜਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਧਰ ਦਿੰਦੇ ਹਨ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਹੈ ਤੇ ਆਪ ਦੀ ਤਾਬਿਆ ਗੁਰੂ ਹੈ।

ਇਸ ਵੇਲੇ ਸਤਿਗੁਰਾਂ ਨੇ ਜੋ ਲਫਜ਼ ਕਹੇ ਹਨ ਨਿਰਸੰਸੇ ਕਰ ਦਿੰਦੇ ਹਨ ਕਿ ਬੰਦੇ ਨੂੰ ਆਪ ਨੇ ਆਪਣਾ ਕਰਿੰਦਾ ਥਾਪਿਆ ਹੈ, ਭਾਵ ਰਾਜਸੀ (ਪੁਲੀਟੀਕਲ) ਕੰਮ ਕਰਨ ਦਾ ਕੇਵਲ ਅਗੁਵਾਨੀ ਯਾ ਜਥੇਦਾਰ ਅਤੇ ਪ੍ਰਭੂ ਪਦ ਖਾਲਸੇ ਨੂੰ ਦਿੱਤਾ ਹੈ। ਸੋ ਗੱਦੀ ਨਸ਼ੀਨ ਤਾਂ ਗੁਰੂ ਖਾਲਸਾ ਹੈ ਤੇ ਜੰਗੀ ਕੰਮ ਕਰਨ ਵਾਲਾ ਗੁਰੂ ਕਾ ਕਾਰਿੰਦਾ ਬੰਦਾ ਹੈ। ਇਸ ਗੱਲ ਦੇ ਪੂਰਨ ਲਈ ਸਤਿਗੁਰਾਂ ਨੇ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਭਾਈ ਬਾਜ ਸਿੰਘ ਤਿੰਨ ਸਿੰਘ ਨਾਲ ਦਿੱਤੇ, ਗੋਯਾ ਬੰਦੇ ਨੂੰ ਸੁਤੰਤ੍ਰ ਜਥੇਦਾਰ ਬੀ ਨਹੀਂ ਥਾਪਿਆ। ਜਥੇਦਾਰ ਇਕ ਸਿਖ ਦਾਨਿਆਂ ਤੇ ਵਡਕਿਆਂ ਦੀ ਸਭਾ ਦੇ ਮਾਤਹਿਤ ਰੱਖਿਆ, ਜਿਵੇਂ ਅੱਜ ਕੱਲ 'ਗਵਰਨਰ ਇਨ ਕੌਂਸਲ' ਹੁੰਦਾ ਹੈ। ਭੰਗੂ ਰਤਨ ਸਿੰਘ ਜੀ ਇਹ ਵੀ ਲਿਖਦੇ ਹਨ ਕਿ ਤੁਰਨ ਵੇਲੇ ਖਾਲਸੇ ਨੇ ਕਿਹਾ ਕਿ 'ਜੋ ਬੰਦਾ ਪਤਸ਼ਾਹੀ ਚਾਹੈ। ਤਬ ਹਮ ਨ ਇਨਕੇ ਨਾਲ ਰਾਹੈ।' ਤਦ ਸਤਿਗੁਰਾਂ ਨੇ ਬੰਦੇ ਨੂੰ ਕਿਹਾ ਕਿ 'ਜੋ ਤੂੰ ਸਿੰਘਨ ਖੁਸ਼ ਰਖੈਂ ਤੋ ਰਹੈਂ ਸਦਾ ਤੂੰ ਸੁੱਖ। ਜੇ ਤੂੰ ਸਿੰਘਨ ਦੁਖ ਦਿਵੈਂ ਤੋ ਤੂੰ ਪਾਵੈਂ ਦੁੱਖ।' ਬੰਦੇ ਨੇ ਇਹ ਗੱਲ ਮੰਨੀ। ਇਸ ਤੋਂ ਸਾਬਤ ਹੋਇਆ ਕਿ ਬੰਦਾ ਮੁਖੀਆ ਤੇ ਆਗੂ ਥਾਪਿਆ ਸੀ। ਖੁਦਮੁਖਤਯਾਰ ਨਹੀਂ, ਖਾਲਸੇ ਦੀ ਪੰਚਾਇਤ ਦੇ ਵਿਚ ਉਹ ਪੰਚ ਸੀ। ਜਦ ਬੰਦੇ ਰਿਧ ਸਿਧ ਮੰਗੀ ਤਾਂ ਗੁਰੂ ਜੀ ਨੇ ਕਿਹਾ 'ਪੰਚ ਸਿੰਘ ਲੈਕੇ ਤੂੰ ਸਾਥ। ਕਰ ਅਰਦਾਸ ਪੂਰੀ ਹੋਇ ਆਸ'।

ਗੁ: ਪ੍ਰ: ਸੂ: ਵਿਚ ਨਾਲਦੇ ਸਿੰਘਾਂ ਦੇ ਤ੍ਰੈ ਨਾਮ ਹਨ, ਪਰ ਪਤਾ ਚਲਦਾ ਹੈ ਕਿ ਬੰਦੇ ਨੂੰ ਸਲਾਹ ਦੇਣ ਵਾਲੇ ਪੰਜ ਸਿੰਘ ਸਨ। ਹੋਰਨਾਂ ਦੋਹਾਂ ਦੇ ਨਾਮ ਬਿਜੈ ਸਿੰਘ ਤੇ ਰਾਮ ਸਿੰਘ ਤਵਾ: ਖਾ: ਨੇ ਲਿਖੇ ਹਨ ਪਰ ਭੰਗੂ ਜੀ ਨੇ, ਜੋ ਪੁਰਾਤਨ ਹਨ, ਲਿਖਿਆ ਹੈ ਕਿ ਬੰਦੇ ਦੇ ਨਾਲ ਮਾਝੇ ਦੇ ਸਿੰਘ ਰਲਾਏ, ਤੇ ਅੱਗੇ ਨਾਮ ਦਿੱਤੇ ਹਨ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਦਇਆ ਸਿੰਘ, ਰਣ ਸਿੰਘ, ਬਾਜ ਸਿੰਘ ਤੇ ਧਰਮੀਰ ਸਿੰਘ। ਉਨ੍ਹਾਂ ਨੇ ਲਿਖਿਆ ਹੈ:—

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

ਕਿਸੂ ਤੇ ਟਾਰੋ ॥ ੮ ॥ ਇਹੁ ਚਿੰਤਾ ਤੁਮ ਦੇਹੁ ਮਿਟਾਈ। ਰਾਜ ਤੇਜ ਤੁਮ ਤੇ ਨਹਿਂ ਜਾਈ। ਹਰਖ ਧਰਹੁ ਚਿਤ ਚਾਹਤਿ ਜੈਸੇ। ਬੰਦੇ ਕੋ ਬਖਸ਼ਹਿਂ ਸਰ ਤੈਸੇ' ॥੯॥ ਇਮ ਕਹਿ ਗਹੇ ਖੜਗ ਕੌ ਧਾਰਾ। ਸਿੰਘਨਿ ਕੋ ਸਤਿਕਾਰਿ ਬਿਠਾਰਾ। ਬਿਚ ਨਿਖੰਗ ਤੇ ਪਾਂਚਹੁਂ ਤੀਰ। ਦੇਤਿ ਭਏ ਬੰਦੇ ਕੋ ਤੀਰ ॥੧੦॥ ਸ੍ਰੀ ਮੁਖ ਕਹ੍ਯੋ 'ਜਤੀ ਰਹਿਂ ਜਾਵਤਿ। ਰਹੈ ਤੇਜ ਤੇਰੋ ਵਧਿ ਤਾਵਤਿ। ਬ੍ਰਹਮਚਰਜ ਤੇ ਮੁਖ ਨਹਿਂ ਮੁਰੈ। ਬ੍ਰਹਮਚਰਜ ਤੇ ਰਿਪੁ ਨਹਿਂ ਅਰੈ ॥੧੧॥ ਬ੍ਰਹਮਚਰਜ ਤੇ ਤੇਜ ਸਵਾਯਾ। ਬ੍ਰਹਮਚਰਜ ਤੇ ਸਭਿ ਕਿਛ ਪਾਯਾ। ਬੰਦਾ ਭਯੋ ਜਿ ਬੰਦੀ ਬਨਾਹੈਂ[1]। ਤਬਿ ਇਨ ਸਰਨਿ[2] ਤੇਜ ਘਟ ਜਾਹੈ ॥੧੨॥ ਜਮਨਾ ਪਾਰ ਜਾਇ ਸਭਿ ਠੌਰਾ। ਹਨਹੁ ਦੁਸ਼ਟ ਘਾਲਹੁ ਬਡ ਰੌਰਾ। ਪਰੈ ਬੂੜੀਏ[3] ਥੇ ਕੁਛ ਜਾਇ। ਥਿਰਹੁ ਹੋਰਿ ਕੋ ਊਚੀ ਥਾਇਂ ॥ ੧੩ ॥ ਪਠਹਿਂ ਹੁਕਮਨਾਮਾ ਹਮ ਪਾਛੈ। ਮਿਲਹਿਂ ਸਿੰਘ ਪੰਚਹੁਂ ਜਬਿ ਆਛੈ। ਤਬਿ ਲੂਟਨ ਲਾਗਹੁ ਸਭਿ ਦੇਸ਼ਾ। ਹਤਹੁ ਜਿ ਲਰਨੇ ਆਇ ਵਿਸ਼ੇਸ਼ਾ* ॥੧੪॥ ਪ੍ਰਥਮ ਦੌਰਿ ਜਿਸ ਠੌਰ ਸਢੌਰਾ। ਕਰਹੁ ਕਤਲ ਘਾਲਹੁ ਬਡ ਰੌਰਾ। ਪੁਨ ਤੁਰਕਨ ਕੇ ਪੁਰਿ ਸਭਿ ਮਾਰੋ। ਲੂਟਿ ਕੂਟਿ ਕਰਿ ਦੁਸ਼ਟ ਸੰਘਾਰੋ ॥ ੧੫ ॥ ਜਬਿ ਦਲ ਵਧਹਿ ਸਿਰੰਦ ਸਿਧਾਰਹੁ। ਤਹਾਂ ਵਜ਼ੀਦ ਖਾਨ ਸਿਰਦਾਰਹੁ। ਸਾਹਿਬਜ਼ਾਦੇ ਜਿਨ ਮਰਵਾਏ। ਲਰਤਿ ਆਪ ਲਿਹੁ ਤਿਸ ਕੋ ਘਾਏ ॥੧੬॥ ਨਿਜ ਕਰ ਤੇ ਸਿਰ ਛੇਦਨਿ ਕਰੋ। ਪੁਰਿ ਸਿਰੰਦ ਬਿਧੰਸ ਪ੍ਰਹਰੋ[4]। ਸਾਧੂ ਮੂਲਾ ਹੈ ਜਿਸ ਨਾਮ। ਬਸੈ, ਨ ਲੂਟਹੁ, ਨਗਰ ਸੁਨਾਮ[5] ॥ ੧੭ ॥ ਅਪਰ ਦੇਸ਼ ਮਹਿ ਘਾਲਹੁ ਰੌਰਾ। ਲੂਟਿ ਕੂਟਿ ਲੀਜੈ ਸਭਿ ਠੌਰਾ। ਪੁਨਹਿ ਪਹਾਰਨਿ ਬਿਖੈ ਪ੍ਰਵੇਸ਼ਹੁ। ਰਾਜੇ ਰਾਣੇ ਰਾਵ ਬਿਸ਼ੇਸ਼ਹੁ ॥ ੧੯ ॥ ਗਨ ਮੀਏਂ ਬਿਧ੍ਰੰ-

[1]ਬੰਦਾ ਹੋਕੇ ਜੇ ਬਾਂਦੀ (ਇਸਤ੍ਰੀ) ਵਿਆਹੇਗਾ। [2]ਇਨ੍ਹਾਂ ਤੀਰਾਂ ਦਾ। [3]ਬੂੜੀਏ ਪਿੰਡ ਤੋਂ ਪਰੇ। [4]ਮਾਰਕੇ ਨਾਸ਼ ਕਰੋ। [5]ਸੁਨਾਮ ਨਗਰ ਜੋ ਰਿਆਸਤ ਪਟਿਆਲਾ ਵਿਚ ਹੈ।

*ਭੰਗੂ ਜੀ ਨੇ ਇਸ ਵੇਲੇ ਦੀ ਆਗਿਆ ਇਹ ਦੱਸੀ ਹੈ ਕਿ 'ਦੋਖੀਆਂ ਨੂੰ ਦੰਡ ਦੇਣਾ।' ਸਭ ਦੇਸ਼ ਲੁਟਣ ਦਾ ਹੁਕਮ ਨਹੀਂ ਦੱਸਿਆ ਨੇ।

[ਪਿਛਲੇ ਪੰਨੇ ਦੀ ਬਾਕੀ ਟੂਕ]

'ਤਬ ਸਤਿਗੁਰ ਸਿੰਘ ਮਝੈਲ ਰਲਾਏ। ਬਾਬੇ ਬਿਨੋਦ ਸਿੰਘ ਔ ਕਾਹਨ ਸਿੰਘ ਚੜ੍ਹਾਏ। ਦਯਾ ਸਿੰਘ ਔ ਰਣ ਸਿੰਘ ਭਲੇ। ਭਏ ਹਜ਼ੂਰ ਭੁਜੰਗੀ ਸੰਗ ਬੰਦੇ ਘਲੇ ॥ ੨੨ ॥ ਔ ਬਾਜ ਸਿੰਘ ਬਲਮੀਰ ਪੁਰ ਪੱਟੀ ਵਾਰੇ। ਸਤਿਗੁਰ ਕਰ ਦਏ ਸੰਗ ਭਾਈ ਚਾਰੇ। ਔਰ ਚੜ੍ਹਾਏ ਸਿੰਘ ਬਡ ਸਿਦਕ ਬਾਰੇ। ਰਹਿਤ ਹਜ਼ੂਰ ਥੇ ਗੁਰੂ ਪਿਆਰੇ॥੨੩॥' ਤੇ ਨਾਲ ਲਿਖਦੇ ਹਨ ਕਿ ਮਝੈਲ ਸਿੰਘਾਂ ਵਲ ਖਤ ਲਿਖ ਦਿੱਤੇ ਕਿ ਖਤ ਵੇਖਦ ਸਾਰ ਬੰਦੇ ਪਾਸ ਆ ਜਾਓ। ਤਵਾ: ਖਾ: ਦੇ ਬੰਦੇ ਦੇ ਨਾਲ ਆਏ ੨੫ ਸਿੰਘ ਦੱਸੇ ਹਨ, ਜਿਨ੍ਹਾਂ ਵਿੱਚੋਂ ਪੰਜ ਮੁਖੀਏ ਕੀਤੇ ਬੰਦੇ ਦੇ ਸਲਾਹਕਾਰ।

ਸਨ ਕਰਿਕੈ। ਸਭਿ ਧਾਰਨ[1] ਕੇ ਬਿਖੈ ਬਿਚਰਿਕੈ। ਖੋਜਿ ਖੋਜਿ-ਦ੍ਰੋਹੀ ਗੁਰੂ ਘਰ ਕੇ। ਅੰਤਕ ਧਾਮ ਪਠਾਵਨਿ ਕਰਿਕੇ ॥ ੧੯ ॥ ਲਿਹੁ ਬਦਲਾ ਜਿਮ ਜਾਨਹਿ ਦੇਸ਼।ਜਹਿਂ ਕਹਿਂ ਧੂੰਮ ਮਚਾਇ ਵਿਸ਼ੇਸ਼। ਬੁੱਧੂ ਸ਼ਾਹ ਅਧਿਕ ਦਰ-ਵੇਸ਼। ਹਮ ਸੋਂ ਮੇਲ ਕਰਯੋ ਸ਼ੁਭ ਵੇਸ਼ ॥ ੨੦ ॥ ਬਸਤਿ ਹੁਤੋ ਬਿਚ ਸ਼ਹਿਰ ਸਢੌਰੇ। ਮਿਲਯੋ ਪਾਂਵਟਾ ਮਹਿਂ ਰਣ ਠੌਰੇ। ਨਰ ਗਨ ਲੇ ਕਰਿ ਲਰਯੋ ਘਨੇਰੇ। ਬਿਜੈ ਲਈ ਰਿਪੁ ਹਤੇ ਬਡੇਰੇ ॥੨੧॥ ਤਿਸ ਕੇ ਸਾਥ ਬਾਦ ਕਰਿ ਭਾਰੇ[2]। ਤੁਰਕੇਸ਼ੁਰ ਕੇ ਨਿਕਟ ਉਚਾਰੇ। ਸਹਤ ਮੁਰੀਦ ਕਤਲ ਕਰਿ-ਵਾਯੋ। ਇਕ ਲਰਕਾ ਬਚਿ ਅਨਤ ਸਿਧਾਯੋ ॥ ੨੨ ॥ ਇਸ ਕਾਰਨ ਤੇ ਸ਼ਹਿਰ ਸਢੌਰੇ।ਨਰ ਬਹੁ ਖੋਟੇ ਦੁਰਮਤਿ ਬੌਰੇ। ਪ੍ਰਥਮ ਬਿਨਾਸ਼ ਕਰਹੁ ਤਿਨ ਕੇਰਾ। ਪੁਨ ਲੇ ਕਰਿ ਦਲ ਚਲਹੁ ਅਗੇਰਾ' ॥ ੨੩ ॥ ਸੀਖ੍ਯਾ ਸਕਲ ਸੁਨੀ ਜਬਿ ਬੰਦੇ। ਬੂਝਨਿ ਲਗਯੋ ਜੁਗਮ ਕਰ ਬੰਦੇ। ਜਾਇ ਤਹਾਂ ਏਕਲ ਕ੍ਯਾ ਕਰਿਹੂੰ। ਲਾਖਹੁਂ ਸੰਗ ਜੰਗ ਕਿਮ ਭਿਰਿਹੂੰ ? ॥੨੪॥ ਜਿਮ ਪਲਟਾ ਲੈ ਹੌਂ ਰਿਪੁ ਘਾਇ। ਜਥਾ ਲਾਜ ਮਮ ਜਗ ਰਹਿ ਜਾਇ। ਕਰਨਿ ਉਚਿਤ ਪ੍ਰਭੁ ਇਸ ਬਿਧਿ ਕਾਜ। ਪ੍ਰਗਟੈ ਨਾਮ ਗ਼ਰੀਬ ਨਿਵਾਜ' ॥ ੨੫ ॥ ਸਤਿ-ਗੁਰ ਭਨਯੋਂ 'ਸੈਨ ਭੰਡਾਰਾ। ਹੋਨਿ ਅਕਾਲੀ ਲਾਖ ਹਜ਼ਾਰਾਂ[3]। ਸੋ ਦੇ ਕਰਿ ਕੀਨੇ ਅਨੁਸਾਰੀ। ਹੋਹਿ ਸੰਗ ਤੁਮ ਲਸ਼ਕਰ ਭਾਰੀ॥ ੨੬ ॥ ਜੇ ਪ੍ਰਤੀਤ ਨਹਿਂ ਮੂੰਦਹੁ ਨੈਨੰ। ਲਿਹੁ ਬਿਲੋਕਿ ਚਿਤ ਮਹਿਂ ਧਰਿ ਚੈਨੰ'। ਸੁਨਤਿ ਬਿਲੋਚਨ ਮੂੰਦੇ ਜਬੈ।ਦਿਖੇ ਗਗਨ ਮਹਿਂ ਲਾਖਹੁਂ ਤਬੈ ॥੨੭॥ਪੰਥ ਅਨੇਕ ਆਹਿਂ, ਨਹਿਂ ਪਾਰਾ। ਭਈ ਭੀਰ ਦਲ ਸਿੰਘਨਿ ਭਾਰਾ।ਤੁਪਕ ਧਨੁਖ ਸਰ ਧਾਰਨ ਹਾਰੇ। ਰਿਪੁ ਹਤਿਬੇ ਰਣ ਬਿਖੈ ਕਰਾਰੇ ॥੨੮॥ ਪ੍ਰਭੁ ਕੀ ਪ੍ਰਭੁਤਾ ਪਿਖੀ ਬਿਸਾਲਾ। ਪਰਯੋ ਚਰਨ ਪਰ ਧਰਿ ਕਰਿ ਭਾਲਾ। 'ਅਪਨੋ ਮਤਿ ਚਲਾਇਹੋਂ ਜਬੈ। ਪੰਥ ਆਪ ਕੋ ਬਿਗਰੈ ਤਬੈ ॥੨੯॥ ਕੌਨ ਜੁਗਤਿ ਮਹਿਂ ਰਹੌਂ ਬਤਾਵਹੁ। ਮਿਲਨ ਖਾਲਸਾ ਜਿਮ ਫੁਰਮਾਵਹੁ*'। ਸ੍ਰੀ ਗੁਰ ਉਚਰਯੋ

[1]ਪਹਾੜਾਂ ਦੀਆਂ ਧਾਰਾਂ। [2](ਸਢੌਰੇ ਦੇ ਕਾਜ਼ੀਆਂ ਤੇ ਖੋਟੇ ਲੋਕਾਂ ਨੇ) ਉਸ (ਬੁਧੂ ਸ਼ਾਹ) ਨਾਲ ਭਾਰੇ ਝਗੜੇ ਕਰਕੇ"""। [3]ਗੁਪਤ ਸੂਰਮਿਆਂ ਤੋਂ ਮੁਰਾਦ ਹੈ।

*ਕਵੀ ਜੀ ਸੌ ਸਾਖੀ ਦਾ ਅਨੁਵਾਦ ਯਾ ਉਸਦਾ ਉਤਾਰਾ ਕਰ ਰਹੇ ਹਨ। ਏਥੇ ਆਪ ਉਸਦੀ ਇਕ ਸਤਰ ਦਾ ਚਾਰ ਸਤਰਾਂ ਵਿਚ ਤਰਜਮਾ ਕਰਦੇ ਹਨ, ਜੋ ਇਕ ਖਿੱਚ ਹੈ। ਅਸਲ ਪਾਠ ਐਉਂ ਹੈ, ਜਦੋਂ ਗੁਪਤ ਸੈਨਾ ਬੰਦਾ ਦੇਖ ਚੁਕਾ ਤਾਂ:—'ਚਰਨ ਪਰਾ ਦਿਖ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

'ਪੰਥ ਹਮਾਰਾ। ਕਿਸ ਪ੍ਰਕਾਰ ਨਹਿਂ ਬਿਗਰਨਹਾਰਾ ॥੩੦॥ [1]ਜੇ ਤੁਧ ਸਾਥ ਖਾਲਸਾ ਖਾਲਸ। ਬਖਸ਼ੀ ਖ਼ੁਸ਼ੀ ਹਮਹੁਂ ਇਹ ਲਾਲਸ[1]। ਆਪਾ ਜਬਹਿ ਤੋਹਿ ਨਹਿਂ ਹੁਵਾ। ਜਗ ਮਹਿਂ ਤੋਹ ਸਮਾਨ ਨ ਦੂਵਾ ॥੩੧॥ ਜੋ ਲੰਗੋਟ-ਬੰਦ[2] ਨਹਿਂ ਰਹੈ। ਸਿੰਘਨਿ ਸੰਗ ਦੂਸ਼ਤਾ ਲਹੈਂ। ਜਿਮ ਕੰਚਨ ਬਹੁ ਪਰੈ ਕੁਠਾਲੀ। ਗਲਹਿ ਅਗਨਿ ਤੇ ਤਾਉ ਉਤਾਲੀ ॥੩੨॥ ਤਥਾ ਦਸ਼ਾ ਤੇਰੀ ਹ੍ਵੈ ਜੈ ਹੈ। ਪ੍ਰਭੁਤਾ ਪਾਇ ਜਬਹਿ ਗਰਬੈ ਹੈਂ। ਦੁਇ ਸਾਹਿਬਜ਼ਾਦੇ ਬਲਵੰਤੇ। ਇਕ ਤੇਹਣ ਭੱਲਾ ਬੁਧਵੰਤੇ ॥੩੩॥ ਤੇਰੇ ਸੰਗ ਕਰੇ ਰਖਵਾਰੇ। ਜਹਿਂ ਤਹਿਂ ਰੱਛਨਾ ਕਰਹਿਂ ਉਦਾਰੇ। ਉਪਜਹਿਂ ਉਰ ਬਿਕਾਰ ਬਰਜੈ ਹੈਂ[3]। ਰਣ ਮਹਿਂ ਸ਼ੱਤ੍ਰਨਿ ਤੇ ਰਖਿ ਲੈਹੈਂ ॥ ੩੪ ॥ ਸਾਵਧਾਨ ਹੋਵਹੁ ਧਰਿ ਧੀਰਾ। ਲਿਹੁ ਪਲੋਟਾ ਸਾਂਭਹੁ ਪੰਚ ਤੀਰਾ। ਬਾਬਾ ਇਹ ਬਿਨੋਦ ਸਿੰਘ ਭਾਰੀ। ਤਿਨ ਸੁਤ ਕਾਹਨ ਸਿੰਘ ਬਲ ਧਾਰੀ ॥ ੩੫ ॥ ਬਾਜ ਸਿੰਘ ਤੀਸਰ ਹੁਇ ਸੰਗ। ਹਮ ਕਰ ਤੇ ਅੰਮ੍ਰਿਤ ਲੇ ਅੰਗ[4]। ਰਿਦੇ ਸ਼ੁੱਧ ਘਾਲਹਿਂ ਘਮਸਾਨਾ। ਤੁਮ

[1]ਤੇ ਤੇਰੇ ਨਾਲ ਖਾਲਸਾ ਮਿੱਤ੍ਰ ਹੋਇਗਾ ਤਦ ਅਸੀਂ ਖੁਸ਼ੀ ਬਖਸ਼ੀ ਹੈ ਕਿ ਤੇਰੀਆਂ ਲਾਲਸਾਂ ਪੂਰਨ ਹੋਣਗੀਆਂ। ਸੌ ਸਾਖੀ ਦਾ ਪਾਠ ਹੈ:—'ਜੋ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ'। [2]ਜਤੀ, ਭਾਵ ਅਵਿਵਾਹਿਤ। [3]ਤੈਨੂੰ ਰੋਕਣਗੇ ਜਦ ਤੇਰੇ ਦਿਲ ਵਿੱਚ ਵਿਕਾਰ ਉਪਜੇਗਾ। [4]ਸਾਡੇ ਹੱਥੋਂ ਅੰਮ੍ਰਿਤ ਲੈਕੇ ਅੰਗੀਕਾਰ ਕੀਤਾ ਹੈ। [ਸੰਸ:, ਅੰਗ= ਅੰਗੀਕਾਰ ਦਾ ਸੰਖੇਪ। (ਅ) ਹਾਂ, ਠੀਕ, (ੲ) ਪਿਆਰੇ !]।

[ਪਿਛਲੇ ਪੰਨੇ ਦੀ ਬਾਕੀ ਟੂਕ]

ਪੂਛਨ ਲਾਗਾ। ਕੈਸੀ ਜੁਗਤ ਬਤਾਵਹੁ ਰਾਗਾ।' ਕਵੀ ਜੀ ਉਪਰਲੇ ੨੮, ੨੯ ਅੰਕ ਵਿਚ ਇਨ੍ਹਾਂ ਤੁਕਾਂ ਦਾ ਅਰਥ ਕਰਦੇ ਹਨ। ਪਰ ਮੂਲ ਵਿਚ ਦਾ ਲੇਖ ਏਨੀ ਗਲ ਦੱਸਦਾ ਹੈ ਕਿ 'ਕੈਸੀ ਜੁਗਤ ਬਤਾਵਹੁ ਰਾਗਾ'। (ਹੇ ਗੁਰੂ ਜੀ) ਉਹ ਕੇਹੀ ਜੁਗਤ ਹੈ ਕਿ (ਮੈਂ ਖਾਲਸੇ ਨਾਲ) ਪਿਆਰ ਵਿਚ ਰਹਾਂ. ਇਸ ਲਈ ਅੰਕ ੨੮,੨੯ ਦੀਆਂ ਚਾਰ ਸਤਰਾਂ ਦਾ ਅਰਥ ਕੇਵਲ ਇੰਨਾਂ ਹੀ ਸਮਝਣਾ ਚਾਹੀਏ ਤੇ ਵਿਸ਼ੇਸ਼ ਨਿਰਾਰਥਕ ਸਮਝਣਾ ਚਾਹੀਏ। ਹੋ ਸਕਦਾ ਹੈ ਕਿ ਇਹ ਅੰਕ ਅਖੇਪਕ ਹੋਵੇ। ਫਿਰ ਅਗਲੇ ਜਵਾਬ ਵਿਚ ਬੀ ਜੋ ਗੁਰੂ ਜੀ ਨੇ ਦਿੱਤਾ ਹੈ, ਸੌ ਸਾਖੀ ਵਿਚ ਪੰਥ ਦੇ ਵਿਗੜਨ ਦਾ ਜ਼ਿਕਰ ਨਹੀਂ। ਓਥੇ ਬੰਦੇ ਦੇ ਉਪ੍ਰੋਕਤ ਪ੍ਰਸ਼ਨ ਦੇ ਜਵਾਬ ਵਿਚ ਗੁਰੂ ਜੀ ਫੁਰਮਾਉਂਦੇ ਹਨ:—'ਬਹੁਤ ਕਹੀ ਗੁਰ ਸਿੱਖਨ ਰਾਖੇ। ਤੁਰਕਨ ਖੇਦ ਮਾਰ ਕਰ ਨਾਖੇ। ਸੁਨ ਬੰਦੇ ! ਤੁਮ ਖਾਲਸਾ ਪੰਥ। ਮਿਲੇ ਖਾਲਸਾ ਪਾਹੁਲ ਸੰਥ। ਜੋ ਤੋ ਕੌ ਖਾਲਸਾ ਸਾਲਸ। ਤਬ ਹਮ ਖੁਸ਼ੀ ਬਖਸ਼ੀ ਸਭ ਲਾਲਸ। ਆਪਾ ਜਬ ਹੀ ਤੋਹਿ ਨ ਹੂਆ। ਤੇਜ ਸਮਾਨ ਹੋਇ ਨਾ ਬੀਆ'। ਇਸ ਵਿਚ ਅਪਣੇ ਮਤ ਚਲਾਉਣ ਦਾ ਕੋਈ ਜ਼ਿਕਰ ਨਹੀਂ।

ਸਹਾਇਤਾ ਕਰਹਿਂ ਮਹਾਨਾ*' ॥ ੩੬ ॥ ਸੁਨਿ ਬੰਦਾ ਮਨ ਭਯੋ ਅਨੰਦ।

*ਬੰਦੇ ਦੇ ਅੰਮ੍ਰਿਤ ਛਕਣ ਦਾ ਏਥੇ ਸਪਸ਼ਟ ਜ਼ਿਕਰ ਨਹੀਂ ਹੈ ਪਰ ਸਾਰੀ ਗੱਲ ਬਾਤ ਇਹ ਦੱਸ ਰਹੀ ਹੈ ਕਿ ਓਹ ਪੂਰਨ ਗੁਰ ਸਿੱਖ ਹੋ ਗਿਆ ਹੈ ਤੇ ਨਿਜ ਨੂੰ ਗੁਰੂ ਕਾ ਬੰਦਾ ਸ੍ਵੀਕਾਰ ਕਰ ਚੁਕਾ ਹੈ। ਉਸ ਵੇਲੇ ਪੰਥ ਵਿਚ 'ਸਿੰਘ' ਸਜੇ ਬਿਨਾਂ ਮੁਖੀਆ ਹੋਣਾ ਕਠਨ ਸੀ। ਜਦੋਂ ਡੱਲੇ, ਦਾਨੇ ਤੇ ਦਿਆਲਦਾਸ ਦੀਆਂ ਸਾਖੀਆਂ ਪੜ੍ਹੀਏ ਤੇ ਮਾਲਵੇ ਵਿਚ ਅੰਮ੍ਰਿਤ ਪ੍ਰਚਾਰ ਦੇ ਹੋਰ ਹਾਲ ਵਾਚੀਏ ਤਾਂ ਅਗਲਬ ਨਹੀਂ ਭਾਸਦਾ ਕਿ ਬੰਦੇ ਨੂੰ ਸਿੰਘ ਨਾ ਸਾਜਿਆ ਹੋਵੇ। ਜੇ ਇਸ ਵਿਸ਼ੇ ਤੇ ਹੋਰ ਖੋਜ ਕਰੀਏ ਤਾਂ ਅਜੇ ਹੋਰ ਕੁਛ ਲੱਭਣਾ ਮੁਮਕਿਨ ਹੈ, ਪਰ ਜੋ ਹੁਣ ਤਕ ਦੇ ਸਾਨੂੰ ਮਿਲੇ ਪੁਸਤਕ ਹਨ ਉਨ੍ਹਾਂ ਵਿਚੋਂ ਖੋਜ ਇਸ ਪ੍ਰਕਾਰ ਚਲਦੀ ਹੈ:—

੧. ਉੱਨੀ ਸੈ ਪੰਜ ਦੇ ਲਿਖੇ ਸੌ ਸਾਖੀ ਦੇ ਨੁਸਖਿਆਂ ਵਿਚ ਗੁਰੂ ਜੀ ਆਖਦੇ ਹਨ:—

'ਸੁਨ ਬੰਦੇ ਤੁਮ ਖਾਲਸਾ ਪੰਥ। ਮਿਲੇ ਖਾਲਿਸਾ ਪਾਹਿਲ ਸੰਥ' ॥ ੩੨ ॥

ਹੇ ਬੰਦੇ! ਖਾਲਿਸਾ ਪੰਥ ਨਾਲ ਤੁਸੀਂ ਖਾਲਿਸਾ ਦੀ ਪਾਹੁਲ ਦੀ ਸਾਂਥ ਨਾਲ ਮਿਲੇ ਹੋ।

੨. ਰਤਨ ਸਿੰਘ ਜੀ ਭੰਗੂ ਆਪਣੇ ਪੰਥ ਪ੍ਰਕਾਸ਼ ਵਿਚ (ਜੋ ਬੜਾ ਮੁਸਤਨਿਦ ਮੰਨਿਆਂ ਜਾਂਦਾ ਹੈ) ਲਿਖਦੇ ਹਨ:—

ਤਬ ਉਨ ਕਹਿਓ 'ਮੈਂ ਬੰਦਾ ਤੇਰਾ। ਮੈਂ ਤੋਹਿ ਸਿੱਖ ਗੁਰੂ ਤੂੰ ਮੇਰਾ'।

ਫੇਰ ਗੁਰੂਜੀ ਉਸਨੂੰ ਸਿੱਖੀਦੀਆਂ ਕਠਨਾਈਆਂ ਦੱਸਦੇ ਹਨ ਤੇ ਭੰਗੂ ਜੀ ਲਿਖਦੇ ਹਨ ਕਿ:—

'ਜੋ ਆਖੀ ਸਤਿਗੁਰ ਉਸੇ ਸੋ ਉਨ ਲੀਨੀ ਮਾਨ। ਧਰਯੋ ਸੁ ਬੰਦਾ ਨਾਮ ਤਿਸ
ਤਿਨ ਕਰ ਲੀਓ ਪ੍ਰਮਾਨ।'

ਫਿਰ ਇਕ ਥਾਂ ਆਪ ਲਿਖਦੇ ਹਨ:—

'ਹਮਨੇ ਖਾਲਿਸੇ ਤੂੰ ਬੀ ਰਲਾਯਾ। ਤੈਂ ਬੀ ਖਾਲਸਿਓਂ ਵੰਡਾ ਪਾਯਾ।'

ਜਦੋਂ ਬੰਦਾ ਪੰਜਾਬ ਨੂੰ ਜਾ ਰਿਹਾ ਸੀ ਤਾਂ ਉਸਦੀ ਨਿੱਤ ਕ੍ਰਿਆ ਇਹ ਦੱਸਦੇ ਹਨ:—

'ਬੰਦਾ ਖਾਲਿਸੇ ਦੀਵਾਨ ਲਗਾਵੇ। ਅਕਾਲ ਉਸਤਤ ਵਾਰ ਚੰਡੀ ਪੜ੍ਹਾਵੇ।
ਅਕਾਲ ਅਕਾਲ ਕਾ ਜਾਪ ਜਪਾਵੇ। ਵਾਹਿਗੁਰੂ ਵਾਹਿਗੁਰੂ ਸਦਾ ਮੁਖ
ਗਾਵੇ' ॥ ੫ ॥ ਪੁਨਾ:—'ਜੇਕਰ ਕੋਈ ਦੁਖੀਆ ਆਵੇ। ਕਰ ਅਰਦਾਸ ਤਿਸ
ਦੁਖ ਮਿਟਾਵੇ। ਵਾਹਿਗੁਰੂ ਕਾ ਜਾਪ ਜਪਾਵੇ।'

ਸੋ ਇਨ੍ਹਾਂ ਸਾਰੇ ਪ੍ਰਮਾਣਾਂ ਤੋਂ ਬੰਦਾ ਪੂਰਾ ਸਿੰਘ ਸਾਬਤ ਹੋ ਗਿਆ।

੩. ਬਾਹਰਲੀ ਉਗਾਹੀ ਲੱਭੀਏ ਤਾਂ ਉਮਦਾ-ਤੁੱ-ਤ੍ਵਾਰੀਖ ਵਿਚ ਕੁਛ ਸਫੇ ਉਸਦੇ ਮੁਸੱਨਫ ਨੇ ਕਿਸੇ ਹੋਰ ਮੁਅੱਰਖ ਦੇ ਹੂਬਹੂ ਛਾਪੇ ਹਨ। ਇਹ ਕਿਸੇ ਫਾਰਸੀ ਨੁਸਖੇ ਦੀ ਨਕਲ ਹੈ ਜਿਸਦਾ ਮੁਸੱਨਫ ਨੂੰ ਪਤਾ ਨਹੀਂ ਪਰ ਇਤਿਹਾਸ ਖੋਜੀ ਸ੍ਰੀ ਕਰਮ ਸਿੰਘ ਨੇ ਪਤਾ ਲਾਇਆ ਸੀ ਕਿ ਇਸ ਦੇ ਲਿਖਣ ਵਾਲਾ ਅਹਿਮਦਸ਼ਾਹ ਬਟਾਲਵੀ ਸੀ। ਸੌ ਕੁ ਬਰਸ ਉਮਦਾ-ਤੁੱ-ਤ੍ਵਾਰੀਖ ਦੇ ਲੇਖਕ ਨੂੰ ਲਿਖਿਆਂ ਹੋ ਗਿਆ ਹੈ। ਇਹ ਲਿੱਖਤ ਅਹਿਮਦਸ਼ਾਹ ਵਾਲੀ ਉਸ ਦੇ ਸੰਚੇ ਕੀਤੇ ਨੁਸਖਿਆਂ ਵਿਚ ਸੀ ਤਾਂ ਉਸ ਤੋਂ ਪਹਿਲੇ ਦੀ ਹੋਵੇਗੀ। ਇਸ ਦਾ ਲੇਖਕ ਲਿਖਦਾ ਹੈ ਕਿ ਜਦੋਂ ਬੰਦਾ ਉਨ੍ਹਾਂ ਦਾ ਆਤਮ ਬਲ ਦੇਖ ਚੁਕਾ, ਤਦੋਂ:—

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਬੰਦਹਿ ਪਗ ਪੰਕਜ ਕਰ ਬੰਦਿ। 'ਤੁਮ ਸਹਾਇ ਤੇ ਕਰਹੁੰ ਬਿਨਾਸ਼।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਆਂ ਗਾਹ ਬਰਖਾਸਤ ਵ ਬਇਜਜ਼ ਮੋਅਤਰਿਫ ਆਮਦ ਵ ਗੁਫਤ 'ਤੂ ਕੀਸਤੀ ?' ਗੁਰੂ ਗੁਫਤ 'ਆਂ ਚਿਹ ਤੂ ਮੇ ਦਾਨੀ'। ਗੁਫਤ 'ਚਿਹ ਮੇ ਦਾਨਮ ?' ਗੁਫ਼ਤ 'ਦਰ ਦਿਲੇ ਖ਼ੁਦ ਖਿਆਲ ਕੁਨ'। ਗੁਫਤ 'ਤੂ ਗੁਰੂ ਗੋਬਿੰਦ ਸਿੰਘ ਹਸਤੀ ?' ਗੁਫਤ 'ਆਰੇ'। ਗੁਫਤ 'ਬਰਾਏ ਚਿਹ ਆਮਦੀ ?' ਗੁਫਤ 'ਆਮਦਹ ਅਮ ਤਾ ਤੁਰਾ ਮੁਰੀਦੇ ਖ਼ੁਦ ਬਿਕੁਨਮ'। ਬੰਦਹ ਗੁਫਤ 'ਕਬੂਲ ਕਰਦਮ ?' ਪਸ ਹਮਾਂ ਗਾਹ ਓਰਾ ਪਾਹਲ ਦਾਦਹ ਸਿੰਘ ਕਰਦ।

ਤਰਜਮਾ—ਉਸ ਵੇਲੇ (ਬੰਦਹ) ਉਠਿਆ ਅਤੇ ਨਿੰਮ੍ਰਤਾ ਨਾਲ ਮੰਨ ਗਿਆ, ਤੇ ਕਿਹਾ 'ਤੂੰ ਕੌਣ ਹੈਂ ?' ਗੁਰੂ ਜੀ ਨੇ ਕਿਹਾ 'ਜੋ ਕੁਝ ਤੂੰ ਜਾਣਦਾ ਹੈਂ' (ਬੰਦੇ ਨੇ) ਕਿਹਾ 'ਮੈਂ ਕੀ ਜਾਣਦਾ ਹਾਂ ?' (ਗੁਰੂ ਜੀ ਨੇ) ਕਿਹਾ 'ਆਪਣੇ ਦਿਲ ਵਿਚ ਸੋਚ ਕਰ'। (ਬੰਦੇ ਨੇ) ਕਿਹਾ 'ਤੂੰ ਗੁਰੂ ਗੋਬਿੰਦ ਸਿੰਘ ਹੈਂ ?' (ਗੁਰੂ ਜੀ ਨੇ) ਕਿਹਾ 'ਹਾਂ'। (ਬੰਦੇ ਨੇ) ਕਿਹਾ 'ਤੂੰ ਕਿਉਂ ਆਯਾ ਹੈਂ ?' (ਗੁਰੂ ਜੀ ਨੇ) ਕਿਹਾ 'ਮੈਂ ਆਇਆ ਹਾਂ ਤਾਂ ਜੋ ਮੈਂ ਤੈਨੂੰ ਆਪਣਾ ਸਿਖ ਬਣਾਵਾਂ'। ਬੰਦੇ ਨੇ ਕਿਹਾ 'ਮੈਂ ਕਬੂਲ ਕਰਦਾ ਹਾਂ' ਸੋ ਉਸੇ ਵੇਲੇ ਉਸਨੂੰ ਪਾਹੁਲ ਦੇਕੇ ਸਿੰਘ ਕੀਤਾ।

੪. 'ਇਬਰਤ ਨਾਮਾ ਅਲੀਉਦੀਨ ਮੁਫਤੀ' ਜੋ ੧੮੫੪ ਈ: ਵਿਚ ਲਿਖਿਆ ਗਿਆ, ਉਸ ਵਿਚ ਇਹ ਇਬਾਰਤ ਹੈ:—

'ਬੰਦਾ ਬ ਇਸਤਮਾਇ ਈਂ ਮਾਅਨੀ ਅਜ਼ ਦਿਲੋ ਜਾਂ ਇਰਾਦਤਮੰਦ ਸ਼ੁਦ,
ਵ ਪਾਹੁਲ ਗ੍ਰਿਫਤਹ ਮੁਸਤਇਦ ਹੰਗਾਮਾ ਵ ਮੁਹਾਰਬਾ ਗ਼ਰਦੀਦ।'

ਅਰਥਾਤ—ਬੰਦਾ ਇਹ ਕੁਝ ਸੁਣਕੇ ਦਿਲ ਤੇ ਜਾਨ ਤੋਂ ਸਿੱਖ ਹੋ ਗਿਆ ਤੇ ਪਾਹੁਲ ਲੈਕੇ ਜੰਗ ਤੇ ਲੜਾਈ ਲਈ ਤਿਆਰ ਹੋ ਗਿਆ।

੫. ਸ:ਮੁਹੰਮਦਲਤੀਫ ਆਪਣੀ ਲਿਖੀ'ਹਿਸਟਰੀ ਆਫ ਦੀ ਪੰਜਾਬ'ਵਿਚਲਿਖਦਾਹੈ:—

Govind and Banda soon became intimate friends, and the former by his persuasive eloquence and religious zeal, made such a deep impression on the mind of Banda that he was initiated into the Pahal, and became a disciple of the Guru. [Page 274.

ਜਿਸ ਦਾ ਭਾਵ ਇਹ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬੰਦੇ ਦਾ ਬੜਾ ਪਿਆਰ ਹੋ ਗਿਆ, ਗੁਰੂ ਜੀ ਦੀ ਸਿੱਖਯਾ ਦਾ ਬੰਦੇ ਦੇ ਦਿਲ ਤੇ ਬੜਾ ਡੂੰਘਾ ਅਸਰ ਹੋਇਆ, ਐਥੋਂ ਤਕ ਕਿ ਉਸ ਨੇ ਪਾਹੁਲ ਲੈ ਲਈ ਤੇ ਗੁਰੂ ਜੀ ਦਾ ਸਿੱਖ ਬਣ ਗਿਆ।

੬. 'ਕਨ੍ਹੱਯਾ ਲਾਲ' ਆਪਣੀ 'ਤਾਰੀਖੇ ਪੰਜਾਬ' ਦੇ ਪੰਨਾ ੫੬ ਪਰ ਲਿਖਦਾ ਹੈ:—
'(ਬੰਦਾ)ਗੁਰੂ ਗੋਬਿੰਦਸਿੰਘ ਕਾ ਚੇਲਾ ਬਨ ਗਿਆ ਔਰ ਪਾਹੁਲ ਲੇ ਕਰ ਗੁਰੂ ਕਾ ਸਿਖ ਹੂਆ।'

੭. ਮੈਕਗ੍ਰੇਗਰ (੧੮੪੬ ਈ:) ਆਪਣੀ 'ਹਿਸਟ੍ਰੀ ਆਫ ਦੀ ਸਿੱਖਸ' ਦੇ ਪੰਨਾ ੧੦੬ ਤੇ ਲਿਖਦਾ ਹੈ:—

Bunda immediately consented, received the Pahooldee, and became a Sikh.

ਅਰਥਾਤ—ਬੰਦੇ ਨੇ ਓਸੇ ਵੇਲੇ ਮੰਨਕੇ ਪਾਹੁਲ ਲੀਤੀ ਤੇ ਸਿੱਖ ਬਣ ਗਿਆ।

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਤੁਰਕ ਤੇਜ ਹਾਨਹੁਂ ਚਹੁਂ ਪਾਸਾ' ॥ ੩੭ ॥ ਕਰਿ ਬਖਸ਼ਿਸ਼ ਕੋ ਗੁਰ ਚਢਿ

[ਪਿਛਲੇ ਪੰਨੇ ਦੀ ਬਾਕੀ ਟੂਕ]

੮. ਮੈਕਾਲਫ ਆਪਣੀ ਪੁਸਤਕ 'ਸਿੱਖ ਰਿਲੀਜਨ' ਜਿਲਦ ੫ ਵਿਚ ਲਿਖਦਾ ਹੈ:—

The Guru instructed Banda in the tenets of his religion, and in due time baptized him according to the new rites On that occasion Banda received the name Gurbakhsh Singh. [Page 238

ਅਰਥਾਤ—ਗੁਰੂ ਜੀ ਨੇ ਬੰਦੇ ਨੂੰ ਆਪਣੇ ਮਤ ਦਾ ਉਪਦੇਸ਼ ਦਿੱਤਾ ਤੇ ਮੁਨਾਸਬ ਸਮੇਂ ਤੇ ਉਸ ਨੂੰ ਨਵੀਆਂ ਰਸਮਾਂ ਅਨੁਸਾਰ ਅੰਮ੍ਰਿਤ ਛਕਾਇਆ, ਉਸ ਸਮੇਂ ਬੰਦੇ ਨੇ ਗੁਰਬਖਸ਼ ਸਿੰਘ ਨਾਮ ਪ੍ਰਾਪਤ ਕੀਤਾ।

੯. 'ਸੀ. ਐਚ. ਪੇਨ' (C. H. Payne) ਆਪਣੀ 'ਏ ਸ਼ਾਰਟ ਹਿਸਟਰੀ ਆਫ ਦੀ ਸਿੱਖਸ' ਵਿਚ ਐਉਂ ਲਿਖਦਾ ਹੈ:—

Here he spent much of his time in the company of Bairagi hermit, afterwards known as Banda, the "Slave," whom he converted to his own faith and baptized, and to whom he became so much attached that he nominated him his successor, not as Guru but as commander of the forces of the Khalsa. [Page 43

ਅਰਥ—ਏਥੇ (ਨਦੇੜ ਵਿਚ) ਉਸ (ਗੁਰੂ ਗੋਬਿੰਦ ਸਿੰਘ ਨੇ) ਇਕ ਬੈਰਾਗੀ ਸਾਧੂ ਜੋ ਪਿਛੋਂ 'ਬੰਦੇ' ਦੇ ਨਾਮ ਨਾਲ ਪ੍ਰਸਿੱਧ ਹੋਯਾ, ਦੇ ਨਾਲ ਬਹੁਤ ਸਮਾਂ ਬਿਤੀਤ ਕੀਤਾ। ਜਿਸ ਨੂੰ ਕਿ ਉਸ ਨੇ ਆਪਣੇ ਮਤ ਵਿਚ ਲਿਆਂਦਾ ਤੇ ਅੰਮ੍ਰਿਤ ਛਕਾਇਆ। ਤੇ ਉਸ ਨਾਲ ਉਨ੍ਹਾਂ ਦਾ ਇਤਨਾ ਤਅੱਲਕ ਵਧਿਆ ਕਿ ਉਸ ਨੂੰ ਆਪਣੀ ਥਾਵੇਂ, ਗੁਰੂ ਨਹੀਂ, ਪਰ ਖਾਲਸੇ ਦੀ ਫੌਜ ਦਾ ਕਮਾਂਡਰ (ਜਥੇਦਾਰ) ਥਾਪਿਆ।

੧੦. ਖਾਲਸਾ ਤ੍ਵਾਰੀਖ ਵਿਚ ਲਿਖਿਆ ਹੈ ਕਿ:—

ਗੁਰੂ ਜੀ ਨੇ ਉਸ ਨੂੰ ਅਤਿਰਥੀ ਸੂਰਬੀਰ ਸਮਝਕੇ ਗੁਰੂ ਘਰ ਦਾ ਸਿਖ ਬਣਾ ਕਰ ਉਸ ਦਾ ਨਾਮ ਬੰਦਾ ਸਿੰਘ ਰੱਖ ਦਿੱਤਾ। [ਪੰਨਾ ੨੧੬੪

ਇਨ੍ਹਾਂ ਦੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦ ਬੰਦਾ ਗੁਰੂ ਜੀ ਦੀ ਸ਼ਰਨ ਲੱਗਾ:—

'ਤਬ ਗੁਰ ਨਿਜ ਕਰ ਤਾਹਿ ਸਿਰ ਧਰ ਕਰ ਕਰਜੋ ਨਿਹਾਲ ॥
ਸੱਤਿਨਾਮ ਉਪਦੇਸ਼ ਦੇ ਕੀਨੋ ਸਿੱਖ ਬਿਸਾਲ' ॥

੧੧. ਲਾਲਾ ਗੋਕੁਲ ਚੰਦ ਜੀ ਨਾਰੰਗ ਆਪਣੀ ਪੁਸਤਕ 'ਸਿੱਖੋਂ ਕਾ ਪ੍ਰੀਵਰਤਨ' ਵਿਚ ਲਿਖਦੇ ਹਨ: 'ਗੁਰੂ ਕੇ ਹਿਰਦੇ ਗ੍ਰਾਹੀ ਵਕੱਤ੍ਰ ਤਥਾ ਉਨਕੇ ਧਾਰਮਿਕ ਉਤਸਾਹ ਨੇ ਮਾਧੋਦਾਸ ਕੇ ਹਿਰਦੇ ਪਰ ਐਸਾ ਗਹਿਰਾ ਪ੍ਰਭਾਵ ਡਾਲਾ ਕਿ ਵੁਹ ਗੁਰੂ ਕਾ ਸ਼ਿਖ਼ਜ ਹੋ ਗਿਆ'। [੨੫੭

ਫਿਰ ਇਸੇ ਹੀ ਲੇਖਕ ਨੇ ਆਪਣੀ ਪੁਸਤਕ ਦੇ ਪੰਨਾ ੨੪੨ ਪਰ ਛੱਜਾ ਸਿੰਘ ਦਾ ਬਾਬੇ ਬੰਦੇ ਦੇ ਹੱਥੋਂ ਪਾਹੁਲ ਲੇਣਾ ਲਿਖਿਆ ਹੈ। ਜੇ ਬੰਦਾ 'ਸਿੰਘ' ਨਾਂ ਹੁੰਦਾ ਤਾਂ ਕੀਕੂੰ ਪਾਹੁਲ ਦੇਕੇ ਕਿਸੇ ਨੂੰ 'ਛੱਜਾ ਸਿੰਘ' ਬਣਾਉਂਦਾ ? ਬੇਅੰਮ੍ਰਿਤੀਏ ਤੋਂ ਅੰਮ੍ਰਿਤ ਕੌਣ ਛਕ ਸਕਦਾ ਸੀ। ਛੱਜਾ ਸਿੰਘ ਪੰਜਵੜੀਆ ਭੰਗੀ ਮਿਸਲ ਦਾ ਇਕ ਪ੍ਰਸਿੱਧ ਯੋਧਾ ਤੇ ਸਰਦਾਰ ਹੋਇਆ ਹੈ।

੧੨. ਰਾਧਾ ਮੋਹਨ ਗੋਕਲ ਜੀ—ਆਪਣੇ ਰਚਿਤ ਗ੍ਰੰਥ 'ਗੁਰੂ ਗੋਵਿੰਦ ਸਿੰਘ' ਦੇ ਪੰਨਾ ੮੯ ਪਰ ਲਿਖਦੇ ਹਨ:—

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਆਇ। ਅਵਿਚਲ ਨਗਰ ਸਿਵਰ ਜਿਸ ਥਾਏਂ । ਸਾਹਿਬਜ਼ਾਦੇ ਕੀਨਸਿ ਤਯਾਰ। 'ਗਮਨੌ ਰਨ ਕੋ ਜਮਨਾ ਪਾਰ' ॥ ੩੮ ॥ ਪੰਚ ਸਿੰਘ ਹੋਏ ਸਭਿ ਤਯਾਰ।ਬਸਤ੍ਰ ਸ਼ਸਤ੍ਰ ਸਭਿ ਕਰਿ ਸੰਭਾਰ। ਹਯ ਅਰੋਹ ਕਰਿ ਪੰਥ ਪਧਾਨੇ । ਬੰਦਿ ਚਰਨ ਗੁਰ ਕੌ ਧਰਿ ਧਯਾਨੇ ॥ ੩੯ ॥ ਪਲਟਾ ਲੇਨਿ ਤੁਰਕ ਗਨ ਮਾਰਨ।ਸ਼੍ਰੀ ਸਤਿਗੁਰ ਕੋ ਕਾਜ ਸੁਧਾਰਨ। ਆਦਿ ਵਜੀਦਖਾਨ ਅਰਿ ਭਾਰੇ। ਲੂਟਨ ਪੁਰਿ ਸਿਰੰਦ ਤਿਸ ਮਾਰੇ ॥੪੦॥ ਨਾਨਾ ਦੇਸ਼ ਨਗਰ ਅਰੁ ਗ੍ਰਾਮੂ । ਉਲੰਘਤਿ ਪਹੁੰਚੇ ਪੰਥ ਤਮਾਮੂ। ਥੋਰੇ ਹੀ ਦਿਵਸਨਿ ਮਹਿਂ ਆਇ। ਜਮਨਾ ਪਾਰ ਪਰੇ ਹਰਖਾਏ ॥ ੪੧ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸਟਮੋ ਅੰਸੂ ॥ ੬ ॥

## ੭. [ਬੰਦੇ ਬਹਾਦਰ ਨੇ ਪੈਰ ਜਮਾਉਣੇ]।

ਦੋਹਰਾ ॥ ਬੰਦਾ ਬਖਸ਼ੀ ਖਾਲਸਾ[1] ਚਲਾ ਤੇਜ ਦਿਖਰਾਇ। ਅਜ਼ਮਤ ਬਲ ਤੇ ਪਹੁੰਚਿਗਾ ਸਿੰਘਨ ਤੇ ਅਗਵਾਇ ॥ ੧ ॥ ਚੌਪਈ ॥ ਜਹਿਂ ਤੀਰਥ ਹੈ ਮੁਚਨ ਕਪਾਲ[2]। ਤਹਿਂ ਤੇ ਪੰਚ ਕੋਸ ਥਲ ਭਾਲਿ। ਟੇਹਾ ਗ੍ਰਾਮ ਥੇਹ ਥਡ

[1]ਖਾਲਸੇ ਦਾ ਫੌਜੀ ਜਰਨੈਲ। [ਫਾ:, ਬਖ਼ਸ਼ੀ=ਫੌਜਾਂ ਦਾ ਜਥੇਦਾਰ, ਸੈਨਾਪਤ, ਕਮਾਂਡਰ]। ਅਸਲ ਵਿਚ ਬਖ਼ਸ਼ੀ ਤਨਖਾਹ ਦੇਣ ਵਾਲਾ ਹੁੰਦਾ ਸੀ, ਪਰ ਮੁਸਲਮਾਨੀਫੌਜਾਂ ਵਿਚ ਕਮਾਂਡਰ ਤੇ ਤਨਖਾਹ ਦਾਤਾ ਇਕੋ ਹੋ ਜਾਣ ਕਰਕੇ ਇਸਦਾ ਅਰਥ ਸੈਨਾਪਤ ਹੋ ਗਿਆ ਸੀ]।[2]ਕਮਾਲਮੋਚਨ।

[ਪਿਛਲੇ ਪਨੇ ਦੀ ਬਾਕੀ ਟੂਕ,

'ਯਹਾਂ ਪਰ ਗੁਰੂ ਮਹਾਂਰਾਜ ਨੇ ਏਕ ਸਾਧੂ ਕੋ ਸਿਖ ਧਰਮ ਮੇਂ ਦੀਖਯਤ ਕਿਯਾ ਔਰ ਇਸ ਕਾ ਨਾਮ ਬੰਦਾ ਸਿੰਘ ਰਖਾ।'

੧੩. ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ:—

'ਮਾਧੋ ਦਾਸ ਚਰਨਾਂ ਤੇ ਢਹਿ ਪਿਆ ਅਰ ਆਪਣੇ ਤਾਈਂ ਸਤਿਗੁਰੂ ਦਾ ਬੰਦਾ ਕਹਿਕੇ ਸਿੱਖ ਬਣਿਆ। ਕਲਗੀਧਰ ਨੇ ਇਸ ਨੂੰ ਅੰਮ੍ਰਿਤ ਛਕਾਕੇ ਨਾਉਂ ਗੁਰਬਖਸ਼ ਸਿੰਘ ਰਖਿਆ, ਪਰ ਪੰਥ ਵਿਚ ਪ੍ਰਸਿੱਧ ਨਾਮ 'ਬੰਦਾ' ਹੀ ਰਿਹਾ'।

੧੪. ਬਾਬਾ ਬੰਦਾ ਜੀ ਦੀ ਗੱਦੀ ਦੇ ਗੱਦੀ ਨਸ਼ੀਨ ਜੋ ਉਸ ਦੀ ਬੰਸ ਦੇ ਹਨ ਸਾਰੇ ਸਿੰਘ ਹੋਏ ਹਨ। ਯਥਾ:—

ਬੰਦਾ—ਬੰਦੇ ਤੋਂ ਬਾਦ ਰਣਜੀਤ ਸਿੰਘ, ਫੇਰ ਜੋਰਾਵਰ ਸਿੰਘ, ਫੇਰ ਅਰਜਨ ਸਿੰਘ, ਫੇਰ ਖੜਗ ਸਿੰਘ, ਫੇਰ ਦਯਾ ਸਿੰਘ, ਫੇਰ ਅਤਰ ਸਿੰਘ ਆਦਿ ਆਪ ਦੀ ਸੰਤਾਨ ਵਿਚੋਂ ਆਪ ਦੇ ਗੱਦੀ ਨਸ਼ੀਨ ਹੋਏ। ਬਾਵਜੂਦ ਤ ਖਾਲਸੇ ਤੋਂ ਕੁਛ ਵਿੱਥ ਵਾਲੀ ਗੱਲ ਹੋ ਜਾਣ ਦੇ ਬੰਦੇ ਦੀ ਸੰਤਾਨ ਤੇ ਗੱਦੀ ਨਸ਼ੀਨਾਂ ਦਾ ਹੁਣ ਤਕ ਅੰਮ੍ਰਿਤਧਾਰੀ ਹੋਣਾ ਬੰਦੇ ਦੇ ਸਿੰਘ ਹੋਣ ਵਲ ਦਲੀਲ ਨੂੰ ਝੁਕਾਉਂਦਾ ਹੈ। ਮੌਜੂਦਾ ਗੱਦੀ ਨਸ਼ੀਨ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਜੀ ਨੇ ਖ਼ੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ ਤੇ ਅੰਤ ਤਕ ਸੱਚੇ ਸਿੰਘ ਤੇ ਗੁਰੂ ਕੇ ਸੇਵਕ ਰਹੇ ਹਨ।

ਊਚੋ।ਬੰਦਾ ਤਿਸ ਥਲ ਜਾਇ ਪਹੂਚੋ*॥੨॥ ਸਿੰਘਨ ਹਿਤ ਪ੍ਰਤੀਖਬੋ ਬੈਸਾ। –ਪਿਖਹੁਂ ਹੁਕਮਗੁਰ ਲਜਾਵਹਿਂ ਕੈਸਾ–।ਇਤ ਬਿਨੋਦ ਸਿੰਘ ਬਾਬਾ ਆਇ। ਪੰਚ ਸਿੰਘ ਸੰਗ ਮਹਿਂ ਲਜਾਏ† ॥ ੩ ॥ ਜਮਨਾ ਨਿਕਟ ਊਚ ਥਲ ਹੇਰੇ। ਖੋਜਹਿਂ ਬੰਦੇ ਕੋ ਫਿਰਿ ਫੇਰੇ। ਟੋਹੇ ਗ੍ਰਾਮ ਥੇਹ ਪਰ ਆਏ। ਬੈਠਯੋ ਤਹਾਂ ਦੇਖਿ ਹਰਖਾਏ ॥ ੪ ॥ ਫਤੇ ਗੁਰੂ ਜੀ ਕੀ ਕਹਿ ਬੈਸੇ। ਹੁਕਮ ਗੁਰੂ ਕੋ ਪਠਿ ਕਰਿਤੈਸੇ। ਕਿਤਿਕ ਸਮੇਂ ਲੌ ਜਬਿ ਥਿਰ ਰਹੇ। ਸਿੰਘਨ ਤਬਹਿ ਬਾਕ ਇਮ ਕਹੇ ॥ ੫ ॥ 'ਹਮ ਮਾਰਗ ਮਹਿਂ ਚਲਿ ਕਰਿ ਆਏ। ਤੁਮ ਥਿਰ ਪ੍ਰਥਮ ਰਹੇ ਇਸ ਥਾਏਂ। ਹਮ ਅਭਿਲਾਖਹਿਂ ਦੇਹੁ ਅਹਾਰਾ। ਜਿਸ ਤੇ ਛੁਧਾ ਕਰਹਿਂ ਨਿਰਵਾਰਾ' ॥ ੬ ॥ ਸੁਨਿ ਬੰਦੇ ਸਭਿ ਸੰਗ ਬਖਾਨੀ। 'ਮੈਂ ਕੁਛ

*ਬੰਦਾ ਏਥੇ ਪਹਿਲੋਂ ਨਹੀਂ ਪਹੁੰਚਾ ਓਹ ਕੈਂਥਲ ਪਰਗਨੇ ਤੋਂ ਸਮਾਣਾ ਆਦਿ ਕਈ ਮੱਲਾਂ ਮਾਰਕੇ ਕਪਾਲ ਮੋਚਨ ਦੇ ਲਾਗੇ ਗਿਆ ਸੀ। ਦੇਖੋ ਟੂਕ ‡ ਸਫਾ ੬੨੫੪ ਦੀ।

†ਮਹਿਮਾਂ ਪ੍ਰਕਾਸ਼, ਪੰਥ ਪ੍ਰਕਾਸ਼ ਰਤਨ ਸਿੰਘ ਜੀ ਭੰਗੂ ਕ੍ਰਿਤ ਤੇ ਗੁਰ ਪ੍ਰਤਾਪ ਸੂਰਜ ਆਦਿ ਲਿਖਤਾਂ ਨੇ ਬੰਦੇ ਨੂੰ ਸਤਿਗੁਰਾਂ ਨੇ ਆਪ ਟੋਰਿਆ ਲਿਖਿਆ ਹੈ। ਰਤਨ ਸਿੰਘ ਜੀ ਦੇ ਲਿਖੇ ਨੂੰ ਇਤਿਹਾਸਕਾਰਾਂ ਨੇ ਬੜੀ ਗੌਰਵਤਾ ਦਿੱਤੀ ਹੈ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਲਿਖੀ ਹੈ ਕੱਤਕ ਸੁਦੀ ੫ ਸੰਮਤ ੧੭੬੫। ਬੰਦੇ ਦੇ ਸਰਹਿੰਦ ਮਾਰਨ ਦੀ ਤਾਰੀਖ ਜੇਠ ਸੁਦੀ ੧੪ ਸੰਮਤ ੧੭੬੭ ਸਹੀ ਹੋਈ ਹੈ। ਇਹ ਡੇਢ ਕੁ ਸਾਲ ਬਣਦਾ ਹੈ, ਇਸ ਤੋਂ ਸੰਸਾ ਕੀਤਾ ਜਾ ਸਕਦਾ ਹੈ ਕਿ ਸ਼ਾਇਦ ਬੰਦਾ ਦਸਮੇਸ਼ ਜੀ ਦੇ ਜੋਤੀ ਜੋਤ ਸਮਾਵਣ ਤੋਂ ਮਗਰੋਂ ਤੁਰਿਆ ਹੋਵੇ। ਸਫਰ ਕਰਨੇ, ਬਚਵੇਂ ਚਲਣਾ, ਆਪਣੇ ਖਰਚ ਖਬਲ ਸੰਭਾਲਣੇ, ਪੰਥ ਵਿਚ ਖਬਰਾਂ ਘੱਲਣੀਆਂ, ਜਵਾਬ ਉਡੀਕਣੇ, ਫੇਰ ਪ੍ਰਗਟ ਹੋਕੇ ਕੰਮ ਕਰਨਾ। ਛੋਟੇ ਛੋਟੇ ਮਾਅਰਕੇ: ਸਮਾਣਾ, ਘੁੜਾਮ, ਸ਼ਾਹਆਬਾਦ, ਮੁਸਤਫਾਬਾਦ,ਕਪੂਰੀ, ਸਢੌਰਾ, ਬਨੂੜ,ਛਤ ਥਾਵਾਂ ਮਾਰਕੇ ਸਰਹਿੰਦ ਮਾਰਨੀ ਏਹ ਸਾਰੇ ਕੰਮ ਇਸ ਅਰਸੇ ਵਿਚ ਹੋਏ। ਸੋ ਇੰਨਾਂ ਸਮਾਂ ਲੱਗ ਜਾਣਾ ਕੁਛ ਅਚਰਜ ਨਹੀਂ। ਪੁਰਾਤਨ ਦੋਵੇਂ ਲੇਖਕ ਸਹਿਮਤ ਹਨ ਕਿ ਬੰਦੇ ਨੂੰ ਗੁਰੂ ਜੀ ਨੇ ਆਪ ਟੋਰਿਆ। ਬੰਦੇ ਨੇ ਰਸਤੇ ਵਿਚ ਥਾਂ ਥਾਂ ਡੇਰਾ ਲਾਕੇ ਪ੍ਰਚਾਰ ਬੀ ਕੀਤਾ ਹੈ। ਪਰਜਾ ਦੀ ਰਾਖੀ ਦੇ ਨਿੱਕੇ ਨਿੱਕੇ ਮਾਅਰਕੇ ਬੀ ਮਾਰੇ ਹਨ ਤੇ ਅਜ਼ਮਤਾਂ ਬੀ ਦੱਸੀਆਂ ਹਨ,ਜਿਸ ਤੋਂ ਲੋਕਾਂ ਦੇ ਵਹੀਰ ਆਉਣ ਲੱਗ ਪਏ ਤੇ ਮਨੁੱਖ ਤੇ ਮਾਯਾ ਬੀ ਮਿਲੀ।ਭੰਗੂ ਜੀ ਰਸਤੇ ਦਾ ਹਾਲ ਐਉਂ ਦੱਸਦੇ ਹਨ:–

"ਯੌ ਕਰ ਬੰਦੇ ਭਈ ਪ੍ਰਤੀਤ ॥ ਤਬ ਬੰਦਾ ਭਯੋ ਨਿਸ਼ਚਲ ਚੀਤ ॥ ਪੁਤ ਮੰਗੈ ਤਿਸ ਦ੍ਵਾਇ ਪੂਤ ॥ ਦੁੱਧ ਮੰਗੈ ਦੇ ਦੁੱਧ ਬਹੂਤ ॥ ੮ ॥ ਜੇ ਕਰ ਕੋਈ ਦੁਖੀਆ ਆਵੈ ॥ ਕਰ ਅਰਦਾਸ ਤਿਸ ਦਖ ਮਿਟਾਵੈ ॥ ਵਾਹਿਗੁਰੂ ਕਾ ਜਾਪ ਜਪਾਵੈ ॥ ਜੋ ਮਾਂਗੈ ਤਿਸ ਸੋਊ ਦਿਵਾਵੈ॥ ੯ ॥ ਐਸੀ ਜਗ ਮੈਂ ਪਰ ਗਈ ਧਾਂਕ ॥ ਆਇ ਮਿਲੈ ਰਾਣਾ ਔ ਰਾਂਕ ॥ ਦੂਰਹਿ ਤੇ ਜੋ ਨਿੰਦਤ ਆਵੈ ॥ ਹੋਇ ਨੇੜ ਬਹੁ ਚਰਨੀ ਪਾਵੈ ॥ ੧੦ ॥"

ਜਾਮਾ ਨ ਪ੍ਰਥਮੈ ਠਾਠੀ। ਅਹੈਂ ਇਕਾਕੀ ਸੌਜ ਨ ਕੋਈ। ਬਾਸਨ ਬਸਨ ਅਸਨ ਨਹਿਂ ਜੋਈ[1] ॥੭॥ ਜਿਸ ਹਿਤ ਸਤਿਗੁਰ ਇਤੈ ਪਠਾਏ। ਸੋ ਉੱਦਮ ਕੀਜਹਿ ਲਿਹੁ ਖਾਏ'। ਇਮ ਆਪਸ ਮਹਿਂ ਕਰਤ ਬਖਾਨਾ। ਤਿਸ ਛਿਨ ਅਸਨ ਇਸਤ੍ਰੀਅਨਿ ਆਨਾ ॥ ੮ ॥ ਰਾਹਕ ਕਾਰ ਕਰਤਿ ਕ੍ਰਿਖਿ ਕੇਰੀ। ਤਿਨ ਹਿਤ ਲੀਏ ਜਾਤ ਤਿਸ ਹੇਰੀ। ਬੰਦਾ ਕਹੈ 'ਸੁਨਹੁ ਸਿਖ ਭਾਈ ! ਇਹ ਗੁਰ ਪਠਯੋ ਛੀਨਿ ਲਿਹੁ ਖਾਈ ॥ ੯ ॥ ਪ੍ਰਥਮ ਸ਼ਗੁਨ ਭੋਜਨ ਕਹੁ ਆਛੇ। ਅਪਰ ਵਸਤੁ ਲੂਟਹਿਂ ਸਭਿ ਪਾਛੇ'। ਸੁਨਿਕੈ ਛੁਧਤਿ ਉਠੇ ਤਤ-ਕਾਲਾ। ਸਰਬ ਰੋਟਿਕਾ ਛੀਨਿ ਉਤਾਲਾ ॥ ੧੦ ॥ ਜਲ ਪਰ ਬੈਠਿ ਅਚਨ ਸੋ ਕਰੀ। ਛੁਧਾ ਅਧਿਕ ਥੀ ਸਭਿ ਪਰਹਰੀ। ਇਸਤ੍ਰੀ ਅਧਿਕ ਪਾਇ ਕਰਿ ਰੌਰਾ। ਗਈ ਪੁਕਾਰਤਿ ਪਤਿ ਜਿਸ ਠੌਰਾ* ॥ ੧੧ ॥ 'ਮਾਰਗ ਮਹਿਂ ਬੈਠੇ ਬਟਪਾਰ। ਹਮ ਤੇ ਲੀਨਸਿ ਛੀਨ ਅਹਾਰ। ਊਚੇ ਬਹੁ ਪੁਕਾਰ ਕਰਿ ਹਾਰੀ। ਨਹਿਂ ਮਾਨਹਿਂ ਕੁਛ ਨਿਭੈ ਸੁ ਭਾਰੀ' ॥ ੧੨ ॥ ਰਾਹਿਕ ਵਸਕ ਗ੍ਰਾਮ ਮਹਿਂ ਸਾਰੇ। ਹੁਤੇ ਅਲਪ ਹੀ ਬਸਨੇ ਹਾਰੇ। ਲਿਏ ਲਸ਼ਟਕਾ ਰਿਦੈ ਰਿਸਾਏ। ਮਾਰਨ ਕਾਰਨ ਤੂਰਨ ਧਾਏ ॥ ੧੩ ॥ ਦੌਰਤਿ ਆਵਤਿ ਦੂਰਹਿਂ ਜੋਏ। ਸਾਵਧਾਨ ਆਗੇ ਸਿਖ ਹੋਏ। ਮਿਲਿ ਕਰਿ ਤਿਨਹੁਂ ਪ੍ਰਹਾਰ ਚਲਾਏ। ਮਾਰਿ ਮਾਰਿ ਕਰਿ ਚਹੁਂਦਿਸ਼ਿ ਆਏ॥੧੪॥ ਲਸ਼ਟ ਪ੍ਰਹਾਰ ਸਹਾਰ ਸੰਭਾਰੇ। ਖੈਂਚਿ ਖੜਗ ਤਤਛਿਨ ਕਟਿ ਡਾਰੇ। ਭਾਜਨ ਦਏ ਨ ਕਿਸੂ ਸਥਾਨ। ਪਹੁੰਚਿ ਪਹੁੰਚਿ ਢਿਗ ਕੀਨਸਿ ਹਾਨ॥੧੫॥ ਬਹੁਰ ਗ੍ਰਾਮ ਕੇ ਬੀਚ ਸਿਧਾਰੇ। ਛੀਨਿ ਲੀਨਿ ਸਭਿ ਵਸਤੁ ਸੰਭਾਰੇ। ਜਬਹਿ ਦੌਰ ਕਰਿ ਲੂਟ ਮਚਾਈ। ਆਨਿ ਮਿਲੇ ਕੇਤਿਕ ਨਰ ਧਾਈ॥੧੬॥ ਹੇਤ ਲੂਟਿਬੇ ਮਿਲਿ ਸਮੁਦਾਯਾ। ਸੋ ਦਿਨ ਤਿਸ ਹੀ ਗ੍ਰਾਮ ਬਿਤਾਯਾ। ਨਿਸ ਮਹਿਂ ਮਤਾ ਕੀਨਿ ਮਿਲਿ ਸਾਰੇ।—ਅਬਿ ਨਹਿਂ ਬੈਠਨ ਬਨਹਿ ਸੁਖਾਰੇ ॥ ੧੭ ॥ ਉਠਹੁ ਪ੍ਰਾਂਤਿ ਕੋ ਲੂਟ ਮਚਾਵਹੁ। ਨਿਕਟਿ ਗ੍ਰਾਮ ਲਘੁ ਲਘੁ ਦਰਸਾਵਹੁ। ਜੋ ਅਰ ਪਰਹਿ ਕਟਾ ਕਰਿ ਦੀਜੈ। ਵਸਤੁ ਦਰਬ ਆਦਿਕ ਸਭਿ ਲੀਜੈ॥੧੮॥ ਚਹੈ ਜਿ ਲੂਟਨ[2] ਸੋ ਨਰ ਜਹਿਂ ਜਹਿਂ। ਮਾਨਵ ਜਾਇ ਬੁਲਾਵਹਿਂ ਤਹਿਂ ਤਹਿਂ—। ਕਿਤਿਕ ਸਥਲ ਨਰ ਤਬਹਿ ਪਠਾਏ। ਜਾਮਨਿ ਬੀਚ ਹਕਾਰਿ ਮਿਲਾਏ ॥ ੧੯ ॥ ਸਭਿ ਕੋ ਬੰਦੇ ਧੀਰਜ ਦੀਨ। 'ਹਤਹੁ ਕਿ ਲੂਟਹੁ ਤ੍ਰਾਸ ਬਿਹੀਨ। ਮਿਲੈਂ ਸ਼ੱਤ੍ਰੂ ਗਨ ਮੈਂ

[1]ਭਾਂਡੇ ਬਸਤ੍ਰ ਭੋਜਨ ਨਹੀਂ ਦੇਖੇ। [2]ਜੋ ਲੁਟਣਾ ਚਾਹੇ।

*ਇਹ ਵਾਰਤਾ ਨਹੀਂ ਹੋਈ। ਦੇਖੋ ਇਸ ਤੋਂ ਅਗਲੇ ਪੰਨੇ ਦੇ ‡ ਨਿਸ਼ਾਨ ਵਾਲੀ ਤੁਕ।

ਰਖਵਾਰੋ। ਖਰੇ ਇਕਾਂਕੀ ਪੁੰਜ ਸੰਘਾਰੋ" ॥੨੦॥ ਮਸਲਤਿ ਇਮ ਕਰਿ ਰਹੇ ਸੁਚੇਤ। ਜਾਗ੍ਰਤ ਭਏ ਕਰਨਿ ਰਨ ਖੇਤ। ਚਾਰ ਘਰੀ ਕੇ ਅੰਮ੍ਰਿਤ ਵੇਲੇ। ਸੌਚ ਸ਼ਨਾਨੇ ਆਯੁਧ ਲੇ ਲੇ ॥੨੧॥ ਅਲਪ ਗ੍ਰਾਮ ਨਰ ਸੁਪਤਿ ਨਿਸ਼ੰਕ। ਔਚਕ ਪਰੇ ਜਾਇ ਇਕ ਅੰਕ[1]। ਤ੍ਰਾਸਤਿ ਲੇ ਨਿਜ ਪ੍ਰਾਨ ਪਲਾਏ। ਸੋ ਬਚ ਰਹੇ, ਅਰੇ ਸਭਿ ਘਾਏ ॥ ੨੨ ॥ ਵਸਤੁ ਧਨਾਦਿ ਲੂਟ ਕਰਿ ਭਲੇ। ਭਏ ਸਨੱਧ ਲਰਨ ਕੋ ਚਲੇ। ਨਿਕਟ ਨਿਕਟ ਕੇ ਗ੍ਰਾਮ ਦੁਤੀਨ[2]। ਲਏ ਲੂਟ ਧਨੁ ਵਸਤੂ ਪੀਨ ॥੨੩॥ ਅਸ ਰੌਰੇ ਕਹੁ ਹੇਰਿ ਲੁਟੇਰੇ। ਸੁਨਿ ਸੁਨਿ ਆਨਿ ਮਿਲੇ ਚਹੁ ਫੇਰੇ। ਸੰਧਯਾ ਤੀਕ ਤੀਨ ਸੌ ਭਏ। ਖਾਨ ਪਾਨ ਆਛੇ ਕਰਿ ਲਏ ॥ ੨੪ ॥ ਕਰੈਂ ਹਰਖ ਧਰਿ ਮਾਰ ਬਕਾਰਾ। 'ਛੀਨਹੁ ਦੇਸ਼ਨ ਤੁਰਕ ਸੰਘਾਰਾ। ਆਯੁਧ ਲੂਟਿ ਲੂਟਿ ਧਨ* ਭਾਰੇ। ਅਲਪ ਬਡੇ ਹਯ ਕਿਤਿਕ ਸੰਭਾਰੇ ॥੨੫॥ ਤੀਨ ਦਿਵਸ ਇਮ ਧੂਮ ਉਤਾਰੀ। ਪਰਯੋ ਦੇਸ਼ ਮਹਿਂ ਰੌਰਾ ਭਰੀ। ਪੁਰਿ ਗ੍ਰਾਮਨਿ ਮਹਿਂ ਨਰ ਸਵਧਾਨੇ। ਗਹਿ ਗਹਿ ਸ਼ਸਤ੍ਰ ਖਰੇ ਡਰ ਮਾਨੇ ॥੨੬॥ †ਮੁਸਤਾਬਾਦ ਨਗਰ ਢਿਗ ਭਾਰਾ। ਤਹਾਂ ਸਥਿਰ ਭਟ ਦੌਨ ਹਜ਼ਾਰਾ। ਮਰੇ ਲੁਟੇ ਜਿਨਕੇ ਨਹਿ ਗਏ। ਊਚ ਪੁਕਾਰ ਪੁਕਾਰਤਿ ਭਏ ॥ ੨੭ ॥ 'ਤੁਮ ਮਾਲਕ ਬੈਠੇ ਸੁਖ ਸੰਗ। ਗ੍ਰਾਮ ਲੁਟੇ ਉਜਰੇ ਡਰ ਜੰਗ‡'। ਸੁਨਿ ਬੂਝਯੋ 'ਅਸ ਆਯਹੁ ਕੌਨ? ਜਿਨ ਬਿਨ ਤ੍ਰਾਸ ਉਜਾਰੇ

[1] ਇੱਕੋ ਵੇਰੀਂ। [2] ਦੋ ਤਿੰਨ। *ਪਾ:-ਕਰਿ। †ਇਹ ਮੁਸਤਫਾਵਾਦ ਤੋਂ ਬੰਦੇ ਦਾ ਕੰਮ ਸ਼ੁਰੂ ਨਹੀਂ ਹੋਇਆ ਸਗੋਂ ਕੈਂਥਲ ਦੇ ਪਰਗਨੇ ਤੋਂ, ਦੇਖੋ ਹੇਠਲੀ ‡ਚਿੰਨ੍ਹ ਵਾਲੀ ਟੂਕ।

‡ਇਹ ਪ੍ਰਸੰਗ ਕਵੀ ਜੀ ਤੱਕ ਸਹੀ ਨਹੀਂ ਪੁੱਜਾ, ਬੰਦੇ ਦੇ ਸਰਹੰਦ ਤੱਕ ਪੁੱਜਣ ਦੇ ਸਹੀ ਹਾਲਾਤ ਸ੍ਰੀ ਭੰਗੂ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਐਉਂ ਲਿਖੇ ਹਨ ਕਿ ਜਦ ਬੰਦਾ ਗੁਰੂ ਜੀ ਤੋਂ ਸ਼ੁਭ ਸਿਖ੍ਯਾ ਪ੍ਰਾਪਤ ਕਰ, ਮਾਝੇ ਮਾਲਵੇ ਦੇ ਸਿੰਘਾਂ ਵਲ ਸਤਿਗੁਰਾਂ ਦੇ ਪਰਵਾਨੇ ਤੇ ਸਿੰਘਾਂ ਦੀ ਇਕ ਕੌਂਸਲ ਨਾਲ ਲੈਕੇ ਪੰਜਾਬ ਵਲ ਟੁਰ ਪਿਆ ਤਾਂ ਰਸਤੇ ਵਿਚ ਉਸਨੂੰ ਖਰਚ ਦੀ ਤੰਗੀ ਵਾਪਰੀ। ਗੁਰੂ ਹੁਕਮ ਮੂਜਬ ਪੰਜ ਸਿੰਘਾਂ ਨੂੰ ਇਸ ਔਕੜ ਦੇ ਦੂਰ ਹੋਣ ਲਈ ਅਰਦਾਸਾ ਕਰਨ ਲਈ ਕਿਹਾ, ਸਿੰਘਾਂ ਅਰਦਾਸਾ ਸੋਧਿਆ, ਵਿਚ ਬੰਦਾ ਬੀ ਸ਼ਾਮਲ ਸੀ। ਇਕ ਲੁਬਾਣਾ ਸਿੰਘ ਆਇਆ, ਜਿਸਨੇ ਕਈ ਹਜ਼ਾਰ ਦਸਵੰਧ ਵਜੋਂ ਭੇਟ ਕੀਤੀ। ਬੰਦੇ ਦੀ ਪ੍ਰੀਤੀ ਇਸ ਘਟਨਾ ਨੇ ਗੁਰੂ ਚਰਨਾਂ ਨਾਲ ਹੋਰ ਬੀ ਵਧਾ ਦਿੱਤੀ। ਰਾਹ ਵਿਚ ਦੀਵਾਨ ਕਰਦਾ, ਨਾਮ ਦਾਨ ਦੇਂਦਾ, ਦੁੱਧ ਵਾਲੇ ਨੂੰ ਦੁੱਧ, ਪੁੱਤ ਵਾਲੇ ਨੂੰ ਪੁੱਤ ਤੇ ਲੋੜਵੰਦਾਂ ਦੀਆਂ ਆਸਾਂ ਪੂਰਨ ਕਰਦਾ ਪੰਜਾਬ ਵਲ ਟੁਰਦਾ ਰਿਹਾ। ਜਿਸ ਪਿੰਡ ਉਤਾਰਾ ਕਰਦਾ ਸੰਗਤਾਂ ਧਨ ਅਰਪਦੀਆਂ, ਤੇ ਲੋੜੀਂਦਾ ਸਮਾਨ ਹਾਜ਼ਰ ਕਰਦੀਆਂ ਸਨ। ਇਹਨਾਂ ਦਿਨਾਂ ਵਿਚ ਜੋ ਸਵਾਲੀ ਆਇਆ ਖਾਲੀ ਨਹੀਂ ਗਿਆ, ਲੋੜਵੰਦਾਂ ਦੀਆਂ ਝੋਲੀਆਂ ਭਰੀਆਂ। ਭਾਈ ਰਤਨ ਸਿੰਘ ਜੀ ਲਿਖਦੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਭੌਨ' ॥੨੯॥ ਕਹੈ ਸੁ 'ਕੁਛ ਨਹਿ ਜਾਨਯੋਂ ਜਾਈ। ਦਿਨ ਪ੍ਰਤਿ ਹੋਤਿ

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਹਨ ਕਿ ਜਿਸ ਆਦਮੀ ਨੇ ਦੀਵੇ ਵਿਚ ਤੇਲ ਪਾਇਆ, ਬੈਠਣ ਵਾਲੀ ਥਾਂ ਤੇ ਝਾੜੂ ਦਿੱਤਾ ਜਾਂ ਪੀਣ ਲਈ ਪਾਣੀ ਦਾ ਘੜਾ ਆਂਦਾ ਕਿਸੇ ਨੂੰ ਵੀ ਇਕ ਅਸ਼ਰਫੀ ਤੋਂ ਘੱਟ ਬੰਦਾ ਨਹੀਂ ਦੇਂਦਾ ਸੀ। ਬੰਦੇ ਦੇ ਇਸ ਤਰ੍ਹਾਂ ਦੇ ਸਲੂਕ ਨੂੰ ਵੇਖਕੇ ਦੂਰ ਨੇੜੇ ਤੋਂ ਵਹੀਰਾਂ ਇਹਦੇ ਗਿਰਦ ਇੱਕਠੀਆਂ ਹੋਣ ਲਗੀਆਂ ਤੇ ਉਹਦੀ ਦਾਨ ਸ਼ੀਲਤਾ ਤੇ ਵਰਦਾਨਾਂ ਦੇ ਪੂਰਾ ਹੋਣ ਨੇ ਉਸ ਨੂੰ ਸਰਬਪ੍ਰਿਯ ਬਣਾ ਦਿੱਤਾ। ਬੰਦੇ ਦੇ ਪਾਸ ਧਨ ਦੀ ਬਹੁਲਤਾ ਦਾ ਹਾਲ ਸੁਣ ਇਕ ਵੇਰ ਡਾਕੂ ਆ ਗਏ, ਸਿੰਘਾਂ ਨੇ ਫੜਕੇ ਉਨ੍ਹਾਂ ਦੀ ਚੰਗੀ ਤਰ੍ਹਾਂ ਸੋਧ ਕੀਤੀ। ਇੰਜ ਪੰਧ ਮੁਕਾਕੇ ਬਾਂਗਰ ਦੇ ਇਲਾਕੇ (ਕਰਨਾਲ ਤੇ ਹਿਸਾਰ ਦੇ ਲਾਗੇ) ਪੁੱਜੇ, ਇਸ ਇਲਾਕੇ ਵਿਚ ਇਕ ਗਿਰਾਂ ਨੂੰ ਲੁੱਟਣ ਲਈ ਧਾੜ ਆਈ ਹੋਈ ਸੀ। ਲੋਕੀਂ ਪਿੰਡੋਂ ਨੱਸ ਟੁਰੇ ਸਨ ਪਰ ਬੰਦੇ ਨੇ ਡਾਕੂਆਂ ਨੂੰ ਮਾਰ ਕੇ ਨਸਾ ਦਿੱਤਾ ਤੇ ਪਿੰਡ ਦੇ ਲੋਕ ਫਿਰ ਪਿੰਡ ਵਸਾਏ। ਇਸ ਤਰ੍ਹਾਂ ਅਨਾਥ ਗਰੀਬ ਤੇ ਸਹਾਇਹੀਨਾ ਦੀ ਮਦਦ ਵਿਚ ਬੰਦੇ ਨੇ ਕਈ ਪਿੰਡ ਡਾਕੂਆਂ ਤੋਂ ਬਚਾਏ। ਇਸ ਤਰ੍ਹਾਂ ਦੇ ਸ਼ੁਭ ਕਾਰਜ ਕਰਦਾ ਬੰਦਾ ਦਿਨ ਬਦਿਨ ਪ੍ਰਸਿੱਧ ਹੁੰਦਾ ਗਿਆ ਤੇ ਨਾਲ ਲੋਕੀਂ ਰਲਦੇ ਗਏ ਤੇ ਪਰਜਾ ਪਿਆਰ ਕਰਨ ਲਗ ਪਈ। ਬੰਦੇ ਨੇ ਲੋਕਾਂ ਨੂੰ ਕਹਿ ਦਿੱਤਾ ਕਿ ਸਰਕਾਰੀ ਮਾਮਲਾ ਨਾ ਦਿਓ, ਉਹ ਤੁਹਾਡੀ ਰੱਛਾ ਨਹੀਂ ਕਰਦੇ। ਮੈਂ ਤੁਹਾਡੀ ਰੱਛਯਾ ਕਰਾਂਗਾ ਤੇ ਸਾਨੂੰ ਕੇਵਲ ਦੁੱਧ ਦਹੀਂ ਦਿਆ ਕਰੋ, ਅਸੀਂ ਹੋਰ 'ਕਰ' ਨਹੀਂ ਲੈਂਦੇ। ਜਦੋਂ ਸਰਕਾਰੀ ਮਾਮਲਾ ਬੰਦ ਹੋਇਆ ਤੇ ਚੌਧਰੀ ਤੰਗ ਪਏ, ਫੇਰ ਅਲਾਕੇ ਦੇ ਚੌਧਰੀ ਰਲਕੇ ਅਪਣੇ ਹਾਕਮ ਕੈਥਲ ਦੇ ਫੌਜਦਾਰ ਪਾਸ ਗਏ। ਜਿਸ ਤੇ ਕੈਂਥਲ ਦਾ ਫੌਜਦਾਰ, ਜੋ ਇਕ ਹਿੰਦੂ ਸੀ, ਬੰਦੇ ਤੇ ਚੜ੍ਹ ਆਇਆ, ਉਸ ਨੇ ਆਕੇ ਬੰਦੇ ਨੂੰ ਬੜੇ ਕੌੜੇ ਵਾਕ ਕਹੇ। ਪਹਿਲਾਂ ਤਾਂ ਬੰਦਾ ਉਹਦੇ ਬੋਲ ਕਬੋਲ ਜਿਗਰੇ ਨਾਲ ਸੁਣਦਾ ਤੇ ਸਹਾਰਦਾ ਰਿਹਾ, ਪਰ ਜਦ ਉਹ ਹੱਦੋਂ ਹੀ ਟੱਪਣ ਲੱਗਾ ਤਦ ਬੰਦੇ ਦੇ ਕਹਿਣ ਤੇ ਸਿੰਘਾਂ ਨੇ ਉਹਨੂੰ ਫੜ ਲਿਆ ਤੇ ਉਹਦੇ ਸਾਥੀਆਂ ਨੂੰ ਮਾਰ ਕੇ ਨਸਾ ਦਿੱਤਾ। ਇਸ ਖੱਤਰੀ ਫੌਜਦਾਰ ਨੂੰ ਬੰਦੇ ਨੇ ਤਰਸਵਾਨ ਹੋਕੇ ਛੱਡ ਦਿੱਤਾ ਤੇ ਇਲਾਕੇ ਦਾ ਫੌਜਦਾਰ ਬਣਾ ਦਿੱਤਾ। ਇਥੋਂ ਉਠਕੇ ਬੰਦਾ ਸੇਹਰ ਖੰਡੇ ਪੁੱਜਾ, ਜੋ ਥਾਂ ਖਖਰੌਡ ਪਰਗਣੇ ਵਿਚ ਹੈ। ਦਿੱਲੀ ਤੋਂ ੨੫ ਮੀਲ ਉੱਤਰ ਪੱਛਮ, ਰੁਹਤਕ ਤੋਂ ੨੧ ਮੀਲ ਪੂਰਬ, ਸਾਂਪਲੇ ਤੇ ਸੋਨੀਪਤ ਦੇ ਵਿਚਕਾਰ ਹੈ ਤਸੀਲ ਸਾਂਪਲੇ ਦਾ ਪਿੰਡ ਹੈ, ਇਸ ਤੋਂ ਚਾਰ ਕੋਹ ਤੇ ਉੱਤਰ ਵਾਲੇ ਪਾਸੇ ਨੂੰ 'ਖੰਡਾ' ਪਿੰਡ ਹੈ ਜਿਸਦੇ ਲਾਗੇ ਹੀ 'ਸਿਹਰੀ' ਗਾਉਂ ਹੈ। ਸ਼ਾਇਦ ਇਸੇ ਤੋਂ 'ਸੇਹਰੀ ਖੰਡਾ' ਨਾਮ ਪਿਆ ਹੈ*। 'ਸੇਹਰੀ ਖੰਡੇ' ਬੰਦੇ ਨੇ ਕੁਛ ਸਮਾਂ ਡੇਰਾ ਰੱਖਿਆ, ਮਾਝੇ ਦੇ ਸਿੰਘ ਤੇ ਹੋਰ ਸਿੱਖਾਂ ਦੇ ਨਾਮ ਚਿੱਠੀਆਂ ਭੇਜੀਆਂ, ਗੁਰੂ ਜੀ ਦੇ ਹੁਕਮ ਵਿਚ ਪੰਜਾਬ ਨੂੰ ਆਪਣੇ ਆਉਣ ਤੇ ਜ਼ਾਲਮਾਂ ਦੀ ਸੋਧ ਕਰਨ ਦੇ ਪ੍ਰੋਗਰਾਮ ਦੀ ਖਬਰ ਭੇਜੀ। ਇਹ ਹਾਲਾਤ ਦੱਸਦੇ ਹਨ ਕਿ ਕਲਗੀਧਰ ਜੀ ਤੋਂ ਵਿਦਾ ਹੋਕੇ ਬਾਂਗਰ ਪੁੱਜਣ ਸਮੇਂ ਤਕ ਬੰਦੇ ਦਾ ਆਮ ਲੋਕਾਂ ਨਾਲ ਸਲੂਕ ਤਰਸਵਾਨਾ ਤੇ ਦੁਖੀਆਂ ਅਨਾਥਾਂ ਦਾ ਰਖਵਾਲਾ ਹੋਣ ਵਾਲਾ ਸੀ, ਉਸ ਨੇ ਕਿਸੇ

[ਬਾਕੀ ੬੪ ਵੇਖੋ ਅਗਲੇ ਪੰਨੇ ਦੇ ਹੇਠਾਂ]

*ਸ੍ਰੀ ਰਤਨ ਸਿੰਘ ਭੰਗੂ ਜੀ ਲਿਖਦੇ ਹਨ:—ਸੇਹਰ ਖੰਡੇ ਰਾਹ ਪੁਛ ਲਯੋ। ਖਖਰੌਡ ਪਰਗਣੈ ਜਿਹ ਥਾਂ ਭਯੋ। ਦਿਲੀ ਤੇ ਕਹਿ ਤੀਹ ਕੁ ਕੋਸ।

ਜਾਤ ਸਮੁਦਾਈ'। ਤਹਾਂ ਤੁਰਕਪਤਿ ਹੋਯਸਿ ਤਯਾਰ। ਜ਼ੀਨ ਤੁਰੰਗਨਿ ਤੂਰਨ ਡਾਰਿ ॥੨੯॥ ਦ੍ਵੈ ਹਜ਼ਾਰ ਚਢਿ ਕਰਿ ਅਸਵਾਰ। ਦੋਇ ਤੋਪ ਲੇ ਸੰਗ ਜੁਝਾਰ। ਲੂਟਿ ਕੂਟ ਜਹਿਂ ਕੀਨਸਿ ਡੇਰਾ। ਸੁਨਿ ਤਿਤ ਗਮਨਯੋਂ ਕ੍ਰੋਧ ਬਡੇਰਾ॥੩੦॥ਸਨੇ ਸਨੇ ਗਮਨਯੋਂ ਕੁਛ ਡਰਿਕੈ। ਪਹੁੰਚਯੋ ਆਨਿ ਤਹਾਂ ਚਲਿ ਕਰਿ ਕੈ। ਦੇਖਿ ਦੂਰ ਤੇ ਤੋਪ ਚਲਾਈ। ਗਨ ਦੁੰਦਭਿ ਦਲ ਬਿਖੈ ਬਜਾਈ ॥੩੧॥ ਡਰੇ ਬਿਲੋਕਤਿ ਪੁੰਜ ਲੁਟੇਰੇ।–ਲਰਹਿ ਕੌਨ ਇਨ ਕੇਰ ਅਗੇਰੇ। ਚਮੂੰ ਅਧਿਕ ਜਿਮ ਆਟੇ ਲੌਨ ਧਰਿ ਪ੍ਰਾਕ੍ਰਮ ਲਰਿ ਗਨਿ ਹੈ ਕੌਨ¹–॥੩੨॥ ਹੇਤੁ ਪਲਾਵਨ ਕੇ ਹੁਇ ਤਯਾਰੇ। ਪਿਖਿ ਬੰਦੇ ਸਭਿ ਸੰਗ ਉਚਾਰੇ। 'ਤ੍ਰਾਸਹੁ ਮਤਿ ਹੁਜਹੁ ਸਵਧਾਨਾ। ਸਭਿ ਕੇ ਮੈਂ ਬਚਾਇ ਹੌਂ ਪ੍ਰਾਨਾ॥ ੩੩ ॥ ਜਬਿ ਉਚਰੌਂ ਹੇਲਾ ਅਬਿ ਘਾਲਹੁ। ਲੂਟਿ ਚਮੂੰ ਹਯ ਸ਼ਸਤ੍ਰ ਸੰਭਾਲਹੁ। ਸਾਰ ਬੰਦ²*ਕਰਿ ਹੌਂ ਇਕ ਬਾਰੀ।ਤੁਮ ਸੁਖੇਨ ਰਿਪੁ ਲੀਜਹੁ ਮਾਰੀ॥੩੪॥ਦੇਖਹੁ ਪਤਾ ਜਿ ਨਹੀਂ ਪ੍ਰਤੀਤ। ਪੁਨਹਿ ਪ੍ਰਹਾਰ ਕਰਹੁ ਲਿਹੁ ਜੀਤ'। ਇਮ ਕਹਿ ਸਭਿ ਕੇ ਅੱਗ੍ਰ ਸਿਧਾਰਾ। ਕਿਤਿਕ ਦੂਰ ਥਿਰ ਹੋਹਿ ਨਿਹਾਰਾ ॥ ੩੫ ॥ ਲੇ ਗੁਰ ਤੀਰ ਲਕੀਰ ਨਿਕਾਰੀ। 'ਗੋਰੀ ਗੋਰ ਨ ਉਲੰਘਿ ਅਗਾਰੀ'।ਇਮ ਕਹਿ ਖਰੋ ਭਯੋ ਰਿਪੁ ਸੌਹੇਂ। ਰਿਸ ਤੇ ਕਰੀ ਬੱਕ੍ਰ ਜੁਗ ਭੌਹੇਂ ॥੩੬ ॥ ਲਾਲ ਬਿਲੋਚਨ ਤਾੜੇ ਅਰੀ। ਜਿਸ ਕਰਿ ਤਿਨ ਤੇ ਕਛੂ ਨ ਸਰੀ। ਤੁਪਕ ਤੋਪ ਤੇ ਗੋਰਾ ਗੋਰੀ। ਕਰਹਿਂ ਪ੍ਰਹਾਰ ਬ੍ਰਿੰਦ ਇਨ ਓਰੀ ॥ ੩੭ ॥ ਉਲੰਘੇ ਨਹੀਂ ਲਕੀਰ ਅਗਾਰੀ। ਤਿਹ ਲੌ ਪਹੁੰਚਹਿ ਨਹਿਂ†ਬਲ ਭਾਰੀ। ਖਰੇ ਸੁਖੇਨ ਨ ਕਿਸ ਕੇ ਲਾਗੇ। ਸਨੇ ਸਨੇ ਆਵਤਿ ਰਿਪੁ ਆਗੇ ॥ ੩੮ ॥ ਪਿਖਿ ਬੰਦੇ ਕੋ ਪ੍ਰਾਕ੍ਰਮ ਐਸੇ। ਹਰਖੇ ਲੋਗ ਤਜਯੋ ਡਰ ਤੈਸੇ। ਸਾਵਧਾਨ ਹੁਇ ਸ਼ਸਤ੍ਰ

¹ਅਸੀਂ ਬਲ ਧਾਰਕੇ ਲੜੀਏ ਤਾਂ ਕਿਸ ਗਿਣਤੀ ਵਿਚ ਹਾਂ। ²ਰੂਹਾਨੀ ਤਾਕਤ ਨਾਲ ਵੈਰੀ ਦੇ ਸ਼ਸਤ੍ਰਾਂ ਨੂੰ ਬੰਨ੍ਹ ਦੇਣਾ ਕਿ ਉਨ੍ਹਾਂ ਦਾ ਪ੍ਰਹਾਰ ਆਪਣੀ ਸੈਨਾਂ ਨੂੰ ਨਾ ਲੱਗੇ।

*ਪਾ:–ਸਾਰ ਬੰਦ। †ਪਾ:–ਪਹੁੰਚਿ ਹਟਹਿਂ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਇਸਤ੍ਰੀ ਦੀਆਂ ਟੋਟੀਆਂ ਕੀ ਖੋਹਣੀਆਂ ਸਨ, ਉਹ ਗ਼ਰੀਬਾਂ ਤੇ ਅਨਾਥਾਂ ਨੂੰ ਖੁੱਲੇ ਦਿਲ ਮਾਇਆ ਦੇ ਗੱਫੇ ਦੇਕੇ ਨਿਹਾਲ ਕਰਦਾ ਰਿਹਾ ਸੀ। ਹਾਂ ਇਸ ਵਿਚ ਸ਼ੁਭਾ ਨਹੀਂ ਕਿ ਓਹ ਪਿੰਡ ਲੁੱਟਣ ਵਾਲੀਆਂ ਵਾਹਰਾਂ ਦੀ ਖੂਬ ਖ਼ਬਰ ਲੈਂਦਾ ਰਿਹਾ ਤੇ ਐਉਂ ਹੀ ਓਹ ਪਰਜਾ ਵਿਚ ਹਾਕਮਾਂ ਨਾਲੋਂ ਵਧੇਰੇ ਪਿਆਰਾ ਹੋ ਗਿਆ ਤੇ ਲੋਕੀਂ ਵੀ ਉਸ ਦੇ ਵੱਲ ਹੋ ਗਏ। ਐਉਂ ਬੰਦੇ ਨਾਲ ...ਈਂ ਰਲਣ ਲੱਗ ਪਏ, ਤੇ ਬੰਦਾ ਮਾਲਵੇ ਮਾਝੇ ਦੇ ਸਿੰਘਾਂ ਦੀ ਉਡੀਕ ਲਈ ਲੋੜੀਂਦਾ ਸਮਾਂ ਆਪਣੇ ਆਪ ਨੂੰ ਪੂਜਾ ਦਾ ਪ੍ਰਿਯ ਬਨਾਉਣ ਵਿਚ ਲਾਉਂਦਾ ਰਿਹਾ।

ਸੰਭਾਲੇ। ਤੋਮਰ ਤੀਰ ਤੁਫੰਗ ਬਿਸਾਲੇ ॥੩੯॥ ਕਿਨਹੂੰ ਖੜਗ ਸਿਪਰ ਹੀ ਧਾਰੀ। ਤੇ ਸਨਮੁਖ ਕਰਿ ਮਾਰੋ ਮਾਰੀ। ਸਭਿ ਕੇ ਆਗੇ ਬੰਦਾ ਭਯੋ। ਅਪਨਿ ਚਮੂੰ ਕੋ ਉਤਸਵ ਦਯੋ ॥ ੪੦ ॥ ਇਮ ਗਮਨਤਿ ਜਬਿ ਹੋਇਸਿ ਨੇਰ। ਭਏ ਦਲੇਰ ਚਹਯੋ ਭਟ ਭੇਰ। ਜਬਿ ਕੇਤਿਕ ਤੁਪਕੈਂ ਚਲਿਵਾਈ। ਲਗੀ ਤੁਰਕ,ਗਿਰਿ ਗੇ ਰਣ ਥਾਂਈਂ॥੪੧॥ ਇਹ ਬਚ ਰਹੇ, ਲਗਹਿਂ ਨਹਿ ਘਾਵਾ। ਗਿਰੇ ਬ੍ਰਿੰਦ ਰਿਪੁ ਹ੍ਵੈ ਨ ਬਚਾਵਾ। ਕਿਤਿਕ ਤੁਰੰਗ ਛੁਟੇ ਗਹਿ ਲੀਨ। ਚਢਿ ਊਪਰ ਬਿਚਰੇ ਰਣ ਕੀਨ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

## ੮. [ਬੰਦੇ ਦੀ ਵਿਜਯ। ਦਲ ਵਧਣਾ। ਸਢੌਰਾ ਮਾਰਨਾ]।

ਦੋਹਰਾ ॥ ਭਯੋ ਨੇਰ ਭਟ ਭੇਰ ਕੋ ਬੰਦਾ ਚਮੂੰ ਅਨੰਦ[1]। ਛੀਨ ਤੁਰੰਗਮ ਬਹੁ ਚਢੇ ਬਾਢੀ ਚੌਂਪ ਬਿਲੰਦ ॥ ੧ ॥ ਚੌਪਈ ॥ ਬਹੁ ਕੋਪਯੋ ਮੁਖ ਹੁਕਮ ਬਖਾਨਾ। 'ਹੇਲ ਕਰਹੁ ਮੇਲਹੁ ਘਮਸਾਨਾ। ਸ਼ਸਤ੍ਰ ਤੁਰੰਗਮ ਤੋਪ ਸਮੇਤ। ਛੀਨ ਲੇਹੁ ਇਨ ਤੇ ਰਣ ਖੇਤ'॥ ੨ ॥ ਇਮ ਕਹਿ ਗੁਰ ਕੋ ਬਾਨ ਸੰਭਾਰਾ। ਜੋਰਿ ਪਨਚ ਮਹਿਂ ਐਂਚਿ ਉਚਾਰਾ। 'ਹਤਹੁ ਤੁਰਕ ਗਨ ਜਾਨਿ ਨ ਦੀਜੈ। ਸਰਬ ਸਮਾਜ ਛੀਨਿ ਕਰਿ ਲੀਜੈ'॥੩॥ਤਬਿ ਅਕਾਸ਼ ਕੋ ਦਲ ਚਲਿ ਆਯੋ। ਹਤਿ ਅਜ਼ਗੈਬਹਿ ਜੰਗ ਮਚਾਯੋ। ਆਗੇ ਪਾਛੇ ਆਯੁਧ ਚਲੇ। ਪਰੀ ਮਾਰ ਸ਼ੱਤ੍ਰੁ ਗਨ ਹਲੇ ॥ ੪ ॥ ਦਈ ਪੀਠ, ਤਜਿ ਤੋਪ ਪਧਾਰੇ। ਤਬਿ ਬੰਦੇ ਨਿਜ ਭਟ ਲਲਕਾਰੇ। 'ਹਯ ਆਯੁਧ ਕਸੋਂ ਤੋਪ ਨ ਲੇਤੇ। ਨਹਿਂ ਰਿਪੁ ਠਹਿਰੇ ਭਾਜ ਚਲੇ ਤੇ'॥੫॥ਨਰ ਗ੍ਰਾਮਨਿ ਕੇ ਪਿਖਿਨਿ ਤਮਾਸ਼ਾ ਖਰੇ ਸੈਂਕਰੇ ਚਾਰਹੁੰ ਪਾਸਾ। ਪਿਖੇ ਪਲਾਵਤਿ ਭੀਰੁ ਅਧੀਰ। ਸਕੇ ਚਲਾਇ ਨ ਤੁਪਕ ਰੁ ਤੀਰ ॥ ੬ ॥ ਲੂਟਨ ਲਗੇ ਤੁਰੰਗਮ ਲਏ। ਬਸਤ੍ਰ ਸ਼ਸਤ੍ਰ ਛੋਰਤਿ ਨਹਿਂ ਭਏ। ਪਰੀ ਲੋਥ ਪਰ ਲੋਥ ਘਨੇਰੀ। ਚਲਹਿ ਤੀਰ ਤਰਵਾਰ ਬਡੇਰੀ ॥ ੭ ॥ ਕਟਿ ਕਟਿ ਗਿਰੇ ਨ ਭਾਜਨ ਪਾਏ। ਚਹੂੰ ਓਰ ਲੋਕਨ ਮਿਲਿ ਘਾਏ। ਪਸਰਯੋ ਸ਼੍ਰੋਣਤਿ ਛਿਤ ਰੰਗੀਨ। ਕਟੇ ਕਰਾਹੈਂ ਕੇਤਿਕ ਦੀਨ[2] ॥ ੮ ॥ ਰਹੀ ਸੰਭਾਲ ਨ, ਲਸ਼ਕਰ ਮਾਰਾ। ਕਹਿਂ ਲਗ ਬਰਨੌਂ ਜੰਗ ਅਖਾਰਾ। ਗਏ ਪਲਾਇ ਇਕ[3] ਭਏ ਸੰਘਾਰਾ। ਤਬਹਿ ਪਨਚ ਤੇ ਤੀਰ ਨਿਕਾਰਾ ॥ ੯ ॥ ਥਿਰਯੋ ਸਥਾਨ ਆਪਨੇ ਬੰਦਾ। ਲਯੋ ਲੂਟ ਦਲ ਤੁਰਕ ਬਿਲੰਦਾ। ਸ਼ਸਤ੍ਰ ਹਜ਼ਾਰਹੁੰ ਬਡੇ ਤੁਰੰਗ। ਲੇਕਰ ਸਗਰੇ ਹਰਖਤਿ ਅੰਗ ॥ ੧੦ ॥ ਜਿਤ ਕਿਤ

[1] ਬੰਦਾ (ਆਪਣੀ) ਸੈਨਾ (ਨੂੰ ਦੇਖਕੇ) ਅਨੰਦ ਹੋਇਆ। (ਅ) ਬੰਦਾ ਤੇ ਉਸ ਦੀ ਫੌਜ ਖੁਸ਼ ਹੋਏ।
[2] ਕੱਟੇ ਹੋਏ ਕਈ ਵਿਲਪ ਰਹੇ ਹਨ। [3] ਇਕ ਭੱਜ ਗਏ।

ਤੇ ਮਿਲਿਗੇ ਨਰ ਆਇ। ਬਿਨਾ ਚਾਕਰੀ ਲੂਟਨ ਚਾਇ।ਆਯੁਧ ਧਰਨ-ਹਾਰ[1] ਸਭਿ ਆਏ। ਮਿਲਿ ਬੰਦੇ ਢਿਗ ਭੇ ਸਮੁਦਾਏ ॥੧੧॥ ਮੁਸਤਾਬਾਦ[2] ਜਾਇ ਪੁਰਿ ਮਾਰਾ। ਲੂਟਨੋ ਖੋਜਿ ਖੋਜਿ ਕਰਿ ਸਾਰਾ।ਅਧਿਕ ਦਰਬ ਵਸਤੂ ਸਮੁਦਾਯਾ। ਲੇ ਲੋਕਨਿ ਚਿਤ ਚਾਉ ਵਧਾਯਾ ॥੧੨॥ ਕੇਤਿਕ ਧਨੀ ਭਏ ਨਰ ਮਹਾਂ। ਲੂਟਹਿ ਗ੍ਰਾਮ ਜਾਇ ਜਹਿ ਕਹਾਂ।ਸੌ ਦੋ ਸੈ ਮਿਲਿ ਮਿਲਿਚੜ੍ਹਿ ਜਾਤੇ।ਲੂਟ ਕੂਟ ਪੁਨ ਜਾਇ ਸਮਾਤੇ[3] ॥੧੩॥ ਪਰਯੋ ਰੌਰ ਭਾਰੀ ਵਿਚਦੇਸ਼। ਭਾਗ ਚਲੇ ਨਰ ਨਾਰਿ ਵਿਸ਼ੇਸ਼। ਬੰਦੇ ਸੰਗ ਮਹਾਂ ਦਲ ਭਯੋ। ਲੂਟਨ ਕੋ ਅਲੰਬ ਇਕ ਲਯੋ ॥ ੧੪ ॥ ਕਈ ਹਜ਼ਾਰ ਚਮੂੰ ਹੁਇ ਗਈ। ਜਿਤ ਕਿਤ ਧੂਮ ਧਾਮ ਪ੍ਰਗਟਈ। ਗੁਰ ਕੋ ਕਹਯੋ ਸਿਮਰਿ ਕਰਿ ਬੰਦਾ।ਨਿਕਟ ਸਢੌਰਾ ਦੁਸ਼ਟ ਬਿਲੰਦਾ* ॥ ੧੫ ॥ ਤਿਸ ਮਾਰਨ ਕੋ ਚਿਤ ਉਮਗਾਯੋ । ਕਰਯੋ

[1]ਸ਼ਸਤ੍ਰ ਲਾਉਣ ਵਾਲੇ। [2]ਮੁਸਤਫਾਬਾਦ ਅੰਬਾਲੇ ਦੇ ਜ਼ਿਲੇ ਵਿਚ ਹੈ, ਅੰਬਾਲਾ ਛਾਉਣੀ ਤੋਂ ਚੌਥਾ ਸਟੇਸ਼ਨ ਹੈ। ਕਪਾਲ ਮੋਚਨ ਇਸਤੋਂ ਨੇੜੇ ਹੈ। [3]ਬੰਦੇ ਦੇ ਦਲ ਵਿਚ ਜਾ ਸਮਾਂਵਦੇ ਹਨ।

*ਕਵੀ ਜੀ ਨੂੰ ਮੁਸਤਫਾਬਾਦ ਪਰ ਹੀ ਪਹਿਲਾ ਹੱਲਾ ਬੋਲਣ ਦੀ ਖਬਰ ਗ਼ਲਤ ਮਿਲੀ ਹੈ। ਅਸਲ ਵਾਕਿਆਤ ਐਉਂ ਹਨ:—ਬੰਦਾ ਸਿਹਰ ਖੰਡੇ (ਖਰਖੌਦੇ) ਅੱਪੜਕੇ ਉਡੀਕ ਵਿਚ ਲੱਗਾ ਕਿ ਮਾਝੇ ਮਾਲਵੇ ਦੇ ਸਿੰਘ ਆ ਮਿਲਣ ਤਾਂ ਲੜਾਂ। ਨਿਰੇ ਲੁੱਟ ਦੇ ਪ੍ਰੇਮੀਆਂ ਯਾਂ ਆਮ ਛੋੜਾਂ ਨਾਲ ਸਰਹਿੰਦ ਮਾਰ ਲੈਣੀ, ਬੰਦਾ ਜਾਣਦਾ ਸੀ ਕਿ, ਸੁਖੱਲੀ ਨਹੀਂ । ਇਹ ਲੋਕ ਤਾਂ ਮੁਸ਼ਕਲ ਪਈ ਤੇ ਪਹਿਲਾਂ ਭੱਜ ਜਾਣਗੇ । ਇਸ ਲਈ ਓਹ ਜਥਿਆਂ ਦੀ ਉਡੀਕ ਵਿਚ ਲੱਗਾ। ਗੁਰੂ ਜੀ ਨੇ ਟੁਰਨ ਵੇਲੇ ਬੰਦੇ ਨੂੰ ਕਿਹਾ ਸੀ ਕਿ ਮਾਝੇ ਦੇ ਸਿੰਘ ਬੜੇ ਤਕੜੇ ਤੇ ਭਰੋਸੇ ਵਾਲੇ ਮੇਰਾ ਰੂਪ ਹਨ, (ਦੇਖੋ ਭੰਗੂ ਜੀ ਦਾ ਪੰਥ ਪ੍ਰਕਾਸ਼) ਓਨ੍ਹਾਂ ਨੂੰ ਨਾਲ ਜ਼ਰੂਰ ਲੈਣਾ । ਬੰਦਾ ਬੀ ਜਾਣਦਾ ਸੀ ਕਿ ਮਾਝਾ ਬੜਾ ਹਠੀਲਾ ਤੇ ਅੜਨ ਵਾਲਾ ਹੈ। ਮਾਲਵਾ ਨੇੜੇ ਹੈ ਤੇ ਮਾਲਵੇ ਦੇ ਸੁਹਣੇ ਲੜਾਕੇ ਜੁਆਨ ਸਿੰਘ ਪਹਿਲਾਂ ਅੱਪੜਨਗੇ। ਸੋ ਪਹਿਲਾਂ ਤਾਂ ਸਰਹਿੰਦੋਂ ਉਪਰ ਸਲੋਦੀ ਇਲਾਕੇ ਦੇ ਸਿੰਘ ਅੱਪੜੇ, ਇਨ੍ਹਾਂ ਦੇ ਆਗੂ ਆਲੀ ਸਿੰਘ ਮਾਲੀ ਸਿੰਘ ਸਨ । ਸ੍ਰੋਤ ਹੈ ਕਿ ਗੁਰੂ ਜੀ ਦੇ ਹੱਥੋਂ ਬਾਬਾ ਮਾਲੀ ਸਿੰਘ ਨੇ ਅੰਮ੍ਰਿਤ ਛਕਿਆ ਹੋਇਆ ਸੀ। ਏਹ ਦੋਵੇਂ ਸਰਹਿੰਦ ਦੇ ਫੌਜਦਾਰ ਪਾਸ ਨੌਕਰ ਸਨ। ਵਜ਼ੀਰ ਖਾਂ ਨੇ ਬੰਦਾ ਆਇਆ ਸੁਣਕੇ ਏਹ ਕੈਦ ਕੀਤੇ, ਪਰ ਏਹ ਕੈਦੋਂ ਨਿਕਲਕੇ ਆਪਣਾ ਜਥਾ ਲੈਕੇ ਬੰਦੇ ਨੂੰ ਜਾ ਮਿਲੇ। ਸਨ ਤਾਂ ਏਹ ਸਿੰਘ ਵੀਹਾਂਕੁ ਤੋਂ ਹੇਠਾਂ, ਪਰ ਸਨ ਪੱਕੇ ਸਿੰਘ ਤੇ ਹਠੀਲੇ ਰਾਠ। ਹੁਣ ਮਾਲਵੇ ਤੋਂ ਜਥੇ ਬੀ ਅੱਪੜਨ ਲੱਗ ਪਏ। ਭਾਈ ਰੂਪੇ ਕੇ ਦੇ ਧਰਮ ਸਿੰਘ ਆਦਿਕ ਸਜਣ ਬੀ ਜਥਾ ਲੈਕੇ ਅੱਪੜ ਪਏ । ਭਾਈ ਭਗਤੂ ਦੇ ਭਾਈ ਫਤੇ ਸਿੰਘ ਜੀ ਜਥਾ ਲੈਕੇ ਪੁੱਜੇ । ਮਹ੍ਰਾਜ ਤੋਂ ਬੀ ਤਕੜਾ ਜਥਾ ਪੁੱਜਾ। ਜਿੱਥੇ ਕੋਈ ਸਿਰ ਕੱਢ ਚਾਰ ਆਦਮੀ ਲੈ ਕੇ ਟੁਰਿਆ ਰਾਹ ਵਿਚ ਹੋਰ ਉਸ ਨਾਲ ਰਲਦੇ ਗਏ, ਪਰ ਮਾਝੇ ਵਾਲੇ ਜਥੇ ਅਜੇ ਨਹੀਂ ਅੱਪੜੇ ਸਨ ਤੇ ਬੰਦਾ ਉਨ੍ਹਾਂ ਦੇ ਅੱਪੜੇ ਬਿਨ ਸਰਹਿੰਦ ਤੇ ਪੈਣਾ ਨਹੀਂ ਸੀ ਚਾਹੁੰਦਾ। ਮਾਝੇ ਵਾਲੇ ਸਿੰਘ ਰਸਤੇ ਵਿਚ ਬੜੇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਕੂਚ ਨਿਜ ਹੁਕਮ ਅਲਾਯੋ। 'ਗੁਰ ਦ੍ਰੋਹੀ ਇਹ ਨਗਰ ਕੁਚਾਲਾ। ਬੁੱਧੂ ਸ਼ਾਹੁ ਜੁ ਸਾਧੁ ਬਿਸਾਲਾ ॥੧੬॥ ਗੁਰ ਪੱਖੀ ਲਖਿ ਕੁਟੰਬ ਸਮੇਤ। ਕਤਲ ਕਰਨੌ ਤਿਹ ਸਕਲ ਨਿਕੇਤ। ਸੋ ਪਲਟਾ ਪੂਰਬ ਹੀ ਲੀਜੈ। ਹੇਲਾ ਘਾਲਿ

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਔਖੇ ਹੋਏ।ਪੰਜਾਬ ਦੇ ਹਾਕਮਾਂ ਨੂੰ ਬੰਦੇ ਦੇ ਆਉਣ ਤੇ ਉਸ ਪਾਸ ਭੀੜ ਭਾੜ ਜਮਾਂ ਹੋਣ ਦਾ ਪਤਾ ਲੱਗ ਗਿਆ ਸੀ। ਪੰਜਾਬ ਦੇ ਰਾਹਾਂ ਤੇ ਪਹਿਰੇ ਤੇ ਪੱਤਣਾਂ ਤੇ ਰੋਕਾਂ ਲਾਈਆਂ ਗਈਆਂ ਸਨ। ਸੋ ਮਝੈਲ ਸਿੰਘ ਯਕੇ ਦੁੱਕੇ ਥੋੜੇ ਥੋੜੇ ਹੋਕੇ ਭੇਸ ਵਟਾ ਵਟਾਕੇ ਟਾਂਡਿਆਂ ਨਾਲ ਵਪਾਰੀ ਬਣ ਬਣਕੇ ਪਹਾੜਾਂ ਵਲ ਨੂੰ ਜਾਕੇ ਫੇਰ ਹੇਠਾਂ ਉਤਰਕੇ ਕੀਰਤਪੁਰ ਇਕੱਠੇ ਹੋ ਰਹੇ ਸੇ, ਅਤੇ ਖਰਚ ਮੁੱਕਣ ਕਰਕੇ ਓਥੇ ਠਹਿਰੇ ਖੜੇ ਸਨ। ਪਰ ਬੰਦੇ ਨਾਲ ਖ਼ਬਰ ਸੁਰਤ ਜਾਰੀ ਸੀ ਤੇ ਧਾਵੇ ਦੇ ਦਾਉ ਘਾਉ ਮਝੈਲਾਂ ਨਾਲ ਬੰਦੇ ਨੇ ਗਿਣ ਗਠ ਲਏ ਸਨ। ਬੰਦਾ ਹਾਲੇ ਮਾਲਵੇ ਤੇ ਮੈਨਦਾਬ ਦੇ ਸਿੰਘ ਤੇ ਹੋਰ ਭੀੜ ਕੱਠੀ ਕਰਕੇ ਸੋਨੀ ਪਤ, ਕੈਥਲ ਹੁੰਦਾ ਹੋਯਾ, ਪਹਿਲਾਂ ਸਮਾਣੇ ਵਲ ਵਧਿਆ*। ਇਥਾਂ ਦੇ ਜਲਾਦਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ ਤੇ ਏਥੋਂ ਦੇ ਹੀ ਸਨ ਪਠਾਣ ਜਿਨ੍ਹਾਂ ਸਾਹਿਬਜ਼ਾਦੇ ਮਾਰਨ ਲਈ ਸਰਹਿੰਦ ਅਵਾਜ਼ ਉਠਾਈ ਤੇ ਉਹਨਾਂ ਨੇ ਹੀ ਆਪ ਦੀ ਕੀਮਤੀ ਜਿੰਦ ਸਮਾਪਤ ਕੀਤੀ ਸੀ। ਬੰਦਾ ਹੁਣ ਉਠ ਪਿਆ। ਇਧਰ ਉਧਰ ਫਿਰਦਾ ਸਮਾਣੇ ਤੇ ਅਚਾਨਕ ਆ ਪਿਆ ਤੇ ਇਸ ਨੂੰ ਫਤੇ ਕਰਕੇ ਖ਼ੂਬ ਦੰਡ ਦਿੱਤਾ। ਸਰਹਿੰਦ ਹੁਣ ਨੇੜੇ ਸੀ, ਪਰ ਬੰਦਾ ਮਝੈਲਾਂ ਦੀ ਉਡੀਕ ਵਿਚ ਸੀ, ਇਸ ਕਰਕੇ ਏਥੋਂ ਰਤਾਕੁ ਦੱਖਣ ਰੁਖ਼ ਚਾਲੇ ਪਾਕੇ ਪੂਰਬ ਰੁਖ ਹੋ ਪਿਆ। ਪਹਿਲਾਂ ਘੁੜਾਮ ਮਾਰੀ, ਫੇਰ ਸ਼ਾਹਾਬਾਦ ਮਾਰਿਆ, ਥਾਨੇਸਰ ਵਲ ਨਹੀਂ ਗਿਆ, ਪਰ ਉਤਰ ਪੂਰਬ ਹੋਕੇ ਮੁਸਤਫਾਬਾਦ ਪਹੁੰਚਾ। ਇਸ ਨੂੰ ਵਰਾਨ ਕਰਕੇ ਸਢੌਰੇ ਵਲ ਉੱਤਰ ਨੂੰ ਹੋ ਟੁਰਿਆ। ਬੰਦੇ ਦਾ ਮਤਲਬ ਇਹ ਸੀ ਕਿ ਇਹਨਾਂ ਮਾਰਾਂ ਨਾਲ ਜੰਗ ਦੇ ਖਰਚ ਵਾਸਤੇ ਪਦਾਰਥ ਹੁੰਦਾ ਜਾਏ, ਫੌਜ ਦੇ ਹੌਂਸਲੇ ਵਧਦੇ ਜਾਣ,ਦੁਸ਼ਮਨ ਤੇ ਡਰ ਬੈਠਦਾ ਜਾਏ,ਤੇ ਮਾਝੇ ਦੇ ਸਿੰਘਾਂ ਨੂੰ ਜੋ ਹਜ਼ਾਰ ਕੁ ਦੇ ਲਗਪਗਯਾ ਵਧੀਕ ਕੀਰਤਪੁਰ ਹਨ, ਨਾਲ ਮਿਲਾ ਲਿਆ ਜਾਏ,ਫੇਰ ਸਰਹਿੰਦ ਮਾਰੀ ਜਾਏ। ਸਢੌਰਾ ਬਹੁਤ ਪੁਰਾਣਾ ਟਿਕਾਣਾ ਹੈ, ਬੋਧੀਆਂ ਵੇਲੇ ਉਹਨਾਂ ਦਾ ਧਰਮ ਅਸਥਾਨ ਸੀ, ਇਸ ਦਾ ਨਾਮ ਤਦੋਂ ਸਾਧਾਵਰ ਸੀ, ਜਿਸ ਤੋਂ ਵਿਗੜਕੇ ਸਾਧੂਵਾੜਾ ਤੇ ਫੇਰ ਸਢੌਰਾ ਪਦ ਬਣਿਆ ਸੀ। ਇਸ ਸਮੇਂ ਸਢੌਰਾ ਮੁਸਲਮਾਨਾਂ ਦਾ ਭਾਰਾ ਅੱਡਾ ਸੀ। ਬੁੱਧੂ ਸ਼ਾਹ ਬੀ ਏਥੋਂ ਦਾ ਸੀ, ਜਿਸ ਦਾ ਅਸਲ ਨਾਮ ਸ਼ਾਹ ਬਦੂਰਉੱਦੀਨ ਸੀ। ਬੁੱਧੂ ਸ਼ਾਹ ਨੂੰ ਸਢੌਰੇ ਦੇ ਹਾਕਮ ਨੇ ਕਤਲ ਕੀਤਾ ਸੀ, ਇਸ ਕਰਕੇ ਬੰਦਾ ਸਢੌਰੇ ਵਲ ਵਧਿਆ। ਪਰ ਸਢੌਰੇ ਤੋਂ ਪਹਿਲਾਂ ਬੰਦਾ ਕਪੂਰੀ ਤੇ ਪਿਆ। ਇਥੋਂ ਦੇ ਸਿਰਕਰਦੇ ਕੁਦਮੁੱਦੀਨ ਨੇ ਇਲਾਕੇ ਦੀ ਕੋਈ ਸੁੰਦਰ ਇਸਤ੍ਰੀ ਬੇਪਤੀ ਕੀਤੇ ਬਿਨਾਂ ਨਹੀਂ ਛੱਡੀ ਸੀ। ਪਰਜਾ ਕੁਰਲਾ ਰਹੀ ਸੀ। ਸੋ ਸਢੌਰੇ ਤੋਂ ਪਹਿਲਾਂ ਬੰਦੇ ਨੇ ਇਸ ਨੂੰ ਸੋਧਿਆ। ਮਗਰੋਂ ਸਢੌਰੇ ਨੂੰ ਛੇਤੀ ਹੀ ਫਤੇ ਕਰ ਲਿਆ। ਸਢੌਰਾ ਮਾਰਕੇ ਫੇਰ ਛਤਬਨੂੜ ਵਲ ਰੁਖ ਕੀਤਾ ਤੇ ਕੀਰਤਪੁਰ ਕਾਸਦ ਦੂੜਾ ਦਿੱਤਾ ਕਿ ਸਾਨੂੰ ਹੁਣ ਆ ਮਿਲ। ਬੰਦੇ ਦਾ ਖਰਖੌਡੇ ਤੋਂ ਸਰਹਿੰਦ ਤਕ ਦਾ ਫਤੇ-ਸਫਰ ਅੱਗੇ ਵੱਖਰੇ ਦਿੱਤੇ ਨਕਸ਼ੇ ਤੋਂ ਸਾਫ ਸਮਝ ਪੈ ਜਾਏਗਾ।

*ਸਨਾਮ ਲੁਟਣੀ ਗੁਰੂ ਜੀ ਨੇ ਵਰਜੀ ਸੀ ਸੋ ਬੰਦੇ ਨਹੀਂ ਲੁਟੀ। ਸਿੱਧਾ ਸਮਾਣੇ ਵਲ ਹੀ ਗਿਆ।

ਕਤਲ ਕਰਿ ਦੀਜੈ' ॥ ੧੭ ॥ ਦਲ ਮਹਿ ਭੇ ਦੁੰਦਭਿ ਸਮੁਦਾਏ। ਕਰਨੋ ਹੁਕਮ 'ਗਹਿ ਡੰਕ ਬਜਾਏ'। ਸਾਵਧਾਨ ਸਗਰੇ ਜਬਿ ਭਏ। ਚਢੇ ਤੁਰੰਗਨ ਆਯੁਧ ਲਏ ॥ ੧੮ ॥ ਬੰਦਾ ਹੋਇਸਿ ਹਯ ਅਸਵਾਰ। ਬਾਬੇ ਜੁਗਮ ਸੰਗ ਮਹਿਂ ਧਾਰਿ। ਜਾਇ ਸਢੌਰੇ ਕਹੁ ਤਬਿ ਘੇਰਾ। ਤੁਪਕ ਤੋਪ ਚਾਲੀ ਤਿਸ ਬੇਰਾ॥੧੯॥ਪਹਿਲੇ ਵਹਿਰ ਨਿਕਸਿ ਕਰਿ ਲਰੇ। ਸੱਯਦ ਖਾਨ ਮੁਗ਼ਲ ਗਨ ਅਰੇ। ਕੜਾਕੜੀ ਮਾਚਨੋ ਘਮਸਾਨਾ। ਗੋਰੀ ਚਲੀ ਧਨੁਖ ਤੇ ਬਾਨਾ ॥੨੦॥ ਪੁਨ ਚਹੂੰ ਓਰ ਘਾਲਿ ਕਰਿ ਜ਼ੋਰ। ਦਏ ਤੁਰਕ ਗਨ ਕੇ ਮੁਖ ਮੋਰਿ। ਬਾਹਰ ਠਹਿਰ ਨ ਸਕੇ ਲਰਾਈ। ਬਰੇ ਦੁਰਗ ਮਹਿ ਹ੍ਵੈ ਸਮੁਦਾਈ ॥ ੨੧ ॥ ਪਾਕੀ ਕੰਧ ਸਥਾਨ ਉਤੰਗ। ਥਛੋ ਮਵਾਸੀ ਹੋਹਿ ਨ ਭੰਗ। ਤਿਸ ਕੋ ਲਾਇ ਮੋਰਚੇ ਥਿਰੇ। ਗੋਰਾ ਚਲਨਿ ਸ਼ੁਰੂ ਗਨ ਕਰੇ ॥ ੨੨ ॥ 'ਸ਼ਾਹਿ ਕੁਮੈਤ*' ਪੀਰ ਇਕ ਤਹਾਂ। ਜਿਸਕੀ ਕਬਰ ਸਕੰਚਨ ਮਹਾਂ। ਚਾਮੀਕਰ ਭੀਤਰ ਬਹੁ ਲਾਗਾ। ਬਹੁ ਊਚੋ ਜਗ ਮਹਿਂ ਜਿਹ ਜਾਗਾ ॥ ੨੩ ॥ ਪਾਹਨ ਦੁਰਗ ਬੀਚ ਤੇ ਮਾਰੈਂ। ਦਲ ਪਰ ਬਰਖੈਂ ਭਟਨ ਪ੍ਰਹਾਰੈਂ। ਨਿਤ ਪ੍ਰਤਿ ਜੁੱਧ ਹੋਤਿ ਬਹੁ-ਤੇਰਾ। ਹੇਲਾ ਘਾਲਿ ਘਾਲਿ ਭਟ ਭੇਰਾ ॥ ੨੪ ॥ ਅਰਨੋ ਦੁਰਗ ਟੂਟਨੋ ਜਬਿ ਨਾਂਹੀ। ਬੰਦੇ ਜਤਨ ਬਿਚਾਰਨੋ ਤਾਂਹੀ। ਵਹਿਰ ਬਡੋ ਦਮਦਮਾ ਉਸਾਰਾ। ਤੂਰਨ ਲਾਗੇ ਮਨੁਜ ਹਜ਼ਾਰਾ ॥ ੨੫॥ ਦਿਨ ਪ੍ਰਤਿ ਦਲ ਬ੍ਰਿੱਧੈ ਬਡ ਐਸੇ। ਹੋਇ ਸਵਾਯਾ ਡਨੋਢਾ ਜੈਸੇ। ਦੂਰ ਦੂਰ ਲਗਿ ਲੂਟਨਿ ਧਾਵੈਂ। ਗਨ ਧਨ ਧਾਨ ਪ੍ਰਗਿਨਿ ਤੇ ਲਯਾਵੈਂ ॥ ੨੬ ॥ ਭਾ ਉਤੰਗ ਦਮਦਮਾ ਉਚੇਰਾ। ਚਢਿ ਬੰਦਾ ਊਪਰ ਤਿਸ ਬੇਰਾ। ਦ੍ਰਿਸ਼ਟਿ ਦੁਰਗ ਕੇ ਬਿਖੈ ਲਗਾਈ। ਸਤਿਗੁਰ ਸਰ ਐਂਚਨੋ ਸਮੁਹਾਈ ॥੨੭॥ ਹੁਕਮ ਦਯੋ ਦਲ ਕੋ 'ਹੁਇ ਹੇਲਾ'। ਸੁਨਿ ਚਹੁੰ ਦਿਸ਼ਾ ਸ਼ੋਰ ਬਡ ਮੇਲਾ। ਧਾਇ ਧਾਇ ਗਢ ਕੋ ਲਗਿ ਗਏ। ਤਤਛਿਨ ਸੁਭਟ ਅਰੂਢਤਿ ਭਏ ॥ ੨੮ ॥ ਉਮਡ ਪਰਨੋ ਦਲ ਬੀਚ ਪ੍ਰਵੇਸ਼ੇ। ਬਜਨੋ ਖੜਗ ਰਿਪੁ ਕਦਨ ਬਿਸ਼ੇਸ਼ੇ। ਤਛਾ ਮੁੱਛ ਕਰਿ ਅੰਗ ਘਨੇਰੇ। ਬਿਥਰੀ ਲੋਥ ਪੋਥ ਗਨ ਹੇਰੇ ॥ ੨੯ ॥ ਏਕ ਬਾਰ ਹੀ ਸਕਲ ਬਿਨਾਸ਼ੇ। ਢਾਹਿ ਮਦਾਨ ਕੀਨਿ ਚਹੁੰ ਪਾਸੇ। ਬਹੁਰ ਨਗਰ ਮਹਿਂ ਦਲ ਬਰਿ ਗਯੋ। ਜੋ ਦੇਖਨੋ

*ਸ਼ਾਯਦ ਕਵੀ ਜੀ ਦਾ ਭਾਵ 'ਕੁਤਬੁਲ ਅਕਤਾਬ' ਦੀ ਖਾਨਕਾਹ ਤੋਂ ਹੈ। ਪ੍ਰੰਤੂ ਇਹ ਖਾਨਕਾਹ ਤੇ 'ਗੰਜੇ ਇਲਮ' ਬੰਦੇ ਨੇ ਢਾਹੀਆਂ ਨਹੀਂ, ਹੁਣ ਤਕ ਸਲਾਮਤ ਹਨ। ਪਹਿਲੀ ਦੀ ਛਤ ਧੁਆਂਖੀ ਹੋਈ ਦੱਸਦੀ ਹੈ ਕਿ ਇਸ ਨੂੰ ਅੱਗ ਲਗੀ ਹੈ, ਪਰ ਚੂਨੇ ਦੀ ਹੋਣ ਕਰਕੇ ਧੁਆਂਖੀ ਹੋਈ ਹੈ ਸੜੀ ਨਹੀਂ।

ਟ ਦਯੋ ॥ ੩੦ ॥ ਮੁਗ਼ਲ ਪਠਾਨ ਨ ਸੱਯਦ ਛੋਰਾ। ਸ਼ੇਖ ਮਰੇ ਖਤਿ ਘੋਰਾ। ਲੂਟਜੇ ਵਰੇ ਸਦਨ ਮਹਿਂ ਜਾਈ। ਤੁਰਕਾਨੀ ਆਨੀ ॥ ੩੧ ॥ ਨੀਚ ਜਾਤਿ ਕੇਤਿਕ ਕਰ ਲਈ[1]। ਭੋਗੀ ਪਕਰਿ ਨ ਦਈ। ਕੇਤੀ ਦਲ ਮਹਿਂ ਤਜਾਗੀ ਲਜਾਇ। ਸੁਥਨੀ ਮਹਿ ਮੂਖਕ ਪਾਵਸ਼ਾਇ* ॥੩੨॥ ਊਪਰ ਬਾਂਧ ਕਸ ਕਰਿ ਨੀਬੀ। ਉਛਰੀ ਫਿਰਤ ਉਤਹਿ ਇਤ ਬੀਬੀ। ਤਰੇ ਪਾਉਂਚੇ ਬੰਧਨ ਕਰੇ। ਨਹਿ ਮੂਖਕ ਨਿਕਸੇ ਰ ਬਰੇ ॥ ੩੩ ॥ ਸਯਦਾਨੀ, ਮੁਗ਼ਲਾਨਿ, ਪਠਾਨੀ। ਕਜਾ ਤਿਨ ਕੀ ਤਿ ਕਰਹਿਂ ਬਖਾਨੀ। ਜੋ ਕਬਿ ਨਰ ਨ ਹੇਰਨੇ ਪਾਈ। ਭਈ ਦਸ਼ਾ ਅਸ ਤਹਾਂ ਭ੍ਰਮਾਈ ॥ ੩੪ ॥ ਘੋਰ ਪਾਪ ਕੋ ਫਲ ਬਿਦਤਯੋ। ਨਾਸ਼ ਨਗਰ ਕੋ ਹੋਵਤਿ ਭਯੋ। ਨਰ ਮਰਿ ਗਏ ਲਈ ਗਹਿ ਨਾਰੀ। ਹੋਯਹੁ ਕਾਲ ਭਯੰਕਰ ਭਾਰੀ ॥ ੩੫ ॥ ਪੁਨ ਬੰਦੇ ਚਿਤ ਬੀਚ ਬਿਚਾਰੀ।—ਨਹੀਂ ਪੀਰ ਕੀ ਕਬਰ ਬਿਦਾਰੀ। ਹਿੰਦੂ ਮ੍ਰਿਤਕ ਜਿਸ ਆਗੇ ਜਾਇ। ਨਹੀਂ ਅਗਨ ਮਹਿਂ ਜਰਹਿ ਕਦਾਇ† ॥੩੬॥ ਇਸਕੋ ਛੋਰਨ ਨਾਂਹਿਨ ਆਛੋ। ਰੁਚਿਰ ਮਸੀਤ

[1]ਨੀਵੀਆਂ ਜਾਤੀਆਂ (ਦੇ ਲੁਟੇਰਿਆਂ) ਨੇ (ਜੋ ਲੁੱਟ ਦੀ ਖਾਤਰ ਨਾਲ ਰਲੇ ਸਨ) ਕਿੰਨੀਆਂ ਕੁ ਕਰ ਲੀਤੀਆਂ।

*ਅੱਗੇ ਅੰਸੂ ੧੦ ਦੇ ਅੰਕ ੧੯ ਵਿੱਚ ਬੀ ਇਹੋ ਕਿਹਾ ਹੈ। ਇਹ ਇਸਤ੍ਰੀਆਂ ਨੀਚ ਜਾਤਾਂ ਦੇ ਲੁਟੇਰੇ ਲੋਕਾਂ ਫੜੀਆਂ ਹਨ, ਸਿੰਘ ਧਰਮ ਧਾਰੀਆਂ ਨੂੰ ਤਾਂ ਆਗਜਾ ਹੀ ਨਹੀਂ ਹੈ ਦੇਖੋ ਪਿੱਛੇ ਰੁਤ ੬ ਅੰਸੂ ੨੦ ਦਾ ਅੰਕ ੧੭ ਤੋਂ ੨੦ ਤਕ। ਭੰਗੂ ਜੀ ਨੇ ਸਢੌਰੇ ਮਾਰਨ ਦੇ ਪ੍ਰਸੰਗ ਵਿੱਚ ਇਹ ਚੂਹੇ ਸੁੱਥਣਾਂ ਦਾ ਪ੍ਰਸੰਗ ਨਹੀਂ ਦਿੱਤਾ। ਇਹ ਗਲਾਂ ਠੀਕ ਨਹੀਂ ਜਾਪਦੀਆਂ। ਇਕ ਗਲ ਇਹ ਬੀ ਹੈ ਕਿ ਸਢੌਰੇ ਦੇ ਸੱਯਦਾਂ ਸ਼ੇਖਾਂ ਮੁਗਲਾਂ ਤੋਂ ਪ੍ਰਜਾ ਅਤਿ ਤੰਗ ਸੀ, ਲੋਕ ਬਦਲੇ ਲੈਣ ਦੇ ਭੁੱਖੇ ਸਨ। ਭਾਈ ਕਰਮ ਸਿੰਘ ਜੀ ਲਿਖਦੇ ਹਨ ਕਿ ਬੰਦੇ ਨੂੰ ਕਤਲਗੜ੍ਹੀ ਦੀ ਕਤਲ ਤੇ ਹੋਰ ਗਲਾਂ ਦਾ ਦੋਸ਼ ਕੋਈ ਨਹੀਂ, ਇਹ ਤਾਂ ਭੜਥੂ ਤੱਤੇ ਤੇ ਮਜ਼ਲੂਮਾਂ ਨੇ ਹੀ ਉੱਠਕੇ ਬਦਲੇ ਲੈ ਲਏ ਸਨ। ਭੰਗੂ ਜੀ ਹਿੰਦੂਆਂ ਦੀ ਰੱਖਜਾ ਬਾਬਤ ਐਉਂ ਲਿਖਦੇ ਹਨ:—

'ਹਿੰਦੂਅਨ ਕੇ ਘਰ ਲੀਨੇ ਰਾਖ। ਮੁਸਲਮਾਨ ਕਈ ਕਤਲੇ ਆਖ।
ਬੋਦੀ ਵਾਲੇ ਨਾਹਿ ਸਤਾਯੋ। ਬਿਨ ਬੋਦੀ ਤਿਸ ਮਾਰਿ ਗਵਾਯੋ।
ਜੋ ਹਿੰਦੂਅਨ ਘਰ ਜਾਇ ਛਿਪੇ ਤੈਉ ਲਏ ਉਬਾਰ।

†ਰਵਾਯਤ ਹੈ ਕਿ ਜੇ ਹਿੰਦੂ ਮੁਰਦਾ ਇਸ ਕਬਰ ਅਗੋਂ ਲੰਘ ਜਾਂਦਾ ਸੀ ਤਾਂ ਉਹ ਸੜਦਾ ਨਹੀਂ ਸੀ; ਇਹ ਵਹਿਮ ਸੀ ਯਾ ਮੁਸਲਮਾਨ ਜਬਰੀ ਉਸ ਨੂੰ ਸਾੜਨ ਨਹੀਂ ਸਨ ਦੇਂਦੇ।

ਬਿਦਾਰਨ ਬਾਂਛੋਂ–। ਗਯੋ ਆਪ ਤਹਿੰ ਜਿਸ ਥਲ ਖਰੀ। ਕੰਚਨ ਲਿਪਤ ਅਨਿਕ ਬਿਧਿ ਕਰੀ ॥ ੩੭ ॥ ਜਾਨਿ ਸੁ ਬੰਦੇ ਕੋ ਆਗਵਨੁ। ਡਗਮਗ ਕੰਪੀ ਕਬਰ ਸ ਭਵਨੁ। ਗੁਰ ਸਰ ਕੀ ਤਬਿ ਨੋਕ ਧਸਾਈ। ਰਿਸ ਕਰਿ ਸਭਿ ਮਹਿਂ ਊਚ ਅਲਾਈ ॥ ੩੮ ॥ 'ਅਬਿ ਗੀਦੀ ਕੰਬੇ ਕਜਾ ਹੋਇ। ਜਮੋ ਹਮਾਰੋ ਪਲਟਾ ਸੋਇ[1]'। ਠਹਿਰ ਗਈ ਕੰਪਨ ਤੇ ਫੇਰ। ਹੇਤੁ ਬਿਦਾਰਨ ਲਗੇ ਘਨੇਰ ॥੩੯॥ ਸਰਬ ਕਬਰ ਜਬਿ ਤਿਹ ਖਨਵਾਈ। ਹਾਡ ਤਰੇ ਤੇ ਲੀਏ ਕਢਾਈ। ਕਾਸ਼ਟ ਬਿਖੈ ਅਗਨਿ ਤੇ ਜਾਰੇ। ਲਗੇ ਮਸੀਤ ਬਿਦਾ-ਰਤਿ ਸਾਰੇ ॥ ੪੦ ॥ ਢਾਹਿ ਕੀਨਿ ਮੈਦਾਨ ਸਥਾਨ। ਜੁਤਿ ਅਜ਼ਮਤ ਕੋ ਕੀਨਿ ਵਿਰਾਨ। ਗੁਰੂ ਕਹ੍ਯੋ ਪਲਟਾ ਸੋ ਲੀਨਿ[2]। ਸਹਿਤ ਪੀਰ ਪੁਰਿ ਨਰ ਤੇ ਹੀਨ[3] ॥੪੧॥ ਕਈ ਹਜ਼ਾਰ ਜੁਰ੍ਯੋ ਦਲ ਆਇ। ਸ਼ਸਤ੍ਰ ਤੁਰੰਗ ਤੋਪ ਸਮੁਦਾਇ। ਪਰੀ ਧਾਂਕ ਕੰਪ੍ਯੋ ਤੁਰਕਾਨਾ। ਸੁਨਿ ਸੁਨਿ ਸਭਿ ਕੋ ਧੀਰਜ ਹਾਨਾ॥੪੨॥ 'ਕੋ ਇਹ ਭਯੋ ਨ ਜਾਨ੍ਯੋਂ ਜਾਈ। ਨਹਿਂ ਕਿਸ ਥਲ ਕੋ ਰਾਜਾ ਰਾਈ। ਔਚਕ ਪ੍ਰਗਟ੍ਯੋ ਦੇਸ਼ ਬਿਨਾਸ਼ਾ। ਕਜਾ ਸੁਧ, ਆਗੇ ਕਰਹਿ ਬਿਲਾਸਾ[4]' ॥੪੩॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਢੌਰਾ ਮਾਰਨ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

## ੯. [ਵਜ਼ੀਰ ਖਾਂ ਨਾਲ ਮੁਕਾਬਲਾ]।

ਦੋਹਰਾ ॥ ਇਸ ਬਿਧਿ ਕਰ੍ਯੋ ਉਜਾਰ ਪੁਰਿ ਤੁਰਕਾਨਾ ਸੰਘਾਰਿ। ਭਯੋ ਮਹਾਂ ਦਲ ਆਨਿ ਤਬਿ ਕੀਨਹੁ ਕੂਚ ਬਿਚਾਰ ॥੧॥ ਚੌਪਈ॥ ਸ਼ਹਿਰ ਸਮਾਣਾ[5]* ਬ੍ਰਿੰਦ ਪਠਾਨ। ਜੋ ਸਿਵਕਾ ਪਰ ਕਰਹਿਂ ਪਯਾਨ। ਨਿਜ ਨਿਜ ਰਖੀ ਬਾਹਨੀ ਪਾਸ। ਬਿਬਿਧ ਬਿਧਿਨ ਬਹੁ ਬਿਲਸ ਬਿਲਾਸ॥੨॥ ਸੁਨਿ ਕੈ ਧਨ ਗਨ ਅਰੁ ਤੁਰਕਾਨਾ। ਨਿਜ ਦਲ ਜੋਰਿ ਕੀਨਿ ਪ੍ਰਸਥਾਨਾ। ਦੁੰਦਭਿ ਪੁੰਜ ਬਜਾਵਤਿ ਚਾਲੇ। ਇਤ ਉਤ ਲੂਟਤਿ ਜਾਤਿ ਉਤਾਲੇ ॥੩॥ ਉਡੀ ਗਰਦ ਛਾਦ੍ਯੋ ਅਸਮਾਨਾ। ਤੋਪ ਤੁਪਕ ਗਨ ਸ਼ਬਦ ਮਹਾਨਾ। ਰੌਰਾ ਪਰ੍ਯੋ

[1]ਭਾਵ ਉਸ ਬਦਲੇ ਲੈਣ ਦਾ ਹੈ। [2]ਗੁਰੂ ਜੀ ਦੇ ਕਹੇ ਅਨੁਸਾਰ ਇਹ ਬਦਲਾ ਲੀਤਾ। [3]ਨਗਰ ਪੀਰ ਤੇ ਪੁਰਸ਼ਾਂ ਤੋਂ ਰਹਿਤ ਕਰ ਦਿੱਤਾ। [4]ਕੀ ਪਤਾ ਅੱਗੇ ਕੀ ਕੌਤਕ ਕਰੇਗਾ। [5]ਨਾਮ ਸ਼ਹਿਰ ਦਾ, ਇਹ ਰਿਆਸਤ ਪਟਿਆਲੇ ਵਿਚ ਹੈ।

*ਇਹ ਮੁਸਤਫਾਬਾਦ ਤੇ ਸਢੌਰੇ ਤੋਂ ਪਹਿਲੋਂ ਫਤੇ ਹੋ ਚੁੱਕਾ ਸੀ। ਕਵੀ ਜੀ ਪਾਸ ਜੰਗਾਂ ਦੀ ਤਰਤੀਬ ਠੀਕ ਨਹੀਂ ਅੱਪੜੀ। ਠੀਕ ਤਰਤੀਬ ਅਸੀਂ ਪਿੱਛੇ ਦੇ ਚੁਕੇ ਹਾਂ ਤੇ ਪਿੱਛੇ ਦਿੱਤੇ ਨਕਸ਼ੇ ਤੋਂ ਸਫੁਟ ਦਿੱਸ ਰਹੀ ਹੈ।

ਦੇਸ਼ ਭਯ ਮਾਨੇ । ਭਾਜ ਚਲੇ ਜਿਮ ਪਾਤ ਪੁਰਾਨੇ ॥ ੪ ॥ ਕਰੇ ਕੂਚ ਦਰ ਕੂਚ ਸਿਧਾਰੇ । ਤੁਰਤ ਪਠਾਨ ਆਨਿ ਲਲਕਾਰੇ । 'ਜਨੌਂ ਕਨੌਂ ਕਰਿ ਮੈਂ ਸਰਬ ਸਿੰਘਰਿਹੌਂ । ਕਹਾਂ ਪਲਾਵੇ ਘੇਰਤਿ ਧਰਿ ਹੌਂ' ॥ ੫ ॥ ਸਹਿ ਨ ਸਕੇ ਸਭਿ ਚਢੇ ਪਠਾਨ । ਲਸ਼ਕਰ ਅਪਨੋ ਜੋਰਿ ਮਹਾਨ । ਰਣ ਮੁਕਾਬਲਾ ਸਨਮੁਖ ਹੋਵਾ । ਦੁਇਦਿਸ਼ਿ ਜੰਗ ਘਨੋ ਹੁਇ ਜੋਵਾ ॥ ੬ ॥ ਤੋਪ ਤੁਫੰਗੈਂ ਛੂਟਨਿ ਲਾਗੀ । ਕੜਕੀ ਮਨਹੁੰ ਕਾਲਕਾ ਜਾਗੀ । ਬਰਖਹਿੰ ਗੋਰਾ ਅਰੁ ਗਨ ਗੋਰੀ । ਧੂਮ ਧਾਮ ਪਸਰੀ ਚਹੁੰ ਓਰੀ ॥ ੭ ॥ ਧੁਖਹਿੰ ਪਲੀਤੇ ਉਠਹਿੰ ਅਵਾਜਾ । ਭੈਰਵ ਭੈਰਵ ਹੁਇ ਕਰਿ ਗਾਜਾ[੧] । ਭੂਤ ਪ੍ਰੇਤ ਨਾਚਤਿ ਅਰੁ ਗਾਵਤਿ । ਰੁਧਰ ਪਿਯਤਿ ਜੋਗਨਿ ਕਿਲਕਾਵਤਿ ॥੮॥ ਐਸੋ ਪਰਯੋ ਅਧਿਕ ਘਮਸਾਨਾ । ਲੋਥ ਪੋਥਨਾ ਭਈ ਮਹਾਨਾ । ਚੀਕਤਿ ਚੁੰਚ ਚਾਂਵੜਾਂ[੨] ਭਰਿ ਭਰਿ।ਬਾਇਸ ਖਾਇੰ ਮਾਸ ਮਦ ਭਰਿ ਕਰਿ॥੯॥ਕੂਕ ਕੂਕ ਕੂਕਰ ਗੋਮਾਇ। ਸ਼੍ਰੋਣਤ ਆਮਿਖ ਕੋ ਬਹੁ ਖਾਇੰ। ਭਯੋ ਭਯੰਕਰ ਭੀਰੂ ਭੂਰ[੩] । ਛੋਰਿ ਛੋਰਿ ਕਰਿ ਸਰਬ ਗ਼ਰੂਰ॥੧੦॥ ਕਹਿੰ ਲਗ ਬਰਨੌਂ ਜੰਗ ਬਿਸਾਲਾ । ਮਾਰੇ ਪਰੇ ਪਠਾਨ ਕਰਾਲਾ । ਅਰਹਿ ਲਰਾਈ ਹੇਰਹਿ ਬੰਦਾ[੪] । ਗੁਰ ਸਰ ਕੋ ਸੰਭਾਰਿ ਬਿਲੰਦਾ ॥ ੧੧ ॥ ਰਿਪੁ ਲਸ਼ਕਰ ਕੇ ਐਂਚਹਿ ਸਨਮੁਖ । ਬਿਨਾ ਪ੍ਰਹਾਰ ਹੋਤਿ ਗਨ ਬੇਮੁਖ[੫] । ਇਸੀ ਰੀਤਿ ਦੁਰਗ ਜੁ ਅਰਿ ਜਾਇ। ਤਹਿੰ ਸਰ ਐਂਚਹਿ ਦ੍ਰਿਸ਼ਟਿ ਲਗਾਇ ॥੧੨॥ ਛੂਟਿ ਜਾਇ, ਨਹਿੰ ਰਹੈ ਮਵਾਸੀ । ਜੋ ਲਸ਼ਕਰ ਅਰਿ ਹੋਹਿ ਬਿਨਾਸ਼ੀ[੬] । ਸਰ ਮਹਿੰ ਕਰਾਮਾਤ ਇਸ ਭਾਂਤਿ । ਨਹਿੰ ਠਹਿਰਹਿ ਸ਼ੱਤ੍ਰੁ ਹੁਇ ਘਾਤ ॥੧੩॥ ਲੂਟ ਕੂਟ ਕਰਿ ਸ਼ਹਿਰ ਸਮਾਨਾ । ਬਲੀ ਪਠਾਨਨ ਕੋ ਕਰਿ ਹਾਨਾ। ਤੁਰਕਾਨੀ ਬਹੁ ਗਹਿ ਗਹਿ ਆਨੀ । ਨੀਚਨ ਭੋਗੀ ਰਾਖਨਿ ਠਾਨੀ* ॥੧੪॥ ਪਸਰਯੋ ਦਲ ਲੂਟਯੋ ਸਭਿ ਦੇਸ਼ ।

[੧]ਭੈਰੋਂ ਭਯਾਨਕ ਹੋਕੇ ਗੱਜਿਆ । (ਅ) ਭੈਰੋਂ ਭੈਦਾਇਕ ਸ਼ਬਦ ਨਾਲ ਗੱਜਿਆ । [੨]ਗਿੱਧਾਂ । [੩]ਕਾਇਰਾਂ ਲਈ (ਸਮਾਂ) ਬਹੁਤ ਹੀ ਭਯਾਨਕ ਹੋ ਗਿਆ । [੪]ਜਦੋਂ ਬੰਦਾ ਦੇਖੇ ਕਿ ਲੜਾਈ ਵਿਚ ਅੜ ਪੈ ਗਈ ਹੈ।[੫]ਗੁਰੂ ਤੋਂ ਬੇਮੁਖਾਂ ਸਮੂਹਾਂ ਦਾ ਬਿਨਾ ਮਾਰੇ(ਨਾਸ਼)ਹੁੰਦਾ ਹੈ।[੬]ਜੋ ਲਸ਼ਕਰ ਅੜਦਾ ਹੈ ਨਾਸ਼ ਹੋ ਜਾਂਦਾ ਹੈ । *ਇਸ ਤੋਂ ਭਾਵ ਇਹ ਹੈ ਕਿ ਗੁਰੂ ਕਾ ਹੁਕਮ ਕਿ ਤੁਰਕਾਨੀਆਂ ਨਹੀਂ ਭੋਗਣੀਆਂ ਸਿੰਘ ਪਾਲ ਰਹੇ ਹਨ, ਨੀਚਾਂ ਲੁਟੇਰਿਆਂ ਨੇ ਜੋ ਨਾਲ ਸਨ ਭੋਗੀਆਂ। ਚੰਗਾ ਹੁੰਦਾ ਕਿ ਬੰਦਾ ਇਹ ਬੀ ਰੋਕਦਾ ਪਰ ਇਸ ਵੇਲੇ ਲੁਟੇਰੇ ਤੇ ਨੀਚਾਂ ਦੀ ਧਾੜ ਨਾਲ ਬਹੁਤੀ ਸੀ ਤੇ ਬੰਦੇ ਵਲੋਂ ਹੁਕਮ ਤੋਂ ਬਿਨਾਂ ਇਹ ਸਖਤੀਆਂ ਵਰਤ ਲੈਂਦੇ ਸਨ । ਦੂਸਰੇ ਉਸੇ ਇਲਾਕੇ ਦੇ ਮਜ਼ਲੂਮ ਉਠ ਪੈਂਦੇ ਤੇ ਅਪਣੇ ਜ਼ਾਲਮਾਂ ਤੋਂ ਬਦਲੇ ਲੈਣ ਲਈ ਦਿਲਾਂ ਦੇ ਗੱਚ ਕੱਢਦੇ ।

ਜੰਗਲ ਭੁਰ ਜਾਂਗੁਲਕ ਵਿਸ਼ੇਸ਼[1]।ਸਭਿ ਪ੍ਰਆਧ ਕੋ ਲੂਟਿ ਉਜਾਰਾ।ਠੌਰ ਠੌਰ ਰੌਰਾ ਪਰਿ ਭਾਰਾ ॥ ੧੫ ॥ ਗੁਰ ਬਰਜਨੋ ਮਾਰੀ ਨ ਸੁਨਾਮ। ਰਹੈ ਸਾਧ ਮੂਲਾ ਜਿਸ ਨਾਮ। ਦੇਸ਼ ਬਿਦੇਸ਼ ਬਿਖੇ ਸਮੁਦਾਏ। ਪ੍ਰਤੌ ਸਿੰਘ ਜੋ ਸੁਨਿ ਸੁਨਿ ਆਏ ॥ ੧੬ ॥–ਭਯੋ ਹਮਨ ਕੋ[2] ਦਲ ਬਲ ਭਾਰਾ। ਮਾਰ ਲੂਟ ਬਿਨ ਅਵਰ ਨ ਕਾਰਾ। ਵਿਟਕੀ ਪੁਰੀ ਸਿਰੰਦ ਬਿਸਾਲੀ। ਤਿਸ ਕੋ ਮਾਰਨ ਜ਼ੁਹੈਂ ਉਤਾਲੀ–॥ ੧੭ ॥ ਬਸਹਿ ਬਜ਼ੀਦਖਾਨ ਜਹਿਂ ਪਾਪੀ। ਸਾਹਿਬਜ਼ਾਦਨਿ ਕੋ ਸੰਤਾਪੀ। ਤਿਸ ਹਤਿਬੇ ਨਿਜ ਹਾਥਨਿ ਲਾਲਸ[3]।ਬੰਦਾ ਭਯੋ ਸੁਚੇਤ ਅਨਾਲਸ[4]॥੧੮॥ਨਿਸ ਦਿਨ ਉੱਦਮ ਕਰਤੋ ਰਹੈ। ਗੁਰ ਕੋ ਪਲਟਾ ਲੈਬੋ ਚਹੈ। ਤ੍ਰਾਸ ਮਾਨਿ ਕਰਿ ਪੁਰਿਜਨ ਸਾਰੇ। ਨਿਜ ਸੂਬੇ ਕੇ ਨਿਕਟ ਸਿਧਾਰੇ ॥੧੯॥ ਪਰਯੋ ਫਤੂਰ ਦੇਸ਼ ਮਹਿਂ ਭਾਰਾ। ਗੁਰ ਸੁਤ ਹਤੇ ਨ ਤਨਕ ਬਿਚਾਰਾ। ਤਿਸ ਅਘ ਕੋ ਫਲ ਅਬਿ ਪ੍ਰਗਟਾਯੋ। ਲਾਖਹੁਂ ਲੋਕਨ ਬਹੁ ਦੁਖ ਪਾਯੋ ॥ ੨੦ ॥ ਸਾਵਧਾਨ ਹੁਇ ਰੋਕਿ ਅਗਾਰੀ। ਲਸ਼ਕਰ ਕਰੋ ਬਟੋਰਨਿ ਭਾਰੀ। ਲਰੇ ਘਨੇ ਧਰ ਅਰੇ ਨ ਕੋਈ। ਗੁਰ ਦਲ ਪ੍ਰਬਲ ਭਯੋ ਅਤਿ ਸੋਈ' ॥ ੨੧ ॥ ਸੁਨਤਿ ਵਜ਼ੀਦ ਖਾਨ ਹੰਕਾਰੀ ।ਪੁਰਿਜਨ ਸਨ ਬਹੁ ਧੀਰ ਉਚਾਰੀ। 'ਜਬਿ ਲੌ ਮੇਰੇ ਹਾਥ ਨ ਹੇਰੇ। ਤਬਿ ਲੌ ਸੈਨਾ ਮਿਲੀ ਬਡੇਰੇ ॥੨੨॥ ਹਤੌਂ ਜਾਇ ਜਬਿ ਏਕ ਲਰਾਈ। ਮਿਲੈ ਜਿ ਨਰ ਨਹਿਂ ਪਰਹਿ ਦਿਖਾਈ। ਏਕ ਏਕ ਕਰਿ ਮਾਰਿ ਬਿਦਾਰੌਂ। ਅਰੇ ਕੌਨ ਅਸ ਨਹੀਂ ਨਿਹਾਰੌਂ' ॥੨੩॥ ਇਮ ਕਹਿ ਨਿਜ ਕਰਿਵਾਯਸਿ ਤਯਾਰੀ। ਹਯਨਿ ਹਜ਼ਾਰਹੁਂ ਪਾਖਰ[5] ਡਾਰੀ। ਲਵਪੁਰਿ ਆਦਿ ਜਿ ਲਸ਼ਕਰ ਅਹੇ। ਸਕਲ ਬਟੋਰਿ ਅਨਾਵਨ ਚਹੇ ॥ ੨੪ ॥ ਦੁੰਦਭਿ ਬਜਤਿ ਸੈਂਕਰੇ ਆਏ। ਜਿਮ ਜਲਨਿਧਿ ਕੋ ਜਲ ਉਲਾਏ। ਪੁਰਿ ਸ਼ਿਰੰਦ ਕੇ ਚਹੁ ਦਿਸ਼ਿ ਡੇਰੇ। ਗਜ ਬਾਜੀ ਜੁਤਿ ਸੁਭਟ ਘਨੇਰੇ ॥ ੨੫ ॥ ਬੰਦੇ ਕੀ ਸੁਧਿ ਲੈ ਕਰਿ ਚਢਨੋ। ਚਮੂੰ ਬਿਲੋਕਿ ਗਰਬ ਉਰ ਬਢਨੋ। ਅਲਪ ਮਜ਼ਲ ਤੇ ਚਲਤਿ ਅਗਾਰੀ। ਸੁਨਹਿ ਹਤਸੁ ਤੁਰਕਾਨਾ ਭਾਰੀ[6] ॥ ੨੬ ॥ ਇਤ ਇਹ ਲੂਟ ਕੂਟ ਬਹੁ ਦੇਸ਼। ਪੁਰਿ ਗ੍ਰਾਮਨਿ ਚਲਿ ਨਵੇਂ ਹਮੇਸ਼।

[1]ਜੰਗਲ ਸਾਰਾ(ਪਰ)ਛੋਟਾ ਜੰਗਲ ਵਿਸ਼ੇਸ਼ ਕਰਕੇ। ਜੰਗਲ ਤੋਂ ਮੁਰਾਦ ਮਾਲਵੇ ਦੀ ਹੁੰਦੀ ਹੈ, ਤੇ ਜਾਪਦਾ ਹੈਕਿ ਸਮਾਣੇ ਦੇ ਇਲਾਕੇ ਨੂੰ'ਜਾਂਗੁਲਕ'ਕਹਿ ਰਹੇ ਹਨ।ਜਾਂਗੁਲਕ ਦਾ ਅਰਥ ਜਾਂਗਲੀ ਬੀ ਕਰਦੇ ਹਨ।ਕਈ ਗਿਆਨੀ ਤੁਕ ਦਾ ਅਰਥ ਕਰਦੇ ਹਨ, ਜੰਗਲ ਦੀ ਜਾਗਾ ਵਿਸ਼ੇਸ਼ ਕਰਕੇ ਗੋਲੀਆਂ ਨਾਲ ਭਰ ਦਿੱਤੀ। [2]ਸਾਡਾ (ਖਾਲਸੇ) ਦਾ। [3]ਅਪਣੇ ਹੱਥੀਂ ਉਸਨੂੰ ਮਾਰਨ ਦੀ ਚਾਹਨਾ ਹੈ (ਇਸ ਲਈ)। [4]ਸਾਵਧਾਨ। [5]ਕਾਠੀਆਂ। [6]ਤੁਰਕਾਂ ਦਾ ਭਾਰੀ ਮਾਰਿਆ ਜਾਣਾ ਸੁਣਿਆਂ।

ਕਿਤਹੁੰ ਉਜਾਰਤਿ ਕਿਤ ਅਪਨਾਵੈ। ਅੰਨ ਬਸਨ ਬਾਸਨਿ ਧਨ ਲ੍ਯਾਵੈਂ ॥ ੨੭ ॥ ਉਤਰਹਿਂ ਨਹੀਂ ਕਹੂੰ ਬਿਨ ਜੰਗ। ਆਯੁਧ ਧਰੇ ਰਹੈਂ ਸਰਬੰਗ। ਬੰਦੇ ਸੁਨ੍ਯੋਂ ਸਿਰੰਦ ਪਤਿ ਆਯੋ। ਲਸ਼ਕਰ ਲੈ ਤਹਿਂ ਤੇ ਨਿਕਸਾਯੋ॥੨੮ ॥ ਹਿਤ ਮਾਰਨ ਕਰਿ ਚੌਂਪ ਬਿਸਾਲਾ। ਚਢਿ ਇਤ ਤੇ ਪੁਰਿ ਲੂਟਿ ਅੰਬਾਲਾ। ਦੀਰਘ ਅਲਪ ਗ੍ਰਾਮ ਕੇ ਨਗਰੀ। ਛੀਨੇ ਬਸਤੁ ਉਜਾਰਹਿ ਸਗਰੀ ॥੨੯ ॥ ਸੰਮੁਖ ਤੁਰਕ ਕੇ ਕੂਚ ਕਰੰਤੇ। ਚਾਹਤਿ ਲਰਿਬੋ ਸ਼ਸਤ੍ਰ ਧਰੰਤੇ। ਛਤ ਬਾਨੂੜ*ਨਗਰ ਜਿਸ ਥਾਨਾ। ਤਹਿਂ ਮੁਕਾਬਲਾ ਦੋਨਹੁੰ ਠਾਨਾ ॥੩੦॥ ਇਤ

---

*ਇਹ ਜੰਗ ਛਤ ਬਨੂੜ ਨਹੀਂ ਹੋਇਆ, ਸਰਹਿੰਦ ਤੋਂ ੧੨ ਕੁ ਕੋਹ ਦੀ ਵਿੱਥ ਤੇ ਚਪੜ ਚਿੜੀ ਪਾਸ ਹੋਇਆ ਹੈ। ਸ੍ਰੀ ਭੰਗੂ ਜੀ ਨੇ ਲਿਖਿਆ ਹੈ:–

ਇਤੀ ਬਜੀਦਾ ਮਾਰਯੋ ਜੇਠ ਸੁਦੀ ਕੇ ਮਾਂਹਿ। ਸਤ੍ਰਹ ਸੈ ਸਤਾਹਠੇ ਚਪੜਚਿੜੀ ਕੇ ਪਾਹਿ।

ਤ੍ਰਯਾਕਲਾਂ ਵਿਚੋਂ ਪੀਰ ਮੁਹੰਮਦ ਅਹਸਨ ਈਜ਼ਾਦ ਨੇ ਆਪਣੇ ਸ਼ਾਹਨਾਮੇ ਵਿਚ ਜੋ ਉਸ ਨੇ ਫਰੁਖ਼ਸੀਅਰ ਦੇ ਹੁਕਮ ਨਾਲ ਲਿਖਿਆ ਸੀ, ਜੰਗ ਦੇ ਮੁਕਾਮ ਦਾ ਨਾਮ ਚਪੜ ਚਿੜੀ ਹੀ ਦਿੱਤਾ ਹੈ। 'ਚਪਾ ਚਿੜੀ' ਨਾਮ ਦਾ ਇਕ ਪਿੰਡ ਖਰੜ ਨਗਰ ਦੇ ਲਾਗਵਾਰ ਹੈ। ਕਵੀ ਜੀ ਨੂੰ ਚਪੜ ਚਿੜੀ ਦੇ ਜੰਗ ਦਾ ਪਤਾ ਤਾਂ ਮਿਲਿਆ ਹੈ, ਪਰ ਉਨ੍ਹਾਂ ਨੇ ਉਸ ਨੂੰ ਵਖਰਾ ਜੰਗ ਸਮਝਿਆ ਹੈ; ਦੇਖੋ ਇਸੇ ਐਨ ਦਾ ਅੰਸੂ ੧੧ ਦਾ ਅੰਕ ੨੪।

ਛਤ ਬਨੂੜ ਦੇ ਜੁੱਧ ਦਾ ਠੀਕ ਹਾਲ ਇਉਂ ਹੈ ਕਿ ਸਢੌਰਾ ਮਾਰਦਿਆਂ ਬੰਦੇ ਨੇ ਕੀਰਤ-ਪੁਰ ਮਝੈਲਾਂ ਵਲ ਕਾਸਦ ਘੱਲ ਦਿੱਤੇ ਕਿ ਅਸੀਂ ਛਤ ਬਨੂੜ ਵਲ ਆ ਰਹੇ ਹਾਂ ਤੁਸੀਂ ਖਰੜ ਵਲ ਉਤਰ ਆਓ। ਮਝੈਲ ਸਿੰਘ ਫੱਟ ਫੁੱਟ ਪਏ ਤੇ ਰੋਪੜ ਅੱਪੜੇ, ਵਜ਼ੀਦ ਖਾਂ ਉਧਰ ਬੰਦੇ ਦੇ ਚੱਕਰ ਖਾਕੇ ਵਧਣ ਤੋਂ ਤਾੜ ਗਿਆ ਸੀ ਕਿ ਇਸ ਨੇ ਮਝੈਲਾਂ ਨੂੰ ਨਾਲ ਮੇਲਣਾ ਹੈ, ਸੋ ਕੀਰਤਪੁਰੋਂ ਮਝੈਲ ਸਿੰਘ ਹਿਲੇ ਸੁਣਦੇ ਸਾਰ ਉਸ ਨੇ ਮਲੇਰਕੋਟਲੀਏ ਸਰਦਾਰਾਂ ਨੂੰ ਫੌਜ ਨਾਲ ਟੋਰਿਆ ਕਿ ਮਝੈਲਾਂ ਨੂੰ ਬੰਦੇਨੂੰ ਮਿਲਣ ਤੋਂ ਪਹਿਲਾਂ ਮਾਰ ਲਓ,ਫੇਰ ਬੰਦੇ ਨੂੰ ਹੱਥੋਂ ਹੱਥੀਂ ਮਾਰ ਲਵਾਂਗੇ। ਮਲੇਰ ਕੋਟਲੇ ਦੇ ਸਰਦਾਰ ਸ਼ੇਰ ਮੁਹੰਮਦ ਖਾਂ, ਇਸ ਦਾ ਭਰਾ ਖਿਜ਼ਰ ਖਾਂ, ਚਾਚੇ ਦੇ ਪੁਤ ਨਸਤਰ ਖਾਂ ਤੇ ਵਲੀ ਮੁਹੰਮਦ ਖਾਂ ਇਸ ਚੜ੍ਹਾਈ ਵਿਚ ਸ਼ਾਮਲ ਸਨ। ਇਨ੍ਹਾਂ ਪਿਛਲਿਆਂ ਦਾ ਭਿਰਾਉ ਨਾਹਰ ਖਾਂ-ਸੀ ਜੋ ਚਮਕੌਰ ਦੇ ਘੇਰੇ ਵੇਲੇ ਦਸਮ ਗੁਰਾਂ ਨੇ ਤੀਰ ਨਾਲ ਮਾਰਿਆ ਸੀ ਤੇ ਖਿਜ਼ਰ ਖਾਂ ਉਹ ਸੀ ਜੋ ਕੰਧ ਓਹਲੇ ਲੁਕਕੇ ਬਚ ਗਿਆ ਸੀ, ਏਸੇ ਨੂੰ ਗੁਰੂ ਜੀ ਨੇ ਖ੍ਵਾਜਾ ਮਰਦੂਦ ਲਿਖਿਆ ਹੈ। ਸੋ ਇਨ੍ਹਾਂ ਮਲੇਰੀ ਸਰਦਾਰਾਂ ਦੀ ਖਾਲਸੇ ਨਾਲ ਰੋਪੜ ਪਾਸ ਲੜਾਈ ਹੋਈ। ਸਾਰਾ ਦਿਨ ਜੰਗ ਹੋਇਆ ਪਰ ਹਾਰ ਜਿੱਤ ਨਾ ਹੋਈ। ਸਿੰਘਾਂ ਦਾ ਦਾਰੂ ਸਿੱਕਾ ਝੁੜਨ ਲੱਗ ਪਿਆ। ਅਗਲੇ ਦਿਨ ਖਿਜ਼ਰ ਖਾਂ ਚੌਂਪ ਚੜ੍ਹਿਆ, ਸਵੇਰੇ ਹੀ ਸਿੰਘਾਂ ਨੂੰ ਮਾਰਨ ਲਈ ਅੱਗੇ ਵਧਿਆ, ਪਰ ਇਕ ਸਿੰਘ ਦੀ ਗੋਲੀ ਨਾਲ ਮਰ ਗਿਆ। ਸਰਦਾਰ ਢੱਠਾ ਤਾਂ ਫੌਜ ਉਠ ਨੱਠੀ। ਬਾਕੀ ਸਰਦਾਰ ਸ਼ੇਰ ਖਾਂ ਆਦਿ ਗੁੱਸਾ ਖਾਕੇ ਖਿਜ਼ਰ ਦੀ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਗੁਰ ਦਲ ਉਤ ਲਸ਼ਕਰ ਆਵਾ । ਲਾਖਹੁੰ ਸੁਭਟਨ ਲਰਿਬੇ ਚਾਵਾ । ਬੰਦਾ ਅਰੁ ਵਜ਼ੀਦ ਖਾਂ ਦੋਊ । ਜੈ ਅਭਿਲਾਖੀ ਹ੍ਵੈ ਕਰਿ ਸੋਊ ॥੩੧॥ ਨਿਸ ਮਹਿੰ ਬਨੋਂਤ ਲਰਨ ਕੋ ਕਰਿ ਕੈ । ਮਿਸਲ ਮਿਸਲ ਮਹਿੰ ਉਤਸਵ ਧਰਿ ਕੈ । ਬਹੁ ਬਰੂਦ ਗੋਰੀ ਬਰਤਾਈ । ਆਪੋ ਅਪਨੀ ਕਰਿ ਤਕਰਾਈ ॥ ੩੨ ॥ ਪ੍ਰਾਤਿ ਹੋਤਿ ਰਣ ਚਾਹਤਿ ਕਰਨੋ । ਦੋਊ ਦਿਸ਼ਿਨਿ ਕ੍ਰੋਧ ਕੋ ਧਰਨੋ । ਹੁਕਮ ਕੀਨਿ 'ਧੌਂਸੇ ਧੁੰਕਾਰੇ' । ਗੋਮੁਖ ਪਟਹ ਢੋਲ ਢਮਕਾਰੇ ॥ ੩੩ ॥ ਤੋਪ ਪੁੰਜ ਕੀ ਸ਼ਲਖ ਚਲਾਈ । ਸੈਨ ਓਰੜੀ ਛਿਤ ਕੰਪਾਈ । ਪਰ੍ਹੇ ਦੂਰ ਲਗਿ ਬੰਧਨ ਕਰੇ[1] । ਤਜਾਰ ਤੁਫੰਗ ਬਾਨ ਧਨੁ ਧਰੇ ॥ ੩੪ ॥ ਪਰਨੋ ਨੇਰ ਹੋਯਸਿ ਭਟ ਭੇਰ । ਛੂਟੇ ਗੋਰੀ ਗੋਰ ਬਡੇਰ । ਤੜਭੜ ਸ਼ਲਖ ਅਵਾਜ਼ ਬਿਸਾਲੇ । ਫੂਟੇ ਬੀਰਨਿ ਅੰਗ ਉਤਾਲੇ ॥੩੫॥ ਹਯਨ ਧਵਾਇ ਪ੍ਰਹਾਰੈਂ ਸੂਰੇ । ਲਾਲ ਬਦਨ ਕਰਿ ਕ੍ਰੂਰ ਗਰੂਰੇ । ਕੇਤਿਕ ਤੋਮਰ ਮਾਰਿ ਪਰੋਏ । ਕੇਤਿਕ ਮਰੇ ਖੇਤ ਰਣ

---

[1]ਦੂਰ ਤਕ ਕਤਾਰਾਂ ਬੰਨ੍ਹਣੀਆਂ ਕੀਤੀਆਂ ।

[ਪਿਛਲੇ ਪੰਨੇ ਦੀ ਬਾਕੀ ਟੂਕ]

ਲੋਥ ਲੈਣ ਅੱਗੇ ਵਧੇ, ਪਰ ਭੂਹੇ ਹੋਏ ਮਝੈਲ ਐਸੇ ਅੜੇ ਕਿ ਨਸਤਰ ਖਾਂ ਤੇ ਵਲੀ ਮੁਹੰਮਦ ਦੋ ਸਰਦਾਰ ਹੋਰ ਮਾਰ ਲਏ ਅਤੇ ਸ਼ੇਰ ਮੁਹੰਮਦ ਜ਼ਖਮੀ ਹੋ ਗਿਆ । ਸੋ ਏਹ ਪਠਾਣ ਤਾਂ ਹਾਰ ਖਾਕੇ ਮੁਰਦੇ ਤੇ ਜ਼ਖਮੀ ਸਰਦਾਰ ਚੁੱਕਕੇ ਸਰਹਿੰਦ ਨੂੰ ਮੁੜੇ । ਉਧਰ ਸਿੰਘ ਮਦਾਨ ਮਾਰਕੇ ਬੰਦੇ ਵਲ ਵਧੇ । ਬੰਦੇ ਨੇ ਇੰਨੇ ਚਿਰ ਵਿਚ ਬਨੂੜ ਦਾ ਪਰਗਨਾ ਮਾਰ ਲਿਆ ਸੀ ਕਿ ਇੰਨੇ ਨੂੰ ਰੋਪੜ ਦਾ ਬਿਜੈਮਾਨ ਮਝੈਲ ਖਾਲਸਾ ਅੱਪੜ ਪਿਆ । ਬੰਦਾ ਦੋ ਕੋਹ ਤੱਕ ਅਗੇਰੇ ਵਧਕੇ ਅਗਵਾਨੀ ਕਰਕੇ ਵੀਰਾਂ ਨੂੰ ਲੈਣ ਗਿਆ । ਫੇਰ ਦੋਹਾਂ ਜਥਿਆਂ ਨੇ ਮਿਲਕੇ ਖੁਸ਼ੀਆਂ ਮਨਾਈਆਂ, ਆਨੰਦ ਦੇ ਜੈਕਾਰੇ ਗੱਜੇ । ਕੜਾਹ ਪ੍ਰਸ਼ਾਦ ਵਰਤਾਏ ਗਏ । ਹੁਣ ਦੋਹਾਂ ਜਥਿਆਂ ਨੇ ਰਲਕੇ 'ਛਤ' ਨੂੰ ਮਾਰ ਲਿਆ । ਏਥੋਂ ਫੇਰ ਰਲਕੇ ਵਿਉਂਤਾਂ ਵਿਚਾਰਕੇ ਸਰਹਿੰਦ ਵਲ ਤਿਆਰੇ ਕੀਤੇ । ਉਧਰ ਨਵਾਬ ਨੇ ਜਦ ਸੁਣਿਆ ਕਿ ਸਢੌਰਾ ਮਾਰਿਆ ਗਿਆ ਹੈ ਤਾਂ (ਭੰਗੂ ਜੀ ਲਿਖਦੇ ਹਨ ਕਿ) ਹਜ਼ਾਰਕੁ ਆਦਮੀ ਆਪਣਾ ਕੁਛ ਰੁਪੱਯਾ ਦੇਕੇ ਤੇ ਇਨਾਮਾਂ ਦੇ ਕਰਾਰ ਕਰਕੇ ਟੋਰਿਆ ਕਿ ਬੰਦੇ ਨਾਲ ਜਾ ਮਿਲੋ ਤੇ ਉਸ ਨੂੰ ਕਿਸੇ ਛਲ ਨਾਲ ਮਾਰ ਦਿਓ । ਇਨ੍ਹਾਂ ਦੇ ਜਥੇਦਾਰ ਨੇ ਬੰਦੇ ਪਾਸ ਜਾ ਦੁਖ ਰੋਣੀ ਰੋਈ ਕਿ ਮੇਰੇ ਤੇ ਵਜ਼ੀਰ ਖਾਂ ਨੇ ਜ਼ੁਲਮ ਕੀਤੇ ਹਨ ਤੇ ਮੈਂ ਉਸ ਪਾਸੋਂ ਬਦਲਾ ਲੈਣ ਲਈ ਸ਼ਰਨ ਆਇਆ ਹਾਂ, ਮੈਨੂੰ ਨਾਲ ਰੱਖੋ ਤੇ ਮੈਂ ਬੜੀ ਮਦਦ ਕਰਾਂਗਾ ਤੇ ਸਰਹਿੰਦ ਮਾਰਕੇ ਬਦਲਾ ਕੱਢਾਂਗਾ । ਬੰਦੇ ਨੇ ਮਾਇਆ ਦੇਕੇ ਉਸ ਨੂੰ ਪਾਸ ਰੱਖ ਲਿਆ । ਮਾਇਆ ਬੀ ਦਿੱਤੀ, ਨਿਮਕ ਹਲਾਲ ਰਹਿਣ ਦੀ ਸਹੁੰ ਬੀ ਚੜ੍ਹਾਈ, ਪਰ ਬੰਦਾ ਇਨ੍ਹਾਂ ਵਲੋਂ ਚੌਕਸ ਰਿਹਾ ਜਾਪਦਾ ਹੈ । ਹੁਣ ਏਥੋਂ ਸਾਰਾ ਖਾਲਸਾ ਕੱਠਾ ਹੋਕੇ ਸਰਹੰਦ ਮਾਰਨ ਨੂੰ ਚੜ੍ਹ ਪਿਆ । ਸਰਹਿੰਦੋਂ ਬਾਰਾਂ ਕੁ ਕੋਹ ਦੀ ਵਿੱਥ ਪਰ ਖਰੜ ਦੇ ਲਾਗ ਵਾਰ ਚਪੜ ਚਿੜੀ ਦੇ ਟਿਕਾਣੇ ਪਾਸ ਲੜਾਈ ਹੋਈ ।

ਸੋਇ ॥ ੩੬ ॥ ਕਹੀ ਬਾਤ ਕੁਛ ਸੁਨਿਯ ਨ ਕਾਨਾ। ਦਿਖੀਯਤਿ ਨਹੀਂ ਸਮੀਪ ਸਥਾਨਾ। ਹੇਲ ਮੇਲਿ ਦੁਇ ਦਿਸ਼ਿ ਲਰ ਪਰੇ। ਕਾਢਿ ਖੜਗ ਅਰਿ ਕਾਟਨ ਕਰੇ ॥ ੩੭ ॥ ਹਥਾਵੱਥ ਹੈਗੀ ਇਕ ਬਾਰਾ। ਘਾਵ ਪਰਸਪਰ ਕਰਹਿਂ ਪ੍ਰਹਾਰਾ। ਸਿਪਰ ਸੰਭਾਰ ਨ ਗਿਨਤੀ ਰਹੀ। ਕਰਾਚੋਲ ਧਾਰਾ ਇਮ ਬ੍ਰਹੀ ॥੩੮॥ ਤੋਪਨ ਤੇ ਮਰਿ ਗਏ ਹਜ਼ਾਰੋਂ। ਜੰਗ ਤੁਫੰਗਨ ਸੰਗ ਪ੍ਰਹਾਰੇ। ਨੇਜ਼ੇ ਭਾਲੇ ਸਾਂਗ ਪਰੋਵਨ। ਜਮਧਰ ਖੜਗ ਖਾਇ ਕਰਿ ਸੋਵਨ ॥ ੩੯ ॥ ਛੂਛੇ ਅਨਿਕ ਤੁਰੰਗਮ ਡੋਲੈਂ। ਮਾਰਿ ਮਾਰਿ ਕੇਤਿਕ ਭਟ ਬੋਲੈਂ। ਲੋਥ ਪੋਥਨਾ ਰਣ ਥਲ ਹੋਈ। ਸ਼ੋਣਿਤ ਲਿਪਤਿ ਵਿਰਤਿ ਨਰ ਕੋਈ ॥ ੪੦ ॥ ਅਰਣ ਬਰਣ ਕੀ ਧਰਣਿ ਕਰਾਲਾ। ਨਾਚੈਂ ਭੂਤ, ਪ੍ਰੇਤ, ਬੈਤਾਲਾ। ਕਹੂੰ ਰੁੰਡ ਕਟਿ ਮੁੰਡ ਪਰੇ ਹੈਂ। ਹਾਥ ਪਾਂਵ ਕਟਿ ਧਰਾ ਗਿਰੇ ਹੈਂ ॥ ੪੧ ॥ ਕਹੌਂ ਕਹਾਂ ਲਗਿ ਜੁੱਧ ਅਖਾਰਾ। ਬਰਨਨ ਕਰਿ ਹੌਂ ਜੋ ਬਿਸਥਾਰਾ। ਗ੍ਰੰਥ ਬਿਸਾਲ ਇਸੀ ਕੋ ਹੋਇ। ਲਾਖਹੁਂ ਮਾਰਨ ਮਰਨੋ ਜੋਇ ॥੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਨੌਮੋ ਅੰਸੂ ॥ ੯ ॥

੧੦. [ਵਜ਼ੀਰ ਖਾਂ ਨੂੰ ਮਾਰਨਾ। ਸਰਹਿੰਦ ਨੂੰ ਉਜਾੜਨਾ]।

ਦੋਹਰਾ॥ ਬਰਜੇ ਜੋਧਾ ਆਪਨੇ ਬੰਦੇ ਪ੍ਰਥਮ ਬਖਾਨਿ। 'ਨਹਿਂ ਕੋ ਹਤੈ ਵਜ਼ੀਦ ਕੋ ਮੈਂ ਮਾਰੌਂ ਨਿਜ ਪਾਨਿ' ॥ ੧ ॥ ਚੌਪਈ ॥ ਇਮ ਕਹਿ ਪੂਰਬ ਸਕਲ ਹਟਾਏ। ਲਰਤਨੇਂ ਮਰੇ ਸੁਭਟ ਸਮੁਦਾਏ। ਤਬਿ ਬੰਦੇ ਨਿਜ ਹਯ ਫੰਧਾਯੋ। ਖਾਂ ਵਜ਼ੀਦ ਕੇ ਸਨਮੁਖ ਆਯੋ ॥ ੨ ॥ 'ਸੁਨਿ ਸਾਹਿਬਜ਼ਾਦਨ ਕੇ ਦ੍ਰੋਹੀ! ਸਲਤਨ ਸਕਲ ਬਿਨਾਸ਼ੀ ਤੋਹੀ। ਮਹਾਂ ਅਧਮ ਕ੍ਰਿਤ ਪਾਪ ਬਿਸਾਲਾ। ਤਿਸ ਕੋ ਫਲ ਪ੍ਰਾਪਤਿ ਇਸ ਕਾਲਾ॥੩॥ ਲਸ਼ਕਰ ਦੇਸ਼ ਨਗਰ ਕੇ ਸਾਥ। ਹੋਹਿ ਬਿਨਾਸ਼ ਮਾਨ ਮਮ ਹਾਥ[1]। ਗੁਰ ਕੋ ਅਦਬ ਨ ਤੈਂ ਕੁਛ ਰਾਖਾ'। ਸੁਨਤਿ ਵਜ਼ੀਦਖਾਨ ਤਬਿ ਭਾਖਾ॥੪॥ 'ਮੇਰੇ ਸੁਭਟਨ ਕੋ ਕਹਾ ਹੋਵਾ। ਸ਼ੱਤ੍ਰੂ ਸਮੀਪ ਖਰੋ ਰਨ ਜੋਵਾ। ਸਭਿ ਦਲ ਕੋ ਇਹ ਰਿਪੁ ਸਰਦਾਰ। ਤਜੋ ਤੁਫੰਗ ਕਸੋਂ ਨ ਲਿਹੁ ਮਾਰ॥੫॥ ਬਰਛੀ ਖੜਗ ਪ੍ਰਹਾਰਨ ਬ੍ਰਿੰਦ। ਕਰਿ ਲੀਜੈ ਇਹੁ ਤੁਰਤ ਨਿਕੰਦ'। ਇਮ ਸੁਨਿ ਹੇਲ ਕਰੇ ਗਨ ਧਾਏ। ਗੋਰੀ ਤੀਰ ਸਭਿਨਿ ਬਰ-ਖਾਏ॥੬॥ ਇਤ ਤੇ ਸਨਮੁਖ ਬੰਦਾ ਭਯੋ। ਸਰ ਧਰਿ ਧਨੁ ਪਰ ਐਂਚਨ ਕਯੋ। ਦੁਇ ਦਿਸ਼ਿ ਤੇ ਗਨ ਛੁਟੀ ਤੁਫੰਗੈਂ। ਗਿਰੇ ਹਜ਼ਾਰਹੁਂ ਤੁਰਕ ਤੁਰੰਗੈਂ ॥੭॥ ਹੇਲ ਦੁਦਿਸ਼ਿਨਿ ਘਾਲਿ ਘਮਸਾਨਾ। ਸ੍ਰੀ ਗੁਰ ਸਰ ਐਂਚਨੋ ਬਲਵਾ-

[1] ਮੰਨ (ਕਿ ਹੁਣ) ਮੇਰੇ ਹਥੀਂ ਨਾਸ਼ ਹੋਵੇਗਾ।

ਨਾ[1]।ਕਿਸ ਮਹਿਂ ਸ਼ਕਤਿ ਰਹੈ ਦ੍ਰਿਢ ਆਗੇ। ਬੇਮੁਖ ਹੋਇ ਜੰਗ ਤਜਿ ਭਾਗੇ ॥੮॥ ਪਿਖਿ ਲਸ਼ਕਰ ਕੀ ਦਸ਼ਾ ਪਲਾਵਨ । ਚਹੇ ਵਜ਼ੀਦੇ ਪ੍ਰਾਨ ਬਚਾਵਨ[2]। ਤਬਿ ਬੰਦੇ ਚਿਤ ਬਿਖੈ ਬਿਚਾਰਾ ।–ਹਤੌਂ ਕੁਮੌਤ ਅਘੀ ਇਹ ਭਾਗਾ ॥੯॥ ਜੌ ਆਯੁਧ ਤੇ ਕਰੌਂ ਪ੍ਰਹਾਰਾ । ਸ਼ੁਭ ਗਤਿ ਪ੍ਰਾਪਤ ਹੋਹਿ ਸੁਖਾਰਾ। ਤ੍ਰਿਚਿਤ ਨਰਕ ਮਹਿਂ ਲਹੈ ਸਜ਼ਾਇ–। ਇਮ ਚਿਤਵਤਿ ਢਿਗ ਪਹੁੰਚਯੋ ਜਾਇ ॥੧੦॥ ਬਲ ਤੇ ਪਕਰਿ ਟਾਂਗ ਰਿਪੁ ਕੇਰੀ। ਤਰੇ ਗੇਰਿ ਲੀਨਸਿ ਤਿਸ ਬੇਰੀ । ਘੋਰਾ ਬਲੀ ਫੇਰ ਤਿਸ ਊਪਰਿ। ਪ੍ਰਾਨ ਨਿਕਾਸੇ ਤਤਛਿਨ ਭੂ ਪਰਿ ॥੧੧॥ ਕਾਇਰ ਹੋਇ ਮਰਯੋ ਬਡ ਪਾਪੀ*। ਸਾਹਿਬਜ਼ਾਦਨ ਕੋ ਸੰਤਾਪੀ। ਜਬਹਿ ਵਜ਼ੀਦਾ ਕਿਤਹੁੰ ਨ ਹੇਰਾ।ਭਾਜਯੋ ਲਸ਼ਕਰ ਤ੍ਰਾਸ ਬਡੇਰਾ ॥੧੨॥ ਬੰਦੇ ਕੀ ਸੈਨਾ ਪਸ਼ਚਾਤੀ।ਲੂਟਿ ਕੂਟਿ ਤੁਰਕਾਨੇ ਘਾਤੀ।ਹਯਸੁ ਹਜ਼ਾਰਹੁੰ ਦਲ ਮਹਿਂ ਆਏ।ਸ਼ਸਤ੍ਰਨਿ ਕੀ ਕੋ ਗਿਨਤੀ ਪਾਏ॥੧੩॥ ਲੂਟਿ ਬਜ਼ਾਰ[3] ਲੀਨਿ ਤਿਸ ਬੇਰੇ । ਤੰਬੂ, ਤੋਪ, ਦੁਰਦ[4] ਬਹੁਤੇਰੇ।ਗ੍ਰਾਮ ਨਗਰ ਕੇ ਨਰ ਭਟ ਭਾਰੇ। ਜਾਂਹਿ ਕਹਿਂ ਕੇ ਨਿਤ ਮਿਲੇ ਹਜ਼ਾਰੇ ॥ ੧੪ ॥ ਫਿਟਕੀ ਪੁਰੀ[5] ਭਗੈਲ ਪਲਾਏ । ਠਹਿਰ ਨਹੀਂ ਕਿਤ ਪਾਂਇ ਜਮਾਏ । ਪਾਛੇ ਦਲ ਬੰਦੇ ਕੋ ਭਯੋ। ਲੂਟਤਿ

---

[1]ਸ੍ਰੀ ਗੁਰੂ ਜੀ ਦਾ (ਬਖਸ਼ਿਆ) ਬਲਵਾਨ ਤੀਰ ਖਿੱਚਿਆ ਅਥਵਾ ਬਲਵਾਨ (ਬੰਦੇ ਨੇ) । [2]ਲਸ਼ਕਰ ਦੀ ਭਾਜੜ ਵਾਲੀ ਸੂਰਤ ਵੇਖਕੇ ਵਜੀਦੇ ਨੇ ਪ੍ਰਾਣ ਬਚਾਉਣੇ ਚਾਹੇ। [3]ਲਸ਼ਕਰ ਦੇ ਬਜ਼ਾਰ ਤੋਂ ਮੁਰਾਦ ਹੈ। [4]ਹਾਥੀ। [5]ਭਾਵ ਸਰਹਿੰਦ।

*ਮਹਿੰਮਾ ਪ੍ਰਕਾਸ਼ ਨੇ ਵਜ਼ੀਦੇ ਦੀ ਮੌਤ ਬੰਦੇ ਦੇ ਹੱਥੋਂ ਗੁਰੂ ਜੀ ਦੇ ਤੀਰ ਨਾਲ ਹੋਈ ਲਿਖੀ ਹੈ। ਰਤਨ ਸਿੰਘ ਜੀ ਪਤਾ ਨਹੀਂ ਲਿਖਦੇ ਕਿ ਵਜ਼ੀਰ ਖਾਂ ਕਿਸ ਦੇ ਹੱਥੋਂ ਮੋਇਆ। 'ਤਰੀਂ ਬਜੀਦਾ ਸਸਕਤ ਪਾਯੋ' ਇਤਨਾ ਹੀ ਲਿਖਦੇ ਹਨ, ਹੋਰਨਾਂ ਨੇ ਬੀ ਪੂਰਾ ਪਤਾ ਨਹੀਂ ਦਿੱਤਾ। ਫਰੁਖਸੀਅਰ ਦੇ ਮੁਅੱਰਖ ਮੀਰ ਮੁਹੰਮਦ ਅਹਸਨ ਨੇ ਸ਼ਾਹਨਾਮੇ ਵਿਚ ਐਉਂ ਦਿੱਤਾ ਹੈ:– ਵਜ਼ੀਰ ਖਾਂ ਬਾਜ਼ ਸਿੰਘ ਦੇ ਟਾਕਰੇ ਤੇ ਆ ਗਿਆ, ਤੇ ਬਰਛੀ ਮਾਰੀਓ ਸੁ। ਸਿੱਖ ਨੇ ਬਰਛੀ ਫੜਕੇ ਖੁਹ ਲਈ ਤੇ ਉਹੋ ਵਜ਼ੀਰ ਖਾਂ ਨੂੰ ਮਾਰੀ ਜੋ ਵਜ਼ੀਰ ਖਾਂ ਦੇ ਘੋੜੇ ਦੇ ਮੱਥੇ ਵਿਚ ਲੱਗੀ। ਵਜ਼ੀਰ ਖਾਂ ਨੇ ਫੇਰ ਕਮਾਨ ਖਿੱਚੀ ਤੇ ਬਾਜ਼ ਸਿੰਘ ਦੀ ਬਾਂਹ ਤੇ ਤੀਰ ਮਾਰਿਆ ਤੇ ਤਲਵਾਰ ਸੂਤਕੇ ਉਸ ਨੂੰ ਪਾਰ ਬੁਲਾਉਣ ਦਾ ਜਤਨ ਕੀਤਾ। ਕੋਲ ਹੀ ਫਤੇ ਸਿੰਘ ਹੈਸੀ, ਉਸ ਨੇ ਵਜ਼ੀਰ ਖਾਂ ਨੂੰ ਐਸੀ ਤਲਵਾਰ ਮਾਰੀ ਕਿ ਮੋਢੇ ਤੋਂ ਕਮਰ ਤਕ ਉਤਰ ਗਈ। ਭੰਗੂ ਜੀ ਨੇ ਇਹ ਭੀ ਲਿਖਿਆ ਹੈ ਕਿ ਬੰਦੇ ਨੇ ਲੋਥ ਨੂੰ ਵਹਿੜਕਿਆਂ ਮਗਰ ਬੰਨ੍ਹ ਕੇ ਘਿਸਟਵਾਇਆ ਤੇ ਫੇਰ ਦੱਬਿਆ ਨਹੀਂ, ਮੁਸਲਮਾਨੀ ਖਿਆਲ ਦੇ ਵਿਰੁੱਧ ਉਸ ਦੀ ਲੋਥ ਨੂੰ ਅਗਨੀ ਭੇਟ ਕੀਤਾ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਇਸ ਦੀ ਲੋਥ ਟੰਗਾ ਦਿੱਤੀ ਜੋ ਇੱਲਾਂ ਕਾਂ ਖਾਣ।

ਮਾਰਤਿ ਧਾਵਤਿ ਗਯੋ ॥ ੧੫॥ ਲਾਖਹੁੰ ਸੁਭਟ ਲੂਟਿਬੇ ਹੇਤੁ। ਚਲੇ ਚੌਂਪ ਕਰਿ ਭਏ ਸੁਚੇਤ। ਰਾਤ ਦਿਵਸ ਕੋ ਦੌਰਨ ਕਰਿਕੈ। ਪਹੁੰਚੇ ਨਿਕਟ ਸ਼ੱਤ੍ਰ ਗਨ ਦਰਿਕੈ ॥੧੬॥ ਪੁਰਿ ਜਨ ਕਹਾਂ ਪਲਾਇੰ ਬਿਚਾਰੇ। ਦਰਬ ਕਰੋਰਹੁੰ ਵਸਤੁ ਉਦਾਰੇ। ਲਸ਼ਕਰ ਪ੍ਰਬਲ ਵਹਿਰ ਹੀ ਮਾਰ੍ਯੋ। ਬਚੇ ਅਰੇ ਤਹਿੰ ਤੁਰਤ ਬਿਦਾਰ੍ਯੋ ॥੧੭॥ ਬਰੈ ਨਗਰ ਮਹਿੰ ਲੂਟ ਮਚਾਈ। ਕੰਚਨ ਰਜਤ ਲੀਨਿ ਸਮੁਦਾਈ। ਬਡੇ ਬਜ਼ਾਰਨ ਕੋ ਬਹੁ ਲੂਟਾ। ਅਰੇ ਅੱਗ੍ਰ ਸੋ ਤਤਛਿਨ ਕੂਟਾ ॥ ੧੮ ॥ ਬਹੁਰ ਸਦਨ ਮਹਿੰ ਸੁਭਟ ਪ੍ਰਵੇਸ਼ੇ। ਲੂਟਤਿ ਵਸਤੂ ਦਰਬ ਵਿਸ਼ੇਸ਼ੇ। ਮੁਗ਼ਲਾਨੀ, ਸਯਦਾਨਿ, ਪਠਾਨੀ। ਗਹਿ ਲੀਨੀ ਨੀਚਨ ਰਤਿ ਮਾਨੀ[1] ॥ ੧੯ ॥ ਇਕ ਖੱਤ੍ਰੀ ਜਿਸ ਕਰਮ ਚੰਡਾਰ। ਸ੍ਰੂਠਾਨੰਦ ਮਹਾਂ ਬੁਰਿਆਰ। ਸਾਹਿਬਜ਼ਾਦੇ ਜਿਨ ਮਰਿਵਾਇ। ਕਰਿਬੇ ਸਾਕ ਦ੍ਵੈਸ਼ ਉਪਜਾਇ ॥੨੦॥ ਸਿੰਘਨ ਤਿਸ ਕੀ ਬਾਤ ਬਿਚਾਰੀ। ਬੂਝਿ ਸਦਨ ਗਹਿ ਲੀਨਿ ਕੁਚਾਰੀ। ਬੀਧ ਨਾਕ ਮਹਿੰ ਛੇਦ ਕਰਾਯੋ। ਲੋਹ ਕੜਾ ਵਿਚ ਤਿਸ ਕੇ ਪਾਯੋ ॥੨੧॥ ਸਦਨ ਸਿਰੰਦ ਨਗਰ ਕੇ ਸਾਰੇ। ਲੂਟਿ ਕੂਟਿ ਕਰਿ ਦੀਨ ਉਜਾਰੇ। ਮਨ ਭਾਵਤਿ ਭਟ ਗਹਿ ਗਹਿ ਨਾਰੀ। ਨਿਜ ਡੇਰਨ ਮਹਿੰ ਆਨਿ ਉਤਾਰੀ ॥੨੨॥ ਤ੍ਰਿਪਤੇ ਲੂਟਿ ਅਧਿਕ ਧਨ ਪਾਯੋ। ਨਿਕਸੇ ਵਹਿਰ ਸਿਵਰ ਕੋ ਛਾਯੋ। ਪਰ੍ਯੋ ਦੂਰ ਲਗਿ ਹੋਤਿ ਪੁਕਾਰੀ। ਸੰਕਟ ਅਧਿਕ ਰੁਦਤਿ ਨਰ ਨਾਰੀ ॥੨੩॥ –ਤੁਰਕਵਜ਼ੀਦਖਾਨ ਤੇ ਆਦਿ–। ਗਾਰੀ ਦੇਤਿ–ਗਈ ਬੁਨਿਯਾਦ। ਸ੍ਰੀ ਗੁਰ ਕੇ ਸੁਤ ਬਾਲਕ ਮਾਰੇ। ਸੋ ਅਬਿ ਪਾਪ ਪ੍ਰਗਟ ਦੁਖ ਭਾਰੇ– ॥੨੪॥ ਪੁਰਿ ਜਨ ਦੀਨ ਹੋਹਿ ਘਿਘਿਆਇ। ਸਭਿ ਕਿਛ ਤ੍ਯਾਗਤਿ ਤੁਰਤ ਪਲਾਇ। ਤ੍ਰਸਤਿ ਕਹੈਂ 'ਬਚਰਹੈਂ ਜਿ ਪ੍ਰਾਨ। ਕਹੂੰ ਪਹੁੰਚਿਕਰਿ ਲੇਂ ਗੁਜ਼ਰਾਨ' ॥੨੫॥ ਕਹੌਂ ਕਹਾਂ ਲਗਿ ਪੁਰਿ ਜਨ ਦਸ਼ਾ। ਸਭਿ ਕਿਛ ਤ੍ਯਾਗਿ ਭਗੇ ਚਹੁੰ ਦਿਸ਼ਾ। ਦਰਬ ਕਰੋਰਹੁੰ ਦਲ ਮਹਿੰ ਆਯੋ। ਵਸਤੁਨਿ ਕੋ ਸੰਚੇ ਸਭਿ ਪਾਯੋ ॥੨੬॥ ਬਡੇ ਬਡੇ ਊਮਰਾਵ ਪ੍ਰਹਾਰੇ। ਜੋ ਸਿਵਕਾ ਗਜ ਪਰ ਅਸਵਾਰੇ। ਖੋਜੇ ਕਹੂੰ ਨ ਪਾਯਤਿ ਸੋਇ। ਤਿਨਕੇ ਸਦਨ ਬਰੇ ਸਭਿ ਕੋਇ ॥੨੭॥ ਸਕਲ ਪਦਾਰਥ ਲੂਟਤਿ ਲ੍ਯਾਇ। ਤਿਨ ਕੀ ਤ੍ਰਿਧਾ ਗਹੀ ਸਮੁਦਾਇ। ਰੰਕ ਲੋਕ ਮਿਲਿ ਲਾਲਚ ਪਾਗੇ। ਧਨੀ ਸਦਨ ਸਭਿ ਖੋਦਨ ਲਾਗੇ ॥੨੮॥ ਗਾਡ੍ਯੋ ਦਰਬ ਨਿਕਾਸਿ ਵਿਸ਼ੇਖਾ। ਘਰਨ ਬਿਦਾਰਨ ਲਗੇ ਅਸ਼ੇਖਾ। ਦੁਰਗ ਆਦਿ ਮੈਂ ਜੇਤਿਕ ਮਾਇਆ। ਖੋਦਤ

[1]ਨੀਚਾਂ ਨੇ ਫੜਕੇ ਭੋਗੀਆਂ।

ਖੋਜਤ ਨਿਕਸਤਿ ਆਇਆ ॥੨੯॥ ਦਰਬ ਕਰੋਰਹੁੰ ਬੰਦੇ ਲੀਨ। ਆਦਿ ਵਜੀਦੇ ਸੰਚ ਜੁ ਕੀਨ। ਬਡੇ ਧਨਾਢਿ ਜਹਾਂ ਨਰ ਗਨ ਹੈਂ। ਛੀਨ ਲੀਨਿ ਤਿਨ ਜੇਤਿਕ ਧਨ ਹੈ ॥੩੦॥ ਪੁਰਿ ਜਨ ਕੋ ਬਡ ਤ੍ਰਾਸ ਉਪੰਨੋ। ਭਰੇ ਸਦਨ ਵਸਤੂ ਤਜਿ, ਭੰਨੋ[1]। ਪ੍ਰਾਨ ਬਚਾਵਨਿ ਕੋ ਇਕ ਚਾਹਾ। ਅਪਰ ਸਰਬ ਕੁਛ ਤਹਾਂ ਲੁਟਾਹਾ ॥੩੧॥ ਸੰਕਟ ਪਰਮ ਸਭਿਨਿ ਕੇ ਭਏ। ਜੇ ਕੁਛ ਅਰੇ ਮਾਰ ਕਰਿ ਲਏ। ਗੁਰ ਸੁਤ ਹਤੇ ਪਾਪ ਫਲ ਭਾਰੇ। ਪਰੇ ਪੁਰੀ ਪਰ, ਕੌਨ ਉਬਾਰੇ ॥੩੨॥ ਕੇਤਿਕ ਦਿਨ ਡੇਰਾ ਤਹਿੰ ਰਾਖਾ। 'ਘਰ ਢਾਹਹੁ' ਇਮ ਹੁਕਮ ਸੁ ਭਾਖਾ। 'ਜੜ੍ਹਾਂ ਪੁਰੀ ਕੀ ਸਤੁਦ੍ਰਵ ਪਾਵਹੁ। ਗੁਰੂ ਸ੍ਰਾਪ ਕੋ ਅਬਿ ਸਫਲਾਵਹੁ ॥੩੩॥ ਜੋ ਇਸ ਪੁਰਿ ਘਰ ਢਾਹਤਿ ਰਹੈ। ਸੋ ਜਬਿ ਕਬਿ ਧਨ ਕੋ ਬਹੁ ਲਹੈ'। ਦਲ ਕੇ ਲੋਕ ਅਪਰ ਨਰ ਰੰਕੇ। ਲਗੇ ਬਿਦਾਰਨ ਘਰ ਬਰ ਬੰਕੇ ॥ ੩੪ ॥ ਬਡੇ ਪੌਰ ਚੌਪਖੀ[2] ਅਟਾਰੀ। ਛੱਜੇ ਛਾਤ ਰਾਂਵਟੀ[3] ਭਾਰੀ। ਰੁਚਿਰ ਦਰੀਚੀ ਚੂਨਾ ਖਚੇ। ਅਨਿਕ ਰੀਤਿ ਕੇ ਦਰ ਗਨ[4] ਰਚੇ ॥ ੩੫ ॥ ਕੇਤਿਕ ਕੰਚਨ ਲਿਪਤਿ ਸੁਹਾਏ। ਚਿੱਤ੍ਰ ਬਚਿੱਤ੍ਰ ਰਚੇ ਸਮੁਦਾਏ। ਸੁੰਦਰ ਬੈਠਕ ਤਨੇ ਬਿਤਾਨਾ। ਅਚਰਜ ਭੌਨ ਰਚੇ ਬਿਧਿ ਨਾਨਾ ॥ ੩੬ ॥ ਅਮਰਾਵਤਿ[5] ਕੇ ਸਮਸਰ ਪਰੀ। ਢਾਹਿ ਫੋਰਿ ਕਰਿ ਦੀਨੀ ਬਰੀ। ਖੋਦਤਿ ਨਿਕਸਤਿ ਦਰਬ ਮਹਾਨਾ। ਯਾਂਤੇ ਕੀਨ ਬਿਦਾਰ ਮਦਾਨਾ* ॥ ੩੭ ॥ ਗੁਰ ਸੁਤ ਅਘ ਤੇ ਅਸ ਗਤਿ ਹੋਈ। ਮਨਹੁੰ ਇਹਾ ਨਹਿੰ ਬਾਸਨੋ ਕੋਈ। ਬੰਦੇ ਸੋ ਖੱਤ੍ਰੀ ਮੰਗਵਾਯੋ। ਲੋਹ ਕੜੇ ਸੋਂ ਨਾਕ ਬਿਧਾਯੋ ॥੩੯॥ ਬਡੋ ਜੇਵੜੋ ਬੰਧਨ

[1] ਭੱਜ ਗਏ। [2] ਚਾਰ ਛੱਤੀ। [3] ਬਾਰਾਂਦਰੀ, ਕੋਈ ਨਿੱਕਾ ਜਿਹਾ ਕਮਰਾ ਯਾ ਥਾਂ। ਧੁਰ ਉਪਰਲਾ ਕਮਰਾ, ਮਮਟੀ, ਖਸ ਦੀ ਟੱਟੀ ਦੀ ਰਾਂਵਟੀ। ਬਾਜੇ ਵੇਲੇ ਛੋਲਦਾਰੀ ਨੂੰ ਬੀ ਕਹਿੰਦੇ ਹਨ। [4] ਸਮੂਹ ਦਰਵਾਜੇ। [5] ਇੰਦਰਪੁਰੀ।

*ਸ: ਕਰਮ ਸਿੰਘ ਜੀ ਆਪਣੇ ਮਗਰਲੇ ਲੇਖ ਵਿਚ ਲਿਖਦੇ ਹਨ ਕਿ ਇਸ ਵੇਲੇ ਸਰਹਿੰਦ ਫਤੇ ਹੋ ਗਈ ਤਾਂ ਸ਼ਹਿਰ ਵਾਲਿਆਂ ਨੇ ਇਕ ਭਾਰੀ ਰਕਮ ਬੰਦੇ ਦੇ ਪੇਸ਼ ਕੀਤੀ ਤੇ ਸ਼ਹਿਰ ਨੂੰ ਇੱਟ ਨਾਲ ਇੱਟ ਖੜਕਾਕੇ, ਬੇ-ਚਰਾਗ ਕਰਨੋਂ ਬਚਾ ਲਿਆ। ਭੁਜੰਗੀਆਂ ? ਉਸੇ ਵੇਲੇ ਕਹਿ ਦਿੱਤਾ ਕਿ ਬੰਦਾ ਲਾਲਚ ਵਿਚ ਆ ਗਿਆ ਹੈ ਤੇ ਸਤਿਗੁਰੂ ਜੀ ਦੇ ਹੁਕਮ ਨੂੰ ਨਹੀਂ ਪਾਲ ਰਿਹਾ। ਸਰਹਿੰਦ ਨੂੰ ਫਿਰ ਸਿੱਖਾਂ ਨੇ ੧੯੨੦ ਵਿਚ ਬੇ-ਚਰਾਗ ਕੀਤਾ, ਭਾਵ ਢਾਹਿਆ।

ਮੁਹੰਮਦ ਲਤੀਫ ਨੇ ਆਪਣੀ ਹਿਸਟਰੀ ਵਿਚ ਬਹੁਤ ਵਧਾ ਵਧਾਕੇ ਸਰਹਿੰਦ ਪਰ ਹੋਈਆਂ ਸਖਤੀਆਂ ਲਿਖੀਆਂ ਹਨ। ਪਰ ਗੋਕਲ ਚੰਦ ਨਾਰੰਗ ਨੇ ਆਪਣੇ 'ਸਿੱਖੋਂ ਕਾ ਪ੍ਰੀਵਰਤਨ' ਵਿਚ ਓਹ ਸਾਰੀਆਂ ਸ੍ਵੀਕਾਰ ਨਹੀਂ ਕੀਤੀਆਂ। ਸ: ਕਰਮ ਸਿੰਘ ਜੀ ਲਿਖਦੇ ਹਨ ਕਿ ਸਖਤੀਆਂ ਦੇ ਜ਼ਿੰਮੇਵਾਰ ਆਮ ਲੁਟੇਰੇ ਤੇ ਹਾਕਮਾਂ ਤੋਂ ਸਤੇ ਹੋਏ ਮਜ਼ਲੂਮ ਲੋਕੀ ਸਨ।

ਕੀਨ। ਐਂਚਿ ਚੰਡਾਲ ਹਵਾਲੇ ਦੀਨ। 'ਦਲ ਕੋ ਜੋ ਬਜਾਰ ਹੈ ਸਾਰਾ। ਲੇ ਇਸ ਫੇਰਹੁ ਸਕਲ ਮਝਾਰਾ ॥ ੩੯ ॥ ਇਕ ਬਿਰਾਟਕਾ ਹਾਟ ਮੰਗਾਵਹੁ। ਪਨਹੀ ਪੰਚ ਸੀਸ ਪਰ ਲਾਵਹੁ। ਇਸ ਬਿਧਿ ਫੇਰੇ ਸਦਾ ਫਿਰਾਵਹੁ। ਮਾਰਿ ਮਾਰਿ ਕਰਿ ਪ੍ਰਾਨ ਗਵਾਵਹੁ'॥੪੦॥ ਸੁਨਿ ਕਰਿ ਹੁਕਮ ਫੇਰ ਤਿਸ ਰੀਤਿ। ਮਾਰ ਹੋਤਿ ਜੂਤਨ ਕੀ ਨੀਤ। ਇਮ ਗੁਰ ਦ੍ਰੋਹੀ ਮਾਰਯੋ ਮਰਯੋ। ਸੰਕਟ ਭੋਗਿ ਨਰਕ ਮਹਿਂ ਪਰਯੋ ॥੪੧॥ ਅਸ਼ਟ ਬਰਸ ਕੀ ਕੰਨਯਾ ਯਾਂ ਕੀ। ਦਲ ਮਹਿਂ ਪਕਰੀ ਸੁਨਿ ਸੁਧ ਤਾਂਕੀ। ਕੇਤਿਕ ਦਯਾ ਸਹਤ ਨਰ ਹੋਇ। ਬੰਦੇ ਨਿਕਟ ਸੁਨਾਵਤਿ ਸੋਇ ॥ ੪੨ ॥ 'ਇਸ ਕੌ ਕਹਾਂ ਦੋਸ਼ ਅਘ ਮਾਂਹੀ। ਜਿਸ ਕੋ ਅਬਿ ਲਗਿ ਸੁਧਿ ਕਿਛੁ ਨਾਂਹੀ। ਤਜਿਬੇ ਉਚਿਤ ਜਾਨਿ ਕਰਿ ਤਾਂਹਿ। ਦੇਹੁ ਛੁਰਾਇ ਗਹੈ ਕੋ ਨਾਂਹਿ' ॥੪੩॥ ਸੁਨਿ ਬੰਦੇ ਬਡ ਕ੍ਰੋਧ ਉਪਾਯੋ। 'ਇਹ ਤੁਮ ਨੇ ਕਯਾ ਹਮਹਿਂ ਸੁਨਾਯੋ। ਸ਼ੀਰ ਖੋਰ ਜੋ ਸਾਹਿਬਜ਼ਾਦੇ। ਜਿਨ ਕੋ ਸੁਧਿ ਨਹਿਂ ਮਿਲਨ ਕਿ ਬਾਦੇ[1] ॥ ੪੪ ॥ ਤਿਨ ਕੌ ਦੋਸ਼ ਕਹਾਂ ਇਨ ਜਾਨੇ। ਸਭਾ ਹਜ਼ਾਰਨਿ ਕੀ ਨਰ ਸਯਾਨੇ। ਨਹਿਂ ਮਤਿਮੰਦਨਿ ਕਛੁ ਬਿਚਾਰੇ।ਖੱਤ੍ਰੀ ਕਹੇ ਸੁਨਤਿ[2] ਸੋ ਮਾਰੇ॥ ੪੫ ॥ ਝੂਠਾਨੰਦ ਨੰਦਨੀ ਜੋਇ। ਯਾਂਤੇ ਉਚਿਤ ਨ ਤਯਾਗਨਿ ਸੋਇ। ਮਮ ਹਦੂਰ ਤਿਸ ਕੋ ਲੇ ਆਵਹੁ। ਚੰਡਾਲਨ ਕੇ ਹਾਥ ਗਹਾਵਹੁ ॥੪੬॥ ਸੋ ਅਪਨੇ ਮਹਿਂ ਲੇਹਿਂ ਮਿਲਾਈ। ਪਾਪੀ ਕੇ ਬਨਿ ਜਾਹਿਂ ਜਮਾਈ'। ਇਮ ਕਹਿ ਤੁਰਤ ਹਕਾਰਨਿ ਕਰੀ। ਹੁਕਮ ਚੰਡਾਲਨ ਸੋਂ ਕਰਿ, ਧਰੀ[3] ॥੪੭॥ ਲੇ ਕਰਿ ਅਪਨੇ ਧਾਮ ਸਿਧਾਰੇ। ਇਮ ਪਾਪੀ ਨਰ ਚੁਨਿ ਚੁਨਿ ਮਾਰੇ। ਜੋ ਜੋ ਗੁਰਨਿੰਦਕ ਪੁਰਿ ਮਾਂਹੀ। ਕਰੇ ਸੁਨਾਵਨਿ ਬੰਦੇ ਪਾਹੀ॥੪੮॥ਖੋਜਿ ਖੋਜਿ ਕਰਿ ਸੋ ਮੰਗਵਾਏ। ਹਾਥ ਪਾਵ ਕੈ ਨਾਕ ਕਟਾਏ। ਕੇਤਿਕ ਕੇ ਕਰਿ ਕਰਿ ਮੁਖ ਕਾਰੇ। ਗਧੇ ਚਢਾਏ ਵਹਿਰ ਨਿਕਾਰੇ ॥ ੪੯ ॥ ਕੇਤਿਕ ਪਕਰਿ ਕੂਪ ਮਹਿਂ ਡਾਰੇ। ਸਭਿ ਕੁਮ੍ਰਿਤੁ ਮਹਿਂ ਕਰਿ ਕਰਿ ਮਾਰੇ। ਪਾਪ ਸਮੈਂ ਕੋ ਕਰਿ ਕਰਿ ਯਾਦ। ਚੁਨਿ ਚੁਨਿ ਹਨਿ ਕਰਿ ਬਿਨ ਬੁਨਿਯਾਦ॥੫੦॥ ਇਮ ਸਿਰੰਦ ਕੋ ਮਾਰਿ ਉਜਾਰਾ। ਦਰਬ ਕਰੋਰਹੁਂ ਖੋਦਿ ਨਿਕਾਰਾ॥ਨਿੰਦਕ ਦ੍ਰੋਹੀ ਗੁਰ ਕੇ ਹਤੇ। ਲੇ ਪਲਟਾ ਬੋਲੇ ਕਰਿ ਫਤੇ ॥੫੧॥

ਇਤਿ ਸ੍ਰੀਗੁਰ ਪ੍ਰਤਾਪਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇਕੋ' ਪ੍ਰਸੰਗ ਬਰਨਨੰ ਨਾਮ ਦਸਮੋਅੰਸੂ॥੧੦॥

---

[1] ਮਿਲਨ ਅਥਵਾ ਜੰਗ ਕਰਨ ਦੀ। [2] ਖੱਤ੍ਰੀ ਦੇ ਕਹਿਣੇ ਨੂੰ ਸੁਣਕੇ । [3] ਚੰਡਾਲਾਂ ਨੂੰ ਹੁਕਮ ਦਿੱਤਾ ਕਿ ਲੇ ਜਾਓ ।

## ੧੧. [ਪਹਾੜੀਆਂ ਤੇ ਚੜ੍ਹਾਈ]।

ਦੋਹਰਾ॥ਇਮ ਉਜਾਰਿ ਸਿਰਹੰਦ ਕੋ ਗੁਰ ਨਿੰਦਕ ਚੁਨਿ ਮਾਰਿ। ਪੁਨ ਅਰੂਢ ਆਗੇ ਚਲ੍ਯੋ ਚਮੂੰ ਭਈ ਬਿਸ਼ੁਮਾਰ ॥ ੧॥ ਚੌਪਈ ॥ ਜਹਿਂ ਕਹਿਂ ਤੇ ਭਟ[1] ਗਨ ਚਲਿ ਆਵਹਿਂ। ਆਪੋ ਅਪਨੇ ਜਥੇ ਬਨਾਵਹਿਂ। ਹਯ ਹਾਥੀ ਦੁੰਦਭਿ ਬਹੁ ਭਏ। ਲੂਟਹਿਂ ਮੁਲਖ ਜਿਤੋ ਕਿਤ[2] ਗਏ॥ ੨ ॥ ਸਤੁਦ੍ਰਵ ਕੇ ਪੂੱਰਬ ਦਿਸ਼ਿ ਦੇਸ਼। ਲੂਟਿ ਉਜਾਰ੍ਯੋ ਚਮੂੰ ਵਿਸ਼ੇਸ਼। ਭੀਮ ਚੰਦ ਸੈਲਿੰਦ੍ਰ ਬਿਸਾਲਾ। ਗੁਰ ਕੋ ਦ੍ਰੋਹੀ ਲਰ੍ਯੋ ਬਿਸਾਲਾ[3] ॥੩॥ ਪ੍ਰਥਮ ਅਨੰਦਪੁਰੇ ਕੋ ਆਵਾ[4]। ਸਤਿਗੁਰ ਥਲ ਕੋ ਸੀਸ ਨਿਵਾਵਾ। ਦਰਸ਼ਨ ਕਰਿ ਕਰਿ ਹਰਖ੍ਯੋ ਤਹਾਂ। ਕਰੇ ਬਿਲਾਸ ਪਰਮ ਗੁਰ ਜਹਾਂ ॥੪॥ ਜਿਸ ਪ੍ਰਕਾਰ ਭੇ ਜੁੱਧ ਬਿਸਾਲਾ। ਸੋ ਦੇ ਕਾਨ ਸੁਨੇ ਤਿਸ ਕਾਲਾ। ਖੋਟ ਗਿਰੇਸ਼ੁਨਿ ਕੋ ਬਹੁ ਜਾਨਾ। ਬੀਰ ਪਹਾਰਨਿ ਕੀਨਿ ਪਯਾਨਾ॥ ੫ ॥ ਭੀਮ ਚੰਦ ਕੀ ਬਡ ਰਜਧਾਨੀ। ਲੂਟਿ ਮਾਰਿ ਕਰਿ ਦੀਨਿ ਵਿਰਾਨੀ। ਮੀਏਂ ਰਾਜੇ ਰਾਵ ਘਨੇਰੇ। ਭਾਜਿ ਮਿਲੇ ਇਕ ਥਲ ਤਿਸ ਬੇਰੇ ॥ ੬ ॥ ਤਿਨ ਕੀ ਸੁਧਿ ਬੰਦੇ ਸੁਨਿ ਲੀਨਿ। ਜਹਾਂ ਗਿਰਿੰਦ੍ਰ ਇਕੱਤ੍ਰ ਪ੍ਰਬੀਨ। ਗੁਰ ਕੋ ਬੈਰ ਲੈਨ ਕੋ ਕਾਜਾ। ਔਚਕ ਹੀ ਚਢਿਬੋ ਤਬਿ ਸਾਜਾ॥ ੭ ॥ ਸੁਧ ਬਿਹੀਨ ਪਹੁੰਚ੍ਯੋ ਤਹਿਂ ਜਾਈ। ਘੇਰ ਲੀਨ ਤਿਨ ਕੋ ਚਹੁੰ ਘਾਈ। ਮਿਲਿ ਕਰਿ ਸਗਰੇ ਅਚਹਿਂ ਅਹਾਰਾ। ਗੁਰ ਦ੍ਰੋਹੀ ਜਿਨ ਅਘ ਕਿਯ ਭਾਰਾ॥ ੮ ॥ ਜਾਇ ਅਚਾਨਕ ਪਕਰੇ ਸਭਿ ਹੀ। ਮੁੰਡੀਆ ਨਾਂਗੇ ਬੈਠੇ ਤਬਿ ਹੀ। ਗਿਨਤੀ ਮਹਿਂ ਬਾਈ ਸੈ ਗਿਨੇ। ਮੀਏਂ ਰਾਜੇ ਰਾਵ ਜਿ ਭਨੇ ॥ ੯ ॥ ਪਕਰਿ ਨਾਕ ਸਭਿ ਕੇ ਕਟਿਵਾਏ। ਜੀਵਤਿ ਕੂਪ ਬਿਖੈ ਗਹਿ ਪਾਏ। ਮੁਖ ਲੌ ਭਰ੍ਯੋ ਮਰੇ ਬਿਚ ਸੋਈ। ਗੁਰ ਦ੍ਰੋਹੀ ਅਘ ਫਲ ਅਸ ਹੋਈ* ॥ ੧੦ ॥ ਪਰਬਤ ਅਪਰ ਸੁਨੇ ਜਹਿਂ ਜਹਾਂ। ਪਹੁੰਚਿ ਪਹੁੰਚਿ ਮਾਰੇ ਸਭਿ ਤਹਾਂ। ਬਾਈਧਾਰਨਿ ਕੇ ਭਟ ਰਾਜੇ। ਗਹਿ ਗਹਿ ਮਾਰੇ ਜਹਿਂ ਜਹਿਂ ਭਾਜੇ ॥ ੧੧ ॥ ਤਬਿ ਚੰਬਯਾਲ ਗਿਰੇਸ਼ੁਰ ਤ੍ਰਾਸਾ। ਦੇਖ੍ਯੋ ਸਭਿ ਕੋ ਕਰਤਿ ਬਿਨਾਸ਼ਾ। ਹੁਤੀ

[1]ਅਰਥਾਤ ਸਿੱਖ ਸੂਰਮੇ। [2]ਜਿਥੇ ਕਿਥੇ। [3]ਜੋ ਬਹੁਤ ਲੜਦਾ ਰਿਹਾ ਸੀ। [4](ਬੰਦਾ) ਆਇਆ।

*ਅਸਲ ਵਿਚ ਇਥੇ ਜੰਗ ਤਾਂ ਹੋਇਆ ਸੀ ਪਰ ਸਿੰਘਾਂ ਨੇ ਜਾਂਦਿਆਂ ਹੀ ਦਰਵਾਜ਼ੇ ਤੋੜ ਲਏ, ਤੇਰਾਂ ਚੌਦਾਂ ਸੌ ਆਦਮੀ ਪਹਾੜੀਆਂ ਦਾ ਇਸ ਜੰਗ ਵਿਚ ਹੱਲੇ ਵਿਚ ਮਾਰਿਆ ਗਿਆ। ਜਿਨ੍ਹਾਂ ਦੀਆਂ ਲੋਥਾਂ ਨੂੰ ਟੋਏ ਖੱਟਕੇ ਦੱਬ ਦਿੱਤਾ। ਨੱਕ ਕੰਨ ਵੱਢਣ ਤੇ ਜੀਊਂਦੇ ਖੂਹ ਵਿਚ ਪਾਉਣ ਦੀ ਗੱਲ ਠੀਕ ਨਹੀਂ।

ਸੁੰਦਰੀ ਦੁਹਿਤਾ ਤਿਸ ਕੀ*। ਚੰਦ ਮੁਖੀ ਕਟ ਛੀਨੀ ਜਿਸ ਕੀ ॥ ੧੨ ।
ਕਮਲ ਪਾਂਖਰੀ ਆਂਖ ਬਿਸਾਲੀ। ਮਨਹੁਂ ਕਾਮ ਨੇ ਸੂਰਤ ਢਾਲੀ। ਉੱਨਤ
ਕੂਚਾ ਪੀਨ ਮ੍ਰਿਦੁ ਬੋਲ। ਮੁਕਰ ਬਦਨ[1] ਜੁਗ ਲਸਤਿ ਕਪੋਲ ॥ ੧੩ ॥
ਨਿਜ ਪੁੱਤ੍ਰੀ ਕੋ ਅਧਿਕ ਸ਼ਿੰਗਾਰੇ। ਕੌਨ ਕੌਨ ਛਬਿ ਕਰੌਂ ਉਚਾਰੇ। ਜਿਸ
ਕੋ ਹੇਰਤਿ ਬਿਰਮਹਿ ਜੋਗੀ। ਗਿਨਤੀ ਕਹਾਂ ਜਿ ਲੰਪਟ ਭੋਗੀ ॥ ੧੪ ॥
ਕਜਰਾਰੇ ਮ੍ਰਿਗਨੈਨ ਸਵਾਰੇ। ਹਾਥ ਕਮਲ ਮਹਿੰਦੀ ਅਰੁਨਾਰੇ[2]। ਤਿਸ
ਕੋ ਡੋਰੇ ਮਹਿਂ ਬੈਠਾਇ। ਸੰਗ ਸਖੀ ਗਨ ਬਧ ਤਰੁਨਾਇ॥ ੧੫ ॥ ਸੋ ਬੰਦੇ
ਕੇ ਨਿਕਟਿ ਪਠਾਈ। ਨਿਸਾ ਪਰੀ ਸਮ ਪਰੀ[3] ਸੁ ਆਈ।ਜਬਿ ਸੁੰਦਰ ਤਿਸ
ਤਨ ਕੋ ਜੋਵਾ। ਗੁਰ ਬਚ ਬਿਸਰਿ ਮਦਨ ਬਸਿ ਹੋਵਾ॥ ੧੬ ॥ ਭਯੋ ਬਿਬਸ
ਧੀਰਜ ਕੋ ਛੋਰਾ। ਹੁਤੋ ਲੰਗੋਟ ਬੰਦ ਸੋ ਤੋਰਾ। ਮਰਨ ਆਪਨੋ ਭੀ ਤਬਿ
ਭੂਲਾ।ਚਢਿ ਮਨਮਥ ਹਿੰਡੋਲੇ ਝੂਲਾ[4] ॥੧੭॥ ਬਰੀ,ਕਰੀਤ੍ਰਿਯ[5]†,ਰਹਯੋ ਨ
ਗਯੋ। ਕਾਮ ਨਦੀ ਮਾਂਹਿ ਬੂਡਤਿ ਭਯੋ। ਸਭਿ ਬਸਿ ਕੀਨੇ ਪਰਬਤ ਬਾਸੀ।
ਲਰਯੋ ਅਰਯੋ ਸੋ ਭਯੋ ਬਿਨਾਸ਼ੀ ॥ ੧੮ ॥ ਤੋਰਿ ਮਵਾਸ ਗਿਰੇਸ਼ੁਰ ਸਾਰੇ।
ਹਟਯੋ ਬਹੁਰ ਦਲ ਲੈ ਨਿਜ ਨਾਰੇ। ਸੈਲ ਸਮੂਹਨਿ ਕੀ ਕਰਿ ਸੈਲ। ਨਿਕ-
ਸਯੋ ਵਹਿਰ ਧਰੇ ਬਹੁ ਐਲ[6] ॥ ੧੯ ॥ ਸਤੁੱਦ੍ਰਵ ਸਲਿਤਾ ਉਤਰਯੋ ਪਾਰ।
ਪ੍ਰਵਿਸ਼ਯੋ ਦੂਾਬੇ ਦੇਸ਼ ਮਝਾਰ। ਨਗਰ ਗ੍ਰਾਮ ਲੂਟਤਿ ਅਰੁ ਮਾਰਤਿ।
ਘਾਲਤਿ ਧੂਮ ਸੁ ਜ਼ੋਰ ਪਧਾਰਤਿ ॥੨੦॥ ਪੁਰੀ ਜਲੰਧਰ ਜੋ ਤੁਰੈਕਾਨਾ।ਲੂਟਿ
ਕੂਟਿ ਕੀਨੋ ਸਭਿ ਹਾਨਾ। ਅਪਰ ਸ਼ਹਿਰ ਜੇਤਿਕ ਤਹਿ ਭਾਰੇ। ਸਕਲ
ਚਮੂੰ ਨੇ ਛੀਨਿ ਉਜਾਰੇ ॥੨੧॥ਜੋ ਸੈਨਾ ਤੁਰਕਨਿ ਕੀ ਆਵੈ। ਸੰਘਰ ਘਾਲਿ
ਤੁਰਤ ਬਿਨਸਾਵੈ। ਪੁਨ ਮਾਝੇ ਬਡ ਦੇਸ਼ ਪਧਾਰਾ। ਦੌਰਿ ਦੂਰ ਤੇ ਬਡ ਪੁਰਿ
ਮਾਰਾ ॥ ੨੨ ॥ ਨਾਮ ਬਟਾਲਾ‡ ਜਿਸ ਕੋ ਕਹੈਂ। ਛੀਨ ਲੀਨਿ ਜੇਤਿਕ
ਧਨ ਅਹੈ। ਲਵਪੁਰਿ ਆਦਿਕ ਬਡੇ ਸਥਾਨਾ। ਜਹਾਂ ਬਿਸਾਲ ਜੋਰ ਤੁਰ-
ਕਾਨਾ ॥੨੩॥ ਇਕਠੇ ਹੋਇ ਸੁ ਲਾਖਹੁਂ ਲਸ਼ਕਰਿ। ਲਰਿਬੇ ਹੇਤੁ ਸਮੁਖ ਭੇ

[1]ਸ਼ੀਸ਼ੇ ਵਰਗਾ ਮੁਖ। [2]ਮਹਿੰਦੀ ਕਰਕੇ ਲਾਲ। [3]ਪਰੀ ਵਾਂਙ। [4]ਕਾਮ ਦੇ ਪੰਘੂੜੇ ਚੜ੍ਹਕੇ ਝੂਟਿਆ। [5]ਵਿਆਹੀ ਤੇ (ਆਪਣੀ) ਇਸਤ੍ਰੀ ਬਣਾ ਲਈ। [6]ਬਹੁਤ ਰੌਲਾ ਪਾਕੇ। (ਅ) ਖੁਸ਼ੀ ਧਾਰਕੇ।

*ਇਹ ਏਥੇ ਦੀ ਰਾਜ ਕੰਨਜਾ ਪਦਮਾ ਨਹੀਂ ਹੈ ਜੋ ਸਤਿਗੁਰਾਂ ਨੂੰ ਮਿਲੀ ਸੀ, ਸੋ ਗੁਰੂ ਗੁਰੂ ਜਪਦੀ ਤਦੋਂ ਹੀ ਪ੍ਰਲੋਕ ਜਾ ਬਸੀ ਸੀ। ਇਹ ਕੋਈ ਹੋਰ ਬੀਬੀ ਹੈ। †ਦੇਖੋ ਜੋ ਬੰਦੇ ਨੇ ਜਤੀ ਹੋਣਾ ਛਡਿਆ ਹੈ ਤਾਂ ਵਿਆਹ ਕੀਤੇ ਬਿਨਾਂ ਇਸਤ੍ਰੀ ਨਹੀਂ ਲਈ। ‡ਵਟਾਲਾ ਬੀ ਇਕ ਮੁਸਲਮਾਨੀ ਗੜ੍ਹ ਸੀ। ਬੰਦੇ ਦੀ ਲੁੱਟ, ਮਾਰ ਕੁੱਟ ਸਭ ਤੁਰਕਾਂ ਨਾਲ ਸੀ। ਖਾਲਸੇ ਦਲਾਂ ਨੂੰ ਹੁਕਮ ਸੀ ਕਿ ਜੋ ਕੋਈ ਬੇਦੀ ਜੰਞੂ ਦਿਖਾਵੇ ਉਸ ਨੂੰ ਨਾਂ ਹੀ ਮਾਰਨਾ ਤੇ ਨਾਂ ਹੀ ਲੁੱਟਣਾ।

ਬਲ ਧਰਿ। ਚਪਾ ਚਿੜੀ* ਨੱਗਰ ਜਿਹ ਥਾਨਾ। ਤਹਿਂ ਮੁਕਾਬਲਾ ਭਯੋ ਮਹਾਨਾ ॥ ੨੪ ॥ ਕਹੌਂ ਕਹਾਂ ਲਗਿ ਮਚੀ ਲਰਾਈ। ਤੁਰਕਾਨਾ ਮਾਰਯੋ ਸਮੁਦਾਈ। ਲਰੇ ਅਨੰਦ ਪੁਰੇ ਜੋ ਜਾਇ। ਸੋ ਸੰਘਰ ਕਰਿ ਲੀਨੇ ਘਾਇ ॥ ੨੫॥ ਜ਼ਬਰਦਸਤ† ਸੂਬਾ ਬਡ ਭਾਰਾ। ਲਰਿ ਬੰਦੇ ਤਤਛਿਨ ਸੰਘਾਰਾ। ਅਪਰ ਸੈਨ ਕੇ ਜੋ ਉਮਰਾਵ। ਘੇਰਿ ਘੇਰਿ ਮਾਰੇ ਕਰਿ ਘਾਵ ॥੨੬॥ ਕਹੂੰ ਨ ਬਿਜੈ ਪਾਇ ਤੁਰਕਾਨਾ। ਜਹਿਂ ਜਹਿਂ ਲਰੇ ਤਹਾਂ ਤਹਿਂ ਹਾਨਾ। ਗੁਰ ਤੀਰਥ ਕੋ ਅਧਿਕ ਪ੍ਰਤਾਪੂ। ਲਾਖਹੁਂ ਦੁਸ਼ਟਨ ਕੋ ਸੰਤਾਪੂ ॥ ੨੭ ॥ ਕਹੌਂ ਕਹਾਂ ਲਗਿ ਰਿਪੁ ਗਨ ਮਾਰੇ। ਲਰਿ ਲਰਿ ਸਨਮੁਖ ਮਾਰਿ ਨਿਵਾਰੇ।ਦੇਸ਼ਨਿ ਬਿਖੈ ਅਮਲ[1] ਨਿਜ ਕਰਯੋ। ਭਈ ਪ੍ਰਜਾ ਹਾਲਾ ਗਨ ਭਰਯੋ ॥੨੮॥ ਇਤਨੇ ਮਹਿਂ ਦਿੱਲੀ ਤੇ ਲਸ਼ਕਰ। ਆਏ ਲਾਖਹੁਂ ਸ਼ੋਰ ਮਹਾਂ ਧਰਿ। ਸੁਨਿ ਬੰਦਾ ਸਨਮੁਖ ਹੀ ਗਯੋ। ਸਤੁੱਦ੍ਰਵ ਸਲਿਤਾ ਉਲੰਘਤਿ ਭਯੋ ॥ ੨੯ ॥ ਲੁਦਵਲ ਨਗਰ ਮਾਰਿ ਕਰਿ ਲਰਯੋ। ਤੁਰਕਨਿ ਸੰਗ ਜੰਗ ਬਡ ਕਰਯੋ। ਤੁਪਕ ਤੋਪ ਜੰਜੈਲ ਚਲਾਵੈ। ਤੀਰ ਤਬਰ ਤੋਮਰ ਸੁ ਭ੍ਰਮਾਵੈ ॥ ੩੦ ॥ ਭਯੋ ਭੇੜ ਓੜਕ ਕੋ ਭਾਰਾ। ਸੋ ਲਸ਼ਕਰ ਭੀ ਲਰਿ ਕਰਿ ਮਾਰਾ।ਤਿਸੀ ਦੇਸ਼ ਕੇ ਪੁਰਿ ਗਨ ਗ੍ਰਾਮੂ। ਲੂਟੇ ਕੂਟਿ ਉਜਾਰੇ ਧਾਮੂ ॥੩੧॥ ਪੁਨ ਦ੍ਵਾਬੇ ਮਹਿਂ ਭਯੋ ਪ੍ਰਵੇਸ਼। ਛੀਨਤਿ ਧਨ ਰਿਪੁ ਹਤੇ ਅਸ਼ੇਸ਼। ਨਗਰ ਦੱਖਣੀ ਕੋ ਤਬਿ ਮਾਰਯੋ। ਫਿਰੇ ਮਹਾਂਦਲ ਸਕਲ ਉਜਾਰਯੋ ॥੩੨॥ ਪੁਨ ਗੁਰਦਾਸ ਪੁਰੇ ਕੋ ਲੂਟਾ। ਸਨਮੁਖ ਲਰਯੋ ਲੀਨ ਸੋ ਕੂਟਾ। ਇਸ ਬਿਧਿ ਸਗਰੋ ਕਥਾ ਪ੍ਰਸੰਗ। ਰਾਮ ਕੁਇਰ ਕਹਿ ਸ਼੍ਰੋਤਨ ਸੰਗ ॥ ੩੩ ॥ ਬਡੇ ਜੁੱਧ ਕਰਿ ਦੁਰਜਨ ਘਾਏ। ਹਮ[2] ਭੀ ਤਬਿ

[1]ਹਕੂਮਤ। [2](ਸਾਹਿਬ ਰਾਮ ਕੌਰ ਜੀ ਕਹਿੰਦੇ ਹਨ ਕਿ) ਅਸੀਂ ਬੀ ਤਦੋਂ ਬੰਦੇ ਨੂੰ ਆਕੇ ਮਿਲੇ।

*ਕਵੀ ਜੀ ਨੂੰ ਚਪੜ ਚਿੜੀ ਭਾਰੀ ਜੁੱਧ ਦੀ ਸੂਹ ਤਾਂ ਮਿਲੀ ਹੈ ਪਰ ਵੇਰਵਾ ਨਹੀਂ ਮਿਲਿਆ ਕਿ ਇਸੇ ਥਾਂ ਤੇ ਹੀ ਸਰਹਿੰਦ ਦਾ ਜੁੱਧ ਹੋਇਆ ਸੀ ਜੈਸਾ ਕਿ ਪਿਛੇ ਦੱਸ ਆਏ ਹਾਂ ਦੇਖੋ ਪੰਨਾ ੬੨੬੫ ਦੀ ਹੂਕ*। †ਪਹਿਲੇ ਨਾਮ ਜ਼ਬਰਦਸਤ ਆਇਆ ਸੀ, ਫੇਰ ਜ਼ੋਰਦਸਤ ਲਿਖਦੇ ਰਹੇ ਹਨ, ਹੁਣ ਫੇਰ ਜ਼ਬਰਦਸਤ ਆਇਆ ਹੈ। ਕਵਿ ਜੀ ਨੂੰ ਸੁਧਾਈ ਦਾ ਸਮਾਂ ਨਹੀਂ ਮਿਲਿਆ ਗ੍ਰੰਥ ਸੰਪੂਰਨ ਕਰਕੇ ਛੇਤੀ ਹੀ ਚੜ੍ਹਾਈ ਕਰ ਗਏ ਸਨ। ਜੰਗ ਅਨੰਦ ਪੁਰ ਦੇ ਸਮੇਂ ਜ਼ਬਰਦਸਤ ਖਾਂ ਲਾਹੌਰ ਦਾ ਸੂਬਾ ਨਹੀਂ ਸੀ ਪਰ ਫੌਜਦਾਰ ਸੀ। ਇਸ ਨੂੰ ਸੂਬੇਦਾਰੀ ਜਹਾਂਦਾਰ ਪਾਤਸ਼ਾਹ ਦੇ ਸਮੇਂ ੧੧੨੪ ਹਿ: ਦੇ ਅਰੰਭ ਵਿਚ ਮਿਲੀ ਸੀ, ਪਰ ਏਹ ਥੋੜੇ ਚਿਰ ਬਾਦ ਮਰ ਗਿਆ। ਫਰੁਖਸੀਅਰ ਨੇ ਅਬਦੁੱਸਮੱਦ ਨੂੰ ਮੁਹੱਰਮ ੧੧੨੫ ਹਿਜਰੀ (ਫਰਵਰੀ ੧੭੧੩ ਈ: ਯਾ ੧੭੭੦ ਬਿ:) ਵਿਚ ਲਾਹੌਰ ਦਾ ਜਥੇਦਾਰ ਥਾਪਿਆ। ਉਂਵ ਜੰਗ ਅਨੰਦਪੁਰ ਵਿੱਚ ਇਹ ਸ਼ਾਮਲ ਸੀ। ਬਹਾਦਰ ਸ਼ਾਹ ਦੇ ਵੇਲੇ ਜ਼ਬਰਦਸਤ ਖਾਂ ਜੀਉਂਦਾ ਸੀ।

ਮਿਲਨੇ ਹਿਤ ਆਇ। ਬਹੁ ਲੋਕਨਿ ਬਿਰਤੰਤ ਹਮਾਰਾ। ਬੰਦੇ ਕੋ ਸੁਨਾਇ ਕਰਿ ਸਾਰਾ ॥੩੪॥ ਸਾਦਰ ਮੇਲ ਭਯੋ ਹਰਖਾਏ। ਰਾਖਯੋ ਸੰਗ ਹਮੈਂ ਤਿਸ ਥਾਏਂ। ਸਾਧੇ ਦੇਸ਼ ਮਵਾਸੀ ਸਾਰੇ।ਰਹਯੋ ਸੁਧਾਸਰ ਪੁਨ ਦੀਦਾਰੇ* ॥ ੩੫ ॥ ਘਟਾ ਮਨਿੰਦ ਬਿਲੰਦ ਚਮੂੰ ਅਤਿ। ਸਿੰਘ ਹਜ਼ਾਰਹੁੰ ਮਿਲੇ ਹਰਖ ਚਿਤ। ਦੁੰਦਭਿ ਬਜੇ ਹਜ਼ਾਰਹੁੰ ਆਗੈ। ਦੂਰ ਦੂਰ ਕੇ ਨਰ ਗਨ ਭਾਗੇ ॥੩੬॥ ਦਿੱਲੀ ਮਹਿਂ ਦਬਕਾ ਬਹੁ ਪਰਯੋ। ਜਿਤ ਕਿਤ ਦੇਸ਼ ਤ੍ਰਾਸ ਮਹਿਂ ਭਰਯੋ। ਛੋਰਿ ਛੋਰਿ ਧਾਮਨ ਕੋ ਭਾਗੇ। ਅਰੈਂ ਨ ਲਰੈਂ ਤੁਰਕ ਰਣ ਤਯਾਗੇ॥੩੭॥ ਦਿੱਲੀ ਮਹਿਂ ਨਿਤ ਅਤਿ ਤਕਰਾਈ। ਕਰਿਕਰਿ ਬੈਠਤਿ ਅਰਿ ਸਮੁਦਾਈ। ਪਰੀ ਧਾਂਕ ਬਡ ਧੂਮ ਉਤਾਰੀ। ਸਭਿ ਤੁਰਕਾਨੇ ਮਹਿਂ ਡਰ ਭਾਰੀ॥੩੮॥ਕਬਿ ਕਬਿ ਸੂਬੇ ਹ੍ਵੈ ਇਕ ਥਾਂਈ। ਲਸ਼ਕਰ ਮੇਲਿ ਮੇਲਿ ਸਮੁਦਾਈ। ਸਨਮੁਖ ਅਰਿ ਅਰਿ ਲਰਿ ਲਰਿ ਮਾਰੈਂ। ਮਾਰ ਖਾਇ ਕੋ ਤ੍ਰਾਸ ਪਧਾਰੈਂ ॥੩੯॥ ਲਾਖਹੁੰ ਲਸ਼ਕਰ ਲੀਨੇ ਘਾਇ। ਲਰਯੋ ਸੋ ਕਯੋਂਹੂੰ ਹ੍ਵੈ ਨ ਬਚਾਇ। ਸ਼ੋਰ ਜ਼ੋਰ ਕੋ ਘਾਲਿ ਬਿਸਾਲਾ। ਪੁਨ ਭਾਜਹਿਂ ਹ੍ਵੈ ਕਾਲ ਦੁਖਾਲਾ ॥੪੦॥ ਕਈ ਬਾਰ ਤੁਰਕਾਨਾ ਮਿਲਿ ਮਿਲਿ। ਭੇ ਸਨਮੁਖ ਰਣ ਕੇ ਰਿਸ ਪਿਲਿ ਪਿਲਿ। ਲਰੇ ਬੀਰ ਛਿਦ ਤਨ ਹ੍ਵੈ ਤਿਲ ਤਿਲ। ਬਿਜੈ ਲੇਨਿ ਹਿਤ ਆਗੇ ਠਿਲਿ ਠਿਲਿ ॥੪੧॥ ਇਮ ਬੰਦੇ ਦੇਸ਼ਨ ਜੈ ਪਾਈ। ਸਭਿ ਪਰ ਅਪਨਿ ਅਮਲ ਠਹਿਰਾਈ। ਜਹਿਂ ਕਹਿਂ ਪਠਏ ਠਾਨੇਦਾਰ ॥ ਨਯਾਂਇ ਨਿਬੇਰਨਿ ਕੀ ਕਰਿ ਕਾਰ॥੪੨॥ਕਰੈਂ ਹੁਕਮ,ਹਾਲਾ ਧਨੁ ਲੇਤ। ਬੰਦੇ ਨਿਕਟ ਪੁਚਾਇ ਸੁ ਦੇਤ। ਦਿੱਲੀ ਮਹਿਂ ਮਿਲਿ ਕਰਿ ਤੁਰਕਾਨਾ। ਭਏ ਮਵਾਸੀ ਡਰ ਬਹੁ ਮਾਨਾ ॥ ੪੩ ॥ ਬਹੁ ਬਰੂਦ ਸੋਂ ਗੋਰਾ ਗੋਰੀ। ਕੋਟ ਸੁਧਾਰਯੋ ਪੁਰਿ ਚਹੁੰ ਓਰੀ। ਤੋਪ ਸੁ ਧਾਰਿ ਧਰੀ ਬਹੁ ਥਾਨਾ।'ਹਨੈਂ ਇਹਾਂ ਮਿਲਿ' ਕਰੈਂ ਬਖਾਨਾ†॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਬੰਦੇ' ਪ੍ਰਸੰਗ ਬਰਨਨ ਨਾਮ ਇਕਾਦਸ਼ਮੋ ਅੰਸੂ ॥੧੧॥

*ਇਹ ਮੇਲ ਸੌ ਸਾਖੀ ਨੇ ਦੱਸਿਆ ਹੈ, ਕਾਸ਼ ! ਇਸ ਮੇਲ ਦਾ ਸੰਮਤ ਬੀ ਦੱਸਿਆ ਹੁੰਦਾ ਤਾਂ ਕਈ ਭੁਲੇਵੇ ਬੰਦੇ ਸਿੰਘ ਦੇ ਦੌਰੇ ਦੇ ਨਿਕਲ ਜਾਂਦੇ।

†ਅਸਲ ਵਿੱਚ ਕਵੀ ਜੀ ਨੂੰ ਸਵਿਸਥਾਰ ਤੇ ਸਿਲਸਿਲੇਵਾਰ ਹਾਲ ਬੰਦੇ ਦਾ ਨਹੀਂ ਮਿਲਿਆ, ਸਾਡੇ ਲਈ ਬੀ ਏਥੇ ਟੂਕਾਂ ਵਿਚ ਵਿਸਥਾਰ ਕਰਨਾ ਕਠਨ ਹੈ ਪਰ ਸਰਹਿੰਦ ਦੀ ਫਤੇ ਦੇ ਬਾਦ ਯੁੱਧਾਂ ਦੀ ਲੜੀ ਤੇ ਮੋਟੇ ਮੋਟੇ ਹਾਲ ਸੰਖੇਪ ਮਾਤ੍ਰ ਐਉਂ ਹਨ:—

ਸਰਹਿੰਦ ਫਤੇ ਕਰਕੇ ਬੰਦੇ ਨੇ ਬਾਜ਼ ਸਿੰਘ ਨੂੰ, ਜੋ ਅੰਤ ਤੀਕ ਉਸ ਦਾ ਸੱਚਾ ਮਿੱਤ੍ਰ ਰਿਹਾ ਤੇ ਦਿੱਲੀ ਜਾਕੇ ਨਾਲ ਸ਼ਹੀਦ ਹੋਇਆ, ਸਰਹਿੰਦ ਦਾ ਫੌਜਦਾਰ ਥਾਪਿਆ,

[ਬਾਕੀ ਟੂਕ ਵੇਖੋ ਅਗਲੇ ਪੰਨੇ ਦੇ ਹੇਠ]

ਆਲੀ ਸਿੰਘ ਉਸ ਦਾ ਨਾਇਬ ਹੋਇਆ। ਸਮਾਣੇ ਦਾ ਇਲਾਕਾ ਫਤਹ ਸਿੰਘ ਭਾਈ ਕਿਆਂ ਦੇ ਨੂੰ ਦਿੱਤਾ ਤੇ ਨਵਾਬੀ ਦਾ ਖਿਤਾਬ ਦਿੱਤਾ। ਬਨੋਸਰ ਦਾ ਇਲਾਕਾ ਬਾਬਾ ਬਿਨੋਦ ਸਿੰਘ ਤੇ ਰਾਮ ਸਿੰਘ,ਜੋ ਬਾਜ਼ ਸਿੰਘ ਦਾ ਭਰਾ ਸੀ, ਦੇ ਸਪੁਰਦ ਹੋਇਆ।

ਹੁਣ ਮਨਸੂਰ ਪੁਰ, ਤੇ ਕੌਂਥਲ ਆਦਿਕ ਬੀ ਸਾਧੇ। ਫੇਰ ਬੰਦਾ ਮਲੇਰਕੋਟਲੇ ਗਿਆ। ਉਥੇ ਇਕ ਕਿਸ਼ਨ ਦਾਸ ਬਾਣੀਏਂ ਨੇ ਕੁਛ ਭੇਟਾ ਦੇਕੇ ਸ਼ਹਿਰ ਬਚਾ ਲਿਆ। ਇਹ ਕਿਸ਼ਨ ਦਾਸ ਬੰਦੇ ਦਾ ਪੁਰਾਣਾ ਮੇਲੀ ਸੀ।

ਇਸ ਤੋਂ ਮਗਰੋਂ ਬੰਦਾ ਸਹਾਰਨਪੁਰ ਦੇ ਇਲਾਕੇ ਵਿਚ ਉਨਾਰਸਾ ਪਿੰਡ ਵਿਖੇ ਸਿਖਾਂ ਤੇ ਹਿੰਦੂਆਂ ਨੂੰ ਤਕਲੀਫ ਵਿਚ ਸੁਣਕੇ ਸਹਾਰਨਪੁਰ ਪੁੱਜਾ, ਹਾਕਮ ਸਿਖਾਂ ਦੀ ਅਵਾਈ ਸੁਣਕੇ ਦਿੱਲੀ ਨੱਸ ਗਿਆ, ਬਿਨਾਂ ਕਿਸੇ ਜੰਗ ਦੇ ਸਹਾਰਨਪੁਰ ਤੇ ਬੰਦੇ ਦਾ ਕਬਜ਼ਾ ਹੋ ਗਿਆ। ਇਥੋਂ ਇਕ ਦਸਤਾ ਭੇਜਕੇ ਬੇਹਟ ਪਿੰਡ ਨੂੰ ਅਧੀਨ ਕੀਤਾ। ਸਹਾਰਨਪੁਰ ਤੋਂ ਜਲਾਲਾਬਾਦ ਤੇ ਚੜ੍ਹਾਈ ਕੀਤੀ, ਰਾਹ ਵਿਚ ਅੰਬੇਹਟ ਤੇ ਧਾਵਾ ਕਰਕੇ ਸਰ ਕੀਤਾ। ਰਾਹ ਵਿਚ ਨਨੌਤਾ ਪਿੰਡ ਆਇਆ ਸਾਵਨ ਵਦੀ ੧੧ ਸੰ: ੧੭੬੭ ਬਿ: ਨੂੰ ਇਹ ਇਕ ਹੱਲੇ ਵਿਚ ਹੀ ਅਧੀਨ ਕਰ ਲਿਆ। ਇਥੋਂ ਸਿੰਘਾਂ ਜਲਾਲਾਬਾਦ ਨੂੰ ਘੇਰਾ ਜਾ ਪਾਇਆ। ਲਾਗੇ ਦੇ ਪਿੰਡਾਂ ਦੀ ਸੋਧ ਕੀਤੀ। ਜਲਾਲਾਬਾਦ ਦਾ ਮੋਰਚਾ ਛੱਡਕੇ ਕਰਨਾਲ ਜਾ ਪੁਜੇ। ਇਧਰ ਦਾ ਫੌਜਦਾਰ ਸਾਹਮਣੇ ਹੋਇਆ ਪਰ ਮਾਮੂਲੀ ਜਿਹੀ ਝੜਪ ਵਿਚ ਹੀ ਨੱਸ ਗਿਆ ਤੇ ਸਿਖਾਂ ਨੇ ਪਾਣੀਪਤ ਤੀਕ ਆਪਣਾ ਸਿੱਕਾ ਜਮਾ ਲਿਆ, ਉਸ ਵੇਲੇ ਕਿਸੇ ਨੂੰ ਹਿੰਮਤ ਸਿੰਘਾਂ ਦੇ ਸਾਹਮਣੇ ਆਉਣ ਦੀ ਨਹੀਂ ਸੀ। ਪਾਣੀਪਤ ਤੋਂ ਸਿਖ ਸਰਹਿੰਦ ਵਲ ਵਾਪਸ ਮੁੜੇ।

ਇਧਰ ਦੀਆਂ ਖ਼ਬਰਾਂ ਸੁਣਕੇ ਘਰੀਂ ਰਹੇ ਮਾਝੇ ਦੇ ਤੇ ਹੋਰ ਸਿੰਘ ਇਕੱਠੇ ਹੋਕੇ ਰਿਆੜਕੀ ਨੂੰ ਤੁਰ ਪਏ ਤੇ ਇਲਾਕੇ ਫਤੇ ਕਰਨ ਲਗੇ, ਪਠਾਣਕੋਟ ਤਕ ਫਤੇ ਕਰਕੇ ਲਾਹੌਰ ਦੇ ਸ਼ਾਲਾਮਾਰ ਤਕ ਅੱਪੜੇ। ਲਾਹੌਰ ਦਾ ਹਾਕਮ ਅਸਲਮਖਾਂ ਦਬਕ ਗਿਆ। ਪਿੰਡਾਂ ਦੇ ਮੌਲਵੀ ਨੱਸਕੇ ਲਾਹੌਰ ਆ ਗਏ ਤੇ ਰੌਲਾ ਪਾਕੇ ਸਿੱਖਾਂ ਦੇ ਵਿਰੁਧ ਹੈਦਰੀ ਝੰਡਾ ਖੜਾ ਕਰ ਦਿੱਤਾ, ਇਹਨਾਂ ਦੇ ਖਾਲਸੇ ਨਾਲ ਟਾਕਰੇ ਹੋਏ ਤੇ ਅੰਤ ਸਿੰਘਾਂ ਨੇ ਇਹਨਾਂ ਦਾ ਮੂੰਹ ਮੋੜ ਦਿੱਤਾ।

[ਮੁਹੰਮਦ ਕਾਸਮ

ਉੱਧਰ ਦਵਾਬੇ ਵਿਚ ਬੀ ਸਿੰਘ ਉਠ ਪਏ, ਬੰਦੇ ਨੇ ਕੁਛ ਕੁਮਕ ਇਹਨਾਂ ਨੂੰ ਘੱਲੀ ਸੀ। ਪਹਿਲਾ ਹੱਲਾ ਰਾਹੋਂ ਤੇ ਹੋਇਆ। ਇਥੇ ਇਨਾਯਤ ਖਾਂ ਇਕ ਧਾੜਵੀ ਸੀ ਜਿਸ ਤੋਂ ਹਾਕਮ ਬੀ ਡਰਦੇ ਸਨ। ਪਹਿਲਾਂ ਖਾਲਸੇ ਨੇ ਇਸੇ ਨੂੰ ਲੁੱਟ ਕੁੱਟ ਲਿਆ। ਅਜੇ ਸਿੰਘ ਏਧਰ ਹੀ ਸਨ ਕਿ ਸੁਲਤਾਨ ਪੁਰ ਦਾ ਹਾਕਮ ਸ਼ਮਸ ਖਾਂ,ਜੋ ਦਵਾਬੇ ਦਾ ਫੌਜਦਾਰ ਸੀ, ਭਾਰੀ ਲਸ਼ਕਰ ਲੈਕੇ ਆ ਪਿਆ। ਇਸ ਦੇ ਨਾਲ ਫੌਜ ਤੇ ਮੁਸਲਮਾਨੀ ਮੁਲਖੱਯਾ ਦੀਨ ਦਾ ਜੰਗ ਕਰਨ ਆਇਆ ਸੀ। ਖਫੀ ਖਾਂ ਲਿਖਦਾ ਹੈ ਕਿ ੨੦ ਹਜ਼ਾਰ ਸਿਪਾਹੀ ਸੀ ਤੇ ਮੁਲਖੱਯਾ ਡੇਢ ਕੁ ਲੱਖ ਸੀ, ਪਰ ਏਹ ਗਿਣਤੀ ਵਧਾਕੇ ਲਿਖੀ ਜਾਪਦੀ ਹੈ। ਤਦ ਬੀ ਬਹੁਤ ਭਾਰੀ ਭੀੜ ਆਈ ਸੀ। ਜੰਗ ਬੜਾ ਹੋਇਆ, ਛੇੜਾਂ ਦੇ ਆਦਮੀ ਬੜੇ ਮਰੇ, ਪਰ ਗਿਣਤੀ ਬਹੁਤੀ ਹੋਣ ਕਰਕੇ ਸਿੰਘ ਰਾਹੋਂ ਦੇ ਕਿਲੇ ਜਾ ਵੜੇ ਤੇ ਅੰਦਰੋਂ ਲਗੇ ਵੈਰੀ ਨੂੰ ਫੁੰਡਣ, ਇਉਂ ਰਾਤ ਪੈ ਗਈ।

ਰਾਤ ਨੂੰ ਖਾਲਸਾ ਕਿਲੇ ਵਿਚੋਂ ਚੁੱਪ ਚੁਪਾਤਾ ਨਿਕਲ ਗਿਆ । ਸ਼ਮਸ ਖਾਂ ਖਹਿੜਾ ਛੁੱਟਾ ਸਮਝਕੇ ਸੁਲਤਾਨ ਪੁਰ ਚਲਾ ਗਿਆ ਤੇ ਸਿੰਘਾਂ ਨੇ ਰਾਹੋਂ ਫੇਰ ਆ ਮੱਲੀ । ਏਥੋਂ ਉਠਕੇ ਜਲੰਧਰ ਹੁਸ਼ਿਆਰਪੁਰ ਆਦਿ ਟਿਕਾਣੇ ਮੱਲ ਲਏ। ਸੁਲਤਾਨ ਪੁਰ ਨੂੰ ਘੇਰੇ ਪਾਉਂਦੇ ਪਰ ਇਲਾਕਾ ਲੁੱਟ ਪੁੱਟਕੇ ਫਿਰ ਛੋੜਕੇ ਮੁੜ ਜਾਂਦੇ ।

ਇਸੀ ਤਰ੍ਹਾਂ ਸਿੰਘਾਂ ਨੇ ਬਿਲਾਸਪੁਰ ਮਾਰ ਲਿਆ ਸੀ । ਜਿਸ ਦਾ ਜ਼ਿਕਰ ਇਸ ਅੰਸੂ ਵਿਚ ਆ ਚੁਕਾ ਹੈ। ਕਵਿ ਜੀ ਲਿਖਦੇ ਹਨ ਕਿ ਬੰਦਾ ਏਥੇ ਨਾਲ ਸੀ, ਕਈਆਂ ਦਾ ਖਿਆਲ ਹੈ ਕਿ ਨਹੀਂ ਸੀ ।

ਉਧਰ ਬਹਾਦਰ ਸ਼ਾਹ ਦੱਖਣ ਤੋਂ ਵਿਹਲਾ ਹੋ ਰਾਜਪੂਤ ਰਾਜਿਆਂ ਨੂੰ ਸਿੱਧਿਆਂ ਕਰਨ ਆ ਪਹੁੰਚਾ ਸੀ ਕਿ ਉਸ ਨੂੰ ਪੰਜਾਬ ਦੇ ਹਾਲਾਤ ਅੱਪੜੇ, ਸੋ ਉਹ ਬੰਦੇ ਨੂੰ ਸੋਧਣ ਸਿੱਧਾ ਪੰਜਾਬ ਨੂੰ ਆਇਆ। ਪਾਤਸ਼ਾਹ ਦਾ ਲਸ਼ਕਰ,ਜੋ ਉਸ ਤੋਂ ਅੱਗੇ ਆ ਰਿਹਾ ਸੀ,ਕੱਤਕ ੧੭੬੭ ਵਿਚ ਅਮੀਨਗੜ ਅੱਪੜਿਆ,ਤੇ ਏਥੇ ਸਿੰਘਾਂ ਨਾਲ ਜੰਗ ਛਿੜ ਪਿਆ । ਏਥੇ ਕਿੰਨਾ ਚਿਰ ਜੰਗ ਰਿਹਾ, ਸਿੰਘ ਜਾਨਾਂ ਤੋੜ ਤੋੜ ਲੜੇ। ਪਾਤਸ਼ਾਹੀ ਸੈਨਾ ਦਾ ਬੜਾ ਜਾਨ ਹੋਇਆ, ਪਰ ਅੰਤ ਮੈਦਾਨ ਉਹਨਾਂ ਦੇ ਹੱਥ ਰਿਹਾ । ਏਸੇ ਲਸ਼ਕਰ ਨੇ ਫੇਰ ਅਗੇ ਵਧਕੇ ਸਰਹਿੰਦ ਮੋੜ ਲਿਆ ਤੇ ਸਢੌਰੇ ਪਾਤਸ਼ਾਹ ਬੀ ਇਸ ਨੂੰ ਆ ਮਿਲਿਆ।

ਸਰਹਿੰਦ ਮਾਰਕੇ ਬੰਦਾ ਮੁਖਲਸ ਗੜ੍ਹ (ਲੋਹਗੜ੍ਹ) ਠਹਿਰਿਆ ਹੋਇਆ ਸੀ, ਗਰਮੀਆਂ ਦੇ ਦਿਨ ਇਸ ਨੇ ਉਥੇ ਹੀ ਕੱਟੇ। ਸਰਹਿੰਦ ਮਾਰਨ ਪਿਛੋਂ ਬਹੁਤੀਆਂ ਲੜਾਈਆਂ ਵਿਚ ਬੰਦਾ ਆਪ ਸ਼ਾਮਲ ਨਹੀਂ ਹੋਇਆ ।

ਸਢੌਰੇ ਤੋਂ ਪੰਜ ਛੀ ਕੋਹ ਦੀ ਵਾਟ ਤੇ ਲੋਹਗੜ੍ਹ ਵਿਚ ਬੰਦਾ ਬੈਠਾ ਸੀ, ਸ਼ਾਹੀ ਫੌਜ ਨੇ ਦੋ ਮਹੀਨੇ ਇਸ ਕਿਲੇ ਦੇ ਪਾਸੀਂ ਘੇਰਾ ਪਾਈ ਰਖਿਆ, ਅੰਤ ਨੂੰ ਬੰਦਾ ਸ਼ਾਹੀ ਲਸ਼ਕਰ ਵਿਚੋਂ ਇਉਂ ਸਾਫ਼ ਨਿਕਲਿਆ ਜਿਵੇਂ ਮੱਖਣ ਵਿਚੋਂ ਵਾਲ ਨਿਕਲਦਾ ਹੈ । ਇਥੋਂ ਬੰਦਾ ਨਾਹਨ ਰਿਆਸਤ ਵਿਚ ਜਾ ਟਿਕਿਆ । ਸ਼ਾਹੀ ਸੈਨਾ ਅਜੇ ਸਢੌਰੇ ਸੀ ਕਿ ਬੰਦਾ ਪਠਾਣਕੋਟ ਆ ਗਿਆ। ਰਾਏਪੁਰ ਦੇ ਲਾਗੇ ਸ਼ਮਸਖਾਂ ਫੌਜ ਸਮੇਤ ਜਾ ਡੱਟਿਆ । ਸਿੰਘ ਮੌਕੇ ਦੀ ਤਾੜ ਵਿਚ ਪਿਛੇ ਹਟੇ, ਸ਼ਮਸ਼ ਖਾਂ ਅੱਗੇ ਵਧਿਆ, ਸਿੰਘਾਂ ਨੇ ਇਕ ਦਿਨ ਅੱਚਣਚੇਤ ਹਮਲਾ ਕਰਕੇ ਸ਼ਮਸ਼ ਖਾਂ ਮਾਰ ਲਿਆ ਤੇ ਕੁਤਬ ਖਾਂ ਜ਼ਖਮੀ ਹੋ ਗਿਆ। ਇਸ ਤੋਂ ਪਿਛੋਂ ਕਿੰਨਾਂ ਚਿਰ ਬੰਦਾ ਤੇ ਤੁਰਕਾਨੀ ਦਲ ਇਕ ਦੂਜੇ ਤੋਂ ਦਾਉ ਬਚਾਉਂਦੇ ਰਹੇ, ਬੰਦਾ ਪਹਾੜੀਂ ਰਿਹਾ। ੧੭੭੦ ਵਿਚ ਬੰਦਾ ਫੇਰ ਪਹਾੜਾਂ ਤੋਂ ਉਤਰਿਆ। ਵਟਾਲੇ ਤੇ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ, ਤੇ ਫਿਰ ਕੁਝ ਦਿਨਾਂ ਲਈ ਬੰਦਾ ਪਹਾੜਾਂ ਤੇ ਚਲਾ ਗਿਆ। ਫਿਰ ੧੭੭੨ ਵਿਚ ਪਹਾੜਾਂ ਤੋਂ ਉਤਰ ਕਲਾਨੌਰ ਦੇ ਇਲਾਕੇ ਤੇ ਕਬਜ਼ਾ ਕਰ ਲਿਆ, ਕਲਾਨੌਰ ਤੋਂ ਚੱਲਕੇ ਬੰਦੇ ਨੇ ਅਚੱਲ ਆ ਡੇਰੇ ਲਾਏ ਤੇ ਉਥੋਂ ਉਠਕੇ ਵਟਾਲੇ ਤੇ ਕਬਜ਼ਾ ਕਰ ਲਿਆ । ਤੁਰਕਾਨੀ ਦਲ ਫਿਰ ਇਕੱਠਾ ਹੋਣ ਲੱਗਾ, ਬੰਦਾ ਮਿਰਜ਼ਾ ਜਾਨ ਪਿੰਡ ਵਿਚ ਇਕ ਗੜ੍ਹੀ ਬਨਾਉਣ ਲੱਗਾ, ਅਜੇ ਗੜ੍ਹੀ ਤਿਆਰ ਨਹੀਂ ਹੋਈ ਸੀ ਕਿ ਬੰਦੇ ਨੂੰ ਵੈਰੀ ਆ ਘੇਰਨ ਲਗੇ। ਬੰਦਾ ਗੁਰਦਾਸ ਪੁਰ ਆ ਵੜਿਆ ਤੇ ਇਕ ਹਵੇਲੀ ਵਿੱਚ ਜੋ ਗੜ੍ਹੀ ਵਰਗੀ ਹੀ ਸੀ, ਡੇਰੇ ਲਾ ਲਏ । ਤੁਰਕਾਨੀ ਫੌਜ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

## ੧੨. [ਬੰਦੇ ਦਾ ਹੋਰ ਹਾਲ]।

ਦੋਹਰਾ ॥ ਸਾਧ੍ਯੋ ਸਗਰੇ ਦੇਸ਼ ਕੋ ਜੋ ਪੰਜਾਬ ਬਿਸਾਲ। ਪਲਟਾ ਲੇ ਗੁਰ ਸੁਤਨਿ ਕੋ ਦ੍ਰੋਹੀ ਹਤੇ ਕਰਾਲ ॥੧॥ਚੌਪਈ॥ ਸ੍ਰੀ ਬਿਨੋਦ ਸਿੰਘ ਤੇਹਨ ਬਾਬਾ। ਸੰਗੀ ਬੰਦੇ ਕੋ ਰਿਪੁ ਦਾਬਾ[1] । ਹੇਤੁ ਸਹਾਇਕ ਸਤਿਗੁਰ ਦਯੋ। ਜਥਾ ਜੋਗ ਉਪਦੇਸ਼ਨਿ ਕਯੋ ॥ ੨ ॥ ਜਹਿ ਕਹਿੰ ਕਰੀ ਸਹਾਇ ਬਿਸਾਲਾ। ਮਸਲਤ ਦੇਤਿ ਬਤਾਇ ਰਸਾਲਾ। ਜਬਹਿ ਬਜਾਹ ਬੰਦੇ ਕਰਵਾਯੋ। ਕਹਿ ਕਹਿ ਗੁਰ ਸ਼ਰ ਬਹੁਤ ਹਟਾਯੋ ॥ ੩ ॥ ਬਰਜ੍ਯੋ ਰਹ੍ਯੋ ਨ, ਸੁਢਰਿ ਹੇਰੀ। ਕਰੀ ਮੋਨ ਤਿਸੁ ਕਹ੍ਯੋ ਨ ਫੇਰੀ। ਤਿਸੀ ਰੀਤਿ ਇਕ ਛੌਰਾ ਆਨ। ਲੇ ਕਰਿ ਪਹੁੰ-ਚ੍ਯੋ ਰਿਪੁ ਡਰ ਮਾਨਿ ॥ ੪ ॥ ਤਿਸ ਭੀ ਬਜਾਹਿ ਕਰਨ ਲਲਚਾਵਾ। ਸ੍ਰੀ ਬਿਨੋਦ ਸਿੰਘ ਝਿੜਕਿ ਹਟਾਵਾ।ਭਯੋ ਗਰਬ ਸੋ ਨਾਹਿਨ ਮਾਨੈ।–ਕਰੌਂ ਭ੍ਰਾ-ਰਜਾ–ਲਾਲਚ ਠਾਨੈ ॥੫॥ ਬੇਮੁਖ ਲਖਿ ਕਰਿ ਬਾਬੇ ਭਬੈ। ਬੈਠੇ ਹੁਤੇ ਬਿਲੋ-ਕਤਿ ਸਬੈ। ਹਤਿਬੇ ਹੇਤ ਕ੍ਰੋਧ ਕੇ ਸਾਥ। ਧਰ੍ਯੋ ਖੜਗ ਕਬਜ਼ੇ ਪਰ ਹਾਥ। ॥੬॥ਮਾਰ੍ਯੋ ਚਹੈ ਜਾਨਿ ਹੰਕਾਰੀ।–ਕਜਾ ਮੂਰਖ ਇਨ ਮਨ ਮਹਿ ਧਾਰੀ–। ਤਬਿ ਲੌ ਕਾਹਨ ਸਿੰਘ ਸੁਤ ਆਯੋ। ਹਾਥ ਜੋਰਿ ਬਚ ਕਹ੍ਯੋ ਹਟਾਯੋ ॥ ੭ ॥ 'ਇਸਹਿ ਨ ਮਾਰਹੁ ਉਚਿਤ ਨ ਹਮੈਂ। ਘਟਹਿ ਤੇਜ ਪੁਜ੍ਯੋ ਅਬਿ ਸਮੈਂ[2]। ਸਤਿਗੁਰ ਹਿਤ ਸਹਾਇ ਸੰਗ ਕੀਨੇ। ਸਾਹਿਬਜ਼ਾਦਨਿ ਪਲਟਾ ਲੀਨੇ ॥੮॥ ਅਪਨੋ ਹਾਥ।ਜ ਛੋਡਹੁ ਯਾਂ ਪਰ[3]। ਭਲੀ ਨ ਬਾਤ ਬਿਚਾਰ ਲਿਹੋ ਉਰ। ਗੁਰ ਕੀ ਆਗਯਾ ਹੋਵਤਿ ਭੰਗ। ਨਿਫਲਹਿ ਬਲ ਕੀਨੋ ਬਿਚ ਜੰਗ[4]' ॥ ੯ ॥ ਕਹੈ ਬਿਨੋਦ ਸਿੰਘ ਕਰਿ ਰੋਸ*।'ਦੇਖਹੁ ਕਹਾਂ ਕਰਹਿ ਬਹੁ ਦੋਸ਼।ਇਸ ਕੋ ਮਾਰਨ

[1]ਸ਼ੱਤ੍ਰੂਆਂ ਨੂੰ ਦਬਾਵਣ ਵਾਲਾ। [2]ਤੇਜ਼ ਘਟ ਜਾਏਗਾ (ਹੁਣ) ਸਮਾਂ ਪੁੱਜ ਗਿਆ ਹੈ। [3]ਭਾਵ ਜੇ ਮਾਰੋਂਦਿਆਂਗੇ ਤਾਂ। [4]ਜੋ ਅਸਾਂ ਜੰਗ ਵਿੱਚ ਬਲ ਕੀਤਾ ਹੈ ਸੋ ਨਿਫਲ ਹੋ ਜਾਏਗਾ। *ਪਾ:–ਜੋਸ਼।

–ਟੂਕ [ਪਿਛਲੇ ਪੰਨੇ ਦੀ ਬਾਕੀ ਟੂਕ]

ਪਿੱਛੇ ਹੀ ਸੀ, ਉਸ ਨੇ ਗੜ੍ਹੀ ਗਿਰਦੇ ਘੇਰਾ ਘੱਤ ਲਿਆ ਤੇ ਇਹ ਕੋਈ ਛੇ ਮਹੀਨੇ ਰਿਹਾ। ਜਦ ਬੰਦੇ ਪਾਸ ੨੦੦ ਸਿੰਘ ਰਹਿ ਗਏ ਅੰਨ ਮੁੱਕ ਗਿਆ ਤੁਰਕਾਂ ਨੇ ਕਹਿ ਘੱਲਿਆ ਕਿ ਤੁਸੀਂ ਗੜ੍ਹੀ ਛਡ ਜਾਓ ਤਾਂ ਤੁਸਾਂ ਨੂੰ ਅਸੀਂ ਕੁਛ ਨਹੀਂ ਕਹਾਂਗੇ। ਪਰ ਜਦ ਬੰਦਾ ਉਹਨਾਂ ਦੀ ਸਹੁੰ ਤੇ ਭਰੋਸਾ ਕਰਕੇ ਬਾਹਰ ਆਇਆ ਤਾਂ ਉਹਨਾਂ ਸਹੁੰ ਭੰਨ ਕੇ ਉਸ ਨੂੰ ਫੜ ਲਿਆ। ਦੋ ਸੌ ਸਿੰਘ ਨਾਲ ਸਨ। ਸਭ ਜ਼ੰਜੀਰਾਂ ਨਾਲ ਜਕੜੇ ਗਏ। ਏਹ ਥੋੜੇ ਸਮਝ ਕੇ ਰਾਹ ਜਾਂਦੇ ਸਿਖ ਫੜ ਫੜ ਕੇ ਲਾਹੌਰ ਤਾਈਂ ਸੱਤ ਅੱਠ ਸੌ ਕਰ ਲਏ, ਜੋ ਦਿੱਲੀ ਲਿਜਾਕੇ ਸ਼ਹੀਦ ਕੀਤੇ ਗਏ। ਗੜ੍ਹੀ ਵਿਚ ਦੇ ਜ਼ਖਮੀ ਸਿੱਖ ਤੁਰਕਾਂ ਨੇ ਬੜੀ ਬੁਰੀ ਤਰ੍ਹਾਂ ਕੋਹੇ। ਮੁਰਦਿਆਂ ਦੇ ਪੇਟ ਤਕ ਚੀਰੇ ਬੀ ਲਿਖਿਆ ਹੈ।

ਹੀ ਬਨਿ ਆਵੈ । ਗੁਰ ਕੋ ਕਹਿਬੋ ਸਕਲ ਮਿਟਾਵੈ॥੧੦॥ਏ ਕਾਫਰ ਬੇਮੁਖ ਅਤਿ ਭਯੋ । ਦੂਤੀ ਬ੍ਯਾਹ ਕਰਿਬੇ ਲਲਚਯੋ । ਕਹੈ ਕੁਲੀਨ ਤ੍ਰਿਯਾ ਕੋ ਬ੍ਯਾਹੌਂ।ਔਰ ਪੁੱਤ੍ਰ ਤਿਸਤੇਉਪਜਾਹੌਂ॥੧੧॥ਕਰਤਿਢੀਠਤਾ ਮਨਮੁਖ ਹੋਯੋ। ਬਸ ਮਨਮਥ ਕੇ ਜਤ ਸਤ ਖੋਯੋ[1]।ਕਾਹਨ ਸਿੰਘ ਕਰਿ ਪਿਤ ਸੋਂ ਬਿਨਤੀ। ਬਰੰਜਨ ਕਰਯੋ ਤਜੀ ਰਿਸ ਗਿਨਤੀ* ॥ ੧੨ ॥ ਇਸ ਪ੍ਰਕਾਰ ਹੀ ਭਯੋ ਬਖੇਰਾ । ਚਲੇ ਸੁਧਾਸਰ ਕੋ ਤਬਿ ਡੇਰਾ। ਦਰਸ਼ਨ ਕਰਨ ਹੇਤੁਸਭਿ ਗਏ। ਲਾਖਹੁੰ ਦਲ ਉਤਰਤਿ ਭਟ ਭਏ ॥ ੧੩ ॥ ਸਿੰਘ ਹਜ਼ਾਰਹੁੰ ਸੰਗੀ ਬੀਰ । ਧਰਹਿਂ ਤੁਫੰਗਨ ਤੋਮਰ ਤੀਰ । ਸਭਿਨਿ ਸ਼ਨਾਨ ਜਾਇ ਕਰਿ ਕਰਯੋ । ਹਰਿਮੰਦਰ ਦਰਸੇ ਮੁਦ ਭਰਯੋ ॥੧੪॥ ਸਭਿ ਕੇ ਅੱਗ੍ਰ ਬੈਠਿ ਤਿਸ ਥਾਂਇ; ਚਹੇ ਕਿ 'ਮੋ ਪਰ ਚਮਰ ਢੁਰਾਇ । ਸਭਿ ਮਹਿਂ ਮੁਖਿ ਸਿਖ ਹੌਂ ਮੈਂ ਗੁਰਕੋ। ਪੂਰਨ ਕਰਯੋ ਮਨੋਰਥ ਗੁਰ ਕੋ[1] ॥੧੫॥ ਸਭਿ ਕੇ ਕਰਯੋ ਮੋਹਿ ਅਗਵਾਨੀ । ਮੇਰੀ ਘਾਲ ਗੁਰੂ ਉਰ ਭਾਨੀ । ਯਾਂਤੇ ਸਭਿ ਸਨ[2] ਚਹੌਂ ਗੁਰਾਈ । ਮੁਖਤਾ ਪੰਥ ਭਲੇ ਬਨਿ ਆਈ ॥ ੧੬ ॥ ਗੁਰਤਾ ਕੋ ਲੱਛਨ ਮੁਝ ਦੇਹਿ । ਸਕਲ ਖਾਲਸਾ ਦਰਸ਼ਨ ਲੇਹਿ[3] । ਇਹ ਜਬਿ ਕਹੀ ਲਹੀ ਸਭਿ ਪੰਥਾ[4]। ਕਰੀ ਭਰਕ,'ਨਹਿ ਮਾਨਹਿਂ ਸੰਥਾ[5]॥੧੭॥ਨਹੀਂ ਖਾਲਸੇ ਸੋਂ ਇਸ ਮੇਲ। ਗੁਰ ਬਿਨ ਅਪਰ ਚਲਾਯੋ ਗੈਲ।ਖੰਡੇ ਕਾ ਅੰਮ੍ਰਿਤ ਨਹਿਂ ਲੀਨ† । ਰਹਤਿ ਨਹੀਂ ਇਨ ਧਰੀ ਪ੍ਰਬੀਨ ॥ ੧੯ ॥ ਜੋ ਹਮ ਤੇ ਇਹ ਚਹੈ ਬਡਾਈ। ਧਰੇ

[1]ਗੁਰੂ ਜੀ ਦਾ ਮਨੋਰਥ ਮੈਂ ਪੂਰਾ ਕੀਤਾ ਹੈ। [2]ਸਾਰਿਆਂ ਪਾਸੋਂ । [3]ਭਾਵ ਮੇਰਾ ਮਤ ਧਾਰਨ ਕਰੇ । [4]ਸਾਰੇ ਪੰਥ ਨੇ ਸਮਝ ਲਈ । [5]ਬੰਦੇ ਨਾਲ ਮਿਲਣਾ ਅਸੀਂ ਨਹੀਂ ਮੰਨਦੇ ।

*ਮਹਿੰਮਾ ਪ੍ਰਕਾਸ਼ ਨੇ ਇਸ ਪ੍ਰਸੰਗ ਵਿਚ ਇਹ ਝਗੜਾ ਗੁਰਦਾਸ ਪੁਰ ਦੀ ਹਵੇਲੀ ਵਿਚ ਹੋਇਆ ਲਿਖਿਆ ਹੈ ਤੇ ਬਾਬਾ ਕਾਹਨ ਸਿੰਘ ਦੇ ਪਿਤਾ ਨੂੰ ਸਮਝਾਉਣ ਤੇ ਬਾਬਾ ਬਿਨੋਦ ਸਿੰਘ ਜੀ ਨੇ ਲੜਾਈ ਨਾ ਕੀਤੀ, ਪਰ ਕਿਲਾ ਛੋੜਕੇ ਚਲੇ ਆਏ ਤੇ ਸੂਰਬੀਰ ਬਾਬਾ ਜੀ ਤੁਰਕੀ ਘੇਰੇ ਵਿਚੋਂ ਸਹੀ ਸਲਾਮਤ ਨਿਕਲ ਆਏ । ਗ਼ਾਲਬਨ ਝਗੜਾ ਕਿਲੇ ਵਿਚੋਂ ਲੜਦੇ ਮਾਰਦੇ ਨਿਕਲ ਚੱਲਣ ਜਾਂ ਤੁਰਕਾਂ ਦੀ ਸਹੁੰ ਤੇ ਇਤਬਾਰ ਕਰਨ ਤੇ ਸੀ, ਪਰ ਮਹਿੰਮਾ ਪ੍ਰਕਾਸ਼ ਨੇ ਝਗੜਾ ਦੂਜੇ ਵਿਆਹ ਤੋਂ ਹੋਇਆ ਲਿਖਿਆ ਹੈ,ਜੋ ਮੁਗ਼ਾਲਬ ਨਹੀਂ ।

†ਗੋਕਲ ਚੰਦ ਨਾਰੰਗ ਸਫ਼ੇ ੨੪੨ ਤੇ ਲਿਖਦਾ ਹੈ ਕਿ 'ਭੰਗੀ ਮਿਸਲ ਕਾ ਸੰਸਥਾਪਿਕ ਅੰਮ੍ਰਿਤਸਰ ਕੇ ਸਮੀਪ ਪੰਜਵੜ ਕਾ ਰਹਿਨੇ ਵਾਲਾ ਏਕ ਛਜਾ ਸਿੰਘ ਨਾਮ ਕਾ ਜਾਟ ਉਸ ਕਾ ਪਾਹੁਲ ਸੰਸਕਾਰ ਸ੍ਵਯੰ ਬੰਦਾ ਜੈਸੇ ਮਹਾਂ ਪੁਰਖ ਕੇ ਹਾਥੋਂ ਸੇ ਹੂਆ ਥਾ' । ਸੋ ਬੰਦੇ ਨੇ ਅੰਮ੍ਰਿਤ ਨਹੀਂ ਛਕਿਆ ਸੀ ਤਾਂ ਛੱਜਾ ਸਿੰਘ ਜੈਸੇ ਸੂਰਬੀਰ ਨੇ ਉਸ ਤੋਂ ਕਿਵੇਂ ਅੰਮ੍ਰਿਤ ਛਕਿਆ ਸੀ ? ਵਿਸ਼ੇਸ਼ ਲਈ ਦੇਖੋ ਪਿਛਲੇ ਅੰਸੂ ੬ ਦੇ ਅੰਕ ੩੬ ਦੀ ਹੇਠਲੀ ਟੂਕ।

ਮਾਸ ਮਦ* ਅੰਗ੍ਰ ਬਨਾਈ। ਸ਼ਨਾਮ ਬਸਤ੍ਰ ਜੁਤਿ ਅੰਗੀਕਾਰਹੁ। ਪੁਨ
ਮਿਲਿਬੇ ਹਿਤ ਬਾਕ ਉਚਾਰਹੁ'॥੧੯॥ ਸਕਲ ਖਾਲਸੇ ਜਬਿ ਇਮ ਕੀਨਾ।
ਧਰਮ ਬੈਸ਼ਨੌ[1] ਅਪਨੋ ਚੀਨਾ। ਅੰਗੀਕਾਰ ਨਹੀਂ ਕਿਯ ਤੀਨੋ[2]। ਸਿੰਘਨ
ਸੰਗ ਸਪਰਧਾ ਭੀਨੋ ॥੨੦॥ ਦ੍ਵੈਸ਼ ਭਾਵ ਦੋਨਹੁ ਮਹਿਂ ਜਾਗਾ। ਡੇਰਾ ਪ੍ਰਿਥਕ
ਉਤਰਿਬੇ ਲਾਗਾ। ਗ੍ਰਾਮ ਅਨਿਕ ਮਹਿਂ ਸਿੰਘ ਪ੍ਰਵੇਸ਼ੈ। ਤਿਸ ਤੇ ਸੰਗ ਮਿਲਹਿਂ
ਨਹਿਂ ਕੈਸੇ ॥ ੨੧ ॥ ਕੇਤਿਕ ਸਿੰਘਨਿ ਮਸਲਤ ਧਾਰੀ। ਗਮਨੇ ਗੁਰ
ਢਿਗ ਕਰਤਿ ਪੁਕਾਰੀ†। 'ਭਯੋ ਮੂਢ ਕੇ ਗਰਬ ਮਹਾਨਾ। ਚਾਹਤਿ ਬੈਠਸਿ
ਗੁਰੂ ਸਥਾਨਾਂ‡'॥੨੨॥ ਇਤਨੇ ਮਹਿਂ ਲਸ਼ਕਰ ਬਹੁ ਆਏ। ਭਯੋ ਇਕਾਕੀ
ਜੰਗ ਮਚਾਏ। ਸੱਤਾ ਤੀਰਨ ਮਹਿਂ ਨਹਿਂ ਰਹੀ। ਸਿੰਘ ਘਨੇ ਦਲ ਜਾਨਹਿਂ
ਸਹੀ ॥੨੩॥ ਇਮ ਬੰਦੇ ਕੋ ਭਯੋ ਪ੍ਰਸੰਗ। ਨਿਤ ਪ੍ਰਤਿ ਹੋਤਿ ਘਨੇਰੇ ਜੰਗ।
! ਅਬਿ ਗੁਰ ਕਥਾ ਸੁਨਹੁ ਜਿਮ ਭਈ। ਅਬਿਚਲ ਨਗਰ ਸਥਿ-
ਰਤਾ ਕਈ ॥ ੨੪ ॥ ਕਬਹਿ ਅਰੂਢਿ ਅਖੇਰ ਸਿਧਾਵੈਂ। ਬਿਚਰਹਿਂ ਬਨ
ਮਹਿਂ ਪੁਨ ਚਲਿ ਆਵੈਂ। ਧਰਹਿਂ ਭਾਉ ਕੋ ਪਰਹਿਂ ਜੁ ਸ਼ਰਨੀ। ਤਿਸਹਿ
ਤਰਾਇਂ ਜਥਾ ਨਦ ਤਰਨੀ[3] ॥ ੨੫ ॥ ਸ਼ਾਹ ਬਹਾਦਰ ਦੱਖਨ ਦੇਸ਼। ਫਿਰ
ਕਰਿ ਸਾਧਯੋ ਸਕਲ ਵਿਸ਼ੇਸ਼। 'ਦੇਸ਼ ਪੰਜਾਬ ਗਰਦ ਕਰਿ ਦੀਨਿ। ਸੂਬੇ
ਕਿਤਿਕ ਮਾਰ ਕਰਿ ਲੀਨਿ§ ॥੨੬॥ ਲਾਖਹੁ ਲਸ਼ਕਰ ਲਰਿ ਲਰਿ ਹਨੇ।
ਜਨਨੀ ਮਨਹੁ ਨਹੀਂ ਕਬਿ ਜਨੇ। ਸਤਿਗੁਰ ਐਸੋ ਸਿੱਖ ਪਠਾਯੋ। ਦੇਸ਼
ਉਜਾਰਯੋ ਧੂਲ ਮਿਲਾਯੋ' ॥੨੭॥ ਇੱਤਯਾਦਿਕ ਸੁਧ ਸ਼ਾਹ ਸਮੀਪ। ਪਹੁੰ-
ਚਹਿ ਨਿਤ|| 'ਮਾਰਹਿ ਅਵਨੀਪ। ਸੂਬਾ ਖਾਨ ਵਜੀਦ ਸੰਘਾਰਯੋ। ਜ਼ਬਰ-
ਦਸਤ¶ ਦੂਜਾ ਲਰਿ ਮਾਰਯੋ॥੨੮॥ ਸੱਯਦ ਖਾਂਨ ਮੁਗ਼ਲ ਗਨ ਭਾਰੇ। ਕੌਨ

[1] ਇਸ ਤੋਂ ਭਾਵ ਮਜ਼ਹਬ ਵੈਸ਼ਨੋ ਨਹੀਂ, ਪਰ ਮਾਸ ਨਾ ਖਾਣੇ ਦਾ ਖਯਾਲ। ਇਹ ਅਰਥ ਇਨਾ ਆਮ ਹੈ ਕਿ ਲੋਕੀ ਸਬਜੀ ਵਾਲੇ ਭੋਜਨ ਨੂੰ ਵੈਸ਼ਨੋ ਭੋਜਨ ਕਹਿੰਦੇ ਹਨ। [2]ਮਦ ਮਾਸ ਤੇ ਕਾਲਾ ਬਸਤ੍ਰ। [3]ਨਦੀ ਤੋਂ ਬੇੜੀ। *ਸ਼ਰਾਬ ਤਾਂ ਅਜੇ ਖਾਲਸੇ ਵਿਚ ਸ਼ੁਰੂ ਨਹੀਂ ਸੀ ਹੋਈ।

†ਕਵੀ ਜੀ ਨੂੰ ਪਤਾ ਨਹੀਂ ਲੱਗਾ ਕਿ ਗੁਰੂ ਜੀ ਇਸ ਵੇਲੇ ਸਚਖੰਡ ਪਯਾਨਾ ਕਰ ਚੁਕੇ ਸਨ।

‡ਕਵੀ ਜੀ ਨੇ ਏਹ ਸੌ ਸਾਖੀ ਤੋਂ ਲਏ ਜਾਪਦੇ ਹਨ।

§ਪਾ:- ਮਾਰ ਬਲ ਕੀਨ।

||ਪਾਤਸ਼ਾਹ ਦੱਖਣ ਨਹੀਂ, ਪਰ ਰਾਜਪੂਤਾਨੇ ਵਿਚ ਆ ਗਿਆ ਹੋਇਆ ਸੀ। ਉਸ ਨੂੰ ਬੰਦੇ ਦੇ ਮਾਅਰਕਿਆਂ ਦੀ ਖਬਰ ਅਜਮੇਰ ਸ਼ਹਿਰ ਵਿਚ ੨੩ ਜੇਠ ੧੭੬੭ (ਰਬੀਅਉਲ ਸਾਨੀ ਸਨ ੧੧੨੨ ਹਿਜਰੀ) ਨੂੰ ਅੱਪੜੀ। ਜਿਸ ਵੇਲੇ ਗੁਰ ਸਾਹਿਬ ਜੀ ਡੇਢ ਸਾਲ ਤੋਂ ਵਧੀਕ ਚਿਰ ਦੇ ਸਚਖੰਡ ਪਿਆਨਾ ਕਰ ਚੁਕੇ ਸੇ।

¶ਜ਼ਬਰਦਸਤ ਖਾਂ ਅਜੇ ਜੀਉਂਦਾ ਸੀ। ਦੇਖੋ ਪੰਨਾ ੬੨੭੪ ਦੀ ਟੂਕ † ਨਿਸ਼ਾਨ ਵਾਲੀ।

ਗਨੇ ਸਿੰਘਰ ਮਹਿਂ ਮਾਰੇ'। ਦਿੱਲੀ ਮਹਿਂ ਦਬਕਾ[1] ਬਹੁ ਪਰਯੋ। 'ਲੂਟਹਿ ਆਨਿ' ਸਭਿਨਿ ਉਰ ਡਰਯੋ॥੨੯॥ਪ੍ਰਥਮ ਸ਼ਾਹੁ ਬਹੁ ਸੁਭਟ ਪਠਾਏ। 'ਲਰਿ ਕਰਿ ਮਾਰਹੁ' ਜਤਨ ਬਤਾਏ। ਪੁਨ ਪੁਨ ਸੁਧ ਇਸ ਬਿਧਿ ਕੀ ਗਈ। 'ਚਮੂੰ ਘਨੀ ਤੁਮਰੀ ਹਤਿ ਲਈ ॥ ੩੦ ॥ ਮਹਾਂ ਪ੍ਰਬਲ ਇਹ ਜਾਇ ਨ ਮਾਰਯੋ। ਲਸ਼ਕਰ ਪਤਿਸ਼ਾਹੀ ਲਰਿ ਹਾਰਯੋ'। ਸੁਨਿ ਸੁਨਿ ਸੁਧ ਕੋ ਸ਼ਾਹੁ ਹਿਰਾਨਾ। ਜਾਨੀ—ਗੁਰ ਕੀ ਬਖਸ਼ ਮਹਾਨਾ॥੩੧॥ ਅਪਰ ਜਤਨ ਤਿਸ ਕੋ ਨਹਿਂ ਕੋਈ। ਗੁਰ ਢਿਗ ਜਾਉਂ ਹਟਾਵੈਂ ਸੋਈ—। ਇਮ ਬਿਚਾਰਿ ਕਰਿ ਕੂਰ ਬਡੇਰੇ। ਪਹੁੰਚਯੋ ਆਨਿ ਪ੍ਰਭੂ ਕੇ ਨੇਰੇ ॥ ੩੨ ॥ ਪਠੇ ਵਕੀਲ ਬਿਸਾਲ ਮੁਸਾਹਿਬ। ਆਨਿ ਕਰਯੋ ਡੇਰਾ ਜਹਿਂ ਸਾਹਿਬ। ਮਿਲਿਬੇ ਕਾਰਨ ਚਾਹਤਿ ਰਹੇ। ਸ਼੍ਰੀ ਸਤਿਗੁਰ ਨਹਿਂ ਕਯੋਹੂੰ ਕਹੇ ॥ ੩੩ ॥ 'ਹਮ ਸੋਂ ਅਹਿਦ ਕਰਯੋ ਫਿਰਿ ਗਯੋ।ਇਕ ਸੂਾਲ ਕੋ ਦੇਤਿ ਨ ਭਯੋ।ਤਬਿ ਹਮ ਅਪਨੋ ਸਿੱਖ ਪਠਾਯੋ। ਹਤਿ ਦ੍ਰੋਹੀ ਨਿਜ ਪਲਟਾ ਪਾਯੋ ॥੩੪॥ ਕਰਯੋ ਫ੍ਰੇਬ ਹਮ[2] ਦਿਯੋ ਜਵਾਬ। —ਬਿਗਰਹਿ ਸਲਤਨ ਕਰਹਿ ਸ਼ਿਤਾਬ[3]। ਮੇਰੋ ਜੋਰ ਪਰਹਿ ਜਬਿ ਭਾਰਾ—। ਤਬਿ ਚਾਹਯੋ ਦੇ ਸੂਾਲ ਹਮਾਰਾ ॥੩੫॥ ਸਮੁਝਿ ਸ਼ਾਹੁ ਕੀ ਟਾਲ[4] ਬਿਸਾਲਾ। ਨਿਜ ਸੇਵਕ ਉਤ ਪਠਯੋ ਕਰਾਲਾ। ਗੁਰ ਦ੍ਰੋਹੀ ਸਭਿਹਿਨਿ ਕੋ ਮਾਰੈ। ਤੇਜ ਬਿਲੰਦ ਦੇਸ਼ ਬਿਸਤਾਰੈ' ॥੩੬॥ ਇਮ ਕਹਿ ਤਿਨ ਢਿਗ ਸਿੰਘ ਪਠਾਯੋ। ਗੁਰ ਕੋ ਕਹਿਬੋ ਸਕਲ ਸੁਨਾਯੋ। ਸੁਨਯੋਂ ਵਕੀਲ ਮੁਸਾਹਿਬ ਜਬੈ। ਆਸ਼ੈ ਜਾਨ ਲੀਨਿ ਮਨ ਸਬੈ ॥ ੩੭ ॥ [5]ਪੁਨ ਕਹਿ ਪਠਯੋ 'ਦਯਾ ਸਿੰਘ ਸੰਗ। ਹਮ ਸੋਂ ਦੀਜੈ, ਕਹੈ ਪ੍ਰਸੰਗ"। [6]ਜਿਸ ਤੇ ਸ਼ਾਹੁ ਸੁਨੈ ਮਨ ਭਾਵੈ। ਉਚਿਤ ਜਾਨਿ ਕਰਿ ਜਤਨ ਬਨਾਵੈ[6]॥੩੮॥ ਸੁਨਿ ਕਰਿ ਸਤਿਗੁਰ ਤਿਨ ਬਚ ਦੀਨ[7]। ਭੇਜਯੋ ਦਯਾ ਸਿੰਘ ਸੰਗ ਕੀਨਿ। ਚੜ੍ਹਿ ਕਰਿ ਸ਼ਾਹੁ ਸਮੀਪ ਸਿਧਾਏਂ। ਉਤਰਿ ਜਾਮਨੀ ਤਹਾਂ ਬਿਤਾਇ ॥ ੩੯ ॥ ਭਇਆ ਪ੍ਰਭਾਤਿ ਹਕਾਰਨ ਕੀਨੇ। ਸਰਬ ਬ੍ਰਿਤਾਂਤ ਸ਼ਾਹੁ ਕਹਿ ਦੀਨੇ। 'ਇਕ ਸੂਾਲ ਦੈਬੇ ਕੀ ਟਾਲ। ਕੀਨੀ ਤਬਿ ਫਰੇਬ ਕੇ ਨਾਲ ॥ ੪੦ ॥ ਸ਼੍ਰੀ ਪ੍ਰਭੁ ਪਲਟਾ ਚਹਯੋ

---

[1]ਦਬਾਉ। [2]ਸਾਨੂੰ। [3]ਛੇਤੀ ਕੀਤਿਆਂ ਸਲਤਨਤ ਬਿਗੜ ਜਾਇਗੀ। [4]ਸ਼ਾਹ ਦਾ ਟਾਲਾ ਸਮਝਕੇ। [5]ਫਿਰ ਕਹਿ ਭੇਜਿਆ (ਸ਼ਾਹ ਦੇ ਮੁਸਾਹਬਾਂ ਨੇ ਕਿ) ਭਾਈ ਦਯਾ ਸਿੰਘ ਜੀ ਨੂੰ ਸਾਡੇ ਨਾਲ ਭੇਜੋ ਜੋ (ਸ਼ਾਹ ਨੂੰ ਇਹ ਸਾਰਾ) ਪ੍ਰਸੰਗ ਸੁਣਾਵੇ। [6]ਜਿਸ ਤੋਂ ਸੁਣਕੇ ਸ਼ਾਹ ਨੂੰ ਜੋ ਚੰਗੀ ਲਗੇ ਯੋਗ ਜਾਣਕੇ ਕੋਈ ਉਪਾਉ ਬਣਾਵੇ (ਬੰਦੇ ਨੂੰ ਰੋਕਣ ਦਾ)। [7]ਉਨ੍ਹਾਂ ਦੇ ਨਿੰਮ੍ਰਤਾ ਦੇ ਬਚਨ ਸੁਣਕੇ।

ਜ਼ਰੂਰ। ਪਠਿ ਦੀਨੋ ਨਿਜ ਸੇਵਕ ਸੂਰ। ਪਾਇ ਧੂਮ ਦ੍ਰੋਹੀ ਸਭਿ ਮਾਰੇ। ਕਿਮ ਬਚ ਸਕਹਿਂ ਕਰੇ ਅਘ ਭਾਰੇ ॥੪੧॥ ਆਦਿ ਸਿਰੰਦ ਸੁ ਨਗਰ ਉਜਾਰੇ। ਦੇਸ਼ ਪੰਜਾਬ ਦੌਰ ਕੋ ਡਾਰੇ। ਗਮਨਹੁ ਤੁਮ ਸਤਿਗੁਰੂ ਹਦੂਰ। ਕਰਹੁ ਅਰਜ਼ ਜਿਮ ਬਨੀ ਜ਼ਰੂਰ ॥ ੪੨ ॥ ਛਿਮਾ ਧਰਹਿਂ ਬਖਸ਼ਹਿਂ ਤੁਮ ਤਾਈਂ। ਦੇਸ਼ ਉਜਾਰਤਿ ਮਿਟਹਿਂ ਤਦਾਈ"। ਇਮ ਕਹਿ ਦਯਾ ਸਿੰਘ ਮਨ ਭਾਯੋ। ਸੰਗ ਆਪਨੇ ਸ਼ਾਹੁ ਚਢਾਯੋ ॥੪੩॥ ਅਬਚਲ ਨਗਰ ਸਮੀਪੀ ਡੇਰੇ। ਉਤਰੇ ਕਹਿ ਕਹਿ ਪਰੇ ਘਨੇਰੇ। ਤੰਬੂ, ਸ਼ਮਿਯਾਨੇ ਗਨ ਤਾਨੇ। ਦ੍ਰਿਸ਼ਟੀ ਪਰੇ ਦੂਰ ਲਗ ਜਾਨੇ ॥੪੪॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤ੍ਰ ਐਨੇ 'ਸ਼ਾਹ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ॥੧੨॥

੧੩. [ਬਹਾਦਰਸ਼ਾਹ ਨੇ ਮਾਫੀ ਮੰਗਣੀ। ਬੰਦੇ ਦਾ ਤੇਜ ਛੀਨ]।

ਦੋਹਰਾ॥ ਉਤਰਿ ਬਿਤਾਈ ਜਾਮਨੀ ਪ੍ਰਾਤਿ ਭਈ ਜਬਿ ਆਇ। ਗੁਰਜਦਾਰ ਪਠਏ ਤਬੈ[1] ਦਯਾ ਸਿੰਘ ਬੁਲਿਵਾਇ ॥ ੧ ॥ ਚੌਪਈ ॥ 'ਗੁਰ ਦਰਸ਼ਨ ਕੋ ਭੇਤ ਬਤਾਵਹੁ[2]। ਕਬਿ ਪਹੁੰਚਹਿਂ ਮਨ ਕੋਪ ਮਿਟਾਵਹੁ। ਨਹਿ ਚਾਹਤਿ ਗੁਰ ਮੇਲ ਹਮਾਰਾ। ਜਾਨਯੋਂ ਪੂਰਬ ਕੂਰ ਉਚਾਰਾ ॥੨॥ ਅਬਿ ਕਰਿ ਬਿਨਤੀ ਮੈਂ ਬਖਸ਼ਾਵੌਂ। ਰਿਸ ਮਿਟਾਇ ਕਰਿ ਰਿਦੈ ਰਿਝਾਵੌਂ'। ਸੁਨਿ ਕਰਿ ਦਯਾ ਸਿੰਘ ਤਬਿ ਕਹਯੋ। 'ਆਛੋ ਏਕ ਸਮੋਂ ਮੈਂ ਲਹਯੋ ॥੩॥ ਕੇਤਿਕ ਦਿਨ ਤੇ ਇਮ ਕ੍ਰਿਤ ਠਾਨੈਂ। ਪ੍ਰਾਤਿ ਹੋਤਿ ਤਟ ਨਦੀ ਪਯਾਨੈਂ। ਕਰੈਂ ਸ਼ਨਾਨ ਖਰੇ ਹੁਇ ਰਹੈਂ। ਤਪ ਕੋ ਤਾਪਤਿ ਵਾਕ ਨ ਕਹੈਂ ॥ ੪ ॥ ਤਹਾਂ ਅਚਾਨਕ ਦਰਸ਼ਨ ਕਰਕੈ। ਪ੍ਰਭੁ ਰਿਝਾਵੈਂ ਬਿਨੈ ਉਚਰਿਕੈ। ਤਿਸ ਪਰਹਰਹਿ ਕਰਹਿਂ ਰਿਸ ਬਰਜਨ[3]। ਹੋਹਿ ਅਰਾਮ ਤਮਾਮ ਸਿ ਪੁਰਿਜਨ[4]*' ॥੫॥ ਦਯਾ ਸਿੰਘ ਕੀ ਮਸਲਤ ਸੁਨਿ ਕਰਿ। ਮਾਨੀ ਭਲੇ ਬਿਲਮ ਕੋ ਪਰਿਹਰਿ। ਤਯਾਰ ਭਯੋ ਗੋਦਾਵਰਿ ਤੀਰ। ਦਰਸ਼ਨ ਹੇਰਨਿ ਸਤਿਗੁਰ ਧੀਰ ॥ ੬ ॥ ਲੇਕਰਿ ਸੰਗ ਭਲੇ ਨਰ ਥੋਰੇ। ਜਹਿਂ ਥਿਰ ਗੁਰ ਗਮਨਯੋਂ ਤਿਤ ਓਰੇ। ਕਰਿ ਸ਼ਨਾਨ ਗੋਦਾਵਰਿ ਕੂਲ। ਖਰੇ ਪ੍ਰਭੁ ਤਪ ਕੇ ਅਨੁਕੂਲ ॥੭॥ ਤਜੀ ਦੂਰ ਤੇ ਨਿਜ ਅਸਵਾਰੀ। ਚਰਨ ਨਗਨ ਗਮਨਯੋਂ ਅਗਵਾਰੀ। ਦਯਾ ਸਿੰਘ ਕੋ ਸੰਗ ਮਿਲਾਯੋ। ਅਪਰ ਸਾਥ ਸਗਰੋ ਠਹਿਰਾਯੋ ॥੮॥ ਮੰਦ ਮੰਦ ਚਲਿ ਪਹੁੰਚਯੋ ਜਾਈ। ਖਰੋ ਭਯੋ ਪ੍ਰਭੁ ਕੇ ਅਗਵਾਈ। ਹੀਰਾ ਏਕ ਅਧਿਕ ਦਿਪਤਾਵੈ।

[1](ਬਹਾਦਰਸ਼ਾਹ ਨੇ) ਚੋਬਦਾਰ ਭੇਜਕੇ। [2](ਹੇ ਭਾਈ ਦਯਾ ਸਿੰਘ ਜੀ !) ਗੁਰੂ ਜੀ ਦੇ ਦਰਸ਼ਨ ਦਾ ਭੇਤ ਦੱਸੋ (ਕਿ ਕਿਵੇਂ ਹੋ ਸਕਦੇ ਹਨ ?)। [3]ਤਿਸ ਕਰਹਿਂ ਬਰਜਨ (ਕਿ) ਰਿਸ ਪਰਹਰਿ—ਉਸ ਨੂੰ ਵਰਜ ਦੇਣਗੇ ਕਿ ਓਹ ਗੁੱਸਾ ਤਿਆਗ ਦੇਵੇ। [4]ਪੁਰਿ(ਸਰਹਿੰਦ)ਦੇ ਲੋਕਾਂ ਨੂੰ। *ਪਾ:—ਪਰਜਨ।

ਖਰਚੇ ਕਈ ਲਾਖ ਧਨ ਪਾਵੈ ॥ ੯ ॥ ਤਾਨੇ ਸ਼ਾਹ ਧਰੇ ਸਿਰ ਜੋਊ । ਮਾਰਿ ਨੁਰੰਗੋ ਲੀਨਹੁ ਸੋਊ । ਜਬਰ ਜ਼ਿਬਾਇਸ਼[1] ਜ਼ਾਹਰ ਜਾਂਹੂ । ਸੋ ਨਿਜ ਕਰ ਪਰ ਧਰਿ ਕਰਿ ਸ਼ਾਹੂ ॥ ੧੦ ॥ ਆਗੇ ਖਰੋ ਗੁਰੂ ਕੇ ਹੋਵਾ । ਰੁਖ ਕਰਿ ਜਬਹਿ ਪ੍ਰਭੂ ਢਿਗ ਜੋਵਾ । ਤਿਸ ਕਰ ਪਰ ਤੇ ਗਹਿ ਕਰਿ ਹਾਥ । ਸਲਿਤਾ ਬਿਖੈ ਬਗਾਯੋ ਨਾਥ ॥ ੧੧ ॥ ਹੇਰਿ ਬਹਾਦਰ ਸ਼ਾਹੁ ਹਿਰਾਨਾ । ਕਰਿ ਬੰਦਨ ਕਰ ਬੰਦਿ ਬਖਾਨਾ । 'ਛਿਮਹੁ ਪ੍ਰਭੂ ਅਬਿ ਕ੍ਰਿਪਾ ਕਰੀਜੈ । ਬਖਸ਼ਹੁ ਜਾਨਿ ਆਪਨੋਂ ਲੀਜੈ ॥੧੨॥ ਲਖਿ ਕਾਸ਼ਟ ਅਪਨੋ ਪ੍ਰਿਤਪਾਰਯੋ । ਜਲ ਨ ਡਬੋ-ਵਹਿ ਊਪਰ ਤਾਰਯੋ । ਹੈ ਬਡਿਅਨਿ ਕੀ ਅਸ ਬਡਿਆਈ । ਤਰੀ ਅਲੰਬ ਜਿਸ, ਦੇਹ ਤਰਾਈ[2] ॥ ੧੩ ॥ ਮੈਂ ਭੂਲਯੋ ਤੁਮ ਬਖਸ਼ਨਹਾਰੇ । ਬੋਲਯੋ ਕੂਰ ਤ੍ਰਾਸ ਉਰ ਧਾਰੇ । ਬਿਗਰੈਂ ਸੂਬੇ ਹੋਹਿੰ ਮਵਾਸੀ । ਪੁਨ ਗਨ ਪਰੀ ਸ਼ਰ੍ਹਾ ਦਿਢ ਫਾਸੀ ॥ ੧੪ ॥ ਇੱਤਨਾਦਿਕ ਜੋ ਬਿਘਨ ਬਿਸਾਲਾ । ਇਨ ਬਚਾਇ[3] ਪੁਰ-ਵਤਿ ਤੁਮ ਸ੍ਵਾਲਾ । ਪਲਟਾ ਸਭਿ ਤੇ ਮੈਂ ਲੇ ਦੇਤਿ । ਮਾਰਤਿ ਗੁਰ ਦ੍ਰੋਹੀ ਜਗ ਜੇਤ ॥ ੧੫ ॥ ਤੁਮ ਸਮਰਥ ਸਭਿ ਬਿਧਿ ਬਲ ਧਰੇ । ਚਹਹੁ ਜਥਾ ਤਤਛਿਨ ਲਿਹੁ ਕਰੇ । ਦੈਬੇ ਹੇਤੁ ਮੋਹਿ ਬਡਿਆਈ । ਜਾਚਯੋ ਏਕ ਸ੍ਵਾਲ ਗੋਸਾਈਂ ॥੧੬॥ ਛਰਤਯੋਂ ਮੁਝ ਤੇ ਨਹਿੰ ਬਨਿ ਆਯੋ । ਨਿਜ ਸਿਖ ਪਠਿ ਪਲਟਾ ਤੁਮ ਪਾਯੋ । ਅਬਿ ਕਰੁਨਾ ਕਰਿ ਦੇਹੁ ਹਟਾਇ । ਸਭਿ ਦ੍ਰੋਹੀ ਲੀਨੇ ਤਿਨ ਘਾਇ' ॥੧੭॥ ਮੌਨ ਧਰੇ ਪ੍ਰਭੁ ਸੁਨਤੇ ਰਹੇ । ਪੁਨ ਪ੍ਰਸੰਨ ਹ੍ਵੈ ਕਰਿ ਬਚ ਕਹੇ । 'ਤੁਝ ਪ੍ਰਤਿ ਕਹਿਨ ਹੁਤੋ ਹਮ ਜੋਇ । ਕਹਿ ਦੀਨੋ ਅਬਿ ਆਪਹੁ ਸੋਇ ॥ ੧੮ ॥ ਅਪਨੋ ਕਹਯੋ ਕਰਯੋ ਨਹਿ ਸਾਚਾ । ਸ਼ਰ੍ਹਾਵਾਨ ਤੇ ਚਿਤ ਡਰ ਰਾਚਾ । ਸਲਤਨ ਤੁਮਰੀ ਸ਼੍ਰਾਪਤਿ ਅਹੈ । ਨਹੀਂ ਸਥਿਰਤਾ ਆਗੈ ਰਹੈ[4] ॥੧੯॥ ਸ਼ਰਨ ਪਰਯੋ ਤੋਕੋ ਹਮ ਜਾਨਾ। ਜ਼ਬਿਲੌ ਜਿਯਹਿ ਦਿਯੋ ਇਹ ਦਾਨਾ । ਤੁਮ ਪਿਤ ਬਙ ਅਪਰਾਧ ਕਮਾਏ । ਰਾਜ ਤੇਜ ਤੁਰਕਾਨ ਗਵਾਏ ॥੨੦॥ ਨਹੀਂ ਬਹੋਰ ਸਕੈ ਅਬਿ ਕੋਈ । ਈਸ਼ੁਰ ਕੀ ਇੱਛਾ ਅਸ ਹੋਈ । ਅਬਿ ਭੀ ਉਤਰ ਸਕਯੋ ਨਹਿਂ ਪੂਰਾ । ਤ੍ਰਸਤਿ ਬਹੁਤ ਬਿਧਿ ਹੋਯਸ ਕੂਰਾ' ॥ ੨੧ ॥ ਸੁਨਤਿ ਬਹਾਦਰ ਸ਼ਾਹੁ ਲਜਾਯੋ । 'ਪ੍ਰਭੁ ਜੀ ਦੀਜੈ ਰੋਰ ਹਟਾਯੋ । ਜਬਿਲੌ ਸਲਤਨ ਮੁਝ ਪ੍ਰਤਿ ਦੀਨਿ । ਕਰਹੁ ਕ੍ਰਿਪਾ ਹੁਇ ਸੰਕਟ

[1]ਭਾਰੀ ਬੇੜਾ । [2]ਬੇੜੀ ਜਿਸ (ਜਲ ਦੇ) ਆਸਰੇ ਹੈ (ਜਲ ਉਸ ਨੂੰ) ਤਾਰ ਦੇਂਦਾ ਹੈ । [3]ਇਨ੍ਹਾਂ ਗੱਲਾਂ ਤੋਂ ਬਚਾਈਏ । [4]ਅੱਗੇ ਪਾਤਸ਼ਾਹੀ ਨਹੀਂ ਠਹਿਰੇਗੀ ।

ਹੀਨ ॥੨੨॥ ਦਿਨ ਪ੍ਰਤਿ ਲਿਖ੍ਯੋ ਆਇ ਅਹਿਵਾਲ। ਪਰੀ ਸਰਬ ਦੇਸ਼ਨ ਚਲ ਚਾਲ[1]। ਨਹਿਂ ਦਿੱਲੀ ਲਗਿ ਕਰਹਿਂ ਅਰਾਮੂ। ਅਤਿ ਚਿੰਤਾ ਸੁਪਤੈਂ ਨ ਤਮਾਮੂ ॥ ੨੩ ॥ ਏਤੀ ਬਾਤ ਕਰਤਿ ਥੇ ਖਰੇ। ਪਹੁੰਚੇ ਪੰਚ ਸਿੰਘ ਰਿਸ ਭਰੇ। ਚਰਨ ਸਰੋਜਨ ਕੋ ਲਪਟਾਏ। ਗੁਰ ਬੂਝੇ 'ਕਿਤ ਤੇ ਤੁਮ ਆਏ?'॥੨੪॥ ਸੁਨਿ ਤਿਨ ਸਰਬ ਬ੍ਰਿਤੰਤ ਬਖਾਨਾ। 'ਗਰਬ੍ਯੋ ਬੰਦਾ ਰਿਦੈ ਮਹਾਨਾ। ਸਿੰਘਨ ਕੀ ਸਹਾਇਤਾ ਪਾਇ। ਦੇਸ਼ ਪੰਜਾਬ ਸੁ ਜੀਤ੍ਯੋ ਜਾਇ ॥੨੫॥ ਗੁਰ ਕੇ ਕਾਰਜ ਸਕਲ ਸਵਾਰੇ। ਜੋ ਦ੍ਰੋਹੀ ਸੋ ਚੁਨਿ ਚੁਨਿ ਮਾਰੇ। ਮਾਰਿ ਵਜ਼ੀਦਾ ਧੂਲ ਮਿਲਾਯੋ। ਪੁਰਿ ਸਿਰੰਦ ਲੂਟ੍ਯੋ ਮਨ ਭਾਯੋ ॥ ੨੬ ॥ ਆਦਿ ਸਢੌਰਾ ਕਤਲ ਕਰੇ ਹੈਂ। ਤੁਰਕ ਸਿੰਘ ਕਰਿ ਜੋਰ ਲਰੇ ਹੈਂ। ਭਏ ਅਨਿਕ ਹੀ ਜੰਗ ਅਖਾੜੇ। ਹਤਿ ਤੁਰਕਾਨਾ ਸਤਰ ਉਘਾੜੇ[2] ॥ ੨੭ ॥ ਮਹਾਂ ਰੌਰ ਮਾਚ੍ਯੋ ਤਿਸ ਦੇਸ਼। ਕਰੇ ਮਾਰਿਕੈ ਬਿਜੈ ਅਸ਼ੇਸ਼। ਭਯੋ ਪ੍ਰਤਾਪ ਅਮਲ ਠਹਿਰਾਯੋ। ਜਿਤ ਕਿਤ ਤੇ ਹਾਲਾ ਗਨ ਆਯੋ ॥ ੨੮ ॥ ਸੁਧਾ ਸਰੋਵਰ ਪੁਨ ਚਲਿ ਗਏ। ਮੱਜਨ ਕਰੇ ਕਲੂਖਤਿ ਹਏ। ਸੁੰਦਰ ਹਰਿਮੰਦਰ ਕੇ ਅੰਦਰ। ਦਰਸ਼ਨ ਕਰ੍ਯੋ ਥਿਰੇ ਸੁਭ ਨੰਦਰ[3] ॥ ੨੯ ॥ ਤਹਿਂ ਗਰਬਤਿ ਚਾਹਤਿ ਬਡਿਆਈ। ਪਾਸ ਖਾਲਸੇ ਤੇ ਗੁਰਿਆਈ। ਚਮੂੰ ਪਦਾਰਥ ਦਰਬ ਬਿਸਾਲਾ। ਨਿਜ ਢਿਗ ਜ੍ਯਾਨ੍ਯੋ ਚਲ੍ਯੋ ਕੁਚਾਲਾ ॥੩੦॥ ਸਿੰਘ ਮਿਲੇ ਮਸਲਤ ਕਰਿ ਸਬੈ। ਕਰ੍ਯੋ ਅਨਾਦਰ ਤਿਸ ਕੋ ਤਬੈ। ਨਹੀਂ ਮੇਲ ਤੁਝ ਸੰਗ ਹਮਾਰੋ। ਪੰਥ ਗੁਰੂ ਕੋ ਅਪਰ ਅਚਾਰੋ[4] ॥ ੩੧ ॥ ਸ਼ਯਾਮ ਬਰਨ ਮਦ ਆਮਿਖ ਲਜਾਇ। ਨਾਕ ਦਬਾਯੋ ਨਹਿਂ ਮਨ ਭਾਇ।ਏਵ ਬੋਲ ਕਰਿ ਭਏ ਨਿਰਾਲੇ। ਨਿਜ ਨਿਜ ਗ੍ਰਾਮਨਿ ਬਰੇ ਸੁਖਾਲੇ ॥ ੩੨ ॥ ਬ੍ਰਹਮਚਰਜ ਤਿਸ ਨਾਂਹਿਨ ਰਾਖ੍ਯੋ। ਕਰ੍ਯੋ ਬ੍ਯਾਹ ਬਿਸ਼ਯਾਨੰਦ ਕਾਂਖ੍ਯੋ। ਸ੍ਰੀ ਬਿਨੋਦ ਸਿੰਘ ਝਿਰਕਨ ਕਰ੍ਯੋ। ਸੁਤ ਉਪਜਾਯੋ ਨਾਂਹਿਨ ਡਰ੍ਯੋ ॥ ੩੩ ॥ ਅਬਿ ਤਿਸਕੀ ਚਹਿ ਗਲੀ ਕੁਠਾਲੀ[5]। ਬਚਨ ਆਪਕੋ ਜਾਇ ਨ ਖਾਲੀ। [6]ਪ੍ਰਿਥਕ ਭਏ ਸੁਨਿ ਕ੍ਰੋਧ ਨ ਧਰੇ। ਨਹੀਂ ਖਾਲਸੇ ਸ੍ਰਾਪਤਿ ਕਰੇ[6] ॥੩੪॥ ਯਾਂਤੇ ਸੁਧ ਹਿਤ ਹਮੇਂ ਪਠਾਯੋ। ਬਿਗਰ ਗਯੋ ਜਿਮ

[1]ਹਲਚਲ। [2]ਪੜਦੇ ਨੰਗੇ ਕੀਤੇ। [3]ਅੰਦਰ ਸ਼ੋਭਦੇ ਹਨ। [4]ਗੁਰੂ ਪੰਥ ਦਾ ਹੋਰ ਹੀ ਆਚਾਰ ਹੈ (ਕਿ ਉਹ ਦਸਮੇ ਗੁਰੂ ਤੋਂ ਬਾਦ ਕਿਸੇ ਨੂੰ ਗੁਰੂ ਨਹੀਂ ਮੰਨ ਸਕਦੇ)। [5]ਕੁਠਾਲੀ ਗਲਣ ਵਾਲੀ ਹੈ। [6](ਬਾਬਾ ਬਿਨੋਦ ਸਿੰਘ ਜੀ) ਜੁਦਾ ਹੋ ਗਏ, ਭਾਵ ਚਲੇ ਗਏ; (ਇਹ ਗੱਲ) ਸੁਣਕੇ ਖਾਲਸੇ ਨੇ ਨਾ ਕ੍ਰੋਧ ਕੀਤਾ ਹੈ ਤੇ ਨਾ ਬੰਦੇ ਨੂੰ ਸਰਾਪ ਦਿੱਤਾ ਹੈ।

ਸਰਬ ਸੁਨਾਯੋ'। ਸੁਨਿਕੈ ਗੁਰੂ ਸ਼ਾਹੁ ਸੋਂ ਕਹ੍ਯੋ। 'ਸੋ ਅਬਿ ਤੇਜ ਹੀਨ ਹੀ
ਰਹ੍ਯੋ ॥ ੩੫ ॥ ਨਹਿੰ ਚਿੰਤਾ ਧਰਿ,ਪ੍ਰਜ੍ਯੋ ਸਮੋਂ ਤਿਹ। ਭਯੋ ਬਿਕਾਰੀ ਗਰਬ
ਵਧ੍ਯੋ ਜਿਹ। ਹਟਿ ਜੈਹੈ ਅਬਿ ਬਿਨਾ ਹਟਾਏ। ਹਮਨੇ ਪਲਟਾ ਲੀਨਸਿ
ਪਾਏ ॥ ੩੬ ॥ ਕਾਰਨ ਇਤਿਕ ਹੁਤੋ ਅਬਿ ਗਯੋ। ਗਲਨ ਕੁਠਾਲਿ ਸਮੋਂ
ਅਬਿ ਭਯੋ'। ਪੁਨ ਸਿੰਘਨ ਸਨ ਗੁਰੂ ਉਚਾਰਾ। 'ਮੋਹਿ ਪੰਥ ਨਹਿੰ ਕਾਚ*
ਅਚਾਰਾ[1] ॥ ੩੭ ॥ ਨਹਿੰ ਬਿਗਰੇ, ਕੋ ਸਕੈ ਬਿਗਾਰੈ[2]। ਰਹਹੁ ਦੇਸ਼ ਤਿਸ
ਬਨਹੁ ਜੁਝਾਰੇ। ਬੇਮੁਖ ਕੋ ਤਜਿ ਦੀਜੈ ਸੰਗ। ਆਪ ਸ਼ਿਰੋਮਣਿ ਬਨਹੁ
ਨਿਸੰਗ ॥੩੮॥ ਸੰਮਤ ਕਿਤਿਕ ਸਮਾ ਜਬਿ ਆਵੈ। ਰਾਜ ਖਾਲਸੇ ਕੋ ਹੁਇ
ਜਾਵੈ। ਅਵਨੀ ਕੇ ਮਾਲਿਕ ਬਨਿ ਜੈ ਹੈਂ।ਮਾਰਤਿ ਮਰਤਿ ਤਬਹਿ ਬਿਦਤੈ
ਹੈਂ' ॥ ੩੯ ॥ ਇਮ ਸਤਿਗੁਰ ਸ੍ਰੀ ਬਚਨ ਉਚਾਰੇ। ਸੁਨਿਕੈ ਭਏ ਅਨੰ-
ਦਤਿ ਸਾਰੇ। ਸ਼ਾਹੁ ਬਹਾਦਰ ਸੀਸ ਨਿਵਾਇ। ਡੇਰੇ ਗਮਨ੍ਯੋ ਸਹਿਜ
ਸੁਭਾਇ ॥੪੦॥ ਜਹਿਂ ਕਹਿਂ ਲਿਖਿ ਭੇਜੇ ਪਰਵਾਨੇ। 'ਲਸ਼ਕਰ ਚੜ੍ਹੇ ਮਹਿਦ
ਮਹੀਯਾਨੇ। ਤੇਜ ਹੀਨ ਰਿਪੁ ਹੋਯਸਿ ਮਾਰਹੁ। ਜਾਨਿ ਨ ਦੀਜੈ ਬਹੁ ਪਰ-
ਵਾਰਹੁ[3] ॥ ੪੧ ॥ ਸਰਬ ਭੇਤ ਸ੍ਰੀ ਗੁਰੂ ਸੁਨਾਯੋ। ਗਹਿ ਲੀਜੈ ਕਰਿ ਬਿਬ੍ਰਿਧਿ
ਉਪਾਯੋ'।ਸ੍ਰੀ ਪ੍ਰਭੁ ਪਹੁੰਚੇ ਅਪਨਿ ਸਥਾਨਾ। ਅਬਿ ਲੌ ਹੀਰਾ ਘਾਟ ਬਖਾਨਾ
॥ ੪੨ ॥ ਹੀਰਾ ਗੁਰੂ ਬਗਾਵਨਿ ਕਰ੍ਯੋ। ਨਾਮ ਗੁਦਾਵਰਿ ਤਟ ਕੋ ਪਰ੍ਯੋ।
ਗੈਰਤਿ ਹੈਰਤਿ ਬਿਸਮ੍ਯੋ ਸ਼ਾਹੂ ॥ ਹੁਤੋ ਬਿਕੀਮਤ ਗਾ ਜਲ ਮਾਂਹੂ[4] ॥੪੩॥
ਕੇਤਿਕ ਦਿਨ ਪ੍ਰਭੁ ਪਾਸ ਬਿਤਾਏ। ਸਿੰਘ ਪੰਜਾਬ ਦੇਸ਼ ਚਲਿ ਆਏ। ਗੁਰ
ਕੀ ਕਹਿਵਤ ਸਕਲ ਸੁਨਾਈ। ਸ਼ਾਂਤਿ ਖਾਲਸੇ ਕੇ ਚਿਤ ਆਈ† ॥੪੪॥

ਇਤਿਸ੍ਰੀਗੁਰਪ੍ਰਤਾਪ ਸੂਰਜਗ੍ਰਿੰਥੇ ਉਤ੍ਰਾਐਨੇ 'ਬਹਾਦਰਸ਼ਾਹ' ਪ੍ਰਸੰਗ ਬਰਨਨੰ ਨਾਮ ਤ੍ਰੈਦਸਮੋਅੰਸੂ ॥੧੩॥

[1]ਮੇਰੇ ਪੰਥ ਦਾ ਕੱਚਾ ਪਿੱਲਾ ਆਚਾਰ ਨਹੀਂ। [2]ਨਾਂ (ਆਪ) ਬਿਗਾੜੇਗਾ ਤੇ ਨਾਂ ਕੋਈ ਬਿਗਾੜ ਸਕਦਾ ਹੈ। [3]ਘੇਰ ਲਓ। [4]ਪਾਣੀ ਵਿਚ ਜਾ ਪਿਆ। *ਪਾ:-ਕਾਜ।

†ਇਹ ਸਮਾਚਾਰ ਕਵੀ ਜੀ ਤੱਕ ਠੀਕ ਨਹੀਂ ਅੱਪੜੇ। ਕਵੀ ਜੀ ਗੁ: ਪ੍ਰ: ਸੂ: ਮੁਕਾਉਂਦੇ ਸਾਰ ਹੀ ਚੜ੍ਹ ਗਏ ਹਨ। ਪੁਸਤਕ ਸੋਧਣ ਦਾ ਸਮਾਂ ਆਪ ਨੂੰ ਨਹੀਂ ਲੱਭਾ ਤੇ ਨਾ ਤਾਰੀਖਾਂ ਦੀ.ਖੋਜ ਆਪ ਤੋਂ ਹੋਈਜਾਪਦੀ ਹੈ।ਤਾਰੀਖੀ ਖੋਜ ਦਾ ਨਿਚੋੜ ਇਹ ਹੈ:-ਤਾਰਾ ਆਜ਼ਮ ਦਾ ਜੰਗ ਜੇਠ ਸੰਮਤ ੧੭੬੪ ਵਿਚ ਹੋਇਆ, ਉਸ ਤੋਂ ਬਾਦ ਗੁਰੂ ਜੀ ਨਾਦੇੜ ਅੱਪੜੇ। ਕੱਤਕ ਸੰਮਤ ੧੭੬੫ ਵਿਚ ਗੁਰੂ ਜੀ ਨਾਦੇੜ ਵਿਚ ਜੋਤੀ ਜੋਤ ਸਮਾਏ ਲਿਖੇ ਹਨ। ਬੰਦੇ ਦੇ ਸਰਹਿੰਦ ਵਾਲੀ ਲੜਾਈ (ਚਪੜ ਚਿੜੀ) ਫਤੇ ਕਰਨ ਦੀ ਤ੍ਰੀਕ ਹੈ ੧੫ ਜੇਠ ੧੭੬੭। ਇਸ ਵੇਲੇ ਗੁਰੂ ਜੀ ਨੂੰ ਜੋਤੀ ਜੋਤ ਸਮਾਇਆਂ ਇਕ ਸਾਲ ਸੱਤ ਕੁ ਮਹੀਨੇ ਹੋ ਚੁਕੇ ਸਨ। ਪਾਤਸ਼ਾਹ ਸਰਹਿੰਦ ਫਤੇ ਹੋਣ ਵੇਲੇ ਅਜਮੇਰ ਸੀ ਤੇ ਉਸ ਨੂੰ ਇਹ ਖ਼ਬਰ ੨੩ ਜੇਠ ੧੭੬੭ ਨੂੰ ਪਹੁੰਚੀ।

### ੧੪. [ਸ਼ਿਕਾਰ ਘਾਟ, ਨਗੀਨਾ ਘਾਟ ਆਦਿ ਕਥਾਵਾਂ]।

ਦੋਹਰਾ ॥ ਇਤ ਸੈਨਾ ਲਾਖਹੁੰ ਮਿਲੀ ਬੰਦੇ ਕੇ ਪਸ਼ਚਾਤ। ਹਟੇ ਸਿੰਘ ਅਰੁ ਤੇਜ ਬਿਨ[1] ਹੋਤਿ ਛਟਨ ਕੋ ਘਾਤ ॥ ੧ ॥ ਚੌਪਈ ॥ ਠਹਿਰ ਨ ਸਕੈ ਜੰਗ ਕੋ ਠਾਨਹਿ। ਲਰਤਿ ਸੁ ਕਬੈ ਪਲਾਇ ਪਯਾਨਤਿ। ਸਨੇ ਸਨੇ ਹਾਰਤਿ ਚਲਿ ਗਯੋ। ਜਾਇ ਗਿਰਨਿ ਮਹਿ ਪ੍ਰਾਪਤਿ ਭਯੋ ॥ ੨ ॥ ਦੁਰਗ ਲੋਹਗੜ੍ਹ[2] ਰਚ੍ਯੋ ਬਨਾਇ। ਲਰਤਿ ਰਖੇ ਲਸ਼ਕਰ ਅਟਕਾਇ। ਤਹਿਂ ਪ੍ਰਵੇਸ਼ ਹੁਇ ਜੁੱਧ ਮਚਾਵੈ। ਸੁਭਟ ਹਜ਼ਾਰਹੁ ਸਿੱਖ੍ਯ ਘਾਵਹਿ ॥ ੩ ॥ ਘੇਰਾ ਪਰ੍ਯੋ ਚਹੂੰ ਦਿਸ਼ਿ ਮਾਂਹੀ। ਐਥੇ ਜੈਥੇ ਮਾਰਗ ਨਾਂਹੀ। ਇਤੇ ਪ੍ਰਸੰਗ ਭਯੋ ਇਸ ਰੀਤਿ। ਉਤ ਗੁਰ ਕਥਾ ਸੁਨਹੁ ਧਰਿ ਪ੍ਰੀਤਿ ॥੪॥ ਪਰ੍ਯੋ ਸ਼ਾਹੁ ਕੋ ਸਿਵਰ ਸਮੀਪ। ਸੰਗ ਹਜ਼ਾਰਹੁ ਜਿਸ ਅਵਨੀਪ। ਚਢਹਿ ਅਖੇਰ ਪ੍ਰਭੂ ਬਹੁ ਬਾਰੀ। ਜਾਂਹਿ ਗੁਦਾਵਰਿ ਸਰਿਤਾ ਪਾਰੀ ॥ ੫ ॥ ਨਾਮ ਸ਼ਿਕਾਰ ਘਾਟ ਤਹਿਂ ਭਯੋ। ਐਥੇ ਜੈਥੇ ਕੋ ਮਗ ਥਯੋ। ਬਿਚਰਹਿ ਬਨ ਮਹਿ ਗਨ ਮ੍ਰਿਗ ਘਾਵੈਂ। ਛੱਤ੍ਰੀ ਧਰਮ ਭਲੇ ਨਿਬਹਾਵੈਂ ॥ ੬ ॥ ਤੀਰਨ ਕੀ ਤਰੀਫ਼ ਸੁਨਿ ਕਾਨ। ਆਵਤਿ ਸੱਯਦ, ਮੁਗ਼ਲ, ਪਠਾਨ। ਪੁਰਿ ਅਨੰਦ ਚਮਕੌਰ ਮਝਾਰੇ। ਬੀਰ ਹਜ਼ਾਰਹੁ ਜਿਨ ਤੇ ਮਾਰੇ ॥੭॥ ਇਕ ਸਰ ਗਨ ਨਰ ਤੇ ਪਰਿ ਪਾਰ[3]। ਤੁਰਤ ਮਰਤਿ ਨਹਿਂ ਜਾਚਤਿ ਬਾਰ। [4]ਲਗਤ ਹੁਤੇ ਤਬਿ ਚਲਤਿ ਨਿਹਾਰੇ। ਨਹੀਂ ਚਲਾਵਤਿ ਪਿਖੇ ਉਦਾਰੇ[4] ॥੮॥ ਸੋ ਭਟ ਆਵਤਿ ਬਿਨੈ ਸੁਨਾਵੈਂ। 'ਹਮਰੇ ਹੇਰਤਿ ਅਬਹਿ ਚਲਾਵੈਂ'। ਸੁਨਿ ਅਰਜ਼ੀ ਮਰਜ਼ੀ ਤਿਨ ਜਾਨਿ। ਐਂਚਿ ਸਰਾਸਨ ਛੋਰਹਿ ਬਾਨ ॥੯॥ [5]ਚੁਟਕੀ ਚਾਂਪਨਿ ਮੁਸ਼ਟ ਗਹਿਨ ਕੋ। ਨਵਟੰਕਨ ਧਨੁ ਤਾਨ ਕਰਨ ਕੋ[5]। [6]ਲਾਘਵਤਾ ਧਰਿ ਤਾਕ ਨਿਸ਼ਾਨਾ। ਤਜਨਿ ਅਚੂਕ ਪ੍ਰਹਾਰਨਿ ਬਾਨਾ[6] ॥ ੧੦ ॥ ਇੱਤਨਾਦਿਕ ਧਨੁ ਬਿੱਦਯਾ ਭਾਰੀ। ਰੀਝਹਿ ਭਟ ਜਬਿ ਕਰਤਿ ਨਿਹਾਰੀ। 'ਧੰਨ ਧੰਨ' ਕਰਿ ਬੰਦਨ ਠਾਨਤਿ। ਜਾਹਿ ਸਿਵਰ ਮਹਿ, ਅਪਰ ਬਖਾਨਤਿ ॥ ੧੧ ॥ ਮਹਿਮਾ ਇਮ ਪਸਰੀ ਸਭਿ

---

[1](ਬੰਦਾ) ਤੇਜ ਬਿਨਾ ਹੋ ਗਿਆ। [2]ਇਹ ਮੁਖਲਸਗੜ੍ਹ ਨੂੰ ਬੰਦੇ ਨੇ ਆਪਣਾ ਟਿਕਾਣਾ ਬਣਾਕੇ ਲੋਹਗੜ੍ਹ ਨਾਮ ਧਰਿਆ ਸੀ ਤੇ ਇਸ ਨੂੰ ਪੱਕਾ ਕਰ ਲਿਆ ਸੀ। [3]ਇਕ ਬਾਣ ਬਹੁਤ ਪੁਰਸ਼ਾਂ ਤੋਂ ਪਾਰ ਪੈ ਜਾਂਦਾ ਹੈ। [4]ਜਦ ਬਾਣ ਲਗਦੇ ਹੁੰਦੇ ਸਨ (ਜੰਗ ਵਿਚ) (ਉਸ ਵੇਲੇ) ਚਲਦੇ ਦੀਂਹਦੇ ਸਨ (ਪਰ ਸ੍ਰੀ ਗੁਰੂ ਜੀ) ਬਾਣ ਚਲਾਂਵਦੇ ਨਹੀਂ ਦੇਖੇ ਜਾਂਦੇ ਸਨ। [5](ਹੱਥ ਵਿਚ) ਧਨੁਖ ਦੀ ਮੁੱਠ ਫੜਨੀ ਤੇ ਚੁਟਕੀ (ਨਾਲ) ਨੌ ਉਂਗਾਂ ਦੇ ਧਨੁਖ ਨੂੰ ਖਿੱਚਣਾ। [6]ਫੁਰਤੀ ਨਾਲ ਨਿਸ਼ਾਨਾ ਤੱਕਦੇ ਤੀਰ ਦਾ ਚਲਾਉਣਾ, ਅਚੂਕ ਜਾਕੇ ਵੱਜਣਾ (ਨਿਸ਼ਾਨੇ ਤੇ)।

ਬਿਖੈ। ਪਿਖੈਂ ਘਨੋ ਸੁਨਿ ਸੁਨਿ ਕਵਿ ਲਿਖੈ। ਇਕ ਦਿਨ ਥਿਰ ਗੋਦਾਵਰਿ ਤੀਰ। ਬੈਠੇ ਪ੍ਰਭੁ ਨਰਨ ਕੀ ਭੀਰ ॥੧੨॥ ਏਕ ਸਿੱਖ ਆਯੋ ਤਿਹ ਸਮੇਂ। ਭੇਟ ਨਗੀਨਾ ਧਰਿ ਕਿਯ ਨਮੇਂ। ਅਵਲੋਕਯੋ ਲੇ ਕਰਿ ਨਿਜ ਹਾਥ। ਗੇਰਿ ਗੁਦਾਵਰਿ ਮੈਂ ਦਿਯ ਨਾਥ॥੧੩॥ ਬਿਸਮਯੋ ਸਿਖ ਮਨ ਚਿਤਵਨਿ ਠਾਨੀ। –ਕੀਮਤਿ ਨਹੀਂ ਗੁਰੂ ਇਸ ਜਾਨੀ। ਹਲਕੋ ਜਾਨਿ ਗੁਦਾਵਰਿ ਗੇਰਾ। ਕਹਿਨੋ ਬਨੈ ਕਹਾਂ ਅਬਿ ਮੇਰਾ–॥ ੧੪ ॥ ਪਸ਼ਚਾਤਾਪ ਕਰਤਿ ਦੇਖ ਲਹਯੋ। ਕ੍ਰਿਪਾ ਨਿਧਾਨ ਤਾਂਹਿ ਸੋਂ ਕਹਯੋ। 'ਜੋ ਬਹੁ ਕੀਮਤ ਕੇਰ ਨਗੀਨਾ। ਨਿਕਟ ਨਿਹਾਰਿ ਨਿਕਾਰ ਪ੍ਰਬੀਨਾ! ॥ ੧੫ ॥ ਉੱਤਮ ਹੁਤੋ ਹਮਹਿ ਨਹੀਂ ਜਾਨਾ। ਬਹੁਤ ਮੋਲ ਕੋ ਤੈਂ ਨ ਬਖਾਨਾ'। ਇਮ ਸੁਨਿ ਸਿੱਖ ਉਤਾਇਲ ਕੀਨਿ। ਬਰਯੋ ਗੁਦਾਵਰਿ ਹ੍ਵੈ ਪਟ ਹੀਨ ॥੧੬॥ ਜਲ ਅੰਤਰ ਜਬਿ ਦ੍ਰਿਸ਼ਟਿ ਲਗਾਈ। ਪਿਖੇ ਨਗੀਨ ਪਰੇ ਸਮੁਦਾਈ। ਗਨ ਹੀਰਨਿ ਕੇ ਰੀਜ ਲਗਾਏ। ਲਖੀ ਪ੍ਰਭੁ ਮਾਇਆ ਬਿਸਮਾਏ ॥ ੧੭ ॥ ਕਹਾਂ ਨਗੀਨੇ ਕੇਰ ਗੁਮਾਨਾ। ਜਬਰ ਜਵਾਹਰ ਜ਼ਾਹਰ ਨਾਨਾ। ਸਭਿ ਤਜਿ ਸ਼ੀਘ੍ਰ ਨਿਕਸਿ ਕਰਿ ਆਯੋ। ਪਗ ਪੰਕਜ ਸ਼੍ਰੀ ਗੁਰ ਲਪਟਾਯੋ॥੧੮॥ 'ਮੈਂ ਅਜਾਨ ਮਹਿਮਾ ਨਹੀ ਜ਼ਾਨੀ। ਤੀਨ ਲੋਕ ਮਾਲਿਕ ਗੁਨ ਖਾਨੀ! ਬਖਸ਼ਹੁ ਭੂਲ ਸੁ ਬਖਸ਼ਨ ਹਾਰੇ। ਮੁਸਕਾਵਤਿ ਸ਼੍ਰੀ ਮੁਖਹੁੰ ਉਚਾਰੇ ॥ ੧੯ ॥ 'ਹਰਿ ਹਰਿ ਸਿਮਰੋ ਨਿਸ਼ਚਾ ਧਰਯੋ'।ਨਾਮ 'ਨਗੀਨਾ ਘਾਟ' ਸੁ ਪਰਯੋ। ਇਮ ਬਿਲਾਸ ਪ੍ਰਭੁ ਕਰਤਿ ਅਨੇਕ। ਪੁਨ ਦਿਵਾਨ ਮੈਂ ਥਿਰਿ ਦਿਨ ਏਕ॥੨੦॥ ਧਨੀ ਪਠਾਨ ਆਇ ਤਿਹ ਸਮੇਂ। ਬੈਠਯੋ ਹਾਥ ਜੋਰਿ ਕਰਿ ਨਮੋ। ਦਸਤਾਵੇਜ਼[1] ਖਾਸ ਪ੍ਰਭੁ ਕੇਰੀ। ਸੋ ਨਿਕਾਸਿ ਕਰਿ ਧਰੀ ਅਗੇਰੀ ॥ ੨੧ ॥ 'ਲਿਖਤ ਸਹੰਸ੍ਰ ਇਕਾਦਸ਼ ਜਾਨੋ[2]। ਮੋਲ ਤੁਰੰਗਮ ਕੋ ਪਹਿਚਾਨੋ। ਗਾਵਰਿ ਸੰਗ ਜੰਗ ਬਹੁ ਪਰੇ। ਹਮ ਨਹਿੰ ਆਏ, ਲੈਨਿ ਨ ਕਰੇ ॥ ੨੨ ॥ ਬੀਤਯੋ ਚਿਰੰਕਾਲ ਇਮ ਨਾਥ। ਪਰੀ ਨਿਸ਼ਾਨੀ ਗਾਵਰਿ ਹਾਥ। ਲਏ ਅਨੰਦ ਪੁਰੀ ਮਹਿ ਬਾਜ[3]। ਤਬਿ ਤੇ ਮੈਂ ਦਿਖਰਾਈ ਆਜ ॥੨੩॥ ਲੇਨ ਉਮੈਦਵਾਰ ਧਨ ਕੇਰਾ। ਪੂਰਬ ਭਯੋ ਨ ਆਵਨ ਮੇਰਾ'। ਸੁਨਿ ਸ਼੍ਰੀ ਮੁਖ ਤੇ ਤਿਸੇ ਉਚਾਰਾ। 'ਨਿਸ਼ਚੈ ਲੈਨੋ ਦਰਬ ਉਦਾਰਾ ॥੨੪॥ ਮੋਲ ਹਯਨਿ ਕੋ ਹੈ ਹਮ ਯਾਦ। ਤਊ ਕੀਨਿ ਤੈਨੇ ਪਰਮਾਦ[4]। ਲੈਬੇ ਹੇਤੁ ਨਹੀਂ ਕਿਤ ਆਯੋ। ਅਪਰ ਅਪਰ ਕਾਰਜ

[1]ਹੱਥ ਦੀ ਲਿਖਤ। [2]੧੧,੦੦੦। [3]ਘੋੜੇ। [4]ਆਲਸ।

ਬਿਰਮਾਯੋ ॥ ੨੫ ॥ ਅਬਿ ਭੀ ਜੋ ਲਿਖ ਦੇਂ ਇਕ ਥਾਏਂ[1]। ਪ੍ਰਾਪਤਿ ਦਰਬ
ਹੋਇ ਤਹਿਂ ਜਾਏ। ਜੋ ਨਿਸ਼ਚਾ ਧਰਨੋਂ ਉਰ ਭਾਰੀ। ਹਮ ਤੇ ਸੰਮਤ ਤੋਸ
ਪਿਛਾਰੀ॥ ੨੬ ॥ ਬਿਦਤਹਿਂ ਤਬਹਿ ਨਿਸ਼ਾਨ ਨਗਾਰੇ। ਪੰਥ ਖਾਲਸੇ ਕੇ
ਬਲ ਭਾਰੇ। ਅਵਨੀ ਰਾਜ ਲੇਹਿਗੇ ਲਰਿਕੈ। ਸ਼ੱਤ੍ਰ ਸੰਗ ਸੰਘਰ ਮਹਿ੍ਭਰਿ
ਕੈ ॥੨੭॥ ਤਬਿ ਸਿੰਘਨਿ ਮਹਿ ਜੋ ਸਿਰਦਾਰ। ਦੇਗ਼ੋਂ ਤੇਗ਼ ਕੋ ਧਨੀ ਉਦੋਂਰ।
ਤਿਸ ਕੋ ਲਿਖਤਿ ਇਹੀ ਦਿਖਰਾਵੈ। ਬਜਾਜ ਸਮੇਤ ਦਰਬ ਕੋ ਪਾਵੈ' ॥
੨੮॥ਸੁਨਿ ਕਰ ਜੋਰਿ ਪਠਾਨ ਬਖਾਨੈ। 'ਬਜਾਜ ਲੈਨਿ ਹਮ ਹੈ ਨ ਇਮਾਨੈ।
ਰਾਵਰਿ ਆਇਸੁ ਨਹੀਂ ਬਹੋਰੈਂ। ਮੋਲ ਹਯਨਿ ਕੋ ਸੋ ਹਮ ਲੋਰੈਂ' ॥ ੨੯ ॥
ਭਏ ਪ੍ਰਸੰਨ ਭਨੀ ਪੁਨ ਬਾਨੀ। 'ਸਾਧੂ ਸਾਧੂ[2] ਇਮਾਨ ਮਹਾਨੀ। ਇਹ
ਕਾਗਦ ਜੋ ਲਿਖਯੋ ਹਮਾਰਾ। ਮਾਨਹਿਂ ਸਭਿ ਸਿੰਘਨਿ ਸਰਦਾਰਾ ॥ ੩੦ ॥
ਦੁਗਨ ਚਗੁਨਾ ਦਸ ਗੁਨ ਧਨ ਕੋ। ਲੈ ਹੈਂ ਤਬਹਿ ਰਖੇ ਥਿਰ ਮਨ ਕੋ।
ਤੁਵ ਸੰਤਤ ਕੋ ਮਹਿਦ ਗੁਜ਼ਾਰਾ। ਹੁਇ ਹੈ ਬਿਨ ਸੰਸੈ ਸੁਖ ਭਾਰਾ' ॥੩੧॥
ਸੁਨਤਿ ਖਾਨ ਪਗ ਟੇਕਯੋ ਮਾਥਾ। ਰੁਖਸਦ ਭਯੋ ਜੋਰਿ ਕਰਿ ਹਾਥਾ। ਜਬੈ
ਖਾਲਸਾ ਬਿਦਤਯੋ ਭਾਰੀ। ਭਯੋ ਰਾਜ ਲੀਨੋ ਰਿਪੁ ਮਾਰੀ ॥ ੩੨ ॥ ਤਬਿ
ਸਰਦਾਰਨਿ ਕੋ ਢਿਗ ਗਯੋ।ਧਨ ਗਨ ਸੁਖ ਸੋਂ ਪ੍ਰਾਪਤਿ ਭਯੋ। ਸੰਤਤਿ ਧਨੀ
ਬਿਸਾਲ ਭਏ ਹੈਂ। ਆਦਰ ਸਿੰਘਨ ਸਭਿਨਿ ਦਏ ਹੈਂ॥ ੩੩ ॥ ਇਸ ਬਿਧਿ
ਸਤਿਗੁਰ ਦਿਵਸ ਬਿਤਾਏ। ਚਲਨ ਬਿਕੁੰਠ ਸਮੋਂ ਨਿਧਰਾਏ। ਆਵਤਿ
ਸਾਧ ਜਮਾਤ ਉਦਾਸੀ। ਦਰਸ਼ਨ ਕਰ ਬੈਠੇ ਰਹਿ ਪਾਸੀ ॥ ੩੪ ॥ ਲੇਹਿਂ
ਤਿਹਾਵਲ ਰਸਤ ਹਮੇਸ਼। ਸਿਮਰਹਿਂ ਸਤਿਗੁਰ ਕੋ ਉਪਦੇਸ਼। ਦੇਗ਼ ਹੋਤਿ
ਬਰਤੈ ਜਿਸ ਬਾਰੀ। ਤਾਂਹਿ ਸਮੈਂ ਰੌਰਾ ਪਰਿ ਭਾਰੀ ॥੩੫॥ ਇਕ ਦਿਨ ਸ਼ਾਹੁ
ਬਹਾਦਰ ਸੁਨਯੋਂ। ਅਪਨੇ ਉਮਰਾਵਨਿ ਮਾਂਹਿ ਭਨਯੋਂ। 'ਯਹਿ ਸੁਨਿਯਤਿ ਕੈਸੋ
ਬਡ ਰੌਰਾ। ਲਖੀਅਤਿ ਗੁਰੂ ਸਿਵਰ ਕੀ ਠੌਰਾ' ॥ ੩੬ ॥ ਸੁਧਿ ਹਿਤ ਮਾਨਵ
ਸ਼ੀਘ੍ਰ ਪਠਾਯੋ। ਸੁਨਿ ਕਾਰਨਿ ਕੋ ਹਟਿ ਕਰਿਆਯੋ।ਹਾਥ ਜੋਰਿ ਕਰਿ ਅਰਜ਼
ਗੁਜ਼ਾਰੀ। 'ਬਰਤਹਿ ਦੇਗ਼ ਗੁਰੂ ਕੀ ਭਾਰੀ ॥੩੭॥ ਲੇਤਿ ਸੁ ਦੇਤਿ ਖਾਲਸਾ
ਬ੍ਰਿੰਦਾ।ਬੋਲਤਿ ਆਪਸ ਬਿਖੈ ਬਿਲੰਦਾ। ਕੋ ਜਾਚਤਿ ਠਹਿਰਾਵਤਿ ਕੋਈ। ਕੋ
ਬਰਜਤਿ ਕੋ ਰਿਸ ਮਹਿਂ ਹੋਈ' ॥ ੩੮ ॥ ਸੁਨਿ ਬ੍ਰਿਤੰਤ ਕੋ ਸ਼ਾਹੁ ਬਿਚਾਰਾ।
—ਛਧਾ ਸਹਿਤ ਰਹਿ ਪੰਥ ਉਦਾਰਾ। ਅਲਪ ਆਮਦਨ ਹੈ ਇਸ ਦੇਸ਼।

[1]ਇਕ ਥਾਂ ਤੇ। [2]ਸ਼ਾਬਾਸ਼ ਸ਼ਾਬਾਸ਼।

ਅਚਨ ਹਾਰ ਨਰ ਮਿਲੇ ਵਿਸ਼ੇਸ਼ ॥੩੯॥ ਦਰਬ ਰੋਜ਼ ਕੌ[1] ਕਛੁ ਕਰ ਦੀਨੋ। ਲੰਗਰ ਹੇਤੁ ਸੁਨਾਵਨ ਕੀਨੋ। ਲੈ ਲੈ ਰਸਦ ਖਰੀਦਿ ਬਿਸਾਲਾ। ਬਨੈ ਤਿਹਾਵਲ ਕਰਯੋ ਕ੍ਰਿਪਾਲਾ ॥ ੪੦ ॥ ਬਰਤਨ ਲਾਗਿ ਮਚਯੋ ਬਡ ਰੌਰਾ। ਸੁਨਿਯਤਿ ਦੂਰ ਦੂਰ ਕੀ ਠੌਰਾ। ਆਇ ਨਿਤਾਪ੍ਰਤਿ ਦਰਬ ਘਨੇਰਾ। ਹੋਤਿ ਕੁਲਾਹਲ ਤਥਾ ਬਡੇਰਾ ॥ ੪੧ ॥ ਦਿਨ ਆਠਕ ਮਹਿਂ ਪੁਨ ਸੁਨਿ ਸ਼ਾਹੂ। ਜਾਨਯੋ ਖਰਚ ਬਢਯੋ ਗੁਰ ਪਾਹੂ। ਦਰਬ ਪ੍ਰਥਮ ਤੇ ਘਨੋ ਪਠਾਯੋ। 'ਲੰਗਰ ਕਰੋ ਜਿਤਿਕ ਮਨ ਭਾਯੋ' ॥੪੨॥ ਅਧਿਕ ਦਰਬ ਕੋ ਪਠਵਤਿ ਜਯੋਂ ਜਯੋਂ। ਰੌਰਾ ਵਧਤ ਦੇਗ਼ ਮਾਂਹਿ ਤਯੋਂ ਤਯੋਂ। ਦਯਾ ਸਿੰਘ ਪਹੁੰਚਯੋ ਕਿਸ ਕਾਰਨ। ਏ ਪ੍ਰਸੰਗ ਸਭਿ ਕੀਨਿ ਉਚਾਰਨ ॥ ੪੩ ॥ 'ਛੂਧਤ ਰਹਤਿ ਲਖਿ ਦਰਬ ਪਠਾਵੋਂ। ਤਯੋਂ ਤਯੋਂ ਅਧਿਕ ਰੌਰ ਸੁਨਿ ਪਾਵੋਂ। ਇਹ ਕਾਰਨ ਕਹਾ ਦੇਹੁ ਬਤਾਈ': ਦਯਾ ਸਿੰਘ ਤਬਿ ਕਹਯੋ ਸੁਨਾਈ ॥ ੪੪ ॥ 'ਪੰਥ ਖ਼ਾਲਸੇ ਮਹਿਂ ਬਡ ਰੌਰਾ। ਕਰਯੋ ਬਰਨ ਸੋਢੀ ਸਿਰਮੌਰਾ। ਕਯੋਂਹੂ ਮਿਟਤਿ ਨਹੀਂ ਅਬਿ ਸੋਈ। ਬਰਤਹਿ ਕਛੂ, ਸ਼ੋਰ ਬਡ ਹੋਈ' ॥ ੪੫ ॥ ਬਿਸਮਯੋ ਸੁਨਤਿ ਬਹਾਦਰ ਸ਼ਾਹੂ। ਜਾਨਯੋਂ ਦਲ ਦੀਰਘ ਗੁਰ ਪਾਹੂ। ਰਹਯੋ ਪੁਚਾਵਤਿ ਦਰਬ ਘਨੇਰਾ। ਲੰਗਰ ਬਰਤਹਿ ਬਡਹੁੰ ਬਡੇਰਾ ॥ ੪੬* ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਸ੍ਰੀ ਗੁਰ ਦੇਗ' ਪ੍ਰਸੰਗ ਬਰਨਨੰ ਨਾਮ ਚੌਦਸਮੋਂ ਅੰਸੂ ॥ ੧੪ ॥

---

[1](ਲੰਗਰ ਲਈ) ਰੋਜ਼ ਦਾ ਧਨ।   *ਅੰਕ ੪੬ ਤੇ ਇਹ ਅੰਸੂ ਮੁੱਕ ਜਾਂਦਾ ਹੈ। ਪਰ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ੯ ਛੰਦ ਹੋਰ ਹਨ ਜਿਨ੍ਹਾਂ ਦਾ ਪਾਠ ਇਹ ਹੈ:—

ਇਕ ਦਿਨ ਦਯਾ ਸਿੰਘ ਜੀ ਆਏ। ਸ੍ਰੀ ਗੁਰੁ ਪਾਸ ਬੈਠ ਸੁਖ ਪਾਏ। ਕੰਬਲੀ ਚਢੀ ਸ੍ਰੀਰ ਮੈਂ ਸੋਈ। ਜਾਨਯੋਂ ਅੰਤ ਸਮਾ ਤਨ ਹੋਈ। ਸ੍ਰੀ ਗੁਰ ਕੋ ਕਰ ਬੰਦਨ ਤਬੇ। ਗੋਦਾਵਰ ਮੱਜਨ ਕਿਯ ਤਬੇ। ਜਪੁਜੀ ਪਾਠਿ ਕੀਨਿ ਤਿਹ ਸਮੇਂ। ਦੇਹ ਤਜੀ ਪੰਜਭੂਤਕ ਛਿਨ ਮੈਂ। ਮਾਰੂ ਪੜ੍ਹਨੇ ਲਗੇ ਰਬਾਬੀ। ਸ੍ਰੀ ਗੁਰੁ ਪੂਛਯੋ 'ਕੌਣ ਸਬਾਬੀ ?' ਹਾਥ ਜੋੜ ਸਿਖ ਅਰਜ਼ ਗੁਜ਼ਾਰੀ। 'ਦਯਾ ਸਿੰਘ ਤਨਿ ਤਜਿ ਬਿਨ ਬਾਰੀ'। ਸ੍ਰੀ ਗੁਰ ਕਹਯੋ ਕੌਨ ਹੈ ਕਾਰਨ ? ਹਮਰੇ ਬਿਨਾਂ ਮਿਲੇ ਜਿ ਪਧਾਰਨ। ਜਾਵਹੁ ਸਿੱਖਹੁ ਕਹੋ ਸੁਨਾਈ। ਸੰਦੇਸ਼ਾ ਹਮਰੋ ਲਿਯੋ ਜਾਈ' ॥ ਦੋਹਰਾ॥ ਚਿਤਾ ਮਾਂਹਿ ਥੋ ਤਨ ਧਰਯੋ ਤਬ ਸਿੰਘ ਹੁਕਮ ਸੁਨਾਇ। ਉਠਯੋ ਦਯਾ ਸਿੰਘ ਆਇਓ ਰਹੇ ਲੋਕ ਬਿਸਮਾਇ। ਕਰਿ ਬੰਦਨ ਐਸੇ ਕਹੀ ਸੱਚ ਖੰਡ ਕੇ ਪੌਰ। ਲੰਘਤ ਥਾ ਤਵ ਹੁਕਮ ਸੁਨਿ ਹਟ ਆਯੋ ਇਸ ਠੌਰ ॥ ਸੋਰਠਾ ॥ ਸ੍ਰੀ ਗੁਰ ਕਹਯੋ ਸੁਨਾਯ ਮਮ ਆਯਸੁ ਬਿਨ ਜੋ ਗਯੋ। ਯਾਤੇ ਲੀਯੋ ਬੁਲਾਯ ਲੇ ਸੰਦੇਸ ਜਾਵੋ ਅਬੈ ॥ ਸ੍ਰੀਮੁਖਵਾਕ ॥ ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ।

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

[ਪ੍ਰ ... ਰ ... ਕੌਰ ਜੀ ਦਾ ਪਿੱਛੇ ਮੁੜਨਾ। ਮਾਤਾ ਸਾਹਿਬ ਦੇਵਾਂ ਜੀ ਦਾ ਦਿੱਲੀ ਆਉਣਾ]।

ਦੋਹਰਾ॥ ਗਮਨ ਕਰਨ ਬੈਕੁੰਠ ਕੋ ਲਖਯੋ ਸਮਾ ਨਿਯਰਾਇ। ਸਾਹਿਬ ਦੇਵੀ ਨਿਕਟ ਰਹਿ ਇਹ ਗੁਰ ਸਹਿ ਨ ਸਕਾਇ ॥ ੧ ॥ ਚੌਪਈ ॥ ਰਾਮਕੁਇਰ ਭਾਈ ਕਹਿ ਕਥਾ। ਸੁਨਿ ਸ੍ਰੋਤਾ ਬੀਤੀ ਸ਼ੁਭ ਜਥਾ। ਅਬਚਲ ਨਗਰ ਜਾਤਿ ਮਗ ਮਾਂਹੀ। ਮੈਂ ਭੀ ਸੰਗ ਤਜਯੋ ਤਹਿਂ ਨਾਂਹੀ ॥ ੨ ॥ ਮਮ ਮਾਤਾ ਪੀਛੇ ਤੇ ਧਾਈ। ਕੇਤਿਕ ਦੂਰ ਮਿਲੀ ਤਹਿਂ ਆਈ। ਕਰਿ ਬੰਦਨ[1] ਕੋ ਅਰਜ਼ ਗੁਜ਼ਾਰੀ।"ਇਕ ਪੁੱਤ੍ਰ ਹੈ ਮੋਹਿ ਅਗਾਰੀ"[2] ॥੩॥ਦੱਖਿਣ ਦੇਸ਼ ਦੂਰ ਹੈ ਜਾਨਾ। ਪਿਖਨ ਕਹਾਂ, ਸੁਧ ਸੁਨਿਯ ਨ ਕਾਨਾ। ਜਾਨਿ ਦੀਨ ਮੁਝ ਕੋ ਦੁਖ ਪਰੈ[3]। ਪੁੱਤ੍ਰ ਬਿਰਹਿ ਤੇ ਨਹਿਂ ਕਿਮ ਸਰੈ ॥੪॥ ਕ੍ਰਿਪਾ ਸਿੰਧੁ ਇਹੁ ਕ੍ਰਿਪਾ ਕਰੀਜੈ।

[1]ਸ੍ਰੀ ਗੁਰੂ ਜੀ ਨੂੰ ਨਮਸਕਾਰ ਕਰਕੇ। [2]ਅਗੇ ਮੇਰਾ ਇਕ ਹੀ ਪੁੱਤ੍ਰ ਹੈ। (ਅ) ਭਾਵ ਮੇਰੀਆਂ (ਅੱਖਾਂ) ਅਗੇ ਇਕੋ ਹੀ ਪੁੱਤ੍ਰ ਹੈ। [3](ਪੁੱਤ੍ਰ ਨੂੰ) ਜਾਣ ਦਿੱਤਿਆਂ ਮੈਨੂੰ ਦੁਖ ਸਹਿਣਾ ਪਵੇਗਾ। (ਅ) ਮੈਂ ਗ੍ਰੀਬ ਹਾਂ, ਜਾਣ ਲਓ ਕਿ (ਪੁੱਤ੍ਰ ਦੇ ਵਿਯੋਗ ਦਾ) ਦੁੱਖ ਮੈਨੂੰ ਪਏਗਾ।

[ ਪਿਛਲੇ ਪੰਨੇ ਦੀ ਬਾਕੀ ਟੂਕ ]

ਦੁਧ ਬਿਨ ਰੋਗ ਰਜਾਈਆ ਦਾ ਓਢਣ ਨਾਗ ਨਿਵਾਸਾ ਦੇ ਰਹਿਣਾ ॥੧॥ ਸੂਲ ਸੁਰਾਹੀ ਖੰਜਰ ਪਿਆਲਾ ਬਿੰਗ* ਕਸਾਈਆ ਦਾ ਸਹਿਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠਿ ਖੇੜਿਆ ਦਾ ਰਹਿਣਾ ॥ ੨ ॥ ੧ ॥ ਦੋਹਰਾ। ਸੁਨ ਸੰਦੇਸ ਕਰਿ ਬੰਦਨਾ ਸਿੱਖ ਗਯੋ ਸਤ ਥਾਨ। ਤਬ ਪ੍ਰਭੁ ਭਏ ਉਦਾਸ ਮਨ ਚਹੇਂ ਪ੍ਰਲੋਕ ਪਯਾਨ ॥

ਪਰ ਇਹ ਵਾਧੂ ਪਾਠ ਅੰਕ ੪੬ ਤੋਂ ਮਗਰਲਾ ਸਾਨੂੰ ਮਿਲੇ ਲਿਖਤੀ ਨੁਸਖਿਆਂ ਵਿਚ ਚੋਂ ... ਵਿਚ ਕਿਤੇ ਨਹੀਂ ਆਇਆ। ਇਹ ਪ੍ਰਸੰਗ ਪੁਰਾਤਨ ਰਵਾਇਤਾਂ ਵਿਚ ਹੈ ਤਾਂ ਸਹੀ, ਪਰ ਇਥੇ ਕਿਸੇ ਨੇ ਮਗਰੋਂ ਪਾਇਆ ਜਾਪਦਾ ਹੈ, ਕਵਿ ਜੀ ਦਾ ਰਚਿਤ ਨਹੀਂ ਜਾਪਦਾ। ਸਭ ਤੋਂ ਪੁਰਾਣੇ ਲਿਖੇ ੧੯੫੨ ਦੇ ਨੁਸਖੇ ਵਿਚ ਬੀ ਇਹ ਪਾਠ ਨਹੀਂ ਹੈ ਤੇ ੧੯੧੯ ਵਾਲੇ ਨੁਸਖੇ ਵਿਚ ਬੀ ਨਹੀਂ ਹੈ। ਇਸ ਤੋਂ ਬੀ ਅਨੁਮਾਨ ਹੁੰਦਾ ਹੈ ਕਿ ਗ੍ਰੰਥ ਵਿਚ ਆਖੇਪਕ ਰਲਦੇ ਗਏ ਹਨ, ਜਾਂ ਗ੍ਰੰਥ ਰਚੇ ਨੂੰ ਸਮਾਂ ਥੋੜਾ ਬੀਤਿਆ ਹੈ। ਇਹ ਪ੍ਰਸੰਗ ਨਿਰਸੰਸੇ ਆਖੇਪਕ ਐਉਂ ਸਿੱਧ ਹੋ ਜਾਂਦਾ ਹੈ ਕਿ ਇਸੇ ਅਯਨ ਦੇ ਅੰਸੂ ੨੦ ਦੇ ਅੰਕ ੩੨ ਵਿਚ ਦਯਾ ਸਿੰਘ ਜੀ ਕਵਿ ਜੀ ਨੇ ਜੀਉਂਦੇ ਦੱਸੇ ਹਨ। ਪਰ ਆਖੇਪ ਵਾਲੇ ਛਾਪੇ ਦੇ ਨੁਸਖੇ ਵਿਚ ੨੦ ਅੰਸੂ ਵਿਚ ਪਾਠ ਜੋਧਾ ਸਿੰਘ ਬਦਲਾਇਆ ਹੋਇਆ ਹੈ। ਇਕ ਹੋਰ ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਵਾਧੂ ਪਾਠ ਵਿਚ ਛੰਦਾਂ ਦੇ ਅੰਕ ਨਹੀਂ ਹਨ, ਇਹ ਆਖੇਪਕਾਰ ਤੋਂ ਰਹਿ ਗਏ ਹਨ। ਉਂਞ ਇਸ ਪ੍ਰਸੰਗ ਦੇ ਦੇਣ ਵਿਚ ਕਿਸੇ ਨੂੰ ਕੋਈ ਲਾਭ ਨਹੀਂ ਸੀ। ਗ਼ਾਲਬਨ ਦਸਮ ਗ੍ਰੰਥ ਦੇ ਗਿਆਨੀਆਂ ਵਿਚ ਜੋ ਇਤਿਹਾਸਕ ਉਥਾਨਕਾ 'ਮਿਤ੍ਰ ਪਿਆਰੇ' ਵਾਲੇ ਛੰਦ ਦੀ ਪਰਚਲਤ ਹੈ, ਉਹ ਕਿਸੇ ਪ੍ਰੇਮੀ ਨੇ ਇਸ ਗ੍ਰੰਥ ਨੂੰ ਭੂਸ਼ਿਤ ਕਰਨ ਵਾਸਤੇ ਸ਼ੁਭ ਭਾਵਨਾ ਨਾਲ ਪਾਈ ਹੈ।

*ਬਿੰਗ=ਸਾਖੀ ਦੇ ਵਰੇਂਗ ਵਾਕ, ਅਰਥਾਤ ਸਾਡਾ ਹਸ ਤਰੇ ਵਾਕ ਵਸ ਈਆਂ ਦੇ ਬਿੰਗ ਦੁਕ ਹਨ। ਬਿੰਗ ਕਹਿੰਦੇ ਹਨ ਕਮਰੇ ਨੂੰ ਕੁਹਣਾ ਤੇ ਦੱਬਦੇ ਰੱਖਣਾ। ਬਿੰਗ ਪਦ ਸ਼ਲੇਖ ਹੈ। ਜਿਉਂ ਬੀ ਅਰਥ ਹੈ ਕਿ ਸੁਰਾਹੀ ਤੇ ਪਯਾਲੇ ਨਾਲ ਜੋ ਖਾਣਾ ਹੁੰਦਾ ਹੈ ਉਹ ਬਿੰਗ ਤੁਲ ਦੁਖਦਾਈ ਹੈ। ਬਿੰਗ ਦਾ ਅਰਥ ਕੁਝ ... ਲਾਉਂਦੇ ਹਨ ਪਰ ਉਹ ਢੁਕਦਾ ਨਹੀਂ ਹੈ।

ਰੇ ਪੁੱਤ੍ਰ ਸੰਗ ਮੁਝ ਦੀਜੈ'। ਇੱਤਾਦਿਕ ਮੈਂ ਤੇ ਹੁਤੇ । ਸੁਤ ਸਨੇਹ ਤੇ
ਕਟ ਗੁਨੇ ॥੫ ॥ ਮੁਝ ਸੋਂ ਕਹ੍ਯੋ 'ਜਾਹੁ ਤੁਮ ਭਾਈ । ਜਨਨੀ ਹੇਤੁ ਲੈਨ
ਤੇ ਆਈ।ਮਾਰਗ ਦੂਰ ਉਲੰਘਤਿ ਧਾਈ । ਅਬਿਕੈਸੇ ਏਕਲਿ ਫਿਰ ਜਾਈ
॥ ੬ ॥ ਇਕ ਪੁੱਤ੍ਰਾ ਬ੍ਰਿਹੁ ਨਹੀਂ ਸਹਾਰੈ । ਨਾਂਹਿ ਤ ਹਮਰੇ ਸੰਗ ਸਿਧਾਰੈ"।
ਸੁਨਿ ਮੈਂ ਗੁਰ ਕੇ ਖਰੋ ਅਗਾਰੀ । ਭਯੋ ਦੀਨ ਇਮ ਬਿਨੈ ਉਚਾਰੀ ॥ ੭ ॥
'ਮੇਰ ਨੇਮ ਹੋਇ ਨਿਰਬਾਹੂ । ਰਹਨਿ ਹਮੇਸ਼ ਆਪ ਕੇ ਪਾਹੂ । ਦਰਸ਼ਨ
ਕਰੌਂ ਤ ਅਚੌਂ ਅਹਾਰਾ । ਬਿਨ ਹੇਰੇ ਰਹਿ ਹੌਂ ਨਿਰਹਾਰਾ ॥ ੮ ॥ ਤੁਮ
ਬਿਛਰੇ ਜਬਿ ਅੰਨ ਨ ਖੈਹੋਂ । ਕਿਹ ਬਿਧਿ ਇਹ ਸਰੀਰ ਨਿਰਬੈਹੋਂ । ਪ੍ਰਥਮ
ਕਰਹੁ ਕੋ ਅਸ ਉਪਚਾਰਾ । ਬਹੁਰ ਹਟਾਵਹੁ ਦੇਸ਼ ਮਝਾਰਾ' ॥ ੯ ॥ ਸੁਨਿ
ਸਤਿਗੁਰ ਨੇ ਰਿਦੇ ਬਿਚਾਰੀ । ਸਭਿਨਿ ਸੁਨਾਵਤਿ ਗਿਰਾ ਉਚਾਰੀ।'ਚਢਹੁ
ਅਖੇਰ ਹੇਤੁ ਜਬਿ ਬਾਹਰ । ਹਮਰੋ ਦਰਸ਼ਨ ਪਿਖਿ ਤਹਿਂ ਜ਼ਾਹਰ ॥ ੧੦ ॥
ਜਬਿ ਚਾਹੋ ਤਬਿ ਨਿਕਸਿ ਪਧਾਰਹੁ । ਕਾਨਨ ਮਹਿਂ ਹਮ ਦਰਸ ਨਿਹਾਰਹੁ'
ਇਮ ਮੁਝ ਸੋਂ ਕਹਿ ਕੀਨਸਿ ਤਯਾਰੀ । ਸਾਹਿਬ ਦੇਵੀ ਸਾਥ ਉਚਾਰੀ
॥ ੧੧ ॥ 'ਤੁਮ ਭੀ ਹਟਿ ਦਿੱਲੀ ਪੁਰਿ ਜਾਹੂ । ਬਾਹੁ ਸਪਤਨੀ[1] ਕੇ ਨਿਤ
ਪਾਹੂ।ਸਭਿ ਸੰਗਤਿ ਤੁਮ ਸੇਵ ਕਮਾਵੈ।ਹਮ ਸਮ ਦ੍ਵਹੂਅਨਿ ਦਰਸ਼ਨ ਪਾਵੈ[2]"
॥ ੧੨ ॥ ਇੱਤਯਾਦਿਕ ਬਹੁਤੀ ਸਮੁਝਾਈ । ਤਜ੍ਯੋ ਨ ਸੰਗ ਬਿਸਾਲ
ਹਟਾਈ । ਦਰਸ਼ਨ ਕਰਿ ਅਹਾਰ ਸੋ ਖਾਈ।ਮੋਹਿ ਸਮਾਨ ਨੇਮ ਨਿਬਹਾਈ
॥ ੧੩ ॥ ਮਾਤ ਸੰਗ ਮੈਂ[3] ਹੁਇ ਹਟ ਪਰ੍ਯੋ । ਆਵਨ ਮੱਦ੍ਰ ਦੇਸ਼ ਮਹਿ
ਕਰ੍ਯੋ । ਨਿਤ ਅਖੇਰ ਹਿਤ ਗਮਨੈਂ ਬਾਹਰ । ਦਰਸ਼ਨ ਗੁਰ ਦਰਸਹੁਂ ਤਬਿ
ਜ਼ਾਹਰ ॥੧੪॥ ਅਬਚਲ ਨਗਰ ਗਏ ਗੁਰ ਰਹੇ। ਸਮਾ ਅੰਤ ਤਨ ਕੋ ਤਬਿ
ਲਹੇ ।—ਸੰਗ ਸਤੀ ਹੁਇ ਸਾਹਿਬ ਦੇਵੀ—। ਚਿਤ ਮਹਿਂ ਚਿਤਵਤਿ ਭੇ ਪ੍ਰਭੁ
ਏਵੀ ॥੧੫॥ ਅਪਨੇ ਤੇ ਤਬਿ ਚਹਤਿ ਬਿਛੋਰੀ । ਪਠਨ ਹੇਤੁ ਦਿੱਲੀ ਪੁਰਿ
ਓਰੀ।ਕਹ੍ਯੋ'ਜਾਹੁ ਅਬਿ ਦੇਰ ਨ ਲਾਉ। ਬਸਹੁ ਸਪਤਨੀ ਹੈ ਜਿਸ ਥਾਉ"
॥ ੧੬ ॥ ਸੁਨਿ ਸਾਹਿਬ ਦੇਵੀ ਕਰ ਜੋਰੇ । 'ਦੀਨਮਨਾ ਹੁਇ ਚਰਨ
ਨਿਹੋਰੇ । ਤੁਮ ਬਿਨ ਮੋਰ ਅਲੰਬ ਨ ਕੋਈ । ਦੇਖਿ ਅਚੌਂ ਜਲ ਭੋਜਨ
ਦੋਈ ॥ ੧੭ ॥ ਬਿਛੁਰੇ ਤੇ ਦਰਸ਼ਨ ਕਿਮ ਹੋਇ । ਸਹੌਂ ਕਸ਼ਟ ਪ੍ਰਾਨਨ

---

[1]ਭਾਵ ਸੁੰਦਰੀ ਜੀ ਪਾਸ । [2]ਸਾਡੇ ਵਾਂਗ ਦੋਹਾਂ (ਮਹਿਲਾਂ) ਦਾ ਦਰਸ਼ਨ (ਸੰਗਤ) ਪਾਵੇਗੀ ।
[3]ਮੈਂ (ਆਪਣੀ) ਮਾਤਾ ਨਾਲ ।

ਕੋ ਖੋਇ। ਕੌਨ ਗਤੀ ਪ੍ਰਭੁ ਹੋਇ ਹਮਾਰੀ। ਬਨਿ ਲਚਾਰ ਮਰਿ ਰਹਉਂ ਬਿਚਾਰੀ' ॥ ੧੮ ॥ ਖੜਗ ਆਦਿ ਖਟ ਆਯੁਧ ਧਰੇ। ਖਸ਼ਟਮ ਗੁਰੂ ਸਜਾਵਨ ਕਰੇ। ਸ੍ਰੀ ਗੋਬਿੰਦ ਸਿੰਘ ਨਿਕਟ ਮੰਗਾਏ। ਸਾਹਿਬ ਦੇਵੀ ਸਉਂਪਿ ਅਲਾਏ ॥ ੧੯ ॥ 'ਦਰਸ਼ਨ ਕਰੈਂ ਹਮਾਰੋ ਯਥਾ। ਇਨ ਕੋ ਅਵਲੋਕਨ ਲਖਿ ਤਥਾ। ਕਰਹੁ ਪ੍ਰਾਤਿ ਕੋ ਜਬਿ ਇਸ਼ਨਾਨਾ। ਦਰਸ਼ਨ ਕਰਹੁ ਧਯਾਨ ਮਮ ਠਾਨਾ ॥੨੦॥ ਇਮ ਨਿਬਹੈਗੋ ਨੇਮ ਤੁਹਾਰਾ। ਲੇ ਕਰਿ ਪਹੁੰਚਹੁ ਪੁਰੀ ਮਝਾਰਾ'। ਇੱਤਯਾਦਿਕ ਕਹਿ ਬਹੁ ਸਮੁਝਾਈ। ਕੀਨੇ ਦਾਸ ਸੰਗ ਸਮੁਦਾਈ ॥੨੧॥ ਭਈ ਬਿਬਸ ਬਿਛਰੀ ਪਤਿ ਸਾਥ। ਪਤਿਬਰਤਾ ਚਿਤਵਤਿ ਤਨੁ ਨਾਥ।–ਆਗਯਾ ਮੇਟੀ ਜਾਇ ਨ ਕੋਈ। ਪੁਨਿ ਬਿਕੁੰਠ ਕੋ ਚਲਿਬੋ ਹੋਈ। ॥੨੨॥ ਸੰਗ ਸਤੀ ਕੋ ਹੋਵਨ ਮੇਰੋ। ਨਹਿं ਚਾਹਿਤ ਨੀਕੀ ਬਿਧਿ ਹੇਰੋਂ। ਯਾਂਤੇ ਚਿੱਤ ਸ਼ੋਕ ਕੀ ਅਗਨਿ। ਕੇਤਿਕ ਦਿਨ ਮਹਿਂ ਰਹੌਂ ਨਿਮਗਨ ॥੨੩॥ ਤਨ ਸੁਕਾਇ ਪਿੰਜਰ ਕਰਿ ਦੇਊਂ। ਮਰੌਂ ਅੰਤ ਕੋ ਬਹੁ ਦੁਖ ਹੇਊ–। ਇਮ ਬਿਚਾਰ ਹੁਇ ਸੰਕਟ ਸਾਥ। ਤਯਾਗ ਨ ਸਕਹਿ ਪਰਮ ਪ੍ਰਿਯ ਨਾਥ ॥੨੪॥ ਦੀਨ ਮਨਾ ਬੰਦੇ ਜੁਗ ਹਾਥ। ਅੱਸ਼ੂ ਬਿਮੋਚਤਿ ਪਗ ਧਰਿ ਮਾਥ। ਕਰਯੋ ਗਮਨ ਕੋ ਬੇਬਸ ਹੋਈ। ਹੇਰਿ ਹੇਰਿ ਪਤਿ ਕੋ ਬਹੁ ਰੋਈ ॥੨੫॥ ਦਾਸ ਪਾਸ ਆਯੁਧ ਉਠਵਾਏ।ਨਿਜ ਆਗੇ ਕਹਿ ਕਰਿ ਚਲਿਵਾਏ।ਚਢਿ ਡੋਰੇ ਗਮਨੀ ਮਗ ਮਾਂਹੁ। ਮਨ ਤੇ ਰਹਯੋ ਨਾਥ ਕੇ ਪਾਹੁ ॥੨੬॥ ਜਿਯਤ ਮੇਲ ਕੀ ਆਸ ਚੁਕਾਈ। ਇਨ ਦੇਹਿਨਿ ਕੀ ਇਹੀ ਬਡਾਈ। ਜੇ ਸਮ ਬ੍ਰਿਤਿ ਰਾਖੈਂ ਸੋ ਧੀਰ। ਅੰਤਵੰਤ ਹੈਂ ਸਕਲ ਸਰੀਰ ॥੨੭॥ ਮਿਲਿਨਿ ਸੁ ਬਿਛੁਰਨਿ ਜਨਮ ਰੁ ਮਰਨਾ। ਬਾਲਕ ਬਿਰਧ ਹੋਇ ਕੈ ਤਰੁਨਾ। ਨਹੀਂ ਅਵਸਥਾ ਥਿਰਹਿ ਕਦਾਈ।ਜਲ ਸਲਿਤਾ ਜਿਮ ਨਿਤ ਬਹਿ ਜਾਈ॥੨੮॥ਬਨਯੋ ਜਗਤ ਸਭਿ ਕੂੜ ਪਸਾਰਾ। ਜੋ ਬਿਦਤਹਿ ਸੋ ਨਹੀਂ ਨਿਹਾਰਾ–। ਇਮ ਚਿਤਵਤਿ ਮਾਰਗ ਮੈ ਆਈ। ਸਨੇ ਸਨੇ ਦਿੱਲੀ ਨਿਯਰਾਈ ॥ ੨੯ ॥ ਸੁਧਿ ਸੁਨਿਕੈ ਮਾਤਹਿ ਆਗਵਨੁ। ਸੰਗਤਿ ਗਈ ਅੱਗੂ ਤਜਿ ਭਵਨੁ। ਨਮੋ ਕਰੀ ਸਭਿ ਨੇ ਕਰ ਜੋਰਿ। ਦੇ ਕਰਿ ਨਾਨਾ ਭਾਂਤਿ ਅਕੋਰ ॥੩੦॥ ਸਨਮਾਨਤਿ ਪੁਰਿ ਮਹਿਂ ਲੈ ਆਏ। ਸੀਸ ਸੁੰਦਰੀ ਅੱਗੂ ਨਿਵਾਏ। ਮਿਲੀ ਸਪਤਨੀ ਆਪਸ ਮਾਂਹੀ। ਸਿਮਰਤਿ ਪਤਿ ਸੁਤ ਰੁਦਨ ਕਰਾਹੀਂ ॥ ੩੧ ॥ 'ਦੈਵ ਕਰੀ ਗਤਿ ਕਹਾਂ ਹਮਾਰੀ। ਅੰਤ ਸਮੈਂ ਗੁਰ ਬ੍ਰਿਹੁ ਮਹਿਂ ਡਾਰੀ। ਅਤਿ ਕਠੋਰ ਧਿਕ ਰਿਦੇ

ਹਮਾਰੇ। ਸੁਤਿ ਪਤਿ ਬਿਛੁਰੇ, ਭੇ ਤਨ ਧਾਰੇ"॥ ੩੨॥ ਮਿਲੀ ਪਰਸਪਰ ਦੋਨਹੁੰ ਰੋਈ। ਤ੍ਰਿਯ ਸਿੱਖਨਿ ਕੀ ਗਤਿ ਤਸ* ਹੋਈ²। ਬਿਨੈ ਸਮੇਤ ਪ੍ਰਬੋਧਤਿ ਘਨੀ। 'ਗੁਰ ਪਤਨੀ ਤੁਮ ਨਹਿਂ ਇਮ ਬਨੀ॥ ੩੩॥ ਸੇਵਾ ਕਰਹਿਂ ਸਰਬ ਹਮ ਦਾਸੀ। ਨਿਸ ਬਾਸੁਰ ਪਰਚਹਿਂ ਰਹਿਂ ਪਾਸੀ'। ਇੱਤ੍ਯਾਦਿਕ ਬਹੁ ਭਾਖਨਿ ਕਰਜੋ। ਮਾਤ ਸੁੰਦਰੀ ਧੀਰਜ ਧਰਯੋ॥ ੩੪॥ ਮੰਜੀ ਪਰ ਬਿਛਾਵਨੋ ਛਾਇ। ਸੋ ਆਯੁਧ ਕਰਿ ਨਮੋ ਟਿਕਾਇ। ਦੋਨੋ ਸੌਂਤ ਪ੍ਰਭਾਤਿ ਸ਼ਨਾਨੈਂ। ਗੁਰ ਸਰੂਪ ਕਰਿ ਤਿਨ ਕੌ ਮਾਨੈਂ॥ ੩੫॥ ਪੁਸ਼ਪ ਧੂਪ ਚੰਦਨ ਚਰਚਾਵੈਂ। ਦਰਸ਼ਨ ਕਰਿ ਭੋਜਨ ਕੋ ਖਾਵੈਂ। ਸਿਖ ਸੰਗਤਿ ਕਿਤ ਤੇ ਚਲਿ ਆਵੈ। ਗੁਰ ਸਮਾਨ ਅਵਿਲੋਕ ਮਨਾਵੈ॥ ੩੬॥ ਅਰਪਤਿ ਗਨ ਉਪਹਾਰ ਅਛੇਰੇ। ਨਿਤ ਪ੍ਰਤਿ ਪੂਜਾ ਹੋਤਿ ਬਡੇਰੇ। ਮਹਿਮਾਂ ਸ਼ਸਤ੍ਰਨਿ ਕੀ ਬਹੁ ਭਈ। ਧਰੀ ਕਾਮਨਾ ਸੋ ਸਿਖ ਲਈ॥ ੩੭॥ ਸਾਹਿਬ ਦੇਵੀ ਸਦਾ ਸਚਿੰਤ। ਸੌਂਤ ਸੁੰਦਰੀ ਨਿਕਟ ਬਸੰਤਿ। ਗੁਰ ਸ਼ਰੀਰ ਕੋ ਚਿਤਵਨ ਕਰਤੀ। ਨਿਸ ਦਿਨ ਧਯਾਨ ਰਿਦੇ ਪਤਿ ਧਰਤੀ॥ ੩੮॥ ਦੂਰਬਲ ਤਨ ਜਿਸ ਕੋ ਹੁਇ ਗਯੋ। ਸ਼ੋਕ ਪਰਾਇਨ ਚਿਤ ਨਿਤ ਥਯੋ। ਪੀਤ ਬਦਨ ਆਂਸੂ ਦ੍ਰਿਗ ਗੇਰਤਿ। ਨਹੀਂ ਸਮੀਪ ਕੰਤ ਕੌ ਹੇਰਤਿ॥ ੩੯॥ ਸ਼ਸਤ੍ਰ ਦਰਸ ਕੈ ਭੋਜਨ ਖਾਵੈ। ਅਲਪ ਅਹਾਰ ਕਛੂ ਨਹਿਂ ਭਾਵੈ। ਇਮ ਅਪਨੀ ਬਯ ਸਕਲ ਬਿਤਾਈ। ਪ੍ਰਿਯ ਪ੍ਰਤਿ ਮਹਿਂ ਚਿਤ ਬ੍ਰਿੱਤਿ ਲਗਾਈ॥ ੪੦॥ ਮਾਤ ਸੁੰਦਰੀ ਸਭਿ ਬਿਵਹਾਰ। ਲੈਨਿ ਦੇਨਿ ਕੀ ਜੇਤਿਕ ਕਾਰ। ਸੁਤ ਕੇ ਸਮ ਅਜੀਤ ਸਿੰਘ ਪਾਰੈ। ਬਹੁ ਸਨੇਹ ਕਰਿ ਭੋਜਨ ਖ੍ਵਾਰੈ॥ ੪੧॥ ਨਾਨਾ ਬਿਧਿ ਕੇ ਬਸਤ੍ਰ ਬਨਾਵੈ। ਨਿਕਟ ਬਿਠਾਇ ਹੇਰਿ ਪਹਿਰਾਵੈ। ਹੇਮ ਬਿਭੂਖਨ ਬਹੁ ਘਰਿਵਾਏ। ਲੇ ਮੁਕਤਾ ਕਾਨਨ ਮਹਿ ਪਾਏ॥ ੪੨॥ ਪਰਬੈ ਤਿਹ ਸੋਂ ਕਰਤਿ ਸਨੇਹੂ। ਸੁਰਤਿ ਜਨੁ ਅਜੀਤ ਸਿੰਘ ਏਹੂ। ਮੋਲ ਤੁਰੰਗਮ ਚੰਚਲ ਲੀਨਿ। ਬਹੁ ਧਨ ਦੇ ਕਰਵਾਇਸ ਜ਼ੀਨ॥੪੩॥ ਹਯ ਚਢਾਇ ਕਰਿ ਪੁਰਿ ਮਹਿਂ ਫੇਰਹਿ। ਗੁਰੂ ਪੁੱਤ੍ਰ ਕਹਿ ਸਗਰੇ ਹੇਰਹਿ। ਇਸ ਪ੍ਰਕਾਰ ਦਿੱਲੀ ਪੁਰਿ ਕਥਾ। ਸ਼੍ਰੋਤਾ ਸੁਨਹੁ ਪ੍ਰੀਤਿ ਧਰਿ ਤਥਾ॥ ੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜਗ੍ਰਿੰਥੇ ਉੱਤਰ ਐਨੇ 'ਮਾਤਾ ਸਾਹਿਬਦੇਵੀ ਸੁੰਦਰੀ' ਪ੍ਰਸੰਗਬਰਨਨੰ ਨਾਮਪੰਚਦਸਮੋਅੰਸੂ॥੧੫॥

¹ਪਤੀ ਤੇ ਪੁੱਤ੍ਰਾਂ ਤੋਂ ਵਿਛੜਿਆਂ ਹੋਇਆਂ ਵੀ ਅਸਾਂ (ਅਜੇ) ਤਨ ਧਾਰਿਆ ਹੋਇਆ ਹੈ। ²ਸਿੱਖਾਂ ਦੀਆਂ ਇਸਤ੍ਰੀਆਂ ਦੀ ਬੀ ਤਿਵੇਂ ਗਤ ਹੋਈ,ਭਾਵ ਸਾਰੀਆਂ ਰੋਣ ਲੱਗੀਆਂ। *ਪਾ:—ਗਨ ਤਹਿ।

### ੧੯. [ਹਿੰਦੂ ਤੁਰਕ ਮਤਿ ਦਾ ਮੁਕਾਬਲਾ। ਖਾਲਸਾ ਤੀਜਾ]।

ਦੋਹਰਾ ॥ ਗਾਥਾ ਅਬਚਲ ਨਗਰ ਕੀ ਸੁਨਹੁ ਸਿੱਖ ਮਨ ਲਾਇ। ਸਿੰਘ ਨਿਕਟ ਪ੍ਰਭੁ ਕੇ ਰਹੈਂ ਇਕ ਆਵੈਂ ਇਕ ਜਾਇ॥੧॥ ਸੈਯਾ ॥ ਸ਼ਾਹਿ ਬਹਾਦਰ ਏਕ ਦਿਨਾ ਢਿਗ ਆਇ ਬਿਦਾ ਹਿਤ ਸ੍ਰੀ ਗੁਰ ਪਾਸੀ। ਸੰਗ ਸਮੂਹ ਲੀਏ ਉਮਰਾਵ ਬਡੇ ਉਲਮਾਉ ਮੁਲਾਨਨਿ ਰਾਸੀ। ਜ਼ੇਵਰ ਜ਼ੇਬ ਜਵਾਹਰ ਜ਼ਾਹਰ ਯੌਂ ਝਮਕੇਂ, ਉਡ ਜੈਸੇ ਅਕਾਸ਼ੀ। ਸੂਖਮ ਪੋਸ਼ਿਸ਼ ਪਾਇ ਸ਼ਰੀਰਹਿ ਬੀਰ ਸਧੀਰਜਬੁੱਧਿ ਪ੍ਰਕਾਸ਼ੀ॥੨॥ ਹਾਥਨਿ ਬੰਦਿ ਕਰੀ ਅਭਿਬੰਦਨ ਨੌਰੰਗ ਨੰਦਨ ਬੈਠਿ ਗਯੋ। ਕੈ ਸਨਮਾਨ ਬਖਾਨਤਿ ਸ੍ਰੀ ਗੁਰ 'ਸ਼ਾਹੁ ਕਹੋ ਸ਼ੁਭ ਰਾਜ ਥਯੋ? ਸਾਧ ਮਵਾਸ ਲਏ ਸਭਿ ਕੈ ਨਹਿ[1], ਦੱਛਿਨ ਆਇਸੁ ਮਾਨ ਭਯੋ[2]? ਕੌਨ ਮਨੋਰਥ ਔਰ ਰਿਦੇ ਅਬਿ, ਤੋਰ ਪਿਤਾ ਸਮ ਜ਼ੋਰ ਕਯੋ' ॥੩॥ 'ਸ੍ਰੀ ਗੁਰ ਰਾਵਰ ਕੀ ਕਰੁਨਾ ਮੁਹਿ, ਦਾਤ ਦਈ ਪਤਿਸ਼ਾਹਤਿ ਸਾਰੀ। ਕੌਨ ਸਕੈ ਅਰ[3], ਮਾਰ ਲੀਏ ਅਰਿ, ਸੈਨ ਫਿਰੀ ਜਿਤ ਹੂੰ ਕਿਤ ਭਾਰੀ। ਦੱਛਿਨ ਦੇਸ਼ ਅਸ਼ੇਸ਼ ਲਿਯੋ, ਬਸ ਹੌਂ ਦਿਨ ਕੇਤਿਕ ਔਰ ਅਗਾਰੀ॥ ਫੇਰ ਚਲੌਂ ਦਿੱਲੀ ਪੁਰਿ ਕੋ ਤਹਿ ਬੈਠਿ ਸਭੈ ਸੁਧਿ ਲੇ ਹੌਂ ਸੰਭਾਰੀ ॥੪॥ ਹੈਦਰਾਬਾਦ ਕੋ ਜਾਉਂ ਅਬੈ,ਹਿਤ ਹੋਨਿ ਬਿਦਾ ਤੁਮ ਤੀਰ ਅਯੋ। ਕੂਚ ਕਰੌਂ ਪੁਨ ਦੇਸ਼ ਪੰਜਾਬ ਕੋ ਕਾਰਜ ਸਾਰੇ ਸੁਧਾਰ ਲਯੋ। *ਸ੍ਰੀ ਪ੍ਰਭੁ[4]! ਬੂਝਤਿ ਹੌਂ, ਮਤ ਹਿੰਦ ਕੋ ਕਾਹੇ ਅਹੇ ਇਹ ਕੈਸੋ ਕਿਯੋ? ਪਾਥਰ ਕੋ ਘਰ ਮੂਰਤਿ ਕੋ ਕਰਿ ਚਿੱਤ੍ਰ ਕਿਯੋਂ ਲਿਖਿ ਭੀਤ ਦਿਯੋ ॥ ੫ ॥ ਪੂਜਤਿ ਹੈਂ ਤਿਹ ਸੀਸ ਨਿਵਾਵਤਿ ਭੋਜਨ ਕੋ ਧਰਿ ਦੇਤਿ ਅਗਾਰੀ। ਕਾਰਜ ਕੌਨ ਭਯੋ ਤਿਸ ਤੇ ਜੁਇ ਆਪ ਰਚੀ[5] ਬਹੁ ਭਾਂਤ ਸੁਧਾਰੀ। ਸੀਂਚਤਿ ਹਾਥਨ ਤੇ ਛਿਤਿ ਪੈ, ਕਿਮ ਜਾਇ ਬਛੇਰਨ ਪੈ ਚਲਿ ਬਾਰੀ[6]। ਸ਼੍ਰਾਧ ਕਰੈਂ ਪਿਤ੍ਰਾਨਿ ਕੇ ਹੇਤੁ ਅਚਾਵਤਿ ਹੈਂ ਦਿਜ ਪੁੰਜ ਅਹਾਰੀ ॥੬॥ ਤੀਸਰੇ ਔਰ ਸੁਨੋ ਗੁਰ ਸਾਹਿਬ! ਹਿੰਦੁਨਿ ਕੇ ਮਤਿ ਹੈ ਜਿਮ ਕਾਚਾ। ਮੇਵਾ ਅਮੇਛਿ[7] ਕੈ ਖੰਡ ਔ ਘੀਉ ਮੈਂ ਜੌਂ ਤਿਲ ਡਾਲਤਿ, ਏਕ ਜਨੋਂ ਰਾਚਾ[8]। ਆਗ ਮਹਿ ਪਾਇਕੈ ਸ੍ਵਾਹ ਕਰੈਂ ਤਿਹ ਲੋਂ ਫਲ ਫੇਰ ਮੁਨੀਨ ਉਬਾਚਾ। ਕੌਤੁਕ ਹੋਵਤਿ ਹੈ ਹਮਰੇ ਉਰ ਕੂਰ ਹੀ ਕੋ ਏਹ ਮਾਨਤਿ ਸਾਚਾ

---

[1]ਆਕੀ ਥਾਂ ਸਾਧ ਲਏ ਹਨ ਕਿ ਨਹੀਂ? [2]ਭਾਵ ਦੱਖਣ ਵਿਚ (ਲੋਕ) ਆਗਿਆ ਮੰਨਣ ਲੱਗੇ ਹਨ ਕਿ ਨਹੀਂ? [3]ਅੜ। [4]ਹੇ ਗੁਰੂ ਜੀ। [5]ਜੋ ਮੂਰਤ ਆਪ ਬਣਾਈ। [6]ਬਛਿਆਂ(ਪਿੱਤਰਾਂ) ਪਾਸ ਕਿਵੇਂ ਜਲ ਜਾ ਸਕਦਾ ਹੈ? [7]ਮੇਵਾ ਮਿਲਾਕੇ। [8]ਭਾਵ ਇਕ ਮਿਕ ਕਰਦੇ ਹਨ।

*ਸੌ ਸਾਖੀ ਦੀ ੯੮ਵੀਂ ਸਾਖੀ ਚੱਲੀ ਹੈ।

੭॥ ਸ੍ਰੀ ਗੁਰ ਉੱਤਰ ਦੇਤਿ ਭਏ'ਮਤ ਹਿੰਦੁਨ ਕੇ ਸਭਿ ਕਰਮ ਕਮਾਵੈਂ'[1]। ਖੇਤ ਕੀ ਸੇਵ ਕ੍ਰਿਸਾਨ ਕਰੈ ਬਹੁ ਅੰਨ ਪਕੈ ਸੁਖ ਸੌਂ ਘਰ ਖਾਵੈ। ਧੇਨੁ ਕੀ ਸੇਵ ਕਰੈ ਹਿਤ ਸੌਂ ਦਿਨ ਕੇਤਿਕ ਮੈਂ ਪੈ ਸ੍ਵਾਦਲ ਪਾਵੈ। ਭੂਪਤਿ ਸੇਵਤਿ ਤੇ ਧਨ ਕੋ ਬਹੁ ਸੇਵਨ ਤੇ ਸਭਿਹੂੰ ਬਨਿਆਵੈ[2] ॥ ੮ ॥ ਇਸ਼ਟ ਅਰੋਪਿ ਕੈ ਮੂਰਤ ਮਹਿਂ ਉਰ ਧ੍ਯਾਨ ਧਰੈ ਮਨ ਪ੍ਰੇਮ ਲਗਾਵੈ। ਪਾਵਤਿ ਹੈ ਧਰਿ ਕਾਮਨ ਕੋ, ਚਿਤ ਕੋ ਨਿਸ਼ਚਾ ਨਹਿਂ ਕਨੈਂ ਸਫਲਾਵੈ[3]*। [4]ਆਸਤ ਨਾਸਤ ਹੋਇ ਰਚੇ ਨਰ ਸ੍ਰੀ ਪਰਮੇਸ਼ੁਰ ਕੋ ਚਿਤ ਭਾਵੈ। ਆਸਤਿ ਤੌ ਗਨ ਹਿੰਦੂ ਭਏ ਤੁਰਕੇਸ਼ ਭਿ ਨਾਸਤ ਤੇ ਬਨਿ ਆਵੈਂ[4] ॥ ੯ ॥ ਮੂਲ ਤਰੋਵਰੁ ਕੇ ਜਲ ਸੇਂਚਤ ਊਪਰ ਤੇ ਲੁਨੀਏ ਫਲ ਤਾਸਾ[5]। ਤਨੈਂ ਚਿਤ ਜਾਨਹੁ ਭੂਤਲ ਕੀ ਕ੍ਰਿਤ, ਲੇਤਿ ਸਭੈ ਫਲ ਜਾਇ ਅਕਾਸ਼ਾ[6]। ਕਾਚੋ ਮਤੋ ਅਪਨੋ ਤੁਮ ਦੇਖਹੁ, ਮਾਨਤਿ ਹੋ ਕਬਰੈਂ, ਜਿਨ ਨਾਸ਼ਾ[7] । ਕਨਾ ਤਿਨ ਤੇ ਕਹੁ ਕਾਜ ਸਰੈ, ਮ੍ਰਿਤਕਾ ਮਿਲਿ ਗੇ ਤਨ, ਕਨਾ ਧਰਿ ਆਸਾ ? ॥ ੧੦ ॥ ਦੋਹਰਾ ॥ ਕਰਹੁ ਬੰਦਗੀ ਰੋਜ਼ ਤੁਮ ਬੰਦਾ ਬਨਿ ਕਰਿ ਆਪ। ਦੇਖਨੇ ਸੁਨਨੈਂ ਨ ਰਬ ਕਿਤੈ, ਕਰਹੁ ਨਿਵਾਜ ਕਲਾਪ ॥੧੧॥ ਰੂਪ ਨ ਰੰਗ ਨ ਠੌਰ ਕਿਤ ਪਾਕ ਅੱਲਾਹਿ ਅਪਾਜ[8]। ਸਿਜਦਾ ਕਰਹੁ, ਦਰੂਦ ਦਿਹੁ, ਰੋਜਾ ਕੂਰ[9] ਨਿਵਾਜ਼ ॥੧੨॥ [10]ਕ-ਹਿਨਾ ਕਨਾ ਅਰੁ ਹਿਰਸ ਕਨਾ ਬਾਦ ਜਾਤਿ ਬਕਬਾਦ[10]। ਨੀਕੀ ਕਰਨੀ ਜਿਨ ਕਰੀ ਕਰਨੈ ਖੁਦਾਇ ਸੁ ਯਾਦ॥੧੩॥ਚੌਪਈ ॥ ਪੀਰ ਪੈਕੰਬਰ ਜਾਨਿ

[1]ਹਿੰਦੂਆਂ ਦੇ ਸਾਰੇ ਮਤ 'ਕਰਮ' ਕਮਾਉਂਦੇ ਹਨ, (ਜਿਵੇਂ)। [2]ਭਾਵ ਖੇਤ ਦੀ ਸੇਵਾ ਨਾਲ ਅੰਨ, ਗਾਂ ਦੀ ਨਾਲ ਦੁੱਧ, ਰਾਜਾ ਦੀ ਸੇਵਾ ਨਾਲ ਧਨ ਮਿਲਦਾ ਹੈ। [3]ਭਾਵ ਹੈ ਕਿ ਚਿਤ ਦਾ ਨਿਸ਼ਚਾ ਫਲਦਾ ਹੈ। [4]ਸੰਸਕ੍ਰਿਤ ਵਾਲੇ ਆਸਤਿਕ ਉਸ ਨੂੰ ਕਹਿੰਦੇ ਹਨ ਕਿ ਜੋ ਈਸ਼ੁਰ, ਵੇਦ, ਪ੍ਰਲੋਕ ਤੇ ਹਿੰਦੂ ਮ੍ਰਯਾਦਾ ਨੂੰ ਮੰਨਦਾ ਹੋਵੇ। ਹਿੰਦੂਆਂ ਨੂੰ ਆਸਤ ਇਸੇ ਕਰਕੇ ਕਿਹਾ ਹੈ। ਮੁਸਲਮਾਨਾਂ ਨੂੰ ਨਾਸਤਿਕ ਇਸ ਵਾਸਤੇ ਕਿਹਾ ਹੈ ਕਿ ਉਹ ਈਸ਼ੁਰ ਤੇ ਪ੍ਰਲੋਕ ਤਾਂ ਮੰਨਦੇ ਹਨ ਪਰ ਵੇਦ ਤੇ ਵੇਦਸ਼ਾਸਤ੍ਰੋਕਤ ਮ੍ਰਿਯਾਦਾ ਨੂੰ ਨਹੀਂ ਮੰਨਦੇ। [5]ਜਿਵੇਂ ਜਲ ਤਾਂ ਹੇਠਾਂ ਜੜ੍ਹਾਂ ਨੂੰ ਸਿੰਜੀਦਾ ਹੈ ਪਰ ਇਸ ਦਾ ਫਲ ਉਪਰ ਸ਼ਾਖਾਂ ਤੋਂ ਲਈਦਾ ਹੈ। [6]ਤਿਵੇਂ ਸਮਝੋ ਚਿਤ ਵਿਚ ਕਿ ਪ੍ਰਿਥਵੀ ਤੇ ਕੀਤੇ ਕਰਮਾਂ ਦਾ ਫਲ ਆਕਾਸ਼ (=ਪ੍ਰਲੋਕ) ਵਿਚ ਮਿਲਦਾ ਹੈ। [7]ਭਾਵ ਮੁਸਲਮਾਨ ਦੇ ਮਤ ਦਾ ਕੱਚਾਪਨ ਦੇਖੋ ਕਿ ਤੁਸੀਂ ਕਬਰਾਂ ਨੂੰ ਮੰਨਦੇ ਹੋ ਜੋ ਵਿਨਾਸ਼ੀ ਹਨ। [8]ਪਾਜ ਰਹਿਤ, ਅਸਲ। [9](ਸਭ) ਝੂਠੇ ਹਨ। [10](ਉਤੋਂ) ਕੀਹ ਕਹਿਣਾ (ਭਾਵ ਕਹਿਣਾ ਕਿ ਰੱਬ ਹੈ ਫਿਰ ਸਿਜਦੇ ਕਰੋ, ਦਰੂਦ ਦਿਓ, ਰੋਜ਼ੇ ਰੱਖੋ, ਨਿਮਾਜ਼ ਪੜ੍ਹੋ) ਤੇ ਫੇਰ ਹਿਰਸ (ਦੇਣੀ (ਐਉਂ ਸਭ ਕੁਛ) ਬਕਵਾਸ ਹੈ ਤੇ ਬਿਅਰਥ ਜਾਂਦਾ ਹੈ।

*ਹਿੰਦੂਆਂ ਦਾ ਨਿਸ਼ਚਾ ਦੱਸ ਰਹੇ ਹਨ, ਆਪਣੀ ਵਲੋਂ ਨਹੀਂ ਕਹਿ ਰਹੇ; ਅਗੇ ਜਾਕੇ ਖੁੱਲ੍ਹ ਜਾਏਗਾ ਸਾਰਾ। ਦੇਖੋ ਅੰਕ ੧੪, ੧੫, ੧੬, ੧੭।

ਸਜੂਦ । ਦੇਤ ਫਾਇਤ੍ਰਾ ਬਹੁਰ ਦਰੂਦ[1] । ਰੋਜ਼ਾ ਬਾਂਗ ਨਿਵਾਜ਼ ਸੁਜਾਨ ।
ਮੁਸਲਮਾਨ ਇਨ ਕਰਹਿ ਪ੍ਰਮਾਨ ॥੧੪॥ ਤ੍ਰੈ ਸੰਧ੍ਯਾ ਕਰਨੀ ਧਰਿ ਪ੍ਰੀਤ ।
ਦੇਵਲ ਪਾਹਿਨ ਪੂਜਨ ਰੀਤਿ[2] । ਇੱਤ੍ਯਾਦਿਕ ਹਿੰਦੂਨਿ ਪਰਵਾਨਾ । ਹਮ
ਦੋਨਹੁੰ ਕੋ ਜਾਨਿ ਸਮਾਨਾ[3] ॥ ੧੫ ॥ ਤ੍ਯਾਗਨ ਕਰੇ ਭਾਉ ਲਖਿ ਬੀਜਾ[4] ।
ਉਤਪਤਿ ਕਰ੍ਯੋ ਖਾਲਸਾ ਤੀਜਾ । ਝੂਠੇ ਲਖਿ ਦੋਨਹੁੰ ਹਮ ਛੋਰੇ । ਪੰਥ
ਅਕਾਲ ਪੁਰਖ ਕੋ ਲੋਰੇ ॥ ੧੬ ॥ ਬਾਦ ਪੱਖ ਕੋ ਸਕਲ ਬਿਨਾਸ਼ਾ । ਧਰੀ
ਅਕਾਲ ਪੁਰਖ ਕੀ ਆਸਾ । ਜਨਮ੍ਯੋ ਅਬੈ ਖਾਲਸਾ ਨਯੋ । ਬਾਲਕ ਕੇ
ਮਨਿੰਦ ਜਗ ਥਿਯੋ ॥੧੭॥ ਜੁਵਾ ਹੋਇ ਜਬਿ ਜ਼ੋਰ ਸੰਭਾਰੇ। ਕਬਰ ਮੜੀ ਕੌ
ਫੋੜਿ ਉਖਾਰੇ । ਦੇਵਲ ਬੁਤ ਪ੍ਰਸਤੀ ਨਹਿੰ ਮਾਨੈ । ਏਕ ਅਕਾਲ ਅਕਾਲ
ਬਖਾਨੈ ॥੧੮॥ ਬਸ੍ਯੋ ਬਿਦੇਸ਼[5] ਜੁ ਬਾਪ ਤੁਹਾਰਾ । ਪਰੇਸ਼ਾਨ ਬਿਨ ਖਰਚ
ਲਚਾਰਾ । ਬਿਚ ਦਰਗਾਹਿ ਬਿਖਰਚ ਖੁਆਰੀ[6] । ਹਿੰਦੂਨਿ ਕੇ ਦੈਂ ਖਰਚ
ਪਿਛਾਰੀ[7] ॥ ੧੯ ॥ ਦੀਰਘ ਸ੍ਵਾਸ ਭਰੇ ਦੁਖ ਪਾਵੈ । ਪਦਰ ਤੁਹਾਰ ਬਹੁਤ
ਬਿਲਲਾਵੈ । ਹੋਇ ਬਿਖਰਚ ਕਹਾਇ ਗ਼ੁਲਾਮ[8] । ਕਰੈ ਬਿਖਰਚ ਬੁਰੇ ਬਹੁ
ਕਾਮ[9]॥੨੦॥ਬਨੈ ਚੋਰ ਬਟਪਾਰੀ ਕਰੈ । ਹਾਥਨਿ ਖਰਚ ਨ ਮਾਂਗੈ ਪਰੈ[10] ।
ਹੇਰਿ ਲੇਹੁ ਜਗ ਕੋ ਬਿਉਹਾਰਾ। ਤਿਮ ਆਗੇ ਲਖਿ ਬਨਜ ਕਰਾਰਾ[7]॥੨੧॥
ਸੁਨਿ ਕਰਿ ਸ਼ਾਹੁਬਹਾਦਰ ਤਬੈ । ਬੋਲ੍ਯੋ ਗਯੋ ਨ, ਹੇਰਤਿ ਸਭੈ[11]* ।

[1](ਮੁਸਲਮਾਨ) ਪੀਰ ਪਿਕੰਬਰਾਂ ਨੂੰ ਸਜਦੇ ਕਰਦੇ ਹਨ,ਭਾਵ ਮੱਥੇ ਟੇਕਦੇ ਹਨ, ਫਾਤਿਹਾ ਪੜ੍ਹਦੇ ਤੇ ਦਰੂਦ ਦਿੰਦੇ ਹਨ । [ਅ਼:, ਫ਼ਾਤਿਹ਼ਾ=ਹੱਥ ਜੋੜਕੇ ਦੁਆ ਮੰਗਣੀ । ਅ਼:, ਦਰੂਦ=ਮੁਰਦਿਆਂ ਨਮਿੱਤ ਰੋਟੀਆਂ ਦੇਣੀਆਂ ਤੇ ਦਰੂਦ ਪੜ੍ਹਨਾ (ਲੁਗ਼ਾਤਾਂ ਵਿਚ ਦਰੂਦ ਦੇ ਅਰਥ–ਰੱਬ ਵਲੋਂ ਰਹਿਮ, ਫਰਿਸ਼ਤਿਆਂ ਵਲੋਂ ਦੁਆ, ਜਾਨਵਰਾਂ ਵਲੋਂ ਤਸਬੀਹ ਬੀ ਹੈਨ)] । [2]ਤ੍ਰੈ ਵੇਰ ਸੰਧਿਆ ਕਰਨੀ, ਮੰਦਰ ਤੇ ਪੱਥਰ ਪੂਜਣੇ (ਹਿੰਦੂਆਂ ਦੀ) ਰੀਤੀ ਹੈ । [3]ਅਸਾਂ ਦੋਹਾਂ ਨੂੰ ਇਕੋ ਜਿਹਾ ਜਾਣਿਆ ਹੈ । [4]ਦੂਜਾ ਭਾਉ ਜਾਣਕੇ ਦੋਵੇਂ ਛੱਡ ਦਿੱਤੇ ਹਨ । [5]ਭਾਵ ਪ੍ਰਲੋਕ ਵਿਚ ਜਾ ਬਸਿਆ ਹੈ । [6]ਖਰਚ ਤੋਂ ਬਿਨਾ ਖੁਆਰੀ ਹੁੰਦੀ ਹੈ । [7]ਹਿੰਦੂਆਂ ਵਿਚ (ਪਿੱਤ੍ਰਾਂ ਨੂੰ) ਖਰਚ ਪਿਛੋਂ ਦਿੰਦੇ ਹਨ । [8]ਖਰਚੋਂ ਤੰਗ ਹੋਕੇ (ਆਦਮੀ ਨੌਕਰੀ ਕਰਦਾ ਤੇ) ਗ਼ੁਲਾਮ ਸਦਾਉਂਦਾ ਹੈ । [9]ਬਿਖਰਚ ਹੋਕੇ ਇਨਸਾਨ ਬੜੇ ਬੁਰੇ ਕੰਮ ਕਰਦਾ ਹੈ । [10]ਹੱਥਾਂ ਵਿਚ ਮੰਗਿਆ ਹੋਇਆ ਬੀ ਖਰਚ ਹੱਥ ਨਹੀਂ ਲੱਗਦਾ । [11]ਸਭ ਦੇ ਦੇਖਦਿਆਂ । *ਸੌ ਸਾਖੀ ਵਿਚ ਲਿਖਿਆ ਹੈ ਕਿ ਇਹ ਉੱਪਰਲੀ ਗੱਲ ਗੁਰੂ ਜੀ ਵਲੋਂ ਬਹਾਦਰਸ਼ਾਹ ਨੂੰ ਲਿਖੀ ਗਈ । ਯਥਾ:-ਗਯਾ ਲਿਖਾ, ਅਜ਼ਮਤ ਕਰੀ,ਅਰਜ਼ੀ ਲਿਖੀ ਅਧੀਨ । ਕਦਮਪਲੋਸੀ ਬਹੁਤ ਪੀਰ ਤੁਮਰੀ ਸੇਵਾ ਚੀਨ । ਅਰਥਾਤ੍–ਜਦੋਂ ਇਹ ਜਵਾਬ ਪਾਤਸ਼ਾਹ ਪਾਸ ਗਿਆ ਤਾਂ ਉਸ ਨੇ ਇਸ ਲਿਖੇ ਦੀ ਬਹੁਤ ਇੱਜ਼ਤ ਕੀਤੀ ਤੇ ਨਿੰਮ੍ਰ ਹੋਕੇ ਫੇਰ ਗੁਰੂ ਜੀ ਵਲ ਅਰਜ਼ੀ ਲਿਖੀ ਕਿ ਹੇ ਪੀਰ ਜੀ ਮੇਰੀ ਵਲੋਂ ਚਰਨ ਚੁੰਮਣੇ ਦੀ ਸੇਵਾ ਬਹੁਤ ਬਹੁਤ ਕਬੂਲ ਕਰਨੀ । [ਕ਼ਦਮ ਬੋਸੀ ਨੂੰ ਲੇਖਕ ਨੇ–ਕਦਮ ਪਲੋਸੀ–ਲਿਖਿਆ ਹੈ] ।

ਉੱਤਰ ਜਾਨਿ ਕਛੁਕ ਮੁਸਕਾਨਯੋ।ਗੁਰਬੋਲਨ ਮਹਿੰ ਸਮਰਥਮਾਨਯੋ॥੨੨॥ਅਪਰ ਮੁਲਾਨੇ ਅਰੁ ਉਲਮਾਊ। ਸੂਬੇ ਕਿਤਿਕ ਥਿਰੇ ਉਮਰਾਊ।ਸੁਮਤਿ ਪ੍ਰਬੀਨ ਆਨ ਮਨ ਮੌਨੇ[1]। ਗੁਰ ਸਨਮੁਖਿ ਨਹਿੰ ਬੋਲਯੋ ਕੌਨੇ॥ ੨੩॥ –ਸਭਾ ਬੀਚ ਜੇ ਆਇ ਨ ਬਾਤ।ਹੋਤਿ ਅਨਾਦਰ ਮ੍ਰਿਤੁ ਜਿਸ ਭਾਂਤਿ।ਪ੍ਰਸ਼ਨ ਕਰਹਿ ਉੱਤਰ ਦੇਂ ਤੂਰਨ। ਸਰਬ ਕਲਾ ਸਮਰਥ ਗੁਰ ਪੂਰਨ–॥੨੪॥ ਸਮੁਝਿ ਸਮੁਝਿ ਇੱਤਯਾਦਿਕ ਮਨ ਮੈਂ। ਕੋ ਨਹਿ ਬੋਲਯੋ ਕੁਛ ਤਿਸ ਛਿਨ ਮੈਂ।ਪੁਨ ਬੰਦੇ ਕੀ ਬੂਝੀ ਗਾਥਾ।ਲਾਖਹੁੰ ਕਰੇ ਜਿਨਹਿੰ ਬਿਨ ਮਾਥਾ[2]॥੨੫॥ ਸ਼੍ਰੀ ਪ੍ਰਭੁ! ਅਬਿ ਕੀਜੈ ਉਤ ਸ਼ਾਂਤੀ। ਦ੍ਵੈਸ਼ੀ ਭਏ ਆਪ ਕੇ ਘਾਤੀ[3]।ਆਦਿ ਵਜ਼ੀਦੇ ਖੋਜ ਨ ਪਾਏ। ਜ਼ਬਰਦਸਤ ਸੋ ਸਕਲ ਖਪਾਏ॥ ੨੬॥ ਖੱਤ੍ਰੀ ਛੂਠਾਨੰਦ ਪ੍ਰਹਾਰਾ। ਸੈਲ ਦਸ਼ ਸਭਿ ਮਾਰਿ ਉਜਾਰਾ। ਦਿਨ ਪ੍ਰਤਿ ਸੁਧਿ ਪਹੁੰਚਤਿ ਮੁਝ ਪਾਸੀ।ਸਭਿ ਪੰਜਾਬ ਬਿਸਾਲ ਬਿਨਾਸ਼ੀ' ॥੨੭॥ ਸ਼੍ਰੀ ਮੁਖ ਤੇ ਫੁਰਮਾਵਨ ਕਰਯੋ।'ਬਯਾਹ ਭਏ ਤੇ ਤੇਜ ਪ੍ਰਹਰਯੋ[4]। ਬਹੁਰ ਖਾਲਸਾ ਹੋਇ ਨਿਆਰਾ। ਹੇਤੁ ਨਾਸ਼ ਕੋ ਭਾ ਹੰਕਾਰਾ॥ ੨੮॥ ਪ੍ਰਾਪਤਿ ਪਲਟੇ ਸਕਲ ਹਮਾਰੇ। ਗਿਰਪਤਿ ਦੁਸ਼ਟ ਅਨਿਸ਼ਟ[5] ਪ੍ਰਹਾਰੇ। ਪੁਰਿ ਸਿਰੰਦ ਕੋ ਮਾਰਿ ਉਜਾਰਾ। ਅਬਿ ਨਿਕਸੈ ਕਰਿ ਜੰਗ ਅਖਾਰਾ*॥੨੯॥ਲਸ਼ਕਰ ਤੇ ਸੋ ਗਯੋ ਪਲਾਈ। ਦੁਰਗ ਬਿਖੈ ਘੇਰੋ ਪਰਿ ਜਾਈ। ਤੋਹਿ ਬੈਸ ਲਗਿ ਸਲਤਨ ਸਾਰੀ। ਬਨੀ ਰਹੈ ਹਮ ਜਥਾ ਉਚਾਰੀ॥ ੩੦॥ ਪਾਛੇ ਘਨੋ ਉਠਹਿ ਉਤ-ਪਾਤਾ। ਉਜਰਹਿ ਦੇਸ਼ ਹੋਹਿੰ ਨਰ ਘਾਤਾ। ਜਿਨ ਕੌ ਕੋਇ ਨ ਸਕਹਿ ਮਿਟਾਈ। ਐਸੇ ਪਰਹਿ ਰੌਰ ਸਮੁਦਾਈ॥ ੩੧॥ ਤੋਹਿ ਬਾਪ ਕਿਯ ਪਾਪ ਕਲਾਪੇ। ਤਿਸ ਕਰਿ ਕੁਲ ਤੇ ਸਲਤਨ ਥਾਪੇ।ਅਵਨੀ ਪਤਿ ਹ੍ਵੈਂ ਅਨਿਕ ਪ੍ਰਕਾਰੇ। ਅਰਨਿ ਲਰਨਿ ਅਰੁ ਅਰਿਨਿ ਪ੍ਰਹਾਰੇ[6]॥੩੨॥ਸੁਨਿ ਕਰਿ ਸ਼ਾਹੁ ਬਹਾਦਰ ਹਰਖਯੋ।–ਮੋਹਿ ਰਾਜ ਥਿਰ ਹੁਇ–ਉਰ ਪਰਖਯੋ। ਪਾਛੇ ਕੀ ਪਾਛੇ ਹੁਇ ਜੈਸੇ। ਕਰਹਿ ਖ਼ੁਦਾਇ ਲਖਹਿ ਕੋ ਕੈਸੇ॥੩੩॥ 'ਸ਼੍ਰੀ ਸਤਿਗੁਰ ਤੁਮ ਮੋਹਿ ਸਹਾਇਕ। ਭੂਤ ਭਵਿੱਖ ਵਿਘਨ ਕੇ ਘਾਇਕ। ਸ਼ਰਨ ਪਰੇ ਕੀ ਪਤਿ ਮਮ ਰਾਖੀ। ਭਈ ਸਾਚ ਜਿਮ ਰਾਵਰ ਭਾਖੀ ॥ ੩੪ ॥ ਦਿਹੁ

---

[1]ਹੋਰ ਸਾਰੇ ਚੁਪ ਰਹੇ। [2]ਸਿਰ ਬਿਨਾਂ ਭਾਵ ਮਾਰੇ। [3]ਆਪ ਦੇ ਦ੍ਵੈਸ਼ੀ ਮਾਰੇ ਗਏ ਹਨ। [4]ਭਾਵ ਬੰਦੇ ਦਾ ਨਾਸ਼ ਵਿਆਹ ਕਰਨ ਨਾਲ ਹੋਵੇਗਾ। [5]ਉਪੱਦ੍ਰਵ ਕਰਨ ਵਾਲੇ। [6]ਅੜਕੇ ਲੜਨਗੇ ਅਤੇ ਸ਼ੱਤ੍ਰੂਆਂ ਨੂੰ ਮਾਰਨਗੇ। *ਪਿਛੇ ਸਿੱਧ ਕਰ ਆਏ ਹਾਂ ਕਿ ਗੁਰੂ ਜੀ ਸਿਰੰਦ ਮਾਰਨ ਵੇਲੇ ਸਚਖੰਡ ਪਯਾਨ ਕਰ ਚੁਕੇ ਸੇ।

ਆਇਸੁ ਅਬਿ ਕਰੌਂ ਚਢਾਈ।ਦਰਸ਼ਨ ਕਰੌਂ ਬਹੁਰ ਮੈਂ ਆਈ'।ਸ਼੍ਰੀ ਮੁਖ ਤੇ ਮੁਸਕਤਿ ਫੁਰਮਾਯੋ । 'ਦਰਸ਼ਨ ਹੋਇ ਰਹੇ ਜਿਮ ਭਾਯੋ[1] ॥ ੩੫॥ ਗਮਨਹੁ ਬਿਚਰਹੁ ਦੱਖਿਣ ਦੇਸ਼ । ਕਰਿ ਲੀਜੈ ਅਨੁਸਾਰਿ ਅਸ਼ੇਸ਼ । ਪੁਨ ਦਿੱਲੀ ਕੋ ਤਖਤ ਸੁਹਾਵਹੁ । ਆਰਬਲਾ ਲਗਿ ਰਾਜ ਕਮਾਵਹੁ' ॥ ੩੬ ॥ ਉਠਿ ਬੰਦਨਾ ਕਰਿ ਤਬਿ ਸ਼ਾਹੂ।ਸਿਰੋਪਾਉ ਦੀਨਾ ਗੁਰ ਤਾਹੂ। ਅਪਰ ਨਮੋ ਕਹਿ ਸੰਗ ਸਿਧਾਰੇ । ਸਿਫਤ ਉਚਰਿਤੇ ਸਿਵਰ ਪਧਾਰੇ ॥ ੩੭ ॥ ਨਿਸ ਬਿਤਾਇ ਪ੍ਰਾਤੀ ਚਢਿ ਗਯੋ । ਦੱਖਿਣ ਦੇਸ਼ ਬਿਚਰਤੋ ਭਯੋ । ਅਬਚਲ ਨਗਰ ਗੁਰੂ ਥਿਰ ਰਹੇ । ਕਰਨਿ ਪਯਾਨ ਬੈਕੁੰਠੇ ਚਹੇ ॥ ੩੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਸ਼ਾਹੂ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

### ੧੭. [ਗੁਲ ਖ਼ਾਂ ਪਠਾਣ]।

ਦੋਹਰਾ ॥ ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ । ਦੋਇ ਸਮੇਂ ਮਹਿ ਖਾਲਸਾ ਆਵੈ ਦਰਸ਼ਨ ਪਾਇ ॥ ੧ ॥ ਚੌਪਈ ॥ ਚਹੁੰਦਿਸ਼ਿ ਲਗਹਿ ਦਿਵਾਨ ਬਿਸਾਲਾ । ਗੁਰਬਾਨੀ ਧੁਨਿ ਸੁਨਤਿ ਰਸਾਲਾ । ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ । ਸ਼੍ਰੀ ਗੋਬਿੰਦ ਸਿੰਘ ਬੀਰ ਸੁਹਾਵਹਿਂ ॥੨॥ ਜਿਮ ਜੱਛਨ ਮਹਿ ਥਿਰੋ ਕੁਬੇਰ । ਦੇਤਿ ਕਾਮਨਾ ਸਭਿਨਿ ਬਡੇਰ।ਕਿਧੌਂ ਦੇਵਤਾ ਬ੍ਰਿੰਦਨਿ ਬਿਖੈ। ਰਾਜ ਸਚੀ* ਜੁਤ ਸੁਰਪਤਿ ਪਿਖੈਂ[2] ॥ ੩ ॥ ਮੁਨਿਨ ਸਭਾ ਮਹਿਂ ਕੈ ਰਘੁਬੀਰਾ । ਧਰਿ ਕਟ ਖੜਗ ਹਾਥ ਧਨੁ ਤੀਰਾ । ਕੈ ਜਾਦਵ ਪੁੰਜਨਿ ਕੇ ਸਹਤ।ਥਿਰੇ ਸ਼ਯਾਮਘਨ ਸੁੰਦਰ ਮਹਤ॥੪॥ਕ੍ਰਿਪਾ ਕਟਾਛਨਿਤੇ ਅਵਿਲੋਕ । ਕਰਤਿ ਛਿਨਕ ਮਹਿਂ ਦਾਸ ਅਸ਼ੋਕ । ਸ਼ੁਭ ਉਪਦੇਸ਼ ਦੇਤਿ ਸਭਿ ਕਾਹੂੰ । ਜਥਾ ਕਪਲਮੁਨਿ ਨਿਜ ਸਿਖ ਮਾਹੂੰ ॥੫॥ ਬ੍ਰਹਮ ਗਯਾਨ ਕੋ ਕਰਤਿ ਉਚਾਰਨ। ਜਿਮ ਚਤੁਰਾਨਨ ਕੇਵਲ ਕਾਰਨ । ਜਹਿਂ ਕਹਿਂ ਸੇਵਕ ਹੋਤਿ ਸਹਾਈ । ਜਿਮ ਪਦਮਾਪਤਿ ਤੂਰਨ ਧਾਈ ॥੬॥ ਅਨੰਦਾਤਮ ਮਹਿਂ ਨਿਸ਼ਚਾ ਨਿਸਦਿਨ । ਜਥਾ ਅਡੋਲ ਸ਼ੰਭੁ ਕੋ ਦਿਢ ਮਨ । ਕਵਿਤਾ ਕਰਨਿ ਚਹਤਿ ਸਮ ਬਨਾਸਾ । ਰਚੇ ਗ੍ਰੰਥ ਬਰਨੇ ਇਤਿਹਾਸਾ ॥ ੭ ॥ ਧਨੁ ਬਿੱਦਯਾ

[1]ਦਰਸ਼ਨ ਹੋ ਰਹੇ ਹਨ (ਅੱਗੋਂ) ਜਿਵੇਂ (ਸਾਈਂ ਨੂੰ) ਭਾਵੇਗਾ । (ਅ) ਜਿਵੇਂ (ਤੇਰਾ) ਪ੍ਰੇਮ ਹੋਏਗਾ ਦਰਸ਼ਨ ਹੋ ਰਹਿਣਗੇ । [2]ਇੰਦ੍ਰਾਣੀ ਸਹਿਤ ਰਾਜਾ ਇੰਦ੍ਰ ਦਿੱਸਦੇ ਹਨ [ ਸੰਸ:, ਸ਼ਚੀ=ਇੰਦ੍ਰ ਦੀ ਇਸਤ੍ਰੀ ]।

*ਪਾ:—ਰਾਜ ਸਿਰੀ=ਰਾਜਸ਼੍ਰੀ=ਰਾਜ ਸ਼ੋਭਾ । ਪਰ ਕਵੀ ਜੀ ਨੇ ਇਹ ਪਦ ਇੰਦ੍ਰਾਣੀ ਦੇ ਅਰਥਾਂ ਵਿਚ ਵਰਤਿਆ ਹੈ, ਜੈਸੇ:—'ਰਾਜਸਿਰੀ ਪੁਰਹੂਤ ਖੁਸੰਤੀ' । ਦੇਖੋ ਰਾਸ ੧ ਅੰਸੂ ੩੬, ਅੰਕ ੧੦ ।

ਮਹਿ ਪ੍ਰੀਤਿ ਨਿਬਾਹੀ। ਜਿਮ ਅਰਜਨ ਸਗਰੀ ਤਪ ਮਾਂਹੀ। ਦਏ ਕਵਿਨਿ ਕੋ ਦਾਨ ਘਨੇਰੇ। ਮੁਕਤਾ ਹੀਰੇ ਚੀਰ ਅਛੇਰੇ ॥੮॥ ਬਾਵਨ ਕਵਿ ਸਮੀਪ ਹੀ ਰਹੈਂ। ਪਾਯੋ ਦਰਬ ਜਿਤਿਕ ਚਿਤ ਚਹੈਂ। ਭਾਰਥ ਆਦਿਕ ਗ੍ਰਿੰਥ ਬਨਾਏ। ਛੰਦ ਬੰਦ ਗੁਨੀਅਨਿ ਮਨ ਭਾਏ॥੯॥ ਜਥਾ ਬਿੱਕ੍ਰਮਾਜੀਤ ਉਦਾਰਾ। ਦਿਯੋ ਦਾਨ ਤਿਮ ਜਸੁ ਬਿਸਤਾਰਾ। ਸਤਿਗੁਰ ਕੇ ਗੁਨ ਕਵਿਨਿ ਬਖਾਨੇ। ਸ਼ੇਸ਼ ਸ਼ਾਰਦਾ ਲਖਿ ਸੁਕਚਾਨੇ॥੧੦॥ ਲੀਲਾ ਕਰੀ ਮਾਨਵੀ ਜੈਸੇ। ਕੁਛਕ ਕਰੀ ਬਰਨਨ ਮੈਂ ਤੈਸੇ। ਮਿਸਰੀ ਗਿਰਿ[1] ਪਪੀਲਕਾ ਪਾਵੈ। ਜਿਤਿਕ ਸ਼ਕਤਿ ਸੋ ਬਦਨ ਉਠਾਵੈ ॥੧੧॥ ਇਕ ਦਿਨ ਬੈਠੇ ਸਹਜ ਸੁਭਾਇ। ਚਹੁੰ ਦਿਸ਼ਿ ਬਿਖੈ ਸਿੰਘ ਸਮੁਦਾਇ। ਪੁੱਤ੍ਰ ਪਠਾਨ ਤਬੈ ਚਲਿ ਆਯੋ। ਕਰਿ ਸਲਾਮ ਕੋ ਸੀਸ ਨਿਵਾਯੋ॥੧੨॥ ਸ਼ਮਸ਼ ਨਹੀਂ ਜਿਸ ਮੁਖ ਪਰ ਆਈ। ਭਰੀ ਨਹੀਂ ਖਹੁ ਤਨ ਤਰੁਨਾਈ। ਅਦਬ ਸਾਥ ਆਗੇ ਰਹਿ ਖਰੋ। ਸ੍ਰੀ ਮੁਖ ਤੇ ਕਹਿ ਬੂਝਨਿ ਕਰੋ ॥੧੩॥ 'ਕੌਨ ਮਰਦ ਕੋਨੋ ਕਿਮ ਆਵਨ? ਕੌਨ ਨਾਮ ਹੈ ਕਰਹੁ ਬਤਾਵਨ? ਕੌਨ ਦੇਸ਼ ਕਿਸ ਪੁਰਿ ਘਰ ਤੋਰੇ? ਕੌਨ ਮਨੋਰਥ ਕੋ ਉਰ ਲੋਰੇ॥੧੪॥ ਕੌਨ ਨਾਮ ਹੈ ਪਿਤਾ ਪਿਤਾਮਾ? ਕਹੁ ਪ੍ਰਸੰਗ ਕੈਸੇ ਤਜਿ ਧਾਮਾ?'। ਸੁਨਿ ਪਠਾਨ ਕੇ ਪੁਤ ਉਚਾਰਾ। 'ਹੁਤੋ ਪੈਂਦ ਖਾਂ ਦਾਦ ਹਮਾਰਾ॥੧੫॥ ਨਾਮ ਪਦਰ ਕੋ ਸੰਧੇਖਾਨਾ। ਗੁਲਖਾਂ ਮੇਰੋ ਨਾਮ ਬਖਾਨਾ। ਮਰਦ ਪਠਾਨ ਆਪ ਪਹਿਚਾਨੋ। ਦੇਸ਼ ਨਗਰ ਘਰ ਦੂਰ ਮਹਾਨੋ ॥ ੧੬ ॥ ਦੁਆਬੇ ਬੀਚ ਜਲੰਧਰ ਜ਼ਾਹਿਰ। ਛੋਟਾ ਮੀਰ ਗ੍ਰਾਮ ਤਿਸ ਠਾਹਰ। ਚਿਰੰਕਾਲ ਚਾਕਰ ਪਤਿਸ਼ਾਹੀ। ਲੇ ਕਰਿ ਦਰਬ ਗੁਜ਼ਰ ਨਿਰਬਾਹੀ ॥ ੧੭ ॥ ਜਨਨੀ ਕਹਿ ਕਰਿ ਮੋਹਿ ਸਿਖਾਯੋ। ਸਭਿ ਗਾਦਰ ਕੋ ਭੇਦ ਬਤਾਯੋ। ਦਿਲ ਜਮਾਲ ਤੁਮ ਦਰਸ਼ਨ ਕਰਿਬੋ[2]। ਸਰਬ ਗੁਨਾਹਿ ਸ਼ੀਘ੍ਰ ਪਰਿਹਰਿਬੋ ॥ ੧੮ ॥ ਭਯੋ ਪਾਕ ਮੈਂ ਲਹਯੋ ਦਿਦਾਰਾ। ਤੁਮ ਪੀਰਨ ਕੋ ਪੀਰ ਉਦਾਰਾ'। ਸੁਨਿ ਸਤਿਗੁਰੂ ਖਾਨ ਸਨਮਾਨਾ। ਕਹਯੋ ਸਮੀਪ ਬਿਠਾਵਨਿ ਠਾਨਾ॥ ੧੯ ॥ 'ਆਵਨ ਕਰਹੁ ਹਮੇਸ਼ ਇਹਾਈਂ। ਦਰਸ਼ਹੁ ਪਰਚਹੁ ਜਿਮ ਉਰ ਭਾਈ'। ਬੈਠਯੋ ਚਤੁਰ ਘਰੀ ਲਗਿ ਖਾਨ। ਬਹੁਰ ਉਠਯੋ ਧਰਿ ਮਸਤਕ ਪਾਨ ॥ ੨੦ ॥ ਝੁਕਿ ਸਲਾਮ ਕੀਨੀ ਹੁਇ ਖਰੇ। ਗੁਰਨਿ ਬਿਲੋਕਯੋ ਕਰੁਨਾ ਧਰੇ। ਪੀਰ ਅਸ਼ਰਫੀ ਬਖਸ਼ਨ ਕੀਨਿ। ਲੇ ਕਰਿ ਗੁਲਖਾਂ ਹਰਖਯੋ ਪੀਨ॥ ੨੧॥

[1]ਮਿਸਰੀ ਦਾ ਪਹਾੜ। [2](ਆਪ ਦੇ) ਜਮਾਲ ਦੇ ਦਰਸ਼ਨ ਕਰਨ ਨੂੰ ਦਿਲ ਕੀਤਾ।

ਪੁਨ ਚਲਿ ਗਯੋ ਆਪਨੇ ਥਾਨਾ। ਜਨਨੀ ਸੰਗ ਪ੍ਰਸੰਗ ਬਖਾਨਾ । 'ਮਿਹਰ-ਬਾਨਗੀ ਕਰੀ ਕ੍ਰਿਪਾਲਾ । ਬਖਸ਼ਯੋ ਆਵਤਿ ਦਰਬ ਬਿਸਾਲਾ ॥ ੨੨॥ ਹੁਕਮ ਕਰਯੋ ਇਮ ਆਉ ਹਮੇਸ਼ੂ' । ਸੁਨਿ ਮਾਤਾ ਤਿਹ ਹਰਖ ਵਿਸ਼ੇਸ਼ੂ । ਦਿਵਸ ਆਗਲੇ ਪੁਨ ਚਲਿ ਗਯੋ। ਝੁਕਿ ਸਲਾਮ ਕੋ ਠਾਨਤਿ ਭਯੋ॥੨੩॥ ਸਤਿਗੁਰ ਸਾਦਰ ਨਿਕਟਿ ਬਿਠਾਯੋ । ਥਿਰਯੋ ਘਰੀ ਸ਼੍ਰੀ ਬਦਨ ਅਲਾਯੋ। 'ਚੌਪਰ ਖੇਲ ਲਖਹਿਂ ਕੈ ਨਾਂਹੀ' । ਸੁਨਿ ਕੈ ਕਹਯੋ 'ਆਇ ਮਮ ਪਾਹੀ[1]' ॥ ੨੪ ॥ ਕੋਸ਼ ਬਿਖੈ ਤੇ ਕਹਿ ਅਨਵਾਯੋ। ਤਿਸ ਨਿਜ ਮਹਿਂ[2] ਸੋ ਖੇਲ ਬਿਛਾਯੋ । ਡਲ ਕੰਚਨ ਕੇ ਚੂੰਨੀ ਜਰੇ । ਤਿਮ ਹੀ ਨਰਦ ਜਗਮਗਾ ਕਰੇ ॥੨੫॥ ਚਲੇ ਦਾਵ ਡਲ ਕੋ ਛਿਤ ਮੇਲਿ[3]। ਪਰਚੇ ਇਕ ਦੁਇ ਬਾਜੀ ਖੇਲ। ਬਹੁਰ ਬਾਰਤਾ ਗੁਰੂ ਚਲਾਈ । 'ਕਬਿ ਤੇ ਕਰੀ ਚਾਕਰੀ ਪਾਈ ॥ ੨੬ ॥ ਸ਼ਾਹੁ ਨਿਕਟ ਕਬਿ ਕੇ ਤੁਮ ਰਹੇ। ਕਿਤਿਕ ਦਰਬ ਕੋ ਤਹਿਂ ਤੇ ਲਹੇ'। ਸੁਨਿ ਕਰ ਜੋਰਿ ਪਠਾਨ ਬਖਾਨੀ । 'ਚਿਰੰਕਾਲ ਕੀ ਲਗੀ ਮਹਾਨੀ ॥੨੭॥ ਮਮ ਜਨਨੀ ਸਭਿ ਭਨਯੋਂ ਪ੍ਰਸੰਗ॥ਸੋ ਮੈਂ ਕਹੌਂ ਆਪਕੇ ਸੰਗ॥ ਸ਼ਾਹੁ ਸਮੀਪ ਮਿਲਯੋ ਮਮ ਦਾਦਾ । ਕਿਸ ਕਾਰਨ ਤੇ ਗੁਰ ਸੰਗ ਬਾਦਾ ॥ ੨੮ ॥ ਮਰਯੋ ਜੁੱਧ ਮਹਿਂ ਸੋ ਤਤਕਾਲਾ। ਪਿਤਾ ਰਹਯੋ ਧਨ ਲਹਯੋ ਬਿਸਾਲਾ। ਕਰਤਿ ਚਾਕਰੀ ਹਜ਼ਰਤ ਕੇਰੀ। ਸ਼ਾਹੁ ਜਹਾਂ ਪੁਨ ਅਵਿਰੰਗ ਨੇਰੀ ॥ ੨੯ ॥ ਪੂਰਨ ਬਧ ਤੇ ਪਿਤ ਮਰਿ ਗਯੋ । ਮੈਂ ਚਾਕਰ ਪੁਨ ਤਿਮ ਹੀ ਭਯੋ। ਲਗਯੋ ਪ੍ਰਥਮ ਦਰਮਾਹੋਂ ਜੇਤਾ। ਲੇਤੇ ਰਹੇ ਸਦਾ ਹਮ ਤੇਤਾ' ॥ ੩੦ ॥ ਕਿਤਿਕ ਸਮੈਂ ਇਮ ਕਹਤਿ ਬਿਤਾਯੋ । ਉਠਿ ਸਲਾਮ ਹਿਤ ਸੀਸ ਝੁਕਾਯੋ । ਪੰਚ ਰੁਪੱਯੇ ਪ੍ਰਭੂ ਦਿਵਾਏ। ਲੇ ਇਨਾਮ ਗਮਨਯੋਂ ਹਰਖਾਏ ॥ ੩੧॥ ਸਿੰਘਨਿ ਪਰਖਯੋ ਗੁਰ ਕੋ ਖਯਾਲੂ। ਬਾਤ ਬਿਪਰਜੈ ਕਰਤਿ ਬਿਸਾਲੂ। ਹਾਥ ਜੋਰਿ ਤਬਿ ਅਰਜ਼ ਗੁਜ਼ਾਰੀ। '—ਤੁਰਕ ਲਖਹੁ ਰਿਪੁ—ਤੁਮਹਿ ਉਚਾਰੀ[4] ॥੩੨॥ ਆਇਸੁ ਅਚਲ[5] ਆਪ ਕੀ ਅਹੈ।ਜਥਾ ਬਾਯੁ ਤੇ ਭੂਧਰ ਰਹੈ[6]। ਅਬਿ ਇਹ ਖਾਨ ਆਪ ਸਨਮਾਨਾ। ਨਿਕਟ ਬਿਠਾਰਿ ਸਨੇਹ ਮਹਾਨਾ॥ ੩੩॥ ਚੌਪਰ ਖੇਲਤਿ ਦੇਤਿ ਇਨਾਮੂ । ਰੁਖ ਕਰਿ ਮਾਨਹੁੰ ਤਾਂਹਿ ਸਲਾਮੂ। ਜੈਸੇ ਸਭਿ

[1]ਮੈਨੂੰ ਆਉਂਦੀ ਹੈ। [2]ਤਿਸ (ਪਠਾਣ ਤੇ) ਆਪਣੇ ਵਿਚਕਾਰ । [3]ਜ਼ਮੀਨ ਤੇ ਸੁਟਿਆ । [4]ਆਪ ਨੇ ਉਚਾਰਿਆ ਹੈ ਕਿ ਤੁਰਕ ਨੂੰ ਵੈਰੀ ਜਾਣੋ । [5]ਅਟੱਲ । [6]ਜਿਵੇਂ ਵਾਯੂ ਨਾਲ ਪਹਾੜ ਚਲਾਇਮਾਨ ਨਹੀਂ ਹੋ ਸਕਦਾ।

ਸਿੰਘਨ ਕੇ ਹੋਵਾ। ਨਯੋ ਸੁਭਾਵ ਆਪ ਕੋ ਜੋਵਾ' ॥ ੩੪ ॥ ਸ੍ਰੀ ਮੁਖ ਹਸੇ ਤਬਹਿ ਗੁਨਖਾਨੀ। ਸਾਦਰ ਸਭਿ ਸਨ ਕੀਨਿ ਬਖਾਨੀ। 'ਸੁਨਹੁ ਖਾਲਸਾ ਕਾਮ ਹਮਾਰਾ। ਪਰਯੋ ਇਸੀ ਕੇ ਹਾਥ ਉਦਾਰਾ ॥ ੩੫ ॥ ਇਸ ਕੋ ਦਦਾ ਸੂਰਮਾ ਬਲੀ। ਗੁਰ ਨਿਜ ਢਿਗ ਰਾਖਯੋ ਬਿਧਿ ਭਲੀ। ਦਈ ਜੰਗ ਕੀ ਅਧਿਕ ਬਡਾਈ। ਤਿਸ ਹੀ ਪਰ ਸ਼ਮਸ਼ੇਰ ਚਲਾਈ॥ ੩੬ ॥ ਯਾਂਤੇ ਉਪਜੀ ਮਨ ਹਮ ਕਰੁਨਾ। ਲਰਕਾ ਭਯੋ ਸਨੇਹੈ ਕਰਨਾ[1]'। ਇਮ ਕਹਿ ਸਿੰਘਨ ਕੋ ਸੰਤੋਸ਼ਾ। ਦਾਸਨ ਕੇ ਭਰੋਸ ਬਿਨ ਦੋਸ਼ਾ[2] ॥ ੩੭ ॥ ਲਖੇ ਨ ਜਾਹਿਂ ਚਰਿਤ ਜਿਨ ਰੂਰੇ। ਦੁਖ ਦਾਰਿਦ ਹਰਤਾ ਗੁਰ ਪੂਰੇ। ਨਿਸਾ ਪਰੀ ਕਿਯ ਖ਼ਾਨ ਰੁ ਪਾਨਾ। ਸੁਪਤਿ ਜਥਾ ਸੁਖ ਕ੍ਰਿਪਾ ਨਿਧਾਨਾ ॥ ੩੮ ॥ ਬਡੀ ਪ੍ਰਾਤਿ ਤੇ ਸੌਚ ਸ਼ਨਾਨੇ। ਅਨੰਦਾਸ਼੍ਰਮ ਮਹਿ ਲਾਇਸਿ ਧਯਾਨੇ। ਦਿਨਕਰ ਉਦੈ ਭਯੋ ਨਭ ਜਬੈ। ਕਮਲ ਬਿਲੋਚਨ ਬਿਕਸੇ ਤਬੈ ॥ ੩੯ ॥ ਸ਼ਸਤ੍ਰ ਬਸਤ੍ਰ ਕੋ ਅੰਗ ਸਜਾਇ। ਬੈਠਹਿਂ ਬੀਚ ਖਾਲਸੇ ਆਇ। ਸਵਾ ਜਾਮ ਦਿਨ ਚਰ੍ਹੇ ਅਹਾਰਾ। ਅਚਹਿਂ ਪ੍ਰਭੂ ਗਨ ਸਿੰਘ ਮਝਾਰਾ ॥ ੪੦ ॥ ਢਰੇ ਦੁਪਹਿਰੇ ਕਰਤਿ ਅਰਾਮੂ। ਸੁੱਖਾ ਛਕਹਿਂ ਤ੍ਰਿੱਤੀਏ ਜਾਮੂ। ਸੰਗ ਅਫੀਮ ਖਾਇ ਤਿਸ ਬੇਰ। ਸ਼ੌਚ ਸ਼ਨਾਨ ਕਰਤਿ ਹੈਂ ਫੇਰ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਪਠਾਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋਂ ਅੰਸੂ ॥ ੧੭ ॥

੧੮. [ਗੁਲ ਖਾਂ ਨੇ ਜਮਧਰ ਗੁਰੂ ਜੀ ਨੂੰ ਮਾਰਨੀ]।

ਦੋਹਰਾ ॥ ਪੁਰਿ ਪਾਲੀ[3] ਮਹਿਂ ਬਸਤ ਦ੍ਵੈ ਗੁਰ ਕੇ ਸਿੱਖ ਸੁਜਾਨ। ਦਰਸ਼ਨ ਗੁਰ ਅਭਿਲਾਖਤੇ ਧਾਰਤਿ ਪ੍ਰੇਮ ਮਹਾਨ ॥੧॥ ਚੌਪਈ॥ ਸੋ ਚਲਿ ਕਰਿ ਸ੍ਰੀ ਪ੍ਰਭੁ ਢਿਗ ਆਏ। ਦ੍ਵੈ ਜਮਧਰ ਅਕੋਰ ਕਹੁ ਲ੍ਯਾਏ। ਕੰਚਨ ਲਿਪਤਿ ਚਾਰੁ ਚਮਕੰਤੀ। ਉੱਤਮ ਲੋਹ ਫੁਲਾਦਿ ਨਿਵੰਤੀ ॥ ੨॥ ਤੀਛਨ ਭੀਛਨ ਕਰੀ ਨਿਰੀਛਨ[4]। ਭਏ ਪ੍ਰਸੰਨ ਕ੍ਰਿਪਾ ਧਰਿ ਈਛਨ[5]। ਪੂਰੀ ਕਾਮਨਾ ਸਿੱਖਨਿ ਕੇਰੀ। ਤਿਨ ਊਪਰ ਕਰਿ ਖੁਸ਼ੀ ਬਡੇਰੀ ॥ ੩॥ ਇਤਨੇ ਮਹਿ ਪਠਾਨ ਚਲਿ ਆਯੋ। ਥਿਰ ਹੁਇ ਸਨਮੁਖ ਸੀਸ ਝੁਕਾਯੋ। ਸਾਦਰ ਨਿਕਟ ਬਿਠਾਵਨ ਕੀਨਾ। ਜਮਧਰ ਤਿਸ ਕੇ ਕਰ ਮਹਿਂ ਦੀਨਾ ॥ ੪॥ 'ਗੁਲ ਖਾਂ!

[1](ਪੈਂਦੇ ਦੀ ਕੁਲ ਵਿਚ) ਲੜਕਾ (ਪੈਦਾ) ਹੋਇਆ ਹੈ; ਪਿਆਰ ਕਰਨਾ ਚਾਹੀਦਾ ਹੈ। [2]ਬਿਨ ਦੋਸ਼ (ਭਾਵ ਗੁਰੂ) ਜੀ ਨੇ ਦਾਸਾਂ ਨੂੰ ਭਰੋਸਾ ਦਿਤਾ। [3]ਇਕ ਨਗਰ ਹੈ ਜੋਧ ਪੁਰੋਂ ਅੱਗੇ, ਉਜੈਨ ਤੋਂ ਦੋ ਢਾਈ ਸੈ ਮੀਲ ਉਰੇ, ਨਾਦੇੜ ਤੋਂ ਲਗ ਪਗ ੫੦੦ ਮੀਲ ਉਤਰ ਨੂੰ। [4]ਦੇਖਣਾ ਕੀਤੀ। [5]ਪ੍ਰਸੰਨ ਹੋਏ ਤੇ ਨੇਤ੍ਰਾਂ ਵਿਚ ਕਿਰਪਾ ਧਾਰਨ ਕੀਤੀ।

ਦੇਖਿ ਵਾਰ ਕੈ ਕਰੈ[੧]ਨਿਜ ਸ਼ੱਤ੍ਰ ਕੇ ਪ੍ਰਾਨਨ ਹਰੈਂ। [੨]ਲਗੇ ਘਾਵ ਕੇ ਸਨਮੁਖ ਹੋਇ। ਵਾਰ ਕਰਹਿ ਕੈਧੌ ਨਹਿੰ= ਸੋਇ" ॥ ੫ ॥ ਸੁਨਿ ਪਠਾਨ ਇਮ ਬਾਕ ਬਖਾਨਾ। 'ਅਸ ਜਮਧਰ ਜੇ ਹੁਇ ਮਮ ਪਾਨਾ। ਬਲ ਤੇ ਕਰੌਂ ਵਾਰ ਇਕ ਐਸੇ। ਉਕਸਨ ਦੇਉਂ ਨਹੀਂ ਰਿਪੁ ਕੈਸੇ ॥ ੬ ॥ ਉੱਤਮ ਲੋਹਾ ਲਖਿਯਤਿ ਖਰ ਹੈ। ਨਹੀਂ ਧਾਰ ਪਰ ਠਹਿਰਤਿ ਕਰ ਹੈ। ਇਸ ਤੇ ਵਾਰ ਬਹੁਤ ਜ਼ੁਲਾ ਕਰੈ। ਲਗੈ ਏਕ ਤੇ ਸ਼ੱਤ੍ਰ ਮਰੈ' ॥ ੭ ॥ ਜਮਧਰ ਤਿਮ ਹੀ ਨਿਕਟ ਰਖਾਯੋ। ਹਿਤ ਖੇਲਨ ਚੌਪਰ ਅਨੁਵਾਯੋ। ਲਾਗੇ ਡਲ ਆਪਸ ਮਹਿਂ ਗੇਰਨ। ਇਤੈ ਉਤੈ ਨਰਦਨ ਕੌ ਫੇਰਨਿ ॥੮॥ ਪਰਹਿ ਦਾਵ ਕੋ ਨਰਦ ਉਠਾਵੈ। ਮਾਰਤਿ ਮੁਖ ਤੇ ਬਾਕ ਅਲਾਵੈ। 'ਪਿਤਾ ਪਿਤਾਮਾ ਪਲਟਾ ਲੇਯ ਨ। ਥੂਕ ਜਨਮ ਤਿਸ ਕੇ ਸੁਤ ਗੋਯ ਨ[੩]॥੯॥ਹਾਥ ਸ਼ਸਤ੍ਰ ਸ਼ੱਤ੍ਰ ਢਿਗ ਹੋਇ। ਮਾਰਹਿ ਨਹਿਂ ਕਪੂਤ ਹੈ ਸੋਇ'।ਇਮ ਸੁਨਿ ਖਾਨ ਬਿਮਨ[੪]*= ਹ੍ਵੈ ਰਹਨੋ।-ਮੋਹਿ ਸੁਨਾਇ ਰਿਸਾਵਤਿ[੫]-ਲਹਨੋ ॥੧੦॥-ਇਨਹੁ ਪਿਤਾਮੇ ਮੋਰ ਪਿਤਾਮਾ। ਰਣ ਮਹਿਂ ਮਾਰਿ ਪਠਯੋ ਜ਼ਮ ਧਾਮਾ। ਸੋ ਸਿਮਰਤਿ ਅਰੁ ਮੋਹਿ ਸੁਨਾਵੈ। ਕਵਾ ਕਾਰਨ ਕਛੁ ਲਖ੍ਯੋ ਨ ਜਾਵੈ ॥੧੧॥ ਜਥਾ ਜੋਗ ਭਾਖਹਿਂ ਬਚ ਭਲਾ। ਹੋਇ ਕਪੂਤ ਜੋ ਲਏ ਨ ਬਦਲਾ-। ਇੱਤ੍ਯਾਦਿਕ ਬਿਚਾਰ ਬਹੁ ਰਹਨੋ। ਨਹਿਂ ਮਾਰਨ ਕੋ ਨਿਸ਼ਚੈ ਲਹਨੋ ॥੧੨॥ ਇਕ ਦੁਇ ਬਾਜ਼ੀ ਖੇਲ ਹਟਾਈ। ਪੁਨ ਚੌਪੜ ਕੋ ਦੀਨਿ ਉਠਾਈ। 'ਹਾਥ ਸ਼ਸਤ ਸ਼ੱਤ੍ਰ ਹੁਇ ਪਾਸੀ। ਹੁਇ ਕਪੂਤ ਕਰਿ ਸਕਹਿ ਨ ਨਾਸ਼ੀ ॥੧੩॥ ਜੋ ਕੁਲੀਨ, ਟੌਰਤਿ ਨਹਿਂ ਕਾਲਾ[੬]। ਮਾਰ ਲੇਤਿ ਹੈਂ ਕਰਤਿ ਉਤਾਲਾ'। ਸੁਨਿ ਪਠਾਨ ਕੈ ਕੋਪ ਘਨੇਰੇ। ਜਥਾ ਸਰਪ ਸੁਪਤੇ ਕਹੁ ਛੇਰੇ ॥੧੪॥ ਜਿਮ ਗਜ ਖੂਨੀ ਤੋਮਰ ਪ੍ਰੇਰੇ। ਕੰਕਰ[੭] ਸੋਂ ਜਿਮ ਕੇਹਰਿ ਛੇਰਹਿ। ਤਿਮ ਪਠਾਨ ਲੇ ਦੀਰਘ ਸ੍ਵਾਸਾ। ਸੋਚਤਿ ਰਹਯੋ ਤਊ ਗੁਰ ਪਾਸਾ ॥ ੧੫ ॥ ਜਾਨਾ ਸਮਾ ਜਾਨਿ ਕੋ ਧਾਮੂ। ਉਠਯੋ ਕੋਪ ਦ੍ਰਿਗ ਕੀਨਿ ਸਲਾਮੂ। ਸਮੁਖ ਨ ਦੇਖਿ ਸਕੈ ਮਨ ਫਿਰਯੋ। ਤਬੈ ਇਨਾਮ ਦਿਵਾਵਨਿ ਕਰਯੋ ॥੧੬॥ ਪੰਜ ਰਜਤਪਣ ਲੇ ਚਲਿ ਆਯੋ। ਚਿਤ ਚਿੰਤਾ ਬਡ ਨਦੀ

[੧]ਗੁਲ ਖਾਂ ! ਦੇਖਕੇ (ਦੱਸ ਤਾਂ ਸਹੀ ਕਿ) ਕਿੰਨੇ ਵਾਰ (ਇਸ ਨਾਲ) ਕੀਤਿਆਂ...... [੨](ਜੇ ਵੈਰੀ ਨੂੰ ਇਸਦਾ) ਜ਼ਖਮ ਲਗ ਜਾਵੇ (ਤਾਂ ਕੀ) ਉਹ ਸਾਹਮਣੇ ਹੋਕੇ (ਉਲਟਵਾਂ) ਵਾਰ ਕਰ ਸਕਦਾ ਹੈ ਕਿ ਨਹੀਂ (ਭਾਵ ਇਸ ਦਾ ਜ਼ਖਮ ਖਾਕੇ ਵਾਰ ਕਰਨ ਦੀ ਤਾਕਤ ਉਸ ਵਿਚ ਰਹੇਗੀ ਕਿ ਮਰ ਹੀ ਜਾਵੇਗਾ ?)। [੩]ਉਸ ਨੂੰ ਪੁੱਤ੍ਰ ਨਾ ਜਾਣੀਏ। [੪]ਉਦਾਸ। [੫]ਮੈਨੂੰ ਸੁਣਾ ਕੇ ਗੁੱਸਾ ਦਿਵਾਉਣਾ ਚਾਹੁੰਦੇ ਹਨ। [੬]ਓਹ ਸਮਾਂ ਨਹੀਂ ਟਾਲਦੇ। [੭]ਰੋੜੇ ਯਾ ਵੱਟੇ ਨਾਲ। *ਪਾ:-ਬਿਸਮ।

ਬਹਾਯੋ। ਬੈਠਯੋ ਜਨਨੀ ਕੇ ਢਿਗ ਜਾਯੋ। ਨਹਿं ਬੋਲਤਿ ਮਨ, ਮਨਹੁੰ ਹਰਾਯੋ ॥ ੧੭ ॥ ਬੂਝਤਿ 'ਹੇ ਸੁਤ ਕਯੋਂ ਅਨਮਨੋਂ। ਕਹਾਂ ਬਿਗਾਰਯੋ ਕਾਰਜ ਘਨੋ। ਨਹੀਂ ਬਦਨ ਪੂਰਬ ਸਮ ਹੇਰੋਂ। ਚਿੰਤਾ ਬਸੀ ਕਹਾਂ ਚਿਤ ਤੇਰੌ' ॥ ੧੮ ॥ ਸੁਨਿ ਮਾਤਾ ਤੇ ਸਰਬ ਬ੍ਰਿਤੰਤ। ਕਰਯੋ ਸੁਨਾਵਨ ਅਪਨਿ ਮਤੰਤ। 'ਹਮ ਪਠਾਨ ਕੇ ਪੂਤ ਗੁਸੈਲੇ[1]। ਸ੍ਰੀ ਗੁਰ ਪੂਰਬ ਬਾਤ* ਚਿਤੈਲੇ॥ ॥੧੯॥ ਬੈਨ ਬਾਨ ਤੇ ਬੀਧਨ ਕੀਨਾ। ਛੇਕ ਕਰੇਜੇ ਮਹਿਂ ਕਰਿ ਦੀਨ॥ ਘਾਤ ਕਰਤਿ ਮੈਂ ਸੋਚਤਿ ਰਹਯੋ। ਕਈ ਬਾਰ ਮੋਸੋਂ ਅਸ ਕਹਯੋ' ॥੨੦॥ ਸੁਨਤਿ ਪਠਾਨੀ ਸੁਤ ਕੋ ਬਰਜਯੋ। ਮਾਰਨ ਮਰਨੇ ਤੇ ਚਿਤ ਲਰਜ਼ਯੋ[2]। 'ਗੁਰ ਕੋ ਕਹਿਨ ਦੇਹੁ ਜਿਮ ਕਹੇ। ਸਦਾ ਪਾਲਤੇ ਹਮ ਕੋ ਰਹੇ ॥ ੨੧ ॥ ਸੁਨਿਕੈ ਰਿਸਹੁ ਨ, ਮ੍ਰਿਦੁ ਬਚ ਕਹੋ। ਗੁਰ ਸੋਂ ਸਿੰਧਿ ਸਦਾ ਸੁਖ ਲਹੋ। ਅਲਪ ਬੈਸ ਤੂੰ ਤਰੁਨ ਨ ਭਯੋ। ਚਹੁ ਜੀਵਨ ਅਪਨੋ ਹਿਤ ਲਯੋ ॥੨੨॥ ਜੋ ਸ੍ਰੀ ਗੁਰ ਕੇ ਤੀਰ ਬਿਗਾਰੈ। ਸਿੰਘ ਅਨੇਕ ਤੁਰਤ ਹੀ ਮਾਰੈਂ । ਤੁਝ ਕੋ ਦੇਤਿ ਦਰਬ ਹਿਤ ਕਰੈਂ। ਹਸਤ ਹੋਇ,ਕੁਛ ਕੋਪ ਨ ਧਰੈਂ[3]' ॥੨੩॥ ਇੱਤਯਾਦਿਕ ਬਹੁਤੇ ਸਮੁਝਾਯੋ। ਤਊ ਨ ਤਿਸ ਨੇ ਮਨ ਠਹਿਰਾਯੋ। ਚਿਤਵਤਿ ਚਿਤ ਸੁਪਤਯੋ ਪਰਿ ਰਾਤੀ। ਚਿਤ ਮਹਿਂ ਰੜਕਤਿ ਉਠਤਯੋ ਪ੍ਰਾਤੀ ॥੨੪॥ -ਧ੍ਰਕ ਜਨਮ ਭਾਖਯੋ ਬਹੁ ਬਾਰੀ। ਹੋਤਿ ਕੁਪੂਤ ਸੁਨਾਇ ਉਚਾਰੀ-। ਖਾਨ ਪਾਨ ਕਰਿ ਦਿਵਸ ਗੁਜ਼ਾਰਾ। ਫਿਰਯੋ ਦੁਪਹਿਰੋ ਸਮੋਂ ਨਿਹਾਰਾ ॥੨੫॥ ਏਕ ਜਾਮ ਦਿਨ ਤੇ ਚਲਿ ਗਯੋ। ਕਰਿ ਸਲਾਮ ਕੋ ਹੇਰਤਿ ਭਯੋ। ਭਾਵੀ ਪ੍ਰੇਰਯੋ ਦਰਸ਼ਨ ਕੀਨ। ਸ੍ਰੀ ਪ੍ਰਭੁ ਕਹਿ ਕੈ ਆਦਰ ਦੀਨ ॥ ੨੬ ॥ ਨਿਕਟ ਬਿਠਾਇ ਸਰਾਹਨਿ ਲਾਗੇ। 'ਖਾਨਨਿ ਬੈਸ ਨ ਤਜਿ ਰਨ ਭਾਗੇ। ਲਰਤੇ ਕਰਿ ਹੈਂ ਪ੍ਰਾਨ ਨ ਪਯਾਰੇ। ਕਟੁ ਬਾਕਨ ਕੋ ਨਹੀਂ ਸਹਾਰੇ ॥ ੨੭ ॥ ਕਬਹੁੰ ਸਮਾ ਔਚਕ ਬਨਿ ਜਾਵੈ। ਸ਼ਸਤ੍ਰ[4] ਸਭਾ ਮਹਿਂ ਰਿਪੁ ਕੋ ਘਾਵੈ'। ਐਸੀ ਬਾਤਨ ਤੇ ਬਿਰਮਾਇ। ਪੁਨ ਚੌਪਰ ਕੋ ਦਈ ਵਿਛਾਇ ॥ ੨੮ ॥ ਖੇਲਤਿ ਬਾਜੀ ਨਰਦ ਪ੍ਰਹਾਰੈਂ। ਕਟੁ ਬਾਕਨ ਤੇ ਤਰਕ ਉਚਾਰੈਂ। 'ਪਿਤਾ ਪਤਾਮੇ ਲੇਇ ਨ ਬਦਲਾ। ਧ੍ਰਕ ਜਨਮ ਤਿਹ ਕਾਯਰ ਦਿੱਲਾ॥੨੯॥ ਡਰਹਿ ਮਰਨ ਤੇ ਲਾਨਤਿ ਥੀਂਦੀ। ਕਯੋਂ ਜਨਮਯੋ ਜਨਨੀ ਤੇ ਗੀਦੀ । ਨਹੀਂ ਸੂਰਮੇ ਕੋ ਸੁਤਿ ਸੋਈ। ਦਿਲ

[1]ਗੁੱਸੇ ਵਾਲੇ । [2]ਕੰਬਿਆ । [3]ਭਾਵ ਹਸਦੇ ਹੋਣਗੇ ਗੁੱਸੇ ਨਾਲ ਨਹੀਂ ਕਹਿੰਦੇ ਹੋਣੇ । [4]ਸ਼ਸਤ੍ਰ ਨਾਲ ।

*ਪਾ:-ਬੈਰ ।

ਗੀਦੀ ਤੇ ਪਰਖਨਿ ਹੋਈ ॥੩੦॥ ਕਰਹਿ ਪ੍ਰਾਨ ਪ੍ਰਿਯ ਮਾਰਨ ਮਰੈ। ਥ੍ਰੂਕ ਜਨਮ ਕਰੋਂ ਆਯੁਧ ਧਰੈ।ਇਮ ਛੋਰਤਿ ਬਹੁ ਜਿਮ ਗਜ ਖੂਨੀ। ਜਾਗਤਿ ਰਿਸ ਮਨ ਦੂਨ ਚਊਨੀ[1]॥੩੧॥ ਦੋ ਘਟਕਾ ਜਬਿਹੂ ਦਿਨ ਰਹ੍ਯੋ। ਚੌਪਰ ਤ੍ਯਾਗ ਥਿਰਨ ਕੋ ਚਹ੍ਯੋ।ਗੁਲਖਾਂ ਸੁਨਿ ਸੁਨਿ ਧੀਰਜ ਛੋਰੈ। ਤਕਹਿ ਮਾਰਿਬੇ ਗੁਰ ਕੀ ਓਰੈ॥੩੨॥ਜਕ ਤਕ[2] ਕਰਿ ਤਿਨ ਖੜਗ ਸੰਭਾਰ੍ਯੋ*। ਮਾਰਨ ਕੋ ਮਨ ਬਲੋਂਤ ਬਿਚਾਰ੍ਯੋ। ਹੇਰਿ ਸਿੰਘ ਗਨ ਇਤ ਉਤ ਤਾਕੈ।–ਹਤੌਂ ਆਜ ਜਬਿ ਹੋਇਂ ਇਕਾਂਕੈ–॥੩੩॥ਪਠਿ ਸੋਦਰ ਅਰਦਾਸ ਉਚਾਰੀ।ਸਭਿਨਿ ਗੁਰੂ ਕੋ ਬੰਦਨ ਧਾਰੀ।ਰੁਖ ਲਖਿ ਕੈ ਨਿਜ ਨਿਜ ਥਲ ਗਏ। ਉਠਤਿ ਪਠਾਨ ਬਿਠਾਵਤਿ ਭਏ॥ ੩੪॥ ਥਿਰੇ ਪ੍ਰਯੰਕ ਊਪਰੇ ਫੇਰ। ਇਕ ਜਮਧਰ ਲੀਨੀ ਕਰ ਹੇਰ।'ਗੁਲ ਖਾਂ! ਨਿਕਟ ਹੋਇ ਇਸ ਦੇਖਿ। ਪਰਖਹੁ ਕੀਮਤਿ ਇਸਹਿ ਵਿਸ਼ੇਖ' ॥ ੩੫ ॥ ਕਰਿ ਕੈ ਨਗਨ ਦਈ ਤਿਸ ਹਾਥ। ਪੁਨ ਪ੍ਰੇਰਨ ਲਾਗੇ ਕਹਿ ਨਾਥ। 'ਪਿਸਰ ਪਦਰ ਕੋ ਬਦਲਾ ਲੇਵੈ। ਹੱਕ ਉਤਾਰ ਆਪਨੋ ਦੇਵੈ ॥੩੬॥ਵੈਰੀ ਮਿਲਹਿ ਇਕਾਂਤ ਸਥਾਨੀ। ਆਪ ਹੋਹਿ ਤਬਿ ਆਯੁਧ ਪਾਨੀ। ਮਾਰਹਿ ਨਹੀਂ ਥ੍ਰੂਕ ਮੁਖ ਵਾਂਕੇ। ਜੀਵਨ ਪਰ ਲਾਨਤ ਬਹ ਤਾਂਕੇ' ॥੩੭॥ ਇਮ ਕਹਿ ਲੀਨੇ ਮੂੰਦ ਬਿਲੋਚਨ। ਅਮਲ ਅਫੀਮ ਆਇ ਜਿਮ ਝੋਕਨ। ਗੁਲਖਾਂ ਸਮੈਂ ਬਿਚਾਰਨੋ ਮਾਰਨ। ਤਮ ਬਿਥਰਨੋ ਹੁਇ ਦੀਪਕ ਜਾਰਨ[3] ॥ ੩੮ ॥–ਦ੍ਰਿਗ ਮੂੰਦੇ ਅਬਿ ਦੇਖਤਿ ਨਾਂਹੀ। ਥਿਰੇ ਸਿੰਘ ਕੋ ਨਾਂਹਿਨ ਪਾਹੀ–।ਜਮਧਰ ਨੰਗੀ ਤੀਖਨ ਹਾਥ। ਇਤ ਉਤ ਅਵਲੋਕਤਿ ਡਰ ਸਾਥ॥ ੩੯ ॥ ਇਤਨੇ ਮਹਿਂ ਦ੍ਰਿਗ ਪੰਕਜ ਖੋਲੇ। ਸਮੁਖ ਪਠਾਨ ਨਿਕਟ ਕਰਿ ਬੋਲੇ।'ਸਮਾ ਸ਼ੱਤ੍ਰੁ ਹਤਿਬੇ ਕਹੁ ਪਾਵੈ।ਚੂਕ ਜਾਇ ਫਿਰ ਹਾਥ ਨ ਆਵੈ ॥ ੪੦ ॥ ਰਹੈ ਬਿਸੂਰੰਤਿ ਗੀਦੀ ਹੋਇ। ਥ੍ਰੂਕ ਜਨਮ ਲਾਨਤ ਲੇ ਸੋਇ'। ਬਾਰ ਬਾਰ ਇਮ ਕਹ੍ਯੋ ਗੁਸਾਈਂ। ਬਾਰਿ ਬਾਰਿ ਦ੍ਰਿਗ ਮੂੰਦਤ ਜਾਈਂ ॥ ੪੧ ॥ ਬਾਰ ਬਾਰ ਗੁਲ ਖਾਂ ਕੋ ਪ੍ਰੇਰਾ। ਸਭਿ ਬਿਧਿ ਦਾਵ ਬਨ੍ਯੋਂ ਤਿਸ ਹੇਰਾ। ਜਮਧਰ ਨਗਨ ਹਾਥ ਮਹਿਂ ਧਰੀ। ਪ੍ਰਭੁ ਕੋ ਤਾਕਿ ਪ੍ਰਹਾਰਨ ਕਰੀ॥੪੨॥ਸਮੁਖ ਰਿਦੈ ਕੋ ਜਬੈ ਚਲਾਈ। ਗਈ ਨਿਫਲ ਨਹਿਂ ਪ੍ਰਵਿਸ਼ੀ ਜਾਈ। ਤ੍ਰਾਸਤਿ ਹਾਥ ਕੰਪ ਕਰਿ ਗਯੋ। ਤਨ ਕੋ ਤਨਕ ਘਾਵ ਨਹਿਂ ਭਯੋ॥੪੩॥ ਪੁਨ ਏਕਲ ਹੀ ਪ੍ਰਭੁ ਕੋ ਹੇਰਿ। ਜਮਧਰ ਮਾਰੀ ਦੂਸਰ ਬੇਰ।

[1](ਪਠਾਨ ਬੱਚੇ ਦੇ) ਮਨ ਵਿਚ ਦੂਣਾ ਚੌਣਾ ਗੁੱਸਾ ਜਾਗਦਾ ਹੈ। [2]ਤ੍ਰਕ ਰੁਕਕੇ। [3]ਦੀਵੇ ਬਲਣ ਦਾ ਸਮਾਂ।

*ਪਾ:–ਪ੍ਰਹਾਰ੍ਯੋ।

ਭੁਜ ਕੇ ਤਰੇ ਗਯੋ ਸੋ ਵਾਰ। ਲਗੀ ਨ ਤਨ ਕੋ ਥਿਰੇ ਜੁਝਾਰ ॥੪੪॥ ਪੁਨ ਧਰਿ ਧੀਰ ਤੀਸਰੋ ਮਾਰਾ। ਲਾਗ ਉਦਰ ਮਹਿਂ ਕੋਤਿਕ ਫਾਰਾ। ਲਗੇ ਘਾਵ ਤੇ ਕੋਪ ਬਿਸਾਲੇ। ਜਮਧਰ ਦੂਜੀ ਧਰੀ ਸੰਭਾਲੇ॥੪੫॥ ਤਤਛਿਨ ਸ੍ਰੀ ਪ੍ਰਭੁ ਵਾਰ ਪ੍ਰਹਾਰਯੋ। ਉਦਰ ਪਠਾਨ ਸ਼ੱਤ੍ਰ ਕੋ ਫਾਰਯੋ। ਊਚੀ ਧੁਨਿ ਭਾਖ੍ਯੋ ਤਿਸ ਬੇਰੇ। 'ਹੈ ਕੋ ਸਿੰਘ ਹਮਾਰੇ ਨੇਰੇ?' ॥੪੬॥ ਸੁਨਤਿ ਸ਼ਬਦ ਕੋ ਤਤਛਿਨ ਆਇ। ਨਾਂਗੋ ਖੜਗ ਗਹੇ ਕਰ ਧਾਇ। ਪਿਖਿ ਲੱਖਾ ਸਿੰਘ ਪਰ੍ਯੋ ਪਠਾਨ। ਬਲ ਤੇ ਹਨੀ ਕ੍ਰਿਪਾਨ ਮਹਾਨ ॥ ੪੭ ॥ ਕਾਟਿ ਗ੍ਰੀਵ ਤੇ ਸੀਸ ਉਤਾਰਾ। ਪਰ੍ਯੋ ਰੌਰ ਸੁਨਿ ਇਤ ਉਤ ਭਾਰਾ। ਪ੍ਰਭੁ ਜੀ ਕਹ੍ਯੋ 'ਪ੍ਰਥਮ ਹੀ ਮਰ੍ਯੋ। ਕਾਹੇ ਖੜਗ ਪ੍ਰਹਾਰਨਿ ਕਰ੍ਯੋ' ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਘਾਵ' ਪ੍ਰਸੰਗ ਬਰਨਨੰ ਨਾਮ ਅਸ਼ਟਦਸਮੋ ਅੰਸੂ ॥ ੧੮ ॥

੧੯. [ਜ਼ਖਮ ਸੀਉਣੇ]।

ਦੋਹਰਾ ॥ ਪ੍ਰਥਮ ਤੁਰਕ ਕੀ ਛਾਂਵ ਕੋ ਛੁਵਨ ਦੇਤਿ ਨਹਿਂ ਨੇਰ। ਕਾਰਨ ਕਰਿਬੇ ਹੇਤੁ ਅਸ ਆਦਰ ਕਰਤਿਬਡੇਰ॥੧॥ਚੌਪਈ॥ਕੌਤਕ ਰਚ੍ਯੋ ਸੁਕਹਿ ਕੋ ਜਾਨ। ਜਮਧਰ ਖਾਈ ਪਾਨ ਪਠਾਨ। ਗਲਖਾਂ ਪਰ੍ਯੋ ਨਿਹਾਰੈਂ ਤਿਸੇ। ਪ੍ਰਭੁ ਕੋ ਘਾਵ ਲਖ੍ਯੋ ਨਹਿਂ ਕਿਸੇ ॥ ੨॥ ਜਬਿ ਸੰਤੋਖ ਸਿੰਘ ਢਿਗ ਗਯੋ। ਰੁਧਰ ਪ੍ਰਵਾਹ ਬਿਲੋਕਤਿ ਭਯੋ। ਬਾਗਾ[1] ਸਗਰੋ ਲਾਲ ਸੁ ਬਰਨ। ਹੇਰ੍ਯੋ 'ਆਸਤਰਣ'[2] ਭੀ ਅਰੁਣ ॥੩॥ 'ਮਹਾਂਰਾਜ ! ਨਿਜ ਲਖਹੁ ਸਰੀਰ। ਨਿਕ-ਸਤਿ ਰੁਧਰ ਭੀਜਗੇ ਚੀਰ। ਧੀਰਜ ਧਾਰਿ ਰਹੇ ਬਰ ਬੀਰ। ਲਗ੍ਯੋ ਘਾਵ ਨਹਿ ਮਾਨਤਿ ਪੀਰ' ॥ ੪ ॥ ਸੁਨਿ ਪਿਖਿ ਸਰਬ ਖਾਲਸਾ ਆਯੋ। ਘਾਵ ਬਸਤ੍ਰ ਟਾਰਤਿ ਦਰਸਾਯੋ। 'ਪ੍ਰਭੁ ਜੀ! ਜਮਧਰ ਘਾਵ ਘਨੇਰਾ। ਲਗ੍ਯੋ ਆਪ ਕੇ ਹਮ ਅਬਿ ਹੇਰਾ ॥ ੫॥ ਕਿਸ ਬਿਧਿ ਕੋ ਬਿਸਤਾਰ੍ਯੋ ਖੇਲ। ਰੋਜ ਤੁਰਕ ਸੋਂ ਰਾਖ੍ਯੋ ਮੇਲ। ਰਹ੍ਯੋ ਹਜ਼ੂਰ ਸਿੰਘ ਨਹਿਂ ਕੋਈ। ਤਊ ਤੁਰਕ ਢਿਗ ਰਾਖਾ ਸੋਈ ॥੬॥ ਆਪ ਕਰਹੁ ਉਪਦੇਸ਼ ਪ੍ਰਕਾਸ਼ਾ।–ਕੀਜਹਿ ਨਹੀਂ ਤੁਰਕ ਭਰਵਾਸਾ–। ਇਹ ਰਾਵਰ ਨੇ ਕਸਾ ਕਰਿ ਲਯੋ। ਕਾਰੀ ਘਾਵ ਖਾਨ ਤੇ ਖਯੋ' ॥੭॥ ਸਿੰਘ ਸੰਤੋਖ ਸਿੰਘ ਤੇ ਆਦਿ। ਹੇਰਿ ਹੇਰਿ ਸਭਿ ਲਹੇ ਬਿਖਾਦ। ਧੀਰ ਦੇਨਿ ਕੋ ਗੁਰੂ ਉਚਾਰੀ। 'ਭਯੋ ਅਕਾਲ ਪੁਰਖ ਰਖਵਾਰੀ ॥ ੮ ॥ ਕਰਹੁ ਨ ਚਿੰਤਾ ਚਿਤ ਮਹਿਂ ਕਾਈ। ਘਾਵ ਅਲਪ ਅਸਿਕੇਤ ਸਹਾਈ। ਖਾਨ ਖੋਰ ਕਰਿ ਜਮਧਰ ਮਾਰੀ। ਬਹੁਤ ਸਮੈਂ ਕੋ ਦ੍ਵੈਸ਼ ਚਿਤਾਰੀ ॥ ੯ ॥ ਖਸ਼-

[1]ਪੁਸ਼ਾਕਾ। [2]ਵਿਛਾਈ।

ਟਮ ਗੁਰੁ ਮਹਾਂ ਬਲਿ ਧਾਮਾ । ਹਤਯੋ ਜੁੱਧ ਮਹਿ ਜਾਂਹਿ ਪਿਤਾਮਾ । ਸੁਨਤਿ ਰਹਯੋ ਪੂਰਬ ਕੀ ਬਾਤ।ਅਬਿ ਲਖਿ ਘਾਤ[1]ਚਹਯੋ ਮਮ ਘਾਤ[2]* ॥੧੦॥ ਭਯੋ ਅਕਾਲ ਪੁਰਖ ਰਖਵਾਰੇ । ਤਨਕ ਘਾਵ ਭਾ ਜਮਧਰ ਮਾਰੇ । ਦੂਜੀ ਜਮ-ਧਰ ਹਮਹੁ ਪ੍ਰਹਾਰੀ । ਜਾਨਿ ਨ ਦੀਨਿ ਲੀਨ ਅਰਿ ਮਾਰੀ' ॥੧੧॥ ਸੁਨਿ ਸਿੱਘਨਿ ਤਤਛਿਨ ਜਲ ਲ੍ਯਾਇ। ਕਰਯੋ ਪਖਾਰਨ ਸ਼੍ਰੋਣਤ ਜਾਇ[3]। ਸੂਚੀ ਲਈ ਲੋਹਿ ਬਰ ਜੋਵਾ[4] । ਰੇਸ਼ਮ ਤਾਗਾ ਬੇਢ[5] ਪਰੋਵਾ ॥ ੧੨ ॥ ਸਨੇ ਸਨੇ ਸੀਵਨ ਕਰਿ ਸਾਰਾ । ਪਾਟੀ ਬੰਧਿ ਕੀਨਿ ਦ੍ਰਿਢ ਭਾਰਾ । ਆਛੀ ਰੀਤਿ ਪਲੰਘ ਪਰ ਆਇ । ਰੁਚਿ ਅਨੁਸਾਰ ਅਹਾਰਨਿ ਖਾਇ ॥ ੧੩ ॥

[1]ਦਾਉ ਤੱਕ ਕੇ । [2]ਮਾਰਨਾ । [3]ਲਹੂ ਜਾਂਦਾ । [4]ਸੂਈ ਲਈ ਜੋ ਚੰਗੇ ਲੋਹੇ ਦੀ ਹੈਸੀ । [5]ਵੱਟ ਕੇ। ਵੱਟ ਚਾੜ੍ਹਕੇ ।

*ਠੀਕ ਹੈ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਦੇ ਮੁਤਅੱਲਿਕ ਅਸਲ ਭੇਤ ਹੀ ਪ੍ਰਕਾਸ਼ ਨਹੀਂ ਪਾਇਆ । ਮਹਿਮਾ ਪ੍ਰਕਾਸ਼ਾਂ ਤੇ ਗੁਰ ਬਿਲਾਸ, ਸੌ ਸਾਖੀ ਤੇ ਸੂਰਜ ਪ੍ਰਕਾਸ਼ ਆਦਿਕਾਂ ਨੇ ਜੋ ਇਹ ਗਲ ਲਿਖੀ ਹੈ ਕਿ ਗੁਰੂ ਜੀ ਆਪ ਗੁਲ ਖਾਂ ਨੂੰ ਅਪਣੇ ਕਤਲ ਵਾਸਤੇ ਤਾਅਨੇ ਮਾਰ ਮਾਰ ਕੇ ਉਕਸਾਉਂਦੇ ਰਹੇ, ਠੁਛ ਮੁੱਲ ਵਾਲੀ ਨਹੀਂ । ਇਸ ਦਾ ਖੰਡਨ ਤਾਂ ਉਨ੍ਹਾਂ ਦੇ ਅਪਣੇ ਦਿੱਤੇ ਹਾਲ ਤੋਂ ਹੀ ਹੋ ਜਾਂਦਾ ਹੈ। ਜੇ ਗੁਰੂ ਜੀ ਨੇ ਪਠਾਣ ਬੱਚੇ ਨੂੰ ਅਪਣੇ ਕਤਲ ਲਈ ਆਪ ਉਕਸਾਇਆ ਤਾਂ ਫੇਰ ਜਦ ਉਸ ਦੀ ਕਟਾਰ ਦਾ ਵਾਰ ਚਲ ਗਿਆ ਤਾਂ ਗੁਰੂ ਜੀ ਨੇ ਉੱਠਕੇ ਉਸ ਨੂੰ ਕਟਾਰ ਨਾਲ ਪਾਰ ਬੁਲਾਇਆ; ਇਸ ਦਾ ਕੀ ਅਰਥ ਹੈ ? ਉਸ ਨੇ ਤਾਂ ਆਪਦਾ ਮਨਸ਼ਾ ਪੂਰਾ ਕੀਤਾ ਸੀ, ਉਸ ਨੂੰ ਇਨਾਮ ਦੇਣਾ ਚਾਹੀਦਾ ਸੀ, ਨਾਂ ਕਿ ਮਾਰ ਦੇਣਾ। ਮਾਰ ਦੇਣਾ ਤਾਂ ਓਸੇ ਵੇਲੇ ਹੋ ਸਕਦਾ ਹੈ ਜਦ ਕਿ ਅਚਾਨਕ ਕੋਈ ਵਾਰ ਕਰੇ ਤਾਂ ਸੂਰਮੇ ਦਾ ਹੱਥ ਸ਼ਸਤ੍ਰ ਤੇ ਉਠਦਾ ਤੇ ਮਾਰਨ ਵਾਲੇ ਤੇ ਵਾਰ ਕਰਦਾ ਹੈ। ਦੂਜਾ ਖ਼ਿਆਲ, ਇਹ ਕਿ ਗੁਰੂ ਜੀ ਪੈਂਦੇ ਖਾਂ ਦੇ ਕਤਲ ਦਾ ਬਦਲਾ ਦੇਣਾ ਚਾਹੁੰਦੇ ਸਨ, ਬੀ ਆਪੇ ਖੰਡਨ ਹੋ ਜਾਂਦਾ ਹੈ । ਪੈਂਦੇ ਖਾਂ ਮੈਦਾਨ ਜੰਗ ਵਿਚ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਮਾਰਨ ਆਇਆ ਖੁੱਲ੍ਹੇ ਜੰਗ ਵਿਚ ਉਨ੍ਹਾਂ ਦੇ ਹੱਥੋਂ ਮਾਰਿਆ ਗਿਆ ਸੀ। ਬਦਲਾ ਕਾਹਦਾ ? ਮੈਦਾਨ ਜੰਗ ਵਿਚ ਮਰਿਆਂ ਦਾ ਬਦਲਾ ਦੇਣਾ ਹੋਵੇ ਤਾਂ ਇਕ ਇਸ ਪਠਾਣ ਦੇ ਪਿਉ ਯਾਂ ਦਾਦੇ ਦੇ ਬਦਲੇ ਦੇਣ ਤੇ ਗੱਲ ਕਿਉਂ ਮੁੱਕੇ; ਜਿੰਨੇ ਆਦਮੀ ਗੁਰੂ ਜੀ ਦੇ ਤੀਰ ਤਲਵਾਰ ਨਾਲ ਮਰੇ ਸਭ ਦੇ ਬਦਲੇ ਦਿੱਤੇ ਜਾਣੇ ਚਾਹੀਏ। ਮਸਲਨ ਨਾਹਰ ਖਾਂ ਨੂੰ ਚਮਕੌਰ ਤੀਰ ਨਾਲ ਪਰੋਣ ਦਾ ਬਦਲਾ ਦੇਣ ਲਈ ਮਲੇਰੀਏ ਪਠਾਣਾਂ ਨੂੰ ਕਿਉਂ ਨਾਂ ਪ੍ਰੇਰਿਆ ? ਭਲਾ ਜੇ ਚਾਹੁਣ ਵੀ ਤਾਂ ਬੀ ਗਲ ਨਹੀਂ ਢੁਕਦੀ । ਜਦੋਂ ਪਠਾਣ ਨੇ ਵਾਰ ਕਰ ਲਿਆ ਤਾਂ ਬਦਲਾ ਚੁਕ ਗਿਆ, ਹਿਸਾਬ ਮੁੱਕ ਗਿਆ। ਦਸਮੇਸ਼ ਜੀ ਜੇ ਬਦਲਾ ਦੇਣਾ ਚਾਹੁੰਦੇ ਸਨ ਤਾਂ ਦਿੱਤਾ ਜਾ ਚੁਕਾ ਸੀ, ਹੁਣ ਉਸ ਨੂੰ ਫੇਰ ਕਿਉਂ ਕਤਲ ਕਰਨ ? ਜਦੋਂ ਫੇਰ ਆਪ ਉਸ ਨੂੰ ਮਾਰਿਆ ਤਾਂ ਪਿਛਲਾ ਬਦਲਾ ਮੁਕਦੇ ਸਾਰ ਨਵਾਂ ਸਿਰ ਚਾੜ੍ਹ ਲਿਆ । ਇਸ ਪੜਤਾਲ ਨਾਲ ਬਦਲੇ ਦੇਣ ਦਾ ਖਿਆਲ ਸਾਰਾ ਢਹਿ ਢੇਰੀ ਹੋ ਗਿਆ ਤੇ ਨਾਲ ਹੀ ਆਪ

[ਬਾਕੀ ਨੋਟ ਦੇਖੋ ਅਗਲੇ ਦੇ ਪੰਨੇ ਹੇਠ]

ਉਸਨੂੰ ਉਕਸਾਉਣ ਦਾ ਖਿਆਲ ਰੱਦੀ ਸਾਬਤ ਹੋ ਗਿਆ।

ਮਹਿਮਾਂ ਪ੍ਰਕਾਸ਼ ਵਾਰਤਕ ਨੇ ਇਕ ਥਾਵੇਂ ਤਾਂ ਇਹੋ ਦੂਸਰੇ ਮਹਿਮਾਂ ਪ੍ਰਕਾਸ਼ ਵਰਗਾ ਹਾਲ ਹੀ ਦਿੱਤਾ ਹੈ; ਪਰ ਦੂਜੀ ਥਾਵੇਂ ਇਕ ਵੀਹ ਪੱਚੀ ਵਰ੍ਹੇ ਦੇ ਪਠਾਣ ਦਾ ਕਈ ਦਿਨ ਆਉਣਾ ਤੇ ਘਾਤ ਪਾਕੇ ਵਾਰ ਕਰਨਾ ਦਿੱਤਾ ਹੈ। ਏਥੇ ਕੋਈ ਜ਼ਿਕਰ ਬਦਲੇ ਦਾ ਯਾ ਗੁਰੂ ਜੀ ਦੇ ਉਸਨੂੰ ਉਕਸਾਉਣੇ ਦਾ ਨਹੀਂ ਦਿੱਤਾ। ਇਨ੍ਹਾਂ ਸਭਨਾਂ ਤੋਂ ਪੁਰਾਣਾ ਗ੍ਰੰਥ ਗੁਰ ਸ਼ੋਭਾ ਹੈ, ਜਿਸ ਦਾ ਕਰਤਾ ਗੁਰੂ ਜੀ ਦਾ ਦਰਬਾਰੀ ਕਵੀ ਬੀ ਰਿਹਾ ਹੈਸੀ। ਉਸ ਦਾ ਗ੍ਰੰਥ ੧੭੬੮ ਤੋਂ ਮਗਰੋਂ ਦਾ ਨਹੀਂ। ਉਸ ਨੇ ਉਪਰਲੀਆਂ ਗਲਾਂ ਕੋਈ ਨਹੀਂ ਦਿੱਤੀਆਂ, ਕੇਵਲ ਐਉਂ ਦਸਿਆ ਹੈ:—

"ਸੁਨੀ ਸਾਖ ਐਸੇ ਪਠਾਨ ਏਕ ਆਯੋ। ਕਛੂ ਘਾਤ ਕੈ ਕੇ ਪ੍ਰਭੂ ਪਾਸ ਧਾਯੋ। ਘਰੀ ਦੋਇ ਕੈ ਤੀਨ ਕੇ ਬੈਠ ਮੀਠੋ। ਨਹੀਂ ਘਾਤ ਲਾਗੀ ਘਨੇ ਲੋਗ ਡੀਠੇ ॥ ੮ ॥੨੨੭॥ ਬਿਦਾ ਹੋਇਕੈ ਧਾਮ ਕੋ ਬੇਗ ਧਾਯੋ। ਗਏ ਦਿਵਸ ਦੋ ਤੀਨ ਸੋ ਫੇਰ ਆਯੋ। ਘਰੀ ਤੀਨ ਕੈ ਚਾਰ ਕੇ ਬੈਠ ਐਸੇ। ਨਹੀਂ ਘਾਤ ਲਾਗੀ ਚਲਾ ਅੰਤ ਤੈਸੇ ॥ ੯ ॥ ੨੨੮ ॥ ਇਸੀ ਭਾਂਤਿ ਸੋ ਦਯੋਸ ਕੇਤਾਨ ਆਯੋ। ਨਹੀਂ ਘਾਤ ਲਾਗੀ ਨਹੀਂ ਦਾਵ ਪਾਯੋ। ਘਨੀ ਬਾਰ ਆਯਾ ਲੀਓ ਭੇਦ ਸਾਰਾ। ਸਮਾ ਸ਼ਯਾਮ ਕਾ ਕਾਮ ਕੋ ਯੌਂ ਬਿਚਾਰਾ ॥ ੧੦ ॥ ੨੨੯ ॥ ਦਿਨੰ ਏਕ ਸਯਾਮੰ ਸਮੈਂ ਦੁਸ਼ਟ ਆਯੋ। ਸੁਨੀ ਸਾਹਿਬੰ ਅੰਤ੍ਰ ਤਾਂਕੋ ਬੁਲਾਯੋ। ਫਿਰੰ ਜਾਇ ਬੈਠਾ ਕਿ ਪਰਸਾਦਿ ਦੀਨਾ। ਗਹੀ ਮੁਸਟਿ ਲੈ ਦੁਸ਼ਟਿ ਮੁਖ ਮਾਂਹਿ ਦੀਨਾ ॥ ੧੧ ॥ ੨੮੦ ॥ ਨਹੀਂ ਸਿੰਘ ਕੋਈ ਤਹਾਂ ਪਾਸ ਔਰੇ। ਰਹੇ ਏਕ ਹੀ ਊਂਘ ਸੋਈ ਗਯੋ ਰੇ। ਇਤੇ ਮੈਂ ਪ੍ਰਭੂ ਆਪ ਬਿਸਰਾਮ ਲੀਨਾ। ਗਹੀ ਦੁਸਟਿ ਜਮਧਾਰ ਉਰ ਵਾਰ ਕੀਨਾ ॥ ੧੨ ॥ ੨੮੧ ॥ ਕੀਯੋ ਵਾਰ ਐਸਾ ਕਿ ਦੂਜਾ ਲਗਾਯੋ। ਲਗੋ ਔਰ ਕੇ ਆਪਨਾ ਵਾਰ ਲਾਯੋ। ਕੀਯੋ ਵਾਰ ਏਕੋ ਨਹੀਂ ਔਰ ਕੀਨਾ। ਲੀਆ ਮਾਰਕੇ ਦੁਸ਼ਟ ਜਾਨੇ ਨ ਦੀਨਾ ॥ ੧੩ ॥ ੨੮੨ ॥

ਇਸ ਤੋਂ ਨਿਰਸੰਸੇ ਪਤਾ ਲੱਗਾ ਕਿ ਸਾਡੇ ਪਾਸ ਸਭ ਤੋਂ ਸਾਡਾ ਪੁਰਾਣਾ ਲੇਖਕ ਦੱਸਦਾ ਹੈ ਕਿ ਇਹ ਪਠਾਣ ਘਾਤ ਲਈ ਹੀ ਆਇਆ ਤੇ ਰੋਜ਼ ਏਸੇ ਮਤਲਬ ਲਈ ਹੀ ਆਉਂਦਾ ਰਿਹਾ ਹੈ ਤੇ ਜਿਸ ਦਿਨ ਦਾਉ ਲੱਗਾ ਵਾਰ ਕਰ ਦਿੱਤਾ। ਪਠਾਣ ਨੂੰ ਉਕਸਾਉਣ ਤੇ ਬਦਲੇ ਦੇਣ ਆਦਿ ਦਾ ਕੋਈ ਜ਼ਿਕਰ ਇਸ ਵਿਚ ਨਹੀਂ ਹੈ।

ਹੁਣ ਬਾਹਰ ਦੇ ਲੇਖਕਾਂ ਨੂੰ ਲਓ। ਸੈਰੁਲ ਮੁਤਾਖਰੀਨ ਨੇ ਤਾਂ ਗੁਰੂ ਜੀ ਦਾ ਪ੍ਰਲੋਕ ਗਮਨ ਗ਼ਮ ਨਾਲ ਲਿਖਿਆ ਹੈ ਤੇ ਕਈ ਅੰਗ੍ਰੇਜ਼ ਇਤਿਹਾਸਕਾਰਾਂ ਨੇ ਏਸੇ ਦੀ ਨਕਲ ਕੀਤੀ ਹੈ। ਅਹਿਮਦਸ਼ਾਹ ਬਟਾਲਵੀ ਨੇ ਲਿਖਿਆ ਹੈ ਕਿ ਇਕ ਘੋੜਿਆਂ ਦਾ ਪਠਾਨ ਸੁਦਾਗਰ ਸੀ ਜਿਸ ਨੇ ਗੁਰੂ ਜੀ ਪਾਸ ਘੋੜੇ ਵੇਚੇ ਹੋਏ ਸਨ, ਉਸਦੇ ਰੁਪਯੇ ਮੰਗਣ ਤੇ ਕੁਛ ਤਕਰਾਰ ਵੇਲੇ ਉਸ ਨੇ ਗੁਸਤਾਖੀ ਦੇ ਵਾਕ ਕਹੇ ਤੇ ਤਲਵਾਰ ਖਿੱਚਕੇ ਗੁਰੂ ਜੀ ਪਰ ਵਾਰ ਕਰਨੇ ਲੱਗਾ, ਪਰ ਗੁਰੂ ਜੀ ਨੇ ਇਹ ਦੇਖਕੇ ਤਲਵਾਰ ਸੂਤੀ ਤੇ ਉਸ ਦਾ ਸਿਰ ਕੱਟ ਦਿੱਤਾ। ਉਸ ਦੇ ਪੁੱਤਰਾਂ ਨੇ ਬਦਲੇ ਦੀ ਠਾਣਕੇ ਇਉਂ ਵਿਸਾਹ ਕਰਕੇ ਘਾਤ ਕੀਤਾ। ਜਦ ਉਹ

ਵਾਰ ਕਰਨ ਵਾਲਾ ਫੜਿਆ ਗਿਆ ਤਾਂ ਗੁਰੂ ਜੀ ਨੇ ਉਸਨੂੰ ਮਾਫ ਕੀਤਾ, ਪਰ ਉਹ ਦੱਸਦਾ ਹੈ ਕਿ ਗੁਰੂ ਜੀ ਨੇ ਪਠਾਣਾਂ ਦੇ ਪੁੱਤਰਾਂ ਨੂੰ ਆਪ ਉਕਸਾਇਆ ਸੀ, ਤੇ ਕਾਰਨ ਇਹ ਦੱਸਦਾ ਹੈ ਕਿ ਗੁਰੂ ਜੀ ਅਪਣੇ ਜੀਵਨ ਨੂੰ ਆਪ ਮੁਕਾਉਣਾ ਚਾਹੁੰਦੇ ਸਨ। ਇਸ ਦਾ ਪਹਿਲਾ ਹਿੱਸਾ ਕਨਿੰਘਮ ਨੇ ਲਿਆ ਹੈ, ਦੂਸਰਾ ਹਿਸਾ ਕਨਿੰਘਮ ਨੇ ਨਹੀਂ ਲਿਆ।

ਤਾਰੀਖ ਬਹਾਦਰਸ਼ਾਹੀ ਦੇ ਲੇਖਕ ਨੇ ਲਿਖਿਆ ਹੈ ਕਿ ਗੁਰੂ ਜੀ ਅਪਣੇ ਉਪਦੇਸ਼ਾਂ ਵਿਚ, ਜੋ ਉਹ ਬੇਗਿਣਤ ਲੋਕਾਂ ਦੇ ਸਮਾਜ ਵਿਚ ਕਰਿਆ ਕਰਦੇ ਸਨ, ਕੋਈ ਗਲ ਕਹਿ ਬੈਠੇ ਜੋ ਮੁਸਲਮਾਨ ਬਰਦਾਸ਼ਤ ਨਹੀਂ ਕਰ ਸਕਦੇ ਇਸ ਕਰਕੇ ਇਕ ਅਫ਼ਗਾਨ ਨੇ ਇਕ ਖੰਜਰ ਨਾਲ ਦੋ ਤ੍ਰੈ ਵਾਰ ਕੀਤੇ ਤੇ ਮਾਰ ਦਿੱਤਾ। ਇਹ ਖਿਆਲ ਮੈਕਾਲਫ ਨੇ ਅਗਲਬ ਸਮਝਕੇ ਅਪਣੇ ਇਤਿਹਾਸ ਵਿਚ ਦਿੱਤਾ ਹੈ। [ਜਿਲਦ ਪੰਜ, ਸਫ਼ਾ ੨੪੧

ਦੌਲਤ ਰਾਇ ਨੇ ਉਪਰਲੀਆਂ ਕੁਛ ਰਵਾਇਤਾਂ ਦੇਕੇ ਇਕ ਰਵਾਇਤ ਹੋਰ ਲਿਖੀ ਹੈ ਤੇ ਉਸ ਨੇ ਇਸ ਨੂੰ ਸਹੀ ਮੰਨਿਆਂ ਹੈ ਤੇ ਲਿਖਦਾ ਹੈ ਕਿ "ਮਿਨਜੁਮਲਾ ਤਮਾਮ ਰਵਾਇਤੋਂ ਕੇ ਪਹਿਲੀ ਰਵਾਇਤ ਦਰੁਸਤ ਹੈ ਕਿ ਗੁਰੂ ਗੋਬਿੰਦ ਸਿੰਘ ਬਹਾਦਰ ਸ਼ਾਹ (ਪਾਤਸ਼ਾਹ) ਕੀ ਸਾਜ਼ਸ਼ ਸੇ ਕਤਲ ਕੀਆ ਗਿਆ"। ਬਹਾਦਰਸ਼ਾਹ ਦੀ ਸਾਜ਼ਸ਼ ਦਾ ਵੇਰਵਾ ਉਹ ਐਉਂ ਲਿਖਦਾ ਹੈ:—

"ਬਹਾਦਰ ਸ਼ਾਹ ਮੁਹਿੰਮ ਦੱਕਨ ਸੇ ਫਾਰਗ਼ ਹੋ ਕਰ ਔਰ ਅਹਿਮਦ ਨਗਰ ਕੋ ਫਤਹ ਕਰਕੇ ਨਦੇੜ ਕੇ ਨਵਾਹ ਮੇਂ ਸੇ ਗੁਜ਼ਰਾ ਔਰ ਗੁਰੂ ਗੋਬਿੰਦ ਸਿੰਘ ਸੇ ਮਿਲਾ। ਉਸ ਨੇ ਉਸ ਕੋ ਹਮਰਾਹ ਲੇ ਜਾਨੇ ਕੀ ਕੋਸ਼ਿਸ਼ ਕੀ ਮਗਰ ਗੁਰੂ ਗੋਬਿੰਦ ਸਿੰਘ ਨੇ ਇਨਕਾਰ ਹੀ ਕੀਆ। ਔਰ ਉਸ ਕੋ ਬੇਅਦਬ ਔਰ ਬੇਵਫਾ ਕਹਿ ਕਰ ਉਸ ਕਾ ਸਾਥ ਦੇਨੇ ਸੇ ਪਹਿਲੂ ਤਹੀ ਕੀਆ। ਬਹਾਦਰ ਸ਼ਾਹ ਕੋ ਗੁਰੂ ਗੋਬਿੰਦ ਸਿੰਘ ਕਾ ਵਜੂਦ ਪਹਿਲੇ ਸੇ ਕਾਂਟੇ ਕੀ ਤਰਹ ਖਟਕਤਾ ਥਾ, ਔਰ ਵੋਹ ਬਖੂਬੀ ਜਾਨਤਾ ਥਾ ਕਿ ਗੁਰੂ ਗੋਬਿੰਦ ਕਾ ਉਦੇਸ਼ ਕਿਆ ਹੈ। ਇਸ ਲੀਏ ਵੋਹ ਦਿਲ ਸੇ ਤੋ ਯਿਹ ਚਾਹਤਾ ਥਾ ਕਿ ਮੌਕਾ ਪਾਕਰ ਉਸ ਕਾ ਕਿੱਸਾ ਤਮਾਮ ਕਰੇ, ਲੇਕਨ ਮੌਕਾ ਕਾ ਮੁਨਤਜ਼ਿਰ ਥਾ। ਵੋਹ ਅਪਨੇ ਤਈਂ ਹਮੇਸ਼ਾਂ ਖਤਰਹ ਮੇਂ ਸਮਝਤਾ ਥਾ, ਜਬ ਤਕ ਗੁਰੂ ਗੋਬਿੰਦ ਸਿੰਘ ਉਸ ਕੀ ਮੁਖਾਲਫਤ ਮੇਂ ਮੌਜੂਦ ਥਾ, ਲੇਕਨ ਉਸਕੇ ਖਤਰਹ ਕੋ ਸਰਹੰਦ ਪਰ ਬੰਦਾ ਕੇ ਕਾਰਨਾਮੋਂ ਨੇ ਔਰ ਭੀ ਮਜ਼ਬੂਤ ਕਰ ਦੀਆ, *ਔਰ ਉਸ ਕੇ ਦਰ ਪੈ ਹੂਆ ਕਿ ਗੁਰੂ ਗੋਬਿੰਦ ਸਿੰਘ ਕਾ ਕਿੱਸਾ ਪਾਕ ਕੀਆ ਜਾਵੇ। ਚੁਨਾਂਚੇ ਏਕ ਸਾਜ਼ਸ਼ ਉਸ ਕੇ ਕਤਲ ਕੇ ਲੀਏ ਕੀ ਗਈ। ਖੁਦ ਤੋ ਵਹਾਂ ਸੇ ਹਟ ਕਰ ਆਗੇ ਚਲਾ ਗਿਆ ਔਰ ਏਕ ਤੁਰਕਜ਼ਾਦੇ ਮੁਸਲਮਾਨ ਕੋ, ਜੋ ਗੁਰੂ ਗੋਬਿੰਦ ਸਿੰਘ ਕੇ ਮੁਲਾਜ਼ਮੋਂ ਮੇਂ ਥਾ ਯਿਹ ਜੋਸ਼ ਦਿਲਾਕਰ ਕਿ ਗੁਰੂ ਗੋਬਿੰਦ ਸਿੰਘ ਤੁਮਹਾਰੇ ਬਾਪ ਔਰ ਦਾਦਾ ਕਾ ਕਾਤਲ ਹੈ, ਔਰ ਕਿ ਬਾਪ ਦਾਦਾ ਕਾ ਇੰਤਕਾਮ ਲੇਨਾ ਮੁਸਲਮਾਨੋਂ ਕਾ ਪਹਿਲਾ ਫਰਜ਼ ਹੈ, ਔਰ ਯਿਹ ਸ਼ਰਮ ਦਿਲਾਕਰ ਕਿ ਤੁਮ ਅਪਨੇ ਬਾਪ ਕੇ ਕਾਤਲ ਕੀ ਖਿਦਮਤ ਕਰਤੇ ਹੋ, ਗੁਰੂ ਗੋਬਿੰਦ ਸਿੰਘ ਕੇ ਕਤਲ ਪਰ ਆਮਾਦਹ ਕੀਆ ਔਰ ਸਾਥ ਇਨਾਮੋਂ

*ਜਾਪਦਾ ਹੈ ਕਿ ਦੌਲਤ ਰਾਏ ਨੇ ਗੁਰੂ ਜੀ ਦੇ ਪ੍ਰਲੋਕ ਗਮਨ ਤੇ ਬੰਦੇ ਦੇ ਮਾਅਰਕਿਆਂ ਦੀਆਂ ਤਾਰੀਖਾਂ ਨਹੀਂ ਪੜਤਾਲੀਆਂ।

ਇਕਰਾਮ ਕਾ ਵਾਅਦਾ ਭੀ ਕੀਆ ਗਿਆ। ਇਸ ਸ਼ਖਸ ਕਾ ਨਾਮ ਗੁਲਖਾਂ ਥਾ ਜੋ ਬਮੈ ਅਪਨੇ ਭਾਈ ਅਤਾਉੱਲਾ ਖਾਂ ਕੇ ਉਸ ਕੀ ਮੁਲਾਜ਼ਮਤ ਮੇਂ ਥਾ, ਜੋ ਪੈਂਦੇ ਖਾਂ ਕੀ ਔਲਾਦ ਮੇ ਸੇ ਥੇ, ਜੋ ਗੁਰੂਓਂ ਕੇ ਹਾਥ ਸੇ ਕਿਸੀ ਲੜਾਈਓਂ ਮੇਂ ਫੌਤ ਹੂਏ ਥੇ। ਗ਼ਰਜ਼ ਯਿਹ ਗਹਿਰੀ ਸਾਜ਼ਸ਼ ਕਾਮ ਕਰ ਗਈ ਔਰ ਗੁਰੂ ਗੋਬਿੰਦ ਸਿੰਘ ਕੋ ਚੂੰਕਿ ਉਨ ਪਰ ਵਿਸ਼੍ਵਾਸ਼ ਥਾ ਔਰ ਚਮਕੌਰ ਸੇ ਆਤੇ ਵਕਤ ਚੰਦ ਮੁਸਲਮਾਨੋਂ ਕੇ ਸਲੂਕ ਨੇ ਉਸ ਕੋ ਯਕੀਨ ਕਰਾ ਦੀਆ ਥਾ ਕਿ ਉਨਮੇਂ ਸੇ ਬਾਅਜ਼ ਬੇਸ਼ਕ ਵਿੱਸ਼੍ਵਾਸ਼ ਕਰਨੇ ਕੇ ਕਾਬਲ ਹੈਂ; ਲੇਕਨ ਯਿਹ ਵਿਸ਼੍ਵਾਸ਼ ਗੁਰੂ ਗੋਬਿੰਦ ਸਿੰਘ ਕੇ ਲੀਏ ਮੌਤ ਕਾ ਕਟਾਰ ਨਿਕਲਾ ਔਰ ਹਲਾਕ ਖੰਜਰ; ਆਖਰ ਵਿੱਸ਼੍ਵਾਸ਼ ਘਾਤ ਹੂਈ।" [ਪੰਨਾ ੨੧੩

ਵੀਚਾਰ–ਪਿੱਛੇ ਕਹੇ ਲੇਖਕਾਂ ਦੀ ਇਕ ਗਲ ਸਭ ਦੀ ਸਾਂਝੀ ਹੈ ਕਿ ਕਿਸੇ ਪਠਾਣ ਨੇ ਕਟਾਰ ਨਾਲ ਦੂਨੀ ਵਾਰ ਕੀਤਾ ਹੈ। ਸੋ ਇਸ ਗਲ ਪਰ ਸਾਰੇ ਸਹਿਮਤ ਹੋਣ ਕਰਕੇ ਇਸ ਪਰ ਸ਼ੰਕਾ ਕਰਨ ਦੀ ਲੋੜ ਨਹੀਂ ਹੈ। ਰਾਇ ਦਾ ਵਿਖੇਵਾਂ ਹੈ ਤਾਂ, ਪਠਾਣ ਨੇ ਕਿਉਂ ਵਾਰ ਕੀਤਾ ? ਇਸ ਕਾਰਣ ਪਰ ਹੈ। ਜਾਪਦਾ ਇਹ ਹੈ ਕਿ ਵਾਰ ਕਰਨ ਦਾ ਕਾਰਨ ਕੋਈ ਡੂੰਘੀ ਸਾਜ਼ਸ਼ ਹੈ ਜੋ ਲੇਖਕਾਂ ਨੂੰ ਪਤਾ ਨਹੀਂ ਲੱਗੀ, ਇਸ ਕਰਕੇ ਹਰੇਕ ਨੇ ਆਪਣੀ ਅਕਲ ਮੂਜਬ ਜੋ ਗਲ ਅਗਲਬ ਸਮਝੀ ਹੈ ਲਿਖ ਦਿੱਤੀ ਹੈ। ਯਾ ਇਉਂ ਕਿ ਅਸਲ ਕਾਰਨ ਦੇ ਵਰਤਾਉਣ ਹਾਰਿਆਂ ਨੇ ਆਪਣੇ ਆਪ ਨੂੰ ਲਕੋਈ ਰੱਖਣ ਵਾਸਤੇ ਜੋ ਗੱਲਾਂ ਉਡਾਈਆਂ ਸੋ ਲੇਖਕਾਂ ਨੇ ਆਪੋ ਆਪਣੇ ਸੁਣੇ ਮੂਜਬ ਲਿਖ ਦਿੱਤੀਆਂ।

ਜਿਨ੍ਹਾਂ ਨੇ ਜਾਤਾ ਕਿ ਪੰਜਾਬ ਤੋਂ ਐਤਨੇ ਦੂਰ ਕਾਤਲਾਨਾ ਵਾਰ ਕਰਨ ਲਈ ਗੁਲ ਖਾਂ ਦਾ ਆਉਣਾ ਪਿਉ ਦਾਦੇ ਦੇ ਵੈਰ ਲਈ ਹੀ ਹੋ ਸਕਦਾ ਹੈ, ਬਦਲਾ ਲੈਣਾ ਸੁਾਦੀਕ ਹੁੰਦਾ ਹੈ, ਸੋ ਉਹਨਾਂ ਨੇ ਇਹ ਕਾਰਨ ਲਿਖ ਦਿੱਤਾ। ਜਿਨ੍ਹਾਂ ਖਿਆਲ ਕੀਤਾ ਕਿ ਐਡੀ ਦੂਰ ਤੀਜੀ ਪੀੜ੍ਹੀ ਬਦਲਾ ਲੈਣ ਕਿਸੇ ਗੱਭਰੂ ਦਾ ਜਾਣਾ ਅਗਲਬ ਨਹੀਂ, ਇਹ ਤਾਂ ਕਿਸੇ ਘੋੜੇ ਘਾੜਿਆਂ ਦੇ ਸੌਦੇ ਤੋਂ ਗਲ ਵਧ ਗਈ ਤੋਂ ਹੋਇਆ ਹੋਊ। ਘੋੜੇ ਦਾ ਕੋਈ ਸੌਦਾਗਰ ਰੁਪਯੇ ਲੈਣ ਗਿਆ ਸੂਰਜ ਪ੍ਰਕਾਸ਼ ਵਿਚ ਹੈ, ਜਿਸ ਨੂੰ ਗੁਰੂ ਜੀ ਨੇ ਸਿੱਖਾਂ ਪਰ ਹੁੰਡੀ ਦੇਕੇ ਰਾਜ਼ੀ ਕਰ ਦਿੱਤਾ ਸੀ। ਇਸ ਸਾਖੀ ਨੂੰ ਉਧਰ ਜੋੜ ਕੇ ਇਹ ਕਾਰਨ ਮੰਨ ਲਿਆ। ਕਿਸੇ ਹੋਰ ਨੇ ਖਿਆਲ ਕੀਤਾ ਕਿ ਮੁੱਲ ਤੁੱਲ ਦੇਣ ਲੈਣ ਤੋਂ ਗਲ ਕਤਲ ਤਕ ਵਧਣੀ ਬਹੁਤ ਅਗਲਬ ਨਹੀਂ। ਗੁਰੂ ਜੀ ਆਮ ਆਦਮੀ ਨਹੀਂ ਸਨ, ਬੜੇ ਉੱਚੇ ਸਨ, ਦੇਣੋ ਲੈਣੋਂ ਕਦੇ ਸੰਕੁਚਦੇ ਨਹੀਂ ਸਨ, ਆਪਣੇ ਸਮੇਂ ਦੇ ਬੜੇ ਸਖੀ ਮਰਦ ਸਨ, ਉਨ੍ਹਾਂ ਤੋਂ ਇਹ ਕਾਰਨ ਵਰਤਣਾ ਘੱਟ ਅਗਲਬ ਹੈ, ਹੋਵੇ ਨਾਂ ਤਾਂ ਇਹ ਕੋਈ ਧਾਰਮਿਕ ਇਸ਼ਤਆਲ ਦਾ ਕਾਰਨ ਹੈ। ਉਹਨਾਂ ਨੇ ਗੁਰੂ ਜੀ ਨੂੰ ਧਾਰਮਕ ਆਗੂ ਸਮਝ ਕੇ ਉਹਨਾਂ ਦੇ ਮੁਸਲਮਾਨੀ ਮਤ ਪਰ ਕਿਸੇ ਨੁਕਤਾ ਚੀਨੀ ਕਰਨ ਤੋਂ ਕਿਸੇ ਪਠਾਣ ਦਾ ਹਮਲਾ ਕਰਨਾ, ਜੋ ਦੀਨ ਲਈ ਛੇਤੀ ਜੋਸ਼ ਵਿੱਚ ਆ ਜਾਂਦੇ ਹਨ, ਕਾਰਨ ਮੰਨ ਲਿਆ।

ਇਹ ਉਪਰਲੀ ਗਲ ਉਸ ਸੂਰਤ ਵਿਚ ਹੈ ਕਿ ਸਾਰੇ ਲੇਖਕਾਂ ਨੂੰ ਨਿਰਪੱਖ ਖਿਆਲ ਕਰ ਲਈਏ ਤਾਂ। ਪਰ ਜੇ ਵੇਖੀਏ ਕਿ ਇਕ ਮੁਸਲਮਾਨ ਪਠਾਨ ਨੇ ਇਕ ਬਜ਼ੁਰਗ, ਕੌਮ ਦੇ ਧਾਰਮਕ ਤੇ ਨੈਤਿਕ ਆਗੂ ਨੂੰ ਵਿਸਾਹ ਘਾਤ ਨਾਲ ਮਾਰਿਆ ਹੈ ਤੇ

ਇਹ ਮੁਸਲਮਾਨਾਂ ਦੀ ਸੱਭਯਤਾ ਤੇ ਇਖ਼ਲਾਕ ਪਰ ਦਾਗ਼ ਲਾਉਣ ਵਾਲੀ ਗੱਲ ਹੈ, ਤਦ ਘੋੜਿਆਂ ਵਾਲਾ ਬੋਲ ਭੁਲਾਰਾ ਤੇ ਕੋਈ ਮੁਸਲਮਾਨੀ ਮਤ ਵਿਰੁੱਧ ਆਖੀ ਗਈ ਗਲ ਘੜ ਲੈਣੀ ਔਖੀ ਨਹੀਂ ਜਿਸ ਨਾਲ ਕਿ ਉਲਾਂਭਾ ਮੁੜ ਘਿੜਕੇ ਗੁਰੂ ਸਾਹਿਬ ਪਰ ਚਲਾ ਜਾਵੇ। ਐਸੇ ਲੇਖਕਾਂ ਨੇ ਗੁਰੂ ਸਾਹਿਬ ਜੀ ਦੀ ਆਲਾ ਦਿਮਾਗ਼ੀ, ਕਮਾਲ ਦੇ ਸ਼ੀਲ ਧਰਮ ਤੇ ਵਰਤਾਉ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਜਿਸ ਗੁਰੂ ਜੀ ਦੇ ਨੇਕ ਸਲੂਕਾਂ ਦੇ ਗਿਰਵੀਦਾ ਤੇ ਰੂਹਾਨੀਅਤ ਦੇ ਔਜ ਦੇ ਕਾਇਲ ਮੁਸਲਮਾਨ ਭੰਗਾਣੀ ਦੇ ਜੁੱਧ ਵਿਚ ਆਕੇ ਉਸ ਦੇ ਝੰਡੇ ਹੇਠ ਲੜਦੇ ਹਨ, ਤੇ ਜਿਸ ਦੇ ਅਹਿਸਾਨਾਂ ਨਾਲ ਰੋਪੜ ਦੇ ਪਠਾਣ ਦਬੇ ਪਏ ਸਨ ਤੇ ਜਿਸ ਦੇ ਨੇਕ ਸਲੂਕ ਨਾਲ ਪਲੇ ਗ਼ਨੀ ਖ਼ਾਂ ਨਬੀ ਖਾਂ ਤੇ ਸਲੋਹੀ ਦੇ ਕਾਜ਼ੀ ਆੜੇ ਵਕਤ ਵਿਚ ਆਕੇ ਜਿੰਦਾਂ ਹੂਲ ਕੇ ਮਦਦ ਕਰਦੇ ਹਨ, ਓਹ ਸ਼ਖ਼ਸੀਅਤ ਘੋੜੇ ਦੇ ਸੌਦੇ ਪਰ ਕਦ ਲੜ ਸਕਦੀ ਹੈ ਤੇ ਕਿਸੇ ਦੀ ਜਾਨ ਤਲਫ਼ ਕਰ ਸਕਦੀ ਹੈ ਯਾ ਓਹ ਨੀਤੀ ਨਿਪੁਨ ਤੇ ਪਿਆਰ ਪੁੰਜ ਵਯਕਤੀ ਮੁਸਲਮਾਨੀ ਵਹਿਸ਼ਤ ਨੂੰ ਕੁਵਾਕ ਕਹਿਕੇ ਕਦ ਭੜਕਾ ਸਕਦੀ ਹੈ ? ਸ਼ੋਕ ਹੈ ਕਿ ਕਲਮ ਕਸ਼ਾਂ ਨੇ ਆਪ ਦੀ ਸ਼ਖ਼ਸੀਅਤ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਤੇ ਆਉਂਦੇ ਉਲਾਂਭੇ ਨੂੰ ਲਾਹੁਣ ਲਈ ਆਪਣੇ ਕਿਆਸ ਕੀਤੇ ਕਾਰਨ ਲਿਖ ਮਾਰੇ ਹਨ।

ਜਿਨ੍ਹਾਂ ਲੇਖਕਾਂ ਨੇ ਗੁਰੂ ਜੀ ਨੂੰ ਗ਼ਮਜ਼ਦਹ ਯਾ ਆਪਣੇ ਜੀਵਨ ਤੋਂ ਬੇਜ਼ਾਰ ਲਿਖਿਆ ਹੈ ਉਹਨਾਂ ਨੂੰ ਭੁਲੇਖਾ ਗ਼ਾਲਬਨ ਸਿੱਖਾਂ ਦੀ ਲਿਖਤ ਨੇ ਦਿਤਾ ਹੈ। ਪ੍ਰਤੀਤ ਹੁੰਦਾ ਹੈ ਕਿ ਸੈਨਾਪਤ ਤੋਂ ਮਗਰਲੇ ਸਿੱਖ ਲੇਖਕਾਂ ਨੇ ਤਾਂ, ਗੁਰੂ ਜੀ ਆਪ ਕਾਤਲ ਨੂੰ ਉਕਸਾਉਂਦੇ ਰਹੇ, ਇਹ ਗਲ ਇਸ ਲਈ ਦਿਤੀ ਸੀ ਕਿ ਗੁਰੂ ਜੀ ਆਪਣੀ ਹੋਣਹਾਰ ਨੂੰ ਪਹਿਲੋਂ ਹੀ ਜਾਣਦੇ ਸਨ। ਪਰ ਉਹਨਾਂ ਲੇਖਕਾਂ ਨੂੰ ਇਹ ਪਤਾ ਨਹੀਂ ਸੀ ਕਿ ਸਾਡੇ ਇਸ ਅੰਤਰਯਾਮਤਾ ਨੂੰ ਸਫੁਟ ਕਰਨ ਦੇ ਯਤਨ ਨੂੰ ਦੁਨੀਆਂਦਾਰ ਤੇ ਓਪਰੇ ਲੇਖਕ ਕਿਨ੍ਹਾਂ ਅਰਥਾਂ ਵਿਚ ਲੈ ਜਾਣਗੇ। ਗੁਰ ਸਿੱਖੀ ਦੇ ਅਸੂਲ ਮੂਜਬ ਤਾਂ ਗੁਰੂ ਜੀ ਨੂੰ ਹੋਣਹਾਰ ਦਾ ਪਤਾ ਹੋਣਾ ਤੇ ਉਸ ਪਤੇ ਹੋਣ ਪਰ ਉਹਨਾਂ ਦਾ ਵਾਹਿਗੁਰੂ ਦੀ ਰਜ਼ਾ ਮੰਨਣ ਲਈ ਤਿਆਰ ਰਹਿਣਾ ਕਾਫੀ ਹੈ ਉਹਨਾਂ ਦੀ ਰੂਹਾਨੀ ਅਸੂਲ ਪ੍ਰਸਤੀ ਲਈ। ਹੋਰ ਕਿਸੇ ਸੋਚ ਤੇ ਵਿਆਖਯਾ ਕਰਨ ਦੀ ਲੋੜ ਨਹੀਂ ਸੀ। ਕਿਉਂਕਿ ਪਹਿਲੋਂ ਮਰਨੇ ਦੀ ਖਬਰ ਦੇ ਪ੍ਰਸੰਗ ਸਿਖ ਇਤਿਹਾਸ ਵਿਚ ਸਿੱਖਾਂ ਦੇ ਆਏ ਹਨ ਤੇ ਭਾਣੇ ਮੰਨਣ ਦੇ ਜੀਉਂਦੇ ਚਿਤ੍ਰ ਬਣੇ ਹਨ। ਪਰ ਸਿੱਖਾਂ ਦੇ ਦਿਲੀ ਭਾਵ ਨੂੰ ਨਾ ਸਮਝਕੇ ਮੁਸਲਮਾਨ ਤੇ ਅੰਗ੍ਰੇਜ਼ ਇਤਿਹਾਸਕਾਰਾਂ ਨੇ ਇਸ ਨੂੰ ਜ਼ਿੰਦਗੀ ਤੋਂ ਬੇਜ਼ਾਰੀ ਤੇ ਗ਼ਮ ਚਿੰਤਾ ਦੀਆਂ ਵਹਿੰਦੀਆਂ ਕਲਾਂ ਵਿਚ ਯਾ ਅਕਲ ਵਿਚ ਫ਼ਤੂਰ ਦੇ ਅਰਥਾਂ ਵਿਚ ਲਾ ਲਿਆ ਕਿ ਚਮਕੌਰ ਜੁੱਧ ਤੋਂ ਬਾਦ ਪੁੱਤ੍ਰਾਂ ਦੇ ਚਲਾਣੇ ਕਰਕੇ ਉਹ ਉਦਾਸੀ ਵਿਚ ਯਾ ਕੁਛ ਕਮਲੇਪਣ ਵਿਚ ਹੋ ਗਏ ਸਨ, ਪਰ ਕਿਸੇ ਨੇ ਵਿਚਾਰ ਨਾ ਕੀਤੀ ਕਿ ਚਮਕੌਰ ਤੇ ਸਰਹਿੰਦ ਦੇ ਸਾਕਿਆਂ ਤੋਂ ਬਾਦ ਉਹਨਾਂ ਦੇ ਕੌਲ ਤੇ ਫੇਅਲ ( ਬਚਨ ਤੇ ਕਰਨੀਆਂ ) ਕੀਹ ਦੱਸ ਰਹੇ ਹਨ ? ਉਹਨਾਂ ਦੀ ਸ਼ਖ਼ਸੀਅਤ ਕੀਹ ਸੀ ਤੇ ਚਮਕੌਰ ਤੋਂ ਪਹਿਲਾਂ ਤੇ ਮਗਰੋਂ ਕੀਹ ਕੁਛ ਕਰਦੀ ਰਹੀ।

ਚਮਕੌਰ ਤੋਂ ਬਾਦ ਹੀ ਆਪ ਨੇ ਮਾਲਵੇ ਤੋਂ ਔਰੰਗਜ਼ੇਬ ਨੂੰ ਚਿੱਠੀ ਲਿਖੀ ਜਿਸ ਦਾ

ਨਾਮ 'ਜ਼ਫਰਨਾਮਾ' ਲਿਖਿਆ ਹੈ। ਰਾਜਧਾਨੀ ਗੁਆਕੇ, ਸਰਬੰਸ ਵਾਰਕੇ, ਪੁੱਤ੍ਰ ਮਰਵਾਕੇ ਜੋ ਵਜਕਤੀ ਔਰੰਗਜ਼ੇਬ ਵਰਗੇ ਜਾਬਰ ਦੇ ਸਮੇਂ ਦੇ ਸ਼ਹਿਨਸ਼ਾਹ ਨੂੰ 'ਜ਼ਫਰਨਾਮਾ' (ਫਤੇ ਦਾ ਖਤ) ਲਿਖਦੀ ਹੈ, ਉਸ ਨੂੰ ਕਹਿਣਾ ਕਿ ਉਹ ਗ਼ਮਜ਼ਦਾ ਤੇ ਨਿਰਾਸ ਸੀ ਕੀਕੂੰ ਇਨਸਾਫ ਹੈ। ਫਿਰ ਇਸ ਖਤ ਵਿਚ ਕੋਈ ਗਲ ਢਹਿੰਦੀਆਂ ਕਲਾਂ ਦੀ ਨਹੀਂ ਲਿਖਦੇ ਹਨ। ਪਾਤਸ਼ਾਹ ਨੂੰ ਸਾਫ ਲਿਖਦੇ ਹਨ ਕਿ ਨਾਂ ਤੂੰ ਰੱਬ ਨੂੰ ਪਛਾਣਦਾ ਹੈਂ, ਨਾਂ ਤੂੰ ਮੁਹੰਮਦ ਤੇ ਭਰੋਸਾ ਰਖਦਾ ਹੈਂ, ਤੂੰ ਕਸਮ ਤੋੜਦਾ ਹੈਂ, ਤੇਰੇ ਸੁਖਨ ਤੇ ਇਤਬਾਰ ਨਹੀਂ। ਫਿਰ ਜੋ ਉਸ ਵਿਚ ਗੁਣ ਸਚ ਮੁਚ ਸਨ, ਓਹ ਮੰਨਦੇ ਹਨ, ਪਰ ਨਾਲ ਗੱਜਕੇ ਲਿਖਦੇ ਹਨ ਕਿ ਕੀਹ ਹੋਇਆ ਤੂੰ ਮੇਰੇ ਚਾਰ ਪੁਤ੍ਰ ਮਾਰ ਦਿਤੇ, ਪਰ ਅਜੇ ਕਰੜਾ ਭੁਜੰਗੀ ਕਾਇਮ ਬੈਠਾ ਹੈ*, ਇਹ ਕਹਿਣਾ ਬੀਰਰਸ ਤੇ ਰੌਦ੍ਰ ਰਸ ਦਾ ਸੂਚਕ ਹੈ, ਚਿੰਤਾ ਦਾ ਨਹੀਂ। ਫਿਰ ਕਹਿੰਦੇ ਹਨ ਕਿ ਤੂੰ ਚੰਗਿਆੜੀਆਂ ਬੁਝਾ ਰਿਹਾ ਹੈਂ, ਪਰ ਭੜਕਦੀ ਅੱਗ ਆਪਣੇ ਦੁਆਲੇ ਬਾਲ ਰਿਹਾ ਹੈਂ*।

ਇਸੀ ਤਰ੍ਹਾਂ ਗੁਰੂ ਜੀ ਦੇ ਕਰਨੇ ਤੇ ਕਰਤੱਬਾਂ ਨੂੰ ਤੱਕੋ। ਮਾਲਵੇ ਜਾਕੇ ਅੰਮ੍ਰਿਤ ਪ੍ਰਚਾਰ ਕਰਨਾ, ਸਰਹਿੰਦ ਦੇ ਸੂਬੇ ਨਾਲ ਖਿਦਰਾਣੇ ਜੰਗ ਕਰਕੇ ਉਸ ਨੂੰ ਨਾਕਾਮਯਾਬ ਮੋੜਨਾ ਤੇ ਉਸ ਦੇ ਕਾਬੂ ਨਾ ਚੜ੍ਹਨਾ। ਕਾਂਗੜੇ ਜਾਕੇ ਔਰੰਗਜ਼ੇਬ ਨੂੰ 'ਫਤੇ ਦਾ ਖਤ' ਲਿਖਣਾ, ਦਮਦਮੇ ਬੈਠਕੇ ਹਜ਼ਾਰਾਂ ਸਿੱਖ ਰਚ ਦੇਣੇ, ਫੌਜ ਇਕੱਠੀ ਕਰ ਲੈਣੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨੀ। ਇਹ ਕੰਮ ਸਾਲਮ ਦਿਮਾਗੀ ਦੇ ਤੇ ਉਤਸਾਹ ਦੇ ਹਨ ਕਿ ਹੋਰਵੇਂ ? ਜਦੋਂ ਬਹਾਦਰ ਸ਼ਾਹ ਦੀ ਬੇਨਤੀ ਪਹੁੰਚੀ ਤਾਂ ਉਸ ਨੂੰ ਮਿਲਨਾ, ਫੇਰ ਉਸ ਨੂੰ ਮੌਕਾ ਦੇਣਾ ਕਿ ਜੇ ਇਹ ਇਨਸਾਫ ਤੇ ਆ ਜਾਵੇ ਤਾਂ ਪਰਜਾ ਸੁਖੀ ਹੋ ਜਾਵੇ, ਅਸੀਂ ਜੁੱਧ ਨਾ ਰਚਾਈਏ; ਉਸ ਦਾ ਕੁਛ ਦੇਰ ਮੰਨ ਮੰਨ ਕੇ ਆਖਰ ਡਰ ਜਾਕੇ ਇਕਰਾਰ ਪੂਰਾ ਨਾ ਕਰਨਾ ਤੇ ਗੁਰੂ ਜੀ ਦਾ ਤਦੋਂ ਹੀ ਬੰਦੇ ਵਰਗਾ ਸੂਰਮਾ ਲੱਭ ਲੈਣਾ, ਬੰਦੇ ਵਰਗੇ ਚੇਟਕੀ ਤੇ ਤਾਂਤ੍ਰਿਕ ਨੂੰ ਆਪਣੇ ਦੀਨ ਤੋਂ ਉਖਾੜ ਕੇ ਸਿੱਖ ਬਣਾ ਲੈਣਾ, ਆਤਮਕ ਬਲ ਤੇ ਬੁੱਧੀਮਤਾ ਦੀਆਂ ਸੂਚਕ ਹਨ ਕਿ ਹੋਰਵੇਂ ? ਫਿਰ ਉਸ ਨੂੰ ਵਿਉਂਤ ਦੱਸਕੇ ਪੰਜਾਬ ਟੋਰਨਾ ਤੇ ਆਪਣੇ ਉਦੇਸ਼ ਤੇ ਵਿਉਂਤ ਵਿਚ ਦੇਸ਼ ਦੀ ਸੁਤੰਤ੍ਰਤਾ ਤੇ ਜਾਰੀ ਕੀਤੇ ਕੰਮ ਦੀ ਲੜੀ ਐਸੀ ਜਾਰੀ ਕਰਨੀ ਕਿ ਜੋ ਐਨ ਆਪਣੇ ਵਕਤ ਸਿਰ ਕਾਮਯਾਬ ਹੋਈ, ਚੜ੍ਹਦੀਆਂ ਕਲਾਂ ਤੇ ਸਲੀਮੁਲ ਅਕਲੀ ਦੀਆਂ ਦਲੀਲਾਂ ਨਹੀਂ ਤਾਂ ਕਿਸ ਗਲ ਦੀ ਦਲੀਲ ਹੋ ਸਕਦੀਆਂ ਹਨ ? ਹੁਣ ਲਓ ਹੋਰਨਾਂ ਦੀ ਉਗਾਹੀ।

ਚਮਕੌਰ ਯੁੱਧ ਦਾ ਜ਼ਿਕਰ ਕਰਦੇ ਹੋਏ ਦੌਲਤ ਰਾਇ ਨੇ ਲਿਖਿਆ ਹੈ ਕਿ:—

"ਅਪਨੇ ਬੜੇ ਬੇਟੇ ਕਾ ਬਲੀਦਾਨ ਦੇ ਕਰ ਭੀ ਹਿੰਮਤ ਨਹੀਂ ਹਾਰਾ ਥਾ ਔਰ ਵੋਹ

*ਕਰੜਾ ਭੁਜੰਗੀ ਯਾ ਲਪੇਟ ਲੈਣ ਵਾਲਾ ਸੱਪ ਤੇ ਭੜਕਦੀ ਅੱਗ ਤੇ ਦੁਆਲੇ ਲਿਪਟ ਜਾਣ ਵਾਲਾ ਇਹ ਪਦ ਗੁਰੂ ਜੀ ਖਾਲਸੇ ਲਈ ਵਰਤ ਰਹੇ ਹਨ। ਚਾਰ ਪੁਤ੍ਰ ਤਾਂ ਮਾਰੇ ਗਏ ਪਰ ਸੱਪ ਵਾਂਙੂ ਲਪੇਟਾਂ ਮਾਰਨ ਵਾਲਾ ਪੁੱਤਰ ਜੀਊਂਦਾ ਹੈ, ਤੇ ਉਹ ਨਾਦੀ ਬੰਸੀ ਹੋਣ ਕਰਕੇ ਅਮਰ ਪੁੱਤਰ ਹੈ, ਇਸੇ ਤਰ੍ਹਾਂ ਵਜਕਤੀ ਵਾਲੇ ਪੁੱਤਰ ਤਾਂ ਚੰਗਿਆੜੇ ਸਨ, ਵਜਕਤੀ ਠੰਢੇ ਕਰ ਛਡੇ ਪਰ ਸ੍ਰੇਣੀ ਰੂਪ ਪੁੱਤਰ ਅਮਰ ਹੈ ਤੇ ਅਨੇਕ ਹੋਣ ਕਰਕੇ ਲਪੇਟਾਂ ਮਾਰਨ ਵਾਲੀ ਦਮਕਦੀ ਅਗਨੀ ਰੂਪ ਹੈ, ਜਿਸ ਨੇ ਆਖਰ ਤੁਰਕ ਰਾਜ ਨੂੰ ਖਤਮ ਕਰ ਦਿਤਾ।

ਮਹਾਂਬਲੀ ਅਪਨੇ ਕਾਮ ਪਰ ਬਦਸਤੂਰ ਤੁਲਾ ਹੁਆ ਥਾ, ਅਜੀਤ ਸਿੰਘ ਬੜੇ ਬੇਟੇ ਕੇ ਮਰਨੇ ਪਰ ਦੂਸਰਾ ਬੇਟਾ ਜੁਝਾਰ ਸਿੰਘ ਜਿਸ ਕੀ ਉਮਰ ੧੪, ੧੫ ਸਾਲ ਥੀ ਬਾਪ ਕੇ ਪਾਸ ਆਤਾ ਹੈ ਔਰ ਪੂਛਤਾ ਹੈ"। ਗੁਰੂ ਗੋਬਿੰਦ ਸਿੰਘ ਅਪਨੇ ਬੇਟੇ ਕੀ ਨੌਜਵਾਨੀ ਔਰ ਪਿਦਰੀ ਮਾਮਤਾ ਕਾ ਕੁਛ ਨਾ ਖਿਆਲ ਕਰਕੇ ਵੋਹ ਉਸ ਕੀ ਯਕੀਨੀ ਮੌਤ ਕੋ ਸਾਹਮਨੇ ਦੇਖਤਾ ਹੁਆ ਕਹਿਤਾ ਹੈ ਕਿ ਹਾਂ ਹਾਂ ਬੇਟਾ ਜਾਓ ਔਰ ਅਪਨੇ ਖ਼ੂਨ ਸੇ ਮੇਰੀ ਦਸਤਾਵੇਜ਼ ਕੀ ਸ਼ਹਾ-ਦਤ ਪੂਰੀ ਕਰੋ ਤਾ ਕਿ ਮੈਂ ਤੁਮਹਾਰੇ ਔਰ ਤੁਮਹਾਰੇ ਭਾਈ ਕੇ ਖ਼ੂਨ ਸੇ ਉਸ ਪਰ ਦਸਤਖ਼ਤ ਕਰੂੰ ਔਰ ਮੇਰਾ ਮੁਆਹਿਦਾ ਤਕਮੀਲ ਪਾਵੇ"। [ਏਕਤ ਰਾਧ ਸਫਾ ੧੨੯੫

ਜਿਸ ਵੇਲੇ ਕਲਗੀਧਰ ਜੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਸੁਣੀ ਤਦ ਉਨ੍ਹਾਂ ਦੇ ਦਿਲ ਤੇ ਕੀ ਅਸਰ ਹੋਇਆ ? ਕੁਛਕੁ ਲੇਖਕਾਂ ਦੀ ਜ਼ਬਾਨੀ ਇਸ ਤਰ੍ਹਾਂ ਹੈ:-

"ਗੁਰੂ ਗੋਬਿੰਦ ਸਿੰਘ ਨੇ ਅਪਣੇ ਦੋਨੋ ਪੁਤਰੋਂ ਕੀ ਬੀਰਗਤੀ ਪਾਨੇ ਕਾ ਸਮਾਚਾਰ ਬੜੇ ਧੈਰਯ ਕੇ ਸਾਥ ਸੁਨਾ, ਇਸ ਖਬਰ ਕੋ ਸੁਨਕਰ ਵੇ ਜ਼ਰਾ ਭੀ ਵਿਚਲਤ ਨਹੀਂ ਹੂਏ, ਉਨਕੇ ਮਾਥੇ ਪਰ ਜ਼ਰਾ ਭੀ ਸ਼ਿਕਨ ਨਹੀਂ ਆਈ, ਉਨ ਕਾ ਤੇਜ, ਉਨਕਾ ਉਤਸਾਹ, ਔਰ ਉਨਕੀ ਹਾਰਦਿਕ ਪ੍ਰਸੰਨਤਾ ਪਹਿਲੇ ਸੇ ਔਰ ਭੀ ਅਧਿਕ ਬੜ੍ਹ ਗਈ।" [ਰਾਮਸੀਲਾਲ ਸ਼ਰਮਾ, ਸਫਾ ੭੦

"(ਸਾਹਿਬਜ਼ਾਦੋਂ ਕੀ ਸ਼ਹੀਦੀ ਕੀ) ਜਿਸ ਵਕਤ ਗੁਰੂ ਗੋਬਿੰਦ ਸਿੰਘ ਕੋ ਖਬਰ ਮਿਲੀ ਵੋਹ 'ਜਟ ਪੁਰ' ਮੇਂ ਥੇ, ਇਨਕੀ ਆਂਖ ਸੇ ਆਂਸੂ ਯਾ ਜ਼ਬਾਨ ਸੇ ਆਹ ਕਾ ਲਫਜ਼ ਨਹੀਂ ਨਿਕਲਾ"। [ਸਿਢ ਚਰਤ ਲਾਲ ਐਮ. ਏ., ਸਫਾ ੧੬੮

ਸਾਹਿਬਜ਼ਾਦਾ ਅਬਦੁਲ ਗ਼ਨੀ, ਜੋ ਔਰੰਗਜ਼ੇਬ ਦੀ ਔਲਾਦ ਵਿਚੋਂ ਸੀ, ਲਿਖਦਾ ਹੈ ਕਿ:-

"ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਜੂੰਹੀ ਖਬਰ। ਜਾਨਾ ਯਿਹ ਬਾਪ ਨੇ ਕੇ ਹੂਆ ਕਤਲ ਵੋ ਪਿਸਰ। ਸ਼ੁਕਰੇ ਅਕਾਲ ਪੁਰਖ ਕੀਆ ਝਟ ਉਠਾਕੇ ਸਰ। ਔਰ ਅਰਜ਼ ਕੀ ਕਿ ਬੰਦਹ ਪੈ ਕ੍ਰਿਪਾ ਕੀ ਕਰ ਨਜ਼ਰ। ਮੁਝ ਪਰ ਸੇ ਆਜ ਤੇਰੀ ਇਮਾਨਤ ਅਦਾ ਹਈ। ਬੇਟੋਂ ਕੀ ਜਾਨ ਧਰਮ ਕੀ ਖਾਤਰ ਫਿਦਾ ਹੂਈ।" ['ਜੌਹਿਰੇ ਤੇਗ਼'

ਚਮਕੌਰ ਦੀ ਘਟਨਾ ਪਿਛੋਂ ਜਦ 'ਮਹਲ' ਦਸਮ ਪਾਤਸ਼ਾਹ ਪਾਸ ਪੁੱਜੇ, ਦੀਵਾਨ ਵਿੱਚ ਸਾਹਿਬਜ਼ਾਦੇ ਬੈਠੇ ਨਾ ਦਿੱਸੇ, ਸਾਹਿਬਜ਼ਾਦਿਆਂ ਦੀ ਪੁੱਛ ਕੀਤੀ, ਸਚੇ ਪਾਤਸ਼ਾਹ ਨੇ ਸੰਗਤ ਵਲ ਇਸ਼ਾਰਾ ਕਰਕੇ ਇਸ ਭਾਵ ਦੇ ਬਚਨ ਉਚਾਰੇ:-

"ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਇਆ ਏ ਜੀਵਤ ਕਈ ਹਜ਼ਾਰ"।

ਕਲਗੀਧਰ ਜੀ ਨੇ ਚਮਕੌਰ ਤੇ ਸਰਹਿੰਦ ਦੀ ਘਟਨਾ ਮਗਰੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ, ਉਹਦੇ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਇਹਨਾਂ ਅੱਖਰਾਂ ਵਿਚ ਕੀਤਾ ਹੈ ਕਿ:-

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਚਾਰ।'

ਅਰਥ–ਕੀ ਹੋਇਆ ਜੇ ਚਾਰ ਬੱਚੇ ਮਾਰੇ ਗਏ ਹਨ।

ਇਹ ਅੰਦਰ ਤੇ ਬਾਹਰ ਦੀਆਂ ਗਵਾਹੀਆਂ ਦੱਸਦੀਆਂਹਨ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਕਲਗੀਧਰ ਜੀ ਲਈ ਮੌਤ ਤਕ ਪੁਚਾ ਦੇਣ ਵਾਲੀ ਚਿੰਤਾ ਤੇ ਨਿਰਾਸਤਾ ਕਰਨ ਵਾਲੀਆਂ ਨਹੀਂ ਸੀ, ਉਹ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਪੂਰੀ ਦਨਾਈ, ਦੂਰੰਦੇਸ਼ੀ, ਮੁਆਮਲਾ ਫਹਿਮੀ ਤੇ ਚੜ੍ਹਦੀਆਂ ਕਲਾ ਨਾਲ ਅਪਣੇ ਆਦਰਸ਼ ਤੇ ਉਦੇਸ਼ ਵਿਚ ਅੰਤ ਤਕ ਲਗੇ ਰਹੇ।

ਜੇ ਕਲਗੀਧਰ ਜੀ ਚਾਹੁੰਦੇ ਤਦ ਦੋ ਸਾਹਿਬਜ਼ਾਦਿਆਂ ਨੂੰ, ਜੋ ਚਮਕੌਰ ਦੀ ਗੜ੍ਹੀ ਵਿੱਚ ਉਹਨਾਂ ਦੇ ਨਾਲ ਸਨ, ਬਾਹਰ ਲਿਆ ਸਕਦੇ ਸਨ। ਸਿੰਘਾਂ ਦੀ ਮੌਜੂਦਗੀ ਵਿੱਚ ਪਹਿਲਾਂ ਇਕ ਸਾਹਿਬਜ਼ਾਦਾ ਭੇਜਣਾ, ਉਹਦੇ ਸ਼ਹੀਦ ਹੋਣ ਤੇ ਦੂਜਾ ਭੇਜਣਾ ਦੱਸਦਾ ਹੈ ਕਿ ਕਲਗੀਧਰ ਜੀ ਦੇ ਦਿਲ ਦੀ ਅਵਸਥਾ ਦਾ ਉਹ ਲੇਖਕ ਅਨੁਮਾਨ ਨਹੀਂ ਲਗਾ ਸਕੇ ਜੋ ਕਲਗੀਧਰ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਨਿਰਾਸ ਹੋਣਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦਾ ਕਾਰਨ ਦੱਸਦੇ ਹਨ।

ਸੋ ਮੁਸਲਮਾਨ ਤੇ ਅੰਗ੍ਰੇਜ਼ ਲੇਖਕਾਂ ਨੇ ਜੋ ਕਾਰਨ ਗੁਰੂ ਜੀ ਤੇ ਕਾਤਲਾਨਾ ਵਾਰ ਹੋਣ ਦੇ ਦੱਸੇ ਹਨ ਸੋ ਸੱਚੇ ਨਹੀਂ ਸਹੀ ਹੁੰਦੇ। ਦੌਲਤ ਰਾਇ ਨੂੰ, ਜੋ ਇਹਨਾਂ ਤੋਂ ਵੱਖਰੀ ਰਵਾਯਤ ਪਠਾਣ ਦੇ ਵਾਰ ਕਰਨ ਦੇ ਕਾਰਨ ਦੀ ਮਿਲੀ ਹੈ, ਜਿਸ ਦੇ ਸੋਮੇ ਦਾ ਪਤਾ ਉਸ ਨੇ ਨਹੀਂ ਦਿੱਤਾ ਪਰ ਰਵਾਇਤ ਲਿਖਿਆ ਹੈ, ਆਪਣੇ ਵਿੱਚ ਗੌਰਵਤਾ ਰਖਦੀ ਹੈ। ਉਸ ਨੇ ਸਾਰੀਆਂ ਰਵਾਇਤਾਂ ਤੇ ਵੀਚਾਰ ਦੇ ਬਾਦ ਇਸੇ ਨੂੰ ਸਹੀ ਮੰਨਿਆ ਹੈ, ਤੇ ਹੋਰ ਰਵਾਇਤਾਂ ਦੇ ਪੋਲ ਨੂੰ ਉਸ ਨੇ ਤਾੜ ਲਿਆ ਹੈ।

ਇਤਿਹਾਸ ਦੀ ਹੋਰ ਖੋਜ ਮੁਮਕਿਨ ਹੈ ਕਿ ਕੋਈ ਹੋਰ ਕਾਰਨ ਲੱਭ ਪਵੇ ਪਰ ਹਾਲੇ ਜੋ ਰਵਾਇਤ ਬਹਾਦਰਸ਼ਾਹ ਵਾਲੀ ਦੌਲਤ ਰਾਇ ਨੂੰ ਮਿਲੀ ਹੈ ਉਹ ਗੌਰਵਤਾ ਵਾਲੀ ਦਿੱਸ ਰਹੀ ਹੈ। ਇਸ ਵਿੱਚ ਜੋ 'ਸਾਜ਼ਸ਼' ਦਾ ਖਿਆਲ ਹੈ ਸਹੀ ਜਾਪਦਾ ਹੈ। ਇਤਨੀ ਬੜੀ ਮਹਾਨ ਸ਼ਖਸੀਅਤ ਨੂੰ ਐਉਂ ਚੁਪਾਤੇ ਮਾਰ ਦੇਣ ਵਾਲਾ ਹਮਲਾ ਕਰਨਾ ਮਾਮੂਲੀ ਕਾਰਨਾਂ ਤੋਂ ਹੋ ਨਹੀਂ ਸਕਦਾ।ਸ਼ਖਸੀਅਤ ਦਾ ਰੋਅਬ ਮਾਮੂਲੀ ਗਲ ਨਹੀਂ ਹੁੰਦੀ,ਹਮਲਆਵਰ ਨੂੰ ਅਪਣੀ ਜਾਨ ਜੋਖੋਂ ਵਿੱਚ ਪਾਉਣੀ ਕਿਸੇ ਵਡੇ ਆਸਰੇ ਤੋਂ ਬਿਨਾਂ ਸੌਖੀ ਗਲ ਨਹੀਂ। ਜ਼ਰੂਰ ਇਸ ਦੇ ਮਗਰ ਕੋਈ ਗਹਿਰੀ ਸਾਜ਼ਸ਼ ਸੀ ਜਿਸ ਦਾ ਭੇਤ ਨਹੀਂ ਖੁੱਲ੍ਹਾ। ਇਸੇ ਕਰਕੇ ਕਾਰਨ ਦੱਸਣ ਵਿਚ ਲੇਖਕਾਂ ਦੇ ਇਖਤਿਲਾਫ਼ ਹਨ। ਦੌਲਤਰਾਇ ਵਾਲੀ ਰਵਾਇਤ ਅਪਣੇ ਆਪ ਵਿਚ ਸਭ ਤੋਂ ਵਧੇਰੇ ਅਗਲਬ ਹੋਣ ਦੀ ਗੌਰਵਤਾ ਰਖਦੀ ਹੈ। ਜੇ ਇਹ ਠੀਕ ਠੀਕ ਸਹੀ ਹੋ ਜਾਵੇ ਤਾਂ ਪਾਤਸ਼ਾਹ ਦਾ ਜਰਾਹ ਘੱਲਣੇ ਹੋਰ ਪੁਸ਼ਟੀ ਕਰਦੇ ਹਨ ਕਿ ਇਸ ਫੇਅਲ ਨਾਲ ਉਸਦਾ ਹੱਥ ਇਸ ਸਾਜ਼ਸ਼ ਵਿਚ ਹੋਣਾ ਸਿੱਖਾਂ ਪਾਸੋਂ ਮੂਲੋਂ ਲੁਕ ਜਾਏਗਾ।

ਕੁਛ ਵੀ ਹੋਵੇ ਹੋਰ ਰਵਾਇਤਾਂ ਮਨਕਲਪਤ ਜੋੜਾਂ ਹਨ ਯਾ ਅਨੁਮਾਨ ਹਨ ਤੇ ਪਿਛ- ਲਿਆਂ ਦੀਆਂ ਨਕਲਾਂ ਹਨ। ਦੌਲਤਰਾਇ ਦਾ ਸਹੀ ਮੰਨਿਆ ਕਾਰਨ ਯਾ ਇਸ ਵਰਗਾ ਕੋਈ ਹੋਰ ਮਹਾਨ ਕਾਰਨ ਇਸ ਹੋਣੀ ਦਾ ਹੈ ਤੇ ਕੋਈ ਗਹਿਰੀ ਸਾਜ਼ਸ਼ ਇਸਦੇ ਮਗਰ ਹੈ।

ਜੇ ਫਰਜ਼ ਕਰ ਲਈਏ ਕਿ ਬਹਾਦਰ ਸ਼ਾਹ ਠੀਕ ਗੁਰੂ ਜੀ ਦਾ ਮਿੱਤ੍ਰ ਸੀ ਤੇ ਉਸਨੇ

ਇਹ ਕਾਰਾ ਨਹੀਂ ਕੀਤਾ ਤਾਂ ਫਿਰ ਇਸ ਮਹਾਨ ਹੋਣੀ ਦੀ ਸਾਜ਼ਸ਼ ਦਾ ਖਿਆਲ ਇਕ ਹੋਰ ਪਾਸੇ ਜਾਂਦਾ ਹੈ। ਸੋਚਣ ਦੀ ਬਾਤ ਹੈ ਕਿ ਉਹ ਕੌਣ ਵਜਕਤੀ ਉਸ ਵੇਲੇ ਸੀ ਜਿਸ ਨੂੰ ਗੁਰੂ ਜੀ ਦੀ ਹਸਤੀ ਕੰਟਕ ਲਗ ਰਹੀ ਸੀ, ਤਾਂ ਵਜ਼ੀਰ ਖਾਂ ਸਰਹਿੰਦ ਦੇ ਸੂਬੇ ਦੀ ਹਾਲਤ ਪੜਤਾਲ ਗੋਚਰੀ ਦਿੱਸ ਪੈਂਦੀ ਹੈ। ਵਜ਼ੀਰ ਖਾਂ ਜੰਗ ਕਰਕੇ ਅਨੰਦਪੁਰ ਤਬਾਹ ਕਰ ਚੁਕਾ ਹੈ। ਗੁਰੂ ਜੀ ਦੇ ਦੋ ਪੁੱਤ੍ਰ ਤੇ ਸਾਰੀ ਸਿਪਾਹ ਚਮਕੌਰ ਵਿਚ ਖਪਾ ਚੁਕਾ ਹੈ, ਦੋ ਮਾਸੂਮ ਬੇਗੁਨਾਹ ਬੱਚੇ ਸੰਗਦਿਲੀ ਨਾਲ ਸ਼ਹੀਦ ਕਰ ਚੁਕਾ ਹੈ। ਇਸਤੋਂ ਬਾਦ ਬਚੇ ਖੁਚੇ ਭੁੱਖੇ ਥਕੇ ਸਿਖ ਜੋ ਅਨੰਦਪੁਰੋਂ ਤੇ ਹੋਰ ਗੜ੍ਹਾਂ ਤੋਂ ਨਿਕਲੇ ਤੇ ਜੋ ਕਈ ਉਨ੍ਹਾਂ ਵਿਚੋਂ ਫੜੇ ਗਏ ਉਨ੍ਹਾਂ ਦੇ ਨੱਕ ਤੇ ਕੰਨ ਵੱਢਕੇ ਤਸੀਹੇ ਦੇਕੇ (ਦੇਖੋ ਮੈਲਕਮ ਸਫ਼ਾ ੭੨) ਘੋਰ ਅੱਤਯਾਚਾਰ ਵਰਤਾ ਚੁਕਾ ਹੈ। ਇਹ ਅਪਣੇ ਕੀਤੇ ਜ਼ੁਲਮਾਂ ਤੋਂ ਡਰਦਾ ਹੈ ਤੇ ਚਾਹੁੰਦਾ ਹੈ ਕਿ ਗੁਰੂ ਜੀ ਜੀਉਂਦੇ ਨਾ ਰਹਿਣ। ਇਹ ਅਜ਼ਲਬ ਖਿਆਲ ਹੀ ਨਹੀਂ, ਇਸਦਾ ਸਬੂਤ ਮੁਕਤਸਰ ਦਾ ਜੰਗ ਹੈ। ਜਦੋਂ ਕਿ ਗੁਰੂ ਜੀ ਮਾਲਵੇ ਚਲੇ ਗਏ ਹਨ, ਤੇ ਉਹ ਜਾਣਦਾ ਹੈ ਕਿ ਬੇ ਸਰੋ ਸਾਮਾਨ ਹਨ, ਉਹ ਦੋ ਤਿੰਨ ਵੈਰੀ ਓਥੋਂ ਦੇ ਚੋਧਰੀਆਂ ਨੂੰ ਗੁਰੂ ਜੀ ਨੂੰ ਪਕੜਾਉਣ ਵਾਸਤੇ ਲਿਖਦਾ ਹੈ। ਜਦ ਨਹੀਂ ਕਾਮਯਾਬ ਹੁੰਦਾ ਤਾਂ ਖਿਦਰਾਣੇ ਦੇ ਲਾਗੇ ਜਾਕੇ ਜੁੱਧ ਕਰਦਾ ਹੈ। ਇਹ ਸਾਫ਼ ਸਾਬਤ ਕਰ ਰਿਹਾ ਹੈ ਕਿ ਗੁਰੂ ਜੀ ਨੂੰ ਮਾਰਨ ਦੀ ਨੀਯਤ ਉਸਦੀ ਪ੍ਰਬਲ ਹੈ। ਹੁਣ ਹਾਲਾਤ ਹੋਰ ਬਦਲੇ ਹਨ, ਔਰੰਗਜ਼ੇਬ 'ਗੁਰੂ ਜੀ ਨੂੰ ਨਾ ਛੇੜੋ' ਦੇ ਫੁਰਮਾਨ ਜਾਰੀ ਕਰ ਚੁਕਾ ਹੈ ਤੇ ਮਗਰੋਂ ਆਪ ਮਰ ਚੁਕਾ ਹੈ। ਨਵਾਂ ਪਾਤਸ਼ਾਹ ਗੁਰੂ ਜੀ ਦਾ ਮਿੱਤ੍ਰ ਹੈ। ਤਾਰਾ ਆਜ਼ਮ ਦੇ ਜੰਗ ਵਿੱਚ, ਚਾਹੇ ਰੂਹਾਨੀ ਆਸ਼ੀਰਬਾਦ ਨਾਲ, ਚਾਹੇ ਫੌਜੀ ਕੁਮਕ ਨਾਲ, ਚਾਹੇ ਦੋਨੋ ਤਰ੍ਹਾਂ ਨਾਲ, ਗੁਰੂ ਜੀ ਵਲੋਂ ਪਾਤਸ਼ਾਹ ਨੂੰ ਸਹੈਤਾ ਮਿਲਣ ਦੀਆਂ ਖਬਰਾਂ ਸੁਣ ਚੁਕਾ ਹੈ, ਤੇ ਇਹ ਉਸਨੂੰ ਪਤਾ ਹੈ ਕਿ ਦੱਖਣ ਦੇ ਸਫਰ ਵਿਚ ਸ਼ਾਹ ਤੇ ਗੁਰੂ ਜੀ ਦਾ ਮੇਲ ਮਿਲਾਪ ਹੁੰਦਾ ਹੈ। ਹੋ ਸਕਦਾ ਹੈ ਕਿ ਉਸਦਾ ਸੂੰਹੀਆਂ ਪਾਤਸ਼ਾਹ ਦੇ ਨਾਲ ਹੋਵੇ, ਜੈਸਾ ਕਿ ਸੂਬੇ ਚੋਰੀ ਅਪਣੇ ਆਦਮੀ ਪਾਤਸ਼ਾਹੀ ਦਰਬਾਰ ਦੇ ਨੇੜੇ ਤੇੜੇ ਰੱਖਿਆ ਕਰਦੇ ਸੇ। ਸੋ ਇਸ ਤਰ੍ਹਾਂ ਉਸਨੂੰ ਇਹ ਸੂੰਹ ਬੀ ਮਿਲ ਗਈ ਹੋਣੀ ਹੈ ਕਿ ਪਾਤਸ਼ਾਹ ਨੂੰ ਉਸਦੇ ਕੁਰਾਨ ਦੀ ਕਸਮ ਖਾ ਕੇ ਦਗ਼ਾ ਕਰਨ ਦਾ, ਬੇਗੁਨਾਹ ਬੱਚਿਆਂ ਨੂੰ ਮਾਰਨ ਦਾ ਤੇ ਬੇਦੋਸ਼ਿਆਂ ਸਿੱਖਾਂ ਦੇ ਨੱਕ ਕੰਨ ਕੱਪਣ ਦਾ ਪਤਾ ਲਗ ਚੁਕਾ ਹੈ, ਇਸ ਤੋਂ ਉਸ ਨੂੰ ਡਰ ਵਾਪਰਨਾ ਮਾਮੂਲੀ ਬਾਤ ਹੈ ਕਿ ਐਸਾ ਨਾ ਹੋਵੇ ਕਿ ਪਾਤਸ਼ਾਹ ਮੈਨੂੰ ਮੇਰੇ ਇਨ੍ਹਾਂ ਅਪ੍ਰਾਧਾਂ ਦਾ ਦੰਡ ਦੇਵੇ। ਮੁਗ਼ਲ ਪਾਤਸ਼ਾਹਾਂ ਨੇ ਕਈ ਵੇਰ ਇਸ ਤਰ੍ਹਾਂ ਸੂਬੇ ਡੰਡੇ ਸੇ। ਜਿਵੇਂ ਜਹਾਂਗੀਰ ਨੇ ਇਕ ਸੂਬੇ ਨੂੰ ਕਿਸੇ ਜ਼ੁਲਮ ਕਰਨ ਦੇ ਕਾਰਨ ਹਾਥੀ ਦੇ ਪੈਰਾਂ ਨਾਲ ਰਗੜਵਾ ਕੇ ਮਰਵਾਇਆ ਸੀ। ਇਸ ਲਈ ਉਸਦਾ ਮਨੋਰਥ ਇਹ ਹੋ ਸਕਦਾ ਸੀ ਕਿ ਕਿਸੇ ਗੁਪਤ ਤਰੀਕੇ ਨਾਲ ਗੁਰੂ ਜੀ ਦਾ ਦੇਹਾਂਤ ਕਰਾ ਦੇਵੇ। ਓਹ ਪੰਜਾਬ ਤੋਂ ਕੋਈ ਪੁਰਾਣੇ ਵੈਰੀ ਖਾਨਦਾਨ ਦਾ ਆਦਮੀ ਲੱਭ ਸਕਦਾ ਸੀ, ਉਸ ਨੂੰ ਵੈਰ ਲਈ ਉਕਸਾ ਸਕਦਾ ਸੀ, ਤੇ ਭਾਰੀ ਇਨਾਮਾਂ ਦਾ ਲੋਭ ਭੀ ਦੇ ਸਕਦਾ ਸੀ। ਅਸੀਂ ਨਹੀਂ ਕਹਿ ਰਹੇ ਕਿ ਇਹ ਗਲ ਇਕ ਅਮਰ ਵਾਕਿਆ ਹੈ, ਪਰ ਪਠਾਣ ਦੇ ਕਾਤਲਾਨਾ ਵਾਰ ਦਾ ਕੋਈ ਕਾਰਨ ਐਸਾ ਅਹਿੰਮ ਹੈ ਤੇ ਕਿਸੇ ਗਹਿਰੀ ਸਾਜ਼ਸ਼ ਨਾਲ ਵਿਉਂਤ੍ਰਿਆ ਗਿਆ ਹੈ; ਗੁਰੂ ਜੀ ਪਰ ਕਾਤਲਾਨਾ ਵਾਰ ਦਾ ਕਾਰਨ ਸਾਧਾਰਨ ਹੋ ਨਹੀਂ ਸਕਦਾ। ਅਸੀਂ

ਇਸ ਗਲ ਦੀ ਖੋਜ ਲਈ ਹਾਲਾਤ ਤੇ ਉਸ ਵੇਲੇ ਦੀਆਂ ਦਸ਼ਾ ਦੀ ਪੜਤਾਲ ਕਰ ਰਹੇ ਹਾਂ। ਵਜ਼ੀਰ ਖਾਂ ਦੇ ਅਸੀਂ ਜੇ ਸੁਭਾਵ ਨੂੰ ਦੇਖੀਏ ਤਾਂ ਇਸ ਕਿਸਮ ਦਾ ਝੁਕਾਉ ਆਪਣੇ ਵੈਰੀ ਨੂੰ ਵਿਸ਼੍ਵਾਸ਼ਘਾਤ ਨਾਲ ਮਰਵਾ ਦੇਣ ਦਾ ਉਸ ਵਿੱਚ ਹੈਸੀ। ਜਦੋਂ ਬੰਦਾ ਛਤ ਬਨੂੜ ਸੀ ਤੇ ਸਰਹਿੰਦ ਵਲ ਉਸ ਦੇ ਵਧਣ ਦੀ ਅਫਵਾਹ ਗਰਮ ਸੀ ਤਾਂ ਵਜ਼ੀਰ ਖਾਂ ਨੇ ਆਪਣਾ ਇਕ ਸੂਬੇਦਾਰ ਕੁਛ ਸਲਾਹਕਾਰੀਆਂ ਸਣੇ ਘੱਲਿਆ ਸੀ ਕਿ ਬੰਦੇ ਨਾਲ ਵਿਸਾਹਘਾਤ ਕਰਕੇ ਉਸਨੂੰ ਮਾਰ ਦੇਵੇ। ਉਹ ਬੰਦੇ ਪਾਸ ਪੁੱਜਾ, ਆਪਣੇ ਆਪ ਨੂੰ ਵਜ਼ੀਰ ਖਾਂ ਦਾ ਵੈਰੀ ਦੱਸਣ ਲਗਾ, ਤੇ ਬੰਦੇ ਦਾ ਮਿਤ੍ਰ ਬਣਕੇ ਨਾਲ ਰਲ ਗਿਆ। ਬੰਦੇ ਨੇ ਆਦਰ ਕੀਤਾ, ਧਨ ਦਿੱਤਾ, ਨਾਲ ਰਲਾ ਲਿਆ, ਪਰ ਚੌਕਸ ਰਿਹਾ। ਜਦ ਉਸ ਦੀ ਵਿਸਾਹ ਘਾਤੀ ਚਾਲ ਦੀ ਪੇਸ਼ ਨਾ ਗਈ ਤਾਂ ਸਰਹਿੰਦ ਦੇ ਜੁੱਧ ਮਚੇ ਵਿੱਚ ਤੇ ਰਣ ਤੱਤੇ ਸਮੇਂ ਨੱਸ ਤੁਰਿਆ ਜੋ ਬੰਦੇ ਦੀ ਆਪਣੀ ਫੌਜ ਆਪਣੀ ਭਾਂਜ ਹੋਈ ਸਮਝਕੇ ਨੱਸ ਤੁਰੇ। ਏਹ ਅਸਰ ਹੋਇਆ ਬੀ, ਬੰਦੇ ਦੇ ਨਾਲ ਰਲੀਆਂ ਤੇ ਲੁਟੇਰਿਆਂ ਦੀਆਂ ਛੇੜਾਂ ਨੱਸ ਬੀ ਤੁਰੀਆਂ, ਪਰ ਉਸ ਵੇਲੇ ਮਝੈਲਾਂ ਦੀ ਤੇਂਦੀ ਤੇ ਵਜ਼ੀਰ ਖਾਂ ਦਾ ਮਾਰਿਆ ਜਾਣਾ ਮੈਦਾਨ ਲੈ ਗਿਆ। ਸੋ ਇਸ ਵਾਕਿਆ ਤੋਂ 'ਵਿਸਾਹ ਕੇ ਮਾਰਨ ਦਾ ਸੁਭਾਵ' ਬੀ ਵਜ਼ੀਰ ਖਾਂ ਦਾ ਸਹੀ ਹੋ ਰਿਹਾ ਹੈ। ਲੋੜ ਹੈ ਵਧੇਰੇ ਖੋਜ ਦੀ, ਕੀ ਜਾਣੀਏ ਕਿ ਇਹ ਯਾ ਕੋਈ ਹੋਰ ਗੱਲ ਲਭ ਪਵੇ। ਜੈਸੇ ਕਿ ਕੰਵਲ ਨੌ ਨਿਹਾਲ ਸਿੰਘ ਉੱਤੇ ਡਿਉਢੀ ਡਿੱਗਣ ਦਾ ਭੇਤ ੫੮ ਵਰ੍ਹੇ ਛੁਪਿਆ ਰਿਹਾ ਤੇ ੧੮੯੮ ਈਃ ਵਿੱਚ "Memoirs of Colonel Alexander Gardner". ਕਿਤਾਬ ਦੇ ਪ੍ਰਗਟ ਹੋਣ ਨਾਲ ਸਾਫ ਖੁੱਲ੍ਹ ਗਿਆ। ਜਿਵੇਂ ਦੀਵਾਨ ਕੌੜਾ ਮਲ ਦੀ ਸ਼ਹਾਦਤ ਕਿਸੇ ਦੁਰਾਨੀ ਦੀ ਗੋਲੀ ਤੋਂ ਯਾ ਕਬਰ ਵਿਚ ਹਾਥੀ ਦਾ ਪੈਰ ਆ ਜਾਣ ਵੇਲੇ ਕਿਸੇ ਦੁਰਾਨੀ ਦੀ ਤਲਵਾਰ ਤੋਂ ਲਿਖਿਆ ਤੇ ਸਮਝਿਆ ਗਿਆ। ਪਰ 'ਫੱਰਹਤੁੱਨਾਜ਼ਰੀਨ' ਦੇ ਲੇਖ ਦੇ ਪ੍ਰਗਟ ਹੋਣ ਤੋਂ ਤੇ ਬ੍ਰਿਟਿਸ਼ ਮਯੂਜ਼ੀਅਮ ਵਿੱਚ ਪਹੁੰਚੇ ਹੋਏ 'ਅਹਵਾਲੇ ਆਦੀਨਾ ਬੇਗ' ਦੇ ਪੜ੍ਹੇ ਜਾਣ ਤੋਂ ਪਤਾ ਨਿਕਲ ਆਇਆ ਕਿ ਦੀਵਾਨ ਸਾਹਿਬ ਨੂੰ ਆਦੀਨਾ ਬੇਗ ਦੇ ਇਸ਼ਾਰੇ ਨਾਲ ਕਸੂਰੀ ਪਠਾਣਾਂ ਨੇ ਗੋਲੀ ਮਾਰੀ ਸੀ। ਅਰਥਾਤ ਘਰਦਿਆਂ ਨੇ ਹੀ ਆਪਣਾ ਸੈਨਾਪਤਿ ਵਿਸਾਹ ਘਾਤ ਨਾਲ ਮਾਰਿਆ ਸੀ। ਇਸੀ ਤਰ੍ਹਾਂ ਪੰਚਮ ਸਤਿਗੁਰੂ ਜੀ ਦੀ ਸ਼ਹਾਦਤ ਦਾ ਕਾਰਨ ਜਹਾਂਗੀਰ ਦਾ ਅਪਣਾ 'ਹੁਕਮੇ ਕਤਲ' ਸੀ ਪਰ ਇਤਿਹਾਸਕਾਰਾਂ ਨੇ ਜਹਾਂਗੀਰ ਦਾ ਹੁਕਮ 'ਜੁਰਮਾਨਾ' ਲਿਖਿਆ ਸੀ। ਇਥੋਂ ਤਾਈਂ ਕਿ ਉਸ ਸਮੇਂ ਦੇ ਲੇਖਕ ਦਬਿਸਤਾਨੇ ਮਜ਼ਾਹਬ ਦੇ ਕਰਤਾ ਨੇ, ਜੋ ਖ਼ੁਦ ਛੇਵੇਂ ਸਤਿਗੁਰਾਂ ਨੂੰ ਮਿਲਦਾ ਰਿਹਾ ਹੈ, 'ਵੱਡਾ ਜੁਰਮਾਨਾ ਕੀਤਾ' ਹੀ ਲਿਖਿਆ ਹੈ, ਪਰ ਜਦ ਖੋਜ ਕਰਦਿਆਂ 'ਤੁਜ਼ਕ ਜਹਾਂਗੀਰੀ' ਪੜ੍ਹੀ ਗਈ ਤਾਂ ਜਹਾਂਗੀਰ ਦਾ ਆਪਣਾ ਲਿਖਿਆ ਕਿ 'ਮੈਂ ਕਤਲ ਦਾ ਹੁਕਮ ਦਿੱਤਾ ਹੈ,' ਨਿਕਲ ਆਇਆ। ਉਸੇ ਜਹਾਂਗੀਰ ਦੇ ਆਪਣੇ ਲੇਖ ਵਿਚੋਂ ਜਹਾਂਗੀਰ ਦਾ ਤਅੱਸੁਬ ਤੇ ਬੇ-ਇਨਸਾਫ਼ੀ ਬੀ ਪਈ ਦਿੱਸਦੀ ਹੈ। ਇਸੇ ਤਰ੍ਹਾਂ ਇਸ ਕਾਇਰਤਾ ਭਰੇ ਤੇ ਕਾਤਲਾਨਾ ਵਾਰ ਦਾ ਕਾਰਨ ਕੋਈ ਗਹਿਰੀ ਸਾਜ਼ਸ਼ ਹੈ, ਜੋ ਕਿਸੇ ਵਧੇਰੇ ਖੋਜ ਨਾਲ ਖੁੱਲ੍ਹ ਆਉਣੀ ਨਾਮੁਮਕਿਨ ਨਹੀਂ। ਵਜ਼ੀਰ ਖਾਂ ਵਲ ਉਪਰ ਦੱਸੇ ਹਾਲਾਤ ਖੋਜ ਦੀ ਰਹਿਨੁਮਾਈ ਕਰਦੇ ਹਨ ਤੇ ਅਸੀਂ ਇੰਨੀ ਬਾਤ ਹੀ ਅਗਲੇ ਖੋਜਕਾਂ ਦੀ ਸੇਧ ਲਈ ਲਿਖ

ਰਹੇ ਹਾਂ। ਇਸ ਗਲ ਨੂੰ ਅਮਰ ਵਾਕਿਆ ਅਸੀਂ ਅਜੇ ਨਹੀਂ ਲਿਖ ਰਹੇ।

ਜਦ ਅਸੀਂ ਇਹ ਖੋਜ ਇੱਥੋਂ ਤਾਈਂ ਲਿਖ ਚੁਕੇ ਸਾਂ ਤਾਂ ਸਾਡੀ ਨਜ਼ਰ ਇਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਉਂ 'ਚਤਰਜੁਗੀ' ਹੈ, ਇਸ ਵਿਚ ਹੋਰ ਹਾਲ ਤਾਂ ਦੂਸਰਿਆਂ ਨਾਲ ਮਿਲਦੇ ਜੁਲਦੇ ਹੀ ਦਿਤੇ ਹਨ ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ 'ਸਰੰਦੀ ਪਠਾਣ' ਲਿਖਿਆ ਹੈ, ਜਿਸ ਤੋਂ ਇਹ ਲਿਖਤੀ ਪਤਾ ਮਿਲ ਗਿਆ ਕਿ ਇਹ ਪਠਾਣ ਸਰਹਿੰਦ ਤੋਂ ਗਿਆ ਸੀ। ਉਥੇ ਦੱਸਿਆ ਹੈ ਕਿ ਪਹਿਲਾਂ ਇਹ ਦਿੱਲੀ ਮਾਤਾ ਜੀ ਪਾਸ ਗੁਰੂ ਜੀ ਦਾ ਪਤਾ ਪੁੱਛਣ ਜਾਂਦਾ ਹੈ ਤੇ ਇਹ ਸਰਹਿੰਦ ਦਾ ਹੈ, ਤੇ ਫੇਰ ਨਾਦੇੜ ਪਹੁੰਚਦਾ ਹੈ, ਸਰਹਿੰਦ ਤੋਂ ਇਸ ਦਾ ਜਾਣਾ ਸਾਡੀ ਉਪਰ ਦਿਤੀ ਖੋਜ ਦੀ ਲੜੀ ਨੂੰ ਇਕ ਕਦਮ ਹੋਰ ਅਗੇਰੇ ਲੈ ਜਾਂਦਾ ਹੈ*। ਇਸ ਤੋਂ ਹੁਣ ਦੱਖਣ ਵਿਚ ਪਹਿਲੇ ਤੋਂ ਵਸਦੇ ਕਿਸੇ ਪਠਾਣ ਦਾ ਇਸ਼ਤਆਲ ਵਿਚ ਆਕੇ ਯਾ ਘੋੜਿਆਂ ਦੇ ਤਕਰਾਰ ਤੋਂ ਕਾਤਲਾਨਾ ਹਮਲਾ ਕਰਨਾ ਤਾਂ ਝੂਠਾ ਸਾਬਤ ਹੋ ਗਿਆ। ਪਠਾਣ ਸਰਹਿੰਦ ਤੋਂ ਆਇਆ ਹੈ ਤੇ ਪੁਰਾਣਾ ਵਿਸਾਹ-ਪ੍ਰਾਪਤ ਮਿੱਤ੍ਰ ਹੈ ਤੇ ਦਿੱਲੀਓਂ ਪਤਾ ਲੈਕੇ ਟੁਰਦਾ ਹੈ। ਕਾਤਲ ਦੇ ਇਸ ਜਤਨ ਤੋਂ ਪਤਾ ਲਗਦਾ ਹੈ ਕਿ ਉਸ ਦਾ ਕਾਤਲਾਨਾ ਵਾਰ ਠੰਢੇ ਦਿਲ ਗਿਣੀ ਮਿਥੀ ਗਲ ਹੈਸੀ ਤੇ ਵੀਹ ਵਿਸਵੇ ਇਹ ਇਕ ਸਾਜ਼ਸ਼ ਹੈ ਤੇ ਓਸ ਸਾਜ਼ਸ਼ ਦਾ ਟਿਕਾਣਾ ਸਰਹਿੰਦ ਹੈ ਤੇ ਇਹ ਕਾਤਲ ਉਸ ਸਾਜ਼ਸ ਦੇ ਮਨੋਰਥ ਨੂੰ ਸਿਰੇ ਚਾੜ੍ਹਨ ਵਾਲਾ ਕਾਰਿੰਦਾ ( ਏਜੰਟ ) ਹੈ।

ਇਹ ਪਠਾਣ ਪਹਿਲਾਂ ਦਿੱਲੀ ਗਿਆ, ਇਸ ਦਾ ਮਾਤਾ ਜੀ ਤੋਂ ਪਤਾ ਲੈਣਾ ਦੱਸਦਾ ਹੈ ਕਿ ਇਹ ਕੋਈ ਗੁਰੂ ਕਾ ਇਤਬਾਰੀ ਪਠਾਣ ਸੀ। ਪਤਾ ਪੁੱਛਣ ਮਾਤਾ ਜੀ ਪਾਸ ਜਾਣਾ ਦੱਸਦਾ ਹੈ ਕਿ ਇਹ ਆਪਣੇ ਬੁਰੇ ਇਰਾਦੇ ਵਿਚ ਕਾਮਯਾਬ ਹੋਣ ਲਈ ਭਾਵੇਂ ਤਸੱਲੀ ਬਖਸ਼ ਟਿਕਾਣੇ ਤੋਂ ਪਤਾ ਲੈਣਾ ਚਾਹੁੰਦਾ ਹੈ, ਪੱਕਾ ਪਤਾ ਟਿਕਾਣੇ ਦਾ ਕਰਕੇ ਨਾਦੇੜ ਪਹੁੰਚਦਾ ਹੈ ਤੇ ਸੈਨਾਪਤ ਜੀ ਦੇ ਲਿਖੇ ਮੂਜਬ ਕਈ ਦਿਨ ਦਾਉ ਤਾੜ ਤਾੜ ਕੇ ਵਾਰ ਕਰਦਾ ਹੈ। ਕੋਈ ਡਾਢਾ ਇਤਬਾਰੀ ਹੋਣ ਕਰਕੇ ਹੀ ਇਸ ਨੂੰ ਗੁਰੂ ਜੀ ਬੀ ਨਿਕਟ ਵਰਤੀਆਂ ਵਿਚ ਆਉਣੋਂ ਜਾਣੋਂ ਰੋਕ ਨਹੀਂ ਕਰਦੇ। ਸੋ ਹੁਣ ਸਾਨੂੰ ਇਥੋਂ ਤਾਈਂ ਉਗਾਹੀ ਮਿਲ ਗਈ ਕਿ ਇਹ ਪਠਾਣ ਕੋਈ ਇਤਬਾਰੀ ਸੀ, ਸਰਹਿੰਦ ਤੋਂ ਗਿਆ ਸੀ ਤੇ ਸਰਹਿੰਦ ਦੇ ਨਵਾਬ ਦਾ ਸੁਭਾਵ ਵਿਸਾਹਘਾਤ ਕਰਨ ਦਾ ਸੀ ਤੇ ਉਸ ਨੂੰ ਭੈ ਸੀ ਗੁਰੂ ਜੀ ਦਾ ਅਤੇ ਉਹ ਗੁਰੂ ਜੀ ਦੇ ਤੇ ਬਹਾਦਰ ਸ਼ਾਹ ਦੇ ਮਿਤ੍ਰਾਨੇ ਤੋਂ ਵਧੇਰੇ ਖੌਫ ਖਾ ਰਿਹਾ ਸੀ ਤੇ ਇਸ ਤੋਂ ਪਹਿਲੋਂ ਤੋਂ ਬੀ ਉਹ ਲਗਾਤਾਰ ਗੁਰੂ ਜੀ ਦੀ ਜਾਨ ਲੈਣ ਦੇ ਸਾਰੇ ਯਤਨ ਕਰਦਾ ਰਿਹਾ ਹੈ।

---

*ਅਸਾਂ ਇਹ ਨੋਟ ਮਾਰਚ ੧੯੩੩ ਵਿਚ ਲਿਖਿਆ ਸੀ, ਵਿਦਵਾਨਾਂ ਤੇ ਖੋਜੀਆਂ ਵਲੋਂ ਇਸ ਨਵੀਂ ਟੋਹ ਨੂੰ ਜੀ ਆਇਆਂ ਕਿਹਾ ਗਿਆ ਤੇ ਉਸ ਤੋਂ ਮਗਰੋਂ ਲਿਖੇ ਗਏ ਗ੍ਰੰਥਾਂ ਵਿਚ ਇਸੇ ਖੋਜ (ਟੁਕੜਾ ਖਿਆਲ) ਨੂੰ ਲਿਆ ਗਿਆ ਤੇ ਲੈਕਚਰਾਂ ਵਿਚ ਪ੍ਰਗਟ ਕੀਤਾ ਜਾ ਰਿਹਾ ਹੈ। ਹੁਣ ਅਸੀਂ ਅਗਲੀ ਪਸੰਗਲੀ ਲੱਭਣ ਦੇ ਜਤਨ ਵਿਚ ਹਾਂ, ਆਸ ਹੈ ਹੋਰ ਇਤਿਹਾਸ ਖੋਜੀ ਬੀ ਇਸ ਪਾਸੇ ਪ੍ਰਯਤਨ ਕਰਨਗੇ।

ਸੁਪਤਿ ਰਾਤਿ ਬੀਤੀ ਹੁਇ ਪ੍ਰਾਤੀ।ਲਿਖੀ ਖਾਲਸੇ ਮਿਲਿ ਕਰਿ ਪਾਤੀ।ਸ਼ਾਹੁ ਬਹਾਦਰ ਢਿਗ ਸੁਧ ਪਠੀ।ਹੁਤੋ ਨਿਕਟ ਉਤ[1] ਖੋਲਤਿ ਪਠੀ।।੧੪।।–ਇਹ ਕਨਾ ਭਯੋ–ਰਹ੍ਯੋ ਬਿਸਮਾਇ। ਤੁਰਤ ਜਰਾਹਨ ਕੋ ਬੁਲਵਾਇ। ਕਰਿ ਤਾਗੀਦ ਦਏ ਹਯ ਬਲੀ।'ਰਾਜ਼ੀ ਕਰਹੁ ਜ਼ਖਮ ਬਿਧਿ ਭਲੀ'।।੧੫।।ਤੁਰੰਗ ਧੁਣ੍ਹਾਵਤਿ ਸੋ ਚਲਿ ਆਏ। ਦਰਸ਼ਨ ਕਰਿਕੇ ਸੀਸ ਨਿਵਾਏ। ਖੋਲਿ ਜ਼ਖਮ ਕੋ ਸਭਿ ਬਿਧਿ ਹੇਰਾ। ਸ਼ੁਭ ਉਪਚਾਰ ਕਰੇ ਤਿਸ ਬੇਰਾ॥ ੧੬॥ ਪੀਛੇ ਸ਼ਾਹੁ ਲਿਖ੍ਯੋ ਪਰਵਾਨਾ। ਤਿਨ ਖ਼ਾਨਨ ਪਰ ਕੁਪ੍ਯੋ ਮਹਾਨਾ। 'ਜੇ ਰਾਵਰ ਕੀ ਆਇਸੁ ਪਾਊਂ। ਇਨ ਸਭਿਹਿਨਿ ਕੇ ਹਾਥ ਕਟਾਊਂ ॥ ੧੭॥ ਕੈ ਨੌਕਾ ਕੇ ਬੀਚ ਚਢਾਊਂ।ਜਲ ਗੰਭੀਰ ਮਹਿਂ ਸਭਿਨਿ ਡੁਬਾਊਂ'।ਸ਼੍ਰੀ ਗੁਰ ਢਿਗ ਆਯੋ ਪਠਵਾਯੋ। ਕ੍ਰਿਪਾ ਕਰਤਿ ਹੀ ਹੁਕਮ ਅਲਾਯੋ॥ ੧੮ ॥ 'ਇਹ ਸਭਿ ਕਾਰ ਹਮਹੁੰ ਕਰਵਾਈ। ਤਿਲ ਭਰ ਦੋਸ਼ ਨ ਇਨਹੁੰ ਕਦਾਈ'। ਲਿਖਿ ਉੱਤਰ ਭੇਜ੍ਯੋ ਤਤਕਾਲਾ। ਜਹਿਂ ਕਹਿ ਪਸਰ੍ਯੋ ਸੁਜਸੁ ਬਿਸਾਲਾ॥ ੧੯ ॥ ਸਤਿਗੁਰ ਖੋਟਨਿ ਪਰ ਉਪਕਾਰੀ। ਮਹਾਂ ਕ੍ਰਿਪਾਲ ਧੀਰ ਧਰਿ ਭਾਰੀ। ਹੁਤੇ ਜਰਾਹੁ ਸੁਮਤਿ ਪਤਿਸ਼ਾਹੀ।ਕਰਿ ਉਪਚਾਰ ਬਿਰੇ ਪ੍ਰਭੁ ਪਾਹੀ॥ ੨੦॥ ਐਸੋ ਮੱਲ੍ਹਮ ਕਰ੍ਯੋ ਲਗਾਯੋ। ਤੂਰਨ ਜ਼ਖਮ ਮੇਲ ਹ੍ਵੈ ਆਯੋ। ਪੰਦਰਹਿ ਦਿਵਸਨ ਮਹਿਂ ਕਰਿ ਨੀਕਾ। ਮੱਜਨ ਕਰਿਵਾਯੋ ਗੁਰ ਜੀ ਕਾ॥ ੨੧ ॥ ਪੋਸ਼ਿਸ਼ ਨਈ ਪਹਿਰ ਕਰਿ ਬੈਸੇ। ਦਯੋ ਦਰਸ ਬਰ ਪੂਰਬ ਜੈਸੇ। ਅਖਿਲ ਖਾਲਸਾ ਚਲਿ ਕਰਿਆਯੋ।ਸੀਸ ਨਿਵਾਇਅਨੰਦ ਕੋ ਪਾਯੋ।।੨੨।।ਅਖਿਲਲੋਕਸੁਨਿ ਸੁਨਿ ਸੁਧਿ ਨੀਕੇ। ਪਹੁੰਚੇ ਨਿਕਟ ਪੁੰਜ ਪ੍ਰਭੁ ਜੀ ਕੇ। ਪੰਚਾਂਮ੍ਰਿਤ ਅਧਿਕੈ ਕਰਿਵਾਯੋ। ਉਤਸਵ ਦੀਰਘ ਸਭਿ ਮਹਿ ਛਾਯੋ ॥੨੩॥ ਦਰਬ ਬ੍ਰਿੰਦ ਸਿਰੁਪਾਉ ਬਿਸਾਲੇ। ਹੁਕਮ ਕਰ੍ਯੋ ਲ੍ਯਾਏ ਤਤਕਾਲੇ। ਬਖਸ਼ੇ ਤਬਹਿ ਜਰਾਹਨਿ ਤਾਈਂ। ਲੇ ਕਰਿ ਬਹੁਤ ਰਹੇ ਹਰਖਾਈ ॥ ੨੪॥ ਸੁਜਸ ਉਚਾਰਨ ਕਰਤਿ ਬਿਸਾਲੇ। ਸ਼੍ਰੇਯ ਕਹਨ ਹਜ਼ਰਤ ਢਿਗ ਚਾਲੇ। ਮਿਲੇ ਜਾਇ ਸੁਧ ਅਖਿਲ ਸੁਨਾਈ। 'ਧਨ ਗਨ ਦੀਨਸਿ ਹਮ* ਹਰਖਾਈ[2]' ॥ ੨੫ ॥ ਪੁਨ ਗਮਨੇ ਦਿੱਲੀ ਸੁ ਜਰਾਹੂ। ਕਹ੍ਯੋ ਸੁਜਸੁ ਸਗਰੇ ਪੁਰਿ ਮਾਂਹੁ। ਇਮ ਸਤਿਗੁਰ ਹ੍ਵੈਗੇ ਸਵਧਾਨਾ। ਦਿਨ ਖੋੜਸਮੋਂ ਚਢ੍ਯੋ ਜਹਾਨਾ ॥ ੨੬ ॥ ਹੁਤੀ ਪ੍ਰਭਾਤਿ ਸਭਾ ਮਹਿਂ ਬੈਸੇ। ਸ਼ੋਭਤਿ ਹੈਂ ਕੁਬੇਰ ਬਰ ਜੈਸੇ। ਨਵ ਟੇਕਨ ਕੇ

[1]ਉਧਰ(ਬਾਦਸ਼ਾਹ ਨੇ)। [2](ਗੁਰੂ ਜੀ ਨੇ)ਸਾਨੂੰ ਬਹੁਤਾ ਧਨ ਦੇਕੇ ਪ੍ਰਸੰਨ ਕੀਤਾ ਹੈ। *ਪਾ:–ਦੀਨਸ਼ਾਹ।

ਧਨੁਖ ਬਿਸਾਲੇ । ਆਨੇ ਕਾਰੀਗਰ ਤਿਸ ਕਾਲੇ ॥ ੨੭ ॥ ਹੇਰਤਿ ਗੁਰੂ ਹਰਖ ਕੋ ਪਾਯੋ । ਦੀਰਘ ਦਰਬ ਇਨਾਮ ਦਿਵਾਯੋ । ਸਰਬ ਸ਼ਸਤ੍ਰ ਨਿਤ ਨਿਕਟ ਰਖਾਵਤਿ । ਪੁਸ਼ਪ ਧੂਪ ਚੰਦਨ ਚਰਚਾਵਤਿ ॥ ੨੮ ॥ ਤਿਨ ਮਹਿਂ ਦੌਨ ਸਰਾਸਨ[1] ਧਰੇ । ਦਿਢ ਦਰਾਜ਼ ਦੀਖਤਿ ਬਰ ਕਰੇ । ਕਾਤਕ ਮਾਸ ਅਮਾਵਸ਼ ਨਿਸ ਮਹਿਂ । ਦੀਪ ਮਾਲ ਘਰਿ ਘਰ ਜਿਸ ਕਿਸ ਮਹਿਂ ॥੨੯ ॥ ਘ੍ਰਿੱਤ ਸਨੇਹ ਜਲਾਇ ਬਿਸਾਲਾ । ਬਿਬਿਧ ਬਿਧਿਨਿ ਧਰਿ ਦੀਪਕ ਮਾਲਾ॥ਗੁਰੂ ਸਦਨ ਕੇ ਚਹੁਂ ਦਿਸ਼ਿ ਜੋਤਿ॥ਭਾ ਪ੍ਰਕਾਸ਼ ਦਿਨ ਮਨਹੁਂ ਉਦੋਤ ॥ ੩੦ ॥ ਪੰਚਾਂਮ੍ਰਿਤ ਕਰਿਵਾਇ ਬਤਾਏ । ਉਤਸਵ ਰਚਯੋ ਅਨੰਦ ਸਮੁਦਾਏ । ਬਿਤਯੋ ਸੁ ਦਿਨ ਪ੍ਰਤਿਪਦਾ[2] ਬਿਤਾਈ । ਜਮਦੁਤੀਆ[3] ਉਦਤਯੋ ਗ੍ਰਿਹਰਾਈ[4] ॥੩੧॥ ਸੁੰਦਰ ਤੰਬੂ ਇਕ ਲਗਵਾਯੋ । ਬੀਚ ਦੁਰੋਬੇ ਸਥਿਤ ਸੁਹਾਯੋ । ਚਹੁਂ ਦਿਸ਼ਿ ਮਹਿਂ ਕਨਾਤ ਤਨਵਾਈ । ਰੰਗ ਰੰਗ ਫਰਸ਼ ਛਿਤ ਛਾਈ ॥੩੨॥ ਬੀਚ ਪ੍ਰਵੇਸ਼ ਭਏ ਤਿਸ ਜਾਇ । ਰੱਛਕ ਦੂਰ ਦੂਰ ਬੈਠਾਇ। 'ਜਾਮ ਏਕ ਲਗਿ ਥਿਰੀਯਹੁ ਖਰੇ[5] । ਅੰਤਰ ਨਹਿਂ ਪ੍ਰਵੇਸ਼ ਕੋ ਕਰੇ' ॥ ੩੩ ॥ ਇਮ ਕਰਿਕੈ ਚਹੁਂ ਦਿਸ਼ਿ ਤਕਰਾਈ ॥ ਆਪ ਸਥਿਰ ਭੇ ਬੀਚ ਗੁਸਾਈਂ।ਤਿਸ ਛਿਨ ਦਮਕਯੋ ਮਹਿਦ ਅਕਾਸ਼ਾ।ਪਿਖਿਯਤਿ ਭਯੋ ਬਿਸਾਲ ਪ੍ਰਕਾਸ਼ਾ ॥ ੩੪ ॥ ਦੋਇ ਪੁਰਖ ਉਤਰੇ ਤਹ ਆਏ । ਗੁਰ ਦਰਸ਼ਨ ਕਰਿ ਸੀਸ ਨਿਵਾਏ । ਸਾਦਰ ਕਹਿ ਕਰਿ ਨਿਕਟ ਬਿਠਾਰੇ । ਕੁਸ਼ਲ ਅਖਿਲ ਕੇ ਬਾਕ ਉਚਾਰੇ ॥੩੫॥ ਤਿਨਹੁਂ ਪੱਤ੍ਰਿਕਾ ਦਈ ਨਿਕਾਸਿ । ਗ੍ਰਹਣ ਕਰੀ ਕਰ ਮਾਂਹਿ ਹੁਲਾਸ । ਤਤਛਿਨ ਖੋਲਿ ਭਲੀ ਬਿਧਿ ਹੇਰੇ । ਅਮਰਾਵਤੀ ਬਰਣ[6] ਜਿਸ ਕੇਰੇ ॥੩੬॥ ਪੜ੍ਹਿ ਕਰਿ ਸਮੁਝੇ ਸਰਬ ਬ੍ਰਿਤੰਤ । ਤਿਨ ਸਨ ਬਾਤ ਕਰੀ ਭਗਵੰਤ । 'ਪ੍ਰਭੁ ਜੀ ! ਅਬਿ ਬੈਕੁੰਠ ਸਿਧਾਰੋ । ਕਾਰਜ ਇਹਾਂ ਲੀਨ ਕਰਿ ਸਾਰੋ ॥੩੭॥ ਜੇਕਰਿ ਰਹਿਬੋ ਚਹਹੁ ਕ੍ਰਿਪਾਲਾ । ਰਹਹੁ ਧਰਾਤਲ ਕਰਹੁ ਨਿਹਾਲਾ' । ਹੁਕਮ ਅਕਾਲ ਪੁਰਖ ਕੋ ਕਹਯੋ । ਆਗੇ ਕਰਹੁ ਜਥਾ ਚਿਤ ਚਹਯੋ ॥ ੩੮ ॥ ਕਰਤਾਪੁਰਖ ਅਕਾਲ ਕ੍ਰਿਪਾਲਾ । ਤਿਸ ਪਿਤ

[1]ਦੋਵੇਂ ਧਨੁਖ । [2]ਏਕਮ । [3]ਯਮਦ੍ਵਿਤੀਯਾ=ਕਤਕ ਸੁਦੀ ਦੂਜ । ਯਮ ਨੇ ਆਪਣੀ ਭੈਣ ਯਮੁਨਾ ਦੇ ਘਰ ਇਸ ਦਿਨ ਭੋਜਨ ਪਾਇਆ ਸੀ । ਇਸ ਕਰਕੇ ਇਸ ਦਿਨ ਭੈਣ ਦੇ ਘਰ ਰੋਟੀ ਖਾਣਾ ਵਿਹਤ ਹੋ ਗਿਆ ; 'ਭਾਈ ਦੂਜ' ਏਸੇ ਨੂੰ ਕਹਿੰਦੇ ਹਨ, ਭੈਣਾਂ ਭਰਾਵਾਂ ਨੂੰ ਟਿੱਕਾ ਇਸੇ ਦਿਨ ਲਾਉਂਦੀਆਂ ਤੇ ਕੁਛ ਖਿਲਾਉਂਦੀਆਂ ਹਨ ਤੇ ਭਰਾ ਕੁਛ ਦਿੰਦੇ ਹਨ । [4]ਸੂਰਜ । [5]ਖੜੇ ਰਹਿਣਾ । [6]ਸ੍ਵਰਗ ਦੇ ਅੱਖਰ ।

ਕੇ ਹੈ ਪੁੱਤ੍ਰ ਬਿਸਾਲਾ। ਦੁਸ਼ਟ ਤੁਰਕ ਕੀ ਜੜ੍ਹਾਂ ਉਖਾਰੀ। ਪੰਥ ਖਾਲਸਾ ਉਤਪਤਿ ਭਾਰੀ[1] ॥ ੩੯ ॥ ਸੂਧਾ ਮਾਰਗ ਜਗ ਬਿਸਤਾਰਾ। ਕਰਤਾ ਪੁਰਖ ਭੁਜਨ ਨਿਸਤਾਰਾ। ਕਰਿ ਕਰਿ ਜੁੱਧ ਕ੍ਰੁੱਧ ਭਟ ਭਾਰੇ।ਦੁਸ਼ਟ ਅਨਿਕ ਚੁਨਿ ਚੁਨਿ ਮਾਰੇ'॥੪੦॥ ਸੁਨਿ ਕ੍ਰਿਪਾਲ ਤਿਨ ਸੰਗ ਉਚਾਰੀ। 'ਹਮ ਨੇ ਕਰੀ ਅੱਗ੍ਰ ਹੀ ਤਯਾਰੀ। ਹੁਕਮ ਅਕਾਲ ਪੁਰਖ ਕੋ ਜੈਸੇ। ਸਿਰ ਪਰ ਧਰਿ ਹਮ ਮਾਨਹਿੰ ਤੈਸੇ' ॥ ੪੧ ॥ ਇੱਤਯਾਦਿਕ ਕਹਿ ਸੁਨਿ ਕਰਿ ਭਲੇ। ਨਭ ਕੇ ਮਗ ਹੀ ਤੂਰਨ ਚਲੇ। ਏਕ ਜਾਮ ਲਗਿ ਰਹੇ ਇਕੰਤ। ਨਿਕਸੇ ਵਹਿਰ ਬਹੁਰ ਭਗਵੰਤ ॥ ੪੨ ॥ ਬਦਨ ਪ੍ਰਫੁਲਿਤ ਕਮਲ ਸਮਾਨਾ। ਪਦਮ ਪਾਂਖਰੀ ਆਂਖ ਮਹਾਨਾ। ਰਿਦੇ ਅਨੰਦਤਿ ਦ੍ਰਗਨ ਚਗੁਨੇ। ਬੈਸੇ ਸਭਿਨਿ ਬਿਖੈ ਦੁਤਿ ਦੂਨੇ* ॥੪੩॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਪਾਤੀ ਅਕਾਲ ਪੁਰਖ ਪਠਨ†' ਪ੍ਰਸੰਗ ਬਰਨਨੰ ਨਾਮ ਉਨੀਸਮੋ ਅੰਸੂ ॥ ੧੯ ॥

੨੦. [ਜ਼ਖਮ ਦੇ ਤੋਪੇ ਟੁੱਟੇ। ਜੰਗ ਕੀਤਾ ]।

ਦੋਹਰਾ ॥ ਸ਼ਾਹ ਬਹਾਦਰ ਸਾਦਰਹਿ ਦ੍ਵੈ ਉਮਰਾਵ ਬੁਲਾਇ। ਜ਼ਖਮ ਲਗੇ ਸੁਧਿ ਲੇਨਿ ਹਿਤ ਸ਼੍ਰੀ ਗੁਰ ਤੀਰ ਪਠਾਇ ॥ ੧ ॥ ਚੌਪਈ ॥ ਕੁੰਚਰ ਪਰ ਅਰੂਢਿ ਤਤਕਾਲੇ।ਅਬਚਲ ਨਗਰ ਪੰਥ ਮਹਿੰ ਚਾਲੇ।ਕੇਤਿਕ ਚਮੂੰ ਸੰਗ ਮਹਿੰ ਆਈ।—ਦਰਸਹਿੰਗੇ ਸ਼੍ਰੀ ਗੁਰ ਮੁਦ ਪਾਈ—॥ ੨ ॥ ਅਸਵਾਰੀ ਤੇ ਤੂਰਨ ਆਏ।ਅਬਚਲ ਨਗਰ ਪਹੁੰਚਿ ਸਮੁਦਾਏ।ਉਚਿਤ ਸਥਲ ਪਿਖਿਕੈ ਤਟ ਸਲਿਤਾ। ਉਤਰਿ ਪਰੇ ਦੇਖਤਿ ਜਲ ਚਲਤਾ ॥ ੩ ॥ ਸਿਵਰ ਕਰਨੋ ਸੁਧ ਤਬਹਿ ਪਠਾਈ। ਸ਼੍ਰੀ ਸਤਿਗੁਰ ਢਿਗ ਅਰਜ਼ ਸੁਨਾਈ। 'ਸ਼ਾਹੁ ਪਠਾਏ ਜੁਗ ਉਮਰਾਵ। ਸੁਧਿ ਲੈਬੇ ਹਿਤ ਦਰਸ਼ਨ ਚਾਵ' ॥ ੪ ॥ ਸੁਨਿਕੇ ਤ੍ਰਿਣ ਦਾਨਾ ਅਰੁ ਖਾਨਾ। ਕਰੇ ਪਠਾਵਨ ਬਾਂਛਤਿ ਨਾਨਾ। ਸਭਿ ਲੇ ਕਰਿ ਅਚਵਨੋ ਮਨ ਭਾਏ। ਥਿਰ ਹੁਇ ਸ਼੍ਰਮਹਿ ਸ਼ਰੀਰ ਬਿਹਾਏ[2]‡ ॥ ੫ ॥ ਢਰਨੋ ਦੁਪਹਿਰਾ ਭੇ ਸਵਧਾਨਾ। ਸ਼੍ਰੀ ਪ੍ਰਭੁ ਪਠਨੋ ਦੂਤ ਅਗਵਾਨਾ। ਜਾਮ ਦਿਵਸ ਰਹਿ ਤਬਿ ਚਲਿ ਆਏ। ਸੰਗ ਭਲੇ ਨਰ ਕਰਿ ਸਮੁਦਾਏ॥੬॥ਆਗੇ ਪ੍ਰਭੂ ਦਿਵਾਨ ਲਗਾਯੋ। ਰੰਗਾ ਰੰਗ ਫਰਸ਼ ਡਸਵਾਯੋ। ਬਿਟਨੋ ਖਾਲਸਾ ਸ਼ਸਤ੍ਰ ਸੁਹਾਏ। ਤੁਪਕ ਧਨੁਖ ਅਰੁ ਸਿਪਰ ਲਗਾਏ ॥ ੭ ॥ ਦੇਖਿ ਦੂਰ ਹੀ

---

[1]ਉਤਪਤ ਕਰ ਦਿੱਤਾ ਹੈ (ਤੁਸਾਂ ਨੇ) ਭਾਰਾ ਖਾਲਸਾ ਪੰਥ। [2]ਸ਼ਰੀਰ ਦਾ ਥਕਾਨ ਲਾਹਿਆ।

*ਪਾ:—ਪੂਨੇ। †ਪਾ:—ਪ੍ਰਭੁ ਸੋ ਬਾਤ। ‡ਪਾ:—ਥਿਰ ਹੋਇਸਿ ਤਹਿ ਨਿਸਾ ਬਿਹਾਏ।

ਤੇ ਉਮਰਾਊ। ਝੁਕੇ ਸਲਾਮ ਕੀਨਿ ਅਗਵਾਊ। ਸਨਮਾਨਤਿ ਲੇ ਨਾਮ ਬੁਲਾਇ। ਕ੍ਰਿਪਾ ਕਰੀ ਗੁਰ ਨਿਕਟ ਬਿਠਾਇ ॥੮॥ ਹਾਥ ਜੋਰਿ ਜੁਗ ਅਰਜ਼ ਗੁਜ਼ਾਰੀ। 'ਹਜ਼ਰਤ ਪਠੇ ਸਮੀਪ ਉਚਾਰੀ । ਲੇਨਿ ਜ਼ਖਮ ਕੀ ਸੁਧਿ ਹਮ ਆਇ। ਭਈ ਖੁਸ਼ੀ ਸੁਨਿ ਆਪ ਨਹਾਇ ॥੯॥ ਸ਼ਾਹੁ ਸਚਿੰਤ ਭਯੋ ਸੁਧ ਪਾਈ। –ਇਹ ਮੂਢਨ ਕਸਾ ਕੀਨ ਖੁਟਾਈ–। ਸਭਿ ਪਠਾਨ ਸੰਗੀ ਬੁਲਵਾਏ। ਦੇ ਸਜ਼ਾਇ ਕੋ ਸੋ ਬੂਝਵਾਏ[1] ॥ ੧੦ ॥ ਕਸਮ ਕੁਰਾਨ ਮਹਾਨ ਬਖਾਨੀ। –ਅਪਰ ਨ ਕਿਸ ਕੋ ਸੁਧਿ ਹਮ ਜਾਨੀ। ਲਰਕਾ ਮਹਿਮਾ ਤੇ ਅਨਜਾਨਾ। ਕਿਧ ਬਦਕਾਰ ਆਪ ਹੀ ਪਜਾਨਾ–' ॥ ੧੧ ॥ ਸੁਨਿ ਕੈ ਸ੍ਰੀ ਮੁਖ ਤੇ ਫੁਰਮਾਯੋ। 'ਭਯੋ ਅਕਾਲ ਪੁਰਖ ਜਿਮ ਭਾਯੋ। ਹ੍ਵੈ ਨ ਸਕਹਿ ਕੁਛ ਹੁਕਮ ਬਿਹੀਨਾ। ਨਰਨ ਬਿਖੈ ਆਪਹਿ ਕ੍ਰਿਤ ਕੀਨਾ[2] ॥ ੧੨॥ ਕਹਹੁ ਸ਼ਾਹੁ ਸਨ –ਹਮ ਸੁਖ ਹੋਵਾ। ਘਾਵ ਮਿਲਨੋ ਸੰਕਟ ਨਹਿਂ ਜੋਵਾ–'। ਕਰਤਿ ਬਾਰਤਾਲਾਪ ਬਿਤਾਇ। ਦ੍ਵੈ ਘਟਿਕਾ ਦਿਨ ਰਹਯੋ ਸੁ ਆਇ॥੧੩॥ਸ਼ਸਤ੍ਰ ਸਮੀਪ ਸਮੂਹ ਸੁਹਾਇ। ਬੀਰ ਸਰਾਸਨ ਦੋਇ ਟਿਕਾਇ। ਤਿਨ ਪਰ ਦ੍ਰਿਸ਼ਟਿ ਗਈ ਉਮਰਾਵਨਿ। ਪਿਖੈਂ ਦਰਾਜ਼ ਭਏ ਬਿਸਮਾਵਨ ॥੧੪॥–ਚੌੜੀ ਪਾਟੀ ਬਡੇ ਕਠੋਰ[3]। ਇਨ ਐਂਚਨ ਕੋ ਕਿਸ ਮਹਿਂ ਜ਼ੋਰ। ਮਹਾਂ ਮੁਸ਼ਟ ਜੁਗ ਗੋਸ਼ੇ ਕਠਨੈਂ। ਤੈਸੇ ਪਨਚਿ ਸਿਲੇ ਸਮ ਗਠਨੈਂ[4] ॥ ੧੫ ॥ ਇਹ ਗੁਰ ਪੀਰ ਦਾਵ ਕਰਿ ਨਾਨਾ। ਰਖਹਿ ਦਿਖਾਵਾ ਲੋਕਨ ਨਾਨਾ ਸਮਰਥ ਲਖਹਿਂ, ਮਾਨ ਹੈਂ ਆਨ। ਅਰਪਿ ਉਪਾਇਨ ਅਨਿਕ ਮਹਾਨ ॥੧੬॥ ਨਾਂਹਿ ਤ ਇਹ ਕੁਦੰਡ ਬਡ ਭਾਰੇ। ਨਰ ਐਂਚਹਿ ਬਲ ਕਹਾਂ ਬਿਚਾਰੇ। ਜੋ ਵਰੇਸ਼ਤੇ ਬਲੀ ਬਿਸਾਲਾ। ਸੋ ਖੈਂਚਹਿਂ ਜਿਨ ਓਜ ਕਰਾਲਾ ॥ ੧੭ ॥ ਮਾਨੁਖ ਕੌਨ ਆਜ ਜਗ ਸਾਰੇ। ਧਨੁਖ ਐਂਚਿ ਇਨ ਤੇ ਸਰ ਮਾਰੇ–। ਇੱਤਜਾਦਿਕ ਚਿਤ ਬਿਖੇ ਬਿਚਾਰਤਿ। ਹੇਰਿ ਹੇਰਿ ਕਰਿ ਤਰਕ ਉਠਾਰਤਿ ॥੧੮॥ ਸ੍ਰੀ ਸਤਿਗੁਰ ਸਭਿ ਅੰਤਰਜਾਮੀ। ਤਰਕਤਿ ਉਮਰਾਵਨ ਲਖਿ ਖਾਮੀ[5]।–ਹਮ ਕੋ ਜਾਨਹਿਂ ਦੰਭ ਕਮਾਵਹਿਂ। ਹੇਤੁ ਦਿਖਾਵਨ ਧਨੁਖ ਟਿਕਾਵਹਿਂ ॥੧੯॥ ਇਹ ਰਣ ਮਹਿਂ[6] ਪਹੁੰਚੇ ਨਹਿਂ ਆਏ। ਆਨੰਦ ਪੁਰਿ ਚਮਕੌਰ ਜੁ ਘਾਏ। ਦਸ ਦਸ ਮਹਿਂ ਕੌ

[1] ਸਜ਼ਾ ਦਾ (ਡਰ ਦੇਕੇ) ਉਹਨਾਂ ਤੋਂ ਪੁੱਛਿਆ ਭਾਵ ਕਿ ਸੱਚ ਸੱਚ ਦੱਸ ਦਿਓ ਨਹੀਂ ਤਾਂ ਸਜ਼ਾ ਦਿਆਂਗੇ। [2] ਪੁਰਸ਼ਾਂ ਵਿਚ (ਵੜਕੇ) ਆਪੇ ਹੀ (ਵਾਹਿਗੁਰੂ ਨੇ) ਕਾਰ ਕੀਤੀ ਹੈ। [3] ਬੜੀ ਚੌੜੀ ਪਟੀ ਵਾਲੇ ਕਰੜੇ ਹਨ। [4] ਤੈਸੇ ਹੀ ਚਿੱਲੇ ਪੱਥਰ ਵਰਗੇ ਗਠੇ ਹੋਏ। [5] ਉਮਰਾਵਾਂ ( ਦੇ ਦਿਲ) ਦਾ ਖੋਟ ਲਖ ਕੇ। [6] ਭਾਵ ਪਿਛਲੇ ਸਾਡੇ ਜੰਗਾਂ ਵਿਚ।

ਤੀਰ ਨਿਕਾਸਾ। ਸ਼ੱਤ੍ਰ ਬ੍ਰਿੰਦ ਕੋ ਤਤਛਿਨ ਨਾਸ਼ਾ ॥੨੦॥ ਇਨ ਕੋ ਨਿਜ ਬਲ ਚਹਿਯ ਦਿਖਾਵੈਂਨਿ। ਨਤੁ ਬਲ ਅਪਰਨ ਕਰਹਿਂ ਬਤਾਵਨ[1]—।ਇੱ-ਤਜਾਦਿਕ ਬਿਚਾਰਿ ਗੁਰ ਉਰ ਮਹਿਂ। ਦੋਨਹੁੰ ਧਨੁਖ ਉਠਾਏ ਕਰ ਮਹਿਂ ॥ ੨੧॥ ਦੋਨਹੁੰ ਮੁਸ਼ਟ ਹਾਥ ਇਕ ਧਰੀ। ਦੌਨ ਪਨਚ ਇਕ ਚੁਟਕੀ ਧਰੀ। ਬਲ ਤੇ ਐਂਚੀ ਕੋਣ ਨਿਵਾਏ। ਚਾਂਪ ਪ੍ਰਚੰਡ ਖਿਚੇ ਚਿਰੜਾਏ ॥ ੨੨ ॥ ਖੈਂਚਿ ਖੈਂਚਿ ਇਕ ਦ੍ਵੈ ਦੈ ਬਾਲੇ[2]। ਸਭਿਨਿ ਦਿਖਾਏ ਕਰਤਿ ਉਤਾਲੇ। ਲਗਜੋ ਬਡੋ ਬਲ ਐਂਚਤ ਧਨੁ ਕੋ। ਨਹਿਂ ਬਚਾਵ ਕਿਯ ਘਾਵ ਸੁ ਤਨ ਕੋ॥੨੩॥ ਲਗੇ ਜ਼ਖਮ ਤੋਪੇ ਤੁਟਿ ਗਏ। ਰੁਧਰ ਨਿਕਾਸਿ ਪਟ ਭੀਜਤ ਭਏ। ਪੂਰਬ ਤੇ ਭੀ ਘਾਵ ਬਡੇਰਾ। ਭਯੋ ਤੁਰਤ ਹੀ ਤਨ ਮਹਿਂ ਹੇਰਾ। ॥ ੨੪ ॥ ਬਿਸਮਤਿ ਮਨ ਕਿਯੋ ਹਾਹਾਕਾਰਾ। 'ਕਹਾਂ ਭਯੋ' ਕਹਿਂ ਸਕਲ ਨਿਹਾਰਾ। ਹਾਥ ਜੋਰਿ ਉਮਰਾਵਨ ਭਾਖਾ। 'ਸ੍ਰੀ ਪ੍ਰਭੁ ਕਹਾਂ ਕੀਨ ਇਹ ਕਾਂਖਾ' ॥੨੫॥ ਦੇ ਸਿਰੁਪਾਉ ਬਿਦਾ ਤਬਿ ਕਰੇ। ਸੰਧਯਾ ਭਈ ਦੀਪ ਤਬਿ ਜਰੇ। ਜਮਦੁਤੀਆ ਸਸਿ ਦਿਨ[3] ਤਬਿ ਹੋਤੋ। ਬਡੇ ਜਤਨ ਤੇ ਬੰਧਨ ਕਿਤੋ ॥੨੬॥ ਰਾਤਿ ਬਿਤੀਤ ਪ੍ਰਾਤਿ ਹੁਇ ਆਈ। ਦਿਵਸ ਤੀਜ ਆਇਸੁ ਫੁਰ-ਮਾਈ। 'ਲੇਹੁ ਪੰਚ ਸੈ ਕੋਸ਼ ਰਜਤਪਣ। ਕਰਹੁ ਤਿਹਾਵਲ ਰਸਦ ਖਰੀ-ਦਨ ॥੨੭॥ ਇਕ ਸੌ ਕੋ ਚੰਦਨ ਅਨਵਾਵਹੁ। ਗਮਨ ਪ੍ਰਲੋਕ ਸੌਜ ਸਭਿ ਲਜਾਵਹੁ। ਮਾਨਹੁ ਬਚਨ,ਕਰਹੁ ਨਹੀਂ ਟਾਰਾ। ਰਿਦੇ ਅਨੰਦ ਭਜੋ ਕਰ-ਤਾਰਾ ॥੨੮॥ ਕਰਹੁ ਆਜ ਤੇ ਤਜਾਰ ਅਹਾਰਾ। ਪ੍ਰਾਤ ਚਤੁਰਥੀ ਹੈ ਬੁਧਿ-ਵਾਰਾ। ਦਿਹੁ ਸਭਿ ਕੋ ਭੋਜਨ ਮਨ ਭਾਯੋ। ਉੱਦਮ ਕਰਹੁ ਸਿੰਘ ਸਮੁਦਾਯੋ' ॥ ੨੯ ॥ ਅਪਰ ਦਰਬ ਘ੍ਰਿਤ ਹਿਤ ਮਿਸ਼ਟਾਨਾ। ਮੇਵਾ ਚੂਨ ਸੁਪੇਦਾ ਆਨਾ। ਲੰਗਰ ਕਰਨ ਲਗੇ ਨਰ ਘਨੇ। ਬਾਸੁਰ ਅਰੁ ਸਗਰੀ ਨਿਸ ਬਨੇ ॥ ੩੦ ॥ ਪੂਪ ਪੂਰਿਕਾ ਰਚਹਿਂ ਕਰਾਹੇ। ਕਰਿ ਤਿਆਰ ਧਰਿ ਕੋਸ਼ਠ ਮਾਂਹੇ। ਬਨੇ ਕਚੌਰੀ ਬਰੇ ਪਕੌਰੇ। ਡਾਰਿ ਮਸਾਲੇ ਦਧਿ ਮਹਿਂ ਬੋਰੇ ॥ ੩੧ ॥ 'ਬਿਲਮ ਨ ਕਰਹੁ ਧਾਇ ਸਭਿ ਜਾਵਹੁ। ਪੁਰਿ ਤੇ ਸੌਜ ਖਰੀਦ ਲਿਆਵਹੁ'। ਦਯਾ*

[1]ਨਹੀਂ ਤਾਂ ਹੋਰਨਾਂ ਨੂੰ (ਸਾਡਾ) ਵਲ ਦੱਸਣਗੇ ਭਾਵ ਇਹ ਹੈ ਕਿ ਲੋਕਾਂ ਨੂੰ ਬੀ ਇਹ ਕਹਿਣਗੇ ਕਿ ਛਲ ਵਾਸਤੇ ਭਾਰੇ ਧਨੁਖ ਰੱਖੇ ਹੋਏ ਹਨ। [ਬਲ=ਤਾਕਤ। ਬਲ=ਵਲ,ਵਲ ਨਾਮ ਹੈ ਛਲ ਦਾ, ਬਨਾਵਟ]। [2]ਇਕ ਦੋ ਬਾਲੇ ਦਿਤੇ। [3]ਸੋਮਵਾਰ। *ਪਿਛੇ ਅੰਸੂ ੧੪ ਦੇ ਅੰਕ ੪੬ ਦੇ ਫੁਟ ਨੋਟ ਵਿਚ ਦੱਸ ਆਏ ਹਾਂ ਕਿ ਛਾਪੇ ਦੇ ਨੁਸਖੇ ਵਿਚ ਦਇਆ ਸਿੰਘ ਜੀ ਦਾ ਪਰਲੋਕ ਗਮਨ ਦਰਸਾਇਆ ਹੈ ਜੋ ਲਿਖਤੀ ਨੁਸਖਿਆਂ ਵਿਚ ਨਹੀਂ, ਤਿਵੇਂ ਉਸੇ ਛਾਪੇ ਦੇ ਨੁਸਖੇ ਵਿਚ ਇਥੇ ਪਾਠ 'ਜੋਧਾ ਸਿੰਘ' ਹੈ। (ਵੇਖੋ ਐਨ ੨ ਅੰਸੂ ੨੪ ਅੰਕ ੧੨ ਦੀ ਹੇਠਲੀ ਟੂਕ)।

ਸਿੰਘ ਅਰੁ ਧਰਮ ਸਿੰਘ ਸੁਨਿ।ਆਦਿ ਸੰਤੋਖ ਸਿੰਘ ਸਭਿਗੁਨਿ ਗੁਨਿ[1]॥੩੨॥ ਲੇ ਗਨ ਧਨ ਕੋ ਨਗਰ ਪ੍ਰਵੇਸ਼ੇ। ਰਸਦ ਖਰੀਦਨ ਕੀਨਿ ਵਿਸ਼ੇਸ਼ੇ। ਬੰਧਿ ਬੰਧਿ ਪੋਟੀਨ[2] ਉਠਾਇ। ਦੀਨਸਿ ਅਬਚਲ ਨਗਰ ਪੁਚਾਇ ॥ ੩੩ ॥ ਬ੍ਰਿੰਦ ਕਰਾਹੇ ਦਏ ਚਢਾਈ। ਲਗਿ ਪਕਵਾਨ ਹੋਨਿ ਸਮੁਦਾਈ। ਕਰਿ ਸ਼ਨਾਨ ਸੁਚ ਤੇ ਸਭਿ ਲਜਾਇ। ਕਰਹਿੰ ਤ੍ਯਾਰ ਕੋ ਧਰਹਿੰ ਟਿਕਾਇ॥ ੩੪ ॥ ਚਿਤ ਚਿੰਤਿਤ ਸਭਿ ਕੇ ਹੁਇ ਰਹੇ।–ਗੁਰ ਬੈਕੁੰਠ ਗਮਨ ਕੋ ਲਹੇ। ਕੋ ਵਾਲੀ ਅਬਿ ਇਹਾਂ ਹਮਾਰੋ। ਕਿਸਕੋ ਦਰਸ਼ਨ ਕਰਹਿੰ ਨਿਹਾਰੋ–॥ ੩੫ ॥ ਸ੍ਰਵਤ ਸ਼ੋਣ ਘਾਵ ਜੁ ਗੁਰ ਤਨ ਮੈਂ। ਪਿਖਹਿ ਬਿਖਾਦਮਾਨ ਹੁਇ ਮਨ ਮੈਂ। ਪਾਟੀ ਬੰਧ ਕਰਹਿੰ ਉਪਚਾਰ।ਚਹੁੰਦਿਸ਼ਿ ਜੁਗਮ ਚਵਰ ਕੋ ਧਾਰਿ॥ ੩੬ ॥ ਦਿਵਸ ਤੀਜ ਕੋ ਜਬਹਿ ਬਿਤਾਯੋ। ਪੁਨ ਨਿਸ ਮਹਿ ਪਕਵਾਨ ਪਕਾਯੋ। ਕਰਤਿ ਰਹੇ ਮਿਲਿ ਨਰ ਸਮੁਦਾਯਾ। ਪ੍ਰਾਤਿ ਹੋਤਿ ਲਗਿ ਪੁੰਜ ਕਰਾਯਾ ॥ ੩੭ ॥ ਸਭਿਹਿਨਿ ਕੀਨੋ ਸੌਚ ਸ਼ਨਾਨਾ। ਤਿਸ ਛਿਨ ਸ਼੍ਰੀ ਗੁਰ ਹੁਕਮ ਬਖਾਨਾ। 'ਚਾਰੋਂ ਬਰਣ ਜੁ ਆਸ਼੍ਰਮ ਚਾਰ। ਸਭਿ ਸੋਂ ਕਹਿ ਦੀਜੈ ਇਕ ਵਾਰ॥ ੩੮ ॥ ਕਰਹੁ ਪੰਕਤਿਨਿ ਦੇਹੁ ਬਿਠਾਇ। ਦੇਰ ਨ ਕੀਜੈ ਅਸਨ ਅਚਾਇ'। ਸੁਨਿ ਗੁਰ ਹੁਕਮ ਪੁੰਜ ਨਰ ਧਾਏ। ਜਾਇ ਸਭਿਨਿ ਕੌ ਸ਼੍ਰੋਨ ਸੁਨਾਏ ॥੩੯॥ 'ਅਚਨ ਅਹਾਰ ਜੱਗ ਕੋ ਆਵਹੁ। ਲਖਹੁ ਤ੍ਯਾਰ ਨਹਿੰ ਬਿਲਮ ਲਗਾਵਹੁ'। ਸੁਨਿ ਸੁਨਿ ਸਾਧ ਫਕੀਰ ਅਤੀਤ। ਦਿਜ ਆਦਿਕ ਆਏ ਧਰਿ ਪ੍ਰੀਤ॥੪੦॥ –ਗੁਰ ਘਰ ਕੋ ਕੁਨਕਾ ਜੋ ਖਾਇ। ਪਾਵਨ ਤਨ ਮਨ ਤੇ ਹੁਇ ਜਾਇ–। ਇਮ ਮਨ ਜਾਨਿ ਬਰਣ ਜੇ ਚਾਰ। ਆਸ਼੍ਰਮ ਚਾਰੋਂ ਕਰਨ ਅਹਾਰ ॥ ੪੧ ॥ ਅਪਰ ਭੇਖ ਧਾਰੀ ਸਭਿ ਆਏ। ਅਬਚਲ ਨਗਰ ਭੀਰ ਸਮੁਦਾਏ। ਇਕ ਦਰਸਹਿੰ ਇਕ ਆਵਹਿੰ ਚਲੇ। ਇਕ ਬੈਠੇ ਪੰਕਤਿ ਕਰਿ ਭਲੇ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਐਨੇ 'ਜੱਗ ਕਰਨ' ਪ੍ਰਸੰਗ ਬਰਨਨੰ ਨਾਮ ਬੀਸਮੋ ਅੰਸੂ ॥ ੨੦ ॥

੨੧. [ਜੋਤੀ ਜੋਤ ਸਮਾਉਣ ਦੀ ਤਿਆਰੀ। ਉਪਦੇਸ਼]।

ਦੋਹਰਾ ॥ ਬਰਣਾਸ਼੍ਰਮ ਕੀ ਪੰਕਤਾਂ ਪ੍ਰਿਥਕ ਪ੍ਰਿਥਕ ਬੈਠਾਇ। ਸਾਦਰ ਦੇਤਿ ਅਹਾਰ ਕੋ ਨੀਰ ਪ੍ਰਿਥਕ ਕਰਿ ਪਾਇ ॥ ੧ ॥ ਚੌਪਈ ॥ ਪੂਰਬ ਪੰਚਾਂਮ੍ਰਿਤ ਬਰਤਾਯੋ। ਦੇਤਿ ਸ਼ੀਘ੍ਰਤਾ ਸਭਿਹਿਨਿ ਪਾਯੋ। ਪੂਪ ਪੂਰਿਕਾ ਪੁੰਜ ਕਚੌਰੀ। ਬਰੇ ਪਕੌਰੇ ਦੇ ਸਭਿ ਠੌਰੀ ॥ ੨ ॥ ਅਤਿ ਸ੍ਵਾਦਲ ਗੁਰ ਜੱਗਜ ਅਹਾਰਾ।

---

[1] ਸੋਚ ਸੋਚਕੇ। [2] ਪੰਡ੍ਹਾਂ ਪਾਂਡੀਆਂ ਨੇ।

ਅਚਹਿ ਸਰਾਹੈਂ ਬਿਬਿਧ ਪ੍ਰਕਾਰਾ।ਰੁਚਿ ਅਨੁਸਾਰ ਅੱਗ੍ਰ ਸਭਿ ਧਰੈਂ। ਤ੍ਰਿਪਤ
ਭੁਏ ਭੀ ਖੈਬੋ ਕਰੈਂ ॥ ੩ ॥ ਫਿਰੈਂ ਸ਼ੀਘ੍ਰ ਤੇ ਪ੍ਰੋਸਨਹਾਰੇ। 'ਲੇਹੁ ਲੇਹੁ' ਸਭਿ-
ਹੂੰਨਿ ਉਚਾਰੈਂ। ਮਨ ਭਾਵਤਿ ਕੋ ਭੋਜਨ ਦੀਨਿ। ਆਛੀ ਰੀਤਿ ਅਚਵਨੋ
ਕੀਨਿ ॥ ੪ ॥ ਸ੍ਵਾਦ ਪਾਇ ਸਭਿਹੂੰਨਿ ਸਰਾਹੈਂ। ਪਾਨ ਪਖਾਰੈਂ ਤ੍ਰਿਪਤੀ
ਪਾਹੈਂ। ਸੁਜਸੁ ਕਰਤਿ ਗੁਰ ਕੋ ਲਹਿ ਦਰਸ਼ਨ। ਕਦਮ ਪਦਮ ਕੋ ਹਾਥ
ਸਪਰਸ਼ਨ ॥ ੫ ॥ ਆਪ ਆਪਨੇ ਥਾਨ ਪਧਾਰੇ। ਸੋ ਦਿਨ ਬੀਤਯੋ ਦੇਤਿ
ਅਹਾਰੇ। ਸਭਿ ਕੇ ਸੰਗ ਭਨੀ ਗੁਰਬਾਨੀ। 'ਸਿਮਰਹੁ ਪਰਮੇਸ੍ਵਰ ਗੁਨ
ਖਾਨੀ ॥ ੬ ॥ ਪ੍ਰਾਤਿ ਪੰਚਮੀ ਸੁਰ ਗੁਰ ਵਾਰ। ਦਿਵਸ ਭਲੋ ਉਰ ਲੀਨਿ
ਬਿਚਾਰ। ਹੁਇ ਤਯਾਰੀ ਹਮਰੀ ਪਰਲੋਕ। ਧਰਹੁ ਅਨੰਦ ਨ ਕੀਜਹਿ
ਸ਼ੋਕ ॥੭॥ ਜਾਗ੍ਰਨ ਕਰੋ ਜਪਹੁ ਗੁਰਬਾਨੀ। ਸੰਚ ਲੇਹੁ ਸਭਿ ਸੌਜ ਮਹਾਨੀ।
ਚੰਦਨ ਆਦਿ ਸਕਲ ਹੀ ਲਯਾਇ। ਕਿਧਹੁੰ ਨਹੀਂ, ਸੁਧ ਦੇਹੁ ਬਤਾਇ'
॥ ੮ ॥ ਸੁਨਿ ਸੰਤੋਖ ਸਿੰਘ ਸੁਧਿ ਲੀਨ। ਜਹਿ ਕਹਿ ਫਿਰਿ ਕਰਿ ਹੇਰਨ
ਕੀਨ। ਜੋ ਜੋ ਵਸਤੁ ਪਹੂਚੀ ਆਇ। ਕਰੀ ਨਿਵੇਦਨ ਗੁਰ ਢਿਗ ਜਾਇ
॥੯॥ 'ਪ੍ਰਭੁ ਜੀ! ਸੌ ਮਨ ਚੰਦਨ ਆਯੋ। ਅਤਰ ਗੁਲਾਬ ਧਰਯੋ ਸਮੁਦਾਯੋ।
ਸੂਖਮ ਚੀਰ ਮੋਲ ਬਹੁ ਕੇਰਾ। ਸੀਵਨਹਾਰ ਸਿਵਤ ਇਸ ਬੇਰਾ ॥ ੧੦ ॥
ਪ੍ਰਾਤਿ ਹੋਤਿ ਲਗਿ ਪੋਸ਼ਿਸ਼ ਸਾਰੀ। ਬਨਹਿ ਨਵੀਨ ਆਪ ਕੀ ਤਯਾਰੀ।
ਭਾਰ ਕੁਸ਼ਾ ਕੋ ਆਨਿ ਧਰਾਯੋ। ਜਵ ਤਿਲ ਘ੍ਰਿਤ ਕੋ ਪੁੰਜ ਅਨਾਯੋ'॥੧੧॥
ਇੱਤਯਾਦਿਕ ਸਭਿ ਵਸਤੁ ਬਤਾਈ। ਦੀਪਮਾਲ ਜਹਿਂ ਕਹਿਂ ਕਰਿਵਾਈ।
ਪੌਰ ਪੌਰ ਪਰ ਘਰ ਘਰ ਪਰ ਧਰਿ। ਕਰਯੋ ਪ੍ਰਕਾਸ਼ ਤਿਮਰ ਕੋ ਪਰਿਹਰ॥੧੨॥
ਜਹਿਂ ਕਹਿਂ ਗੁਰਬਾਣੀ ਕੋ ਜਪੈਂ। ਪ੍ਰੇਮ ਪ੍ਰਮੇਸ਼ਰ ਕੇ ਮਨ ਰਪੈਂ। ਥਿਰੇ
ਇਕੰਤ ਆਪ ਭਗਵੰਤ। ਮਿਲੇ ਪੁੰਜ ਸਿਖ ਸੰਤ ਮਹੰਤ ॥ ੧੩ ॥ 'ਦੁਰਲਭ
ਦਰਸ਼ਨ ਕਰਿ ਲਿਹੁ ਅਬੈ'। ਕਹਿ ਆਪਸ ਮਹਿ ਪਹੁੰਚੇ ਸਭੈ। ਰਾਤਿ
ਬਿਤਾਈ ਜਾਗ੍ਰਨ ਕਰਿ ਕੈ। ਸਤਿਗੁਰ ਕੇ ਗੁਨ ਸਿਮਰਿ ਸਿਮਰਿ ਕ ॥੧੪॥
ਜਾਮ ਰਹੀ ਜਬਿ ਸੌਚ ਸ਼ਨਾਨੇ। ਸ਼੍ਰੀ ਪ੍ਰਭੁ ਕਰਿ ਕੈ ਲਾਯਸ ਧਯਾਨੇ। ਸਤਿ
ਚੇਤਨ ਆਨੰਦ ਬਿਸਾਲਾ। ਨਿਜ ਸਰੂਪ ਮਨ ਥਿਰੇ ਕ੍ਰਿਪਾਲਾ ॥ ੧੫ ॥
ਨਭ ਸਮ ਬਯਾਪਕ ਜੋ ਸਭਿ ਮਾਂਹੀ।ਅਸ ਪ੍ਰਮਾਤਮਾ ਬਿਨ ਕੋ ਨਾਂਹੀ। 'ਭੂਤ

[1]ਇਥੋਂ 'ਸਤਿ, ਚੇਤਨ, ਆਨੰਦ ਰੂਪ' ਤੇ 'ਅਸੱਤ, ਜੜ੍ਹ, ਦੁਖ ਰੂਪ' ਦੀ ਵਿਚਾਰ
ਚੱਲੀ ਹੈ।

ਭਵਿੱਖ ਨ ਨਾਸ਼ ਪ੍ਰਣਾਮ[1]। ਯਾਂਤੇ 'ਸੱਤਿ' ਕਹਤਿ ਸ੍ਰੁਤਿ ਨਾਮ[2] ॥ ੧੬ ॥ ਮਾਇਆ ਜਗਤ ਅਵਿੱਦਨਾ ਆਦਿ[3]।ਜਿਸ ਬਿਹੀਨ ਜੈੜ ਸਹਤ ਬਿਖਾਦ[4] ਮੇਲੇ ਭਏ ਤੇ ਦੇਹ ਜਿਤੇਕ[5]। ਕ੍ਰਿਯਾਵਾਨ ਹ੍ਵੈਂ ਸਹਤ ਬਿਬੇਕ[6] ॥ ੧੭ ॥ ਯਾਂਤੇ ਚੇਤਨ ਨਾਮ ਬਤਾਵੈਂ। ਮਨ ਆਦਿਕ ਚੰਚਲ ਹ੍ਵੈ ਜਾਵੈ[7]। ਜਿਸ ਬਿਹੀਨ ਦੁਖਿ ਸਗਰੇ ਹੇਰੀ[8]। ਬਿਸ਼ਯਾਨੰਦ ਬੂੰਦ ਜਿਸ ਕੇਰੀ[9] ॥ ੧੮ ॥ ਸੋ ਆਨੰਦ ਕੋ ਉਦਧਿ ਅਪਾਰਾ[10]।ਤਿਸ ਮਹਿ ਬ੍ਰਿੱਤਿ ਟਿਕੀ ਇਕ ਸਾਰਾ[11]। ਜੋ ਮਾਨਵ ਅੱਗਯਾਨ ਬਿਨਾਸ਼ੇ[12]।ਪਾਇ ਕ੍ਰਿਪਾ ਸਮਝੈਂ ਗੁਰ ਆਸ਼ੇ॥੧੯॥ ਬ੍ਰਿਤਿ ਸਥੂਲ ਤੇ ਲੀਨਿ ਹਟਾਇ। ਸੂਖਮ ਕੇ ਬਿਚਾਰ ਮਨ ਲਾਇ। ਰੱਜੂ ਸਰਪ ਜਗਤ ਕੋ ਜਾਨਾ। ਸੱਤਿ ਸਰੂਪ ਆਪਨੋ ਮਾਨਾ ॥ ੨੦ ॥ ਬਾਲਕ, ਤਰੁਨ ਬ੍ਰਿੱਧ ਨਹਿ ਹੋਵਾ। ਜਨਮਹਿ ਨਹੀਂ, ਮਰਨ ਨਹਿ ਜੋਵਾ। ਦੇਹਾਦਿਕ ਹੈਂਤਾ ਨਿਰਵਾਰ। ਸੋ ਸਰੂਪ ਜਾਨਯੋਂ ਨਿਰਧਾਰ[13] ॥੨੧॥ ਹਰਖ ਸ਼ੋਕ ਤਿਨ ਕਹੁ ਕਿਮ ਹੋਵੈ।ਰੂਪ ਅਨਾਸ਼ੀ ਬਿਨ ਦੁਖ ਜੋਵੈ[14]। ਅੰਮ੍ਰਿਤ ਵੇਲੇ ਨੈਨ ਉਘਾਰੇ। ਸਿੰਘਨ ਸਕਲ ਬੰਦਨਾ ਧਾਰੇ॥੨੨॥ਹਾਥ ਜੋਰਿ ਅਰਦਾਸ ਬਖਾਨੀ।'ਕਹਹੁ ਆਪ ਉਪਦੇਸ਼ਨਿ ਬਾਨੀ। ਅਬਿ ਤੌ ਦਰਸ਼ਨ ਤੇ ਸੁਖ ਪਾਵੈਂ। ਜਿਹ ਸੁਨਿ ਪੀਛੈ ਮਨ ਠਹਿਰਾਵੈਂ' ॥ ੨੩ ॥ ਸ਼੍ਰੀ ਗੁਰ ਗੋਬਿੰਦ ਸਿੰਘ ਉਚਾਰੇ। 'ਸੁਨਹੁ ਖਾਲਸਾ! ਤੁਮ ਮਮ ਪਯਾਰੇ! ਨੇਤਿ[15] ਰਚੀ ਪਰਮੇਸ਼ੁਰ ਜੈਸੇ।ਭੂਤ ਭਵਿੱਖ ਨ

---

[1]ਪਿਛੇ ਅਗੇ (ਬੀਤ ਚੁਕੇ ਤੇ ਆਉਣ ਵਾਲੇ ਸਮੇਂ ਵਿੱਚ), ਜਿਸ ਦਾ ਨਾਸ਼ ਤੇ ਪ੍ਰਣਾਮ ਨਹੀਂ ਹੁੰਦਾ, ਭਾਵ ਜੋ ਸਦਾ 'ਹੈ'। [2]ਸ਼੍ਰੁਤੀ (ਉਸ ਪ੍ਰਮਾਤਮਾ ਦਾ) ਨਾਮ 'ਸੱਤਿ' ਕਹਿੰਦੀ ਹੈ। [3](ਚੇਤਨ ਚਲਿਆ ) ਜੋ ਅਵਿਦਿਆ, ਮਾਇਆ ਤੇ ਜਗਤ ਆਦਿਕ ਹਨ। [4]ਜਿਸ (ਚੇਤਨ) ਤੋਂ ਬਿਨਾ (ਇਹ ਸਾਰੇ) ਜੜ੍ਹ ਤੇ ਨਿਸ਼ਚੇਸ਼੍ਰ ਹੈਨ। [ਸੰਸ:, ਵਿਖਾਦ=ਜਿਸ ਵਿੱਚ ਚੇਸ਼ਟਾ ਨਾ ਹੋਵੇ]। [5](ਜਿਸ ਦੇ) ਮੇਲ ਹੋਇਆਂ ਜਿਤਨੀਆਂ ਦੇਹਾਂ ਹਨ......। [6]ਗਯਾਤ ਸਹਿਤ ਤੇ ਕ੍ਰਿਆ ਵਾਲੀਆਂ ਹੋ ਜਾਂਦੀਆਂ ਹਨ। [ਬਿਬੇਕ=ਗਯਾਤ]। [7]ਭਾਵ, ਜਿਸਦੀ (ਚੇਤਨਤਾ) ਕਰਕੇ ਮਨ ਆਦਿਕ ਸਫੁਰਨ ਹੋ ਜਾਂਦੇ ਹਨ। [8](ਹੁਣ 'ਅਨੰਦ' ਦੁਰਿਆ) ਜਿਸ ਅਨੰਦ ਰੂਪ ਤੋਂ ਬਿਨਾਂ ਸਾਰੇ ਦੁਖੀ ਨਜ਼ਰ ਪੈਂਦੇ ਹਨ। [9]ਵਿਸ਼ੇ ਵਿੱਚ ਜੋ ਰਸ (ਆਉਂਦਾ) ਹੈ (ਉਹ) ਉਸ (ਆਨੰਦ ਸਾਗਰ) ਦੀ ਬੂੰਦ ਮਾਤ੍ਰ ਹੈ। [10]ਉਹ ਜੋ ਅਨੰਦ ਦਾ ਅਪਾਰ ਸਮੁੰਦਰ ਹੈ। [11]ਭਾਵ ਸਤ ਚੇਤਨ ਆਨੰਦ ਵਿੱਚ ਜਿਨ੍ਹਾਂ ਦੀ ਬ੍ਰਿਤੀ ਇਕ ਸਾਰ ਟਿਕ ਗਈ ਹੈ। [12](ਐਉਂ ਜੋ) ਮਨੁੱਖ ਅਗਿਆਨ ਦਾ ਨਾਸ਼ ਕਰ ਲੈਂਦੇ ਹਨ। [13]ਨਿਸ਼ਚੇ ਕਰਕੇ ਉਹ ਆਪਣਾ ਸਰੂਪ ਜਾਣਿਆ ਹੈ। [14]ਜੋ (ਆਪਣੇ ਸਰੂਪ ਨੂੰ) ਸਤਿ, ਚੇਤਨ, ਆਨੰਦ ਵੇਖਦੇ ਹਨ [ਅਨਾਸ਼ੀ=ਸਤਿ। ਬਿਨ ਦੁਖ=ਆਨੰਦ]। [15]ਹੋਣ ਹਾਰ, ਭਾਵੀ, ਨੀਯਤ ਕੀਤੀ ਹੋਈ ਬਾਤ।

ਮਿਟੈ ਸੁ ਕੈਸੇ ॥੨੪॥ਜੋ ਜਨਮੇ ਹੁਇ ਹੈ ਤਿਨ ਮਰਨਾ।ਦ੍ਰਿਸ਼ਟਮਾਨ ਲਹਿ ਨਾਸ਼ ਪ੍ਰਹਰਨਾ[1]। ਨਿਸ ਦਿਨ ਸੂਰਜ ਚੰਦ ਉਪਾਏ[2]। ਆਰਬਲਾ ਇਨ* ਗਿਨਤਿ[3] ਬਿਤਾਏ ॥੨੫॥ ਸਦਾ ਅਕਾਲ ਕਾਲ ਭਗਵਾਨਾ[4] ।ਪ੍ਰਜੈ ਅਉਧ ਸਭਿ ਕੋ ਕਰਿ ਖਾਨਾ[5]। ਚਉਦਹਿ ਲੋਕ ਬਿਖੈ ਥਿਰ ਕੋਇ ਨ। ਕੋ ਅਸ, ਕਾਲ ਬਸੀ ਜੋ ਹੋਇ ਨ ॥੨੬॥ਪੰਚ ਤੱਤ ਕੋ ਜਗ ਬਿਸਤਾਰਾ। ਤਿਨ ਭੀ ਭੱਖਹਿ ਕਾਲ ਕਰਾਰਾ[6]। ਜਬਿ ਕਾਰਨ ਹੀ ਲਹਹੈ ਬਿਨਾਸ਼ਾ। ਕਾਰਜ ਥਿਰਿਬੇ ਕੀ ਕਿਤ ਆਸਾ[7]?॥੨੭॥ਸਭਿ ਕੋਰਚਨਹਾਰ ਕਮਲਾਸਨ[8]।ਕਾਲ ਪੁਰਖ[9] ਭਖਿ ਕਰਹਿ ਬਿਨਾਸ਼ਨ। ਤਿਮ ਹੀ ਬਿਸ਼ਨੁ ਸ਼ੰਭੁ ਬਡ ਦੋਊ।ਪ੍ਰਜੈ ਔਧ ਥਿਰ ਰਹੈ ਨ ਕੋਊ ॥ ੨੮ ॥ ਅਪਰਨ ਕੀ ਗਿਨਤੀ ਕਹੁ ਕੌਨ। ਜੋ ਥਿਰ ਰਹੈ ਚੌਦਹੂੰ ਭੌਨ[10]। ਯਾਂਤੇ ਭੂਲ ਦ੍ਰਿਸ਼ਟਿ ਕੋ ਨੇਹੁ। ਨਹਿਂ ਆਛੇ ਦੇ ਕਸ਼ਟ ਅਛੇਹੁ ॥੨੯॥ ਸਤਿ ਚੇਤਨ ਆਦਿਕ† ਜੋ ਕਹੀਯਤਿ। ਸੂਖਮ ਤੇ ਅਤਿ ਸੂਖਮ ਲਹੀਯਤਿ। ਤਿਸ ਢਿਗ ਕਾਲ ਨ ਪਹੁੰਚੈ ਖਾਇ[11]। ਅਬਿ-ਨਾਸ਼ੀ ਜੋ ਨੀਤ ਰਹਾਇ॥੩੦॥ ਸੋ ਸਰੂਪ ਅਪਨੋ ਪਹਿਚਾਨੋ। ਰਹੋ ਅਨਦ ਸ਼ੋਕ ਨਹਿਂ ਠਾਨੋ। ਇਸ ਸਮ ਸਦਾ, ਬਾਲ ਨਹਿਂ ਤਰੁਨਾ ਬ੍ਰਿੱਧ ਨ ਜਨਮ ਨ ਹੁਇ ਕਬਿ ਮਰਨਾ ॥ ੩੧॥ ਦੁਖ ਦਾਰਿੱਦ੍ਰ ਨਹੀਂ ਜਿਸ ਮਾਂਹੀ। ਰੂਪ ਅਨੰਦ ਬਿਘਨ ਕੋ ਨਾਂਹੀ। ਸ੍ਰੀ ਸਤਿਗੁਰ ਕੋ ਤਹਾਂ ਨਿਵਾਸੁ।

---

[1]ਜੋ ਦਿਖਾਈ ਦੇ ਰਿਹਾ ਹੈ ਸਭ ਨੇ ਨਾਸ਼ ਹੋ ਜਾਣਾ ਹੈ। (ਅ) ਨਾਸ਼=(ਪਿੱਛੇ) ਨਾਸ਼ (ਹੁੰਦਾ ਰਿਹਾ ਹੈ)। ਪ੍ਰਹਰਨਾ=(ਅਗੋਂ ਬੀ) ਨਾਸ਼ (ਹੋਵੇਗਾ)। [ਨਾਸ਼=ਬਿਨਾਸ਼। ਪ੍ਰਹਰਨ=ਵਿਨਾਸ਼]। [2]ਸੂਰਜ, ਚੰਦ ਤੇ ਦਿਨ ਰਾਤ ਉਪਾਏ ਹਨ। (ਅ) ਰਾਤ ਨੂੰ ਚੰਦ ਦਿਨ ਨੂੰ ਸੂਰਜ ਉਪਜਦੇ (ਪ੍ਰਗਟਦੇ) ਹਨ। (ਚੰਦ ਦੀ ਗਿਣਤੀ ਤਿਥਾਂ ਤੇ ਸੂਰਜ ਦੀ ਗਿਣਤੀ ਦਿਨ ਵਾਰ ਦੇਂਦੀ ਹੈ, ਇਸ ਗਿਣਤੀ ਨਾਲ ਆਰਬਲਾ ਵਿਹਾ ਰਹੀ ਹੈ)। [3]ਇਨ੍ਹਾਂ (ਦਿਨ ਰਾਤ ਨੂੰ) ਗਿਣਦਿਆਂ। [4]ਇਕ ਕਾਲ ਸਦਾ ਅਕਾਲ ਹੈ। (ਕਾਲ ਨਾਲ ਭਗਵਾਨ ਪਦ ਸਤਿਕਾਰ ਲਈ ਲਾਇਆ ਹੈ, ਜੈਸੇ ਕਹੀਦਾ ਹੈ, ਭਗਵਾਨ ਵੇਦ ਵਿਆਸ)। [5]ਖਾਂਦਾ ਹੈ। [6]ਉਨ੍ਹਾਂ ਨੂੰ ਬੀ ਭਯਾਨਕ ਕਾਲ ਭੱਖਦਾ ਹੈ। [7]ਭਾਵ, ਪੰਚ ਤਤ ਤੋਂ ਜਗਤ ਬਣਿਆ ਹੈ, ਸੋ ਪੰਚ ਤੱਤ ਜਗਤ ਦਾ ਕਾਰਨ ਹੋਏ, ਤਦ ਬਿਨਾਸ ਸਰੂਪ ਦਾ ਕਾਰਜ, ਜੋ ਜਗਤ ਹੈ, ਕੀਕੂੰ ਅਵਿਨਾਸ਼ ਹੋ ਸਕਦਾ ਹੈ? [8]ਬ੍ਰਹਮਾ। [9]ਕਾਲ, ਯਮ [ਸੰਸ:, ਕਾਲਪੁਰਖ=ਕਾਲ, ਯਮ]। [10]ਭਾਵ ਇਹ ਕਿ ਬ੍ਰਹਮਾ ਬਿਸ਼ਨੁ ਸ਼ਿਵ ਸਦਾ ਥਿਰ ਇਹ ਬੀ ਨਹੀਂ ਤਾਂ ਹੋਰ ਕੌਣ ਥਿਰ ਹੈ ਚੌਦਾਂ ਭਵਨਾਂ ਵਿਚ। [11]ਨਾ ਪਹੁੰਚਦਾ ਹੈ ਨਾ ਖਾ ਸਕਦਾ ਹੈ।

*ਪਾ:—ਦਿਨ। †ਪਾ:—ਸੱਤਾ ਚੇਤਨ ਮਾਤ੍ਰ।

ਜਿ।। ਠਾਂ ਹਰਖ ਨ ਸ਼ੋਕ ਨ ਨਾਸ਼* ॥ ੩੨ ॥ ਪਰਮ ਦੁਖੀ ਲਖਿ ਜਗ ਕੇ ਜੀਵ।ਜਿਨ ਕੇ ਮਨ ਸੁਖ ਸ਼ਾਂਤਿ ਨ ਥੀਵ। ਦੇਹ ਅਹੰਤਾ ਧਰਿ ਧਰਿ ਗਾਢੇ। ਦਿਨ ਪ੍ਰਤਿ ਰਾਗ ਦ੍ਵੈਖ ਬਹੁ ਬਾਢੇ ॥ ੩੩। ਪੰਚ ਕਲੇਸ਼ਨ[1] ਬਸੀ ਹਮੇਸ਼। ਭ੍ਰਮਤਿ ਮਾਇਆ ਲਗੇ ਹਮੇਸ਼। ਬਾਦ ਬਿਰੋਧੀ ਪਚਿਪਚਿ ਮਰੈਂ। ਸੰਕਟ ਸਹੈਂ ਨਰਕ ਮਹੁੰ ਪਰੈਂ ॥੩੪॥ ਤਿਨ ਜੀਵਨ ਕੇ ਹਿਤ ਕੋ ਕਰਿਬੇ। ਸਤਿ-ਗੁਰ ਕਰੈਂ ਦੇਹ ਜਗ ਧਰਿਬੇ।ਅਪਨੀ ਸ਼ਕਤਿ ਸਹਿਤ ਉਪਦੇਸ਼ੈਂ। ਉਰ ਤੇ ਹਰਹਿ ਬਿਕਾਰ ਬਿਸ਼ੇਸ਼ੈ॥੩੫॥ ਭਲੇ ਪੰਥ ਕੋ ਚਲਨ ਬਤਾਵੈਂ।ਸ਼੍ਰੇਯ ਲਹੈਂ, ਤਿਸ ਰੀਤਿ ਚਲਾਵੈਂ। ਕਸ਼ਟ ਨਰਕ ਤੇ ਲੇਤਿ ਬਚਾਇ। ਜਗੇ ਭਾਗ ਨਰ ਸੋ ਗੁਰ ਪਾਇ ॥੩੬॥ ਲੇ ਉਪਦੇਸ਼ ਤਰੇ ਜਗ ਸਾਗਰ। ਅਪਰ ਤਰਾਵਹਿੰ ਹੋਤਿ ਉਜਾਗਰ। ਸ਼ੁਭ ਮਗ ਕੋ ਬਤਾਇ ਕਰਿ ਕਾਰਜ। ਅਪਨਿ ਥਾਨ ਪਹੁੰਚੇ ਗੁਰ ਆਰਜ[2] ॥੩੭॥ ਜਿਮ ਛਿਤਿ ਪਰ ਦੁਰਭਿੱਛ ਕਰਾਲਾ। ਜਹਿ ਕਹਿ ਉਪਜਹਿ ਤਪਤ ਬਿਸਾਲਾ। ਜੀਵ ਦੁਖੀ ਪਿਖਿ ਕੈ ਤਤਕਾਲਾ। ਬਿਦਤਹਿ ਨਭ ਮਹਿ ਮੇਘਨਿ ਮਾਲਾ ॥ ੩੮ ॥ ਬਰਖਾ ਕਰਿਕੈ ਤਪਤਿ ਮਿਟਾਵੈ। ਅੰਨ ਉਪਾਵਨ ਤੇ ਤ੍ਰਿਪਤਾਵੈ। ਪੁਨ ਸੋ ਮੇਘ ਲੀਨ ਹੁਇ ਜਾਇ। ਜਹਿਂ ਤੇ ਆਵਹਿਂ ਤਹਾਂ ਸਮਾਇ[3] ॥ ੩੯ ॥ ਤਿਮ ਸਤਿਗੁਰ ਕੇ ਲਖਹੁ ਸ਼ਰੀਰ।ਸ਼ੁਭ ਮਗ ਉਪਦੇਸ਼ਤਿ ਕਰਿ ਧੀਰ।ਨਿਜ ਸਥਾਨ ਮਹਿ ਪਹੁੰਚਹਿ ਜਾਇ। ਨਿਤ ਸਿੱਖਨ ਕੇ ਰਹੈਂ ਸਹਾਇ ॥੪੦॥ ਉਪਜਹਿ ਪ੍ਰੇਮ ਭਾਉ ਮਨ ਜਾਂਕੇ। ਅੰਗ ਸੰਗ ਸਤਿਗੁਰ ਹੈਂ ਤਾਂਕੇ। ਸੱਤਿਨਾਮ ਸਿਮਰਨ ਕੌ ਦੀਨ। ਜਿਸ ਤੇ ਬਨਹੁ ਨਹੀਂ ਕਬਿ ਦੀਨ॥੪੧॥ਧਰਾ ਰਾਜ ਹਿਤ ਸ਼ਸਤ੍ਰ ਗਹਾਏ। ਮਰਹਿ ਜੰਗ ਮਹਿ ਸੁਰਗ ਸਿਧਾਏ। ਦੇਵੀ ਮਾਤ ਅੰਕ ਮਹਿ ਪਾਏ†। ਸਕਲ ਅਕਾਲਪੁਰਖ ਲੜ ਲਾਏ॥੪੨॥ਬੇਦਸ਼ਾਸਤ੍ਰ ਤੇ ਸਾਰ ਨਿਕਾਸਾ‡। ਨਿਜ ਬਾਣੀ ਮਹਿ ਗੁਰਨਿ ਪ੍ਰਕਾਸ਼ਾ। ਪਠਹੁ ਸੁਨਹੁ ਉਪਦੇਸ਼ ਕਮਾਵਹੁ। ਗੁਰ ਕੇ ਲੋਕ ਨਿਸੰਸੈ ਜਾਵਹੁ ॥ ੪੩ ॥ ਤਨ ਕੀ ਗਤਿ ਐਸੇ ਹੀ ਹੋਤਿ। ਬਿਨਸ ਜਾਤਿ ਹੈ ਜਿਤਿਕ ਉਦੋਤ। ਜਿਨਹੁੰ ਨਰਹੁੰ ਸਿਮਰਯੋ ਸਤਿਨਾਮੁ।

[1]ਪੰਜ ਕਲੇਸ਼ ਇਹ ਹਨ:—ਅਵਿਦ੍ਯਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ਼। [ ਅਸਿਮਤਾ= ਪਦਾਰਥਾਂ ਸਬੰਧੀਆਂ ਵਿਚ ਅਹੰ ਬੁੱਧੀ। ਅਭਿਨਿਵੇਸ਼=ਮੌਤ ਦਾ ਡਰ, ਯਾ ਜੀਵਨ ਨਾਲ ਡਾਢੀ ਪਕੜ। ਇਹ ਹਿਸਾਬ ਯੋਗ ਦਰਸ਼ਨ ਦਾ ਹੈ]। [2]ਸ੍ਰੇਸ਼ਟ ਗੁਰੂ। [3]ਦ੍ਰਿਸ਼੍ਟਾਂਤ ਹੈ, ਇਕ ਅੰਗ ਲੈਣਾ ਹੈ। *ਪਾ:—ਜਗ ਮਗ ਜੋਤ ਤਹਾਂ ਪ੍ਰਕਾਸ਼। †ਦੇਖੋ ਰੁਤ ੩ ਅੰਸੂ ੧੨ ਦੇ ਅੰਤ ਦੀ ਟੂਕ। ‡ਦੇਖੋ ਰਾਸ ੩ ਅੰਸੂ ੪੧, ੪੨ ਤੇ ੪੩ ਦੀਆਂ ਹੇਠਲੀਆਂ ਟੂਕਾਂ।

ਆਤਮ ਗ੍ਯਾਨੀ ਥਿਰ ਨਿਜ ਧਾਮੂ ॥ ੪੪ ॥ ਤਿਨਹੁਂ ਆਪਨੋ ਜਨਮ ਸੁਧਾਰਾ।ਪਰੇ ਪਾਰ ਜਗ ਪਾਰਾਵਾਰਾ। ਬਹੁਰ ਨ ਜਨਮ ਮਰਨ ਮਹਿਂ ਆਏ। ਸਤਿ ਚੇਤਨ ਆਨੰਦ ਸਮਾਏ' ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਸਤਿਗੁਰ ਉਪਦੇਸ਼' ਪ੍ਰਸੰਗ ਬਰਨਨੰ ਨਾਮ ਇਕਵਿੰਸਤੀ ਅੰਸੂ ॥ ੨੧ ॥

## ੨੨. [ਜੋਤੀ ਜੋਤ ਸਮਾਉਣ ਦੀ ਤਯਾਰੀ]।

ਦੋਹਰਾ ॥ ਵੀਰਵਾਰ ਤਿਥ ਪੰਚਮੀ ਕਾਤਿਕ ਸੁਦੀ ਸੁਜਾਨ। ਭਈ ਪ੍ਰਭਾਤਿ ਅਨੰਦ ਚਿਤ ਸ੍ਰੀ ਮੁਖ ਕਮਲ ਸਮਾਨ ॥੧॥ ਚੌਪਈ॥ਗਿਰਾ ਸੁਗੰਧਿ[1] ਲੇਨਿ ਕੇ ਕਾਰਨ। ਮਿਲੇ ਚਾਹਿਂ ਨਰ ਮਧੁਪ ਹਜ਼ਾਰਨਿ।ਜੱਗਨ ਬਿਖੈ ਸੁਨਿ ਸੁਨਿ ਜਾਨ ਗਏ।ਅਪਰਨਿ ਸੰਗ ਜਨਾਵਤਿ ਭਏ ॥੨॥ ਜਹਿਂ ਜਹਿਂ ਸੁਧਿ ਪਹੁੰਚੀ ਗੁਰ ਕੇਰੀ। ਮਹਿਮਾ ਭਾਖਤਿ ਬਡਹੁਂ ਬਡੇਰੀ। 'ਦਸਮ ਗੁਰੂ ਸੋਢੀ ਸੁਲ-ਤਾਨ। ਸ੍ਰੀ ਗੋਬਿੰਦ ਸਿੰਘ ਬਿਦਤ ਜਹਾਨ ॥ ੩ ॥ ਬੈਰੀ ਬਨ ਕੋ ਬੰਨ੍ਹਿ[2] ਬਿਸਾਲਾ। ਬੀਰਨ ਬੀਚ ਬਡੋ ਬਲਵਾਲਾ।ਲਰੇ ਅਸੰਖ ਸੰਗ ਘਨ ਸ਼ਯਾਮੂ[3]। ਤਿਮ ਅਤਿਰਥੀ ਭਯੋ ਇਨ ਨਾਮੂ ॥ ੪ ॥ ਕਿਤਿਕ ਦਿਵਸ ਸੁਧਿ ਪ੍ਰਥਮ ਸੁਨਾਈ।ਕਰੈਂ ਪ੍ਰਲੋਕ ਗਮਨ ਗਤਿ ਦਾਈ। ਔਧ ਪੰਚਮੀ ਤਿਥਿ ਲੌ ਆਜ। ਕਰਨੈ ਸਕੇਲਨ ਸਕਲ ਸਮਾਜ ॥ ੫ ॥ ਦੌਰਿ ਦੌਰਿ ਪਹੁੰਚਹੁ ਤਿਨ ਪੌਰ। ਦਰਸਹੁ ਅਬਿ ਸੋਢੀ ਸਿਰਮੌਰ। ਦੁਰਲਭ ਹੈ ਜਿਨ ਦਰਸ਼ਨ ਪਾਵਨ। ਪਰਸੇ ਚਤੁਰ ਪਦਾਰਥ ਪਾਵਨ[4]'॥੬॥ਧਾਇ ਧਾਇ ਅਸ ਕਹਿ ਕਹਿਆਏ। ਚਹੂੰ ਓਰ ਤੇ ਨਰ ਸਮੁਦਾਏ। ਨਿਕਟ ਦੂਰ ਤੇ ਉਰ ਬਿਸਮਾਏ। ਮਿਲੇ ਆਨਿ ਕਰਿ ਆਨੰਦ ਪਾਏ ॥੭॥ ਜੋਗੀ ਜਤੀ ਪੁੰਜ ਬ੍ਰਹਮਚਾਰੀ। ਬੈਰਾਗੀ ਬਹੁ ਭੇਖਨ ਧਾਰੀ। ਹਿੰਦੂ ਤੁਰਕ ਸੁਨੇ ਜਬਿ ਜਿਸ ਕਿਸ। ਉਤਲਾਵਤਿ ਆਵਤਿ ਗਨ ਸਭਿ ਦਿਸ਼ਿ ॥ ੮ ॥ ਪੀਰ ਫਕੀਰ ਸਾਧ ਸਭਿ ਆਏ। ਦਰ-ਸਹਿਂ ਚੌਂਪ ਵਧਾਵਤਿ ਧਾਏ। 'ਧੰਨ ਧੰਨ ਗੁਰ ਸਤਿਗੁਰ ਪੂਰੇ'। ਕਹੈਂ ਸਕਲ ਇਮ ਨਿਕਟ ਕਿ ਦੂਰੇ॥੯॥ਚਹੁੰਦਿਸ਼ਿਨਿ ਤੇ ਮੇਲਾ ਭਯੋ।ਸਤਿਗੁਰ ਸਭਿ ਕੋ ਦਰਸ਼ਨ ਦਯੋ। ਚਾਰ ਘਰੀ ਲਗਿ ਥਿਰੇ ਦਿਵਾਨ। ਪੁਨ ਇਕੰਤ ਭੇ ਪ੍ਰਭੁ ਸੁਜਾਨ ॥੧੦॥ ਦੇਗ ਸਭਿਨਿ ਕੋ ਤਹਿਂ ਬਰਤਾਈ। ਬਾਂਛਤਿ ਲੇ ਕਰਿ ਅਚਿ ਸਮੁਦਾਈ। ਸ੍ਰੀ ਗੁਰ ਅਪਨੋ ਥਾਰ ਅਨਾਯੋ। ਅਚਨੇ ਅਹਾਰ ਜਥਾ ਰੁਚਿ ਭਾਯੋ॥੧੧॥ਪੁਨਹਿ ਪਾਨ ਹਿਤ ਪਾਨ ਕਟੋਰਾ[5]। ਪਾਨ ਗਹਯੋ[6]

[1]ਬਾਣੀ ਰੂਪ ਸੁਗੰਧੀ। [2]ਅਗਨੀ। [3]ਜਿਵੇਂ ਲੜੇ ਸਨ ਕ੍ਰਿਸ਼ਨ ਜੀ ਅਸੰਖਾਂ ਨਾਲ। [4]ਪਾਈਦੇ ਹਨ। [5]ਪੀਣ ਲਈ ਪਾਣੀ ਦਾ ਕਟੋਰਾ। [6]ਹੱਥ ਵਿਚ ਫੜਿਆ।

ਕਿਯ ਆਨਨ ਓਰਾ। ਕੁਛਕ ਪੀਯੋ ਪੁਨ ਚੁਰਾ ਸੁਧਾਰਾ। ਪਾਨ ਪਖਾਰੇ ਥਿਰੋ ਉਦਾਰਾ ॥੧੨॥ ਕਿਤਿਕ ਸਮੇਂ ਪੌਢੇ ਪਰਯੰਕਾ। ਸਾਗਰ ਸੋਢੀ ਬੰਸ ਮਯੰਕਾ[1]।ਭੋਰ ਜਾਮ ਜਬਿਹੂੰ ਦਿਨ ਰਹਯੋ। ਸੁੱਖੇ ਅਰੁ ਅਫੀਮ ਹਿਤ ਕਹਯੋ ॥ ੧੩ ॥ ਮਾਦਿਕ ਛਕੇ ਸੌਚ ਕੋ ਧਰੇ। ਪੁਨ ਸ਼ਨਾਨ ਆਛੀ ਬਿਧਿ ਕਰੇ। ਪੋਸ਼ਿਸ਼ ਸਭਿ ਨਵੀਨ ਅਨਵਾਈ।ਸ਼ੁਸ਼ਕ ਕਾਛ ਕਟਿਕਸੀ* ਸੁਹਾਈ ॥੧੪ ॥ ਕੇਸਨ ਤੇ ਸਭਿ ਨੀਰ ਨਿਚੋਰਾ। ਧੂਪ ਧੁਖਾਇ ਗੰਧ ਝਕਝੋਰਾ[2]। ਜੂਰਾ ਨੀਕੀ ਰੀਤਿ ਬਨਾਯੋ। ਸ਼ਮਸ਼ ਮੂਛ ਕੇਸ਼ਨ ਚਿਕਨਾਯੋ॥ ੧੫ ॥ ਸੂਖਮ ਨੀਕ ਨਈ ਉਸ਼ਨੀਕ[3]। ਚਿਨ ਕਰਿ ਧਰਿ ਥਿਰ ਦਾਸ ਨਜੀਕ।ਜੂਰੇ ਸੰਗ ਛੋਰ[4] ਅਟਕਾਯੋ। ਪੁਨ ਚਹੂੰ ਓਰ ਪੇਚ ਲਪਟਾਯੋ ॥ ੧੬॥ ਸਨੇ ਸਨੇ ਸਭਿ ਪੇਚ ਪ੍ਰਵਾਰੇ। ਪੁਨ ਜੂਰੇ ਪਰ ਲ਼ਗਾਇ ਸੁਧਾਰੇ। ਮੁਕਰ ਮਹਾਨ ਦਿਖਾਇ ਅਗਾਰੀ। ਬਹੁ ਬਿਧਿ ਤੇ ਦਸਤਾਰ ਸਵਾਰੀ ॥ ੧੭ ॥ ਪੁਨ ਖਜ਼ਾਨਚੀ ਜਿਗਾ ਦਿਖਾਈ। ਬਹੁਤ ਮੋਲ ਕੀ ਰੁਚਿਰ ਬਨਾਈ। ਪਾਗ ਭਾਲ ਪਰ ਬੰਧਿ ਸਜਾਈ। ਪੰਕਤਿ ਹੀਰਨ ਕੀ ਦਮਕਾਈ ॥ ੧੮ ॥ ਜ਼ਬਰ ਜਵਾਹਰ ਜ਼ਾਹਰ ਜੋਤਿ।ਜਗਮਗ ਜਗਮਗ ਸ਼ੋਭ ਉਦੋਤਿ। ਮੁਕਤਾ ਗੁੱਛਨ ਸ਼ੁਭਤਿ† ਉਜਾਲਾ। ਸੁੰਦਰ ਕਲਗ਼ੀ ਬਨੀ ਬਿਸਾਲਾ ॥ ੧੯॥ ਨਾਨਾ ਰੰਗ ਜਵਾਹਰ ਲਾਗੇ। ਘਜ਼ਤ ਅਨੂਠੀ ਜ਼ੇਬ ਸੁ ਜਾਗੇ। ਲੇ ਕਰਿ ਸੰਗ ਉਤੰਗ ਸਜਾਈ। ਹਾਲੇ ਸਿਰ[5] ਝੁਲਤਿ ਦਮਕਾਈ ॥ ੨੦॥ ਸੂਖਮ ਤੇ ਸੂਖਮ ਬਰ ਚੀਰ। ਜਾਮਾ ਪਹਿਰਯੋ ਦਿਪੈ ਸਰੀਰ। ਬਹੁ ਪਾਲਨ ਕੋ ਸਜਯੋ ਬਿਸਾਲਾ। ਬੰਦ ਬੰਦ[6],ਲਰਕਾਇ ਸੁ ਢਾਲਾ[7] ॥੨੧॥ਤੀਖਨ ਧਾਰਾ ਖੜਗ ਕਰਾਲੇ। ਕੰਚਨ ਮੁਸ਼ਟ ਜੜਤ ਨਗ ਨਾਲੇ। ਜਿਸ ਕੇ ਲਗੇ ਮੁਨਾਲਿ ਤਨਾਲਾ[8]। ਕੜੀਆਂ ਅਰ ਚਪੜਾਸੁ[9] ਬਿਸਾਲਾ ॥ ੨੨ ॥ ਚਾਮੀਕਰ ਕੇ ਚਮਕਤਿ ਚਾਰੁ। ਜ਼ਰੀ

---

[1]ਸੋਢੀ ਬੰਸ ਰੂਪੀ ਸਮੁੰਦਰ ਦੇ ਚੰਦ੍ਰਮਾਂ। [2]ਸੁਗੰਧੀ ਵਿੱਚ ਮਿਲਾਇਆ। [3]ਦਸਤਾਰ। [4]ਪੱਲਾ। [5]ਸਿਰ ਹਿੱਲਿਆ। [6]ਤਣੀਆਂ ਬੰਨ੍ਹੀਆਂ। [7]ਢਾਲ ਲਰਕਾਈ। [8]ਮਨਾਲ=ਮਿਆਨ ਦੇ ਉਪਰ ਵਲ ਲੱਗਾ ਲੋਹੇ ਚਾਂਦੀ ਯਾ ਸੋਨੇ ਦਾ ਸੰਮ ਜਿਸ ਵਿੱਚ ਕੁੰਡੇ ਹੁੰਦੇ ਹਨ ਜਿਨ੍ਹਾਂ ਵਿਚੋਂ ਤਸਮੇ ਕੱਢਕੇ ਤਲਵਾਰ ਪੇਟੀ ਨਾਲ ਬੰਨ੍ਹੀਦੀ ਹੈ। ਮਿਆਨ ਦੇ ਹੇਠਲੇ ਪਾਸੇ ਜਿਧਰ ਤਲ਼ਵਾਰ ਦੀ ਨੋਕ ਹੁੰਦੀ ਹੈ ਉਸ ਸੰਮ ਤੇ ਠੂਹਕਰ ਨੂੰ 'ਤਨਾਲ' ਕਹਿੰਦੇ ਹਨ। ਪਾਠ 'ਮਨਾਲਤ ਨਾਲਾ' ਕਰਕੇ ਅਰਥ ਕਰਨਾ ਕਿ 'ਮਣੀਆਂ ਲਗੀਆਂ ਹਨ' ਗ਼ਲਤ ਹੈ। [9]ਕੜੀ=ਮਿਆਨ ਦਾ ਕੁੰਡਾ। ਚਪੜਾਸ=ਬਕਸੂਆ। (ਅ) ਪੇਟੀ ਨਾਲ ਲੱਗਾ ਮੋਢੇ ਦੇ ਉਪਰੋਂ ਦੀ ਹੋਕੇ ਦੋਹੀਂ ਦਾਈਂ ਪੇਟੀ ਤੱਕ ਆਇਆ ਗਾਤ੍ਰਾ। (ੲ) ਅਜ ਕਲ ਚਪੜਾਸ ਉਸ ਧਾਤ ਦੀ ਫੱਟੀ ਨੂੰ ਕਹਿੰਦੇ ਹਨ ਜੋ ਚਪੜਾਸੀ ਦੇ ਲੱਗੀ ਹੁੰਦੀ ਹੈ। *ਪਾ:-ਕਛੀ। †ਪਾ:-ਸ੍ਵੱਛ।

ਗਾਤਰਾ ਜਿਹ ਗੁਲਜ਼ਾਰ[1]। ਸ਼੍ਰੀ ਸਤਿਗੁਰ ਲੇ ਕਰਿ ਤਿਹ ਸਮੇਂ। ਪਹਿਰਨ ਤੇ ਪੂਰਬ ਕਰਿ ਨਮੋ ॥ ੨੩ ॥ ਭਰਯੋ ਨਿਖੰਗ ਖਤੰਗਨ ਖਰਨਿ। ਕੰਚਨ ਲਗੇ ਭਏ ਸ਼ੁਭ ਬਰਨ। ਜਰੇ ਕੰਕ ਕੇ ਦੀਰਘ ਪਰਨ[2]। ਜਨੁ ਸਰਪਨ ਕੋ ਘਰ ਹਿਤ ਥਿਰਨ[3] ॥੨੪॥ ਲੇ ਕਰਿ ਗਰੇ ਬਿਖੇ ਤਬਿ ਪਾਯੋ। ਦੁਇ ਦਿਸ਼ਿ ਤੁਰਕਸ਼ ਖੜਗ ਸੁਹਾਯੋ।ਲੇ ਦੁਕੂਲ[4] ਬਹੁ ਮੋਲਾ ਹਾਥ।ਕਮਰ ਕਸੀ ਦਿਢ ਬਲ ਕੇ ਸਾਥ ॥੨੫॥ਬਿਛੂਆ, ਖੰਜਰੁ, ਬਾਂਕ, ਕਟਾਰ। ਪੇਸ਼ ਕਬਜ਼ ਇਹ ਧਰੇ ਸੁਧਾਰਿ। ਕਮਰਕਸਾ ਆਛੀ ਬਿਧਿ ਕਰਯੋ। ਜਥਾ ਜੋਗ ਆਯੁਧ ਗਨ ਧਰਯੋ॥੨੬॥ਮਨਹੁੰ ਸਰਦ ਰਿਤੁ ਕੋ ਘਨ ਠਟਾ[5]। ਕੰਚਨ ਲਿਪਤ ਸ਼ਸਤ੍ਰ, ਦੁਤਿ ਛਟਾ[6]। ਉੱਜਲ ਮੁਕਤਾਹਲ[7] ਕੀ ਮਾਲਾ। ਮਨਹੁ ਬਲਾਕਾ[8] ਸ਼ੁਭ-ਤਿ ਬਿਸਾਲਾ॥੨੭॥ਕਰ ਮਹਿਂ ਧਨੁਖ ਇੰਦ੍ਰਧਨੁ ਸ਼ੋਭਾ[9]। ਸਿੱਖੀ ਸਿਖ ਮਨ ਆਨੰਦ ਗੋਭਾ[10]। ਬੋਲਨ ਮਧੁਰੀ ਧੁਨਿ ਗੰਭੀਰ। ਸੁਨਿ ਹਰਖਤਿ ਜਨੁ ਚਾਤ੍ਰਿਕ ਭੀਰ ॥ ੨੮ ॥ ਜਾਚਤਿ ਬੂੰਦ ਗਯਾਨ ਉਪਦੇਸ਼। ਹਰਨ ਤ੍ਰਿਖਾ ਬਿਸ਼ਯਨਿ ਕਲੇਸ਼। ਚਹੁੰਦਿਸ਼ਿ ਤੇ ਦਰਸ਼ਨ ਹਿਤ ਆਏ। ਲਖਹਿਂ ਮਹਾ-ਤਮ ਕੋ ਮੁਦ ਪਾਏ ॥੨੯॥ ਵਹਿਰ ਸਿੰਘਾਸਨ ਪਰ ਪ੍ਰਭੁ ਥਿਰੇ। ਸਭਿਨਿ ਕਾਮਨਾ ਪੂਰਵਨਿ ਕਰੇ। ਹਾਥ ਬੰਦਿ ਕਰਿ ਨਾਥਹਿ ਬੰਦਹਿਂ[11]। ਕੇਚਿਤ ਸਿਰ ਧਰਿ ਪਦ ਅਰਬਿੰਦਹਿਂ ॥ ੩੦ ॥ ਉਚਰਹਿਂ ਉਸਤਤਿ ਕਰਹਿਂ ਸੁਨਾ-ਵਨ। 'ਜਗਤ ਉਧਾਰਨ ਹਿਤ ਤੁਮ ਆਵਨ। ਲਾਖਨ ਕੋ ਦੇਕਰਿ ਬ੍ਰਹਮ ਗਯਾਨ। ਲਾਖਹੁੰ ਲਾਗੇ ਭਗਤਿ ਮਹਾਨ ॥ ੩੧ ॥ ਗੁਰ ਸਿੱਖੀ ਜਿਤ ਕਿਤ ਬਿਸਤਾਰੀ। ਦੇ ਉਪਦੇਸ਼ ਬਿਸ਼ਯ ਬਿਖ ਟਾਰੀ। ਪੰਥ ਖਾਲਸਾ ਉਤਪਤਿ ਕਰਯੋ। ਤੁਰਕ ਤੇਜ ਜਗ ਤੇ ਪਰਿਹਰਯੋ' ॥ ੩੨ ॥ ਇੱਤਯਾਦਿਕ ਜਸੁ ਕਰਹਿਂ ਉਚਾਰਨ। ਦਰਸ਼ਨ ਪ੍ਰਾਪਤਿ ਨਰਨ ਹਜ਼ਾਰਨ। ਸ਼੍ਰੀ ਮੁਖ ਸਭਿਨਿ ਸੁਨਾਇ ਬਖਾਨਾ। 'ਸੁਨਹੁੰ ਖਾਲਸਾ ਬਨੁ ਸਵਧਾਨਾ ॥ ੩੩ ॥ ਤਨਹੁੰ ਕਨਾਤ ਚੁਗਿਰਦੇ ਭਲੇ। ਜਿਸ ਤੇ ਦੂਰ ਹੋਇ ਨਰ ਖਲੇ। ਸਭਿ ਚੰਦਨ

[1]ਜ਼ਰੀਦਾਰ ਗਾਤਰਾ ਜਿਸ ਵਿਚ ਬੇਲ ਬੂਟੇ ਕੱਢੇ ਹੋਏ ਸਨ। [2]ਬਾਣਾਂ ਨਾਲ ਕੰਕ ਦੇ ਵਡੇ ਖੰਭ ਜੜੇ ਹੋਏ। [3](ਭੱਥਾ) ਮਾਨੋਂ ਸੱਪਾਂ ਦਾ ਘਰ ਹੈ ਠਹਿਰਨ ਲਈ। [4]ਦੁਪੱਟਾ। [5]ਮਾਨੋਂ ਸਰਦ ਰਿਤੁ ਵਿਚ ਬੱਦਲ ਦਾ ਠਾਟ ਹੋਇਆ ਹੈ। [6]ਇਹ ਬਿਜਲੀ ਦਾ ਪ੍ਰਕਾਸ਼ ਹੈ (ਮਾਨੋਂ)। [7]ਮੋਤੀ [ ਸੰਸ: ਮੁਕ੍ਤਾਫਲ]। [8]ਬਗਲਿਆਂ ਦੀ ਪੰਕਤੀ। [9]ਜਿਸ ਦੀ ਸ਼ੋਭਾ ਅਕਾਸ਼ੀ ਪੀਂਘ ਦੀ ਹੈ। [10]ਸਿੱਖਾਂ ਦੇ ਮਨ(ਰੂਪ ਮੋਰ ਅਨੰਦ ਰੂਪ ਲਗਰਾਂ ਪਰ ਲੋਭ ਰਹੇ ਹਨ। [ ਸੰਸ: ਸ਼ਿਖਿਨ=ਮੋਰ। ਗੋਭਾ= ਲਗਰ]। [11](ਸਿਖ) ਗੁਰੂ ਜੀ ਨੂੰ ਬੰਦਨਾਂ ਕਰਦੇ ਹਨ।

ਈਂਧਨ ਤਿਸ ਮਾਂਹੀ । ਪਹੁੰਚਹੁ ਲੇਹੁ ਚਿਤਾ ਰਚਿ ਤਾਂਹੀ ॥ ੩੪॥ ਪ੍ਰਥਮ ਭੂਮ ਕੌ ਲੇਪਹੁ ਸਾਰੇ । ਤਿਸ ਪਰ ਕੁਸ਼ਾ ਦੇਹੁ ਬਿਸਤਾਰੇ । ਚੰਦਨ ਚਿਤਾ ਰਚਹੁ ਤਹਿਂ ਢੇਰ । ਜਵ ਤਿਲ ਘ੍ਰਿਤ ਆਦਿਕ ਦਿਹ ਗੇਰਿ॥੩੫॥ਸ਼ੌਗਭਿ[1] ਧਰਹੁ ਸਕਲ ਤਹਿਂ ਜਾਈ । ਕੀਜਹਿ ਤਯਾਰੀ ਬਿਲਮ ਬਿਹਾਈ । ਸ਼ੌਚ ਸ਼ਨਾਨ ਸਰਬ ਹਮ ਕੀਨਿ । ਪੋਸ਼ਿਸ਼ ਨਈ ਪਹਿਰ ਤਨ ਲੀਨ ॥ ੩੬ ॥ ਨਹਿ ਬਾਂਛੋ ਤੁਮ ਅਪਰ ਕਰਨ ਕੋ[2] । ਬਸਤ੍ਰ ਪਹਿਰ ਕਿਧ ਸ਼ਸਤ੍ਰ ਧਰਨ ਕੋ । ਇਹੀ ਰਹੈਂਗੇ ਸੰਗ ਹਮਾਰੇ । ਭਲੀ ਭਾਂਤਿ ਸਭਿ ਅੰਗੀਕਾਰੇ' ॥ ੩੭ ॥ ਸੁਨਿ ਆਇਸੁ ਕੋ ਸਿੰਘ ਸਿਧਾਰੇ । ਤਨੀ ਕਨਾਤ ਚੁਗਿਰਦੇ ਸਾਰੇ । ਗਾਡੀ ਕਰਿ ਗਾਢੀ ਗਨ ਮੇਖ[3] । ਡੋਰੈਂ ਬੰਧਨ ਕੀਨਿ ਅਸ਼ੇਖ॥੩੮॥ਲੇਪਨ ਕਰਿ ਅੰਤਰ ਕੋ ਥਾਏ । ਚੰਦਨ ਕੋ ਉਚਾਇ ਕਰਿ ਲਯਾਏ । ਗਨ ਈਂਧਨ ਤੇ ਚਿਖਾ ਮਹਾਨੀ । ਰਚੀ ਭਲੀ ਬਿਧਿ ਦਿਢ ਬਹੁ ਠਾਨੀ[4] ॥ ੩੯ ॥ ਜੂਲਿੜ ਹੁਤਾਸਨ ਪਰਹਿ ਨ ਗਿਰਿਕੈ। ਇਸ ਪ੍ਰਕਾਰ ਰਚਿ ਕਾਸ਼ਟ ਧਰਿਕੈ। ਸ਼ੀਸ਼ੇ[5] ਬਹੁ ਗੁਲਾਬ ਕੇ ਛਿਰਕੇ । ਸਹਤ ਕਨਾਤ ਭਿਗੋਵਨ ਕਰਿਕੇ ॥ ੪੦ ॥ ਅਤਰ ਫੁਲੇਲ ਚਿਖਾ ਮਹੁੰ ਡਾਰਾ । ਜਹਿਂ ਕਹਿਂ ਉਠੀ ਅਧਿਕ ਮਹਿਕਾਰਾ। ਇੱਤਯਾਦਿਕ ਸਭਿ ਕਾਰਜ ਕਰਿਕੈ । ਸਤਿਗੁਰ ਕੋ ਪਰਲੋਕ ਸਿਮਰਿਕੈ ॥ ੪੧॥ ਸ਼ੋਕ ਸਹਿਤ ਸੋਗਨਿ ਤੇ ਸੋਚਤਿ।ਬੂੰਦ ਬਿਲੋਚਨ ਤੇ ਜਲ ਮੋਚਤਿ । –ਕਿਸ ਅਲੰਬ ਅਬਿ ਕਰਿ ਹੈਂ ਬਾਸਾ। ਕਿਤ ਦਰਸ਼ਨ ਪ੍ਰਾਪਤਿ ਸੁਖ ਰਾਸਾ ॥ ੪੨ ॥ ਕਰਹਿ ਕੌਨ ਹਮ ਕੋ ਉਪਦੇਸ਼ । ਤਜਨੋ ਦੇਸ਼ ਨਿਜ ਬੀਚ ਬਿਦੇਸ਼–। ਇੱਤਯਾਦਿਕ ਉਰ ਬਿਖੈ ਬਿਚਾਰੈਂ । ਹਾਥ ਸਾਥ ਸਭਿ ਕਾਜ ਸੁਧਾਰੈਂ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੈਕੁੰਠ ਗਮਨ ਤਯਾਰੀ' ਪ੍ਰਸੰਗ ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥ ੨੨ ॥

੨੩. [ਜੋਤੀ ਜੋਤ ਸਮਾਉਣ ਦੀ ਤਿਆਰੀ । ਸੰਗਤ ਨੂੰ ਉਪਦੇਸ਼] ।

ਦੋਹਰਾ ॥ ਕਰਿ ਤਯਾਰੀ ਸਭਿ ਰੀਤਿ ਕੀ ਸਿਖ ਸਗਰੇ ਚਲਿ ਆਇ । ਹਾਥ ਬੰਦਿ ਬੋਲਤਿ ਭਏ ਗਦ ਗਦ ਗਿਰਾ ਸੁਨਾਇ ॥ ੧॥ ਚੌਪਈ ॥ 'ਮਹਾਂਰਾਜ ਕੀ ਆਇਸੁ ਜੈਸੀ । ਮਿਲੇ ਸਕਲ ਕੀਨੀ ਕ੍ਰਿਤ ਤੈਸੀ' । ਸਤਿਗੁਰ ਹੇਰਿ ਖਾਲਸੇ ਓਰੀ । ਜਿਨਹੁੰ ਦ੍ਰਿਗਨਿ ਤੇ ਆਂਸੂ ਛੋਰੀ ॥ ੨ ॥–ਮਮ ਸਰੂਪ ਕੇ ਪ੍ਰੇਮੀ ਮਹਾਂ । ਸਰਬਸ ਤ੍ਯਾਗੇ ਪਹੁੰਚੇ ਇਹਾਂ–। ਇਸ ਬਿਧਿ ਕਰਤੇ

[1]ਸੁਗੰਧੀਆਂ । [2]ਹੋਰ ਕੁਛ ਨਾਂ ਕਰੋ । [3]ਸਾਰੀਆਂ ਮੇਖਾਂ ਡੂੰਘੀਆਂ ਕਰਕੇ ਗੱਡੀਆਂ । [4]ਬਹੁਤ ਪੱਕੀ ਕੀਤੀ । [5]ਪਤਲੇ ਕੱਚ ਦੀਆਂ ਦੇਸੀ ਬਣੀਆਂ ਵਡੀਆਂ ਬੋਤਲਾਂ ।

ਸਿਧਜਾ ਹੋਈ। ਸ੍ਰੀ ਪ੍ਰਭੁ ਦਰਸ ਕੀਯੋ ਸਭਿ ਕੋਈ ॥ ੩ ॥ ਤਬਿ ਸਾਦਰ ਸਭਿ ਨਿਕਟ ਬਿਠਾਰੇ। ਕਹਯੋ 'ਸ਼ੋਕ ਨਹਿਂ ਕਰੀਯਹਿ ਪਯਾਰੇ। ਥੂਲ ਸ਼ਰੀਰ ਸੰਜੋਗ ਵਿਜੋਗਾ[1]। ਈਸ਼ੁਰ ਨੇਤਿ[2] ਚੌਦਹੂੰ ਲੋਗ ॥ ੪ ॥ ਤ੍ਰੈ ਸਨੇਹੁ ਨਹਿ ਨਿਭਿ ਹੈ ਕਯੋਂ ਹੂੰ। ਸਿਕਤਾ ਸਦਨ ਨਦੀ ਤਟ ਜਯੋਂ ਹੂੰ। ਨਿਸ਼ਚੈ ਸ਼ਬਦ ਰਿਦਾ ਹੈ ਮੇਰੋ।ਤਿਹ ਸੋਂ ਮਿਲੀਯਹਿ ਸੰਝ ਸਵੇਰੋ ॥੫॥ ਹਰਿ ਗੁਰ ਗੁਨ ਮਹਿਂ[3] ਮਨਹਿ ਪਰੋਵਹੁ। ਤਿਹ ਸੋਂ ਮਿਲਿ ਨਯਾਰੇ ਨਹਿਂ ਹੋਵਹੁ। ਹਲਤ ਰੁ ਪਲਤ ਸਹਾਇਕ ਜੋਵਹੁ।ਜਮ ਆਦਿਕ ਕੋ ਡਰ ਉਰ ਖੋਵਹੁ' ॥ ੬ ॥ ਸੁਨਤਿ ਖਾਲਸੇ ਕੀਨਸਿ ਬਿਨਤੀ। ਸ੍ਰੀ ਪ੍ਰਭੁ ! ਹਮ ਸਭਿ ਕੇ ਮਨ ਗਿਨਤੀ। ਨੌ ਪਤਿਸ਼ਾਹਿ ਅੰਤ ਕੋ ਸਾਰੇ।ਸੰਗਤਿ ਲਰ ਪਕਰਾਇ ਉਦਾਰੇ॥੭॥ਪੁਨ ਬੈਕੁੰਠ ਗਮਨ ਕੋ ਕਰੈਂ।ਹਮ ਕਿਸ ਕੇ ਪਗ ਪਰ ਸਿਰ ਧਰੈਂ?ਕਿਹ ਕੋ ਕਰਿ ਅਲੰਬ ਕੋ ਚਲੇ?ਪੰਥ ਖਾਲਸਾ ਤੁਮਰੋ ਭਲੇ?'॥੮॥ ਸ੍ਰੀ ਮੁਖ ਤੇ ਤਬਿ ਧੀਰਜ ਦੀਨ। 'ਹਮ ਸਭਿ ਬਾਤ ਪ੍ਰਥਮ ਕਰਿ ਲੀਨਿ। ਰੀਵ ਅਕਾਲ ਪੁਰਖ ਸੋਂ ਪਾਯੋ। ਸੌਂਪਨ ਕਰਿ ਅੰਚਰ ਪਕਰਾਯੋ ॥ ੯ ॥ ਸਦਾ ਰਹਹੁ ਪ੍ਰਭੁ ਚਰਨਨਿ ਸ਼ਰਨੀ।ਅਪਰਨ ਕੀ ਆਸਾ ਨਹਿਂ ਕਰਨੀ।ਲੋਕ ਸੁਖੀ ਪਰਲੋਕ ਸੰਤੋਸ਼ਾ। ਨਿਤ ਪ੍ਰਤਿ ਰਾਖਹੁ ਗੁਰੂ ਭਰੋਸਾ॥੧੦॥ਪਢੀਯਹਿ ਸਰਬ ਗੁਰਨਿ ਕੀ ਬਾਨੀ। ਰਖੀਯਹਿ ਰਹਤ ਜੁ ਹਮਹੁੰ ਬਖਾਨੀ। ਪਾਯਹੁ ਮਾਤ ਕਾਲਿਕਾ ਗੋਦਿ। ਪੰਥ ਖਾਲਸਾ ਲਹੈ ਪ੍ਰਮੋਦ॥੧੧॥ਸਿੰਘ ਸੁ ਰਹਤ ਪੰਚ ਜਹਿਂਮਿਲੇਂ। ਮਮ ਸਰੂਪ ਸੋ ਦੇਖਹੁ ਭਲੇ। ਭੋਜਨ ਛਾਦਨ ਜੋ ਤਿਨ ਦੇਇ।ਮੋਕਹੁ ਪਹੁੰਚਾਵਤਿ ਸਿਖ ਸੋਇ॥੧੨॥ਮਨਹੁੰ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੂਖ ਖਾਪਤਿ। ਸਿਖ ਪੰਚਨ ਮਹਿਂ ਮੇਰੋ ਬਾਸਾ। ਪੂਰਨ ਕਰੌਂ ਧਰਹਿਂ ਜੋ ਆਸਾ ॥ ੧੩ ॥ ਆਯੁਧ ਬਿੱਦਯਾ ਕੋ ਅੱਭਯਾਸਹੁ। ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ। ਜਗਤ ਪਦਾਰਥ ਸਗਰੇ ਪਾਵਹੁ। ਭੋਗਹੁ ਆਪ ਭਿ ਅਵਰ ਭੁਗਾਵਹੁ ॥ ੧੪ ॥ ਮਰਹੁ ਜੁੱਧ ਮਹਿਂ ਸੁਰਗ ਸਿਧਾਰਹੁ। ਸਹਿਕਾਮੀ ਸੁਖ ਸਕਲ ਬਿਹਾਰਹੁ। ਨਿਹਕਾਮੀ ਹੁਇ ਮੁਝ ਸੋਂ ਮੇਲ। ਪਰਹਿ ਨ ਜਨਮ ਮਰਨ ਕੋ ਗੈਲ॥੧੫॥ਕਰੋ ਸ਼ਨਾਨ ਨਾਮ ਅਰੁ ਦਾਨ।ਪ੍ਰੇਮ ਸਮੇਤ ਲਹਹੁ ਕੱਲਯਾਨ। ਬਿਦਤ ਖਾਲਸਾ ਪੰਥ ਭਵਿੱਖਯ। ਅਵਨੀ ਰਾਜ ਕਰਹਿਂ

[1] ਸਥੂਲ ਸ਼ਰੀਰ ਮਿਲਦੇ ਤੇ ਵਿਛੜਦੇ ਰਹਿੰਦੇ ਹਨ। [2] ਨੀਯਤ ਕੀਤੀ ਗੱਲ। ਭਾਵੀ। [3] ਹਰੀ ਤੇ ਗੁਰੂ ਦੇ ਗੁਣਾਂ ਵਿਚ।

ਮਿਲਿ ਸਿੱਖਨ ॥੧੬॥ ਦਿਨ ਪ੍ਰਤਿ ਤੁਰਕ ਨਾਸ਼ ਕੋ ਪ੍ਰਾਪਤਿ। ਬਚਹਿ ਜਿ, ਰੰਕ ਹੋਹਿਂ ਲਹਿਂ ਆਪਤਿ[1]। ਕੀਨੇ ਗਨ ਅਪਰਾਧ ਬਿਸਾਲਾ। ਤਿਨ ਕੋ ਫਲ ਹ੍ਵੈ ਹੈ ਇਨ ਕਾਲਾ ॥੧੭॥ ਅੰਗ ਸੰਗ ਮੁਝਕੋ ਨਿਤ ਜਾਨਹੁ। ਸਦਾ ਸਹਾਇਕ ਅਪਨੋ ਮਾਨਹੁ। ਨਿਤ ਪ੍ਰਤਿ ਗੁਰਬਾਣੀ ਅੱਭਜਾਸਹੁ। ਕੈ ਸ਼ਸ-ਤ੍ਰਨਿ ਸਨ ਸ਼ੱਤ੍ਰ ਬਿਨਾਸ਼ਹੁ ॥੧੮॥ ਦਸਹੂੰ ਗੁਰੁਨਿ ਜਿਮ ਕਰੇ ਬਿਲਾਸਾ। ਸੁਨਹੁ ਪ੍ਰੇਮ ਧਰਿ ਸਭਿ ਇਤਿਹਾਸਾ। ਅਭਿਮਤਿ ਦੇਤਿ ਸਹਤ ਕੱਲਜਾਨ। ਸੁਖ ਪ੍ਰਾਪਤਿ ਪਾਠਕ ਸ੍ਰੋਤਾਨਿ ॥੧੯॥ ਗੁਰੂ ਖਾਲਸਾ ਖਾਲਸਾ ਗੁਰੂ। ਅਬਿ ਤੇ ਹੁਇ ਐਸੀ ਬਿਧਿ ਸ਼ੁਰੂ। ਅਪਨੀ ਜੋਤਿ ਖਾਲਸੇ ਬਿਖੈ। ਹਮ ਨੇ ਧਰੀ ਸਕਲ ਜਗ ਪਿਖੈ*[7]॥੨੦॥ਇਮ ਕਹਿ ਸ਼੍ਰੀ ਪ੍ਰਭੁ ਸ਼ੋਕ ਨਿਵਾਰਾ।ਸਭਿਕੇ ਰਿਦੇ ਹਰਖ ਕੋ ਧਾਰਾ। ਦੀਰਘ ਸ਼ਮਸ਼ ਉਦਰ ਲਗਿ ਆਈ।ਹਾਥਨ ਸਾਥ ਸੁਧਾਰ ਗੁਸਾਈਂ ॥੨੧॥ ਵਧਿ ਕਰਿ ਭਈ ਅਗਾਰੀ ਦੋਇ। ਕੁਛਕ ਫਰਕ ਤੇ ਦੀਖਤਿ ਸੋਇ[2]। ਕੋ ਕੋ ਕੇਸ ਸੇਤ ਹੁਇ ਆਵਾ। ਦ੍ਵੈ ਮੂਛਨਿ ਪਰ ਹਾਥ ਉਠਾਵਾ॥੨੨॥ਇਮ ਬੈਠੇ ਸਤਿਗੁਰੂ ਅਨੰਦਤਿ।ਬਾਰਿ ਬਾਰਿ ਦਰਸਤਿ ਸਿਖ ਬੰਦਤਿ।ਕਹਤਿ ਸੁਨਤਿ ਸਭਿ ਆਧੀ ਰਾਤਿ। ਬੀਤ ਗਈ ਬੈਠੇ ਚਿਤ ਸ਼ਾਂਤਿ। ॥੨੩॥ਲਖਿ ਬਿਕੁੰਠ ਸਤਿਗੁਰ ਆਗਵਨੂ।ਸੁਰਗਨ ਆਏ ਤਜਿ ਕਰਿ ਭਵਨੂ। ਪਾਵਕ[3], ਮਘਵਾ[4],ਬਰਨ[5], ਧਨੇਸ਼ੂ[6]। ਮੂਰਤ ਧਰੀ ਨਿਸੇਸ਼[7], ਦਿਨੇਸ਼ੂ[7] ॥੨੪॥ ਅਸ਼ਟੋ ਬਸੁ ਪਹੁੰਚੇ ਸ਼ਿਵ ਗਜਾਰਾ[8]। ਆਯਹੁ ਬਾਯੁ ਰੂਪ ਨਿਜ ਧਾਰਾ। ਅਸਨਿ ਕੁਮਾਰ[9] ਸੁ ਵਿਸਵੇ ਦੇਵਾ[10]। ਪਹੁੰਚੇ ਸਨਮਾਨਤਿ ਗੁਰਦੇਵਾ ॥੨੫॥ ਕਮਲਾਸਨ ਨਾਰਦ ਤੇ ਆਦਿ। ਗੋਰਖਾਦਿ ਪਹੁੰਚੇ ਅਹਿਲਾਦਿ। ਸਭਿਨਿ ਗਗਨ ਮਹਿਂ ਥਿਰਤਾ ਧਾਰੀ। ਆਏ ਅਪਰ ਜਿ ਅਜ਼ਮਤਿ ਭਾਰੀ

---

[1]ਦਿਨੋਂ ਦਿਨ ਮੁਗਲ ਨਾਸ਼ ਨੂੰ ਪ੍ਰਾਪਤ ਹੋਣਗੇ ਜੋ ਬਚਣਗੇ ਸੋ ਕੰਗਾਲ ਹੋਕੇ ਦੁਖੀ ਹੋਣਗੇ। [2]ਅੱਗੇ ਵਧਕੇ (ਭਾਵ ਹੇਠਾਂ ਨੂੰ ਆਕੇ) ਦਾੜ੍ਹਾ ਦੋ ਭਾਗਾਂ ਵਿੱਚ ਹੋ ਗਿਆ ਹੈ (ਤੇ ਉਹ ਭਾਗ ਹੋਰ ਹੇਠਾਂ ਆਕੇ ਇਕ ਦੂਜੇ ਤੋਂ) ਕੁਛਕ ਫਰਕ ਪਰ ਦਿਖਾਈ ਦਿੰਦੇ ਹਨ। [3]ਅਗਨੀ। [4]ਇੰਦ੍ਰ। [5]ਵਰੁਣ। [6]ਕੁਬੇਰ। [7]ਚੰਦ ਤੇ ਸੂਰਜ ਰੂਪ ਧਾਰਕੇ (ਆਏ)। [8]ਅੱਠੇ ਵਸੂ ਤੇ ਗਿਆਰਾਂ ਸ਼ਿਵ ਪੁੱਜੇ। [9]ਦੇਵਤਿਆਂ ਦੇ ਵੈਦ, ਜੋ ਸੂਰਜ ਤੇ ਉਸਦੀ ਇਸਤ੍ਰੀ 'ਸੰਗਜਾ' ਦੇ ਘੋੜ੍ਹਾ ਘੋੜੀ ਦੇ ਰੂਪ ਵਿਚ ਹੋਕੇ ਉਤਪੰਨ ਕੀਤੇ ਕਹੇ ਜਾਂਦੇ ਹਨ। [10]ਇਕ ਪ੍ਰਕਾਰ ਦੇ ਦੇਵਤਾ, ਜਿਨ੍ਹਾਂ ਦੀ ਪੂਜਾ ਨਾਂਦੀ ਮੁਖ ਸ਼੍ਰਾਧ ਵਿਖੇ ਕਰਦੇ ਹਨ।

*ਪੰਥ ਨੂੰ ਗੁਰਗਾਦੀ ਚਮਕੌਰ ਤੋਂ ਵਿਦਾ ਹੋਣ ਲੱਗੇ ਦੇ ਆਏ ਸਨ, ਦੇਖੋ ਰੁਤ ੬ ਅੰਸੂ ੪੧।

॥੨੬॥ਸਿੱਧ ਪੀਰ ਜੋ ਦੂਰ ਕਿ ਨੇਰੇ। ਬਿੱਦਯਾਧਰ[1]ਗੰਧਰਬ[2]ਘਨੇਰੇ। ਕਿੰਨਰ ਜੱਛ ਅਪੱਸਰਾ ਆਈ। ਥਿਰਿ ਸੁਰਗਨ ਮਹਿਂ ਕਰਤਿ ਵਧਾਈ ॥੨੭॥ ਬਹੁ ਉਤਸਵ ਕੋ ਧਾਰਤਿ ਸਾਰੇ। 'ਜੈ ਜੈ ਸ੍ਰੀ ਗੁਰਦੇਵ' ਉਚਾਰੇ।ਚਾਰਹੁਂ ਵੇਦ ਰੂਪ ਧਰਿ ਆਏ। ਜਥਾ ਕ੍ਰਿਸ਼ਨ ਕੇ ਪਾਸ ਸਿਧਾਏ॥੨੮॥ ਸੁਰ ਗੁਰ ਸ਼ੁੱਕ੍ਰ,ਗਨੇਸ਼, ਸਪਤਿ ਰਿਖਿ। ਥਿਰੇ ਗਗਨ ਮਹਿ, ਹੇਰਨ ਗੁਰ ਸਿਖਿ[3]। ਕੁਛਕ ਕੁਲਾ-ਹਲ ਸਹਿਤ ਪ੍ਰਕਾਸ਼। ਸੁਨਯੋਂ ਪਿਖਯੋ ਜੋ ਥਿਰ ਗੁਰ ਪਾਸ ॥ ੨੯ ॥ ਇਤਨੇ ਮਹਿਂ ਜਪੁਜੀ ਪਠਿ ਕਰਿ ਕੈ। ਪੰਚ ਦੋਹਰੇ ਬਹੁਰ ਉਚਰਿਕੈ। 'ਹਰਿ ਹਰਿ ਜਨ ਦੁਈ ਏਕ' ਉਚਾਰਾ। ਐਸੇ ਆਸ਼ੈ ਜਿਨਹੁਂ ਮਝਾਰਾ॥ ੩੦ ॥ 'ਪ੍ਰਥਮ ਭਗਉਤੀ ਸਿਮਰਨ ਕਰੀਐ। ਸ੍ਰੀ ਨਾਨਕ ਕੋ ਧਯਾਇ ਸੰਭਰੀਐ'। ਇਹ ਪਉੜੀ ਪਠਿ ਕਰਿ ਪੁਨ ਸਾਰੀ। ਖਰੇ ਭਏ ਅਰਦਾਸ ਉਚਾਰੀ ॥ ੩੧ ॥ ਕਰਦ ਕਮਾਨ ਪਾਨ ਮਹਿ ਧਰੀ। ਪਠਿ ਅਰਦਾਸ ਸੰਪੂਰਨ ਕਰੀ। ਪੁਨ ਮਖਮਲੀ ਕਮਰਕਸ ਲੀਨੀ। ਕੰਧੇ ਧਨੁਖ ਟਿਕਾਵਨ ਕੀਨੀ ॥ ੩੨ ॥ ਕਰਦ ਪਾਗ ਮਹਿਂ ਧਰੀ ਬਨਾਇ। ਲਈ ਹਾਥ ਮਹਿਂ ਤੁਪਕ ਉਠਾਇ। ਕਮਰਕਸਾ ਸੰਪੂਰਨ ਕਰਿਕੈ। ਡੇਢ ਜਾਮ ਨਿਸ ਰਹੀ ਵਿਚਰਿਕੈ ॥ ੩੩ ॥ ਦੋਹਰਾ ॥ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ। ਸ੍ਰੀ ਮੁਖ ਤੇ ਉਚਰਨ ਕਰਯੋ ਜੋਤਿ ਜਾਗਤੀ ਅਤੇ ॥ ੩੪ ॥ ਚੌਪਈ ॥ ਪਿਖੇ ਦਿਨਿੰਦ ਪ੍ਰਾਤਿ ਅਰਵਿੰਦੇ[4]।ਬਦਨ ਪ੍ਰਫੁੱਲਤਿ ਤਿਨਹੁਂ ਮਨਿੰਦੇ। ਜਨੁ ਰਾਂਕਾ ਸ਼ਾਰਦ ਕੋ ਚੰਦ[5] । ਆਪਿ ਅਨੰਦਤਿ ਦੇਤਿ ਅਨੰਦ ॥ ੩੫ ॥ ਹਯਨਿ ਦਾਸ ਕੋ ਨਿਕਟ ਨਿਹਾਰਾ। ਸ੍ਰੀ ਮੁਖਿ ਸੋਂ ਤਿਹ ਸਾਥ ਉਚਾਰਾ। 'ਖਾਸ ਤਬੇਲੇ ਜਿਤੇ ਤੁਰੰਗ। ਤੂਰਨ ਸੰਗ ਸੁਧਾਰਹੁ ਅੰਗ ॥੩੬॥ ਜ਼ੀਨ ਜ਼ਰੀ ਕੇ ਸਭਿ ਪਰ ਡਾਲਹੁ। ਕਰਿ ਰਾਖਹੁ ਥਿਰ ਤਯਾਰ ਉਤਾਲਹੁ'। ਸੁਨਿ ਆਇਸੁ ਕੋ ਤੁਰਤ ਸਿਧਾਰੇ। ਸਰਬੰਗਨ ਮਹਿਂ ਕੀਨਸਿ ਤਯਾਰੇ ॥ ੩੭ ॥ ਬਸਨ ਬਿਭੂ-ਖਨ ਸੁੰਦਰ ਪਾਏ। ਦੇ ਕਵਿਕਾ ਤਿਸ ਥਾਨ ਫਿਰਾਏ। ਆਪ ਉਤਾਯਲ ਪਹੁੰਚੇ ਤਹਾਂ। ਪ੍ਰਾਪਤਿ ਭਈ ਭੀਰ ਬਹੁ ਜਹਾਂ ॥ ੩੮ ॥ ਕੌਤਕ ਦਰਸਹਿਂ ਮਨ ਬਿਸਮਾਏਂ[6]। ਜਲਤ ਮਸਾਲ ਝਾਰ ਸਮੁਦਾਏ। ਸ੍ਰੀ ਪ੍ਰਭੁ ਖਰੇ ਸਭਿਨਿ

---

[1]ਇਕ ਪ੍ਰਕਾਰ ਦੇ ਦੇਵਤਾ। [2]ਦੇਵਤਿਆਂ ਦੇ ਰਾਗੀ। [3]ਗੁਰੂ ਤੇ ਸਿੱਖਾਂ ਨੂੰ ਦੇਖਣ ਲਈ। [4]ਸਵੇਰੇ ਸੂਰਜ ਵੇਖਕੇ ਜਿਵੇਂ ਕਮਲ ਖਿਲਦੇ ਹਨ। [5]ਮਾਨੋਂ ਸਰਦ ਰੁਤ ਦੀ ਪੂਰਨਮਾਂ ਦਾ ਚੰਦ੍ਰਮਾਂ। [6](ਸ੍ਰੀ ਗੁਰੂ ਜੀ ਦਾ) ਇਹ ਕੌਤਕ ਦੇਖਕੇ ਮਨ ਵਿੱਚ ਹੈਰਾਨ ਹਨ।

ਮਹਿ ਸ਼ੋਭੈਂ।ਕਿਸਕੀ ਸਮ ਕਹੁੰ ਕੌਨ ਨ ਲੋਭੈ[1]? ॥੩੯ ॥ ਮੁਖ ਪਰ ਜੋਤਿ ਚਗੁਨੀ ਲਸੇ। ਸ਼ਸਤ੍ਰਨਿ ਸਹਤ ਖਰੇ ਕਟ ਕਸੇ। ਦਰਸ਼ਨ ਦੀਨਸਿ ਭਲੀ ਪ੍ਰਕਾਰਾ। ਸਭਿ ਕੋ ਉਪਜਯੋ ਅਨੰਦ ਉਦਾਰਾ ॥ ੪੦ ॥ ਬਿਚ ਕਨਾਤ ਕੇ ਰਹਤਿ ਪ੍ਰਵੇਸ਼ਾ। ਦੇ ਉਪਦੇਸ਼ ਵਿਸ਼ੇਸ਼ ਅਸ਼ੇਸ਼ਾ। 'ਧੰਨ ਧੰਨ ਸਤਿਗੁਰ ਸੁਖਦਾਈ'। ਉਚਰਹਿ ਚਹੁੰਦਿਸ਼ ਨਰ ਸਮੁਦਾਈ। ੪੧ ॥ ਦੋਹਰਾ ॥ ਦ੍ਰਿਸ਼ਟ ਪਰਤਿ ਹੈਂ ਸਭਿਨਿਕੇ ਸ੍ਰੀ ਸਤਿਗੁਰ ਤਿਸ ਕਾਲ। ਨਹੀਂ ਸਪਰਸ਼ਨ ਹੋਤਿ ਹੈ ਇਮ ਲਖਿ ਬਿਸਮ ਬਿਸਾਲ[2] ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥ ੨੩ ॥

## ੨੪. [ਜੋਤੀ ਜੋਤ ਸਮਾਉਣਾ]।

ਦੋਹਰਾ ॥ ਦੀਪਮਾਲਕਾ ਜਹਿ ਕਹਾਂ ਜ੍ਵਲਤਿ ਮਸਾਲ ਕਿ ਝਾਰ। ਪਾਵਤਿ ਧਾਰ ਫੁਲੇਲ ਕੀ ਕਿਧੌਂ ਘ੍ਰਿਤ ਕੋ ਜਾਰਿ ॥ ੧ ॥ ਚੌਪਈ ॥ ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ। ਤਿਮਰ ਸਘਨ ਚਹੂੰ ਦਿਸ਼ ਚਾਲਾ। ਚੰਚਲ ਚਰਨ ਚਿਖਾ ਦਿਸ਼ਿ ਚਲੇ। ਬਸਤ੍ਰ ਸ਼ਸਤ੍ਰ ਸਭਿ ਸ਼ੋਭਿਤਿ ਭਲੇ॥੨॥ਤਨੀ ਕਨਾਤ ਪੌਰ ਜਿਸ ਥਾਨਾ। ਤਹਿੰ ਥਿਰ ਹ੍ਵੈ ਕਰਿ ਬਾਕ ਬਖਾਨਾ।'ਜਾਇ ਚਿਖਾ ਪਰ ਬੈਠੈਂ ਜਬੈ[3]। ਤੁਰਤ ਪ੍ਰਦਛਿਨਾ ਦੈ ਕਰਿ ਸਬੈ ॥ ੩ ॥ ਬਹੁਰ ਹੁਤਾਸਨ ਕੋ ਜ੍ਵਲਤਾਵਹੁ। ਨਮੋ ਕਰਤਿ ਹੀ ਵਹਿਰ ਸਿਧਾਵਹੁ। ਇਸ ਕਾਰਜ ਮਹਿ ਬਿਲਮ ਨ ਕਰਨੀ। ਜਪਹੁ ਪ੍ਰਮੇਸ਼ਰ ਧੀਰਜ ਧਰਨੀ' ॥ ੪ ॥ ਇਮ ਕਹਿ ਸ਼੍ਰੀ ਪ੍ਰਭੁ ਕ੍ਰਿਪਾ ਨਿਧਾਨਾ। ਪਹੁੰਚੇ ਜਾਇ ਚਿਤਾ ਜਿਸ ਥਾਨਾ। ਧਨੁਖ ਸਿਕੰਧ ਤੁਫੰਗ ਟਿਕਾਈ।ਬਰਛੀ ਦਹਿਨੇ ਹਾਥ ਉਠਾਈ ॥੫॥ ਪੇਸ਼ ਕਬਜ਼ ਜਮਦਾੜ੍ਹ ਕੁਠਾਰਾ। ਕਮਰ ਕਸੇ ਮਹਿ ਧਰੇ ਸੁਧਾਰਾ।ਖੰਜਰ ਤਰਕਸ਼ ਖਰ ਸ਼ਮਸ਼ੇਰ। ਰੂਪ ਬੀਰਰਸ ਕੇ ਸਮ ਸ਼ੇਰ[4] ॥੬॥ ਬਦਨ ਅਦੀਨ[5] ਸੁ ਨਯਨ ਪ੍ਰਫੁਲੇ। ਜਿਗਾ ਦਮਕਤੀ ਕਲਗੀ ਝੂਲੇ। ਤਿਸ ਛਿਨ ਬਦਨ ਚੰਦ੍ਰਮਾਂ ਓਰੇ। ਲੋਚਨ ਸਭਿਨਿ ਚਕੋਰਨਿ ਜੋਰੇ॥੭॥ਦਿਪਤਿ ਤੇਜ ਕੋ ਪਿਖਿ ਪਿਖਿ ਸਾਰੇ। ਸਮ ਸੂਰਜ ਕੇ ਗੁਰੂ ਬਿਚਾਰੇ। ਕਮਲ ਨਯਨ ਬਿਕਸਤਿ ਬਿਸ-

[1]ਕਿਸ ਦੀ ਸਮਾਨਤਾ ਕਹਾਂ, (ਆਖੇ ਉਸ ਵੇਲੇ) ਕੌਨ ਨਹੀਂ ਲੁਭਾਇਆ। [2]ਭਾਵ ਗੁਰੂ ਜੀ ਦ੍ਰਿਸ਼ਟੀ ਤਾਂ ਸਾਰਿਆਂ ਨੂੰ ਆ ਰਹੇ ਹਨ ਪਰ ਨੇੜੇ ਹੋਕੇ ਛੋਹ ਪ੍ਰਾਪਤ ਨਹੀਂ ਹੋ ਸਕਦੀ, ਇਉਂ ਲਖਕੇ ਸਾਰੇ ਬਹੁਤ ਹੈਰਾਨ ਹੋ ਰਹੇ ਹਨ। [3](ਅਸੀਂ) ਜਦੋਂ ਏਠੀਏ। [4]ਬੀਰ ਰਸ ਦੇ ਰੂਪ ਵਿਚ ਸ਼ੇਰ ਵਾਂਙ। [5]ਕਦੇ ਦੀਨ ਨਾ ਹੋਣ ਵਾਲਾ ਭਾਵ ਚੜ੍ਹਦੀਆਂ ਕਲਾਂ ਵਾਲਾ।

ਮਾਏ। ਬਿਨਾਂ ਨਿਮੇਖ[1] ਤਿਸੀ ਦਿਸ਼ਿ ਲਾਏ ॥੮॥ਗਨ ਚੰਦਨ ਅਗਰਾਦਿ[2] ਘਨੇਰੇ। ਚਿਖਾ ਬਿਸਾਲ ਰਚੀ ਸਭਿ ਹੇਰੇ।ਭਏ ਅਰੂਢਨਿ ਗੁਰ ਭਗਵਾਨ। ਚਹੁੰਦਿਸ਼ਿ ਈਂਧਨ ਜਹਾਂ ਮਹਾਂਨ॥੯॥ ਸਿੱਖਨ ਕੋ ਆਇਸੁ ਤਬਿ ਦੀਨਿ। ਸਭਿ ਦੇਸ਼ਨ ਕੋ ਰੁਖਸਦ ਕੀਨਿ। ਇਕ ਸੰਤੋਖ ਸਿੰਘ ਜੁਤਿ ਰਹਿਤ[3]।ਤਿਸ ਸੰਗ ਬੋਲੇ ਕਰੁਨਾ ਸਹਿਤ ॥੧੦ ॥ 'ਇਸ ਥਲ ਰਹਹੁ ਦੇਗ਼ ਬਰਤਾਵਹੁ। ਸ਼ਰਧਾ ਜੁਤਿ ਸੋ ਸਿੰਘ ਟਿਕਾਵਹੁ। ਦਰਬ ਅਸੰਖ ਇਹਾਂ ਜੋ ਆਇ। ਤਿਸ ਤੇ ਨਹਿ ਮੰਦਿਰ ਚਿਨਵਾਇ ॥ ੧੧ ॥ ਸਕਲ ਦੇਗ਼ ਪਰ ਦੇਹੁ ਲਗਾਈ। ਪੰਚਾਂਮ੍ਰਿਤ ਆਦਿਕ ਕਰਿਵਾਈ। ਚਿਨਹਿ ਮਹਿਲ ਤਿਸ ਕੁਲ ਗਲ ਜਾਇ। ਯਾਂਤੇ ਕਹੀ ਨਹੀਂ ਬਿਸਰਾਇ[4]' ॥ ੧੨ ॥ ਤਬਿ ਸੰਤੋਖ ਸਿੰਘ* ਕਰ ਜੋਰੇ। 'ਸਿਖ ਸੰਗਤ ਨਾਂਹਿਨ ਇਤ ਓਰੇ। ਕਿਸ ਤੇ ਲੇ ਧਨ ਦੇਗ਼ ਚਲਾਵੈਂ। ਰਹੈਂ ਸਿੰਘ ਸੋ ਕਿਸ ਤੇ ਖਾਵੈਂ' ॥ ੧੩ ॥ ਸ਼੍ਰੀ ਮੁਖ ਤੇ ਤਬਿ ਧੀਰਜ ਦੀਨ। 'ਦੇਸ਼ ਨ ਰਹੈ ਸਿੰਘ ਤੇ ਹੀਨ। ਇਕ ਦੁਇ ਬ੍ਰਿੰਦਕ[5] ਇਹਾਂ ਬਨੈ ਹੈਂ। ਜੋ ਸੰਪੂਰਨ ਦੇਗ਼ ਚਲੈ ਹੈਂ ॥ ੧੪ ॥ ਕਰਹੁ ਪਕਾਵਨ ਦਿਹੁ ਵਰਤਾਇ। ਧਨ ਕੀ ਚਿੰਤ ਨ ਕਰੀਯਹਿ ਕਾਇ'। ਇਮ ਸੁਨਿ ਸਭਿਹਿਨਿ ਸੀਸ ਨਿਵਾਏ। ਦਈ ਪ੍ਰਦਛਿਨਾ ਥਿਰ ਚਹੁੰ ਘਾਏ ॥ ੧੫ ॥ ਜ੍ਵਲਤਿ ਹੁਤਾਸਿਨ ਕੀਨ ਬਿਸਾਲਾ। ਨਿਕਸੇ ਵਹਿਰ ਸਕਲ ਤਤਕਾਲਾ। ਜਬਹਿ ਕਨਾਤ ਪੌਰ ਤਜਿ ਆਏ। ਸ਼ਬਦ ਸ਼੍ਰੌਨ ਮਹਿਂ ਤਬਿ ਸੁਨਿ ਪਾਏ ॥੧੬॥ ਵਾਹਿਗੁਰੂ ਜੀ ਕੀ ਬਹੁ ਫਤੇ। ਬਾਰ ਬਾਰ ਬੋਲਤਿ ਸੁਖਿ ਮਤੇ। ਜਬਿ ਭੀ[6] ਅਗਨਿ ਪ੍ਰਚੰਡ ਬਡੇਰੇ। ਨਹਿਂ ਸ਼ਰੀਰ ਕੇ ਪਰਸੀ ਨੇਰੇ ॥ ੧੭ ॥ ਤਬਿ ਸਮਾਧਿ ਸਤਿਗੁਰੂ ਲਗਾਈ†। ਜੋਗ ਅਗਨਿ ਤੂਰਨ ਉਪਜਾਈ[7]। ਚਢਿ ਅਕਾਸ਼ ਕੋ ਪੰਥ ਪਧਾਰੇ। 'ਹਾਇ

---

[1]ਝਮਕਣ ਤੋਂ ਬਿਨਾਂ। [2]ਅਗਰ ਆਦਿਕ। [3]ਰਹਿਤ ਸਮੇਤ। (ਅ)ਕੋਲ ਰਿਹਾ। [4]ਸਾਡੀ ਕਹੀ ਬਾਤ ਭੁਲਾਉਣੀ ਨਾ। [5]ਟੋਲੇ। [6]ਹੋਈ। [7]ਭਾਵ ਇਹ ਆਪਣੀ 'ਇਛਾ ਅਨੁਸਾਰ ਬ੍ਰਹਮਰੰਧ੍ਰ ਦੇ ਰਸਤੇ ਆਤਮਾਂ ਨੂੰ ਸਰੀਰ ਤੋਂ ਜੁਦਾ ਕਰ ਲਿਆ। ਜੋਗ ਮਾਰਗ ਵਿਚ ਸਭ ਤੋਂ ਉੱਚੇ ਤੇ ਸਭ ਤੋਂ ਸ੍ਰੇਸ਼ਟ ਜੋਗੀ ਦੀ ਮੌਤ ਇੰਵ ਵਰਨੀ ਹੈ। *ਭਾਈ ਦਇਆ ਸਿੰਘ ਜੇ ਜੀਉਂਦੇ ਹੁੰਦੇ ਤਾਂ ਸਭ ਤੋਂ ਮੁਖੀ ਸਿਖ ਓਹ ਸਨ, ਏਹ ਸੌਂਪਣਾ ਤੇ ਪੰਥਕ ਜਥੇਦਾਰੀ ਉਸਨੂੰ ਮਿਲਦੀ। ਭਾਈ ਸੰਤੋਖ ਸਿੰਘ ਦਾ ਇਸੇ ਵੇਲੇ ਮੁਖੀ ਹੋਣਾ ਭਾਈ ਦਇਆ ਸਿੰਘ ਜੀ ਦੇ ਪਹਿਲੋਂ ਚਲ ਬਸਨੇ ਦਾ ਸੂਚਕ ਹੈ।

†ਇਕ ਛਾਪੇ ਦੇ ਨੁਸਖੇ ਵਿਚ ਇਸ ਤੋਂ ਅੱਗੇ ਹੇਠਲਾ ਪਾਠ ਵਾਧੂ ਹੈ ਜੋ ਲਿਖਤੀ ਨੁਸਖਿਆਂ ਵਿਚ ਸਾਨੂੰ ਨਹੀਂ ਮਿਲਿਆ। ਪਾਠ ਇਉਂ ਹੈ:—

ਜਗ ਮਗ ਜੋਤਿ ਤਹਾਂ ਦ੍ਰਿਸ਼ਟਾਈ। ਅਨਹਦਿ ਸਬਦਿ ਉਠੇ ਝੁਣਕਾਰਾ। ਸ੍ਰੀ
ਸਤਿਗੁਰ ਕਾ ਖੇਲ ਅਪਾਰਾ ॥ ੧੮ ॥ ਸੁੰਨ ਸਮਾਧਿ ਅਨਹਦ ਲਿਵਲਾਈ।

ਹਾਇ' ਨਰ ਖਰੇ ਪੁਕਾਰੇ॥੧੮॥'ਜੈ ਜੈ' ਸ਼ਬਦ ਗਗਨ ਮਹਿ ਹੋਵਾ। ਸੁਨਯੋਂ ਸ੍ਰੌਨ ਕੁਛ ਨੈਨ ਨ ਜੋਵਾ।ਗਨ ਦੇਵਨ ਮਹਿ ਨੌਬਤ ਬਾਜੇ।ਸੁਨਤਿ ਸਕਲ ਜਿਮ ਨੀਰਧ[1] ਗਾਜੇ ॥ ੧੯ ॥ ਪਰੀ ਗੂੰਜ ਇਕਬਾਰ ਬਿਸਾਲਾ। ਜਨੁ ਗਾਜਤਿ ਮਧੁਰੀ ਘਨ ਮਾਲਾ। ਭਯੋ ਅਕਾਸ਼ ਪ੍ਰਕਾਸ਼ ਮਹਾਨਾ। ਲਾਲ ਬਰਣ ਸਭਿ ਕੋ ਦ੍ਰਿਸ਼ਟਾਨਾ ॥੨੦॥ ਜਨੁ ਬਰਖਾ ਕਰਿ ਕੁਛ ਘਨ ਲਟੇ[2]। ਸਾਵਨ ਕੀ ਸੰਧਯਾ ਮਹਿ ਫਟੇ। ਸੂਰਜ ਕਿਰਣ ਸਜਲ ਤੇ ਬਰਣ[3]। ਤਿਸ ਬਿਧਿ ਦਿਖਿਯਤਿ ਪੀਤ ਕਿ ਅਰਣ[4] ॥ ੨੧ ॥ ਭੀਰ ਬਿਮਾਨਨ ਕੀ ਬਹੁ ਹੋਈ। ਗੁਰ ਆਗਵਨ ਜਾਨਿ ਸਭਿ ਕੋਈ। ਗੀਰਬਾਣ[5] ਪਹੁੰਚੇ ਸਮੁਦਾਏ। ਜੈ ਜੈ ਧੁਨਿ ਤੇ ਰੌਰ ਉਠਾਏ ॥੨੨॥ ਵਾਹਿਗੁਰੂ ਜੀ ਕੀ ਕ ਹ ਵਤੇ। ਮਿਲੇ ਦੇਵਤਾ ਕੇ ਗਨ ਜਿਤੇ। 'ਧੰਨ ਗੁਰੂ ਸਭਿ ਕਾਰਜ ਕਰੇ। ਦੁਸ਼ਟਨ ਕੁਲ ਬਲ ਤੇ ਪਰਿਹਰੇ' ॥੨੩॥ ਸ੍ਵੈਯਾ॥ਪੰਕਜ ਪੂਤ[6],ਵਿਭੂਤ ਮਿਲੇ ਸ਼ਿਵ,ਆਨਿ ਮਿਲੇ ਪੁਰਹੂਤ[7] ਸਮੇਤਾ। ਨਾਰਦ ਗਾਵਤਿ ਬੇਣ ਲਏ ਗੁਰ ਨਾਨਕ ਕੇ ਪਦ ਜੋ ਸੁਖ ਹੇਤਾ।ਆਦਿ ਹੁਤਾਸਨ[8] ਦੇਵ ਸਬੈ ਬਰ ਦੇਵਵਧੂ ਹੁਇ ਮੋਦ-ਨਿਕੇਤਾ[9]। [10]ਕੌਤਕ ਭਾਂਤਿ ਅਨੇਕ ਨਿਹਾਰਹਿਂ* ਕੈ ਦਿਖਰਾਇ ਬਿਬੇਕ ਸੰਕੇਤਾ[10]॥੨੪॥'ਸ੍ਰੀ ਗੁਰ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਹੈ ਦੁਖ। ਪੰਥ ਰਚਯੋ, ਸ਼ੁਭ ਰੀਬ ਸਚਯੋ, ਅਰਿ ਪੁੰਜ ਪਚਯੋ[11] ਅਰ ਕੈਠਾਂ† ਲਹਯੋ ਸੁਖ[12]। ਤੇਜ ਬਿਸਾਲ ਕ੍ਰਿਪਾਲ ਸਦਾ ਬਿਕਸਯੋ ਅਰਬਿੰਦ ਬਿਲੰਦ ਦਿਪੈ ਮੁਖ।ਹਿੰਦਨ ਬ੍ਰਿੰਦ ਕੀ ਲਾਜ ਰਖੀ,ਤੁਰਕਾਨ ਪ੍ਰਤਾਪ ਖਪਾਇ ਰਿਸੇ ਰੁਖ[13]॥੨੫॥ਹੋਤਿ ਕੁਲਾਹਲ ਦੇਵਨ ਮਹਿਂ ਗਨ ਦੇਵਵਧੂ ਬਹੁ ਨਾਚਤਿ ਹੈਂ।

[1]ਬੱਦਲ। [2]ਹਟੇ। [3]ਜਲ ਸਹਿਤ ਸੂਰਜ ਦੀ ਕਿਰਨਾਂ ਦਾ ਰੰਗ। [4]ਲਾਲ ਕਿ ਪੀਲਾ, ਭਾਵ ਅਕਾਸ਼ੀ ਪੀਂਘ ਦੇ ਰੰਗਾਂ ਤੋਂ ਜਾਪਦਾ ਹੈ। [5]ਦੇਵਤੇ। [6]ਬ੍ਰਹਮਾਂ। [7]ਇੰਦ੍ਰ। [8]ਅਗਨੀ ਆਦਿਕ। [9]ਖੁਸ਼ੀ ਦਾ ਘਰ ਹੋਕੇ ਭਾਵ ਬਹੁਤ ਪ੍ਰਸੰਨ ਹੋਕੇ। [10]ਅਨੇਕ ਤਰ੍ਹਾਂ ਦੇ ( ਅਦਬ ਸਤਿਕਾਰ ਤੇ ਗੁਣਾਨੁਵਾਦ ਵਾਲੇ) ਕੌਤਕ (ਕੋਈ ਦੇਵਤੇ ਤਾਂ) ਕਰ ਰਹੇ ਹਨ ਤੇ ਕੋਈ ਦੇਖ ਰਹੇ ਹਨ ( ਪਰ ਉਹਨਾਂ ਕੌਤਕਾਂ ਵਿਚ) ਬਿਬੇਕ ਦੇ ਇਸ਼ਾਰੇ ਹਨ [ਸੰਸ:, ਸੰਕੇਤ=ਇਸ਼ਾਰਾ]। (ਅ) ਅਨੇਕ ਭਾਂਤ ਦੇ ਕੌਤਕ (ਦੇਵਤੇ ਆਦਿ) ਕਰਕੇ ਦਿਖਾਉਂਦੇ ਹਨ ਗਯਾਨ ਦੇ ਘਰ (ਗੁਰੂ ਜੀ) ਨੂੰ ( ਅਤੇ ਓਹ) ਦੇਖ ਰਹੇ ਹਨ ( ਉਹਨਾਂ ਨੂੰ )। [ ਸੰਕੇਤ=ਸੰ ਕੇਤ=ਘਰ। ਸੰਸ:; ਧਾਤੂ ਕਿਤ੍=ਵੱਸਣਾ ਤੋਂ ]। ਸੂਚਨਾ—ਦੇਵਤੇ ਤਾਂ 'ਮੋਦ ਨਿਕੇਤਾ'=ਖੁਸ਼ੀ ਦਾ ਘਰ ਹੋ ਰਹੇ ਹਨ ਪਰ ਗੁਰੂ ਜੀ 'ਵਿਵੇਕ ਸੰਕੇਤਾ' ਹਨ, ਕਿ ਓਹ ਪੂਰਨ ਗਯਾਨ ਵਿਚ ਟਿਕੇ ਖੜੇ ਸਭ ਕੁਛ ਵੇਖ ਰਹੇ ਹਨ। [11]ਖਪਾਇਆ। [12]ਅਤੇ ਸੁਖ ਇਕੱਠਾ ਕਰ ਲਿਆ। [13]ਰਤੀ ਕੁ ਭਰ ਗੁੱਸੇ ਨਾਲ।

*ਪਾ:—ਅਨੇਕਨਿ ਕੋ ਕਰਿ ਕੈ। †ਪਾ:—ਅਰਕੈਨ ਲਹਯੋ।

ਮੰਗਲ ਕੋ ਸਰਬੰਗ ਧਰੈਂ ਜੈ ਬਾਕ ਉਤੰਗ ਉਬਾਚਤਿ ਹੈਂ । ਬਾਜਤਿ ਬ੍ਰਿੰਦ ਮ੍ਰਿਦੰਗ, ਉਪੰਗ[1], ਮਚੰਗ[2], ਸੁਰੰਗਨਿ[3] ਰਾਚਤਿ ਹੈਂ।ਜਾਚਤਿ ਹੈਂ ਦਰਸੰਨ ਪ੍ਰਸੰਨਹਿ 'ਧੰਨ ਗੁਰੂ' ਮੁਦ ਮਾਚਤਿ ਹੈਂ[4] ॥੨੬॥ ਸ੍ਰੀ ਗੁਰ ਤੇਗ ਬਹਾਦਰ ਨੰਦ ਕੇ ਆਦਰ ਕਾਰਨ ਦੇਵ ਮਿਲੇ।ਧੀਰ ਬਹਾਦਰ ਕੋਅਵਿਲੋਕ ਅਸ਼ੋਕ ਭਏ ਗਨ ਸੰਗ ਚਲੇ। ਸ੍ਰੀ ਪ੍ਰਭੁ ਹੇਰਿ ਸਮੂਹਨ ਕੋ ਮਿਲਿ ਰੀਤਿ ਜਥੋਚਿਤ ਕੀਨ ਭਲੇ । ਕੌਤਕ ਹ੍ਵੈ ਉਤਸਾਹਨ ਕੋ ਇਮ ਆਪਸ ਮਹਿ ਹਰਖਾਇ ਚਲੇ॥੨੭॥ ਦੋਹਰਾ॥ ਇਸ ਪ੍ਰਕਾਰ ਸੁਰਲੋਕ ਮਹਿ ਦੇਵਨ ਉਤਸਵ ਕੀਨ । ਪੌਰ ਪੌਰ ਸਭਿ ਠੌਰ ਮਹਿ ਮੰਗਲ ਮੋਦ ਪ੍ਰਬੀਨ॥੨੮॥ਸੈਯਾ॥ [5]ਛੋਰਿਕੈ ਪੌਰ ਕੀ ਠੌਰ ਕਨਾਤ ਤੇ ਬਾਹਿਰ ਆਨਿ ਥਿਰੇ ਸਮੁਦਾਯਾ।ਬੈਠਿ ਗਏਗਨਸਿੰਘ ਚਹੂੰਦਿਸ਼ਿ ਲੋਚਨ ਤੇ ਜਲ ਪੁੰਜ ਬਹਾਯਾ।ਸੂਰਤਿਸ਼੍ਰੀ ਗੁਰਕੀਮ੍ਰਿਦੁ* ਮੂਰ-ਤਿ ਧ੍ਯਾਨ ਧਰੇ ਮਨ ਕੋ ਠਹਿਰਾਯਾ । ਬ੍ਰਿੰਦ ਭਲੇ ਗੁਨ ਕੋ ਸਿਮਰੈਂ ਸ਼ੁਭ ਸ਼ੀਲ ਸਰਾਹਿਤਿ ਦੀਰਘ ਦਾਯਾ[6]॥੨੯॥'ਸ਼੍ਰੀਪ੍ਰਭੁ!ਸਿੰਘ ਕਦੰਬ[7] ਪੰਜਾਬਕੇ ਕੌਨ ਅਲੰਬ ਇਹਾਂ ਹਮ ਕੇਰਾ।ਕੌਨ ਕੇ ਹੋਇ ਸਮੀਪ ਥਿਰੈਂ ਨਿਤ, ਕਾਹਿ ਪਿਖੈਂ ਸਭਿ ਸੰਝ ਸਵੇਰਾ।ਸ਼੍ਰੀ ਮੁਖ ਤੇ ਬਿਨ ਚਾਰੁ ਗਿਰਾ ਕਿਸ ਤੇ ਉਪਦੇਸ਼ ਸੁਨੈਂ ਕਰਿ ਘੇਰਾ। ਦੇਖਿ ਕਿਸੇ ਹਮ ਆਨੰਦ ਪਾਵਹਿਂ ਲੋਕ ਦੁਹੂੰ ਵਿਸ਼ਵਾਸ਼ ਵਡੇਰਾ?'॥੩੦॥ਲੋਚਨ ਤੇ ਜਲ ਮੋਚਤਿ ਸੋਚਤਿ ਨੀਂਮ੍ਰਿ ਕਰੈਂ ਮੁਖਿ, ਹੀ ਦੁਚਿਤਾਈ[8] । ਏਕ ਕੇ ਸੰਗ ਨ ਦੂਸਰ ਬੋਲਤਿ ਦੇਖਨ ਕੋ ਨਹਿਂ ਦ੍ਰਿਸ਼ਟਿ ਚਲਾਈ । ਜਨੈਂ ਬਹੁ ਨਾਗਨ ਕੀ ਮਣਿ ਏਕ, ਭਈ ਕਿਤ ਲੋਪ, ਨਹੀਂ ਪੁਨ ਪਾਈ:-[9]"ਭਾਗ ਬਿਹੀਨ ਬਿਯੋਗ ਸਹ੍ਯੋ, ਗੁਰ ਸੰਗ ਗਏ ਨ ਸਰੀਰ ਬਿਹਾਈ[10]॥੩੧॥ਪੇਖਹੁ ਪ੍ਰੀਤਿ ਪਤੰਗਨ ਕੀ ਛਿਨਮੈਂ ਤਨ ਦੇਤਿਬਿਲੋਕਿ ਪ੍ਰਕਾਸ਼ਾ । ਨਾਦ ਸੁਨੇ ਅਹਿਲਾਦ ਰਿਦੈ ਕਰਿ ਹ੍ਵੈ ਵਿਸਮਾਦ ਤੇ ਏਣੁ[11]

---

[1]ਨਸਤੂੰਗ ਨਾਮੇ ਬਾਜਾ ਜੋ ਗਲੇ ਨਾਲ ਵਜਦਾ ਹੈ। [2]ਇਕ ਬਾਜਾ, ਜਿਸ ਦਾ ਸਿਰ ਝੁਕਿਆ ਹੁੰਦਾ ਹੈ, ਸਾਰੰਗੀ । [ ਫ਼ਾ:, ਚੰਗ=ਸਾਰੰਗੀ । ਹਿੰਦੀ, ਮੁ=ਵਡਾ । ( ਅ ) ਮੁ+ਚੰਗ=ਵਡੀ ਸਾਰੰਗੀ । ਸ਼ੈਕ: ਕੋਸ਼ ਵਿਚ ਲਿਖਿਆ ਹੈ, ਮੁ=ਮੂੰਹ । ਚੰਗ=ਇਕ ਬਾਜਾ, ਬਰਬਤ ਬਾਜਾ]। (ਅ) ਦੱਫ । [3]ਸੁਰਾਂਗ । ਸਾਰੰਗੀ ਵਰਗਾ ਗਜ਼ ਨਾਲ ਵੱਜਣ ਵਾਲਾ ਇਕ ਵਾਜਾ । [4]ਖੁਸ਼ੀ ਵਿਚ ਮਚਦੇ ਹਨ । [5]ਦੇਵਤਿਆਂ ਦਾ ਪ੍ਰਸੰਗ ਛਡਕੇ ਹੁਣ ਅਬਚਲ ਨਗਰ ਦੇ ਸਿੱਖਾਂ ਦਾ ਹਾਲ ਦੱਸਦੇ ਹਨ । [6]ਬਹੁਤ ਦਇਆ ਨੂੰ ਸਲ ਹੁੰਦੇ ਹਨ । ( ਅ ) ਦਾਈਆ । [7]ਸਾਰੇ । [8]ਹਿਰਦੇ ਵਿਚ ਚਿੰਤਾ ਹੈ । [9]ਸਿੰਘ ਬਿਰਹਾ ਕਰਦੇ ਹਨ:- [10]ਸਰੀਰ ਛੱਡਕੇ ਨਾਲ ਨਾ ਗਏ । [11]ਹਰਨ । *ਪਾ:-ਮਧੁ ।

ਬਿਨਾਸਾ[1]।ਏਕ ਸੁਗੰਧਿ ਤੇ ਅੰਧ ਮਧੂ ਬ੍ਰਿਤਿ ਛੋਰਤਿ ਨਾਂਹਿ ਪ੍ਰਮੋਦ* ਮਹਿ ਵਾਸਾ[2]।ਮੀਨ ਰਹੈ ਜਲ ਤੇ ਸੁਰ ਸੋਂ,ਬਿਛਰੇ ਮਰਿ ਜਾਤਿ,ਸੁ ਪ੍ਰੇਮ ਉਪਾਸਾ[3] ॥੩੨॥ ਕਹਾ ਇਹ ਜੰਤੁ ਮਲੀਨ ਮਹਾਂ, ਕਰਿ ਪ੍ਰੇਮ ਕੋ ਦੇਤਿ ਹੈਂ ਆਪਨੇ ਪ੍ਰਾਨਾ। ਹੈ ਹਮਰੋ ਤਨ ਮਾਨੁਖ ਕੋ ਸਭਿ ਜਾਨਤਿ ਹੈਂ ਮਨ ਲਾਭ ਰੁ ਹਾਨਾ। ਸ੍ਰੀ ਗੁਰ ਪ੍ਰੀਤਿ ਸਦਾ ਸੁਖਦਾ ਦੁਹਿ ਲੋਕਨ ਮੈਂ ਕਰਤੀ ਸੁ ਕਲਜਾਨਾ। ਸੋ ਹਮ ਜਾਨਿ ਮਹਾਤਮ ਕੋ ਨਿਰਬਾਹਿ ਨ ਕੀਨ[4] ਭਏ ਅਨ-ਜਾਨਾ॥੩੩॥ਪਾਹਨ ਤੇ ਨਿਠਰੋ ਹਮਰੋ ਉਰ ਪ੍ਰੀਤਮ ਕੇਰ ਬਿਯੋਗ ਸਹਾਰਾ। ਜਾਂਹਿ ਬਿਨਾਂ ਸੁਖ ਲੇਸ਼ ਨਹੀਂ ਦੁਹਿੰ ਲੋਕਨ ਕੋ ਪ੍ਰਭੁ ਮਾਲਿਕ ਭਾਰਾ। ਤਾਂ ਬਿਨ ਬੈਠਿ ਰਹੇ ਬਨਿ ਦੀਨ, ਗਏ ਨਹਿਂ ਸਾਥ ਜੁ ਨਾਥ ਉਦਾਰਾ'। ਕ੍ਰੂਰ ਬਿਸੂਰਤਿ ਹੈਂ ਬਨ ਮੂਰਤਿ[5] ਅੰਗ ਅਡੋਲ ਥਿਰੇ ਇਕਸਾਰਾ॥ ੩੪ ॥ ਸ੍ਰੀ ਗੁਰ ਆਇਸੁ ਕੇ ਬਸਿ ਹ੍ਵੈ ਕਰਿ ਪ੍ਰਾਤ ਲੌ ਚਾਰਹੂੰ ਓਰ ਥਿਰੇ। ਦਾਸ ਤੁਰੰਗਨ ਮਹਿਂ ਗਮਨਯੋਂ ਇਕ, ਰੰਗ ਕੁਮੈਤ ਨ ਡੀਠ ਪਰੇ। ਦਾਮ ਖੁਲੇ ਅਗਵਾਰ ਪਿਛਾਰਿ,ਬਿਲੋਕਤਿ ਥਾ ਤਿਸਥਾਨ ਪਰੇ[6]।–ਕੌਨਸੋਪੀਥ ਉਲੰਘ ਗਯੋ ਤਿਸ ਰੀਤਿ ਰਹੇ ਇਹ ਦ੍ਵਾਰ ਖਿਰੇ–॥ ੩੫ ॥ ਆਨਿ ਭਨਯੋਂ ਸਭਿ ਸਿੱਖਨ ਬੀਚ 'ਤੁਰੰਗ ਕੁਮੈਤ ਨਹੀਂ ਨਿਜ ਥਾਨੇ। ਜ਼ੀਨ ਕੋ ਪਾਇਕੈ ਤਯਾਰ ਕਰੇ ਸਭਿ ਏਕ ਪੈ ਆਪ ਚਢੇ ਪ੍ਰਸਥਾਨੇ'। ਸ੍ਰੋਨ ਸੁਨੇ ਬਿਸਮਾਇ ਬਿਲੋਕਤਿ 'ਏਕ ਨਹੀਂ, ਹਿਤ ਜਾਂ ਪਰ ਠਾਨੇ। ਔਰ ਖਰੇ ਅਸੁ ਮੋਚਤਿ ਹੈਂ ਅਸੁ', ਹੀਯ ਸੰਦੇਹ ਭਏ, ਕਿਮ ਜਾਨੇ[7] ॥੩੬॥ ਦੋਇ ਘਰੀ ਜਬਿ ਦਯੋਸ ਚਢਯੋ ਬਹੁਰੋ ਚਿਤ ਸੋਚਤਿ ਸੰਕਟ ਪਾਏ। ਈਂਧਨ ਲਯਾਵਨਿ ਹਾਰਿ ਹੁਤੋ ਤਿਨ ਬਾਹਰਿ ਸ੍ਰੀ ਪ੍ਰਭੁ ਕੋ ਦਰਸਾਏ[8]। ਆਇ ਗਯੋ ਪੁਨ ਸਿੱਖਨ ਮਹਿਂ ਜਹਿਂ ਸ਼ੋਕ ਸਮੇਤ ਰਿਦੈ ਸਮੁਦਾਏ।ਹੇਰਿ ਖਰੋਹੁਇ ਦੀਨ ਸੰਦੇਸਹਿ[10] 'ਮੋਹਿ

[1]ਮ੍ਰਿਗ (ਆਪਣਾ ਆਪ) ਨਾਸ਼ ਕਰਦਾ ਹੈ। [2]ਇਕ ਸੁਗੰਧੀ ਦੇ ਨਾਲ ਅੰਨ੍ਹਾ ਹੋਇਆ ( ਭਾਵ ਪ੍ਰੇਮੀ. ਭੌਰਾ ਪ੍ਰਮੋਦ ਵਿਚ ਆਕੇ (ਕਵਲ ਫੁੱਲ ਦੇ ਰਾਤ ਨੂੰ ਮਿਟੀਂਦੇ ਜਾਣ ਦੀ) ਲਪੇਟ ਵਿਚ ਆਇਆ (ਉਸ ਨੂੰ) ਛਡਦਾ ਨਹੀਂ ਸਗੋਂ ਫਸ ਜਾਂਦਾ ਹੈ। [ਸਿਂ:, ਪ੍ਰਮੋਦ=ਖੁਸ਼ੀ। ਬ੍ਰਿਤਿ=ਘੇਰਾ। ਲਪੇਟ]। [3]ਪ੍ਰੇਮ ਦੀ ਉਪਾਸਨਾ ਐਸੇ ਹੈ। (ਅ) ਐਸਾ ਵਿਸ਼ੇਸ਼ ਪ੍ਰੇਮ ਉਸ ਪਾਸ ਹੈ। [ਉ=ਵਿਸ਼ੇਸ਼। ਪਾਸਾ=ਪਾਸ ਹੈ]। [4]ਪ੍ਰੇਮ ਦਾ ਨਿਰਬਾਹ ਨਾ ਕੀਤਾ। [5]ਮੂਰਤੀਆਂ ਬਣਕੇ। [6]ਉਸੇ ਥਾਂ ਹੀ ਪਏ ਹਨ ਅਗਾੜੀ ਪਿਛਾੜੀ ਦੇ ਰੱਸੇ। [7]ਹੋਰ ਘੋੜੇ ਖੜੇ ਅੱਥਰੂ ਕੇਰਦੇ ਹਨ। [ ਅਸੁ=ਅਸ੍ਵ=ਘੋੜੇ। ਅਸੁ=ਅੱਸ਼੍ਰੂ=ਅੱਥਰੂ]। [8]ਕੀ ਜਾਣੀਏਂ। [9]ਉਸ ਨੇ ਬਾਹਰ ਪ੍ਰਭੂ ਜੀ ਨੂੰ ਡਿੱਠਾ ਸੀ। [10]ਸੁਨੇਹਾ ਦਿਤਾ।

*ਪਾ:–ਪ੍ਰਦੇਸ਼।

ਮਿਲੇ ਗੁਰ ਦੂਰ ਸਥਾਇ ॥ ੩੭ ॥ ਸ੍ਰੀ ਮੁਖ ਤੇ ਫੁਰਮਾਵਨ ਕੀਨਿ-ਕਹੋ ਸਭਿ ਸਿੱਘਨ ਕੌ ਸਮੁਝਾਇ। ਆਇ ਤੁਰੰਗਮ-ਤੀਰ ਗਯੋ ਹਮ[1], ਵਾਹਿਨ ਬੇਗ ਬਲੀ ਚਪਲਾਇ। ਸ਼ੋਕ ਨ ਚਿੰਤ ਕਰੋ ਚਿਤ ਮਾਂਹਿ ਸਤਿਨਾਮ ਜਪਹੁ ਹੁਇ ਅੰਤ ਸਹਾਇ-। ਯੌਂ ਕਹਿ ਸ੍ਰੀ ਪ੍ਰਭੁ ਜਾਤਿ ਭਏ' ਸੁਨਿਕੈ ਗੁਰ ਬਾਤ ਸਭੈ ਬਿਸਮਾਇ ॥ ੩੮ ॥ ਦੋਹਰਾ ॥ ਸੰਮਤ ਸੱਤ੍ਰਾ ਸੈ ਬਿਤੇ ਪੁਨ ਪੈਂਹਠ ਪਹਿਚਾਨ। ਕਾਤਕ ਕੀ ਸ਼ੁਦਿ ਪੰਚਮੀ ਨਿਸ ਬੈਕੁੰਠ ਪਯਾਨ ॥ ੩੯ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੈਕੁੰਠ ਗਮਨ' ਪ੍ਰਸੰਗ ਬਰਨਨੰ ਨਾਮ ਚਤਰ-ਬਿੰਸਤੀ ਅੰਸੂ ॥੨੪॥

੨੫. [ਇਕ ਸੰਤ ਨੂੰ ਦਰਸ਼ਨ। ਬਾਲੇ ਰਾਇ ਦੀ ਸਹਾਇਤਾ]।

ਦੋਹਰਾ ॥ ਸ਼ੋਕ ਕਰਹਿ ਬੈਠੇ ਸਕਲ ਸੁਨਿ ਤੁਰੰਗ ਕੀ ਬਾਤ। ਨਿਜ ਵਾਹਨ ਕੋ ਲੇ ਗਏ ਗੁਰੂ ਬੀਰ ਬੱਖਯਾਤ॥੧॥ਚੌਪਈ॥ ਜਾਮ ਦਿਵਸ ਜਬਿ ਹੀ ਚਢਿ ਆਇ। ਚਿਤਵਹਿਂ ਗੁਰ ਚਰਿੱਤ੍ਰ ਬਿਸਮਾਇ। ਏਕ ਸਾਧ ਪੁਨ ਚਲਿ ਕਰਿ ਆਯੋ। ਸਿੱਘਨ ਕੋ ਅਵਿਲੋਕ ਅਲਾਯੋ ॥ ੨॥ 'ਤੁਮ ਕਿਮ ਬੈਠੇ ਹੋ ਮਿਲਿ ਕਰਿਕੈ ? ਸ਼ੋਕ ਸਚਿੰਤ ਮੌਨ ਮੁਖ ਧਰਿਕੈ'। ਸੁਨਿ ਕਰਿ ਕਹਯੋ ਪ੍ਰਸੰਗ ਉਦਾਰੇ। 'ਸ੍ਰੀ ਸਤਿਗੁਰ ਬੈਕੁੰਠ ਸਿਧਾਰੇ ॥ ੩ ॥ ਸੈਨ ਦੀਨ ਜਿਮ ਮਹਿ-ਪਤਿ ਹੀਨਾ[2]। ਚੰਦ ਬਿਨਾ ਜਿਮ ਰਾਤਿ ਮਲੀਨਾ। ਜਿਮ ਮਥਰਾ ਮਹਿਂ ਸ਼ਯਾਮ ਸਿਧਾਯੋ। ਪੀਛੇ ਗੋਪੀ ਗਨ ਬਿਕੁਲਾਯੋ ॥ ੪ ॥ ਜਥਾ ਰਾਮ ਬਨ ਬਿਖੈ ਸਿਧਾਰੇ। ਔਧਪੁਰੀ ਕੇ ਨਰ ਦੁਖਿਯਾਰੇ। ਤਿਮ ਸਤਿਗੁਰ ਬਿਨ ਸਿੰਘ ਰਹੇ ਹੈਂ। ਰਿਦੇ ਬਿਖਾਦ ਬਿਸਾਲ ਲਹੇ ਹੈਂ' ॥੫॥ ਬੋਲਯੋ ਸਾਧ 'ਪੰਥ ਮਹਿਂ ਜਾਵਤਿ। ਦੇਖੇ ਤਹਿਂ ਗੁਰ ਅੱਗ੍ਰ ਸਿਧਾਵਤਿ। ਮੈਂ ਕਰ ਬੰਦਿ ਕੀਨਿ ਪਗ ਨਮੋ। ਮੁਸਕਾਵਤਿ ਬੋਲੇ ਤਿਹ ਸਮੋਂ ॥ ੬ ॥-ਆਵਹੁ ਸੰਤ ਦਰਸ ਲਿਹੁ ਦੇਹੁ। ਹਰਿ ਜਨ ਮਿਲਿਨਿ ਅਨੰਦ ਅਛੇਹੁ। ਅੰਤ ਸਮੈਂ ਕੋ ਮੇਲ ਤੁਹਾਰੋ। ਜਹਿਂ ਸੰਜੋਗ, ਬਿਯੋਗ ਬਿਚਾਰੋ-॥੭॥ ਮੈਂ ਸੁਨਿ ਕਰਿ ਬੂਝਯੋ ਕਰ ਜੋਰਿ-ਰਾਵਰ ਕੋ ਪਯਾਨ ਕਿਤ ਓਰ ? ਦਾਸ ਨਹੀਂ ਕੋ ਸਾਥ ਤਿਹਾਰੇ[3] ? ਨਾਥ! ਇਕਾਕੀ ਕਹਾਂ ਪਧਾਰੇ ?-॥ ੮ ॥ ਬੋਲੇ ਸ੍ਰੀ ਮੁਖ ਤੇ ਮੁਸਕਾਵਤਿ-ਹਮ ਅਖੇਰ ਹਿਤ ਬਨ ਕੋ ਜਾਵਤਿ। ਕਰਹਿਂ ਸੈਲ ਜੇਤਿਕ ਮਨ ਭਾਵਤਿ। ਜਿਤ ਕਿਤ ਬਿਚਰਤਿ ਆਨੰਦ ਪਾਵਤਿ-॥ ੯ ॥ ਇਮ ਕਹਿ ਸਤਿਗੁਰ ਅੱਗ੍ਰ ਸਿਧਾਰੇ। ਹਯਕੁਮੈਤਪਰ[4], ਆਯੁਧ ਧਾਰੇ। ਅਬਿ ਹੀਮੈਂ ਬਿਲੋਕਿ ਚਲਿਆਯੋ।

[1] ਘੋੜਾ ਸਾਡੇ ਪਾਸ ਆ ਗਿਆ ਹੈ। [2] ਜਿਵੇਂ ਰਾਜੇ ਬਿਨਾਂ ਸੈਨਾਂ ਦੀਨ ਹੁੰਦੀ ਹੈ। [3] ਆਪ ਦੇ। [4] ਕੁਮੈਤ ਘੋੜੇ ਉਤੇ।

ਤੁਮਹੁ ਅਚਾਨਕ ਕਹਾਂ ਸੁਨਾਯੋ ॥੧੦॥ਜੇ ਤਿਨਿ ਹੋਤਿ ਗਮਨ ਪਰਲੋਕ। ਮੈਂ ਕਿਮ ਲੇਤੋ ਦਰਸ ਬਿਲੋਕਿ ।ਪੰਥ ਪਧਾਨਤਿ ਭਲਿ ਬਿਧਿ ਹੇਰੇ। ਤੌ ਪ੍ਰਲੋਕ ਕਿਮ ? ਸੰਸੇ ਮੇਰੈ' ॥੧੧॥ ਅਦਭੁਤ ਚਲਿਤ ਗੁਰੂ ਕੇ ਐਸੇ। ਕਹਿ ਸੁਨਿ ਕਰਿ ਬਿਸਮਤਿ ਸਭਿ ਬੈਸੇ। ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ। 'ਗੁਰ ਇਕ ਸਮ ਸਭਿ ਬਿਖੈ ਸਮਾਯੋ ॥ ੧੨ ॥ ਜਹਿ ਸਿਮਰੇਂ ਤਹਿ ਹਾਜ਼ਰ ਅਹੈਂ।ਸਭਿ ਸਿੱਖਨ ਕੀ ਸ਼ਰਧਾ ਲਹੈਂ। ਜਨਮ ਮਰਨ ਪ੍ਰਾਪਤਿ ਕੁਛ ਨਾਂਹੀ। ਸੁਤਹਿ ਸਿੱਧ ਤਨ ਧਰਹਿਂ ਬਿਲਾਹੀ[1]। ੧੩॥ਸੰਤਨ ਕੀ ਸਹਾਇਤਾ ਕਾਰਨ। ਦੁਸ਼ਟ ਨਰਨ ਕੀ ਜੜ੍ਹਾਂ ਉਖਾਰਨ। ਸ਼ੁਭ ਮਗ ਜਗਤ ਬਿਖੈ ਬਿਸਤਾਰਨ। ਕਰਨ ਕੁਕਰਮਨਿ ਕੋ ਨਿਰਵਾਰਨ ॥ ੧੪ ॥ ਨਿਜ ਭਗਤਨ ਕੋ ਜਗਤ ਉਧਾਰਨ। ਧਰਾ ਭਾਰ ਗਨ ਤਾਪ ਬਿਦਾਰਨ। ਹਰਿ ਸੰਤਨ ਦ੍ਰੋਹੀ ਬਹੁ ਮਾਰਨ। ਸੱਤਿਨਾਮ ਸਿਮਰਾਵਨਿ ਕਾਰਨ ॥ ੧੫ ॥ ਧੰਨ ਗੁਰੂ ਸਭਿ ਕਾਰਨ ਕਰਨ। ਜਿਨ ਕੇ ਸਮ ਨਹਿ ਤਾਰਨ ਤਰਨ। ਅਦਭੁਤ ਚਲਿਤ ਲਖੇ ਨਹਿਂ ਜਾਹੀਂ । ਸ਼ੇਸ਼ ਗਨੇਸ਼ ਪਾਰ ਨਹਿ ਪਾਹੀਂ ॥੧੬॥ ਜੋਗੀਸ਼ਨ ਕੇ ਧਯਾਨ ਬਸੰਤੇ।ਸੁਰ ਨਰ ਮੁਨਿ ਜਨ ਸੇਵ ਕਰੰਤੇ।ਕੇਤਿਕ* ਕਾਰਨ ਤੇ ਤਨ ਧਾਰੈਂ। ਕਰਿ ਸਭਿ ਕੋ ਬੈਕੁੰਠ ਸਿਧਾਰੈਂ॥੧੭॥ਤਿਨ ਕੇ ਹਿਤ ਕਹੁ ਸ਼ੋਕ ਨ ਬਨੈ। ਬੇਦ ਪੁਰਾਨ ਜਾਸ ਜਸੁ ਭਨੈਂ। ਸਭਿ ਕੇ ਬੀਚ ਸਭਿਨਿ ਤੇ ਨਯਾਰੇ। ਭੋਗ ਭੋਗਤਾ ਲੇਪ ਨ ਧਾਰੇ[2] ॥ ੧੮ ॥ ਧਾਤੇ ਕਥਾ ਅਕਥ ਗੁਰ ਕੇਰੀ। ਹਾਰਹਿ ਜੇ ਬੁਧਿ ਧਰਤਿ ਬਡੇਰੀ'। ਇਮ ਚਰਚਾ ਕਰਿ ਆਪਸ ਮਾਂਹੀ। 'ਗੁਰ ਹਿਤ ਸ਼ੋਕ ਉਪਾਵਹੁ ਨਾਂਹੀ' ॥ ੧੯ ॥ ਢਰੇ ਦੁਪਹਿਰੇ ਲਗਿ ਥਿਰ ਰਹੇ। ਸੁੱਖਾ ਛਕਨਿ ਸਮੈ ਤਬਿ ਲਹੇ। 'ਕਰਹੁ ਦਸ਼ਾ ਉਠਿ ਪੁਨ ਸਾਵਧਾਨ। ਕਰਹੁ ਸੁਚੇਤਾ ਸਿਮਰਨ ਠਾਨਿ' ॥ ੨੦ ॥ ਇਮ ਕਹਿ ਉਠੇ ਦੇਗ ਹਿਤ ਸਿੱਧ[3]। ਗੁਰ ਹਿਤ ਸੁੱਖਾ ਕਰਨੈ ਤਿਸੀ ਬਿਧਿ। ਭੋਗ ਲਗਾਇ ਆਪ ਪੁਨ ਛਕਨੋ। ਸੌਚ ਹੇਤੁ ਗਾਮਨੇ ਜਲ ਤਕਨੇ ॥ ੨੧ ॥ ਕਰਿ ਸ਼ਨਾਨ ਬੰਧੀ ਦਸਤਾਰ। ਪੁਨ ਸਭਿ ਮਿਲੇ ਗੁਰੂ ਦਰਬਾਰ। ਪੂਰਬ ਪ੍ਰਭੂ ਕੋ ਭੋਗ ਲਗਾਯੋ। ਦੇਗ ਅਹਾਰ ਬਹੁਰ ਬਰਤਾਯੋ ॥ ੨੨ ॥ ਆਇ ਆਇ ਅਸਨ ਨਮੋ ਕਰ ਜੋਰਿ। ਬੈਠੇ ਪੁਨ ਕਨਾਤ ਚਹੁੰ ਓਰ। ਕੇਤਿਕ ਪਢਤਿ ਸਿੰਘ

[1]ਤਨ ਧਰਦੇ ਹਨ ਤੇ ਲੀਨ ਹੋ ਜਾਂਦੇ ਹਨ। [2]ਭੋਗਾਂ ਨੂੰ ਭੋਗਦੇ ਹੋਏ ਫਿਰ ਲਿਪਾਇਮਾਨ ਨਹੀਂ ਹੁੰਦੇ। [3]ਦੇਗ ਸਿੱਧ (ਤਿਆਰ) ਕਰਨ ਲਈ। *ਪਾ:—ਕੌਤਕ ।

ਗੁਰਬਾਨੀ। ਕੇਤਿਕ ਸੁਨਤਿ ਅਨੰਦ ਮਹਿਂ ਸਾਨੀ[1] ॥ ੨੩ ॥ ਨਿਸ ਮਹਿਂ ਅਲਪ ਕਿਤਿਕ ਫਿਰ ਸੋਏ। ਜਾਗ੍ਰਨ ਕੀਨਿ ਤਹਾਂ ਸਭਿ ਕੋਏ। ਭਈ ਪ੍ਰਾਤਿ ਤੇ ਜਾਇ ਸ਼ਨਾਨੇ। ਸਭਿ ਮਿਲਿ ਗਏ ਗੁਰੂ ਇਸਥਾਨੇ ॥ ੨੪ ॥ ਪ੍ਰਥਮ ਕਨਾਤ ਸੁ ਖੋਲਿ ਹਟਾਈ। ਚਿਤਾ ਭਸਮ ਕੀਨਸਿ ਇਕ ਥਾਈਂ। ਆਯੁਧ ਨਹੀਂ ਏਕ ਤਹਿਂ ਪਾਯੋ*। ਹੇਰਿ ਸਭਿਨਿ ਕੋ ਮਨ ਬਿਸਮਾਯੋ ॥ ੨੫॥ਅਸਥੀ ਕੋ ਤਹਿਂ ਲੇਸ਼ ਨ ਕੋਈ। ਈਂਧਨ ਭਸਮ ਪਰੀ ਬਹੁ ਜੋਈ[2]। ਦੇਹਿ ਸਹਿਤ ਕੀਨਸਿ ਪ੍ਰਸਥਾਨਾ।ਮਗ ਗਮਨੇ ਪਿਖਿ ਨਿਸ਼ਚੈ ਠਾਨਾ॥੨੬॥ ਧੰਨ ਗੁਰੂ ਤੁਮਰੀ ਗਤਿ ਨਯਾਰੀ'। ਨਿਰਨੈ ਕਰਿ ਕਰਿ ਸਭਿਨਿ ਉਚਾਰੀ। ਸਕਲ ਬਿਭੂਤਿ ਬਟੋਰਿ ਬਨਾਈ। ਰਚਯੋ ਸਿੰਘਾਸਨ ਪੁਨ ਤਿਸ ਥਾਈਂ ॥ ੨੭ ॥ ਤਿਸ ਥਲ ਕੋ ਦਰਸ਼ਨ ਜੋ ਕਰੈ। ਜਨਮ ਜਨਮ ਕੇ ਪਾਤਕ ਟਰੈਂ। ਅਧਿਕ ਪੁੰਨ ਕੋ ਪ੍ਰਾਪਤਿ ਹੋਇ। ਧਰੈ ਕਾਮਨਾ ਪੂਰਨ ਸੋਇ ॥ ੨੮ ॥ ਕਬਿੱਤ ॥ ਸੁੰਦਰ ਗੁਦਾਵਰੀ, ਬਿਹੀਨ ਮਲ ਚਲੈ ਜਲ, ਸਲਿਤਾ ਸੁ ਤੁਲ ਗੰਗਾ ਕੂਲ ਛਬਿ ਪਾਵਈ।ਖਰੇ ਖਰੇ[3] ਤਰੁ ਖਰੇ,ਹਰੇ ਹਰੇ ਪਾਤ ਜਟੇ,ਪਾਂਤਿ ਪਾਂਤਿ ਕਰੇ[4] ਛਾਇ ਸੰਘਨੀ ਕੋ ਛਾਵਈ[5]। ਬੋਲਤਿ ਬਿਹੰਗ ਰੰਗ ਰੰਗ ਕੇ ਉਤੰਗ ਧੰਨ ਸ਼੍ਰੀ ਗੁਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ। ਜਾਇ ਦਰ-ਸਾਵਈ ਮਨੋਰਥ ਉਠਾਵਈ ਸੁ ਕਾਮਨਾ ਕੋ ਪਾਵਈ,ਸੰਤੋਖ ਸਿੰਘ ਗਾਵਈ ॥ ੨੯ ॥ ਅਬਚਲ ਨਗਰ ਉਜਾਗਰ ਸਗਰ ਜਗ, ਜ਼ਾਹਿਰ ਜ਼ਹੂਰ, ਜਹਾਂ ਜੋਤਿ ਹੈ ਜਬਰ ਜਾਨਿ। ਖੰਡੇ ਹੈਂ ਪ੍ਰਚੰਡ, ਖਰ ਖੜਗ, ਕੁਵੰਡ ਧਰੇ, ਖੰਜਰ,ਤੁਫੰਗ,ਪੁੰਜ ਕਰਦ,ਕ੍ਰਿਪਾਨ,ਬਾਨ। ਸ਼ਕਤੀ,ਸਰੋਹੀ, ਸੈਫ਼, ਸਾਂਗ, ਜਮਦਾੜ੍ਹ, ਚੱਕ੍ਰ, ਢਾਲੇ,ਗਨ ਭਾਲੇ,ਰਿਪੁ ਘਾਲੇ ਛਿੱਪ੍ਰ ਜੰਗ ਠਾਨਿ[6]। ਚਮ-ਕਤਿ ਚਾਰੋਂ ਓਰ ਘੋਰ ਰੂਪ ਕਾਲਕਾ ਕੋ, ਬੰਦਨਾ ਕਰਤਿ ਕਵਿ ਜੋਰਿ ਪਾਨ ਤਾਂਹੀ ਥਾਨ ॥ ੩੦ ॥ ਚੌਪਈ ॥ ਅਬਿ ਲੌਂਗ ਤਿਸ ਥਲ ਜੋਤਿ ਬਿਰਾਜਤਿ। ਦਰਸ਼ਨ ਕਰੇ ਪਾਪ ਗਨ ਭਾਜਤਿ। ਕੰਚਨ ਚੋਤਿ ਕਸੌਟੀ ਜੈਸੇ। ਸਿਖ ਕੋ ਪਰਖਤਿ ਬਖਸ਼ਹਿਂ ਤੈਸੇ ॥੩੧॥ ਗੁਰੂ ਬਿਕੁੰਠ ਗਮਨ ਕੇ ਪਾਛੇ। ਹਹੇ ਸਿੰਘ ਕੇਤਿਕ ਦਿਨ ਆਛੇ। ਪੁਨ ਪੁਨ ਜਹਿਂ ਜਹਿਂ ਜਿਸ ਕੋ ਆਇਸੁ। ਕਰਿ

---

[1]ਅਨੰਦ ਵਿਚ ਮਿਲੇ ਹੋਏ। [2]ਵੇਖੀ। [3]ਚੰਗੇ ਚੰਗੇ। [4]ਕਤਾਰਾਂ ਕਤਾਰਾਂ ਬਣਾਕੇ। [5]ਛਾਂ ਕਰ ਰਹੇ ਹਨ। [6](ਜਿਨ੍ਹਾਂ ਨਾਲ) ਜੰਗ ਕਰਕੇ ਵੈਰੀ ਸ਼ੀਘ੍ਰਤਾ ਨਾਲ ਮਾਰੇ ਸਨ।

*ਇਹ ਬੀ ਰਵਾਇਤ ਹੈ ਕਿ ਇਕ ਕ੍ਰਿਪਾਨ ਨਿਕਲੀ ਸੀ।

ਕਰਿ ਬੰਦਨ ਤਿਤੇ ਸਿਧਾਇਸਿ ॥੩੨॥ ਰਹਯੋ ਸੰਤੋਖ ਸਿੰਘ ਤਿਸ ਥਾਨ। ਦੇਗ ਚਲਾਵਤਿ ਭਯੋ ਮਹਾਨ*। ਬਹੁਰ ਸਹਾਇਕ ਭੇ ਤਿਸ ਦੇਸ਼। ਸੁਨੀਅਹਿ ਸ੍ਰੋਤਾ ਕਥਾ ਵਿਸ਼ੇਸ਼ ॥੩੩॥ ਤਹਾਂ ਗ੍ਰਾਮ ਜਨਵਾਰਾ[1] ਨਾਇ। ਰੁਸਤਮ

---

[1]ਨਿਜ਼ਾਮ ਹੈਦਰਾਬਾਦ ਦੇ ਰਾਜ ਦਾ ਇਕ ਟਿਕਾਣਾ।

*ਇਸ ਸਮੇਂ ਤੋਂ ਹਜ਼ੂਰ ਸਾਹਿਬ ਦੇਗ ਤਾਂ ਚਲਦੀ ਰਹੀ। ਪਰ ਟਿਕਾਣੇ ਪਰ ਮੰਦਰ ਨਹੀਂ ਸੀ ਛਾਇਆ। ਮਹਾਰਾਜਾ ਰਣਜੀਤ ਸਿੰਘ ਨੇ ੧੮੩੨ ਈ: ਵਿਚ ਸੁੰਦਰ ਮੰਦਰ ਤੇ ਟਿਕਾਣੇ ਬਨਵਾ ਦਿੱਤੇ। ਮਗਰੋਂ ਹੁਣ ਤਕ ਸੋਨੇ ਤੇ ਸੰਗ ਮਰਮਰ ਦੀ ਸੇਵਾ ਜਾਰੀ ਹੈ, ਲੰਗਰ ਅਤੁਟ ਹੁੰਦਾ ਹੈ।

ਨਜ਼ਾਮ ਹੈਦਰਾਬਾਦ ਦੇ ਇਕ ਖੱਤ੍ਰੀ ਵਜ਼ੀਰ ਹੋਏ ਹਨ 'ਚੰਦੂ ਲਾਲ' ਨਾਮ ਦੇ, ਉਨ੍ਹਾਂ ਨੂੰ ਗੁਰੂ ਘਰ ਤੇ ਬਹੁਤ ਭਰੋਸਾ ਸੀ। ਰਿਆਸਤ ਵਲੋਂ ਆਪ ਨੇ ਗੁਰਦਵਾਰੇ ਲਈ ਸਹੂਲਤਾਂ ਪੈਦਾ ਕਰਵਾਈਆਂ ਸਨ।

ਨਿਜ਼ਾਮ ਵਲੋਂ ਹਿੰਦੂ ਮੁਸਲਮਾਨ ਆਦਿ ਮੰਦਰਾਂ ਨੂੰ ਜਾਗੀਰਾਂ ਮਿਲਦੀਆਂ ਹਨ ਤਿਵੇਂ ਹੀ ਇਸ ਗੁਰਧਾਮ ਨਾਲ ਪੰਜ ਪਿੰਡਾਂ ਦੀ ਜਾਗੀਰ ਹੈ ਜੋ ਅਠਾਰਾਂ ਕੁ ਹਜ਼ਾਰ ਸਾਲਾਨਾ ਬਣਦੀ ਹੈ। ਪਿੰਡਾਂ ਦੇ ਨਾਮ ਹੈਨ:—ਬਾਰੀ, ਬਕਸਾਰੀ, ਬਿਸ਼ਨਪੁਰੀ, ਏਲਕੀ ਤੇ ਮਾਸੂਰ। ਏਹ ਆਮਦਨ ਮੰਦਰ ਦੀ ਸੇਵਾ ਲਈ ਹੈ। ਇੰਨੀ ਕੁ ਰਕਮ ਸੇਵਾਦਾਰਾਂ ਲਈ ਵੀ ਮਿਲਦੀ ਹੈ। ਰਿਆਸਤ ਦੀ ਫੌਜ ਵਿਚ ਬਾਰਾਂ ਕੁ ਹਜ਼ਾਰ ਸਿੱਖ ਨੌਕਰ ਹਨ। ਇਸੇ ਫੌਜ ਵਿਚੋਂ ਇਕ ਸਿੱਖ ਰਸਾਲਦਾਰ ਵਰ੍ਹੇ ਵਰ੍ਹੇ ਲਈ ਗੁਰਦਵਾਰੇ ਦੀ ਸਰਬਰਾਹੀ ਲਈ ਆਉਂਦਾ ਹੈ ਤੇ ਸੇਵਾ ਕਰਦਾ ਹੈ। ਪਿੱਛੇ ਜਿਹੇ ਇਕ ਪਾਰਸੀ ਡਿਪਟੀ ਕਮਿਸ਼ਨਰ ਨੇ ਸੰਗ ਮਰਮਰ ਤੇ ਸੋਨੇ ਲਗਣ ਦੀ ਸੇਵਾ ਵਿਚ ਬੜੀ ਦਿਲਚਸਪੀ ਲਈ ਸੀ। ਰਿਆਸਤ ਦੀ ਪੁਲੀਸ ਵਿਚ ਵੀ ਕੁਛ ਸੈਂਕੜੇ ਸਿੱਖ ਨੌਕਰ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਤੋਂ ਹਰ ਸਿਖ ਜ਼ਿੰਦਗੀ ਵਿਚ ਇਕ ਵੇਰ ਹਜ਼ੂਰ ਸਾਹਿਬ ਜਾਣਾ ਜ਼ਰੂਰੀ ਸਮਝਦਾ ਹੈ। ਜਦੋਂ ਰੇਲਾਂ ਨਹੀਂ ਸਨ ਤੇ ਪੈਂਡੇ ਕਠਨ ਸਨ ਤਾਂ ਯਾਤ੍ਰਾ ਕਰ ਆਇਆ ਸਿਖ ਫਖਰ ਨਾਲ 'ਹਜ਼ੂਰੀਆ' ਸਦਾਉਂਦਾ ਸੀ। ਹੁਣ ਯਾਤ੍ਰਾ ਲਈ ਆਵਾਜਾਈ ਬਹੁਤ ਹੈ ਤੇ ਰੌਣਕ ਅੱਗੇ ਤੋਂ ਵਧੀਕ ਹੋ ਗਈ ਹੈ।

ਜੋ ਸਿੰਘ ਗੁਰੂ ਪਯਾਨੇ ਤੋਂ ਓਥੇ ਟਿਕ ਗਏ ਓਹ ਦੱਖਣੀ ਸਿੱਖ ਅਖਾਉਂਦੇ ਹਨ, ਤੇ ਆਪੋ ਵਿਚ ਬਿਨਾਂ ਜਾਤ ਪਾਤ ਲਿਹਾਜ਼ ਦੇ ਵਿਵਾਹ ਕਰਦੇ ਹਨ। ਇਨ੍ਹਾਂ ਨੇ ਉਸ ਦੇਸ਼ ਦੀਆਂ ਇਸਤ੍ਰੀਆਂ ਵਿਵਾਹ ਕੇ ਬੀ ਆਪਣੇ ਵਿਚ ਅਭੇਦ ਵਰਤਾਈਆਂ ਹਨ। ਓਸ ਪਾਸੇ ਦੂਰ ਨੇੜੇ ਕਿਤੇ ਕਿਤੇ ਸਿੱਖ ਹਨ, ਤੇ ਲੁਬਾਣੇ ਸਿੱਖਾਂ ਦੀਆਂ ਸੰਗਤਾਂ ਹੈਨ,ਸਾਰੇ ਗੁਰਦਵਾਰੇ ਦਰਸ਼ਨਾਂ ਲਈ ਆਉਂਦੇ ਤੇ ਸੇਵਾ ਕਰਦੇ ਹਨ। ਹੁਣ ਧੁਰ ਰੇਲ ਅੱਪੜਦੀ ਹੈ ਤੇ 'ਨਾਦੇੜ' ਰੇਲਵੇ ਸਟੇਸ਼ਨ ਹੈ। ਪੰਜਾਬ ਤੋਂ ਹਜ਼ੂਰੀ ਟ੍ਰੇਨਾਂ ਯਾਤ੍ਰਾ ਲਈ ਜਾਂਦੀਆਂ ਹਨ। ਗੁਰੂ ਸਾਹਿਬ ਜੀ ਦੇ ਅਪਣੇ ਤੇ ਹੋਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਹੁੰਦੇ ਹਨ। ਦੇਗ ਅਤੁੱਟ ਚਲਦੀ ਹੈ, ਸਿਖ ਹਿਰਦਿਆਂ ਵਿਚ ਮੰਦਰ ਨਾਲ ਪਿਆਰ ਹੈ ਤੇ ਗੁਰੂ ਕਰੇ ਸਦਾ ਕਾਇਮ ਰਹੇ।

ਰਾਇ ਰੁ ਬਾਲੇ ਰਾਇ। ਦ੍ਵੈ ਭ੍ਰਾਤਾ ਜੋਧਾ ਬਡ ਬਲੀ। ਕੁਛਕ ਰਾਜ ਕਰਤੇ ਬਿਧਿ ਭਲੀ ॥੩੪॥ ਦੇਸ਼ ਮਰਹਟਾ ਕੋ ਨਿਤ ਲੂਟੈਂ। ਜੋ ਲਰ ਪਰੈ ਤੁਰਤ ਤਿਸ ਕੂਟੈਂ।ਪਰੀ ਧਾਂਕ ਡਰ ਸਗਰੇ ਮਾਨੈਂ।ਅਰੈ ਨ ਕੋਊ ਧਨ ਗਨ ਆਨੈਂ ॥ ੩੫ ॥ ਤਿਨ ਪਰ ਚਢ੍ਯੋ ਮਰਹਟਾ ਰਾਇ। ਚਮੂ ਲਾਖ ਇਕਠੀ ਕਰਿ ਲ੍ਯਾਇ। ਤਿਨ ਕੇ ਸੰਗ ਜੰਗ ਬਹੁ ਭਏ। ਘੇਰਿ ਭ੍ਰਾਤ ਦੋਨਹੁੰ ਗਹਿ ਲਏ ॥ ੩੬ ॥ ਕਰੇ ਕੈਦ ਸੰਗਲ ਪਗ ਡਾਰੇ । ਗੇਰੇ ਬਿਖਮ ਸੁ ਦੁਰਗ ਸਤਾਰੇ[1] । ਜਹਿਂ ਪੰਛੀ ਬੀ ਜਾਇ ਨ ਸਕੈ। ਮਾਨਸ ਬਪੁਰਾ ਕ੍ਯਾ ਤਿਸ ਤਕੈ॥ ੩੭॥ ਦੇਵ ਸੰਤ ਬਹੁ ਪੀਰ ਮਨਾਏ। ਕੋਇ ਨ ਤਿਨ ਕੋ ਸਕ੍ਯੋ ਛੁਰਾਏ। ਰੱਛਕ[2] ਦੁਰਗ ਸਿੰਘ ਬਿਚ ਏਕ। ਗੁਰਬਾਨੀ ਨਿਤ ਪਢੈ ਬਿਬੇਕ ॥ ੩੮॥ ਪਹਿਰਾ ਦੇਤਿ ਗਿਰਾ ਗੁਰ ਭਨੈ। ਬਾਲੇ ਰਾਇ ਸ਼੍ਰੋਨ ਦੇ ਸੁਨੈ। ਹਿਤ ਬੂਝਨਿ ਕੇ ਤਬੈ ਬਖਾਨੀ। 'ਪਢਤਿ ਰਹਤਿ ਤੂੰ ਕਿਸ ਕੀ ਬਾਨੀ ?' ॥ ੩੯ ॥ ਸੁਨਤਿ ਸਿੰਘ ਗੁਰ ਮਹਿਮਾਂ ਕਹੀ। 'ਬੰਦ ਖਲਾਸੀ ਸਮ ਕੋ ਨਹੀਂ[3]। ਦੁਰਗ ਗ੍ਵਾ- ਲਿਯਰ ਮਹਿ ਨ੍ਰਿਪ ਕੈਦ। ਨਹਿਂ ਛੂਟਨ ਕੀ ਜਿਯਤਿ ਉਮੈਦ॥੪੦॥ ਅਸ ਰਾਜੇ ਰਜਪੂਤ ਛੁਡਾਏ। ਸਿਮਰੇ ਜਹਿਂ ਕਹਿਂ ਭਏ ਸਹਾਏ। ਸ਼੍ਰੀ ਗੋਬਿੰਦ ਸਿੰਘ ਗੁਰੁ ਬਡੇਰਾ। ਅਬਚਲ ਨਗਰ ਥਾਨ ਜਿਨ ਕੇਰਾ ॥ ੪੧ ॥ ਦਸਮੇਂ ਪਾਤਸ਼ਾਹੁ ਸੋ ਭਏ। ਸਿੰਘ ਪੰਥ ਜਗ ਮਹਿ ਨਿਰਮਏ'।ਇਕ ਪਠਾਨ ਤਹਿਂ ਜਾਇ ਨਿਹਾਰਾ[4] । ਸੁਨਿ ਤਿਸ ਨੇ ਗੁਰ ਸੁਜਸੁ ਉਚਾਰਾ ॥ ੪੨॥ 'ਸੋ ਗੁਰ ਬਡੋ ਬਹਾਦਰ ਹੇਰਾ। ਰਣ ਚਮਕੌਰ ਅਨੰਦਪੁਰਿ ਕੇਰਾ। ਤਹਾਂ ਤੀਰ ਕਰਿ ਜੋਰ ਪ੍ਰਹਾਰੇ। ਇਕ ਤੇ ਦਸ ਹਜ਼ਾਰ ਅਰਿ ਮਾਰੇ ॥ ੪੩ ॥ ਕਰਾਮਾਤ ਕੋ ਧਨੀ ਬਿਸਾਲਾ। ਜੋ ਚਿਤ ਚਹੈ ਸੁ ਕਰਨੇ ਵਾਲਾ। ਦ੍ਵੈ ਦ੍ਵੈ ਕੋਸ ਤੀਰ ਅਰਿ ਘਾਏ। ਦਸ ਲਾਖਨਿ ਸੋਂ ਜੰਗ ਮਚਾਏ' ॥੪੪॥ ਕਹੈ ਸਿੰਘ 'ਕ੍ਯਾ ਨਰ ਕੀ ਬੰਦਾ[5]।ਜਮ ਫਾਸੀ ਕੋ ਦੇਤਿ ਨਿਕੰਦਾ[6]'। ਬਾਲੇ ਰਾਇ ਸੁਨੀ ਚਿਤ ਲਾਇ। ਸ਼ਰਧਾ ਵਧੀ ਕਹ੍ਯੋ ਕਰਿ ਭਾਇ ॥੪੫॥'ਕਰੋ ਸਿੰਘ ਜੀ ਉਠਿ ਅਰਦਾਸ। ਕਰਹਿ ਜਿ ਹਮਰੀ ਬੰਦ ਖਲਾਸ। ਗੁਰ ਕੇ ਪਗ ਪੰਕਜ ਬਹੁ ਸੇਵੋਂ । ਪੰਚਾ-

---

[1]ਸਤਾਰੇ ਨਾਮੇ ਸ਼ਹਿਰ ਦੇ ਕਿਲੇ ਵਿੱਚ। (ਅ) ਜੰਦਰੇ ਵਾਲੇ ਕਿਲੇ ਵਿੱਚ। [ਸ+ਤਾਲੇ]। [2]ਪਹਿਰਾ ਦੇਣ ਵਾਲਾ। [3]ਜਿਸ ਗੁਰੂ ਸਮਾਨ ਕੈਦ ਤੋਂ ਛੁਟਕਾਰਾ ਦੇਣ ਵਾਲਾ ਕੋਈ ਨਹੀਂ। [4](ਗਲਾਂ ਕਰਦਿਆਂ ਵੇਖਕੇ) ਉਥੇ ਇਕ ਪਠਾਣ ਆ ਗਿਆ। [5]ਮਨੁਖ ਦੀ ਠੋਦੂ ਕੀ ਚੀਜ਼ ਹੈ। [6](ਗੁਰੂ) ਜਮ ਦੀ ਫਾਸੀ ਕੱਟ ਦੇਂਦਾ ਹੈ।

ਮ੍ਰਿਤ ਉਪਾਇਨ ਦੇਵੈਂ' ॥੪੬॥ ਸੁਨਤਿ ਸਿੰਘ ਕੀਨੀ ਅਰਦਾਸ। ਸਿਮਰਨ ਲਗਯੋ ਨਾਮ ਸੁਖਰਾਸ। ਪਰਮ ਪ੍ਰੇਮ ਮਨ ਮਹਿ ਉਪਜਾਯੋ। ਨਿਸ ਦਿਨ ਗੁਰ ਮਹਿੰ ਧਯਾਨ ਲਗਾਯੋ ॥ ੪੭ ॥ ਅਰਧ ਰਾਤਿ ਸਿਮਰਤਿ ਉਰ ਜਬੈ। ਪ੍ਰਗਟੇ ਸ਼੍ਰੀ ਗੋਬਿੰਦ ਸਿੰਘ ਤਬੈ। ਸ਼ਬਦ ਤੁਰੰਗਮ ਕੋ ਸੁਨਿ ਪਾਯੋ। ਉਠਯੋ ਰਾਇ ਤਿਤ ਨੈਨ ਲਗਾਯੋ ॥ ੪੮ ॥ ਬਿਸਮਤਿ ਬੂਝਯੋ 'ਕਹੁ ਤੁਮ ਕੌਨ ?'। ਸ਼੍ਰੀ ਪ੍ਰਭੁ ਕਹਹਿੰ 'ਅਰਾਧਹਿ ਜੌਨ[1]'। ਸੋ ਪਹੁੰਚਯੋ ਤੁਵ ਕਰਨਿ ਸਹਾਇ। ਉਠਹੁ ਅਬਹਿ ਨਹਿੰ ਬਿਲਮ ਲਗਾਇ' ॥ ੪੯ ॥ 'ਸ਼੍ਰੀ ਗੁਰ ਮੋਹਿ ਪਗਹੁੰ ਮਹਿੰ ਬੇਰੀ। ਅਨੁਜ ਸੁਪਤਿ ਤਿਮ ਹੀ[2] ਢਿਗ ਮੇਰੀ'। 'ਭ੍ਰਾਤ ਜਗਾਵਹੁ ਸੰਗ ਨ ਹੂਟੈ[3]। ਵਾਹਿਗੁਰੂ ਕਹੁ ਬੇਰੀ ਟੂਟੈ' ॥੫੦॥ ਸੁਨਿ ਪ੍ਰਭੁ ਤੇ ਨਿਜ ਅਨੁਜ ਜਗਾਯੋ। ਸੰਗਲ ਟੂਟੇ ਨਾਮ ਧਿਆਯੋ। ਉਠਿ ਦੋਨਹੁੰ ਗੁਰ ਚਰਨੀ ਪਰੇ। 'ਧੰਨ ਗੁਰੂ ਕਿਰਤਾਰਥ ਕਰੇ' ॥ ੫੧ ॥ ਪ੍ਰਭੁ ਬੋਲੇ 'ਜੋ ਹੈਂ ਸਿਖ ਮੇਰੇ। ਸਿਮਰਤਿ ਸਤਿਗੁਰ ਸੰਝ ਸਵੇਰੇ। ਨਰ ਤੇ ਕਹਾਂ ਬਚਾਵਨ ਗਾਥਾ। ਜਮ ਤੇ ਰਾਖੈਂ ਦੇ ਕਰਿ ਹਾਥਾ ॥ ੫੨ ॥ ਅਬਿ ਦੋਨਹੁੰ ਢਿਗ ਹ੍ਵੈ ਤੁਮ ਠਾਢੇ। ਗਹਹੁ ਰਕਾਬ ਦੁਆਲ[4] ਦ੍ਵੈ ਗਾਢੈ[5]। ਚੌਂਕੀਦਾਰਨ ਦੇਹੁ ਜਗਾਇ। –ਘੇਰ ਲੇਹੁ ਅਬਿ ਹਮ ਚਲਿ ਜਾਇਂ–' ॥੫੩॥ ਗਹਿ ਕੈ ਦੁਆਲ ਕਹਯੋ ਦ੍ਵੈ ਭਾਈ। 'ਅਬਿ ਹਮਰੇ ਗੁਰ ਭਏ ਸਹਾਈ। ਜੇ ਬਲ ਹੈ ਤੌ ਲੀਜੈ ਘੇਰੇ। ਨਾਂਹਿ ਤ ਹਮ ਪਹੁੰਚਹਿ ਨਿਜ ਡੇਰੇ' ॥੫੪॥ ਸੁਨਿ ਊਚੀ ਧੁਨਿ ਕੋ ਤਬਿ ਜਾਗੇ। ਉਠ ਕਰਿ ਘੇਰ ਪਕ-ਰਨੇ ਲਾਗੇ। ਤਬਿ ਸਤਿਗੁਰੂ ਤੁਰੰਗਮ ਪ੍ਰੇਰਾ। ਪੰਛੀ ਜਿਮ ਗਮਨੋ ਤਿਸ ਬੇਰਾ ॥੫੫॥ ਦ੍ਵਾਦਸ਼ ਕੋਸ ਬਿੰਧਾਚਲ ਗਏ[6]। ਦੁਆਲ ਛੁਰਾਇ ਬਖਾਨਤਿ ਭਏ। 'ਇਹ ਦਰਸ਼ਨ ਕੋ ਹਠ ਨਹਿੰ ਕਰੀਅਹਿ। ਅਵਚਲ ਨਗਰ ਸਿਧਾਰਨ ਕਰੀਅਹਿ ॥ ੫੬ ॥ ਅਰਪਨ ਚਹਹੁ ਸੁ ਅਰਪਹੁ ਤਹਾਂ। ਪੰਚ ਸਿੰਘ ਮੇਰੇ ਹੈਂ ਜਹਾਂ। ਸ਼ਰਧਾ ਧਰਹੁ ਸਰੂਪ ਸੁ ਮੇਰਹੁ। ਪੂਰਹੁ ਕਾਮਨਾ ਪੂਜਹੁ ਹੇਰਹੁ' ॥ ੫੭ ॥ ਇਮ ਕਹਿ ਹੋਇ ਅੰਤਰ ਧਯਾਨ। ਸ਼੍ਰੀ ਗੁਰ ਗੋਬਿੰਦ ਸਿੰਘ ਸੁਜਾਨ। ਬਨੇ ਸਹਾਇਕ ਬੰਦ ਖਲਾਸੀ। ਨਿਜ ਦਾਸਨ ਕਾਟਤ

---

[1]ਜਿਸਨੂੰ ਅਰਾਧਦਾ ਹੈਂ। [2]ਉਸੇ ਤਰ੍ਹਾਂ ਭਾਵ ਬੇੜੀਆਂ ਸਮੇਤ। [3]ਭਿਰਾ ਦਾ ਸੰਗ ਨ ਹਟ ਜਾਵੇ। [4]ਚਮੜੇ ਦੇ ਤਸਮੇ ਜਿਨ੍ਹਾਂ ਨਾਲ ਰਕਾਬਾਂ ਪਾਈਆਂ ਹੁੰਦੀਆਂ ਹਨ। [5]ਦੋ ਰਕਾਬਾਂ ਦੀ ਦੁਆਲ ਤਕੜੀ ਕਰਕੇ ਫੜੋ। [6]ਬਿੰਧ੍ਯਾਚਲ ਪਰਬਤ ਦੀ ਵਲ ੧੨ ਕੋਹ।

ਸਮ ਭਾਸੀ* ॥੫੮॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਸਹਾਇਕ ਹੋਨਿ' ਪ੍ਰਸੰਗ ਬਰਨਨੰ ਨਾਮ ਪਚੀਸਮੋ ਅੰਸੂ ॥ ੨੫॥

---

*ਕਵੀ ਜੀ ਨੇ ਇਸ ਐਨ ਦੇ ਅੰਸੂ ੨੦, ੨੧, ੨੨, ੨੩, ਤੇ ੨੪ ਵਿਚ ਸਾਹਿਬ ਕਲਗੀਧਰ ਜੀ ਦੇ ਮੌਨ ਕਰਨ, ਸਿਖਾਂ ਨੂੰ ਇਸ ਸੂਰ ਵਿਚ ਅੰਤਮ ਸੰਦੇਸ਼ ਦੇਣ, ਕਨਾਤ ਤਨਵਾਉਣ, ਚੰਦਨ ਦੀ ਚਿਤਾ ਬਨਵਾਉਣ, ਉਸਨੂੰ ਅਗਨੀ ਲਗਵਾਉਣ, ਦੀਪਮਾਲਾ ਕਰਵਾਉਣ ਦਾ ਵਿਸਥਾਰ ਨਾਲ ਜ਼ਿਕਰ ਕਰਕੇ ਜੋਗ ਅਗਨੀ ਜਗਾਕੇ ਬ੍ਰਹਮਰੰਧ੍ਰ ਦੇ ਰਸਤੇ ਜੋਤੀ ਜੋਤ ਸਮਾਉਣ ਦਾ ਵਿਸਥਾਰ ਨਾਲ ਤੇ ਨਿਸ਼ਚਿਤ ਜ਼ਿਕਰ ਕੀਤਾ ਹੈ। ਸ੍ਰੀ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਹਜ਼ੂਰ ਸਾਹਿਬ ਤੋਂ ਜੋ ਸਿੰਘ ਦਿੱਲੀ ਗਏ ਤੇ ਮਾਤਾ ਜੀ ਨੂੰ ਮਿਲੇ ਹਨ ਮਾਤਾ ਸੁੰਦਰੀ ਜੀ ਦੇ ਪੁੱਛਣ ਤੇ ਹਜ਼ੂਰ ਅਬਚਲਾ ਨਗਰ ਸਾਹਿਬ ਭਾਣਾ ਵਰਤਣ ਦਾ ਹਾਲ ਉਹਨਾਂ ਨੂੰ ਸੁਣਾਇਆ ਹੈ, ਜਿਸ ਤੋਂ ਮਾਤਾ ਜੀ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਸੁਣਕੇ ਆਪ ਅਤਿ ਵੈਰਾਗਵਾਨ ਹੋਏ ਹਨ। ਇਸੇ ਤਰ੍ਹਾਂ ਇਹ ਗਲ ਸਾਰੇ ਹੀ ਪੰਥ ਵਿੱਚ ਨਿਸ਼ਚਿਤ ਹੈ ਕਿ ਸ੍ਰੀ ਹਜ਼ੂਰ ਸਾਹਿਬ ਇਹ ਭਾਣਾ ਵਰਤਿਆ ਹੈ। ਪ੍ਰੰਤੂ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਦੇ ਮਗਰੋਂ ਬੰਗਾਲ ਦੇ ਸਿੱਖ ਇਕ ਸਾਧ ਨੂੰ ਮਿਲਣ ਤੇ ਰੁਸਤਮ ਰਾਓ ਬਾਲਾ ਰਾਓ ਮਰਹਟੇ ਦੀ ਕੈਦ ਖ਼ਲਾਸ ਹੋਣ ਦਾ ਵਿਰਤਾਂਤ ਸੁਣਕੇ ਸਿਖ ਇਤਿਹਾਸ ਤੋਂ ਅਣਜਾਣ ਤੇ ਆਤਮਕ ਅਵਸਥਾਵਾਂ ਤੋਂ ਅਨਜਾਣ ਪੁਰਸ਼ ਭੋਲ ਵਿਚ ਪੈ ਜਾਂਦੇ ਹਨ ਕਿ ਕੀ ਜੋਤੀ ਜੋਤ ਸਮਾਉਣ ਤੋਂ ਪਿਛੋਂ ਵੀ ਇਸ ਤਰ੍ਹਾਂ ਦੇ ਦਰਸ਼ਨ ਹੋ ਸਕਦੇ ਹਨ?

ਕਵੀ ਜੀ ਨੇ ਇਸ ਐਨ ਦੇ ਅੰਸੂ ੨੪ ਵਿੱਚ ਲਿਖਿਆ ਹੈ ਕਿ ਗੁਰੂ ਜੀਨੇ ਕਨਾਤ ਤਣਵਾ ਕੇ ਅੰਦਰ ਚੰਦਨ ਚਿਤਾ ਬਣਵਾਈ ਇਸ ਵੇਲੇ ਬਾਹਰ ਇੰਨੀ ਦੀਪ ਮਾਲਾ ਕੀਤੀ ਗਈ ਸੀ ਕਿ "ਦਿਨ ਸਮ ਭਯੋ ਪ੍ਰਕਾਸ਼ ਬਿਸਾਲਾ ॥੨॥" ਗੁਰੂ ਜੀ ਜਦ ਚਿਤਾ ਤੇ ਬੈਠੇ ਤਦ ਉਹਨਾਂ ਦੇ ਪਾਸ ਦੇ ਸਿੰਘ "ਔਰ ਜੇ ਪੌਰ ਵਾਰੀ ਹੈਂ ਕਨਾਤ ਤੇ ਬਾਹਰ ਆਨ ਥਿਰੇ ਸਮੁਦਾਯਾ। ਬੈਠ ਰਹੇ ਤਹ ਸਿੰਘ ਚਹੂੰ ਦਿਸ਼" "॥੭੯॥" ਜਿਸ ਵੇਲੇ ਕਲਗੀਧਰ ਜੀ ਜੋਤੀ ਜੋਤ ਸਮਾਏ ਉਸ ਵੇਲੇ "ਜੈ ਜੈ ਸ਼ਬਦ ਗਗਨ ਮਹਿ ਹੋਵਾ ॥੧੯॥" ਪੁਨਾ "ਭਯੋ ਪ੍ਰਕਾਸ਼ ਅਕਾਸ਼ ਮਹਾਨਾ। ॥੨੦॥" ਤੇ ਫਿਰ "ਪਰੀ ਧੁੰਧ ਇਕ ਬਾਦਰ ਬਿਸਾਲਾ ॥ ੨੦ ॥" ਤੇ ਅੰਤ ਨੂੰ:—"ਚਢਿ ਅਕਾਸ਼ ਕੇ ਪੰਥ ਪਧਾਰੇ ॥੨੫॥" ਹੋਰ ਸਾਰੇ ਇਤਿਹਾਸਕਾਰਾਂ ਨੇ ਵੀ ਇਹ ਨਿਸ਼ਚਿਤ ਲਿਖਿਆ ਹੈ ਕਿ ਗੁਰੂ ਜੀ ਦਾ ਪ੍ਰਲੋਕ ਗਮਨ ਨਾਦੇੜ ਵਿੱਚ (੧੭੬੫ ਸੰਮਤ ਵਿਚ) ਹੋਇਆ। ਆਪਣੇ ਪੁਰਾਤਨ ਇਤਿਹਾਸਕਾਰਾਂ, ਪੰਥ ਪ੍ਰਕਾਸ਼,, ਮਹਿਮਾ ਪ੍ਰਕਾਸ਼ ਪਰਚੀਆਂ ਸੇਵ ਦਾਸ ਤੇ ਗੁਰ ਸੋਭਾ ਵਿਚ ਵੀ ਇਹੋ ਗਲ ਨਿਸ਼ਚਿਤ ਲਿਖੀ ਹੈ। ਯਥਾ—"ਸੰਮਤ ਸਤਾਰਾਂ ਸੈ ਭਏ ਪੈਂਸਠ ਬਰਖ ਪ੍ਰਮਾਨ। ਕਾਤਕ ਸੁਦਿ ਭਈ ਪੰਚਮੀ ਨਿਸ ਕਾਰਨ ਕਰ ਜਾਨ।"

ਸ੍ਰੀ ਕਲਗੀਧਰ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਜਿਸ ਵੇਲੇ ਸਤਿਗੁਰੂ ਜੀ ਚਿਤਾ ਤੇ ਬੈਠੇ, ਸਿਖ ਪਾਸ ਖੜੇ ਸਨ, ਚਿਤਾ ਨੂੰ ਅਗਨੀ ਦਿੱਤੀ ਗਈ ਤਾਂ ਸਿਖ ਪਾਸ ਸਨ, ਫਿਰ ਸਿਖ ਬਾਹਰ ਆਕੇ ਕਨਾਤ ਦੇ ਚਾਰੋਂ ਪਾਸੇ ਜਿੱਥੇ ਬੇਅੰਤ ਰੋਸ਼ਨੀ ਸੀ ਬੈਠ ਗਏ ਤੇ ਕਨਾਤ ਦੇ ਅੰਦਰ ਤੇ ਅਕਾਸ਼ ਵਿੱਚ ਅਦਭੁਤ ਨਾਦ ਤੇ ਪ੍ਰਕਾਸ਼ ਉਹਨਾਂ ਕੰਨੀ ਸੁਣੇ ਤੇ ਅੱਖੀਂ ਵੇਖੇ ਤੇ ਕਲਗੀਧਰ ਜੀ ਦੇ "ਜੋਤੀ ਜੋਤ ਸਮਾਉਣ" ਦੇ ਭਾਣੇ ਨੂੰ ਮੰਨਿਆਂ।

ਦੂਸਰੇ ਦਿਨ ਜਦ ਸਿਖ ਅਤਿ ਵਿਆਕੁਲਤਾ ਵਿਚ ਬੈਠੇ ਹੋਏ ਸਨ ਤਦ ਇਕ ਸਾਧ ਨੇ ਆਣਕੇ ਦੱਸਿਆ ਕਿ ਮੈਨੂੰ ਕਲਗ਼ੀਧਰ ਜੀ ਹੁਣੇ ਜੰਗਲ ਵਿੱਚ ਮਿਲੇ ਹਨ। ਇਸ ਖਬਰ ਨੇ ਇਕ ਵੇਰ ਸਿੰਘਾਂ ਨੂੰ ਹਲੂਣਾ ਦਿੱਤਾ ਕਿ ਹੈਂ! ਇਹ ਕੀ ਗਲ ਬਣੀ, ਪ੍ਰੰਤੂ ਕਵੀ ਜੀ ਲਿਖਦੇ ਹਨ ਕਿ ਸਾਧ ਦੇ ਬਿਆਨ ਨੂੰ ਸੁਣਕੇ ਤੇ ਰਾਤ ਨੂੰ ਹੋਏ ਕੌਤਕ ਅੱਖੀਂ ਵੇਖਕੇ:—

"ਸਭਿਹਿਨਿ ਮਿਲਿ ਨਿਸ਼ਚੈ ਠਹਿਰਾਯੋ॥ ਗੁਰ ਇਕ ਸਮ ਸਭਿ ਬਿਖੇ ਸਮਾਯੋ॥
ਜਹਿਂ ਸਿਮਰੈ ਤਹਿਂ ਹਾਜ਼ਰ ਅਹੈਂ॥ ਸਭ ਸਿੱਖਨ ਕੀ ਸ਼ਰਧਾ ਲਹੈਂ॥
ਜ਼ਨਮ ਮਰਨ ਪ੍ਰਾਪਤ ਕੁਛ ਨਾਂਹੀ॥ ਸੁਤਹਿ ਸਿੱਧ ਤਨ ਧਰਹਿਂ ਬਿਲਾਹੀਂ॥"

ਇਸ ਤੋਂ ਵਿਦਤ ਹੈ ਕਿ ਉਸ ਵੇਲੇ ਸਿੰਘਾਂ ਨੇ ਜੋ ਕੁਛ ਅੱਖੀਂ ਵੇਖਿਆ ਤੇ ਕੰਨੀਂ ਸੁਣਿਆ ਸੀ ਉਸ ਤੋਂ ਇਹ ਨਤੀਜਾ ਕੱਢਿਆ ਸੀ ਕਿ ਕਲਗ਼ੀਧਰ ਜੀ ਦੇ ਸਾਧੂ ਨੂੰ ਜੋ ਦਰਸ਼ਨ ਹੋਏ ਹਨ ਇਹ ਆਤਮ ਸੱਤਜਾ ਨਾਲ ਦਿੱਤੇ ਦਰਸ਼ਨ ਹਨ, ਕਿਉਂਕਿ ਇਸ ਤਰ੍ਹਾਂ ਦੇ ਆਤਮਕ ਸੱਤਜਾ ਦੇ ਝਲਕਾਰੇ ਗੁਰੂ ਸਾਹਿਬਾਨ ਦੇ ਸਮੇਂ ਸਿੱਖਾਂ ਸੇਵਕਾਂ ਤੇ ਸਿੰਘਾਂ ਨਾਲ ਅਨੇਕਾਂ ਵਾਰ ਹੁੰਦੇ ਰਹੇ ਹਨ, ਜਿਵੇਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਕੈਦ ਵਿਚ ਹੁੰਦਿਆਂ ਸਿੰਘਾਂ ਦੇ ਘਰ ਪ੍ਰਸ਼ਾਦ ਛਕਣਾ। ਪਾਤਸ਼ਾਹੀ ਆਦਮੀਆਂ ਨੇ ਆਪ ਜੀ ਨੂੰ ਬੰਦ ਵਿਚ ਬੀ ਤੇ ਸਿੰਘਾਂ ਦੇ ਘਰ ਬੀ ਇਕੋ ਸਮੇਂ ਤੱਕਣਾ ਤੇ ਖ਼ੁਦ ਕਲਗੀਧਰ ਜੀ ਨੇ ਭਾਈ ਜੋਗਾ ਸਿੰਘ ਜੀ ਨੂੰ, ਜਿਸ ਵੇਲੇ ਕਿ ਉਹ ਭੁਲੇਵੇ ਵਿੱਚ ਆ, ਢਹਿੰਦੀਆਂ ਕਲਾਂ ਵਿਚ ਜਾਣ ਲਗੇ ਸਨ, ਤਦ ਚੋਬਦਾਰ ਦੇ ਰੂਪ ਵਿੱਚ ਵਿਖਾਲੀ ਦੇਕੇ ਬਚਾਉਣਾ, ਆਦਿ।

ਜੇ ਗੁਰੂ ਜੀ ਆਪਣੇ ਸਿਖਾਂ ਨੂੰ ਅਪਣੇ ਜਾਗਤੀ ਜੋਤ ਤੇ ਸਦਾ ਜੀਵਨ ਦਾ ਨਿਸ਼ਚਾ ਕਰਾਯਾ ਚਾਹੁੰਦੇ ਸਨ ਤਾਂ ਦੋ ਹੀ ਤ੍ਰੀਕੇ ਸਨ ਇਕ ਵਾਕ ਦੁਆਰਾ ਦੂਸਰੇ ਕਰਨੀ ਦੁਆਰਾ। ਵਾਕ ਦੁਆਰਾ ਤਾਂ ਓਹ ਕਹਿ ਗਏ ਕਿ ਮੈਂ ਖਾਲਸੇ ਵਿਚ ਵਰਤਾਂਗਾ। ਕਰਨੀ ਦੁਆਰਾ ਹੁਣ ਇਹ ਤ੍ਰੀਕਾ ਸੀ ਕਿ ਅਪਣੇ ਮਾਨਸਿਕ ਸਰੂਪ ਵਿਚ ਨਜ਼ਰ ਪੈਣ,ਜੈਸੇ ਕਿ ਸਾਧੂ ਨੂੰ ਦਿੱਸੇ। ਫਿਰ ਲੋੜ ਸੀ ਦਰਦ ਰਵਾਣਿਆਂ ਨੂੰ ਸਹਾਈ ਹੋਕੇ ਕ੍ਰਿਯਾਮਾਨ ਸਬੂਤ ਦੇਣ ਦੀ ਕਿ ਮੈਂ ਸਰੀਰ ਛੋੜਕੇ ਬੀ ਬੰਦਿਆਂ ਦੀ ਕੈਦ ਕੱਟ ਸਕਦਾ ਹਾਂ ਜੈਸੇ ਕਿ ਬਾਲੇਰਾਇ ਤੇ ਰੁਸਤਮਰਾਇ ਨੂੰ ਕੈਦੋਂ ਕੱਢਕੇ ਦਿਖਾ ਦਿੱਤਾ। ਇਸ ਕੌਤਕ ਨਾਲ ਜਥੇਦਾਰ ਸੰਤੋਖ ਸਿੰਘ ਤੇ ਬਾਕੀ ਸਿੰਘਾਂ ਨੂੰ ਤਸੱਲੀਆਂ ਹੋਈਆਂ। ਇਕ ਤਾਂ ਇਹ ਕਿ ਗੁਰੂ ਸ਼ਰੀਰ ਛੋੜਕੇ ਬੀ ਜਾਗਤੀ ਜੋਤ ਹਨ, ਦੂਸਰੇ ਇਹ ਕਿ ਦੁਖੀਆਂ ਦੀ ਸਹਾਇਤਾ ਕਰਦੇ ਹਨ, ਤੇ ਅਰਾਧਣਾ ਕਰਨ ਤੇ ਹਾਜ਼ਰ ਆ ਹੁੰਦੇ ਹਨ, ਤੀਸਰੇ ਜੋ ਉਹਨਾਂ ਨੂੰ ਵਿਸਵਸਾ ਸੀ ਕਿ ਪਰਦੇਸ਼ ਤੇ ਅਸਿੱਖ ਦੇਸ਼ ਵਿਚ ਦੇਗ ਕੀਕੂੰ ਚਲੇਗੀ? ਉਸ ਦੇ ਚੱਲਣ ਦਾ ਗੁਰੂ ਜੀ ਨੇ ਆਪ ਮੁੱਢ ਬੰਨ੍ਹ ਦਿਤਾ। ਜੇ ਕਹੋ ਕਿ ਆਪ ਤਾਂ ਹੁਣ ਸ਼ੁਧ ਆਤਮਾ ਸਰੂਪ ਸਨ, ਪੰਜ ਭੌਤਕ ਸਰੀਰ ਵਿਚ ਕਿਉਂ ਦਿੱਸੇ। ਇਸ ਦਾ ਕਾਰਨ ਇਹ ਹੈ ਕਿ ਜੇ ਉਸੇ ਸਰੀਰ ਵਿਚ ਦਿੱਸਣ ਤਾਂ ਹੀ ਸਿਆਣ ਹੋਵੇ ਤੇ ਤਾਂ ਹੀ ਤਸੱਲੀ ਦੇਵੇ, ਨਿਰੋਲ ਆਤਮਾ ਨੂੰ ਅੱਖਾਂ ਵਿਸ਼ਾ ਨਹੀਂ ਕਰ ਸਕਦੀਆਂ। ਤਾਂਤੇ ਪੰਜ ਭੌਤਕ ਸਰੀਰ ਦੇ ਰੂਪ ਵਿਚ ਨਜ਼ਰੀਂ ਪਏ ਅਤੇ ਆਤਮਕ ਸਮਰੱਥਾ ਦੇ ਨੁਕਤੇ ਤੋਂ ਗੁਰ ਅਵਤਾਰ ਸ੍ਰੈ ਇੱਛਾਚਾਰੀ ਸੇ ਤੇ ਇਹ ਕੌਤਕ ਕਰ ਸਕਦੇ ਸੇ।

[ਬਾਕੀ ਨੂੰ ਵੇਖੋ ਅਗਲੇ ਪੰਨੇ ਦੇ ਪੈਰ]

੨੬. [ਦੋਹਾਂ ਮਾਤਾ ਸਾਹਿਬਾਂ ਨੂੰ ਖਬਰ । ਬੰਦੇ ਦਾ ਘੇਰੇ ਵਿਚ ਆਉਣਾ] ।

ਦੋਹਰਾ ॥ ਬਾਲੋਰਾਇ ਬਿਚਾਰਿਕੈ ਲੇ ਸੰਗ ਰੁਸਤਮਰਾਇ। ਪਹੁੰਚੇ ਅਪਨੇ ਸਦਨ ਮਹਿਂ ਧਨ ਗਨ ਸੰਗ ਲਵਾਇ[1] ॥ ੧ ॥ ਚੌਪਈ ॥ ਅਵਚਲ ਨਗਰ ਗਏ ਹਰਖਾਇ। ਦਰਸ਼ਨ ਕਰਯੋ ਸੀਸ ਕੋ ਨ੍ਯਾਇ। ਬਾਤੀ ਦਰਬ ਸਰਬ ਦੇ ਤਥਾ। ਕਹੀ ਸੰਤੋਖ ਸਿੰਘ ਸੰਗ ਕਥਾ॥ ੨ ॥ ਉਠਿ ਅਰਦਾਸ ਕਰੀ ਗੁਰ ਆਗੇ।'ਧੰਨ ਪ੍ਰਭੁ ਸਗਰੇ ਥਲ ਜਾਗੇ। ਸਿਮਰੇ ਹਾਜ਼ਰ ਹ੍ਵੈ ਜਹਿਂਕਹਾਂ। ਅਪਨੀ ਪੈਜ ਰਾਖਤੇ ਮਹਾਂ' ॥ ੩ ॥ ਕਿਤਿਕ ਤ੍ਰਿਹਾਵਲ ਕਰਿ ਵਰਤਾਯੋ। ਅਪਰ ਦੇਗ ਕੋ ਕਾਰ ਚਲਾਯੋ। ਪ੍ਰਚੁਰ[2]ਪ੍ਰਸੰਗ ਦੇਸ਼ ਮਹਿਂ ਹੋਵਾ।ਗੁਰ ਦਰ-ਬਾਰ ਬ੍ਰਿੰਦ ਹੀ ਜੋਵਾ ॥ ੪ ॥ ਜਥਾ ਸ਼ਕਤਿ ਸਭਿ ਭੇਟ ਚਢਾਵੈਂ । ਕਰਹਿਂ ਕਾਮਨਾਂ ਨਾਨਾ ਪਾਵੈਂ। ਜੋ ਪੰਜਾਬ ਦੇਸ਼ ਕੋ ਆਏ[3] । ਦਿਲੀਪੁਰਿ ਮਹਿਂ ਸੋ ਪ੍ਰਵਿਸ਼ਾਏ ॥ ੫ ॥ ਮਾਤ ਸੁੰਦਰੀ ਸਾਹਿਬਦੇਵੀ। ਜਾਇ ਨਮੋ ਕੀਨੀ ਜੁਗ ਸੇਵੀ[4]।ਕਛੁ ਮਿਸ਼ਟਾਨ ਉਪਾਇਨ ਰਾਖੀ। ਪਿਖਿ ਸਿੰਘਨ ਕੋ ਬੂਝਨਿ ਕਾਂਖੀ ॥੬॥ 'ਤੁਮ ਜਗ ਗੁਰ ਕੇ ਸੰਗੀ ਅਹੋ। ਕਬਿ ਤੇ ਤਜਿ ਆਏ ਸਚ ਕਹੋ' । ਸੁਨਤਿ ਸਜਲ ਦ੍ਰਿਗ ਜੋਰਤਿ ਹਾਥਾ । ਗਾਥਾ ਕਹੀ ਮਾਤ ਕੇ ਸਾਥਾ ॥ ੭॥ 'ਸਤਿਗੁਰ ਅਪਨੇ ਸਦਨ ਸਿਧਾਰੇ। ਹਮ ਅਨਾਥ ਹੁਇ ਇਤਹਿਂ ਪਧਾਰੇ। ਨਿਜ ਪਗ ਸੰਗ ਚਿਖਾ ਪਰ ਗਏ। ਨਰ ਗਨ ਮਿਲੇ ਅਚੰਭੇ ਭਏ ॥ ੮ ॥

[1]ਨਾਲ ਲੈਕੇ । [2]ਫੈਲਿਆ । [3](ਅਬਚਲ ਨਗਰ ਤੋਂ) ਜੋ ਪੰਜਾਬ ਦੇਸ਼ ਨੂੰ ਆਏ । [4](ਦੋਹਾਂ ਨੂੰ ਜੋ) ਦੋਵੇਂ ਕਿ ਸੇਵਨੇ ਯੋਗ ਹਨ । (ਅ) (ਇਸ) ਜੁਗ (ਵਿੱਚ) ਸੇਵਨੇ ਜੋਗ ।

[ਪਿਛਲੇ ਪਨੇ ਦੀ ਬਾਕੀ ਟੂਕ,

ਜੇ ਪੱਛਮੀ ਵਿੱਦਯਾ ਦੇ ਲੋਕੀ ਕਹਿਣ ਕਿ ਐਸੀਆਂ ਗਲਾਂ ਸੰਭਵ ਹੈਨ ਕਿ ਨਹੀਂ ਤਾਂ ਓਹ ਅਪਣੇ ਮੁਲਕਾਂ ਦੇ ਸਪਿਰਚੂਅਲਿਜ਼ਮ ਦਾ ਸਾਹਿਤ ਪੜ੍ਹ ਵੇਖਣ, ਜਿੱਥੇ ਮਾਮੂਲੀ ਰੂਹਾਂ ਆਪਣੇ ਆਪਨੂੰ ਮਟੀਰੀਅਲਾਈਜ਼ (ਸਰੀਰ ਵਿਚ ਦਿੱਸ ਪੈਣਾ) ਕਰਕੇ ਦੱਸਦੀਆਂ ਹਨ ਤੇ ਗੁਰੂ ਜੀ ਤਾਂ ਗੁਰੂ ਅਵਤਾਰ ਮਹਾਨ ਸ਼ਕਤੀਮਾਨ ਸੇ, ਆਪ ਅੱਗੇ ਏਹ ਖੇਲ ਕਾਹਦੇ ਕਠਨ ਸਨ ।

ਇਸ ਤਰ੍ਹਾਂ ਦੇ ਆਤਮ ਸੱਤਯਾ ਦੇ ਦਰਸ਼ਨਾਂ ਦੇ ਜ਼ਿਕਰ ਦੂਜੇ ਮਤਾਂ ਦੀਆਂ ਪੁਸਤਕਾਂ ਵਿੱਚ ਵੀ ਮਿਲਦੇ ਹਨ । ਹਿੰਦੂਆਂ ਵਿੱਚ ਅਵਤਾਰਾਂ ਦੇ ਦਰਸ਼ਨ ਹੋਣੇ ਮੰਨੇ ਹਨ, ਵਿਸ਼ਨੂੰ ਦਾ ਰੂਪ ਧਾਰੀ ਹੋਕੇ 'ਗਜ' ਆਦਿਕਾਂ ਦੀ ਸਹਾਇਤਾ ਲਈ ਅੱਪੜਨਾ ਲਿਖਯਾ ਹੈ। ਮੁਸਲਮਾਨਾਂ ਵਿਚ ਬੀ ਵਲੀਆਂ ਦੇ ਦੀਦਾਰ ਹੋਣ ਦਾ ਜ਼ਿਕਰ ਆਉਂਦਾ ਹੈ। ਹਜ਼ਰਤ ਈਸਾ ਦੀ ਬਾਬਤ ਅੰਜੀਲ ਵਿੱਚ ਲਿਖਿਆ ਹੈ ਕਿ ਜਦ ਉਹਨਾਂ ਨੂੰ ਸਲੀਬ ਦਿੱਤਾ ਗਿਆ ਤੇ ਉਥੋਂ ਉਤਾਰ ਕੇ ਵਾਰਸਾਂ ਨੂੰ ਸੌਂਪਿਆ ਤੇ ਓਹ ਉਹਨਾਂ ਨੂੰ ਕਬਰ ਵਿੱਚ ਪਾਕੇ ਚਲੇ ਗਏ ਤਾਂ ਮਗਰੋਂ ਈਸਾ ਜੀ ਸੜਕ ਤੇ ਰਾਹੀਆਂ ਨੂੰ ਮਿਲੇ ।

ਭਸਮ ਬਿਥੈ ਤੇ ਕਛੁ ਨਹਿਂ ਪਾਯੋ। ਨਹਿਂ ਅਸਥੀ ਆਯੁਧ ਸਮੁਦਾਯੋ। ਰਹਯੋ ਤਬੇਲੇ ਨਹਿਂਨ ਤੁਰੰਗ। ਜਾਨਯੋਂ ਸਭਿਨਿ, ਗਏ ਲੇ ਸੰਗ* ॥ ੯ ॥ ਰਾਮਚੰਦ ਸ੍ਰੀ ਕ੍ਰਿਸ਼ਨ ਉਦਾਰਾ। ਭਏ ਮੁੱਖਯ ਇਹ ਦਸ ਅਵਤਾਰਾ[1]।ਆਰ-ਬਲਾ ਬੀਤੀ ਸਭਿ ਚਲੇ। ਨਹੀਂ ਸਥਿਰ ਨਰ ਤਨ ਇਸ ਬਲੇ॥ ੧੦॥ ਸਭਿਹਿਨਿ ਕੌ ਸ਼ੁਭ ਦੇ ਉਪਦੇਸ਼।ਤਿਮ ਸਤਿਗੁਰ ਪਹੁੰਚੇ ਨਿਜ ਦੇਸ਼[2]। ਜਗ ਗੁਰ ਗ੍ਰਿਹਨੀ ਦੋਨਹੁੰ ਮਾਤ।ਸੁਨਯੋਂ ਚਲਾਣਾ ਬਹੁ ਬਿਲਲਾਤ॥੧੧॥ ਚਲੀ ਬਿਲੋਚਨ ਤੇ ਜਲ ਧਾਰ।ਧਾਰਾ ਸ਼ੋਕ[3] ਰੁਦਤਿ ਬਹੁ ਬਾਰਾ[4]। ਬਾਰ[5]ਖੋਲੇ[6] ਕਰੀ ਪੁਕਾਰਾ। 'ਕਾਰਾ ਕਰਯੋ ਹਮਹੁੰ ਸੰਗ ਭਾਰਾ॥ ੧੨॥ ਅੰਤ ਸਮੈਂ ਨਹਿਂ ਦਰਸ ਨਿਹਾਰਾ। ਹਾਰਾ ਮਨ ਮਾਨਹੁਂ ਤਿਸ ਬਾਰਾ[7]'। ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ। ਨਿਕਟ ਬੈਠਿ ਛੋਰੈਂ ਦ੍ਰਿਗ ਬਾਰੀ॥੧੩॥–ਕਹਾਂ ਗਏ ਅਚਰਜ ਕਰਿ ਗੁਰੂ। ਰਿਦੇ ਸ਼ੋਕ ਹਮਰੇ ਕਰਿ ਸ਼ੁਰੂ–। ਸਿਮਰਹਿਂ ਪ੍ਰਭੁ ਕੇ ਗੁਨਨਿ ਅਨੇਕ।–ਹਮ ਕੋ ਤਜਿ ਗੇ ਜਲਧਿ ਬਿਬੇਕ–॥ ੧੪ ॥ ਸਾਹਿਬ ਦੇਵੀ ਸੁਨਾ ਸੁ ਜਬਿ ਤੇ।ਸਾਧਨ ਲਗੀ ਨੇਮ ਬ੍ਰਤ ਤਬਿ ਤੇ।ਜਪ ਤਪ ਕਰਤੇ ਦਿਵਸ ਬਿਤਾਵੈ। ਸੁਪਤੇ ਅਲਪ ਅਲਪ ਹੀ ਖਾਵੈ॥੧੫॥ ਪਤਿ ਕੇ ਧਯਾਨ ਪਰਾਇਨ ਪੀਨੀ। ਦੁਰਬਲ ਦੇਹਿ ਦਸ਼ਾ ਬਹੁ ਕੀਨੀ। ਕਹੈ ਸੁੰਦਰੀ ਬਹੁ

[1]ਰਾਮ ਚੰਦ੍ਰ ਆਦਿਕ ਇਹ ਦਸ ਅਵਤਾਰ ਜੋ ਮੁੱਖੀ ਕਹੀਦੇ ਹਨ। [2]ਸ਼ੋਕ ਕੀਤਾ। [3]ਰੋਂਦੀਆਂ ਹਨ ਤੇ ਜਲ ਚਲਦਾ ਹੈ ਬਹੁਤ। (ਅ) ਕਈ ਵਾਰ। [4]ਬੂਹੇ ਖੁਲੇ ਸਨ ਜਦੋਂ ਮਾਤਾ ਜੀ ਰੋਏ (ਕਿਉਂਕਿ ਅੱਗੇ ਲਿਖਿਆ ਹੈ, ਸੁਨਿ ਸੁਨਿ ਸਿਖ ਆਵਹਿਂ ਨਰ ਨਾਰੀ)। (ਅ) (ਮੁਖ ਦਾ) ਦੁਵਾਰਾ ਖੋਲ੍ਹਕੇ ਉੱਚੀ ਪੁਕਾਰ ਕੀਤੀ। [5]ਮਾਨੋਂ ਤਿਸ ਵੇਲੇ ਮਨ ਹਾਰ ਗਿਆ।

*ਇਸ ਤੋਂ ਅੱਗੇ ਇਹ ਪਾਠ ਬੀ ਮਿਲਦਾ ਹੈ:–"ਰਹਤਉ ਅਲਵਰ ਕੋਟ ਮਝਾਰਾ। ਸੋਢੀ ਸੁਨਿ ਬ੍ਰਿਤੰਤ ਗੁਰ ਸਾਰਾ। ਪੰਡਤ ਪੁੰਜ ਸੰਗ ਲੇ ਆਯੋ। ਕ੍ਰਿਯਾ ਕਰਮ ਬਿਧਿ ਸਹਿਤ ਕਰਾਯੋ।" ਅਲਵਰ ਤੋਂ ਅਬਚਲ ਨਗਰ ਘੱਟ ਤੋਂ ਘੱਟ ਸੱਤ ਕੁ ਸੌ ਮੀਲ ਹੈ, ਖਬਰ ਪਹੁੰਚਾਉਣ ਤੇ ਸੋਢੀ ਦੇ ਓਥੇ ਅੱਪੜਨ ਵਿਚ ਪੰਦ੍ਰਾਂ ਦਿਨਾਂ ਤੋਂ ਘੱਟ ਕੀਹ ਲੱਗੇ! ਸੋ ਸਸਕਾਰ ਯਾ ਕ੍ਰਿਯਾ ਵੇਲੇ ਅੱਪੜਨਾ ਅਸੰਭਵ ਹੈ। ਅਸਲ ਵਿਚ ਇਹ ਪਿੱਛੋਂ ਦੀਆਂ ਕਲਪਨਾਂ ਹਨ। ਸਿੰਘ, ਜੋ ਗੁਰੂ ਜੀ ਦੇ ਸੁਤੰਤ੍ਰ ਮਤੇ ਨੂੰ ਸਮਝਦੇ ਸਨ ਕ੍ਰਿਆ ਕਦ ਕਰਨ ਦੇਂਦੇ ਸੇ। ਤੇ ਜੇ ਕਰਨੀ ਹੀ ਸੀ ਤਾਂ ਓਹ ਉਡੀਕਦੇ ਬੈਠੇ ਰਹਿੰਦੇ, ਨਾਦੇੜ ਵਿਚ ਬ੍ਰਾਹਮਣ ਥੋੜੇ ਸਨ ਕ੍ਰਿਯਾ ਕਰਾਉਣ ਵਾਲੇ, ਸੋ ਜੇ ਸਿੰਘ ਕ੍ਰਿਯਾ ਕਰਨੀ ਚੰਗੀ ਗੱਲ ਸਮਝਦੇ ਤਾਂ ਗੁਰੂ ਕੇ ਪੁੱਤ੍ਰ ਬਣਕੇ ਆਪ ਚਰੋਕਣੀ ਕਰਵਾ ਦਿੰਦੇ। ਸੋ ਸਾਖੀ ਦੇ ਆਖੇਪਕਾਰਾਂ ਦੇ ਏਹ ਖਿਆਲ ਹਨ, ਇਨ੍ਹਾਂ ਸਤਰਾਂ ਦੇ ਲੇਖਕ ਨੇ ਓਥੋਂ ਹੀ ਲਏ ਹਨ। ਗੁਰ ਸੋਭਾ, ਜੋ ਸਭ ਤੋਂ ਪੁਰਾਤਨ ਗ੍ਰੰਥ ਹੈ, ਵਿਚ ਇਹ ਜ਼ਿਕਰ ਨਹੀਂ ਹੈ।

ਸਮੁਝਾਇ। ਤਦਪਿ ਅਲਪ ਹੀ ਭੋਜਨ ਖਾਇ॥ ੧੬॥ ਸਿੱਖ ਸਿੱਖਨੀ ਸੀਸ ਨਿਵਾਵਹਿਂ। ਬਹੁ ਬਿਧਿ ਕੀ ਸ਼ੁਭ ਸੇਵ ਕਮਾਵਹਿਂ।ਸ਼੍ਰੀ ਗੁਰ ਕੀ ਨਿਤ ਕਥਾ ਬਖਾਨਹਿਂ।ਨਿਸ ਬਾਸੁਰ ਸਿਮਰਨ ਮਨ ਠਾਨਹਿਂ।।੧੭।।ਬਰਨੈ ਰਾਮ-ਕੁਇਰ ਕਥ ਭਾਈ। ਮੈਂ ਨਹਿ ਹੁਤੋ ਸੰਗ ਤਿਸ ਥਾਈਂ। ਬਾਲੂ ਹਸਨੇ* ਕੇਰ ਉਦਾਸੀ[1]। ਰਹੀ ਜਮਾਤ ਗੁਰੂ ਕੇ ਪਾਸੀ॥ ੧੮॥ ਸਭਿ ਪ੍ਰਸੰਗ ਕੋ ਤਿਂਨਹੁਂ ਨਿਹਾਰਾ। ਪੰਚ ਬਾਰ ਮੁਝ ਸੰਗ ਉਚਾਰਾ।ਜਬਿ ਸੋ ਮਿਲਤਿ ਆਨਿ ਕਰਿ ਪਾਸੀ। ਮੈਂ ਬੂਝਤਿ ਸੋ ਕਰਤਿ ਪ੍ਰਕਾਸ਼ੀ॥ ੧੯॥ ਅਵਚਲ ਨਗਰ ਗੁਰੂ ਕੇ ਪਾਛੇ। ਦਿਨ ਕੇਤਿਕ ਰਹਿ ਚਲਿਬੋ ਬਾਛੇ। ਸੋ ਆਇ ਇਸ ਦੇਸ਼ ਮਝਾਰੀ। ਮਾਤਨ ਕੀ ਭੀ ਬਾਤ ਉਚਾਰੀ॥ ੨੦॥ ਸਾਹਿਬ ਦੇਵੀ ਹਿਤ ਮਨ ਭਾਵਨ[2]। ਤਨ ਪਿੰਜਰ ਸਮ ਕੀਨ ਸੁਕਾਵਨ। ਪਸ਼ਚਾਤਾਪ ਕਰਤਿ ਦੁਖਿਯਾਰੀ।–ਕਨੋਂ ਨ ਪ੍ਰਭੁ ਕੇ ਸੰਗ ਸਿਧਾਰੀ॥੨੧॥ਅਲਪ ਭਾਗ ਮੈਂ ਰਹੀ ਅਕੇਲੀ। ਬਿਛੁਰੀ ਪ੍ਰਭੁ ਤੇ ਸਦਾ ਦੁਹੇਲੀ। ਜਰਨ ਚਿਖਾ ਪਤਿ ਜੁਤਿ ਇਕ ਬਾਰੀ। ਪਤਿ ਬਿਨ ਨਿਸ ਦਿਨ ਹੈ ਦੁਖਿਯਾਰੀ–॥੨੨॥ ਇਸ ਬਿਧਿ ਕੇਤਿਕ ਸਮਾ ਬਿਤਾਵਾ। ਪੁਨ ਦਿਨ ਅੰਤ ਆਇ ਨਿਯਰਾਵਾ। ਤਿਥਿ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਠਾਨਤਿ ਧ੍ਯਾਨ॥ ੨੩॥ ਸ਼੍ਰੀ ਹਰਿ ਕ੍ਰਿਸ਼ਨ ਦੇਹੁਰੇ ਪਾਸ। ਤਹਿਂ ਸਸਕਾਰੀ ਹੁਇ ਗਨ ਦਾਸ। ਪੀਛੇ ਮਾਤ ਸੁੰਦਰੀ ਰਹੀ। ਚਿਰੰਕਾਲ ਲਗਿ ਬਯ ਨਿਰਬਹੀ॥ ੨੪॥

ਇਸ ਕੀ ਕਥਾ ਕਹੌਂ ਪੁਨ ਕੇਤਿਕ। ਸੁਨਿ ਸ਼੍ਰੋਤਾ ਬੰਦੇ ਕੀ ਜੇਤਿਕ। ਚਹੁਂ ਦਿਸ਼ਿ ਤੇ ਲਸ਼ਕਰ ਘਿਰਿ ਆਏ।ਲਰਹਿਂ ਬਹੁਤ,ਨਹਿਂ ਪਾਇ ਜਮਾਏ॥ ੨੫॥ ਦੇਸ਼ ਨਗਰ ਗਨ ਜੋ ਅਪਨਾਏ। ਤਿਂਨ ਕੋ ਬੰਦਾ ਰਾਜ ਕਮਾਏ। ਕਿਤਿਕ ਪੰਥ[3] ਭੀ ਅਪਨਿ ਚਲਾਯੋ। ਉਪਦੇਸ਼ਤਿ ਭਾ ਨਰ ਸਮੁਦਾਯੋ॥ ੨੬॥ ਮਿਲਹਿਂ ਫਤੇ ਦਰਸ਼ਨ ਕੋ ਕਹੈਂ। ਆਪਸ ਬਿਖੈ ਭਾਉ ਨਿਰਬਹੈਂ। ਪੁਰਿ ਗ੍ਰਾਮਨ ਕੇ ਨਰ ਚਲਿ ਆਵੈਂ। ਸਿਖ ਬੰਦੇ ਕੇ ਹੁਇ ਹਰਖਾਵੈਂ॥੨੭॥

---

[1]ਬਾਲੂਹਸਨੇ ਉਦਾਸੀ ਦੀ। [2]ਭਾਵ ਜਿਸਦੇ ਮਨ ਵਿਚ ਸਤਿਗੁਰੂ ਜੀ ਦਾ ਪ੍ਰੇਮ ਹੀ ਭਾਂਵਦਾ ਸੀ। [3]ਬੰਦਈ ਪੰਥ। *ਇਹ ਜਨਮ ਦਾ ਕਸ਼ਮੀਰੀ ਬ੍ਰਹਮਣ ਸੀ, ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦਾ ਸਿਖ ਤੇ ਘੋੜੇ ਦਾ ਸੇਵਕ ਸੀ। ਗੁਰੂ ਜੀ ਨੇ ਇਸ ਨੂੰ ਬਾਬਾ ਗੁਰਦਿੱਤਾ ਜੀ ਨੂੰ ਦੇ ਦਿੱਤਾ। ਉਥੋਂ ਇਹ ਸੰਤ ਜੀ ਉਦਾਸੀਆਂ ਦੇ ਇਕ ਫਿਰਕੇ ਦੇ ਆਗੂ ਬਣੇ। ਚੰਗੇ ਭਜਨੀਕ ਤੇ ਗੁਰਮੁਖ ਪੁਰਖ ਸੇ। ਇਹ ਨਾਦੇੜ ਤੋਂ ਆ ਦੇਸ਼ਾਟਨ ਕਰਦੇ ਸਾਹਿਬ ਰਾਮਕੌਰ ਜੀ ਪਾਸ ਰਹੇ ਤੇ ਫੇਰ ਡੇਹਰਾਦੂਨ ਵਿੱਚ ਜਾ ਟਿਕੇ ਤੇ ਉਥੇ ਹੀ ਪ੍ਰਲੋਕ ਗਮਨ ਕੀਤਾ।

ਅਪਨੀ ਰਹਤਿ ਕਹਤਿ ਉਪਦੇਸ਼ਹਿ। ਪਦ ਪਾਹੁਲ ਕੋ ਦੇਤਿ ਹਮੇਸ਼ਹਿ*।
ਬਨਿ ਕੈ ਸਿੱਖ ਅਕੋਰਨ ਲ੍ਯਾਵੈਂ। ਭਾਂਤਿ ਭਾਂਤਿ ਕੀ ਉਸਤਤਿ ਗਾਵੈਂ॥
੨੮॥ਸਿੰਘਨਿ ਸੰਗ ਸਪਰਧਾ ਠਾਨੈ।ਬੰਦੇ ਕੇ ਮਤ ਕੋ ਸਭਿ ਜਾਨੈਂ।ਕਿਤਿਕ
ਗ੍ਰਾਮ ਕੇ ਨਰ ਸਿਖ ਹੋਇ। ਦਰਸ਼ਨ ਫਤੇ[1] ਬੁਲਾਵਹਿ ਸੋਇ॥੨੯॥ ਪਤਿ-
ਸ਼ਾਹੀ ਲਸ਼ਕਰ ਸਮੁਦਾਇ। ਲਾਖਹੁੰ ਇਤ ਉਤ ਤੇ ਘਿਰਿ ਆਇ। ਬ੍ਰਹਮ-
ਰਰਜ ਜਿਸ ਭਯੋ ਬਿਨਾਸ਼ੇ। ਰਣ ਮਹਿ ਰਹਿਤਹਿ ਕਿਤ ਭਰਵਾਸੇ[2]॥੩੦॥
—ਸੋਨਾ ਗਲੈ ਕੁਠਾਲੀ ਜੈਸੇ। ਖੁਲਹਿ ਲੰਗੋਟ, ਗਲੈਂਗੀ ਤੈਸੇ†—। ਸੋ ਗੁਰ

[1]'ਫਤਹ ਦਰਸ਼ਨ' ਇਹ ਪਦ ਵਰਤਿਆ ਗਿਆ ਸੀ ਵਾਹਿਗੁਰੂ ਜੀ ਦੀ ਫਤਹ ਦੀ ਥਾਂ। ਪਰ ਦੇਰ ਤਕ ਨਹੀਂ ਟੁਰ ਸਕਿਆ। ਖਿਆਲ ਕੀਤਾ ਜਾਂਦਾ ਹੈ ਕਿ ਬਾਬਾ ਬੰਦਾ ਗੁਰੂ ਗੋਬਿੰਦ ਸਿੰਘ ਜੀ ਨੂੰ 'ਸੱਚਾ ਸਾਹਿਬ' ਸੱਦਦਾ ਸੀ, ਮਗਰੋਂ ਬੰਦਈਆਂ ਨੇ ਇਹ ਵਾਕ ਬੰਦੇ ਲਈ ਵਰਤ ਲਿਆ। ਜੌਨ ਪੁਰ ਦੇ ਹੁਕਮਨਾਮੇਂ ਤੋਂ ਪ੍ਰਤੀਤ ਹੁੰਦਾ ਹੈ ਕਿ ਬੰਦੇ ਨੇ ਸੱਚਾ ਸਾਹਿਬ ਗੁਰੂ ਜੀ ਨੂੰ ਸੱਦਿਆ ਹੈ। ਦੇਖੋ ਹੁਕਮਨਾਮਾ। [2]ਕਿਸ ਭਰੋਸੇ ਰਹਿ ਸਕਦਾ ਸੀ।

*ਇਹ ਠੀਕ ਨਹੀਂ ਹੈ। ਬਾਬਾ ਬੰਦਾ ਆਪਣੀ ਜਥੇਦਾਰੀ ਵੇਲੇ ਅੰਮ੍ਰਿਤ ਖੰਡੇ ਦਾ ਛਕਾਇਆ ਕਰਦਾ ਸੀ। ਤਦੋਂ ਹੀ ਭੱਜਾ ਸਿੰਘ ਭੰਗੀ ਵਰਗੀ ਪ੍ਰਸਿੱਧ ਸਿੰਘਾਂ ਨੇ ਆਪ ਤੋਂ ਅੰਮ੍ਰਿਤ ਛਕਿਆ। ਜਦੋਂ ਬੰਦੇ ਨੇ ਵੱਖਰਾ ਮਤਾ ਤੋਰ ਲਿਆ ਦੱਸੀਦਾ ਹੈ (ਵਿਸ਼ੇਸ਼ ਖੋਜ ਦੀ ਲੋੜ ਹੈ) ਤਦੋਂ ਬੀ ਅੰਮ੍ਰਿਤ ਛਕਾਉਂਦਾ ਸੀ। ਹੁਣ ਤਕ ਗੱਦੀ ਨਸ਼ੀਨ ਅੰਮ੍ਰਿਤ ਛਕਦੇ ਹਨ, ਉਹਨਾਂ ਵਿੱਚ ਸਿੰਘ ਬੀ ਅੰਮ੍ਰਿਤ ਛਕਦੇ ਹਨ। ਸਹਿਜਧਾਰੀਆਂ ਨੂੰ ਚਰਨ ਪਾਹੁਲ ਦੇਂਦੇ ਹਨ। ਸਹਿਜਧਾਰੀ ਸਿੱਖ ਬੀ ਬੰਦਈ ਹੁੰਦੇ ਹਨ। ਅਰਦਾਸਾ ਦਸਾਂ ਪਾਤਸ਼ਾਹੀਆਂ ਦਾ ਕਰਦੇ ਹਨ, ਮਗਰੋਂ ਬਾਬੇ ਜੀ ਦਾ ਤੇ ਰੰਜੀਤ ਸਿੰਘ, ਜੁਝਾਰ ਸਿੰਘ, ਫਤੇ ਸਿੰਘ ਦਾ ਨਾਮ ਲੈਂਦੇ ਹਨ, ਪਰ ਉਹਨਾਂ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਆਖਦੇ। ਗੁਰਬਾਣੀ ਬਿਨਾਂ ਹੋਰ ਕੁਛ ਨਹੀਂ ਮੰਨਦੇ; ਰੀਗਾ ਵਿੱਚ ਫੁਲ ਨਹੀਂ ਪਾਉਂਦੇ ਸਗੋਂ ਬਾਬੇ ਬੰਦੇ ਦੇ ਡੇਰੇ ਹੇਠਾਂ ਵਗਦੀ ਚਨਾਬ ਵਿਚ ਪਾਉਂਦੇ ਹਨ। ਹੁਣ ਬੰਦਈ ਘਟ ਗਏ ਹਨ, ਪਰ ਸਿੰਧ ਵਿਚ ਬੰਦਈ ਸਿੰਘ ਅਜੇ ਬੀ ਹੈਨ ਤੇ ਓਹ ਰਹਿਤਵਾਨ ਹੁੰਦੇ ਹਨ। ਗੱਦੀ ਨਸ਼ੀਨ ਜੀ ਕੇਸ਼ਾਧਾਰੀ ਤੇ ਅੰਮ੍ਰਿਤਧਾਰੀ ਸਿੰਘ ਹਨ ਤੇ ਗੁਰੂ ਘਰ ਦੇ ਪ੍ਰੇਮੀ ਹਨ ਤੇ ਆਪ ਨੂੰ ਤੇ ਬਾਬਾ ਬੰਦਾ ਸਿੰਘ ਜੀ ਨੂੰ ਗੁਰੂ ਕਾ ਸਿੰਘ ਮੰਨਦੇ ਹਨ।

†ਗੁਰੂ ਜੀ ਨੇ ਜੋ ਵਿਵਾਹ ਤੋਂ ਮਨ੍ਹੇ ਕੀਤਾ ਸੀ ਉਸਦਾ ਭਾਵ ਸੀ ਕਿ ਓਹ ਅਪਣੇ ਉਦੇਸ਼ ਵਿਚ ਦ੍ਰਿੜ ਰਹੇ। ਭਵਿੱਖਤ ਦੇ ਜਾਣਨਹਾਰ ਉਸਦੇ ਹਾਨੀ ਹੋਣ ਦੇ ਇਸ ਕਾਰਨ ਨੂੰ ਜਾਣਦੇ ਸਨ, ਇਸ ਕਰਕੇ ਦ੍ਰਿੜ੍ਹਤਾ ਬਨ੍ਹਾਉਂਦੇ ਸੇ। ਫਿਰ ਗੁਰੂ ਜੀ ਜਾਣਦੇ ਸੇ ਕਿ ਹਿੰਦੁਸਤਾਨ ਵਿੱਚ ਕਿਸੇ ਬਲੀ ਜੋਧਾ ਨੂੰ ਨਿਰਬਲ ਕਰਨ ਲਈ ਧੀਆਂ ਦੇ ਡੋਲੇ ਲੈ ਮਿਲ੍ਹਨਾ ਆਮ ਗਲ ਹੈ। ਦੂਜਾ ਹੁਕਮ ਸੀ ਸਿੰਘਾਂ ਦੀ ਰਾਇ ਨਾਲ ਕੰਮ ਕਰਨਾ ਤੇ ਤੀਸਰਾ ਹੁਕਮ ਸੀ ਗੈਬੀ ਮਦਦ ਲਈ ਪੰਜ ਭੁਜੰਗੀ ਅਰਦਾਸਾ ਕਰਨ। ਬੰਦੇ ਬਾਬਤ ਬਹੁਤ ਗਲਤ ਗਲਾਂ ਪ੍ਰਸਿਧ ਹਨ ਜਿਨ੍ਹਾਂ ਦੀ ਛਾਣਬੀਨ ਦੀ ਲੋੜ ਹੈ। ਵਡੀਆਂ ਮੱਲਾਂ ਮਾਰਕੇ ਫੇਰ ਸਭ ਕੁਛ ਗੁਆਕੇ ਲੋਹਗੜੋਂ ਨਿਕਲਕੇ ਮੁੜ ਬੰਦਾ ਸਿੰਘ ਨੇ ਫੌਜਾਂ ਕੱਠੀਆਂ ਕੀਤੀਆਂ ਤਦੋਂ ਜੋ ਹੁਕਮਨਾਮੇ ਜਾਰੀ ਕੀਤੇ ਉਨ੍ਹਾਂ ਹੁਕਮਨਾਮਿਆਂ ਵਿਚੋਂ ਇਕ ਇਕਾਦੇ

[ਬਾਕੀ ਨੋਟ ਦੇਖੋ ਅਗਲੇ ਪੰਨੇ ਤੇ ਹੇਠ]

# ਹੁਕਮ ਨਾਮਾ

ਜੋ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਜੌਨ ਪੁਰ ਦੀ ਸੰਗਤ ਦੇ ਨਾਮ ਜਾਰੀ ਹੋਇਆ । ਸੰਮਤ ਪਹਿਲਾ ਬਾਬਾ ਜੀ ਨੇ ਸਰਹਿੰਦ ਦੀ ਫਤਹ ਤੋਂ ਬਾਦ ਜਾਰੀ ਕੀਤਾ ਸੀ । ਸਰਹਿੰਦ ਦੀ ਫਤਹ ੧੭੧੦ ਈ: ਦੇ ਮਈ ਵਿਚ ਹੋਈ ਸੀ ।



੬੩੫੧/੩੧੭੬

ਬਚਨ ਹੁਤੇ ਚਹਿ ਤਬੈ।ਹੇਰੈ ਲਸ਼ਕਰ ਉਮਡੇ ਸਬੈ ॥੩੧॥ਨਾ ਰਣ ਕਰਯੋ ਪਲਾਇਨ ਭਯੋ[1]। ਦੁਰਗ ਮਝਾਰ ਪ੍ਰਵੇਸ਼ਨਿ ਕਯੋ।ਜਿਸ ਮਹਿਂ ਅੰਨ ਜਮਾ ਕੁਛ ਨਾਂਹੀ। ਹੁਤੇ ਸੰਗ ਲੇ ਬਰਯੋ ਸੁ ਤਾਂਹੀ ॥ ੩੨ ॥ ਗਨ ਲਸ਼ਕਰ ਪਰਵਾਰਯੋ ਆਇ। ਸਿੱਘਰ ਮਚਯੋ ਦੁਰਗ ਕੇ ਥਾਇਂ। ਥਿਰ ਅੰਤਰ ਤੇ ਤਜੈ ਤੁਫੰਗ। ਹੋਹਿ ਨਿਕਟ[2] ਫੋਰਹਿ ਤਿਸ ਅੰਗ ॥੩੩॥ ਤਬਹਿ ਚਮੂੰ ਨੇ ਘੇਰਾ ਪਾਇ। ਉਤਰੇ ਦੂਰ ਦੂਰ ਕੀ ਥਾਇਂ। ਨਿਕਸੈਂ ਨਹਿ ਪ੍ਰਵੇਸ਼ਬੋ ਪਾਵੈ[3]। ਨਿਕਟ ਨ ਪਹੁਂਚਹਿਂ ਰਣ ਨ ਮਚਾਵੈਂ ॥ ੩੪ ॥ ਕੇਤਿਕ ਦਿਨ ਮੈਂ ਅੰਨ ਬਿਹੀਨੇ। ਅਧਿਕ ਛੁਧਾ ਨਰ ਬ੍ਯਾਕੁਲ ਕੀਨੇ। ਬਾਬਾ ਤਬਿ ਬਿਨੋਦ ਸਿੰਘ ਸੰਗ। ਜਾਨਯੋਂ ਘੇਰਾ ਪਰਯੋ ਕੁਢੰਗ ॥ ੩੫ ॥ ਪ੍ਰਾਨ ਛੁਧਾ ਤੇ ਜਾਇਂ ਬਿਲਾਇ। ਬਲ ਸੰਭਾਰਿ ਤਬਿ ਕੀਨਿ ਉਪਾਇ।ਬੇਗੀ ਬਡੇ ਤੁਰੰਗਮ ਤਰੇ। ਜ਼ੀਨ ਪਵਾਇ ਸ਼ਸਤ੍ਰ ਗਹਿ ਚਰੇ ॥ ੩੬ ॥ ਬੀਸਕ ਅਪਰ ਸੰਗ ਮਹਿਂ ਲੀਨ।ਜਾਇ ਬਜ਼ਾਰ ਬਰੇ ਹਠ ਕੀਨ। ਲੂਟ ਲੀਨ ਤਹਿਂ ਬਹੁਤ ਮਿਠਾਈ। ਰਣ ਕਰਿ ਦੁਰਗ ਪ੍ਰਵੇਸ਼ਯੋ ਜਾਈ ॥੩੭॥ ਲਰੇ ਤੁਰਕ ਸਗਰੇ ਬਿਸਮਾਏ। ਪੁਨ ਦ੍ਰਿੜਤਾ ਕਰਿ ਥਿਰ ਸਮੁਦਾਏ। ਦਿਨ ਦੈ ਇਕ ਮਹਿਂ ਫੇਰ ਸਿਧਾਰਾ। ਲੀਨਿ ਮਿਠਾਈ ਲੂਟ ਬਜਾਰਾ ॥੩੮ ॥ ਫੇਰ ਦੁਰਗ ਮਹਿਂ ਜਾਇ ਪ੍ਰਵੇਸ਼ਾ। ਅਚਰਜ ਧਾਰ ਤੁਰਕ ਅਸ਼ੇਸ਼ਾ। ਬਾਧੂ ਬਗੀ ਬਲੀ ਤੁਰੰਗਾ।ਕੋਇ ਨ ਰੋਕਿ

[1]ਜੁੱਧ ਨਾਂ ਕੀਤਾ ਸਗੋਂ ਨੱਠ ਪਿਆ। [2](ਜੇ) ਨੇੜੇ ਢੁੱਕੇ। [3](ਨਾਂ ਉਹ ਅੰਦਰੋਂ) ਨਿਕਲੇ ਤੇ ਨਾਂ (ਏਹ ਅੰਦਰ) ਵੜ ਸੱਕਣ। 'ਨਹਿਂ' ਪਦ ਦੇਹਰੀ ਦੀਪਕ ਲਗੇਗਾ।

।ਪਿਛਲੇ ਪੰਨੇ ਦੀ ਟੂਕ ਦੀ ਬਾਕੀ

ਤੋਂ ਭਾਈ ਗੰਡਾ ਸਿੰਘ ਨੂੰ ਹੁਣੇ ਹੀ ਇਕ ਹੁਕਮ ਨਾਮਾ ਜੌਨਪੁਰ ਵਾਲਾ ਮਿਲਿਆ ਹੈ,ਜਿਸਦਾ ਫੋਟੋ ਸਾਹਮਣੇ ਦੇਂਦੇ ਹਾਂ।ਇਸ ਤੋਂ ਪਤਾ ਲਗਦਾ ਹੈ ਕਿ'ਫਤਹ ਦਰਸ਼ਨ'ਜਾਰੀ ਹੋ ਗਈ ਤੇ ਬੀ ਉਹ ਗੁਰੂ ਕਾ ਸਿੰਘ ਹੈ। ਹੁਕਮ ਨਾਮੇ ਤੇ ਮੁਹਰ 'ਦੇਗੋ ਤੇਗੋ ਫਤੇ ਨੁਸਰਤ ਬੇ ਦਰੰਗ, ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ' ਵਾਲੀ ਹੈ। ਗੁਰੂ ਜੀ ਨੂੰ ਗੁਰੂ ਕਹਿ ਰਿਹਾ ਤੇ ਰਖਣਹਾਰਾ ਦੱਸ ਰਿਹਾ ਹੈ ਤੇ ਖਾਲਸੇ ਨੂੰ ਗੁਰੂ ਕਾ ਦੱਸ ਰਿਹਾ ਹੈ,ਤੇ ਸੱਚਾ ਸਾਹਿਬ ਪਦ ਬੀ ਗੁਰੂਜੀ ਵਾਸਤੇ ਵਰਤਦਾ ਜਾਪਦਾ ਹੈ, ਕਿਉਂਕਿ ਅਖੀਰ ਵਿਚ ਆਪਣਾ ਹੁਕਮ ਜਦ ਦੇਂਦਾ ਹੈ ਤਾਂ ਲਿਖਦਾ ਹੈ 'ਮੇਰਾ ਹੁਕਮ ਹੈ, ਜੋ ਖਾਲਸੇ ਦੀ ਰਹਿਤ ਰਹੇਗਾ ਤਿਸਦੀ ਗੁਰੂ ਬਾਹੁੜੀ ਕਰੇਗਾ'। ਏਹ ਗਲਾਂ ਗੁਰਸਿਖੀ ਦੀਆਂ ਹਨ, ਫਤੇ ਦਰਸ਼ਨ ਆਦਿ ਗਲਾਂ ਨਵੀਨ ਸਨ। ਅਗਲੇ ਹਾਲਾਤ ਤੋਂ ਟੋਹ ਲਗਦੀ ਹੈ ਕਿ ਫਤੇ ਦਰਸ਼ਨ ਤੋਂ ਮਾਤਾ ਜੀ ਨੇ ਵਰਜ ਘੱਲਿਆ ਹੈ ਤਾਂ ਫੇਰ ਬੋਲਾ ਖਾਲਸੇ ਦਾ ਵਾਹਿਗੁਰੂ ਜੀ ਕੀ ਫਤੇ ਹੀ ਜਾਰੀ ਰਿਹਾ ਹੈ। ਮਾਤਾ ਜੀ ਨੇ ਕੋਈ ਖਤ ਬੰਦੇ ਨੂੰ ਜੰਗ ਜੁੱਧ ਤੋਂ ਵਰਜਣ ਦਾ ਲਿਖਿਆ ਸਹੀ ਨਹੀਂ ਜਾਪਦਾ।ਬੰਦੇ ਦੇ ਦਰਬਾਰ ਸਾਹਿਬ ਆਕੇ ਦਾਵਾ ਗੁਰਿਆਈ ਵਾਲੀ ਗਲ ਬੀ ਠੀਕ ਨਹੀਂ, ਉਹ ਘਟਨਾ ਬਾਬੇ ਜੀ ਦੇ ਮਗਰੋਂ ਕਈ ਬਰਸ ਬਾਦ 'ਬੰਦਈਆਂ' ਤੇ 'ਖਾਲਸਿਆਂ' ਵਿਚ ਹੋਈ ਸੀ।

ਸਕਹਿ ਕਰਿ ਜੰਗ॥੩੯॥ਅਪਰ ਚਮੂੰ ਭੀ ਕੁਪਤਿ ਬਿਸਾਲਾ। ਇਹ[1] ਭੋਜਨ ਕਰਿ ਹਰਖ ਬਿਸਾਲਾ। ਜੇ ਰਿਪੁ ਕਰੈ ਪ੍ਰਾਤਿ ਤਕਰਾਇ। ਸਿਧਨਾ ਧਾਰਿ[2] ਛੀਨਿ ਲੇ ਜਾਈ ॥ ੪੦॥ ਸਿਧਨਾ ਤਕੈਂ ਦੁਪਹਿਰੇ ਪਰੈਂ[3]। ਖਿਰੈਂ ਦੁਪਹਿਰੇ ਨਿਸ ਲੇ ਥਰੈਂ[4]। ਅਨਿਕ ਜਤਨ ਪਕਰਨ ਹਿਤ ਕਰੈਂ। ਚੁਕਹਿ ਨਹੀਂ ਅਚਰਜ ਸਭਿ ਧਰੈਂ ॥ ੪੧ ॥ ਲਸ਼ਕਰ ਭਯੋ ਤਮਾਮ ਹਿਰਾਨਾ।-ਮਾਰੇ ਜਾਇ ਨ ਪਕਰਯੋ ਪਾਨਾ। ਮਹਾਂ ਮਰਦਮੀ ਤੇ ਸੁਖ ਪਾਵੈ। ਅਪਰ ਚਮੂੰ ਛੁਧਿ ਤੇ ਬਿਕੁਲਾਵੈ-॥ ੪੨॥ ਇਕ ਦਿਨ ਬੰਦੇ ਕੇ ਢਿਗ ਥਿਰੇ। ਝਿਰਕਯੋ ਤਰਜਯੋ 'ਤੈਂ ਦੁਖ ਕਰੇ[5]। ਗੁਰ ਕੇ ਬਾਕ ਬਿਖੈ ਨਹਿ ਰਹਯੋ। ਤੋ ਏਤਿਕ ਸੰਕਟ ਕੋ ਸਹਯੋ' ॥੪੩॥ ਬੰਦੇ ਕਹਯੋ 'ਤੁਮੈਂ ਕਯਾ ਪਰਯੋ। ਬੁਰਾ ਕਿ ਭਲਾ ਹਮਹੁੰ ਨੇ ਕਰਯੋ। ਤਜਿ ਕੈ ਜੰਗ ਚਹਹੁ ਜੇ ਜਾਨਾ। ਤਉ ਤੁਮ ਗਮਨਹੁੰ ਹੋਹੁ ਨ ਹਾਨਾ' ॥ ੪੪ ॥ ਰਿਸ ਕਰਿ ਬਾਬੇ ਬਹੁਰ ਉਚਾਰੀ। 'ਤੁਵ ਕੁਕਰਮ ਤੇ ਸੰਕਟ ਭਾਰੀ। ਸਗਰੇ ਭੋਗਹਿ ਹਮ ਨੇ ਜਾਨੀ। ਗਲਹਿ ਕੁਠਾਲੀ ਲੋਹੁ ਪਛਾਨੀ ॥ ੪੫ ॥ ਹਤਿ ਕ੍ਰਿਪਾਨ ਤੇ ਤੋਹਿ ਜੁ ਦੇਤੋ[6]। ਕਯੋਂ ਭੋਗਤਿ ਸਭਿ ਹੀ ਦੁਖ ਏਤੋ। ਗੁਰਬਖਸ਼ਿਸ਼ ਤੇ ਤੋਹਿ ਨ ਮਾਰਾ। ਪਾਇ ਬਿਭੂਤਿ[7] ਰਿਦੇ ਹੰਕਾਰਾ' ॥ ੪੬ ॥ ਇੱਤਯਾਦਿਕ ਬਹੁ ਕਹੇ ਕਹਾਏ। ਭਯੋ ਬਿਰੋਧ ਸੁ ਕ੍ਰੋਧ ਵਧਾਏ।ਕਾਨ੍ਹ ਸਿੰਘ ਨੇ ਪਿਤਾ ਹਟਾਯੋ।ਛਿਮਾ ਕਰਾਵਤਿ ਡੇਰੇ ਲਯਾਯੋ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬੰਦੇ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟਬਿੰਸਤੀ ਅੰਸੂ ॥੨੬॥

## ੨੭. [ਬਾਬਾ ਬਿਨੋਦ ਸਿੰਘ ਤੇ ਕਾਨ੍ਹ ਸਿੰਘ ਦਾ ਜਾਣਾ। ਬੰਦੇ ਦਾ ਅੰਤ]।

ਦੋਹਰਾ ॥ ਕਾਨ੍ਹ ਸਿੰਘ ਸਮੁਝਾਇਕੈ ਪਿਤ ਸਨ ਕਹਯੋ ਬਨਾਇ। 'ਤੁਮ ਨਿਕਸਹੁ ਤਜਿ ਸੰਗ ਕੋ ਜੰਗ ਨ ਬਿਚ ਹੁਇ ਜਾਇ[8]' ॥ ੧ ॥ ਚੌਪਈ ॥ ਗੋਇੰਦਵਾਲ ਸਦਨ ਪਹੁੰਚੀਜੈ। ਇਸ ਮੂਰਖ ਸੋਂ ਰਿਸ ਨਹਿ ਕੀਜੈ।ਸਤਿਗੁਰ ਕਹਯੋ ਭੋਜਨੋ ਹਮੈ। ਹਿਤ ਸਹਾਇਤਾ ਕੇ ਸਭਿ ਸਮੈਂ ॥੨॥ ਗੁਰ ਕੀ ਆਗਯਾ ਭੰਗ ਨ ਕਰੌਂ।ਰਹੌਂ ਸੰਗ ਮੈਂ,ਤੁਮ ਚ ਢ ਪਰੌ[9]। ਪੁਜਯੋ ਅੰਤ ਇਸ

---

[1]ਭਾਵ ਬਾਬਾ ਬਿਨੋਦ ਸਿੰਘ ਜੀ ਦਾ ਟੋਲਾ। [2]ਸੰਧਿਆ ਪਿਆਂ। (ਅ) ਸੰਧਿਆ ਨੂੰ ਧਾੜ ਵਾਂਙੂ ਪੈਕੇ। [3](ਜੇ ਵੈਰੀ) ਸੰਧਿਆ ਨੂੰ ਖਬਰਗੀਰੀ ਕਰਦੇ ਹਨ (ਤਾਂ ਉਹ) ਦੁਪਹਿਰੇ (ਉਹਨਾਂ ਉੱਤੇ) ਜਾ ਪੈਂਦੇ ਹਨ। [4](ਜੇ ਉਹ) ਦੁਪਹਿਰੇ ਖੜੋਕੇ (ਸਾਵਧਾਨੀ ਕਰਦੇ ਹਨ ਤਾਂ ਇਹ) ਰਾਤੀਂ ਲੁੱਟਕੇ (ਕਿਲ੍ਹੇ ਵਿਚ) ਜਾ ਵੜਦੇ ਹਨ। [5]ਤਾੜਿਆ (ਹੇ ਬੰਦੇ) ਤੈਂ (ਸਾਨੂੰ) ਦੁਖੀ ਕੀਤਾ ਹੈ। [6]ਤੈਨੂੰ ਜੇ ਕ੍ਰਿਪਾਨ ਨਾਲ (ਅਗੇ) ਮਾਰ ਦੇਂਦਾ। [7]ਸੰਪਦਾ ਪਾਕੇ। [8](ਤੁਹਾਡੇ ਤੇ ਬੰਦੇ) ਵਿਚ ਜੰਗ ਨਾ ਹੋ ਜਾਵੇ। [9]ਮੈਂ (ਬੰਦੇ ਨਾਲ) ਰਹਾਂਗਾ ਤੁਸੀਂ ਚਲ ਜਾਓ।

ਕੇ ਅਬਿ ਆਈ।ਤੁਮ ਹਤਿ ਕਰਿ ਕਸੌਂ ਲੇਤਿ ਬੁਰਾਈ'॥੩॥ ਸੁਨਿ ਬਿਨੋਦ ਸਿੰਘ ਭਲੇ ਬਿਚਾਰਾ। ਪਾਇ ਜ਼ੀਨ ਹੋਯੋ ਅਸਵਾਰਾ। ਦੁਰਗ ਪੌਰ ਤੇ ਨਿਕਸ੍ਯੋ ਬਾਹਿਰ। ਸੰਧ੍ਯਾ ਸਮੈਂ ਜਾਨਿ ਤਿਸ ਠਾਹਿਰ ॥ ੪ ॥ ਤੇਜ਼ ਤੁਰੰ-ਗਮ ਕਰਤਿ ਪਲਾਯੋ। ਲਸ਼ਕਰ ਬੀਚ ਬਾਇ ਸਮ ਧਾਯੋ। ਰਹੇ ਰੋਕ ਸਭਿ ਰੁਕ੍ਯੋ ਨ ਕੈਸੇ। ਮ੍ਰਿਗਨ ਬ੍ਰਿੰਦ ਤੇ ਕੇਹਰਿ ਜੈਸੇ॥੫॥ ਗੋਇੰਦਵਾਲ ਪਹੂਚੇ ਜਾਇ। ਬਸੇ ਸਦਨ ਮਹਿ ਸਹਿਜ ਸੁਭਾਇ। ਦੁਰਗ ਬਿਖੈ ਘੇਰੇ ਮਹਿ ਪਰੇ। ਛੁਧਤਿ ਹਲਾਕ[1] ਹੋਇ ਨਰ ਮਰੇ॥੬॥ ਕੇਤਿਕ ਲਰਿ ਕਰਿ ਮਰੇ ਜੁਝਾਰੇ। ਜੇਤਿਕ ਮਾਰੇ ਗਏ ਸ ਮਾਰੇ। ਪੁਨ ਓਰਜ਼ ਲਸ਼ਕਰ ਕ੍ਰਿਯ ਹੇਲਾ। ਦੁਰਗ ਪੌਰ ਕੋ ਤੋੜਿ ਧਕੇਲਾ* ॥ ੭ ॥ ਸਨਮੁਖ ਭਏ ਸੁ ਤਤਛਿਨ ਮਾਰੇ। ਅਪਰ ਛੁਧਿਤ ਪਕਰੇ ਭਟ ਸਾਰੇ। ਗਹ੍ਯੋ ਬੀਚ ਤੇ ਬੰਦਾ ਜਾਇ। ਲੋਹ ਪਿੰਜਰਾ ਦ੍ਰਿੜ੍ਹ ਘਰਿਵਾਇ†॥੮॥ਤਿਸ ਮਹਿਂ ਪਾਇ ਕੈਦ ਕਰਿ ਲੀਨ। ਅਪਰ ਜੇਲ ਸਭਿ ਕੋ ਤਹਿਂ ਕੀ'ਨ। ਲੇ ਕਰਿ ਪਾਤਸ਼ਾਹੁ ਕੇ ਤੀਰ। ਪਹੁੰਚਤਿ ਭਏ ਅਧਿਕ ਭਟ ਭੀਰ‡॥੯॥ਕੇਤਿਕ ਮਾਸ ਕੈਦ ਮਹਿਂ ਰਾਖਾ। ਪੁਨ ਪਤਿਸ਼ਾਹੁ ਹੁਕਮ ਅਸ ਭਾਖਾ। ਹੇਤੁ ਬਿਲੋਕਨ ਨਿਕਟ ਹਕਾਰਾ। ਸ਼ਾਹੁ§ ਸੰਗ ਬੰਦੇ ਸੁ ਉਚਾਰਾ ॥ ੧੦ ॥ 'ਮੁਝ ਕੋ ਗਹਿ ਕੈ ਲਨਾਇ ਹਦੂਰ। ਐਸੋ ਹੁਤੋ ਸੁ ਕਿਸ

---

[1]ਭੁੱਖ ਦੇ ਮਾਰੇ ਮਰ ਗਏ। (ਇਹ ਸਾਖੀ ਮਹਿੰਮਾ ਪ੍ਰਕਾਸ਼ ਵਿਚੋਂ ਹੈ ਉਥੇ ਇਸ ਥਾਵੇਂ ਐਉਂ ਪਾਠ ਹੈ:—"ਤਮਾਮ ਸਿੰਘ ਮਾਰੇ ਭੁੱਖ ਕੇ ਹਲਾਕ ਹੂਏ")।

*ਇਹ ਗ਼ਲਤ ਹੈ। ਤੁਰਕਾਂ ਗੜ੍ਹੀ ਨਹੀਂ ਤੜੀ। ਅਬਦੁਲ ਸਮੱਦ ਖਾਂ ਨੇ ਬੰਦੇ ਨੂੰ ਇਹ ਇਕਰਾਰ ਦੇਕੇ ਕਿ ਤੁਸੀਂ ਜੇ ਗੜ੍ਹੀ ਛੱਡ ਦਿਓ ਤਾਂ ਤੁਹਾਡੀ ਜਾਨ ਬਖਸ਼ੀ ਕੀਤੀ ਜਾਏਗੀ, ਵਿਸਾਹਘਾਤ ਕੀਤਾ। ਜਦੋਂ ਬਾਬਾ ਬੰਦਾ ਤੇ ਉਸ ਦੇ ਸਾਥੀ ਬਾਹਰ ਆਏ ਤਾਂ ਸਹੁੰ ਤੋੜਕੇ ਸਾਰੇ ਪਕੜ ਲਏ।

†ਇਹ ਬੀ ਪਤਾ ਚਲਦਾ ਹੈ ਕਿ ਪਿੰਜਰੇ ਵਿਚ ਬੰਦਾ ਸਰਹਿੰਦ ਤੋਂ ਅੱਗੇ ਜਾਕੇ ਦਿੱਲੀ ਦੇ ਨੇੜੇ ਪਾਇਆ ਗਿਆ ਸੀ, ਓਥੋਂ ਤਕ ਹਾਥੀ ਤੇ ਲਿਜਾਇਆ ਗਿਆ ਸੀ।

‡ਬੰਦਾ ਦੋ ਸੌ ਕੈਦੀਆਂ ਸਣੇ ਪਹਿਲੇ ਲਾਹੌਰ ਪਹੁੰਚਾ। ਓਥੇ ਤੇ ਅੱਗੋਂ ਹੋਰ ਬੇਗੁਨਾਹ ਸਿੰਘ ਫੜ ਫੜ ਕੇ ਨਾਲ ਰਲਾਏ ਤੇ ਟੋਰੇ ਗਏ। ਸਰਹਿੰਦ ਦੇ ਬਜ਼ਾਰਾਂ ਵਿਚ ਨਸ਼ਰ ਕੀਤੇ ਤੇ ਇਸੀ ਤਰ੍ਹਾਂ ਦਿੱਲੀ ਵੜੇ ਤਾਂ ਕਾਲੀਆਂ ਭੇਡਾਂ ਦੀਆਂ ਖੱਲਾਂ ਗਲੇ ਪੁਆਕੇ ਊਠਾਂ ਤੇ ਚੜ੍ਹਾਕੇ ਨਸ਼ਰ ਕੀਤੇ ਗਏ। ਇਹ ਅੱਠ ਸੌ ਤੇ ਹਜ਼ਾਰ ਦੇ ਵਿਚਕਾਰ ਸਿੱਖ ਕੈਦੀ ਸਨ। ਐਲਫਿਨਸਟਨ ਨੇ ੭੪੦ ਲਿਖੇ ਹਨ।

§ਇਹ ਸ਼ਾਹ ਫੱਰੁਖ਼ਸੀਅਰ ਸੀ, ਬਹਾਦਰ ਸ਼ਾਹ ਮਰ ਚੁਕਾ ਹੋਇਆ ਸੀ।

ਮਕਦੂਰ[੧]। ਕੋਇ ਨ ਸਕੈ ਮਾਰ ਮੁਝ ਤਾਂਈ। ਅਪਨੀ ਬਾਤ ਆਪ ਬਿਗ-ਰਾਈ॥੧੧॥ਜਿਸ ਗੁਰ ਨੇ ਸੁਲਤਨ ਤੁਵ ਦੀਨ*।ਤਿਸ ਪ੍ਰਭੁ ਨੇ ਮੋ ਕਉ ਬਡ ਕੀਨ। ਤਿਨ ਕੇ ਬਚਨ ਬਿਖੈ ਨਹਿਂ ਰਹਨੋ। ਤੌ ਏਤਿਕ ਸੰਕਟ ਮੈਂ ਸਹਨੋ ॥ ੧੨ ॥ ਸਪਤ ਬਰਖ ਤੇਰੀ ਬਯ ਜਾਨ। ਸ੍ਰੀ ਗੁਰ ਕਰਨੋ ਤੋਹਿ ਸੁਲਤਾਨ। ਮੋਹਿ ਮਰਨ ਪੀਛੈ ਅਠ ਦਿਨ ਮੈਂ। ਤੇਰੀ ਮ੍ਰਿਤੂ ਹੋਇ ਲਖਿ ਮਨ ਮੈਂ† ॥ ੧੩ ॥ ਜਬਿ/ਤੂੰ ਮਰਹਿਂ ਜਾਹਿਂ ਜਮ ਧਾਮ। ਬਿਗਰਹਿ ਅਵਨੀ ਰਾਜ ਤਮਾਮ। ਦਿਨ ਪ੍ਰਤਿ ਨਸੈ ਤੇਜ ਤੁਰਕਾਨਾ'।ਸੁਨਤਿ ਬਹਾ-ਦਰਸ਼ਾਹਿ† ਬਖਾਨਾ ॥ ੧੪ ॥ 'ਇਸਕੋ ਮਾਰਹੁ ਵਹਿਰ ਲਿਜਾਇ। ਅਪਰ ਜਿ ਗਹੇ ਲੋਕ ਸਮੁਦਾਇ।ਸਨੈ ਸਨੈ ਸਭਿ ਕੋ ਮਰਿਵਾਵਹੁ।ਕੋਇ ਨ ਬਚਿ ਹੈ ਪ੍ਰਾਨ ਗਵਾਵਹੁ‡'॥੧੫॥ ਵਹਿਰ ਨਿਕਾਸਨੋ ਬੰਦਾ ਮਾਰਨੋ।ਸਿਖ ਸੰਗਤਿ

---

[੧]ਤਾਕਤ।

*ਬਹਾਦਰਸ਼ਾਹ ਤਾਂ ੧੭੬੯ ਬਿ: ਵਿੱਚ ਮਰ ਚੁਕਾ ਸੀ। ਬੰਦੇ ਦਾ ਸਾਕਾ ਫ਼ਰੁੱਖਸੀਅਰ ਦੇ ਵੇਲੇ ਹੋਇਆ ਹੈ। ਬੰਦਾ ਗ੍ਰਿਫਤਾਰ ਪੋਹ ੧੭੭੨ ਵਿਚ ਹੋਇਆ ਸੀ ਤੇ ਸਾਕਾ ਚੇਤ ੧੭੭੩ ਬਿੱਕ੍ਰਮੀ ਨੂੰ।

†ਬੰਦਾ ੧੭੭੩ ਬਿ: ਵਿਚ ਸ਼ਹੀਦ ਹੋਇਆ ਹੈ ਤੇ ਫ਼ਰੁੱਖਸੀਅਰ ੧੭੭੬ ਬਿ: ਵਿਚ ਮੋਇਆ ਹੈ, ਇਸਨੇ ੬-੭ ਸਾਲ ਹੀ ਰਾਜ ਕੀਤਾ ਹੈ। ਫ਼ਰੁੱਖਸੀਅਰ ਪਾਤਸ਼ਾਹ ਤ੍ਰੈ ਕੁ ਸਾਲ ਬੰਦੇ ਤੋਂ ਮਗਰੋਂ ਮੋਇਆ ਹੈ। ਕਵਿ ਜੀ ਇਸ ਨੂੰ ਭੁਲੇਵੇ ਨਾਲ ਬਹਾਦਰ ਸ਼ਾਹ ਸਮਝ ਰਹੇ ਹਨ।

‡ਬੰਦੇ ਦੇ ਨਾਲ ਜਿੰਨੇ ਸਿੰਘ ਸਨ ਸਾਰੇ ਗੁਰਦਾਸ ਪੁਰ ਦੀ ਗੜ੍ਹੀ ਵਿਚਲੇ ਨਹੀਂ ਸਨ, ਗੜ੍ਹੀ ਵਿਚੋਂ ਤਾਂ ਦੋ ਕੁ ਸੌ ਸਿੰਘ ਹੱਥ ਆਏ ਸਨ। ਫੌਜਦਾਰ ਨੇ ਰਾਹ ਜਾਂਦੇ ਬੇਗੁਨਾਹ ਫੜ ਫੜਕੇ ਵਿੱਚ ਰਲਾਕੇ ਵਡਾ ਜਥਾ ਬਣਾ ਲਿਆ ਸੀ। ਇਨ੍ਹਾਂ ਵਿਚ ਇਕ ਨੌ-ਜਵਾਨ ਸਿੱਖ ਲੜਕਾ ਸੀ। ਇਸ ਦੀ ਮਾਂ ਫ਼ਰੁੱਖਸੀਅਰ ਤੋਂ ਅਪਣੇ ਪੁੱਤ੍ਰ ਦੀ ਜਾਨ ਬਖਸ਼ੀ ਕਰਵਾ ਲਿਆਈ, ਇਹ ਕਹਿਕੇ ਕਿ 'ਮੇਰਾ ਪੁੱਤ੍ਰ ਸਿੱਖ ਨਹੀਂ, ਤੇਰੇ ਲੋਕੀ ਉਸਨੂੰ ਐਵੇਂ ਫੜ ਲਿਆਏ ਹਨ'। ਪਰ ਜਿਸ ਵੇਲੇ ਮਾਂ ਪਹੁੰਚੀ ਤੇ ਪਾਤਸ਼ਾਹੀ ਪਰਵਾਨਾ ਜਲਾਦਾਂ ਨੂੰ ਦਿੱਤਾ ਤਾਂ ਬੱਚੇ ਨੇ ਕਿਹਾ 'ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਸਿੱਖ ਹਾਂ ਤੇ ਭਰਾਵਾਂ ਨਾਲ ਸ਼ਹੀਦ ਹੋਵਾਂਗਾ', ਸੋ ਉਹ ਸ਼ਹੀਦ ਹੋਇਆ। ਇਹ ਵਾਕਿਆ ਮੁਸਲਮਾਨ ਇਤਿਹਾਸਕਾਰਾਂ ਨੇ ਆਪ ਲਿਖਿਆ ਹੈ।

ਬੰਦੇ ਨਾਲ ਜੋ ਸਿੰਘ ਸਨ ਥੋੜ੍ਹੇ ਥੋੜ੍ਹੇ ਕਰਕੇ ਰੋਜ਼ ਨਿਹਾਇਤ ਵਹਿਸ਼ੀਆਨਾ ਜ਼ੁਲਮਾਂ ਨਾਲ ਕੁਤਵਾਲੀ ਅੱਗੇ ਕਤਲ ਕੀਤੇ ਗਏ। ਕੋਈ ਲਿਖਦਾ ਹੈ ੨੫ ਰੋਜ਼ ਕਰਕੇ, ਕੋਈ ੧੦੦ ਰੋਜ਼ ਕਰਕੇ ਮਾਰੇ ਗਏ। ਐਲਫਿਨਸਟਨ ਲਿਖਦਾ ਹੈ ਕਿ ਸਾਰੇ ਸੱਤਾਂ ਦਿਨਾਂ ਵਿਚ ਕਤਲ ਕੀਤੇ ਗਏ।

[ਬਾਕੀ ਨੂਟ ਵੇਖੋ ਅਗਲੇ ਪੰਨੇ ਦੇ ਹੇਠ]

ਸੁਨਿਕੈ ਦੁਖ ਧਾਰਯੋ। ਮਾਤਾ ਸੁੰਦਰੀ ਢਿਗ ਚਲਿ ਗਏ। ਸਭਿ ਕਰ ਜੋਰਿ

[ ਪਹਿਲੇ ਪੰਨੇ ਦੀ ਬਾਕੀ ਟੂਕ ]

ਐਲਫਿਨਸਟਨ (ਸਫਾ ੩੭੫ ਤੇ) ਲਿਖਦਾ ਹੈ:—"ਓਹ ਸਾਰੇ (ਸਿੱਖ) ਅਤਿ ਦਰਜੇ ਦੀ ਮਜ਼ਬੂਤ ਦਿਲੀ ਨਾਲ ਮਰੇ। ਉਨ੍ਹਾਂ ਨੂੰ ਆਪਣੀਆਂ ਜਿੰਦਾਂ ਬਚਾ ਲੈਣ ਵਾਸਤੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਕਿ ਧਰਮ ਤਿਆਗਕੇ ਜਾਨਾਂ ਬਚਾ ਲਓ (ਭਾਵ ਜੇ ਮੁਸਲਮਾਨ ਹੋ ਜਾਓ ਤਾਂ ਜਾਨ ਬਖਸ਼ੀ ਹੁੰਦੀ ਹੈ) ਪਰ ਸਭ ਨੇ ਐਸੇ ਲਾਲਚਾਂ ਨੂੰ ਨਫਰਤ ਦੀ ਨਜ਼ਰ ਨਾਲ ਵੇਖਿਆ।" ਜਿਸ ਤੋਂ ਸਿੱਧ ਹੋਇਆ ਕਿ ਓਹ ਕੈਸੇ ਧਰਮ ਦੇ ਪੱਕੇ ਸਨ ਕਿ ੭੪੦ ਵਿਚੋਂ ਇਕ ਬੀ ਧਰਮ ਤੋਂ ਨਹੀਂ ਗਿਰਿਆ ਅਰ ਅਤਿ ਭਿਆਨਕ ਤਸੀਹੇ ਝੇਗ ਭੋਗ ਕੇ ਸ਼ਹੀਦ ਹੋਏ। ਇਥੋਂ ਤਾਈਂ ਕਿ ਰਾਹ ਜਾਂਦੇ ਫੜੇ ਗਏ ਸਿੱਖ ਬੱਚੇ ਨੇ ਜਾਨ ਬਖਸ਼ੀ ਹੋ ਜਾਣ ਤੇ ਬੀ ਮਾਂ ਦੇ ਝੂਠ ਬੋਲਨ ਨਾਲ ਜਿੰਦ ਬਚਾਉਣ ਤੋਂ ਸ਼ਹੀਦ ਹੋਣਾ ਬਿਹਤਰ ਸਮਝਿਆ। ਬੰਦੇ ਬਾਬਤ ਐਲਫਿਨਸਟਨ ਲਿਖਦਾ ਹੈ ਕਿ "ਓਹ ਅਖੀਰਲੇ ਦਿਨ ਕਤਲ ਲਈ ਆਂਦਾ ਗਿਆ। ਉਸਨੂੰ ਪਿੰਜਰੇ ਵਿਚ ਬੰਦ ਕਰਕੇ ਲਿਆਏ, ਉਸਨੂੰ ਜ਼ਰਬਫਤ ਦੇ ਕੱਪੜੇ ਪਹਿਨਾਏ ਸਨ, ਸਿਰ ਤੇ ਕਿਰਮਚੀ ਚੀਰਾ ਬੱਧਾ ਸੀ। ਜਲਾਦ ਨੰਗੀ ਤਲਵਾਰ ਧੂਹਕੇ ਉਸਦੇ ਮਗਰ ਖੜਾ ਸੀ। ਉਸਦੇ ਦੁਆਲੇ ਨੇਜ਼ਾ ਬਰਦਾਰ ਸਨ, ਜਿਨ੍ਹਾਂ ਨੇ ਨੇਜ਼ਿਆਂ ਉਤੇ ਸਿੱਖਾਂ ਦੇ ਸਿਰ ਪਰੋ ਕੇ ਚੁੱਕੇ ਹੋਏ ਸਨ। ਇਥੋਂ ਤਾਈਂ ਕਿ ਇਕ ਮੋਈ ਹੋਈ ਬਿੱਲੀ ਬੀ ਨੇਜ਼ੇ ਤੇ ਟੰਗੀ ਨਾਲ ਸੀ ਕਿ ਬੰਦੇ ਦਾ ਅਸਾਂ ਨੇ ਸਰਬੰਸ ਤਬਾਹ ਕਰ ਦਿੱਤਾ ਹੈ। ਫੇਰ ਬੰਦੇ ਨੂੰ (ਕਤਲਗਾਹ ਵਿਚ ਬਿਠਾਕੇ) ਉਸ ਦਾ ਪੁੱਤ੍ਰ ਗੋਦੀ ਵਿਚ ਦੇਕੇ ਖੰਜਰ ਉਸਦੇ ਹੱਥ ਦਿੱਤਾ ਕਿ ਇਸ ਨਾਲ ਆਪਣੇ ਪੁੱਤ੍ਰ ਨੂੰ ਆਪ ਮਾਰੇ। ਬੰਦੇ ਦੇ ਐਸਾ ਕਰਨੋਂ ਨਾਂਹ ਕਰਨ ਪਰ ਉਹ ਬੱਚਾ ਕੁਹਿਆ ਗਿਆ ਤੇ ਉਸਦਾ ਦਿਲ ਕੱਢਕੇ ਬੰਦੇ ਜੀ ਦੇ ਚਿਹਰੇ ਤੇ ਮਾਰਿਆ ਗਿਆ*। ਅੰਤ ਨੂੰ ਲਾਲ ਅੰਗਾਰਾਂ ਜੰਬੂਰਾਂ ਨਾਲ ਉਸਦਾ ਗੋਸ਼ਤ ਨੋਚਿਆ ਗਿਆ। ਪਰ ਬੰਦਾ ਅਹਿਲ ਧੈਰਜ ਨਾਲ ਸਭ ਕੁਛ ਝੱਲ ਗਿਆ ਤੇ ਇਸ ਗਲ ਵਿਚ ਫਖਰ ਵਿਚ ਸੀ ਕਿ ਮੈਨੂੰ ਆਪਣੇ ਜ਼ਮਾਨੇ ਦੇ ਜ਼ੁਲਮਾਂ ਕਹਿਰਾਂ ਤੇ ਬਦੀਆਂ ਨੂੰ ਦੰਡ ਦੇਣ ਵਾਲਾ ਬਣਾਕੇ ਪਰਮੇਸ਼ਰ ਨੇ ਸਫਲ ਕੀਤਾ ਹੈ। ਸਿੱਖ ਜੋ ਅਜੇ ਪਕੜੇ ਨਹੀਂ ਸਨ ਗਏ ਐਉਂ ਸਤਾਏ ਗਏ ਜਿਵੇਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰੀਦਾ ਹੈ।"

ਸੈਰੁਲ ਮੁਤਾਖਰੀਨ ਵਾਲੇ ਨੇ ਬੰਦੇ ਦੇ ਨਾਲ ਦੇ ਸਿੰਘਾਂ ਦੀ ਸ਼ਹਾਦਤ ਵੇਲੇ ਧਰਮ ਪ੍ਰਪੱਕਤਾ ਦਾ ਹਾਲ ਐਉਂ ਦਿੱਤਾ ਹੈ:—

"ਦਰ ਕੁਸ਼ਤਾ ਸ਼ੁਦਨ ਯਕੇ ਬਰ ਦੀਗਰੇ ਸਬਕਤ ਮੇ ਜੁਸਤ ਵ ਮਿੰਨਤੇ
ਜੱਲਾਦ ਮੇ ਨਮੂਦ ਕਿ ਅੱਵਲ ਓਰਾ ਬਿਕੁਸ਼ੇਦ"।

ਅਰਥਾਤ—ਮਰਨ ਲਈ ਇਕ, ਦੂਜੇ ਨਾਲੋਂ ਤੇਜ਼ੀ ਨਾਲ ਅੱਗੇ ਵਧਦਾ ਸੀ ਤੇ ਜੱਲਾਦ ਦੀ ਮਿੰਨਤ ਕਰਦਾ ਸੀ ਕਿ ਪਹਿਲਾਂ ਮੈਨੂੰ ਕਤਲ ਕਰੇ।

ਬੰਦੇ ਦੇ ਸ਼ਹੀਦ ਹੋਏ ਸਾਥੀਆਂ ਦੀਆਂ ਲੋਥਾਂ ਨਾਲ ਕੀਹ ਵਹਸ਼ੀਆਨਾ ਸਲੂਕ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ।]

*ਤਾਰੀਖ ਮੁਹੰਮਦ ਸ਼ਾਹੀ ਵਾਲਾ ਲਿਖਦਾ ਹੈ ਕਿ ਇਹ ਬੱਚਾ ਬਹੁਤ ਹੀ ਸੁਹਣਾ ਸੀ।

ਬਖਾਨਤਿ ਭੁਏ ॥੧੬॥ 'ਕਾਨ੍ਹ ਸਿੰਘ ਬਾਬਾ ਵਿਚ ਕੈਦ । ਜਿਨ ਛੂਟਨ ਕਾ

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਕੀਤਾ ਗਿਆ । ਭਾਈ ਕਰਮ ਸਿੰਘ ਜੀ ਐਉਂ ਲਿਖਦੇ ਹਨ:—

"ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ, ਪਰ ਉਨ੍ਹਾਂ ਵਿਚੋਂ ਇਕ ਨੇ ਬੀ ਮੁਸਲਮਾਨੀ ਮਤ ਅੰਗੀਕਾਰ ਨਾ ਕੀਤਾ । ਜਿਸ ਦਿਨ ਆਖਰੀ ਜਥਾ ਕਤਲ ਕੀਤਾ ਗਿਆ ਉਸ ਦਿਨ ਚੱਗਣ ਦੀ ਸੰਗ੍ਰਾਂਦ (—ਫਗਣ ਵਦੀ ੧) ਸੀ, ਬੁੱਢੇ ਬੁੱਢੇ ਆਦਮੀ ਦੱਸਦੇ ਹਨ ਕਿ ਅਜੇਹੀ ਖੂੰਰੇਜ਼ੀ ਅੱਗੇ ਕਦੇ ਨਹੀਂ ਵੇਖੀ, ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਨ੍ਹਾਂ ਦੇ ਧੜਾਂ ਦੇ ਟੋਟੇ ਟੋਟੇ ਕਰਕੇ ਕਿਤੇ ਲੱਤ ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰਖਤ ਨਾਲ ਲਟਕਾ ਦਿੱਤਾ । ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ, ਸਿੰਘਾਂ ਵਿਚੋਂ ਇਕ ਦੀ ਲੋਥ ਵੀ ਸਾੜੀ ਯਾ ਫੂਕੀ ਨਹੀਂ ਗਈ, ਸਾਰੀਆਂ ਇਸੇ ਤਰ੍ਹਾਂ ਹੀ ਸ਼ਹਿਰ ਦੇ ਵਿਚ ਯਾ ਇਰਦੇ ਗਿਰਦੇ ਟੰਗੀਆਂ ਹੋਈਆਂ ਸਨ । ਚਾਰ ਕੁ ਹਜ਼ਾਰ ਸਿਰ ਅਤੇ ਹਜ਼ਾਰ ਕੁ ਲੱਤ ਬਾਂਹ ਧੜ ਦਾ ਰੁੱਖਾਂ ਨਾਲ ਲਟਕਣਾ, ਉਨ੍ਹਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਰਨਾ, ਬੜੇ ਭੈਭੀਤ ਕਰਨ ਵਾਲੇ ਨਜ਼ਾਰੇ ਸਨ । ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ, ਅਤੇ ਅੰਤ ਨੂੰ ਜਦ ਹੱਡੀਆਂ ਹੀ ਹੱਡੀਆਂ ਰਹਿ ਗਈਆਂ, ਤਾਂ ਹੌਲੀ ਹੌਲੀ ਪਿੰਜਰ ਵੀ ਜ਼ਮੀਨ ਉਤੇ ਡਿਗ ਪਏ ।" [ਪੰਨਾ ੧੧੬

ਬੰਦੇ ਦੀ ਮੌਤ ਬਾਬਤ ਇਕ ਇਉਂ ਬੀ ਰਵਾਯਤ ਹੈ ਕਿ ਬੰਦੇ ਨੇ ਕਸ਼ਟ ਝੱਲਕੇ ਬੀ ਜਦ ਮੁਸਲਮਾਨ ਹੋਣੋ ਨਾਂਹ ਕੀਤੀ ਤਾਂ ਪਾਤਸ਼ਾਹ ਨੇ ਪੁੱਛਿਆ ਕਿ ਤੂੰ ਆਪ ਹੀ ਦੱਸ ਤੈਨੂੰ ਕਿਸ ਮੌਤੇ ਮਾਰਿਆ ਜਾਏ । ਤਾਂ ਬਾਬੇ ਬੰਦੇ ਨੇ ਕਿਹਾ ਜਿਸ ਮੌਤੇ ਤੂੰ ਆਪ ਮਰਨਾ ਚਾਹੁੰਦਾ ਹੈਂ । ਇਸ ਕਹਿਣੇ ਪਰ ਬੰਦਾ ਇਕ ਹਾਥੀ ਦੇ ਪੈਰਾਂ ਨਾਲ ਬੱਧਾ ਗਿਆ । ਹਾਥੀ ਸ਼ਹਿਰ ਵਿਚ ਫੇਰਿਆ ਗਿਆ, ਬੰਦਾ ਮਗਰੇ ਮਗਰ ਘਸੀਟੀਂਦਾ ਲਗ ਪਗ ਐਉਂ ਹੋ ਗਿਆ ਜਿਵੇਂ ਮਰ ਗਿਆ ਹੈ । ਇਹ ਬੀ ਕਹਿੰਦੇ ਹਨ ਕਿ ਹਾਥੀ ਦੇ ਪੈਰਾਂ ਨਾਲ ਘਸੀਟਣ ਵੇਲੇ ਬੰਦੇ ਨੇ ਪ੍ਰਾਣ ਦਸਮ ਦੁਆਰ ਚੜ੍ਹਾ ਲਏ ਸਨ । ਜ਼ਾਲਮਾਂ ਨੇ ਇਹ ਸਮਝਕੇ ਕਿ ਮਰ ਗਿਆ ਹੈ, ਜਮਨਾ ਦੀ ਬੇਤੀ ਵਿਚ ਸੁੱਟ ਦਿੱਤਾ ਕਿ ਕੁੱਤੇ ਗਿੱਦੜ ਆਦਿ ਜਾਨਵਰ ਖਾ ਜਾਣ ਤੇ ਇਹ ਅਬਗਤ ਮਰੇ, ਨਾਂ ਫੂਕਿਆ ਨਾਂ ਦੱਬਿਆ ਜਾਵੇ । ਪਰ ਓਥੇ ਕਿਸੇ ਫਕੀਰ ਦੀ ਝੁੱਗੀ ਸੀ ਜੋ ਬਾਬੇ ਦੀ ਲੋਥ ਨੂੰ ਚੁਕ ਲੈ ਗਿਆ ਤੇ ਦਵਾ ਦਰਮਲ ਵਿਚ ਲਗਾ ਰਿਹਾ । ਸਮਾਂ ਪਾਕੇ ਬਾਬਾ ਤ੍ਰਕੜਾ ਹੋ ਗਿਆ ਤੇ ਲੁਕ ਛਪਿ ਭੇਸ ਵਟਾ ਕੇ ਪਹਿਲੇ ਨੱਠੇ ਵਿੱਚ ਤੇ ਫੇਰ ਜੰਮੂ ਦੇ ਇਲਾਕੇ ਵਿਚ ਜਾ ਰਿਹਾ, ਏਹ ਥਾਂ ਜੰਮੂ ਤੋਂ ਢਾਈ ਕੋਹ ਹੈ । ਇਥੇ ਆਪਦੇ ਸ਼ਰਧਾਲੂ ਪਿਆਰੇ ਆ ਮਿਲੇ ਤੇ ਆਪ ਦਾ ਮੁੜ ਵਜ਼ੀਰਾਬਾਦ ਵਿਵਾਹ ਹੋਇਆ, ਆਪਦੇ ਰਣਜੀਤ ਸਿੰਘ ਨਾਮੇ ਪੁੱਤ੍ਰ ਹੋਇਆ ਤੇ ਆਪ ਤੇਰਾਂ ਬਰਸ ਬਾਦ ਪਰਲੋਕ ਜਾ ਬਸੇ । ਬਾਬਾ ਜੀ ਦਾ ਇਸ ਪਰਲੋਕ ਗਮਨ ਦਾ ਸੰਮਤ ੧੭੯੮ ਦੱਸੀਦਾ ਹੈ । ਇਸੇ ਥਾਂ ਆਪਦਾ ਦੇਹੁਰਾ ਹੈ । ਆਪਦੇ ਮਗਰੋਂ ਗੱਦੀ ਟੁਰੀ ਜੋ ਹੁਣ ਤਕ ਜਾਰੀ ਹੈ । ਪਰ ਕਿਸੇ ਨੇ ਅਪਣੇ ਆਪ ਨੂੰ ਯਾਰਵੀਂ ਬਾਰਵੀਂ ਪਾਤਸ਼ਾਹੀ ਨਹੀਂ ਕਹਿਲਾਇਆ । ਦੇਹੁਰੇ ਵਿਚ ਵਰਤਾਰਾ ਸਿੱਖੀ ਗੁਰਦੁਆਰਿਆਂ ਵਾਲਾ ਹੈ । ਗੱਦੀ ਨਸ਼ੀਨ ਅੰਮ੍ਰਿਤ-

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਨਹੀਂ ਉਮੇਦ। ਮਾਰਨ ਹੁਕਮ ਸਭਿਨਿ ਦਿਯ ਸ਼ਾਹੂ। ਮਾਰ ਦਯੋ ਬੰਦਾ ਪਲ ਮਾਂਹੂ' ॥੧੭॥ ਸੁਨਿਕੈ ਮਾਤ ਸਭਿਨਿ ਸੋਂ ਕਹ੍ਯੋ। 'ਕਾਨ੍ਹ ਸਿੰਘ ਛੁਰ-ਵਾਯੋ ਚਹ੍ਯੋ। ਜਨਮ੍ਯੋ ਗੁਰ ਕੇ ਬੰਸ ਮਝਾਰੀ। ਪੁਨ ਸ਼ੁਭ ਗੁਨ ਜੁਤਿ ਭਟ ਭੁਜ ਭਾਰੀ॥੧੮॥ਨਤੁ ਤਿਸ ਸ਼੍ਰੋਣ[1] ਪਰੈ ਜਿਸ ਥਾਇਂ।ਬਡ ਅਪਰਾਧ ਹੋਇ ਤਹਿ ਜਾਇ। ਅਰੁ ਸਿੰਘਨ ਕੀ ਸਿੱਖੀ ਮਾਂਹਿ। ਪਰਹਿ ਤਫਾਉਤ[2] ਮਿਟਿ ਹੈ ਨਾਂਹਿ ॥ ੧੯ ॥ ਦਸਮ ਗੁਰੂ ਕੇ ਰਹ੍ਯੋ ਹਜ਼ੂਰ*। ਯਾਂਤੇ ਕਰਹੁ ਉਪਾਇ ਜ਼ਰੂਰ'। ਸੁਨਿ ਮਾਤਾ ਕੀ ਆਇਸੁ ਸਾਰ। ਸਿੱਖਨ ਜਤਨ ਅਨੇਕ ਬਿਚਾਰੇ॥੨੦॥ ਸਭਿ ਇਕਠੇ ਹੁਇ ਤਹਾਂ ਸਿਧਾਰੇ। ਗਹੇ ਹੁਤੇ ਜਹਿਂ ਕੈਦੀ ਸਾਰ। ਖਰੇ ਹੋਇ ਊਚੇ ਤਹਿਂ ਕਹੇ। 'ਨਾਮ ਕਾਨ੍ਹ ਸਿੰਘ ਕਿਸਕੋ ਅਹੇ ?' ॥੨੧॥ ਸੁਨਿ ਕਰਿ ਕਾਨ੍ਹ ਸਿੰਘ ਤਹਿਂ ਆਯੋ। ਥਿਰ੍ਯੋ ਪੌਰ ਢਿਗ ਸਭਿਨਿ ਜਨਾਯੋ। ਆਵਤਿ ਸਿੰਘਨ ਪਿਖ੍ਯੋ ਮੁਲਾਨਾ†। ਮੁਖ ਦਬਾਇ ਗਹਿ ਗਾਢ ਮਹਾਨਾ[3] ॥੨੨॥ ਕਾਰਾਗ੍ਰਿਹ ਮਹਿਂ ਦਿਯੋ ਧਕਾਈ। ਕਾਨ੍ਹ ਸਿੰਘ ਲੀਨਸਿ

[1]ਉਸਦਾ ਲਹੂ। [2]ਫਰਕ। [3]ਮੁਲਾਣੇ ਨੂੰ ਚੰਗੀ ਤਰ੍ਹਾਂ ਕਾਬੂ ਕਰਕੇ ਮੂੰਹ ਘੁਟ ਕੇ (ਕਿ ਉਹ ਰੌਲਾ ਨਾ ਪਾ ਸਕੇ, ਕਾਨ੍ਹ ਸਿੰਘ ਦੀ ਥਾਵੇਂ)......।

*ਜਾਪਦਾ ਹੈ ਕਿ ਮਾਤਾ ਜੀ ਬੰਦੇ ਦੀ ਮੌਤ ਨਿਸ਼ਚਿਤ ਜਾਣਕੇ ਇਸ ਨੂੰ ਬਚਾਇਆ ਚਾਹੁੰਦੇ ਹਨ, ਜੋ ਮਤੇਂ ਇਹ ਬੰਦੇ ਦੇ ਮਗਰੋਂ ਪੰਥ ਨੂੰ ਸੰਭਾਲ ਸਕੇ ਕਿਉਂਕਿ ਉਹ ਚੋਟੀ ਦਾ ਜੋਧਾ ਸੀ ਤੇ ਨੀਤਂਗਜ ਸੀ ਤੇ ਗੁਰੂ ਕੇ ਹਜ਼ੂਰ ਰਹਿਣ ਕਰਕੇ ਪੰਥਕ ਹਾਲਤਾਂ ਨੂੰ ਸਮਝਦਾ ਸੀ।

†ਮਹਿਮਾ ਪ੍ਰਕਾਸ਼ ਵਿਚ 'ਮੁਲਾਨਾ' ਹੀ ਲਿਖਿਆ ਹੈ। ਪਰ ਕਹਿੰਦੇ ਹਨ ਕਿ ਸਿਖਾਂ ਨੇ ਇਕ ਸਿੱਖ ਬਾਬਾ ਜੀ ਦੇ ਬਦਲੇ ਅੰਦਰ ਪਾਇਆ ਸੀ। ਜਿਸ ਸਿਖ ਨੇ ਖੁਸ਼ੀ ਨਾਲ ਬਾਬੇ ਦੀ ਥਾਂ ਜਾਨ ਦਿੱਤੀ। ਕਿਤੇ ਕਿਤੇ ਓਪਰੇ ਲੇਖਕਾਂ ਵਲੋਂ ਬਾਬੇ ਬੰਦੇ ਦੇ ਨਾਲ ਬਾਬੇ ਕਾਨ੍ਹ ਸਿੰਘ ਦੇ ਸ਼ਹੀਦ ਹੋਣ ਦਾ ਜ਼ਿਕਰ ਬੀ ਹੈ। ਉਹ ਲੇਖਕਾਂ ਤੋਂ ਗ਼ਲਤੀ ਇਸ ਕਰਕੇ ਹੋਈ ਹੈ ਕਿ ਜੋ ਸਿੰਘ ਬਾਬੇ ਦੀ ਥਾਂ ਸ਼ਹੀਦ ਹੋਇਆ ਉਹ ਕਾਨ੍ਹ ਸਿੰਘ ਸਦਾ ਕੇ ਹੀ ਸ਼ਹੀਦ ਹੋਇਆ ਸੀ। ਅਸਲ ਬਾਬਾ ਜੀਉਂਦਾ ਨਿਕਲ ਆਇਆ ਸੀ ਤੇ ਲੇਖਕਾਂ ਨੂੰ ਇਸ ਭੇਤ ਦਾ ਪਤਾ ਨਹੀਂ ਲੱਗਾ। ਬਾਬਾ ਜੀ ਦੇ ਲਾਹੌਰ ਅੰਮ੍ਰਿਤਸਰ ਆਦਿ ਵਿਚ ਮਗਰੋਂ ਜੀਉਂਦੇ ਜਾਗਦੇ ਦੇ ਹਾਲਾਤ ਮਿਲਦੇ ਹਨ।

(ਪਿਛਲੇ ਪੰਨੇ ਦੀ ਬਾਕੀ ਟੂਕ)

ਧਾਰੀ ਸਿੰਘ ਹੁੰਦਾ ਹੈ। ਸਿੱਖਾਂ ਤੋਂ ਇਲਾਵਾ ਬੰਦਈ ਸਿੰਘ ਬੀ ਰਹਿਤ ਮ੍ਰਿਯਾਦਾ ਵਾਲੇ ਹੁੰਦੇ ਹਨ। ਪਰ ਸਾਡਾ ਸਿੱਧਾਂਤ ਇਹੀ ਹੈ ਕਿ ਬਾਬਾ ਜੀ ਦਿੱਲੀ ਸ਼ਹੀਦ ਹੋ ਗਏ ਸਨ ਕਿਉਂਕਿ ਸ਼ਹਾਦਤ ਨੂੰ ਵੇਖਣ ਵਾਲਿਆਂ ਦੀਆਂ ਉਗਾਹੀਆਂ ਲੱਭ ਪਈਆਂ ਹਨ। ਹੇਠ ਲਿਖੇ ਲੇਖਕ ਬੰਦਾ ਜੀ ਦਾ ਮਾਰਿਆ ਜਾਣਾ ਇਸੇ ਮੌਕੇ ਤੇ ਲਿਖਦੇ ਹਨ:—ਸਰੂਪ ਦਾਸ ਭੱਲਾ ਕਰਤਾ ਮਹਿਮਾ ਪ੍ਰਕਾਸ਼, ਭਾਈ ਸੰਤੋਖ ਸਿੰਘ ਜੀ ਕਰਤਾ ਗੁ: ਪ੍ਰ: ਸੂਰਜ, ਮਿਰਜ਼ਾ ਮੁਹੰਮਦ ਹਰੀਸੀ, ਕਾਮਵਰ ਖਾਂ, ਖਾਫੀ ਖਾਂ, ਥੋਰਨਟਨ 'ਹਿਸਟਰੀ ਆਫ ਦੀ ਪੰਜਾਬ' ਵਿਚ, ਗੁਲਾਮ ਹਸਨ ਖਾਂ 'ਸੈਰੁਲ ਮਤਾਖਰੀਨ' ਦਾ ਕਰਤਾ, ਆਦਿ।

ਨਿਕਸਾਈ। ਰਥ ਚਢਾਇ ਆਛਾਦਨ ਕੀਨ। ਤੂਰਨ ਤੋਰਿ ਅਗਾਰੀ ਦੀਨ॥ ੨੩॥ ਦੁਇ ਸਿਖ ਚਲੇ ਸੰਗ ਮਹਿਂ ਜਾਇ। ਬੂਝੇ ਉੱਤਰ ਦੇਤਿ ਬਤਾਇ। 'ਨਰ ਬਿਸਾਲ ਕੀ ਬਿਚ ਹੈ ਦਾਰਾ'। ਇਮ ਲੇ ਗਮਨੇ ਸਭਿਨਿ ਮਝਾਰਾ॥ ੨੪॥ ਗਨ ਸਿੱਖਨ ਘਰਿ ਮਹਿਂ ਲੇ ਗਏ[1]। ਕਾਨ੍ਹ ਸਿੰਘ ਤਬਿ ਬੂਝਤਿ ਭਏ। 'ਕੌਨ ਮੇਲ ਕੀ ਸੰਗਤ ਇਹਾਂ?'। ਸੁਨਿ ਸਾਥੀਂ ਨੇ ਉੱਤਰ ਕਹਾ॥ ੨੫॥ 'ਰਾਜਾ ਰਾਮ ਮੇਲ ਕੀ ਸੰਗਤਿ। ਬੈਠਤਿ ਹੈ ਕਰਿ ਨਰਾਰੀ ਪੰਗਤਿ'। ਕਾਨ੍ਹ ਸਿੰਘ ਕਹਿ 'ਨਹਿਨ ਉਤਾਰੋ। ਅਗਲੀ ਸੰਗਤਿ ਬਿਖੈ ਸਿਧਾਰੋ॥ ੨੬॥ ਛਾਦਯੋ ਸਯੰਦਨ ਆਗੇ ਚਲੇ। ਗਏ ਦੂਤੀ ਜਹਿਂ ਸੰਗਤਿ ਭਲੇ। ਤਿਨ ਕੇ ਘਰਨ ਉਤਾਰਯੋ ਜਾਇ[2]। ਇਮ ਬਾਬਾ ਸੋ ਲੀਨਿ ਬਚਾਇ ॥੨੭॥ ਦਿਵਸ ਆਗਲੇ ਸ਼ਾਹੁ ਬੁਲਾਏ। ਜੇਤਿਕ ਸਿੰਘ ਕੈਦ ਮਹਿਂ ਆਏ। ਆਨਿ ਖਰੇ ਜਬਿ ਸਿੰਘ ਅਗਾਰੀ। ਬੂਝੇ ਸਭਿ 'ਕੋ ਤੁਮਹਿ ਮਝਾਰੀ॥੨੮॥ ਬਾਜ ਸਿੰਘ ਬਡ ਜੋਧਾ ਕੌਨੇ? ਕਰਿ ਕੈ ਜੁਦੋ ਦਿਖਾਵਹੁ ਤੌਨੇ'। ਭਯੋ ਪ੍ਰਥਕ ਸੁਨਿਕੈ ਤਤਕਾਲਾ। ਬੋਲਯੋ ਧਰਿ ਕੈ ਧੀਰ ਬਿਸਾਲਾ ॥੨੯॥ 'ਗੁਰ ਕੋ ਦਾਸ ਬਾਜ ਸਿੰਘ ਮੈਂ ਹੌਂ। ਜੋ ਤੁਮ ਕਹੌ ਦਿਖਾਵਨ ਕੈ ਹੌਂ'। ਕਹੈ ਸ਼ਾਹ 'ਤੂੰ ਬੀਰ ਬਿਸਾਲਾ। ਕਰਿ ਭੀ ਸਕਹਿਂ ਕਿ ਨਹਿਂ ਇਸ ਕਾਲਾ'॥੩੦॥ ਬਾਜਸਿੰਘ ਕਹਿ 'ਅਬਹਿ ਨਿਹਾਰਹੁ। ਮਮ ਪਗ ਤੇ ਬੇੜੀ ਨਿਰਵਾਰਹੁ। ਬੀਰ ਪਨੇ ਕੋ ਪਿਖਹੁ ਤਮਾਸ਼ਾ। ਲਰਹਿਂ ਕਿਤਿਕ ਮੈਂ ਕਰੌਂ ਬਿਨਾਸ਼ਾ॥੩੧॥ ਹੁਕਮ ਸ਼ਾਹੁ ਦੇ ਨਿਗੜ[3] ਨਿਕਾਰੀ। ਢਾਂਧਯੋ ਬਾਜ ਸਿੰਘ ਭੁਜ ਭਾਰੀ। ਕੜੇ ਹਾਥ ਕੇ ਸੋ ਭੁਜ ਭਾਰੇ। ਤੀਨ ਸਿਪਾਹੀ ਤਤਛਿਨ ਮਾਰੇ॥ ੩੨॥ ਖਰੋ ਨਬਾਬ ਏਕ ਤਿਹ ਤਾੜਯੋ। ਹਾਥ ਉਠਾਇ ਨਹੀਂ ਕਛ ਮਾਰਯੋ। ਪਿਖੀ ਚਲਾਕੀ ਸ਼ੇਰ ਮਨਿੰਦ। ਗਹਿਵਾਯੋ ਕਰਿ ਕੈ ਨਰ ਬ੍ਰਿੰਦ ॥੩੩॥ ਸ਼ਾਹੁ ਪ੍ਰਸੰਨ ਹੋਇ ਛੁਟ-ਵਾਯੋ। ਮਾਝੇ ਦੇਸ਼ ਛੁਟਯੋ ਚਲਿ ਆਯੋ*। ਕਾਨ੍ਹ ਸਿੰਘ ਜਿਹ ਸਿਖ ਘਰ ਮਾਂਹੀ। ਨੌਕਰ ਸੋ ਪਠਾਨ ਕੇ ਪਾਹੀ[4] ॥੩੪॥ ਲਿਖਯੋ ਪਰਗਨਾ ਤਾਂਹਿ ਅਜਾਰੇ[5]।

---

[1]ਭਾਵ ਜਿੱਥੇ ਸਿੱਖਾਂ ਦੇ ਬਹੁਤੇ ਘਰ ਸਨ ਓਥੇ ਲੈ ਗਏ। [2]ਉਹਨਾਂ ਦੇ ਘਰਾਂ ਵਿਚ ਜਾ ਉਤਾਰਿਆ। [3]ਬੇੜੀ। [4]ਉਹ (ਸਿਖ ਕਿਸੇ) ਪਠਾਣ ਪਾਸ ਨੌਕਰ ਸੀ। [5]ਤਿਸ ਪਠਾਣ ਨੇ ਪਰਗਣਾ ਠੇਕੇ ਤੇ ਲਿਆ ਹੋਇਆ ਸੀ।

*ਜਿੱਥੋਂ ਤਕ ਦੋਜ ਦੂਣ ਤਕ ਕੰਮ ਕਰਦੀ ਹੈ ਬਾਬਾ ਕਾਨ੍ਹ ਸਿੰਘ ਜੀ ਦੇ ਸਿਵਾ ਕੋਈ ਸਿੰਘ ਦੈਦੇ ਦੇ ਸਾਥੀਆਂ ਵਿਚੋਂ, ਜੋ ਦਿੱਲੀ ਆਂਦੇ ਗਏ ਸਨ, ਨਹੀਂ ਬਚਿਆ।

ਤਿਸ ਆਗੈ ਸਿਖ ਕਾਰ ਸੁਧਾਰੇ। ਦੇਤਿ ਚਾਕਰੀ ਹਾਥ ਉਠਾਈ[੧]। ਯਾਂਤੇ ਇਕ*ਸਿਖ ਰਹਤਿ ਸਦਾਹੀ[੨]॥੩੫॥ ਸਨਤਿ ਬ੍ਰਿਤੰਤ ਕਾਨ੍ਹ ਸਿੰਘ ਕਹਯੋ। 'ਲੈ ਦੇਵੋਂ ਧਨ ਜੇਤੋ ਚਹਯੋ'। ਸਿਖ ਨੈ ਭਨਯੋਂ 'ਕਹੌਂ ਕਯਾ ਅਰਜ਼ੀ। ਮੈਂ ਗਰਜ਼ੀ[੩], ਕਰੀਅਹਿ ਨਿਜ ਮਰਜ਼ੀ' ॥ ੩੬ ॥ ਕਾਨ੍ਹ ਸਿੰਘ ਰੁਖਸਦ ਹੁਇ ਗਯੋ। ਤਿਸੀ ਪਰਗਨੇ ਪ੍ਰਾਪਤਿ ਭਯੋ। ਖਾਨ ਪੌਰ ਢਿਗ ਉਤਰੇ ਜਾਇ। ਤਾਕਹਿ ਅਪਨੀ ਘਾਤ[੪] ਲਗਾਇ ॥ ੩੭ ॥ ਘਰ ਬਿਚ ਤੇ ਨਿਕਸੀ ਇਕ ਦਾਸੀ। ਬੂਝਨ ਕਰੀ ਲੋਕ ਜੇ ਪਾਸੀ[੫]। 'ਖਾਨ ਕੌਨ ਕਾਰਜ ਮਹਿਂ ਪਰੇ ?'। ਦਾਸੀ ਭਾਖਤਿ 'ਦਾਤਨ ਕਰੇ ॥੩੮॥ ਅਪਰ ਨੀਰ ਕੀਨਸਿ ਅਨਵਾਵਨ। ਚਾਹਤਿ ਹੈ ਪੁਨ ਤਿਸ ਤੇ ਨ੍ਹਾਵਨ'। ਕਾਨ੍ਹ ਸਿੰਘ ਲਖਿ ਘਾਤੀ ਭਲੇ[੬]। ਦਾਸੀ ਸਾਥ ਅੰਤਰੇ ਚਲੇ ॥ ੩੯ ॥ ਪਹੁੰਚੇ ਨਿਕਟ ਇਕਾਕੀ ਹੇਰਾ। ਬਲ ਤੇ ਪਕਰਿ ਤਰੇ ਸੋ ਗੇਰਾ। ਤੁਰਤ ਖਾਨ ਕੀ ਛਾਤੀ ਚਢੇ। ਤੀਖਨ ਕਰਿ ਕਟਾਰ ਕੋ ਕਢੇ ॥ ੪੦ ॥ ਅਨੀ ਉਦਰ ਕੇ ਸਾਥ ਲਗਾਈ। ਧਾਇ ਲੋਕ ਆਏ ਸਮੁਦਾਈ। ਨਗਨ ਕ੍ਰਿਪਾਨ ਮਾਰਨੋ ਚਹੈਂ। ਕਾਨ੍ਹ ਸਿੰਘ ਤਬਿ ਸਭਿ ਕੋ ਕਹੈ ॥੪੧॥ 'ਮੁਝ ਪਰ ਵਾਰ ਕਰਹੁ ਤੁਮ ਜਬੈ। ਖਾਨ ਪ੍ਰਾਨ ਹਾਨੌਂ ਮੈਂ ਤਬੈ'। ਸੁਨਿ ਪਠਾਨ ਨੇ ਸਕਲ ਹਟਾਏ। ਬੂਝੇ 'ਕੌਨ ਕਾਜ ਤੁਮ ਆਏ?' ॥੪੨॥ ਬਾਬੇ ਕਹਯੋ 'ਸਿੱਖ ਜੋ ਅਮਕੋ। ਚਾਕਰ ਕਾਜ ਕਰੈ ਨਿਤ ਤੁਮਕੋ। ਦਈ ਚਾਕਰੀ ਹਾਥ ਉਠਾਈ। ਗੁਜ਼ਰ ਤੰਗ ਤਿਸਕੀ ਹੁਇ ਆਈ ॥੪੩॥ ਤਿਸਕੋ ਦਰਬ ਦੀਜੀਐ ਸਾਰਾ। ਕਰਿ ਕਾਰਜ ਲਿਹੁ ਪ੍ਰਾਨ ਉਬਾਰਾ'। ਸੁਨਿ ਪਠਾਨ ਧਨ ਤੁਰਤ ਮੰਗਾਯੋ। ਕਾਨ੍ਹ ਸਿੰਘ ਪੁਨ ਬਾਕ ਅਲਾਯੋ ॥ ੪੪॥ 'ਦਗਾ ਨ ਕਰਿ, ਦਿਹੁ ਬੀਚ ਕੁਰਾਨ[੭]'। ਇਕ ਰਥ ਦੀਜਹਿ ਹਯਨ ਮਹਾਨ। ਬਿਤ, ਸੁਤ, ਮੁਝਕੋ[੮] ਬੀਚ ਬਿਠਾਇ। ਅਪਰ ਰਾਜ ਮਹਿਂ ਦਿਹੁ ਪਹੁੰਚਾਇ' ॥ ੪੫॥ ਸੁਨਤਿ ਖਾਨ ਡਰ ਕੋ ਬਹੁ ਮਾਨਾ। ਕਰਯੋ ਤਥਾ ਸੁਭ ਜਥਾ ਬਖਾਨਾ। ਪਹੁੰਚੇ ਜਬੈ ਰਾਜ ਬੇਗਾਨੇ। ਬਿਤ ਲੇ, ਸੁਤ ਰਥ ਦੀਯਸਿ

[੧]ਭਾਵ ਤਨਖਾਹ ਦੇਣ ਵੇਲੇ (ਪਠਾਣ) ਹੱਥ ਸੰਕੋਚ ਲੈਂਦਾ ਸੀ। [੨]ਜਿਸ ਕਰਕੇ ( ਇਹ ) ਇਕ ਸਦਾ ਹੀ (ਦੁਖੀ) ਰਹਿੰਦਾ ਸੀ। [੩]ਲੋੜਵੰਦ ਹਾਂ। [੪]ਦਾਉ। [੫]ਪਾਸ ਦੇ ਲੋਕਾਂ ਨੇ ਪੁੱਛਿਆ (ਦਾਸੀ ਤੋਂ)। [੬]ਚੰਗਾ ਦਾਉ ਜਾਣਕੇ। [੭]ਦਗ਼ਾ ਨ ਕਰੀਂ ਜ਼ਮਾਨਤ ਦੇਹ ਕੁਰਾਨ ਦੀ (ਭਾਵ ਸਹੁੰ ਖਾਹ)। [੮]ਧਨ, (ਆਪਣੇ) ਪੁੱਤ੍ਰ ਤੇ ਮੈਨੂੰ।

*ਇਥੇ ਪਾਠ 'ਇਕ' ਦੀ ਥਾਵੇਂ 'ਦਿੱਕ' ਚਾਹੀਦਾ ਹੈ, ਮਹਿਮਾ ਪ੍ਰਕਾਸ਼ ਵਿਚ ਜਿੱਥੋਂ ਦੀ ਇਹ ਸਾਖੀ ਹੈ, ਪਾਠ ਐਉਂ ਹੈ–:"ਇਸ ਵਾਸਤੇ ਸਿੱਖ ਬਹੁਤ ਦਿਕ ਰਹਿਤਾ ਥਾ"।

ਜਾਨੇ[1]॥੪੬॥ਸਿਖ ਕੋ ਦਯੋ ਦਰਬਤਬਿ ਸਾਰ॥ਆਪ ਸੁਧਾਸਰ ਓਰ ਪਧਾਰ॥ ਇਮ ਤੀਨਹੁੰ[2] ਜੀਵਤ ਹੀ ਛੁਟੇ॥ਪਕਰੇ ਅਪਰ ਸਭਿਨ ਸਿਰ ਕਟੇ[3]॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਬਾਜ ਸਿੰਘ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥ ੨੭ ॥

## ੨੮. [ਅਜੀਤ ਸਿੰਘ ਪਾਲਕ ਪੁੱਤ੍ਰ]।

ਦੋਹਰਾ॥ਅਬਿ ਅਜੀਤਸਿੰਘ ਕੀ ਕਥਾ ਸੁਨਿ ਸ੍ਰੋਤਾ ਸਵਧਾਨ॥ਪਾਲਕ ਮਾਤਾ ਸੁੰਦਰੀ ਭਾ ਬਾਲਕ ਤੇ ਜ੍ਵਾਨ॥੧॥ਚੌਪਈ॥ਬਸਤ੍ਰ ਬਿਭੂਖਨ ਸੁੰਦਰ ਨਾਨਾ। ਚਪਲ ਤੁਰੰਗਮ ਮੋਲ ਮਹਾਨਾ। ਮਾਤ ਦੁਲਾਰਤਿ ਬਿਬਿਧ ਪ੍ਰਕਾਰ। ਪਹਿਰਾਵਤਿ ਬਹੁ ਰਾਖਿ ਸੁਖਾਰਾ ॥ ੨ ॥ ਸ਼੍ਰੀ ਅੰਮ੍ਰਿਤਸਰ ਆਦਿ ਸਥਾਨਾ। ਜਹਿਂ ਜਹਿਂ ਰਹੈਂ ਮਸੰਦ ਮਹਾਨਾ। ਸਭਿ ਸੰਗਤ ਤੇ ਲੇ ਗੁਰ ਕਾਰ। ਧਨ ਆਦਿਕ ਸਭਿ ਵਸਤੁ ਸੰਭਾਰਿ ॥੩॥ ਕੁਛਕ ਮਾਤ ਕੇ ਪਾਸ ਪਠਾਵੈ। ਇਮ ਚਹੁੰ ਦਿਸ਼ਿ ਤੇ ਧਨ ਗਨ ਆਵੈ॥ਦਰਬ ਕੋਸ਼ ਮਹਿਂ ਜੁਰਹਿ ਬਿਸਾਲੇ। ਖਰਚ ਅਜੀਤ ਸਿੰਘ ਕੋ ਚਾਲੇ ॥੪॥ ਸਾਠਕ ਰਾਖੇ ਢਿਗ ਅਸਵਾਰਾ। ਲਏ ਤੁਰੰਗਮ ਮੋਲ ਉਦਾਰਾ। ਸ਼ਸਤ੍ਰ ਬਸਤ੍ਰ ਦੇ ਬਰਨ ਬਰਨ ਕੇ। ਚਾਕਰ ਸੰਗਤਿ ਬੈਸ ਤਰੁਨਕੇ[4]॥੫॥ਚਢਹਿ ਤੁਰੰਗ॥ਅਖੇਰ ਸਿਧਾਰੇ॥ਤੋਮਰ ਤੁਪਕ ਪ੍ਰਹਾਰਨ ਹਾਰੇ। ਮਾਤਾ ਕੀ ਪ੍ਰਸੰਨਤਾ ਸੰਗ॥ਬਿਲਸਹਿ ਅਨਿਕ ਬਿਲਾਸਨ ਰੰਗ॥੬॥ ਬੈਠੇ ਵਹਿਰ ਦਿਵਾਨ ਲਗਾਵੈ॥ਦਰਸ਼ਨ ਹੇਤੁ ਕਿਤਿਕ ਸਿਖ ਆਵੈਂ। ਹੁਤੇ ਕਲਾਲ ਸਦਨ ਪੁਰਿ ਮਾਂਹੀ[5]। ਸ਼੍ਰੀ ਗੁਰ ਸਿੱਖ ਕਰੇ ਸੋ ਨਾਂਹੀ ॥ ੭ ॥ ਸੋ ਅਜੀਤ ਸਿੰਘ ਕੇ ਸਿਖ ਹ੍ਵੈ ਕੈ। ਦੇਤਿ ਉਪਾਇਨ ਬੰਦਨ ਕੈ ਕੈ। ਭੁਸ[6] ਕੋ ਬੇਚਿ ਕਮਾਵੈਂ ਕਾਰ। ਜਿਨ ਕੇ ਸਿਦਕ ਨਹੀਂ ਇਤਬਾਰ ॥ ੮ ॥ ਇਨ ਤੇ ਆਦਿ ਅਪਰ ਭੀ ਕੇਤੇ। ਗੁਰ ਕਰਿ ਅਪਨੋ ਦਰਬ ਸੁ ਦੇਤੇ। ਚਾਰ ਘਰੀ ਜਬਿ ਦਿਨ ਰਹਿ ਜਾਇ। ਸ਼ਸਤ੍ਰ ਬਸਤ੍ਰ ਕੋ ਭਲੇ ਸਜਾਇ ॥੯॥ ਪੁਰਿ ਕੀ

---

[1]ਧਨ ਲੈਕੇ (ਪਠਾਣ ਦੇ) ਪੁਤ੍ਰ ਨੂੰ ਰੱਥ (ਵਾਪਸ) ਜਾਣ ਲਈ ਦੇ ਦਿਤਾ। [2]ਕਾਨ੍ਹ ਸਿੰਘ, ਬਿਨੋਦ ਸਿੰਘ, ਤੇ ਬਾਜ ਸਿੰਘ। ਪਰੰਤੂ ਠੀਕ ਇਉਂ ਹੈ ਕਿ ਬਾਬਾ ਬਿਨੋਦ ਸਿੰਘ ਤਾਂ ਗੁਰਦਾਸ ਪੁਰ ਦੇ ਘੇਰੇ ਵਿੱਚੋਂ ਨਿਕਲ ਗਿਆ ਸੀ, ਕਾਹਨ ਸਿੰਘ ਦਿੱਲੀ ਦੇ ਸਿੰਘਾਂ ਨੇ ਕੱਢਿਆ ਸੀ। ਪਰ ਬਾਜ ਸਿੰਘ ਨਹੀਂ ਸੀ ਛੁਟਾ ਜੈਸੇ ਮਹਿਮਾਂ ਪ੍ਰਕਾਸ਼ ਵਿਚ ਬਾਜ ਸਿੰਘ ਬਾਬਤ ਲਿਖਿਆ ਹੈ:—'ਤਬ ਬਹੁਤ ਲੋਕਾਂ ਨੇ ਦੌੜਕੇ ਪਕੜ ਲੀਆ ਔਰ ਸਭ ਕੋ ਕਤਲ ਕੀਆ'। ਸਿਰੁਲਮਤਾਖਰੀਨ ਵਾਲਾ ਬਾਜ਼ ਸਿੰਘ ਦਾ ਲਾਹੌਰ ਦੇ ਬਜ਼ਾਰ ਵਿਚ ਮਾਰਿਆ ਜਾਣਾ ਲਿਖਦਾ ਹੈ, ਪਰ ਬਾਜ਼ ਸਿੰਘ ਦਾ ਦਿੱਲੀ ਸ਼ਹੀਦ ਹੋਣਾ ਮਹਿਮਾ ਪ੍ਰਕਾਸ਼ ਮੂਜਬ ਵਧੇਰੇ ਸਹੀ ਹੈ। [3]ਭਾਵ ਸਿਰ ਕੱਟੇ ਗਏ। [4]ਜੁਆਨ ਆਯੂ ਵਾਲੇ ਨੌਕਰਾਂ ਦੀ ਸੰਗਤ ਹੈ। [5](ਪੁਰਿ=) ਦਿੱਲੀ ਵਿਚ ਕਲਾਲਾਂ ਦੇ ਘਰ ਸੇ। [6]ਤੂੜੀ।

ਸੈਲ ਹੇਤੁ ਬਿਚਰੰਤਾ। ਸਾਠ ਸਊਰਨ ਸੰਗ ਰਖੰਤਾ। ਅੱਗ੍ਰ ਨਕੀਬ ਬੋਲਤੇ ਊਚੇ। ਜਿਤਿਕ ਚਹੈਂ ਪਿਖਿ ਤਿਤਿਕ ਪਹੂੰਚੇ[੧] ॥੧੦॥ ਦੇਗ਼ ਬਿਸਾਲ ਹੋਤਿ ਨਿਤ ਰਹੈ। ਅਪਨ ਬਿਰਾਨਾ ਅਚਹਿ ਜੁ ਚਹੈ। ਸੰਗਤਿ ਘਨੀ ਦਰਸ ਕੋ ਆਵੈ। ਦਰਸ਼ਨ ਮਾਤ ਸੁੰਦਰੀ ਪਾਵੈ ॥੧੧॥ ਢਿਗ ਬੈਠਹਿ ਇਹ ਭੀ ਪੂਜਵਾਵੈ। ਕਿਤਿਕ ਭੇਟ ਸਿਖ ਆਨਿ ਚੜ੍ਹਾਵੈਂ। ਸਿਰੋਪਾਉ ਸੰਗਤਿ ਕੋ ਦੇਤਿ। ਰੀਤਿ ਗੁਰਨਿ ਕੀ ਕਰਤਿ ਸੁਚੇਤ॥੧੨॥ ਦੇਸ਼ ਬਿਦੇਸ਼ਨ ਬਿਦਤਯੋ ਘਨੋ। 'ਗੁਰ ਕੋ ਪੁੱਤ੍ਰ ਗੁਰੂ ਇਹ ਬਨੋ'। ਕੋ ਕੋ ਸਜਾਨੇ ਸਿੱਖ ਨ ਮਾਨੈਂ। ਮਾਤਾ ਕੋ ਪਾਲਕ ਪਹਿਚਾਨੈਂ ॥ ੧੩॥–ਗੁਰਤਾ ਕੋ ਪੱਧਤਿ ਨਹਿ ਲੱਛਨ–। ਸਮਝਤਿ ਗੁਰ ਕੇ ਸਿੱਖ ਬਿਚੱਛਨ।ਕਿਤਿਕ ਸਮੋਂ ਇਸ ਰੀਤਿ ਬਿਤਾਯੋ। ਜ੍ਯਾਨ ਸੁ ਮਾਨਨੀਯ ਗਰਬਾਯੋ ॥ ੧੪ ॥ ਕੁਛ ਮਾਤਾ ਕੋ ਕਹਯੋ ਨ ਮਾਨੈਂ। ਜਨੋਂ ਮਨ ਆਇ ਤਥਾ ਕ੍ਰਿਤ ਠਾਨੈ। ਬਰਜਹਿ ਬਾਰਿ ਬਾਰਿ ਕ੍ਰਿਤ ਖੋਟੀ[੨]। ਚਲੈ ਕੁਮਗ ਗਰਬਤਿ ਮਤਿ ਮੋਟੀ ॥ ੧੫ ॥ ਸਾਹਿਬ ਦੇਵੀ ਭੇਜੀ ਜਬੈ[੩]। ਖਸ਼ਟ ਸ਼ਸਤ੍ਰ ਸੌਂਪੇ ਗੁਰ ਤਬੈ। ਤਿਨ ਕੀ ਪੂਜਾ ਮਾਤ[੪] ਕਰਾਵੈ। ਪਤਿ ਸਮ ਜਾਨੈ ਸੀਸ ਨਿਵਾਵੈ ॥ ੧੬ ॥ ਜੁਗ ਤਰਵਾਰ ਜੁਗਮ ਹੀ ਜਮਧਰ। ਪੇਸ਼ ਕਬਜ਼ ਖਸ਼ਟਮ ਖਰ ਖੰਜਰ। ਅਜਬ ਮੀਰ ਮਾਹੀ ਕੇ ਦਸਤੇ[੫]। ਸ਼ੁਭਤਿ ਮਯਾਨ ਸੁਭ ਲੋਹਾ ਲਸਤੇ ॥੧੭॥ ਚੰਦਨ ਧੂਪ ਪੁਸ਼ਪ ਅਰਪੰਤੇ। ਸਾਦਰ ਛਾਦਤਿ ਬਸਨ ਰਖੰਤੇ। ਤਿਨਹੁੰ ਅਜੀਤ ਸਿੰਘ ਜਬਿ ਹੇਰੇ।–ਧਰੌਂ ਅੰਗ ਮਹਿ– ਚਹਤਿ ਘਨੇਰੇ ॥ ੧੮ ॥ ਸ਼ੰਕਤਿ ਮਨ ਮਾਤਾ ਤੇ ਰਹੈ। ਤਊ ਲੇਨ ਹਿਤ ਹੀ ਨਿਤ ਚਹੈ। ਇਕ ਦਿਨ ਕਹਯੋ 'ਅੰਗ ਮੈਂ ਧਾਰੌਂ। ਪੁਰਿ ਬਿਚਰਹੁ ਧਰਿ ਇਹਾਂ ਸੰਭਾਰੋਂ[੬] ॥ ੧੯ ॥ ਮਨਤਾ ਮੇਰੀ ਹੋਇ ਸਵਾਈ। ਮਾਨਹਿਂ ਸਿਖ ਸੰਗਤਿ ਸਮੁਦਾਈ। ਗੁਰ ਕੇ ਸ਼ਸਤ੍ਰ ਧਰੇ ਤਨ ਹੇਰੇ। ਜਾਨਹਿਂ ਸਕਲ ਪ੍ਰਤਾਪ ਬਡੇਰੇ' ॥੨੦॥ ਕ੍ਰੁੱਧਤਿ ਮਾਤ ਸੁੰਦਰੀ ਬਰਜਨੇ। ਬਾਰ ਬਾਰ ਝਿਰਕਯੋ ਅਰੁ ਤਰਜਨੇ। 'ਇਹੁ ਆਯੁਧ ਸਭਿ ਪੂਜਨ ਜੋਗ। ਗੁਰ ਕੇ ਸਮ ਜਾਨਹਿ ਸਿਖ ਲੋਗ ॥ ੨੧ ॥ ਮਮ ਪਤਿ ਕੇ ਜੋ ਅਹੈਂ ਪਿਤਾਮਾ। ਜਿਨ ਕੋ

[੧]ਭਾਵ, ਚਾਹੁੰਦੇ ਹਨ ਕਿ ਜਿਥੋਂ ਤਕ ਸਾਡੀ ਨਜ਼ਰ ਜਾਂਦੀ ਹੈ ਆਵਾਜ਼ ਬੀ ਉਥੋਂ ਤਕ ਪਹੁੰਚੇ। [੨](ਮਾਤਾ ਉਸ ਨੂੰ) ਖੋਟੀ ਕਾਰ ਤੋਂ ਬਾਰ ਬਾਰ ਵਰਜਦੀ ਹੈ। [੩]ਭਾਵ ਗੁਰੂ ਜੀ ਨੇ ਜਦੋਂ ਦਿੱਲੀ ਸ੍ਰੀ ਸਾਹਿਬ ਦੇਵਾਂ ਜੀ ਨੂੰ ਘੱਲਿਆ ਸੀ। [੪]ਭਾਵ ਮਾਤਾ ਸੁੰਦਰੀ। [੫]ਵੱਡੀ ਮੱਛੀ (ਦੀ ਹੱਡੀ) ਦੇ ਦਸਤੇ। [੬]ਇਥੇ ਸੰਭਾਲਕੇ (ਫਿਰ) ਰੱਖ ਦਿਆਂਗਾ।

ਸੁਜਸੁ ਜਗਤ ਅਭਿਰਾਮਾ। ਤਿਨ ਕੇ ਅੰਕ ਸ਼ਸਤ੍ਰ ਇਹੁ ਲਾਗੇ। ਯਾਂਤੇ ਪੂਜਨੀਯ ਅਨੁਰਾਗੇ ॥ ੨੨ ॥ ਜਿਨ ਕੋ ਪੂਜਤਿ ਸਤਿਗੁਰ ਰਹੇ। ਕਿਮ ਸੋ ਮਾਨਨੀਯ ਨਹਿਂ ਲਹੇਂ¹? ਤੂੰ ਮਤਿਮੰਦ ਸ਼ਕਤਿ ਅਸ ਕਹਾਂ। ਤਨ ਸਜਾਇਬੋ ਗਰਬਤਿ ਮਹਾਂ ॥ ੨੩ ॥ ਅਬਿ ਜੋ ਨਾਮ ਲੀਨਿ ਸੋ ਲੀਨਿ। ਕਹੋ ਨ ਪੁਨ, ਪੈਹੈਂ ਦੁਖ ਪੀਨ। ਅਪਨੋ ਆਪ ਜਾਨਿ ਕਰਿ ਮੰਦਾ। ਕਨੈਂ ਨ ਹਟਤਿ ਤੈਂ ਮੂੜ ਬਿਲੰਦਾ' ॥ ੨੪ ॥ ਇੱਤ੍ਯਾਦਿਕ ਕਹਿਕੈ ਕਟੁ ਬੈਨ। ਪਤਿ ਕੋ ਸਿਮਰਿ ਭਰੇ ਜੁਗ ਨੈਨ। ਸੁਨਿ ਅਜੀਤ ਸਿੰਘ ਗਰਬ ਧਰੈਤਾ। ਕਟੁ ਬਾਕਨਿ ਕੋ ਨਹੀਂ ਸਹੈਤਾ ॥੨੫॥ ਜਮਧਰ ਹਾਥ ਗਹੇ ਢਿਗ ਹੋਇ। ਮਾਤਾ ਕੀ ਛਾਤੀ ਕੋ ਜੋਇ। ਮਾਰਨ ਚਹਤਿ ਧਾਰਿ ਦੁਰਮਤੀ। ਲਖੈ ਨ ਪੂਰਬ² ਕੀਨਿ ਜੁ ਗਤੀ ॥ ੨੬ ॥ ਹੁਤੇ ਅਲਪ ਸਾਮੀਪੀ ਲੋਗ। ਅਵਲੋਕਤਿ ਬਹੁ ਬਨਤਿ ਅਜੋਗ। ਧਾਇ ਅਜੀਤ ਸਿੰਘ ਕੋ ਗਹ੍ਯੋ। 'ਇਹ ਕ੍ਰਿਤ ਤੁਵ ਬਨਿ ਆਇ ਨ' ਕਹ੍ਯੋ ॥ ੨੭ ॥ 'ਪ੍ਰਤਿਪਾਲ੍ਯੋ ਜਿਨ ਕੀਨਿ ਬਡੇਰਾ। ਤਿਹ ਮਾਰ੍ਯੋ ਚਹਿ ਪਾਪ ਘਨੇਰਾ। ਪੁਨ ਸਤਿਗੁਰ ਘਰਨੀ, ਬ੍ਰਿਧ ਮਾਈ। ਬੰਦਨੀਯ ਜਗ ਕੀ ਸੁਖਦਾਈ ॥ ੨੮ ॥ ਲਖਹਿ ਕਿ ਨਹੀਂ ਤੁਰਕ ਕੋ ਰਾਜ। ਕਰਹਿਂ ਆਜ ਹੀ ਤੋਹਿ ਕੁਕਾਜ'। ਕੁਪ੍ਯੋ ਅਜੀਤ ਸਿੰਘ ਤਬਿ ਕਹੈ। 'ਮੁਝ ਕੋ ਬਰਜਤਿ ਤਰਜਤਿ ਰਹੈ ॥ ੨੯ ॥ ਮੈਂ ਇਕ ਬਾਰ ਦੇਉਂ ਇਸ ਮਾਰੀ। ਪਲਟਾ ਦੇਉਂ ਦੇਤਿ ਬਹੁ ਗਾਰੀ। ਪੁਰਿ ਮਹਿਂ ਰਹੌਂ ਕਿ ਜਾਉਂ ਪਲਾਇ। ਕੈ ਧਨ ਦੇਉਂ ਲੇਉਂ ਬਖਸ਼ਾਇ ॥੩੦॥ ਸ਼ਸਤ੍ਰ ਧਾਰਨੋ ਤਨ ਮਹਿ ਚਾਹਾ। ਕਨੈਂ ਇਨ ਕ੍ਰੋਧ ਕੀਨ ਮਨ ਮਾਂਹਾ? ਮੁਝ ਕੋ ਦੇਖਿ ਸਕਹਿ ਨਹਿਂ ਕੈਸੇ। ਪ੍ਰਭੁਤਾ ਸਹਿ ਨ ਸਕਹਿ ਮਨ ਤੈਸੇ' ॥ ੩੧ ॥ ਸੁਨਿ ਮਾਤਾ ਸੁੰਦਰੀ ਰਿਸ ਧਾਰੀ। ਘੋਰ ਸ੍ਰਾਪ ਜੁਤ ਗਿਰਾ ਉਚਾਰੀ। 'ਨਹਿਂ ਜ੍ਵਾਨੀ ਕੋ ਭੋਗਨ ਕਰੈਂ। ਦੁਖ ਤੇ ਧਰਮ ਹਾਰਿ ਕਰਿ ਮਰੈਂ ॥੩੨॥ ਹੋਹਿ ਦੁਰਦਸ਼ਾ ਪੁਰਿ ਮਹਿ ਤੇਰੀ। ਮਰਹਿ ਕੁਮੌਤ, ਨਾਰਿ ਨਰ ਹੇਰੀ'। ਇੱਤ੍ਯਾਦਿਕ ਕਹਿ ਮਾਤਾ ਰੋਈ। ਪਤਿ ਕੀ ਗਿਰਾ ਸਿਮਰਿ ਦੁਖ ਪੋਈ³ ॥੩੩॥ '—ਇਸਹਿ ਨ ਪਾਲਹੁ ਸੰਕਟਿ ਦੇ ਹੈ—। ਮੈਂ ਨਹਿ ਮਾਨੀ, ਚਿਤ ਪਛੁਤੈ ਹੈ⁴'। ਅਪਨੇ ਭਾਗ ਖੋਟ ਬਡ ਜਾਨੇ। ਨੀਚ ਗ੍ਰੀਵ ਕਰਿ ਤੁਸ਼ਨਿ ਠਾਨੇ ॥ ੩੪ ॥ ਸ਼ਸਤ੍ਰ ਉਠਾਇ ਸੁ ਅੰਤਰ ਰਾਖੇ। ਨਹਿ ਦੀਏ*

¹ਕਿਵੇਂ ਤੂੰ ਉਨ੍ਹਾਂ (ਸ਼ਸਤ੍ਰਾਂ ਨੂੰ) ਮੰਨਣ ਯੋਗ ਨਹੀਂ ਜਾਣਦਾ। ²ਭਾਵ ਪਹਿਲਾਂ ਜਿਵੇਂ ਪਾਲਿਆ ਸੀ। ³ਦੁਖ ਵਿਚ ਪਰੋਤੀ ਗਈ। ⁴(ਹੁਣ, ਚਿਤ ਪਛੁਤਾਉਂਦਾ ਹੈ। *ਪਾ:—ਦੇਖਨ।

ਪੂਜਨ ਅਭਿਲਾਖੇ। ਨਹਿਂ ਅਜੀਤ ਸਿੰਘ ਬੋਲਨ ਕੀਨਿ। ਬੈਠ੍ਯੋ ਵਹਿਰ ਕ੍ਰੋਧ ਮਨ ਲੀਨ ॥ ੩੫ ॥ ਤਿਸ ਦਿਨ ਮਾਤ ਨ ਕਿਯਸ ਅਹਾਰਾ। ਪਤਿ ਬਚ ਸਿਮਰਿ ਸਿਮਰਿ ਦੁਖ ਭਾਰਾ। ਸਿਖ ਸੰਗਤਿ ਮਹਿਂ ਸੁਨ੍ਯੋ ਬ੍ਰਿਤੰਤ। ਇਕਠੇ ਹੁਇ ਆਏ ਬੁਧਿਵੰਤ ॥ ੩੬ ॥ ਬੰਦਨ ਕਰਿ ਕਰਿ ਢਿਗ ਹੁਇ ਥਿਰੇ। ਬਾਰੰਬਾਰ ਪ੍ਰਬੋਧਨ ਕਰੇ। 'ਸੁਨਿ ਮਾਤਾ ਜੀ! ਲੀਨੋ ਸ੍ਰਾਪ[1]। ਲਹਹ੍ਯੋ ਅਜੀਤ ਸਿੰਘ ਦੁਖ ਆਪ ॥੩੭॥ ਤੁਮ ਨੇ ਪਾਲ੍ਯੋ ਏਤਿਕ ਹੋਵਾ। ਗੁਰ ਕੇ ਸੁਤ ਸਮ ਸੰਗਤਿ ਜੋਵਾ। ਮਾਨਨੀਯ ਸਭਿਹਿਨਿ ਮਹਿਂ ਭਯੋ। ਲਖ੍ਯੋ ਨ ਕਛੂ ਕ੍ਰਿਤਘਨੀ ਥਯੋ ॥ ੩੮ ॥ ਉਰ ਕੌ ਪ੍ਰੇਮ ਕਰੌ ਅਬਿ ਥੋਰਾ। ਬਿਨਸਹਿ ਪਰ੍ਯੋ ਜਥਾ ਛਿਤ ਓਰਾ[2]। ਅਵਿਲੋਕਹੁ ਹਮ ਜੋਰਤਿ ਹਾਥ। ਭੋਜਨ ਅਚਹੁ ਸ਼ਾਂਤਿ ਚਿਤ ਸਾਥ'॥੩੯॥ ਇੱਤਯਾਦਿਕ ਕਹਿ ਬਹੁ ਸਿਖ ਸਾਰੇ। ਨੀਠ ਨੀਠ ਕਰਿ ਅਚ੍ਯੋ ਅਹਾਰੇ। ਬਹੁ ਪਛੁਤਾਵਤਿ ਰਾਤਿ ਬਿਤਾਈ। ਪ੍ਰੀਤਿ ਪੁੱਤ੍ਰ ਸਮ ਕਰਤਿ ਘਟਾਈ[3] ॥੪੦॥ ਇਮ ਹੀ ਕੇਤਿਕ ਦਿਵਸ ਬਿਤਾਏ। ਤਿਮ ਹੀ ਲੇਤਿ ਦੇਤਿ ਸੁਖ ਪਾਏ। ਚਢਹਿ ਅਜੀਤ ਸਿੰਘ ਹਿਤ ਸੈਲ। ਬਿਚਰਤਿ ਹੇਰਤਿ ਇਤ ਉਤ ਗੈਲ ॥੪੧॥ ਰਿਸ ਮਾਤਾ ਕੀ ਲਖਿ ਸਭਿ ਕਹੈਂ। 'ਬੰਦਨ ਕਰਤਿ ਰਹਹੁ ਚਿਤ ਚਹੈਂ[4]'। ਇਮ ਲੋਕਨ ਕੇ ਕਹੇ ਕਹਾਏ। ਮਸਤਕ ਟੇਕਤਿ ਹੈ ਢਿਗ ਜਾਏ ॥੪੨॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿਥੇ ਉੱਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

੨੯. [ਪਾਲਕ ਅਜੀਤ ਸਿੰਘ ਦੇ ਕੇਸਾਂ ਦੀ ਬੇਅਦਬੀ]।

ਦੋਹਰਾ॥ ਕੇਤਿਕ ਦਿਨ ਬੀਤੇ ਜਬਹਿ ਭਰਿ ਜ੍ਵਾਨੀ ਗਰਬਾਇ। ਚਢਹਿ ਤੁਰੰ-ਗਮ ਸੈਲ ਹਿਤ ਸ਼ਸਤ੍ਰ ਸੁ ਬਸਤ੍ਰ ਸਜਾਇ ॥ ੧ ॥ ਚੌਪਈ ॥ ਚਤੁਰਘਟੀ ਦਿਨ ਰਹੇ ਸਿਧਾਵੈ। ਬੀਚ ਬਜ਼ਾਰਨ ਕੇ ਫਿਰਿ ਆਵੈ। ਸਾਠ ਸਊਰਨ ਸੰਗ ਚਢਾਇ। ਊਚ ਨਕੀਬ ਬੋਲਤੇ ਜਾਇਂ ॥ ੨ ॥ ਮਾਤ ਪ੍ਰਥਮ ਤਿਹ ਬ੍ਯਾਹ ਕਰਾਯੋ[5]। ਹਠੀ ਸਿੰਘ ਤਿਹ ਸੁਤ ਉਪਜਾਯੋ। ਸੰਗਤਿ ਆਵਹਿ ਜਾਹਿ ਘਨੇਰੀ॥ਅਰਪਹਿ ਭਲੇ ਅਕੋਰ ਬਡੇਰੀ ॥ ੩ ॥ ਮਾਤ ਸੁੰਦਰੀ ਕੋ ਸੁਤ ਜਾਨੈਂ। ਬਿਦਤ੍ਯੋ ਦੇਸ਼ ਬਿਦੇਸ਼ ਮਹਾਨੈ। ਇਕ ਦਿਨ ਆਯੁਧ ਬਸਨ ਸਜਾਇ।

[1](ਅਜੀਤ ਸਿੰਘ ਨੇ ਸ੍ਰਾਪ ਲੈ ਲਿਆ ਹੈ। [2]ਜਿਵੇਂ ਧਰਤੀ ਤੇ ਪਿਆ ਗੜਾ। [3]ਪੁੱਤ੍ਰਾਂ ਵਾਲੀ ਪ੍ਰੀਤ (ਜੋ ਮਾਤਾ ਕਰਦੀ ਸੀ) ਘਟਾ ਦਿੱਤੀ। [4]ਹੇ ਅਜੀਤ ਸਿੰਘ (ਮਾਤਾ ਜੀ ਨੂੰ) ਮੱਥਾ ਟੇਕਦਾ ਰਹੋ (ਭਲਾ ਜੇ ਕਦੇ ਮਾਤਾ ਜੀ ਤੈਨੂੰ ਚਿੱਤੋਂ ਚਾਹੁਣ ਲੱਗ ਪੈਣ। [5]ਮਾਤਾ ਜੀ ਨੇ ਪਹਿਲਾਂ (ਅਜੀਤ ਸਿੰਘ ਦਾ) ਵਿਆਹ ਕਰਾ ਦਿੱਤਾ ਹੋਇਆ ਸੀ।

ਗਮਨਸੋਂ ਸੈਲ ਕਰਨਿ ਚਿਤ ਚਾਇ ॥੪॥ ਸੂਰਜ ਮੁਖੀ ਸੁਹਾਇ ਬਿਸਾਲਾ। ਅੱਗ੍ਰ ਨਕੀਬ ਬੋਲਤੇ ਚਾਲਾ।ਸਾਠ ਸਊਰਨ ਹਯ ਸ਼ਿੰਗਾਰੇ। ਸ਼ਸਤ੍ਰ ਬਸਤ੍ਰ ਸਾਜਿ ਸੰਗ ਸਿਧਾਰੇ॥੫॥ਬਿਚਰਤਿ ਮੰਦ ਮੰਦ ਹਯ ਪ੍ਰੇਰਤਿ।ਪਰਿ ਕੀ ਪਰਿਪ[1]* ਬਜ਼ਾਰਨ ਹੇਰਤਿ। ਗੁਰ ਬਾਤ ਅਧਿਕ ਹਰਖ ਧਰਿ ਚੀਤ। ਚਲਿ ਆਯੋ ਜਾਂਹਿ ਜੁਮਾ ਮਸੀਤ ॥੬॥ਇਕ ਦਿਸ਼ ਤੇ ਦੂਸਰ ਦਿਸ਼ਿ ਆਵਾ। ਉਚੇ ਬਾਕ ਨਕੀਬ ਅਲਾਵਾ। 'ਸ੍ਰੀ ਗੁਰੁ ਮਹਿਜਿਤ ਜੁਮਾ ਅਗਾਰੀ। ਕਰਤਿ ਬੰਦਨਾ ਲੇਹੁ ਨਿਹਾਰੀ[2]' ॥ ੭॥ ਇਮ ਬੋਲਤਿ ਕੋ ਸੁਨਤਿ ਮੁਲਾਨੇ। ਮਹਾਂ ਕ੍ਰੋਧ ਕੋ ਮਨ ਮਹਿਂ ਠਾਨੇ। ਮਿਲਿ ਮਸਲਤ ਕਰਿ ਸੋ ਚਲਿ ਗਏ। ਦੁਰਗ ਮਝਾਰ ਪ੍ਰਵੇਸ਼ਤਿ ਭਏ ॥ ੮ ॥ ਤੁਰਕ ਸਭਾ ਮਹਿਂ ਸ਼ਾਹੁ ਨਿਹਾਰੇ। ਤਰਕਤਿ ਸਭਿ ਪ੍ਰਤਿ ਏਵ ਉਚਾਰੇ।'ਅਬ ਲੌ ਸਭਿ ਬਿਧਿ ਤੇਜ ਤੁਹਾਰਾ।ਰਖਨਾ[3] ਪਰਨੇਸ਼ਰ੍ਹ ਮਹਿਂ ਭਾਰਾ॥੯॥ਹਿੰਦੁਨਿ ਕੋ ਗੁਰ ਮਹਿਜਤ ਆਵੈ। ਇਤ ਉਤ ਤੇ ਬਿਲੋਕ ਹਰਖਾਵੈ।ਸੰਗੀ ਕਹੈਂ ਪੁਕਾਰ ਪੁਕਾਰੀ।–ਬੰਦੇ ਮਹਿਜਤ,ਲੇਹੁ ਨਿਹਾਰੀ[4]– ॥ ੧੦ ॥ ਹਮ ਤੇ ਕਯੋਂਹੁ ਸਹੀ ਨ ਜਾਇ। ਆਜ ਕਹੀ ਸੁਧਿ ਤੁਮ ਢਿਗ ਆਇ।ਸਭਿ ਤੁਰਕਾਨੇ ਕੀ ਘਟ ਆਨ[5]। ਜੇ ਨ ਤਿਦਾਰਕ[6] ਦੇਹੁ ਮਹਾਨ' ॥ ੧੧ ॥ ਸੁਨਿਕੈ ਸਭਿਨਿ ਸ਼ਾਹੁ ਸੋਂ ਕਹਯੋ। 'ਅਬਿ ਚਹਿਯਤਿ ਹੈ ਤਿਸ ਕੋ ਗਹਯੋ। ਕਾਰਾਗ੍ਰਿਹ ਮਹਿ ਦੀਜੈ ਗੇਰਿ।ਕੋਇ ਨ ਕਰੈ ਅਵੱਗਯਾ ਫੇਰ ॥ ੧੨॥ ਕਿਧੌਂ ਆਪਨੀ ਆਨ ਮਨਾਵੇ। ਬਿਰਦ[7] ਸੀਸ ਪਰ ਤੇ ਉਤਰਾਵਹੁ। ਇਨ ਦੋਇਨ ਮਹਿਂ ਇਕ ਜਬਿ ਹੋਇ। ਬਹੁਰ ਅਦਾਬ ਕਰਹਿ ਸਭਿ ਕੋਇ' ॥ ੧੩ ॥ ਸੁਨਤਿ ਸ਼ਾਹੁ ਨਰ ਤੁਰਤ ਪਠਾਯੋ। 'ਮਹਿਜਤ ਨਿਕਟ ਕੁਬਾਕ ਅਲਾਯੋ। ਯਾਂਤੇ ਗਰੇ ਕੁਹਾਰੀ ਪਾਇ। ਹਾਥ ਬੰਧਿ ਕਰਿ ਮੁਝ ਢਿਗ ਆਇ ॥੧੪॥ ਉਚਿਤ ਸਜ਼ਾਇ ਤੋਹਿ ਕੋ ਦੈ ਕੈ। ਤਜੌਂ ਮੁਲਾਨੇ ਬੂਝਨ ਕੈ ਕੈ[8]।ਨਾਹਿ ਤ ਬਿਰਦ ਉਤਾਰਿ ਪਠਾਵਹੁ।ਨਹਿ ਆਗੇ ਕਬਿ ਏਵ ਅਲਾਵਹੁ' ॥ ੧੫ ॥ ਜਹਾਂ ਅਜੀਤ ਸਿੰਘ ਥਿਰ ਥਯੋ। ਹੁਕਮ ਸ਼ਾਹੁ ਕੋ ਤਿਸ ਕਹਿ ਦਯੋ।'ਨਾਹਿਂ ਮਾਨਹੁ ਸੈਨਾ ਗਨ ਆਵੈ।ਮਾਰਿ ਪਕਰਿ ਕਰਿ ਤਹਿਂ ਲੈ ਜਾਵੈ' ॥ ੧੬ ॥ ਸੁਨਤਿ ਅਜੀਤ ਸਿੰਘ ਭੈ ਮਾਨਾ। ਨਿਜ ਸੰਗਨਿ ਕੈ ਸੰਗ

[1]ਗਲੀਆਂ। [2](ਹੇ ਲੋਕੋ) ਦੇਖ ਲਓ ਕਿ ਜਾਮਿਆ ਮਸਜਦ ਗੁਰੂ ਅੱਗੇ ਮੱਥਾ ਟੇਕ ਰਹੀ ਹੈ। [3]ਫਰਕ। [4]ਦੇਖ ਲਓ ਮਸੀਤ ਮੱਥਾ ਟੇਕਦੀ ਹੈ। [5]ਇਜ਼ਤ ਘਟ ਜਾਏਗੀ। [6]ਸਜ਼ਾ। [7]ਧਰਮ, ਭਾਵ ਕੇਸ। [8]ਮੁਲਾਣਿਆਂ ਨੂੰ ਪੁੱਛ ਕੇ ਫੇਰ ਛੱਡਾਂਗਾ। *ਪਾਠ–ਦਿਸ਼ਾ, ਪਾਰ।

ਬਖਾਨਾ॥'ਕਹਾ ਕਰਤੱਬ ਮੋਹਿ ਬਨਿ ਆਵੈ। ਕੈਸੇ ਬਚੌਂ,ਉਪਾਇ ਨ ਆਵੈ'
॥੧੭॥'ਸੁਨਹੁ ਗੁਰੂ ਸੁਤ! ਹਮ ਕਹਾ ਕਹੈਂ। ਭਾਜਨ ਕੋ ਉਪਾਵ ਨਹਿਂ ਲਹੈਂ।
ਥਿਰੇ ਜਹਾਂ[1] ਅਸ ਠੌਰ ਨ ਕੋਈ।ਲਰਿਬੇ ਕੀ ਸਮਰੱਥ ਨ ਹੋਈ ॥੧੮॥ ਕੈ
ਨਿਜ ਬਿਰਦ ਉਤਾਰਿ ਪਠਾਵਹੁ। ਕਿਧੌਂ ਸ਼ਾਹ ਕੇ ਨਿਕਟ ਸਿਧਾਵਹੁ।
ਪ੍ਰਾਨ ਰਖਹੁ ਤਉ ਧਰਮ ਨ ਰਹੈ। ਧਰਮ ਰਖੈਂ ਤਉ ਪ੍ਰਾਨ ਨ ਲਹੈਂ'॥੧੯॥
ਸੁਨਿ ਅਜੀਤ ਸਿੰਘ ਡਰ ਕਰਿ ਡੋਲਾ। ਧੀਰਜ ਤੇ ਬਿਹੀਨ ਹੁਇ ਬੋਲਾ।
'ਸ਼ਾਹੁ ਸਮੀਪ ਜਾਉਂ ਨਹਿਂ ਕੈਸੇ।ਦੇਤਿ ਹੁਕਮ ਦੁਖ ਤੇ ਮ੍ਰਿਤੁ ਜੈਸੇ[2]'॥੨੦॥
ਇਮ ਕਹਿ ਘਰ ਕੇ ਅੰਤਰ ਬਰਯੋ। ਕੇਸ ਜੂਟ ਕਤਰਾਵਨਿ ਕਰਯੋ। ਬਾਲ
ਅਨਾਇ ਤਾਂਹਿ ਮੋ ਧਰੇ। ਸੇਤ ਬਸਤ੍ਰ ਤੇ ਛਾਦਨ ਕਰੇ ॥ ੨੧॥ ਤੁਰਕੇਸ਼ੁਰ
ਕੇ ਮਨੁਜ ਅਗਾਰੀ। ਬਹੁ ਬਿਨਤੀ ਕਰ ਜੋਰਿ ਉਚਾਰੀ। 'ਹੁਕਮ ਸ਼ਾਹੁ ਕੋ
ਮੈਂ ਮਨ ਮਾਨਾ। ਅਪਨੋ ਕੁਛ ਅਪਰਾਧ ਨ ਜਾਨਾ ॥੨੨॥ ਕ਼ਹਯੋ ਨਕੀਬ
ਅਚਾਨਕ ਮੰਦ[3]। ਅਬਿ ਮੈਂ ਰਹਯੋ ਜੋਰਿ ਕਰ ਬੰਦਿ।ਹੁਕਮ ਅਦੂਲ ਨਹੀਂ
ਮੈਂ ਕੀਨ। ਹਜ਼ਰਤਿ ਕਹੀ ਸੀਸ ਧਰਿ ਲੀਨ' ॥੨੩॥ ਇੱਤਯਾਦਿਕ ਕਹਿ
ਧਨ ਕੁਛ ਦਯੋ। ਸ਼ਾਹੁ ਸਮੀਪ ਪਠਾਵਨ ਕਯੋ। ਲੇ ਕਰਿ ਗਯੋ ਬਖਾਨਿ
ਸੁਨਾਯੋ। ਹਜ਼ਰਤ ਕੋ ਰਿਸ ਤੇ ਬਿਸਰਾਯੋ॥੨੪॥ਮਾਤ ਸੁੰਦਰੀ ਸੁਨਿ ਕਰ-
ਤੂਤ।ਧਰਮ ਬਿਨਾਸ਼ਯੋ ਭਯੋ ਕਪੂਤ।ਮਹਾਂ ਕ੍ਰੋਧ ਜਾਗਯੋ ਜਿਸ ਰਿਦੇ। ਗਾਰੀ
ਦੇਨਿ ਲਗੀ ਬਹੁ ਤਦੇ॥੨੫॥ 'ਕੀਨ ਤਹਾਂ ਤੈਂ ਖੋਟੋ ਕਰਮਾ।ਦਏ ਬਿਗਾਰ
ਦੁਲੋਕ ਬਿਸ਼ਰਮ! ਮਹਾਂ ਮੂਢ ਤੈਂ ਕਛੂ ਨ ਜਾਨੀ। ਕੇਸਨ ਮਹਿਮਾ ਮਹਿਦ
ਮਹਾਨੀ ॥ ੨੬ ॥ ਸਤਿਗੁਰ ਮੋਰ ਸਸੁਰ ਸਿਰ ਦੀਨ। ਧਰਮ ਨਹੀਂ ਕਿਮ
ਖੋਵਨ ਕੀਨ। ਪੁਨ ਦੀਰਘ ਸੰਗ੍ਰਾਮ ਅਖਾਰੇ। ਦਸਮ ਗੁਰੂ ਕੇ ਬਿਦਤ
ਪਵਾਰੇ[4] ॥੨੭॥ ਚਾਰਹੁੰ ਸਾਹਿਬਜ਼ਾਦੇ ਮਰੇ। ਧਰਮ ਰਾਖਿਬੋ ਅਪਨੋ ਕਰੇ।
ਸੰਕਟ ਅਨਿਕ ਪ੍ਰਕਾਰ ਸਹਾਰੇ। ਲਾਖਹੁੰ ਸੰਗ ਜੰਗ ਕਰਿ ਮਾਰੇ ॥ ੨੮ ॥
ਕਹਾਂ ਫਤੇ ਸਿੰਘ ਸਾਹਿਬਜ਼ਾਦਾ। ਅਲਪ ਬੈਸ ਕਹਾ ਲਖਹਿ ਮ੍ਰਿਜਾਦਾ।
ਦੁਸ਼ਟ ਸਭਾ ਮਹਿ ਦ੍ਰਿਢ ਹੁਇ ਬੋਲਾ।ਤ੍ਰਾਸ ਦਿਖਾਵਨ ਤੇ ਨਹਿਂ ਡੋਲਾ॥ ੨੯॥
ਧਰਮ ਨ ਅਪਨੋ ਤਯਾਗਨ ਕੀਨਿ। ਤ੍ਰਿਣ ਸਮ ਜਾਨਿ ਸੀਸ ਕੋ ਦੀਨ।ਤੈਂ
ਮਤਿਮੰਦ ! ਕਹਾਂ ਇਹ ਕਰਯੋ। ਤੁਰਤ ਧਰਮ ਤ੍ਰਾਸਤਿ ਪਰਿਹਰਯੋ[5]'॥੩੦॥

[1]ਜਿੱਥੇ ਜਾ ਠਹਿਰੀਏ। [2](ਸ਼ਾਹ ਐਸਾ)ਹੁਕਮ ਦੇਵੇਗਾ ਜਿਵੇਂ ਦੁਖ ਨਾਲ (ਮੇਰੀ ਮੌਤ ਹੋਵੇ। [3]ਮੰਦੇ
ਨਕੀਬ ਨੇ ਅਚਾਨਕ ਕਹਿ ਦਿਤਾ ਸੀ। [4]ਜੰਗ। [5]ਡਰਦੇ ਨੇ ਝਟ ਧਰਮ ਨਾਸ਼ ਕਰ ਦਿਤਾ।

ਕਯੋਂ ਨਹਿ ਮਰਯੋ ਜਾਇ ਕਰਿ ਮੂੜ੍ਹੇ॥ਇਹ ਕੁਕਰਮ ਕਯਾ ਕੀਨਸਿ ਕੂੜ੍ਹੇ?'। ਇੱਤਯਾਦਿਕ ਦੁਰਬਾਕ ਬਿਸਾਲੇ। ਕਹੇ ਮਾਤ ਬਹੁ ਧਿਕ ਧਿਕ ਨਾਲੇ। ॥ ੩੧ ॥ ਅਧਿਕ ਕ੍ਰੋਧ ਜਾਗਯੋ ਦੁੱਖਯਾਰੀ। ਕੁਛ ਨ ਸਕੈ ਕਰਿ, ਭਈ ਲਚਾਰੀ। ਨਹਿਂ ਕੁਕਰਮ ਕੋ ਸਕਹਿ ਸਹਾਰੇ। ਬਾਰਿ ਬਾਰਿ ਬਹੁ ਗਾਰਿ ਨਿਕਾਰੇ॥੩੨॥ ਸੁਨਤਿ ਸਭਿਨਿ ਕੇ ਪੁਨ ਕੋ ਠਾਨਾ॥'ਸੁਨਿ ਮੂਰਖ ਭ੍ਰਿਤਮੰਦ ਅਜਾਨਾ। ਬਦਨ ਆਪਨੋ ਮੁਹਿ ਨ ਦਿਖਾਵਹੁ। ਰਹਹੁ ਦੂਰ ਕਬਿ ਨਿਕਟ ਨ ਆਵਹੁ॥੩੩॥ਨਹੀਂ ਆਜ ਤੇ ਤੋਹਿ ਨਿਹਾਰੋਂ। ਪਾਰਨ ਕਰਯੋ ਤ ਕਸ਼ਟ ਸਹਾਰੋਂ।ਬਰਜਿ ਰਹੇ ਪ੍ਰਭੁ,ਮੈਂ ਨਹਿਂ ਮਾਨਾ॥ਤੁਝ ਪਾਰਨ ਤੇ ਭੇ ਦੁਖ ਨਾਨਾ' ॥੩੪॥ਲੱਜਿਤਿ ਹੋਇ ਨੀਚ ਕਰਿ ਗ੍ਰੀਵਾ॥ਨਹਿਂ ਅਜੀਤ। ਸੰਘਸਨ ਮੁਖਥੀਵਾ। ਮਹਾਂ ਕੁਕਰਮ ਕਰਯੋ ਪਛੁਤਾਵੈ। ਭਯੋ ਕਲੇਸ਼ ਅਧਿਕ ਅਧਿਕਾਵੈ ॥੩੫॥ ਲਿਖਤ ਬਿਦਾਵੇ ਕੀ ਕਰਿ ਦੀਨਾ।'ਪਾਰਕ ਹੁਤੋ,ਤਯਾਗ ਮੈਂ ਕੀਨਿ। ਨਹੀਂ ਪੁੱਤ੍ਰ ਇਹ,ਮੈਂ ਨਹਿ ਮਾਈ'।ਇਮ ਕਹਿ ਸਗਰੇ ਪੁਰਿ ਬਿਦਤਾਈ*॥੩੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਅੰਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

## ੩੦. [ਪਾਲਕ ਨੂੰ ਮਾਤਾ ਜੀ ਨੇ ਤਯਾਗਣਾ। ਬੇਨਵਾ ਮਾਰਨਾ]।

ਦੋਹਰਾ ॥ ਮਾਤ ਸੁੰਦਰੀ ਬਹੁ ਦੁਖੀ ਥਿਰੇ ਨ ਸਦਨ ਮਝਾਰ।ਬਸੋਂ ਨ ਦਿੱਲੀ ਪੁਰਿ ਬਿਖੈ ਨਿਸ਼ਚੈ ਕਰਯੋ ਬਿਚਾਰ ॥ ੧॥ ਚੌਪਈ ॥ ਲੇ ਕਰਿ ਸੰਗ ਸਕਲ ਦਾਸੀਨ। ਕੇਤਿਕ ਸੇਵਕ ਕੋ ਸੰਗ ਲੀਨ। ਛੋਰਿ ਸਦਨ ਅਪਨੋ ਚਲਿ ਆਈ। ਜਹਾਂ ਬਸੈ ਸੰਗਤਿ ਸਮੁਦਾਈ॥੨॥ਬਹੇ ਬਿਲੋਚਨ ਤੇ ਬਹੁ ਨੀਰ। ਪਤਿ ਕੋ ਸਿਮਰਤਿ ਭਈ ਅਧੀਰ।ਸਿੱਖਨ ਕੋ ਇਕਠੇ ਕਰਿਵਾਯੇ। ਅਪਨ ਮਨੋਰਥ ਸਭਿਨਿ ਬਤਾਯੇ॥ ੩ ॥ 'ਇਕ ਸਯੰਦਨ ਕਰਿ ਦਿਹੁ ਮਝ ਭਾਰੇ। ਅਬਿ ਨ ਬਸੋਂ ਮੈਂ ਪੁਰੀ ਮਝਾਰੇ।ਮਰੈ ਕੁਮੌਤ ਤਰੁਨ ਹੀ ਮੂੜ੍ਹ। ਦੀਨੇ ਸੰਕਟ ਮੋਕਹੁ ਰੂੜ੍ਹ ॥ ੪ ॥ ਮੁਖ ਅਜੀਤ ਸਿੰਘ ਕੋ ਨ ਨਿਹਾਰੋਂ। ਨਹਿ ਤਿਸ ਕੋ ਨਿਜ ਦਰਸ਼ ਦਿਖਾਰੋਂ। ਅਪਰ ਨਗਰ ਮਹਿ ਉਠਿ ਕਰਿ ਜਾਊਂ। ਸ਼ੇਸ਼ ਆਰਬਲ ਤਹਾਂ ਬਿਤਾਊਂ" ॥੫॥ ਸਭਿ ਸਿੱਖਨ ਕਰ ਜੋਰਿ ਬਖਾਨਾ। 'ਕਿਮ

*ਗੁਰ ਪ੍ਰਤਾਪ ਸੂਰਜ ਦੇ ਰਚੇ ਜਾਣ ਤੋਂ ਲਗ ਪਗ ੬੪ ਵਰ੍ਹੇ ਪਹਿਲੋਂ ਦਾ ਸਾਡੇ ਪਾਸ ਇਕ ਲਿਖਤੀ ਹਾਲ ਹੈ, ਜਿਸ ਵਿਚ ਇਸ ਪਾਲਕ ਅਜੀਤ ਸਿੰਘ ਦੇ ਇੰਵ ਕੇਸਾਂ ਦੀ ਬੇਅਦਬੀ ਦਾ ਜ਼ਿਕਰ ਨਹੀਂ। ਸਗੋਂ ਇਹ ਦੱਸਿਆ ਹੈ ਕਿ ਜਦੋਂ ਪਾਤਸ਼ਾਹ ਨੇ ਪਾਲਕ ਅਜੀਤ ਸਿੰਘ ਦੇ ਕਤਲ ਦਾ ਹੁਕਮ ਦਿਤਾ ਹੈ, ਤਦੋਂ ਕਤਲ ਤੋਂ ਪਹਿਲਾਂ ਜਬਰੀ ਕੇਸਾਂ ਦੀ ਬੇਅਦਬੀ ਕਰਕੇ ਫੇਰ ਉਸ ਨੂੰ ਮਰਵਾਇਆ ਹੈ।

ਸੰਗਤਿ ਪਰ ਕੋਪ ਮਹਾਨਾ। ਭਈ ਅਵੱਗਯਾ ਦੇਹੁ ਬਤਾਇ। ਕਰ ਬੰਦਹਿ ਹਮ ਲੇਂ ਬਖਸ਼ਾਇ ॥ ੬ ॥ ਕਯੋਂ ਰਿਸ ਕਰਿ ਦਿੱਲੀ ਕੋ ਛੋਰਿ। ਚਾਹਤਿ ਗਮਨ ਅਬੈ ਕਿਤ ਓਰ। ਸਤਿਗੁਰ ਕੀ ਆਗਯਾ ਤੁਮ ਤਾਂਈ।ਬਸਹੁ ਸਦਾ ਪੁਰਿ ਛੋਰ ਨ ਜਾਈ ॥੭॥ ਕਰੀ ਅਵੱਗਯਾ ਪੁੱਤ੍ਰ ਤੁਮਾਰੇ। ਸੰਗਤਿ ਤ੍ਯਾਗਹੁ ਕਹਾਂ ਬਿਚਾਰੇ?ਅਟਕਯੋ ਕਾਜ ਆਪ ਕੋ ਕਰੈਂ। ਅਪਰ ਬਿਘਨ ਹੁਇ ਤਿਸ ਪਰਿਹਰੈਂ ॥ ੮ ॥ ਹਮ ਕੋ ਤ੍ਯਾਗਹੁ ਦੋਸ਼ ਬਿਚਾਰਹੁ[1]। ਨਤੁ ਪੁਰਿ ਬਸਨੋ ਅੰਗੀਕਾਰਹੁ'। ਰਿਸ ਤੇ ਮਾਤ ਸੁੰਦਰੀ ਕਹੀ। 'ਮੁਝ ਅਜੀਤ ਸਿੰਘ ਕੋ ਦੁਖ ਅਹੈ ॥ ੯ ॥ ਨਹਿ ਬਾਂਛਤਿ ਦੇਖਨ ਮੁਖ ਤਾਂਹੀ। ਯਾਂਤੇ ਬਸੈਂ ਨਹੀਂ ਪੁਰਿ ਮਾਂਹੀ। ਸੰਗਤਿ ਬਿਖੈ ਦੋਸ਼ ਨਹਿ ਕੋਈ। ਪ੍ਰਭੁ ਬਚ ਨਹਿ ਮਾਨਯੋਂ ਦੁਖਿ ਹੋਈ ॥੧੦॥ ਅਪਰ ਥਾਨ ਬਸਿ ਬੈਸ ਬਿਤਾਵੌਂ। ਅਪਨੇ ਨਿਕਟ ਨ ਰਾਖਿ ਬਸਾਵੌਂ'। ਸੁਨਿ ਸੰਗਤਿ ਕਰ ਬੰਦਿ ਬਖਾਨਾ। 'ਨਹਿ ਦੇਖਨ ਸੁਤ ਕੋ ਪ੍ਰਣ[2] ਠਾਨਾ ॥ ੧੧ ॥ ਪੁਰਿ ਮਹਿ ਬਸਹੁ ਨਿਬਾਹਨ ਕਰੀਯਹਿ'। ਗਮਨ ਮਨੋਰਥ ਰਿਦੇ ਨ ਧਰੀਯਹਿ।ਕਰਿ ਸੰਗਤਿ ਤੇ ਇਕਠੀ ਕਾਰ। ਅਪਰ ਸਦਨ ਕੋ ਲੇਹੁ ਸੁਧਾਰ॥੧੨॥ਤਿਸ ਮਹਿ ਬਸਹੁ ਸਦਾ ਸੁਖ ਪਾਈ। ਕਾਰਜ ਸਕਲ ਰਾਸ ਹੁਇ ਜਾਈ'। ਮਾਤ ਸੁੰਦਰੀ ਇਹ ਬਿਧਿ ਮਾਨੀ। 'ਕਰਹੁ ਸਦਨ ਮੈਂ ਰਹੌਂ' ਬਖਾਨੀ ॥ ੧੩ ॥ ਇਕ ਇਕ ਘਰ ਪ੍ਰਤਿ ਏਕ ਰਜਤਪਣ। ਸੰਗਤਿ ਮਿਲਿ ਅਰਦਾਸ ਸਭਿਨਿ ਭਨਿ। ਸਦਨ ਸਤਾਰਾਂ ਸੈ ਸਿਖ ਕੇਰੇ। ਲਿਯੋ ਸਕੇਲ ਦਰਬ ਤਿਸ ਬੇਰੇ ॥੧੪॥ ਅਪਰ ਤੀਨਸੈ ਬੀਚ ਮਿਲਾਇ। ਦ੍ਵੈ ਹਜ਼ਾਰ ਕੀਨੇ ਇਕ ਠਾਇ। ਪ੍ਰਥਮ ਸਦਨ ਪੁਰਿ ਤੇ ਕੁਛ ਬਾਹਿਰ[3]। ਇਹ ਅੰਤਰ ਕੀਨੋ ਅਬਿ ਜ਼ਾਹਿਰ॥੧੫॥ਦੋਇ ਹਜ਼ਾਰ ਦਰਬ ਲਗਵਾਯੋ। ਹਿਤ ਮਾਤਾ ਕੇ ਸਦਨ ਕਰਾਯੋ। ਤਿਸ ਮਹਿ ਥਿਰੀ ਜਾਇ ਕਰਿ ਹੇਰਿ। ਵਹਿਰ ਨ ਗਈ ਬਹੁਰ ਇਸ ਬੇਰ॥੧੬॥ ਘਰ ਕੋ ਸਰਬ ਸਮਾਜ ਕਰਾਯੋ। ਨਹਿੰ ਅਜੀਤ ਸਿੰਘ ਨਿਕਟ ਬੁਲਾਯੋ। ਨਹਿ ਮੁਖ ਦੇਖਨ ਕਬਿਹੂੰ ਕਰਯੋ। ਨੇਮ ਨਿਬਾਹਯੋ ਅਪਨੋ ਧਰਯੋ ॥ ੧੭ ॥ ਸਦਨ ਸਮੇਤ ਸਮੂਹ ਸਮਾਜਾ। ਤ੍ਯਾਗਯੋ, ਆਇ ਤ੍ਹਾਂਹਿ ਕੇ ਕਾਜਾ[4]। ਇਕ ਆਯੁਧ ਕੋ ਨਿਕਟ ਅਨਾਏ[5]।

---

[1]ਕੋਈ ਦੋਸ਼ ਵਿਚਾਰ ਕੇ ਸਾਨੂੰ ਛਡੋ। [2]ਵੱਸਕੇ ( ਪ੍ਰਣ ) ਦਾ ਨਿਰਬਾਹ ਕਰੋ। [3]ਪਹਿਲਾ ਘਰ ਸ਼ਹਿਰ ਤੋਂ ਕੁਛ ਬਾਹਰ ਸੀ। [4]ਘਰ ਸਹਿਤ ਸਮਾਜ ਛੱਡਿਆ ਹੋਇਆ ਤਿਸ (ਅਜੀਤ ਸਿੰਘ) ਦੇ ਕੰਮ ਆਇਆ। [5]ਕੇਵਲ (ਗੁਰੂ ਜੀ ਦੇ) ਸ਼ਸਤ੍ਰ ਪਾਸ ਲਿਆਂਦੇ।

ਗੁਰ ਸਮ ਸੰਗਤਿ ਤੇ ਪੁਜਵਾਇ ॥੧੮॥ ਸਭਿ ਮਾਂਹਿ ਭਯੋ ਤਾਂਹਿ[1] ਅਪਮਾਨਾ। ਆਛੇ ਸਿੰਘਨਿ ਸੋ ਨਹਿਂ ਮਾਨਾ। ਆਦਿ ਸੁਧਾਸਰ ਅਨਿਕ ਸਥਾਨਾ। ਦੇਂ ਧਨ ਮਾਤ ਸਮੀਪ ਮਹਾਨਾ ॥੧੯॥ ਖਰਚ ਕਹਾਂ ਤੇ ਬਹੁਰ ਚਲਾਵੈ। ਚਾਕਰ ਕਹਾਂ ਚਾਕਰੀ ਪਾਵੈਂ। ਬੁਰਨੋ ਦਰਬ ਤੇ ਅਲਪ ਹੰਕਾਰਾ[2]।–ਗਈ ਮੰਨਤਾ ਮੋਹਿ–ਬਿਚਾਰਾ ॥ ੨੦ ॥ ਮਾਨਵ ਪਠਹਿ ਮਾਤ ਕੇ ਪਾਸ। ਅਨਿਕ ਭ੍ਰਾਂਤਿ ਠਾਨਤਿ ਅਰਦਾਸ। 'ਗਯੋ ਭੂਲ ਅਬਿ ਬਖਸ਼ਹੁ ਮੋਹੀ। ਨਾਮ ਤੁਮਾਰੇ ਜਹਿਂ ਕਹਿਂ ਹੋਹੀ ॥੨੧॥ ਸੁਤ ਮਾਤਾ ਕੋ ਜਗਤ ਬਖਾਨੈ। ਤੁਮ ਤੇ ਹੀ ਮੁਝ ਕੋ ਜਗ ਮਾਨੈ'। ਕਹਿ ਕਹਿ ਇਮ ਬਹੁ ਬਾਰਿ ਪਠਾਯੋ। ਜਨਨੀ ਪੁਨ ਸਨੇਹੁ ਹੁਇ ਆਯੋ ॥੨੨॥ ਕਹ੍ਯੋ ਕ੍ਰਿਪਾ ਕਰਿ ਅਸ ਬਿਵਹਾਰੇ[3]। 'ਆਇ ਥਿਰਹਿ ਹਮ ਬਾਹਿਰ ਦ੍ਵਾਰੇ। ਜੋ ਕੁਛ ਜਾਚਹਿ ਕਹਿ ਤਹਿਂ ਪਾਵੈ। ਅੰਤਰ ਨਹੀਂ ਮੋਹਿ ਢਿਗ ਆਵੈ' ॥ ੨੩ ॥ ਇਮ ਜਬਿ ਹੁਕਮ ਮਾਤ ਕਹਿ ਦਯੋ। ਤਬਿ ਅਜੀਤ ਸਿੰਘ ਆਵਤਿ ਭਯੋ। ਪੌਰ ਠੌਰ ਬੈਠਹਿ ਥਿਰ ਰਹੈ। ਬਾਂਛਤਿ ਹੋਇ ਬਿਨੈ ਜੁਤਿ ਕਹੈ ॥੨੪॥ ਸੋ ਨਰ ਮਾਤਾ ਨਿਕਟ ਸੁਨਾਵੈ। ਆਇਸੁ ਕਰੈ ਸੁ ਤਤਛਿਨ ਪਾਵੈ। ਇਮ ਦਿਨ ਪ੍ਰਤਿ ਕਾਰਜ ਨਿਬਹੰਤਾ। ਨਮੋ ਕਰਹਿ ਨਿਜ ਸਦਨ ਬਸੰਤਾ ॥ ੨੫ ॥ ਆਵਨ ਲਗ੍ਯੋ ਨੇਮ ਤੇ ਨੀਤ। ਬੰਦਹਿ ਪੌਰ ਠੌਰ ਕਰਿ ਪ੍ਰੀਤਿ। ਸਾਠ ਸਊਰ ਅਰੂਢਹਿਂ ਸੰਗ। ਗਮਨਹਿਂ ਫਾਂਦਤਿ ਚਪਲ ਤੁਰੰਗ ॥੨੬॥ ਮਗ ਮਹਿਂ ਹੁਤੋ ਬੇਨਵਾ ਡੇਰਾ। ਆਵਤਿ ਜਬਿ ਅਜੀਤ ਸਿੰਘ ਹੇਰਾ। ਊਚੇ ਬੋਲਤਿ ਜਾਚਤਿ ਭਯੋ। ਏਕ ਰਜਤਪਨ ਦੈਬੋ ਕਯੋ ॥ ੨੭ ॥ ਇਸ ਹੀ ਰੀਤਿ ਕਈ ਦਿਨ ਲੀਨ। ਜਾਚੇ ਤੇ ਅਜੀਤ ਸਿੰਘ ਦੀਨ। ਇਮ ਹੀ ਕੇਤਿਕ ਦਿਵਸ ਬਿਤੀਤੇ। ਆਵਤਿ ਜਾਤਿ ਤਿਸੀ ਮਗ ਨੀਤੇ ॥ ੨੮ ॥ ਇਕ ਦਿਨ ਜਾਚਿ ਬੇਨਵੇ ਤੈਸੇ। ਦਏ ਅਜੀਤ ਸਿੰਘ ਜੁਗ ਪੈਸੇ। ਲਏ ਨਹੀਂ ਤਿਨ ਦਏ ਬਗਾਈ। ਚਲ੍ਯੋ ਸੰਗ ਹ੍ਵੈ ਕੈ ਪਿਛਵਾਈ ॥੨੯॥ ਮਾਤ ਪੌਰ ਪਰ ਬੈਠੇ ਜਾਇ। ਤਹਿਂ ਭੀ ਜਾਚਤਿ ਰਹ੍ਯੋ ਅਲਾਇ[4]। ਕਿਤਿਕ ਸਮੈਂ ਥਿਰ ਹ੍ਵੈ ਕਰਿ ਚਾਲੇ। ਉਠਿ ਕਰਿ ਗਯੋ ਬੇਨਵਾ ਨਾਲੇ ॥੩੦॥ ਅਪਨੇ ਘਰ ਮਹਿਂ ਜਾਇ ਪ੍ਰਵੇਸ਼ਾ। ਖਾਨ ਪਾਨ ਕਰਿ ਕ੍ਰਿਯਾ ਅਸ਼ੇਸ਼ਾ। ਕਰ੍ਯੋ ਅਰਾਮ ਦੁਪਹਿਰਾ ਢਰ੍ਯੋ। ਬਕਹਿ ਬੇਨਵਾ ਬਾਹਰ ਖਰ੍ਯੋ

---

[1]ਭਾਵ ਪਾਲਕ ਅਜੀਤ ਸਿੰਘ ਦਾ। [2]ਹੰਕਾਰ (ਕੁਛ) ਘਟ ਗਿਆ। [3]ਐਸਾ ਵਿਵਹਾਰ ਕਹਿਆ। [4]ਓਥੇ ਬੀ (ਅਜੀਤ ਸਿੰਘ ਨੂੰ) ਕਹਿਕੇ ਮੰਗਦਾ ਰਹਿਆ।

॥੩੧॥ ਪੁਨ ਸੁੱਖਾ ਛਕਿ ਬਾਹਰ ਗਯੋ। ਤਹਿਂ ਭੀ ਕਹਿਤਿ ਸੰਗ ਹੀ ਭਯੋ।
ਊਚ ਨੀਚ ਬਚ ਬਕਹਿ ਬਡੇਰੇ। ਜਿਨ ਕੇ ਸੁਨਤਿ ਦੁਖਤਿ ਬਹੁਤੇਰੇ॥੩੨॥
ਪੁਰਿ ਤੇ ਵਹਿਰ ਕੋ ਨ ਨਰ ਜਹਾਂ। ਬੋਲਤਿ ਖਿਝਤਿ ਪਹੂੰਚੇ ਤਹਾਂ। ਬਹੁ ਊਚੇ
ਦੁਰਬਾਕ ਬਖਾਨੇ। ਜਹਿਂ ਗਮਨੇ ਤਹਿਂ ਸੰਗ ਪਯਾਨੇ ॥੩੩॥ ਕੁਪਯੋ ਅਜੀਤ
ਸਿੰਘ ਸੁਨਿ ਕਰਿਕੈ। ਪੁਰਿ ਜਨ ਨਿਕਟ ਨ ਭਲੇ ਨਿਹਰਿਕੈ। ਨਿਜ
ਸਿੰਘਨ ਸੰਗ ਹੁਕਮ ਬਖਾਨਾ। 'ਪਕਰਿ ਬੇਨਵੇ ਹਨੀਯਹਿ ਪ੍ਰਾਨਾ ॥ ੩੪ ॥
ਕੂਪ ਸਮੀਪ ਬੀਚ ਦਿਹੁ ਗੇਰੀ। ਹਟਤਿ ਨ ਮੂਢ ਸੰਗ ਤੇ ਮੇਰੀ'। ਜਦਿ
ਦੁਰਬਾਕ ਬਖਾਨਤਿ ਖਰਯੋ। ਜੁਗ ਸਿੰਘਨ ਦਿਢ ਪਕਰਨ ਕਰਯੋ॥ ੩੫ ॥
ਪ੍ਰਾਨ ਹਾਨਿ ਤਤਛਿਨ ਕਰਿ ਦੀਨ। ਪੁਰਿ ਕੇ ਦੂਰ ਕੂਪ ਕੋ ਚੀਨ। ਤਿਸ
ਮਹਿਂ ਡਾਰਿ ਅਗਾਰੀ ਗਏ। ਕਰਿਕੈ ਸੈਰ ਅਪਰ ਮਗ ਅਏ ॥ ੩੬ ॥
ਅਪਨੇ ਸਦਨ ਪ੍ਰਵੇਸ਼ ਥਿਰਯੋ ਹੈ। ਖਾਨ ਪਾਨ ਨਿਜ ਕਰਮ ਕਰਯੋ ਹੈ।
ਸੰਧਯਾ ਭਈ ਪ੍ਰਤੀਖਤਿ ਡੇਰੇ। ਨਹੀਂ ਬੇਨਵਾ ਨਿਜ ਬਲ ਹੇਰੇ ॥ ੩੭ ॥
ਸੋਧਨ[1] ਲਗੇ ਚੇਲਕਾ ਫਿਰੈਂ। ਇਤ ਉਤ ਦੇਖਤਿ ਬੂਝਨ ਕਰੈਂ। ਰਾਤਿ
ਅਰਧ ਲੌ ਖੋਜਨ ਕਰਯੋ। ਨਹਿਂ ਪੁਰਿ ਮਹਿਂ ਕਿਸ ਥਾਨ ਨਿਹਰਯੋ ॥ ੩੮ ॥
ਪੁਨ ਪ੍ਰਭਾਤਿ ਉਠਿ ਗਏ ਬਜ਼ਾਰ। 'ਕਿਨਹੁਂ ਬਿਲੋਕਯੋ ਦਿਹੁ ਸੁਧ ਸਾਰ'।
ਕਿਹ ਕਹਿ ਦਯੋ ਸੁਨਾਇ ਪ੍ਰਸੰਗ। 'ਫਿਰਤਿ ਅਜੀਤ ਸਿੰਘ ਕੇ ਸੰਗ'।
॥ ੩੯ ॥ ਬੂਝੇ ਸਿੰਘ ਨ ਕਹੂੰ ਬਤਾਯੋ[2]। ਕਰਤਿ ਬਿਲਾਪ[3] ਨਹੀਂ ਜਬਿ ਪਾਯੋ।
ਸਗਰੀ ਪੁਰੀ ਪ੍ਰਚੁਰਯੋ ਬ੍ਰਿਤੰਤ। ਨਹੀਂ ਬੇਨਵਾ ਕਹੂੰ ਲਭੰਤਿ ॥ ੪੦ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

੩੧ [ਦਿਵਾਨਿਆਂ ਦੀ ਪੁਕਾਰ। ਸ਼ਾਹੀ ਸੈਨਾਂ ਦਾ ਅਜੀਤ ਸਿੰਘ ਨੂੰ ਫੜਨ ਜਾਣਾ]।

ਦੋਹਰਾ ॥ ਚਾਰਤਿ ਢਾਂਗ ਉਜਾਰ ਮਹਿਂ ਬਿਚਰਤਿ ਹੁਤੋ ਅਯਾਲਿ। ਕੂਪ
ਗਿਰਾਯੋ ਬੇਨਵਾ ਤਿਨ ਦੇਖਯੋ ਤਿਸ ਕਾਲ॥ ੧ ॥ ਚੌਪਈ ॥ ਪਿਖਯੋ ਬੇਨਵਾ
ਖੋਜਨ ਕਰੈਂ। ਧਰਤਿ ਸ਼ੋਕ ਉਰ ਇਤ ਉਤ ਫਿਰੈਂ। 'ਤੋਹਿ ਬਤਾਵੈਂ' ਕਹਤਿ
ਅਯਾਲੀ। 'ਪ੍ਰਾਨ ਹਾਨ ਕਰਿ ਦੀਨਸਿ ਕਾਲੀ ॥ ੨ ॥ 'ਸਿੰਘਨ ਤੇ ਮੈਂ
ਡਰੌਂ ਬਡੇਰਾ। ਨਹੀਂ ਬਚਾਇ ਹੋਇਗੋ ਮੇਰਾ। ਯਾਂਤੇ ਮੈ ਨਹਿਂ ਕਰਤਿ
ਬਤਾਵਨ। ਸੰਧਯਾ ਪ੍ਰਾਤਿ ਅਚਾਨਕ ਘਾਵਨ[4]' ॥ ੩ ॥ ਧੀਰ ਬੇਨਵੇ ਦਈ
ਘਨੇਰੇ। 'ਹਮ ਸਭਿ ਰਹੈਂ ਸੰਗ ਹੀ ਤੇਰੇ। ਮਾਰਨ ਦੇਹਿਂ ਨਹੀਂ ਕਿਸ ਭਾਂਤਿ।

[1]ਢੂੰਡਣ। [2]ਕਿਸੇ ਨੇ ਨਾ ਦੱਸਿਆ। [3]ਬੇਨਵੇ ਦੇ ਚੇਲੇ ਰੋਣ ਲਗੇ। [4]ਸ਼ਾਮ ਯਾ ਸਵੇਰੇ ਅਚਾਨਕ ਮੈਨੂੰ ਮਾਰ ਦੇਣਗੇ।

ਰੱਖਨਾ ਕਰਤਿ ਰਹੈਂ ਦਿਨ ਰਾਤਿ' ॥ ੪ ॥ ਦਿਯੋ ਦਿਲਾਸਾ ਸਰਬ ਪ੍ਰਕਾਰ।
ਸੋ ਲੇ ਗਮਨਯੋਂ ਬੀਚ ਉਜਾਰ। ਜਿਸ ਥਲ ਮਾਰਿ ਕੂਪ ਮਹਿਂ ਡਾਰਾ। ਪਰਯੋ
ਮਰਯੋ ਤਿਹ ਸਭਿਨਿ ਨਿਹਾਰਾ॥੫॥ਮਿਲਿ ਕਰਿ ਬ੍ਰਿੰਦਨਿ ਤਬਹਿ ਨਿਕਾਰਾ।
ਲਿਯੋ ਉਠਾਇ ਰੌਰ ਬਹੁ ਡਾਰਾ। ਪੁਰਿ ਮਹਿਂ ਨਰ ਮਿਲਿ ਗੇ ਸਮੁਦਾਇ।
ਦੇਖਤਿ ਬੋਲਤਿ ਸੰਗ ਸਿਧਾਇ ॥੬॥ ਪਾਯੋ ਜਾਇ ਦੁਰਗ ਕੇ ਪੌਰ। ਮਿਲੇ
ਹਜ਼ਾਰਹੁਂ ਮਾਚਯੋ ਰੌਰ। ਜਿਤਿਕ ਬੇਨਵੇ ਪੁਰਿ ਮਹਿਂ ਤਬੈ। ਦੌਰਿ ਦੌਰਿ
ਮਿਲਿਕੇ ਤਹਿਂ ਸਭੈ ॥੭॥ ਪਾਤਸ਼ਾਹ ਢਿਗ ਕਰੀ ਪੁਕਾਰ। 'ਦਿਯੋ ਬੇਨਵਾ
ਸਿੰਘਨ ਮਾਰਾਨਜਾਉਂ ਲੇਹਿਂ ਗੇ ਕੈ ਦਰ ਮਰੈਂ। ਤਬਿ ਲੌ ਖਾਨ ਪਾਨ ਨਹਿਂ
ਕਰੈਂ'॥੮॥ਖਰੇ ਪੌਰ ਆਗੇ ਅਰੜਾਵੈਂ। ਅੰਤਰ ਊਚੀ ਧੁਨੀ ਸੁਨਾਵੈਂ। ਸ਼ਾਹੁ
ਅਜੋਗ ਬਾਤ ਪਹਿਚਾਨੀ।-ਡਰੇ ਨ ਮੁਝ ਤੇ ਕੀਨਸਿ ਹਾਨੀ ॥੯॥ਇਸ ਕੋ
ਹੁਇ ਸਜ਼ਾਇ ਅਬਿ ਭਾਰੀ।ਛੁਟਯੋ ਸੁਖੇਨ ਜੁ ਖਤਾ ਅਗਾਰੀ-। ਸੁਨਿ ਉਮ-
ਰਾਵਨ ਕੀਨਿ ਉਚਾਰਨ।'ਫਿਰਤ ਸੈਲ ਹਿਤ ਬੀਚ ਬਜਾਰਨ॥੧੦॥ ਸੰਗ
ਚਢਹਿਂ ਸਾਠਕ ਅਸਵਾਰ। ਊਚ ਅਵਾਜ਼ ਨਕੀਬ ਉਚਾਰਿ। ਪਿਖਹੁ ਪੁਰੀ
ਬਸਿ ਤ੍ਰਾਸ ਨ ਮਾਨਾ। ਦੂਰ ਹੋਇ ਚਹਿ ਦੁੰਦ ਉਠਾਨਾ'[1] ॥ ੧੧ ॥ ਪਕਰਿ
ਸਜ਼ਾਇ ਦੀਜੀਯਹਿ ਗਾਢੀ। ਤਿਸ ਕੇ ਉਰ ਗ਼ਰੂਰਤਾ ਬਾਢੀ'। ਸੁਨਤਿ
ਸ਼ਾਹੁ ਤਬਿ ਹੁਕਮ ਉਚਾਰਾ। 'ਤੂਰਨ ਪਹੁੰਚਹੁ ਸਦਨ ਮਝਾਰਾ ॥ ੧੨ ॥
ਪਟ ਸੋਂ ਹਾਥ ਬੰਦਿ ਅਗਵਾਰ। ਆਵਹਿ ਗਰੇ ਕੁਹਾਰੀ ਡਾਰਿ'[2]। ਉਚਿਤ
ਸਜ਼ਾਇ ਹੋਇ ਹੈ ਤਾਂਹੀ। ਆਨਹੁਂ ਜਾਇ ਦੇਰ ਹ੍ਵੈ ਨਾਂਹੀ' ॥ ੧੩॥ ਸੁਨਿਕੈ
ਨਰ ਦੌਰੇ ਤਬਿ ਦੋਇ। ਬੈਠਯੋ ਜਾਇ ਪਹੂਚੇ ਸੋਇ।ਹੁਕਮ ਸ਼ਾਹੁ ਕੋ ਕਹਯੋ
ਕਠੋਰ। 'ਨਿਕਸਹੁ ਚਲਹੁ ਦੁਰਗ ਕੀ ਓਰ ॥ ੧੪ ॥ ਹਤਯੋ ਬੇਨਵਾ ਸ਼ਾਹੁ
ਰਿਸਾਯੋ। ਗੁਨਹਿਗਾਰ ਤੂ ਨਿਕਟ ਬੁਲਾਯੋ'। ਸੁਨਿ ਕੈ ਤ੍ਰਾਸ ਮਾਨਿ ਘਰ
ਥਿਰਯੋ। ਨਹੀਂ ਨਿਕਸਿ ਕੈ ਜਾਵਨ ਕਰਯੋ॥ ੧੫ ॥ 'ਮੈਂ ਨਹਿਂ ਚਲੌਂ ਨ
ਬੇਨਵ ਮਾਰਾ। ਤੁਹਮਤ ਦੇਤਿ ਤੁਫਾਨ ਉਠਾਰਾ'। ਜਾਇ ਦੁਰਗ ਮਹਿਂ
ਤਿਨਹਿਂ ਬਤਾਯੋ। 'ਰਹੇ ਹਕਾਰਿ ਸੰਗ ਨਹਿ ਆਯੋ' ॥ ੧੬ ॥ ਬਹੁਰ ਸ਼ਾਹੁ
ਕਹਿ ਹੁਕਮ ਪਠਾਏ। 'ਇਹਾਂ ਆਉ ਤੁਵ ਨਯਾਉਂ ਕਰਾਏ। ਨਿਸ਼ਚੈ ਸਾਚ

[1]ਦੇਖੋ ਸ਼ਹਿਰ ਵਿਚ ਵੱਸਕੇ ਡਰ ਨਹੀਂ ਸੂ ਮੰਨਿਆ, ਜੇ ਦੂਰ ਹੋਵੇ (ਪਾਤਸ਼ਾਹ ਤੋਂ) ਤਾਂ ਦੁੰਦ ਹੀ ਉਠਾਵੇਗਾ। [2]ਪੁਰਾਣੇ ਜ਼ਮਾਨੇ ਦੀ ਸਜ਼ਾ ਸੀ ਕਿ ਗਲ ਵਿਚ ਆਪੇ ਕੁਹਾੜੀ ਪਾਕੇ ਔਣਾ ਤੇ ਕਹਿਣਾ ਕਿ ਲਓ ਕੁਹਾੜੀ ਮਾਰਕੇ ਚਾਹੇ ਮਾਰ ਲਓ ਚਾਹੇ ਬਚਾ ਲਓ।

ਝੂਠਿ ਸਭਿ ਹੋਇ। ਬੂਝੈਂ ਭਲੇ ਉਗਾਹ ਜਿ ਕੋਇ' ॥ ੧੭ ॥ ਸੁਨਿ ਕੈ ਗਏ
ਜਾਇ ਸਮੁਝਾਯੋ। 'ਹਠ ਨ ਕਰਹੁ ਤੁਝ ਨਿਕਟ ਬੁਲਾਯੋ। ਸ਼ਾਹੁ ਕਹੈ
ਸਭਿ ਨਿਰਨੈ ਕਰਿਕੈ। ਸਾਚੋ ਲੇਹਿ ਬਡਾਈ ਫਿਰਿਕੈ ॥ ੧੮ ॥ ਘਰ ਮਹਿ
ਕਿਮ ਬੈਠਨ ਹੁਇ ਤੇਰੋ। ਦੁਰਗ ਪੌਰ ਪਰ ਰੌਰ ਬਡੇਰੋ। ਭਲੋ ਚਹੈਂ ਜੋ
ਅਪਨੋ ਕੈਸੇ। ਮਾਨੋ ਕਹਯੋ ਕਹਤਿ ਹਮ ਜੈਸੇ॥੧੯॥ਨਾਂਹਿਤ ਸੈਨ ਆਨਿ
ਕਰਿ ਗਹੈ। ਕਿਸ ਕੀ ਓਟ ਲੇਇ ਥਿਰ ਰਹੈਂ?' ਸੁਨਿ ਅਜੀਤ ਸਿੰਘ
ਨਾਂਹਿਨ ਮਾਨਾ। 'ਗਮਨੋਂ ਨਹੀਂ' ਜਬਾਬ ਬਖਾਨਾ ॥ ੨੦॥ ਰਿਸੇ ਦੂਤ ਜੋ
ਗਏ ਹਕਾਰਨ। ਹਟੇ ਸ਼ਾਹੁ ਢਿਗ ਕੀਨ ਉਚਾਰਨ। 'ਭਯੋ ਮਵਾਸੀ ਆਇ
ਨ ਸੋਊ। ਮਿਲਿ ਸਮੁਝਾਇ ਰਹੇ ਸਭਿ ਕੋਊ ॥ ੨੧ ॥ ਮਾਤ ਨਿਕਟ ਨਰ
ਭੇਜਯੋ ਭਲਾ[1]। ਸ੍ਰੀ ਗੁਰ ਤੇਗ ਬਹਾਦਰ ਬਦਲਾ[2]। ਖੂਨ ਪੁੱਤ੍ਰ ਤੁਮਰੇ
ਕਰਿ ਦਯੋ। ਸੋ ਬਖਸ਼ਹੁ ਕਹੁ ਹਮ ਲੇ ਲਯੋ' ॥ ੨੨ ॥ ਕਹਯੋ ਮਾਤ 'ਮੈਂ
ਲਿਖਯੋ ਬਿਦਾਵਾ। ਪਾਰਕ ਹੁਤੋ ਤਜਯੋ, ਨਹਿੰ ਭਾਵਾ। ਸੋ ਬਦਲਾ ਲੇਵੈਂਗੇ
ਔਰ। ਜਹਾਂ ਹੋਇ ਲੈਬੇ ਕੀ ਠੌਰ ॥ ੨੩॥ ਖਤਾ ਅਜੀਤ ਸਿੰਘ ਨੇ ਠਾਨੇ।
ਸੋ ਤੁਮ ਜਾਨੋ ਕੈ ਉਹ ਜਾਨੇ। ਹਮਰੇ ਲਗਿ ਤਿਸ ਕਾਰ ਨ ਕੋਈ। ਬਾਂਛ ਤ
ਕਰੋ ਆਪ ਅਰੁ ਸੋਈ' ॥ ੨੪ ॥ ਸੁਨਿਕੈ ਸ਼ਾਹੁ ਕੋਪ ਕਰਿ ਭਾਰੋ। ਸਭਿ
ਮਹਿ ਬਿਦ੍ਤੀ ਹੁਕਮ ਉਚਾਰੋ। 'ਦੋ ਪਲਟਨ[3] ਪਹੁੰਚਹਿ ਇਸ ਕਾਲਾ।
ਲਰਹਿ ਲਰਤ੍ਰ, ਨਹਿੰ ਕੀਜੈ ਟਾਲਾ ॥ ੨੫ ॥ ਜਬਿ ਲੌ ਪਕਰਯੋ ਜਾਇ ਨ,
ਮਾਰੋ। ਭਿਰਹਿ ਆਪ, ਹੱਥਯਾਰ ਪ੍ਰਹਾਰੋ'। ਤਤਛਿਨ ਸੈਨ ਚਲੀ ਤਹਿੰ
ਆਈ। ਸੁਨੀ ਅਜੀਤ ਸਿੰਘ ਥਹਿਰਾਈ[4] ॥ ੨੬ ॥ ਸਿੰਘ ਸਕੇਲੇ ਮਸ-
ਲਤ ਕੀਨ। 'ਅਬਿ ਤੌ ਜੰਗ ਕਰਨ ਹੀ ਚੀਨ। ਲਰਿ ਕਰਿ ਮਰਹਿ ਸੁ
ਧਰਮ ਹਮਾਰਾ। ਗੀਦਰ ਮੌਤ ਮਰਨ ਬੁਰਿਆਰਾ' ॥ ੨੭ ॥ ਇੱਤਯਾਦਿਕ
ਕਹਿ ਹ੍ਵੈ ਕਰਿ ਗਾਢੇ। ਲਰਨ ਹੇਤੁ ਲੈ ਆਯੁਧ ਠਾਢੇ।ਜਬਹਿ ਫੌਜ ਜਾਨੀ
ਨਿਯਰਾਈ।ਪੁੰਜ ਤੁਫੰਗਨਿ ਸਮੁਖ ਚਲਾਈ ॥ ੨੮ ॥ ਬਰੇ ਨਿਕੇਤ ਸੁਚੇਤ
ਬਿਸਾਲੇ। ਪਰਯੋ ਜੰਗ ਉਠਿ ਸ਼ਬਦ ਕਰਾਲੇ। ਊਚੇ ਚਢਿ ਓਟੇ ਕਰਿ ਥਿਰੇ।

[1](ਪਾਤਸ਼ਾਹ ਨੇ) ਮਾਤਾ ਜੀ ਪਾਸ ਭਲਾ ਪੁਰਸ਼ ਭੇਜਿਆ। [2]ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਦਲਾ ਬਖਸ਼ੋ ਤੇ ਆਖੋ ਕਿ ਅਸਾਂ ਲੈ ਲਿਆ ਹੈ। [3]ਪਲਟਨ ਪਦ ਅੰਗ੍ਰੇਜ਼ੀ ਲਫਜ਼ ਪਲੈਟੂਨ ਤੋਂ ਬਣਿਆ ਹੈ ਜਿਸ ਵਿਚ ਹੁਣ ੪ ਤੋਂ ੧੦ ਕੰਪਣੀਆਂ ਹੁੰਦੀਆਂ ਹਨ ਤੇ ਜੰਗ ਸਮੇਂ ਲਗ ਪਗ ੧੦੦੦ ਜੋਧੇ ਹੁੰਦੇ ਹਨ। ਅੰਗ੍ਰੇਜ਼ੀ ਵਿਚ ਇਕ ਪਦ ਬਟੈਲੀਅਨ ਬੀ ਲਗ ਪਗ ਇਹੋ ਅਰਥ ਰਖਦਾ ਹੈ। [4]ਕੰਬ ਗਿਆ।

ਜ੍ਵਾਲਾਬਮਨੀ ਛੋਰਤਿ ਖਰੇ ॥ ੨੯ ॥ ਉਤ ਤੇ ਵਹਿਰ ਤੁਰਕ ਸਮੁਦਾਏ।
ਰਚੇ ਮੋਰਚੇ ਤੁਪਕ ਚਲਾਏ। ਮਾਰਿ ਮਾਰਿ ਕਰਿ ਚਹੁੰਦਿਸ਼ਿ ਘੇਰੇ। ਅਧਿਕ
ਵਧਹਿਂ ਢੇਰੇ ਫਿਰ ਨੇਰੇ ॥੩੦॥ ਅੰਤਰ ਮਾਰਨ ਮਰਨ ਅਰੰਭਾ। ਪਰੇ ਜੰਗ
ਨਰ ਕਰੇ ਅਚੰਭਾ। ਗੋਰੀ ਲਗਿ ਫੋਰੀ ਭਟ ਦੇਹਾ। ਛੋਰੀ ਤੁਪਕ ਤੁਰਤ ਭਰਿ
ਲੇਹਿਂ ॥੩੧॥ ਢੁਕਹਿਂ ਨੇਰ ਹੇਲਾ ਜਬਿ ਘਾਲਹਿਂ। ਸਮੁਖ ਨਿਕਸਿ ਬਾਹਤਿ
ਕਰਵਾਲਹਿਂ[1]। ਭੁਜਦੰਡਨ ਅਰੁ ਗ੍ਰੀਵਾ ਕਾਟਹਿਂ। ਬਰਜਤਿ ਤਰਜਤਿ
ਤਕਿ ਤਕਿ ਡਾਟਹਿਂ ॥ ੩੨ ॥ ਪ੍ਰਥਮ ਦਿਵਸ ਲਰਿ ਸੰਧ੍ਯਾ ਪਰੀ। ਭਏ
ਤਿਮਰ ਸੈਨਾ ਤਹਿਂ ਥਿਰੀ। ਟਿਕੇ ਮੋਰਚਨ ਤੁਪਕ ਚਲਾਵਹਿਂ। ਅੰਤਰ
ਆਵਨ ਜਾਨ ਨ ਪਾਵਹਿਂ ॥ ੩੩ ॥ ਮਾਤ ਸੁੰਦਰੀ ਚਿੰਤ ਘਨੇਰੀ। ਕਰਨੋ
ਕੁਕਰਮ ਕੁਪੁੱਤ੍ਰ ਕੁਫੇਰੀ। ਕੁਛ ਬਸ ਚਲਹਿ ਨ ਅਪਨੋ ਜਾਨਾ। ਦੀਨ ਮਨਾ
ਦੁਖ ਲਹਤਿ ਮਹਾਨਾ ॥ ੩੪ ॥ ਪਛੁਤਾਵਤਿ ਸਭਿ ਨਿਸਾ ਬਿਤਾਈ।
ਸੰਗਤਿ ਮਿਲੀ ਆਨਿ ਸਮੁਦਾਈ। ਮਸਤਕ ਟੇਕਿ ਮਾਤ ਸੋਂ ਕਹ੍ਯੋ। 'ਹਮਹੁ
ਸ਼ਾਹੁ ਤੇ ਡਰ ਬਹੁ ਲਹ੍ਯੋ ॥ ੩੫ ॥ ਕਹਾਂ ਕੁਕਰਮ ਕੀਨਿ ਸੁਖ ਹਾਨਾ।
ਤੁਮਰੋ ਸ੍ਰਾਪ ਸਾਚ ਹੁਇ ਜਾਨਾ। ਪ੍ਰਥਮ ਪਿਥਕ ਬੈਠੇ ਇਸ ਥਾਨ। ਕਹਾਂ
ਚਿੰਤ, ਕਯੋਂ ਸੋਚਨ ਠਾਨਿ' ॥੩੬॥ ਇੱਤ੍ਯਾਦਿਕ ਦੇ ਧੀਰਜ ਗਏ। ਤਊ
ਮਹਾਂ ਦੁਖ ਚਿਤ ਉਪਜਏ। ਲਰਤਿ ਅਜੀਤ ਸਿੰਘ ਥਿਰ ਘਰ ਕੋ। ਵਹਿਰ
ਤੁਰਕ ਘੇਰਤਿ ਫਿਰ ਫਿਰਿ ਕੋ॥੩੭॥ ਕਿਤਿਕ ਗਏ ਮਰਿ ਬਾਹਿਰ ਲਰਿਤੇ।
ਕਿਤਿਕ ਸਿੰਘ ਅੰਤਰ ਲਰਿ ਮਰਿਤੇ। ਬਾਸੁਰ ਸਰਬ ਲਰੇ ਹਤਿ ਗੋਰੀ। ਢੁਕੇ
ਨੇਰ ਦੇ ਤਨ ਕੋ ਫੋਰੀ ॥੩੮॥ ਖੋਦਿ ਮੋਰਚੇ ਓਟੇ ਕਰਿ ਕੇ। ਨਿਕਟ ਹੋਤਿ
ਘਰਿ ਕੋ ਦੂਰ ਦੂਰ ਕੇ। ਦੂਸਰ ਦਿਵਸ ਬਿਤੀਤ੍ਯੋ ਲਰਤੇ। ਫਿਰਤਿ ਘਿਰਤ
ਗਨ ਮਾਰਤਿ ਮਰਤੇ ॥ ੩੯ ॥ ਸੰਧ੍ਯਾ ਭਈ ਤਿਮਰ ਗਨ ਛਾਯੋ। ਜਾਨ੍ਯੋਂ
ਸਿੰਘਨ-ਮਰਨੋ ਆਯੋ। ਲਸ਼ਕਰ ਕਹਾਂ ਦੀਹ ਪਤਿਸ਼ਾਹੀ। ਕਹਾਂ ਸਿੰਘ ਹਮ
ਪੁਨ ਪੁਰਿ ਮਾਂਹੀ ॥੪੦॥ ਜੇਤਿਕ ਹਮ ਤੇ ਜੈ ਹਹਿਂ ਮਾਰੇ। ਹੱਥਯਾਰਨਿ ਤੇ
ਕਰਹਿਂ ਪ੍ਰਹਾਰੇ। ਪੁਨ ਮਰਿ ਰਹਹਿ ਨ ਹੁਇ ਕੁਛ ਫੇਰ। ਤੁਰਕਨਿ ਗਨ
ਹਮ ਲੀਨੇ ਘੇਰ-॥ ੪੧ ॥ ਅਸ ਹਠਿ ਕਰਿ ਕੈ ਭਿਰੇ ਜੁਝਾਰੇ। ਪਰਹਿਂ
ਸ਼ੇਰ ਸਮ ਮੁਖ ਭਭੁਕਾਰੇ। ਤੁਰਕ ਤੁਪਕ ਗਹਿ ਚਹੁ ਦਿਸ਼ਿ ਢੁਕੇ। ਪਾਵਤਿ
ਨੇਰ ਮਾਰ ਕਹਿ ਕੂਕੇ॥੪੨॥ ਸਿੰਘ ਨਿਕਸਿ ਕੈ ਖੜਗ ਪ੍ਰਹਾਰੇਂ। ਹੁਤੇ ਨਿਕਟ

[1]ਤਲਵਾਰਾਂ ਵਾਹੁੰਦੇ ਹਨ।

ਸੋ ਕਟਿ ਕਟਿ ਡਾਰੇ। ਪਹਿਲੀ ਰਾਤਿ ਮਚ੍ਯੋ ਘਮਸਾਨਾ। ਲੋਥ ਪ੍ਰੋਥਨ ਹਤਿ ਭੇ ਪ੍ਰਾਨਾ ॥ ੪੩ ॥ ਨਿਜ ਨਿਜ ਥਾਨ ਥਿਰੇ ਹੁਇ ਠਾਂਢੇ। ਆਯੁਧ ਗਹੇ ਹਤਨ ਰਿਪੁ ਗਾਢੇ। ਤੀਨ ਪਹਿਰ ਇਮ ਰਾਤਿ ਬਿਤਾਈ। ਕਿਤਿਕ ਮਰੇ ਭਟ ਕਿਹ ਦੁਚਿਤਾਈ॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਅਜੀਤ ਸਿੰਘ' ਪ੍ਰਸੰਗ ਬਰਨਨੰ ਨਾਮ ਇਕਤ੍ਰਿੰਸਤੀ ਅੰਸੂ ॥ ੩੧ ॥

੩੨. [ ਪਾਲਕ ਅਜੀਤ ਸਿੰਘ ਦਾ ਮਾਰਿਆ ਜਾਣਾ। ਮਾਤਾ ਜੀ ਮਥਰਾ ਆਏ ]।

ਦੋਹਰਾ ॥ ਰਿਤ ਅਜੀਤ ਸਿੰਘ ਦਖ ਲਹ੍ਯੋ ਲਖ੍ਯੋ–ਮਰਨ ਬਨਿ ਆਇ। ਕਿਮ ਬਚਿ ਹੌਂ ਅਬਿ ਸ਼ਾਹੁ ਤੇ ਘੇਰੋ ਪਰ੍ਯੋ ਜੁ ਆਇ–॥੧॥ਚੌਪਈ ॥ ਨਿਜ ਇਸਤ੍ਰੀ ਅਰ ਪੁੱਤ੍ਰ ਨਿਹਾਰਾ। ਤਿਨਹੁੰ ਸੰਗ ਹੁਇ ਨਿਕਟ ਉਚਾਰਾ। 'ਫਟੇ ਮਲੀਨ ਧਾਰਿ ਕੈ ਚੀਰ। ਤਿਨ ਤੇ ਲੇਹੁ ਅਛਾਦਿ ਸਰੀਰ ॥ ੨ ॥ ਨਿਕਸਿ ਜਾਹੁ ਮਾਤਾ ਕੇ ਪਾਸ। ਤਹਿਂ ਦੁਰਿ ਰਹੀਯਹਿ ਬੀਚ ਅਵਾਸ।ਤੁਮਹਿ ਬਚਾਵਨ ਹੇਤੁ ਉਪਾਇ। ਮਾਤ ਬਿਨਾ ਤੇ ਹੋਇ ਨ ਕਾਇ' ॥੩ ॥ ਸੁਨਿ ਦੋਨਹੁੰ ਖਿੰਥਰ ਤਨ ਧਾਰੇ[1]। ਚੋਰੀ ਨਿਕਸੇ ਵਹਿਰ ਪਧਾਰੇ। ਜਬਿ ਤੁਰਕਨ ਕੇ ਬੀਚੇ ਆਈ। 'ਕੋ ਹੈਂ ਤੂੰ ਕਹੁ ਕਹਾਂ ਸਿਧਾਈ ?' ॥ ੪ ॥ 'ਹਮ ਗਰੀਬ ਜਮਨਾ ਕੇ ਤੀਰ। ਜਾਤਿ ਸਪਰਸ਼ਨ ਨੀਰ ਸਰੀਰ'। ਇਮ ਕਹਿ ਸਦਨ ਮਾਤ ਕੇ ਆਈ। ਰੁਦਤਿ ਬਿਲਾਪਤਿ ਪਰੀ ਸੁ ਪਾਈ ॥੫॥ ਹਠੀ ਸਿੰਘ ਕੋ ਗੇਰਿ ਅਗਾਰੀ। ਕਹੀ'ਪਰੀ ਹਮ ਸ਼ਰਣ ਤਿਹਾਰੀ। ਰਾਖੇ ਜਾਇਂ ਅਬਹਿ ਜਿਸ ਭਾਂਤਿ। ਕਰਹੁ ਉਪਾਵ ਰਾਖੀਏ ਮਾਤ!'॥੬॥ ਘਰ ਪ੍ਰਵਿਸ਼ੇ ਅਵਿਲੋਕੇ ਜਬੈ। ਮਨ ਉਦਬਿਘਨ ਮਾਤ ਭਈ ਤਬੈ[2]। ਹੌਲ ਉਠ੍ਯੋ ਦਿਲ ਧੀਰ ਬਿਨਾਸ਼ੀ।–ਮੁਹਿ ਬਿਖਾਦ ਦੇਂ ਲਖਿ ਕਰਿ ਪਾਸੀ[3] ॥ ੭ ॥ ਰਹ੍ਯੋ ਨ ਜਾਇ ਨਿਕਟ ਰਖਿ ਇਨ ਕੋ[4]। ਕਰੌਂ ਨਿਕਾਸਨ, ਹੈਂ ਅਨ ਬਨ ਕੋ[5]–।ਇੱਤਨਾਦਿਕ ਉਰ ਬਹੁਤ ਬਿਚਾਰਾ। ਤਤਛਿਨ ਮੁਖੀਆ ਸਿੱਖ ਹਕਾਰਾ ॥ ੮ ॥ ਕਹ੍ਯੋ ਭੇਤ ਸਭਿ, ਸ੍ਯੰਦਨ ਚਰੀ। ਦੌਨ ਚਢਾਇ ਸੰਗ ਚਲਿ ਪਰੀ। ਪੁਰਿ ਤੇ ਨਿਕਸੀ ਤੁਰਤ ਸਿਧਾਈ।ਦ੍ਵੈ ਦਿਨ ਬਿਤੇ ਭਰਤਗੜ੍ਹ ਆਈ ॥੯॥ ਭਈ ਪ੍ਰਭਾਤ ਲਰਤਿ ਪੁਰਿ ਮਾਂਹੀ। ਡਰਤਿ ਅਜੀਤ ਸਿੰਘ ਪਿਖਿ ਤਾਂਹੀ। ਪਰ੍ਯੋ

---

[1]ਪਾਟੇ ਮੈਲੇ ਕਪੜੇ ਪਹਿਨਕੇ। [2]ਮਾਤਾ ਚਿਤ ਵਿੱਚ ਚਿੰਤਾਤੁਰ ਹੋਈ। [3](ਹਠੀ ਸਿੰਘ ਨੂੰ) ਮੇਰੇ ਪਾਸ ਦੇਖਕੇ (ਤੁਰਕ) ਮੈਨੂੰ ਦੁੱਖ ਦੇਣਗੇ। [4](ਦਿੱਲੀ ਵਿੱਚ) ਰਿਹਾ ਨਹੀਂ ਜਾ ਸਕਦਾ ਇਹਨਾਂ ਨੂੰ ਪਾਸ ਰੱਖ ਕੇ। [5]ਜੇ ਕੱਢ ਦੇਵਾਂ ਤਾਂ ਫੇਰ ਬੀ ਅਣਬਣ ਹੈ।

ਘਮੰਡ ਤੁਰੰਗਨਿ ਕੇਰਾ। ਅਰਧਕ ਸਿੰਘ ਮਰੇ ਤਿਸ ਬੇਰਾ ॥੧੦॥ ਤ੍ਰਸਤਿ ਹਿਰਾਸਨੋ, ਧੀਰ ਨ ਰਹੀ।–ਛਪੌਂ ਜਾਇ ਕਰਿ ਭਾਜੌਂ ਕਹੀਂ–। ਬਹੁਤ ਬਿਚਾਰਤਿ ਕਾਤੁਰ ਹੋਵਾ। ਘੇਰੋ ਚਹੁੰ ਦਿਸ਼ਿ ਮਹਿੰ ਦਿਢ ਜੋਵਾ ॥੧੧॥ ਰਹੇ ਨਿਕਟ ਭਟ ਰਣ ਹਿਤ ਥੋਰੇ।ਢੂਕੇ ਤੁਰਕ ਭੀਰ ਚਹੁੰ ਓਰੇ।ਨੀਠਨੀਠ ਸੈਧਜਾ ਲਗਿ ਲਰੇ। ਦਸਕ ਸਿੰਘ ਰਹਿਗੇ,ਸਭਿ ਮਰੇ ॥੧੨॥ ਕਰੀ ਸ਼ੀਘ੍ਰਤਾ ਚਰਨ ਅਜਾਹਰ[1]। ਨਿਕਸਿ ਅਜੀਤ ਸਿੰਘ ਗਾ ਬਾਹਰ। ਭੁਸ ਬੇਚਤਿ ਜੋ ਬ੍ਰਿੰਦ ਕਲਾਲਾ।ਹੁਤੇ ਸਿੱਖ ਤਿਸ ਕੇ ਪੁਰਿ ਜਾਲ॥੧੩॥ਤਿਨਕੇ ਸਦਨ ਜਾਇ ਕਰਿ ਵਰਨੋ। ਕੋਸ਼ਠ ਮਹਿੰ ਭੁਸ ਤਿਸ ਬਿਚ ਦੁਰਨੋ। ਪੀਛੇ ਸਿੰਘ ਕਤਲ ਸਭਿ ਕਰੇ।ਲੂਟਨੋ ਸਦਨ ਤੁਰਕ ਗਨ ਬਰੇ॥੧੪॥ਪ੍ਰਾਤ ਭਈ ਕਹਿ ਸ਼ਾਹੁ ਖੁਜਾਯੋ। ਮਰਨੋ ਅਜੀਤ ਸਿੰਘ ਨਹਿੰ ਪਾਯੋ। ਬਹੁ ਲੋਗਨ ਮਿਲਿ ਤਬਹਿ ਬਿਚਾਰਾ। ਲਰਤਿ ਨ ਇਸ ਬਲ ਮਹਿੰ ਰਿਪੁ ਮਾਰਾ॥੧੫॥ਨਿਕਸਿ ਛਪਨੋ ਕਿਸਕੇ ਘਰ ਜਾਈ।ਜੇ ਕਰਿ ਇਹਾਂ ਲੋਥ ਨਹਿੰ ਪਾਈ। ਸਰਬ ਬ੍ਰਿਤੰਤ ਸੁਨਨੋ ਜਬਿ ਸ਼ਾਹੂ। ਦੁਰਨੋ ਨਿਕੇਤ ਕਿਸੀ ਪੁਰਿ ਮਾਂਹੂ ॥ ੧੬ ॥ ਕਹਿ ਕਾਰ ਤਬਿ ਢੌਂਡੀ ਪਿਟ-ਵਾਈ। ਸਭਿ ਪੁਰਿਜਨ ਕੋ ਸ੍ਰੋਨਨ ਪਾਈ। 'ਦੁਰਨੋ ਸਦਨ ਜਿਸ, ਆਨ ਬਤਾਵੈ।ਅਬਿ ਬਚ ਰਹੈ, ਨ ਸੰਕਟ ਪਾਵੈ॥ ੧੭ ॥ ਨਾਂਹਿਤ ਜਬਿ ਪੀਛੇ ਹੁਇ ਜ਼ਾਹਿਰ। ਦੋਹੋਂ ਦੰਡ ਨਿਕਾਸੈਂ ਬਾਹਿਰ। ਫਾਸੀ ਦੇ ਦੇ ਹਤੌਂ ਕੁਟੰਬ। ਬਚਹਿੰ ਨ ਕੈਸੇ ਲੇਹਿ ਅਲੰਬ' ॥੧੮॥ ਸੁਨਿ ਕਲਾਲ ਦਿਲ ਹੌਲ ਬਿਸਾਲਾ। ਜਾਇ ਬਤਾਇ ਦਿਯੋ ਤਿਸ ਕਾਲਾ। 'ਛਪਨੋ ਆਨਿ ਕਰਿ ਹੈ ਘਰਿ ਮੇਰੇ। ਪਠਿ ਦੀਜੈ ਮੁਝ ਸੰਗ ਘਨੇਰੇ' ॥ ੧੯ ॥ ਲੇ ਕਰਿ ਗਮਨਨੋ ਸਾਤ ਸਿਪਾਹੀ। ਜਾਇ ਦਿਖਾਯੋ ਨਿਜ ਘਰ ਮਾਂਹੀ। ਗਹਿ ਲੀਨੋ ਤਹਿੰ ਤੇ ਤਤਕਾਲਾ। ਪਹੁੰਚੇ ਸ਼ਾਹੁ ਨਿਕਟ ਨਰ ਜਾਲਾ ॥ ੨੦ ॥ ਹੇਰਤਿ ਹੁਕਮ ਦੀਨ ਰਿਸ ਧਰਿਕੈ। 'ਗਜ ਕੇ ਪਗ ਸੋਂ ਬੰਧਨ ਕਰਿਕੈ। ਬਾਰਿ ਬਾਰਿ ਪੁਰਿ ਗਰੀਅਨਿ ਫੇਰੋ। ਨਿਕਸੈਂ ਪ੍ਰਾਨ ਵਹਿਰ ਤਬਿ ਗੇਰੋ' ॥੨੧॥ਪਾਇ ਦਾਮ ਦਿਢ ਬੰਧਨ ਕਰਨੋ। ਕੁੰਚਰ ਸੰਗਿ ਬੰਧੇ ਪੁਰਿ ਫਿਰਨੋ। ਐਂਚਤਿ ਚਰਨ ਘਸੀਟਤਿ ਚਲਨੋ। ਹੇਰਨ ਹੇਤ ਪੁੰਜ ਨਰ ਮਿਲਨੋ ॥ ੨੨ ॥ ਹਾਇ ਹਾਇ ਕਰਿ ਬਹੁ ਬਿਲਲਾਯੋ। ਮਾਤਾ ਨ੍ਰਿਪ ਦੀਨ ਚਿਤ ਆਯੋ। ਰਿਦੇ ਬਿਸੂਰਤਿ ਬਹੁ ਦੁਖ ਪਾਵੈ। ਉਤਰਨੋ ਮਾਸ

[1]ਗੁਪਤ ਚੱਲ ਪੈਣ ਦੀ ਕਾਹਲੀ ਕੀਤੀ। [ਅ+ਜਾਹਰ=ਗੁਪਤ। ਚਰਨ=ਚੱਲਣ ਦੀ]। (ਅ) ਲੁਕਕੇ ਚਰਨਾਂ ਦੀ ਕਾਹਲੀ ਕੀਤੀ ਭਾਵ ਨੱਸ ਗਿਆ।

ਹਾਥ ਦ੍ਰਿਸ਼ਟਾਵੈਂ ॥ ੨੩ ॥ ਸਗਰੇ ਦਿਨ ਮਹਿਂ ਫੇਰਨਿ ਕਰ੍ਯੋ। ਗਰੀ ਬਜ਼ਾ-ਰਨ ਮਹਿਂ ਗਜ ਫਿਰ੍ਯੋ। ਤਊ ਨ ਨਿਕਸੇ ਪ੍ਰਾਨ ਤਿਸੀ ਕੇ। ਬਹੁ ਦੁਖ ਪਾਵਨ ਸ੍ਰਾਪ ਜਿਸੀ ਕੇ[1] ॥ ੨੪ ॥ ਨਿਕਸ੍ਯੋ ਸੰਧ੍ਯਾ ਮੈਂ ਪੁਰਿ ਬਾਹਰ। ਗਏ ਪਹਾਰੀ ਲਘੁ[2] ਜਿਸ ਠਾਹਰ। ਊਚ ਨੀਚ ਥਲ ਪਰ ਜਬਿ ਫਿਰ੍ਯੋ। ਤਬਿ ਸਿਰ ਪਗ ਤਰਿ ਦਬਿ[3] ਫੁਟ ਪਰ੍ਯੋ ॥ ੨੫ ॥ ਇਮ ਦਿੱਲੀ ਪੁਰਿ ਮਹਿਂ ਸੋ ਮਾਰਾ। ਸਿੱਖਨਿ ਮਹਾਂ ਤ੍ਰਾਸ ਕੋ ਧਾਰਾ*।

---

[1]ਜਿਸ ਨੂੰ ਬਹੁਤ ਦੁਖ ਪਾਵਣ ਦਾ ਸ੍ਰਾਪ ਹੈਸੀ। [2]ਛੋਟੀ ਪਹਾੜੀ। [3](ਹਾਥੀ ਦੇ) ਪੈਰਾਂ ਤਲੇ ਦਬ ਕੇ ਸਿਰ।

*ਪਾਲਕ ਅਜੀਤ ਸਿੰਘ ਦੇ ਚਲਾਣੇ ਦਾ ਸੰਮਤ ਕਈ ੧੭੭੫-੭੬ ਖਿਆਲ ਕਰਦੇ ਹਨ। ਗੁ: ਪ੍ਰ: ਸੂ: ਵਿਚ ਇਸ ਦੇ ਮਾਤਾ ਜੀ ਪਾਸ ਆਉਣ ਦਾ ਸੰਮਤ ੧੭੬੪ ਸਹੀ ਪੈਂਦਾ ਹੈ। ਤਦੋਂ ਇਸਦੀ ਉਮਰ ਪੰਜ ਬਰਸ ਲਿਖੀ ਹੈ (ਦੇਖੋ ਐਨ ੧ ਅੰਸੂ ੪੪ ਅੰਕ ੨੩)। ਇਸ ਹਿਸਾਬ ੧੭੭੫ ਵਿਚ ਪਾਲਕ ੧੬ ਬਰਸ ਦਾ ਹੋਇਆ। ਸੋਲਾਂ ਵਰ੍ਹੇ ਦੇ ਘਰ ਪੁੱਤ੍ਰ ਹੋ ਜਾਣਾ ਤੇ ਉਸ ਦਾ ਸ਼ਹਿਰ ਵਿੱਚ ਰਈਸ ਬਣਕੇ ਫਿਰ ਨਿਕਲਨਾ, ਮਾਤਾ ਜੀ ਨਾਲ ਅਪੋੜ, ਗੁਰੂ ਬਣਨ ਦੇ ਦਾਵੇ, ਸਾਰੀਆਂ ਗਲਾਂ ਅਗਾਲਬ ਨਹੀਂ ਜਾਪਦੀਆਂ। ਖੋਜ ਕਰਦਿਆਂ ਸਾਨੂੰ ਇਕ ੧੮੩੬ ਦੀ ਲਿਖਤ ਵਿੱਚ ਪਾਲਕ ਅਜੀਤ ਸਿੰਘ ਦਾ ਚਲਾਣਾ ੧੭੮੦ ਬਿ: ਦਿੱਤਾ ਮਿਲਿਆ ਹੈ। ਇਸ ਦਾ ਵਤਨ ਬੁਰਹਾਨ ਪੁਰ ਦੱਸਿਆ ਹੈ ਤੇ ਜ਼ਾਤ ਖੱਤਰੀ ਦੱਸੀ ਹੈ; ਜਾਪਦਾ ਇਹ ਬੀ ਹੈ ਕਿ ੧੭੬੪ ਵਿਚ ਪਾਲਕ ਦੀ ਉਮਰ ਪੰਜ ਬਰਸ ਤੋਂ ਵਡੇਰੀ ਹੋਣੀਹੈ। ਏਹ ਗਲਾਂ ਵਧੇਰੇ ਖੋਜ ਤਲਬ ਹਨ, ਨਾਲੇ ਇਹ ਗਲ ਬੀ ਕਿ ਪਾਲਕ ਨੇ ਕੇਸਾਂ ਦੀ ਬੇਅਦਬੀ ਪਹਿਲੋਂ ਕੀਤੀ ਸੀ, ਯਾ ਬੇਨਵਾ ਵਾਲੇ ਮਾਮਲੇ ਪਰ ਪਕੜੇ ਜਾਣ ਤੇ ਤੁਰਕਾਂ ਨੇ ਜਬਰੀ ਕੀਤੀ ਸੀ, ਕਿਉਂਕਿ ਇਹ ਪਹਿਲੀ ਸਾਖੀ ੧੮੩੬ ਵਾਲੇ ਲੇਖ ਵਿੱਚ ਨਹੀਂ ਦਿੱਤੀ। ਦੂਸਰੇ ਇਹ ਬੀ ਖੋਜ ਤਲਬ ਬਾਤ ਹੈ ਕਿ ਪਾਲਕ ਨੇ ਬੇਨਵਾ ਮਰਵਾਇਆ ਸੀ ਯਾ ਕਿ ਉਸ ਦਾ ਸ਼ਾਹੀ ਠਾਠ ਬਾਠ ਦੇਖਕੇ ਅਰ ਉਸ ਪਾਸ ਸੰਗਤਾਂ ਦੇ ਮੇਲੇ ਲੱਗਦੇ ਤੱਕ ਕੇ ਤੁਰਕ ਉਮਰਾਵਾਂ ਨੇ ਖੌਫ ਖਾਧਾ ਕਿ ਕਿਤੇ ਬੰਦੇ ਵਾਂਙੂ ਇਹ ਬੀ ਜ਼ੋਰ ਨਾ ਪਕੜ ਜਾਵੇ ਤੇ ਉਸ ਦੇ ਜੀਵਨ ਨੂੰ ਸਮਾਪਤ ਕਰਨ ਵਾਸਤੇ ਬੇਨਵਾ ਨੂੰ ਮਾਰ ਦੇਣ ਦੀ ਊਜ ਉਸ ਦੇ ਸਿਰ ਪਰ ਥੱਪ ਕੇ ਬੰਦੇ ਵਰਗੇ ਦਿੱਸ ਰਹੇ ਖੜਰੇ ਤੋਂ ਛੁਟੀ ਪਾਈ। ਇਸ ਵੇਲੇ ਪਾਤਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ, ਬੇਨਵਾ ਦੇ ਮਰਨੇ ਦਾ ਉਗਾਹ ਸਿਵਾ ਇਕ ਅਯਾਲੀ ਦੇ ਕੋਈ ਨਹੀਂ ਜਿਸ ਨੇ ਬੀ ਕਈ ਦਿਨ ਮਗਰੋਂ ਦੱਸਿਆ ਹੈ। ਐਹੋ ਜਹੇ ਤੁਫਾਨ ਘੜ ਲੈਣੇ ਉਸ ਸਮੇਂ ਕੁਛ ਕਠਨ ਨਹੀਂ ਸਨ। ਫਿਰ ਪਤਾ ਚਲਦਾ ਹੈ ਕਿ ਮਾਤਾ ਜੀ ਨੇ ੧੭੮੮ ਬਿ: ਤੋਂ ਸੰਗਤਾਂ ਦਾ ਜੁੜਨਾ ਅੰਮ੍ਰਿਤਸਰ ਕਰ ਦਿੱਤਾ ਸੀ, ਇਸ ਤੋਂ ਭਾਰੀ ਖਿਆਲ ਪੈਦਾ ਹੁੰਦਾ ਹੈ ਕਿ ਉਸ ਤੋਂ ਪਹਿਲਾਂ ਅਜੀਤ ਸਿੰਘ ਦੇ ਗਿਰਦੇ ਮੇਲੇ ਲਗਣੇ, ਸੰਗਤਾਂ ਜੁੜਨੀਆਂ ਉਸ ਦੇ ਮਾਰੇ ਜਾਣ ਦਾ ਰਾਜ-ਨੈਤਕ ਕਾਰਨ ਅਸਲ ਵਿੱਚ ਸਨ। ਇਸ ਲਈ ਇਸ ਪਾਸੇ ਬੀ ਖੋਜ ਦੀ ਲੋੜ ਵਿਸ਼ੇਸ਼ ਹੈ।

ਇਤ ਮਾਤਾ ਸੁੰਦਰੀ ਜਬਿ ਗਈ। ਦਿਨ ਦ੍ਵਾਦਸ਼ ਤਹਿਂ ਬਾਸਤਿ ਭਈ॥ ੨੬ ॥ ਭਈ ਨਰੇਸ਼ੁਰ ਕੋ ਸੁਧਿ ਤਹਾਂ। ਗੁਰ ਪਤਨੀ ਪਹੁੰਚੀ ਪੁਰਿ ਇਹਾਂ। ਸ਼ਾਹੁ ਸੰਗ ਕੁਛ ਬਿਗਰੀ ਬਾਤ। ਪਾਲਕ ਪਸ਼ਚਾਤੀ ਕਿਯ ਘਾਤ[1] ॥ ੨੭ ॥ ਡਰਯੋ ਮੂਢੇ[2] ਨਿਜ ਮਨੁਜ ਪਠਾਯੋ। ਮਾਤ ਸੁੰਦਰੀ ਕੇ ਢਿਗ ਆਯੋ। ਹਾਥ ਜੋਰਿ ਤਬਿ ਬਾਤ ਸੁਨਾਈ। 'ਕਰਹੁ ਨ ਅਪਨਿ ਬਾਸ ਇਸ ਥਾਂਈ ॥ ੨੮ ॥–ਸ਼ਾਹੁ ਕੇ ਸੰਗ ਬਿਗਾਰ ਤੁਹਾਰਾ–। ਸੁਨਿ ਭੂਪਤਿ ਨੇ ਤ੍ਰਾਸ ਬਿਚਾਰਾ। ਅਪਰ ਸਥਾਨ ਬਾਸ ਕੇ ਕਰੀਯਹਿ। ਨਿਜ ਵਸਤੂ ਲੇ ਅਪਰ ਸਿਧਰੀਯਹਿ' ॥ ੨੯ ॥ ਸੁਨਿ ਮਾਤਾ ਮਨ ਚਿੰਤ ਉਪਾਈ। ਚਲਿਬੇ ਹਿਤ ਤਯਾਰੀ ਕਰਿਵਾਈ। ਚਢਿ ਸਯੰਦਨ ਪਰ ਤੁਰਤ ਪਧਾਰੀ। ਪਹੁੰਚੀ ਮਥੁਰਾ ਪੁਰੀ ਮਝਾਰੀ ॥ ੩੦॥ ਜਮਨਾ ਤੀਰ ਕਰਯੋ ਨਿਜ ਡੇਰਾ। ਤਹਿਂ ਪੁਰਿਪਾਲਕ[3] ਸੁਨਿ ਤਿਸ ਬੇਰਾ। ਲੈ ਕਰਿ ਭੇਟ ਮਿਲਿਨਿ ਕੋ ਆਵਾ। ਹਾਥ ਜੋਰਿ ਪਗ ਮਾਥ ਟਿਕਾਵਾ॥੩੧॥'ਕਰਹੁ ਮਾਤ ਜੀ! ਪੁਰਿ ਮਹਿਂ ਬਾਸਾ। ਲੈ ਦੇਵਹੁੰ ਮੈਂ ਰੁਚਿਰ ਅਵਾਸਾ॥ਜੈ ਪੁਰਿ ਕੇ ਰਾਜੇ ਤੁਮ ਦਾਸ[4]।ਪਠਵੈਂ ਖ਼ਬਰ ਛਿੱਪ੍ਰ ਤਿਨ ਪਾਸ॥ ੩੨ ॥ ਸਕਲ ਭਾਂਤਿ ਕੋ ਦੇਹਿਂ ਗੁਜ਼ਾਰਾ। ਸਮਾ ਬਿਤਾਵਹੁ ਬੈਠਿ ਸੁਖਾਰਾ'।ਇਮ ਕਹਿ ਲੇ ਕਰਿ ਅੰਤਰ ਗਯੋ। ਸ਼ੁਭ ਅਵਾਸ ਮਹਿਂ ਬਾਸਾ ਦਯੋ॥ ੩੩ ॥ ਬਾਂਛਤਿ ਸਰਬ ਵਸਤੁ ਪਹੁੰਚਾਈ। ਬਹੁਤ ਭਾਵ ਤੇ ਸੇਵ ਕਮਾਈ। ਪੁਨ ਜੈ ਪੁਰਿ ਕੋ ਸੁਧਿ ਪਹੁੰਚਾਈ। 'ਮਾਤ ਤੁਹਾਰੇ ਪੁਰਿ ਮਹਿਂ ਆਈ' ॥੩੪॥ ਸੁਨਿ ਕਰਿ ਤਿਨਹੁਂ ਗ੍ਰਾਮ ਦੁਇ ਦੀਏ। ਲਿਖਿ ਕਰਿ ਪਟੇ ਪਠਾਵਨ ਕੀਏ। ਅਪਰ ਤਗੀਦ ਕਰੀ ਬਹੁ ਭਾਂਤੀ। 'ਸੇਵਾ ਕਰਹੁ ਮਾਤ ਦਿਨ ਰਾਤੀ ॥੩੫॥ ਸੁੰਦਰ ਘਰ ਦੀਜੈ ਬਨਵਾਇ। ਬਾਂਛਤਿ ਵਸਤੂ ਸਰਬ ਪੁਚਾਇ'। ਪੁਰਿ ਪਾਲਕ ਢਿਗ ਪਠਯੋ ਸੁ ਆਯੋ। ਸਭਿ ਮਾਤਾ ਕੋ ਪਾਸ ਸੁਨਾਯੋ ॥ ੩੬ ॥ ਮਥਰਾ ਨਿਕਟ ਦਏ ਦੋ ਗ੍ਰਾਮੂ। ਸਦਨ ਬਨਾਇ ਦੀਨਿ ਅਭਿਰਾਮੂ। ਅਬਿ ਲਗਿ ਮਥਰਾ ਮਹਿਂ ਸੁ ਹਵੇਲੀ। ਦਰਸਹਿਂ ਤਹਾਂ ਖਰੀ ਸੁ ਇਕੇਲੀ॥੩੭॥ਮਾਤ ਸੁੰਦਰੀ ਬਾਸਾ ਕਰਯੋ।ਸਗਰੋ ਤ੍ਰਾਸ ਨਿਵਾਰ ਬਿਦਰਯੋ[5]। ਹਠੀ ਸਿੰਘ ਕੋ ਨਿਤ ਪ੍ਰਿਤਪਾਲੇ। ਰੁਚਿ ਤੇ ਆਛੇ ਅਸਨ ਖੁਆਲੇ ॥ ੩੮ ॥ ਅਪਰ ਦਰਬ ਸਿਖ ਸੰਗਤਿ ਕੇਰਾ। ਪਹੁੰਚਹਿ ਮਥੁਰਾ

[1](ਮਾਤਾ ਦੇ ਚਲੇ ਆਉਣ) ਮਗਰੋਂ ਪਾਲਕ (ਅਜੀਤ ਸਿੰਘ) ਨੂੰ(ਪਾਤਸ਼ਾਹ ਨੇ ਮਰਵਾ ਦਿਤਾ ਹੈ। [2]ਮੂਰਖ (ਭਰਤ ਪੁਰ ਦਾ ਰਾਜਾ)। [3]ਸ਼ਹਿਰ ਦਾ ਹਾਕਮ। [4]ਜੈ ਪੁਰ ਦਾ ਰਾਜਾ ਆਪ ਦਾ ਸੇਵਕ ਹੈ। [5]ਦੂਰ ਕੀਤਾ।

ਮਹਿਂ ਤਿਸ ਬੇਰਾ। ਪ੍ਰਥਮ ਸਮਾਨ ਆਮਦਨ ਆਵੈ। ਤਿਮ ਹੀ ਖਰਚ ਹੋਤਿ ਨਿਤ ਜਾਵੈ ॥ ੩੯ ॥ ਹਠੀ ਸਿੰਘ ਕੇ ਹੇਤੁ ਤੁਰੰਗ। ਲੀਏ ਮੋਲ ਸੁੰਦਰ ਸਰਬੰਗ। ਚਾਕਰ ਸਿੰਘ ਪਾਸ ਤਿਮ ਰਾਖੇ। ਜਥਾ ਅਜੀਤ ਸਿੰਘ ਅਭਿ-ਲਾਖੇ ॥੪੦॥ ਵਹਿਰ ਚਢੈ ਹਿਤ ਸੈਲ ਅਖੇਰਾ। ਖਰਚਨ ਲਗਜੋ ਦਰਬ ਬਹੁਤੇਰਾ। ਪਿਤ ਕੇ ਸਮ ਸਭਿ ਕਛੂ ਬਨਾਯੋ। ਮਾਤਾ ਹੇਰਿ ਹੇਰਿ ਸੁਖ ਪਾਯੋ ॥੪੧॥ ਕਰਜੋ ਦੇਹੁਰਾ ਗੁਰੂ ਨਵਮ ਕੋ। ਹੁਕਮ ਭਯੋ ਜਬਿ ਗੁਰੂ ਦਸਮ ਕੋ* । ਸਿਖ ਸੰਗਤਿ ਬਹੁ ਦਰਬ ਲਗਾਯੋ। ਊਚੋ ਮੰਡਪ ਚਾਰੁ ਸੁਹਾਯੋ। ॥ ੪੨ ॥ ਤੁਰਕੇਸ਼ੁਰ ਕੀ ਆਇਸੁ ਪਾਇ। ਛੀਨ ਬੇਨਵੇ ਲੀਨਿ ਸੁ ਥਾਇਂ। ਸੋ ਸਭਿ ਢਾਹਿ ਮਸੀਤ ਚਿਨਾਈ। ਅਪਨੋ ਦਰਬ ਲਾਇ ਸਮੁਦਾਈ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥ ੩੨ ॥

੩੩. [ਹਠੀ ਸਿੰਘ ਦੀ ਕਰਤੂਤ। ਮਾਤਾ ਜੀ ਫਿਰ ਦਿੱਲੀ ਆਏ]।

ਦੋਹਰਾ ॥ ਪ੍ਰਿਤਪਾਲਤਿ ਹੈ ਪੁੱਤ੍ਰ ਸਮ ਕਰਹਿ ਸਨੇਹ ਬਿਸਾਲ। ਕਰਜੋ ਬਾਸ ਮਥੁਰਾ ਬਿਖੈ ਸ਼ਾਂਤਿ ਰਿਦੈ ਚਿਰਕਾਲ ॥ ੧ ॥ ਚੌਪਈ ॥ ਬਡੀ ਆਰਬਲ ਭੋਗਨ ਕਰੀ। ਬ੍ਰਿੱਧ ਦੇਹਿ ਹੋਈ ਜਰਜਰੀ। ਦਿੱਲੀ ਆਦਿ ਸੰਗਤਾਂ ਬ੍ਰਿੰਦੇ। ਦੇਤਿ ਉਪਾਇਨ ਭਾਵ ਬਿਲੰਦੇ ॥ ੨ ॥ ਪੂਜਹਿਂ ਮਾਤ ਸੁੰਦਰੀ ਦਰਸਹਿਂ। ਗੁਰ ਗੇਹਨਿ ਕਹਿ ਮਹਿਮਾ ਹਰਸ਼ਹਿਂ[1]। ਹੋਤਿ ਸਕੇਲਨ ਧਨ ਸਮੁਦਾਯਾ। ਦੂਰ ਦੂਰ ਤੇ ਆਵਤਿ ਮਾਯਾ ॥ ੩ ॥ ਹਠੀ ਸਿੰਘ ਖਰਚਹਿ ਅਰੁ ਖਾਇ। ਪਹਿਰੇ ਜ਼ੇਵਰ ਰਤਨ ਜਰਾਇ। ਪੋਸ਼ਿਸ਼ ਬਹੁਤ ਮੋਲ ਕੀ ਫਬੈ। ਮਾਨੈ ਸਿਖ ਸੰਗਤਿ ਮਿਲਿ ਸਬੈ ॥੪॥ ਜਥਾ ਸਮਾਜ ਪਿਤਾ ਕਾ ਸੁਨਜੋਂ। ਤਥਾ ਸਕਲ ਰਚਿ ਕੈ ਗੁਰ ਬਨਜੋਂ। ਕਰਹਿ ਖਰੀਦਨ ਮੋਲ ਤੁਰੰਗ। ਸੁੰਦਰ ਜ਼ੀਨ ਜ਼ਰੀ ਬਹੁ ਸੰਗ ॥ ੫ ॥ ਹੇਮ ਰਜਤ ਸ਼ਸਤ੍ਰਨਿ ਲਗਵਾਏ। ਸਿੰਘ ਚਾਕਰੀ ਹਿਤ ਰਖਵਾਏ। ਸੰਗ ਅਰੂਢਹਿ ਜਿਤ ਕੋ ਜਾਤ। ਸਭਿ ਮਹਿਂ ਨਿਜ ਦਿਖਾਇ ਭਲਿ ਭਾਂਤਿ ॥ ੬ ॥ ਕਰਹਿ ਸੈਲ ਕੋ ਚਢਹਿ ਅਖੇਰੇ। ਦੁੰਦਭਿ ਬਾਜਤਿ ਚਲਤਿ ਅਗੇਰੇ। ਜ੍ਵਾਲਾਬਮਣੀ ਸੰਗ ਰਖਾਵੈ। ਕਾਨਨ ਕੇ ਪੰਛੀ ਮ੍ਰਿਗ ਘਾਵੈ।

[1]ਪ੍ਰਸੰਨ ਹੁੰਦੇ ਹਨ।

*ਦੱਖਣ ਜਾਣ ਤੋਂ ਪਹਿਲਾਂ ਜਦੋਂ ਗੁਰੂ ਜੀ ਦਿੱਲੀ ਆਏ ਸਨ ਤਾਂ ਨਾਵੇਂ ਗੁਰੂ ਜੀ ਦੇ ਸਾਕੇ ਵਾਲੇ ਥਾਂ ਦੇਹੁਰਾ ਸਾਜਣ ਦਾ ਹੁਕਮ ਦਿਤਾ ਸੀ। ਦੇਖੋ ਐਨ ੧ ਅੰਸੂ ੪੩ ਅੰਕ ੩੦ ਤੋਂ ੩੪ ਤੇ ਫੇਰ ਦੇਹੁਰਾ ਬਣਨ ਲਈ ਦੇਖੋ ਐਨ ੨ ਅੰਸੂ ੩੪ ਅੰਕ ੪੧ ਤੋਂ ੪੪।

੭ ॥ ਮਾਤਾ ਪਾਸ ਆਇ ਜੁਗ ਸਮੈਂ। ਬੈਠਹਿ ਨਿਕਟ ਬੰਦਿ ਕਰ ਨਮੈਂ।
ਕਹਿ ਕਹਿ ਸਿੱਖਯਾ ਦੇਤਿ ਘਨੇਰੀ। 'ਨਿਜ ਪਿਤ ਦਸ਼ਾ ਬਿਲੋਚਨ ਹੇਰੀ[1]
॥੮॥ ਗੁਰ ਪ੍ਰਤਾਪ ਤੇ ਕਮੀ ਨ ਕਾਈ।ਆਇ ਪਦਾਰਥ ਨਿਤ ਸਮੁਦਾਈ'।
ਅਧਿਕ ਪਢਾਵਹਿ ਸ੍ਰੀ ਗੁਰਬਾਨੀ। ਮਹਿਮਾ ਕੋ ਜਨਾਇ ਮਹੀਯਾਨੀ[2]॥
੯ ॥ ਆਰਬਲਾ ਖੋੜਸ ਬਰਖਨ ਕੀ। ਤਰੁਨ ਅਵਸਥਾ ਤਨ ਕੀ ਦਮਕੀ।
ਕਬਿ ਕਬਿ ਦਿੱਲੀ ਕੇ ਸਿੱਖ ਜਾਇਂ। ਮਾਤਾ ਕੋ ਮਾਨਹਿਂ ਪਰਿ ਪਾਇ॥੧੦॥
ਗੁਰੂ ਦੇਹੁਰੇ ਕੀ ਬਹੁ ਗਾਥਾ। ਕਰਹਿਂ ਸੁਨਾਵਨਿ ਦੁਖ ਕੇ ਸਾਥਾ। 'ਬਡੋ
ਕੁਕਾਜ ਬੇਨਵੇ ਕਰਨੋ। ਬਲ ਵਾਹਨਿ ਲਗਿ ਮਤਸਰ ਭਰਨੋ॥੧੧॥ ਆਪ
ਦਰਾਜ਼ ਮਸੀਤ ਚਿਨਾਈ। ਜਿਸ ਕੋ ਲਗਨੋ ਦਰਬ ਸਮੁਦਾਈ। ਸ੍ਰੀ ਗੁਰ
ਗੋਬਿੰਦ ਸਿੰਘ ਬਨਾਯੋ। ਦੇ ਆਇਸੁ ਧਨ ਗਨ ਲਗਵਾਯੋ ॥ ੧੨ ॥
ਕੋ ਜਾਨੈ ਅਬਿ ਗੁਰੂ ਸਥਾਨ। ਬਨਹਿ ਕਿ ਨਹੀਂ ਸੁ ਪ੍ਰਥਮ ਸਮਾਨ। ਮਹਾਂ
ਅਚਰਜ ਕਰਨੋ ਮਤਿਮੰਦੇ। ਸਿੱਖ ਬਿਬਸ ਭੇ ਬਸ ਨ ਚਲੰਦੇ' ॥ ੧੩ ॥
ਸੁਨਿਕੈ ਮਾਤ ਸੁੰਦਰੀ ਕਹੇ। 'ਸ੍ਰੀ ਗੁਰ ਅਸਥਿ ਤਹਾਂ ਅਬਿ ਰਹੇ। ਗਾਡਨ
ਕਰੇ ਬਹੁਤ ਹੀ ਨੀਵੇਂ। ਤਿਨ ਤੇ ਪੁਨ ਸਤਿਗੁਰ ਥਲ ਥੀਵੇ[3]॥੧੪॥ ਪੰਥ
ਖਾਲਸਾ ਬਿਦਤਹਿ ਜਬੈ। ਇਕ ਸਰਦਾਰ* ਆਇ ਪੁਨ ਤਬੈ। ਸੋ ਤੁਰ-
ਕੇਸ਼ੁਰ ਤੇ ਕਹਿਵਾਇ। ਸਭਿ ਮਸੀਤ ਕੋ ਦੇ ਢਹਿਵਾਇ॥ ੧੫ ॥ ਸਤਿਗੁਰ
ਅਸਥਿਨਿ ਕਾਢ ਦਿਖਾਵੈ। ਬਹੁਰ ਦੇਹੁਰਾ ਮਹਿਦ ਬਨਾਵੈ। ਪੂਜਹਿ ਸਿਖ
ਸੰਗਤ ਸਭਿ ਆਇ। ਪ੍ਰਭੂ ਮਨੋਰਥ ਨਿਫਲ ਨ ਜਾਇ' ॥ ੧੬ ॥ ਸੁਨਿ
ਦਿਲਵਾਲੀ ਰਿਦੈ ਅਨੰਦਤਿ। ਬਾਰ ਬਾਰ ਮਾਤਹਿਂ ਪਦ ਬੰਦਤਿ। ਅਬਿ
ਅਜੀਤ ਸਿੰਘ† ਕੀਨਿ ਕੁਕਰਮ। ਪਾਇ ਸ੍ਰਾਪ ਕੋ ਭਯੋ ਬਿਸ਼ਰਮ॥

[1]ਆਪਣੇ ਪਿਤਾ ਦੀ ਦਸ਼ਾ ਨੇਤ੍ਰੀਂ ਤੂੰ ਦੇਖ ਲਈ ਹੈ। [2]ਬਜ਼ੁਰਗ (ਮਾਤਾ)। [3]ਸਤਿਗੁਰਾਂ ਦਾ ਥਾਂ (ਪ੍ਰਗਟ) ਹੋਜਾਵੇਗਾ। *ਸਮਾਂ ਪਾਕੇ ਸਰਦਾਰ ਬਘੇਲ ਸਿੰਘ ਜੀ ਨੇ ਇਹ ਸੇਵਾ ਕੀਤੀ ਸੀ।

†ਏਥੇ ਪਾਠ 'ਹਠੀ ਸਿੰਘ' ਚਾਹੀਦਾ ਹੈ। ਕਿਉਂਕਿ ਹੁਣ ਪ੍ਰਸੰਗ ਹਠੀ ਸਿੰਘ ਦਾ ਤੁਰਿਆ ਹੈ। ਤੇ ਇਸ ਤੁਕ ਦੇ ਅਖੀਰ ,ਪਦ 'ਬਿਸ਼ਰਮ' ਹਠੀ ਸਿੰਘ ਵਾਸਤੇ ਵਰਤਿਆ ਹੈ ਤੇ ਅੱਗੇ ਚੱਲਕੇ ਅੰਕ ੨੫ ਵਿੱਚ ਮਾਤਾ ਜੀ ਹਠੀ ਸਿੰਘ ਨੂੰ 'ਬਿਸ਼ਰਮੀ' ਆਖਦੇ ਹਨ। ੧੯੧ ਦੇ ਨੁਸਖੇ ਵਿੱਚ 'ਅਬ' ਪਦ ਨੂੰ ਹੜਤਾਲ ਨਾਲ 'ਅਸ' ਕੀਤਾ ਹੈ ਤੇ 'ਬਿਸ਼ਰਮ' ਨੂੰ 'ਬਿਸ੍ਰਮ' ਲਿਖਿਆ ਹੈ। ਇਉਂ ਇਹ ਤੁਕਾਂ ਪਿਛਲੇ ਪ੍ਰਸੰਗ ਦੀ ਪੂਰਣਤਾ ਬਣ ਜਾਂਦੀਆਂ ਹਨ ਤੇ 'ਬਿਸ੍ਰਮ' ਦਾ ਅਰਥ ਫਿਰ (ਵਿ+ਸ਼੍ਰਮ=) 'ਆਰਾਮ' ਤੇ 'ਆਰਾਮ' ਤੋਂ ਭਾਵ 'ਮੌਤ' ਲਾਉਣਾ ਪੈਂਦਾ ਹੈ।

੧੭ ॥ ਹਠੀ ਸਿੰਘ ਪਠਿੰ ਪਠਿ ਗਰਬਾਨੀ।–ਮੈਂ ਭੀ ਕਰੌਂ[1]–ਕਾਮਨਾ ਠਾਨੀ। ਪਢਿ ਬ੍ਰਹੁ ਰਹੈ ਨ ਪਦ ਬਨਿ ਆਵੈ। ਲਿਖਤ ਬਿਚਾਰਤਿ ਸਮੋਂ ਬਿਤਾਵੈ॥੧੮॥ ਜਬਿ ਕਰਿ ਰਹਯੋ ਸ਼ਬਦ[2] ਨਹਿਂ ਬਨਯੋਂ। ਤਬਿ ਸੋ ਲਿਖਯੋ ਗੁਰੂ ਜੋ ਭਨਯੋ। ਤਿਸ ਮਹਿਂ ਸ਼੍ਰੀ ਨਾਨਕ ਕੋ ਨਾਮ। ਸੋ ਨਹਿਂ ਲਿਖਤਿ ਭਯੋ ਤਿਸ ਠਾਮ॥ ੧੯॥ ਅਪਨੋ ਨਾਮ ਤਹਾਂ ਲਿਖਿ ਦੀਨ। ਸਿਖਨ ਪਾਸ ਸੁਨਾਵਨ ਕੀਨ। ਕੇਤਿਕ ਦਿਵਸ ਕਰਤਿ ਇਮ ਭਯੋ। ਇਕ ਸਿਖ ਨਿਕਟ ਮਾਤ ਕੇ ਕਹਯੋ॥੨੦॥ 'ਸ਼੍ਰੀ ਨਾਨਕ ਕੋ ਨਾਮ ਹਟਾਇ। ਤਿਸ ਥਲ ਅਪਨੋ ਲਿਖਹਿ ਬਨਾਇ। ਸਿੱਖਨ ਕੋ ਉਪਦੇਸ਼ਤਿ ਫੇਰ।–ਇਸ ਬਿਧਿ ਪਢਹੁ ਲਿਖਹੁ ਬਹੁ ਬੇਰ–' ॥ ੨੧ ॥ ਸੁਨਤਿ ਸੁੰਦਰੀ ਨਿਕਟ ਹਕਾਰਾ। ਤਰਜਹਿ ਰਿਸ ਤੇ ਬਾਕ ਉਚਾਰਾ। 'ਇਹ ਕਜਾ ਕੀਨਿ? ਕੁਮਤਿ ਤੈਂ ਧਾਰੀ।ਸ਼੍ਰੀ ਸਤਿਗੁਰ ਮਹਿਮਾ ਨ ਬਿਚਾਰੀ ॥ ੨੨ ॥ ਜੋਤਿ ਜਾਗਤੀ ਜ਼ਾਹਰ ਜਿਨਕੀ। ਚਹੁੰ ਕੂੰਟਨ ਮਹਿਂ ਮਹਿਮਾ ਤਿਨ ਕੀ। ਜਿਹ ਸਿਮਰੈਂ ਸਿਖ ਧਰਿ ਧਰਿ ਭਾਇ। ਪੂਰਵਹਿਂ ਕਾਰਜ ਹੋਹਿਂ ਸਹਾਇ॥੨੩॥ਤਿਨ ਕੋ ਨਾਮ ਹਟਾਵਨ ਕਰੈਂ। ਤਹਾਂ ਮੂਢ! ਲਿਖਿ ਅਪਨੋ ਧਰੈਂ। ਪਠਨਿਹਾਰ ਜੋ ਹੈਂ ਸਿਖ ਸਜਾਨੇ। ਸੋ ਕਜਾ ਨਹੀਂ ਪਰਖ ਕਰਿ ਜਾਨੈਂ ॥ ੨੪ ॥ ਨਿੰਦਾ ਤੇਰੀ ਕਰਹਿਂ, ਕੁਕਰਮੀ! ਚਾਹਤਿ ਚਾਤੁਰ ਬਨਯੋ ਬਿਸ਼ਰਮੀ[3]! ਸੁਨਿ ਪਿਖਿ ਸੀਸ ਨਿਵਾਵਹਿਂ ਜਿਨ ਕੌ[4]। ਸੁਭ ਮਤਿ[5] ਲਖਹਿਂ ਮਹਾਤਮ ਤਿਨ ਕੌ[6] ॥ ੨੫॥ ਪਾਲਯੋ ਨੀਠ ਨੀਠ ਲਖਿ ਈਠ। ਬਡੋ ਹੋਇ ਨਿਕਸਯੋ ਅਸ ਢੀਠ'। ਇੱਤਜਾਦਿਕ ਦੁਰਬਾਕ ਘਨੇਰੇ। ਕਹਿ ਕਰਿ ਤਰਜਨ ਕੀਨਿ ਬਡੇਰੇ॥ ੨੬॥ ਸੁਨਤਿ ਹਠੀਸਿੰਘ ਕਰਤਿ ਬਤਾਵਨਿ। 'ਮੈਂ ਤੌ ਕੀਨੇ ਨਏ ਬਨਾ-ਵਨ। ਸੁਨਹੁੰ ਮਾਤ ਜੀ! ਤੁਮਰੇ ਪਾਸ।ਕਰਯੋ ਕਿਸੂ ਨੇ ਕੂਰ ਪ੍ਰਕਾਸ਼'॥੨੭॥ ਇਮ ਕਹਿ ਢਿਗ ਤੇ ਉਠਿ ਕਰਿ ਗਯੋ।ਮਾਤ ਬ੍ਰਿਧਾ ਲਖਿ ਗਰਬਤਿ ਭਯੋ। ਬਰਜਯੋ, ਕਛੂ ਨ ਮਨ ਮਹਿਂ ਆਨਾ। ਤਿਮ ਹੀ ਬਹੁਰ ਕਰਨ ਕੋ ਠਾਨਾ ॥੨੮॥ਅਪਨ ਨਾਮ ਗੁਰ ਸ਼ਬਦ ਮਝਾਰਾ।ਲਿਖੈ,ਸੁਨਾਵੈ ਅਨਿਕ ਪ੍ਰਕਾਰਾ। ਸੁਨਿ ਸੁਨ ਮਾਤਿ ਖਿਝੈ ਬਹੁ ਬਾਰੀ। ਬਰਜਤਿ ਤਰਜਤਿ ਦੇ ਕਰਿ ਗਾਰੀ ॥ ੨੯ ॥ 'ਤੁਵ ਪਿਤ ਕਰਤਿ ਕੁਕਰਮਨ ਜੈਸੇ। ਜਾਨਯੋਂ ਨਿਸ਼ਚੈ ਤੂੰ

[1]ਬਾਣੀ ਰਚਾਂ। [2]ਗੁਰਬਾਣੀ ਵਰਗਾ ਸ਼ਬਦ। [3]ਹੇ ਬਿਸ਼ਰਮ। [4]ਜਿਸ (ਗੁਰਬਾਣੀ) ਨੂੰ। [5]ਸ਼ੁਭ ਬੁੱਧੀਵਾਨ। [6]ਤਿਸ (ਗੁਰਬਾਣੀ) ਦਾ।

ਹੁਇਂ ਤ੍ਰੈਸੋ।ਕਹੋਂ ਨ ਬਿਚਾਰਤਿ ਕਹਾ ਗਤਿ ਹੋਈ। ਨਿਤ ਪ੍ਰਤਿ ਮੋਹਿ ਦੁਖਾਵਤਿ ਸੋਈ'॥੩੦॥ਹਠੀ ਸਿੰਘ ਹਠ ਧਰੇ ਬਡੇਰਾ। ਨਹੀਂ ਟਰਯੋ ਸਮੁਝਾਇ ਘਨੇਰਾ। ਨਿਕਟ ਮਾਤ ਕੇ ਕਬਿ ਕਬਿ ਆਵੈ। ਮਨ ਭਾਵਤਿ ਕਰਤੂਤ ਕਮਾਵੈ ॥੩੧॥ ਮਾਤ ਸੁੰਦਰੀ ਦੁਖਤਿ ਬਿਸਾਲੀ। ਜਾਨਿ ਲੀਨਿ ਮਨ ਖੋਟ ਕੁਚਾਲੀ। ਸਹਿ ਨ ਸਕਹਿ ਕਰਤੂਤ ਕੁਚਾਲੀ। ਰਿਸਹਿ, ਚਲਹਿ ਨਹਿਂ ਬਸ ਤਿਸ ਨਾਲੀ॥੩੨॥ਸਮ ਅਜੀਤ ਸਿੰਘ ਕੇ ਤਿਹ ਮਾਨਾ। ਕਰਯੋ ਸਨੇਹ ਰਿਦੇ ਤੇ ਹਾਨਾ। ਕੋਪ ਕਰਹਿ ਸੋ ਮਾਨਹਿ ਨਾਂਹੀ। ਚਹਯੋ–ਜਾਉਂ ਦਿੱਲੀ ਪੁਰਿ ਮਾਂਹੀ–॥੩੩॥ਕੇਤਿਕ ਦਿਵਸ ਬਿਚਾਰਨ ਕਰੀ। ਤਯਾਰ ਹੋਇ ਸਯੰਦਨ.ਪਰ ਚਰੀ। ਹਾਥ ਜੋਰਿ ਪੁਨ ਰਹਯੋ ਹਟਾਇਓ[1]। ਮਾਤ ਨ ਹਟੀ ਘਨੀ ਰਿਸ ਪਾਇ॥ ੩੪ ॥ ਚਲਿ ਕਰਿ ਪੰਥ ਉਲੰਘਤਿ ਸਾਰੇ। ਸੰਗਤਿ ਆਈ ਸੁਨਤਿ ਅਗਾਰੇ। ਬਹੁ ਸਨਮਾਨ ਸਹਿਤ ਲੇ ਗਏ। ਧਰਹਿਂ ਅਕੋਰਨ ਬੰਦਨ ਕਏ ॥੩੫॥ ਅਪਨੇ ਘਰ ਮਹਿਂ ਪ੍ਰਵਿਸ਼ੀ ਜਾਇ। ਦਰਸ਼ਨ ਕਰਹਿਂ ਸਿੱਖ ਸਮੁਦਾਇ। ਆਯੁਧ ਖਸ਼ਟ ਗੁਰੂ ਕੇ ਜੇਊ। ਆਨੇ ਸੰਗ ਪੂਜ ਤਿਨ ਹੋਊ ॥ ੩੬ ॥ ਰਾਜਾ ਰਾਮ ਸੁ ਸ਼ਾਹੁ ਵਜ਼ੀਰ। ਸੁਨਿ ਕਰਿ ਆਏ ਸੁੰਦਰੀ ਤੀਰ। ਦਯੋ ਦਰਬ ਬੰਦਨ ਬਹੁ ਕੀਨਿ। ਮਾਤ ਖੁਸ਼ੀ ਕਰਿ ਆਸ਼ਿਖ ਦੀਨ ॥੩੭॥ ਪੂਰਬ ਕੇ ਪ੍ਰਸੰਗ ਪੁਨ ਕਹੇ। 'ਕਹਾਂ ਅਜੀਤ ਸਿੰਘ ਮ੍ਰਿਤੁ ਲਹੇ ? ਹੋਨਹਾਰ ਸੋ ਮਿਟਤਿ ਨ ਕਬੈ। ਬੁਧਿ ਬਲ ਤੇ ਪ੍ਰਯਾਸ ਕਰਿ ਸਬੈ' ॥੩੮॥ ਪੁਨ ਮਾਤਾ ਨੇ ਭਨਯੋਂ ਬ੍ਰਿਤੰਤ। 'ਮੁਝ ਕੋ ਸੰਕਟ ਰਹੇ ਅਨੰਤ। ਲਰਿ ਕਰਿ ਜਬਿ ਅਜੀਤ ਸਿੰਘ ਮਾਰਾ। ਪੀਛੇ ਲੁਟਯੋ ਮੋਹਿ ਘਰ ਸਾਰਾ ॥੩੯॥ ਵਸਤੁ ਸ਼ਾਹੁ ਕੇ ਗਈ ਖਜ਼ਾਨੇ। ਬਰਜਯੋ ਕਿਸੂ ਨ ਮਮ ਘਰ ਜਾਨੇ[2]'। ਰਾਜਾ ਰਾਮ ਸੁਨਤਿ ਕਹਿ ਧੀਰ। 'ਮੈਂ ਅਬਿ ਕਹੌਂ ਸ਼ਾਹੁ ਕੇ ਤੀਰ' ॥੪੦॥ ਇਮ ਸੁਨਾਇ ਬਿਚ ਦੁਰਗ ਪਯਾਨਾ। ਸ਼ਾਹੁ ਸਮੀਪ ਬ੍ਰਿਤੰਤ ਬਖਾਨਾ। 'ਪ੍ਰਥਮ ਬਹਾਦਰ ਸ਼ਾਹੁ ਬਡੇਰੇ। ਤਿਸ ਪਰ ਸਤਿਗੁਰ ਖੁਸ਼ੀ ਘਨੇਰੇ ॥੪੧॥ ਸਲਤਨ ਦੀਨਿ ਫੇਰ ਤੁਮ ਘਰ ਸੌਂ। ਤਾਰਾਆਜ਼ਮ ਹਤਿ ਇਕ ਸਰ ਸੋਂ। ਤਿਸ ਗੁਰ ਕੀ ਗੇਹਨ ਬਿਚ ਪੁਰੀ। ਸਮਾ ਬਿਤਾਵਨ ਕੇ ਹਿਤ ਥਿਰੀ ॥ ੪੨ ॥ ਤਿਹ ਘਰ ਲੂਟਿ ਖਜ਼ਾਨੇ ਡਾਰਾ। ਇਹ ਤੁਮ ਕੋ ਹੈ ਬਹੁ ਬੁਰਿਆਰਾ। ਗੁਰ ਪੀਰਨ ਕੋ ਅਦਬ ਬਡੇਰਾ। ਸੁਖ ਪ੍ਰਾਪਤ ਹ੍ਵੈ ਲੋਕ ਘਨੇਰਾ' ॥੪੩॥ਸੁਨਤਿ ਸ਼ਾਹੁ ਉਰ

[1]ਹਟਾ ਰਿਹਾ.(ਹਠੀ ਸਿੰਘ)। [2]ਮੇਰਾ ਘਰ ਜਾਣਕੇ।

ਤ੍ਰਾਸ ਬਿਚਾਰਾ। ਕਹ੍ਯੋ 'ਸਮਾਜ ਵੇਰ ਦਿਹੁ ਸਾਰਾ'। ਤਤਛਿਨ ਰਾਜਾ ਰਾਮ ਅਨੰਦ। ਨਿਕਸਾਯੋ ਜਹਿਂ ਧਰ੍ਯੋ ਬਿਲੰਦ॥ ੪੪ ॥ ਮਾਤ ਸੁੰਦਰੀ ਸਦਨ ਪ੍ਰਚਾਯੋ। ਬਿਨੈ ਬਖਾਨਿ ਹਰਖ ਉਪਜਾਯੋ। ਦਿੱਲੀ ਪੁਰਿ ਮਹਿਂ ਪ੍ਰਥਮ ਸਮਾਨ। ਬਸੁਨਿ ਲਗੀ, ਭੀ ਬ੍ਰਿਧਾ ਮਹਾਨ ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ 'ਹਠੀ ਸਿੰਘ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥ ੩੩ ॥

## ੩੪. [ਮਾਤਾ ਜੀ ਦਾ ਗੁਰਪੁਰੀ ਪਜਾਨ]।

ਦੋਹਰਾ ॥ ਇਸ ਪ੍ਰਕਾਰ ਮਾਤਾ ਰਹੀ ਦਿੱਲੀ ਪੁਰਿ ਮਹਿਂ ਫੇਰ। ਸੰਗਤਿ ਸੇਵੈ ਭਾਵ ਧਰਿ ਮੇਲ ਸਕੇਲ ਬਡੇਰ॥੧॥ ਚੌਪਈ॥ਸਮਾ ਸਤਾਰਾ ਸਧਾ ਬਿਤਾਯੋ। ਚਢ੍ਯੋ ਅਠਾਰਾ ਸਧਾ ਗਿਨਾਯੋ। ਨਾਦਰਸ਼ਾਹ ਆਇ ਚਲਿ ਗਇਊ। ਸਲਤਨ ਸਕਲ ਬਿਨਾਸੀ ਭਇਊ ॥ ੨॥ ਮਾਤ ਬ੍ਰਿਧਾ ਜਰਜਰੀ ਸਰੀਰ। ਸੇਵਤਿ ਸੰਗਤਿ ਰਹਿ ਨਿਤ ਤੀਰ। ਸੰਮਤ ਚਾਰ ਬੀਤਿਗੇ ਔਰ।ਅੰਤ ਸਮਾਂ ਪਹੁੰਚ੍ਯੋ ਤਿਸ ਠੌਰ ॥ ੩ ॥ ਤਿਥ ਇਕਾਦਸ਼ੀ ਮਹਿਂ ਤਜਿ ਪ੍ਰਾਨ। ਪਹੁੰਚੀ ਪਤਿ ਢਿਗ ਮੁਕਤਿ ਸਥਾਨ। ਸ਼੍ਰੀ ਹਰਿਕ੍ਰਿਸ਼ਨ ਦੇਹੁਰਾ ਜਹਾਂ। ਸਾਹਿਬ ਦੇਵੀ ਦਾਹ ਭਿ ਤਹਾਂ ॥ ੪ ॥ ਦਿੱਲੀ ਕੀ ਸੰਗਤਿ ਮਿਲਿ ਸਾਰੀ। ਰਚ੍ਯੋ ਬਿਮਾਨ ਲਾਇ ਧਨ ਭਾਰੀ।ਕੰਚਨ ਕੁਸੰਮ ਘਰਾਵਨਿ ਕਰੇ।ਬਹੁ ਮੋਟੇ ਪਟ ਊਪਰ ਪਰੇ ॥੫॥ ਊਰਧ ਦੇਹਕ ਮਾਤਹਿ ਕੇਰਾ[1]। ਨੀਕ ਕੀਨ ਧਨ ਲਾਇ ਬਡੇਰਾ। ਗਰੀ ਬਜ਼ਾਰਨ ਮਹਿਂ ਬਰਖਾਇ। ਸਿਖ ਸੰਗਤਿ ਲੈਗੇ ਤਿਸ ਥਾਇ॥੬॥ਚੰਦਨ ਕੀ ਚਿਖ ਰਚੀ ਬਿਸਾਲਾ। ਬਹੁ ਘ੍ਰਿਤ ਲੇ ਕਰਿ ਤਿਸ ਮਹਿਂ ਡਾਲਾ। ਊਪਰ ਧਰਿ ਸ਼ਰੀਰ ਕੋ ਤਬੈ। ਬਿਧਿ ਸੋਂ ਭਸਮ ਦਿਯੋ ਕਰਿ ਸਬੈ ॥ ੭ ॥ ਕ੍ਰਿਯਾ ਕਰਮ ਸਿੱਖਨ ਕਰਿਵਾਇ। ਜੱਗ ਬਿਸਾਲ ਕਰ੍ਯੋ ਧਨ ਲਾਇ।ਬਿੱਪ੍ਰਨਿ ਸਾਧਨ ਦੀਨਿ ਅਹਾਰਾ।ਘਰ ਕੋ ਧਨ ਦਿਯ ਦਾਨ ਉਦਾਰਾ ॥੮॥ਜੋ ਮਾਤਾ ਕੇ ਸੇਵਕ ਅਹੇ। ਸਦਨ ਪਦਾਰਥ ਸਭਿ ਤਿਨ ਲਹੇ। ਹਠੀ ਸਿੰਘ ਮਥਰਾ ਮਹਿਂ ਰਹ੍ਯੋ। ਗ੍ਰਾਮ ਦੁਹੂੰਨਿ ਮਾਮਲਾ ਲਹ੍ਯੋ ॥ ੯ ॥ ਕੇਤਿਕ ਸੰਗਤਿ ਆਨਿ ਚਢਾਵੈ। ਕੇਚਿਤ ਸਿੱਖ ਬਨਨ ਕੋ ਆਵੈਂ। ਤਿਸ ਕੀ ਭੀ ਸੰਗਤਿ ਕੁਛ ਹੋਈ। ਦਰਸ਼ਨ ਕਰਿ ਧਨ ਅਰਪਹਿ ਸੋਈ ॥ ੧੦ ॥ ਸਾਠ ਸਊਰ ਜੁ ਸੰਗ ਬਨਾਏ। ਬਨਾਹ ਆਪਨੋ ਲੀਨਿ ਕਰਾਏ। ਤਹਿਂ ਰਹਿ

[1]ਮਾਤਾ ਜੀ ਦਾ ਮ੍ਰਿਤਕ ਸੰਸਕਾਰ। [ਸੰਸ:, ਊਰ੍ਧ੍ਵ ਦੇਹ=ਸ਼ਰੀਰ ਦਾ ਉਪਰ ਜਾਣਾ, ਮ੍ਰਿਤਕ ਸੰਸਕਾਰ]।

ਸੰਮਤ ਬਹੁਤ ਬਿਤਾਏ। ਕਾਬਲ ਕੇ ਗਿਲਜੇ[1] ਪੁਨ ਆਏ ॥ ੧੧॥ ਕਾਲ-
ਜਮਨ ਜੋ ਕ੍ਰਿਸ਼ਨ ਸੰਘਾਰਾ। ਰਹ੍ਯੋ ਸੰਕਲਪ ਜਨਮ ਤਿਨ ਧਾਰਾ।ਮਥੁਰਾ
ਕਤਲ ਕਰੌਂ ਅਰੁ ਪੁਰਿ ਕੌ[2]। ਮਰਤ੍ਯੋ ਰਹ੍ਯੋ ਮਨੋਰਥ ਉਰ ਕੋ ॥ ੧੨ ॥
ਅਹਿਮਦਸ਼ਾਹੁ ਨਾਮ ਜਿਸ ਭਯੋ। ਪ੍ਰਥਮ ਗੁਰੂ ਦਸਮੇ ਕਹਿ ਦਯੋ[3]। ਮਾਝੇ
ਬਿਖੈ ਪ੍ਰਥਮ ਬਲ ਘਾਲਾ। ਲੂਟਤਿ ਕੂਟਤਿ ਆਇ ਉਤਾਲਾ ॥ ੧੩॥ ਥੋਰੇ
ਸਿੰਘ ਭੁਏ ਤਿਸ ਕਾਲਾ[4]। ਸੂਰਬੀਰਤਾ ਧਰਹਿੰ ਬਿਸਾਲਾ। ਰਣ ਘਾਲ੍ਯੋ
ਸਨਮੁਖ ਰਿਪੁ ਹੋਇ। ਸੈਨਾ ਅਧਿਕ, ਕਰਹਿੰ ਕਨਾ ਸੋਇ[5] ॥ ੧੪॥ ਤਊ
ਹਜ਼ਾਰਨ ਕੇ ਹਤਿ ਪ੍ਰਾਨਾ। ਕਰ੍ਯੋ ਦੁਸ਼ਟ ਕੋ ਕਸ਼ਟ ਮਹਾਨਾ। ਥੋਰੇ ਬਹੁਤ
ਗਿਨਹਿ ਨਹਿ ਸਿੰਘ। ਨ੍ਰਿਭੈ ਲਰਹਿੰ ਜਿਮ ਕਾਨਨ ਸਿੰਘ[6] ॥ ੧੫ ॥ ਘੇਰ
ਲੀਨਿ ਇਕ ਥਾਨ ਘਨੇਰੇ। ਗਿਰ ਕਾਟੇ ਸਭਿ ਕੇ ਤਿਸ ਬੇਰੇ। ਬੀਸ ਹਜ਼ਾਰ
ਗਿਨਤਿ ਮਹਿ ਆਏ। ਕਿਤ ਕਿਤ ਰਹੇ ਨ ਦ੍ਰਿਸ਼ਟੀ ਆਏ[7] ॥ ੧੬ ॥
ਤਿਸ ਰਣ ਕੋ ਅਬਿ ਲੌ ਨਰ ਲਹੈਂ।ਘੱਲੂਘਾਰਾ ਨਾਮ ਸੁ ਕਹੈਂ*। ਲਵਪੁਰਿ
ਮਹਿ ਮਲੇਛ ਥਿਰ ਹੋਏ। ਸਿੰਘ ਹੋਨਿ ਨਹਿੰ ਪਾਵੈ ਕੋਏ[8] ॥੧੭॥ਪੰਜ ਰਜ-
ਤਪਣ ਸਿਰ ਕੇ ਕਰੇ। ਬਾਧਹਿ ਦੁਸ਼ਟ ਦ੍ਰਿਸ਼ਟ ਜਹਿ ਪਰੇ। ਲਵਪੁਰਿ ਕੇ
ਬਜ਼ਾਰ ਮਹਿੰ ਥੇਰ। ਕਿਤੇ ਸੀਸ ਲਾਧੋ ਬਡ ਢੇਰ ॥੧੮॥ ਸ੍ਰੀ ਅੰਮ੍ਰਿਤਸਰ
ਜਬਹਿ ਉਸਾਰਾ। ਗੁਰ ਅਰਜਨ ਤਬਿ ਸ੍ਰਾਪ ਉਚਾਰਾ।–ਉਖਰਹਿ ਜਬਾਂ
ਮਸੰਦਨ ਫੇਰੀ।ਤੀਰਥ ਨੀਵ ਪੋਲੀਏ ਹੇਰੀ[9]॥੧੯॥ਇਹ ਭੀ ਬਿਨਸ ਜਾਇ
ਇਕ ਬਾਰ। ਸਿਖ ਮੇਰੇ ਤਬਿ ਲੇਇੰ ਉਸਾਰ–।ਇਸ ਹਿਤ ਅਹਿਮਦ ਤਹਿ
ਚਲਿ ਆਯੋ।ਹਰਿ ਮੰਦਿਰ ਬਾਰੂਦ ਉਡਾਯੋ॥੨੦॥ ਸਭਿ ਸੁਧਾਨ ਭੀ ਦਈ
ਉਖੇਰ।ਤਾਲ ਭਰਨੈ ਮ੍ਰਿਤਕਾ ਚਹੁੰ ਫੇਰ। ਊਪਰ ਲਾਂਗੁਲ[10] ਕੋ ਫਿਰਵਾਇ।
ਖੇਤੀ ਤਿਸ ਥਲ ਦਈ ਬਿਜਾਇ ॥ ੨੧ ॥ ਦੇਸ਼ ਉਜਾਰਤਿ ਲਾਂਘਤਿ

[1]ਗਿਲਜ਼ਈ (ਪਠਾਣ)। [2]ਮਥਰਾ ਪੁਰ ਨੂੰ ਫਿਰ ਕਤਲ ਕਰਾਂਗਾ। [3]ਪਹਿਲਾਂ ਹੀ ਦਸਮ ਗੁਰੂ ਜੀ ਨੇ ਕਹਿ ਦਿੱਤਾ ਸੀ। [4]ਥੋੜੇ ਹੀ ਸਿੰਘ (ਇਕੱਠੇ) ਹੋਏ। [5]ਸੋ ਭਾਵ ਥੋੜੇ ਸਿੰਘ। [6]ਜਿਵੇਂ ਬਨ ਵਿਚ ਸ਼ੇਰ। [7]ਕਿਧਰੇ ਕਿਧਰੇ (ਲੁਕੇ) ਰਹੇ ਭਾਵ ਨਿਗਾਹ ਨਾ ਆਏ। [8]ਸਿੰਘ (ਇਸਥਿਤ) ਹੋਣਾ ਨਹੀਂ ਸੀ ਪਾਂਵਦੇ। [9]ਭਾਵ, ਸਰੋਵਰ ਦੀ ਉਸਾਰੀ ਵਿਚ ਮਸੰਦ ਗ਼ਬਨ ਕਰਦੇ ਰਹੇ ਸੇ ਦੇਖੋ ਰਾਸਿ ੨ ਅੰਸੂ ੫੧। [10]ਹਲ।

*ਇਹ ਜੰਗ ਕੁਪਰਹੀੜੇ ਦੇ ਇਲਾਕੇ ਲੁਧਿਆਣੇ ਜ਼ਿਲੇ ਵਿਚ ਹੋਇਆ ਸੀ।

†ਇਹ ਕੁਪਰਹੀੜੇ ਵਾਲੇ ਜੰਗ ਦੇ ਹਾਲਾਤ ਹਨ, ਜਿਸ ਨੂੰ "ਵੱਡਾ ਘੱਲੂਘਾਰਾ" ਕਹਿੰਦੇ ਹਨ, ਇਹ ਸੰਮਤ ੧੮੧੮ ਬਿ: ਵਿਚ ਹੋਇਆ ਸੀ।

ਧਾਯੋ[1]।ਡੇਰਾ ਪੁਰਿ ਮਥੁਰਾ ਢਿਗ ਪਾਯੋ*।ਲੋਕ ਨਗਰ ਕੇ ਦਿਜ ਤਿਸ ਬੇਰੋ। ਬਨੀਏ ਆਦਿਕ ਆਇ ਘਨੇਰੋ॥੨੨॥ ਕਰ ਪਰ ਧਰੇ ਉਪਾਇਨ ਲ੍ਯਾਏ। ਉਤਰਯੋ ਵਹਿਰ ਤਹਾਂ ਨਿਯਰਾਏ। ਈਂਟ ਅਚਾਨਕ ਇਕ ਚਲਿ ਗਈ। ਅਹਿਮਦ ਕੇ ਮੁਖ ਲਾਗਤਿ ਭਈ॥ ੨੩॥ ਰਿਸ ਕਰਿ ਲੋਕਨਿ ਕੀ ਦਿਸ਼ਿ ਹੇਰਾ।ਕਰਯੋ ਹੁਕਮ ਕਟੀਆ ਇਸ ਬੇਰਾ[2]†।ਧਾਇਮਲੇਛ ਪਰੇ ਤਬਿ ਕੈਸੇ। ਮਿਰਗਾਵਲਿ ਪਰ ਕੇਹਰਿ ਜੈਸੇ॥੨੪॥ਪੁਰਿਜਨ ਕਤਲ ਲੁਟਯੋ ਪੁਰਿਸਾਰਾ। ਗਹਿ ਆਨੀ ਦਲ ਮਹਿਂ ਬਹੁ ਦਾਰਾ। ਹਠੀ ਸਿੰਘ ਤਬਿ ਹੁਤੋ ਤਹਾਂ ਹੀ। ਗਾਢੋ ਰਹਯੋ ਅਪਨਿ ਘਰਮਾਂਹੀ॥੨੫॥ਨਿਕਟ ਆਵਨੇ ਦਿਯੋਨ ਕੋਈ।ਪੁੰਜ ਤੁਫੰਗ ਪ੍ਰਹਾਰਹਿ ਸੋਈ। ਕੇਤਿਕ ਪੁਰਿ ਜਨ ਬੀਚ ਬਰੇ ਹੈਂ[3]। ਕਿਤਿਕ ਵਹਿਰ ਢਿਗ ਭੀਤਿ ਪਰੇ ਹੈਂ[4]॥੨੬॥ ਸਗਲ ਦਯੋਸ ਹ੍ਵੈ ਕਰਿ ਸਿੰਘ ਗਾਢੇ। ਗੁਲਕਾਂ ਹਤੀ ਦੂਰ ਅਰਿ ਠਾਂਢੇ। ਇਸ ਬਿਧਿ ਆਧੀ ਰਾਤ ਬਿਤਾਈ। ਹਠੀ ਸਿੰਘ ਤਬਿ ਚਹੀ ਚਢਾਈ॥੨੭॥ ਜ਼ੀਨ ਤੁਰੰਗਨ ਪਰ ਤਬਿ ਪਾਏ। ਘਰ ਮਹਿਂ ਚੋਬੇ ਬਹੁਤ ਅਲਾਏ[5]। 'ਜੇਕਰਿ ਗੁਰੂਕਹਾਵਨਿ ਆਛੇ। ਚੋਰੀ ਨਿਕ-ਸਨ ਕੋ ਨਹਿਂ ਬਾਂਛੇ॥ ੨੮॥ ਗਮਨਹੁ ਅਪਨਿ ਬਜਾਇ ਨਗਾਰਾ। ਦਸਮ ਗੁਰੂ ਕੋ ਲੇਹੁ ਨਿਹਾਰਾ[6]'। ਅਲਪ ਬੈਸ ਕਛੁ ਨਹੀਂ ਬਿਚਾਰਾ। ਚਢਿ ਹਯ ਪਰ ਤਬਿ ਹੁਕਮ ਉਚਾਰਾ॥੨੯॥ 'ਦੂੰਦਭਿ ਧੁਨਿ ਊਚੀ ਬਜਵਾਯੋ। ਦੋਹਿ ਤਿਲਾਵਾ ਤਿਨ ਸੁਨਿ ਪਾਯੋ' ।–ਦਿਨ ਮਹਿਂ ਜੋ ਮਵਾਸ ਦਿਢ ਰਹਯੋ।ਨਿਕ-

[1]ਧਾ ਕੇ ਲੰਘਦਾ ਹੋਇਆ। [2]ਇਸ ਵੇਲੇ ਕਤਲ ਦਾ ਹੁਕਮ ਦੇ ਦਿੱਤਾ। [3]ਕਈ ਨਗਰ ਦੇ ਆਦਮੀ (ਹਠੀ ਸਿੰਘ ਦੇ ਘਰ) ਵਿਚ ਵੜ ਗਏ। [4]ਕਈ ਬਾਹਰ ਕੰਧਾਂ ਪਾਸ (ਮਰੇ) ਪਏ ਹਨ। [5]ਘਰ ਵਿਚ ਬਹੁਤ ਚੋਬੇ ਸਨ ਸੋ ਬੋਲੇ। [6]ਭਾਵ ਦਸਮ ਗੁਰੂ ਜਦ ਚਮਕੌਰ ਤੋਂ ਨਿਕਲੇ ਸਨ ਤਾਂ ਪਤਾ ਦੇਕੇ ਨਿਕਲੇ ਸਨ। (ਅ) ਦਸਮ ਗੁਰੂ ਦਾ ਨਗਾਰਾ (ਪਿਆ) ਹੈ ਦੇਖ ਲੈ। [7]ਜੋ ਰਾਤ ਨੂੰ ਪਹਿਰਾ ਦੇਂਦਾ ਸੀ ਤਿਸ ਨੇ ਸੁਣ ਲਿਆ। *ਮਥੁਰਾ ਦੀ ਕਤਲਾਮ, ਜੋ ਉਥੇ ਮੇਲੇ ਪਰ ਆਏ ਬੇ ਹਥਿਆਰ ਯਾਤਰੂਆਂ ਦੀ ਅਹਿਮਦ ਸ਼ਾਹ ਅਬਦਾਲੀ ਨੇ ਕਰਵਾਈ, ਇਹ ਵਾਕਿਆਤ ੧੮੧੩–੧੪ ਬਿ: ਦੇ ਹਨ। ਕਵੀ ਜੀ ਜੋ ਦੋਹਾਂ ਗੱਲਾਂ (ਪੰਥ ਲੂਘਾਰਾ ਤੇ ਮਥੁਰਾ ਤੇ ਕਤਲ) ਨੂੰ ਇਕ ਸੰਮਤ ਵਿਚ ਹੋਏ ਦੱਸ ਰਹੇ ਹਨ ਇਹ ਖਬਰ ਉਨ੍ਹਾਂ ਨੂੰ ਦਰੁਸਤ ਨਹੀਂ ਮਿਲੀ।

†ਅਹਿਮਦ ਸ਼ਾਹ ਇਸ ਵੇਲੇ ਦਿੱਲੀਓਂ ਬਾਲਮਗੜ੍ਹ ਆਕੇ ਕਿਲੇ ਵਾਲੇ ਕਤਲ ਕੀਤੇ, ਇਕ ਹਿੱਸਾ ਫੌਜ ਦਾ ਮਥੁਰਾ ਅੱਪੜਿਆ। ਮਥੁਰਾ ਮੇਲਾ ਲੱਗਾ ਹੋਇਆ ਸੀ। ਅਬਦਾਲੀ ਦੀ ਫੌਜ ਨੇ ਮੇਲਾ ਤੇ ਸ਼ਹਿਰ ਲੁੱਟ ਲਿਆ ਤੇ ਸਖਤ ਬੇਰਹਿਮੀ ਨਾਲ ਯਾਤਰੀ ਕਤਲ ਕੀਤੇ। ਇਹ ਬੇ-ਹਥਿਆਰਾਂ ਦੀ ਕਿਸੇ ਗੁਨਾਹ ਤੋਂ ਬਿਨਾਂ ਦੀ ਕਤਲ ਅਹਮਦਸ਼ਾਹ ਤੇ ਉਸਦੀ ਕੌਮ ਦੇ ਨਾਮ ਤੇ ਇਕ ਭਾਰਾ ਕਲੰਕ ਮੰਨਿਆ ਗਿਆ ਹੈ।

ਸਜੋ ਅਬਹਿ–ਮਲੇਛਨ ਲਹਯੋ॥੩੦॥ਦਸਤਾ ਏਕ ਚਮੂੰ ਕੋ ਭਾਰੀ । ਓਰੜ ਆਨਿ ਪਰਯੋ ਬਲ ਧਾਰੀ । ਸਾਠਹੁੰ ਸਿੰਘ ਘਿਰੇ ਤਿਨ ਮਾਂਹੀ । ਮਾਰਗ ਨਿਕਸਨ ਕੋ ਕਿਤ ਨਾਂਹੀ ॥੩੧॥ਹਠੀ ਸਿੰਘ ਕੋ ਰਿਸ ਕਰਿ ਕਹਯੋ।'ਬਾਲ ਬੈਸ ਅਨਜਾਨ ਨ ਲਹਯੋ[1] । ਭਾਜ ਜਾਹੁ ਜੇ ਭਾਜਯੋ ਜਾਇ।ਹਮ ਤੌ ਮਰਹਿਂ ਹਜ਼ਾਰਨ ਘਾਇ' ॥ ੩੨ ॥ ਸੁਨਿ ਕਰਿ ਡਰ ਧਰਿ ਤੁਰਤ ਪਲਾਯੋ । ਬਚਯੋ ਭੁਰਥਗੜ੍ਹ ਮਹਿ ਪ੍ਰਵਿਸ਼ਾਯੋ । ਰੁਪੇ ਸਿੰਘ ਹੱਥਯਾਰ ਸੰਭਾਰੇ । ਸਾਠਹੁੰ ਤੁਪਕ ਤੁਰਤ ਭਰਿ ਮਾਰੇ॥੩੩॥ਬਹੁਰ ਕਰੀ ਨੰਗੀ ਸ਼ਮਸ਼ੇਰ। ਮਾਰਿ ਮਲੇਛਨ ਕੋ ਸਮ ਸ਼ੇਰ* । ਰਾਤਿ ਅੰਧੇਰੀ ਸੂਝ ਨ ਆਈ । ਆਪਸ ਮਹਿਂ ਤਰਵਾਰ ਚਲਾਈ॥੩੪॥ਹੁਤੀ ਚਮੂੰ ਦਸ ਦੋਇ ਹਜ਼ਾਰ। ਆਪਸ ਮਹਿਂ ਕਟਿਗੇ ਤਿਸ ਬਾਰ।ਸਿੰਘ ਜੰਗ ਮਹਿ ਸੁਰਗ ਸਿਧਾਰੇ।ਦੁਸ਼ਟ ਹਜ਼ਾਰਹੁੰ ਤਹਾਂ ਪ੍ਰਹਾਰੇ॥੩੫॥ ਹਠੀ ਸਿੰਘ ਤਹਿਂ ਤੇ ਨਿਕਸਯੋ । ਪੁਨ ਬੁਰਹਾਨ ਪੁਰੇ ਚਲਿ ਗਯੋ । ਬਸਯੋ ਤਹਾਂ ਬਡ ਸਦਨ ਚਿਨਾਏ । ਸਿਖ ਸੰਗਤਿ ਕਰਿਕੈ ਸਮੁਦਾਏ ॥ ੩੬ ॥ ਸੁਤ ਉਤਪੰਨ ਭਯੋ ਨਹਿਂ ਕੋਈ । ਬੈਸ ਬਿਤਾਈ ਤਹਿਂ ਬਸਿ ਸੋਈ । ਏਕ ਸੁਤਾ ਉਪਜੀ ਤਿਸ ਕੇਰੇ । ਪੁਨ ਪ੍ਰਲੋਕ ਭਾ ਤਹਾਂ ਭਲੇਰੇ ॥ ੩੭॥ ਅਬਿ ਲੌ ਚਿੰਨ੍ਹਤ ਪੁਰਿ ਬੁਰਹਾਨੇ।ਹਠੀ ਸਿੰਘ ਕੋ ਬਲ ਨਰ ਜਾਨੇ । ਅਹਿਮਦਸ਼ਾਹ ਮੁਰਯੋ ਪੁਨ ਪਾਛੇ। ਲਰਹਿਂ ਸਿੰਘ ਜਿਤ ਕਤ ਤੇ ਆਛੇ॥੩੮॥ਆਗਾ ਪਾਛਾ ਲੂਟਿ ਪਲਾਵੈਂ[2] । ਰਿਪੁ ਕੋ ਕਸ਼ਟ ਮਹਾਂ ਦਿਖਰਾਵੈਂ । ਇਮ ਹੀ ਮਾਰਤਿ ਅਟਕ ਉਤਾਰਾ[3] । ਸ੍ਰੀ ਅੰਮ੍ਰਿਤ ਸਰ ਬਹੁਰ ਉਸਾਰਾ ॥੩੯॥ ਮ੍ਰਿਤਕਾ ਕਾਰ ਦੁਸਾਲਨਿ ਡਾਲੇ[4] । ਗੁਰੂ ਨੀਵ ਤੇ ਚਨਯੋ ਉਤਾਲੇ[5]। ਮਹਾਂ ਪ੍ਰੇਮ ਤੇ ਤਾਲ ਬਨਾਯੋ । ਹ ਰਮੰਦਿਰ ਸੁੰਦਰ ਉਸਰਾਯੋ†॥੪੦॥ਗੁਰ ਮ੍ਰਿਜਾਦ ਤੇ ਵਾਧ ਨ

[1]ਬਾਲ ਅਵਸਥਾ ਹੈ, ਅਣਜਾਣ ਹੋ ਤੇ ਕੋਈ ਸਮਝ ਨਹੀਂ ਹੈ (ਆਪ ਨੂੰ ਇਸ ਲਈ)……। [2](ਅਹਿਮਦ ਸ਼ਾਹ ਦੀ) ਫੌਜ ਨੂੰ ਅੱਗੋਂ ਪਿੱਛੋਂ ਲੁੱਟਕੇ ਭੱਜ ਜਾਂਦੇ ਹਨ। [3](ਅਹਿਮਦ ਸ਼ਾਹ ਨੂੰ) ਮਾਰਦਿਆਂ ਅਟਕੋਂ ਪਾਰ ਉਤਾਰ ਦਿੱਤਾ। [4]ਮਿੱਟੀ ਦੀ ਕਾਰ ਦੋ ਸਾਲ ਤਕ ਕੱਢਦੇ ਰਹੇ। (ਅ) ਭਾਵ ਕਾਰ ਸੇਵਾ ਐਡੇ ਪ੍ਰੇਮ ਨਾਲ ਕੀਤੀ ਕਿ ਕਈਆਂ ਨੇ ਦੁਸ਼ਾਲਿਆਂ ਵਿਚ ਪਾ ਪਾ ਕੇ ਕਾਰ ਕੱਢੀ। [5]ਗੁਰੂ ਜੀ ਵਾਲੀ ਨੀਂਹ ਤੋਂ ਚੱਕ ਕੇ ਛੇਤੀ ਉਸਾਰ ਲਿਆ ਭਾਵ ਨੀਹਾਂ ਉਹੀ ਗੁਰੂ ਜੀ ਵਾਲੀਆਂ ਹੀ ਰਹੀਆਂ। *ਪਾ:—ਦੇ ਰੋਰ। †ਅੰਮ੍ਰਿਤਸਰ ਹਰਿਮੰਦਰ ਦੀ ਦੁਰਾਨੀ ਨੇ ੧੮੧੮ ਵਿਚ ਬੇਅਦਬੀ ਕੀਤੀ। ਪਰ ਸੰਮਤ ੧੮੨੧ ਬਿ: ਵਿਚ ਖਾਲਸੇ ਨੇ ਇਸ ਨੂੰ ਫੇਰ ਉਸਾਰਨਾ ਅਰੰਭ ਦਿੱਤਾ। ਤਦੋਂ ਜਥੇਦਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਜੀ ਦੀ ਸੀ।

[ਬਾਕੀ ਨੋਟ ਵੇਖੋ ਅਗਲੇ ਪੰਨੇ ਦੇ ਹੇਠ]

ਘਾਟ। ਪੂਰਬ ਸਮ ਹੀ ਕੀਨਸਿ ਠਾਟ। ਅਬਿ ਲੌ ਦਰਸ ਲਗਹਿ ਬਹੁਤੇਰਾ। ਜਿਸ ਕੇ ਸਮ ਜਗ ਅਪਰ ਨ ਹੇਰਾ ॥੪੧॥ ਏਕ ਸਮੈਂ ਸਿੰਘ ਦਿੱਲੀ ਗਏ। ਸ਼ਾਹ ਸੰਗ ਰਸ ਰਾਖਤਿ ਭਏ। ਗੁਰੂ ਨਵਮਿ ਥਲ ਖੋਜਨ ਕੀਤਿ। ਚਿਨੀ ਬੇਨੁਵੇ ਦੁਸ਼ਟ ਮਸੀਤ॥੪੨॥ਬਡੇ ਜ਼ੋਰ ਸੋਂ ਤਬਿ ਢਹਿਵਾਈ। ਅਪਨੋ ਦੀਨੋ ਪਤਾ ਦਿਖਾਈ। ਅਸਥੀ ਕੀ ਗਾਗਰ ਦੁਇ ਭਰੀ। ਸੋ ਨਿਕਸਾਇ ਦਿਖਾ-ਵਨਿ ਕਰੀ ॥੪੩॥ ਝੂਠੋ ਭਯੋ ਬੇਨਵਾ ਜਬੈ। ਸਭਿਨਿ ਪ੍ਰਤੀਤ ਧਰੀ ਉਰ ਤਬੈ।ਰੁਚਿ ਦੇਹੁਰਾ ਬਰ ਚਿਨਵਾਯੋ*।ਅਬਿ ਲੌ ਜ਼ਾਹਰ ਖਰੋ ਦਿਖਾਯੋ॥੪੪॥ ਬੀਚ ਬਜ਼ਾਰ ਥਾਨ ਤਿਹ ਲੀਨ। ਗੁਰੂ ਬੈਠਿ ਜਹਿ ਕਾਰਨ ਕੀਨਿ[੧]। ਇਨ ਤੇ ਆਦਿ ਅਪਰ ਥਲ ਗੁਰ ਕੇ। ਜ਼ਾਹਰ ਕਰੇ ਹੁਤੇ ਜੋ ਧੁਰ ਕੇ† ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤ੍ਰ ਐਨੇ 'ਹੱਠੀ ਸਿੰਘ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

੩੫. [ਗੁਲਾਬ ਰਾਇ, ਸ਼ਜਾਮ ਸਿੰਘ]।

ਦੋਹਰਾ ॥ ਸ੍ਰੀ ਅਨੰਦ ਪੁਰਿ ਜਿਮ ਬਸ੍ਯੋ ਸ੍ਰੋਤਾ ਸੁਨਹੁ ਪ੍ਰਸੰਗ। ਬਾਲ ਬੈਸ

[੧]ਜੋਤੀ ਜੋਤ ਸਮਾਵਣ ਦੀ ਕਾਰ, ਸਾਕਾ।

*ਪਹਿਲਾਂ ਦੇਹੁਰਾ ਸੀਸ ਗੰਜ ਵਾਲਾ ਦਸਮੇਸ਼ ਜੀ ਦੀ ਆਗਯਾ ਨਾਲ ਦਿੱਲੀ ਦੇ ਸਿੱਖਾਂ ਨੇ ਬਣਵਾਇਆ ਸੀ। ਜਿਸ ਨੂੰ ਬੇਨਵਾ ਵਾਲੇ ਫਸਾਦ ਵਿਚ ਮੁਸਲਮ ਬੇਨਵਾਇਆਂ ਨੇ ਤੁਰਕ-ਜ਼ੋਰ ਪਾਕੇ ਢਾਹ ਕੇ ਅਪਣਾ ਥਾਂ ਬਣਾ ਲਿਆ। ਜਦੋਂ ੧੮੪੭ ਦੇ ਲਗ ਪਗ ਖਾਲਸੇ ਨੇ ਦਿੱਲੀ ਤੇ ਧਾਵਾ ਕੀਤਾ ਹੈ, ਡੇਰਾ ਪਾਕੇ ਇਸ ਨੂੰ ਸਰਦਾਰ ਬਘੇਲ ਸਿੰਘ ਨੇ ਬੇਗਮ ਸਮਰੋ ਤੋਂ ਕੁਤਵਾਲੀ ਦਾ ਕਬਜ਼ਾ ਲੈ ਕੇ ਬਣਵਾਇਆ। ਏਹ ਦੇਹੁਰਾ ਕਵੀ ਜੀ ਨੇ ਆਪ ਅੱਖੀਂ ਡਿੱਠਾ ਹੈ। ਫਿਰ ਕਹਿੰਦੇ ਹਨ ਕਿ ਮਗਰੋਂ ਮੁੜ ਢਾਹਕੇ ਮੁਸਲਮਾਨਾਂ ਨੇ ਕੋਲਵਾਰ ਮਸੀਤ ਬਣਾ ਲਈ। ੧੮੫੭ ਦੇ ਗਦਰ ਮਗਰੋਂ ਸਿੱਖਾਂ ਨੇ ਇਹ ਟਿਕਾਣਾ ਫੇਰ ਪ੍ਰਾਪਤ ਕੀਤਾ। ਜੀਂਦ ਦੇ ਸਿੰਘ ਮਹਾਰਾਜੇ ਸਰੂਪ ਸਿੰਘ ਜੀ ਨੇ ਇਸ ਦੀ ਇਮਾਰਤ ਬਣਵਾਈ। ਦਿੱਲੀ ਦਰਬਾਰ ੧੯੧੧ ਈਸਵੀ ਤੋਂ ਪੰਥ ਪ੍ਰੇਮੀਆਂ ਨੇ ਹੋਰ ਉੱਦਮ ਚਾਇਆ। ਨਵੀਂ ਪੱਥਰ ਦੀ ਸੁੰਦਰ ਇਮਾਰਤ ਸਜਾਈ ਹੈ, ਜੋ ਹੁਣੇ ਹੀ ਸਿਰੇ ਚੜ੍ਹੀ ਹੈ। ਜਿਸ ਬੋਹੜ ਦੇ ਹੇਠ ਸਾਕਾ ਵਰਤਿਆ ਸੀ ਸੋ ਹੁਣ ਤਕ ਹਰਿਆ ਸੀ, ਇਸ ਨਵੀਂ ਇਮਾਰਤ ਦੇ ਬਣਦਿਆਂ ਬਣਦਿਆਂ ਸੁੱਕ ਗਿਆ ਹੈ।

†ਸਰਦਾਰ ਬਘੇਲ ਸਿੰਘ ਨੇ ਹੀ ਸਾਰੇ ਕਾਰਜ ਕੀਤੇ ਸਨ।

(ਪਿਛਲੇ ਪੰਨੇ ਦੀ ਟੂਕ ਦੀ ਬਾਕੀ)

ਇਮਾਰਤ ਦੀ ਸੇਵਾ ਪਰ ਸ੍ਰੀ ਅੰਮ੍ਰਿਤਸਰ ਦੇ ਸਹਿਜਧਾਰੀ ਸਿੱਖ ਭਾਈ ਦੇਸ ਰਾਜ ਜੀ ਥਾਪੇ ਗਏ ਸਨ। ਆਪ ਨੇ ਘਰ ਬਾਰ ਛੋੜਕੇ ਮਾਨੋਂ ਸੰਨਯਾਸ ਧਾਰਕੇ ਇਹ ਸੇਵਾ ਸਿਰ ਚਾਈ, ਪ੍ਰਸ਼ਾਦ ਆਪ ਨੂੰ ਘਰੋਂ ਆ ਜਾਂਦਾ ਸੀ ਤੇ ਹੋਰ ਸੰਬੰਧ ਘਰ ਨਾਲ ਕੋਈ ਨਹੀਂ ਸੀ। ਇਸ ਤਰ੍ਹਾਂ ਮਾਯਾ ਅਤੀਤ ਹੋਕੇ ਆਪ ਨੇ ਕਛ ਸਮੇਂ ਵਿਚ ਹਰਿਮੰਦਰ ਦੇ ਉਸਾਰਨ ਦੀ ਸੇਵਾ ਸਿਰੇ ਚਾੜ੍ਹ ਲਈ।

ਦਸਮੇਂ ਗੁਰੂ ਬਾਕ ਕਹਨੋ ਜਿਸ ਢਿਗ॥੧॥ ਚੌਪਈ॥ ਤੌਂ ਟਨਿ ਸੰਗ ਭਿਰੇ ਬਹੁ ਬਾਲਕ। ਭਾਗ ਗੁਲਾਬਰਾਇ ਤਤਕਾਲਕ। ਲੇ ਪਗੀਆ ਗੁਰ ਕੀ ਸਿਰਿ ਧਰੀ। ਭਿਰੇ ਕਛੁ ਨਹਿ ਜਾਨੀ ਪਰੀ॥ ੨॥ ਅਪਰ ਨਰਨ ਸੋ ਬਰਜਨ ਕਰਨੋ। ਸਤੁੱਦ੍ਰਵ ਮਹਿ ਸਤਿਗੁਰੁ ਨਿਹਰਨੋਂ। ਕਹਨੋ–ਰਹਿਨ ਦਿਹੁ ਹੁਇ ਅਸ ਸਮੇਂ। ਗੁਰਤਾ ਪਾਗ ਅਰਪ ਹੈਂ ਤੁਮੈ–॥ ੩॥ ਇਹ ਬਚ ਸਾਚ ਹੁਯੋ ਚਹਿ ਜਾਨੇ। ਜਬਿ ਅਨੰਦ ਪੁਰਿ ਤਜਾਗਿ ਪਯਾਨੇ। ਸ਼ਨਾਮ ਸਿੰਘ ਅਰੁ ਰਾਇ ਗੁਲਾਬ। ਹੁਤੇ ਸੰਗ ਭਾ ਜੰਗ ਅਜਾਬ॥ ੪॥ ਇਨ ਕੀ ਦਿਸ਼ਿ ਸ਼੍ਰੀ ਸਤਿ-ਗੁਰ ਹੇਰਾ। ਲਿਖਨੋ ਹੁਕਮਨਾਵਾਂ ਤਿਸ ਬੇਰਾ। ਨਾਹਣੇਸ਼ ਰਾਜੇ ਕੇ ਸਾਥ। ਲਿਖਿ ਦ੍ਵੈ ਭ੍ਰਾਤ ਪਠੇ ਤਹਿ ਨਾਥ॥੫॥–ਤੁਰਕਨਿ ਸੰਗ ਬਿਗਾਰ ਹਮਾਰੇ। ਰਖਹੁ ਰਾਜ ਨਿਜ ਬਿਖੈ ਸੁਖਾਰੇ–। ਲੇ ਕਰਿ ਦੋਨਹੁਂ ਭ੍ਰਾਤ ਸਿਧਾਰੇ। ਔਰ ਸਕਲ ਅਪਨੋ ਪਰਵਾਰੇ॥ ੬॥ ਨਾਹਣੇਸ਼ ਕੇ ਢਿਗ ਜਬਿ ਗਏ। ਦਯੋ ਹੁਕਮਨਾਮਾ ਥਿਰ ਭਏ। ਦੇਖਿ ਭੂਪ ਪਢਿ ਕਰਿ ਅਭਿਲਾਖੇ। ਗਿਰਵੀ ਗ੍ਰਾਮ ਨਾਮ ਦੇ ਰਾਖੇ[1] ॥੭॥ ਸਹਿਤ ਕੁਟੰਬ ਰਹੇ ਸੁਖ ਪਾਏ। ਤਿਸੀ ਗ੍ਰਾਮ ਮਹਿ ਧਾਮ ਬਨਾਏ। ਬੰਦੇ ਆਦਿਕ ਕੋ ਉਤਪਾਤ। ਜਬਿ ਹਟਿ ਗਯੋ ਭਈ ਸੁਖ ਸ਼ਾਂਤਿ॥੮॥ ਤਬਹਿ ਗੁਲਾਬ ਰਾਇ ਚਲਿ ਆਯੋ। ਆਨੰਦ ਪੁਰਿ ਕੋ ਚਹਤਿ ਬਸਾਯੋ। ਤਬਿ ਜੋ ਤਹਿ ਕਹਿਲੂਰੀ ਨਾਥ। ਮਿਲਨੋ ਜਾਇ ਕਰਿ ਤਿਸ ਕੇ ਸਾਥ॥੯॥ 'ਆਨੰਦ ਪੁਰਿ ਕੋ ਜੇਤਿਕ ਥੇਹ। ਕਰਿ ਕੈ ਮੋਲ ਮੋਹਿ ਕੋ ਦੇਹ'। ਸਾਠ ਹਜ਼ਾਰ ਦਰਬ ਨ੍ਰਿਪ ਲੀਨਿ। ਸਾਠ ਘੁਮਾਉਂ ਧਰਾ ਤਿਹ ਦੀਨ॥ ੧੦॥ ਸ਼ਨਾਮ ਸਿੰਘ ਅਰੁ ਸਕਲ ਕੁਟੰਬ। ਆਨਿ ਬਸੇ ਲੇ ਨਰਨ ਕਦੰਬ। ਕਿਤਿਕ ਸਦਨ ਹਿਤ* ਅਪਨਿ ਬਨਾਏ[2]। ਕੇਤਿਕ ਅਪਰ ਕੁਟੰਬੀ ਆਏ ॥੧੧॥ ਦੀਪਮਾਲਕਾ ਦਿਵਸ ਬਿਸਾਖੀ। ਹੋਰੀ ਬਿਖੈ ਹੋਹਿ ਅਭਿਲਾਖੀ। ਹਿਤ ਪੂਜਾ ਕੇ ਬਨਿ ਠਨਿ ਬੈਠੇ[3]। ਦਸਮੇਂ ਗੁਰੂ ਬਿਰਾਜੈਂ ਜੈਸੇ॥ ੧੨॥ ਸੰਗਤਿ ਆਵਨ ਲਗੀ ਬਿਲੋਕਿ। ਦੇਖਾ ਦੇਖੀ ਹ੍ਵੈ ਗਨ ਲੋਕ। ਲਜਾਇ ਉਪਾਇਨ ਪੂਜਹਿ ਪਾਇ। ਸ਼੍ਰੀ ਸਤਿਗੁਰ ਕੀ ਰੀਤਿ ਮਨਾਇ[4]॥ ੧੩॥ ਆਵਨ ਲਗਨੋ ਦਰਬ ਸਮੁਦਾਇ। ਮੇਲਾ ਹੋਨਿ ਲਗਨੋ ਤਿਸ ਭਾਇ। ਕਲਗ਼ੀ ਜਿਗਾ ਬਿਭੂਖਨ ਸਾਰੇ। ਜਿਮ ਸ਼੍ਰੀ ਗੋਬਿੰਦ ਸਿੰਘ ਤਨ ਧਾਰੇ॥ ੧੪॥ ਤਿਮ

[1]ਗਿਰਵੀ ਨਾਮ ਦਾ ਪਿੰਡ ਦੇਕੇ (ਉਦੋ) ਰਖੇ। [2]ਆਪਣੇ ਲਈ ਬਣਾਏ। [3]ਭਾਵ ਗੁਲਾਬ ਰਾਇ ਬੈਠੇ। [4]ਸ੍ਰੀ ਸਤਿਗੁਰਾਂ ਵਾਂਙ (ਇਨ੍ਹਾਂ ਨੂੰ) ਮਨਾਂਵਦੇ ਸਨ।

*ਪਾ:–ਤਹਿਂ।

ਹੀ ਕਮਰ ਕਸਾ ਸ਼ੁਭ ਕਰਿਕੈ।ਸਭਿ ਮਹਿਂ ਬੈਠਤਿ ਮੰਜੀ ਚਰਿਕੈ। ਸ੍ਰੀ ਗੁਰ ਸ਼ੋਭਤਿ ਜਿਸ ਅਸਥਾਨ। ਤਹਿਂ ਹੀ ਇਹ ਬੈਠੇ ਬਡ [illegible]ਨਿ ॥ ੧੫ ॥ ਐਸ੍ਰ-ਰਜ ਬਧ੍ਯੋ ਭਯੋ ਹੰਕਾਰ।ਗੁਰ ਕੀ ਸਮਤਾ ਮਹਿਂ ਚਿਤ ਧਾਰਿ। ਹੁਤੋ ਦੇਹੁਰਾ ਨਵਮ ਗੁਰੂ ਜਹਿਂ। ਸੇਵਾ ਹਿਤ ਗੁਰਬਖਸ਼ ਸਾਧ ਤਹਿਂ ॥ ੧੬ ॥ ਆਪ ਗੁਰੂ ਥਿਰ ਕਰਿ ਤਿਹ ਗਏ[1]। ਧੂਪ ਦੀਪ ਆਦਿਕ ਕ੍ਰਿਤ ਕਏ[2]। ਤਿਨ ਇਕ ਦਿਨ ਅਵਿਲੋਕ੍ਯੋ ਆਨਿ। ਥਿਰ੍ਯੋ ਗੁਲਾਬਰਾਇ ਗੁਰ ਥਾਨ॥੧੭॥ ਸਹੀ ਨ ਗਈ ਅਵੱਗ੍ਯਾ ਹੇਰਿ।ਹਾਥ ਜੋਰਿ ਬੋਲ੍ਯੋ ਤਿਸ ਬੇਰ।'ਪੂਜਾ ਲੇਨਿ ਆਦਿ ਕ੍ਰਿਤ ਸਾਰੀ। ਸਭਿ ਕਰੀਯਹਿ ਨਹਿਂ ਕੋ ਹਟਕਾਰੀ ॥ ੧੮ ॥ ਬੈਠਨ ਉਚਿਤ ਨ ਗੁਰ ਕੇ ਥਾਨ। ਬੰਦਨ ਜੋਗ ਸਭਿਨਿ ਕੇ ਜਾਨ। ਥਾਨ ਬਨਾਵਹੁ ਆਪਨ ਦੂਜਾ।ਤਹਾਂ ਬੈਠਿ ਲੀਜਹਿ ਸਭਿ ਪੂਜਾ' ॥੧੯॥ ਸੁਨਤਿ ਗੁਲਾਬ ਰਾਇ ਰਿਸ ਭਰ੍ਯੋ। 'ਕਨੌਂ ਕੁਕਰੇ ਮੁਹਿ ਦੇਖਤਿ ਜਰ੍ਯੋ*। ਪੁਰਿ ਉਜਰ੍ਯੋ ਨਹਿਂ ਕਿਨਹੁਂ ਬਸਾਯੋ। ਗੁਰ ਕੋ ਅਦਬ ਨ ਕਿਨ ਰਖਵਾਯੋ ॥ ੨੦ ॥ ਮੈਂ ਉਪਾਇ ਕਰਿ ਦੇ ਕਰਿ ਦਰਬ। ਫਿਰ ਇਤ ਉਤਹਿ ਬਸਾਯੋ ਸਰਬ। ਗੁਰ ਥਲ ਬਿਦਤ ਕਰੇ ਧਨ ਲਾਯੋ। ਲੋਕਨਿ ਤੇ ਤਹਿ ਮਾਥ ਟਿਕਾਯੋ ॥੨੧॥ ਤੂੰ ਸੇਵਕ ਸੇਵਾ ਪਰ ਰਾਖਾ। ਸਮਤਾ ਹਿਤ ਕਹਿਬੋ ਕਿਮ ਕਾਂਖਾ। ਕਾਰਜ ਕਰਿਬੇ ਸ਼ਕਤਿ ਨ ਕੋਈ। ਅਪਰ ਜਿ ਕਰ੍ਯੋ, ਈਰਖਾ ਹੋਈ ॥ ੨੨ ॥ ਤਬਿ ਨ ਈਰਖਾ ਕਿਨਹੂੰ ਕਰੀ। ਆਮਦਨੀ ਪਿਖਿ ਅਬਿ ਮਤਿ ਜਰੀ। ਮੁਝ ਆਗੇ ਅਬਿ ਦਿਹੁ ਨ ਦਿਖਾਈ। ਦੂਰ ਕਰਹੁਂ ਗਹਿ ਕੈ ਬਰਿਆਈ' ॥ ੨੩ ॥ ਤੀਨ ਚਾਰ ਨਰ ਉਠਿ ਤਤਕਾਲਾ। ਪਕਰਿ ਧਕੇ-ਲਤਿ ਬਹਿਰ ਨਿਕਾਲਾ। ਜਾਨਿ ਅਵੱਗ੍ਯਾ ਕੋ ਅਪਰਾਧੁ। ਦਿਯੋ ਸ੍ਰਾਪ ਕੋਪ੍ਯੋ ਤਬਿ ਸਾਧੁ॥੨੪॥'ਕੇਤਿਕ ਦਿਨ ਮਹਿ ਜੜ੍ਹ ਉਖਰੈ ਹੈ। ਸੁਤ ਸਮੇਤ ਦੂਰਨ ਹੀ ਛੈ ਹੈਂ†'। ਇਮ ਕਹਿ ਗਯੋ ਆਪਨੇ ਡੇਰੇ। ਸੇਵ ਦੇਹੁਰੇ ਕਰਹਿ

---

[1](ਉਸ ਗੁਰਬਖਸ਼) ਨੂੰ ਗੁਰੂ ਜੀ ਆਪ ਮੁਕਰਰ ਕਰ ਗਏ ਸਨ। [2]ਜੋ ਧੂਪ ਦੀਪ ਆਦਿ ਦੇ ਕੰਮ ਕਰਦਾ ਸੀ।

*ਪਾ:-ਟੁਕਰ ਗਦਾਇ ਦੇਖ ਮੁਹਿ ਜਰ੍ਯੋ।

†ਇਸ ਪ੍ਰਕਾਰ ਦੇ ਵਾਕਿਆਤ ਤੋਂ ਇਕ ਸਿੱਧਾਂਤ ਸਪਸ਼ਟ ਧਿਆਨ ਗੋਚਰਾ ਹੁੰਦਾ ਹੈ, ਕਿ ਦਸਾਂ ਪਾਤਸ਼ਾਹੀਆਂ ਦਾ ਜੋ 'ਗੁਰੂ' ਦਰਜਾ ਸੀ ਉਹ ਉਸ 'ਗੁਰੂ' ਪਦ ਦੇ ਅਰਥਾਂ ਤੋਂ ਵੱਖਰਾ ਸੀ ਜੋ ਆਮ ਹਿੰਦੂ ਸਾਹਿਤ੍ਯ ਨੇ ਕੀਤਾ ਤੇ ਵਰਤਿਆ ਹੈ। ਇਕ ਕਿੱਲ ਠੋਕਣਾ ਸਿਖਾਉਣ ਵਾਲੇ ਤੋਂ ਲੈਕੇ ਬ੍ਰਹਮ ਵਿਦ੍ਯਾ ਦੇ ਦਾਤੇ ਤਕ ਨੂੰ ਉਹ ਇਕੋ ਪਦ 'ਗੁਰੂ'

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਘਨੇਰੋ ॥ ੨੫ ॥ ਚਿਤ ਮੈਂ ਤਪਹਿ ਸਾਧ ਬਹੁਤੇਰਾ ।–ਬਾਦ ਅਨਾਦਰ

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਨਾਲ ਯਾਦ ਕਰਦੇ ਹਨ। ਸੰਸਕ੍ਰਿਤ ਵਰਣ ਮਾਲਾ ਸਿਖਾਲਣ ਵਾਲੇ ਤੋਂ ਲੈਕੇ, ਉਹ ਦੀਖਯਾ ਦੇਣ ਵਾਲੇ ਤੇ ਆਤਮ ਜੀਵਨ ਦੇਣ ਵਾਲੇ ਨੂੰ ਅਤੇ ਅੱਗੇ ਚਲਕੇ ਉਹ ਪਰਮੇਸ਼ਰ ਤਕ ਲਈ ਬੀਓਹੋ 'ਗੁਰੂ' ਪਦ ਵਰਤ ਲੈਂਦੇ ਹਨ। ਇਹੋ ਹਿੰਦੂ ਖਿਆਲ ਦਾ ਖੁੱਲ੍ਹੇ ਅਰਥਾਂ ਵਾਲਾ ਲਫਜ਼ 'ਗੁਰੂ' ਸਿੱਖਾਂ ਵਿੱਚ ਇਸ ਪਦ ਦੇ ਵਰਤਾਉ ਵਿੱਚ ਮੁਸ਼ਕਲਾਂ ਪਾਉਂਦਾ ਤੇ ਵਿਖਾਂਦ ਦਾ ਕਾਰਨ ਬਣਦਾ ਰਿਹਾ ਹੈ। ਸਿਖ ਧਾਰਮਕ ਸਾਹਿੱਤ ਵਿੱਚ ਇਹ ਪਦ ਜਦ ਦਸਾਂ ਪਾਤਸ਼ਾਹੀਆਂ ਨਾਲ ਵਰਤਿਆ ਗਿਆ ਹੈ ਤਾਂ ਇਸ ਦਾ ਭਾਵ 'ਗੁਰ ਅਵਤਾਰ' ਤੋਂ ਲਿਆ ਗਿਆ ਹੈ। ਪੁਨਃ ਜਨਮ ਸਾਖੀ ਵਿੱਚ ਅਕਾਲ ਪੁਰਖ ਜੀ ਗੁਰ ਨਾਨਕ ਦੇਵ ਜੀ ਨੂੰ ਆਖਦੇ ਹਨ 'ਮੇਰਾ ਨਾਮ ਪਾਰਬ੍ਰਹਮ ਪਰਮੇਸਰ ਤੇਰਾ ਨਾਮ ਗੁਰਪਰਮੇਸਰ'। ਗੁਰਬਾਣੀ ਵਿਚ ਪੰਚਮ ਸਤਿਗੁਰੂ ਜੀ ਨੇ ਸਾਰੇ ਭਗਤਾਂ ਦੇ ਦਰਜੇ ਦੱਸਦਿਆਂ–ਜੋ ਆਪਣੀਆਂ ਸੰਪ੍ਰਦਾਵਾਂ ਦੇ ਸਿਖ੍ਯਾ ਦਾਤਾ ਸੇ–ਗੁਰੂ ਨਾਨਕ ਦੇਵ ਜੀ ਨੂੰ ਅਖੀਰ ਵਿਚ ਆਕੇ 'ਗੁਰ ਨਾਨਕ ਦੇਵ ਗੋਬਿੰਦ ਰੂਪ' ਕਿਹਾ ਹੈ, ਭਗਤਾਂ ਨੂੰ ਨਾ ਗੁਰੂ ਕਿਹਾ ਹੈ ਨਾ ਗੋਬਿੰਦ ਰੂਪ ਦੱਸਿਆ ਹੈ। ਜਿਸ ਤੋਂ ਸਾਫ ਸਿਧ ਹੈ ਕਿ ਗੁਰੂ ਸਾਹਿਬ ਅਕਾਲ ਪੁਰਖ ਦੀ ਗੁਰੂ ਜਯੋਤੀ ਦਾ ਅਵਤਾਰ ਸੇ, ਉਹਨਾਂ ਦੀ ਸ਼ਾਨ ਵਿੱਚ 'ਗੁਰੂ' ਪਦ ਬੜੇ ਉੱਚੇ ਅਰਥਾਂ ਵਿਚ ਵਰਤਿਆ ਗਿਆ ਹੈ। ਪਰ ਇਤਿਹਾਸ ਵਿਚੋਂ ਪਤਾ ਚਲਦਾ ਹੈ ਕਿ ਇਸ ਗਲ ਨੂੰ ਨਾ ਸਮਝ ਕੇ ਕਈ ਵੇਰ ਆਪਣੇ ਆਪ ਨੂੰ ਗੁਰੂ ਕਹਾਉਣ ਦਾ ਤੇ ਦਸਾਂ ਪਾਤਸ਼ਾਹੀਆਂ ਦੇ ਤੁਲ ਮੰਨੇਂ ਜਾਣ ਦਾ ਨਿਸ਼ਫਲ ਜਤਨ ਹੋਇਆ ਹੈ, ਚਾਹੇ ਆਪ ਵਲੋਂ ਤੇ ਚਾਹੇ ਉਹਨਾਂ ਦੇ ਚੇਲਿਆਂ ਵੱਲੋਂ। ਜਦੋਂ ਕਿਸੇ ਇਸ ਗ਼ਲਤੀ ਕਰਨ ਵਾਲੇ ਨੂੰ ਸਮਝਾਇਆ ਜਾਵੇ ਤਾਂ ਉਹ ਦੇਸੇ ਹਿੰਦੂ ਸਾਹਿਤ ਦੇ 'ਗੁਰੂ ਪਦ' ਦੇ ਖੁੱਲ੍ਹੇ ਅਰਥਾਂ ਵਾਲੇ ਝਮੇਲੇ ਵਿੱਚ ਫਸਿਆ ਇਸ ਖਿਆਲ ਨੂੰ ਸਮਝਦਾ ਨਹੀਂ, ਪਰ ਐਸੇ ਹਾਲਾਤ ਜੋ ਉਪਰ ਆਏ ਹਨ ਦੱਸਦੇ ਹਨ ਕਿ ਦਸਾਂ ਗੁਰੂ ਸਾਹਿਬਾਂ ਦੀ ਤੁਲਤਾ ਤੇ ਗੁਰੂ ਪਦ ਦੇ ਦਾਅਵੇ ਆਦਿ ਕਾਲ ਤੋਂ ਹੀ ਪੰਥ ਵਿਚ ਨਾਪਸੰਦ ਹੋਏ। (੧) ਪਹਿਲਾਂ ਸਭ ਤੋਂ ਇਹ ਭੁੱਲ ਬੰਦੇ ਦੇ ਵਧੇਰੇ ਪ੍ਰੇਮੀਆਂ ਤੋਂ ਹੋਈ। ਜਦੋਂ ਉਨ੍ਹਾਂ ਨੇ ਉਸਨੂੰ ਜਥੇਦਾਰ ਦੀ ਹੈਸੀਅਤ ਤੋਂ ਵਧੇਰੇ ਉੱਚਾ ਸਨਮਾਨ ਦੇਣਾ ਸ਼ੁਰੂ ਕਰ ਦਿੱਤਾ, ਅਤੇ ਜਦੋਂ ਉਸਨੇ 'ਦਰਸ਼ਨ ਫਤੇ' ਜਾਰੀ ਕੀਤੀ ਤਾਂ ਤਦੋਂ ਹੀ ਉਸ ਦੇ ਨਿਕਟ ਵਰਤੀ ਖਾਲਸਿਆਂ ਨੇ ਖ਼ਫਗੀ ਜ਼ਾਹਰ ਕੀਤੀ। ਮਾਤਾ ਸੁੰਦਰੀ ਜੀ ਨੇ ਬੀ ਮਨ੍ਹੇ ਕਰ ਘੱਲਿਆ। ਗ਼ਾਲਬਨ ਬੰਦੇ ਨੇ ਜੰਗ ਦਾ ਬੋਲਾ ਤਾਂ ਵਾਹਿਗੁਰੂ ਜੀ ਕੀ ਫਤੇ ਮੁੜ ਜਾਰੀ ਕੀਤਾ, ਪਰੰਤੂ ਉਸਨੂੰ ਗੁਰੂ ਤੁੱਲਤਾ ਦੇਣ ਵਾਲੇ ਉਸ ਦੇ ਲਸ਼ਕਰ ਵਿਚ ਬਹੁਤੇ ਹੋ ਗਏ ਸਨ। ਸ਼੍ਰੀ ਗੁਰੂ ਜੀ ਵਲੋਂ ਨਾਲ ਆਏ ਸਿੰਘਾਂ–ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਵਰਗਿਆਂ–ਨੇ ਮਨ੍ਹੇ ਕੀਤਾ। ਪੰਥ ਦੀ ਰਾਜਨੈਤਕ ਹਾਲਤ ਆਗਿਆ ਨਹੀਂ ਸੀ ਦੇਂਦੀ ਕਿ ਬਾਬਿਆਂ ਵਰਗੇ ਦਾਨੇ ਬਾਬਾ ਬੰਦਾ ਸਿੰਘ ਜੀ ਨਾਲੋਂ ਅਲਗ ਹੋ ਜਾਂਦੇ ਪਰ ਬਾਬਾ ਕਾਹਨ ਸਿੰਘ ਦੇ ਪੁੱਤ੍ਰ ਮੀਰੀ ਸਿੰਘ ਨੇ, ਜੋ ਹਜ਼ੂਰੀ ਭੁਜੰਗੀਆਂ ਵਿੱਚੋਂ ਸੀ, ਬੰਦੇ ਦੀ ਮੁਖਾਲਫਤ ਕੀਤੀ। ਇਸ ਦੇ ਨਾਲ ਪੰਜ ਸਤ ਸੌ ਖਾਲਸਾ ਹੋਰ ਸਨ; ਜਿਨ੍ਹਾਂ ਨੂੰ ਉਸ ਵੇਲੇ ਭੁਜੰਗੀ ਆਖਦੇ ਸਨ; ਇਹਨਾਂ ਨੇ ਫੈਸਲਾ ਕੀਤਾ ਕਿ ਅਸੀਂ ਬੰਦੇ ਨੂੰ ਦੱਸ ਦੇਣਾ ਹੈ ਕਿ ਤੂੰ ਗੁਰੂ ਨਹੀਂ, ਗੁਰੂ ਕਾ ਬਲ ਤੇਰੀ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਕੀਨਸਿ ਮੇਰਾ। ਗੁਰੂ ਅਵੱਗਯਾ ਤੇ ਮੈਂ ਕਹਨੋ। ਗਰਬਤਿ ਮਨ ਤੇ ਨੀਕ ਨ

[ਪਿਛਲੇ ਪੰਨੇ ਦੀ ਬਾਕੀ ਟੂਕ]

ਕਾਮਯਾਬੀ ਦਾ ਕਾਰਨ ਹੈ। ਚਾਹੇ ਮੀਰੀ ਸਿੰਘ ਨੂੰ ਬਾਬੇ ਤੇ ਪਿਤਾ ਨੇ ਰੋਕਿਆ ਪਰ ਉਸ
ਨੇ ਕਿਹਾ ਕਿ ਮੈਂ ਪੰਥ ਵਿਚ ਫੁਟ ਨਹੀਂ ਪਾਵਾਂਗਾ, ਇਕ ਵੇਰੀ ਬੰਦਈਆਂ ਨੂੰ ਨਿਸ਼ਚਾ
ਕਰਾਉਣਾ ਹੈ ਕਿ ਬਾਬਾ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਦਾ ਮਾਲਕ ਤੇ ਉਨ੍ਹਾਂ ਦੀ
ਤੁੱਲਤਾ ਦਾ ਨਹੀਂ ਹੈ। ਇਸ ਲਈ ਮੈਂ ਇਹ ਪਰਤਾਵੇ ਵਜੋਂ ਗੁਰੂ ਅੱਗੇ ਅਰਦਾਸ ਕਰਕੇ ਬੰਦੇ
ਨਾਲ ਜੂਝਣਾ ਹੈ ਕਿ ਜੇ ਬੰਦਾ ਗੁਰੂ ਹੈ ਤਾਂ ਉਸਦੀ ਜੈ ਹੋਵੇ ਤੇ ਜੇ ਬੰਦਾ ਗੁਰੂ ਨਹੀਂ ਤਾਂ ਉਸਦੀ
ਹਾਰ ਹੋਵੇ। ਮੈਂ ਥੋੜੇ ਭੁਜੰਗੀਆਂ ਨਾਲ ਹਾਂ, ਉਹ ਮੰਨਿਆ ਪ੍ਰਮੰਨਿਆ ਜੋਧਾ ਤੇ ਬਹੁਤ ਸੈਨਾ
ਵਾਲਾ ਹੈ। ਚੁਨਾਂਚੇ ਜਦੋਂ ਬੰਦਾ ਰਿਆੜਕੀ ਤੋਂ ਲਾਹੌਰ ਨੂੰ ਵਧਿਆ ਹੈ ਤਾਂ ਮੀਰੀ ਸਿੰਘ ਨੇ
ਆਪਣੇ 'ਭੁਜੰਗੀਆਂ' ਸਾਥੀਆਂ ਸਣੇ ਘਣੀਏਕੇ ਪਿੰਡ ਦੇ ਲਾਗ ਬੰਦੇ ਨਾਲ ਜੰਗ ਕੀਤਾ ਤੇ
ਬੰਦੇ ਵਰਗੇ ਬਹਾਦਰ ਨੂੰ ਸ਼ਿਕਸਤ ਦੇਕੇ ਦੱਸ ਦਿੱਤਾ ਕਿ ਤਾਕਤ ਗੁਰੂ ਕੀ ਹੈ, ਗੁਰੂ ਨੇ ਪੰਥ
ਵਿਚ ਰੱਖੀ ਹੈ, ਤੂੰ ਇਕੱਲਾ ਤਾਕਤ ਵਾਲਾ ਨਹੀਂ, ਗੁਰੂ ਨਹੀਂ। ਬੰਦਾ ਹਾਰ ਖਾਕੇ ਏਥੋਂ ਹੀ
ਰਿਆੜਕੀ ਨੂੰ ਮੁੜ ਗਿਆ*। ਇਹ ਗਲ ਗ਼ਲਤ ਪ੍ਰਸਿਧ ਹੈ ਕਿ ਬੰਦਾ ਸਿੰਘ ਨੇ ਸ੍ਰੀ ਦਰਬਾਰ
ਸਾਹਿਬ ਆਕੇ ਗੁਰਿਆਈ ਦਾ ਦਾਹਵਾ ਕੀਤਾ। ਉਨ੍ਹਾਂ ਦੇ ਚਲਾਣੇ ਤੋਂ ਬਹੁਤ ਬਰਸ ਮਗਰੋਂ
ਬੰਦਈਆਂ ਤੇ ਖਾਲਸਿਆਂ ਦਾ ਝਗੜਾ ਤੇ ਚਿਠੀਆਂ ਵਾਲੀ ਗਲ ਹੋਈ ਸੀ। ਇਸੇ ਤਰ੍ਹਾਂ ਮਗਰੋਂ
ਦੇ ਹਾਲਾਤ ਕਿ ਬੰਦਈਆਂ ਨੂੰ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਨਾ ਕਰਨ ਦਿੱਤਾ ਗਿਆ ਤੇ
ਛੇਕੜ ਬਹੁਤ ਮੁਖੀਏ ਬੰਦਈ ਤਤਖਾਲਸਾ ਹੋ ਗਏ, ਇਸ ਗਲ ਨੂੰ ਦੱਸਦਾ ਹੈ, ਕਿ ਇਸ ਪਹਿਲੇ
ਜਤਨ ਦੀ ਕਿ ਕੋਈ ਹੋਰ ਦਸਾਂ ਗੁਰਾਂ ਸਦਰਸ਼ ਗੁਰੂ ਹੋ ਸਕਦਾ ਹੈ ਤਦੋਂ ਹੀ ਮੁਖਾਲਫਤ
ਹੋਈ ਤੇ ਹਜ਼ੂਰੀ ਸਿੰਘਾਂ ਨੇ ਕੀਤੀ।

(੨) ਦੂਸਰੀ ਕੋਸ਼ਸ਼ ਗੁਰੂ ਬਣਨ ਦੀ ਪਾਲਕ ਅਜੀਤ ਸਿੰਘ ਤੇ ਹਠੀ ਸਿੰਘ ਵੱਲੋਂ
ਹੋਈ, ਇਸ ਦੀ ਮੁਖਾਲਫਤ ਮਾਤਾ ਸੁੰਦਰੀ ਜੀ ਨੇ ਆਪ ਕੀਤੀ। ਮਾਤਾ ਜੀ ਦਸਮ ਗੁਰੂ
ਸਾਹਿਬ ਦੇ ਆਦਰਸ਼ ਨੂੰ ਸਮਝਦੇ ਸੇ, ਉਹਨਾਂ ਦੇ ਰੂਹਾਨੀ ਜਲਾਲ ਨੂੰ ਅੱਖੀਂ ਦੇਖ ਚੁਕੇ ਸੇ,
ਉਹ ਜਾਣਦੇ ਸੇ ਕਿ ਅਜੀਤ ਸਿੰਘ ਦਸਾਂ ਪਾਤਸ਼ਾਹੀਆਂ ਵਾਂਙੂ ਯਾਰਵੀਂ ਪਾਤਸ਼ਾਹੀ ਨਹੀਂ
ਹੈ। ਉਹਨਾਂ ਨੇ ਉਸ ਦੀ ਮੁਖਾਲਫਤ ਕੀਤੀ, ਇਥੋਂ ਤਾਈਂ ਕਿ ਛੇਵੇਂ ਸਤਿਗੁਰਾਂ ਦੇ ਸ਼ਸਤ੍ਰ
ਉਸ ਨੂੰ ਨਹੀਂ ਲਗਾਉਣ ਦਿੱਤੇ ਤੇ ਉਸ ਦੇ ਹਠ ਤੇ ਬੇਅਦਬੀ ਕਰਨ ਪਰ ਉਸਨੂੰ ਸਰਾਪ
ਦੇਕੇ ਘਰੋਂ ਕੱਢ ਦਿੱਤਾ। ਇਸੇ ਤਰ੍ਹਾਂ ਜਦੋਂ ਹਠੀ ਸਿੰਘ ਨੇ ਬਾਣੀ ਰਚੀ ਤੇ ਗੁਰਬਾਣੀ ਵਿੱਚ
ਆਪਣਾ ਨਾਮ ਪਾਇਆ ਤਾਂ ਮਾਤਾ ਜੀ ਨੇ ਸਮਝਾਇਆ। ਨਾ ਸਮਝਣ ਤੇ ਮਾਤਾ ਜੀ ਉਸ ਤੋਂ
ਸਬੰਧ ਤੋੜਕੇ ਆਪ ਦਿੱਲੀ ਆ ਰਹੇ ਤੇ ਉਹ ਨਿਰਾਸ ਹੋਕੇ ਬੁਰਹਾਨਪੁਰ (ਦੱਖਣ) ਜਾ ਰਿਹਾ।

ਜਦੋਂ ਬੰਦਈਆਂ ਤੇ ਖਾਲਸਿਆਂ ਦਾ ਝਗੜਾ ਸ੍ਰੀ ਦਰਬਾਰ ਸਾਹਿਬ ਹੋਇਆ ਤਦੋਂ
ਇਕ ਹੋਰ ਧੜਾ ਬੀ ਦਾਵੇਦਾਰ ਸੀ, ਓਹ ਜੀਤ ਮਲੀਏ ਕਹਾਉਂਦੇ ਸਨ। ਏਹ ਲੋਕ ਪਾਲਕ
ਅਜੀਤ ਸਿੰਘ ਦੇ ਚੇਲੇ ਸਨ। ਉਸ ਵੇਲੇ ਇਹ ਬੀ ਧੱਕੇ ਗਏ ਤੇ ਫੇਰ ਮਾਦੂਮ ਹੋ ਗਏ।

(੩) ਤੀਸਰਾ ਜਤਨ ਗੁਰੂ ਬਣਨ ਦਾ ਗੁਰੂ ਜੀ ਦੇ ਆਪਣੇ ਪਿਤਰੇਰ ਭਤੀਜੇ ਗੁਲਾਬਰਾਇ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ

*ਦੇਖੋ ਸ੍ਰੀ ਕਰਮ ਸਿੰਘ ਜੀ ਦਾ 'ਬੰਦਾ ਬਹਾਦਰ' ਕ੍ਰਿਤ ਬਾ ? ਦਾ ਸਫਾ ੧੦੭।

ਲਹਣੋ—॥੨੬॥ ਕੇਤਿਕ ਦਿਨ ਬੀਤੇ ਤਿਸ ਪਾਛੇ। ਜੇਸ਼ਟ ਪੁਤ੍ਰ ਗਿਦੇ ਪ੍ਰਿਯ

ਟੂਕ [ਪਿਛਲੇ ਪੰਨੇ ਦੀ ਬਾਕੀ ਟੂਕ]

(ਯਾ ਗੁਲਾਬ ਸਿੰਘ) ਵਲੋਂ ਹੋਇਆ। ਜਦੋਂ ਉਹ ਆਨੰਦ ਪੁਰ ਗੁਰੂ ਕੇ ਤਖਤ ਪਰ ਗੱਦੀ ਲਾਕੇ ਬੈਠਾ ਤੇ ਪੂਜਾ ਕਰਵਾਉਣ ਲਗਾ ਤਾਂ ਉਦਾਸੀ ਸੰਤ ਗੁਰਬਖਸ਼ ਨੇ, ਜਿਸ ਨੂੰ ਨਾਵੇਂ ਸਤਿਗੁਰਾਂ ਦੇ ਦੇਹੁਰੇ ਦੀ ਪੂਜਾ ਪਰ ਦਸਮੇਂ ਗੁਰੂ ਜੀ ਛੋੜ ਗਏ ਸੇ,ਮੁਖਾਲਫਤ ਕੀਤੀ। ਪਹਿਲਾਂ ਸਮਝਾਇਆ ਕਿ ਤੂੰ ਗੁਰੂ ਦਸਮੇਸ਼ ਜੀ ਦੀ ਗਦੀ ਤੇ ਨਹੀਂ, ਤੂੰ ਉਹ ਗੁਰੂ ਨਹੀਂ; ਇਸ ਤਖਤ ਦਾ, ਜਿਸਤੇ ਧਰ ਗੁਰੂ ਬੈਠਦਾ ਸੀ, ਅਦਬ ਕਰ। ਉਸ ਦੇ ਨਾ ਮੰਨਣ ਪਰ ਸਾਧੂ ਨੇ ਇੰਨੀ ਮੁਖਾਲਫਤ ਕੀਤੀ ਕਿ ਉਹ ਗੁਲਾਬ ਰਾਇ ਦੇ ਗੁਰੂ ਅੰਸ਼ ਹੋਣ ਤੇ ਗੁਰੂ ਦਸਮੇਸ਼ ਦਾ ਸਬੰਧੀ ਤੇ ਉਹਨਾਂ ਦਾ ਮਿੱਤ੍ਰ ਹੋਣ ਤੇ ਬੀ ਲਿਹਾਜ਼ ਵਿਚ ਨਹੀਂ ਆਇਆ ਤੇ ਸਾਧੂ ਨੇ ਉਸ ਨੂੰ ਨਿਰਵੰਸ਼ ਮਰਨ ਦਾ ਸ੍ਰਾਪ ਦਿਤਾ। ਗੁਲਾਬਰਾਇ ਉਸ ਵੇਲੇ ਚਾਰ ਪੁੱਤ੍ਰਾਂ ਦਾ ਪਿਤਾ ਸੀ, ਸਾਧੂ ਦੇ ਸ੍ਰਾਪ ਨਾਲ, ਜੋ ਉਸ ਨੇ ਅਸੂਲ ਪ੍ਰਸਤੀ ਤੇ ਖੜੋਕੇ ਦਿਤਾ ਸੀ, ਗੁਲਾਬ ਰਾਇ ਨਿਰਵੰਸ਼ ਮਰ ਗਿਆ।

ਇਹ ਸਾਰੇ ਜਤਨ ਤੇ ਜੱਦੋਜਿਹਦ ਇਤਿਹਾਸਕ ਸਬੂਤ ਹਨ ਇਸ ਗਲ ਦਾ ਕਿ ਦਸਮੇ ਪਾਤਸ਼ਾਹ ਜੀ ਦੇ ਸਚਖੰਡ ਪਯਾਨ ਦੇ ਸਮੇਂ ਤੋਂ ਪੰਥ ਵਿਚ ਕਿਸੇ ਇਕ ਵਯਕਤੀ ਦੇ ਦਸਾਂ ਗੁਰੂ ਸਾਹਿਬਾਂ ਦੇ ਤੁੱਲ, ਜਾਂ ਉਨ੍ਹਾਂ ਸਥਾਨੀ ਗੁਰੂ, ਯਾ ਸੱਚਾ ਪਾਤਸ਼ਾਹ ਕਹਿਲਾ ਸਕਣ ਦੀ ਮੁਖਾਲਫਤ ਹੁੰਦੀ ਰਹੀ ਹੈ। ਅਤੇ ਇਹ ਅਸੂਲ ਪ੍ਰਸਤੀ ਕਿਨ੍ਹਾਂ ਤੋਂ ਅਰੰਭ ਹੋਈ? ਸ੍ਰੀ ਦਸਮੇਸ਼ ਜੀ ਦੀ ਆਪਣੀ ਸੁਪਤਨੀ ਜੀ, ਸਾਡੀ ਪਰਮ ਪੂਜਯ ਸ੍ਰੀ ਮਾਤਾ ਜੀ ਵੱਲੋਂ। ਫਿਰ ਕਿਸ ਵੱਲੋਂ, ਸ੍ਰੀ ਗੁਰੂ ਜੀ ਦੇ ਥਾਪੇ ਗੁਰੂ ਅੰਸ਼ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਸਭ ਤੋਂ ਵਧਕੇ ਉਹਨਾਂ ਦੇ ਸਪੁੱਤ੍ਰ ਬਾਬਾ ਮੀਰੀ ਸਿੰਘ—ਹਜ਼ੂਰ ਦੇ ਹੱਥੋਂ ਅੰਮ੍ਰਿਤ ਛਕ ਚੁਕੇ ਜੁਝਾਰੀ—ਵੱਲੋਂ ਤੇ ਤੀਸਰੀ ਥਾਵੇਂ ਗੁਰੂ ਜੀ ਦੇ ਹਜ਼ੂਰੀ ਸਿੱਖ ਉਨ੍ਹਾਂ ਦੇ ਥਾਪੇ, ਸਾਜੇ ਨਿਵਾਜੇ ਉਦਾਸੀ ਸੰਤ, ਕਰਨੀ ਰਹਿਣੀ ਦੇ ਸੂਰੇ ਬਾਬਾ ਗੁਰਬਖਸ਼ ਜੀ ਵੱਲੋਂ।

ਆਮ ਤੌਰ ਤੇ ਗੁਰਿਆਈ ਦੇ ਦਾਵੇਦਾਰ, ਤ੍ਯਾਗੀ ਵੈਰਾਗੀ ਵਯਕਤੀਆਂ ਤੇ ਗੁਰੂ ਅੰਸ਼ ਅਖਵਾਉਣ ਵਾਲੇ ਹੋ ਸਕਦੇ ਹਨ, ਪ੍ਰੰਤੂ ਸਿੱਖ ਇਤਿਹਾਸ ਦੱਸਦਾ ਹੈ ਕਿ ਭੱਲੇ ਸਾਹਿਬਜ਼ਾਦਿਆਂ* ਤੇ ਨਿਰਮਲਾ† ਭੇਖ ਦੇ ਸੰਤਾਂ ਤੇ ਹੋਰ ਮਹਾਤਮਾਵਾਂ‡ ਨੇ ਹੀ ਇਹ ਸਿੱਧਾਂਤ ਆਪਣੀਆਂ ਲਿਖਤਾਂ ਦ੍ਵਾਰਾ ਸਾਡੇ ਤਕ ਪੁਚਾਇਆ ਹੈ, ਕਿ ਸ੍ਰੀ ਗੁਰੂ ਕਲਗੀਧਰ ਜੀ ਜੋਤੀ ਜੋਤ ਸਮਾਉਣ ਸਮੇਂ 'ਪੰਥ' ਤੇ 'ਗ੍ਰੰਥ' ਨੂੰ ਗੁਰਿਆਈ ਦੇ ਗਏ ਹਨ ਤੇ ਹਜ਼ੂਰ ਤੋਂ ਪਿਛੋਂ ਕੋਈ ਇਕ ਵਯਕਤੀ ਆਪਣੇ ਆਪ ਨੂੰ ਸਿੱਖਾਂ ਵਿਚ ਦਸ ਗੁਰੂ ਸ੍ਥਾਨੀ ਗੁਰੂ ਨਹੀਂ ਅਖਵਾ ਸਕਦੀ, ਸੋ ਗੁਰ ਅੰਸ਼ ਤੇ ਨਿਰਮਲ ਭੇਖ ਦੇ ਉੱਘੇ ਇਤਿਹਾਸਕਾਰਾਂ ਦਾ ਦਸਮ ਪਾਤਸ਼ਾਹ ਤੋਂ ਪਿੱਛੋਂ ਕਿਸੇ ਇਕ ਵਯਕਤੀ ਦੇ ਦਸਾਂ ਗੁਰਾਂ ਸਥਾਨੀ ਗੁਰੂ ਹੋਣ ਦੇ ਦਾਵੇ ਦੇ ਮੰਨੇ ਜਾਣ ਤੋਂ ਇਨਕਾਰ ਦੱਸਦਾ ਹੈ ਕਿ ਪ੍ਰਾਚੀਨ ਕਾਲ ਤੋਂ ਇਹ ਸਿੱਧਾਂਤ ਨਿਰੋਲ ਨਿਰਵਾਦ ਮੰਨਿਆਂ ਆਉਂਦਾ ਸੀ ਤੇ 'ਗੁਰੂ' ਪਦ ਦੇ ਅਰਥ, ਸਿੱਖ ਸਾਹਿਤ ਵਿਚ ਹਿੰਦੂ ਸਾਹਿਤ ਦੇ ਅਰਥਾਂ ਤੋਂ ਵਿਲੱਖਣ ਤੇ ਉੱਚੇ ਹਨ।

ਇਸ ਦੇ ਇਹ ਅਰਥ ਨਹੀਂ ਕਿ ਸੰਸਾਰਿਕ ਵਿੱਦ੍ਯਾ ਯਾ ਪਰਮਾਰਥਿਕ ਵਿੱਦ੍ਯਾ ਦੇ ਉਸਤਾਦ, ਸਿੱਖ੍ਯਾ ਦਾਤਾ, ਕਰਨੀ ਵਾਲੇ ਸਿੱਖ ਸਿੰਘ ਪੰਥ ਵਿਚ ਸਤਿਕਾਰੇ ਨਹੀਂ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠਾਂ] ਟੂਕ

*ਮਹਿਮਾ ਪ੍ਰਕਾਸ਼ ਕ੍ਰਿਤ ਸਰੂਪ ਦਾਸ ਭੱਲਾ।

†ਪੰਥ ਪ੍ਰਕਾਸ਼ ਗਿਆਨ ਸਿੰਘ ਗਿਆਨੀ ਕ੍ਰਿਤ।

‡ਗੁਰਮਤ ਪ੍ਰਭਾਕਰ ਕ੍ਰਿਤ ਭਾਈ ਕਾਨ੍ਹ ਸਿੰਘ ਜੀ।

ਬਾਢੇ। ਕਿਸ ਕਾਰਨ ਤੇ ਸੋ ਮਰਿ ਗਯੋ। ਦਾਹੁ ਕਰਯੋ ਅਤਿ ਸ਼ੋ ਦੁਖ ਭਯੋ॥ ੨੭॥ ਸ਼ੋਕ ਬਿਖੈ ਬਯਾਕੁਲ ਹੁਇ ਰਹਯੋ। ਖਾਨ ਪਾਨ ਕੋ ਚਿਤ ਨਹਿ ਚਹਯੋ। ਤਿਸ ਕੀ ਮਾਤ ਬ੍ਰਿਲਾਪ ਬਡੇਰੀ। ਮੋਚਤਿ ਅੱਸ੍ਰੂ ਪਾਤ ਬਹੁਤੇਰੀ॥ ੨੮॥ ਦਿਵਸ ਤੀਸਰੇ ਜੋ ਸੁਤ ਮਰਯੋ[1]। ਕਿਹ ਨਰ ਸੰਗ ਵਹਿਰ ਮਿਲਿ ਪਰਯੋ। ਹਤਯੋ ਸੁਸਾ ਇਕ ਦੀਨਸਿ ਹਾਥ। ਕਹਯੋ ਸੰਦੇਸਾ ਪਿਤ ਕੇ ਸਾਥ॥ ੨੯॥ 'ਛੁਧਤਿ ਹੋਇ ਕਿਮ ਸੰਕਟ ਧਾਰੇ। ਮੁਝ ਕੋ ਜੀਵਤਿ ਹੀ ਨਿਰਧਾਰੋ। ਬਿਨ ਆਮਿਖ ਨਹਿ ਅਚਹਿ ਅਹਾਰਾ[2]। ਯਾਂਤੇ ਪਠਯੋ ਤਿਨਹੁੰ ਹਿਤ ਮਾਰਾ[3]॥੩੦॥ ਮੋਹਿ ਮਰਯੋ ਲਖਿ ਸ਼ੋਕ ਨ ਕੀਜੈ। ਖਾਨ ਪਾਨ ਕਰਿ ਆਨੰਦ ਥੀਜੈ'। ਸੁਨਿ ਲੇ ਕਰਿ ਸੋ ਮਾਨਵ ਆਯੋ। ਸੁਤ ਕੋ ਕਹਿਬੋ ਸਕਲ ਸੁਨਾਯੋ॥ ੩੧॥ ਸੁਨਤਿ ਗੁਲਾਬ ਰਾਇ ਸੋ ਹਰਖਯੋ। ਬਕਤਿ ਸਹਤ ਨਿਜ ਸੁਤ ਕੋ ਪਰਖਯੋ। ਲੇ ਕਰਿ ਮਾਸ ਬਨਾਇ ਰਿੰਧਾਯੋ। ਨਿਜ ਘਰ ਮਹਿ ਤਿਮ ਭਾਖਿ ਪਠਾਯੋ॥ ੩੨॥ ਸੁਨਿ ਕਰਿ ਸੁਤ ਕੀ ਮਾਤ ਰਿਸਾਨੀ। ਭਈ ਕੋਪ ਤਿਹ ਨਿਠੁਰ ਬਖਾਨੀ। 'ਆਮਿਖ ਖਾਨ ਬਿਨਾ ਅਕੁਲਾਵੈ। ਅਨਿਕ ਫਰੇਬਨਿ ਬਾਤ ਬਨਾਵੈ॥ ੩੩॥ ਪੁੱਤ੍ਰ ਨਹੀਂ ਪਯਾਰੋ ਜਿਹ ਰਿਦੈ। ਆਮਿਖ ਅਚਵਨ ਪ੍ਰਿਯ ਜਦ ਕਦੈ। ਕਹਾਂ ਸ਼ੋਕ ਉਪਜਹਿ ਬਿਰਲਾਪਹਿ। ਛੁਧਤਿ ਕਹਾਂ, ਜਿਨ ਸੁਤ ਬ੍ਰਿਹ ਤਾਪਹਿ[4]॥੩੪॥ ਸ਼ੁਭ ਗੁਨ ਸਹਤ ਪੁੱਤ੍ਰ ਅਸ ਮਰੈ।

[1]ਜੋ ਪੁੱਤ੍ਰ ਮਰ ਗਿਆ ਸੀ। [2](ਮੇਰਾ ਪਿਤਾ ਭੋਜਨ) ਨਹੀਂ ਖਾਂਦਾ ਮਾਸ ਤੋਂ ਬਿਨਾਂ। [3]ਇਸ ਕਰਕੇ ਮਾਰ ਕੇ (ਸਹਿਆ) ਭੇਜਿਆ ਹੈ। [4]ਭਾਵ ਜਿਨ੍ਹਾਂ ਨੂੰ ਪੁੱਤ੍ਰਾਂ ਦਾ ਵਿਛੋੜਾ ਤਪਾ ਰਿਹਾ ਹੈ ਉਹਨਾਂ ਨੂੰ ਭੁੱਖ ਕੀਕੂੰ ਲਗਦੀ ਹੈ।

[illegible] ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਜਾਂਦੇ ਰਹੇ। ਜਥੇਦਾਰ ਦੀ ਹੈਸੀਅਤ ਵਿਚ ਜਾਂ ਹਰਿਜਨ, ਸੰਤ ਦੀ ਸੂਰਤ ਵਿਚ ਕਹਿਣੀ ਕਰਨੀ ਦੇ ਪੂਰੇ ਸੱਜਣਾਂ ਦੇ ਸਤਿਕਾਰ ਹੁੰਦੇ ਰਹੇ, ਓਹ ਸੰਗਤਾਂ ਨੂੰ ਤਾਰਦੇ ਰਹੇ, ਸਨਮਾਨੇ ਜਾਂਦੇ ਰਹੇ ਤੇ ਆਪ ਨਾਮ ਜਪਦੇ ਤੇ ਜਪਾਉਂਦੇ ਰਹੇ, ਪਰ ਓਹ ਦਸਾਂ ਸਤਿਗੁਰਾਂ ਨੂੰ ਗੁਰ ਅਵਤਾਰ ਆਪ ਮੰਨਦੇ ਰਹੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸੱਦਦੇ ਤੇ ਸੀਸ ਝੁਕਾਉਂਦੇ ਰਹੇ ਤੇ ਸੰਗਤਾਂ ਨੂੰ ਤਾਰਦੇ ਹੋਏ ਗੁਰੂ ਕੇ ਲੜ ਲਾਉਂਦੇ ਰਹੇ। ਗੁਰਮਤ ਦੇਣ ਵਾਲੇ ਨਾਮ ਜਪਣ ਤੇ ਜਪਾਉਣ ਵਾਲੇ ਮਹਾਂ ਪੁਰਖ ਪੰਥ ਵਿੱਚ 'ਬਾਬਾ' ਲਕਬ ਨਾਲ ਤੇ ਗੁਰਮੁਖ ਪਦ ਨਾਲ ਯਾਦ ਕੀਤੇ ਜਾਂਦੇ ਰਹੇ ਹਨ। ਰੋਜ਼ ਅਰਦਾਸ ਕਰੀਦੀ ਹੈ—ਗੁਰਮੁਖ ਦਾ ਮੇਲ ਸਾਧ ਦਾ ਸੰਗ। ਇਸਦੇ ਨਾਲ ਗੁਰਦੀਖਯਾ ਦਾ ਤ੍ਰੀਕਾ ਸ੍ਰੀ ਦਸਮੇਸ਼ ਜੀ ਨੇ 'ਅੰਮ੍ਰਿਤ' ਕਾਇਮ ਕੀਤਾ, ਛਕਾਉਣ ਵਾਲੇ ਪੰਜ ਪਿਆਰਿਆਂ ਦਾ ਸਮੁਦਾਇ ਗੁਰਸਥਾਨੀ ਹੋਂਦਿਆ "ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸੁਰ॥" ਦਸ ਪਾਤਸ਼ਾਹੀਆਂ ਹਾਜ਼ਰ ਨਾਜ਼ਰ ਹਨ ਤੇ ਅਰਦਾਸਾ ਹਜ਼ੂਰੀ [illegible] ਹੈ। 'ਸਭ ਥਾਵੀਂ ਹੋਇ ਸਹਾਇ' ਦਸਮੇਸ਼ ਜੀ ਨੇ ਆਪ [illegible] ਹੈ।

ਪਿਤਾ ਨਿਠੁਰ[1] ਸ੍ਵਾਦਨਿ ਹਿਤ ਧਰੈ।ਖਾਇ ਅਘਾਵਹਿ ਆਮਿਖ ਸੋਈ। ਹਮ ਕੋ ਸ਼ੋਕ ਦੁਖਤਿ ਬਹੁ ਹੋਈ' ॥੩੫॥ ਇੱਤਯਾਦਿਕ ਬਹੁ ਕਹਯੋ ਕਠੋਰ। ਗਯੋ ਗੁਲਾਬ ਰਾਇ ਕੀ ਓਰ। ਘਰ ਕੀ ਕ਼ਹਿਵਤਿ ਸਕਲ ਸੁਨਾਈ। ਉਰ ਮਹਿਂ ਖਰ[2] ਜਿਮ ਅਨੀ[3] ਧਸਾਈ॥੩੬॥ਬਾਕ ਬਾਨ ਤੇ ਬੀਧਨ ਹੋਵਾ[4]। ਬਹੁ ਬ੍ਯਾਕੁਲਤਾ ਰਿਦਾ ਪਰੋਵਾ। ਖਾਇ ਨ ਜਾਇ ਹਟਯੋ ਨਹਿਂ ਜਾਇ। ਚਿਤ ਚਿੰਤਾ ਅਤਿਸ਼ੈ ਅਕੁਲਾਇ॥੩੭॥ ਬਹੁ ਦੁਖ ਪਾਇ ਕ੍ਰੋਧ ਵਧਿ ਗਯੋ। ਸ੍ਵਪਤ ਸਹਤ ਸੁ ਦੁਰਬਚ ਕਹਯੋ। 'ਅਪਰ ਪੁੱਤ੍ਰ ਅਰੁ ਮੋਹਿ ਸਮੇਤ। ਨਹਿਂ ਕਿਸਹੂੰ ਕੋ ਪਿਖਹਿਂ ਨਿਕੇਤ॥੩੮॥ ਕਰਤਿ ਸ਼ੋਕ ਹੀ ਬੈਠੇ ਰਹੀਯਹਿ। ਖਾਨ ਪਾਨ ਨਿਤ ਦੁਖ ਤੇ ਲਹੀਯਹਿ'।ਇਮ ਕਹਿ ਕੇਤਿਕ ਦਿਵਸ ਬਿਤਾਏ। ਅੰਤ ਸਮਾ ਤਬਿ ਲੌ ਨਿਯਰਾਏ॥੩੯॥ਸੁਤ ਕੇ ਸਹਤ[5] ਭਯੋ ਪਰਲੋਕ। ਪੀਛੇ ਵਧਯੋ ਅਧਿਕ ਹੀ ਸ਼ੋਕ। ਸਭਿ ਕੋ ਅੰਤ ਭਯੋ ਇਹ ਭਾਂਤੀ। ਤਿਸ ਕੋ ਰਹਯੋ ਨ ਕੋ ਪਸ਼ਚਾਤੀ ॥੪੦॥ਬਹੁਰ ਗੁਲਾਬ ਰਾਇ ਕੀ ਦਾਰਾ। ਬੈਠਨ ਕੀ ਹੋਇਸਿ ਅਧਿਕਾਰਾ। ਜੋ ਨਰ ਪੁੰਜ ਉਪਾਇਨ ਲ੍ਯਾਵੈਂ।ਮਿਸਤਕ ਟੇਕਹਿਂ ਤਿਹ ਅਰਪਾਵੈਂ॥੪੧॥ ਜਬਹਿ ਬ੍ਰਿਧਾ ਬਯ ਬਹੁ ਤਨ ਹੋਈ। ਚਿਤਹਿ ਬਿਚਰਹਿ ਪਾਛੇ ਅਬਿ ਕੋਈ। ਸ਼੍ਯਾਮ ਸਿੰਘ ਕੁਲ ਬ੍ਰਿਧਕ[6] ਹੇਰਾ। ਸੁਰਜਨ ਸਿੰਘ ਨਾਮ ਜਿਸ ਕੇਰਾ ॥੪੨ ॥ ਨਿਜ ਉਛੰਗ ਸੋ ਪਾਵਨ ਕੀਨਿ[7]। ਆਪ ਪ੍ਰਲੋਕ ਪਯਾਨੋ ਕੀਨਿ। ਸੁਰਜਨ ਸਿੰਘ ਥਿਰਯੋ ਤਿਸ ਪਾਛੇ। ਸਭਿ ਸਿੰਘਨ ਮਹਿਂ ਬਿਦਤਯੋ ਆਛੇ ॥ ੪੩ ॥ ਤਿਸ ਕੇ ਤੀਨ ਪੁੱਤ੍ਰ ਜਗ ਭਏ। ਅੰਤ ਸਮਾ ਜਬਿ ਹੂੰ ਨਿਯਰਏ। ਜੇਸ਼ਟ ਸੁਤ ਤਿਲੋਕ ਸਿੰਘ ਥਿਰਯੋ। ਕੇਤਿਕ ਬਰਖਨ ਪੂਜਨ ਕਰਯੋ ॥ ੪੪॥ ਜਬਿ ਪ੍ਰਲੋਕ ਤਿਨ ਕੋ ਹੁਇ ਗਯੋ। ਗਾਦੀ ਪਰ ਦਿਦਾਰ ਸਿੰਘ ਥਯੋ। ਸੁਰਜਨ ਸਿੰਘ ਕੇਰ ਸੁਤ ਦੂਜਾ। ਬਹੁਤ ਬਰਖ ਸੰਗਤਿ ਨੇ ਪੂਜਾ ॥ ੪੫॥ ਤਿਨ ਕੋ ਭੀ ਪ੍ਰਲੋਕ ਜਬਿ ਭਯੋ।ਤ੍ਰਿਤੀ ਦਿਵਾਨ ਸਿੰਘ ਪਦ ਲਯੋ*। ਅਬਿ ਬੈਠਤਿ ਹੈ ਗਾਦੀ ਊਪਰ। ਬਿਦਤ ਅਹੈ ਜਾਨਹਿਂ ਬਹੁ ਭੂਪਰ॥੪੬॥ ਸੋਢੀ ਆਨੰਦ ਪੁਰਿ ਮਹਿਂ ਜੋਈ।ਸ਼੍ਯਾਮ ਸਿੰਘ ਕੋ ਕੁਲ ਸਭਿ ਤੋਈ। ਗਾਦੀ ਥਿਰੇ ਭਨੇ ਮੈਂ ਸੋਈ। ਅਪਰ ਸਿੰਘ ਜਾਨੈਂ ਸਭਿ ਕੋਈ ॥੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉਤਰਐਨੇ 'ਆਨੰਦਪੁਰ ਗਾਦੀ' ਪ੍ਰਸੰਗ ਬਰਨਨੰਨਾਮ ਪੰਚਤ੍ਰਿੰਸਤੀ ਅੰਸੂ॥੩੫॥

---

[1] ਕਠੋਰ (ਨਿਰਦਈ)। [2] ਖ਼ਚਰ। [3] ਅਨੀ=ਤਿੱਖੀ ਨੋਕ। [4] ਬਚਨਾਂ ਦੇ ਬਾਣਾਂ ਨਾਲ ਵਿੰਨ੍ਹਿਆ ਗਿਆ। [5] [illegible] ਦੇ ਚਾਰ ਪੁਤ੍ਰ ਸਨ —ਦਲੇਲ ਸਿੰਘ, [illegible] ਸਿੰਘ, [illegible] ਸਿੰਘ, ਤੇ [illegible] ਸਿੰਘ ਜੋ ਆਪਦੇ ਪਰਲੋਕ ਗਮਨ ਸਮੇਂ ਸਾਰੇ ਮਰ ਗਏ ਸੇ। [6] ਪਰੰਤੂ [illegible] ਬਾਬਾ, [illegible] ਸਿੰਘ ਦਾ [illegible] ਪੁਤ੍ਰ ਬਣਾਕੇ ਅਪਣੀ ਥਾਂ ਥਾਪਿਆ। [7] [illegible] *ਇਹਨਾਂ ਦੇ ਮਗਰੋਂ ਬ੍ਰਿਜ[illegible] ਸਿੰਘ ਤੇ ਫੇਰ ਟਿੱਕਾ ਰਾਮਨਰਾਇਣ ਸਿੰਘ ਹੋਏ ਹੈ, ਹੁਣ ਸਰਦਾਰ ਸਿੰਘ ਜੀ ਹਨ।

३६. [ਅੰਤਮ ਮੰਗਲ]।

## ੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ॥ ਸਾਰਸੁਤੀ ਨਿਜ ਦਾਸ ਪਰ ਭਈ ਸਹਾਇ ਅਪਾਰ।
ਪਾਰਦ ਬਰਨੀ ਪਾਰਦਾ ਗ੍ਰਿੰਥ ਸਿੰਧੁ ਤੇ ਪਾਰਿ॥ ੧॥

[ ਪਰ=ਉੱਤੇ, ਦੀ। ਅਪਾਰ=ਪਾਰ ਰਹਿਤ, ਬਹੁਤ, ਅਮਿੱਤ। ਪਾਰਦ ਬਰਨੀ=ਪਾਰੇ ਦੇ ਰੰਗ ਵਰਗੀ, ਇਸ ਤੋਂ ਮੁਰਾਦ ਪਾਰੇ ਵਾਂਙੂ ਸੁਫੇਦ ਤੇ ਲੁਸ ਲੁਸ ਕਰਨ ਹਾਰੀ ਦਮਕ ਵਾਲੀ ਤੋਂ ਹੈ। ਪਾਰਦਾ=ਪਾਰ ਕਰਨ ਵਾਲੀ, ਤਾਰਨਹਾਰ। ਭਾਵ ਗ੍ਰੰਥ ਨਿਰਵਿਘਨ ਸੰਪੂਰਨ ਕਰਾਉਣ ਵਾਲੀ। ਸਿੰਧੁ=ਸਮੁੰਦਰ। ]

**ਅਰਥ**–ਪਾਰੇ ਦੇ ਰੰਗ ਵਰਗੀ (ਚਿੱਟੀ) ਤਾਰਨਹਾਰ ਸਰਸੁਤੀ ਗ੍ਰੰਥ ਰੂਪੀ ਸਮੁੰਦਰ ਦੇ ਪਾਰ ਕਰਨ ਵਿੱਚ ਆਪਣੇ ਦਾਸ ਦੀ ਅਮਿੱਤ ਸਹਾਈ ਹੋਈ ਹੈ।

ਚੌਪਈ॥ ਕਰਨੀ ਸੁਖ, ਦੁਖ ਦਾਰਿਦ ਹਰਨੀ। ਹਰਨੀ ਸੁਤ ਸਮ ਆਂਖਨਿ ਬਰਨੀ। ਬਰਨੀ ਬੱਕ੍ਰ ਮਹਾਂ ਛਬਿ ਧਰਨੀ। ਧਰਨੀ ਬੁਧਿ ਕੀ ਬਯ ਤਨ ਤਰੁਨੀ*॥ ੨॥

[ ਕਰਨੀ=ਕਰਨ ਵਾਲੀ। ਹਰਨੀ=ਦੂਰ ਕਰਨ ਵਾਲੀ। (ਅ) ਮ੍ਰਿਗੀ। ਬਰਨੀ=ਵਰਣਨ ਕੀਤੀ ਜਾਂਦੀ ਹੈ। (ਅ) ਝਿੰਮਣੀਆਂ, ਭਵਾਂ, (ੲ) ਰੰਗਤ। ਬੱਕ੍ਰ=ਟੇਢੀਆਂ। ਤਰੁਨੀ=ਜਵਾਨ। ]

**ਅਰਥ**–ਸੁਖਾਂ ਦੇ ਕਰਨਹਾਰੀ, ਦੁਖ ਦਰਿੱਦ੍ਰ ਦੇ ਦੂਰ ਕਰਨ ਵਾਲੀ, ਜੋ ਮ੍ਰਿਗੀ ਦੇ ਬੱਚੇ ਵਰਗੀਆਂ ਅੱਖੀਆਂ ਵਾਲੀ ਵਰਣਨ ਕੀਤੀ ਜਾਂਦੀ ਹੈ, (ਉਸ ਦੀਆਂ) ਟੇਢੀਆਂ ਭਵਾਂ ਬੜੀ ਹੀ ਛਬੀ ਧਾਰਨ ਵਾਲੀਆਂ ਹਨ, (ਜੋ) ਬੁੱਧੀ ਦੀ ਧਾਰਨ ਵਾਲੀ ਹੈ ਤੇ ਜਿਸ ਦੀ ਸ਼ਰੀਰ ਦੀ ਅਵਸਥਾ ਸਦਾ ਜਵਾਨੀ ਵਾਲੀ ਹੈ।

ਤਰਨੀ ਬਿਘਨ ਸਿੰਧੁ ਜਿਹਸ਼ਰਨੀ। ਸਰ ਨੀਰਜ ਦੁਤਿ ਦ੍ਰਿਗ ਆਦਰਨੀ। ਦਰਨੀ ਦੋਖਨਿ ਦਾਸ ਉਧਰਨੀ। ਧਰਨੀ ਕਰੁਨਾ ਗੁਨੀਅਨਿ ਬਰਨੀ॥੩॥

[ ਤਰਨੀ=ਬੇੜੀ। ਸ਼ਰਨੀ=ਸ਼ਰਨ। ਸਰ=ਵਰਗੀ। ਨੀਰਜ=ਕਵਲ। ਆਦਰਨੀ=ਆਦਰਨ ਯੋਗ। (ਅ) ਵਿਸ਼ੇਸ਼ ਕਰਕੇ ਦਰਨ ਵਾਲੀ (ਭਾਵ ਕਵਲ ਦੀ ਸ਼ੋਭਾ ਨੂੰ) ਮਾਤ ਕਰਨ ਵਾਲੀ। ]

**ਅਰਥ**–ਜਿਸ ਦੀ ਸ਼ਰਨ ਵਿਘਨਾਂ ਰੂਪੀ ਸਾਗਰ ਦੀ ਬੇੜੀ ਹੈ, (ਜਿਸ ਦੇ) ਨੇਤ੍ਰਾਂ ਦੀ ਸ਼ੋਭਾ ਕਮਲਾਂ ਵਰਗੀ (ਸੁਹਣੀ) ਤੇ ਆਦਰ ਕਰਨ ਦੇ ਯੋਗ ਹੈ। ਜੋ (ਸਾਹਿਤ੍ਯ ਦੇ)

---

*ਕਵਿ ਜੀ ਨੇ ਇਸੇ ਗਲ ਨੂੰ ਪਿੱਛੇ ਗੁਰ ਪ੍ਰਤਾਪ ਸੂਰਜ ਰਾਸ ੧ ਅੰਸੂ ੧ ਅੰਕ ੬ ਵਿੱਚ 'ਤਨ ਵੈ ਤਰਨੀ' ਕਰਕੇ ਕਿਹਾ ਹੈ। ਤਨ+ਬਯ = ਤਰੁਨੀ।

ਦੂਖਣਾਂ ਦੀ ਦਲਣ ਵਾਲੀ ਤੇ (ਕਵੀ ਰੂਪ) ਦਾਸਾਂ ਦੇ ਉਧਾਰਨ ਵਾਲੀ ਹੈ (ਤੇ ਜਿਸ ਨੂੰ) ਗੁਣੀ ਜਨਾਂ ਨੇ ਕ੍ਰਿਪਾ ਦੇ ਧਾਰਨ ਵਾਲੀ ਵਰਣਨ ਕੀਤਾ ਹੈ ।

**ਹੋਰ ਅਰਥ**–੨. ( ਜਿਸ ਦੇ ) ਨੇਤ੍ਰਾਂ ਦੀ ਦੁਤੀ ਕਵਲ ਵਰਗੀ ( ਦੁਤੀ ਨੂੰ ) ਵਿਸ਼ੇਸ਼ ਕਰਕੇ ਦਲਨ ਵਾਲੀ ਹੈ, ਭਾਵ ਮਾਤ ਕਰਨ ਵਾਲੀ ਹੈ ।

**ਬਰਨੀ ਕੁੰਦ ਇੰਦੁ ਆਭਰਨੀ । ਭਰਨੀ ਨਾਗ ਬਿਘਨ ਗਨ ਅਰਿਨੀ ।**
**ਅਰਿਨੀ ਕਰੇ ਅਨੰਦ ਉਸਰਨੀ । ਸ਼ਰਨੀ ਪਰੇ ਕਲੇਸ਼ ਨਿਵਰਿਨੀ*** ॥੪॥

[ ਕੁੰਦ=ਚੰਬੇ ਵਰਗਾ ਚਿੱਟੇ ਰੰਗ ਦਾ ਫੁਲ, ਮਰਤਬਾਨ ਦਾ ਫੁਲ । ਇਸ ਦੀ ਸ਼ੋਭਾ ਕਵੀ ਦੰਦਾਂ ਨਾਲ ਦੇਂਦੇ ਹਨ, ਇਸੇ ਕਰਕੇ ਇਥੇ ਦੰਦਾਂ ਦੀ ਸੰਭਾਵਨਾ ਕਰਕੇ ਅਰਥ ਕੀਤੇ ਹਨ।(ਅ)ਚਾਂਦਨੀਦਾ ਫੁਲ,ਇਹਬੀ ਚਿਟਾਹੁੰਦਾ ਹੈ।

ਆਭਰਨੀ=ਸ਼ੋਭਾ ਵਾਲੀ । (ਅ) ਗਹਿਣੇ ਵਤ ਧਾਰਨ ਵਾਲੀ ।

ਭਰਨੀ=ਮੋਰਨੀ । ਗਾਰੜੂ ਮੰਤ੍ਰ । [ ਮੋਰ ਸੱਪਾਂ ਨੂੰ ਖਾਂਦੇ ਹਨ ਤੇ ਗਾਰੜੂ ਮੰਤ੍ਰ ਬੀ ਸੱਪਾਂ ਦੀ ਵਿਸ ਝਾੜਦਾ ਹੈ । ਹਿੰਦੀ, ਭਰਨੀ=ਮੋਰਨੀ, ਛਛੂੰਦਰ, ਗਾਰੁੜੀ ਮੰਤ੍ਰ ਆਦਿ] ।

ਅਰਿਨੀ=[ ਅ . ਰਿਣੀ ] ਕਵੀ ਜਗਤ ਦੇ ਅਕਸਰ ਪਦਾਰਥ ਵਲੋਂ ਤੰਗ ਤੇ ਕਰਜ਼ਾਈ ਰਹਿੰਦੇ ਹਨ । ਕਵੀ ਜੀ ਨੂੰ ਸਾਈਂ ਨੇ ਇਸ ਦੁਖ ਤੋਂ ਬਚਾਇਆ ਇਸ ਕਰਕੇ 'ਅਰਿਣੀ ਕਰਨ ਵਾਲੀ' ਖਾਸ ਮਹਿੰਮਾਂ ਕੀਤੀ ਹੈ । ਅਥਵਾ, ਜੋ ਪ੍ਰਣ ਕਵੀ ਕਰਦੇ ਹਨ ਕਿ ਆਹ ਗ੍ਰੰਥ ਰਚਾਂਗਾ ਉਸ ਦੇ ਪੂਰੇ ਹੋਣ ਨਾਲ ਕਵਿ ਜ਼ਿੰਮੇਵਾਰੀ ਤੋਂ ਅਰਿਣੀ ਹੁੰਦਾ ਹੈ । ਉਸਰਨੀ=ਉਤਸਾਹ ਦੇਣ ਵਾਲੀ । ਉਸਾਰਨ ਵਾਲੀ । ]

**ਅਰਥ**–੧. ਕੁੰਦ ਦੇ ਫੁਲ ਵਰਗੇ ਰੰਗ ਵਾਲੀ ਹੈ ( ਭਾਵ ਚਿੱਟੇ ਰੰਗ ਦੀ, ਤੇ ) ਚੰਦ੍ਰਮਾ ਦੀ ਸ਼ੋਭਾ ਵਾਲੀ ਹੈ । ਸੱਪਾਂ ਰੂਪੀ ਸਮੂਹ ਵਿਘਨਾਂ ਦੀ ਮੋਰਨੀ ( ਵਤ ) ਸ਼ੱਤ੍ਰ ਹੈ । ਅਰਿਣੀ ਕਰਕੇ ਆਨੰਦ ਉਸਾਰਨ ਵਾਲੀ ਹੈ । ( ਆਪਣੇ ) ਸ਼ਰਣ ਪਿਆਂ ਦੇ ( ਸਾਰੇ ) ਕਲੇਸ਼ ਦੂਰ ਕਰਨ ਵਾਲੀ ਹੈ ।

**ਹੋਰ ਅਰਥ**–ਕੁੰਦ (ਵਰਗੇ ਚਿੱਟੇ ਦੰਦਾਂ ਦੀ ਪੰਕਤੀ) ਵਾਲੀ, ( ਤੇ) ਚੰਦ੍ਰਮਾਂ ( ਨੂੰ ) ਗਹਿਣੇ (ਵਤ) ਧਾਰਨ ਵਾਲੀ ।

## ੨. ਕਥਾ ਮੰਗਲ।

**ਹਰੀ ਸਿਮਰਿ ਕਥ ਪੂਰਨ ਕਰੀ । ਕਰੀ ਕਲੁਖ ਕੋ ਬਾਘਨਿ ਖਰੀ ।**
**ਖਰੀ ਭਈ ਜਿਮ ਮੁਕਤਾ ਲਰੀ । ਲਰੀ ਕੁਮਤਿ ਸੋ ਤੂਰਨ ਹਰੀ** ॥ ੫ ॥

[ ਹਰੀ=ਵਾਹਿਗੁਰੂ । ਕਰੀ ਕਲੁਖ=ਪਾਪ ਰੂਪ ਹਥਨੀ ।
ਖਰੀ=ਚੰਗੀ । ਠੀਕ । ਸੱਚਮੁਚ । ਖਰੀ ਭਈ=ਖੜੀ ਹੋਈ, ਤਿਆਰ ।

*ਅੰਕ ੨ ਤੋਂ ੪ ਤਕ ਤਿੰਨੇ ਛੰਦ ਸਿੰਘਾਵਿਲੋਕਨ ਚਾਲ ਵਿਚ ਇਕੋ ਲੜੀ ਵਿਚ ਜਾ ਰਹੇਹਨ।

{ ਹੋਈ। (ਅ) ਸੁੱਚੀ। ਲਰੀ=ਜਿਸ ਨੇ ਲੜਾਈ ਕੀਤੀ। }
(ੲ) ਕਤਾਰ, ਸ਼੍ਰੇਣੀ, ਲੜੀ, ਮਾਲਾ।

**ਅਰਥ**—ਪਾਪ ( ਰੂਪੀ ) ਹਥਨੀ ਨੂੰ ਸੱਚਮੁਚ ਸ਼ੇਰਨੀ ( ਹੋਕੇ ਢੁੱਕਣ ਵਾਲੀ ਇਹ ) ਕਥਾ ਮੈਂ ਵਾਹਿਗੁਰੂ ਨੂੰ ਸਿਮਰ (ਸਿਮਰ) ਕੇ ਪੂਰੀ ਕੀਤੀ ਹੈ। (ਇਹ ਕਥਾ) ਮੋਤੀਆਂ ਦੀ (ਸੁੱਚੀ) ਲੜੀ ਵਾਂਙੂ ਤਿਆਰ ਹੋਈ ਹੈ, (ਇਸ ਦੀ ਤਿਆਰੀ ਵਿਚ ਜੋ ਬੀ) ਦੁਰਬੁਧੀ (ਮੇਰੇ ਨਾਲ) ਲੜਨ ਵਾਸਤੇ ਆਈ (ਮੈਂ) ਤਤਕਾਲ ਦੂਰ ਕਰ ਦਿੰਦਾ ਰਿਹਾ ਹਾਂ।

**ਹੋਰ ਅਰਥ**—(ਹੁਣ ਮੈਂ) ਹਰੀ ਦਾ ਸਿਮਰਨ (ਦ੍ਰਿੜ੍ਹਾਉਣ ਵਾਲੀ) ਕਥਾ ਪੂਰੀ ਕਰ ਲਈ ਹੈ, (ਇਹ) ਪਾਪਾਂ ਰੂਪੀ ਹਥਨੀ ਨੂੰ ਸਚਮੁਚ ਸ਼ੇਰਨੀ (ਹੋਕੇ ਢੁੱਕਣ ਵਾਲੀ ਹੈ) (ਤੇ ਪੁੰਨਾ ਰੂਪੀ ਸੁੰਦਰ ਹਿਰਦਿਆਂ ਤੇ ਸ਼ੋਭਾ ਦੇਣ ਵਾਲੀ ਇਹ ) ਮੋਤੀਆਂ ਦੀ ਸੁੱਚੀ ਲੜੀ ( ਤਿਆਰ ਹੋਈ ਹੈ ) ਜੋ ਕੁਮਤੀਆਂ ਦੀ (ਸਾਰੀ) ਸ਼੍ਰੇਣੀ ਨੂੰ ਝਟਪਟ ਹਰ ਲੈਣ ਵਾਲੀ ਹੈ।

**ਪਹਿਲੇ ਅਰਥ ਦਾ ਭਾਵ**—ਮੈਂ ਇਹ ਕਥਾ ਵਾਹਿਗੁਰੂ ਜੀ ਦੇ ਸਿਮਰਨ ਵਿਚ ਰਹਿਕੇ ਲਿਖੀ ਹੈ। ਇਕ ਤਾਂ ਸਿਮਰਨ ਵਿਚ ਰਹਿਣਾ ਮੇਰੀ ਕਰਨੀ ਕਰਤੱਤ ਸੀ ਤੇ ਉਹ ਜਾਣਦਾ ਸੀ ਕਿ ਜਿਸ ਵਿਚ ਮਨੁੱਖ ਪਾਸੋਂ ਭੁੱਲਾਂ ਘਟ ਹੁੰਦੀਆਂ ਹਨ, ਦੂਸਰੇ ਨਿਰਵਿਘਨ ਸਮਾਪਤੀ ਲਈ ਸਾਈਂ ਨੂੰ ਯਾਦ ਰਖਦਾ ਸਾਂ।

ਜਿੱਥੋਂ ਤਕ ਹੋਇਆ ਹੈ ਮੈਂ ਸੁੱਚੇ ਮੋਤੀਆਂ ਵਾਂਙੂ ਸੁੱਚੇ ਸੁੱਚੇ ਪ੍ਰਸੰਗਾਂ ਦੀ ਮਾਲਾ ਇਹ ਕਥਾ ਤਿਆਰ ਕੀਤੀ ਹੈ ਤੇ ਦੁਰਬੁਧੀ ਪੁਰਖਾਂ ਦੇ ਦੇਂਦਾਂ ਵਾਲੇ ਝੂਠੇ ਪ੍ਰਸੰਗ ਜਿੱਥੇ ਜਿੱਥੇ ਮੇਰੀ ਪਰਖ ਵਿਚ ਆਏ ਮੈਂ ਦੂਰ ਕੀਤੇ ਹਨ ਅਥਵਾ ਦੁਰਬੁਧੀਆਂ ਦੀ ਖੋਟੀ ਸਲਾਹ ਜਦ ਕਦੇ ਮੇਰੇ ਮੁਕਾਬਲੇ ਤੇ ਆਈ ਮੈਂ ਪ੍ਰਾਜੈ ਕੀਤੀ, ਫਿਰ ਪਾਪਾਂ ਤੇ ਜੈ ਪਾਉਣ ਦਾ ਮਸਾਲਾ ਇਸ ਵਿਚ ਕਾਫੀ ਪਾਇਆ ਹੈ।

**ਦੂਜੇ ਅਰਥ ਦਾ ਭਾਵ**—ਇਹ ਨਿਰੀ ਦਿਲ ਪਰਚਾਵੇ ਦੀ ਕਥਾ ਮਾਤ੍ਰ ਨਹੀਂ ਇਸ ਵਿਚ ਨਾਮ ਸਿਮਰਨ ਵਿਚ ਲਗਾ ਦੇਣ ਦੀ ਤਾਸੀਰ ਰੱਖੀ ਗਈ ਹੈ, ਪਾਪਾਂ ਵਿਕਾਰਾਂ ਤੋਂ ਉਪਰਾਮ ਰਹਿਣ ਦੀ ਸ਼ਿੱਖਯਾ ਇਸ ਵਿਚ ਭਰੀ ਪਈ ਹੈ ਅਤੇ ਪੁੰਨ ਮਈ ਬ੍ਰਿਤੀ ਵਾਲਿਆਂ ਲਈ ਇਸ ਕਥਾ ਵਿਚ ਮੋਤੀਆਂ ਵਰਗੇ ਸੁਹਣੇ ਤੇ ਅਨਮੋਲ ਪਦਾਰਥ ਪਰਮਾਰਥਦੇ ਭਰੇ ਪਏ ਹਨ,ਤੇ ਦੁਰਬੁੱਧੀਆਂ ਦੇ ਦੂਰ ਕਰਨ ਲਈ ਇਸ ਵਿਚ ਕਾਫੀ ਉਪਦੇਸ਼ ਤੇ ਜੀਵਨ ਦੇ ਤਜਰਬੇ ਮੌਜੂਦ ਹਨ।

## ੩. ਇਸ਼੍ਟ ਗੁਰੂ—ਗੁਰ ਅਵਤਾਰ—ਮੰਗਲ।

**ਪਾਰਬ੍ਰਹਮ ਕੇ ਗੁਰ ਅਵਤਾਰ*। ਤਾਰਨ ਹਿਤ ਜਗ† ਭਗਤ ਉਦਾਰ।**
**ਦਾਰੁਨ ਦੁਖ ਤੇ ਕੀਨਿ ਉਧਾਰ। ਧਾਰੇ ਸਿੱਖੀ ਪਰੇ ਸੁ ਪਾਰ॥ ੬॥**

---

*ਗੁਣੀ ਜਨਾਂ ਨੂੰ ਸਮਝ ਲੈਣਾ ਚਾਹੀਏ ਕਿ ਕਵੀ ਜੀ ਏਥੇ ਗੁਰੂ ਸਾਹਿਬਾਂ ਨੂੰ ਵਿਸ਼ਨੂੰ ਅਵਤਾਰ ਨਹੀਂ ਦੱਸ ਰਹੇ ਸਗੋਂ ਪਾਰਬ੍ਰਹਮ ਦਾ ਅਵਤਾਰ ਦੱਸ ਰਹੇ ਹਨ। ਇਸ ਵਿਚ ਪਹਿਲੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਕਵੀ ਜੀ ਆਪ ਵਿਸ਼ੇਸ਼ਤਾ ਦਰਸਾ ਰਹੇ ਹਨ। †ਪਾ:--ਜਨ।

**ਅਰਥ**-(ਸਾਰੇ) ਗੁਰੂ ਸਾਹਿਬ ਪਾਰਬ੍ਰਹਮ ਦੇ ਅਵਤਾਰ ਹਨ, ਜੋ ਜਗਤ ਦੇ ਭਗਤਾਂ ਨੂੰ ਤਾਰਨ ਵਿੱਚ (ਅਤਿ) ਉਦਾਰ (ਹੋਏ) ਹਨ*। ਭਜਾਨਕ ਦੁੱਖਾਂ ਤੋਂ (ਜਗਤ ਦਾ ਆਪ ਨੇ ਹੀ) ਉਧਾਰ ਕੀਤਾ, (ਤੇ ਜਿਨ੍ਹਾਂ ਨੇ ਆਪ ਦੀ) ਸਿੱਖੀ ਧਾਰਨ ਕੀਤੀ ਸੋ ਭਵਸਾਗਰ ਤੋਂ ਪਾਰ ਹੋ ਗਏ।

## ੪. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

ਸੈਯਾ॥ **ਧਾਰਿ ਅਪੂਰਬ ਪੂਰਬ ਰੂਪ ਭਏ ਗੁਰ ਨਾਨਕ ਜੋਤਿ ਉਦਾਰਹਿ।**
**ਦਾਰ ਕਿਧੌਂ ਨਰ ਪੰਥ ਪਰੇ ਤਿਨ ਸੇ ਜਗ ਸਾਗਰ ਤੇ ਪਰਿ ਪਾਰਹਿ।**
**ਪਾਰਤਿ ਹੈਂ ਗੁਨ, ਟਾਰਤਿ ਔਗੁਨ, ਗਯਾਨ ਸਿਖਾਰਤਿ ਬਾਕ ਬਿਚਾਰਹਿਂ।**
**ਚਾਰਹੁ ਬੇਦ ਉਚਾਰਹਿਂ ਸਾਰਹਿ, ਬੰਦਤਿ ਹੌਂ ਅਬਿ ਮੋਹਿ ਉਧਾਰਹਿਂ॥੭॥**

ਅਪੂਰਬ=ਜਿਹੋ ਜਿਹਾ ਅਗੇ ਨਾ ਹੋਵੇ, ਭਾਵ ਅਚਰਜ, ਅਤਿ ਸੁੰਦਰ।
ਪੂਰਬ=ਸਭ ਤੋਂ ਪਹਿਲਾਂ, ਸਭ ਤੋਂ ਸਨਾਤਨ ਭਾਵ ਪਰਮਾਤਮਾ, ਬ੍ਰਹਮ। ਜਿਸ ਤੋਂ ਪਹਿਲਾਂ ਹੋਰ ਕੋਈ ਨ ਹੋਇਆ ਹੋਵੇ। (ਅ) ਪਹਿਲਾ ਸਰੂਪ ਭਾਵ ਦਸੋ ਗੁਰੂ ਸਾਹਿਬਾਨ ਵਿਚੋਂ ਸਭ ਤੋਂ ਪਹਿਲੇ।
ਦਾਰ=ਇਸਤ੍ਰੀਆਂ। ਪਰਿ ਪਾਰਹਿ=ਪੈ ਗਏ ਪਾਰ।

**ਅਰਥ**-੧. ਅਸਚਰਜ ਬ੍ਰਹਮ ਹੀ ਰੂਪ ਧਾਰਕੇ ਉਦਾਰ ਜਯੋਤੀ ਸ਼੍ਰੀ ਗੁਰੂ ਨਾਨਕ ਦੇਵ ਜੀ ਹੋਏ। ੨. ਇਸਤ੍ਰੀ ਅਥਵਾ ਪੁਰਸ਼ (ਜੋ ਵੀ) ਤਿਨ੍ਹਾਂ ਦੇ ਪੰਥ (ਭਾਵ ਸਿਖੀ ਮਾਰਗ) ਵਿਚ ਆਏ, ਓਹ ਸੰਸਾਰ ਸਾਗਰ ਤੋਂ ਪਾਰ ਪੈ ਗਏ। ੩. ੪. (ਸਤਿਗੁਰੂ ਜੀ ਆਪਣੇ ਸੇਵਕਾਂ ਦੇ) ਗੁਣਾਂ ਨੂੰ ਪਾਲਦੇ ਹਨ, ਔਗੁਣਾਂ ਨੂੰ ਦੂਰ ਕਰਦੇ ਹਨ ਤੇ ਗਿਆਨ ਸਿਖਾਲਦੇ ਹਨ, (ਜੋ ਕੋਈ ਉਨ੍ਹਾਂ ਦੇ) ਵਾਕਾਂ ਨੂੰ ਵਿਚਾਰਦੇ ਹਨ ਓਹ ਚਾਰ ਵੇਦਾਂ ਦੇ ਤੱਤ ਨੂੰ ਉਚਾਰਨ ਲਗ ਜਾਂਦੇ ਹਨ। (ਮੈਂ) ਹੁਣ (ਉਨ੍ਹਾਂ ਸਤਿਗੁਰਾਂ) ਨੂੰ ਨਮਸਕਾਰ ਕਰਦਾ ਹਾਂ (ਤੇ ਬੇਨਤੀ ਕਰਦਾ ਹਾਂ ਕਿ) ਮੇਰਾ ਵੀ ਪਾਰ ਉਤਾਰਾ ਕਰਨ।

**ਹੋਰ ਅਰਥ**-੧. ਪਹਿਲੇ ਗੁਰੂ ਅਤਿ ਸੁੰਦਰ ਰੂਪ ਧਾਰਕੇ (ਸ੍ਰੀ ਗੁਰੂ) ਨਾਨਕ ਦੇਵ ਜੀ ਉਦਾਰ ਜੋਤੀ ਵਾਲੇ ਹੋਏ। ੪. ਜੋ ਕੁਛ ਉਚਾਰਦੇ ਹਨ ਉਹ ਚਾਰ ਵੇਦਾਂ ਦਾ ਤੱਤ ਹੀ ਹੁੰਦਾ ਹੈ। ਅਥਵਾ ਸਾਰਾ ਜੋ ਕੁਛ ਗੁਰੂ ਜੀ ਉਚਾਰਦੇ ਹਨ ਉਹ ਵੇਦ ਕੋਲੋਂ (ਚਾਰੂ=) ਸੁੰਦਰ ਹੁੰਦਾ ਹੈ†।

## ੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਚਿੱਤ੍ਰਪਦਾ ਛੰਦ॥ **ਜਾਲ ਜੰਜਾਲ ਫਸੇ ਜੁ ਮਿਲੇ, ਤਿਨ ਦਾਸਨਿ ਬ੍ਰਿੰਦ ਬਿਕਾਰਨ ਜਾਲਿ। ਜਾਲਨਿ ਕੋ ਉਪਦੇਸ਼ ਬਖਾਨਿਕੈ ਸ਼੍ਰੀ ਸਤਿਨਾਮ ਕੀ ਦੇ**

*ਅਥਵਾ ਜਗਤ ਨੂੰ ਤਾਰਨ ਹਿਤ ਭਗਤੀ ਦਾਨ ਦੇਣ ਵਿਚ (ਬੜੇ) ਉਦਾਰ ਹੋਏ ਹਨ। †ਵੇਦਾਂ ਦੇ ਸਾਰ ਬਾਬਤ ਵਿਸ਼ੇਸ਼ ਵੀਚਾਰ ਲਈ ਦੇਖੋ ਰਾਸ ੩ ਅੰਸੂ ੪੨ ਅੰਕ ੩੫ ਦੀ ਹੇਠਲੀ ਟੂਕ।

ਜਪੁਮਾਲ। ਮਾਲਿਕ ਦੀਨ ਦੁਨੀ ਗੁਰ ਅੰਗਦ ਬੰਦਨ ਤੇ ਕਰਿ ਦੇਤਿ ਨਿ-
ਹਾਲ। ਹਾਲ ਭਲੋ ਪਰਲੋਕ ਤਿਨੈ, ਨਹਿੰ ਫੇਰ ਫਸੈਂ ਕਬਿਹੂੰ ਜਮਜਾਲ ॥੮॥

{ ਜਾਲ=ਜਾਲ, ਫਾਹੀ। ਜੰਜਾਲ=ਝੰਝਟ, ਬਖੇੜੇ, ਪੁਆੜੇ, ਪ੍ਰਪੰਚ।
ਜਾਲਿ=ਸਾੜ ਦਿਤੇ। ਜਾਲਨਿ ਕੋ=ਬਹੁਤਿਆਂ ਨੂੰ। ਸਾਰਿਆਂ ਨੂੰ।
ਬਖਾਨਿ ਕੈ=ਕਹਿਕੇ। ਸਮਝਾ ਕੇ। }

**ਅਰਥ**—(ਸਤਿਗੁਰੂ ਅੰਗਦ ਦੇਵ ਜੀ ਨੂੰ) ਜੇਹੜੇ (ਲੋਕੀਂ) ਜੰਜਾਲਾਂ ਦੇ ਜਾਲ ਵਿਚ ਫਸੇ ਹੋਏ ਮਿਲੇ, ਤਿਨ੍ਹਾਂ ਸਾਰਿਆਂ ਦਾਸਾਂ ਦੇ ਵਿਕਾਰ (ਆਪ ਨੇ) ਦਗਧ ਕਰ ਦਿੱਤੇ, ਅਤੇ ਸਾਰਿਆਂ ਨੂੰ ਹੀ (ਆਪਣਾ) ਉਪਦੇਸ਼ ਸਮਝਾਕੇ ਸ੍ਰੀ ਸਤਿਨਾਮ ਦੀ ਜਪਮਾਲਾ ਦਿੱਤੀ (ਅਰਥਾਤ ਨਾਮ ਬਖਸ਼ਿਆ)। ਗੁਰੂ ਅੰਗਦ ਦੇਵ ਜੀ ਦੀਨ ਦੁਨੀ ਦੇ ਮਾਲਕ ਹਨ (ਦਾਤੇ ਐਸੇ ਹਨ ਕਿ) ਨਮਸਕਾਰ ਕਰਨ ਤੇ ਹੀ (ਇਸ ਜਗਤ ਵਿਚ ਭੀ) ਨਿਹਾਲ ਕਰ ਦਿੰਦੇ ਹਨ ਤੇ ਪ੍ਰਲੋਕ ਵਿਚ ਵੀ ਉਹਨਾਂ ਦਾ ਹਾਲ (ਬਹੁਤ) ਚੰਗਾ ਹੁੰਦਾ ਹੈ (ਤੇ ਉਹ) ਮੁੜਕੇ ਜਮ ਦੇ ਜਾਲ ਵਿਚ ਕਦੇ ਨਹੀਂ ਫਸਦੇ।

## ੬. ਇਸ਼੍ਰ ਗੁਰੂ—ਸ੍ਰੀ ਗੁਰੂ ਅਮਰਦਾਸ ਜੀ—ਮੰਗਲ।

ਸੈਯਾ ॥ ਮੋਹਿ ਰਿਦੈ ਬਸਿ ਕੈ ਨਿਸ ਬਾਸੁਰ ਨਾਸ਼ ਕਲੇਸ਼ ਕਰੋ, ਹੁਇ
ਮੋਹ ਨ। ਮੋਹਨ ਕੇ ਪਿਤ ਸ੍ਰੀ ਗੁਰ ਪੂਰਨ ! ਦਾਸਨ ਕੇ ਕਰਤਾ ਮਨ
ਮੋਹਨ ! ਹੋਹਿ ਨ ਲੋਭ ਕੋ ਲੋਭ ਕਬੈ, ਨਹਿੰ ਕਾਮ ਕੋ ਕਾਮ ਹੰਕਾਰ
ਨ ਕ੍ਰੋਹ ਨ। ਕੋਹ ਸੀ ਓਟ ਸਦਾ ਨਿਜ ਦਾਸਨਿ ਦਾਨ ਕੋ ਦੀਨ ਕਰੇ
ਨਿਰਮੋਹਨ ॥ ੬ ॥

{ ਮੋਹਿਨ=ਗੁਰੂ ਅਮਰ ਦੇਵ ਜੀ ਦੇ ਵਡੇ ਸਪੁੱਤ੍ਰ ਦਾ ਨਾਮ।
ਲੋਭ=ਪਦਾਰਥ। ਲੁਭਾਇਮਾਨ ਕਰ ਲੈਣ ਵਾਲੇ ਸਾਮਾਨ। [ਸੰ:, ਲੋਭਜ]
ਲੋਭ=ਲਾਲਚ। ਕਾਮ ਕੋ ਕਾਮ=ਕਾਮ ਦੀ ਕਾਮਨਾ, ਕਾਮ ਦੀ ਇੱਛਾ ਮਾਤ੍ਰ ਨਾ ਰਹੇ। (ਅ) ਕਾਮ ਨਾਲ ਕੰਮ ਨਾ ਰਹੇ।
ਕ੍ਰੋਹ=ਕ੍ਰੋਧ, ਗੁੱਸਾ। ਕੋਹ=ਪਹਾੜ [ਫਾ:, ਕੋਹ]।
ਦੀਨਿ=ਦੇਕੇ। (ਅ) ਦੀਨਾਂ ਨੂੰ, ਗ਼ਰੀਬਾਂ ਨੂੰ। }

**ਅਰਥ**—੨. ਹੇ ਮੋਹਨ ਜੀ ਦੇ ਪਿਤਾ ਪੂਰਨ ਸ੍ਰੀ ਗੁਰੂ (ਅਮਰ ਦਾਸ ਜੀਓ !) (ਹੇ) ਦਾਸਾਂ ਦੇ ਮਨਾਂ ਨੂੰ ਮੋਹਿਤ ਕਰ ਲੈਣ ਵਾਲੇ ਜੀਓ ! ੧. ਮੇਰੇ ਰਿਦੇ ਵਿਚ ਰਾਤ ਦਿਨ ਵੱਸਕੇ ਕਲੇਸ਼ਾਂ ਦਾ ਐਸਾ ਨਾਸ਼ ਕਰੋ ਕਿ (ਕਿ ਮੈਨੂੰ) ਮੋਹ ਨਾ ਉਪਜੇ। ੩. ਨਾ ਹੀ ਪਦਾਰਥ ਦਾ ਲੋਭ ਕਦੇ ਉਪਜੇ, ਨਾਂ ਹੀ ਕਾਮ ਦੀ ਕਾਮਨਾ ਰਹੇ, ਨਾ ਹੰਕਾਰ (ਤੇ) ਨਾ (ਹੀ) ਕ੍ਰੋਧ ਰਹੇ। (ਆਪ, ਸਦਾ ਆਪਣੇ ਦਾਸਾਂ ਦੀ ਪਹਾੜ ਵਰਗੀ ਓਟ ਹੋ ਤੇ (ਨਾਮ ਦਾ) ਦਾਨ ਦੇਕੇ ਨਿਰਮੋਹ ਕਰ ਦਿੰਦੇ ਹੋ।

## ੭. ਇਸ਼੍ਟ ਗੁਰੂ—ਸ੍ਰੀ ਗੁਰੂ ਰਾਮ ਦਾਸ ਜੀ—ਮੰਗਲ।

ਹਰਿਦਾਸ ਤਨੈ ਹਰਿਦਾਸ ਭਨੈ ਹਰਿ ਰੂਪ ਬਨੈ ਹਰਿ* ਪੂਜਤਿ ਹੈ ਜਿਨ।
ਹਰਿ ਦੋਸ਼ਨ ਦੈ ਸੁਖ ਦਾਸਨ ਕੋ ਉਰ ਮੋਹ ਤੇ ਆਦਿ ਬਿਕਾਰ ਭਰੇ ਜਿਨ।
ਬਰ ਦੇਤਿ ਜਿਨਹਿ ਬਰ ਮਾਨਵ ਸੇ ਬਰਬੰਡ ਭੁਏ ਜਮ ਰੂਪ ਪਿਖੈ ਜਿਨ।
ਕਰ ਬੰਦ ਤਿਨੈਂ ਕਰਿ ਬੰਦਨ ਕੋ, ਕਰਤਾਰ ਗੁਨਾਕਰ, ਗ੍ਯਾਨ ਅਮੇਜਿਨ ॥ ੧੦ ॥

[ ਹਰਿਦਾਸ=ਸ਼੍ਰੀ ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ। ਹਰਿਦਾਸ= ਅਕਾਲ ਪੁਰਖ ਦੇ ਦਾਸ। ਰਾਮਦਾਸ ਦੇ ਅਰਥ ਬੀ ਅਕਾਲ ਪੁਰਖ ਦੇ ਦਾਸ ਹਨ, ਇਸ ਕਰਕੇ ਕਵੀ ਜੀ ਰਾਮਦਾਸ ਪਦ ਦਾ ਤਰਜੁਮਾ 'ਹਰਿਦਾਸ' ਪਦ ਨਾਲ ਕਰ ਰਹੇ ਹਨ।
ਹਰਿ=ਵਾਹਿਗੁਰੂ। ਨਿਰੰਕਾਰ। ਬਨੈ=ਫਬੇ ਹੋ, ਪ੍ਰਗਟੇ ਹੋ।
ਹਰਿ=ਵਿਸ਼ਨੂੰ। ਹਰਿ=ਨਾਸ਼ ਕਰਕੇ।
ਬਰਬੰਡ=ਬਲਵਾਨ। (ਅ ਵਰ ਵੰਡਣ ਵਾਲੇ। ਭਾਵ ਅੱਗੋਂ ਵਰ ਦਾਤੇ ਹੋ ਗਏ ਗੁਰਮੁਖਾਂ ਤੋਂ ਹੈ। ਪਿਖੈ ਜਿਨ=ਨਹੀਂ ਵੇਖਣਗੇ।
ਗ੍ਯਾਨ ਅਮੇ ਜਿਨ=ਗ੍ਯਾਨ ਮਿਣਤੀ ਵਿਚ ਨਹੀਂ ਹੈ ਜਿਨ੍ਹਾਂ ਦਾ। (ਅ) ਗ੍ਯਾਨ ਵਿਚ ਮਿਲੇ ਹੋਏ। [ਫਾ:, ਆਮੇਖਤਨ, ਆਮੇਜ਼ੀਦਨ= ਮਿਲਨਾ ਤੋਂ ਆਮੇਜ਼ਨ]। ]

**ਅਰਥ**—(ਸ੍ਰੀ) ਹਰਿਦਾਸ ਦੇ ਜੀ ਸਪੁੱਤ੍ਰ ( ਸ਼੍ਰੀ ਗੁਰੂ ਰਾਮ ਦਾਸ ਜੀ ਆਪਣੇ ਆਪ ਨੂੰ ) ਹਰੀ ਦੇ ਦਾਸ ਕਹਾਉਂਦੇ ਹਨ ( ਅਰਥਾਤ ਰਾਮਦਾਸ ਕਹਾਉਂਦੇ ਹਨ ਪਰ ਆਪ ਪ੍ਰਤੱਖਜ ) ਨਿਰੰਕਾਰ ਦਾ ਰੂਪ ਪ੍ਰਗਟੇ ਹਨ, ( ਜਿਨ੍ਹਾਂ ਨੂੰ ਕਿ ) ਵਿਸ਼ਨੂੰ ਵੀ ਪੂਜਦਾ ਹੈ। ( ਆਪ ਆਪਣੇ) ਦਾਸਾਂ ਦੇ ਦੋਸ਼—ਜਿਨ੍ਹਾਂ ਦੇ ਰਿਦੇ ਮੋਹ ਆਦਿ (ਪੰਜਾਂ) ਵਿਕਾਰਾਂ ਨਾਲ ਭਰੇ ਹੋਏ ਹਨ—ਨਾਸ਼ ਕਰਕੇ ਸੁਖ ਦਿੰਦੇ ਹਨ। ਅਤੇ ਜਿਨ੍ਹਾਂ ਸ੍ਰੇਸ਼ਟ ਪੁਰਸ਼ਾਂ ਨੂੰ ( ਆਪ ਨੇ ) ਵਰ ਦਿਤੇ ਹਨ, ਉਹ (ਐਸੇ) ਬਲਵਾਨ ਹੋ ਗਏ ਹਨ ਕਿ ਓਹ ਜਮਾਂ ਦਾ ਰੂਪ ਕਦੇ ਨਹੀਂ ਦੇਖਣਗੇ। (ਮੈਂ ਵੀ) ਵਾਹਿਗੁਰੂ ਸਰੂਪ ਗੁਣਾਂ ਦੀ ਖਾਣ, ਅਮਿਣਵੇਂ ਗ੍ਯਾਨ ਵਾਲੇ। (ਸ੍ਰੀ ਗੁਰੂ ਰਾਮਦਾਸ ਜੀ ਨੂੰ ਦੋਵੇਂ) ਹਥ ਜੋੜਕੇ ਬੰਦਨਾ ਕਰਦਾ ਹਾਂ।

## ੮. ਇਸ਼੍ਟ ਗੁਰੂ—ਸ੍ਰੀ ਗੁਰੂ ਅਰਜਨ ਦੇਵ ਜੀ—ਮੰਗਲ।

ਕਬਿੱਤ ॥ ਅਰਜ਼ਨਿ ਸੁਨਿ ਮੇਰੀ ਸਤਿਗੁਰੂ ਅਰਜਨ ! ਅਰਿ ਜਨ ਹਨਿ ਅਰਜਨ ਜਸ ਦੀਨਿਓ। ਕਵਿਤਾ ਪ੍ਰਪੂਰ ਮੇ ਚਰਿੱਤ੍ਰ ਭਰਪੂਰ ਨਿਜ, ਪੂਰਮੇ ਪਰੀ ਹੈ ਗ੍ਰੰਥ ਪੂਰਨ ਜਿ ਕੀਨਿਓ। ਕਥਾ ਗੁਨ ਸਰੁਵਰ, ਔਗੁਨ

*੧੬੧੨ ਤੇ ੧੬੧੯ ਵਾਲੇ ਦੋਹਾਂ ਪੁਰਾਤਨ ਨੁਸਖਿਆਂ ਵਿਚ 'ਰਾਰੇ' ਨੂੰ ਸਿਆਰੀ ਹੈ—'ਹਰਿ'।

ਕੋ ਸਰ ਖਰ, ਗੁਰੂ ਸਰ ਔਰ ਨਾ, ਸ਼ਰਨ ਯਾਂ ਤੇ ਲੀਨਿਓ। ਨਾਮ ਲਿਵ ਤਾਰ ਦੇ ਉਚਾਰ ਭੁਵ ਪਾਰ ਦੇ, ਪਤਾਰ ਤੇ ਉਧਾਰਿ ਪਦ ਤਾਰਿਦੇ ਪ੍ਰਬੀਨਿਓ॥ ੧੧॥

{ ਅਰਜ਼ਨਿ=ਬੇਨਤੀਆਂ [ਅ:, ਅਰਜ਼]। ਅਰਜਨ=ਪੰਚਮ ਸਤਿਗੁਰੂ ਜੀ।
ਅਰਿ ਜਨ=ਵੈਰੀ ਲੋਕ, ਕਾਮ ਕ੍ਰੋਧ ਲੋਭ ਮੋਹ ਹੰਕਾਰ।
ਅਰਜਨ=ਉੱਜਲ। ਪ੍ਰਪੂਰ=(ਨੌ ਰਸਾਂ ਅਲੰਕਾਰਾਂ ਆਦਿ ਨਾਲ) ਪਰੀ ਪੂਰਣ। ਭਰਪੂਰ=ਸੰਪੂਰਣ।
ਪੂਰ ਮੈਂ ਪਰੀ ਹੈ=ਮੇਰੀ (ਘਾਲ) ਪੂਰੀ ਪੈ ਗਈ ਹੈ।
ਨਾਮ ਲਿਵਤਾਰ ਦੇ=ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ।
ਪਤਾਰ=ਪਤਾਲ, ਭਾਵ ਨਰਕ। ਪਦ ਤਾਰ=( ਭਵ ਸਾਗਰ ਤੋਂ ) ਤਾਰ ਦੇਣ ਵਾਲਾ ਪਦ, ਮੁਕਤੀ ਪਦ। }

**ਅਰਥ**–(ਹੇ ਸ੍ਰੀ) ਸਤਿਗੁਰੂ ਅਰਜਨ (ਦੇਵ ਜੀਓ !) ਮੇਰੀਆਂ ਅਰਜ਼ਾਂ ਸੁਣੋ:–(ਤੁਸਾਂ ਹੀ ਮੇਰੇ ਅੰਦਰਲੇ ਤੇ ਬਾਹਰਲੇ ) ਵੈਰੀ ਜਨਾਂ ਨੂੰ ਮਾਰਕੇ ( ਇਸ ਜਗਤ ਵਿਚ ) ਉੱਜਲ ਜਸ (ਮੈਨੂੰ ਦਿਵਾ ਦਿੱਤਾ ਹੈ ( ਕਿਵੇਂ ? ਅਗੇ ਆਪ ਹੀ ਉੱਤਰ ਦਿੰਦੇ ਹਨ ਕਿ ) ਆਪਣਾ ਭਰਪੂਰ (=ਸੰਪੂਰਨ) ਚਰਿੱਤ੍ਰ (ਨੌ ਰਸਾਂ ਤੇ ਅਲੰਕਾਰਾਂ ਆਦਿ ਨਾਲ ) ਪਰੀ ਪੂਰਣ ਕਵਿਤਾ (ਵਿਚ ਮੈਂ ਦਾਸ ਕੋਲੋਂ ਉਚਰਵਾਕੇ) ਗ੍ਰੰਥ ਪੂਰਨ ਜੋ ਕਰਵਾ ਲਿਆ ਹੈ ( ਇਸ ਵਿਚ) ਮੇਰੀ (ਘਾਲ) ਪੂਰੀ ਪੈ ਗਈ ਹੈ। (ਇਹ) ਕਥਾ ਗੁਣਾਂ ਦਾ ਸਰੋਵਰ ਤੇ ਔਗੁਣਾਂ ਨੂੰ ਤਿੱਖਾ ਤੀਰ ਹੈ (ਕਿਉਂਕਿ ਇਹ ਉਹਨਾਂ ਗੁਰਾਂ ਦੀ ਕਥਾ ਹੈ ਜਿਨ੍ਹਾਂ) ਗੁਰਾਂ ਦੇ ਤੁੱਲ ਹੋਰ ਕੋਈ ਨਹੀਂ ਏਸੇ ਲਈ ਹੀ ਮੈਂ (ਗੁਰਾਂ ਦੀ) ਸ਼ਰਨ ਪਕੜੀ ਹੈ ( ਤੇ ਹੁਣ ਮੈਂ ਬਿਨਯ ਕਰਦਾ ਹਾਂ ਕਿ ਹੇ) ਪ੍ਰਬੀਨ (ਸਤਿਗੁਰੂ ਜੀਓ !) ਲਿਵ ਦੀ ਤਾਰ ਬੰਨ੍ਹ ਦੇਣ ਵਾਲਾ ਨਾਮ ਦਿਓ (ਜਿਸ ਦੇ) ਉਚਾਰਨ ਤੇ ਸੰਸਾਰ ਤੋਂ ਪਾਰ ਹੋ ਜਾਈਦਾ ਹੈ ਤੇ (ਜੇਹੜਾ) ਨਰਕਾਂ ਤੋਂ ਬਚਾ ਕੇ ਮੁਕਤੀ ਪਦ ਦਿੰਦਾ ਹੈ।

**ਹੋਰ ਅਰਥ**–੪. ਹੇ ਪ੍ਰਬੀਨ ਗੁਰੂ ਜੀ ਮੈਨੂੰ ਨਰਕ ਤੋਂ ਉਧਾਰਕੇ ਮੁਕਤੀ ਦਾ ਪਦ ਦਿਓ (ਤੇ ਕੇਵਲ) ਉੱਚਾਰਨ (ਮਾਤ੍ਰ ਨਾਲ) ਸੰਸਾਰ ਤੋਂ ਪਾਰ ਕਰ ਦਿਓ।

## ੯. ਇਸ਼੍ਟ ਗੁਰੂ–ਸ੍ਰੀ ਗੁਰੂ ਹਰਿ ਗੋਬਿੰਦ ਜੀ–ਮੰਗਲ।

ਸੈਯਾ॥ ਸਾਰੰਗ[੧] ਪੈ ਕਾਂਬ ਸਾਰੰਗ[੨] ਪੈ ਚਢਿ, ਸਾਰੰਗ[੩] ਸ਼ੱਤ੍ਰਨਿਕੋ ਬਲਿ ਸ੍ਵਾਰੰਗ[੪]। ਸਾਰੰਗ[੫] ਜਸੋਂ ਜਗ ਮੈਂ ਕੁਲ ਸਾਰੰਗ[੬], ਸਾਰੰਗ[੭] ਗਯਾਨ ਪ੍ਰਕਾਸ਼ਨਿ ਸਾਰੰਗ[੮]। ਸਾਰੰਗ[੯] ਦਾਸਨਿ ਕੋ ਪ੍ਰਿਯ ਸਾਰੰਗ[੧੦], ਸਾਰੰਗ[੧੧] ਦੋਸ਼ਨਿ ਕੋ ਸਮ ਸਾਰੰਗ[੧੨]। ਸਾਰੰਗ[੧੩] ਪਾਨਿ ਭਯੋ ਨਰ ਸਾਰੰਗ[੧੪], ਸਾਰੰਗ[੧੫] ਸ਼੍ਰੀ ਹਰਿ ਗੋਬਿੰਦ ਸਾਰੰਗ[੧੬]॥ ੧੨॥

{ ਸਾਰੰਗ*=[੧]ਹਾਥੀ, [੨]ਘੋੜਾ, [੩]ਹਰਨ, [੪]ਸ਼ੇਰ, [੫]ਕਮਲ, [੬]ਸੂਰਜ, [੭]ਦੀਵਾ, [੮]ਅਗਨੀ, [੯]ਚਾਤ੍ਰਿਕ, [੧੦]ਬੱਦਲ, [੧੧]ਸਰਪ, [੧੨]ਗਰੁੜ, [੧੩]ਧਨੁਖ, (ਸਾਰੰਗ ਪਾਨਿ=ਧਨੁਖ ਧਾਰੀ), [੧੪]ਈਸ਼੍ਵਰ, [੧੫]ਉਹੋ ਰੰਗ, (ਸਾ+ਰੰਗ), [੧੬]ਸਾਰੰਗ, ਚਾਨਣਾ, ਪ੍ਰਕਾਸ਼, ਜੋਤਿ। }

**ਅਰਥ**—(ਸ੍ਰੀ ਗੁਰੂ ਹਰਿਗੋਬਿੰਦ ਸਾਹਿਬ) ਕਦੇ ਹਾਥੀ ਪਰ ਸਵਾਰ ਹੁੰਦੇ ਹਨ ਕਦੀ ਘੋੜੇ ਪਰ, (ਹਰਿ ਹਾਲ) ਹਰਨਾਂ ਰੂਪੀ ਸ਼ਤ੍ਰੂਆਂ ਤੇ ਬਲੀ ਸ਼ੇਰ ਵਰਗੇ ਹਨ। (ਪਰ ਮਿਤ੍ਰਾਂ ਲਈ ਆਪ) ਕਮਲਾਂ ਦੀ ਕੁਲ ਨੂੰ ਸੂਰਜ ਨਿਆਈਂ ਹਨ, (ਅਰ ਸਿਖਾਂ ਪ੍ਰਤੀ) ਗਿਆਨ ਦੇ ਪ੍ਰਕਾਸ਼ਨੇ ਵਾਲੇ (ਐਉਂ ਹਨ ਜਿਵੇਂ) ਦੀਪਕ ਨੂੰ ਅਗਨੀ (ਪ੍ਰਕਾਸ਼ਦੀ ਹੈ)। ਦਾਸਾਂ ਨੂੰ ਐਉਂ ਪਿਆਰੇ ਹਨ (ਕਿ ਜਿਵੇਂ) ਚਾਤ੍ਰਿਕ ਨੂੰ ਬੱਦਲ ਹੈ; ਪਾਪਾਂ ਲਈ (ਐਉਂ ਹਨ ਜਿਵੇਂ) ਸਰਪ ਲਈ ਗਰੁੜ। (ਗੱਲ ਕੀਹ, ਇਹ ਜੋ ਸ੍ਰੀ ਹਰਿਗੋਬਿੰਦ ਜੀ ਹਨ ਈਸ਼੍ਵਰ ਹੀ ਨਰ ਬਣਕੇ **ਧਨੁਖਧਾਰੀ** ਹੋ ਰਿਹਾ ਹੈ, (ਪਰ ਫੇਰ ਦੇਖੋ ਕਿ ਮਨੁੱਖ ਰੂਪ ਧਾਰਕੇ ਬੀ) ਉਹੋ (ਇਲਾਹੀ) ਰੰਗ ਹੈ (ਓਹੋ) ਜੋਤ ਹੈ।

**ਭਾਵ**—ਸਾਰੰਗ ਪਦ ਦੇ ਅਰਥ ੭੦ ਤੋਂ ਬੀ ਵਧੀਕ ਹਨ, ਇਸ ਲਈ ਇਸ ਸ੍ਵੈਯੇ ਦੇ ਅਰਥ ਲਾਉਣ ਵਿੱਚ ਗੁਣੀ ਗਿਆਨੀ ਰਤਾ ਭਿੰਨ ਭਿੰਨ ਰਹਿਕੇ ਕਈ ਅਰਥ ਲਾ ਲੈਂਦੇ ਰਹੇ ਹਨ, ਪਰ ਕਵੀ ਜੀ ਦੇ 'ਖਿਆਲ ਦੀ ਲੜੀ' ਜੋ ਸਾਰੇ ਛੰਦ ਵਿਚ ਹੈ ਓਹ ਸਾਰੇ ਅਰਥਾਂ ਵਿੱਚ ਅਣਮਿਲਵੀਂ ਰਹਿ ਜਾਂਦੀ ਹੈ। ਅਸਾਂ ਜੋ ਹੇਠਾਂ ਟੂਕ ਵਿਚ ਸੱਠਾਂ ਦੇ ਆਨ ਮਾਨ ਹੋਰ ਅਰਥ ਦਿੱਤੇ ਹਨ, ਹੋ ਸਕਦਾ ਹੈ ਕਿ ਇਨ੍ਹਾਂ ਤੋਂ ਸ੍ਵੈਯੇ ਦੇ ਹੋਰ ਅਰਥ ਲਾਉਣ ਦਾ ਜਤਨ ਬੀ ਹੋਵੇ, ਪਰ ਅਰਥ ਸਫਲ ਉਹੀ ਹੈ ਜਿਸ ਵਿੱਚ 'ਖਿਆਲ ਦੀ ਲੜੀ' ਪਰਸਪਰ ਪ੍ਰੋਤਵੀਂ ਦਿਸ ਪਵੇ, ਜੈਸੇ ਕਿ ਇਸ ਸ੍ਵੈਯੇ ਦੇ ਉਪਰ ਦਿੱਤੇ ਅਰਥਾਂ ਵਿੱਚ ਨਿਭੀ ਹੈ। ਹਰ ਸਤਰ ਵਿਛੋ ਲਿੱਤਰੀ ਰਹੇ ਤਦ ਤਾਂ—'ਸਾਰੰਗ' ਪਦ ਦੇ ਬਹੁਤੇ ਅਰਥ ਹੋਣ ਕਰਕੇ—ਕਈ ਅਰਥ ਲਗ ਜਾਣਗੇ ਪਰ ਸਫਲ ਨਹੀਂ ਹੋਣਗੇ, ਉਹਨਾਂ ਵਿੱਚ ਲੜੀ ਟੁੱਟ ਟੁੱਟ ਜਾਵੇਗੀ; ਉਪਰ ਦਿੱਤੇ ਅਰਥਾਂ ਵਿੱਚ ਖਿਆਲ ਦੀ ਲੜੀ ਲੱਭ ਪਈ ਹੈ, ਜਿਸ ਕਰਕੇ ਏਹ ਅਰਥ 'ਪਦਾਂ ਦੇ ਅਰਥ ਭਾਵਾਂ ਦੇ ਮੀਨਾਕਾਰ' ਕਵੀ ਜੀ ਦੇ ਆਸ਼ੇ ਦੇ ਬਹੁੰ ਨੇੜੇ ਜਾਂ ਢੁੱਕੇ ਜਾਪਦੇ ਹਨ।

*ਸਾਰੰਗ ਦੇ ਕੋਸ਼ ਕਾਰਾਂ ਨੇ ਇਹਨਾਂ ਅਰਥਾਂ ਤੋਂ ਬਿਨਾਂ, ਕਈ ਅਰਥ ਹੋਰ ਬੀ ਦਿੱਤੇ ਹਨ ਯਥਾ:— ਕੋਇਲ, ਬਾਜ਼, ਹੰਸ, ਮੋਰ, ਛਤਰ, ਸੋਨਾ, ਗਹਿਣਾ, ਤਾਲ, ਭੌਰਾ, ਕਪੂਰ, ਲਵਾ ਪੰਖੀ, ਚੰਦ੍ਰਮਾਂ, ਸਮੁੰਦਰ, ਪਾਣੀ, ਤੀਰ, ਪਪੀਹਾ, ਸ਼ਿਵ, ਕ੍ਰਿਸ਼ਨ ਜੀ, ਚੰਦਨ, ਪ੍ਰਿਥਵੀ, ਕੇਸ਼, ਚਮਕ, ਸ਼ੋਭਾ, ਇਸਤ੍ਰੀ, ਰਾਤ, ਦਿਨ, ਤਲਵਾਰ, ਕਬੂਤਰ, ਇਕ ਪ੍ਰਕਾਰ ਦਾ ਛੰਦ, ਮੋਤੀ, ਥਨ, ਹੱਥ, ਕਾਂ, ਨਛਤ੍ਰ, ਮਮੋਲਾ, ਡੱਡੂ, ਹੱਲ, ਅਕਾਸ਼, ਪੰਛੀ, ਚਿੜੀ, ਕੱਪੜਾ, ਕਾਮ, ਕੱਜਲ, ਬਿਜਲੀ, ਫੁੱਲ, ਇਕ ਰਾਗ, ਆਦਿ। ਡਿੰਗਲ ਭਾਸ਼ਾ ਵਾਲਿਆਂ ਨੇ 'ਸਾਰੰਗ' ਪਦ ਦੇ ਹੋਰ ਅਰਥ ਬੀ ਲਾਏ ਹਨ, ਓਹ ਇਹ ਹਨ:—ਵੀਣਾਂ, ਮੋਤੀ, ਕੱਚ, ਸ਼ਬਦ, ਤੋਤਾ, ਬੱਜ੍ਰ, ਨਾਰੀਅਲ, ਕੇਸਰ, ਪਰਬਤ, ਗਰੁੜ, ਆਦਿ।

## ੧੦. ਇਸ਼੍ਟ ਗੁਰੂ—ਸ਼੍ਰੀ ਗੁਰੂ ਹਰਿਰਾਇ ਜੀ—ਮੰਗਲ।

ਭਵ ਪਾਵਕ ਸਿੰਧੁ ਅਗਾਧ ਜਿਨੋਂ ਸ਼ਰਨਾ ਸਰਨਾ ਤ੍ਰਨਾ ਤਰਨਾ।
ਪਰ ਐਸ਼੍ਵਰਜ ਹੇਰਿ ਰਿਦੇ ਜਰਨਾ ਨਿਜ ਓਜ ਮਹਾਂ ਜਰਨਾ ਜਰਨਾ।
ਹਰਿਰਾਇ ਪ੍ਰਭੂ ਸਮ ਕੇਹਰਿ ਕੇ ਜਨ ਦੋਸ਼ ਕਰੇ ਹਰਨਾ ਹਰਨਾ।
ਕਹਿਨਾ ਕਹਿਨਾ ਫੂਲ* ਹੈ ਨ ਸੁਗੰਧਿ,ਗੁਰੂ ਕਰੁਨਾ ਕਰਨਾ ਕਰਨਾ॥੧੩॥

{ ਸ਼ਰਨਾ=ਸ਼ਰਨ। ਸਰਨਾ=ਸਰ + ਨਾ=ਜਾਚ ਨਹੀਂ ਹੈ।
ਤ੍ਰਨਾ=ਤਰਨਾ ਹੈ, ਪਾਰ ਉਤਰਨਾ ਹੈ।
ਤਰਨਾ=ਤਰ ਨਾ=ਤਰ ਨਹੀਂ ਸੱਕਣਾ। ਜਰਨਾ=ਸੜਨਾ ਹੈ।
ਜਰਨਾ=ਜਰ ਨਹੀਂ ਸੱਕਣਾ। ਜਰਨਾ=ਜਰ + ਨਾ=ਜੜ
ਨਹੀਂ ਰਹਿਣੀ। (ਅ) ਕਿਣਕਾ ਮਾਤ੍ਰ ਜ਼ਰਰਾ ਤੋਂ।
ਹਰਨਾ=ਹਰ ਲੈਣੇ ਹਨ। ਹਰਨਾ=ਹਰਨ, ਮਿਰਗ। ਕਹਿਨਾ=ਕਹਿਣਾ,
ਕਥਨੀ ਮਾਤ੍ਰ। ਕਹਿਨਾ=ਡੋਰੇ ਦਾ ਜਾਲਾ। ਗੁਰੂ ਕਰਨਾ=ਗੁਰੂ
ਜੀ ਦੀ ਮੇਹਰ। ਕਰਨਾ=ਕਰਤੱਤ। ਕਰਨਾ=ਸੰਗਤਰੇ ਕਿੰਬ,
ਖੱਟੇ ਆਦਿ ਦਾ ਫੁਲ ਜੋ ਬੜਾ ਸੁੰਦਰ ਤੇ ਸੁਗੰਧੀ ਵਾਲਾ ਹੁੰਦਾ ਹੈ। }

**ਅਰਥ**—ਸੰਸਾਰ (ਇਕ ਮਾਨੋਂ) ਅਗਨੀ ਦਾ ਅਗਾਧ ਸਾਗਰ ਹੈ, (ਇਥੇ) ਜਿਨ੍ਹਾਂ ਨੇ (ਸਤਿਗੁਰੂ ਹਰਿਰਾਇ ਜੀ ਦੀ ਸ਼ਰਨ ਲਈ ਹੈ, ਉਨ੍ਹਾਂ ਨੇ ਤ੍ਰਨਾ ਹੈ, ਤੇ ਜਿਨ੍ਹਾਂ ਨੂੰ (ਸ਼ਰਨ ਲੈਣ ਦੀ ਸਰ ਨਾ=) ਜਾਚ ਨਹੀਂ ਆਈ, ਉਨ੍ਹਾਂ ਨੇ (ਤਰ ਨਾ=) ਨਹੀਂ ਤਰ ਸੱਕਣਾ। ੨. (ਕਿਉਂਕਿ ਉਨ੍ਹਾਂ ਨੇ) ਪਰਾਏ ਐਸ਼੍ਵਰਜ ਨੂੰ ਵੇਖਕੇ ਦਿਲ ਵਿਚ ਸੜਨਾ ਹੈ; ਆਪਣੇ ਬਲਕਾਰ ਨੂੰ ਵੱਡਾ (ਜਾਣਕੇ) ਜਰ ਨਹੀਂ ਸਕਣਾ, (ਇਸ ਕਰਕੇ ਉਨ੍ਹਾਂ ਦੀ ਜਰ ਨਾ=) ਜੜ ਨਹੀਂ ਰਹਿਣੀ। ੩. (ਪਰ ਧੰਨ ਹਨ) ਗੁਰੂ ਹਰਿ ਰਾਇ ਪ੍ਰਭੂ ਜਿਨ੍ਹਾਂ ਨੇ ਜਨਾਂ ਦੇ ਕੀਤੇ ਦੋਸ਼ ਐਉਂ ਹਰ ਲੈਣੇ ਹਨ ਜਿਵੇਂ ਸ਼ੇਰ ਹਰਨ ਨੂੰ। ੪. ਕਹਿਣਾ (ਕਥਨੀ ਮਾਤ੍ਰ ਜੋ ਕੁਛ) ਹੈ, ਸੋ ਤਾਂ ਕਹਿਣੋ (ਡੋਰੇ ਦੇ ਜਾਲੇ ਵਤ ਹੈ) ਜੋ ਨਾਂ ਫੁਲ ਹੈ ਨਾਂ ਸੁਗੰਧੀ ਹੈ, ਕਰਨਾ (ਕਰਤੱਤ ਜਾਂ ਕਰਨੀ ਜੋ ਹੈ ਸੋ) ਗੁਰੂ ਮੇਹਰ ਨਾਲ (ਓਹਨਾਂ ਸੰਗਤਰੇ ਦੇ ਫੁਲਾਂ) ਸਮਾਨ (ਸੁੰਦਰ ਤੇ ਸੁਗੰਧਿਤ) ਹੈ।

**ਦੂਸਰਾ ਅਰਥ**—੧. ਜਿਨ੍ਹਾਂ ਨੇ ( ਗੁਰੂ ਹਰਿ ਰਾਇ ਜੀ ਦੀ ) ਸ਼ਰਨ (ਸ਼ਰਨਾ=) ਪ੍ਰਾਪਤ ਕੀਤੀ ਹੈ (ਉਨ੍ਹਾਂ ਨੇ) ਨਾਂ ਤਰੇ ਜਾਣ ਵਾਲੇ ਅਗਾਧ ਸੰਸਾਰ ਸਾਗਰ ਨੂੰ ਤਰ ਲੈਣਾ ਹੈ। (ਅ) ਜਿਨ੍ਹਾਂ ਨੇ ਸ਼ਰਨ ਲੈ ਲਈ ਓਹ ਇਉਂ ਤਰ ਗਏ ਜਿਵੇਂ ਜਹਾਜ ਤੇ ਬੈਠਕੇ ਸਮੁੰਦਰ ਤੋਂ ਤਰ ਜਾਈਦਾ ਹੈ। ੨. ਜੋ ਇਹ ਉਪਦੇਸ਼ ਦੇਂਦੇ ਹਨ:—)ਪਰਾਏ ਐਸ਼੍ਵਰਜ ਨੂੰ ਦੇਖਕੇ ਰਿਦੇ ਵਿਚ ਜੋਰਨਾਂ ਤੇ ਆਪਣੇ ਮਹਾਨ ਬਲ ਨੂੰ ਇਉਂ ਜਰਨਾ ਜੀਕੁਣ ਕਿਣਕਾ ਮਾਤ੍ਰ ਹੈ। ਯਾ ਨਿਜ ਮਹਾਨ ਓਜ ਨੂੰ ਜਰ ਜਾਓ ਜਰ ਜਾਓ।

---

*ਪਾ:—ਕਰਨਾ ਕਰਨਾ ਬਲ।

੪. ਕਹਿਣਾ ਤਾਂ ਭੌਰੇ ਦੇ ਜਾਲੇਵਤ ਹੈ, ਗੁਰੂ ਦੀ ਮਿਹਰ (ਕਹਿਣੇ ਨੂੰ) ਕਰਨਾ ਬਣਾ ਦੇਂਦੀ ਹੈ (ਜੋ) ਕਰਨੇ ਦੇ ਫੁਲ ਵਾਂਙੂ ਫੁਲ ਬੀ ਹੈ ਤੇ ਸੁਗੰਧੀ ਬੀ।

## ੧੧. ਇਸ਼੍ਟ ਗੁਰੂ—ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ—ਮੰਗਲ।

ਚੌਪਈ ॥ ਕ੍ਰਿਸ਼ਨ ਵਰਤਮਾ ਗੁਰ ਹਰਿ ਕ੍ਰਿਸ਼ਨ। ਕਾਨਨ ਕਲਿ ਕੇ ਕਲਮਲ ਕ੍ਰਿਸ਼ਨ। ਨਾਮ ਸਰੂਪ ਬਿਸ਼ਨੁ ਹਰਿ ਕ੍ਰਿਸ਼ਨ। ਸਿਮਰਹੁ ਬੰਦਹੁ ਹ੍ਵੈ ਕਬਿ ਕ੍ਰਿਸ਼ ਨ॥੧੪॥ ਕ੍ਰਿਸ਼ਿਨਿ ਗੁਨਨ ਗਨ ਮਨਹੁ ਕ੍ਰਿਸਾਨ। ਬੰਧਨ ਬੰਸਨਿ ਬਿਪਨ ਕ੍ਰਿਸਾਨ। ਜਿਨ ਕੇ* ਪੂਜਕ ਰੇਤ ਕ੍ਰਿਸਾਨ। ਸੋ ਸਰੂਪ ਸਤਿਗੁਰ ਭਗਵਾਨ॥ ੧੫ ॥

[ ਕ੍ਰਿਸ਼ਨ ਵਰਤਮਾ=ਬਲਦੀ ਅਗਨੀ ( ਦੇਖੋ ਰਾਸ ੧ ਅੰਸੂ ੧ ਅੰਕ ੧੫ ਦੇ ਪਦ ਅਰਥ)। ਹਰਿ ਕ੍ਰਿਸ਼ਨ=ਅੱਠਵੇਂ ਗੁਰੂ ਸਾਹਿਬ ਜੀ ਦਾ ਨਾਮ। ਕਾਨਨ ਕਲਿ ਕੇ ਕਲਮਲ ਕ੍ਰਿਸ਼ਨ=ਕਲਿਜੁਗ ਦੇ ਪਾਪਾਂ ਦਾ ਕਾਲਾ ਬਨ। ਬਿਸਨੁ=ਜੋ ਸਾਰੇ ਵ੍ਯਾਪਕ ਹੋਵੈ। ਪਰਮੇਸ਼ੁਰ (ਅ) ਅਗਨੀ। (ੲ) ਵਿਸ਼ਨੂੰ ਦੇਵਤਾ।

ਹਰਿਕ੍ਰਿਸ਼ਨ=ਅਕਾਲ ਪੁਰਖ, ਨਿਰਗੁਣ ਪਰਮਾਤਮਾ।

ਕ੍ਰਿਸ਼ ਨ=ਕ੍ਰਿਸ਼ਜ+ਨ=ਮਾੜੇ ਨ ਹੋਣਾ। ਹਾਨੀ ਬਿਘਨ ਨਾ ਹੋਣਾ।

ਕ੍ਰਿਸ਼ਿਨਿ ਗੁਨਨਿ=ਗੁਣਾਂ ਰੂਪੀ ਖੇਤੀ ਦੇ। [ਕ੍ਰਿਖਿ=ਖੇਤੀ]।

ਕ੍ਰਿਸਾਨ=ਕਿਰਸਾਨ, ਰਾਹਕ। ਬੰਧਨ ਬੰਸਨਿ=ਬੰਧਨਾਂ ਰੂਪੀ ਬਾਂਸਾਂ ਦੇ। ਕ੍ਰਿਸਾਨ=ਅਗਨੀ।

'ਜਿਨਕੇ ਪੂਜਕ ਰੇਤ ਕ੍ਰਿਸਾਨ'=ਅਕਸਰ ਗਿਆਨੀ ਇਸ ਤੁਕ ਦਾ ਪਾਠ ਇਉਂ ਕਰਦੇ ਹਨ:—'ਜਿਨ ਕੋ ਪੂਜ ਕਰੇਤ ਕ੍ਰਿਸਾਨ' ਤੇ ਕ੍ਰਿਸਾਨ ਦਾ ਅਰਥ ਅਗਨੀ ਉਪਲਖਤ ਦੇਉਤੇ ਲਾਉਂਦੇ ਹਨ। ਪ੍ਰੰਤੂ ਸ੍ਰੀ ਪੂਜ ਪਿਤਾ ਜੀ† ਦੀਆਂ ਕੋਈ ਕੋਈ ਯਾਦਦਾਸ਼ਤਾਂ, ਜੋ ਇਸ ਗ੍ਰੰਥ ਸਬੰਧੀ ਲੱਭਦੀਆਂ ਹਨ, ਉਨ੍ਹਾਂ ਵਿਚ ਇਸ ਤੁਕ ਦਾ ਪਾਠ ਐਉਂ ਆਪ ਨੇ ਲਿਖਿਆ ਹੈ:— 'ਜਿਨਕੇ ਪੂਜਕ ਰੇਤ ਕ੍ਰਿਸਾਨ'। 'ਕ੍ਰਿਸਾਨੁ ਰੇਤਸ੍' ਨਾਮ 'ਸ਼ਿਵ ਜੀ' ਦਾ ਹੈ। ਇਹ ਅਰਥ ਸਹੀ ਹੈ ਕਿਉਂਕਿ ਕਵਿ ਜੀ ਆਪਣੇ ਕੋਸ਼ ਵਿਚ ਸ਼ਿਵਜੀ ਦੇ ਨਾਵਾਂ ਵਿਚ 'ਕ੍ਰਿਸਾਨ ਰੇਤਾ' ਪਦ

*੧੯੧੨ ਵਾਲੇ ਨੁਸਖੇ ਵਿਚ ਪਾਠ 'ਕੇ' ਹੈ ਜੋ ਦਰੁਸਤ ਹੈ, ਮਗਰੋਂ ਦੇ ਕਈ ਲਿਖਤੀਆਂ ਤੇ ਛਾਪੇ ਦਿਆਂ ਵਿਚ ਪਾਠ 'ਰੇ' ਹੈ ਜੋ ਅਸ਼ੁੱਧ ਹੈ ਤੇ ਇਹੋ ਗ਼ਲਤੀ ਗੁਣੀ ਜਨਾਂ ਨੂੰ ਅਰਥ ਲਾਉਣ ਵਿਚ ਟਪਲਾ ਦੇਂਦੀ ਰਹੀ ਹੈ।

†ਸ੍ਰੀਮਾਨ ਸਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ ਸਾਹਿਬ।

ਦੇਂਦੇ ਹਨ ( ਵਰਗ ੨ ਅੰਕ ੨੫ ) ਪਰ ਕ੍ਰਿਸਾਨ ਪਦ ਦਾ ਅਰਥ ਦੇਵਤਾ ਕੋਈ ਨਹੀਂ ਦੇਂਦੇ। ਸੰਸਕ੍ਰਿਤ ਕੋਸ਼ਾਂ ਵਿਚ 'ਕ੍ਰਿਸਾਨੁ' ਨਾਮ ਸੋਮਾਰਸ ਦੇ ਰਖਯਕ ਦਾ ਬੀ ਹੈ ਜੋ ਕਈ ਵੇਰ ਰੁਦ੍ਰ ਨਾਲ ਅਭੇਦ ਸਮਝਿਆ ਜਾਂਦਾ ਹੈ। ਤੇ 'ਕ੍ਰਿਸਾਨੁਰੇਤਸ੍'*=ਨਾਮ ਸ਼ਿਵ ਜੀ ਦਾ ਹੈ।

**ਅਰਥ—** ੧, ੨.(ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਕਲਜੁਗ ਦੇ ਕਾਲੇ ਬਨ ਨੂੰ ਬਲਦੀ ਅਗਨੀ ਵਤ(ਨਾਸ਼ ਕਰਤਾ)ਹਨ। ੩. (ਕ੍ਰਿਸ਼ਨ) ਨਾਮ ਤੋਂ ਤੇ (ਐਸ਼੍ਵਰਜ ਵਾਲੇ) ਸਰੂਪ ਤੋਂ ਵਿਸ਼ਨੂੰ (ਜਾਪਦੇ ਹਨ ਪਰ ਹੈਨ ਆਪ ਹਰਿ ਕ੍ਰਿਸ਼ਨ, ਅਰਥਾਤ) ਅਕਾਲ ਪੁਰਖ। ੪.(ਜੇ ਉਨ੍ਹਾਂ ਨੂੰ) ਸਿਮਰੀਏ ਤੇ ਬੰਦਨਾਂ ਕਰੀਏ ਤਾਂ ਕਦੇ ਹਾਨੀ ਨਹੀਂ ਹੋਵੇਗੀ ॥ ੧੪ ॥

੧. (ਆਪ ਗੁਰੂ ਜੀ ਸਮੂਹ ਗੁਣਾਂ ਰੂਪੀ ਖੇਤੀ ਦੇ (ਰੱਖ੍ਯਾ ਵਾ ਪਾਲਨ ਲਈ) ਕਿਰਸਾਨ ਵਤ ਹਨ। ੨. (ਤੇ ਦਾਸਾਂ ਦੇ) ਬੰਧਨਾਂ ਰੂਪੀ ਬਾਂਸਾਂ ਦੇ ਬਨ ਨੂੰ ਅਗਨੀ ਤੁੱਲ ਦਾਹ ਕਰਨ ਵਾਲੇ) ਹਨ, ੩. ੪. (ਹਾਂ) ਉਸ ਭਗਵਾਨ ਦਾ ਸਤਿਗੁਰੂ ਜੀ ਸਰੂਪ ਹਨ ਕਿ ਜਿਨ੍ਹਾਂ ਦੀ ਸ਼ਿਵ ਜੀ ਬੀ ਪੂਜਾ ਕਰਦੇ ਹਨ।

**ਭਾਵ—**ਕਵਿ ਜੀ ਬਨਾਂ ਨੂੰ ਦਾਹ ਕਰਨੇ ਵਾਲੀ ਅਗਨੀ ਦੇ ਰੂਪਕ ਵਿਚ ਗੁਰੂ ਜੀ ਨੂੰ ਪ੍ਰਜੁਲਤ ਅਗਨੀ ਦਾ ਦ੍ਰਿਸ਼੍ਟਾਂਤ ਦੇਂਦੇ ਹਨ, ਪਦ 'ਕ੍ਰਿਸ਼ਨ ਵਰਤਮਾ' ਅਗਨੀ ਦਾ ਵਾਚਕ ਤੇ 'ਕ੍ਰਿਸ਼ਾਨੁ' ਬੀ ਨਾਮ ਅਗਨੀ ਦਾ ਹੈ। 'ਵਿਸ਼ਨੁ' ਪਦ ਦਾ ਬੀ ਇਕ ਅਰਥ ਅਗਨੀ ਹੈ। ਇਸ ਕਟਾਖ੍ਯ ਨੂੰ ਨਿਬਾਹੁਣ ਲਈ ਪਦ 'ਬਿਸਨ' ਵਰਤਿਆ ਹੈ, ਪਰ ਏਥੇ ਵਿਸ਼ਨੂ ਦੀ ਐਸ਼੍ਵਰਜ ਤੇ ਵਿਭੂਤੀ ਤੋਂ ਮੁਰਾਦ ਲੈਕੇ ਉਨ੍ਹਾਂ ਨੂੰ ਵਿਸ਼ਨੂੰ ਤੋਂ ਵਿਸ਼ੇਸ਼ ਦੱਸ ਰਹੇ ਹਨ, ਅਖੀਰਲੀ ਤੁਕ ਵਿਚ ਗੁਰੂ ਜੀ ਨੂੰ ਸ਼ਿਵਜੀ ਦੇ ਪੂਜ੍ਯ ਵਰਣਨ ਕਰਦੇ ਹਨ। ਇਸ ਤੁਕ ਦਾ ਅਰਥ ਭਾਵ ਐਉਂ ਬੀ ਲਗਦਾ ਹੈ:—

ਨਾਮ ਕਰਕੇ 'ਕ੍ਰਿਸ਼ਨ' ਹੋ ਕਿਉਂਕਿ ਆਪ ਦੇ ਨਾਮ ਵਿਚ ਪਦ 'ਕ੍ਰਿਸ਼ਨ' ਆਇਆ ਹੈ, ਰੂਪ ਕਰਕੇ ਹਰੀ (=ਵਿਸ਼ਨੂ) ਹੋ, ਕਿਉਂਕਿ ਹਰੀ ਵਾਲੀ ਵਿਭੂਤੀ ਦੇ ਮਾਲਕ ਹੋ, ਪਰ ਪੂਰਾ ਨਾਮ 'ਹਰੀ ਕ੍ਰਿਸ਼ਨ' ਹੋਣ ਕਰਕੇ ਦੁਹਾਂ ਤੋਂ ਸ੍ਰੇਸ਼ਟ ਹੋ, ਕਿਉਂਕਿ 'ਹਰਿ ਕ੍ਰਿਸ਼ਨ' ਨਾਮ ਅਕਾਲ ਪੁਰਖ ਦਾ ਹੈ, ਜਿਸ ਦੇ ਪੂਜਕ ਵਿਸ਼ਨੂੰ ਤੇ ਕ੍ਰਿਸ਼ਨ ਦੁਇ ਹਨ। ਇਸ ਛੰਦ ਦੀ ਪਹਿਲੀ ਤੁਕ ਵਿਚ 'ਹਰਿ ਕ੍ਰਿਸ਼ਨ' ਪਦ ਅੱਠਵੇਂ ਗੁਰੂ ਸਾਹਿਬਾਂ ਦਾ ਵਾਚਕ ਹੋਣ ਦੇ ਅਰਥਾਂ ਵਿਚ ਆ ਚੁਕਾ ਹੈ, ਤੇ ਕਵੀ ਜੀ ਦੂਸਰੀ ਵੇਰ ਇਕੋ ਪਦ ਨੂੰ ਉਹਨਾਂ ਹੀ ਅਰਥਾਂ ਵਿਚ ਪੁੱਟ ਵਰਤਦੇ ਹਨ, ਇਸ ਕਰਕੇ ਇਸ ਤੁਕ ਵਿਚ 'ਹਰਿ ਕ੍ਰਿਸ਼ਨ' ਅਕਾਲ ਪੁਰਖ ਦਾ ਵਾਚਕ ਹੈ।

## ੧੨ ਇਸ਼੍ਟ ਗੁਰੂ—ਸ੍ਰੀ ਗੁਰੂ ਤੇਗ ਬਹਾਦਰ ਜੀ—ਸੈਨਗਾਲ।

**ਸਿਖ ਬਿਕਾਰ ਪਰਹਰਨ ਬਹਾਦੁਰ। ਜਿਸ ਕਰੁਨਾ ਸਭਿ ਥਾਨ ਮਹਾਦਰ।**
**ਹਿਯ ਤੇ ਸਿਮਰਤਿ ਜਤਕਤ ਹਾਦਰ। ਨਮੋ ਨਮੋ ਸ਼੍ਰੀ ਤੇਗ ਬਹਾਦਰ॥੧੬॥**

---

*ਕ੍ਰਿਸ਼ਾਨੁ=ਅਗਨੀ + ਰੇਤਸ੍=ਬੀਰਜ=ਅਗਨੀ ਜਿਸ ਦਾ ਬੀਰਜ ਹੈ, ਸੋ ਸ਼ਿਵ ਜੀ।

{ ਮਹਾਦਰ=ਬੜਾ ਆਦਰ। [ਮਹ+ਆਦਰ]।
ਹਾਦਰ=ਮੌਜੂਦ, ਪ੍ਰਗਟ [ਅ਼:, ਹਾਜ਼ਰ]। }

**ਅਰਥ**–(ਸ੍ਰੀ ਸਤਿਗੁਰੂ ਤੇਗ ਬਹਾਦਰ ਜੀ) ਸਿੱਖਾਂ ਦੇ ਵਿਕਾਰ ਨਾਸ਼ ਕਰਨ ਵਿਚ (ਬੜੇ) ਬਹਾਦਰ ਹਨ ਤੇ ਜਿਨ੍ਹਾਂ ਦੀ ਮੇਹਰ ਨਾਲ ਹਰ ਥਾਂ ਬੜਾ ਆਦਰ (ਪਾਈਦਾ ਹੈ)। ਹਿਰਦੇ ਨਾਲ ਸਿਮਰਨ ਕੀਤਿਆਂ ਹਰ ਥਾਂ ਹਾਜ਼ਰ ਹੁੰਦੇ ਹਨ। (ਐਸੇ) ਸ੍ਰੀ (ਗੁਰੂ) ਤੇਗ ਬਹਾਦਰ ਜੀ ਨੂੰ (ਮੇਰੀ) ਨਮਸਕਾਰ ਹੈ, (ਮੇਰੀ) ਨਮਸਕਾਰ ਹੈ।

## ੧੩. ਇਸ਼੍ਟ ਗੁਰੂ–ਸ੍ਰੀ ਗੁਰੂ ਗੋਬਿੰਦ ਸਿੰਘ ਜੀ–ਮੰਗਲ।

**ਸੈਯਾ–ਬਾਰੀ ਰਚੀ ਜਸ ਉੱਜਲ ਕੀ ਬਿਕਸੇ ਜਿਮ ਫੂਲ ਸਦਾ ਸੁਖਬਾਰੀ।**
**ਬਾਰੀ ਏ ਬਾਰੀ ਰਟੇ ਜਿਸ ਨਾਮ ਉਧਾਰਤਿ ਹੈਂ ਜਗ ਜੋ ਨਿਧਿ ਬਾਰੀ।**
**ਬਾਰੀ ਗੁਰੂ ਪਰ, ਪੰਥ ਸ਼ੁਰੂ ਕਿਯ, ਪੈ ਸ਼ਰਨੀ, ਕਰੀਏ ਨ ਅਬਾਰੀ।**
**ਬਾਰੀ ਬਚਨ ਹਰੈ ਮਲ ਪਾਪਨਿ ਸੂਯਤਿ ਸਿੱਖ ਸਦਾ ਪਰਬਾਰੀ ॥ ੧੭ ॥**

{ ਬਾਰੀ=ਬਗੀਚੀ। ਵਾੜੀ। ਸੁਖਬਾਰੀ=ਸੁਖ ਵਾਲੀ। ਜਿਸ ਵਿਚ ਸੁਖ ਹੋਵੇ। ਹਿੰਦੀ ਮੁਹਾਵਰੇ ਵਿਚ 'ਸੁਖਵਾਰੀ' ਤੇ 'ਸੁਖਬਾਰੀ' 'ਖੁਸ਼' 'ਪ੍ਰਸੰਨ' ਨੂੰ ਬੀ ਕਹਿੰਦੇ ਹਨ।
ਬਾਰੀ ਏ ਬਾਰੀ=ਬਾਰੰਬਾਰ। ਨਿਧਿਬਾਰੀ=ਨਿਧਿ ਬਾਰੀ= ਖਜ਼ਾਨਾ ਪਾਣੀ ਦਾ, ਭਾਵ ਸਾਗਰ। ਜਗ ਜੋ ਨਿਧਿਬਾਰੀ=ਜੋ ਸੰਸਾਰ ਸਾਗਰ ਹੈ। ਬਾਰੀ=ਵਾਰੀ, ਕੁਰਬਾਨ।
ਕਰੀਏ ਨ ਅਬਾਰੀ=ਛੇਰ ਨਾ ਕਰੋ, ਅਵੇਰ ਨਾ ਕਰੋ।
ਬਾਰੀ ਬਚੰਨ=ਬਚਨ ਰੂਪੀ ਜਲ। (ਅ) ਈਸ਼੍ਵਰੀਯ ਵਾਕ [ਅ਼:, ਬਾਰੀ=ਰੱਬ]।
ਪਰਬਾਰੀ=ਪਰਵਾਰਕੇ, ਘੇਰਾ ਪਾਕੇ। (ਅ) ਕੁਰਬਾਨ ਹੋ ਹੋਕੇ। ਵਾਰਨੇ ਜਾ ਜਾਕੇ। }

**ਅਰਥ**–੧. (ਸਾਹਿਬ ਕਲਗੀਧਰ ਜੀ ਨੇ ਜਗਤ ਨੂੰ) ਸਦਾ ਸੁਖ ਦੇਣ ਵਾਲੀ ਉੱਜਲ ਜਸ ਦੀ ਬਗੀਚੀ ਰਚੀ ਹੈ, ਜੋ ਫੁਲਾਂ ਵਾਂਙੂ ਪ੍ਰਫੁੱਲਤ ਹੈ। ੨. ਜਿਸ (ਸਾਹਿਬ ਕਲਗੀਧਰ ਜੀ) ਦਾ (ਪਰਮ ਪਾਵਨ) ਨਾਮ ਬਾਰੰਬਾਰ ਉਚਾਰਿਆਂ ਸੰਸਾਰ ਸਾਗਰ ਤੋਂ (ਉਚਾਰਨ ਵਾਲੇ ਨੂੰ (ਆਪ) ਤਾਰ ਦਿੰਦੇ ਹਨ, ੩. (ਐਸੇ ਸ੍ਰੀ) ਗੁਰੂ ਜੀ ਉਪਰ (ਮੈਂ) ਕੁਰਬਾਨ ਜਾਂਦਾ ਹਾਂ; (ਜਿਨ੍ਹਾਂ ਖਾਲਸਾ) ਪੰਥ ਸ਼ੁਰੂ ਕੀਤਾ, (ਹੇ ਮੇਰੇ ਮਨ ਤੂੰ) ਦੇਰ ਨ ਕਰ (ਝਟ) ਸ਼ਰਨ ਵਿਚ ਪੈਜਾ, ੪. (ਕਿਉਂਕਿ ਦਾਤਾ ਜੀ ਦਾ) ਬਚਨਾਂ ਰੂਪੀ ਜਲ ਪਾਪਾਂ (ਰੂਪੀ) ਮੈਲ ਨੂੰ ਨਾਸ਼ ਕਰ ਦਿੰਦਾ ਹੈ ਤੇ (ਤੇ ਏਸੇ ਲਈ ਸਾਹਿਬਾਂ ਦੇ ਵਾਕ) ਸਦਾ ਸਿੱਖ ਘੇਰਾ ਪਾਕੇ ਸੁਣਦੇ ਰਹਿੰਦੇ ਹਨ।

**ਭਾਵ**–ਇਸ ਛੰਦ ਦੀ ਦੂਸਰੀ ਤੁਕ ਵਿੱਚ 'ਉਧਾਰਤ ਹੈਂ' ਦੇ 'ਹੈਂ' ਪਦ ਨੂੰ ਬਿੰਦੀ ਲਗੀ ਹੈ (੧੯੧੨ ਵਾਲੇ ਨੁਸਖੇ ਵਿੱਚ), ਜਿਸ ਵਾਸਤੇ ਅਰਥ ਕਰਨਾ ਪੈਂਦਾ ਹੈ ਕਿ ਗੁਰੂ ਜੀ ਉਧਾਰਦੇ ਹਨ, ਜੇ 'ਹੈਂ' ਤੇ ਬਿੰਦੀ ਨਾ ਹੋਵੇ ਤਾਂ ਅਰਥ ਬਣੇਗਾ ਕਿ ਉਹਨਾਂ ਦਾ ਨਾਮ ਉੱਚਾਰਨ

ਵਾਲਿਆਂ ਨੂੰ ਨਾਮ ਸਿਮਰਨ ਤੋਂ ਉਧਾਰ ਦੇਂਦਾ ਹੈ। ਇਸ ਛੰਦ ਦੀ ਛੇਕੜਲੀ ਤੁਕ ਵਿਚ ਕਵੀ ਜੀ ਨੇ ਦਸਵੇਂ ਸਾਹਿਬਾਂ ਦੀ ਬਾਣੀ ਪੜ੍ਹਨ ਦਾ ਭੀ ਉਪਦੇਸ਼ ਦਿੱਤਾ ਹੈ।

## ੧੪ ਇਸ਼ਟ ਗੁਰੂ—ਦਸੋ ਗੁਰੂ ਸਾਹਿਬਾਂ ਦਾ—ਮੰਗਲ।

ਬਾਵਨ ਹ੍ਵੈ ਬਲ ਰਾਇ ਬੰਧਨੇ, ਬਲ ਬਾਲਿ ਬਧਯੋ, ਪੁਨ ਭੇ ਨਰ ਸਿੰਘ।
ਕੱਛਪ, ਮੱਛ, ਬਰਾਹ ਬਨੇ* ਮ੍ਰਿਗ ਰਾਖਸ਼ ਦੈਂਤ ਹਤੇ ਜਿਮ ਸਿੰਘ।
ਰਾਮ ਭੁਏ, ਦ੍ਵਿਜ ਰਾਮ ਭੁਏ, ਘਨਸ਼੍ਯਾਮ ਭਏ ਧਰ ਮੈਂ ਨਰ ਸਿੰਘ।
ਸੋ ਕਲਿ ਮਹਿਂ ਗੁਰਨਾਨਕ ਰੂਪ ਦਸੋ ਤਨ ਭੇ ਲਗ ਗੋਬਿੰਦਸਿੰਘ ॥੧੯॥

ਬਾਵਨ ਹ੍ਵੈ=ਬਾਵਨ ਅਵਤਾਰ ਹੋਕੇ। ਬਲਰਾਇ=ਬਲਿ ਰਾਜਾ, ਜਿਸ ਨੂੰ ਬਾਵਨ ਰੂਪ ਹੋਕੇ ਛਲਿਆ। ਬਲ=ਬਲ ਵਾਲਾ। ਬਾਲਿ=ਬਾਲੀ। ਜੇ 'ਬਲ ਬਾਲਿ' ਦਾ ਅਰਥ ਬਲ ਵਾਲਾ ਲਾਕੇ ਮੁਰਾਦ ਹਿਰਨਕੱਸਪ ਦੀ ਲਈਏ ਤਾਂ ਗ਼ਲਤ ਹੈ, ਕਿਉਂਕਿ ਅੱਗੇ ਪਦ ਪਿਆ ਹੈ, 'ਪੁਨ ਭੇ', ਜਿਸਦਾ ਸਪਸ਼ਟ ਅਰਥ ਹੈ ਕਿ ਬਲ ਬਾਲਿ ਨੂੰ ਬੱਧ ਕਰਕੇ ਮਗਰੋਂ ਨਰਸਿੰਘ ਹੋਏ।
ਬਧਯੋ=ਬੰਨ੍ਹ ਲਿਆ। ਭਾਵ ਉਸ ਨੂੰ ਉਸਦੇ ਵਚਨਾਂ ਨਾਲ ਬੰਨ੍ਹ ਲਿਆ।
ਨਰਸਿੰਘ=ਨਰਸਿੰਘ ਅਵਤਾਰ, ਪ੍ਰਹਿਲਾਦ ਦੀ ਰੱਖਯਾ ਜਿਸ ਨੇ ਕੀਤੀ ਸੀ।
ਕੱਛਪ, ਮੱਛ, ਬਰਾਹ=ਇਹ ਤਿੰਨੇ ਵਿਸ਼ਨੂੰ ਦੇ ਅਵਤਾਰ ਗਿਣੇ ਜਾਂਦੇ ਹਨ।
ਰਾਮ=ਰਾਮਚੰਦ੍ਰ ਜੀ। ਦ੍ਵਿਜਰਾਮ=ਪਰਸਰਾਮ।
ਘਨਸ਼੍ਯਾਮ=ਕ੍ਰਿਸ਼ਨ ਜੀ। ਨਰਸਿੰਘ=ਨਰਾਂ ਵਿਚੋਂ ਸ਼ੇਰ ਰੂਪ।
ਸੋ=ਉਸੀ ਤਰ੍ਹਾਂ, ਤਿਵੇਂ। (ਅ) ਉਹ। ਦਸੋ ਤਨ=ਭਾਵ ਦਸੋ ਗੁਰੂ ਸਾਹਿਬ।

**ਅਰਥ**—੧. (ਪਹਿਲੋਂ) ਬਾਵਨ ਹੋਕੇ ਬਲ ਰਾਜਾ ਨੂੰ ਬੰਨ੍ਹਿਆ, (ਫੇਰ ਰਾਮ ਹੋਕੇ) ਬਲਵਾਨ ਬਾਲੀ ਨੂੰ ਮਾਰਿਆ, ਫਿਰ ਨਰਸਿੰਘ ਰੂਪ ਹੋਏ। ੨. ਕੱਛ ਮੱਛ (ਹੋਏ ਤੇ) ਵੈਰਾਹ ਅਵਤਾਰ ਹੋਕੇ ਮ੍ਰਿਗਾਂ ਰੂਪ ਰਾਕਸ਼ਾਂ ਤੇ ਦੈਂਤਾਂ ਨੂੰ ਸ਼ੇਰ ਵਤ ਨਾਸ਼ ਕੀਤਾ। ੩. (ਹਾਂ) ਰਾਮਚੰਦ੍ਰ (ਰੂਪ) ਹੋਏ, (ਫੇਰ) ਪਰਸਰਾਮ ਹੋਏ, ਫੇਰ ਕ੍ਰਿਸ਼ਨ ਰੂਪ ਵਿਚ ਧਰਤੀ ਤੇ ਨਰਾਂ ਵਿਚੋਂ ਸ਼ੇਰ ਰੂਪ ਪ੍ਰਗਟ ਹੋਏ, ੪. ਉਸੀ ਤਰ੍ਹਾਂ ਕਲਜੁਗ ਵਿਚ ਦਸੋਂ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ (ਵਾਹਿਗੁਰੂ) ਜੀ ਦਾ ਰੂਪ ਹੋਏ ਹਨ।

ਭਾਵ—ਜਿਵੇਂ ਪਿਛਲੇ ਤਿੰਨਾਂ ਜੁਗਾਂ ਵਿਚ ਦਸ ਅਵਤਾਰ ਹੋਏ ਹਨ ਜੋ ਵਿਸ਼ਨੂੰ ਦਾ ਰੂਪ ਹੋਏ ਹਨ, ਤਿਵੇਂ ਕਲਜੁਗ ਵਿਚ ਦਸੋ ਗੁਰੂ ਸਾਹਿਬਾਨ ਗੁਰੂ ਗੋਬਿੰਦ ਸਿੰਘ ਜੀ ਤਕ ਵਾਹਿਗੁਰੂ ਜੀ ਦਾ ਰੂਪ ਹੋਏ ਹਨ। ਜੇ 'ਸੋ' ਦਾ ਅਰਥ 'ਉਹੀ' ਕਰੀਏ ਤਾਂ ਇਹ ਅਰਥ ਬਣੇਗਾ:—ਕਿ ਉਹੀ ਦਸੋ ਹੀ ਕਲਿਜੁਗ ਵਿਚ ਦਸ ਰੂਪ ਗੁਰੂ ਗੋਬਿੰਦ ਸਿੰਘ ਜੀ ਤਕ ਹੋਏ

*ਪਾ:—ਹਨੇ।

ਹਨ। ਪਰ ਇਸ ਵਿੱਚ ਵਿਰ ਦੂਸ਼ਨ ਪੈਂਦਾ ਹੈ ਕਿ ਕਵੀ ਜੀ ਪਿੱਛੇ ਸਾਰੇ ਵਿਸ਼ੇਸ਼ਤਾ ਯਾ ਸਦਰਸ਼ਤਾ ਦਿਖਾਉਂਦੇ, ਗੁਰੂ ਸਾਹਿਬਾਂ ਦੀ ਵਿਸ਼ੇਸ਼ਤਾ ਵਿਚ ਚਲੇ ਜਾਂਦੇ ਰਹੇ ਹਨ। ਜੈਸੇ ਕਿ ਇਸੇ ਅੰਸੂ ਦੇ ਅੰਕ ੧੦ ਵਿੱਚ ਵਿਸ਼ਨੂੰ ਨੂੰ ਗੁਰੂ ਸਾਹਿਬਾਂ ਦੀ ਪੂਜਾ ਕਰਨ ਵਾਲਾ ਦੱਸ ਆਏ ਹਨ ਜਿਸ ਦੇ ਕਿ ਏਹ ਸਾਰੇ ਅਵਤਾਰ ਹਨ, ਯਥਾ:—'ਹਰਿ ਪੂਜਤ ਹੈ ਜਿਨ'। ਇਸੀ ਤਰ੍ਹਾਂ ਅੰਕ ੧੫ ਵਿਚ ਗੁਰੂ ਸਾਹਿਬ ਜੀ ਨੂੰ 'ਸ਼ਿਵ ਜੀ' ਦਾ ਪੂਜਜ ਕਹਿ ਆਏ ਹਨ। ਸ਼ਿਵ ਵਿਸ਼ਨੂੰ ਬ੍ਰਹਮਾ ਇਕੋ ਪਾਏ ਦੇ ਦੇਵਤੇ ਹਨ। ਸ੍ਰੀ ਗੁਰੂ ਜੀ ਨੇ ਤ੍ਰੈਹਾਂ ਹੀ ਬਾਬਤ ਫੁਰਮਾਇਆ ਹੈ:—"ਓਹੁ ਵੇਖੈ ਓਨਾ ਨਦਰਿ ਨ ਆਵੈ"। ਇਸ ਛੰਦ ਦੀ ਗੇਣਤੀ ਵਿਚ ਦਸ ਅਵਤਾਰ ਬੀ ਨਹੀਂ ਗਿਣੇ ਗਏ ਬੁੱਧ ਤੇ ਕਲਕੀ ਰਹਿ ਗਏ ਹਨ। ੧. ਬਾਵਨ, ੨. ਰਾਮ, ੩. ਨਰਸਿੰਘ, ੪. ਕੱਛ, ੫. ਮੱਛ, ੬. ਬਰਾਹ, ੭. (ਦੁਬਾਰਾ ਰਾਮ) ਪਰਸਰਾਮ, ੮. ਕ੍ਰਿਸ਼ਨ। 'ਸੋ' ਪਦ ਜੇ ਦਸਾਂ ਪਹਿਲੇ ਅਵਤਾਰਾਂ ਦੀ ਸੰਭਾਵਨਾ ਕਰਦਾ ਹੈ, ਤਾਂ ਗੇਣਤੀ ਬੀ ਪੂਰੀ ਨਹੀਂ ਹੋਈ। ਫਿਰ ਰਾਮ ਦੋ ਵੇਰੀ ਗਿਣਿਆ ਹੈ। ਇਕ ਬਾਲੀ ਦੇ ਬੱਧ ਵੇਲੇ ਤੇ ਫਿਰ 'ਰਾਮ ਭਏ' ਕਿਹਾ ਹੈ, ਇਹ ਪੁਨਰੁਕਤੀ ਦੂਸ਼ਣ ਹੈ, ਇਕ ਵੇਰੀ ਰਾਮ ਨਰਸਿੰਘ ਤੋਂ ਪਹਿਲਾਂ ਤੇ ਇਕ ਵੇਰੀ ਪਿੱਛੋਂ ਗਿਣਿਆ ਹੈ, ਇਹ ਕ੍ਰਮ ਦੂਸ਼ਣ ਹੈ। ਕਵੀ ਜੀ ਉੱਚੇ ਪਾਏ ਦੇ ਕਵੀ ਹਨ, ਉਨ੍ਹਾਂ ਤੋਂ ਇਹ ਗੱਲਾਂ ਪੈ ਜਾਣੀਆਂ ਸੰਭਵ ਨਹੀਂ। ਇਸ ਕਰਕੇ ਇਸ ਛੰਦ ਦਾ ਭਾਵ ਇਹੋ ਠੀਕ ਜਾਪਦਾ ਹੈ ਕਿ ਸੋ ਦਾ ਅਰਥ ਤਿਵੇਂ ਹੈ। ਏਸੇ ਅੰਸੂ ਦੇ ਅੰਕ ੬ ਵਿਚ ਗੁਰੂ ਸਾਹਿਬ ਨੂੰ ਪਾਰ ਬ੍ਰਹਮ ਦਾ ਅਵਤਾਰ ਦੱਸ ਆਏ ਹਨ ਤੇ ਐਉਂ ਵਿਸ਼ਨੂੰ ਦੇ ਅਵਤਾਰਾਂ ਤੋਂ ਗੁਰੂ ਅਵਤਾਰ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਕਾਇਮ ਕਰ ਆਏ ਹਨ।

## [ਭੂਮਿਕਾ ਤੇ ਅਰਦਾਸ]

| ਮੂਲ | ਅਰਥ |
|---|---|
| ਚੌਪਈ—<br>ਦਸਹੁੰ ਗੁਰਨਿ ਕੀ ਕਰੁਨਾ ਪਾਈ।<br>ਦਸਹੁੰ ਗੁਰਨਿ ਕੀ ਕਥਾ ਬਨਾਈ।<br>ਪੁਨਪੁਨ ਧਰ ਪਰ ਧਰਿਧਰਿਸਿਰ ਕੋ।<br>ਬੰਦਨ ਕਰੌਂ ਪ੍ਰੇਮ ਕਰਿਉਰ ਕੋ।੧੯। | ਦਸਾਂ ਹੀ ਗੁਰਾਂ ਦੀ ਮਿਹਰ ਪਾ ਕਰਕੇ (ਮੈਂ) ਦਸਾਂ ਹੀ ਸਤਿਗੁਰਾਂ ਦੀ ਕਥਾ ਬਣਾਈ ਹੈ (ਇਸ ਮਹਾਨ ਕਾਰਜ ਦੀ ਸਮਾਪਤੀ ਤੇ ਮੈਂ) ਬਾਰ ਬਾਰ ਧਰਤੀ ਤੇ ਸਿਰ ਧਰ ਧਰਕੇ ਦਿਲੀ ਪ੍ਰੇਮ ਨਾਲ (ਦਸੋ ਗੁਰੂ ਸਾਹਿਬਾਂ ਨੂੰ) ਨਮਸਕਾਰ ਕਰਦਾ ਹਾਂ। |
| ਪੂਰਬਾਰਧਿ ਉੱਤ੍ਰਾਰਧਿ ਦੋਇ।<br>ਕਥਾ ਬਨੀ ਗੁਰ ਨਾਨਕ ਸੋਇ।<br>ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ।<br>ਨਵਮ ਗੁਰੂ ਲਗ ਕਥਾ ਸੁਧਾਰੀ।੨੦। | (ਪਹਿਲੋਂ) ਪੂਰਬਾਰਧ ਤੇ ਉਤ੍ਰਾਰਧ ਦੋਵੇਂ (ਰਚੇ), ਉਨ੍ਹਾਂ (ਦੁਹਾਂ ਵਿਚ) ਗੁਰੂ ਨਾਨਕ ਦੇਵ ਜੀ ਦੀ ਕਥਾ ਬਣ ਗਈ। ਫਿਰ ਬਾਰਾਂ ਰਾਸਾਂ (ਉਸਤੋਂ) ਅੱਗੇ ਕਥਨ ਕੀਤੀਆਂ (ਜਿਨ੍ਹਾਂ ਵਿਚ) ਨੌਵੇਂ ਗੁਰਾਂ ਤਕ ਕਥਾ ਸੁਧਾਰਕੇ (ਰਚੀ)। |
| ਖਟ ਰਿਤੁ ਜੁਗਤ[1] ਬਨੇ ਜੁਗ ਐਨ।<br>ਸ੍ਰੀ ਗੋਬਿੰਦ ਸਿੰਘ ਗਾਥਾ ਐਨ[2]। | (ਫਿਰ) ਛੇ ਰੁੱਤਾਂ ਸਮੇਤ ਦੋ ਐਨ ਬਣਾਏ, (ਜਿਨ੍ਹਾਂ ਵਿਚ) ਠੀਕ ਗੁਰੂ ਗੋਬਿੰਦ ਸਿੰਘ |

[1]ਸੰਯੁਕਤ, ਸਮੇਤ। [2]ਠੀਕ।

ਭਏ ਪ੍ਰਕਰਣ ਸਰਬ ਕੇ ਬਾਈ।
ਨੌ ਰਸ ਤੇ ਪੂਰਨ ਮਤ ਥਾਂਈ ॥੨੧॥

ਜੀ ਦੀ ਕਥਾ ਹੈ (ਇਉਂ) ਸਾਰੀ (ਕਥਾ) (ਜੋ) ਸਭ ਥਾਂ ਨਵਾਂ ਰਸਾਂ ਵਿਚ ਪੂਰਨ ਹੈ ਦੇ ਬਾਈ (੨੨) ਪ੍ਰਕਰਣ ਹੋ ਗਏ।

ਸ੍ਰੀ ਗੁਰ ਕੀ ਗਾਥਾ ਸ਼ੁਭ ਗੰਗਾ।
ਛੰਦ ਉਮੰਗ ਉਤੰਗ ਤਰੰਗਾ।
ਕਰਾਮਾਤ ਬਰਨਨ ਜਹਿਂ ਕਹਾਂ।
ਇਹੁ ਗੰਭੀਰਤਾ ਧਾਰਤਿ ਮਹਾਂ।੨੨।

ਸ੍ਰੀ ਗੁਰਾਂ ਦੀ ਸ੍ਰੇਸ਼ਟ ਕਥਾ ਗੰਗਾ ਹੈ (ਜਿਸ ਵਿਚ) ਛੰਦ (ਰੂਪੀ) ਉੱਚੀਆਂ ਲਹਿਰਾਂ ਉਮਗ (ਰਹੀਆਂ ਹਨ) ਤੇ ਜਿੱਥੇ ਕਿਥੇ ਕਰਾਮਾਤਾਂ ਦਾ ਵਰਣਨ ਹੈ ਓਥੇ ਇਹ (ਗੰਗਾ ਰੂਪ ਕਥਾ) ਬੜੀ ਗੰਭੀਰਤਾ ਧਾਰ ਰਹੀ ਹੈ, (ਭਾਵ ਗੂੜ ਭਾਵ ਵਾਲੀ ਹੋ ਜਾਂਦੀ ਹੈ) ॥੨੨॥

ਰਾਮ ਕੁਇਰ ਗਿਰਵਰ ਤੇ ਨਿਕਸੀ।
ਸਿੱਖਨ ਬਿਖੈ ਜਗਤ ਮਹਿਂ ਬਿਗਸੀ।
ਜੋਗ ਵਿਰਾਗ ਭਗਤਿ ਅਰੁ ਗਯਾਨ।
ਬਸਹਿਂਚਾਰਜਲਜੰਤੁ ਮਹਾਨ[1]॥੨੩।

(ਇਹ ਗੰਗਾ ਰੂਪ ਕਥਾ) ਭਾਈ ਰਾਮ ਕੁਇਰ ਰੂਪ ਸ੍ਰੇਸ਼ਟ ਪਹਾੜ ਤੋਂ ਨਿਕਲੀ ਹੈ, ਤੇ ਜਗਤ ਵਿਚ ਆਕੇ ਸਿੱਖਾਂ ਵਿਚ ਫੈਲੀ ਹੈ (ਜਿਸ ਵਿਚੇ) ਜੋਗ, ਵੈਰਾਗ, ਭਗਤੀ ਤੇ ਗਿਆਨ ਰੂਪ ਚਾਰੇ* ਹੀ ਵਡੇ ਵਡੇ ਜਲ-ਜੰਤੂ ਵਸਦੇ ਹਨ।

ਜਪ ਤਪ ਸੰਜਮ ਦਾਨ ਸ਼ਨਾਨ।
ਧੀਰਜ ਦਯਾ ਛਿਮਾ ਨਿਰਮਾਨ।
ਸਤਿ ਸੰਤੋਖ ਆਦਿ ਗੁਨ ਜੇਤੇ।
ਲਘੁਜਲਜੰਤੁਵਾਸ ਕਰਿਂਤੇਤੇ।੨੪।

(ਤੇ) ਜਪ, ਤਪ, ਸੰਜਮ, ਦਾਨ, ਸ਼ਨਾਨ, ਧੀਰਜ, ਦਯਾ, ਛਿਮਾ, ਨਿਰਮਾਣਤਾ, ਸਤਿ ਸੰਤੋਖ ਆਦਿ ਜਿਤਨੇ ਬੀ ਗੁਣ ਹਨ ਇਤਨੇ ਹੀ (ਇਹ) ਛੋਟੇ ਜਲਜੰਤੂ (ਰੂਪ ਇਸ ਵਿਖੇ) ਵਾਸ ਕਰਦੇ ਹਨ।

ਦਸ ਗੁਰ ਦਸਹੁੰ ਘਾਟ ਕੌ ਪਾਇ।
ਪਾਵਨ ਭਏ ਲੋਕ ਸਮੁਦਾਇ।
ਜਨਮ ਮਰਨ ਤੇ ਆਦਿ ਕਲੇਸ਼ੂ।
ਇਹਬਡਪਾਤਕਹਤੇ ਅਸ਼ੇਸ਼ੂ ॥੨੫॥

(ਫਿਰ) ਦਸਾਂ ਗੁਰਾਂ (ਦਾ ਜੋ ਵਰਣਨ ਹੈ ਇਹ) ਦਸੇ ਘਾਟ ਹਨ (ਇਨ੍ਹਾਂ ਨੂੰ) ਪਾਕੇ ਬਹੁਤੇ ਲੋਕ ਪਵਿੱਤ੍ਰ ਹੋ ਰਹੇ ਹਨ, ਤੇ ਜਨਮ ਮਰਨ ਤੋਂ ਆਦਿ ਲੈ ਜਿਤਨੇ ਕਲੇਸ਼ ਹਨ ਇਨ੍ਹਾਂ ਵਡੇ ਵਡੇ ਸਮੂਹ ਪਾਪਾਂ ਨੂੰ (ਇਹ ਗੰਗਾ ਰੂਪ ਕਥਾ) ਨਾਸ਼ ਕਰਦੀ ਹੈ।

ਗੁਰਸਿਖ ਜੋਗੀ ਮੁਨਿ ਰਿਖਿ ਭਾਰੀ।
ਗੁਰ ਮਹਿਮਾ ਗੰਗਾ ਤਿਨ ਪਯਾਰੀ।
ਪਠਨਸੁਨਨਿਸ਼ੁਭਅਰਥਵਿਚਾਰਨ।

ਗੁਰੂ ਜੀ ਦੇ ਸਿੱਖ (ਜੋ) ਜੋਗੀ, ਮੁਨੀ ਤੇ ਭਾਰੀ ਰਿਖੀਆਂ (ਵਤ ਹਨ) ਇਨ੍ਹਾਂ ਨੂੰ ਗੁਰੂ ਮਹਿਮਾਂ ਰੂਪ ਗੰਗਾ ਪਿਆਰੀ ਹੈ, ਪੜਨਾ ਸੁਣਨਾ ਤੇ ਅਰਥਾਂ ਦਾ ਸੁਹਣਾ ਵਿਚਾਰ

---

[1] ਵਡੇ ਵਡੇ।

*ਇਨ੍ਹਾਂ ਚਹੁਵਾਂ ਦੇ ਅੰਤਰ ਭੂਤ ਨਾਮ ਹੈ, ਨਾਮ ਦੇ ਹੀ ਇਹ ਚਾਰ ਪੱਖ ਹਨ।

ਪਾਨ ਸ਼ਨਾਨ ਹਰਖ ਕਰਿ ਧਾਰਨ* ਸਿਖ ਸੰਗਤ ਗੁਰ ਪ੍ਰੇਮੀ ਪਯਾਰੇ। ਲਿਖੈਂ ਸੁਨੈਂ ਜਸ ਗਾਵਨ ਹਾਰੇ। ਗੁਰ ਮਹਿਮਾ ਗੰਗਾ ਕਉ ਪਾਇ। ਭਏਮੁਕਤਿ ਗੁਰ ਰੂਪਸਮਾਇ॥੨੭॥

ਕਰਨਾ (ਇਹ) ਪੀਣ ਤੇ ਪ੍ਰਸੰਨਤਾ ਯੁਤ ਸ਼ਨਾਨ ਕਰਨ (ਤੇ ਸੀਸ ਤੇ) ਧਾਰਨ (ਤੁੱਲ ਹੈ)।

ਸਿੱਖ ਸੰਗਤ ਤੇ ਗੁਰੂ ਜੀ ਦੇ ਪਿਆਰੇ ਪ੍ਰੇਮੀ, ਲਿਖਣ, ਸੁਣਨ ਤੇ ਜਸ ਗਾਵਣ ਵਾਲੇ ਗੁਰ ਮਹਿਮਾਂ ਰੂਪ ਗੰਗਾ ਨੂੰ ਪਾਕੇ ਗੁਰਾਂ ਦੇ ਰੂਪ ਵਿਚ ਸਮਾਕੇ ਮੁਕਤ ਹੋ ਗਏ ਹਨ॥੨੭॥

ਅਬਿ ਮੈਂ ਸਭਿ ਆਗੇ ਕਰ ਜੋਰਿ। ਬਾਰੰਬਾਰ ਨਿਹੋਰਿ ਨਿਹੋਰਿ। ਅਸਿ ਤਿੱਖੀ ਸਿੱਖੀ ਅਸਿ ਜਾਚਿ। ਚਿਤਕੀਬ੍ਰਿਤੀਸਾਚਮਹਿਰਾਚ ।੨੮।

ਹੁਣ ਮੈਂ ਸਾਰਿਆਂ ਅੱਗੇ ਹਥ ਜੋੜਕੇ ਬਾਰੰਬਾਰ ਬੇਨਤੀ ਕਰਕੇ ਖੰਡੇ ( ਦੀ ਧਾਰ ) ਤੋਂ ਤਿਖੀ ਜੋ ਸਿੱਖੀ ਹੈ, ਐਸੀ ( ਸਿੱਖੀ ) ਨੂੰ ਮੰਗਦਾ ਹਾਂ (ਤਾਂਕਿ) ਮੇਰੀ ਬ੍ਰਿਤੀ ਸੱਤ ( ਸਰੂਪ) (ਵਾਹਿਗੁਰੂ) ਵਿਚ ਰਹੇ ਯਾ ਰਚ ਜਾਵੇ।

ਲਹੌਂ ਦਰਸ ਗੁਰ ਦਿਹੁਇਮ ਬਰਕੋ। ਜਿਸਤੇ ਬ੍ਰਹਮ ਗਯਾਨ ਹੁਇ ਉਰਕੋ। ਜਨਮ ਮਰਨ ਕੋ ਕਸ਼ਟ ਬਡੇਰਾ। ਬਹੁਰ ਨ ਜਗ ਮੈਂ ਹੁਇ ਕਬਿ ਫੇਰਾ ॥ ੨੯ ॥

(ਤੇ) ਗੁਰਾਂ ਦਾ ਦਰਸ ਪ੍ਰਾਪਤ ਹੋਵੇ, ਇਸ ਤਰ੍ਹਾਂ ਦਾ ( ਮੈਨੂੰ ) ਵਰ ਦਿਓ, ਜਿਸ ਤੇ ਬ੍ਰਹਮ ਦਾ ਗਿਆਨ ਮੇਰੇ ਰਿਦੇ ਵਿਚ ਹੋ ਆਵੇ, ਤੇ ਜਨਮ ਮਰਨ ਦਾ ਵੱਡਾ ਦੁੱਖ (ਕੱਟਿਆ ਜਾਵੇ) ਤੇ ਜਗਤ ਵਿਚ ਫੇਰਾ ਮੁੜਕੇ ਨਾ ਪਵੇ।

ਜਿਨਹੁ ਗੁਰਨਿ ਲਾਖਹੁ ਨਿਸਤਾਰੇ। ਜੁਗ ਲੋਕਨਿ ਸੁਖ ਦਯੈ ਉਦਾਰੇ। ਮਹਿ ਮਹਿ ਮਹਿਮਾ ਮਹਾਂ ਮਹਾਨ। ਛਪੀ ਨਹੀਂ ਸਭਿ ਲਖਹਿ ਜਹਾਨ ॥ ੩੦ ॥

ਜਿਨ੍ਹਾਂ ਗੁਰਾਂ ਨੇ ਲੱਖਾਂ ਹੀ ਨਿਸਤਾਰੇ ਹਨ ਤੇ ਦੋਹਾਂ ਲੋਕਾਂ ਦੇ ਸ੍ਰੇਸ਼ਟ ਸੁਖ ਦਿਤੇ ਹਨ (ਫੇਰ ਜਿਨ੍ਹਾਂ ਦੀ ) ਪ੍ਰਿਥਵੀ ਵਿਖੇ ਬੜੀ ਤੋਂ ਬੜੀ ਮਹਿਮਾ ਹੈ, ਸਾਰਾ ਜਹਾਨ ਜਾਣਦਾ ਹੈ, ਕਿਤੇ ਛਪੀ ਨਹੀਂ (ਓਹ ਸਤਿਗੁਰ ਕੀ ਕਰਦੇ ਹਨ ? ਅਗਲੇ ਛੰਦ ਵਿਚ ਦੱਸਦੇ ਹਨ:-)।

ਕਬਿੱਤ॥ ਸਾਚ ਰੂਪ ਆਪਨੋ ਪਛਾਨਿ ਉਪਦੇਸ਼ ਦੇਤਿ, ਕੂਰ ਤੇ ਅਹੰਤਾ ਤਾਤਕਾਲ ਬਿਨਸਾਵਈਂ। ਚੇਤਨ ਬਤਾਇਕੈ ਅਚੇਤਨ ਕੋ ਤਯਾਗ ਕਰਿ ਸੂਖਮ ਸੁਮੱਤਿ ਤੇ ਅਲੱਖ ਕੋ ਲਖਾਵਈਂ। ਆਨੰਦ ਬਿਲੰਦ ਕੇ ਉਦਧਿ ਮੈਂ ਸਮਾਇ ਕਰਿ ਸਿੱਖ ਕੋ ਉਧਾਰਿ, ਬੰਧ ਗਾਢੇ ਛੁਟਕਾਵਈਂ। ਏਕ ਅਸਾਂਤ ਭ੍ਰਾਂਤਿ ਪ੍ਰਿਯ ਸਰਬਥਾ ਸੰਤੋਖ ਸਿੰਘ ਨਮੋ ਨਮੋਂ ਗੁਰ ਉਰ ਠੀਕ ਠਹਿਰਾਵਈਂ ॥ ੩੧ ॥

[ ਰੂਪ ਆਪਨੋ=ਸ੍ਵੈ ਸਰੂਪ, ਨਿਜ ਸ੍ਵਰੂਪ। ਅਚੇਤਨ=ਜੋ ਚੇਤਨ ਨਾ ਹੋਵੇ, ਭਾਵ ਜੜ੍ਹ, ਅੱਗਯਾਨ। ਅਲਖ=ਜੋ ਲਖਿਆ ਨਾ ]

*ਇਹ ਤਿੰਨੇ ਐਉਂ ਬੀ ਲਗਦੇ ਹਨ:-੧. ਪੜਨਾ=ਪੀਣਾ ਗੰਗਾ ਜਲ ਦਾ। ੨. ਸੁਣਨਾ= ਸ਼ਨਾਨ ਕਰਨਾ ਗੰਗਾ ਜਲ ਵਿਚ। ੩. ਵਿਚਾਰਨਾ=ਸਿਰ ਤੇ ਗੰਗਾ ਜਲ ਧਾਰਨਾ।

ਜਾਵੇ—ਵਾਹਿਗੁਰੂ । ਅਸਤਿ=ਜੋ ਸੱਤ ਹੈ ।
ਭਾਂਤਿ=ਜੋ ਚੇਤਨ ਹੈ । ਪ੍ਰਿਯ=ਜੋ ਆਨੰਦ ਸ੍ਰੂਪ ਹੈ ।
ਸਰਬਥਾ=ਸਭ ਤਰ੍ਹਾਂ ਨਾਲ, ਹਰ ਥਾਂ, ਹਰ ਸਮੇਂ । ਉਰਠੀਕ ਠਹਿਰਾਵਈਂ=
ਰਿਦੇ ਵਿਚ ਜਿਉਂ ਦਾ ਤਿਉਂ ਟਿਕਾ ਦਿੰਦੇ ਹਨ ।

**ਅਰਥ**—੧. ( ਐਸਾ ) ਉਪਦੇਸ਼ ਦਿੰਦੇ ਹਨ ਕਿ ( ਜੀਵ ) ਆਪਣਾ ਸਤ੍ਯ ਸਰੂਪ ਪਛਾਣ (ਲੈਂਦਾ ਹੈ), ਤੇ ਉਸ ਦੀ ਅੰਤਾ ਦੇ ਅਧੱਤ (ਵਿਚ ਲਗਨ) ਤਾਤਕਾਲ ਨਾਸ਼ ਕਰ ਦੇਂਦੇ ਹਨ । ੨. ਚੇਤਨ ਨੂੰ ਦੱਸਕੇ ਅਚੇਤਨ (ਜੜ੍ਹ) ਦਾ ਤਿਆਗ ਕਰਾਕੇ ਸੂਖਮ ਬੁੱਧੀ ਕਰਕੇ ਅਲੱਖ (ਵਾਹਿਗੁਰੂ) ਨੂੰ ਲਖਾ ਦਿੰਦੇ ਹਨ । ੩. ਬੜੇ ਅਨੰਦ ਦੇ ਸਾਗਰ ਵਿਚ ਸਮਾਕੇ ਸਿੱਖ ਦਾ ਉਧਾਰ ਕਰਦੇ ਹਨ ( ਐਸਾ, ਕਿ ਸਦਾ ਲਈ ਉਸ ਦੇ ) ਕਰੜੇ ਬੰਧਨ ਛੁਡਾ ਦਿੰਦੇ ਹਨ । ੪. ਇਕ ਜੋ ਸਭ ਤਰ੍ਹਾਂ ਨਾਲ ਅਸਤੀ ਭਾਂਤੀ ਪ੍ਰਿਯ ਰੂਪ ਹੈ ਉਸ ਨੂੰ ਰਿਦੇ ਵਿਚ ਠੀਕ ਠਹਿਰਾ ਦਿੰਦੇ ਹਨ, (ਐਸੇ) ਗੁਰੂ ( ਜੀ ਨੂੰ ) ਕਵੀ ਸੰਤੋਖ ਸਿੰਘ ਬਾਰ ਬਾਰ ਨਮਸਕਾਰ ਕਰਦਾ ਹੈ (ਯਾ ਮਨ ਬਾਣੀ ਕਰਕੇ ਬੰਦਨਾਂ ਕਰਦਾ ਹੈ) ।

**ਭਾਵ**—ਪਹਿਲੀਆਂ ਤਿੰਨਾਂ ਤੁਕਾਂ ਵਿੱਚ ਦੱਸਿਆ ਹੈ ਕਿ ਮੈਨੂੰ ਸਤ, ਚੇਤਨ, ਆਨੰਦ ਦੀ ਅੰਦਰ ਲੱਖਤਾ ਸਤਿਗੁਰਾਂ ਨੇ ਕਰਾ ਦਿੱਤੀ ਹੈ, ਹੁਣ ਬਾਹਰ ਉਹ ਅਸਤਿ, ਭਾਂਤਿ ਪ੍ਰਿਯ ਹੋਕੇ ਦਿੱਸ ਰਿਹਾ ਹੈ, ਇਹ ਅੰਦਰ ਬਾਹਰ ਦੀ ਲੱਖਤਾ ਸਤਿਗੁਰਾਂ ਨੇ ਉਰ ਵਿਚ ਠਹਿਰਾ ਦਿੱਤੀ ਹੈ ਭਾਵ ਦ੍ਰਿੜ ਕਰਵਾ ਦਿੱਤੀ ਹੈ ।

ਆਪਣੇ ਰੂਪ ਦੀ ਪਛਾਣ 'ਜੀਵ ਤੱਤ' ਦੀ ਪਛਾਣ ਹੈ, ਫਿਰ ਇਸ ਆਪੇ ਦਾ ਪਰਮਤੱਤ ਅਥਵਾ 'ਬ੍ਰਹਮ ਤੱਤ' ਵਾਹਿਗੁਰੂ ਜੀ ਨਾਲ ਮੇਲ ਹੈ । ਯਥਾ:—"ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥" ਸ਼ੁਸ਼ਕ ਵੇਦਾਂਤ, ਜਿਸ ਵਿਚ ਪ੍ਰੇਮਾ ਭਗਤੀ ਦੀ ਲੇਸ਼ ਨਹੀਂ, ਗੁਰ ਆਸ਼ੇ ਅਨਕੂਲ ਨਹੀਂ ਹੈ, ਯਥਾ:—"ਜਗਿ ਗਿਆਨੀ ਵਿਰਲਾ ਆਚਾਰੀ ॥ ਜਗ ਪੰਡਿਤੁ ਵਿਰਲਾ ਵੀਚਾਰੀ ॥" ਵਾਹਿਗੁਰੂ ਜੀ ਦੀ ਪ੍ਰਾਪਤੀ ਨਾਮ ਦੁਆਰਾ ਹੈ । ਅਗਲੇ ਛੰਦ ਵਿਚ ਨਾਮ ਜਪ ਦਾ ਜ਼ਿਕਰ ਕਰਕੇ ਭਗਤੀ ਨੂੰ ਕਲੇਸ਼ ਨਵਿਰਤੀ ਦਾ ਸਾਧਨ ਦੱਸਿਆ ਹੈ।

ਸੂਚਨਾ—ਉਹੀ ਪਿਛਲਾ ਭਾਵ, ਸਤਿਗੁਰ ਜੀ ਸਾਨੂੰ ਕੀ ਕੀ ਬਖਸ਼ਦੇ ਹਨ, ਅਗਲੇ ਛੰਦ ਵਿਚ ਬੀ ਚਲ ਰਿਹਾ ਹੈ ।

**ਭੇਤ ਨ ਸਜਾਤੀ ਨ ਵਿਜਾਤੀ ਨ ਸੁਗਤਿ ਜਾਂ ਮੈਂ ਕਲਪਤਿ ਦ੍ਵੈਤ ਕੋ ਸਮੂਲ ਬਿਨਸਾਵਈਂ । ਰੱਜੂ ਮੈਂ ਸਰਪ ਕੋ ਅਤਮੈਤਾ ਭਾਵ ਤੈਸੇ ਲਖਿ, ਏਕ ਪਰਮਾਤਮਾਂ ਅਨੇਕਤਾ ਉਠਾਵਈ । ਸੱਤਿਨਾਮ ਜਾਪ ਦੀਨਿ ਤੀਨ ਤਾਪ ਕੀਨ ਹੀਨ, ਸ਼੍ਰਵਨਿ ਮਨਨਿ ਨਿੱਧਯਾਸਨਿ ਲੌ ਧਰਾਵਈ । ਗੁਰੂ ਸ਼ਰਨਾਵਈ ਸੁ ਕਯੋਂ ਨ ਗਤਿ ਪਾਵਈ, ਭਗਤਿ ਜੋ ਕਮਾਵਈ ਕਲੇਸ਼ਨਿ ਮਿਟਾਵਈ ॥੩੨॥**

ਸਜਾਤੀ ਭੇਦ=ਇਕੋ ਜਾਤੀ ਦਾ ਆਪੋ ਵਿਚ ਫਰਕ। ਜਿਵੇਂ ਇਕ ਬ੍ਰਿਛ ਦੂਸਰੇ ਬ੍ਰਿਛ ਨਾਲੋਂ ਫਰਕ ਰਖਦਾ ਹੈ। ਜਿਵੇਂ ਘੋੜੇ ਦੀ ਜਾਤ ਵਿਚ ਅਰਬੀ ਤੇ ਈਰਾਨੀ ਘੋੜੇ ਦਾ ਫਰਕ।

ਵਿਜਾਤੀ ਭੇਦ=ਉਹ ਭੇਦ ਜਿਸ ਵਿਚ ਜਾਤਾਂ ਹੀ ਭਿੰਨ ਹੋਣ, ਜਿਵੇਂ ਬ੍ਰਿਛ ਤੇ ਪੱਥਰ ਦਾ ਫਰਕ।

ਸੁਗਤਿ ਭੇਦ=ਇਕ ਸਰੀਰ ਵਿਚ ਅੰਗਾਂ ਦੇ ਭੇਦ ਜਿਵੇਂ, ਸਰੀਰ ਤਾਂ ਇਕੋ ਮਨੁੱਖ ਦਾ ਹੈ, ਪਰ ਹੱਥ, ਮੂੰਹ, ਕੰਨ ਨੱਕ ਦਾ ਫਰਕ ਹੈ।[ਸੰਸ:,ਸ੍ਵਗਤਿ]

ਸਮੂਲ=ਜੜ੍ਹਾਂ ਸਮੇਤ।

ਅਤਯੰਤਾ ਭਾਵ=ਕਿਸੇ ਸ਼ੈ ਦਾ ਮੂਲੋਂ ਹੀ ਨਾ ਹੋਣਾ, ਜਿਵੇਂ ਰੱਸੀ ਸੱਪ ਕਦੇ ਬੀ ਨਹੀਂ ਹੁੰਦੀ, ਰੱਸੀ ਵਿਚ ਸੱਪ ਦਾ ਅਤਯੰਤਾ ਭਾਵ ਹੈ, ਜਿਸ ਵੇਲੇ ਭ੍ਰਮ ਕਰਕੇ ਸੱਪ ਦਿੱਸਦਾ ਬੀ ਹੈ, ਉਸ ਵੇਲੇ ਬੀ ਰੱਸੀ ਰੱਸੀ ਹੀ ਹੁੰਦੀ ਹੈ।

ਕਲੇਸ਼ਨਿ=ਯੋਗ ਨੇ ਪੰਜ ਕਲੇਸ਼ ਮੰਨੇ ਹਨ:—ਅਵਿਦ੍ਯਾ, ਅਸਿਮਤਾ, ਰਾਗ, ਦ੍ਵੈਖ, ਅਭਿਨਿਵੇਸ, ਇਨ੍ਹਾਂ ਪੰਜਾਂ ਦੇ ਮਿਟ ਜਾਣ ਤੇ (ਕੇਵਲ=) ਮੁਕਤੀ ਅਵਸਥਾ ਪ੍ਰਾਪਤ ਹੁੰਦੀ ਹੈ, ਸੋ ਕਵੀ ਜੀ ਦਾ ਭਾਵ ਏਥੇ ਪੂਰਨ ਮੁਕਤੀ ਤੋਂ ਹੈ।

**ਅਰਥ**—(ਗੁਰੂ ਸਾਹਿਬ ਜੀ ਸਾਡੀ ਸਮਝ ਵਿੱਚੋਂ) ਕਲਪੀ ਹੋਈ ਦ੍ਵੈਤ ( ਅਵਿੱਦ੍ਯਾ, ਨੂੰ ਜੜ੍ਹਾਂ ਸਮੇਤ ਦੂਰ ਕਰ ਦਿੰਦੇ ਹਨ, ( ਇਹ ਅਨੁਭਵ ਕਰਕੇ ਕਿ ਬ੍ਰਹਮ ਵਿਚ ) ਨਾਂ ਸਜਾਤੀ, ਨਾਂ ਵਿਜਾਤੀ, ਨਾਂ ਸੁਗਤਿ ਭੇਦ ( ਕੋਈ ਬੀ ਨਹੀਂ ਹੈ; ਆਪ ਦੱਸਦੇ ਹਨ ਕਿ ਜਿਵੇਂ ) ਰੱਸੀ ਵਿਚ ਸੱਪ ਦਾ ਅਤ੍ਯੰਤਾ ਭਾਵ ਹੈ, ਤਿਵੇਂ ਪਰਮਾਤਮਾਂ ਨੂੰ ਹੀ ਇਕ ( ਤੱਤ ਸ੍ਵਰੂਪ ) ਲਖ ਲਓ (ਤੇ ਇਸ ਵਿਚ ਕੀਤੀ) ਅਨੇਕਤਾ (ਜਗਤ ਦੀ ਕਲਪਨਾ) ਦੂਰ ਕਰ ਦਿਓ। ਇਸ ਪ੍ਰਾਪਤੀ ਲਈ (ਸਤਿਗੁਰਾਂ ਨੇ ਸਾਨੂੰ) ਸਤਿਨਾਮ ਦਾ ਜਾਪ ਬਖਸ਼ਿਆ, ( ਜਿਸ ਨੇ ਸਾਡੇ) ਤ੍ਰੈਏ ਤਾਪ ਦੂਰ ਕੀਤੇ (ਅਤੇ) ਸ਼੍ਰਵਨ ਮਨਨ ਤੋਂ ਲੈ ਨਿਧ੍ਯਾਸਨ ਤੱਕ ਨਾਮ ਦੇ ਧਿਆਨ (ਵਿਚ) ਲਗਾ ਦਿਤਾ*। (ਐਸੇ) ਗੁਰਾਂ ਦੀ (ਜੋ) ਸ਼ਰਨ ਆਵੇਗਾ, ਉਹ ਕਿਉਂ ਨਾਂ ਮੁਕਤੀ ਪਾਵੇਗਾ, ( ਨਿਸ਼ਚੇ ਜੋ ਆਪ ਦੀ ) ਭਗਤੀ ਕਰੇਗਾ ਸੋ ( ਆਪਣੇ ) ਸਾਰੇ ਕਲੇਸ਼ਾਂ ਨੂੰ ਮਿਟਾ ਲਵੇਗਾ।

**ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨਾ ਭਿਖਾਰੀ ਦੀਨ ਤੋ ਸੋ ਨਾ ਦਿਆਲ, ਦੁਖੀ ਮੋ ਸੋ ਨਾ ਅਲਾਈਏ। ਮੋ ਸੋ ਨਹੀਂ ਕ੍ਰਿੱਤਘਨ, ਤੋ ਸੋ ਉਪਕਾਰੀ ਨਾਂਹਿ, ਮੋ ਸੋ ਨ ਅਨਾਥ, ਨਾਥ ਤੋ ਸੋ ਨਾ ਬਤਾਈਏ। ਔਗੁਨੀ ਨ ਮੋ ਸੋ ਕੋਊ, ਗੁਨਵਾਨ ਤੋ ਸੋ ਨਹੀਂ, ਜਪ ਤਪ ਬ੍ਰਤ ਮੋ ਮੈਂ ਏਕ ਨਹੀਂ ਪਾਈਏ। ਕਵਿ ਆਇਓ ਹੈ ਸ਼ਰਨ, ਗਹੇ ਧਾਇਕੇ ਚਰਨ ਗੁਰ ਤਾਰਨ ਤਰਨ,**

*'ਲੈ ਧਿਆਵਈ' ਦਾ ਅਰਥ 'ਨਿਧ੍ਯਾਸਨ ਤਕ ਧਿਆਓ' ਬੀ ਹੈ, ਇਸ ਦੀ ਵਿਚਾਰ ਲਈ ਦੇਖੋ ਰੁਤ ੫, ਅੰਸੂ ੫੦, ਅੰਕ ੫੨ ਦੀ ਹੇਠਲੀ ਟੂਕ।

ਨਿਜ ਹਾਥ ਦੈ ਬਚਾਈਏ* ॥ ੩੩ ॥

(ਅਰਥਾਂ ਲਈ ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੧ ਅੰਕ ੨੭ ਜਿੱਥੇ ਇਹ ਛੰਦ ਅੱਗੇ ਆ ਚੁਕਾ ਹੈ)।

ਦੋਹਰਾ ॥ ਸਤਿਗੁਰ ਮਮ ਬੇਰੀ ਕਟੋ ਨਿਜ ਬੇਰੀ ਪਰ ਚਾਰਿ।
ਇਹ ਬੇਰੀ ਹੁਇ ਭਵ ਸਵਲ ਬਿਨ ਬੇਰੀ ਕਰਿ ਪਾਰਿ† ॥ ੩੪॥

( ਅਰਥਾਂ ਲਈ ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੬੯ ਅੰਕ ੧ )।

## [ਕੈਂਥਲ ਦੀ ਲੁੱਟ ਤੇ ਗ੍ਰੰਥ ਸਮਾਪਤੀ ਦਾ ਮਹੀਨਾ ਸੰਮਤ]।

ਦੋਹਰਾ॥ ਸ਼ੂਨ ਸ਼ੂਨ[1] ਗ੍ਰੈਹ[2] ਆਤਮਾ[3]
ਸੰਮਤ ਆਦਿ[4] ਪਛਾਨ।
ਮਧੁ ਮਾਸ[5] ਸ਼ੱਤ੍ਰਨਿ ਕਰਿ
ਭਾ ਉਤਪਾਤ ਮੈਹਾਨ ॥ ੩੫ ॥

ਸੰਮਤ ( ਬਿਕ੍ਰਮੀ ) ੧੯੦੦ ਦਾ ਆਦਿ (ਆਰੰਭ) ਪਛਾਣ ਲਓ (ਜਦੋਂ) ਚੇਤ੍ਰ ਦੇ ਮਹੀਨੇ ਵੈਰੀਆਂ ਕਰਕੇ ਬੜਾ ਉਪੱਦ੍ਰਵ ਹੋਇਆ।

ਪਰੀ ਲੂਟ ਕਪਿਥਲ ਵਿਖੇ
ਮਿਲੈ ਚੋਰ ਬਟਪਾਰ।
ਆਪ ਆਪ ਕੋ ਭਜ ਚਲੇ
ਤਜਿ ਪੁਰਿ ਸਭਿ ਇਕਬਾਰ ॥੩੬॥

ਕੈਂਥਲ ਵਿਖੇ ( ਜਿੱਥੇ ਕਵੀ ਜੀ ਰਹਿੰਦੇ ਸਨ) ਲੁੱਟ ਮਚ ਗਈ, ( ਫਿਰ ਚੋਰ ਤੇ ਧਾੜਵੀ ਬੀ ਲੁਟਣ ਲਈ ਨਾਲ ਆ ਮਿਲੇ, (ਲੋਕ) ਸ਼ਹਿਰ ਨੂੰ ਛੱਡ ਇਕੋ ਵੇਰੀ ਆਪਣਾ ਆਪ ਲੈਕੇ ਭੱਜ ਨਿਕਲੇ।

ਸਿੰਘ ਫਿਰੰਗੀ ਗਹਿ ਲਏ
ਕੈਦ ਕਰੇ ਵਥੁ ਛੀਨਿ।
ਸੰਤਨਿ ਕੇ ਅਸਥਾਨ ਭੀ

ਫਿਰੰਗੀਆਂ ਨੇ ਸਿੰਘ ਫੜ ਲਏ, ਉਹਨਾਂ ਦਾ ਧਨ ਧਾਮ ਖੋਹਕੇ ਕੈਦ ਕਰ ਲਏ, ਤੇ ਸੰਤਾਂ ਦੇ ਅਸਥਾਨ ਬੀ ਕੁੱਟ ਦਾ ਡਰ

[1]ਬਿੰਦੀ, ੦. । [2]ਗ੍ਰੈਹ ਨੌਂ ਹੁੰਦੇ ਹਨ, ਇਸ ਤੋਂ ੯ ਅੰਕ ਲੀਤਾ। [3]ਆਤਮਾ ੧ ਹੈ ਇਸ ਤੋਂ ੧ ਅੰਕ ਲੀਤਾ। ਸ਼ੂਨ ਸ਼ੂਨ ਗ੍ਰੈਹ ਆਤਮਾ=੦੦੯੧=ਇਸ ਨੂੰ ਜਦ ਸਿੱਧਾ ਲਿਖੀਏ ਤਾਂ ੧੯੦੦ ਬਣਦਾ ਹੈ। [4]ਸੰਮਤ ਦਾ ਆਰੰਭ। [5]ਚੇਤ੍ਰ ਦਾ ਮਹੀਨਾ।

*ਇਹ ਕਬਿੱਤ ਪਿੱਛੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਆਦਿ ਵਿਚ ਪਹਿਲੇ ਅਧਜਾਯ ਦੇ ਅੰਕ ੨੭ ਵਿਚ ਆ ਚੁਕਾ ਹੈ, ੧੯੧੯ ਵਾਲੇ ਨੁਸਖੇ ਵਿਚ ਇਹ ਏਥੇ ਨਹੀਂ ਹੈ ਪਰ ੧੯੧੨ ਵਾਲੇ ਵਿਚ ਹੈ। ਭਾਈ ਗੁਰਦਾਸ ਜੀ ਦਾ ਬੀ ਇਕ ਸਵੱਯਾ ਇਸੇ ਭਾਵ ਦਾ ਹੈ ਜਿਸ ਦਾ ਪਾਠ ਐਉਂ ਹੈ:—'ਤੋ ਸੋ ਨ ਨਾਥ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ। ਮੋ ਸੋ ਨ ਹੀਨ, ਦਇਆਲ ਨ ਤੋ ਸਰ, ਮੋ ਸੋ ਅਗਜਾਨੀ, ਨ ਤੋ ਸੋ ਵਿਚਾਰੀ। ਮੋ ਸੋ ਨ ਪਤਿਤ, ਪਾਵਨ ਤੋ ਸਰ, ਮੋ ਸੋ ਬਿਕਾਰੀ, ਨ ਤੋ ਸੋ ਉਪਕਾਰੀ। ਮੇਰੇ ਹੈਂ ਅਵਗੁਨ ਤੂੰ ਗੁਨ ਸਾਗਰ ਜਾਤ ਰਸਾਤਲ ਓਟ ਤਿਹਾਰੀ" ॥ ੫੨੮॥

†ਇਹ ਦੋਹਾ ਬੀ ੧੯੧੯ ਵਾਲੇ ਨੁਸਖੇ ਵਿਚ ਨਹੀਂ ਹੈ, ਪਰ ੧੯੧੨ ਵਾਲੇ ਵਿੱਚ ਹੈ। ਇਹ ਪਿੱਛੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਜਾਯ ੬੯ ਅੰਕ ੧ ਵਿਚ ਆ ਚੁਕਾ ਹੈ।

ਲੂਟਿ ਕੂਟਿ ਭੈ ਦੀਨਿ* ॥੩੭॥
ਅਸ ਅਪਦਾ ਕੇ ਦਿਨਨਿ ਮਹਿਂ
ਸਤਿਗੁਰ ਭਏ ਸਹਾਇ।
ਭਯੋ ਨ ਬੈਕੋ ਬਾਰ ਭੀ
ਦੇ ਦੈ ਹਾਥ ਬਚਾਇ ॥ ੩੮ ॥

ਦੇ ਦੇ ਕੇ ਲੁੱਟੇ।

ਐਹੋ ਜੇਹੀ ਵਿਪਦਾ ਦੇ ਦਿਨਾਂ ਵਿੱਚ ਸਤਿਗੁਰੂ (ਜੀ ਮੇਰੇ) ਸਹਾਈ ਹੋਏ, (ਮੇਰਾ) ਵਾਲ ਬੀ ਵਿੰਗਾ ਨਹੀਂ ਹੋਇਆ (ਗੁਰੂ ਜੀ ਨੇ) ਹੱਥ ਦੇ ਦੇਕੇ ਮੈਨੂੰ ਬਚਾ ਲਿਆ।

*ਕੈਂਥਲ ਵਿਚ ਲੁਟ ਪੈਣ ਦਾ ਹਾਲ ਕਵੀ ਜੀ ਨੇ ਦਿੱਤਾ ਹੈ, ਇਹ ਠੀਕ ਹੈ ਕਿ ਲੁੱਟ ਮਚੀ ਸੀ। ਇਸ ਦਾ ਵੇਰਵਾ ਇਹ ਹੈ ਕਿ ਕੈਂਥਲ ਦਾ ਰਾਜ ਭਾਈ ਭਗਤੂ ਦੇ ਵੰਸ਼ਜਾਂ ਨੇ ਬੱਧਾ ਸੀ, ਅੰਤਲੇ ਮਹਾਰਾਜ ਭਾਈ ਉਦੇ ਸਿੰਘ ਜੀ ਸਨ। ਕੈਂਥਲ ਵਾਲੇ ਕਿਸੇ ਵੇਲੇ ਅੰਗ੍ਰੇਜ਼ਾਂ ਦੇ ਸਬ ਸਿਡਿਅਰੀ ਐਲੇ ਬਣ ਗਏ ਸਨ। ਜਿਸ ਦੀ ਇਕ ਸ਼ਰਤ ਇਹ ਸੀ ਕਿ ਜੇ ਕਦੇ ਇਹਨਾਂ ਦੀ ਨਰੀਨਾ ਉਲਾਦ ਨਾ ਰਹੇ ਤਦ ਰਾਜ ਅੰਗ੍ਰੇਜ਼ ਸਾਂਭ ਲੈਣ ਤੇ ਪੰਜਵਾਂ ਹਿੱਸਾ ਦੂਜੇ ਵਾਰਸਾਂ ਪਾਸ ਰਹੇ। ਮਹਾਂਰਾਜ ਭਾਈ ਉਦੇ ਸਿੰਘ ਜੀ ਚੜ੍ਹਾਈ ਸਮੇਂ ਅਪੁੱਤ੍ਰ ਸੇ। ਉਹਨਾਂ ਦੇ ਚਲਾਣੇ ਪਰ ਅੰਗ੍ਰੇਜ਼ ਕਬਜ਼ਾ ਲੈਣ ਆਏ ਤਾਂ ਲੁੱਟ ਮਚ ਗਈ ਤੇ ਕਈ ਖੇਦ ਪੁੱਜੇ। ਇਹ ਗੱਲ ਅੰਗ੍ਰੇਜ਼ ਲੇਖਕਾਂ ਨੇ ਆਪ ਮੰਨੀ ਹੈ। ਲਾਰਡ ਐਲਨਬਰੋ ਆਪਣੇ ਖਤ ਵਿੱਚ ਜੋ ਉਹ ੨੦ ਅਪ੍ਰੈਲ ੧੮੪੩ ਨੂੰ ਕ੍ਵੀਨ ਵਿਕਟੋਰੀਆ ਵਲ ਘੱਲਦਾ ਹੈ ਕੈਂਥਲ ਦੀ ਲੜਾਈ ਦਾ ਹਾਲ ਐਉਂ ਲਿਖਦਾ ਹੈ:—

"ਸੁਰੱਖਸ਼ਤ ਸਿੱਖ ਰਿਆਸਤ ਕੈਂਥਲ, ਜੋ ਕਰਨਾਲ ਤੋਂ ੩੦ ਮੀਲ ਦੀ ਵਿੱਥ ਤੇ ਹੈ, ਦਾ ਰਾਜਾ ਜਦ ਸੰਤਤ ਹੀਨ ਗੁਜ਼ਰ ਗਿਆ ਤਦ ਉਸਦੀ ਰਿਯਾਸਤ ਦਾ $\frac{੪}{੫}$ ਹਿੱਸਾ ਬ੍ਰਿਟਿਸ਼ ਗੌਰਮਿੰਟ ਦਾ ਹੋ ਗਿਆ, ਬਾਕੀ ਪੰਜਵਾਂ ਹਿੱਸਾ ਉਸੇ ਦੀ ਕੁਲ ਦੀ ਇਕ ਹੋਰ ਸ਼ਾਖ ਦੀ ਮਲਕੀਅਤ ਹੋ ਗਿਆ। ਇਕ ਪੋਲੀਟੀਕਲ ਅਫਸਰ ਥੋੜੀ ਜਿਹੀ ਫੌਜ, ਜੋ ਪਿੱਛੋਂ ੩੦੦ ਆਦਮੀਆਂ ਤੱਕ ਵਧਾਈ ਗਈ, ਦੇਕੇ ਕੈਂਥਲ ਦੇ ਉਸ ਹਿੱਸੇ ਦਾ, ਜਿਸ ਦਾ ਕਿ ਗੌਰਮਿੰਟ ਦਾ ਹੱਕ ਸੀ ਕਬਜ਼ਾ ਲੈਣ ਲਈ ਭੇਜਿਆ ਗਿਆ, ਤਦ ਉਸ ਨੂੰ ਅੱਗੋਂ ਰਿਆਸਤ ਦੇ ਵਜ਼ੀਰਾਂ ਤੇ ਖਾਨਦਾਨ ਦੀ ਇਸਤ੍ਰੀ ਸੰਬੰਧੀਆਂ ਵਲੋਂ ਸ਼ਾਂਤ ਮਈ ਟੋਕ (passive resistance) ਵਾਪਰੀ। ਰਜਾਸਤ ਦੀ ਫੌਜ ਕੈਂਥਲ ਤੇ ਕੱਠੀ ਹੋਈ ਅਤੇ ਸਾਡੇ ਛੋਟੇ ਜਿਹੇ ਰਸਾਲੇ ਦੇ ਦਸਤੇ ਦੇ ਇਕ ਹਿੱਸੇ ਵਲੋਂ ਕੋਤਹ ਅੰਦੇਸ਼ੀ ਵਾਲਾ ਰੁਖ ਜ਼ਾਹਰ ਹੋਇਆ, ਮਾਨੋ ਹਮਲੇ ਨੂੰ ਲੇਉਭਾ ਦਿੱਤਾ ਗਿਆ, ਨਤੀਜਾ ਇਹ ਹੋਇਆ ਕਿ ਪੁਲੀਟੀਕਲ ਅਫਸਰ ਸਣੇ ਸਾਰੀ ਫੌਜ ਕੁਛ ਨੁਕਸਾਨ ਉਠਾਕੇ ਪਸਪਾ ਹੋਕੇ ਕਰਨਾਲ ਮੁੜ ਆਇਆ।

"ਲਾਰਡ ਐਲਨਬਰੋ ਨੇ ਜਦ ਕਿ ਉਸਨੂੰ ਇਹ ਦੱਸਿਆ ਗਿਆ ਸੀ ਕਿ ਫੌਜ ਦੀ ਲੋੜ ਪੈਣੀ ਹੈ ਉਸਨੇ ਇਹ ਆਗਿਆ ਦੇ ਦਿੱਤੀ ਸੀ ਕਿ ਇਕ ਭਾਰੀ ਫੌਜ ਨਾਲ ਲਿਜਾਈ ਜਾਵੇ ਤਾਂ ਜੋ ਕਿਸੇ ਮੁਕਾਬਲੇ ਹੋ ਪੈਣ ਦਾ ਖਤਰਾ ਹੀ ਚੁਕ ਜਾਵੇ। ਬਦਕਿਸਮਤੀ ਨਾਲ ਕੈਂਥਲ ਗਏ ਅਫਸਰ ਦੀ ਕੋਤਹ ਅੰਦੇਸ਼ੀ ਨਾਲ (ਲਾਰਡ ਐਲਨਬਰੋ ਦੀ) ਆਗਿਆ ਤੇ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਚਹੁੰ ਦਿਸ਼ ਅਪਨ ਬਿਗਾਨ ਨਰ
ਦੁਸ਼ਮਨ ਭੇ ਤਿਸ ਕਾਲ ।
ਮਮ ਰੱਛਾ ਸਤਿਗੁਰ ਕਰੀ
ਸਭ ਮਹਿਂ ਬਿਦਤ ਹਵਾਲ ।੩੯।
ਸਾਵਨ ਮਹਿਂ ਇਸ ਗ੍ਰੰਥ ਕੀ[1]

ਤਿਸ ਵੇਲੇ ਚਹੁੰ ਪਾਸਿਆਂ ਦੇ ਆਪਣੇ ਤੇ ਪਰਾਏ ਨਰ ਦੁਸ਼ਮਣ ਹੋ ਗਏ ਸਨ (ਪਰ) ਮੇਰੀ ਰੱਖਯਾ ਸਤਿਗੁਰੂ ਨੇ (ਆਪ) ਕਰ ਲਈ, ਇਹ ਹਾਲ ਸਭ ਲੋਕਾਂ ਵਿਚ ਪ੍ਰਗਟ ਹੈ।

(ਉਸ ਤੋਂ ਪਿੱਛੋਂ) ਸਾਉਣ ਦੇ ਮਹੀਨੇ

[1]ਸਾਵਣ ੧੯੦੦ ਬਿ: ਵਿਚ ਕਵੀ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਮੁਕਾਇਆ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

ਅਮਲ ਕਰਨ ਤੋਂ ਪਹਿਲੋਂ ਮੁਕਾਬਲਾ ਹੋ ਪਿਆ। (ਫਿਰ) ੧੪ ਤ੍ਰੀਕ* ਨੂੰ ੧੮੦੦ ਸਿਪਾਹੀ ਥਾਨੇਸਰ ਕੱਠੇ ਹੋਏ ਤੇ ਉਨ੍ਹਾਂ ਦੇ ੧੬ ਤ੍ਰੀਕ ਨੂੰ ਕੈਂਥਲੋਂ ੮ ਮੀਲ ਦੀ ਵਿੱਥ ਤੇ ਪੁੱਜਣ ਤੇ ਪਤਾ ਲਗਾ ਕਿ ੧੫ ਤ੍ਰੀਕ ਨੂੰ ਕੈਂਥਲ ਦੀ ਫੌਜ ਨੇ ਕਿਲ੍ਹਾ ਤੇ ਸ਼ਹਿਰ ਖਾਲੀ ਕਰ ਦਿੱਤਾ ਹੈ। ਵਜ਼ੀਰ ਤੇ ਓਥੋਂ ਦੇ ਸ਼ਾਹੂਕਾਰ ਬ੍ਰਿਟਿਸ਼ ਕੈਂਪ ਵਿਚ ੧੪ ਨੂੰ ਆ ਗਏ।" [ਪੰਨਾ ੭-੭੬]

ਬਾਸਵਰਥ ਸਮਿੱਥ ਨੇ ਲਾਰਡ ਲਾਰੰਸ ਦੇ ਜੀਵਨ (ਪੰਨਾ ੧੬੭) ਵਿਚ ਵੀ ਕੈਂਥਲ ਲੁਟੀ ਦੱਸੀ ਹੈ ਪਰ ਦੋਸ਼ ਦੇਂਦਾ ਹੈ ਕਿ ਕੈਂਥਲ ਦੇ ਰਾਜਾ ਦੇ ਰੀਟੇਨਰਾਂ (ਨੌਕਰਾਂ) ਨੇ ਆਪਣੀ ਫੌਜ ਨੂੰ ਮੁਕਾਬਲੇ ਲਈ ਉਕਸਾਇਆ, ਜਿਨ੍ਹਾਂ ਨੇ ਹੱਲਾ ਕਰਕੇ ਅੰਗ੍ਰੇਜ਼ੀ ਫੌਜ ਨੂੰ ਪਿੱਛੇ ਹਟਾਇਆ।

ਸਰ ਹਰਬਰਟ ਐਡਵਰਡਜ਼ ਅਪਣੇ ਸਰ ਹੈਨਰੀ ਲਾਰੰਸ ਦੇ ਜੀਵਨ (ਪੰਨਾ ੪੩੨) ਉਤੇ ਲਿਖਦਾ ਹੈ ਕਿ (ਰਾਜ ਕੈਂਥਲ ਦੇ ਖਾਨਦਾਨ ਦੇ ਕੁਛ) ਮੁਲਾਜ਼ਮਾਂ ਨੇ ਜੋ ਅਪਣੇ ਮਾਲਕ ਦਾ ਖਜ਼ਾਨਾ ਲੁਟਿਆ ਚਾਹੁੰਦੇ ਸਨ, ਸਿਪਾਹੀਆਂ ਨੂੰ ਉਕਸਾਇਆ ਕਿ ਰਿਆਸਤ ਦੇ ਕਬਜ਼ਾ ਦਿੱਤੇ ਜਾਣ ਦੀ ਰੁਕਾਵਟ ਕਰਨ। ਕੈਂਥਲ ਫੌਜ ਨੇ ਸਰਕਾਰੀ ਫੌਜ ਤੇ ਹੱਲਾ ਕਰਕੇ ਉਨ੍ਹਾਂ ਨੂੰ ਮੈਦਾਨੋਂ ਭਜਾ ਦਿਤਾ" ਲੁੱਟ ਸ਼ੁਰੂ ਹੋ ਗਈ ਤੇ ਜਿਹੜੀ ਫੌਜ ਇਹ ਰੋਕਣ ਆਈ ਸੀ ਉਸ ਨੂੰ ਛੂਤ ਲਗ ਗਈ, ਭਾਵੇਂ ਕਿ ਓਹ ਅੰਗ੍ਰੇਜ਼ੀ ਫੌਜ ਬੀ ਲੁੱਟਣ ਲਗ ਪਈ। ਹੈਨਰੀ ਲਾਰੰਸ ਨੂੰ ਹੁਕਮ ਹੋਇਆ ਕਿ ਕੈਂਥਲ ਅੱਪੜੇ। ਇਸ ਨੇ ਲੁਟ ਅਪਣੀ ਅੱਖੀਂ ਵੇਖੀ ਤੇ ਲਿਖਿਆ ਕਿ 'ਜੇ ਅਫਸਰ ਹੀ ਲੁੱਟਣ ਲਗ ਪੈਣ ਤਾਂ ਸਿਪਾਹੀਆਂ ਤੇ ਬਾਲਗੀਰਾਂ ਨੂੰ ਲੁੱਟ ਤੋਂ ਰੋਕ ਸਕਣਾ ਅਸੰਭਵ ਹੈ'। ਪਿੱਛੋਂ ਦੀ ਗਲ ਇਹ ਹੈ ਕਿ ਹੈਨਰੀ ਲਾਰੰਸ ਨੇ ਇਕ ਅੰਗ੍ਰੇਜ਼ ਅਫਸਰ ਤੇ ਮੁਕੱਦਮਾ ਬਣਾਇਆ, ਜਿਸ ਨੇ, ਕਿ ਜਿਸ ਖਜ਼ਾਨੇ ਦੀ ਰਾਖੀ ਤੇ ਉਹ ਲਾਇਆ ਗਿਆ ਸੀ, ਉਸੇ ਨੂੰ ਭੰਨਿਆ ਸੀ। ਇਕ ਲੰਮਾ ਤੇ ਪੀੜ ਵਾਲਾ ਕੋਰਟ ਮਾਰਸ਼ਲ ਹੋਇਆ ਜਿਸ ਵਿਚ ਵਡਾ ਗਵਾਹ ਲਾਰੰਸ ਆਪ ਸੀ। ਉਹ ਅਫਸਰ ਇੱਜ਼ਤ ਨਾਲ ਬਰੀ ਹੋਇਆ।

ਪਰ ਇਸ ਵੇਲੇ ਅੰਗ੍ਰੇਜ਼ੀ ਸਰਕਾਰ ਦਾ ਇਕ ਬੜਾ ਮੁਅਤਬਿਰ ਕਾਰਕੁਨ ਜਿਸਦਾ ਨਾਮ ਖਾਨਬਹਾਦਰ ਸੱਯਦ ਰਜਬ ਅਲੀ ਖਾਂ ਸੀ ਮੌਕੇ ਤੇ ਮੌਜੂਦ ਸੀ ਤੇ ਉਸਨੇ ਅਪਣੀ ਅੱਖੀਂ ਡਿੱਠਾ ਹਾਲ ਅਪਣੀ ਕਲਮੀ ਲਿਖੀ ਪੋਥੀ ਵਿੱਚ ਲਿਖਿਆ ਹੈ:—ਕਿ ਮਿਸਟਰ ਹਾਰਵੇ ਐੱਚ; ਗਰੇਟ ਹੈਡ ਸਾਹਿਬ ਨੇ ਕੈਂਥਲ ਦੀ ਗੁੰਝਲ ਸੁਲਝੌਣ ਲਈ ਚਿੱਠੀ ਦੇਕੇ ਮੈਨੂੰ ਭੇਜਿਆ ਤੇ ਕਿਹਾ ਕਿ:—

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

*ਪਹਿਲੀ ਮੁਠਭੇੜ ੧੦ ਅਪ੍ਰੈਲ ੧੮੪੩ ਈ: ਨੂੰ ਹੋਈ ਸੀ।

ਭਈ ਸਮਾਪਤਿ ਆਇ।
ਬਿਘਨ ਬ੍ਰਿੰਦ ਤੇ ਬਚ ਰਹੇ
ਸ੍ਰੀ ਕਰਤਾਰ ਸਹਾਇ ॥ ੪੦ ॥
ਦਾਸ ਜਾਨ ਕਰਿ ਆਪਨੋ
ਜੁਗ ਲੋਕਨਿ ਸੁਖ ਦੈਨ।
ਰਾਖੇ ਦੇ ਕਰਿ ਹਾਥ ਗੁਰ
ਭਈ ਕੁਸ਼ਲ ਸਭਿ ਚੈਨ ॥੪੧॥

(ਓਸੇ ਸੰਮਤ ਵਿਚ) ਇਸ (ਗੁਰ ਪ੍ਰਤਾਪ ਸੂਰਜ ਗ੍ਰੰਥ) ਦੀ ਸਮਾਪਤੀ ਹੋਈ। ਸ੍ਰੀ ਕਰਤਾਰ ਨੇ ਸਹਾਇਤਾ ਕੀਤੀ ( ਜਿਸ ਕਰਕੇ ) ਸਮੂਹ ਬਿਘਨਾਂ ਤੋਂ (ਮੈਂ) ਬਚਿਆ ਰਿਹਾ।

ਦੋਹਾਂ ਜੁਗਾਂ ਦੇ ਸੁਖ ਦੇਣ ਹਾਰੇ ਗੁਰੂ ਜੀ ਨੇ (ਮੈਨੂੰ ਅਪਣਾ ਦਾਸ ਜਾਣਕੇ (ਆਪਣਾ) ਹੱਥ ਦੇਕੇ ਰੱਖ ਲਿਆ, ਸਭ ਤਰ੍ਹਾਂ ਕੁਸ਼ਲ ਤੇ ਆਰਾਮ ਹੋ ਗਿਆ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਉੱਤਰ ਐਨੇ ਗ੍ਰੰਥ ਸਮਾਪਤੀ ਬਰਨ°, ਕਵਿ ਸੰਤੋਖ ਸਿੰਘ ਬ੍ਰਿਚਤਾਯਾਂ ਭਾਖਾਯਾਂ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥ ਇਤਿ ॥

## ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਸਮਾਪਤ ਹੋਈ।

[ਪਿਛਲੇ ਪੰਨੇ ਦੀ ਟੂਕ ਦੀ ਬਾਕੀ]

"ਆਜ ਕੀ ਮੁਹਲੇਤ ਹੈ ਕੱਲ ਸਭ ਅਹਿਕਾਮ ਉਨਕੋ ਕਬੂਲ ਕਰਾ ਦੋ ਔਰ ਕੁੰਜੀਆਂ ਕਿਲ੍ਹੇ ਕੀ ਹਾਜ਼ਰ ਕਰਾ ਦੋ। ਚਾਰ ਬਜੇ ਥੇ, ਮੈਂ ਉਸੀ ਵਕਤ ਰਵਾਨਾ ਹੋਕਰ ਤੀਸ ਕੋਸ ਚਲ ਕਰ ਸੁਬਹ ਕੋ ਕੈਂਥਲ ਪਹੁੰਚਾ, ਔਰ ਉਸ ਵਕਤ ਮਾਈ ਸਾਹਿਬਾ ਕੇ ਪਾਸ ਗਿਆ, ਜਬ ਮੈਂ ਦਰਵਾਜ਼ਾ ਹਾਏ ਕਿਲਅ ਕੈਂਥਲ ਪਰ ਪਹੁੰਚਾ ਤੋ ਸਦਹਾ ਬੰਦੂਕ ਤਯਾਰ ਥੀ, ਔਰ ਕੋਤਹ ਅੰਦੇਸ਼ ਮੁਸਤਇਦ ਫਸਾਦ ਥੇ। ਅੰਗ੍ਰੇਜ਼ੀ ਨੌਕਰ ਕਿਲ੍ਹਾ ਖਾਲੀ ਬਤਾਤਾ ਥਾ, ਮੈਂ ਉਨਕੋ ਸਮਝਾਇਆ ਕਿ ਮੈਂ ਲੜਾਈ ਕੋ ਨਹੀਂ ਆਇਆ, ਮਾਈ ਸਾਹਿਬਾ ਕੋ ਕੁਛ ਕਹਿਨੇ ਆਇਆ ਹੂੰ। ਜਬ ਮਾਈ ਸਾਹਿਬਾ ਮੁਤਲਿਆ ਹੂਈਂ, ਮੁਝੇ ਤਲਬ ਕਰ ਲੀਆ ਔਰ ਵੋਹ ਪਸੇ ਪਰਦਹ ਆਈਂ, ਮੈਨੇ ਸਭ ਹਾਲਾਤ ਵ ਉਜ਼ਰਾਤ ਉਨ ਕੋ ਤਮਾਮ ਸਮਝਾਇਆ ਔਰ ਉਨ ਕੋ ਯਕੀਨ ਕਰਾ ਦੀਆ ਕਿ ਹਜ਼ੂਰ ਕਲਾਰਕ ਸਾਹਿਬ ਬਹਾਦਰ ਕੀ ਇਤਾਇਤ ਮੇਂ ਜੋ ਕੁਛ ਹੋਨਾ ਹੋਗਾ ਹੋ ਜਾਏਗਾ ਵਰਨਾ ਕੁਛ ਨਹੀਂ। ਮਾਈ ਸਾਹਿਬਾ ਨੇ ਫ਼ੁਰਮਾਇਆ ਕਿ ਮੈਂ ਹਾਜ਼ਰ ਹੂੰ ਜਿਸ ਤਰਹ ਕਹੋ, ਚੂੰਕਿ ਗਰਿਟ ਹੈਡ ਸਾਹਿਬ ਬਹਾਦਰ ਭੀ ਵਹਾ ਫਰੋਕਸ਼ ਥੇ ਔਰ ਗੋਇਆ ਮੁਹਾਸਰਹ ਭੀ ਥਾ, ਮੈਂ ਨੇ ਕਹਾ ਸਾਹਿਬ ਕੇ ਪਾਸ ਕੁੰਜੀਆਂ ਲੇ ਚਲੋ, ਮੁਅਤਮਿਦ ਕੁੰਜੀਆਂ ਲਾਨੇ ਲਗੀ ਮੈਂ ਮੁਹਾਸਰਾ ਕੇ ਉਠਵਾਨੇ ਕੋ ਭੀ ਗਿਆ। ਇਸ ਅਸਨਾਂ ਮੇਂ ਏਕ ਘਾਸ ਕੇ ਗਡਾ ਪਰ ਜੋ ਅੰਦਰ ਜਾਤਾ ਥਾ ਮੁਹਾਸਰਹ ਕੇ ਸਿਪਾਹੀਓਂ ਨੇ ਰੋਕ ਟੋਕ ਕੀ, ਵਹਾਂ ਬੰਦੂਕ ਚਲੀ।"

ਇਸ ਹਾਲ ਤੋਂ ਪਤਾ ਲੱਗਾ ਕਿ ਜੇ ਮੁਹਾਸਰੇ ਵਾਲੇ ਘਾਹ ਦੇ ਗਡੇ ਦੀ ਰੋਕ ਨਾ ਕਰਦੇ ਤਾਂ ਮਾਮਲਾ ਜੋ ਸੁੱਖ ਸਾਂਦ ਨਾਲ ਮਾਈ ਸਾਹਿਬਾ ਨੇ ਸਭ ਕੁਛ ਮੰਨਕੇ ਨਜਿੱਠ ਲਿਆ ਸੀ ਸ਼ਾਂਤੀ ਨਾਲ ਨਿਭ ਜਾਂਦਾ। ਮਾਈ ਸਾਹਿਬਾ ਬੇਦੋਸ਼ ਸਨ, ਜਿਨ੍ਹਾਂ ਨੇ ਸਭ ਕੁਛ ਮੰਨ ਲਿਆ ਸੀ। ਮੁਹਾਸਰੇ ਵਾਲਿਆਂ ਨੇ ਘਾਹ ਦੀ ਰੋਕ ਕਰਕੇ ਨਾਹਕ ਗਲ ਛੇੜ ਲਈ। ਲਾਰਡ ਐਲਨਬਰੋ ਨੇ ਬੀ ਖਤ ਵਿੱਚ ਇਹੋ ਇਸ਼ਾਰਾ ਕੀਤਾ ਹੈ ਕਿ ਸਾਡੇ ਆਦਮੀਆਂ ਨੇ ਮਾਨੋਂ ਹਮਲੇ ਨੂੰ ਆਪ ਨਿਉਤਾ ਦਿੱਤਾ। ਹਰ ਹਾਲ ਸ਼ਹਿਰ ਦੀ ਪਰਜਾ ਦਾ ਲੁੱਟੇ ਜਾਣਾ ਜੋ ਕਵੀ ਜੀ ਨੇ ਲਿਖਿਆ ਹੈ ਠੀਕ ਹੈ ਤੇ ਇਹ ਮੁਹਾਸਰੇ ਵਾਲੀ ਫੌਜ ਨੂੰ ਕਿਸੇ ਤਰ੍ਹਾਂ ਜਾਇਜ਼ ਨਹੀਂ ਸੀ ਕਿ ਸ਼ਹਿਰ ਨੂੰ ਲੁੱਟੇ।

## ਬਿਨਯ !

ਗੁਰ ਪ੍ਰਤਾਪ ਸੂਰਜ ਅਤੇ ਗੁਰ ਨਾਨਕ ਪਰਕਾਸ਼,
ਲਿਖੇ ਜੁ ਕਵਿ ਸੰਤੋਖ ਸਿੰਘ ਧਰਿ ਗੁਰ ਚਰਨਨਿ ਆਸ,
ਸਮਾਂ ਪਾਇ ਛਾਦੇ ਗਏ ਮੇਘ ਅਵਿੱਦਯਾ ਨਾਲ।
ਤ੍ਰਿਖਵੇਗੀ ਬਿਨ ਪੌਣ ਦੇ ਚਲੀ ਨ ਸ੍ਰੇਸ਼ਟਾ ਮਾਲ।
ਟੀਕਾ, ਟਿੱਪਣਿ, ਤੁਕ ਤੇ ਭਾਵ, ਉਧਾਰ, ਪ੍ਰਯਾਯ,
ਖੋਜ ਇਤਿਹਾਸਿਕ ਨਾਲ ਰਲਿ ਝੁਲੀ ਪੌਣ ਬਲ ਆਦਿ।
ਮੇਘ ਅਵਿੱਦਯਾ ਦੇ ਉਡੇ ਨਿਕਲਿਆਯਾ ਵਿਚ ਸੂਰ,
ਉਹਲਾ ਉਹਲੇ ਹੋ ਗਿਆ ਚਮਕ ਪਿਆ ਮੁੜ ਨੂਰ।
ਸੇਵਾ ਇਹ ਗੁਰ ਪੰਥ ਦੀ ਗੁਰੂ ਕਰਾਈ ਆਨਿ,
ਗੁਰ ਬਖਸ਼ੀ, ਅਰਪਣ ਗੁਰੂ, ਗੁਰ ਦਰ ਹ੍ਰਿਦਿ ਪਰਵਾਨ।
ਭੁਲ ਚੁੱਕ ਜੋ ਰਹਿ ਗਈ ਬਖਸ਼ ਲਵੇ ਗੁਰ ਆਪ,
ਅਵਗੁਣਿਆਰੇ ਨਾਪਦਾ ਜੋ ਮਿਹਰਾਂ ਦੀ ਨਾਪ।
ਗਗਨ ਅੰਕ ਗ੍ਰਹਿ ਆਤਮਾ ਸੰਮਤ ਬਿੱਕ੍ਰਮ, ਜੇਠ*,
ਭਿਆ ਸਮਾਪਤ ਗ੍ਰੰਥ ਇਹ ਰਹਿਮਤ ਅਰਸ਼ੀ ਹੇਠ।
ਅਫ਼ਲ 'ਨਾਮ' ਭਵ ਤਾਰਨਾ ਹਿਰਦੇ ਕਰੇ ਨਿਵਾਸ,
ਧੁਰ ਤੋਂ ਬਖਸ਼ਿਸ਼ ਇਹ ਮਿਲੇ ਗੁਰ ਚਰਨੀਂ ਅਰਦਾਸ।

ਸ੍ਰੀ ਅੰਮ੍ਰਿਤਸਰ ਜੀ।
ਜੇਠ ਵਦੀ ੭, ਮਿਤੀ ਜੇਠ ਦੀ ੪
ਸੰਮਤ ਗੁ: ਨਾ: ਸ਼ਾ: ੪੬੪ ਗੁਰ ਪੁਰਬ
ਜੋਤੀ ਸਮੀਏ ਸ੍ਰੀ ਗੁਰੂ
ਹਰ ਗੋਬਿੰਦ ਸਾਹਿਬ ਜੀ।

ਸੰਪਾਦਿਕ

---

### ਇਸ ਗ੍ਰੰਥ ਦੀ

## ਦੂਜੀ ਵੇਰ ਦੀ ਛਪਾਈ !

ਦੁਤਿਯ ਵਾਰ ਇਹ ਗ੍ਰੰਥ ਹੈ ਸੁਧਿਆ, ਛਪਿਆ ਫੇਰ,
ਮੱਘਰ ਅਠਦਸ ਦਿਨ ਬਿਤੇ ਤਿਥਿ ਅਸ਼ਟਮਿ ਸੁਦਿ ਹੇਰਿ।
ਉੱਨੀ ਸੌ ਤੇ ਬਾਨਵੇਂ ਸੰਮਤ ਬਿੱਕ੍ਰਮ ਜਾਨਿ,
ਗੁਰੂ ਕ੍ਰਿਪਾ ਤੇ ਕਾਜ ਇਹ ਭਇਆ ਸਮਾਪਤ ਆਨਿ।

ਸ੍ਰੀ ਅੰਮ੍ਰਿਤਸਰ ਜੀ।
ਮੱਘਰ ਸੁਦੀ ੮ ਸੰ. ਗੁ. ਨਾ. ਸ਼ਾ:
੪੬੭, ਦਿਨ ਮੰਗਲਵਾਰ
੩ ਦਸੰਬਰ ੧੯੩੫ ਈ।

ਸੰਪਾਦਿਕ

*ਇਹ 'ਸੰਪਾਦਿਤ ਗੁਰ ਪ੍ਰਤਾਪ ਸੂਰਜ' (ਪਹਿਲੀ ਐਡੀਸ਼ਨ) ੧੯੯੦ ਜੇਠ ਮਹੀਨੇ ਸਮਾਪਤ ਹੋਇਆ
[ ਗਗਨ=੯, ਅੰਕ=੦, ਗ੍ਰਹ=੯, ਆਤਮਾ ੧। ]